ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ

ਡਾ. ਪ੍ਰੇਮ ਪ੍ਰਕਾਸ਼ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੰਜਾਬੀ ਭਾਸ਼ਾ
ਦਾ
ਸਰੋਤ ਤੇ ਬਣਤਰ

ਪੰਜਾਬੀ ਭਾਸ਼ਾ
ਦਾ
ਸਰੋਤ ਤੇ ਬਣਤਰ

Source And Structure Of Punjabi Language

ਭਾਗ ਪਹਿਲਾ

Part One

ਡਾ. ਪ੍ਰੇਮ ਪ੍ਰਕਾਸ਼ ਸਿੰਘ
ਫੈਲੋ, ਪੰਜਾਬੀ ਯੂਨੀਵਰਸਿਟੀ
ਪਟਿਆਲਾ (ਪੰਜਾਬ)

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ
1996

PUNJABI BHASHA DA SROT TE BANTAR (Punjabi)
(Part One)

DR. PREM PRAKASH SINGH
M.A. Hons. (Pbi., Skt., Hindi); M.O.L., Ph.D.
Professor & Head, Punjabi Department (Rtd.)
presently, Fellow, Punjabi University, Patiala

ISBN — 81-7380-321-8

ਕਾਪੀਆਂ : 1100
ਪਹਿਲੀ ਵਾਰ : 1996
ਮੁੱਲ : 275 ਰੁ

ਟਾਈਪ ਸੈਟਿੰਗ : ਆਜ਼ਾਦ ਆਰਟਸ ਪ੍ਰਿੰਟਰਜ਼, ਪਟਿਆਲਾ

ਡਾ. ਰਣਬੀਰ ਸਿੰਘ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਸਚਦੇਵਾ ਪ੍ਰਿੰਟ ਆਰਟਸ, ਦਿੱਲੀ ਵਿਖੇ ਛਪੀ ।

ਆਦਿ-ਕਥਨ

ਭਾਰਤ ਦੀਆ ਆਧੁਨਿਕ ਭਾਸ਼ਾਵਾਂ ਵਿਚੋਂ ਪੰਜਾਬੀ ਇਕ ਬਲਵਾਨ ਭਾਸ਼ਾ ਹੈ । ਇਹੋ ਕਾਰਨ ਹੈ ਕਿ ਪੰਜਾਬੀ ਵਿਚ ਚਿਰਜੀਵੀ ਰਹਿਣ ਦੇ ਬੜੇ ਹੀ ਪ੍ਰਖਤਾ ਤੇ ਪਰਪੱਕ ਅਨੂ-ਪਰਮਾਣੂ ਪਰਾਪਤ ਹੁੰਦੇ ਹਨ। ਪੰਜਾਬੀ ਭਾਵੇਂ ਅਜੇ ਇਕ ਵਿਕਾਸ-ਸ਼ੀਲ ਅਵਸਥਾ ਵਿਚੋਂ ਹੀ ਲੰਘ ਰਹੀ ਹੈ ਲੇਕਿਨ ਇਸ ਦੀ ਤਰੱਕੀ ਤੇ ਉੱਨਤੀ ਲਈ ਇਸ ਵਿਚ ਬੜੀਆਂ ਸੰਭਾਵਨਾਵਾਂ ਹਨ । ਪੰਜਾਬੀ ਯੂਨੀਵਰਸਿਟੀ, ਪੰਜਾਬੀ ਸਾਹਿੱਤ ਅਤੇ ਸਭਿਆਚਾਰ ਦੇ ਨਾਲ-ਨਾਲ ਪੰਜਾਬੀ ਭਾਸ਼ਾ ਨੂੰ ਉੱਨਤ ਤੇ ਅਮੀਰ ਬਣਾਉਣ ਲਈ ਵਚਨਬੱਧ ਹੈ ਤਾਂ ਜੋ ਪੰਜਾਬੀ ਉਚੇਰੀ ਵਿਦਿਆ, ਸਿਖਿਆ, ਰਾਜ-ਪਰਬੰਧ ਅਤੇ ਗਿਆਨ-ਵਿਗਿਆਨ ਦਾ ਸ਼ਕਤੀਸ਼ਾਲੀ ਵਸੀਲਾ ਬਣ ਸਕੇ ਅਤੇ ਪੰਜਾਬੀ ਲੋਕ-ਮਾਨਸ ਦੇ ਸੁਪਨੇ ਤੇ ਸੱਧਰਾਂ ਸਾਕਾਰ ਹੋ ਸਕਣ ।

ਇਨ੍ਹਾਂ ਬਹੁ-ਪਾਸਾਰੀ ਟੀਚਿਆਂ ਦੀ ਸੇਧ ਵਿਚ ਅਸੀਂ ਪੰਜਾਬੀ ਦੀ ਸਰਬ-ਪੱਖੀ ਪਰਫੁੱਲਤਾ ਲਈ ਕਈ ਵਿਉਂਤਾਂ ਉਲੀਕੀਆਂ ਹਨ ਅਤੇ ਕਈ ਖੋਜ-ਪ੍ਰਾਜੈਕਟ ਚਾਲੂ ਕੀਤੇ ਹਨ । ਫੈਲੋਸ਼ਿਪ ਸਕੀਮ ਦੇ ਤਹਿਤ ਸਾਡੇ ਕਈ ਤਜਰਬੇਕਾਰ ਤੇ ਨਾਮਵਰ ਪ੍ਰਾਧਿਆਪਕ, ਸਾਹਿਤਕਾਰ, ਲੇਖਕ, ਅਤੇ ਖੋਜਕਾਰ ਕਈ ਮਹੱਤਵ-ਪੂਰਨ ਪ੍ਰਾਜੈਕਟਾਂ ਤੇ ਕੰਮ ਕਰ ਰਹੇ ਹਨ, ਜਿਨ੍ਹਾਂ ਵਿਚੋਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਇਹ ਖੋਜ-ਪੁਸਤਕ *"ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ-ਭਾਗ ਪਹਿਲਾ"* ਸਾਡੇ ਸਾਹਮਣੇ ਹੈ ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਭਾਸ਼ਾ ਨਾਲ ਜੁੜੇ ਹੋਏ ਪ੍ਰਾਚੀਨ ਪੰਜਾਬ ਦੇ ਭਾਸ਼ਾਗਤ ਇਤਿਹਾਸ ਅਤੇ ਵਿਕਾਸ ਨੂੰ ਸਾਕਾਰ ਕਰਨ ਲਈ ਕਈ ਬਹੁ-ਭਾਸ਼ੀ ਤਸਦੀਕ-ਸ਼ੁਦਾ ਪੁਰਾਤਨ ਵਿਆਕਰਣ ਅਤੇ ਸਾਹਿਤਕ ਟੈਕਸਟ ਪੜ੍ਹੇ ਹਨ ਅਤੇ ਉਨ੍ਹਾਂ ਦਾ ਮੁਤਾਲਿਆ ਤੇ ਮੁੱਲਅੰਕਣ ਕਰਨ ਪਿਛੋਂ ਪੰਜਾਬੀ ਭਾਸ਼ਾ ਦੇ ਅਨੂ-ਪਰਮਾਣੂ ਖੋਜ ਕੱਢੇ ਹਨ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਦ੍ਰਿਸ਼ਟੀ-ਗੋਚਰ ਹੁੰਦੀਆਂ ਹਨ। ਲੇਖਕ ਨੇ ਇਨ੍ਹਾਂ ਦਸਤਾਵੇਜ਼ਾਂ ਦੇ ਆਧਾਰ ਉੱਤੇ ਪੰਜਾਬੀ ਦੇ ਪੂਰਾ-ਇਤਿਹਾਸ ਅਤੇ ਪੂਰਵ-ਇਤਿਹਾਸ (pre-history & proto-history) ਨੂੰ ਮੁੜ-ਉਸਾਰਿਆ ਹੈ ਜੋ ਕਿ ਇਸ ਪੁਸਤਕ ਦੀ ਚੰਗੀ-ਚੋਖੀ ਪ੍ਰਾਪਤੀ ਹੈ । ਇਸ ਤੋਂ ਇਲਾਵਾ ਲੇਖਕ ਨੇ ਇਸ ਖੋਜ-ਕਾਰਜ ਲਈ ਵਿਗਿਆਨਕ ਨਜ਼ਰੀਆ ਅਤੇ ਸਿੱਧੀ ਤੇ ਸੁਆਦੀ ਸ਼ੈਲੀ ਅਪਣਾਈ ਹੈ ਜਿਸ ਨਾਲ ਪੰਜਾਬੀ ਜ਼ਬਾਨ ਦੇ ਇਤਿਹਾਸਕ ਸਰੋਤਾਂ ਦੀ ਸ਼ਨਾਖਤ ਕਰਨ ਵਿਚ ਮਦਦ ਮਿਲੀ ਹੈ । ਪੰਜਾਬੀ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਸਾਡੇ ਹੋਰ ਵੀ ਪਰਮੁਖ ਵਿਦਵਾਨਾਂ ਨੇ ਮਹੱਤਵ-ਪੂਰਨ ਯੋਗਦਾਨ ਪਾਇਆ ਹੈ ਜਿਸ ਨਾਲ ਪੰਜਾਬੀ ਭਾਸ਼ਾ ਦੇ ਅਨੇਕ ਪਹਿਲੂ ਉਜਾਗਰ ਹੋਏ ਹਨ । ਫਿਰ ਵੀ ਸਾਨੂੰ ਇਕ ਅਜੇਹੀ ਖੋਜ-ਨਿਰਭਰ ਪੁਸਤਕ ਦੀ ਲੋੜ ਸੀ ਜੋ ਇਤਿਹਾਸਕ ਸੰਦਰਭ ਵਿਚ ਪੰਜਾਬੀ ਦੇ ਜਣਨਿਕ ਸਰੋਤਾਂ ਦੀ ਪਛਾਣ ਸਥਾਪਿਤ ਕਰ ਸਕੇ । ਮੈਨੂੰ ਖੁਸ਼ੀ ਹੈ ਕਿ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਇਹ ਪੁਸਤਕ ਇਸ ਸਮੱਸਿਆ ਨੂੰ ਇਕ ਪਰਮਾਣਕ ਤੇ ਦਸਤਾਵੇਜ਼ੀ ਢੰਗ ਨਾਲ ਨਜਿਠਣ ਲਈ ਅੱਗੇ ਆਈ ਹੈ, ਅਤੇ ਇਸ ਤਰ੍ਹਾਂ ਇਹ ਪੰਜਾਬੀ ਜ਼ਬਾਨ ਨੂੰ ਇਕ ਸੁਤੰਤਰ ਇਤਿਹਾਸਕ ਹਸਤੀ ਪਰਦਾਨ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੀ ਹੈ ।

ਡਾ. ਜੋਗਿੰਦਰ ਸਿੰਘ ਪੁਆਰ
ਵਾਈਸ-ਚਾਂਸਲਰ

ਪੰਜਾਬੀ ਯੂਨੀਵਰਸਿਟੀ
ਪਟਿਆਲਾ

ਭੂਮਿਕਾ

"ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ-ਭਾਗ ਪਹਿਲਾ" ਪੁਸਤਕ ਪ੍ਰਬੁੱਧ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਸੌਂਪਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਦੋ ਕੁ ਸਾਲ ਹੋਏ ਸੰਨ 1994 ਵਿਚ ਡਾ. ਜੋਗਿੰਦਰ ਸਿੰਘ ਪੁਆਰ, ਵਾਈਸ-ਚਾਂਸਲਰ ਦੀ ਪਰਧਾਨਗੀ ਹੇਠ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੇਰੇ ਲਈ ਫੈਲੋਸ਼ਿਪ ਸਕੀਮ ਦੇ ਤਹਿਤ *"ਪੰਜਾਬੀ ਭਾਸ਼ਾ ਦਾ ਸਰੋਤ ਤੇ ਸਣਤਰ"* ਪ੍ਰਾਜੈਕਟ ਪਰਵਾਣ ਕੀਤੀ ਸੀ। ਇਸ ਖੋਜ-ਪ੍ਰਾਜੈਕਟ ਦੀ ਰੂਪਰੇਖਾ ਦੇ ਅਨੁਸਾਰ ਪੰਜਾਬੀ ਭਾਸਾ ਸਬੰਧੀ ਦੋ ਪ੍ਰਮੁਖ ਪਹਿਲੂ ਮੇਰੀ ਖੋਜ ਦੇ ਟੀਚੇ ਹਨ, ਇਕ ਹੈ ਪੰਜਾਬੀ ਭਾਸਾ ਦੇ ਜਣਨਿਕ/ਜੈਨੇਟਿਕ ਸਰੋਤ ਦੀ ਸਮੱਸਿਆ, ਅਤੇ ਦੂਜਾ ਪਹਿਲੂ ਹੈ ਪੰਜਾਬੀ ਭਾਸ਼ਾ ਦਾ ਬਣਤਰੀ (ਸਟ੍ਰਕਚਰ) ਅਧਿਐਨ। ਇਨ੍ਹਾਂ ਵਿਚੋਂ ਇਸ ਪੁਸਤਕ ਵਿਚ ਫਿਲਹਾਲ ਪੰਜਾਬੀ ਭਾਸਾ ਦੇ ਮੁਢਲੇ ਪਹਿਲੂ "ਜਨਮ-ਸਰੋਤ" ਬਾਰੇ ਹੀ ਖੋਜ-ਮੂਲਕ ਤੱਥ-ਸਾਮਗਰੀ ਦਾ ਗਹਨ ਅਧਿਐਨ ਕਰਕੇ ਕੁਝ ਸਿੱਟੇ ਤੇ ਸਥਾਪਨਾਵਾਂ ਪੇਸ਼ ਕੀਤੀਆਂ ਹਨ ਜੋ ਕਿ ਵਿਦਵਾਨਾਂ ਦੇ ਸਾਹਮਣੇ ਹਨ। ਪੰਜਾਬੀ ਭਾਸ਼ਾ ਦੀ ਬਣਤਰ (ਸੰਰਚਨਾ) ਸਬੰਧੀ ਦੂਜੇ ਪਹਿਲੂ ਦਾ ਅਧਿਐਨ ਅਜੇ ਜਾਰੀ ਹੈ ਜਿਸ ਨੂੰ ਪੁਸਤਕ ਦੇ "ਭਾਗ-ਦੂਜਾ" ਵਿਚ ਪ੍ਰਕਾਸ਼ਿਤ ਕਰਨ ਦੀ ਵਿਉਤ ਉਲੀਕੀ ਗਈ ਹੈ।

ਪੰਜਾਬੀ ਭਾਸ਼ਾ ਦੇ ਜਣਨਿਕ ਸਰੋਤ ਦੀ ਪਛਾਣ ਸਥਾਪਿਤ ਕਰਨ ਦੀ ਸਮੱਸਿਆ ਪਿਛਲੇ ਕੋਈ ਪੰਜ ਦਹਾਕਿਆਂ ਤੋਂ ਮੇਰੇ ਸਾਹਮਣੇ ਹਾਜ਼ਰ ਰਹੀ ਹੈ, ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਦੀ ਇਸ ਮੁਢਲੀ ਤੇ ਬੁਨਿਆਦੀ ਸਮੱਸਿਆ ਬਾਰੇ ਅਜੇ ਤੱਕ ਠੋਸ ਕੋਈ ਵੀ ਅਧਿਐਨ ਸਾਡੇ ਸਾਹਮਣੇ ਨਹੀਂ ਆਇਆ ਹੈ। ਇਸ ਲਈ ਇਸ ਸਮੱਸਿਆ ਦਾ ਹੱਲ ਤਲਾਸ਼ ਕਰਨ ਦੀ ਜਿਗਿਆਸਾ ਮੇਰੇ ਲਈ ਮਤਵਾਤਰ ਪ੍ਰੇਰਨਾ-ਬਿੰਦੂ ਬਣੀ ਰਹੀ ਹੈ।

ਭਾਰਤ-ਪਾਕ ਦੀ ਵੰਡ ਤੋਂ ਪਹਿਲਾਂ ਉੱਤਰੀ ਭਾਰਤ ਦੀਆਂ ਪੰਜਾਬੀ ਸਮੇਤ ਪ੍ਰਮੁਖ ਭਾਸਾਵਾਂ ਬਾਰੇ ਕੋਈ ਖਾਸ ਅਧਿਐਨ ਅਤੇ ਵਿਸ਼ਲੇਸ਼ਣ ਹੋਇਆ ਨਹੀਂ ਮਿਲਦਾ। ਭਾਰਤੀ ਉਪ-ਮਹਾਦੀਪ ਵਿਚ ਖੇਤਰੀ ਭਾਸ਼ਾਵਾਂ ਲਈ ਭਾਸ਼ਾ-ਵਿਗਿਆਨਿਕ ਚੇਤਨਾ, ਅਸਲ ਵਿਚ, ਵੰਡ ਪਿੱਛੋਂ ਹੀ ਉਭਰੀ ਹੈ ਜਿਸ ਦੇ ਫਲ-ਸਰੂਪ ਪੰਜਾਬੀ ਅਤੇ ਹੋਰ ਭਾਰਤੀ ਭਾਸਾਵਾਂ ਵਿਚ ਭਾਸ਼ਾਗਤ ਵਿਵੇਚਨ ਸ਼ੁਰੂ ਹੋਇਆ ਹੈ। ਇਸ ਤੋਂ ਪਹਿਲਾਂ ਜਾਰਜ ਗ੍ਰੀਅਰਸਨ ਦੁਆਰਾ ਭਾਰਤੀ ਭਾਸ਼ਾਵਾਂ ਦਾ ਸਮੁੱਚੇ ਤੌਰ 'ਤੇ ਕੀਤਾ ਗਿਆ ਸਰਵੇਖਣ ਜਾਂ ਵਿਆਕਰਨਕ ਅਧਿਐਨ (1903-27) ਹੀ ਸਮਕਾਲੀ ਭਾਸ਼ਾ-ਵਿਗਿਆਨ ਦਾ ਆਰੰਭਕ ਜਤਨ ਕਿਹਾ ਜਾ ਸਕਦਾ ਹੈ। ਇਸ ਦੇ ਸਮਾਨਾਂਤਰ ਡਾ. ਸੁਨੀਤੀ ਕੁਮਾਰ ਚੈਟਰਜੀ ਦੀ ਲਿਖਤ *"ਬੰਗਾਲੀ ਭਾਸ਼ਾ ਦਾ ਉਦਗਮ ਅਤੇ ਵਿਕਾਸ"* ਸਰੋਤ-ਮੂਲਕ ਅਧਿਐਨ ਦਾ ਅਤਿਅੰਤ ਮਹੱਤਵਪੂਰਨ ਗ੍ਰੰਥ ਹੈ ਜੋ ਕਿ ਕੋਲਿਨ ਪੀ. ਮਸੀਕਾ ਦੇ ਲਫ਼ਜ਼ਾਂ ਵਿਚ "ਉਸੇ ਤਰ੍ਹਾਂ ਦੀਆਂ ਅਨੇਕਾਂ ਅਧਿਐਨ-ਪੱਧਤੀਆਂ ਦਾ ਮਾਡਲ ਬਣ ਨਿਬੜਿਆ ਹੈ।" (...has served as a model

for several similar studies" - Colin P. Masica, 1991: Introduction)

ਇਸ ਅਰਸੇ ਦੇ ਦੌਰਾਨ ਇਤਿਹਾਸਿਕ/ਤੁਲਨਾਤਮਕ ਸਿਧਾਂਤਕ ਪਰਿਪੇਖ ਵਿਚ ਕੁਝ ਹੋਰ ਵੀ ਜਤਨ ਹੋਏ ਹਨ ਜਿਨ੍ਹਾਂ ਵਿਚ ਹੇਠਾਂ-ਲਿਖੇ ਵਰਣਨ-ਯੋਗ ਹਨ :

1. Relph Turner, *Comparative Dictionary of Indo-Aryan Languages*, 1966.
2. John Beams, *Comparative Grammar of the Modern Aryan Languages of India*, reprint 1966.
3. R.G. Bhandarkar, *Willson's Philological Lectures*, Poona.
4. P.D. Gune, *An Introduction to Comparative Philology*, 1950.
5. ਕ੍ਰਿਸ਼ਨਾਜੀ ਪਾਡੂਰੰਗ ਕੁਲਕਰਣੀ, *ਮਰਾਠੀ ਭਾਸ਼ਾ : ਉਦਗਮ ਵ ਵਿਕਾਸ*, ਪੂਨਾ.
6. ਉਦਯ ਨਾਰਾਯਣ ਤਿਵਾਰੀ, *ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ*, ਪ੍ਰਯਾਗ 1955 ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਪਰੋਕਤ (ਅਤੇ ਅਜਿਹੇ ਕਈ ਹੋਰ) ਖੋਜ-ਕਾਰਜ ਭਾਰਤ ਦੀਆਂ ਬਾਕੀ ਅਜੋਕੀਆਂ ਪ੍ਰਾਂਤਕ ਤੇ ਖੇਤਰੀ ਭਾਸ਼ਾਵਾਂ ਦੇ ਇਤਿਹਾਸਿਕ ਅਤੇ ਭਾਸ਼ਾ-ਸ਼ਾਸਤ੍ਰੀ ਅਧਿਐਨ ਲਈ ਨਿਰੰਤਰ ਪ੍ਰੇਰਨਾ-ਸਰੋਤ ਬਣਦੇ ਰਹੇ ਹਨ । ਜਿਸ ਦਾ ਨਤੀਜਾ ਇਹ ਹੈ ਕਿ ਬਹੁਤ ਸਾਰੀਆਂ ਪ੍ਰਮੁਖ ਭਾਰਤੀ ਭਾਸ਼ਾਵਾਂ ਅਤੇ ਬੋਲੀਆਂ ਦੇ ਇਤਿਹਾਸਿਕ ਅਧਿਐਨ ਹੁਣ ਤੱਕ ਲਿਖੇ ਗਏ ਹਨ । ਇਸੇ ਤਰ੍ਹਾਂ ਦੀ ਇਤਿਹਾਸ-ਵਾਦੀ ਅਤੇ ਭਾਸ਼ਾ-ਸ਼ਾਸਤ੍ਰੀ ਅਧਿਐਨ-ਪਰੰਪਰਾ ਦੇ ਪਰਿਵੇਸ਼ ਵਿਚ ਪੰਜਾਬੀ ਭਾਸ਼ਾ ਦੇ ਇਤਿਹਾਸਿਕ ਅਧਿਐਨ ਵੱਲ ਪੰਜਾਬੀ ਵਿਦਵਾਨਾਂ ਦਾ ਧਿਆਨ ਵੀ ਗਿਆ ਹੈ । ਇਸ ਦੇ ਫਲ-ਸਰੂਪ "*ਪੰਜਾਬੀ ਭਾਸ਼ਾ ਦਾ ਇਤਿਹਾਸ*, 1956 "(ਡਾ. ਵਿਦਿਆ ਭਾਸਕਰ ਅਰੁਣ), "*ਪੰਜਾਬੀ ਭਾਸ਼ਾ ਦਾ ਵਿਕਾਸ*-1959" (ਦੁਨੀ ਚੰਦ੍ਰ) ਆਦਿ ਕੁਝ ਕੁ ਪ੍ਰਾਰੰਭਿਕ ਜਤਨ ਹੋਏ ਹਨ । ਇਸੇ ਲੜੀ ਵਿੱਚ ਹੀ ਇਨ੍ਹਾਂ ਸਤਰਾਂ ਦੇ ਲੇਖਕ ਦਾ ਪਹਿਲਾ ਅਧਿਐਨ "*ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ*-1955" ਰਖਿਆ ਜਾ ਸਕਦਾ ਹੈ ।

ਲੇਕਿਨ ਇਨ੍ਹਾਂ ਖੋਜ-ਕਾਰਜਾਂ ਨੂੰ ਵੇਖਣ ਤੋਂ ਸਾਫ ਜ਼ਾਹਰ ਹੋ ਜਾਂਦਾ ਹੈ ਕਿ ਇਨ੍ਹਾਂ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦੇ ਸਮਕਾਲੀ ਇਤਿਹਾਸ ਅਤੇ ਵਿਕਾਸ ਦਾ ਹੀ ਕਥਨ ਕੀਤਾ ਹੈ ਪਰ ਇਨ੍ਹਾਂ ਨੇ ਪੰਜਾਬੀ ਦੀ ਸਰੋਤ-ਮੂਲਕ ਥੀਮ ਬਾਰੇ ਨਾ ਕੋਈ ਅਨੁਸੰਧਾਨ ਪੇਸ਼ ਕੀਤਾ ਹੈ ਅਤੇ ਨਾ ਹੀ ਕੋਈ ਡੂੰਘੀ ਚਰਚਾ ਕੀਤੀ ਹੈ । ਇਸ ਲਈ ਪੰਜਾਬੀ ਭਾਸ਼ਾ ਦੇ ਸਰੋਤ ਸਬੰਧੀ ਮਹੱਤਵ-ਪੂਰਨ ਕੇਂਦਰੀ ਥੀਮ ਦਾ ਵਰਣਨ ਤੇ ਵਿਵੇਚਨ ਪੇਸ਼ ਕਰਨ ਦੇ ਉਦੇਸ਼ ਨਾਲ ਮੇਰਾ ਇਹ ਮੌਜੂਦਾ ਅਧਿਐਨ ਇਸੇ ਸੇਧ ਵਿੱਚ ਹਾਜ਼ਰ ਹੋਇਆ ਹੈ ।

(2)

ਵੀਹਵੀਂ ਸਦੀ ਦੇ ਮੁਢਲੇ ਦਹਾਕਿਆਂ ਦੇ ਦੌਰਾਨ ਜਦੋਂ ਸੰਯੁਕਤ ਭਾਰਤ ਵਿਚ ਭਾਰਤੀ ਭਾਸ਼ਾਵਾਂ ਦਾ ਇਤਿਹਾਸਿਕ/ਤੁਲਨਾਤਮਕ ਅਧਿਐਨ ਪੂਰੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਸੀ ਉਦੋਂ ਹੀ ਪਛੱਮੀ ਦੇਸ਼ਾਂ ਵਿਚ, ਉਸੇ ਕਾਲਖੰਡ ਦੇ ਦੌਰਾਨ, ਭਾਸ਼ਾ-ਚਿੰਤਨ ਦੀਆਂ ਅਧਿਐਨ-ਪ੍ਰਣਾਲੀਆਂ ਵਿਚ ਨਵੀਆਂ-ਨਵੀਆਂ ਵਿਧੀਆਂ, ਤਕਨੀਕਾਂ ਅਤੇ ਮਾਡਲ ਉੱਭਰ ਰਹੇ ਸਨ। ਇਨ੍ਹਾਂ ਮੁਢਲੇ ਭਾਸ਼ਾ-ਚਿੰਤਕਾਂ ਵਿਚ ਸਵਿਸ ਵਿਦਵਾਨ ਫਰਦੀਨਾਂ ਦ ਸੌਸਿਊਰ (1857-1913) ਦਾ ਨਾਮ ਸਭ ਤੋਂ ਵੱਧ ਸਿਰ-ਕੱਢਵਾਂ ਹੈ ਜਿਸ ਨੂੰ ਆਧੁਨਿਕ ਭਾਸ਼ਾ-ਵਿਗਿਆਨ

ਦਾ ਪਿਤਾਮਾ ਮੰਨਿਆ ਜਾਂਦਾ ਹੈ । ਸੌਸਿਊਰ ਨੇ ਜਨਰਲ ਭਾਸ਼ਾ ਦੇ ਸਿਸਟਮੀ ਅਧਿਐਨ ਨੂੰ ਅਜਿਹੀ ਨਵੀਂ ਸੇਧ ਪ੍ਰਦਾਨ ਕੀਤੀ ਜਿਸ ਦੇ ਸਦਕਾ ਵੀਹਵੀਂ ਸਦੀ ਦੇ ਭਾਸ਼ਾ-ਵਿਗਿਆਨ ਵਿਚ ਨਵੀਆਂ ਮਹੱਤਵ-ਪੂਰਨ ਪ੍ਰਾਪਤੀਆਂ ਸੰਭਵ ਹੋ ਸਕੀਆਂ ਹਨ । ਸੌਸਿਊਰ ਦੀ ਆਮਦ ਨਾਲ ਬਹੁ-ਚਰਚਿਤ "ਸੰਰਚਨਾਵਾਦ" ਦੀ ਨੀਂਹ ਬੱਝੀ ਹੈ । ਇਸੇ ਤਰ੍ਹਾਂ ਸੌਸਿਊਰ ਦੁਆਰਾ ਸਿਰਜਿਆ ਸਿਨਕ੍ਰੋਨਿਕ ਭਾਸ਼ਾ-ਵਿਗਿਆਨ ਦਾ ਸੰਕਲਪ ਹੀ ਵਰਣਨਾਤਮਕ (descriptive) ਭਾਸ਼ਾ-ਵਿਗਿਆਨ ਦਾ ਸਰੋਤ-ਬਿੰਦੂ ਹੈ । ਇਸ ਤਰ੍ਹਾਂ ਆਧੁਨਿਕ ਭਾਸ਼ਾ-ਚਿੰਤਨ ਅਤੇ ਭਾਸ਼ਾ-ਵਿਸ਼ਲੇਸ਼ਨ ਦੇ ਨਤੀਜੇ ਵਜੋਂ ਕਈ ਸਕੂਲ ਤੇ ਸੰਪ੍ਰਦਾਵਾਂ ਸਥਾਪਿਤ ਹੋਈਆਂ ਹਨ ਜਿਨ੍ਹਾਂ ਨੇ ਵੱਖ-ਵੱਖ ਭਾਸ਼ਿਕ ਸੰਕਲਪਾਂ, ਵੱਖ-ਵੱਖ ਮਾਨਤਾਵਾਂ ਅਤੇ ਧਾਰਨਾਵਾਂ ਨੂੰ ਜਨਮ ਦਿੱਤਾ ਹੈ । ਇਨ੍ਹਾਂ ਵਿਚ ਜਨਰਲ ਤੇ ਸਿਧਾਂਤਕ ਭਾਸ਼ਾ-ਵਿਗਿਆਨ, ਡਿਸਕ੍ਰਿਪਟਿਵ ਤੇ ਸੰਰਚਨਾਤਮਕ ਭਾਸ਼ਾ-ਵਿਗਿਆਨ, ਇਕਾਲਿਕ ਤੇ ਕਾਲ-ਕ੍ਰਮਿਕ ਭਾਸ਼ਾ-ਵਿਗਿਆਨ ਖਾਸ ਤੌਰ ਤੇ ਕਾਬਲੇ-ਜ਼ਿਕਰ ਹਨ । ਚਾਮਸਕੀ (1928 ਜਨਮ) ਦਾ Transformational-generative grammar ਵੀ ਭਾਸ਼ਾ-ਚਿੰਤਨ ਦਾ ਨਵੀਨਤਮ ਸਿੱਧਾਂਤ ਹੈ ।

ਵੀਹਵੀਂ ਸਦੀ ਦੀਆਂ ਇਨ੍ਹਾਂ ਭਾਸ਼ਾ-ਵਿਗਿਆਨਕ ਪ੍ਰਣਾਲੀਆਂ ਦੇ ਜ਼ੇਰੇ-ਅਸਰ ਪਿਛਲੇ ਕੁਝ-ਕੁ ਦਹਾਕਿਆਂ ਦੇ ਦੌਰਾਨ, ਪੰਜਾਬੀ ਭਾਸ਼ਾ ਦੇ ਵਿਸ਼ਲੇਸ਼ਨ ਅਤੇ ਵਿਵੇਚਨ ਦੇ ਖੇਤਰ ਵਿਚ ਕਈ ਮਹੱਤਵ-ਪੂਰਨ ਸਟ੍ਰਕਚਰਲ ਤੇ ਡਿਸਕ੍ਰਿਪਟਿਵ ਅਧਿਐਨ ਸਾਹਮਣੇ ਆਏ ਹਨ ਜੋ ਕਿ ਉੱਚ-ਮਿਆਰੀ ਹੋਣ ਦੇ ਨਾਲ ਨਾਲ ਸਮਕਾਲੀਨ ਪੰਜਾਬੀ ਭਾਸ਼ਾ ਦੇ ਅਨੇਕ ਪਹਿਲੂਆਂ ਦੀਆਂ ਵਿਲੱਖਣਤਾਵਾਂ ਨੂੰ ਸਾਕਾਰ ਕਰਨ ਵਿਚ ਅਜ਼ੀਮ ਤੇ ਅਹਿਮ ਭੂਮਿਕਾ ਅਦਾ ਕਰਦੇ ਹਨ । ਪੰਜਾਬੀ ਭਾਸ਼ਾ ਦੇ ਇਨ੍ਹਾਂ ਸਥਾਪਿਤ ਵਿਦਵਾਨਾਂ ਦੀ ਬਦੌਲਤ ਹੀ ਪੰਜਾਬੀ ਭਾਸ਼ਾ-ਵਿਗਿਆਨ ਦੇ ਧੁਨੀਆਤਮਕ, ਵਿਆਕਰਣਿਕ, ਕੋਸ਼ੀ ਤੇ ਅਰਥੀਮਕ ਅਧਿਐਨ-ਬਿੰਦੂ ਨਿਖਰ ਕੇ ਸਾਹਮਣੇ ਆਏ ਹਨ । ਭਾਸ਼ਾ-ਅਧਿਐਨ ਦਾ ਇਹ ਸ਼ੁਭ ਮੁਹੂਰਤ ਪੰਜਾਬੀ ਦੇ ਨਵੇਂ ਭਾਸ਼ਕ ਪਾਸਾਰ ਜੋੜਨ ਲਈ ਯਕੀਨਨ ਵਚਨਬੱਧ ਹੈ । ਲੇਕਿਨ ਪੰਜਾਬੀ ਦੀਆਂ ਇਨ੍ਹਾਂ ਸਮਕਾਲੀਨ ਭਾਸ਼ਿਕ ਸਥਿਤੀਆਂ ਦੇ ਬਰੋ-ਬਰਾਬਰ ਪੰਜਾਬੀ ਦਾ ਕਾਲਕ੍ਰਮਿਕ ਵਰਣਨ ਵੀ ਅਜ਼ਹਦ ਜ਼ਰੂਰੀ ਹੈ । ਇਸ ਲਈ ਕਾਲਕ੍ਰਮਿਕ ਮਾਡਲ ਦੇ ਮੱਦੇ-ਨਜ਼ਰ ਮੈਂ ਇਸ ਪੁਸਤਕ ਵਿਚ, ਪੰਜਾਬੀ ਭਾਸ਼ਾ ਦੀ ਸਰੋਤ-ਮੂਲਕ ਪਹਿਚਾਣ ਸਥਾਪਿਤ ਕਰਨ ਦੇ ਮਕਸਦ ਨਾਲ ਇਹ ਜਤਨ ਸਮਰਪਿਤ ਕੀਤਾ ਹੈ ।

(3)

ਪੱਛਮੀ ਦੇਸ਼ਾਂ ਵਿਚ ਇਤਿਹਾਸ-ਵਾਦੀ ਅਪ੍ਰੋਚ-ਵਿਧੀ ਕੋਈ ਅਠਾਰ੍ਹਵੀਂ- ਉਨ੍ਹੀਵੀਂ ਸਦੀ ਵਿਚ ਹੀ ਸ਼ੁਰੂ ਹੁੰਦੀ ਹੈ, ਉਦੋਂ ਇਸ ਨੂੰ ਫਿਲਾਲੋਜੀ (philology) ਕਿਹਾ ਜਾਂਦਾ ਸੀ । ਪਰ ਬਾਅਦ ਵਿਚ ਇਸਨੂੰ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਸੰਗਿਆ ਦਿੱਤੀ ਗਈ ਅਤੇ ਇਸ ਨਾਲ ਮਿਲਦਾ-ਜੁਲਦਾ ਤਕਨੀਕੀ ਸ਼ਬਦ ਸੌਸਿਊਰ ਦਾ "ਡਾਇਆਕ੍ਰੋਨਿਕ" ਵੀ ਜਾਰੀ ਹੋਇਆ । ਇਸ ਤਰ੍ਹਾਂ ਉਨ੍ਹੀਵੀਂ ਸਦੀ ਦੇ ਭਾਸ਼ਾ-ਵਿਗਿਆਨ ਦਾ ਕੇਂਦਰੀ ਬਿੰਦੂ "ਇਤਿਹਾਸਿਕ ਭਾਸ਼ਾ-ਵਿਗਿਆਨ" ਹੀ ਮੰਨਿਆ ਜਾਂਦਾ ਹੈ । ਉਨ੍ਹੀਵੀਂ ਸਦੀ ਤੋਂ ਬਾਅਦ ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਕਈ ਅੰਦਾਜ਼ ਤੇ ਜ਼ਾਵੀਏ ਬਦਲੇ ਹਨ ਅਤੇ ਕਈ ਜੁੜੇ ਹਨ । ਪਰ ਇਨ੍ਹਾਂ ਅਦਲਾ ਬਦਲੀਆਂ ਦੇ ਬਾਵਜੂਦ, ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਅੱਜ ਵੀ ਜਾਰੀ ਹੈ । ਅੱਜ ਵੀ ਇਤਿਹਾਸਿਕ ਭਾਸ਼ਾ-ਵਿਗਿਆਨ ਦੇ

ਸਿਧਾਂਤਕ ਤੇ ਵਿਹਾਰਕ ਪੱਖ ਤੋਂ ਦੁਨੀਆ ਭਰ ਵਿਚ ਕਿੰਨੇ ਹੀ ਮਹਤਵ-ਪੂਰਨ ਅਧਿਐਨ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ ਕੁਝ ਕੁ ਜ਼ਿਕਰ ਕਰਨ ਦੇ ਕਾਬਲ ਹਨ:

1. Hock, H.H., 1991, *Principles of Historical Linguistics*, Berlin.
2. Crowley Terry, 1987, *An Introduction to Historical Linguistics*, Suva, Fiji.
3. Raino Antila, 1972, *An Introdution to Historical, And Comparative Linguistics*, New York.
4. Arlotto Anthony, 1972, *Introduction to Historical Linguistics*, London.
5. Robert J. Jeffers,1979, *Principles & Methods for Historical Linguistics*, Cambridge.
6. Theodora Bynon, 1977, *Historical Linguistics-An Introduction*, Oxford.

ਅਜਿਹੇ ਅਧਿਕਾਰੀ ਵਿਦਵਾਨਾਂ ਦੀਆਂ ਲਿਖਤਾਂ ਵਿਚੋਂ ਉਭਰਦੀ ਨਵੀਨ-ਤਮ ਇਤਿਹਾਸਿਕ/ਡਾਇਆਕ੍ਰੋਨਿਕ ਅਧਿਐਨ-ਪ੍ਰਣਾਲੀ ਤੋਂ ਹੀ ਪੰਜਾਬੀ ਭਾਸ਼ਾ ਦੇ ਸਰੋਤ-ਮੂਲਕ ਅਧਿਐਨ ਦੀ ਰੂਪਰੇਖਾ ਤਿਆਰ ਕਰਨ ਅਤੇ ਉਨ੍ਹਾਂ ਦੇ ਵੱਖ-ਵੱਖ ਪਹਿਲੂਆਂ ਦੇ ਵਰਣਨ ਤੇ ਵਿਵੇਚਨ ਸੰਬਧੀ ਸਿਧਾਂਤਕ ਭੂਮਿਕਾ ਪੇਸ਼ ਕਰਨ ਵਾਸਤੇ ਮੈਨੂੰ ਬੜੀ ਮਦਦ ਮਿਲੀ ਹੈ। ਮੇਰੀ ਇਸ ਪੁਸਤਕ ਦਾ ਸਾਰਾ ਤਾਣਾ-ਬਾਣਾ ਅਤੇ ਸਾਰੀ ਪਹੁੰਚ-ਵਿਧੀ ਵਿਸ਼ਵ-ਵਿਆਪੀ ਸਿਧਾਂਤਕ ਚੌਖਟੇ ਉਤੇ ਹੀ ਉਸਾਰੀ ਗਈ ਹੈ।

ਇਹ ਤੱਥ ਵੀ ਉਲੇਖ-ਯੋਗ ਹੈ ਕਿ ਮੇਰੀ ਖੋਜ ਦੀ ਮੂਲ-ਵਿਧੀ ਬੇਸ਼ਕ ਡਾਇਆਕਰੋਨਿਕ ਸੰਕਲਪ-ਸੂਤਰਾਂ ਦੀ ਅਨੁਸਾਰਤਾ ਕਰਦੀ ਹੈ ਪਰ ਜਿੱਥੇ ਕਿਤੇ ਪੂਰਾ-ਭਾਸ਼ਾ ਜਾਂ ਅਜੋਕੀ ਭਾਸ਼ਾ ਦਾ ਭਾਸ਼ਾਈ ਪਰਿਚੈ ਪੇਸ਼ ਕੀਤਾ ਗਿਆ ਹੈ ਅਤੇ ਜਾਂ ਫਿਰ ਪੰਜਾਬੀ ਨਾਲ ਕਿਸੇ ਪ੍ਰਾਚੀਨਕਾਲੀ ਜਾਂ ਮੱਧਕਾਲੀ ਭਾਸ਼ਾ ਦੇ ਕਿਸੇ ਧੁਨੀ, ਰੂਪ ਜਾਂ ਵਿਆਕਰਣਿਕ ਖੰਡ ਨੂੰ ਤੁਲਨਾਤਮਕ ਢੰਗ ਵਿਚ ਪੇਸ਼ ਕੀਤਾ ਗਿਆ ਹੈ ਉਥੇ ਸਮਕਾਲੀ/ਸਿਨਕਰੋਨਿਕ ਅਪ੍ਰੋਚ ਨੂੰ ਵੀ ਨਿਰਸੰਕੋਚ ਵਰਤਿਆ ਗਿਆ ਹੈ ਕਿਉਂਕਿ ਹਰ ਭਾਸ਼ਾ ਦਾ ਭਾਸ਼ਿਕ ਵਰਤਾਰਾ ਆਪਣੇ ਸਮੇਂ ਵਿਚ ਸਿਨਕਰੋਨਿਕ ਹੁੰਦਾ ਹੈ ਭਾਵੇਂ ਉਸ ਦਾ ਵਿਕਾਸ ਡਾਇਆਕਰੋਨਿਕ ਅਪ੍ਰੋਚ ਦਾ ਵਿਸ਼ੈ ਬਣਦਾ ਹੈ।

(4)

ਮੇਰੀ ਇਸ ਪੁਸਤਕ ਦੀ ਰੂਪ-ਰੇਖਾ (format) ਦਾ ਬੁਨਿਆਦੀ ਆਧਾਰ-ਸੂਤਰ ਸਿੱਧਾਂਤ ਅਤੇ ਦ੍ਰਿਸ਼ਟਾਂਤ ਦਾ ਮੇਲ ਹੈ। ਹਰ ਨਵੇ ਸਿੱਧਾਂਤ ਜਾਂ ਸੰਕਲਪ ਨੂੰ ਪਹਿਲਾਂ ਪਰਿਭਾਸ਼ਤ ਕੀਤਾ ਗਿਆ ਹੈ ਅਤੇ ਫੇਰ ਉਸ ਦੇ ਚਾਨਣੇ ਵਿਚ ਸਬੰਧਤ ਮਿਸਾਲਾਂ ਦੇ ਕੇ ਜ਼ੇਰੇ-ਗੌਰ ਪ੍ਰਸ਼ਨ ਦਾ ਹੱਲ ਤਲਾਸ਼ਿਆ ਗਿਆ ਹੈ। ਇਸੇ ਵਿਧੀ-ਵਿਧਾਨ ਦੇ ਮੁਤਾਬਕ ਸਾਰੀ ਪੁਸਤਕ ਨੂੰ ਸੱਤ ਖੰਡਾਂ ਵਿਚ ਵੰਡਿਆ ਗਿਆ ਹੈ, ਹਰ ਖੰਡ ਦੇ ਅਗੋਂ ਕਈ ਕਈ ਅਧਿਆਏ ਮੁਕੱਰਰ ਕੀਤੇ ਗਏ ਹਨ।

ਪਹਿਲਾ ਖੰਡ "ਭਾਸ਼ਾ ਅਤੇ ਭਾਸ਼ਾ-ਵਿਗਿਆਨ" ਦੇ ਸਿਧਾਂਤਕ ਪਰਿਪੇਖ ਨੂੰ ਸਮਰਪਿਤ ਹੈ ਜੋ ਕਿ ਇਸ ਪੁਸਤਕ ਦੀ ਆਧਾਰ-ਭੂਮੀ ਕਿਹਾ ਜਾ ਸਕਦਾ ਹੈ। ਇਸੇ ਖੰਡ ਵਿਚ ਪ੍ਰਮੁਖ ਭਾਸ਼ਾ-ਵਿਗਿਆਨਿਕ ਸਕੂਲ ਤੇ ਸੰਪ੍ਰਦਾਵਾਂ ਦੀ ਜਾਣ-ਪਛਾਣ ਦੱਸਣ ਤੋਂ ਬਾਅਦ "ਇਤਿਹਾਸਿਕ ਭਾਸ਼ਾ-ਵਿਗਿਆਨ" ਦਾ ਮੁਕਾਬਲਤਨ ਦੀਰਘ ਪਰਿਚੈ ਅੰਕਿਤ ਕੀਤਾ ਗਿਆ

ਹੈ ਕਿਉਂਕਿ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਮਾਡਲ ਹੀ ਦਰ ਅਸਲ ਇਸ ਪੁਸਤਕ ਦੇ ਪੰਨਿਆ ਦੇ ਆਰ-ਪਾਰ ਪਸਰਿਆ ਹੋਇਆ ਹੈ। ਏਥੇ ਹੀ ਵਿਸ਼ਵ-ਭਾਸ਼ਾਵਾਂ ਦਾ ਅਤਿ ਜ਼ਰੂਰੀ ਸੰਖੇਪ ਸਰਵੇਖਣ ਅੰਕਿਤ ਹੈ।

ਦੂਜੇ ਖੰਡ ਵਿਚ ਇਤਿਹਾਸਿਕ ਪਰਿਪੇਖ ਦਾ ਜ਼ਿਕਰ ਹੈ। ਇਸ ਵਿਚ ਵਿਸ਼ਵ-ਭਾਸ਼ਾਵਾਂ ਦੇ ਸੰਦਰਭ ਵਿਚ ਭਾਰਤੀ ਆਰੀਆ-ਭਾਸ਼ਾ-ਪਰਿਵਾਰ ਦੀ ਪਿੱਠਭੂਮੀ ਦਾ ਵਰਣਨ ਹੈ ਕਿਉਂਕਿ ਇਸੇ ਭਾਸ਼ਾ-ਪਰਿਵਾਰ ਨਾਲ ਪੰਜਾਬੀ ਭਾਸ਼ਾ ਦੇ ਜਣਨਿਕ ਰਿਸ਼ਤਿਆ ਦੀ ਪੂਰਵ-ਝਲਕ (preview) ਉਪਲਬਧ ਹੁੰਦੀ ਮਿਲਦੀ ਹੈ। ਖੰਡ ਤਿੰਨ ਵਿਚ ਕੁਲ 6 ਅਧਿਆਏ ਹਨ। ਪਹਿਲੇ ਅਧਿਆਏ ਵਿਚ ਪੰਜਾਬੀ ਭਾਸ਼ਾ ਦੇ ਪੂਰਾ-ਇਤਿਹਾਸ (pre-history) ਅਤੇ ਪੂਰਵ-ਇਤਿਹਾਸ (proto-history) ਦਾ ਪ੍ਰਤੱਖੀਕਰਣ ਕਈਆਂ ਉਕਤਾ-ਜੁਗਤਾਂ ਨਾਲ ਉਸਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਤਰ੍ਹਾਂ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਅਤੇ ਉਸਦੇ ਅਣੂ-ਬੀਜਾਣੂ ਦ੍ਰਿਸ਼ਟੀਗੋਚਰ ਕਰਨ ਲਈ ਬਾਇਤਬਾਰ ਚਰਚਾ ਪੇਸ਼ ਕੀਤੀ ਗਈ ਹੈ। ਇਹ ਲੇਖਕ ਦਾ ਅਸਲੋਂ ਮੌਲਿਕ ਚਿੰਤਨ ਹੀ ਹੈ। ਇਸੇ ਤਰ੍ਹਾਂ ਇਸੇ ਖੰਡ ਦੇ ਅਗਲੇ ਅਧਿਆਵਾਂ ਵਿਚ ਭਾ. ਆ. ਭਾਸ਼ਾ-ਪਰਿਵਾਰ ਦੀ ਪ੍ਰਾਚੀਨ ਅਵਸਥਾ ਦੀਆਂ ਪ੍ਰਤਿਨਿਧ ਭਾਸ਼ਾਵਾਂ ਵੈਦਿਕ ਭਾਸ਼ਾ ਅਤੇ ਕਲਾਸੀਕਲ ਸੰਸਕ੍ਰਿਤ ਨਾਲ ਪੰਜਾਬੀ ਦੇ ਭਾਸ਼ਾਗਤ ਰਿਸ਼ਤੇ-ਨਾਤਿਆਂ ਦਾ ਬਿਉਰਾ ਦਰਜ ਕੀਤਾ ਗਿਆ ਹੈ। ਇਸ ਸਾਰੇ ਵਰਤਾਰੇ ਵਿਚ comparative reconstruction ਦੀ ਵਿਧੀ ਨੇ ਹੀ ਅਗਵਾਈ ਕੀਤੀ ਹੈ।

ਖੰਡ ਚਾਰ ਅਤੇ ਖੰਡ ਪੰਜ ਵਿਚ ਪੰਜਾਬੀ ਨਾਲ ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਭਾਸਾਵਾਂ ਦੀ ਤੁਲਨਾ ਕਰਕੇ ਉਨ੍ਹਾਂ ਦੀਆਂ ਧੁਨੀਆਤਮਕ, ਵਿਆਕਰਨਿਕ ਅਤੇ ਕੋਸ਼ਗਤ ਸਾਝਾਂ ਦਰਸਾਈਆਂ ਗਈਆਂ ਹਨ। ਇਸ ਤੋਂ ਅੱਗੇ ਖੰਡ ਛੇ ਦੇ ਦਾਇਰੇ ਵਿਚ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਸੰਦਰਭ ਵਿਚ ਪੰਜਾਬੀ ਦਾ ਆਪਣਾ ਬਿੰਬ ਰੇਖਾਂਕਿਤ ਕਰਨ ਦਾ ਜਤਨ ਹੈ। ਇਸ ਪ੍ਰਸੰਗ ਵਿਚ ਗ੍ਰੀਅਰਸਨ ਦਾ Inner-Outer ਭਾਸ਼ਾ-ਮਾਡਲ ਅਤੇ ਐਸ. ਕੇ. ਚੈਟਰਜੀ ਦੁਆਰਾ ਉਸ ਦਾ ਖੰਡਨ ਸਵਿਸਥਾਰ ਵਰਣਨ ਕੀਤਾ ਗਿਆ ਹੈ। ਭਾਰਤੀ ਭਾਸ਼ਾਵਾਂ ਦੇ ਵਿਦੇਸ਼ੀ ਵਿਦਵਾਨ ਕੋਲਿਨ ਪੀ. ਮਸੀਕਾ ਨੇ ਹੁਣੇ ਹੀ ਭਾਰਤੀ ਆਰੀਆ-ਭਾਸ਼ਾਵਾਂ ਦਾ ਜੋ ਨਵੀਨ-ਤਮ ਉਪ-ਸ਼੍ਰੇਣੀਕਰਣ (sub-classification) ਉਲੀਕਿਆ ਹੈ ਉਹ ਵੀ ਇਸੇ ਖੰਡ ਵਿਚ ਚਰਚਿਤ ਹੈ। ਖੰਡ-ਛੇ ਵਿਚ ਹੀ ਪੰਜਾਬੀ ਭਾਸ਼ਾ ਦੀ ਸਾਂਝੇਦਾਰੀ ਅਤੇ ਸਾਕੇਦਾਰੀ ਦੇ ਸਵਾਲ ਨੂੰ ਬਾਕੀ ਸਮਕਾਲੀ ਆਧੁਨਿਕ ਭਾਰਤੀ ਆਰੀਆ ਭਾਸਾਵਾਂ ਦੇ ਪ੍ਰਕਰਣ ਵਿਚ ਵਾਚਿਆ ਗਿਆ ਹੈ। ਇਹ ਭਾਸਾਵਾਂ ਹਨ-*ਹਿੰਦੀ, ਸਿੰਧੀ, ਪਹਾੜੀ ਬੋਲੀਆਂ, ਉਰਦੂ, ਬਿਹਾਰੀ ਬੋਲੀਆ, ਰਾਜਸਥਾਨੀ, ਗੁਜਰਾਤੀ, ਮਰਾਠੀ, ਕੋਂਕਣੀ, ਅਸਾਮੀ, ਬੰਗਾਲੀ, ਉੜੀਆ।* ਇਸ ਪਰਿਚਰਚਾ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਅਤੇ ਬਾਕੀ ਭਾਰਤੀ ਆਰੀਆ ਭਾਸ਼ਾਵਾਂ ਵਿਚ lexical elements ਦੀ ਬਹੁਤ ਹੀ ਨਿਕਟੀ ਸਾਂਝ ਹੈ ਅਤੇ ਉਹ ਸਾਰੀਆ ਇਸ ਜ਼ਾਵੀਏ ਤੋਂ ਨਿਰਸੰਦੇਹ cognate (ਇੱਕ-ਮਾਂ ਜਾਈਆਂ ਸੱਕੀਆਂ) ਸਿੱਧ ਹੁੰਦੀਆਂ ਹਨ। ਪਰੰਤੂ non-lexical ਅੰਸ਼ਾਂ ਵਿਚ ਇਨ੍ਹਾਂ ਅੰਦਰ ਕਾਫ਼ੀ ਓਪਰੀਆਂ ਤਬਦੀਲੀਆਂ ਵਾਪਰ ਗਈਆਂ ਹਨ।

ਖੰਡ ਸੱਤ ਇਸ ਅਧਿਐਨ ਦੀ ਟੀਸੀ ਹੈ। ਏਥੇ ਪਹਿਲਾਂ ਜੈਨੇਟਿਕ ਸਰੋਤਾਂ ਦੀ ਸਥਾਪਨਾ ਦੇ ਸਿੱਧਾਂਤਕ ਮਾਡਲ ਪੇਸ਼ ਹਨ ਜਿਨ੍ਹਾਂ ਦੇ ਚਾਨਣੇ ਵਿਚ ਪੰਜਾਬੀ ਭਾਸ਼ਾ ਦੀ ਸਰੋਤ-ਸਥਾਪਨਾ ਸਬੰਧੀ ਅਹਿਮ ਬਿੰਦੂ ਚਰਚਿਤ ਕੀਤੇ ਗਏ ਹਨ। ਗ੍ਰੀਅਰਸਨ ਦੇ ਪੰਜਾਬੀ-ਲਹਿੰਦੀ ਦੁਫਾੜ ਸਿੱਧਾਂਤ ਨੂੰ ਡਾ. ਹਰਦੇਵ ਬਾਹਰੀ ਨੇ ਤਰਕ-ਸੰਗਤ ਢੰਗ ਨਾਲ ਰੱਦ ਕਰਕੇ ਵੰਡ-ਪੂਰਵ ਪੰਜਾਬ ਦੀ ਸਮੁੱਚੀ ਪੰਜਾਬੀ ਨੂੰ ਇਕ ਸੂਤਰ ਵਿਚ ਪਿਰੋਣ ਦਾ ਲਾਜਵਾਬ

ਕਾਰਨਾਮਾ ਸੰਪੰਨ ਕੀਤਾ ਹੈ । ਇਸੇ ਲੜੀ ਵਿਚ ਗ੍ਰੀਅਰਸਨ ਵਲ ਪੰਜਾਬੀ ਦੇ ਜਨਮ-ਸਰੋਤ ਬਾਰੇ ਪੈਸ਼ਾਚੀ ਭਾਸ਼ਾ ਜਾਂ ਸ਼ੌਰਸੇਨੀ ਭਾਸ਼ਾ ਦਾ ਜੋ ਪ੍ਰਸਤਾਵ ਪ੍ਰਸਤੁਤ ਕੀਤਾ ਸੀ, ਉਸ ਦੀ ਵੀ ਉਧੇੜ-ਬੁਣਤ ਪੇਸ਼ ਕੀਤੀ ਗਈ ਹੈ । ਏਥੇ ਸਭ ਤੋਂ ਵੱਧ ਮਹੱਤਵ-ਪੂਰਨ ਨੁਕਤਾ ਪੰਜਾਬੀ ਦੇ ਜਣਨਿਕ ਸਰੋਤਾਂ ਦੀ ਤਲਾਸ਼ ਦੇ ਸਿਲਸਿਲੇ ਵਿਚ ਪ੍ਰਾਚੀਨ ਪੰਜਾਬ ਦੀਆਂ ਪੰਜ *ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ (ਕੈਕੇਈ, ਟੱਕ, ਮਦ੍ਰ, ਬਾਹਲੀਕੀ, ਉਪਨਾਗਰ)* ਦੀ ਉਪਲਬਧੀ (discovery) ਹੈ । ਇਸ ਉਪਲਬਧੀ ਦਾ ਸਿਹਰਾ ਤਿੰਨ ਪ੍ਰਾਕ੍ਰਿਤ ਵਿਆਕਰਣਕਾਰਾਂ ਦੇ ਸਿਰ 'ਤੇ ਬੱਝਦਾ ਹੈ ਜਿਨ੍ਹਾਂ ਦੇ ਨਾਮ ਹਨ : *ਮਾਰਕੰਡੇਯ (15ਵੀਂ ਸਦੀ), ਪੁਰਸ਼ੋਤੱਮ (12 ਵੀਂ ਸਦੀ) ਅਤੇ ਰਾਮਸ਼ਰਮਾ ਤਰਕ ਵਾਗੀਸ਼* । ਪੰਜਾਬ ਦੀਆਂ ਇਨ੍ਹਾਂ ਅਣਗੌਲੀਆਂ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦੀ ਪੁੋੜ੍ਹਤਾ ਉਪਲਬਧ ਤਸਦੀਕਸ਼ੁਦਾ ਟੈਕਸਚੁਅਲ, ਵਿਆਕਰਣਿਕ ਅਤੇ ਭਾਸ਼ਾਈ ਹਵਾਲਿਆਂ ਨਾਲ ਕੀਤੀ ਗਈ ਹੈ । ਇਸ ਦੇ ਨਾਲ ਹੀ ਪੰਜਾਬੀ ਦੇ ਜਨਮ-ਸਰੋਤ ਦੀ ਗਾਥਾ ਸੰਪੂਰਨ ਹੁੰਦੀ ਹੈ ।

ਇਸ ਖੋਜ-ਕਾਰਜ ਵਿਚ ਅਵੱਸ਼ ਕਈ ਊਣਤਾਈਆਂ ਉਭਰੀਆਂ ਹਨ ਅਤੇ ਕਈ ਔਕੜਾਂ ਦਰਪੇਸ਼ ਹੋਈਆਂ ਹਨ । ਪੰਜਾਬੀ ਜ਼ਬਾਨ ਵਿਚ ਡੂੰਘੇ ਮਜ਼ਮੂਨਾਂ ਅਤੇ ਅਕਾਦਮਿਕ ਵਿਸ਼ਿਆਂ ਲਈ ਲੋੜੀਂਦੀ ਤਕਨੀਕੀ ਸ਼ਬਦਾਵਲੀ ਅਤੇ ਮੁਹਾਵਰੇ ਦੀ ਘਾਟ ਹੈ । ਗੰਭੀਰ ਵਸਤੂ ਲਈ ਗੰਭੀਰ ਕਿਸਮ ਦੀ ਭਾਸ਼ਾ ਅਤੇ ਸ਼ੈਲੀ ਦਰਕਾਰ ਹੁੰਦੀ ਹੈ । ਮਜ਼ਮੂਨ ਦੇ ਨਾਲ ਨਾਲ ਮੈਨੂੰ ਕਈ ਥਾਂ ਸ਼ਬਦਾਂ ਦੀ ਘਾੜਤ ਵੀ ਕਰਨੀ ਪੈਂਦੀ ਰਹੀ ਹੈ । ਭਾਸ਼ਾ-ਵਿਗਿਆਨ ਵਿਚ ਕਈ ਚਲਦੇ-ਫਿਰਦੇ ਸ਼ਬਦ ਸਹੀ ਨਹੀਂ ਹਨ ਜਿਵੇਂ morpheme ਲਈ ਭਾਵਾਂਸ਼ । ਇਸ ਸੰਕਲਪ ਲਈ ਰੂਪੀਮ ਵੱਧ ਜੱਚਦਾ ਹੈ । ਔਕੜਾਂ ਦੇ ਬਾਵਜੂਦ ਅਕਾਦਮਿਕ ਜਤਨ ਪੇਸ਼ ਹੈ । ਭੁੱਲਾਂ ਲਈ ਵਿਦਵਾਨਾਂ ਤੋਂ ਖਿਮਾ ਦੀ ਯਾਚਨਾ ਕਰਦਾ ਹਾਂ ।

(5)

ਮੈਂ ਡਾ. ਜੋਗਿੰਦਰ ਸਿੰਘ ਜੀ ਪੁਆਰ, ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਅਤਿਅੰਤ ਧੰਨਵਾਦੀ ਹਾਂ ਜਿਨ੍ਹਾਂ ਦੀ ਨਿਰੰਤਰ ਪ੍ਰੇਰਨਾ ਦੇ ਫਲ-ਸਰੂਪ ਇਹ ਪੁਸਤਕ ਹੋਂਦ ਵਿਚ ਆ ਸਕੀ ਹੈ । ਮੈਂ ਉਨ੍ਹਾਂ ਵਿਦਵਾਨਾਂ ਦੇ ਪ੍ਰਤਿ ਵੀ ਆਭਾਰ ਪ੍ਰਗਟ ਕਰਦਾ ਹਾਂ ਜਿਨ੍ਹਾਂ ਦੀਆਂ ਲਿਖਤਾਂ, ਪੁਸਤਕਾਂ ਅਤੇ ਪ੍ਰਵਚਨਾਂ ਤੋਂ ਮੈਨੂੰ ਬਹੁਮੁੱਲੀ ਸਹਾਇਤਾ ਪ੍ਰਾਪਤ ਹੋਈ ਹੈ । ਇਸ ਉੱਚ-ਤਕਨੀਕੀ ਕਿਸਮ ਦੀ ਪੁਸਤਕ ਦੇ ਉਚਿਤ ਪ੍ਰਕਾਸ਼ਨ ਲਈ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਦੇ ਪ੍ਰਮੁਖ ਡਾ. ਹਜਾਰਾ ਸਿੰਘ ਹੁਰਾਂ ਦਾ ਵੀ ਮੈਂ ਰਿਣੀ ਹਾਂ ।

ਮੈਂ ਧੰਨਵਾਦੀ ਹਾਂ ਆਪਣੀ ਧਰਮ-ਪਤਨੀ ਗੁਰਚਰਨ ਕੌਰ ਧਾਲੀਵਾਲ ਦਾ, ਅਤੇ ਆਪਣੇ ਬੇਟੇ ਤੇ ਬੇਟੀਆਂ ਦਾ ਜਿਨ੍ਹਾਂ ਤੋਂ, ਕੀਮਤੀ ਸੰਦਰਭ-ਪੁਸਤਕਾਂ ਪ੍ਰਾਪਤ ਕਰਨ, ਵਿਚਾਰ-ਚਰਚਾ ਵਿਚ ਸ਼ਾਮਲ ਹੋਣ ਅਤੇ ਘਰ-ਗ੍ਰਿਹਸਥੀ ਦਾ ਭਾਰ ਵੰਡਾਉਣ ਦੀ ਸ਼ਕਲ ਵਿਚ ਮੈਨੂੰ ਭਰਪੂਰ ਯੋਗਦਾਨ ਮਿਲਦਾ ਰਿਹਾ ਹੈ ।

ਪ੍ਰੇਮ ਪ੍ਰਕਾਸ਼ ਸਿੰਘ (ਡਾ.)
੫੬-ਰਘੁਬੀਰ ਨਗਰ, ਪਟਿਆਲਾ

ਦੀਵਾਲੀ ਮੁਬਾਰਕ
10 ਨਵੰਬਰ 1996

Fe.....

ਵਿਸ਼ੈ-ਸੂਚੀ

ਖੰਡ : ਚਾਰ

ਮੱਧ ਕਾਲੀਨ ਭਾਰਤੀ ਆਰੀਆ-ਭਾਸ਼ਾ ਅਤੇ ਪੰਜਾਬੀ

ਖੰਡ : ਪੰਜ

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ : ਤੀਜੀ ਉਪ-ਅਵਸਥਾ

ਖੰਡ : ਛੇ

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਅਤੇ ਪੰਜਾਬੀ

ਖੰਡ · ਸੱਤ

ਪੰਜਾਬੀ ਭਾਸ਼ਾ ਦਾ ਜਣਨਿਕ ਸਰੋਤ

ਖੰਡ : ਇਕ

ਸਿੱਧਾਂਤਕ ਪਰਿਪੇਖ

ਅਧਿਆਏ 1 : 1

ਭਾਸ਼ਾ ਤੇ ਭਾਸ਼ਾ-ਵਿਗਿਆਨ

ਭਾਸ਼ਾ

ਭਾਸ਼ਾ ਅਤੀ ਸੂਖਮ ਤੇ ਜਟਿਲ ਪ੍ਰਪੰਚ ਹੈ । ਭਾਸ਼ਾ ਦੀ ਇਸ ਜਟਿਲਤਾ ਦਾ ਹੀ ਨਤੀਜਾ ਹੈ ਕਿ ਜੇਕਰ ਅਸੀਂ ਭਾਸ਼ਾ ਦੇ ਕਿਸੇ ਇਕ ਪਹਿਲੂ ਤੇ ਪਾਸਾਰ ਨੂੰ ਵੇਖਦੇ ਹਾਂ ਤਾਂ ਇਸ ਦਾ ਕੋਈ ਦੂਜਾ ਪਹਿਲੂ ਜਾਂ ਪਾਸਾਰ ਉਹਲੇ ਰਹਿ ਜਾਂਦਾ ਹੈ । ਭਾਸ਼ਾ ਨੂੰ ਅਸੀਂ ਜਿੰਨੀ ਵਾਰ ਵੀ ਨੀਝ ਲਾ ਕੇ ਵੇਖੀਏ ਅਤੇ ਜਿੰਨੀ ਵਾਰ ਵੀ ਭਾਸ਼ਾ ਦਾ ਅਧਿਐਨ ਕਰੀਏ, ਇਸ ਦਾ ਕੋਈ ਨਾ ਕੋਈ ਨਵਾਂ ਪਹਿਲੂ ਹੀ ਉਭਰਦਾ ਦਿੱਸਦਾ ਹੈ । ਇਸੇ ਲਈ ਇਹ ਕਹਿਣਾ ਸਹੀ ਹੈ ਕਿ ਭਾਸ਼ਾ ਬਹੁ-ਪਾਸਾਰੀ, ਬਹੁ-ਸਤਰੀ ਹੋਂਦ (multi-dimentional entity) ਹੈ ।

ਸੰਰਚਨਾਤਮਕ ਤੌਰ ਤੇ ਭਾਸ਼ਾ ਦੇ ਅਨੇਕ ਪੱਖ ਉਜਾਗਰ ਹੁੰਦੇ ਹਨ । ਭਾਸ਼ਾ ਦੀ ਇਸ ਬਹੁ-ਪੱਖੀ ਪ੍ਰਕਿਰਤੀ ਦੇ ਨਤੀਜੇ ਵਜੋਂ ਇਸ ਦੇ ਅਨੇਕ ਗੁਣ-ਲੱਛਣ, ਅਨੇਕ ਮੂਲ ਚਰਿੱਤਰ, ਅਤੇ ਅਨੇਕ ਵਿਲੱਖਣਤਾਵਾਂ ਉਪਲਬਧ ਹੁੰਦੀਆਂ ਹਨ । ਇਨ੍ਹਾਂ ਵਿਲੱਖਣਤਾਵਾਂ ਵਿਚ ਜਿਹੜੀਆਂ ਪ੍ਰਮੁਖ ਹਨ ਉਨ੍ਹਾਂ ਵਿਚ ਇਹ ਸ਼ਾਮਲ ਹਨ :

> *ਕਿ ਭਾਸ਼ਾ ਇਕ ਸੰਚਾਰ-ਪ੍ਰਣਾਲੀ ਹੈ, ਭਾਸ਼ਾ ਆਪ-ਹੁਦਰੀ, ਗ਼ੈਰ-ਜਮਾਂਦਰੂ ਤੇ ਪਰੰਪਰਾ ਤੋਂ ਪ੍ਰਾਪਤ ਹੈ; ਇਸ ਤੋਂ ਇਲਾਵਾ ਭਾਸ਼ਾ ਸਿਸਟਮ-ਬੱਧ, ਪ੍ਰਬੰਧ-ਯੁਕਤ, ਉਚਾਰ-ਮੁਖ (vocal), ਤੇ ਮਨੁੱਖ ਕੇਂਦਰਿਤ (human) ਹੈ । ਸਭ ਤੋਂ ਵੱਧ ਮਨੁੱਖੀ ਭਾਸ਼ਾ ਪਰਿਵਰਤਨ-ਸ਼ੀਲ, ਵਿਸਤਾਰ-ਸ਼ੀਲ ਤੇ open-ended ਹੈ । ਅਜੋਕੇ ਭਾਸ਼ਾ-ਚਿੰਤਕਾਂ ਦੇ ਅਨੁਸਾਰ ਕਾਬਲੇ-ਗੌਰ ਗੱਲ ਇਹ ਹੈ ਕਿ ਭਾਸ਼ਾ ਮਨੁੱਖੀ ਸਮਾਜਿਕ ਵਰਤਾਰੇ ਦਾ ਹੀ ਇਕ ਹਿੱਸਾ ਹੈ । ਇਸ ਨਜ਼ਰੀਏ ਤੋਂ ਮਾਨਵੀ ਭਾਸ਼ਾ ਇਕ ਸਮਾਜਿਕ ਵਸਤੂ ਅਤੇ ਸਮਾਜਿਕ ਸੰਸਥਾ ਹੈ ।*

ਭਾਸ਼ਾ ਦੀ ਇਸ ਗਹਿਨ ਪ੍ਰਕਿਰਤੀ ਅਤੇ ਬਹੁ-ਪਾਸਾਰੀ ਹੋਂਦ ਦਾ ਸਿੱਟਾ ਹੈ ਕਿ ਭਾਸ਼ਾ ਕਿਸੇ ਇਕ ਸੰਪੂਰਨ ਤੇ ਮੁਕੰਮਲ ਪਰਿਭਾਸ਼ਾ ਵਿਚ ਸਥਾਪਿਤ ਹੁੰਦੀ ਨਹੀਂ ਦਿਸਦੀ ਜਿਸ ਵਿਚ ਇਸ ਦੀਆਂ ਸਾਰੀਆਂ ਵਿਲੱਖਣਤਾਵਾਂ ਤੇ ਖ਼ਾਸੀਅਤਾਂ ਸਮੇਟੀਆਂ ਜਾ ਸਕਣ । ਇਹੋ ਕਾਰਣ ਹੈ ਕਿ ਵੱਖ ਵੱਖ ਭਾਸ਼ਾ-ਵਿਗਿਆਨੀ ਆਪੋ ਆਪਣੇ ਵਿਸ਼ੇਸ਼ ਨਜ਼ਰੀਏ ਤੋਂ ਹੀ ਭਾਸ਼ਾ ਨੂੰ ਪਰਿਭਾਸ਼ਤ ਕਰਨ ਲਈ ਜਤਨਸ਼ੀਲ ਹੋਏ ਹਨ ।

ਕੋਈ ਵਿਦਵਾਨ ਭਾਸ਼ਾ ਨੂੰ ਇਕ ਮਾਧਿਅਮ ਪ੍ਰਵਾਨ ਕਰਦਾ ਹੈ, ਕੋਈ ਇਸ ਨੂੰ ਸਿਸਟਮੀ ਵਿਵਸਥਾ ਤੇ ਨੇਮ-ਬੱਧ ਵਿਵਸਥਾ ਆਖਦਾ ਹੈ । ਕਿਸੇ ਦੀ ਨਿਗਾਹ ਵਿਚ ਭਾਸ਼ਾ ਅੰਤਰ-ਸੰਬੰਧਾਂ ਦੀ ਬਣਤਰ ਹੈ ਅਤੇ ਕੋਈ ਇਸ ਨੂੰ ਖੁਦ-ਮੁਖ਼ਤਾਰ ਹੋਂਦ ਕਹਿੰਦਾ ਹੈ । ਕੁਝ ਵਿਦਵਾਨਾਂ ਦੀ ਧਾਰਣਾ ਹੈ ਕਿ ਭਾਸ਼ਾ ਭਾਸ਼ਾਈ ਚਿੰਨ੍ਹਾਂ ਦਾ ਪ੍ਰਬੰਧ ਹੈ ਅਤੇ ਕਿਸੇ ਦੀ ਸੋਚ ਵਿਚ ਭਾਸ਼ਾ ਅਜਿਹੇ ਵਾਕਾਂ/ਫਿਕਰਿਆਂ ਦਾ ਸਮੂਹ ਹੈ ਜਿਸ ਦੇ ਸੀਮਤ ਤੱਤਾਂ ਤੋਂ

ਅਸੀਮਤ ਵਾਕ-ਬਣਤਰਾਂ ਸਿਰਜੀਆਂ ਜਾਂਦੀਆਂ ਹਨ ।

ਇਸ ਸਮੱਸਿਆ-ਗ੍ਰਸਤ ਸਥਿਤੀ ਵਿਚ ਜੇਕਰ ਕੋਈ ਇਕ ਇਕ ਪਰਿਭਾਸ਼ਾ ਸਰਵ-ਪ੍ਰਵਾਨਿਤ ਹੋਣ ਦੀ ਸੰਭਾਵਨਾ ਰਖਦੀ ਹੈ ਤਾਂ ਉਹ ਇਹ ਪਰਿਭਾਸ਼ਾ ਹੈ ਕਿ "ਮਾਨਵੀ ਭਾਸ਼ਾ ਇਕ ਸਿਸਟਮ ਹੈ ਜਿਸ ਦਾ ਕਾਰਜ ਸੰਚਾਰ ਕਰਨਾ ਹੈ ।"

ਭਾਸ਼ਾ-ਵਿਗਿਆਨ (Linguistics)

ਭਾਸ਼ਾ ਦੀ ਇਸ ਬਹੁ-ਪਾਸਾਰੀ ਪ੍ਰਵਿਰਤੀ ਦੇ ਮੱਦੇ ਨਜ਼ਰ ਜਦ ਅਸੀਂ ਭਾਸ਼ਾ ਦੇ ਅਧਿਐਨ ਤੇ ਵਿਸ਼ਲੇਸ਼ਣ ਵਲ ਰੁਚਿਤ ਹੁੰਦੇ ਹਾਂ ਤਾਂ ਇਹ ਨਿਰਵਿਵਾਦ ਤੱਥ ਸਾਹਮਣੇ ਆਉਂਦਾ ਹੈ ਕਿ ਭਾਸ਼ਾ-ਵਿਸ਼ਲੇਸ਼ਣ ਦਾ ਕੋਈ ਇਕ ਕੱਲਾ-ਕਹਿਰਾ ਸਿਸਟਮ, ਸਿੱਧਾਂਤ, ਮਾਡਲ ਜਾਂ ਕੋਈ ਇਕੋ ਇਕ ਦ੍ਰਿਸ਼ਟੀ ਜਾਂ ਪਹੁੰਚ-ਵਿਧੀ ਅਜਿਹੀ ਨਹੀਂ ਹੈ ਜਿਸ ਦੀ ਸੇਧ ਵਿਚ ਭਾਸ਼ਾ ਦੇ ਸਮੁੱਚੇ ਪਾਸਾਰਾਂ ਤੇ ਪਹਿਲੂਆਂ ਨੂੰ ਮੁਕੰਮਲ ਤੌਰ ਤੇ ਵਿਸ਼ਲੇਸ਼ਿਤ ਕੀਤਾ ਜਾ ਸਕੇ ।

ਇਸ ਪ੍ਰਸੰਗ ਵਿਚ ਲੰਡਨ ਸਕੂਲ ਦੇ ਪਰਮ ਵਿਖਿਆਤ ਭਾਸ਼ਾ-ਵਿਗਿਆਨੀ J. R. Firth [1890-1960] ਦਾ ਇਹ ਮਹੱਤਵਪੂਰਨ ਦ੍ਰਿਸ਼ਟੀਕੋਣ ਉਲੇਖ-ਯੋਗ ਹੈ ਕਿ ਭਾਸ਼ਾ ਦੇ ਵਿਸ਼ਲੇਸ਼ਣ ਦਾ ਕੇਂਦਰੀ ਸੰਕਲਪ ਬਹੁ-ਸਿਸਟਮੀ ਪਹੁੰਚ-ਵਿਧੀ (poly-systemicism) ਹੈ । ਫਰਥ ਦਾ ਬਹੁ-ਸਿਸਟਮਵਾਦ ਇਸ ਵਿਚਾਰ-ਬਿੰਦੂ ਤੇ ਨਿਰਭਰ ਕਰਦਾ ਹੈ ਕਿ ਭਾਸ਼ਾ ਦੇ ਵੱਖ ਵੱਖ ਪੈਟਰਨ ਦਾ ਸਪੱਸ਼ਟੀਕਰਣ ਤੇ ਨਿਰੂਪਣ ਕਿਸੇ ਕੱਲੇ-ਕਹਿਰੇ ਵਿਸ਼ਲੇਸ਼ਣੀ ਸਿਸਟਮ ਦੇ ਜ਼ਰੀਏ ਸੰਪੂਰਨ ਨਹੀਂ ਕੀਤਾ ਜਾ ਸਕਦਾ, ਬਲਕਿ ਭਾਸ਼ਾਈ ਵਰਣਨ ਦੇ ਸੰਬੰਧਿਤ ਲੈਵਲ ਦੇ ਅੰਤਰਗਤ ਵੱਖ ਵੱਖ ਸਿਸਟਮ ਲਾਗੂ ਕੀਤੇ ਜਾਣੇ ਜ਼ਰੂਰੀ ਹਨ ਤਾਂ ਜੋ ਅਜਿਹੀ ਬਹੁ-ਸਿਸਟਮੀ ਅਪ੍ਰੋਚ ਨਾਲ ਭਾਸ਼ਾ ਦਾ ਸਮੁੱਚਾ ਅਧਿਐਨ ਪੇਸ਼ ਕੀਤਾ ਜਾ ਸਕੇ ।

ਇਹੋ ਕਾਰਣ ਹੈ ਕਿ ਭਾਸ਼ਾ ਦੇ ਵਰਣਨ ਤੇ ਵਿਸ਼ਲੇਸ਼ਣ ਲਈ ਕਈ ਤਰ੍ਹਾਂ ਦੀਆਂ ਅਧਿਐਨ-ਵਿਧੀਆਂ, ਸਿੱਧਾਂਤਕ ਮਾਡਲ ਤੇ ਖੋਜ-ਤਕਨੀਕਾਂ ਹੋਂਦ ਵਿਚ ਆਈਆਂ ਹਨ । ਇਹ ਸਾਰੀਆਂ ਅਧਿਐਨ-ਗਤ ਵਿਧੀਆਂ ਇਕ ਤਰ੍ਹਾਂ ਨਾਲ ਭਾਸ਼ਾ-ਵਿਗਿਆਨ ਦੇ ਹੀ ਵੱਖ ਵੱਖ ਦਿਸ਼ਾ-ਬਿੰਦੂ ਹਨ ਜਿਨ੍ਹਾਂ ਨੂੰ ਭਾਸ਼ਾਈ ਅਨੁਸ਼ਾਸਨ ਦੇ ਪ੍ਰਕਾਰ-ਭੇਦ ਕਿਹਾ ਜਾ ਸਕਦਾ ਹੈ ।

ਭਾਵੇਂ ਪ੍ਰਾਚੀਨ ਗ੍ਰੀਸ, ਰੋਮ ਤੇ ਭਾਰਤ ਵਿਚ ਤਰਕ, ਦਰਸ਼ਨ, ਧਰਮ-ਮੀਮਾਂਸਾ ਆਦਿ ਦੇ ਵਿਭਿੰਨ ਸੰਦਰਭਾਂ ਵਿਚ ਭਾਸ਼ਾ ਦਾ ਚੇਤੰਨ ਤੌਰ ਤੇ ਅਧਿਐਨ ਤੇ ਵਿਸ਼ਲੇਸ਼ਣ ਕੀਤਾ ਜਾਂਦਾ ਰਿਹਾ ਹੈ ਅਤੇ ਫਲਸਰੂਪ ਭਾਸ਼ਾ ਸੰਬੰਧੀ ਅਨੇਕਾਂ ਸੰਕਲਪਾਂ ਦਾ ਤਰਕ-ਮੂਲਕ ਵਿਵਰਣ ਪੇਸ਼ ਕਰਕੇ ਵਿਆਕਰਣ/ਗ੍ਰਾਮਰ ਵੀ ਰਚੇ ਜਾਂਦੇ ਰਹੇ ਹਨ, ਲੇਕਿਨ ਪੱਛਮੀ ਦੇਸ਼ਾਂ ਵਿਚ ਭਾਸ਼ਾ ਬਾਰੇ ਨੇਮਬੱਧ ਚਿੰਤਨ ਤੇ ਭਾਸ਼ਿਕ ਸਥਾਪਨਾਵਾਂ ਤਲਾਸ਼ ਕਰਨ ਦੀ ਇਤਿਹਾਸ-ਵਾਦੀ ਅਪ੍ਰੋਚ-ਵਿਧੀ ਕਈ ਅਠਾਰ੍ਹਵੀਂ-ਉਨ੍ਹੀਵੀਂ ਸਦੀ ਵਿਚ ਹੀ ਸ਼ੁਰੂ ਹੁੰਦੀ ਹੈ । ਭਾਸ਼ਾ ਸੰਬੰਧੀ ਇਤਿਹਾਸ-ਵਾਦੀ ਤੇ ਵਿਕਾਸ-ਮੁਖ ਅਪ੍ਰੋਚ ਨੂੰ ਪਹਿਲੇ-ਪਹਿਲ ਫਿਲਾਲੋਜੀ (philology) ਦਾ ਨਾਮ ਦਿੱਤਾ ਗਿਆ ਪਰ ਹੌਲੀ ਹੌਲੀ ਬਾਅਦ ਵਿਚ ਇਸ ਨੂੰ ਇਤਿਹਾਸਿਕ ਭਾਸ਼ਾ-ਵਿਗਿਆਨ (historical linguistics) ਦੀ ਸੰਗਿਆ ਹੇਠ ਸਥਾਪਿਤ ਕੀਤਾ ਜਾਣ ਲੱਗਾ ।

ਇਤਿਹਾਸਿਕ ਭਾਸ਼ਾ-ਵਿਗਿਆਨ ਵਿਸ਼ਵ-ਪੱਧਰ ਉਤੇ ਭਾਸ਼ਾ-ਸੰਬੰਧੀ ਖੋਜ, ਵਰਣਨ ਤੇ ਨੇਮ-ਨਿਰਧਾਰਨ ਕਰਨ ਦਾ ਮੁੱਢਲਾ ਆਰੰਭ-ਬਿੰਦੂ ਹੈ ਜਿਸ ਨੇ ਆਉਣ ਵਾਲੇ ਆਧੁਨਿਕ

ਭਾਸ਼ਾ-ਵਿਗਿਆਨ ਦੀ ਸਿਰਜਨਾ ਤੇ ਸਥਾਪਨਾ ਵਿਚ ਅਹਿਮ ਭੂਮਿਕਾ ਨਿਭਾਈ ਹੈ। ਆਧੁਨਿਕ ਯੁਗ ਵਿਚ ਵੀ ਇਤਿਹਾਸਿਕ ਭਾਸ਼ਾ-ਵਿਗਿਆਨ ਦੀਆਂ ਵਿਧੀਆਂ, ਤਕਨੀਕਾਂ, ਤੇ ਖੋਜ-ਪ੍ਰਣਾਲੀਆਂ ਨੂੰ ਨਵੀਆਂ ਖੋਜਾਂ ਦੇ ਮੱਦੇ ਨਜ਼ਰ ਹੋਰ ਵੀ ਪ੍ਰਮਾਣਿਕ ਬਣਾਇਆ ਗਿਆ ਹੈ। ਲਗਭਗ ਹਰ ਭਾਸ਼ਾ-ਚਿੰਤਕ ਨੇ ਇਸ ਬਾਰੇ ਕੋਈ ਨਾ ਕੋਈ ਟਿੱਪਣੀ ਅਵੱਸ਼ ਪੇਸ਼ ਕੀਤੀ ਹੈ। ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਇਤਿਹਾਸਵਾਦੀ ਅਪ੍ਰੋਚ, ਇਸ ਦੀ ਰੂਪ-ਰੇਖਾ ਅਤੇ ਇਸ ਦੀਆਂ ਤਕਨੀਕੀ ਜੁਗਤਾਂ ਬਾਰੇ ਬਾਅਦ ਵਿਚ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ। ਹੁਣ ਏਥੇ ਅਜੋਕੇ ਯੁਗ ਵਿਚ ਪ੍ਰਚਲਿਤ ਭਾਸ਼ਾ-ਵਿਗਿਆਨ ਦੀਆਂ ਵੱਖ ਵੱਖ ਕਿਸਮਾਂ ਤੇ ਵੰਨਗੀਆਂ ਦਾ ਸੰਖੇਪ ਨਿਰੂਪਣ ਕੀਤਾ ਜਾਂਦਾ ਹੈ।

ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਪ੍ਰਤਿਕਿਰਿਆ ਵਿਚ ਆਧੁਨਿਕ ਸਮਿਆਂ ਵਿਚ ਇਕ ਤਰ੍ਹਾਂ ਦਾ ਭਾਸ਼ਾਈ ਅੰਦੋਲਨ ਪੈਦਾ ਹੋਇਆ ਜਿਸ ਦੇ ਨਤੀਜੇ ਵਜੋਂ ਭਾਸ਼ਾ-ਵਿਸ਼ਲੇਸ਼ਣ ਦੀਆਂ ਕਈ ਥਿਊਰੀਆਂ ਅਤੇ ਕਈ ਮਾਡਲ ਹੋਂਦਸ਼ੀਲ ਹੋਏ ਹਨ। ਵੱਖ ਵੱਖ ਭਾਸ਼ਿਕ ਸੰਕਲਪਾਂ, ਮਾਨਤਾਵਾਂ, ਤੇ ਧਾਰਨਾਵਾਂ ਨੂੰ ਮੁਖ ਰਖ ਕੇ ਭਾਸ਼ਾ-ਵਿਗਿਆਨ ਦੇ ਕਈ ਪ੍ਰਕਾਰ-ਭੇਦ ਜਾਰੀ ਹੋਏ ਹਨ। ਇਨ੍ਹਾਂ ਵਿਚੋਂ ਪ੍ਰਮੁਖ ਪ੍ਰਕਾਰ ਇਹ ਹਨ :

ਡਾਇਆਕ੍ਰਾਨਿਕ ਤੇ ਸਿਨਕ੍ਰਾਨਿਕ (ਕਾਲਕ੍ਰਮਿਕ ਤੇ ਇਕਾਲਿਕ : diachronic, synchronic), ਵਰਣਨਾਤਮਕ (descriptive) ਤੇ ਜਨਰਲ ਭਾਸ਼ਾ-ਵਿਗਿਆਨ (general linguistics), ਸਿਧਾਂਤਕ ਤੇ ਪ੍ਰਯੋਗਕ ਭਾਸ਼ਾ-ਵਿਗਿਆਨ (theoretical and applied), ਸੰਰਚਨਾਤਮਕ (structural linguistics).

ਡਾਇਆਕ੍ਰਾਨਿਕ ਤੇ ਸਿਨਕ੍ਰਾਨਿਕ ਭਾਸ਼ਾ-ਵਿਗਿਆਨ

ਕਾਲਕ੍ਰਮਿਕ ਤੇ ਇਕਾਲਿਕ ਭਾਸ਼ਾ-ਵਿਗਿਆਨ ਦਾ ਜਨਮਦਾਤਾ ਫ਼ਰਦੀਨਾਂ ਦ ਸੋਸਿਊਰ ਹੈ। ਸੋਸਿਊਰ ਨੂੰ ਮਾਡਰਨ ਭਾਸ਼ਾ-ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ। John Lyons, [1971 : 38] ਨੇ ਲਿਖਿਆ ਹੈ ਕਿ ਜੇਕਰ ਆਧੁਨਿਕ ਭਾਸ਼ਾ-ਵਿਗਿਆਨ ਦਾ ਜਨਮਦਾਤਾ ਕਿਸੇ ਇਕ ਵਿਅਕਤੀ ਨੂੰ ਮੰਨਣਾ ਹੋਵੇ ਤਾਂ ਯਕੀਨਨ ਉਹ ਵਿਅਕਤੀ ਹੈ ਮਹਾਨ ਸਵਿਸ ਵਿਦਵਾਨ *Ferdinand de Saussure* ਜਿਸ ਦੇ ਫਰੈਂਚ ਵਿਚ ਦਿੱਤੇ ਹੋਏ ਭਾਸ਼ਾ-ਵਿਗਿਆਨਿਕ ਵਿਖਿਆਨਾਂ ਦਾ ਮਰਨ-ਉਪਰੰਤ ਪ੍ਰਕਾਸ਼ਨ ਸੰਨ 1915 ਵਿਚ ਹੋਇਆ ਅਤੇ ਫੇਰ ਜਿਸ ਦਾ ਅੰਗਰੇਜ਼ੀ ਤਰਜਮਾ ਸੰਨ 1959 ਵਿਚ ਪ੍ਰਕਾਸ਼ਿਤ ਹੋਇਆ।

ਸੋਸਿਊਰ ਨੇ ਜਨਰਲ (ਸਾਮਾਨਯ) ਭਾਸ਼ਾ ਦੇ ਸਿਸਟਮੀ ਅਧਿਐਨ ਨੂੰ ਅਜਿਹੀ ਨਵੀਂ ਦਿਸ਼ਾ ਤੇ ਵਿਵਸਥਾ ਪ੍ਰਦਾਨ ਕੀਤੀ ਜਿਸ ਦੇ ਸਦਕਾ ਵੀਹਵੀਂ ਸਦੀ ਦੇ ਭਾਸ਼ਾ-ਵਿਗਿਆਨ ਵਿਚ ਨਵੀਆਂ ਮਹੱਤਵਪੂਰਨ ਪ੍ਰਾਪਤੀਆਂ ਮੁਮਕਿਨ ਹੋ ਸਕੀਆਂ ਹਨ। ਅੱਜ ਭਾ. ਵਿ. ਦੇ ਖੇਤਰ ਵਿਚ ਜਿੰਨੇ ਵੀ ਸਕੂਲ ਤੇ ਸੰਪ੍ਰਦਾਵਾਂ ਸਥਾਪਿਤ ਹਨ ਉਨ੍ਹਾਂ ਸਾਰਿਆਂ ਨੂੰ ਸੋਸਿਊਰ ਦੀਆਂ ਭਾਸ਼ਿਕ ਸਥਾਪਨਾਵਾਂ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਅਸਰ-ਅੰਦਾਜ਼ ਕੀਤਾ ਹੈ। ਸੋਸਿਊਰ ਦੀ ਆਮਦ ਨਾਲ ਚਰਚਿਤ ਤੇ ਵਿਖਿਆਤ 'ਸੰਰਚਨਾਵਾਦ' ਦੀ ਨੀਂਹ ਬੱਝੀ ਹੈ।

ਸੋਸਿਊਰ ਦਾ ਭਾਸ਼ਾ-ਵਿਵੇਚਨ ਉਨ੍ਹਾਂ ਸਮਸਿਆਵਾਂ ਵੱਲ ਧਿਆਨ ਆਕਰਸ਼ਿਤ ਕਰਦਾ ਹੈ ਜਿਹੜੀਆਂ ਮਾਨਵੀ ਭਾਸ਼ਾ ਅਤੇ ਮਨੁੱਖੀ ਮਨ ਦੇ ਗੂੜ੍ਹੇ ਸੰਬੰਧਾਂ ਬਾਰੇ ਚਿੰਤਨ ਦੀਆਂ ਨਵੀਆਂ ਵਿਧੀਆਂ ਨਾਲ ਜੁੜੀਆਂ ਹੋਈਆਂ ਹਨ। ਭਾਸ਼ਾਵਿਗਿਆਨ ਦੇ ਖੇਤਰ ਵਿਚ

ਪਹਿਲੇ ਭਾਸ਼ਾ ਵਿਗਿਆਨੀ ਭਾਸ਼ਾ ਦੀ ਹੋਂਦਵਿਧੀ ਦੀਆਂ ਕੇਂਦਰੀ ਸਮੱਸਿਆਵਾਂ ਦੇ ਦਰਮਿਆਨ ਅਤੇ ਦੂਜੈਲੀਆ ਤੇ ਅਪ੍ਰਾਸੰਗਿਕ ਸਮੱਸਿਆਵਾਂ ਦੇ ਦਰਮਿਆਨ ਨਿਖੇੜਾ ਪੇਸ਼ ਕਰਨ ਤੋਂ ਅਸਮਰੱਥ ਸਨ ਅਤੇ ਉਹ ਭਾਸ਼ਾ ਨੂੰ ਭਾਸ਼ਿਕ ਮਦਾਂ ਦਾ ਇਕ ਪੁੰਜ ਤਸਲੀਮ ਕਰਕੇ ਸਿਸਟਮ-ਮੁਕਤ ਬਿਰਤੀ ਦੇ ਧਾਰਨੀ ਸਨ । ਸੌਸਿਊਰ ਨੇ ਅਜਿਹੀ ਬਿਰਤੀ ਨੂੰ ਨਕਾਰਿਆ ਅਤੇ ਭਾਸ਼ਾ ਦੇ ਅਧਿਐਨ ਦੀ ਸਿਸਟਮ-ਮੁਖ ਸਾਰਥਕ ਵਿਧੀ ਪ੍ਰਸਤੁਤ ਕੀਤੀ ।

ਸੌਸਿਊਰ ਦੇ ਮੌਲਿਕ ਵਿਖਿਆਨਾਂ ਦੀ ਪਰਖ-ਪੜਚੋਲ ਤੋਂ ਬਾਅਦ ਜਿਹੜੇ ਨਵੇਂ ਨਵੇਂ ਦ੍ਰਿਸ਼ਟੀ-ਬਿੰਦੂ ਉਭਰਦੇ ਹਨ ਉਨ੍ਹਾਂ ਦੀਆਂ ਚਾਰ ਪ੍ਰਮੁਖ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ :

(1) ਭਾਸ਼ਾ ਇਕ ਸਮਕਾਲੀਨ ਜੀਵੰਤ ਵਸਤੂ ਹੈ, ਸਿਰਫ ਇਤਿਹਾਸਿਕ ਤੇ ਕਾਲਕ੍ਰਮਿਕ ਵਿਕਾਸ ਦੀ ਪ੍ਰਕਿਰਿਆ ਨਹੀਂ ਹੈ;

(2) ਭਾਸ਼ਾ ਦਾ ਸਹੀ ਅਧਿਐਨ ਮੌਖਿਕ (ਜ਼ਬਾਨੀ) ਭਾਸ਼ਾ ਦਾ ਅਧਿਐਨ ਹੈ, ਲਿਖਤੀ ਪਾਠ ਦਾ ਨਹੀਂ;

(3) ਭਾਸ਼ਾ ਦੀ ਆਂਤਰਿਕ ਸੰਰਚਨਾ ਦਾ ਵਿਸ਼ਲੇਸ਼ਣ ਹੀ ਭਾਸ਼ਾ ਦਾ ਅਧਿਐਨ ਹੈ;

(4) ਭਾਸ਼ਾ ਨੂੰ ਸਿਰਫ਼ ਭੌਤਿਕ ਸਥੂਲ ਲੱਛਣਾਂ ਦਾ ਇਕ ਸਮੁੱਚ ਨਾ ਮੰਨ ਕੇ ਉਸ ਨੂੰ ਸਮਾਜਿਕ ਪਿਛੋਕੜ ਵਿਚ ਵੇਖਣਾ ਚਾਹੀਦਾ ਹੈ, ਕਿਉਂਕਿ ਭਾਸ਼ਾ ਇਕ ਸਮਾਜਿਕ ਵਰਤਾਰਾ ਹੈ ।

ਸਮੁੱਚੇ ਤੌਰ ਤੇ ਭਾਸ਼ਾ-ਵਿਗਿਆਨ, ਸਮਾਜ-ਵਿਗਿਆਨ, ਚਿਹਨ-ਵਿਗਿਆਨ ਅਤੇ ਸੰਰਚਨਾਵਾਦ ਨੂੰ ਦਿੱਤਾ ਗਿਆ ਸੌਸਿਊਰ ਦਾ ਯੋਗਦਾਨ ਉਸ ਨੂੰ ਅਜੋਕੇ ਬੁੱਧੀਜੀਵੀ ਇਤਿਹਾਸ ਵਿਚ ਮੋਢੀ ਦਾ ਦਰਜਾ ਪ੍ਰਦਾਨ ਕਰਦਾ ਹੈ [*Jonathan Culler*, 1976 : 9].

ਸੌਸਿਊਰ ਨੇ ਭਾਸ਼ਾ-ਅਧਿਐਨ ਦੇ ਦਾਇਰੇ ਵਿਚ ਜਿਹੜੀਆਂ ਮੌਲਿਕ ਸਥਾਪਨਾਵਾਂ ਤਲਾਸ਼ ਕੀਤੀਆਂ ਹਨ ਉਹ ਇਹ ਹਨ । ਇਹ ਸਾਰੇ ਜੁੱਟ ਦੁਵੱਲੀ ਵਿਰੋਧਤਾ (binary opposition) ਤੇ ਖੜ੍ਹੇ ਹਨ :

1. ਚਿਹਨਵਾਦ (semiotic) :
   ਚਿਹਨ (sign), ਚਿਹਨਕ (signifier), ਚਿਹਨਤ (signified)
2. ਲੜੀਦਾਰ ਤੇ ਕੜੀਦਾਰ ਸੰਬੰਧ (paradigmatic, syntagmatic relations)
3. ਲਾਂਗ ਤੇ ਪੈਰੋਲ (langue/parole)
4. ਇਕਾਲਿਕ ਤੇ ਕਾਲਕ੍ਰਮਿਕ (synchronic/diachronic)

ਸੌਸਿਊਰ ਦੇ ਅਨੁਸਾਰ "*ਭਾਸ਼ਾ ਚਿੰਨ੍ਹਾਂ ਦਾ ਸਿਸਟਮ ਹੈ ਜੋ ਵਿਚਾਰਾਂ ਨੂੰ ਅਭਿਵਿਅਕਤ ਕਰਦੀ ਹੈ*"। ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਨ੍ਹਾਂ ਚਿੰਨ੍ਹਾਂ ਅਤੇ ਇਨ੍ਹਾਂ ਦੇ ਆਪਸੀ ਸੰਬੰਧਾਂ ਦਾ ਅਧਿਐਨ ਕਰਨਾ ਹੀ ਭਾਸ਼ਾ-ਵਿਗਿਆਨ ਦਾ ਪ੍ਰਮੁਖ ਕਾਰਜ ਹੈ । ਸੌਸਿਊਰ ਤੋਂ ਪਹਿਲਾਂ ਇਤਿਹਾਸਿਕ ਅਧਿਐਨ ਪ੍ਰਚਲਿਤ ਸੀ ਜਿਸ ਵਿਚ ਸ਼ਬਦਾਂ ਨੂੰ ਹੀ ਭਾਸ਼ਾ ਮੰਨ ਲਿਆ ਜਾਂਦਾ ਸੀ । ਸ਼ਬਦ, ਬ੍ਰਹਿਮੰਡ ਦੀਆਂ ਵੱਖ ਵੱਖ ਵਸਤਾਂ ਦੇ ਨਾਮ ਹਨ । ਪਰ ਸੌਸਿਊਰ ਨੇ ਭਾਸ਼ਾ ਦੀ ਇਸ ਵਸਤੂਵਾਦੀ ਨਾਮਕਰਣ ਪ੍ਰਕਿਰਿਆ ਦਾ ਖੰਡਨ ਕੀਤਾ ਅਤੇ ਭਾਸ਼ਾ ਨੂੰ ਚਿੰਨ੍ਹਾਂ ਦਾ ਵਿਉਂਤਬੱਧ ਪ੍ਰਬੰਧ ਕਿਹਾ ਅਤੇ ਭਾਸ਼ਾ ਦੀ ਚਿੰਨ੍ਹਵਾਦੀ

ਪ੍ਰਕ੍ਰਿਤੀ ਉੱਤੇ ਬਲ ਦਿੱਤਾ। ਇਸ ਤਰ੍ਹਾਂ ਸੌਸਿਊਰ ਨੇ ਭਾਸ਼ਿਕ ਸੰਦਰਭ ਵਿਚ ਚਿੰਨ੍ਹ ਦੀ ਮੂਲ ਧਾਰਨਾ ਪੇਸ਼ ਕੀਤੀ। ਭਾਸ਼ਿਕ-ਚਿੰਨ੍ਹ ਸੌਸਿਊਰ ਦੇ ਭਾਸ਼ਾ-ਚਿੰਤਨ ਵਿਚ ਇਕ ਮਹੱਤਵਪੂਰਨ ਭਾਸ਼ਿਕ ਸੰਕਲਪ ਹੈ। ਚਿੰਨ੍ਹ ਦੇ ਨਾਲ ਚਿੰਨ੍ਹਕ ਤੇ ਚਿੰਨਤ ਵੀ ਅਹਿਮ ਸੰਕਲਪ ਹਨ। ਸੌਸਿਊਰ ਦੇ ਸ਼ਬਦਾਂ ਵਿਚ ਵਸਤੂ ਅਤੇ ਉਸ ਦੇ ਨਾਮ ਦਾ ਮੇਲ ਚਿੰਨ੍ਹ ਨਹੀਂ ਹੈ ਸਗੋਂ ਵਸਤੂ ਦੇ ਮਾਨਸਿਕ ਸੰਕਲਪ ਅਤੇ ਧੁਨੀ-ਬਿੰਬ (concept and sound image) ਦਾ ਮੇਲ ਹੀ ਭਾਸ਼ਾਈ ਚਿੰਨ੍ਹ ਹੈ। ਸੋ ਚਿੰਨ੍ਹ ਭਾਸ਼ਾ ਦਾ ਕੇਂਦਰੀ ਤੱਥ ਹੈ ਅਤੇ ਚਿੰਨ੍ਹਕ ਤੇ ਚਿੰਨ੍ਹਤ ਉਸ ਦੇ ਹੀ ਅੰਗਭੂਤ ਦੋਵੇਂ ਪਾਸੇ ਹਨ। ਚਿੰਨ੍ਹਕ ਤੇ ਚਿੰਨ੍ਹਤ ਦੀ ਸੰਜੁਗਤੀ (union) ਹੀ ਭਾਸ਼ਿਕ ਚਿੰਨ੍ਹ ਹੁੰਦਾ ਹੈ।


ਆਪਣੀ ਦੁਵੱਲੀ ਵਿਰੋਧਤਾ ਦੀ ਲੜੀ ਵਿਚ ਸੌਸਿਊਰ ਨੇ ਲਾਂਗ ਤੇ ਪੈਰੋਲ ਦੇ ਇਕ ਹੋਰ ਵਿਰੋਧੀ ਜੁੱਟ ਦਾ ਵਰਣਨ ਕੀਤਾ ਹੈ। ਲਾਂਗ ਭਾਸ਼ਾ ਦਾ ਸਿਸਟਮ ਹੈ ਜਦ ਕਿ ਪੈਰੋਲ ਉਸਦਾ ਬੋਲੀ-ਉਚਾਰ ਹੈ। ਲਾਂਗ ਮਨੁੱਖੀ ਦਿਮਾਗ ਵਿਚ ਅਜਿਹੇ ਭਾਸ਼ਿਕ ਨੇਮਾਂ ਦਾ ਅਮੂਰਤ (abstract) ਪ੍ਰਬੰਧ ਹੁੰਦੀ ਹੈ ਜਿਨ੍ਹਾਂ ਦੁਆਰਾ ਕੋਈ ਸਮਾਜ ਮਨੁੱਖ ਨੂੰ ਭਾਸ਼ਾ-ਵਰਤੋਂ ਦਾ ਆਧਾਰ ਪ੍ਰਦਾਨ ਕਰਦਾ ਹੈ। ਪਰ ਪੈਰੋਲ ਭਾਸ਼ਾ ਦਾ ਸਮੂਰਤ/ਜ਼ਾਹਰ (concrete) ਰੂਪ ਹੈ ਜੋ ਬੁਲਾਰਿਆਂ ਦੇ ਉਚਾਰਣ-ਨਮੂਨਿਆਂ ਵਿਚ ਉਪਲਬਧ ਹੁੰਦਾ ਹੈ। ਇਸ ਤਰ੍ਹਾਂ ਲਾਂਗ ਭਾਸ਼ਿਕ ਸਿਸਟਮ ਹੈ ਅਤੇ ਪੈਰੋਲ ਭਾਸ਼ਿਕ ਪ੍ਰਗਟਾਵਾ ਹੈ। ਲਾਂਗ ਅਮੂਰਤ ਤੇ ਸੂਖਮ ਹੈ ਅਤੇ ਪੈਰੋਲ ਸਮੂਰਤ ਤੇ ਸਥੂਲ ਹੈ। ਲਾਂਗ ਤੇ ਪੈਰੋਲ ਇਹ ਦੋਵੇਂ ਟਰਮ ਫਰਾਂਸੀਸੀ ਭਾਸ਼ਾ ਦੀ ਦੇਣ ਹਨ।

ਸੌਸਿਊਰ ਨੇ ਇਕ ਹੋਰ ਦਵੈਤ ਕੜੀਦਾਰ ਤੇ ਲੜੀਦਾਰ (syntagmatic, paradigmatic) ਸੰਬੰਧਾਂ ਦਾ ਵੀ ਜ਼ਿਕਰ ਕੀਤਾ ਹੈ। ਸੌਸਿਊਰ ਦਾ ਅਭਿਮਤ ਹੈ ਕਿ ਭਾਸ਼ਾ ਦੀ ਹਰ ਇਕ ਸਥਿਤੀ ਵਿਚ ਹਰ ਚੀਜ਼ ਸੰਬੰਧਾਂ ਤੇ ਸਿਰਜਿਤ ਕੀਤੀ ਜਾਂਦੀ ਹੈ। ਪਰ ਸਵਾਲ ਇਹ ਹੈ ਕਿ ਇਹ ਸੰਬੰਧ ਕਿਵੇਂ ਕਾਰਜ ਕਰਦੇ ਹਨ। ਸੌਸਿਊਰ ਦੇ ਅਨੁਸਾਰ ਪ੍ਰਵਚਨ (discourse) ਵਿਚ ਇਕ ਤਰਫ, ਭਾਸ਼ਿਕ ਤੱਤ (ਸ਼ਬਦ ਆਦਿ) ਅਜਿਹੇ ਸੰਬੰਧ ਗ੍ਰਹਿਣ ਕਰਦੇ ਹਨ ਜੋ ਭਾਸ਼ਾ ਦੇ ਰੇਖਾਤਮਕ (linear) ਸੁਭਾ ਉੱਤੇ ਆਧਾਰਿਤ ਹੁੰਦੇ ਹਨ ਕਿਉਂਕਿ ਇਹ ਆਪਸ ਵਿਚ ਸੰਗਲੀਬੱਧ ਹੁੰਦੇ ਹਨ। ਇਹ ਸੰਬੰਧ ਸਿੰਟੈਗਮੈਟਿਕ ਹਨ ਪਰ ਦੂਜੇ ਸੰਬੰਧ ਪੈਰਾਡਿਗਮੈਟਿਕ ਹੁੰਦੇ ਹਨ। ਪ੍ਰਵਚਨ ਤੋਂ ਬਾਹਰ ਸ਼ਬਦਾਂ ਦੇ ਸੰਬੰਧ ਵੱਖਰੀ ਕਿਸਮ ਦੇ ਹੁੰਦੇ ਹਨ। ਸਾਝੇ ਸੰਬੰਧਾਂ ਵਾਲੇ ਸ਼ਬਦ ਸਾਡੀ ਸਿਮ੍ਰਿਤੀ ਵਿਚ ਮੌਜੂਦ ਰਹਿੰਦੇ ਹਨ, ਫਲਸਰੂਪ ਉਨ੍ਹਾਂ ਸ਼ਬਦਾਂ ਦੀਆਂ ਲੜੀਆ ਵਿਭਿੰਨ ਸੰਬੰਧ ਧਾਰਨ ਕਰਕੇ ਕਾਰਜ ਕਰਦੀਆਂ ਹਨ। ਸੌਸਿਊਰ ਨੇ ਲਿਖਿਆ ਹੈ ਕਿ : "The syntagmatic relation is in *presentia* ... against this the associative (*paradigmatic*) relation unites terms in absentia". ਅਰਥਾਤ ਸਿੰਟੈਗਮੈਟਿਕ ਸੰਬੰਧ ਹਾਜ਼ਰ ਹੁੰਦੇ ਹਨ ਜਦ ਕਿ ਪੈਰਾਡਿਗਮੈਟਿਕ ਸੰਬੰਧ ਗੈਰ-ਹਾਜ਼ਰ ਰਹਿੰਦੇ ਹਨ। ਸੋ ਮਾਨਵੀ ਭਾਸ਼ਾ ਭਾਸ਼ਿਕ ਤੱਤਾਂ ਦੇ ਅੰਤਰ-ਸੰਬੰਧਾਂ ਕਰਕੇ ਹੀ ਅਰਥ-ਪੂਰਣ ਹੁੰਦੀ ਹੈ।

ਇਸ ਤੋਂ ਅੱਗੇ ਦੁਵੱਲੀ ਵਿਰੋਧਤਾ ਦੀ ਲੜੀ ਵਿਚ ਸਿਨਕ੍ਰਾਨਿਕ ਤੇ ਡਾਇਆ-ਕ੍ਰਾਨਿਕ ਦੇ ਜੁੱਟ ਦਾ ਵਰਣਨ ਕੀਤਾ ਜਾਂਦਾ ਹੈ। ਸੌਸਿਊਰ ਨੇ ਇਤਿਹਾਸਿਕ ਅਧਿਐਨ ਦੇ ਟਾਕਰੇ ਵਿਚ ਇਕਾਲਿਕ ਅਧਿਐਨ ਦਾ ਸੰਕਲਪ ਪੇਸ਼ ਕੀਤਾ, ਅਤੇ ਇਤਿਹਾਸਿਕ ਕਿਸਮ

ਨਾਲ ਮਿਲਦੇ-ਜੁਲਦੇ ਸੰਕਲਪ ਨੂੰ ਕਾਲਕ੍ਰਮਿਕ ਦੇ ਅੰਤਰਗਤ ਰਖਿਆ । ਸੌਸਿਊਰ ਡਾਇਆਕ੍ਰਾਨਿਕ ਨੂੰ ਰੱਦ ਨਹੀਂ ਕਰਦਾ ਲੇਕਿਨ ਉਹ ਸਿਨਕ੍ਰਾਨਿਕ ਸਮਕਾਲੀਨ ਪਹੁੰਚ ਤੇ ਵਿਸ਼ੇਸ਼ ਬਲ ਦਿੰਦਾ ਹੈ । ਇਸ ਦੁਵੰਡ ਦੁਆਰਾ ਸੌਸਿਊਰ ਵਸਤੂਵਾਦੀ ਮਦ-ਆਧਾਰਿਤ ਅਧਿਐਨ (item-centered view of language) ਦਾ ਖੰਡਨ ਕਰਕੇ ਸਿਸਟਮੀ ਅਧਿਐਨ ਨੂੰ ਤਰਜੀਹ ਦਿੰਦਾ ਹੈ ।

ਕਾਲਕ੍ਰਮਿਕ ਅਧਿਐਨ ਵਿਕਾਸ-ਮੁਖ, ਗਤੀਸ਼ੀਲ ਤੇ ਇਤਿਹਾਸ-ਮੁਖ ਹੁੰਦਾ ਹੈ ਜਦ ਕਿ ਇਕਾਲਿਕ ਅਧਿਐਨ ਗਤੀ ਹੀਨ, ਸਥੈਤਿਕ (static) ਤੇ ਵਰਣਨਾਤਮਕ ਹੁੰਦਾ ਹੈ । ਇਕਾਲਿਕ ਭਾ. ਵਿ. ਦੇ ਅੰਤਰਗਤ ਕਿਸੇ ਖ਼ਾਸ ਕਾਲ-ਬਿੰਦੂ ਤੇ ਸਥਿਤ ਭਾਸ਼ਾ ਦਾ ਵਰਣਨ ਕੀਤਾ ਜਾਂਦਾ ਹੈ ਪਰ ਕਾਲਕ੍ਰਮਿਕ ਭਾ. ਵਿ. ਸਮੇਂ ਸਮੇਂ ਹੋਣ ਵਾਲੇ ਪਰਿਵਰਤਨਾਂ ਦਾ ਅਧਿਐਨ ਕਰਦਾ ਹੈ । ਇਕਾਲਿਕ ਤੇ ਕਾਲਕ੍ਰਮਿਕ ਦਵੈਤ ਨੂੰ ਸੌਸਿਊਰ ਨੇ ਦੋ ਰੇਖਾਵਾਂ ਦੀ ਸਹਾਇਤਾ ਨਾਲ ਅੰਕਿਤ ਕੀਤਾ ਹੈ :



A-B ਸਮਕਾਲਿਕਤਾ (simultaneity) ਦੀ ਰੇਖਾ ਹੈ ਅਤੇ C-D ਕ੍ਰਮਿਕਤਾ ਦੀ ਰੇਖਾ ਹੈ । ਸੌਸਿਊਰ ਦੀ ਧਾਰਨਾ ਹੈ ਕਿ ਆਮ ਲੋਕਾਂ ਲਈ A-B ਸਮਕਾਲਿਕ ਰੇਖਾ ਹੀ ਅਸਲੀਅਤ ਹੈ, ਬੀਤੇ ਦੀ ਭਾਸ਼ਿਕ ਅਵਸਥਾ ਲਈ ਉਨ੍ਹਾਂ ਅੰਦਰ ਕੋਈ ਖਿੱਚ ਨਹੀਂ । ਕਾਲਕ੍ਰਮਿਕ ਅਧਿਐਨ ਵੀ ਇਕਾਲਿਕ ਅਧਿਐਨ ਤੋਂ ਬਗ਼ੈਰ ਅਸੰਭਵ ਹੈ । ਜੇਕਰ ਇਕ ਨੁਕਤੇ ਤੋਂ ਦੂਜੇ ਨੁਕਤੇ ਤਕ ਭਾਸ਼ਾ ਦਾ ਇਤਿਹਾਸਿਕ ਜਾਂ ਤੁਲਨਾਤਮਕ ਅਧਿਐਨ ਕਰਨਾ ਹੈ ਤਾਂ ਪਹਿਲਾ ਦੋਹਾਂ ਨੁਕਤਿਆਂ (ਕਾਲ-ਬਿੰਦੂਆਂ) ਤੇ ਪ੍ਰਾਪਤ ਭਾਸ਼ਿਕ ਸਥਿਤੀਆਂ ਦਾ ਇਕਾਲਿਕ ਅਧਿਐਨ ਕਰਨਾ ਜ਼ਰੂਰੀ ਹੋਵੇਗਾ ।

David Crystal [1986 : 299] ਨੇ ਸੌਸਿਊਰ ਦੇ ਇਨ੍ਹਾਂ ਭਾਸ਼ਿਕ ਸੰਕਲਪਾਂ ਦਾ ਨਿਚੋੜ ਇਉਂ ਪੇਸ਼ ਕੀਤਾ ਹੈ : ਸਿਨਕ੍ਰਾਨਿਕ ਭਾਸ਼ਾ-ਵਿਗਿਆਨ ਵਿਚ ਭਾਸ਼ਾ ਦਾ ਅਧਿਐਨ ਇਕ ਕਾਲ-ਬਿੰਦੂ ਤੇ ਕੀਤਾ ਜਾਂਦਾ ਹੈ, ਉਸ ਵਿਚ ਭਾਸ਼ਾ ਦੀ ਸਮਕਾਲੀ ਸਥਿਤੀ

ਦਾ ਵਰਣਨ ਹੀ ਹੁੰਦਾ ਹੈ ਅਤੇ ਭਾਸ਼ਿਕ ਸਥਿਤੀ ਵਿਚ ਜੋ ਵੀ ਪਰਿਵਰਤਨ ਹੋ ਰਹੇ ਹੁੰਦੇ ਹਨ ਉਹ ਅਣਗੌਲੇ ਹੀ ਰਹਿਣ ਦਿੱਤੇ ਜਾਂਦੇ ਹਨ। ਸਿਨਕ੍ਰਾਨਿਕ ਦਾ ਭਾਵ ਹੈ ਕਿ ਭਾਸ਼ਾ/ਭਾਸ਼ਾਵਾਂ ਦੀ ਸਮਕਾਲੀ ਸਥਿਤੀ ਦਾ ਵਰਣਨ ਕੀਤਾ ਜਾਵੇ। ਦੂਜੇ ਪਾਸੇ ਡਾਇਆਕ੍ਰਾਨਿਕ ਭਾ. ਵਿ. ਵਿਚ ਭਾਸ਼ਾਵਾਂ ਦਾ ਅਧਿਐਨ ਉਨ੍ਹਾਂ ਦੇ ਇਤਿਹਾਸਿਕ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਕੀਤਾ ਜਾਂਦਾ ਹੈ। ਮਿਸਾਲ ਵਜੋਂ ਪ੍ਰਾਚੀਨ ਤੇ ਮਾਡਰਨ ਅੰਗ੍ਰੇਜ਼ੀ ਦੇ ਦਰਮਿਆਨੀ ਕਾਲਖੰਡ ਵਿਚ ਜੋ ਜੋ ਵੀ ਤਬਦੀਲੀਆਂ ਵਾਪਰੀਆਂ ਹਨ ਉਹ ਧੁਨੀਆਤਮਕ, ਵਿਆਕਰਣਿਕ ਤੇ ਅਰਥਾਤਮਕ ਪੱਧਰਾਂ ਤੋਂ ਵਰਣਨ ਕੀਤੀਆਂ ਜਾ ਸਕਦੀਆਂ ਹਨ। ਡਾਇਆਕ੍ਰਾਨਿਕ ਦੀ ਬਦਲਵੀਂ ਟਰਮ ਹੈ ਇਤਿਹਾਸਿਕ ਭਾਸ਼ਾ-ਵਿਗਿਆਨ। ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਵਿਧੀ ਨਾਲ ਭਾਸ਼ਾ ਦੀ ਜੋ ਸਟੱਡੀ ਹੁੰਦੀ ਹੈ ਉਹ ਵਿਸ਼ੈ-ਵਸਤੂ ਦੇ ਖੇਤਰ ਵਿਚ ਡਾਇਆਕ੍ਰਾਨਿਕ ਭਾ. ਵਿ. ਨਾਲੋਂ ਵੱਖਰੀ ਨਹੀਂ ਹੁੰਦੀ ਹੈ, ਇਤਿਹਾਸਿਕ ਭਾ. ਵਿ. ਵਾਲੀ ਹੀ ਹੁੰਦੀ ਹੈ ਲੇਕਿਨ ਖੋਜ-ਵਿਧੀ ਅਤੇ ਮੰਤਵ ਦੇ ਪੱਖੋਂ ਇਹ ਦੋਵੇਂ ਭਾਸ਼ਾ-ਵਿਗਿਆਨਿਕ ਕਿਸਮਾਂ (diachronic and historical) ਕੁਝ ਫ਼ਰਕ ਰਖਦੀਆਂ ਹਨ।

ਵਰਣਨਾਤਮਕ ਭਾਸ਼ਾ-ਵਿਗਿਆਨ (Descriptive Linguistics)

ਸੋਸਿਊਰ ਦੁਆਰਾ ਸਿਰਜਿਆ ਸਿਨਕ੍ਰਾਨਿਕ ਭਾਸ਼ਾ-ਵਿਗਿਆਨ ਦਾ ਸੰਕਲਪ ਹੀ ਵਰਣਨਾਤਮਕ ਭਾਸ਼ਾ-ਵਿਗਿਆਨ ਦਾ ਸਰੋਤ-ਬਿੰਦੂ ਹੈ। ਇਸ ਦੀ ਪ੍ਰਫੁੱਲਤਾ ਵਿਚ ਅਮਰੀਕਾ ਦੇ ਪ੍ਰਤਿਸ਼ਠਤ ਭਾਸ਼ਾ-ਚਿੰਤਕ Boas, Sapir, ਅਤੇ Bloomfield ਦਾ ਖ਼ਾਸ ਯੋਗਦਾਨ ਹੈ। ਵੀਹਵੀਂ ਸਦੀ ਦੇ ਪਹਿਲੇ ਚਰਣਾਂ ਵਿਚ ਅਮਰੀਕਾ ਅੰਦਰ ਮਾਨਵਿਕ-ਸੰਰਚਨਾਤਮਕ (anthropological-structural) ਅਧਿਐਨ ਲਈ ਵਰਣਨਾਤਮਕ (descriptive) ਸੰਗਿਆ ਆਮ ਤੌਰ ਤੇ ਲਾਗੂ ਕੀਤੀ ਗਈ। ਵਰਣਨਾਤਮਕ ਦੇ ਸਮ-ਤੁੱਲ structural, synchronic ਅਤੇ modern linguistics ਦੀ ਪਰਿਭਾਸ਼ਕ ਪਦਾਵਲੀ ਵੀ ਵਰਤੋਂ ਤੇ ਵਿਵਹਾਰ ਵਿਚ ਲਿਆਈ ਜਾਂਦੀ ਹੈ ਲੇਕਿਨ ਇਨ੍ਹਾਂ ਸੰਕਲਪਾਂ ਵਿਚ ਥੋੜ੍ਹਾ ਥੋੜ੍ਹਾ ਅੰਤਰ ਉਪਲਬਧ ਹੁੰਦਾ ਹੈ।

ਜਿਵੇਂ ਕਿ ਇਸ ਦੇ ਨਾਮ ਤੋਂ ਜ਼ਾਹਰ ਹੁੰਦਾ ਹੈ ਕਿ ਵਰਣਨਾਤਮਕ ਭਾਸ਼ਾ-ਵਿਗਿਆਨ ਕਿਸੇ ਖ਼ਾਸ ਕਾਲ-ਬਿੰਦੂ ਤੇ ਕਿਸੇ ਵਿਸ਼ੇਸ਼ (particular) ਭਾਸ਼ਾ ਜਾਂ ਉਪਭਾਸ਼ਾ ਦੇ ਭਾਸ਼ਿਕ ਤੱਤਾਂ ਦੀ ਪਛਾਣ, ਉਨ੍ਹਾਂ ਦੇ ਆਪਸੀ ਵਿਉਂਤਬੱਧ ਸੰਗਠਨ, ਅਤੇ ਉਨ੍ਹਾਂ ਦੀ ਕਾਰਜੀ ਵਰਤੋਂ-ਵਿਧੀ ਅਤੇ ਉਨ੍ਹਾਂ ਵਿਚੋਂ ਉਭਰਦੇ ਪੈਟਰਨਾਂ ਦਾ ਵਿਵਰਨ ਪੇਸ਼ ਕਰਦਾ ਹੈ। ਇਹ ਪੈਟਰਨ ਵਿਆਪਕ, ਸਿਸਟਮ-ਬੱਧ, ਬਾਹਰਮੁਖ (objective), ਸੁਨਿਸ਼ਚਿਤ ਹੁੰਦੇ ਹਨ। ਵਰਣਨਾਤਮਕ ਭਾ. ਵਿ. ਭਾਸ਼ਕ ਪ੍ਰਬੰਧ ਵਿਚ ਕਾਰਜਸ਼ੀਲ ਵੱਖ ਵੱਖ ਇਕਾਈਆਂ ਦੀ ਤਲਾਸ਼ ਕਰਦਾ ਹੈ ਅਤੇ ਉਨ੍ਹਾਂ ਨੂੰ ਰੂਪ, ਆਂਤਰਿਕ ਸੰਰਚਨਾ, ਸੰਗਠਨ, ਸੰਜੋਜਨ ਅਤੇ ਸਥਾਨ ਤੇ ਕਾਰਜ ਦੇ ਸੰਦਰਭ ਵਿਚ ਸਥਾਪਿਤ ਕਰਦਾ ਹੈ। ਇਸ ਪਰਿਭਾਸ਼ਾ ਤੋਂ ਇਹ ਤੱਥ ਉਭਰਦਾ ਹੈ ਕਿ ਜਿੱਥੇ ਪਰੰਪਰਾਈ ਗ੍ਰਾਮਰ ਪ੍ਰਤਿਮਾਨਕ, normative ਜਾਂ prescriptive ਹੈ, ਉਥੇ ਵਰਣਨਾਤਮਕ ਭਾ. ਵਿ. descriptive ਹੈ। ਵਰਣਨਾਤਮਕ ਭਾ. ਵਿ. ਦਾ ਮਕਸਦ ਇਹ ਨਹੀਂ ਦੱਸਣਾ ਹੈ ਕਿ ਭਾਸ਼ਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਸਗੋਂ ਉਸ ਦਾ ਮੰਤਵ ਭਾਸ਼ਾ ਦੀ ਸਮਕਾਲੀਨ ਸਥਿਤੀ ਨੂੰ ਬਿਆਨ ਕਰਨਾ ਹੁੰਦਾ ਹੈ। ਭਾਸ਼ਾ ਦੀ ਸਮਕਾਲੀਨ ਸਥਿਤੀ ਅਤੇ ਵਿਸ਼ੇਸ਼ ਕਾਲਖੰਡ ਤੇ ਜ਼ੋਰ ਦੇਣ ਕਰਕੇ ਵਰਣਨਾਤਮਕ ਭਾ. ਵਿ. ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਵਿਰੋਧ ਵਿਚ ਖੜ੍ਹਦਾ ਹੈ ਕਿਉਂਕਿ ਇਸ

ਮਗਰਲੇ ਦਾ ਮਕਸਦ ਭਾਸ਼ਾਗਤ ਤਬਦੀਲੀਆਂ ਤੇ ਪਰਿਵਰਤਨਾਂ ਦਾ ਹੀ ਪ੍ਰਦਰਸ਼ਨ ਇਤਿਹਾਸਕਤਾ ਦੇ ਪ੍ਰਸੰਗ ਵਿਚ ਕਰਦਾ ਹੈ। ਪਰ ਡਿਸਕ੍ਰਿਪਟਿਵ ਭਾ. ਵਿ. ਦਾ ਟੀਚਾ ਇਕਾਲਿਕ ਵਿਧੀ ਦੁਆਰਾ (synchronically) ਭਾਸ਼ਾ ਦਾ ਕਿਸੇ ਕਾਲ-ਬਿੰਦੂ ਤੇ ਵਰਣਨ ਤੇ ਵਿਵੇਚਨ ਦੇਣਾ ਹੁੰਦਾ ਹੈ, ਇਹ ਜ਼ਰੂਰੀ ਨਹੀਂ ਕਿ ਇਹ ਕਾਲ-ਬਿੰਦੂ ਵਰਤਮਾਨ ਕਾਲ ਵਿਚ ਹੀ ਹੋਵੇ, ਇਹ ਬਿੰਦੂ ਕਿਸੇ ਵੀ ਸਮੇਂ-ਖੰਡ ਵਿਚ ਹੋ ਸਕਦਾ ਹੈ ਭਾਵੇਂ ਨਿਕਟ-ਵਰਤੀ ਜਾਂ ਦੂਰਵਰਤੀ ਹੋਵੇ, ਉਥੇ ਹੀ ਭਾਸ਼ਾਈ ਪੈਟਰਨ ਦਾ ਵਰਣਨ ਹੋ ਸਕਦਾ ਹੈ। ਅੱਜ ਦੇ ਜ਼ਮਾਨੇ ਵਿਚ ਵਰਣਨਾਤਮਕ ਭਾਸ਼ਾ-ਅਧਿਐਨ ਦੀ ਅਹਿਮੀਅਤ ਦਾ ਉਲੇਖ ਕਰਦਿਆਂ *Leonard R. Palmer*, [1978 : 25] ਨੇ ਲਿਖਿਆ ਹੈ ਕਿ

> *ਵਰਣਨਾਤਮਕ ਭਾਸ਼ਾ-ਵਿਗਿਆਨ ਦੀਆ ਤਕਨੀਕੀ ਵਿਧੀਆਂ ਸਾਡਾ ਪਹਿਲਾ ਸਰੋਕਾਰ ਹੋਣਾ ਚਾਹੀਦਾ ਹੈ, ਅਤੇ ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਜਦ ਅਸੀਂ ਵੇਖਦੇ ਹਾਂ ਕਿ ਮਾਡਰਨ ਭਾਸ਼ਾ-ਵਿਗਿਆਨ ਦਾ ਸਾਰਾ ਜ਼ੋਰ ਭਾਸ਼ਾ ਦੀਆ ਪ੍ਰੈਕਟੀਕਲ ਸਮੱਸਿਆਵਾਂ ਤੇ ਕੇਂਦਰਿਤ ਹੈ ਅਤੇ ਇਸ ਤੋਂ ਅੱਗੇ ਇਹ ਵਿਗਿਆਨ ਭਾਸ਼ਾ ਦੇ ਵਿਸ਼ਲੇਸ਼ਣ ਅਤੇ ਵਰਣਨ ਦੀ ਥਿਊਰੀ ਨੂੰ ਉਸਾਰਨ ਲਈ ਵੀ ਨਿਰੰਤਰ ਜਤਨਸ਼ੀਲ ਹੁੰਦਾ ਹੈ।*

ਗਲੀਸਨ [*Gleason* 1955 : 2] ਦੇ ਅਨੁਸਾਰ ਭਾਸ਼ਾ ਦਾ ਕੇਂਦਰੀ ਤੱਥ ਉਸ ਦੀ ਅੰਦਰੂਨੀ ਬਣਤਰ (ਸੰਰਚਨਾ) ਹੈ। ਅਤੇ ਉਸਨੇ ਫੇਰ ਅੱਗੇ ਕਿਹਾ ਹੈ ਕਿ ਵਰਣਨਾਤਮਕ ਭਾ. ਵਿ. ਇਕ ਅਜਿਹਾ ਭਾਸ਼ਾ-ਅਨੁਸ਼ਾਸਨ ਹੈ ਜਿਹੜਾ ਕਿ ਅੰਦਰੂਨੀ ਸੰਰਚਨਾ ਦੇ ਸੰਦਰਭ ਵਿਚ ਭਾਸ਼ਾ ਦਾ ਵਿਸ਼ਲੇਸ਼ਣ ਕਰਦਾ ਹੈ। ਇਸੇ ਤਰ੍ਹਾਂ Hockett [1970 : 303] ਦਾ ਵਿਚਾਰ ਹੈ ਕਿ ਭਾਸ਼ਾ ਦੇ ਬੀਤੇ ਹੋਏ ਇਤਿਹਾਸ ਅਤੇ ਉਸ ਦੀ ਭਵਿਖਮੁਖੀ ਗਤੀਸ਼ੀਲਤਾ ਦੋਹਾਂ ਨੂੰ ਤਿਆਗ ਕੇ ਜਿਹੜਾ ਭਾਸ਼ਾ-ਵਿਗਿਆਨ ਇਹ ਸਟੱਡੀ ਕਰਦਾ ਹੈ ਕਿ ਕੋਈ ਭਾਸ਼ਾ ਇਕ ਖਾਸ ਨੁਕਤੇ ਤੇ ਕਿਵੇਂ ਕਾਰਜ (function) ਕਰਦੀ ਹੈ ਅਤੇ ਉਸ ਦੀ ਕਿਸ ਤਰ੍ਹਾਂ ਦੀ ਬਣਤਰ ਹੈ ਉਸ ਨੂੰ descriptive ਭਾਸ਼ਾ-ਵਿਗਿਆਨ ਕਿਹਾ ਜਾਂਦਾ ਹੈ ਅਤੇ ਉਸ ਨੂੰ ਸਿਨਕ੍ਰਾਨਿਕ ਵੀ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਆਂਤਰਿਕ ਸੰਰਚਨਾ (internal structure) ਵਰਣਨਾਤਮਕ ਭਾ. ਵਿ. ਦਾ ਕੇਂਦਰੀ ਬਿੰਦੂ ਹੈ ਅਤੇ ਆਤਰਿਕ ਸੰਰਚਨਾ ਦੇ ਨਜ਼ਰੀਏ ਤੋਂ ਭਾਸ਼ਾ ਦੀ ਵਿਉਂਤਬੰਦੀ ਬਾਰੇ ਵਿਗਿਆਨਿਕ ਜਾਣਕਾਰੀ ਹਾਸਲ ਕਰਨਾ ਹੀ ਭਾਸ਼ਾ-ਵਿਗਿਆਨ ਦੀ ਮੰਜ਼ਿਲ ਹੈ।

ਜਾੱਨ ਲਿਓਨਜ਼ [1971 : 53] ਨੇ ਲਿਖਿਆ ਹੈ ਕਿ ਭਾਸ਼ਾ ਦੋ ਤਲਾਂ (planes) ਤੇ ਕਾਰਜਸ਼ੀਲ ਹੁੰਦੀ ਹੈ, ਇਕ ਤਲ ਹੈ ਅਭਿਵਿਅਕਤੀ ਜਾਂ ਪ੍ਰਗਟਾਉ (expression), ਅਤੇ ਦੂਜਾ ਤਲ ਹੈ ਵਸਤੂ (contents) ਜਿਸ ਵਿਚ ਮਨੋਭਾਵ, ਵਿਚਾਰ, ਸਮਾਜਿਕ ਸਥਿਤੀਆਂ ਅਤੇ ਅਰਥ-ਤੱਤ ਸੰਮਿਲਤ ਹੁੰਦੇ ਹਨ। ਭਾਸ਼ਾ ਦੇ ਅਭਿਵਿਅਕਤੀ ਤਲ (expression level) ਦਾ ਵਰਣਨ ਅਗੋਂ ਦੋ ਲੈਵਲ ਤੇ ਕੀਤਾ ਜਾ ਸਕਦਾ ਹੈ, ਇਕ ਲੈਵਲ ਹੈ ਧੁਨੀਆ ਦਾ ਅਤੇ ਦੂਜਾ ਲੈਵਲ ਹੈ ਸ਼ਬਦਾਂ ਦਾ। ਕਿਸੇ ਵਿਸ਼ੇਸ਼ ਭਾਸ਼ਾ ਦੀਆਂ ਧੁਨੀਆਂ ਦਾ ਵਰਣਨ phonology (ਧੁਨੀਮ-ਵਿਗਿਆਨ) ਦੇ ਅੰਤਰਗਤ ਕੀਤਾ ਜਾਂਦਾ ਹੈ ਅਤੇ ਸ਼ਬਦਾਂ ਦਾ ਸੰਗਠਨ ਅਤੇ ਉਨ੍ਹਾਂ ਸ਼ਬਦਾਂ ਦਾ ਵਾਕੰਸ਼ਾਂ, ਉਪਵਾਕਾਂ, ਅਤੇ ਵਾਕਾ ਆਦਿ ਦਾ ਵਾਕਾਤਮਕ ਯੂਨਿਟਾਂ ਵਿਚ ਸ਼੍ਰੇਣੀਕਰਣ "ਵਿਆਕਰਣ" ਦੇ ਅਧੀਨ ਰਖਿਆ ਜਾਂਦਾ ਹੈ। ਇਸ ਦੇ ਨਾਲ ਹੀ ਵਸਤੂ ਜਾ ਅਰਥਾਤਮਕ ਲੈਵਲ ਹੈ ਜਿਸ ਦਾ ਅਧਿਐਨ semantics ਦੇ ਅੰਤਰਗਤ

ਵਿਚਾਰਿਆ ਜਾਂਦਾ ਹੈ । ਅਭਿਵਿਅਕਤੀ ਤੇ ਵਸਤੂ ਦਾ ਬਿਉਰਾ ਇਕ ਤਾਲਿਕਾ ਵਿਚ ਪੇਸ਼ ਕੀਤਾ ਜਾਂਦਾ ਹੈ :

ਭਾਸ਼ਾ

- ਅਭਿਵਿਅਕਤੀ (expression)
  - ਧੁਨੀਆਂ : phonology
  - ਸ਼ਬਦ : grammar
    - ਰੂਪਮੀ-ਵਿਉਂਤ : morphology
    - ਵਾਕ-ਵਿਉਂਤ : syntax
- ਵਸਤੂ (content)

ਫੋਨਾਲੋਜੀ ਵਿਚ ਕਿਸੇ ਭਾਸ਼ਾ ਦੇ ਫੋਨੀਮ-ਸਮੂਹ ਦੀ ਪਛਾਣ, ਸੰਰਚਨਾ, ਸਥਾਪਤੀ ਤੇ ਤਰਤੀਬ (sequence) ਦਾ ਅਧਿਐਨ ਕੀਤਾ ਜਾਂਦਾ ਹੈ । ਵਿਆਕਰਣ (ਮਾਰਫਾਲੋਜੀ ਤੇ ਵਾਕ-ਵਿਉਂਤ) ਵਿਚ ਮਾਰਫੀਮ ਦੇ ਸੰਕਲਪ ਦਾ ਪਰਿਚੈ, ਪਛਾਣ, ਅਤੇ ਸਥਾਪਤੀ ਅਤੇ ਫੇਰ ਉਨ੍ਹਾਂ ਦੇ ਸੰਯੋਜਨ ਦੀ ਚਰਚਾ ਕੀਤੀ ਜਾਂਦੀ ਹੈ ।

ਭਾਸ਼ਾ ਦੇ ਅਭਿਵਿਅਕਤੀ ਤਲ ਦੀ ਬੁਨਿਆਦੀ ਇਕਾਈ ਧੁਨੀਮ (ਫੋਨੀਮ : phoneme) ਹਨ । ਧੁਨੀਮ ਕਿਸੇ ਭਾਸ਼ਾ ਦੀਆਂ ਲਘੂਤਮ, ਨਿਖੇੜੂ (minimal, distinctive) ਇਕਾਈਆਂ ਹਨ ਜੋ ਭਾਵੇਂ ਅਰਥ-ਪੂਰਨ ਨਹੀਂ ਹਨ ਲੇਕਿਨ ਅਰਥ-ਭੇਦਕ ਸਕਤੀ ਰਖਦੀਆਂ ਹਨ । ਇਹ ਧੁਨੀਮ/ਫੋਨੀਮ ਕਿਸੇ ਵਿਸ਼ੇਸ਼ ਭਾਸ਼ਾ ਦੇ ਧੁਨੀ-ਸਿਸਟਮ ਵਿਚ ਆਪਸੀ ਮੇਲ ਤੇ ਵਿਰੋਧ ਵਿਚ ਸਥਿਤ ਰਹਿੰਦੇ ਹਨ ਅਤੇ ਇਹ ਹਮੇਸ਼ਾ ਮੌਖਿਕ/ਉਚਰਿਤ ਧੁਨੀਆਂ ਤੇ ਨਿਰਭਰ ਕਰਦੇ ਹਨ, ਲਿਖਤੀ ਚਿੰਨ੍ਹਾਂ ਤੇ ਨਹੀਂ । ਫੋਨੀਮਾਂ ਦੀ ਪਛਾਣ ਤੇ ਸਥਾਪਤੀ minimal pair test ਨਾਲ ਕੀਤੀ ਜਾਂਦੀ ਹੈ ।


ਵਿਆਕਰਣ ਦੇ ਇਕ ਭਾਗ "ਮਾਰਫਾਲੋਜੀ" ਵਿਚ ਵਿਸ਼ੇਸ਼ ਭਾਸ਼ਾ ਦੀਆਂ ਛੋਟੀਆਂ ਤੋਂ ਛੋਟੀਆਂ ਵਿਆਕਰਣਕ ਇਕਾਈਆਂ "ਮਾਰਫੀਮਾਂ" (morphemes) ਦੀ ਪਛਾਣ ਅਤੇ ਫੇਰ ਉਨ੍ਹਾਂ ਦੀ ਰੂਪਕੀ ਤੇ ਕਾਰਜੀ ਵਿਧੀ ਨਾਲ ਸਥਾਪਨਾ ਕੀਤੀ ਜਾਦੀ ਹੈ । ਮਾਰਫੀਮ (ਜਾਂ ਰੂਪੀਮ) ਕਿਸੇ ਖ਼ਾਸ ਭਾਸ਼ਾ ਦੀ ਨਿੱਕੀ ਤੋਂ ਨਿੱਕੀ (ਲਘੂਤਮ) ਅਰਥ-ਪੂਰਨ ਵਿਆਕਰਣਕ ਇਕਾਈ ਹੁੰਦੀ ਹੈ ਜੋ ਸਬਦ (word) ਤੋਂ ਛੋਟੀ ਹੁੰਦੀ ਹੈ ਅਤੇ ਇਸ ਤੋਂ ਛੋਟੀ ਹੋਰ ਕੋਈ ਇਕਾਈ ਸਬਦ/ਵਾਕ ਵਿਚ ਨਹੀਂ ਹੁੰਦੀ । ਮਾਰਫੀਮ/ਰੂਪੀਮ ਦੀ ਵਿਲੱਖਣਤਾ ਇਹ ਹੈ ਕਿ ਇਹ ਇਕ ਜਾਂ ਬਹੁਤੇ ਫੋਨੀਮਾਂ/ਧੁਨੀਮਾਂ ਨਾਲ ਮਿਲਕੇ ਬਣਦਾ ਹੈ, ਪਰ ਮਾਰਫੀਮ ਫੋਨੀਮ ਤੋਂ ਵੱਖਰਾ ਹੁੰਦਾ ਹੈ । ਜਿਥੇ ਫੋਨੀਮ ਦਾ ਕੋਈ ਨਿੱਜੀ ਅਰਥ ਨਹੀਂ ਹੁੰਦਾ ਉਥੇ ਮਾਰਫੀਮ ਦਾ ਹਰ ਹਾਲਤ ਅਰਥ ਜ਼ਰੂਰ ਹੁੰਦਾ ਹੈ । ਭਾਸ਼ਾ ਦੀ ਸੰਰਚਨਾ ਵਿਚ ਧੁਨੀਮ (ਫੋਨੀਮ) ਨਿੱਕੀ ਤੋਂ ਨਿੱਕੀ ਅਰਥ-ਰਹਿਤ ਇਕਾਈ ਹੈ ਪਰ ਮਾਰਫੀਮ (ਰੂਪੀਮ) ਨਿੱਕੀ ਤੋਂ ਨਿੱਕੀ ਅਰਥ-ਯੁਕਤ ਇਕਾਈ ਹੈ ।

ਮਾਰਫੀਮ "ਸ਼ਬਦ" ਨਾਲੋਂ ਵੱਖਰੀ ਹੋਂਦ ਰਖਦਾ ਹੈ ਕਿਉਂਕਿ ਇਕ ਸਬਦ ਵਿਚ ਕਈ ਮਾਰਫੀਮ ਹੋ ਸਕਦੇ ਹਨ । ਮਾਰਫੀਮਾਂ ਦਾ ਸੰਯੋਜਨ ਹੀ ਪਹਿਲਾ ਸਬਦਾਂ ਦੀ ਰਚਨਾ

ਕਰਦਾ ਹੈ । ਫਿਰ ਸ਼ਬਦਾਂ ਦੀ ਤਰਤੀਬ ਤੇ ਤਰਕੀਬ ਨਾਲ ਵਾਕਾਂ ਦੀ ਰਚਨਾ ਹੁੰਦੀ ਹੈ । ਜਾਂ ਇਉਂ ਕਹਿ ਲਵੋ ਕਿ ਮਾਰਫੀਮ ਕਿਸੇ ਸੰਬਧਤ ਭਾਸਾ ਦੀ ਭਾਸ਼ਕ ਸੰਰਚਨਾ ਦੇ ਅਨੁਸਾਰ ਅਗੋਂ ਹੋਰ ਜੁਟਾਂ ਵਿਚ ਜੁੜਦੇ ਹੋਏ ਸਬਦਾਂ, ਵਾਕੰਸ਼ਾਂ (ਫਰੇਜ਼), ਉਪਵਾਕਾਂ (ਕਲਾਜ਼) ਤੇ ਵਾਕਾਂ ਦੀ ਉਸਾਰੀ ਕਰਦੇ ਹਨ । ਰਵਾਇਤੀ ਵਿਆਕਰਣ ਸ਼ਬਦ-ਆਧਾਰਿਤ (word-based) ਸੀ ਪਰ ਆਧੁਨਿਕ ਵਿਆਕਰਣ ਮਾਰਫੀਮ-ਆਧਾਰਿਤ (morpheme-based) ਹੈ । ਇਸ ਲਈ ਮਾਰਫੀਮ ਵਿਆਕਰਣਿਕ ਲੈਵਲ ਤੇ ਅਰਥ-ਪੂਰਨ ਲਘੂਤਮ ਇਕਾਈ ਹੈ, ਇਸ ਤੋਂ ਨਿੱਕੀ ਵਾਕਾਤਮਕ ਲੈਵਲ ਤੇ ਹੋਰ ਕੋਈ ਸਾਰਥਕ ਇਕਾਈ ਨਹੀਂ ਹੈ ।

ਗਲੀਸਨ (1955 : 11) ਨੇ ਲਿਖਿਆ ਹੈ ਕਿ ਬੁਨਿਆਦੀ ਯੂਨਿਟਾਂ ਦੇ ਤੌਰ ਤੇ ਫੋਨੀਮਾਂ ਤੇ ਮਾਰਫੀਮਾਂ ਦੀ ਹੋਂਦ, ਪਛਾਣ, ਸਥਾਪਨਾ ਅਤੇ ਵਰਤੋਂ-ਪ੍ਰਯੋਗ ਕਰਕੇ ਭਾਸ਼ਾ-ਵਿਗਿਆਨੀ ਭਾਸ਼ਾ ਦੇ ਅਭਿਵਿਅਕਤੀ ਪੱਖ ਦੀ ਵਿਆਪਕ ਸਿੱਧਾਂਤਕ ਪ੍ਰਣਾਲੀ ਉਸਾਰਨ ਵਿਚ ਸਫਲ ਹੋਏ ਹਨ ਅਤੇ ਉਹ ਇਸੇ ਤਰ੍ਹਾਂ ਕਿਸੇ ਖ਼ਾਸ ਭਾਸ਼ਾ ਦੇ ਅਭਿਵਿਅਕਤੀ-ਸਿਸਟਮ ਬਾਰੇ ਵਿਸਤ੍ਰਿਤ ਪੈਟਰਨ ਅਤੇ ਵਿਆਪਕ ਨੇਮ-ਨਿਰਧਾਰਨ ਕਰਨ ਵਿਚ ਵੀ ਕਾਮਯਾਬ ਹੋਏ ਹਨ । ਇਸੇ ਨੂੰ ਹੀ descripitive ਭਾਸ਼ਾ-ਵਿਗਿਆਨ ਕਿਹਾ ਜਾਂਦਾ ਹੈ ।

ਵਰਣਨਾਤਮਕ ਭਾ. ਵਿ. ਦੀ ਇਹ ਮਨੌਤ ਹੈ ਕਿ ਹਰ ਭਾਸ਼ਾ ਦਾ ਆਪਣਾ ਇਕ ਸੰਗਠਨ ਹੁੰਦਾ ਹੈ ਜੋ ਆਪਣੇ ਨਵੇਕਲੇ ਵਿਉਂਤਬੱਧ ਪ੍ਰਬੰਧ ਵਿਚ ਬੱਝੀ ਹੋਈ ਹੁੰਦੀ ਹੈ । ਇਸ ਭਾਸ਼ਿਕ ਪ੍ਰਬੰਧ ਵਿਚ ਕਈ ਇਕਾਈਆਂ ਕਾਰਜਸ਼ੀਲ ਹੁੰਦੀਆਂ ਹਨ । ਸਭ ਤੋਂ ਵੱਡੀ ਇਕਾਈ "ਵਾਕ" ਹੈ ਅਤੇ ਸਭ ਤੋਂ ਛੋਟੀ ਇਕਾਈ "ਧੁਨੀ"/ਧੁਨੀਮ ਹੈ । ਇਨ੍ਹਾਂ ਤੋਂ ਇਲਾਵਾ ਰੂਪੀਮ ਤੇ ਅਰਥੀਮ ਵੀ ਦੋ ਹੋਰ ਇਕਾਈਆਂ ਹਨ । ਭਾਸ਼ਾ ਦੀ ਸੰਰਚਨਾ ਵਿਚ ਇਹ ਇਕਾਈਆਂ ਭਿੰਨ ਭਿੰਨ ਪੱਧਰਾਂ ਤੇ ਕਾਰਜ ਕਰਦੀਆਂ ਹਨ । ਧੁਨੀਆਂ/ਧੁਨੀਮ ਜਿੱਥੇ ਨਿਖੇੜੂ ਇਕਾਈਆਂ ਹਨ ਜੋ ਧੁਨੀ-ਪ੍ਰਬੰਧ ਨੂੰ ਵਿਵਸਥਤ ਕਰਦੀਆਂ ਹਨ ਉਥੇ ਰੂਪੀਮ, ਵਾਕ ਤੇ ਅਰਥੀਮ ਸਾਰਥਕ ਇਕਾਈਆਂ ਹਨ ਜੋ ਨਿਖੇੜੂ ਇਕਾਈਆਂ ਤੇ ਆਸ਼ਰਿਤ ਹੋ ਕੇ ਭਾਸ਼ਾ ਦੀ ਸਮੱਗਰ ਸੰਰਚਨਾ ਨੂੰ ਉਸਾਰਦੀਆਂ ਹਨ । ਇਕਾਈਆਂ ਦੀ ਇਸ ਵੰਡ ਨੂੰ ਹੇਠਾਂ ਇਕ ਰੇਖਾ-ਚਿਤਰ ਵਿਚ ਅੰਕਿਤ ਕੀਤਾ ਜਾਂਦਾ ਹੈ :



ਸਥਾਪਿਤ ਪਰੰਪਰਾ ਦੇ ਅਨੁਸਾਰ ਵੱਖ ਵੱਖ ਭਾਸ਼ਿਕ ਇਕਾਈਆਂ ਦੇ ਅੰਕਣ (notation) ਲਈ ਵੱਖ ਵੱਖ ਟਾਈਪ ਵਰਤੇ ਜਾਂਦੇ ਹਨ । ਇਸ ਵਿਧੀ ਨੂੰ ਚਿੰਨ੍ਹੀਕਰਣ (symbolization) ਵੀ ਕਿਹਾ ਜਾਂਦਾ ਹੈ । ਫੋਨੇਟਿਕ ਅੰਕਨ ਲਈ [ ] ਇਹ ਚਿੰਨ੍ਹ ਹੈ, ਫੋਨੈਮਿਕ ਅੰਕਣ ਲਈ ਤਿਰਛੀਆਂ ਲਾਈਨਾਂ // ਹਨ, ਮਾਰਫੀਮਕ ਅੰਕਨ ਲਈ { } ਬ੍ਰੇਸਿਜ਼ ਹਨ । ਇਸ ਤਰ੍ਹਾਂ ਹੋਰ ਵੀ ਅੰਕਣ-ਪ੍ਰਣਾਲੀ ਦੇ ਚਿੰਨ੍ਹ ਹਨ ।

ਵਰਣਨਾਤਮਕ ਅੰਕਣ-ਪ੍ਰਣਾਲੀ ਦੇ ਅਨੁਸਾਰ ਧੁਨੀ (phone) ਨੂੰ ਚੌਰਸ ਬ੍ਰੈਕਟਾਂ

ਵਿਚ ਅੰਕਿਤ ਕੀਤਾ ਜਾਂਦਾ ਹੈ ਜਿਵੇਂ [ਕ] ਅਤੇ ਫੋਨੀਮ (phoneme) ਨੂੰ ਤਿਰਛੀਆਂ ਲਾਈਨਾਂ ਵਿਚ ਜਿਵੇਂ /ਕ/, ਅਤੇ ਮਾਰਫੀਮ (morpheme) ਨੂੰ ਬ੍ਰੇਸਿਜ਼ ਵਿਚ ਜਿਵੇਂ {ਅਣ-}, {ਵਿਆਹ}, {-ਈ-}, {-ਆਂ}.

ਜਿਵੇਂ ਕਿ ਉਪਰ ਬਿਆਨ ਕੀਤਾ ਗਿਆ ਹੈ ਮਾਰਫੀਮ (morphemes) 'ਸ਼ਬਦਾਂ' ਦੀ ਸਿਰਜਨਾ ਵਿਚ ਲਘੂਤਮ ਪ੍ਰਕਾਰਜੀ (functioning) ਇਕਾਈਆਂ ਹਨ। ਮਾਰਫੀਮਾਂ ਨੂੰ ਅਗੋਂ ਹੋਰ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਮਾਰਫੀਮ ਪਹਿਲਾਂ ਦੋ ਤਰ੍ਹਾਂ ਦੇ ਹੁੰਦੇ ਹਨ : ਸੁਤੰਤਰ ਮਾਰਫੀਮ ਤੇ ਬੰਧੇਜੀ ਮਾਰਫੀਮ (free and bound morphemes) । ਸੁਤੰਤਰ ਮਾਰਫੀਮ ਆਮ ਤੌਰ ਤੇ 'ਸ਼ਬਦ' ਹੁੰਦੇ ਹਨ ਅਤੇ ਬੰਧੇਜੀ ਮਾਰਫੀਮ 'ਵਧੇਤਰ=ਅਗੇਤਰ, ਪਿਛੇਤਰ, ਮਧੇਤਰ ' ਹੁੰਦੇ ਹਨ। ਜਿਵੇਂ ਨਿਡਰਤਾ ਵਿਚ ਤਿੰਨ ਮਾਰਫੀਮ ਹਨ ਨਿ, ਡਰ, ਤਾ । ਨਿ ਅਤੇ ਤਾ ਤਰਤੀਬਵਾਰ ਅਗੇਤਰ ਤੇ ਪਿਛੇਤਰ ਹਨ, ਇਹ ਬੰਧੇਜੀ ਮਾਰਫੀਮ ਹਨ ਅਤੇ ਡਰ ਸੁਤੰਤਰ ਮਾਰਫੀਮ ਹੈ।

ਮਾਰਫੀਮਾਂ ਦੀ ਇਕ ਹੋਰ ਵੰਡ ਅਨੁਸਾਰ, ਮਾਰਫੀਮਾਂ ਨੂੰ ਕੋਸ਼ੀ (lexical) ਅਤੇ ਵਿਆਕਰਣਿਕ (grammatical) ਵਰਗਾਂ ਵਿਚ ਨਿਖੇੜਿਆ ਜਾਂਦਾ ਹੈ। ਕੋਸ਼ੀ (lexical item/lexical word) ਅਤੇ ਜਾਂ ਕੋਸ਼ੀ ਮਦ ਉਹ ਸ਼ਬਦ ਹੈ ਜਿਸ ਦੇ ਕੋਸ਼ਗਤ ਅਰਥ ਹੁੰਦੇ ਹਨ ਅਤੇ ਵਿਆਕਰਣਿਕ ਮਦ ਉਹ ਸ਼ਬਦ ਹੈ ਜਿਸ ਦਾ ਇਕੋ ਇਕ ਕਾਰਜ ਜਾਂ ਰੋਲ ਇਹ ਹੈ ਕਿ ਉਹ ਵਾਕ ਵਿਚਲੇ ਸ਼ਬਦਾਂ ਦੇ ਅੰਤਰ-ਸੰਬੰਧਾਂ ਨੂੰ ਸੂਚਿਤ ਕਰਦਾ ਹੈ। ਵਿਆਕਰਣਿਕ ਮਦ ਨੂੰ structural item ਵੀ ਕਿਹਾ ਜਾਂਦਾ ਹੈ।

ਮਾਰਫੀਮਾਂ ਦਾ ਇਕ ਹੋਰ ਵੰਡ-ਨਿਖੇੜਾ ਵੀ ਹੈ। ਕੱਲੇ-ਕਹਿਰੇ ਮਾਰਫੀਮ ਵਾਲੇ ਸ਼ਬਦ ਨੂੰ monomorphemic ਅਤੇ ਬਹੁਤੇ ਮਾਰਫੀਮਾਂ ਵਾਲੇ ਸ਼ਬਦ ਨੂੰ polymorphemic ਕਿਹਾ ਜਾਂਦਾ ਹੈ (ਇਕ-ਰੂਪਮੀ ਤੇ ਬਹੁ-ਰੂਪਮੀ)।

ਜਿਵੇਂ ਕਿ ਉਪਰ ਉਲੇਖ ਕੀਤਾ ਗਿਆ ਹੈ ਕਿ 'ਵਿਆਕਰਣ' ਦੇ ਅੰਤਰਗਤ ਰੂਪ-ਵਿਉਂਤ ਤੇ ਵਾਕ-ਵਿਉਂਤ (morphology & syntax) ਰਖੇ ਜਾਂਦੇ ਹਨ। ਮਾਰਫਾਲੋਜੀ ਦੀ ਅਤਿ ਸੰਖੇਪ ਵਿਆਖਿਆ ਪਹਿਲਾਂ ਕੀਤੀ ਜਾ ਚੁਕੀ ਹੈ। ਹੁਣ ਏਥੇ ਸਿੰਟੈਕਸ ਬਾਰੇ ਚਲਦੇ ਚਲਦੇ ਅਤਿਅੰਤ ਸੰਖੇਪ ਵਿਚ ਕੁਝ ਜਾਣਕਾਰੀ ਪੇਸ਼ ਕਰਦੇ ਹਾਂ। ਜਿਥੇ ਮਾਰਫਾਲੋਜੀ ਸ਼ਬਦਾਂ ਦੀ ਅੰਦਰੂਨੀ ਬਣਤਰ ਦਾ ਅਧਿਐਨ ਹੈ ਉਥੇ ਸਿੰਟੈਕਸ ਉਨ੍ਹਾਂ ਨੇਮਾਂ ਦਾ ਅਧਿਐਨ ਹੈ ਜਿਹੜੇ ਨੇਮ ਇਹ ਨਿਰਧਾਰਿਤ ਕਰਦੇ ਹਨ ਕਿ ਕਿਸੇ ਭਾਸ਼ਾ ਵਿਚ ਵਾਕਾਂ ਦੇ ਨਿਰਮਾਣ ਲਈ ਸ਼ਬਦਾਂ ਦਾ ਸੰਯੋਜਨ (combination) ਕਿਸ ਵਿਧੀ ਤੇ ਤਰਤੀਬ ਨਾਲ ਕੀਤਾ ਜਾਂਦਾ ਹੈ। ਦੂਜੇ ਲਫ਼ਜ਼ਾਂ ਵਿਚ ਵਾਕ-ਸੰਰਚਨਾ ਦੇ ਤੱਤਾਂ ਦੇ ਵਿਚਕਾਰ ਜਿਹੜੇ ਅੰਤਰ-ਸੰਬੰਧ ਸਥਾਪਿਤ ਹੁੰਦੇ ਹਨ ਉਨ੍ਹਾਂ ਦੀ ਸਟੱਡੀ ਕਰਨਾ ਵਾਕ-ਵਿਉਂਤ (ਸਿੰਟੈਕਸ) ਦਾ ਮੰਤਵ ਹੈ। ਇਸ ਦਿਸ਼ਾ ਵਿਚ ਸਿੰਟੈਕਸ, ਮਾਰਫਾਲੋਜੀ ਦੇ ਟਾਕਰੇ ਤੇ ਖੜਦਾ ਹੈ।

'ਵਾਕ' ਭਾਸ਼ਾ ਦੀ ਵੱਡੀ ਤੋਂ ਵੱਡੀ ਕਾਰਜੀ ਇਕਾਈ ਹੈ ਅਤੇ ਵਾਕ-ਵਿਉਂਤ/ਸਿੰਟੈਕਸ 'ਵਾਕ' ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਲਈ ਹੀ ਵਚਨਬੱਧ ਹੈ। ਵਾਕ ਵਿਚ ਕਈ ਵਿਆਕਰਣਿਕ ਇਕਾਈਆਂ ਕਾਰਜਸ਼ੀਲ ਹੁੰਦੀਆਂ ਹਨ। ਜਦ ਅਸੀਂ ਵਾਕ ਦਾ ਖੰਡੀਕਰਣ (segmentation) ਕਰਦੇ ਹਾਂ ਤਾਂ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਾਕ ਦੇ ਯੂਨਿਟ ਸਥਾਪਿਤ ਹੁੰਦੇ ਹਨ। ਵਾਕ ਨੂੰ ਰੂਪ, ਕਾਰਜ ਤੇ ਬਣਤਰ ਦੇ ਆਧਾਰ ਤੇ ਵਿਭਿੰਨ ਯੂਨਿਟਾਂ ਵਿਚ

ਵੰਡਿਆ ਜਾਂਦਾ ਹੈ। ਰਵਾਇਤੀ ਢੰਗ ਨਾਲ ਵਾਕ ਨੂੰ ਪਹਿਲਾ ਉਦੇਸ਼ ਤੇ ਵਿਧੇ (subject and predicate) ਵਿਚ ਵੰਡਿਆ ਜਾਂਦਾ ਹੈ। ਪਰੰਪਰਾ-ਪ੍ਰਾਪਤ ਵਾਕ-ਵਿਸ਼ਲੇਸ਼ਣ ਦੀ ਇਹ ਅਪ੍ਰੋਚ ਅਜੇ ਵੀ ਜਾਰੀ ਹੈ ਭਾਵੇਂ ਇਸ ਦੀ ਪਰਿਭਾਸ਼ਕ ਪਦਾਵਲੀ ਬਦਲ ਦਿਤੀ ਜਾਂਦੀ ਹੈ। ਪਰੰਤੂ ਹੁਣ ਆਮ ਪ੍ਰਚਲਿਤ ਵਿਧੀ ਹੋਰ ਹੈ। ਵਾਕ ਨੂੰ ਕਾਰਜ ਤੇ ਸੰਰਚਨਾ ਦੇ ਪਖੋਂ ਵਿਭਿੰਨ ਖੰਡਾਂ ਜਾ ਅੰਗਾਂ ਜਾ ਇਕਾਈਆ ਵਿਚ ਨਿਖੇੜਿਆ ਜਾਂਦਾ ਹੈ। ਵਾਕਾਤਮਕ ਲੇਵਲ ਤੇ ਇਨ੍ਹਾ ਇਕਾਈਆਂ ਵਿਚ ਉਪਵਾਕ (clause), ਵਾਕੰਸ਼ (phrase) ਅਤੇ ਸ਼ਬਦ (word) ਸਥਾਪਿਤ ਹਨ। ਇਸ ਤੋਂ ਅਗੇ ਰੁਪੀਮ (ਮਾਰਫੀਮ) ਇਕ ਹੋਰ ਇਕਾਈ ਵੀ ਹੈ, ਪਰ ਉਸ ਨੂੰ ਮਾਰਫਾਲੋਜੀ ਦੇ ਅੰਤਰਗਤ ਅਧਿਐਨ ਕੀਤਾ ਜਾਂਦਾ ਹੈ, ਸਿੰਟੈਕਸ ਦੇ ਅੰਤਰਗਤ ਨਹੀਂ। ਵਾਕ-ਵਿਗਿਆਨ ਵਾਕ, ਉਪਵਾਕ, ਵਾਕੰਸ਼ ਤੇ ਸ਼ਬਦ ਸਾਰਿਆਂ ਖੰਡਾ (segments) ਦੀ ਸੰਰਚਨਾ ਤੇ ਕਾਰਜਾਂ ਦੀ ਪਛਾਣ ਕਰਦਾ ਹੈ ਅਤੇ ਇਨ੍ਹਾਂ ਨੂੰ ਪਰਿਭਾਸ਼ਿਤ ਕਰਕੇ ਇਨ੍ਹਾਂ ਦੇ ਆਪਸੀ ਸੰਬੰਧਾਂ ਦੇ ਪੈਟਰਨ ਤੇ ਨੇਮ ਨਿਰਧਾਰਿਤ ਕਰਦਾ ਹੈ।

ਵਾਕ-ਅਧਿਐਨ ਦੇ ਅਧੀਨ ਹੋਰ ਕਈ ਵਾਕਾਤਮਕ ਪਹਿਲੂ ਵੀ ਵਿਚਾਰੇ ਜਾਂਦੇ ਹਨ ਜਿਵੇਂ ਨਿਕਟੀ ਅੰਗ ਵਿਸ਼ਲੇਸ਼ਣ (immediate constituent), ਅੰਤਰ-ਕੇਂਦਰਿਤ ਤੇ ਬਾਹਰ-ਕੇਂਦਰਿਤ ਵਾਕਾਤਮਕ ਸੰਰਚਨਾ (endo-centric and exocentric syntactic construction), ਵਿਆਕਰਣਿਕ ਸ਼ਰੇਣੀਆਂ, ਅਧਿਕਾਰ ਤੇ ਮੇਲ (government and concord), ਆਦਿ।

ਸ਼ਬਦ-ਕ੍ਰਮ (word-order) ਵੀ ਵਾਕ ਵਿਸ਼ਲੇਸ਼ਣ ਦਾ ਜ਼ਰੂਰੀ ਪਹਿਲੂ ਹੈ। ਸ਼ਬਦ-ਕ੍ਰਮ ਜਾਂ ਵਾਕ ਵਿਚ ਸ਼ਬਦਾਂ ਦੀ ਤਰਤੀਬ ਵੱਖ ਵੱਖ ਭਾਸ਼ਾਵਾਂ ਵਿਚ ਵੱਖ ਵੱਖ ਹੁੰਦੀ ਹੈ। ਸਥਾਨ-ਮੁਖ ਬਣਤਰ ਵਾਲੀਆਂ ਵਿਜੋਗਾਤਮਕ ਭਾਸ਼ਾਵਾ ਵਿਚ ਸਥਾਨਗਤ ਕ੍ਰਮ ਨਿਸ਼ਚਿਤ ਹੁੰਦਾ ਹੈ। ਪੰਜਾਬੀ ਵਿਚ ਕਰਤਾ-ਕਰਮ-ਕ੍ਰਿਆ ਦੀ ਤਰਤੀਬ ਹੈ, ਭਾਵੇਂ ਕਈ ਵਾਰ ਅਦਲਾ-ਬਦਲੀ ਹੋ ਸਕਦੀ ਹੈ। ਇਸ ਤਰਤੀਬ/ਕ੍ਰਮ ਨੂੰ s o v (subject + object + verb) ਦੁਆਰਾ ਚਿੰਨ੍ਹਿਤ ਕੀਤਾ ਜਾਂਦਾ ਹੈ। ਅੰਗ੍ਰੇਜ਼ੀ ਭਾਸ਼ਾ ਵਿਚ s v o ਕ੍ਰਮ ਹੈ। ਪਰ ਸੰਜੋਗਾਤਮਕ ਭਾਸ਼ਾਵਾ ਵਿਚ ਸੰਬੰਧ-ਮੁਖ ਬਣਤਰ ਹੈ, ਉਥੇ ਸਥਾਨ-ਕ੍ਰਮ ਦੀ ਮਹੱਤਤਾ ਨਹੀਂ ਹੈ, ਉਥੇ ਸੰਬੰਧ-ਮੁਖ ਤਰਤੀਬ ਹੁੰਦੀ ਹੈ, ਕਿਉਂਕਿ ਉਥੇ ਵਿਭਕਤੀ-ਸਿਸਟਮ ਹੁੰਦਾ ਹੈ। ਸੰਸਕ੍ਰਿਤ, ਗ੍ਰੀਕ, ਲੈਟਿਨ, ਵਿਭਕਤੀ ਸਿਸਟਮ ਵਾਲੀਆਂ ਪ੍ਰਾਚੀਨ ਭਾਸ਼ਾਵਾਂ ਹਨ।

ਇਸ ਤਰ੍ਹਾਂ descriptive ਭਾਸ਼ਾ-ਵਿਗਿਆਨ ਵਿਚ ਭਾਸਾ ਦੇ ਅਭਿਵਿਅਕਤੀ-ਤਲ (expression plane) ਦਾ ਜੋ ਉੱਪਰ ਉਲੇਖ ਕੀਤਾ ਹੈ ਉਸ ਦੀ ਏਥੋਂ ਤਕ ਵਿਆਖਿਆ ਹਾਜ਼ਰ ਕੀਤੀ ਗਈ ਹੈ। ਹੁਣ ਭਾਸ਼ਾ ਦੇ ਵਸਤੂ ਤਲ (content plane) ਬਾਰੇ ਕੁਝ ਟਿੱਪਣੀਆ ਪੇਸ਼ ਕੀਤੀਆਂ ਜਾਂਦੀਆਂ ਹਨ। ਇਹ ਤੱਥ ਸਰਵ-ਵਿਦਤ ਹੈ ਕਿ ਵਰਣਨਾਤਮਕ ਭਾਸ਼ਾ-ਵਿਗਿਆਨ ਅਰਥਗਤ ਪਹਿਲੂ ਨੂੰ ਕੋਈ ਵਿਸ਼ੇਸ਼ ਅਹਿਮੀਅਤ ਪ੍ਰਦਾਨ ਨਹੀਂ ਕਰਦਾ। ਬਤੌਰ ਸਾਇੰਸ ਅਰਥਾਤਮਕ ਤਲ ਦਾ ਦਰਜਾ ਪ੍ਰਮਾਣਿਕ ਨਹੀਂ ਮੰਨਿਆ ਜਾਂਦਾ। ਇਹ ਤੱਥ ਭਾਸ਼ਾ-ਵਿਗਿਆਨੀਆ ਲਈ ਨਿਰਾਸ਼ਾ ਤੇ ਵਿਸ਼ਾਦ ਦਾ ਕਾਰਨ ਬਣਿਆ ਹੋਇਆ ਹੈ। ਵਰਣਨਾਤਮਕ ਪ੍ਰਣਾਲੀ ਦੀ ਇਹ ਸਭ ਤੋਂ ਵੱਡੀ ਕਮੀ ਹੈ ਕਿ ਅਭਿਵਿਅਕਤੀ ਤੇ ਅਰਥਗਤ-ਵਸਤੂ ਦੇ ਦਰਮਿਆਨ ਭਾਸ਼ਾਈ ਸੰਬੰਧਾਂ ਦੀ ਜਾਣਕਾਰੀ ਉਪਲਬਧ ਨਹੀਂ ਹੋ ਸਕੀ ਹੈ। ਗਲੀਸਨ [1955 : 12-13] ਨੇ ਇਸ ਦੇ ਤਿੰਨ ਕਾਰਨ ਦੱਸੇ ਹਨ :

(1) ਭਾਸ਼ਾ-ਵਿਗਿਆਨੀਆ ਦਾ ਖਾਸ ਧਿਆਨ ਅਭਿਵਿਅਕਤੀ-ਪੱਖ ਤੇ ਕੇਂਦਰਿਤ ਰਿਹਾ ਹੈ ਅਤੇ ਅਰਥ-ਪੱਖ ਅਣਗੌਲਿਆ ਹੀ ਰਿਹਾ ਹੈ।

(2) ਅਰਥ-ਪੱਖ ਤਕ ਪਹੁੰਚ ਅਭਿਵਿਅਕਤੀ ਦੇ ਮਾਧਿਅਮ ਰਾਹੀਂ ਹੋ ਸਕਦੀ ਹੈ ਜੋ ਕਿ ਅਨੁਮਾਨ ਤੇ ਆਧਾਰਿਤ ਹੈ। ਅਤੇ ਵਿਗਿਆਨਿਕ ਅਨੁਸੰਧਾਨ ਵਿਚ ਅਨੁਮਾਨ ਦਾ ਕੋਈ ਮਹੱਤਵ ਨਹੀਂ ਹੈ।

(3) ਅਰਥਗਤ ਸੰਰਚਨਾ ਦਾ ਵਿਸ਼ੈ-ਖੇਤਰ ਸਮੁੱਚਾ ਮਾਨਵੀ-ਅਨੁਭਵ-ਜਗਤ ਹੈ, ਇਸ ਲਈ ਅਨੁਭਵ ਦੀ ਢੇਰਾ ਦੀ ਢੇਰ ਸਾਮੱਗਰੀ ਨੂੰ ਕੋਈ ਇਕ ਵਿਗਿਆਨ ਨਜਿੱਠ ਨਹੀਂ ਸਕਦਾ।

ਪਰ ਅਸਲੀਅਤ ਇਹ ਹੈ ਕਿ ਭਾਸ਼ਾਗਤ ਅਧਿਐਨ ਦੇ ਖੇਤਰ ਵਿਚ ਅਰਥਗਤ ਸੰਰਚਨਾ ਦਾ ਪਹਿਲੂ ਉਨੇ ਹੀ ਅਹਿਮ ਹੈ ਜਿੰਨਾ ਕਿ ਅਭਿਵਿਅਕਤੀ ਪਹਿਲੂ। ਡਾ. ਐਸ. ਐਸ. ਜੋਸ਼ੀ ਦੇ ਅਨੁਸਾਰ ਲੰਡਨ ਭਾਸ਼ਾ-ਅਧਿਐਨ ਸਕੂਲ ਦੀ 'ਅਰਥ' ਪ੍ਰਤੀ ਪਹੁੰਚ-ਵਿਧੀ ਅਮਰੀਕਨ ਵਿਧੀ ਤੋਂ ਹਟਵੀਂ ਹੈ।

ਡਾ. ਜੋਸ਼ੀ (*ਭਾਸ਼ਾ-ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ, ਪੰਨਾ* 63) ਨੇ ਲਿਖਿਆ ਹੈ ਕਿ "ਲੰਡਨ ਸਕੂਲ ਦੇ ਪ੍ਰੋ. ਜੇ. ਆਰ. ਫਰਥ ਨੇ ਪੂਰੇ ਜ਼ੋਰ ਨਾਲ ਇਹ ਸਥਾਪਨਾ ਕੀਤੀ ਕਿ ਭਾਸ਼ਾ ਦਾ ਸਮੁੱਚਾ ਅਧਿਐਨ ਅਰਥ ਦਾ ਹੀ ਅਧਿਐਨ ਹੈ। ਵਿਸ਼ਲੇਸ਼ਣ ਦੇ ਹਰ ਪੱਧਰ ਤੇ ਜੋ ਬਿਆਨ ਦਿੱਤੇ ਜਾਂਦੇ ਹਨ, ਉਹ ਅਰਥ ਦੇ ਅਧਿਐਨ ਨਾਲ ਹੀ ਜੁੜੇ ਹੋਏ ਹਨ"। ਸੋ ਹਕੀਕਤ ਇਹ ਹੈ ਕਿ ਅੱਜ ਅਰਥਗਤ ਅਧਿਐਨ ਭਾਸ਼ਾ-ਵਿਗਿਆਨੀਆਂ ਲਈ ਕੇਂਦਰ-ਬਿੰਦੂ ਬਣਦਾ ਜਾ ਰਿਹਾ ਹੈ, ਉਮੀਦ ਹੈ ਅਰਥ-ਵਿਸ਼ਲੇਸ਼ਣ ਦਾ ਤਸੱਲੀ ਬਖ਼ਸ਼ ਅਧਿਐਨ ਛੇਤੀ ਸੰਭਵ ਹੋ ਸਕੇਗਾ।

ਸੰਰਚਨਾਤਮਕ ਭਾਸ਼ਾ-ਵਿਗਿਆਨ (Structural Linguistics)

ਮਾਡਰਨ ਭਾਸ਼ਾ-ਵਿਗਿਆਨ ਦਾ ਸਭ ਤੋਂ ਵੱਧ ਪਛਾਣਕਾਰੀ ਲੱਛਣ ਜੋ ਹੋਰਨਾਂ ਵਿਗਿਆਨਾਂ ਨਾਲ ਵੀ ਸਾਂਝਾ ਹੈ, ਉਹ ਹੈ ਸੰਰਚਨਾਵਾਦ (structuralism)। ਮਾਡਰਨ ਭਾਸ਼ਾ-ਵਿਗਿਆਨ ਦਾ ਆਦਰਸ਼ਕ ਵਿਗਿਆਨਕ ਰੂਪ ਸੰਰਚਨਾਤਮਕ ਭਾਸ਼ਾ-ਵਿਗਿਆਨ ਹੈ। ਸੋ ਸੰਰਚਨਾਵਾਦ, ਸਟਰਕਚਰਲ ਭਾ. ਵਿ. ਦਾ ਕੇਂਦਰੀ ਧੁਰਾ ਹੈ। ਫਰਦੀਨਾਂ ਦ ਸੋਸਿਊਰ ਦੀ ਮ੍ਰਿਤੂ ਉਪਰੰਤ ਛਪੀ ਪੁਸਤਕ ਦੇ ਪ੍ਰਕਾਸ਼ਨ ਨਾਲ ਹੀ ਸੰਰਚਨਾਵਾਦ ਦਾ ਸੰਕਲਪ ਉਭਰਦਾ ਹੈ। ਸੋਸਿਊਰ ਨੇ ਜਿਹੜੇ ਸਿਨਕ੍ਰਾਨਿਕ ਤੇ ਡਾਇਆਕ੍ਰਾਨਿਕ ਦੋ ਸੰਕਲਪਾਂ ਦੀ ਦਵੈਤ ਪੇਸ਼ ਕੀਤੀ ਉਨ੍ਹਾਂ ਵਿਚੋਂ ਸਿਨਕ੍ਰਾਨਿਕ (ਇਕਾਲਿਕ) ਦਾ ਕੇਂਦਰੀ ਨੁਕਤਾ ਸੰਰਚਨਾਤਮਕ ਹੀ ਹੈ। ਕਿਸੇ ਭਾਸ਼ਾ ਦੀਆਂ ਖ਼ਾਸ ਭਾਸ਼ਿਕ ਮਦਾਂ, ਰੂਪਾਂ ਤੇ ਅਰਥਾਂ ਦੇ ਇਤਿਹਾਸਿਕ ਵਿਕਾਸ ਦੀ ਖੋਜ ਕਰਨ ਦੀ ਬਜਾਇ ਸਿਨਕ੍ਰਾਨਿਕ ਵਿਧੀ ਇਸ ਦਿਸ਼ਾ ਵੱਲ ਗਤੀਸ਼ੀਲ ਹੁੰਦੀ ਹੈ ਕਿ ਕਿਸੇ ਖ਼ਾਸ ਭਾਸ਼ਾ ਦੇ ਸਿਸਟਮ ਵਿਚ, ਕਿਸੇ ਖ਼ਾਸ ਕਾਲ-ਬਿੰਦੂ ਤੇ ਸਾਰੇ ਭਾਸ਼ਿਕ ਰੂਪ, ਅੰਗ ਤੇ ਅਰਥ ਆਪਸ ਵਿਚ ਕਿਵੇਂ ਅੰਤਰ-ਸੰਬੰਧਿਤ ਹੁੰਦੇ ਹਨ। ਭਾਸ਼ਾ ਨੂੰ "ਸੰਬੰਧਾਂ ਦਾ ਇਕ ਸਿਸਟਮ" ਜਾਂ "ਅੰਤਰ-ਸੰਬੰਧਿਤ ਸਿਸਟਮਾਂ ਦਾ ਇਕ ਸੈੱਟ" ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਭਾਸ਼ਾ ਦੇ ਧੁਨੀ, ਮਾਰਫੀਮ, ਸ਼ਬਦ, ਵਾਕ ਆਦਿ ਜਿੰਨੇ ਵੀ ਰਚਨਾ-ਤੱਤ ਅੰਗ ਹਨ ਉਹ ਸਾਰੇ ਆਪਸੀ ਬਰਾਬਰੀ ਜਾਂ ਟਾਕਰੇ ਦੇ ਸੰਬੰਧਾਂ ਤੇ ਹੀ ਪ੍ਰਮਾਣਿਕ ਹੋਂਦ ਧਾਰਨ ਕਰਦੇ ਹਨ John Lyons, [1971 : 50]।

ਜੋ ਭਾਸ਼ਿਕ ਸਿਸਟਮ ਹੀ ਭਾਸ਼ਿਕ ਸੰਰਚਨਾ (ਸਟ੍ਰਕਚਰ) ਹੈ, ਕਿਉਂਕਿ ਆਂਤਰਿਕ ਸਟ੍ਰਕਚਰ ਦੇ ਸੰਦਰਭ ਵਿਚ ਹੀ ਭਾਸ਼ਾ ਦਾ ਵਿਸ਼ਲੇਸ਼ਣ ਸੰਭਵ ਹੈ । ਸੰਰਚਨਾਤਮਕ ਵਿਸ਼ਲੇਸ਼ਣ-ਪ੍ਰਣਾਲੀ ਤੋਂ ਹੀ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਭਾਸ਼ਾ ਦੇ ਸਾਰੇ ਰਚਨਾਤਮਕ/ਵਿਧਾਇਕ ਅੰਗ ਪਰਸਪਰ ਕਿਵੇਂ ਫਿਟ ਹੁੰਦੇ ਹਨ ਅਤੇ ਉਨ੍ਹਾਂ ਦਾ ਸੰਜੋਜਨ (combination) ਸਮੁੱਚੀ ਭਾਸ਼ਿਕ ਬਣਤਰ ਨੂੰ ਉਸਾਰਨ ਵਿਚ ਕਿਵੇਂ ਕਾਰਜਸ਼ੀਲ ਹੁੰਦਾ ਹੈ । ਇਸ ਲਈ ਵੱਖ ਵੱਖ ਰਚਨਾਤਮਕ ਅੰਗਾਂ (constituents) ਦੀ ਹੋਂਦ ਨੂੰ ਮੰਨਦੇ ਹੋਏ ਵੀ ਉਨ੍ਹਾਂ ਵਿਚ ਆਪਸੀ ਸੰਬੰਧਾਂ ਦੀ ਵਿਵਸਥਾ ਦੀ ਪਹਿਚਾਣ ਕੀਤੀ ਜਾਂਦੀ ਹੈ ਅਤੇ ਇਉਂ ਸੰਬੰਧ-ਸਥਾਪਨਾ ਨਾਲ ਭਾਸ਼ਾ ਦਾ ਸਪਸ਼ਟੀਕਰਨ ਸੰਭਵ ਹੋ ਸਕਦਾ ਹੈ ।

ਇਸ ਸਾਰੀ ਚਰਚਾ ਦਾ ਨਿਚੋੜ ਇਹ ਨਿਕਲਦਾ ਹੈ ਕਿ ਸੰਰਚਨਾਤਮਕ ਅਪ੍ਰੋਚ ਇਸ ਗਲ ਤੇ ਬਲ ਦਿੰਦੀ ਹੈ ਕਿ ਭਾਸ਼ਾ ਦੇ 'ਕੱਲੇ' ਕੱਲੇ ਅੰਗਾਂ ਜਾਂ ਮਦਾਂ ਨੂੰ ਇਕਹਿਰੇ ਤੌਰ ਤੇ ਵਿਸ਼ਲੇਸ਼ਿਤ ਕਰਨ ਨਾਲੋਂ ਇਨ੍ਹਾਂ (ਅੰਗਾਂ/ਮਦਾਂ) ਦਾ ਸੰਮਿਲਤ ਤੇ ਸਮੁੱਚੇ ਤੌਰ ਤੇ ਵਿਸ਼ਲੇਸ਼ਣ ਕਰਨਾ ਹੀ ਜ਼ਰੂਰੀ ਹੈ ਕਿਉਂਕਿ ਇਹ ਸਾਰੇ ਅੰਗ ਜਾਂ ਯੂਨਿਟ ਇਕ ਦੂਜੇ ਨਾਲ ਆਪਸੀ ਨਿਕਟੀ ਰਿਸ਼ਤਿਆਂ ਵਿਚ ਬੱਝੇ ਹੋਏ ਹਨ । ਇਸ ਸਿਲਸਿਲੇ ਵਿਚ ਭਾਸ਼ਾ ਬਾਰੇ ਇਹ ਕਥਨ ਕਿ "ਭਾਸ਼ਾ ਸੰਬੰਧਾਂ ਦਾ ਇਕ ਸਿਸਟਮ ਹੈ," ਉਪਰੋਕਤ ਚਰਚਾ ਦੀ ਰੌਸ਼ਨੀ ਵਿਚ ਸਹੀ ਉਤਰਦਾ ਹੈ ।

ਇਸ ਸੰਦਰਭ ਵਿਚ ਅਮਰੀਕਨ ਸਕੂਲ ਦੇ ਸਟ੍ਰਕਚਰ-ਵਾਦੀ ਵਿਦਵਾਨ ਬਲੂਮਫੀਲਡ (Bloomfield) ਦਾ ਯੋਗਦਾਨ ਵੀ ਕਾਬਲੇ-ਜ਼ਿਕਰ ਹੈ । ਇਸ ਵਿਚ ਬਲੂਮਫੀਲਡ ਦੇ ਪੂਰਵਕਾਲੀ ਤੇ ਸਮਕਾਲੀ ਭਾਸ਼ਾ-ਚਿੰਤਕਾਂ ਨੇ ਖ਼ਾਸ ਕਰਕੇ *Boas* ਤੇ *Sapir* ਨੇ ਜੋ ਰੋਲ ਅਦਾ ਕੀਤਾ ਹੈ ਉਹ ਵੀ ਸੰਰਚਨੀ ਦ੍ਰਿਸ਼ਟੀ-ਬਿੰਦੂ ਉਸਾਰਨ ਤੇ ਉਭਾਰਨ ਵਿਚ ਮਹੱਤਵ-ਪੂਰਨ ਹੈ । Frank Palmer [1971 : 107] ਨੇ ਕਿਹਾ ਹੈ ਕਿ ਬਲੂਮਫੀਲਡ ਤੇ ਉਸ ਦੇ ਪੈਰੋਕਾਰਾਂ ਦਾ ਸੰਰਚਨਾ-ਸੰਕਲਪ ਰਵਾਇਤੀ notional ਗ੍ਰਾਮਰ ਦੇ ਬਰਖ਼ਿਲਾਫ਼, ਇਕ ਤਰ੍ਹਾਂ ਦੀ ਪ੍ਰਤਿਕਿਰਿਆ ਹੈ । ਬਲੂਮਫੀਲਡ-ਵਾਦੀ ਵਿਦਵਾਨ ਭਾਸ਼ਾ-ਵਿਗਿਆਨ, ਦੇ ਅਨੁਸ਼ਾਸਨ ਨੂੰ ਸਾਇੰਟੀਫਿਕ ਤੇ empirical ਮਿਜ਼ਾਜ ਅਦਾ ਕਰਨ ਦੇ ਸਮਰਥਕ ਰਹੇ, ਇਸ ਲਈ ਅਰਥਾਤਮਕ ਸੰਦਰਭ (semantics) ਵੱਲ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੈ । ਉਨ੍ਹਾਂ ਦਾ ਆਦਰਸ਼ਕ ਨੁਕਤਾ ਤਾਂ notional ਦੇ ਵਿਰੋਧ ਵਿਚ ਰੂਪਕੀ (formal) ਗ੍ਰਾਮਰ/ਭਾਸ਼ਾ-ਵਿਗਿਆਨ ਦੀ ਸਥਾਪਤੀ ਕਰਨਾ ਹੈ । ਇਸ ਲਈ ਬਲੂਮਫੀਲਡ ਅਤੇ ਉਸ ਦੇ ਉੱਤਰ-ਅਧਿਕਾਰੀਆਂ ਨੇ ਭਾਸ਼ਿਕ ਵਿਸ਼ੇਸ਼ਤਾ ਦੇ ਮੁਤੱਲਕ ਜੋ ਥੀਸਿਸ ਪੇਸ਼ ਕੀਤਾ ਉਸ ਦੇ ਅਨੁਸਾਰ "ਭਾਸ਼ਾ ਸੰਰਚਨਾ ਦੀ ਧਾਰਨੀ ਹੈ" (language has a structure).

ਜਿਵੇਂ ਕਿ ਉਪਰ ਇਸ਼ਾਰਾ ਕੀਤਾ ਹੈ ਕਿ ਸੋਸਿਊਰ ਨੇ ਡਾਇਕ੍ਰਾਨਿਕ (diachronic) ਦੇ ਵਿਰੋਧ ਵਿਚ ਇਕਾਲਿਕ/ਸਿਨਕ੍ਰਾਨਿਕ ਅਧਿਐਨ ਨੂੰ ਤਰਜੀਹ ਦਿੱਤੀ ਕਿਉਂਕਿ ਸਿਨਕ੍ਰਾਨਿਕ ਦਾ ਕੇਂਦਰੀ ਬਿੰਦੂ ਸਟ੍ਰਕਚਰਲ ਹੈ । ਸੋਸਿਊਰ ਦਾ ਸੰਰਚਨਾ-ਸੰਕਲਪ ਭਾਸ਼ਿਕ ਮਦਾਂ ਦੇ ਅੰਤਰ-ਸੰਬੰਧਾਂ ਦਾ relational ਸੰਕਲਪ ਹੈ ਜਦ ਕਿ ਬਲੂਮਫੀਲਡ-ਵਾਦੀਆਂ ਦੀ ਧਾਰਨਾ ਵਿਚ ਸੰਰਚਨਾ-ਸੰਕਲਪ ਰੂਪਕੀ (formal) ਹੈ ਪਰ ਦੋਹਾਂ ਦੀ ਦ੍ਰਿਸ਼ਟੀ ਤੇ ਪਹੁੰਚ ਵਿਹਾਰਿਕ ਖੇਤਰਾਂ ਵਿਚ ਸਦ੍ਰਿਸ਼ ਤੇ ਸਮਾਨਾਂਤਰ ਹੈ । ਫੇਰ ਵੀ ਮੁਕਾਬਲਤਨ ਸੋਸਿਊਰ ਦਾ ਸਟ੍ਰਕਚਰ ਜ਼ਿਆਦਾ ਵਿਆਪਕ ਤੇ ਗਤੀਸ਼ੀਲ ਹੈ ।

ਸ਼ੁਰੂ ਸ਼ੁਰੂ ਵਿਚ 'ਸਟ੍ਰਕਚਰ' ਦਾ ਭਾਵ-ਖੇਤਰ ਗਹਿਰਾ ਤੇ ਵਿਆਪਕ ਨਹੀਂ ਰਿਹਾ। ਇਸ ਦਾ ਇਕ ਸਤਹੀ ਅਰਥ ਹੀ ਜਾਰੀ ਸੀ। 'ਸਟ੍ਰਕਚਰ' ਦੇ ਸੰਕਲਪ ਨੂੰ regularity, pattern ਜਾਂ ਨੇਮ-ਵਿਧਾਨ ਦੇ ਨਾਲ ਹੀ ਮਿਲਦਾ-ਜੁਲਦਾ ਚਿਤਵਿਆ ਜਾਂਦਾ ਰਿਹਾ। ਬਲੂਮਫੀਲਡ ਤੇ ਫ੍ਰਿਜ਼ ਦੇ ਅਨੁਯਾਈਆਂ ਨੇ ਭਾਸ਼ਿਕ ਸਟ੍ਰਕਚਰ ਨੂੰ ਇਕ ਸੁਨਿਸ਼ਚਿਤ ਤੇ ਸੀਮਤ ਢੰਗ ਨਾਲ ਸੰਕਲਪਿਤ ਕਰਨ ਦਾ ਜਤਨ ਕੀਤਾ। ਅਜਿਹੇ ਸੀਮਤ ਦਾਇਰੇ ਵਿਚ ਸਟ੍ਰਕਚਰ ਦੀ ਧਾਰਨਾ ਨੂੰ ਪ੍ਰੈਕਟੀਕਲ/ਵਿਹਾਰਿਕ ਸ਼ਕਲ ਦੇਣ ਲਈ ਉਨ੍ਹਾਂ ਨੇ 'ਫੋਨੀਮ' (phoneme) ਦੀ ਕਾਢ ਕੱਢੀ। ਨਿਰਸੰਦੇਹ ਫੋਨੀਮ ਦੀ ਉਪਲਬਧੀ ਭਾਸ਼ਾ-ਚਿੰਤਨ ਦੇ ਖੇਤਰ ਵਿਚ ਇਕ ਕ੍ਰਾਂਤੀਕਾਰੀ ਘਟਨਾ ਵਜੋਂ ਸਥਾਪਿਤ ਹੋਈ ਹੈ। ਫੋਨੀਮ, ਧੁਨੀ-ਵਿਉਂਤ (phonologyy) ਦਾ ਯੂਨਿਟ ਹੈ ਅਤੇ ਇਸੇ ਤਰ੍ਹਾਂ ਧੁਨੀ-ਵਿਉਂਤ ਤੋਂ ਅਗਲੇਰੇ ਪੱਧਰ ਵਿਆਕਰਣ ਜਾਂ ਮਾਰਫਾਲੋਜੀ ਦਾ ਯੂਨਿਟ 'ਮਾਰਫੀਮ' (morpheme) ਤਲਾਸ਼ ਕੀਤਾ ਗਿਆ। ਫੋਨੀਮ ਤੇ ਮਾਰਫੀਮ (ਧੁਨੀਮ ਤੇ ਰੂਪੀਮ) ਦੋਵੇਂ ਭਾਸ਼ਾ ਦੇ ਅਭਿਵਿਅਕਤੀ ਲੈਵਲ ਦੇ 'ਰੂਪ' ਦੀਆਂ ਹੀ ਇਕਾਈਆਂ (ਯੂਨਿਟ) ਹਨ, ਅਰਥ-ਸੰਕਲਪ (meaning) ਦੀਆਂ ਇਕਾਈਆਂ ਨਹੀਂ ਹਨ। ਸੰਰਚਨਾਵਾਦੀਆਂ ਦੀ ਸਾਰੀ ਸੋਧ ਭਾਸ਼ਿਕ ਉਕਤੀ (utterance) ਦੇ ਭੌਤਿਕ ਲੱਛਣਾਂ ਦੇ ਵਰਣਨ ਤੇ ਹੀ ਕੇਂਦਰਿਤ ਰਹਿੰਦੀ ਹੈ ਜਿਸ ਨੂੰ ਉਹ formal ਕਹਿੰਦੇ ਹਨ। ਨੋਆਮ ਚੌਮਸਕੀ ਨੇ ਅੱਗੇ ਜਾ ਕੇ ਇਸ ਨੂੰ surface structure ਦੀ ਸੰਗਿਆ ਦਿੱਤੀ ਹੈ।

ਭਾਸ਼ਾ-ਵਿਗਿਆਨ ਦੀ ਮੂਲ ਭਾਵਨਾ ਕਿ ਇਹ ਅਪ੍ਰੋਚ ਸੰਰਚਨਾਤਮਕ (structural) ਹੈ, ਇਸ ਨੁਕਤੇ ਤੇ ਸਿਰਜੀ ਗਈ ਹੈ ਕਿ ਭਾਸ਼ਾ ਦਾ ਸੰਯੋਜਨ ਦਰਅਸਲ ਫੋਨੀਮਾਂ ਤੇ ਮਾਰਫੀਮਾਂ ਦੀਆਂ ਤਰਤੀਬ-ਬੱਧ ਲੜੀਆਂ ਨਾਲ ਹੁੰਦਾ ਹੈ। ਬਲੂਮਫੀਲਡ ਦੇ ਸੰਕਲਪਿਤ 'ਸਟ੍ਰਕਚਰ' ਬਾਰੇ ਮਗਰਲੇ ਵਿਦਵਾਨ ਕਈ ਹੋਰ ਪਾਸਾਰ ਜੋੜਨ ਲਈ ਜਤਨਸ਼ੀਲ ਹੋਏ ਹਨ। ਮਗਰਲੇ ਵਿਦਵਾਨ ਇਹ ਦਲੀਲ ਪੇਸ਼ ਕਰਦੇ ਹਨ ਕਿ ਭਾਸ਼ਾ ਸਿਰਫ ਫੋਨੈਮਿਕ-ਮਾਰਫੀਮਿਕ ਸਟ੍ਰਕਚਰ ਹੀ ਨਹੀਂ ਰਖਦੀ ਬਲਕਿ ਇਹ 'ਸਟ੍ਰਕਚਰ' ਵਿਗਿਆਨਿਕ ਤੇ ਤਾਰਕਿਕ ਵਿਧੀਆਂ ਨਾਲ ਉਪਲਬਧ (discover) ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਪਾਸੇ ਵਲ ਇਹ ਵਿਧੀ ਅਰਥਾਤਮਕ ਸੰਦਰਭ (semantics) ਤੋਂ ਬਿਲਕੁਲ ਮੁਕਤ ਹੋਣੀ ਚਾਹੀਦੀ ਹੈ।

ਬਲੂਮਫੀਲਡ ਅਤੇ ਸੌਸਿਊਰ ਜਿਨ੍ਹਾਂ ਵਿਦਵਾਨਾਂ ਦੇ ਪ੍ਰੇਰਨਾ-ਸਰੋਤ ਬਣੇ ਹਨ ਅਤੇ ਬਣ ਰਹੇ ਹਨ ਉਹ ਵਿਦਵਾਨ "ਸੰਰਚਨਾਵਾਦੀ ਸਕੂਲ" ਵਜੋਂ ਸਥਾਪਿਤ ਹੋਏ ਹਨ। ਇਹ ਵਿਦਵਾਨ ਗ਼ੈਰ-ਇਤਿਹਾਸਵਾਦੀ, ਤੇ ਗ਼ੈਰ-ਨੌਸ਼ਨਲ ਹਨ ਅਤੇ ਭਾਸ਼ਾ ਦੇ ਸੰਰਚਨੀ ਤੇ ਕਾਰਜੀ ਵਰਣਨ ਲਈ ਪ੍ਰਤਿਬੱਧ ਹਨ। ਭਾਸ਼ਾ ਦਾ ਸੰਰਚਨਾਤਮਕ ਵਰਣਨ ਇਸ ਪਾਸੇ ਵਲ ਇਹ ਤਲਾਸ਼ ਕਰਨ ਲਈ ਗਤੀਸ਼ੀਲ ਹੁੰਦਾ ਹੈ ਕਿ ਭਾਸ਼ਾ ਦੇ ਸਮਸਤ ਰਚਨਾਕਾਰੀ ਅੰਗ (components) ਆਪਸ ਵਿਚ ਕਿਵੇਂ ਅੰਤਰ-ਸੰਬੰਧਿਤ ਹੁੰਦੇ ਹਨ, ਅਤੇ ਭਾਸ਼ਾ ਦੀ ਹੋਂਦ ਤੇ ਹਸਤੀ ਨੂੰ ਕਿਵੇਂ ਵਿਉਂਤ-ਬੱਧ ਕਰਦੇ ਹਨ। ਇਸ ਪ੍ਰਕਿਰਿਆ ਵਿਚੋਂ ਜਿਹੜੇ ਪੈਟਰਨ ਤੇ ਨੇਮ ਉਭਰਦੇ ਹਨ ਉਹ ਭਾਸ਼ਾ ਦੇ ਵੱਖ ਵੱਖ ਅੰਗਾਂ ਨੂੰ ਰੂਪਕੀ ਤੇ ਕਾਰਜੀ ਧਰਾਤਲ ਤੇ ਪਰਿਭਾਸ਼ਤ ਕਰਨ ਲਈ ਮਾਨਦੰਡ ਤੇ ਕਸੌਟੀਆਂ (criteria) ਬਣਦੇ ਹਨ। ਇਹ ਮਾਨਦੰਡ ਤੇ ਕਸੌਟੀਆਂ ਸੰਰਚਨਾਤਮਕ ਭਾਸ਼ਾ-ਵਿਗਿਆਨ ਦੇ ਆਧਾਰ-ਸੂਤਰਾਂ ਵਜੋਂ

ਸਥਾਪਿਤ ਹੁੰਦੇ ਹਨ ।

ਇਸ ਤਰ੍ਹਾਂ notional ਅਪ੍ਰੋਚ ਦੇ ਬਰਖਿਲਾਫ, formal ਅਪ੍ਰੋਚ ਦੀ ਸਥਾਪਤੀ ਲਈ ਬਲੂਮਫੀਲਡ-ਵਾਦੀਆਂ ਵਲੋਂ ਇਹ ਇਕ ਤਰ੍ਹਾਂ ਦਾ ਜ਼ੋਰਦਾਰ ਅਭਿਯਾਨ ਰਿਹਾ ਹੈ, ਪਰ ਇਸ ਯੁਗ (1930-1960) ਤੋਂ ਬਾਅਦ 'ਸਟ੍ਰਕਚਰ' ਦਾ ਸੰਕਲਪ ਬਹੁ-ਪਾਸਾਰੀ ਹੋਇਆ ਹੈ ਅਤੇ ਨਵੇਂ ਪਾਸਾਰਾਂ ਦੇ ਫਲਸਰੂਪ ਸੰਰਚਨਾਤਮਕ ਪਹੁੰਚ ਵਿਧੀ ਵਿਚੋਂ ਅਰਥਗਤ ਸੰਦਰਭਾਂ ਨੂੰ ਬਿਲਕੁਲ ਹੀ ਖਾਰਜ ਕਰਨ ਤੋਂ ਸੰਕੋਚ ਕੀਤਾ ਜਾਣ ਲੱਗਾ ਹੈ । ਸੋਸਿਊਰ ਦੁਆਰਾ ਚਿਤਵਿਆ 'ਸੰਰਚਨਾ' ਦਾ ਸੰਕਲਪ ਤਾਂ ਭਾਸ਼ਾ-ਵਿਗਿਆਨ ਦੇ ਹਰ ਸਕੂਲ ਵਿਚ ਪ੍ਰਵੇਸ਼ ਪਾ ਗਿਆ ਹੈ । ਇਸ ਨਜ਼ਰੀਏ ਤੋਂ ਸੰਰਚਨਾਵਾਦ ਇਕ ਅੰਤਰ-ਅਨੁਸ਼ਾਸਨੀ (inter-disciplinary) ਅੰਦੋਲਨ ਬਣ ਨਿਬੜਿਆ ਹੈ ।

ਸੋਸਿਊਰ ਦੀ ਸੰਰਚਨਾਵਾਦੀ ਧਾਰਨਾ ਬਹੁਤ ਸਾਰੇ ਭਾਸ਼ਾ-ਵਿਗਿਆਨੀਆਂ, ਮਾਨਵ-ਵਿਗਿਆਨੀਆਂ, ਸਮਾਜ-ਵਿਗਿਆਨੀਆਂ, ਤੇ ਸਭਿਆਚਾਰ-ਵਿਗਿਆਨੀਆਂ ਲਈ ਲਗਾਤਾਰ ਪ੍ਰੇਰਕ-ਸ਼ਕਤੀ ਵਜੋਂ ਕਾਰਜ ਕਰਦੀ ਹੈ । ਇਸ ਲਈ 'structure' ਦੇ ਸੰਕਲਪ ਨੇ ਇਕ ਪਾਸੇ *ਚਿਹਨ-ਵਿਗਿਆਨ* (semiotics/semiology) ਅਤੇ *ਚਿਹਨ-ਵਿਗਿਆਨਿਕ ਲਿਟਰੇਰੀ ਆਲੋਚਨਾ* ਦੀ ਉੱਨਤੀ ਵਿਚ ਯੋਗਦਾਨ ਪਾਇਆ ਹੈ ਅਤੇ ਦੂਜੇ ਪਾਸੇ ਮਾਨਵੀ ਤੇ ਸਮਾਜਿਕ ਸੰਸਥਾਵਾਂ ਅਤੇ ਸਭਿਆਚਾਰਿਕ ਸੰਕਲਪਾਂ ਦੇ ਵਰਣਨ ਤੇ ਵਿਵੇਚਨ ਨੂੰ ਸਹਿਯੋਗ ਦਿੱਤਾ ਹੈ ।

ਹੁਣ ਸੰਰਚਨਾਤਮਕ ਭਾ. ਵਿ. ਦੂਜੀਆਂ ਕਿਸਮਾਂ ਦੇ ਭਾਸ਼ਾ-ਵਿਗਿਆਨ ਜਿਵੇਂ ਕਿ ਵਰਣਨਾਤਮਕ ਤੇ ਪ੍ਰਕਾਰਜੀ ਭਾਸ਼ਾ-ਵਿਗਿਆਨ ਦੀ ਆਧਾਰ-ਭੂਮੀ ਦੇ ਤੌਰ ਤੇ ਸਵੀਕਾਰ ਕੀਤਾ ਜਾਂਦਾ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਖਾਸ ਭਾਸ਼ਾ/ਭਾਸ਼ਾਵਾਂ ਦਾ ਵਰਣਨ (description) ਕੀਤਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਭਾਸ਼ਾ/ਭਾਸ਼ਾਵਾਂ ਦੇ (functions) ਕਾਰਜਾਂ ਨੂੰ ਆਧਾਰ ਬਣਾ ਕੇ ਭਾਸ਼ਿਕ ਪੈਟਰਨਾਂ ਦੀ ਸਥਾਪਨਾ ਕੀਤੀ ਜਾਂਦੀ ਹੈ ਜਿਸ ਨਾਲ ਭਾਸ਼ਾ/ਭਾਸ਼ਾਵਾਂ ਦਾ ਭਾਸ਼ਾਈ ਸਟ੍ਰਕਚਰ ਉਪਲਬਧ ਹੁੰਦਾ ਹੈ ।

ਭਾਸ਼ਾ-ਵਿਗਿਆਨ ਦੇ ਹੋਰ ਪ੍ਰਕਾਰ

ਜਨਰਲ ਭਾਸ਼ਾ-ਵਿਗਿਆਨ (general linguistics) ਜਨਰਲ ਮਾਨਵੀ ਭਾਸ਼ਾ ਦਾ ਵਿਸ਼ਲੇਸ਼ਣ ਤੇ ਨਿਰੂਪਣ ਕਰਦਾ ਹੈ । ਇਹ ਵਿਗਿਆਨ ਸਾਮਾਨਯ ਭਾਸ਼ਾ ਸੰਬੰਧੀ ਸੰਕਲਪਾਂ, ਸਿਧਾਂਤਾਂ, ਨੇਮਾਂ, ਪੈਟਰਨ, ਸਥਾਪਨਾਵਾਂ ਤੇ ਵਰਗਾਂ-ਪ੍ਰਵਰਗਾਂ ਦੀ ਪਛਾਣ ਕਰਦਾ ਹੈ । ਜਿਵੇਂ ਕਿ ਅਸੀਂ ਭਾਸ਼ਾ ਨੂੰ ਪ੍ਰਕਿਰਤ ਭਾਸ਼ਾ (natural language) ਅਤੇ ਖਾਸ ਭਾਸ਼ਾ (particular language) ਦੀ ਸ਼ਕਲ ਵਿਚ ਸ਼੍ਰੇਣੀ-ਬੱਧ ਕਰਦੇ ਹਾਂ ਇਸੇ ਤਰ੍ਹਾਂ ਜਨਰਲ ਭਾ. ਵਿ. ਜਨਰਲ/ਪ੍ਰਕਿਰਤ ਭਾਸ਼ਾ ਦਾ ਹੀ ਅਧਿਐਨ ਕਰਦਾ ਹੈ, ਜਨਰਲ ਭਾਸ਼ਾ ਹੀ ਉਸ ਦੀ ਕੇਂਦਰੀ ਥੀਮ ਹੈ, ਕਿਸੇ ਵਿਸ਼ੇਸ਼ ਭਾਸ਼ਾ ਦੇ ਸੰਦਰਭ ਵਿਚ ਉਹ ਲਾਗੂ ਨਹੀਂ ਮੰਨਿਆ ਜਾਂਦਾ । ਜਨਰਲ ਭਾਸ਼ਾ-ਵਿਗਿਆਨ ਦਾ ਮੰਤਵ ਤੇ ਮਕਸਦ ਸਰਵ-ਭਾਸ਼ਿਕ ਸਿਧਾਂਤਾਂ ਤੇ ਸੰਕਲਪਾਂ ਦੀ ਸਥਾਪਨਾ ਕਰਨਾ ਹੈ ਅਤੇ ਭਾਸ਼ਿਕ ਪ੍ਰਪੰਚ ਤੇ ਤੌਰ ਤੇ ਮਾਨਵੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਤੇ ਉਪਲੱਛਣਾਂ ਨੂੰ ਸੁਨਿਸ਼ਚਿਤ ਕਰਨਾ ਹੈ ।

ਜਨਰਲ ਭਾਸ਼ਾ-ਵਿਗਿਆਨ ਦੇ ਟਾਕਰੇ ਤੇ ਵਰਣਨਾਤਮਕ ਭਾਸ਼ਾ-ਵਿਗਿਆਨ ਸਥਾਪਿਤ ਹੁੰਦਾ ਹੈ ਜੋ ਸਾਮਾਨਯ ਭਾਸ਼ਾ ਦੀ ਥਾਂ ਕਿਸੇ ਖ਼ਾਸ ਭਾਸ਼ਾ ਦਾ ਅਧਿਐਨ ਤੇ ਵਰਣਨ

ਕਰਦਾ ਹੈ । ਭਾਸ਼ਾ-ਵਿਗਿਆਨ ਜਿਹੜੇ ਨੇਮ ਨਿਰਧਾਰਿਤ ਕਰਦਾ ਹੈ ਉਨ੍ਹਾਂ ਦੇ ਚਾਨਣੇ ਵਿਚ ਹੀ ਵਰਣਨਾਤਮਕ ਭਾਸ਼ਾ-ਵਿਗਿਆਨ ਅਕਸਰ ਕਾਰਜਸ਼ੀਲ ਹੁੰਦਾ ਹੈ ।

ਸਿਧਾਂਤਕ ਭਾਸ਼ਾ-ਵਿਗਿਆਨ: ਮਾਨਵੀ ਭਾਸ਼ਾ ਦਾ ਅਧਿਐਨ ਇਸ ਨਜ਼ਰੀਏ ਤੋਂ ਕਰਦਾ ਹੈ ਤਾਂ ਜੋ ਉਨ੍ਹਾਂ ਦੀਆਂ ਬਣਤਰਾਂ ਤੇ ਉਨ੍ਹਾਂ ਦੇ ਪ੍ਰਕਾਰਜਾਂ ਦੀ ਪਛਾਣ ਕਰਕੇ ਸਿਧਾਂਤਕ ਸਥਾਪਨਾ ਪੇਸ਼ ਕੀਤੀ ਜਾਵੇ । ਅਸਲ ਵਿਚ ਅਮਲੀ ਤੌਰ ਤੇ ਸਿਧਾਂਤਕ ਭਾਸ਼ਾ-ਵਿਗਿਆਨ ਅਤੇ ਜਨਰਲ ਭਾਸ਼ਾ-ਵਿਗਿਆਨ ਦੇ ਦਰਮਿਆਨ ਕੋਈ ਫ਼ਰਕ ਨਹੀਂ ਹੈ । ਸਿਧਾਂਤਕ ਭਾਸ਼ਾ-ਵਿਗਿਆਨ ਦੇ ਵਰਤੋਂਕਾਰ ਇਹੋ ਮੰਨਦੇ ਹਨ ਕਿ ਸਿਧਾਂਤਕ ਭਾਸ਼ਾ-ਵਿਗਿਆਨ ਦਾ ਮੰਤਵ ਭਾਸ਼ਾ-ਸਾਧਾਰਨ ਦੀ ਸੰਰਚਨਾ ਬਾਰੇ ਉਭਰਦੇ ਵਿਭਿੰਨ ਸਿਧਾਂਤਾਂ ਤੇ ਸਥਾਪਨਾਵਾਂ ਦਾ ਬਿਉਰਾ ਪੇਸ਼ ਕਰਨਾ ਹੁੰਦਾ ਹੈ । ਸਿਧਾਂਤਕ ਭਾਸ਼ਾ-ਵਿਗਿਆਨ ਦਾ ਟਾਕਰਾ ਅਪਲਾਈਡ ਭਾਸ਼ਾ-ਵਿਗਿਆਨ ਨਾਲ ਕੀਤਾ ਜਾ ਸਕਦਾ ਹੈ । ਅਪਲਾਈਡ (ਪ੍ਰਯੋਗਿਕ) ਭਾਸ਼ਾ ਵਿਗਿਆਨ ਦਾ ਨਿਸ਼ਾਨਾ, ਭਾਸ਼ਾ-ਅਧਿਐਨ ਦੁਆਰਾ ਪ੍ਰਾਪਤ ਕੀਤੇ ਸਿਧਾਂਤਾਂ ਅਤੇ ਸੰਕਲਪਾਂ ਨੂੰ ਭਾਸ਼ਾ-ਵਿਸ਼ਲੇਸ਼ਣ ਜਾਂ ਭਾਸ਼ਾ-ਸਿਖਲਾਈ ਤੇ ਲਾਗੂ ਕਰਨਾ ਹੁੰਦਾ ਹੈ । ਇਹ ਤਾਂ ਜ਼ਾਹਰ ਹੈ ਕਿ ਅਪਲਾਈਡ ਭਾਸ਼ਾ-ਵਿਗਿਆਨ ਜਨਰਲ ਤੇ ਵਰਣਨਾਤਮਕ ਭਾਸ਼ਾ-ਵਿਗਿਆਨ ਦੀਆਂ ਅਧਿਐਨ ਪ੍ਰਣਾਲੀਆਂ ਤੋਂ ਸਹਾਇਤਾ ਪ੍ਰਾਪਤ ਕਰਦਾ ਹੈ । ਅਪਲਾਈਡ ਭਾਸ਼ਾ-ਵਿਗਿਆਨ ਦੀ ਸਭ ਤੋਂ ਵੱਧ ਵਿਕਸਿਤ ਬ੍ਰਾਂਚ ਵਿਦੇਸ਼ੀ ਭਾਸ਼ਾ/ਭਾਸ਼ਾਵਾਂ ਦੀ ਸਿਖਲਾਈ ਅਤੇ ਅਧਿਆਪਨ ਹੈ ਅਤੇ ਬਹੁਤਾ ਕਰਕੇ ਇਸੇ ਨੂੰ ਹੀ ਪ੍ਰਮੁਖ ਵਿਸ਼ੈ-ਖੇਤਰ ਮੰਨਿਆ ਜਾਂਦਾ ਹੈ ।

ਹਵਾਲੇ ਤੇ ਟਿੱਪਣੀਆਂ

ਸਰੋਤ (Sources) :

1.	John Lyons	[1971]	*Introduction to Theoretical Linguistics*, Cambridge.
2.	Gleason, H. A.	[1955]	*An Introduction to Descriptive Linguistics*, Oxford.
3.	David Crystal	[1986]	*A Dictionary of Linguistics and Phonetics*, Basil Blackwell, U. K.
4.	Saussure, F. D.	[1959]	*Course in General Linguistics*, (English Translation).
5.	ਪੁਆਰ, ਜੋਗਿੰਦਰ ਸਿੰਘ	[1988]	*ਭਾਸ਼ਾ ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ*, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ ।
6.	Palmer, Frank	[1971]	*Grammar*, Penguin Books, U. K.
7.	John Lyons	[1981]	*Language and Linguistics - An Introduction*, Cambridge.
8.	मोतीलाल गुप्त, रघुवीर प्रसाद भटनागर	[1974]	*आधुनिक भाषा-विज्ञान की भूमिका*, राजस्थान हिन्दी ग्रन्थ अकादमी, जयपुर
9.	ਪ੍ਰੇਮ ਪ੍ਰਕਾਸ਼ ਸਿੰਘ	[1988]	*ਸਿਧਾਂਤਕ ਭਾਸ਼ਾ-ਵਿਗਿਆਨ*, ਪੰਜਾਬੀ ਪ੍ਰਕਾਸ਼ਨ, ਚੰਡੀਗੜ੍ਹ

ਅਧਿਆਏ 1 . 2

ਇਤਿਹਾਸਿਕ ਭਾਸ਼ਾ-ਵਿਗਿਆਨ
(Historical Linguistics)

ਭਾਸ਼ਾ-ਵਿਗਿਆਨ ਦੇ ਸਮੁੱਚੇ ਇਤਿਹਾਸ ਵਿਚ "ਇਤਿਹਾਸਿਕ ਭਾਸ਼ਾ-ਵਿਗਿਆਨ (Historical Linguistics) ਇਕ ਆਦਿ-ਬਿੰਦੂ ਹੈ । ਮਾਨਵੀ ਭਾਸ਼ਾ ਦਾ ਵਿਧੀ ਪੂਰਵਕ ਅਧਿਐਨ, ਇਤਿਹਾਸਿਕ ਖੋਜ-ਪ੍ਰਣਾਲੀ ਨਾਲ ਹੀ ਸ਼ੁਰੂ ਹੁੰਦਾ ਹੈ । ਆਧੁਨਿਕ ਯੁਗ ਵਿਚ ਇਤਿਹਾਸਿਕ ਭਾ. ਵਿ. ਦੀ ਨਿਰੰਤਰਤਾ ਵਿਚ ਭਾਵੇਂ ਕਈ ਨਵੇਂ ਨਵੇਂ ਸਿੱਧਾਂਤ ਤੇ ਪਹੁੰਚ-ਵਿਧੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਲੇਕਿਨ ਭਾਸ਼ਾ ਦੀ ਹੋਂਦ ਤੇ ਹਸਤੀ ਨੂੰ ਇਕ ਸੁਤੰਤਰ ਅਨੁਸ਼ਾਸਨ ਵਜੋਂ ਤਸੱਵਰ ਕਰ ਕੇ ਵਿਧੀਆਤਮਕ ਭਾਸ਼ਾ-ਚਿੰਤਨ ਤੇ ਵਿਸ਼ਲੇਸ਼ਣ ਦੇ ਵਾਸਤੇ ਮੌਲਿਕ ਤਕਨੀਕਾਂ ਤੇ ਵਿਧੀਆਂ ਸਥਾਪਿਤ ਕਰਨ ਵਿਚ *ਇਤਿਹਾਸਿਕ ਭਾਸ਼ਾ-ਵਿਗਿਆਨ* ਨੇ ਇਕ ਅਹਿਮ ਭੂਮਿਕਾ ਨਿਭਾਈ ਹੈ ।

ਆਧੁਨਿਕ ਯੁਗ ਦੇ ਮਾਡਰਨ ਭਾਸ਼ਾ-ਵਿਗਿਆਨ ਤਕ ਪਹੁੰਚਣ ਲਈ ਇਸ ਇਤਿਹਾਸਿਕ ਪ੍ਰਣਾਲੀ ਨੇ ਕਈ ਪੜਾਵਾਂ ਦਾ ਸਫ਼ਰ ਤੈਅ ਕੀਤਾ ਹੈ । ਆਧੁਨਿਕ ਭਾਸ਼ਾ-ਵਿਗਿਆਨ ਦੇ ਮੋਢੀ ਫਰਦੀਨਾ ਦ ਸੌਸਿਊਰ (Ferdinand De Saussure) ਨੇ ਆਪਣੀ (ਮਰਨ-ਉਪਰੰਤ posthumous) ਪੁਸਤਕ *Course in General Linguistics* 1959 ਅੰਗ੍ਰੇਜ਼ੀ ਤਰਜਮਾ) ਵਿਚ ਭਾਸ਼ਾ-ਵਿਗਿਆਨ ਦੇ ਤਿੰਨ ਕ੍ਰਮਿਕ ਪੜਾਵਾਂ ਦਾ ਜ਼ਿਕਰ ਕੀਤਾ ਹੈ । ਸਭ ਤੋਂ ਪਹਿਲਾਂ ਭਾਸ਼ਾ-ਵਿਗਿਆਨ ਦਾ ਮੁੱਢ ਅਜਿਹੀ ਭਾਸ਼ਿਕ ਨੇਮਾਵਲੀ ਨਾਲ ਬੱਝਦਾ ਹੈ ਜਿਸ ਨੂੰ ਅੰਗ੍ਰੇਜ਼ੀ ਵਿਚ grammar, ਜਰਮਨ ਵਿਚ grammatik ਅਤੇ ਭਾਰਤ ਵਿਚ ਵਿਆਕਰਣ (व्याकरण) ਕਿਹਾ ਜਾਂਦਾ ਹੈ । ਇਨ੍ਹਾਂ ਨੇਮਾਵਲੀਆਂ ਵਿਚ ਭਾਸ਼ਾ ਦੇ ਸ਼ੁੱਧ-ਅਸ਼ੁੱਧ ਜਾਂ ਗ਼ਲਤ ਤੇ ਸਹੀ ਰੂਪਾਂ ਦਾ ਨਿਰਣਾ ਅਤੇ ਬੋਲੀ ਦੀ ਜਾਣ-ਪਛਾਣ ਦਾ ਉਲੇਖ ਕੀਤਾ ਗਿਆ ਹੈ । ਇਹ ਵਿਆਕਰਣ ਅਜੋਕੀ ਸ਼ਬਦਾਵਲੀ ਵਿਚ prescriptive ਜਾਂ normative, ਪ੍ਰਤਿਮਾਨਕ ਹਨ ਜਿਹੜੇ "ਭਾਸ਼ਾ ਕਿਵੇਂ ਹੋਣੀ ਚਾਹੀਦੀ ਹੈ" ਅਜਿਹੇ ਆਦਰਸ਼ਕ ਮਿਆਰ ਨੂੰ ਚਿਤਰਿਤ ਕਰਦੇ ਹਨ । *ਇਹ ਪਹਿਲਾ ਪੜਾ ਸੀ ।*

ਦੂਜੇ ਪੜਾ ਵਿਚ ਜਿਹੜੇ ਭਾਸ਼ਾ-ਵਿਗਿਆਨ ਦੀ ਉਸਾਰੀ ਕੀਤੀ ਗਈ ਉਸ ਨੂੰ ਯੂਰਪ ਵਿਚ philology (ਭਾਸ਼ਾ-ਸ਼ਾਸਤਰ) ਦਾ ਨਾਮਕਰਣ ਦਿੱਤਾ ਗਿਆ। ਸੌਸਿਊਰ ਨੇ ਲਿਖਿਆ ਹੈ ਕਿ ਸੰਨ 1777 ਵਿਚ ਜਰਮਨ ਵਿਦਵਾਨ Friedrich August Wolf ਨੇ ਫਿਲਾਲੌਜੀ ਦਾ ਅੰਦੋਲਨ ਸ਼ੁਰੂ ਕੀਤਾ ਸੀ । ਮੁੱਦਾ ਤੇ ਮੰਤਵ ਇਹ ਸੀ ਕਿ ਕਲੈਸੀਕਲ ਭਾਸ਼ਾਵਾਂ ਦੇ ਲਿਖਤੀ ਟੈਕਸਟ ਦਾ ਅਧਿਐਨ ਕਰਕੇ ਸੰਬੰਧਿਤ ਭਾਸ਼ਾ ਦੀ ਜਾਣ-ਪਛਾਣ ਕਰਵਾਈ ਜਾਵੇ ਅਤੇ ਨਾਲ ਹੀ ਟੈਕਸਟ (ਲਿਖਤੀ ਪਾਠਾਂ) ਦੀ ਵਿਸ਼ੈਗਤ ਵਿਆਖਿਆ ਪ੍ਰਾਪਤ ਹੋਵੇ। ਪਾਠਾਂ ਦੀ ਤੁਲਨਾਤਮਕ ਪਰੀਖਿਆ ਵੀ ਇਸ ਵਿਚ ਸ਼ਾਮਲ ਸੀ । ਇਸ

ਪੜਾ ਤੇ ਫਿਲਾਲੋਜੀ ਦਾ ਨਿਸ਼ਾਨਾ ਲਿਖਤੀ ਕਲਾਸੀਕਲ ਟੈਕਸਟ (ਪਾਠਾਂ) ਦੇ ਮੁਤਾਲਿਆ ਤਕ ਹੀ ਮਹਿਦੂਦ ਰਿਹਾ ਅਤੇ ਪ੍ਰਚਲਿਤ ਮੌਖਿਕ ਬੋਲੀਆਂ ਨੂੰ ਅੱਖੋਂ ਓਹਲੇ ਕੀਤਾ ਗਿਆ। *ਇਹ ਦੂਜਾ ਪੜਾ ਸੀ।*

ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਜਦੋਂ ਕਲੈਸੀਕਲ ਭਾਸਾਵਾਂ ਦਾ ਤੁਲਨਾਤਮਕ ਅਧਿਐਨ ਖ਼ਾਸ ਤੌਰ ਤੇ ਜਾਰੀ ਹੋਇਆ ਤਾਂ ਇਸ ਨੂੰ comparative philology ਕਿਹਾ ਜਾਣ ਲੱਗਾ। ਤੁਲਨਾਤਮਕ ਫਿਲਾਲੋਜੀ ਵਿਚ ਜਿਨ੍ਹਾਂ ਭਾਸ਼ਾ-ਚਿੰਤਕਾਂ ਨੇ ਯੋਗਦਾਨ ਪਾਇਆ ਉਨ੍ਹਾਂ ਵਿਚ ਵਿਲੀਅਮ ਜੋਨਜ਼, ਜੈਕਬ, *ਗ੍ਰਿਮ, Pott, Verner, Kuhn,Gurtius,* ਮੈਕਸ ਮੂਲਰ ਆਦਿ ਉਲੇਖ-ਯੋਗ ਹਨ। ਇਸ ਪੜਾ ਤੇ ਸੰਸਕ੍ਰਿਤ, ਗ੍ਰੀਕ (ਯੂਨਾਨੀ), ਲੈਟਿਨ (ਲਾਤੀਨੀ) ਕਲਾਸੀਕਲ ਭਾਸਾਵਾਂ ਦਾ ਮੁਕਾਬਲਾ ਤੇ ਤੁਲਨਾ ਪੇਸ਼ ਕੀਤੀ ਜਾਣ ਲੱਗੀ ਅਤੇ ਇਸ ਵੇਲੇ ਤੁਲਨਾਤਮਕ ਭਾਸ਼ਾ-ਸ਼ਾਸਤਰ ਦੀ ਅਹਿਮੀਅਤ ਤੇ ਸਾਰਥਕਤਾ ਮਹਿਸੂਸ ਕੀਤੀ ਗਈ। ਇਹ ਖਿਆਲ ਪੈਦਾ ਹੋਇਆ ਕਿ ਆਪਸ ਵਿਚ ਮਿਲਦੀਆਂ-ਜੁਲਦੀਆਂ ਜ਼ੁਬਾਨਾਂ ਦੀ ਤੁਲਨਾ ਇਕ ਸੁਤੰਤਰ ਵਿਗਿਆਨਿਕ ਅਨੁਸ਼ਾਸਨ ਬਣ ਸਕਦੀ ਹੈ। ਕਿਸਮਤ ਨਾਲ *ਸੰਸਕ੍ਰਿਤ* ਇਕ ਅਜਿਹੀ ਭਾਸ਼ਾ ਉਪਲਬੱਧ ਹੋਈ ਜਿਸ ਦਾ ਰੋਲ ਪ੍ਰਾਚੀਨ ਕਲੈਸੀਕਲ ਭਾਸਾਵਾਂ ਤੇ proto-languages ਦੇ ਰੂਪ ਨਿਖਾਰਨ ਵਿਚ ਬਹੁਤ ਹੀ ਅਹਿਮ ਤੇ ਮਹਤੱਵਪੂਰਨ ਸਿੱਧ ਹੋਇਆ।

John Lyons [1971 : 19] ਨੇ ਗ੍ਰੀਸੋ-ਰੋਮਨ ਵਿਆਕਰਣਿਕ ਪਰੰਪਰਾਵਾਂ ਦੇ ਨਾਲ ਨਾਲ ਸੰਸਕ੍ਰਿਤ ਵਿਆਕਰਣ ਦੀ ਗੋਰਵ-ਪੂਰਨ ਪਰੰਪਰਾ ਦਾ ਬੜੇ ਜ਼ੋਰ ਨਾਲ ਉਲੇਖ ਕੀਤਾ ਹੈ। ਲਿਓਨਜ਼ ਨੇ ਲਿਖਿਆ ਹੈ

> *"ਭਾਰਤੀ ਵਿਆਕਰਣ-ਪਰੰਪਰਾ ਗ੍ਰੀਸੋ-ਰੋਮਨ ਪਰੰਪਰਾ ਤੋਂ ਸਿਰਫ਼ ਸੁਤੰਤਰ ਹੀ ਨਹੀਂ ਬਲਕਿ ਇਹ ਇਸ ਤੋਂ ਵਧੇਰੇ ਪਰਾਚੀਨ, ਅਭਿਵਿਅਕਤੀ ਪਖੋਂ ਵਧੇਰੇ ਬਹੁਮੁਖੀ, ਅਤੇ ਕੁਝ ਖੇਤਰਾਂ ਵਿਚ ਖ਼ਾਸ ਪ੍ਰਾਪਤੀਆਂ ਦੇ ਕਾਰਣ ਇਹ ਇਸ ਤੋਂ ਵਧੇਰੇ ਉਤਕ੍ਰਿਸ਼ਟ ਤੇ ਬਿਹਤਰੀਨ ਵੀ ਹੈ। ਸੰਸਕ੍ਰਿਤ ਗ੍ਰੈਮੇਰੀਅਨ ਪਾਣਿਨੀ (ਲਗਭਗ 5ਵੀਂ ਸਦੀ ਪੂ. ਈ.) ਨੂੰ ਸਾਰਿਆਂ ਭਾਰਤੀ ਵਿਆਕਰਣੀਆਂ ਵਿਚੋਂ ਸਰਵੋਤਮ ਸਵੀਕਾਰ ਕੀਤਾ ਜਾਂਦਾ ਹੈ।"*

ਭਾਵੇਂ ਭਾਰਤੀ ਗ੍ਰਾਮਰ ਅਤੇ ਗ੍ਰੀਸੋ-ਰੋਮਨ ਗ੍ਰਾਮਰ ਇਕ-ਦੂਜੇ ਦੇ ਸੰਪਰਕ ਤੋਂ ਮੁਕਤ ਤੇ ਨਿਰਪੇਖ ਰਹਿ ਕੇ ਸੁਤੰਤਰ ਤੌਰ ਤੇ ਰਚੇ ਗਏ ਹਨ ਪਰੰਤੂ ਫਿਰ ਵੀ ਇਨ੍ਹਾਂ ਦੋਹਾਂ ਪਰੰਪਰਾਵਾਂ ਵਿਚ ਕੁਝ ਸਾਂਝਾਂ ਤੋਂ ਬਗ਼ੈਰ ਅਜਿਹੇ ਦੋ ਹੋਰ ਪ੍ਰਮੁਖ ਪਹਿਲੂ ਹਨ ਜਿਨ੍ਹਾਂ ਨੂੰ ਮੁਖ ਰਖਕੇ ਭਾਰਤੀ ਭਾਸ਼ਾ-ਵਿਗਿਆਨਿਕ ਗ੍ਰੰਥ ਪੱਛਮੀ ਪਰੰਪਰਾਈ ਗ੍ਰਾਮਰਾਂ ਨਾਲੋਂ ਨਿਸਚੇ ਹੀ ਉੱਤਮ ਮੰਨੇ ਜਾ ਸਕਦੇ ਹਨ। ਇਕ ਪਹਿਲੂ ਹੈ ਧੁਨੀ-ਵਿਗਿਆਨ (phonetics) ਅਤੇ ਦੂਜਾ ਪਹਿਲੂ ਹੈ ਸ਼ਬਦਾਂ ਦੀ ਆਂਤਰਿਕ ਸੰਰਚਨਾ/ਬਣਤਰ ਦਾ ਅਧਿਐਨ। ਭਾਰਤੀ ਵਿਆਕਰਣਾਂ ਵਿਚ ਭਾਸ਼ਾ-ਧੁਨੀਆਂ ਦਾ ਵਰਗੀਕਰਣ ਜਿੰਨਾ ਵਧੇਰੇ ਵਿਸਥਾਰ-ਸ਼ੀਲ, ਵਧੇਰੇ ਸ਼ੁੱਧ ਤੇ ਸਹੀ ਅਤੇ ਵਧੇਰੇ ਨਿਰਖ-ਪਰਖ ਤੇ ਵਰਤੋਂ-ਵਿਹਾਰ ਤੇ ਆਧਾਰਿਤ ਸੀ, ਉਨਾ ਸ਼ਾਇਦ ਉਨ੍ਹੀਵੀਂ ਸਦੀ ਦੇ ਅੰਤਲੇ ਚਰਨ ਤੋਂ ਪਹਿਲਾਂ ਤਕ ਯੂਰਪ ਵਿਚ ਜਾਂ ਹੋਰ ਕਿਤੇ ਵੀ ਪ੍ਰਾਪਤ ਨਹੀਂ ਹੁੰਦਾ ਹੈ। ਯੂਰਪੀ ਦੇਸ਼ਾਂ ਵਿਚ ਧੁਨੀ-ਵਿਸ਼ਲੇਸ਼ਣ ਦੀ ਸਾਇੰਸ ਵੀ ਪੱਛਮੀ ਵਿਦਵਾਨਾਂ ਦੁਆਰਾ ਕੀਤੇ ਗਏ ਭਾਰਤੀ ਭਾਸ਼ਾ-ਸ਼ਾਸਤ੍ਰੀ ਗ੍ਰੰਥਾਂ ਦੇ ਆਵਿਸ਼ਕਾਰ ਤੇ ਅਨੁਵਾਦਾਂ ਤੋਂ ਬਹੁਤ ਹੀ ਅਸਰ-ਅੰਦਾਜ਼ ਹੋਈ ਹੈ।

ਪਾਣਿਨੀ ਦਾ ਸੰਸਕ੍ਰਿਤ ਵਿਆਕਰਣ *ਅਸ਼ਟਾਧਿਆਈ* (अष्टाध्यायी)=ਅੱਠ ਅਧਿਆਵਾਂ ਵਾਲਾ) ਸ਼ਬਦ-ਰਚਨਾ ਵਿਚ ਮੁਕੰਮਲਤਾ (ਤਕਮੀਲ : ਪਰਿਪੂਰਣਤਾ), ਅੰਦਰੂਨੀ ਇਕਸੁਰਤਾ, ਅਤੇ ਵਰਣਨ ਵਿਚ ਸੰਖੇਪਤਾ (exhaustiveness, consistency, economy) ਦੇ ਲਿਹਾਜ਼ ਨਾਲ ਏਨਾ ਬਿਹਤਰੀਨ ਹੈ ਕਿ ਹੁਣ ਤਕ ਲਿਖਿਆ ਗਿਆ ਕਿਸੇ ਵੀ ਭਾਸ਼ਾ ਦਾ ਗ੍ਰਾਮਰ ਇਸ ਦਾ ਮੁਕਾਬਲਾ ਨਹੀਂ ਕਰਦਾ । ਸਹੀ ਗੱਲ ਤਾਂ ਇਹ ਹੈ ਕਿ 19ਵੀਂ ਸਦੀ ਦੇ ਭਾਸ਼ਾ-ਵਿਗਿਆਨ ਵਿਚ ਕਿੰਨੇ ਹੀ ਅਜਿਹੇ ਸੰਕਲਪ ਹਨ ਜਿਹੜੇ ਕਿ ਭਾਰਤੀ ਵਿਆਕਰਣੀਆਂ ਦੇ ਸਿੱਧਾਂਤਾਂ ਤੇ ਪ੍ਰਯੋਗਾਂ ਤੋਂ ਹੀ ਸਪਸ਼ਟ ਤੌਰ ਤੇ ਗ੍ਰਹਿਣ ਕੀਤੇ ਗਏ ਹਨ ।[1]

ਇਸ ਸਿਲਸਿਲੇ ਵਿਚ W. O'Grady [1989 : 214] ਨੇ ਵੀ ਲਿਖਿਆ ਹੈ ਕਿ 18 ਵੀਂ ਸਦੀ ਵਿਚ ਹੋਈ ਸੰਸਕ੍ਰਿਤ ਭਾਸ਼ਾ ਦੀ ਉਪਲਬੱਧੀ ਨਾਲ ਯੂਰਪੀ ਲਿੰਗੁਇਸਟਿਕ ਸਟਡੀਜ਼ ਵਿਚ ਇਕ ਕ੍ਰਾਂਤੀ ਪੈਦਾ ਹੋਈ । ਭਾਰਤ ਵਿਚ ਨਿਯੁਕਤ ਬਰਤਾਨਵੀ ਜੱਜ ਸਰ William Jones ਨੇ ਸਾਲ 1786 ਵਿਚ ਰਾਇਲ ਏਸ਼ੀਆਟਿਕ ਸੁਸਾਇਟੀ ਦੇ ਸਾਹਮਣੇ ਆਪਣੇ ਭਾਸ਼ਨ ਵਿਚ ਇਸ ਨਵੀਂ ਲੱਭਤ ਦਾ ਐਲਾਨ ਕਰਦਿਆਂ ਆਖਿਆ :

> *"ਗ੍ਰੀਕ ਤੇ ਲੇਟਿਨ ਨਾਲ ਸੰਸਕ੍ਰਿਤ ਭਾਸ਼ਾ ਦੀਆਂ ਸਾਂਝਾਂ ਕਿਰਿਆਵੀ ਧਾਤੂਆਂ (roots) ਦੇ ਪਖੋਂ ਅਤੇ ਵਿਆਕਰਣ ਦੇ ਰਚਨਾਤਮਕ ਤੱਤਾਂ ਦੇ ਪਖੋਂ ਏਨੀਆਂ ਪੱਕੀਆਂ ਤੇ ਪ੍ਰਖਤਾ ਹਨ ਕਿ ਇਹ ਕੋਈ ਚਾਣਚੱਕ ਵਾਪਰੀ ਘਟਨਾ ਨਹੀਂ । ਇਹ ਸਾਂਝਾਂ ਏਨੀਆਂ ਗੂੜ੍ਹੀਆਂ ਹਨ ਕਿ ਭਾਸ਼ਾ ਦਾ ਕੋਈ ਵੀ ਵਿਦਵਾਨ ਪੂਰੇ ਯਕੀਨ ਨਾਲ ਇਹ ਮੰਨੇ ਬਗ਼ੈਰ ਨਹੀਂ ਰਹਿ ਸਕਦਾ ਕਿ ਇਨ੍ਹਾਂ ਤਿੰਨਾਂ ਕਲਾਸੀਕਲ ਭਾਸ਼ਾਵਾਂ ਦਾ ਮੂਲ-ਸਰੋਤ ਕੋਈ ਇਕੋ ਹੀ ਜਨਨੀ ਮੂਲ-ਭਾਸ਼ਾ ਹੈ ।"*[2]

ਕੋਈ ਦੋ ਸੌ ਸਾਲ ਪਹਿਲਾਂ ਕੀਤੇ ਵਿਲੀਅਮ ਜੋਨਜ਼ ਦੇ ਇਸ ਐਲਾਨਨਾਮੇ ਨਾਲ ਯੂਰਪੀ ਵਿਦਵਾਨਾਂ ਦੇ ਦਿਲਾਂ ਵਿਚ ਹੈਰਾਨੀ ਤੇ ਉਤੇਜਨਾ ਦੀ ਜਿਹੜੀ ਭਾਵਨਾ ਪ੍ਰਜਵਲਿਤ ਹੋਈ ਉਸ ਦੇ ਸਦਕਾ ਭਾਸ਼ਾ ਦੇ ਅਧਿਐਨ ਵਿਚ ਕ੍ਰਾਂਤੀਕਾਰੀ ਪ੍ਰਗਤੀ ਪੈਦਾ ਹੋਈ ਅਤੇ comparative philology ਦੀ ਰੂਪ ਰੇਖਾ (frame work) ਵਿਚ ਨਵੇਂ ਤੋਂ ਨਵੇਂ ਭਾਸ਼ਾ-ਵਿਗਿਆਨਕ ਪਾਸਾਰ ਜੁੜਦੇ ਗਏ ।

ਤੁਲਨਾਤਮਕ ਭਾਸ਼ਾ-ਸ਼ਾਸਤਰ ਦੀ ਵਰਣਨ-ਯੋਗ ਸਫਲਤਾ ਇਹ ਮੰਨੀ ਜਾਂਦੀ ਹੈ ਕਿ ਇਸ ਦੁਆਰਾ ਭਾਸ਼ਾ-ਪਰਿਵਾਰਾਂ ਦੀ ਪਛਾਣ ਤੇ ਸਥਾਪਤੀ ਕੀਤੀ ਗਈ । ਭਾਰੋਪੀ ਫੈਮਲੀ (Indo-European language family) ਦੀ ਤਲਾਸ਼ ਤੇ ਸਥਾਪਨਾ ਫਿਲਾਲੋਜੀ ਦੀ ਮਹਾਨ ਪ੍ਰਾਪਤੀ ਹੈ । ਭਾਸ਼ਾ-ਪਰਿਵਾਰਾਂ ਨੂੰ ਸਥਾਪਿਤ ਕਰਨ ਲਈ ਜਿਹੜੇ ਸਿੱਧਾਂਤ ਸਾਹਮਣੇ ਆਏ ਅਤੇ ਜਿਹੜੀ ਖੋਜ-ਵਿਧੀ ਅਪਣਾਈ ਗਈ ਉਹ ਇਸ ਇਤਿਹਾਸਿਕ ਕਾਲ-ਖੰਡ ਦਾ ਮਹਾਨ ਕਾਰਨਾਮਾ ਹੈ । ਲੇਕਿਨ ਇਸ ਤੋਂ ਵੀ ਵੱਧ ਭਾਸ਼ਾ-ਪਰਿਵਰਤਨ ਦੀ ਜਨਰਲ ਥਿਊਰੀ ਦੀ ਸਥਾਪਨਾ ਅਤੇ ਵਿਭਿੰਨ ਭਾਸ਼ਾਵਾਂ ਦੇ ਆਪਸੀ ਰਿਸ਼ਤਿਆਂ ਦੀ ਪਛਾਣ ਉਨ੍ਹੀਵੀਂ ਸਦੀ ਦੇ ਭਾਸ਼ਾ-ਚਿੰਤਨ ਦੀ ਇਕ ਮੁੱਲਵਾਨ ਉਪਲਬਧੀ ਹੈ ।

ਉਨ੍ਹੀਵੀਂ ਸਦੀ ਦੇ ਭਾਸ਼ਾ-ਸ਼ਾਸਤਰ ਵਿਚ ਵਿਕਾਸਵਾਦ (evolution) ਦਾ ਸੰਕਲਪ ਇਕ ਪ੍ਰਮੁਖ ਵਿਚਾਰਧਾਰਾ ਰਿਹਾ ਹੈ । Darwin ਦੀ ਪੁਸਤਕ [*Origin of Species*, 1859] ਤੋਂ ਇਸ ਨੂੰ ਬਲ ਮਿਲਿਆ ਹੈ । ਸੋਸ਼ਲ ਸਾਇੰਸਿਜ਼ ਵਿਚ ਵੀ ਵਿਕਾਸਵਾਦੀ ਪ੍ਰਵਿਰਤੀ ਕਰਕੇ ਭਾਸ਼ਾ-ਅਧਿਐਨ ਵਿਚ ਵੀ ਵਿਕਾਸਵਾਦੀ ਸਿੱਧਾਂਤ ਕੇਂਦਰੀ ਮਹੱਤਤਾ ਦਾ

ਧਾਰਨੀ ਬਣਿਆ ਹੈ। ਵਿਕਾਸ ਦੇ ਸੰਕਲਪ ਪਿੱਛੇ ਵਿਕਾਸਵਾਦੀ ਜੀਵ-ਵਿਗਿਆਨ (evolutionary biology) ਦੀ ਖ਼ਾਸ ਪ੍ਰੇਰਨਾ ਹੈ। ਸੋ ਭਾਸ਼ਾਵਾਂ ਨੂੰ ਵੀ ਇਕ ਜਿਊਂਦੀ ਇਕਾਈ ਵਾਂਗੂ ਜਾਂ ਇਕ ਪੌਦੇ (ਬੂਟੇ) ਵਾਂਗੂ ਪਰਿਭਾਸ਼ਤ ਕੀਤਾ ਗਿਆ ਜੋ ਕੁਦਰਤੀ ਨੇਮਾਂ ਅਧੀਨ ਪੈਦਾ ਹੁੰਦਾ ਹੈ, ਵਧਦਾ, ਫੁਲਦਾ ਤੇ ਵਿਕਾਸ ਕਰਦਾ ਹੈ।

ਸੰਨ 1875 ਤੋਂ ਅੱਗੇ ਜਰਮਨੀ ਵਿਚ ਵਿਦਵਾਨਾਂ ਦਾ ਗਰੁਪ ਪੈਦਾ ਹੋਇਆ ਜਿਹੜਾ neo-grammarian (ਨਵ-ਵਿਆਕਰਣਕਾਰ) ਕਰਕੇ ਮਸ਼ਹੂਰ ਹੋਇਆ। ਇਸ ਗਰੁਪ ਨੇ ਨਵੇਂ ਭਾਸ਼ਿਕ ਨੇਮਾਂ ਦਾ ਪ੍ਰਤਿਪਾਦਨ ਕੀਤਾ ਕਿ ਭਾਸ਼ਾ ਵਿਚ ਧੁਨੀ-ਪਰਿਵਰਤਨ ਭਾਸ਼ਿਕ ਨੇਮਾਂ ਦੇ ਅਨੁਸਾਰ ਹੀ ਵਾਪਰਦਾ ਹੈ ਅਤੇ ਇਨ੍ਹਾਂ ਨੇਮਾ ਵਿਚ ਕੋਈ ਅਪਵਾਦ ਜਾ ਛੋਟ ਨਹੀਂ ਹੁੰਦੀ। "Sound change is regular and even exceptionless" ਇਸ ਪਰਿਕਲਪਨਾ (ਹਾਈਪੋਥੀਸਿਸ) ਨੂੰ ਤਤਕਾਲੀ ਯੁਗ ਵਲੋਂ ਵੀ ਹੁੰਗਾਰਾ ਮਿਲਿਆ। ਹੁਣ ਅਸੀਂ ਜਾਣਦੇ ਹਾਂ ਕਿ ਧੁਨੀਆਂ ਦੇ ਪਰਿਵਰਤਨ ਲਈ ਹੋਰ ਵੀ ਕਈ ਕਾਰਣ ਜ਼ੁੰਮੇਵਾਰ ਹੁੰਦੇ ਹਨ। ਸਮਾਜਿਕ ਪਰਿਸਥਤੀਆਂ ਦਾ ਦਬਾਉ, ਸ਼ਬਦਾਵਲੀ ਦਾ ਖਿਲਾਰਾ ਅਤੇ ਸਦ੍ਰਿਸ਼ਤਾ ਦੀ ਰੀਸ ਕਰਕੇ ਧੁਨੀਆ ਵਿਚ ਅਦਲਾ ਬਦਲੀ ਹੁੰਦੀ ਹੈ। ਪਰ ਨਵ-ਵਿਆਕਰਣਕਾਰ ਗਰੁਪ ਦੀ ਪਰਿਕਲਪਨਾ ਭਾਸ਼ਾ-ਵਿਗਿਆਨਿਕ ਥਿਊਰੀ ਦੇ ਵਾਧੇ ਲਈ ਇਕ ਮਹੱਤਵਪੂਰਨ ਤੇ ਸਾਹਸ-ਪੂਰਨ ਕਦਮ ਸਿੱਧ ਹੋਈ। ਨਵ-ਵਿਆਕਰਣਕਾਰਾਂ ਦੀ ਧਾਰਨਾ ਦੇ ਤਹਿਤ ਕਈ ਤਰ੍ਹਾਂ ਦੇ ਧੁਨੀ-ਨਿਯਮ (ਧੁਨੀਆਤਮਕ ਨੇਮਾਵਲੀ) ਪ੍ਰਸਿੱਧ ਹੋਏ ਜਿਨ੍ਹਾਂ ਵਿਚ ਵਰਨਰ ਤੇ ਗ੍ਰਿਮ ਦੇ phonetic laws ਉਲੇਖ-ਯੋਗ ਹਨ।

ਇਹ ਆਮ ਧਾਰਨਾ ਪ੍ਰਚਲਿਤ ਹੈ ਕਿ ਪੱਛਮੀ ਸੰਸਾਰ ਵਿਚ ਭਾਸ਼ਾ ਦੇ ਵਿਗਿਆਨਿਕ ਅਧਿਐਨ ਦਾ ਆਰੰਭ ਉਨ੍ਹੀਵੀਂ ਸਦੀ ਵਿਚ ਹੀ ਹੋਇਆ। ਇਸੇ 19ਵੀਂ ਸਦੀ ਦੇ ਦੌਰ ਵਿਚ ਹੀ ਸਾਮਾਨਯ ਭਾਸ਼ਾ ਦੇ ਸੰਕਲਪ-ਮੂਲਕ ਤੱਤਾਂ ਦੀ ਆਬਜੈਕਟਿਵ ਵਿਧੀ ਨਾਲ ਖੋਜ ਕੀਤੀ ਜਾਣ ਲੱਗੀ ਅਤੇ ਆਗਮਨੀ ਪਰਿਕਲਪਨਾ (inductive hypothesis) ਦਾ ਢੰਗ ਅਪਣਾਇਆ ਗਿਆ। ਇਸ ਵਾਤਾਵਰਣ ਵਿਚ ਜਿਵੇਂ ਜਿਵੇਂ ਇਤਿਹਾਸਿਕ ਪ੍ਰਣਾਲੀ ਦਾ ਵਿਕਾਸ ਹੁੰਦਾ ਗਿਆ, ਇਸ ਵਿਚ ਵਿਗਿਆਨਿਕਤਾ ਦੇ ਅੰਸ਼ ਜੁੜਦੇ ਗਏ ਅਤੇ ਇਹ ਉੱਤਰੋਤਰ ਵਿਗਿਆਨ-ਮੁਖ ਤੇ ਆਬਜੈਕਟਿਵ ਹੁੰਦੀ ਗਈ। ਵਿਗਿਆਨਿਕ ਅੰਸ਼ਾ ਦੀ ਮੌਜੂਦਗੀ ਦੇ ਖਿਆਲ ਨਾਲ ਇਤਿਹਾਸਿਕ ਖੋਜ-ਪ੍ਰਣਾਲੀ ਨੂੰ comparative philology ਦੀ ਥਾਂ ਇਤਿਹਾਸਿਕ/ਤੁਲਨਾਤਮਕ ਭਾਸ਼ਾ-ਵਿਗਿਆਨ (historical/comparative linguistics) ਦੀ ਸੰਗਿਆ ਚਾਲੂ ਕੀਤੀ ਗਈ ਅਤੇ ਹੁਣ ਇਹੋ ਨਾਮ ਹੀ ਜਾਰੀ ਹੈ।

ਇਸ ਵਿਸਤ੍ਰਿਤ ਵਰਣਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ 19ਵੀਂ ਸਦੀ ਦੇ ਭਾਸ਼ਾ-ਵਿਗਿਆਨ ਦਾ ਕੇਂਦਰੀ ਬਿੰਦੂ ਇਤਿਹਾਸਿਕ ਭਾਸ਼ਾ-ਵਿਗਿਆਨ ਹੀ ਰਿਹਾ ਹੈ। ਉਨ੍ਹੀਵੀਂ ਸਦੀ ਤੋਂ ਬਾਅਦ ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਕਈ ਅੰਦਾਜ਼ ਤੇ ਜ਼ਾਵੀਏ ਬਦਲੇ ਹਨ ਅਤੇ ਕਈ ਨਵੇਂ ਜੁੜੇ ਹਨ, ਪਰ ਇਨ੍ਹਾਂ ਅਦਲਾ-ਬਦਲੀਆਂ ਦੇ ਬਾਵਜੂਦ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਸਾਰਥਕਤਾ ਤੇ ਪ੍ਰਾਸੰਗਿਕਤਾ ਅੱਜ ਵੀ ਮੌਜੂਦ ਹੈ। ਇਸ ਪਿੱਠ-ਭੂਮੀ ਦੀ ਪੇਸ਼ਕਾਰੀ ਤੋਂ ਬਾਅਦ ਹੁਣ ਅਸੀਂ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਸਿੱਧਾਂਤਕ ਰੂਪਰੇਖਾ ਤੇ ਪਰਿਭਾਸ਼ਾ ਪ੍ਰਸਤੁਤ ਕਰਦੇ ਹਾਂ।

ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਪਰਿਭਾਸ਼ਾ

ਭਾਸ਼ਾ-ਵਿਗਿਆਨੀਆਂ ਨੇ ਇਤਿਹਾਸਿਕ ਭਾਸ਼ਾ-ਵਿਗਿਆਨ ਨੂੰ ਵੱਖਰੇ ਵੱਖਰੇ ਜ਼ਾਵੀਏ ਤੋਂ ਪਰਿਭਾਸ਼ਤ ਕਰਨ ਦਾ ਜਤਨ ਕੀਤਾ ਹੈ । R.H. Robins[3] ਦੇ ਅਨੁਸਾਰ ਇਤਿਹਾਸਿਕ ਭਾ. ਵਿ. ਵਿਚ ਭਾਸ਼ਾ ਦੇ ਵਿਕਾਸ, ਉਸ ਦੇ ਪਰਿਵਰਤਨ, ਪਰਿਵਰਤਨ-ਕਾਰਨਾਂ, ਅਤੇ ਪਰਿਵਰਤਨ ਦੇ ਨਤੀਜਿਆ ਦਾ ਅਧਿਐਨ ਕੀਤਾ ਜਾਂਦਾ ਹੈ । David Crystal[4] ਨੇ ਕਿਹਾ ਹੈ ਕਿ ਇਤਿਹਾਸਿਕ ਭਾ. ਵਿ., ਭਾਸ਼ਾ-ਵਿਗਿਆਨ ਦੀ ਇਕ ਬ੍ਰਾਂਚ ਹੈ । ਇਹ ਸਮੇਂ ਸਮੇਂ ਹੋਏ ਭਾਸ਼ਾ ਜਾਂ ਭਾਸ਼ਾਵਾਂ ਦੇ ਵਿਕਾਸ ਦਾ ਅਧਿਐਨ ਕਰਦੀ ਹੈ । ਇਸ ਨੂੰ diacharonic ਭਾ. ਵਿ. ਵੀ ਕਿਹਾ ਜਾਂਦਾ ਹੈ । ਇਤਿਹਾਸਿਕ ਭਾ. ਵਿ. ਤਾਂ synchronic ਭਾਸ਼ਾ-ਵਿਗਿਆਨ ਦੀਆਂ ਕਈ ਵਿਧੀਆਂ ਦੀ ਵਰਤੋਂ ਵੀ ਕਰਦਾ ਹੈ । John Lyons[5] ਦੇ ਮੁਤਾਬਕ ਇਤਿਹਾਸਿਕ ਭਾ. ਵਿ. ਅਤੇ ਡਾਇਆਕ੍ਰੋਨਿਕ ਭਾਸ਼ਾ-ਵਿਗਿਆਨ ਸਮਾਨਾਰਥਕ ਪਰਿਆਇ ਹਨ । ਇਹ ਭਾਸ਼ਾ ਦੇ ਇਤਿਹਾਸਿਕ ਵਿਕਾਸ ਦਾ ਵਰਣਨ ਕਰਦਾ ਹੈ ਅਤੇ ਸਮੇਂ ਦੇ ਵੱਖ ਵੱਖ ਬਿੰਦੂਆ ਤੇ ਜੋ ਪਰਿਵਰਤਨ ਪੈਦਾ ਹੋਏ ਹਨ, ਉਨ੍ਹਾ ਨੂੰ ਰਿਕਾਰਡ ਕਰਦਾ ਹੈ । Lehmann[6] ਦਾ ਕਥਨ ਹੈ ਕਿ ਇਤਿਹਾਸਿਕ ਭਾ. ਵਿ. ਵਿਚ ਦੋ ਕਾਲ-ਬਿੰਦੂਆਂ ਦੇ ਦਰਮਿਆਨ ਭਾਸ਼ਾਈ ਵਖਰੇਵਿਆਂ ਦਾ ਅਧਿਐਨ ਕੀਤਾ ਜਾਂਦਾ ਹੈ, ਅਤੇ ਜਿਵੇਂ ਜਿਵੇਂ ਭਾਸ਼ਾ ਦੀ ਹੋਰ ਖੋਜ ਹੁੰਦੀ ਹੈ ਦੋ ਸਥਾਨ-ਬਿੰਦੂਆ ਦੇ ਦਰਮਿਆਨ ਵੀ ਵਖਰੇਂਵਾ ਮਿਲਦਾ ਹੈ । ਇਸੇ ਤਰ੍ਹਾਂ Hockett ਕਹਿੰਦਾ ਹੈ ਕਿ ਲੰਘਦੇ ਹੋਏ ਸਮੇਂ ਦੇ ਵਹਿਣ ਵਿਚ ਸਾਡੇ ਬੋਲਣ ਦੇ ਤਰੀਕੇ ਤੇ ਆਦਤਾਂ ਬਦਲਦੀਆਂ ਰਹਿੰਦੀਆ ਹਨ । ਇਨ੍ਹਾ ਤਬਦੀਲੀਆਂ ਦੀ ਸਟੱਡੀ ਹੀ ਇਤਿਹਾਸਿਕ ਜਾਂ diachronic (ਕਾਲ-ਕ੍ਰਮਿਕ) ਭਾਸ਼ਾ-ਵਿਗਿਆਨ ਹੈ ।[7]

ਮੰਤਵ ਤੇ ਮਕਸਦ

ਵੱਖ ਵੱਖ ਵਿਦਵਾਨਾਂ ਦੀਆਂ ਉਪਰਕੋਤ ਟਿੱਪਣੀਆਂ ਤੋਂ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਰੂਪ-ਰੇਖਾ ਅਤੇ ਉਸ ਦੇ ਰੂਪ-ਚਿਤਰਨ ਦੇ ਕਈ ਤੱਤ ਤੇ ਤੱਥ ਉਜਾਗਰ ਹੁੰਦੇ ਹਨ । ਸਭ ਤੋਂ ਪ੍ਰਮੁਖ ਤੱਥ ਤਾਂ ਇਹ ਹੈ ਕਿ ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਮਾਡਲ ਦੁਆਰਾ ਅਸੀਂ ਸਮੇਂ ਸਮੇਂ ਪੈਦਾ ਹੋਏ ਭਾਸ਼ਾ ਸੰਬੰਧੀ ਅੰਤਰਾ ਤੇ ਵਖਰੇਵਿਆ ਦੀ ਖੋਜ ਕਰਕੇ ਵਿਭਿੰਨ ਭਾਸ਼ਾਵਾਂ/ਬੋਲੀਆਂ ਦੇ ਭਾਸ਼ਾਈ ਰੂਪਾਂ ਨੂੰ ਜਾਨਣ ਵਿਚ ਸਮਰਥ ਹੁੰਦੇ ਹਾਂ । ਇਸ ਤੋਂ ਅਲਾਵਾ ਇਤਿਹਾਸਿਕ ਪ੍ਰਣਾਲੀ ਦੇ ਜ਼ਰੀਏ ਦੂਰ ਅਤੀਤ ਦੇ ਭਾਸ਼ਾਈ ਇਤਿਹਾਸ ਨੂੰ ਉਲੀਕਿਆ ਜਾ ਸਕਦਾ ਹੈ । ਇਤਿਹਾਸਿਕ ਅਧਿਐਨ ਵਿਚ ਪੂਰਵ-ਇਤਿਹਾਸਿਕ ਯੁਗ ਵਿਚ ਪ੍ਰਫੁਲਤ ਹੋਈਆਂ ਅਲਿਖਤੀ ਤੇ ਮੌਖਿਕ ਭਾਸ਼ਾਵਾਂ ਦੀ ਬਣਤਰੀ ਰੂਪ-ਰੇਖਾ ਨੂੰ ਮੁੜ ਉਸਾਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ ।

ਮਨੁੱਖੀ ਭਾਸ਼ਕ ਯੋਗਤਾ ਤੇ ਸਮਰਥਾ ਨੂੰ ਸਮਝ-ਗੋਚਰੇ ਕਰਨ ਹਿਤ ਭਾਸ਼ਾ ਦੇ ਇਤਿਹਾਸਿਕ ਅਧਿਐਨ ਦੀ ਬਹੁਤ ਅਹਿਮੀਅਤ ਹੈ । ਇਸ ਅਧਿਐਨ ਨਾਲ ਅਸੀਂ ਇਹ ਜਾਣਕਾਰੀ ਹਾਸਲ ਕਰਨ ਵਿਚ ਸਫਲ ਹੋ ਸਕਦੇ ਹਾਂ ਕਿ ਸਮਾਜਿਕ, ਮਨੋਵਿਗਿਆਨਿਕ ਤੇ ਸਭਿਆਚਾਰਿਕ ਆਦਿ ਕਾਰਣ ਭਾਸ਼ਾਵਾਂ ਨੂੰ ਨਵਰੂਪਤ (reshape) ਕਰਨ ਲਈ ਆਪਸ ਵਿਚ ਕਿਵੇਂ ਅਸਰ-ਅੰਦਾਜ਼ ਹੁੰਦੇ ਹਨ । ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਜੋ ਜੋ ਖੋਜ ਅਧਿਐਨ ਹੋ ਰਿਹਾ ਹੈ, ਉਸ ਤੋਂ ਸਾਨੂੰ ਵੱਖ ਵੱਖ ਭਾਸ਼ਾਵਾਂ ਦੇ ਆਪਸੀ ਰਿਸ਼ਤਿਆ ਬਾਰੇ ਬਹੁਤ ਮੁੱਲਵਾਨ ਅੰਤਰ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ । ਇਸੇ ਤਰ੍ਹਾਂ

ਭਾਸ਼ਾ ਦੇ ਵਿਸਤਾਰ ਤੇ ਪ੍ਰਸਾਰ ਵਿਚ ਜੋ ਉੱਨਤੀ ਤੇ ਪ੍ਰਗਤੀ ਹੋਈ ਹੈ, ਇਤਿਹਾਸਿਕ ਵਿਧੀ ਦੁਆਰਾ ਉਹ ਨੁਕਤੇ ਵੀ ਰੌਸ਼ਨ ਹੁੰਦੇ ਹਨ ।

ਖੋਜ-ਵਿਧੀਆਂ ਤੇ ਤਕਨੀਕਾਂ

ਇਤਿਹਾਸ ਦੇ ਦੂਰ-ਦੁਰੇਡੇ ਕਾਲ-ਪਰਿਪੇਖ (time-perspective) ਵਿਚ ਪ੍ਰਚਲਿਤ ਤੇ ਪ੍ਰਫੁਲਤ ਹੋਈਆਂ ਭਾਸ਼ਾਵਾਂ ਦੇ ਰੂਪ-ਨਿਰਧਾਰਨ ਤੇ ਉਨ੍ਹਾਂ ਦੀ ਮੁੜ-ਸਥਾਪਤੀ ਕਰਨ ਲਈ ਇਤਿਹਾਸਿਕ ਭਾਸ਼ਾ-ਵਿਗਿਆਨੀਆਂ ਨੇ ਕੁਝ ਖੋਜ-ਵਿਧੀਆਂ ਤੇ ਤਕਨੀਕਾਂ ਤਲਾਸ਼ ਕੀਤੀਆਂ ਹਨ ਜਿਨ੍ਹਾਂ ਦੀ ਮਦਦ ਨਾਲ ਅਜਿਹੀਆਂ ਭਾਸ਼ਾਵਾਂ ਦੀ ਰੂਪ-ਰੇਖਾ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਮੁਹਾਂਦਰੇ ਦੀ ਪਛਾਣ ਕਰਕੇ ਉਨ੍ਹਾਂ ਬਾਰੇ ਭਾਸ਼ਿਕ ਥਿਊਰੀਆਂ ਤੇ ਸਥਾਪਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ । ਖੋਜ-ਤਕਨੀਕਾਂ ਦਾ ਵੇਰਵਾ ਹਾਜ਼ਰ ਹੈ :

1. ਭਾਸ਼ਾ-ਪਰਿਵਰਤਨ : ਦਿਸ਼ਾ ਤੇ ਦਸ਼ਾ
2. ਪਰਿਵਰਤਨ ਦੇ ਕਾਰਣ
3. ਆਂਤਰਿਕ ਪੁਨਰ-ਨਿਰਮਾਣ
4. ਲਿਖਤੀ ਦਸਤਾਵੇਜ਼ ਤੇ ਪਾਠ
5. ਉਪਭਾਸ਼ਾ-ਭੂਗੋਲ
6. ਭਾਸ਼ਾ ਕਾਲ-ਵਿਗਿਆਨ
7. ਰਿਣ-ਸ਼ਬਦਾਵਲੀ
8. ਤੁਲਨਾਤਮਕ ਵਿਧੀ

ਹੁਣ ਮੁੱਖ ਮੁੱਖ ਤਕਨੀਕਾਂ ਦਾ ਵਰਣਨ ਕਰਦੇ ਹਾਂ ।

ਭਾਸ਼ਾ-ਪਰਿਵਰਤਨ ਦੀ ਦਿਸ਼ਾ ਤੇ ਦਸ਼ਾ

ਭਾਸ਼ਾ ਹਰ ਵਕਤ ਬਦਲਦੀ ਹੈ, ਇਹ ਸਚਾਈ ਹੈ । ਭਾਸ਼ਾ ਦਾ ਬਦਲਾਉ ਹੀ ਜੀਵੰਤ ਭਾਸ਼ਾ ਦੀ ਨਿਸ਼ਾਨੀ ਹੈ । ਭਾਸ਼ਾ ਦੀ ਭਾਸ਼ਿਕ ਸੰਰਚਨਾ ਵਿਚ ਹੌਲੀ ਹੌਲੀ ਤਬਦੀਲੀ ਦਾ ਹੋਣਾ ਭਾਸ਼ਾ ਦੀ ਸਰਗਰਮ ਹੋਂਦ ਦਾ ਇਕ ਅਹਿਮ ਹਿੱਸਾ ਹੈ । ਇਸ ਤਰ੍ਹਾਂ ਭਾਸ਼ਾ ਦਾ ਪਰਿਵਰਤਨ ਅਟੱਲ ਹੈ । ਭਾਸ਼ਾ ਦਾ ਇਹ ਪਰਿਵਰਤਨ ਇੰਨਾ ਬੇਮਾਲੂਮ ਹੁੰਦਾ ਹੈ ਕਿ ਪੀੜ੍ਹੀ-ਦਰ-ਪੀੜ੍ਹੀ ਲੰਘਣ ਤੋਂ ਬਾਅਦ ਹੀ ਇਸ ਦਾ ਅਹਿਸਾਸ ਹੁੰਦਾ ਹੈ । ਪੂਰਵ-ਨਾਨਕ ਕਾਲ ਦੀ ਪੰਜਾਬੀ ਭਾਸ਼ਾ ਮਗਰਲੇ ਨਾਨਕ-ਕਾਲ ਦੀ ਪੰਜਾਬੀ ਨਾਲੋਂ ਬਦਲੀ ਹੋਈ ਹੈ ਅਤੇ ਇਸੇ ਤਰ੍ਹਾਂ ਮੱਧਕਾਲੀ ਪੰਜਾਬੀ ਅਜੋਕੀ ਪੰਜਾਬੀ ਜ਼ੁਬਾਨ ਨਾਲੋਂ ਤਬਦੀਲ ਹੋਈ ਹੈ । ਸੰਸਾਰ ਦੀਆਂ ਹੋਰ ਭਾਸ਼ਾਵਾਂ ਵੀ ਪਰਿਵਰਤਨ-ਸ਼ੀਲ ਹਨ । ਸੋ ਪਰਿਵਰਤਨ ਭਾਸ਼ਾ ਦਾ ਜਮਾਂਦਰੂ ਸੁਭਾ ਹੈ ਅਤੇ ਵਿਕਾਸ-ਸ਼ੀਲਤਾ ਭਾਸ਼ਾ ਦੀ ਜਮਾਂਦਰੂ ਪ੍ਰਕਿਰਤੀ ਹੈ ।

ਇਤਿਹਾਸਿਕ ਭਾਸ਼ਾ-ਵਿਗਿਆਨ ਅਜਿਹਾ ਅਨੁਸ਼ਾਸਨ ਹੈ ਜੋ ਭਾਸ਼ਾ ਦੇ ਪਰਿਵਰਤਨ ਦੀ ਘੋਖ ਕਰਦਾ ਹੈ । ਇਸ ਬਾਰੇ ਜਿਹੜੀ ਖੋਜ-ਪ੍ਰਣਾਲੀ ਹੈ ਉਹ ਭਾਸ਼ਾ-ਪਰਿਵਰਤਨ ਤੇ ਵਰਣਨ ਦੇ ਕਾਰਨਾਂ ਦੀ ਵਿਆਖਿਆ ਕਰਨ ਵੱਲ ਰੁਚਿਤ ਹੈ । ਇਹ ਪਰਿਵਰਤਨ ਧੁਨੀਆਤਮਕ, ਰੂਪਾਤਮਕ, ਵਾਕਾਤਮਕ, ਕੋਸ਼ਗਤ ਤੇ ਅਰਥਾਤਮਕ ਆਦਿ ਸਾਰਿਆਂ ਲੈਵਲਾਂ ਤੇ ਉਪਲਬਧ ਹੁੰਦੇ ਹਨ । ਸਭ ਤੋਂ ਪਹਿਲਾਂ ਧੁਨੀਆਂ ਦੇ ਪਰਿਵਰਤਨ ਦੀ ਚਰਚਾ ਕਰਦੇ ਹਾਂ ।

ਭਾਸ਼ਿਕ ਧੁਨੀਆਂ ਦਾ ਪਰਿਵਰਤਨ : ਭਾਵੇਂ ਵਿਆਕਰਣ ਦੇ ਸਾਰੇ ਰਚਨਾਤਮਕ ਅੰਸ਼ ਵਕਤ ਦੀ ਰਫ਼ਤਾਰ ਨਾਲ ਪਰਿਵਰਤਿਤ ਹੁੰਦੇ ਹਨ ਪਰ ਪਰਿਵਰਤਨ ਦੇ ਕਈ ਨਮੂਨੇ

ਵਧੇਰੇ ਉਭਰਵੇਂ ਹੁੰਦੇ ਹਨ ਅਤੇ ਕਈ ਬੇਮਾਲੂਮ ਰਹਿੰਦੇ ਹਨ । ਭਾਸ਼ਾ ਦੇ ਜਿਹੜੇ ਖੰਡ ਵਿਚ ਪਰਿਵਰਤਨ ਤੇ ਵਿਭਿੰਨਤਾ ਬਹੁਤ ਉਭਰਵੀਂ ਸ਼ਕਲ ਵਿਚ ਦਿੱਸਦੀ ਹੈ ਉਹ ਹੈ ਭਾਸ਼ਾ ਦਾ ਧੁਨੀ-ਪੈਟਰਨ । ਧੁਨੀ-ਪਰਿਵਰਤਨ ਦੀਆਂ ਅਨੇਕਾਂ ਵੰਨਗੀਆਂ ਪਛਾਣੀਆਂ ਜਾ ਸਕਦੀਆਂ ਹਨ ।

ਧੁਨੀ-ਪਰਿਵਰਤਨ : phonetically conditioned : ਭਾਸ਼ਾ ਦੇ ਧੁਨੀ-ਪੈਟਰਨ ਵਿਚ ਪਰਿਵਰਤਨ ਕਿਸੇ ਖ਼ਾਸ ਧੁਨੀਆਤਮਕ ਵਾਤਾਵਰਣ ਦੇ ਅਸਰ ਹੇਠ ਹੀ ਅਕਸਰ ਵਾਪਰਦੇ ਹਨ । ਇਸ ਕਿਸਮ ਦੇ ਪਰਿਵਰਤਨ-ਨਮੂਨਿਆਂ ਨੂੰ phonetically conditioned ਕਿਹਾ ਜਾਂਦਾ ਹੈ । ਇਸ ਤਰ੍ਹਾਂ ਦੇ ਪਰਿਵਰਤਨਾਂ ਦੀ ਤਹਿ ਵਿਚ ਜਿਹੜੀਆਂ ਭਾਸ਼ਾਤਮਕ ਪ੍ਰਕਿਰਿਆਵਾਂ (processes) ਹਨ ਉਹ ਪ੍ਰਾਚੀਨ ਤੇ ਆਧੁਨਿਕ ਭਾਸ਼ਾਵਾਂ ਵਿਚ ਇਕ-ਸਾਰ ਕਾਰਜ ਕਰਦੀਆਂ ਹਨ । ਇਹ ਭਾਸ਼ਾਤਮਕ ਪ੍ਰਕਿਰਿਆਵਾਂ ਫੋਨੈਟਿਕਸ ਤੇ ਫੋਨਾਲੋਜੀ ਦੋਹਾਂ ਵਿਚ ਇਕੋ ਤਰ੍ਹਾਂ ਨਾਲ ਹੀ ਕਾਰਜਸ਼ੀਲ ਹੁੰਦੀਆਂ ਹਨ । ਸਭ ਤੋਂ ਪਹਿਲਾਂ ਕੁਝ ਕੁ ਭਾਸ਼ਾਤਮਕ ਪ੍ਰਕਿਰਿਆਵਾਂ ਦਾ ਜ਼ਿਕਰ ਕਰਦੇ ਹਾਂ :

ਸਮੀਕਰਣ (assimilation) : ਸਮੀਕਰਣ ਪ੍ਰਕਿਰਿਆ ਧੁਨੀ-ਪਰਿਵਰਤਨ ਦਾ ਪ੍ਰਮੁਖ ਸੋਮਾ ਹੈ ਜੋ ਵਾਰ-ਵਾਰ ਵਾਪਰਦਾ ਰਹਿੰਦਾ ਹੈ । ਇਸ ਪ੍ਰਕਿਰਿਆ ਨਾਲ ਭਾਸ਼ਾ ਦਾ ਕੋਈ ਧੁਨੀ-ਖੰਡ (segment) ਗਵਾਂਢੀ ਧੁਨੀ ਵਾਂਗੂ ਬਦਲ ਕੇ ਸਮਰੂਪ ਜਾਂ ਤਦਰੂਪ ਹੋ ਜਾਂਦਾ ਹੈ । ਨਤੀਜਾ ਇਹ ਹੁੰਦਾ ਹੈ ਕਿ ਪਹਿਲੇ ਉਚਾਰਣ ਨਾਲੋਂ ਸਮਰੂਪਿਤ ਧੁਨੀਆਂ ਦਾ ਉਚਾਰਣ ਸਰਲ ਤੇ ਸੌਖਾ ਹੋ ਜਾਂਦਾ ਹੈ । ਪੰਜਾਬੀ ਜ਼ੁਬਾਨ ਵਿਚ ਸਮੀਕਰਣ ਦੀਆਂ ਢੇਰ ਮਿਸਾਲਾਂ ਹਨ । ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸੰਸਕ੍ਰਿਤ, ਪ੍ਰਾਕਿਰਤ ਆਦਿ ਭਾਰਤ-ਆਰੀਆ (Indo-Aryan) ਭਾਸ਼ਾਵਾਂ ਜੁੜੀਆਂ ਹੋਈਆਂ ਹਨ, ਇਸ ਲਈ ਤੁਲਨਾਤਮਕ ਤਾਲਿਕਾ ਵਿਚ ਪੰਜਾਬੀ ਸ਼ਬਦਾਂ ਦੇ ਬਰਾਬਰ ਸੰਸਕ੍ਰਿਤ ਤੇ ਪ੍ਰਾਕਿਰਤ ਭਾਸ਼ਾਵਾਂ ਦੇ ਨਮੂਨੇ ਵੀ ਮਿਸਾਲਾਂ ਵਿਚ ਸ਼ਾਮਲ ਹਨ :

ਤਾਲਿਕਾ : ਪੰਜਾਬੀ ਧੁਨੀ-ਉੱਚਾਰਣ ਵਿਚ ਸਮੀਕਰਣ

ਪੰਜਾਬੀ		ਪ੍ਰਾਕਿਰਤ	ਸੰਸਕ੍ਰਿਤ	
/ਅੱਗ/	(ਅਗ੍ਗ)	/ਅਗ੍ਗਿ/	/ਅਗ੍ਨਿ/	(अग्नि)
/ਹੱਥ/	(ਹਤ੍ਥ)	/ਹਤ੍ਥ/	/ਹਸ੍ਤ/	(हस्त)
/ਕੰਮ/	(ਕਮ੍ਮ)	/ਕਮ੍ਮ/	/ਕਰ੍ਮ/	(कर्म)
/ਬੱਜ/	(ਬਜ੍ਜ)	/ਵਜ੍ਜ/	/ਵਜ੍ਰ/	(वज्र)
/ਸੱਪ/	(ਸਪ੍ਪ)	/ਸਪ੍ਪ/	/ਸਰ੍ਪ/	(सर्प)

ਸੋ /ਅਗਨਿ/ ਵਿਚ ਭਿੰਨ-ਉਚਾਰਨੀ ਗ-ਨ ਧੁਨੀਆਂ ਧੁਨੀ-ਵਿਗਿਆਨਿਕ ਵਾਤਾਵਰਣ ਵਿਚ ਪੰਜਾਬੀ ਉਚਾਰਣ ਦੇ ਅਨੁਕੂਲ ਹੋ ਕੇ ਸਮੀਕਰਣ ਦੀ ਪ੍ਰਕਿਰਿਆ ਦੁਆਰਾ ਸਮਰੂਪ ਹੋ ਗਈਆਂ ਹਨ ਅਤੇ ਸਮੀਕ੍ਰਿਤ ਪੰਜਾਬੀ ਰੂਪ ਬਣ ਗਿਆ ਹੈ : /ਅੱਗ/ । ਇਸੇ ਤਰ੍ਹਾਂ ਬਾਕੀ ਮਿਸਾਲਾਂ ਹਨ ।

ਵਿਸ਼ਮੀਕਰਣ (Dissimilation) : ਸਮੀਕਰਣ ਦੇ ਉਲਟ ਵਿਸ਼ਮੀਕਰਣ ਹੈ । ਇਹ ਪ੍ਰਕਿਰਿਆ ਘੱਟ ਵਾਪਰਦੀ ਹੈ । ਇਕੋ ਜਿਹੇ ਦੋ ਧੁਨੀ-ਖੰਡਾਂ ਨੂੰ ਉਚਾਰਣਾ ਜਦੋਂ

ਮੁਸ਼ਕਿਲ ਹੋ ਜਾਂਦਾ ਹੈ ਤਾਂ ਇਨ੍ਹਾਂ ਦੋਹਾਂ ਵਿਚੋਂ ਇਕ ਧੁਨੀ ਬਦਲ ਕੇ ਭਿੰਨ-ਉਚਾਰਣੀ ਹੋ ਜਾਂਦੀ ਹੈ । ਇਸ ਪ੍ਰਕਿਰਿਆ ਨੂੰ ਵਿਸ਼ਮੀਕਰਣ ਦਾ ਨਾਮ ਦਿੱਤਾ ਗਿਆ ਹੈ ।

ਸੰਸਕ੍ਰਿਤ ਸ਼ਬਦ /ਦਰਿਦ੍ਰ/ ਵਿਚ ਦੋ ਰ-ਧੁਨੀਆਂ ਨੇੜੇ-ਨੇੜੇ ਹਨ, ਇਸ ਲਈ ਇਨ੍ਹਾਂ ਨੂੰ ਉਚਾਰਨਾ ਔਖਾ ਹੋ ਜਾਂਦਾ ਹੈ । ਇਸ ਸਥਿਤੀ ਵਿਚ ਦੋਹਾਂ ਵਿਚੋਂ ਇਕ ਰ-ਧੁਨੀ /-ਲ-/ ਵਿਚ ਤਬਦੀਲ ਹੋ ਜਾਂਦੀ ਹੈ । ਇਹ ਵਿਸ਼ਮੀਕਰਣ ਦੀ ਪ੍ਰਕਿਰਿਆ ਹੈ ਜਿਸ ਕਰਕੇ ਸੰ. /ਦਰਿਦ੍ਰ/ ਦੀ ਪੰਜਾਬੀ ਵੰਨਗੀ /ਦਲਿਦਰ/ ਹੈ । ਇਸੇ ਪ੍ਰਕਿਰਿਆ ਦੇ ਤਹਿਤ ਸੰ. /ਲਾਂਗੂਲ/ ਪੰਜਾਬੀ /ਲੰਗੂਰ/ ਵਿਚ ਰੂਪਾਂਤਰ ਹੋਇਆ ਹੈ ।

ਮਧਿਆਗਮ (Epenthesis) : ਇਸ ਨੂੰ ਧੁਨੀ-ਖੰਡ ਵਿਰਧੀ (segment addition) ਵੀ ਕਿਹਾ ਜਾਂਦਾ ਹੈ । ਕਿਸੇ ਉਚਾਰਣੀ ਵਾਤਾਵਰਣ ਦੇ ਅਧੀਨ ਵਾਧੂ ਵਿਅੰਜਨ ਜਾਂ ਸਵਰ ਧੁਨੀ ਦਾ ਆਗਮ ਹੋ ਜਾਣਾ ਮਧਿਆਗਮ ਦੀ ਪ੍ਰਕਿਰਿਆ ਹੈ । ਮਧਿਆਗਮ ਦੇ ਨਮੂਨੇ ਪੇਸ਼ ਹਨ :

ਤਾਲਿਕਾ : ਪੰਜਾਬੀ ਸ਼ਬਦਾਵਲੀ ਵਿਚ ਮੱਧਿਆਗਮ

ਪੰਜਾਬੀ	*ਸੰਸਕ੍ਰਿਤ*	*Old English*	*Modern English*
/ਸਰਾਪ/	/ਸ਼ਾਪ/	/timr/	/timber/
/ਸੁਰਜਨ /	/ ਸੁਜਨ /	/glimsian/	/glimpse/
/ਸਰਗੁਣ/	/ਸਗੁਣ/		
/ਚਾਤ੍ਰਿਕ /	/ਚਾਤਕ/		

ਉਪਰਕੋਤ ਮਧਿਆਗਮ ਦੇ ਪੰਜਾਬੀ ਨਮੂਨੇ *ਸਰਾਪ, ਸੁਰਜਨ,* ਤੇ *ਸਰਗੁਣ* ਵਿਚ /-ਰ-/ segment additions ਹਨ ।

ਇਸ ਪ੍ਰਕਾਰ phonetically conditioned ਧੁਨੀ-ਪਰਿਵਰਤਨ ਵਿਚ ਹੋਰ ਵੀ ਕਈ ਪ੍ਰਕਿਰਿਆਵਾਂ ਕਾਰਜਸ਼ੀਲ ਹੁੰਦੀਆਂ ਹਨ, ਥਾਂ ਦੀ ਕਮੀ ਕਰਕੇ ਇਨ੍ਹਾਂ ਦਾ ਸਪਸ਼ਟੀਕਰਣ ਨਹੀਂ ਦਿੱਤਾ ਜਾਂਦਾ । ਇਨ੍ਹਾਂ ਵਿਚੋਂ ਮੁੱਖ ਮੁੱਖ ਇਹ ਹਨ :

Syncope (ਮੱਧ-ਸਵਰ-ਲੋਪ), apocope (ਅੰਤ-ਸਵਰ-ਲੋਪ), anaptyxis (ਸਵਰ-ਭਕਤੀ), nazalisation (ਨਾਸਿਕੀਕਰਣ), metathesis (ਧੁਨੀ-ਵਟਾਂਦਰਾ), prothesis (ਆਦਿ- ਸਵਰਾਗਮ), elision (ਸਵਰ-ਲੋਪ ਤੇ ਵਿਅੰਜਨ-ਲੋਪ), palatalisation (ਤਾਲਵੀਕਰਣ), *retroflexion* (ਮੂਰਧਨੀਕਰਣ), compensatory lengthening (ਹਾਨੀ-ਪੂਰਤੀ), ਆਦਿ । ਇਨ੍ਹਾਂ ਸਾਰਿਆਂ ਦੀਆਂ ਮਿਸਾਲਾਂ ਪੰਜਾਬੀ ਜ਼ੁਬਾਨ ਵਿਚ ਚੰਗੀ ਤਰ੍ਹਾਂ ਮਿਲਦੀਆਂ ਹਨ ।

ਧੁਨੀਆਤਮਕ ਪਰਿਵਰਤਨ : non-phonetically conditioned : ਇਸ ਦੇ ਨਮੂਨੇ ਵੀ ਆਮ ਭਾਸ਼ਾਵਾਂ ਵਿਚ ਮਿਲਦੇ ਹਨ । ਕਈ ਥਾਂ ਧੁਨੀਆਤਮਕ ਵਾਤਾਵਰਣ ਵਿਚ ਕੋਈ ਖ਼ਾਸ ਪ੍ਰੇਰਨਾ ਜਾਂ ਕੋਈ ਖ਼ਾਸ ਪ੍ਰਕਿਰਿਆ ਕਾਰਜਸ਼ੀਲ ਨਹੀਂ ਹੁੰਦੀ, ਪਰ ਫੇਰ ਵੀ ਧੁਨੀ-ਪਰਿਵਰਤਨ ਹੋ ਜਾਂਦਾ ਹੈ । ਮਸਲਨ ਖੜੀ-ਬੋਲੀ ਹਿੰਦੀ ਦੇ ਸ਼ਬਦ 'ਬਾਦਲ' 'ਕਾਲਾ' ਹਨ ਪਰ ਹਿੰਦੀ-ਡਾਇਲੈਕਟ ਬ੍ਰਜ ਭਾਸ਼ਾ ਵਿਚ ਇਹ ਦੋਵੇਂ ਤਰਤੀਬ-ਵਾਰ 'ਬਦਰੀਆ' ਅਤੇ 'ਕਾਰੋ' ਉਪਲਬਧ ਹੁੰਦੇ ਹਨ । ਪੰਜਾਬੀ ਦੇ ਪ੍ਰਸੰਗ ਵਿਚ ਗੁਰੂਬਾਣੀ (ਸੁਖਮਨੀ)

ਵਿਚ ਦੋ ਪੰਗਤੀਆਂ ਹਨ :

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ।
ਤੁਮਰੀ ਕਿਰਪਾ ਮਹਿ ਸੂਖ ਘਨੇਰੇ ।

ਏਥੇ ਪੰਜਾਬੀ ਵਿਚ ਬਹੁ-ਪ੍ਰਚਲਿਤ 'ਬਾਲਕ' ਨੂੰ 'ਬਾਰਿਕ' ਉਚਾਰਿਆ ਹੈ ਜਿਸ ਵਿਚ ਕੋਈ ਖ਼ਾਸ ਕਾਰਣ ਮਾਲੂਮ ਨਹੀਂ ਹੁੰਦਾ । ਇਹ *ਅਕਾਰਣ ਪਰਿਵਰਤਨ* ਦੀਆਂ ਮਿਸਾਲਾਂ ਹਨ ।

ਧੁਨੀ-ਪਰਿਵਰਤਨ : Phonological : ਹੁਣ ਤਕ ਜੋ ਵੰਨਗੀਆਂ ਪੇਸ਼ ਕੀਤੀਆਂ ਗਈਆਂ ਹਨ ਉਹ phonetic ਧੁਨੀ-ਪਰਿਵਰਤਨ ਦੇ ਨਮੂਨੇ ਹਨ, ਪਰੰਤੂ ਇਸ ਤੋਂ ਇਲਾਵਾ phonological ਧੁਨੀ-ਪਰਿਵਰਤਨ ਦੀ ਘਟਨਾ ਵੀ ਹੁੰਦੀ ਹੈ, ਜਿੱਥੇ ਧੁਨੀ-ਪਰਿਵਰਤਨ ਕਿਸੇ ਖ਼ਾਸ ਭਾਸ਼ਾ ਦੀ phonology (ਧੁਨੀਮ-ਵਿਉਂਤ) ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ । ਜਿਵੇਂ :

(ੳ) ਕਿਤੇ ਇਕੋ ਫੋਨੀਮ ਦੇ ਦੋ ਐਲੋਫੋਨ ਆਪਸੀ ਵਿਰੋਧ ਪੈਦਾ ਕਰਦੇ ਹਨ, ਇਸ ਲਈ ਨਵਾਂ ਫੋਨੀਮ ਸਿਰਜ ਦਿੰਦੇ ਹਨ, ਇਸ ਪ੍ਰਕਿਰਿਆ ਨੂੰ phonological split ਕਿਹਾ ਜਾਂਦਾ ਹੈ ।

(ਅ) ਕਿਤੇ ਦੋ ਫੋਨੀਮ ਇਕ ਦੂਜੇ ਵਿਚ ਲੀਨ ਹੋ ਕੇ ਇਕੋ ਫੋਨੀਮ ਬਣ ਜਾਂਦੇ ਹਨ, ਇਹ phonological merger ਹੈ, ਇਸ ਨਾਲ ਉਸ ਖ਼ਾਸ ਭਾਸ਼ਾ ਵਿਚ ਫੋਨੀਮਾਂ ਦੀ ਗਿਣਤੀ (inventory of phonemes) ਘਟ ਜਾਂਦੀ ਹੈ ।

(ੲ) ਅਤੇ ਇਸ ਤੋਂ ਇਲਾਵਾ phonological shift ਵੀ ਹੈ ਜਿੱਥੇ ਫੋਨੀਮਾਂ ਦੀ ਸ਼੍ਰੇਣੀ ਹੀ ਪਰਿਵਰਤਨਸ਼ੀਲ ਹੁੰਦੀ ਹੈ, ਨਤੀਜੇ ਵਜੋਂ ਉਨ੍ਹਾਂ ਦਾ ਸੰਗਠਨ ਪ੍ਰਭਾਵਿਤ ਹੁੰਦਾ ਹੈ । ਮਿਡਲ ਇੰਗਲਿਸ਼ ਵਿਚ the great vowel shift ਇਸ ਦੀ ਢੁਕਵੀਂ ਮਿਸਾਲ ਹੈ ।

ਰੂਪਾਤਮਕ ਪਰਿਵਤਨ (morphological change)

ਸਭ ਤੋਂ ਵੱਧ ਵਿਆਪਕ ਪੈਮਾਨੇ ਤੇ ਜਿਹੜਾ ਰੂਪਾਤਮਕ ਪਰਿਵਰਤਨ ਵਾਪਰਦਾ ਹੈ ਉਹ ਵਧੇਤਰਾਂ (ਅਗੇਤਰ, ਮਧੇਤਰ, ਪਿਛੇਤਰ) ਦੇ ਲੋਪ ਤੇ ਵਿਰਧੀ (loss and addition) ਦੀ ਸ਼ਕਲ ਵਿਚ ਪ੍ਰਾਪਤ ਹੁੰਦਾ ਹੈ । ਹਰ ਭਾਸ਼ਾ ਵਿਚ ਇਹ ਪ੍ਰਪੰਚ ਮਿਲਦਾ ਹੈ ।

ਵਿਰਧੀ ਤੇ ਲੋਪ : ਪੰਜਾਬੀ ਭਾਸ਼ਾ ਦੇ ਮੱਧ ਯੁਗ ਵਿਚ ਫ਼ਾਰਸੀ/ਅਰਬੀ ਦੇ ਅਸਰ ਕਰਕੇ ਰਿਣ (borrowing) ਦੀ ਸੂਰਤ ਵਿਚ ਢੇਰ ਸਾਰੇ ਅਗੇਤਰਾਂ-ਪਿਛੇਤਰਾਂ ਦਾ ਵਾਧਾ ਹੋਇਆ ਹੈ । ਫ਼ਾਰਸੀ ਦੇ ਅਗੇਤਰ-ਮਾਰਫੀਮ ਅਤੇ ਪਿਛੇਤਰ-ਮਾਰਫੀਮ ਪੰਜਾਬੀ ਭਾਸ਼ਾ ਦੀ ਮਾਰਫਾਲੋਜੀ (ਰੂਪੀਮ-ਸੰਰਚਨਾ) ਵਿਚ ਦਾਖ਼ਲ ਹੋਏ ਹਨ । ਪੰਜਾਬੀ ਦੇ ਨਾਂਵਾਂ, ਤੇ ਵਿਸ਼ੇਸ਼ਣਾਂ ਨਾਲ ਜੁੜੇ ਫ਼ਾਰਸੀ ਦੇ ਅਗੇਤਰ-ਮਾਰਫੀਮ ਦੀਆਂ ਮਿਸਾਲਾਂ ਵੇਖੋ ਜੋ ਵਿਰਧੀ ਦੇ ਨਮੂਨੇ ਹਨ :

ਫ਼ਾਰਸੀ ਦਾ ਅਗੇਤਰ ਮਾਰਫੀਮ : {ਬੇ-}

1. ਅਗੇਤਰ + ਨਾਂਵ → ਵਿਸ਼ੇਸ਼ਣ (ਬੇ + ਢੰਗਾ =ਬੇਢੰਗਾ)
2. ਅਗੇਤਰ + ਨਾਂਵ → ਵਿਸ਼ੇਸ਼ਣ (ਬੇ+ ਤਰਸ = ਬੇਤਰਸ)

ਫ਼ਾਰਸੀ ਦਾ ਪਿਛੇਤਰ ਮਾਰਫੀਮ . *(-ਗੀ)*

1. ਨਾਂਵ + ਪਿਛੇਤਰ → ਨਾਂਵ (ਪ੍ਰਧਾਨ + ਗੀ = ਪ੍ਰਧਾਨਗੀ)
2. ਵਿਸ਼ੇਸ਼ਣ + ਪਿਛੇਤਰ → ਨਾਂਵ (ਵਿਚੋਲਾ + ਗੀ = ਵਿਚੋਲਗੀ)

ਲੋਪ ਦੇ ਨਮੂਨੇ

ਕਾਰਕ-ਵਿਭਕਤੀਆਂ ਅਤੇ ਕਾਰਕੀ ਪਿਛੇਤਰਾਂ ਦਾ ਲੋਪ

ਰੂਪਾਤਮਕ ਪਰਿਵਰਤਨ ਦੇ ਸੰਬੰਧ ਵਿਚ ਵਿਭਕਤੀ ਤੇ ਕਾਰਕੀ ਪਿਛੇਤਰਾਂ ਦਾ ਜੋ ਲੋਪ ਹੁੰਦਾ ਹੈ ਹੁਣ ਉਸ ਦੇ ਬਾਰੇ ਚਰਚਾ ਕੀਤੀ ਜਾਂਦੀ ਹੈ। ਪ੍ਰਾਚੀਨ ਤੇ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾਵਾਂ ਜਿਵੇਂ *ਵੈਦਿਕ ਸੰਸਿਕ੍ਰਤ, ਕਲਾਸੀਕਲ ਸੰਸਕ੍ਰਿਤ, ਪ੍ਰਾਕਿਰਤ* ਆਦਿ ਵਿਚ ਜਟਿਲ ਵਿਭਕਤੀ-ਸਿਸਟਮ ਮਿਲਦਾ ਹੈ। ਕਾਰਕਾਂ ਦੀ marking ਦੇ ਤੌਰ ਤੇ ਪਿਛੇਤਰੀ ਚਿੰਨ੍ਹ ਹਨ। ਸੰਸਕ੍ਰਿਤ ਦੇ ਨਾਂਵ/ਵਿਸ਼ੇਸ਼ਣ ਰੂਪ ਤਿੰਨ ਲਿੰਗਾਂ ਵਿਚ ਵੰਡੇ ਹੋਏ ਹਨ, ਪੁਲਿੰਗ, ਇਸਤ੍ਰੀਲਿੰਗ, ਨਪੁੰਸਕ। *ਲਿੰਗ-ਸ਼ਰੇਣੀ* ਦਾ ਆਧਾਰ ਕੁਦਰਤੀ ਸੈਕਸ-ਵੰਡ ਨਹੀਂ ਹੈ। ਮਸਲਨ ਸੰ. 'ਜਲੰ' ਨਾ ਪੁਲਿੰਗ ਤੇ ਨਾ ਹੀ ਇਸਤ੍ਰੀ ਲਿੰਗ ਹੈ, ਬਲਕਿ ਇਹ ਨਪੁੰਸਕ ਲਿੰਗ ਹੈ। ਅੰਤਲੀ ਪਿਛੇਤਰੀ ਟਿੱਪੀ (ੰ) ਨਪੁੰਸਕ ਦਾ ਪਿਛੇਤਰੀ-ਮਾਰਫੀਮ ਹੈ। ਹਰ ਨਾਂਵ ਜਾਂ ਵਿਸੇਸਣ ਲਿੰਗ-ਸਰੇਣੀ ਵੱਖਰੇ ਵੱਖਰੇ ਕਾਰਕੀ ਪਿਛੇਤਰਾਂ ਨਾਲ ਜੁੜੀ ਹੋਈ ਹੈ, ਪੁਲਿੰਗ ਸ਼ਰੇਣੀ ਦੇ ਵਖਰੇ ਪਿਛੇਤਰ ਹਨ, ਇਸਤ੍ਰੀ ਲਿੰਗ ਦੇ ਵੱਖਰੇ, ਅਤੇ ਇਸੇ ਤਰ੍ਹਾਂ ਨਪੁੰਸਕ ਲਿੰਗ ਦੇ ਵੱਖਰੇ case-endings ਹਨ।

ਲੇਕਿਨ ਸਮੇਂ ਦੀ ਰਫਤਾਰ ਵਿਚ ਪੰਜਾਬੀ, ਹਿੰਦੀ, ਗੁਜਰਾਤੀ, ਬੰਗਾਲੀ ਆਦਿ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਵਿਭਕਤੀ-ਸਿਸਟਮ ਤੇ ਕਾਰਕੀ markings ਹੌਲੀ ਹੌਲੀ ਲੋਪ ਹੁੰਦੇ ਗਏ। ਉਨ੍ਹਾਂ ਦੀ ਥਾਂ ਸੰਬੰਧਕ ਤੇ ਸੰਬੰਧਕੀ ਫਰੇਜ਼ ਜਾਰੀ ਹੋਏ ਹਨ। ਪੰਜਾਬੀ ਜ਼ੁਬਾਨ ਵਿਚ ਅਜੇ ਵੀ ਅਪਾਦਾਨ ਤੇ ਅਧਿਕਰਣ ਕਾਰਕੀ ਪਿਛੇਤਰ ਪ੍ਰਚਲਿਤ ਹਨ। ਨਪੁੰਸਕ ਲਿੰਗ ਸਿਸਟਮ ਉੱਕਾ ਹੀ ਲੋਪ ਹੋ ਗਿਆ ਹੈ, ਸਿਰਫ ਗੁਜਰਾਤੀ ਵਿਚ ਨਪੁੰਸਕ ਲਿੰਗ ਦੀ marking ਮਿਲਦੀ ਹੈ। ਰੂਪਸੀ-ਵਿਉਂਤ ਵਿਚ ਇਹ ਲੋਪ ਦੇ ਨਮੂਨੇ ਹਨ।

ਵਾਕਾਤਮਕ ਪਰਿਵਰਤਨ (syntactic change)

ਵਿਆਕਰਣ ਦੇ ਹੋਰ ਰਚਨਾਤਮਕ ਅੰਗਾਂ, ਵਾਂਗੂ syntax (ਵਾਕ-ਵਿਉਂਤ) ਵੀ ਪਰਿਵਰਤਨ ਦੇ ਅਧੀਨ ਰਹਿੰਦਾ ਹੈ। "ਵਾਕਾਤਮਕ ਪਰਿਵਰਤਨ" ਆਮ ਤੌਰ ਤੇ phrase-structure rules of transfrormation ਵਿਚ ਵਿਕਾਰ ਪੈਦਾ ਕਰ ਸਕਦਾ ਹੈ। ਮਿਸਾਲ ਦੇ ਤੌਰ ਤੇ, ਸਾਰੀਆਂ ਭਾਸ਼ਾਵਾਂ ਕਰਤਾ ਤੇ ਕਰਮ ਦੇ ਦਰਮਿਆਨ ਵਿਰੋਧ ਸਥਾਪਿਤ ਕਰਦੀਆਂ ਹਨ। ਅਜਿਹੇ ਵਿਰੋਧਾਂ (contrasts) ਦੀ ਪ੍ਰਤਿਨਿਧਤਾ ਲਈ ਦੋ ਜੁਗਤਾਂ ਵਰਤੀਆਂ ਜਾਂਦੀਆਂ ਹਨ : (1) ਕਾਰਕੀ ਚਿੰਨ੍ਹਾਂ (case marking) ਦੀ ਵਰਤੋਂ, ਅਤੇ (2) ਵਾਕ ਵਿਚ ਸ਼ਬਦ-ਕ੍ਰਮ ਦਾ ਨਿਰਧਾਰਣ।

ਸੰਸਾਰ ਵਿਚ ਭਾਸ਼ਾਵਾਂ ਦੀ ਵਾਕ-ਬਣਤਰ ਦੋ ਕਿਸਮਾਂ ਦੀ ਮਿਲਦੀ ਹੈ :

(1) ਸੰਬੰਧ ਮੁਖ ਬਣਤਰ, ਅਤੇ (2) ਸਥਾਨ-ਮੁਖ ਬਣਤਰ। ਵਿਜੋਗਾਤਮਕ ਭਾਸ਼ਾਵਾਂ ਦਾ ਵਾਕ-ਸੰਗਠਨ ਸਥਾਨ-ਮੁੱਖ ਬਣਤਰ ਵਾਲਾ ਹੁੰਦਾ ਹੈ ਅਤੇ ਸੰਜੋਗਾਤਮਕ ਭਾਸ਼ਾਵਾਂ ਦਾ ਵਾਕ-ਸੰਗਠਨ ਸੰਬੰਧ-ਮੁਖ ਹੁੰਦਾ ਹੈ। ਵਿਜੋਗਾਤਮਕ ਭਾਸ਼ਾਵਾਂ ਵਿਚ ਵਾਕਾਂ ਦੇ ਸੰਦਰਭ

ਵਿਚ ਸਥਾਨ ਦਾ ਬੜਾ ਮਹੱਤਵ ਹੈ । ਇਨ੍ਹਾਂ ਦੇ ਵਾਕਾਂ ਵਿਚ ਕਰਤਾ + ਕਰਮ + ਕਿਰਿਆ + ਸਹਾਇਕ ਕਿਰਿਆ ਆਦਿ ਵਿਆਕਰਣਿਕ ਖੰਡ ਇਕ ਨਿਸ਼ਚਿਤ ਸਥਾਨਗਤ ਤਰਤੀਬ ਵਿਚ ਆਉਂਦੇ ਹਨ । ਇਨ੍ਹਾਂ ਦਾ ਇਕ ਨਿਸ਼ਚਿਤ ਕ੍ਰਮ-ਮੂਲਕ ਪੈਟਰਨ ਹੁੰਦਾ ਹੈ। ਪੰਜਾਬੀ, ਹਿੰਦੀ, ਅਸਾਮੀ, ਮਰਾਠੀ, ਅੰਗ੍ਰੇਜ਼ੀ ਵਿਚ ਵਾਕ-ਸੰਰਚਨਾ ਸਥਾਨ-ਮੁਖ ਬਣਤਰ ਤੇ ਆਧਾਰਿਤ ਹੈ ।

ਦੂਜੇ ਪਾਸੇ ਸੰਜੋਗਾਤਮਕ ਭਾਸ਼ਾਵਾਂ ਵਿਚ ਵਾਕ ਸੰਬੰਧ-ਮੁਖ ਬਣਤਰ ਵਾਲੇ ਹੁੰਦੇ ਹਨ । ਸੰਸਕ੍ਰਿਤ, ਗ੍ਰੀਕ, ਲੈਟਿਨ ਦੇ ਵਾਕਾਤਮਕ ਸੰਗਠਨ ਸੰਬੰਧ-ਮੁਖ ਹਨ । ਇਨ੍ਹਾਂ ਵਿਚ ਵਿਭਕਤੀ ਸਿਸਟਮ ਹੈ ਜੋ ਸ਼ਬਦਾਂ ਦੇ ਨਾਲ ਹੀ ਜੁੜੇ ਰਹਿੰਦੇ ਹਨ । ਕਰਤਾ, ਕਰਮ, ਕਿਰਿਆ ਦਾ ਕੋਈ ਸ਼ਬਦ ਕ੍ਰਮ ਨਹੀਂ ਹੈ, ਸਗੋਂ ਵਿਭਕਤੀ ਪਿਛੇਤਰਾਂ ਤੋਂ ਹੀ ਕਰਤਾ, ਕਰਮ ਦਾ ਬੋਧ ਹੁੰਦਾ ਹੈ । ਵੈਦਿਕ, ਸੰਸਕ੍ਰਿਤ, ਪ੍ਰਾਕਿਰਤ ਭਾਸ਼ਾਵਾਂ ਵਿਭਕਤੀ-ਮੁਖ ਭਾਸ਼ਾਵਾ ਹਨ । ਪਰ ਇਨ੍ਹਾ ਤੋਂ ਅੱਗੇ ਵਿਕਸਿਤ ਹੋਈਆ ਹਿੰਦੀ, ਪੰਜਾਬੀ ਆਦਿ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾ ਸਥਾਨ-ਮੁਖ ਬਣਤਰ ਵਾਲੀਆਂ ਹੋ ਗਈਆ ਹਨ । ਵਾਕਾਤਮਕ ਪਰਿਵਰਤਨ ਦੇ ਕੁਝ ਉਦਾਹਰਣ ਹੇਠਾਂ ਦਰਜ ਹਨ । ਪਹਿਲਾ ਸੰਬੰਧ-ਮੁਖ ਬਣਤਰ ਵਾਲੇ ਸੰਸਕ੍ਰਿਤ ਵਾਕਾਂ/ਉਪਵਾਕਾ ਦਾ ਸ਼ਬਦ-ਕ੍ਰਮ ਅੰਕਿਤ ਕੀਤਾ ਜਾਂਦਾ ਹੈ । (S = subject, O = object, V= verb ਦੇ ਸੰਖੇਪ ਦਿਖਾਏ ਗਏ ਹਨ)

ਸੰਸਕ੍ਰਿਤ ਵਾਕਾਂ/ਉਪਵਾਕਾਂ ਵਿਚ ਸ਼ਬਦ-ਕ੍ਰਮ ਦੇ ਪੈਟਰਨ

ਵਾਕ ਹੈ "ਰਾਜਾ ਵਚਨੰ ਅਬ੍ਰਵੀਤ"	(राजा वचनं अब्रवीत्)*
(1) ਰਾਜਾ ਵਚਨੰ ਅਬ੍ਰਵੀਤ	(2) ਅਬ੍ਰਵੀਤ ਰਾਜਾ ਵਚਨੰ
(3) ਵਚਨੰ ਅਬ੍ਰਵੀਤ ਰਾਜਾ	(4) ਰਾਜਾ ਅਬ੍ਰਵੀਤ ਵਚਨੰ

ਇਸ ਤਰ੍ਹਾਂ ਸੰਸਕ੍ਰਿਤ ਵਿਚ ਵਾਕ-ਸੰਗਠਨ ਦੇ ਚਾਰ ਪੈਟਰਨ ਹਨ : SOV, VSO, OVS ਅਤੇ SVO । ਸ਼ਬਦਾਂ ਦਾ ਕ੍ਰਮ ਬਝਵਾਂ ਨਹੀਂ ਹੈ । ਪੈਟਰਨ ਦੀ ਤਬਦੀਲੀ ਨਾਲ ਅਰਥਾ ਵਿਚ ਫਰਕ ਨਹੀਂ ਹੁੰਦਾ ।

ਸਥਾਨ ਮੁਖ ਬਣਤਰ ਵਾਲੇ ਪੰਜਾਬੀ ਵਾਕ-ਸੰਗਠਨ ਦੀ ਸ਼ਬਦਾਤਮਕ ਤਰਤੀਬ ਲਗਭਗ ਨਿਸਚਿਤ ਹੁੰਦੀ ਹੈ ਜੋ ਅਮੂਮਨ SOV ਹੈ । ਮਿਸਾਲ ਵਜੋਂ ਇਕ ਪੰਜਾਬੀ ਵਾਕ ਹੈ :

S O V

ਘੋੜੇ ਨੇ ਪਾਣੀ ਪੀਤਾ

S O V

ਪੰਜਾਬੀ, ਹਿੰਦੀ, ਉਰਦੂ ਆਦਿ ਦਾ ਸ਼ਬਦ-ਕ੍ਰਮ SOV ਹੈ ਜੋ ਸਥਾਨਗਤ ਤਰਤੀਬ ਵਿਚ ਨਿਸ਼ਚਿਤ ਹੈ । ਕਿਤੇ ਕਿਤੇ ਪ੍ਰਵਕਤਾ ਦੀ ਸੰਵੇਦਨਾ ਤੇ ਸ਼ੈਲੀ-ਵਿਸ਼ੇਸ਼ ਕਰਕੇ ਵਾਕ ਵਿਚਲਾ ਸ਼ਬਦ-ਕ੍ਰਮ ਅਗੇ-ਪਿਛੇ ਹੋ ਸਕਦਾ ਹੈ ।

ਅਰਥਾਤਮਕ ਪਰਿਵਰਤਨ (semantic change)

ਭਾਵੇਂ ਅਰਥਾਤਮਕ ਪਰਿਵਰਤਨ ਹਰ ਭਾਸ਼ਾ ਵਿਚ ਨਿਰੰਤਰ ਵਾਪਰਦਾ ਰਹਿੰਦਾ ਹੈ ਪਰ ਇਹ ਪਰਿਵਰਤਨ ਧੀਮੀ ਗਤੀ ਵਿਚ ਚਲਦਾ ਹੈ । ਇਕ ਅਰਥ ਤੋਂ ਦੂਜੇ ਉਪਰੇ

---

* *ਪੰਜਾਬੀ ਅਨੁਵਾਦ ਹੈ "ਤਾਂ ਰਾਜਾ ਵਚਨ ਬੋਲਿਆ"। ਸੰਸਕ੍ਰਿਤ ਵਿਚ ਸ਼ਬਦ-ਕ੍ਰਮ ਦੇ ਹੋਰ ਉਦਾਹਰਣ ਹਨ : "ਵਚਨੰ ਉਵਾਚ ਮਧੁਸੂਦਨ :"*

ਅਰਥ ਨਾਲ ਰਿਸ਼ਤਾ ਜੋੜਨ ਲਈ ਸ਼ਬਦ ਨੂੰ ਕਿਸੇ ਨਾ ਕਿਸੇ ਪ੍ਰਕਿਰਿਆ ਥਾਣੀਂ ਲੰਘਣਾ ਪੈਂਦਾ ਹੈ। ਇਹ ਪ੍ਰਕਿਰਿਆ ਚਤੁਰਮੁਖੀ ਹੈ ਜਿਸ ਕਰਕੇ ਅਰਥਗਤ ਪਰਿਵਰਤਨ ਦੇ ਚਾਰ ਪੈਟਰਨ ਉਭਰਦੇ ਹਨ। ਪਰਿਵਰਤਨ-ਕਾਰੀ ਹਰੇਕ ਪ੍ਰਕਿਰਿਆ ਦਾ ਵਰਣਨ ਤੇ ਦ੍ਰਿਸ਼ਟਾਂਤੀਕਰਣ ਪੇਸ਼ ਹੈ।

(1) *Semantic broadening* (ਅਰਥ-ਵਿਸਤਾਰਨ) : ਅਰਥਾਤਮਕ ਲੈਵਲ ਤੇ ਪਰਿਵਰਤਨ-ਕਾਰੀ ਇਸ ਪ੍ਰਕਿਰਿਆ ਵਿਚ ਕਿਸੇ ਸ਼ਬਦ ਦਾ ਅਰਥ ਪੂਰਵ-ਵਰਤੀ ਅਰਥ ਨਾਲੋਂ ਵਧੇਰੇ ਵਿਸਤਾਰ-ਸ਼ੀਲ ਤੇ ਗ੍ਰਹਿਣਸ਼ੀਲ (inclusive) ਹੋ ਜਾਂਦਾ ਹੈ ਜਿਸ ਕਰਕੇ ਉਸ ਸ਼ਬਦਾਰਥ ਵਿਚ ਹੋਰ ਅਰਥਾਂਸ਼ ਵੀ ਜੁੜ ਜਾਂਦੇ ਹਨ। ਮਿਸਾਲਾਂ ਪੇਸ਼ ਹਨ :

ਤਾਲਿਕਾ : ਅਰਥ-ਵਿਸਤਾਰਨ (Semantic broadening)

ਸ਼ਬਦ	ਪੁਰਾਣਾ ਅਰਥ	ਨਵਾਂ ਅਰਥ
ਸਿਆਹੀ	ਸਿਰਫ ਕਾਲੇ ਰੰਗ ਦੀ ਸਿਆਹੀ	ਲਾਲ, ਹਰੀ ਤੇ ਕਾਲੀ ਸਿਆਹੀ
ਤੇਲ	ਸਿਰਫ ਤਿਲਾਂ ਦਾ ਤੇਲ	ਮਿੱਟੀ ਦਾ ਤੇਲ, ਸਰ੍ਹੋਂ ਦਾ ਤੇਲ

(2) *Semantic narrowing* (ਅਰਥ-ਸੰਕੋਚਨ) : ਇਸ ਪ੍ਰਕਿਰਿਆ ਵਿਚ ਕਿਸੇ ਸ਼ਬਦ ਦਾ ਅਰਥ ਪੂਰਵ-ਵਰਤੀ ਨਾਲੋਂ ਸੰਕੁਚਿਤ ਹੋ ਕੇ ਪਹਿਲੋਂ ਨਾਲੋਂ ਤੰਗ ਤੇ ਅਲਪਾਰਥੀ ਹੋ ਜਾਂਦਾ ਹੈ। ਮਿਸਾਲ ਦੇ ਤੌਰ ਤੇ, ਪੰਜਾਬੀ ਸ਼ਬਦ "ਮੁਰਗਾ/ਮੁਰਗ਼" ਦਾ ਫਾਰਸੀ-ਮੂਲਕ ਅਰਥੀਮ "ਕੋਈ ਵੀ ਪੰਛੀ" ਸੀ ਪਰ ਹੁਣ ਮੁਰਗਾ ਸਿਰਫ ਕੁੱਕੜ ਦੇ ਅਰਥੀਮ ਵਿਚ ਸੁੰਗੜ ਗਿਆ ਹੈ। ਏਸੇ ਤਰ੍ਹਾਂ ਸੰਸਕ੍ਰਿਤ ਸ਼ਬਦ "ਮ੍ਰਿਗ" ਦਾ ਪੁਰਾਣਾ ਅਰਥ "ਕੋਈ ਵੀ ਜਾਨਵਰ" ਸੀ ਪਰ ਹੁਣ ਸੰਸਕ੍ਰਿਤ ਅਤੇ ਪੰਜਾਬੀ ਸਮੇਤ ਭਾਰਤੀ ਆਰੀਆ ਭਾਸ਼ਾਵਾਂ ਵਿਚ *ਮਿਰਗ* ਸਿਰਫ *ਹਿਰਨ/ਹਰਨ* ਦੇ ਅਰਥੀਮ ਵਿਚ ਸੰਕੁਚਿਤ ਹੋ ਗਿਆ ਹੈ।

(3) *Semantic shift* (ਅਰਥਾਂਤਰਣ) : ਇਸ ਪ੍ਰਕਿਰਿਆ ਵਿਚ ਸ਼ਬਦ ਆਪਣਾ ਮੂਲ ਅਰਥ ਤਿਆਗ ਕੇ ਨਵੇਂ ਅਰਥਾਂਸ਼ ਨਾਲ ਜੁੜ ਜਾਂਦਾ ਹੈ। ਆਮ ਤੌਰ ਤੇ ਨਵਾਂ ਅਰਥਾਂਸ਼ ਪਹਿਲੇ ਮੂਲ-ਅਰਥ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਸੰਬੰਧਿਤ ਹੁੰਦਾ ਹੈ। ਕੁਝ ਉਦਾਹਰਣ ਪ੍ਰਸਤੁਤ ਹਨ :

ਤਾਲਿਕਾ : semantic shift ਅਰਥਾਂਤਰਨ

ਸ਼ਬਦ	ਪੁਰਾਣਾ ਅਰਥ	ਨਵਾਂ ਅਰਥਾਂਸ਼
ਗੰਵਾਰ	ਗ੍ਰਾਮਵਾਸੀ, ਪੇਂਡੂ	ਸਿੱਧੜ, ਉਜੱਡ, rustic
ਮੰਦਿਰ	ਰਾਜ-ਮਹਲ, ਸ਼ਾਨਦਾਨ ਭਵਨ	ਦੇਵਾਲਯ, ਪੂਜਾਸਥਾਨ
ਖੀਰ	ਦੁੱਧ	ਤਸਮਈ, ਦੁੱਧਚੌਲੀ

(4) *Metaphor* (ਰੂਪਕ/ਲੱਖਣਾਰਥ) : ਮੈਟਾਫਰ ਇਕ ਅਲੰਕਾਰ ਹੈ। ਇਸ ਨੂੰ ਲਿਟਰੇਰੀ ਭਾਸ਼ਾ ਵਿਚ ਰੂਪਕ (ਇਸਤਿਆਰਾ) ਕਿਹਾ ਜਾਂਦਾ ਹੈ। ਅਰਥ-ਪਰਿਵਰਤਨ ਵਿਚ ਲੱਖਣਾਰਥ ਜਾਂ ਰੂਪਕਾਰਥ ਦਾ ਆਧਾਰ ਹਾਜ਼ਰ ਵਸਤੂ ਤੇ ਗ਼ੈਰ-ਹਾਜ਼ਰ ਵਸਤੂ ਵਿਚ ਕੋਈ ਨਾ ਕੋਈ ਸਮਰੂਪਤਾ ਜਾਂ ਸਮਾਨਤਾ ਹੁੰਦੀ ਹੈ। ਆਮ ਤੌਰ ਤੇ ਮੈਟਾਫਰ ਵਿਚ ਕੋਸ਼ੀ ਸ਼ਬਦ ਸਮੂਰਤ ਅਰਥ ਤੋਂ ਅਮੂਰਤ ਅਰਥ/ਭਾਵਾਰਥ ਗ੍ਰਹਿਣ ਕਰਦਾ ਹੈ

ਤਾਲਿਕਾ .	*Metaphor :*	*ਲਖਣਾਰਥ/ਰੂਪਕਾਰਥ*
ਸ਼ਬਦ	ਮੁੱਖ ਅਰਥ	ਲੱਖਣਾਰਥ
ਚੁਕੰਨਾ/ਚੌਕੰਨਾ	ਚਾਰਕੰਨਾ	ਸਚੇਤ, ਸਾਵਧਾਨ, ਬਾਖ਼ਬਰ
ਅਫਲਾਤੂ (ਅਫਲਾਤੂਨ)	ਯੂਨਾਨੀ ਫ਼ਿਲਾਸਫ਼ਰ	ਚਾਲਾਕ, ਧੋਖੇਬਾਜ਼
ਚਲਦਾ ਪੁਰਜ਼ਾ	ਮਸ਼ੀਨ ਦਾ ਚਾਲੂ ਪੁਰਜ਼ਾ	ਬਾਰਸੂਖ, ਮਿਲਾਪੜਾ

ਕੋਸ਼ੀ ਤੇ ਅਰਥ-ਗਤ ਪਰਿਵਰਤਨ (lexical and semantic change)

ਭਾਸਾ-ਪਰਿਵਰਤਨ ਦੀਆਂ ਸਪਸ਼ਟ-ਭਾਂਤ ਕਿਸਮਾਂ ਵਿਚੋਂ ਕੋਸ਼ ਗਤ ਸ਼ਬਦਾਵਲੀ (lexicon) ਦਾ ਅਰਥਾਂਤਰਣ/ਪਰਿਵਰਤਨ ਪ੍ਰਮੁਖ ਹੈ। ਕੋਸ਼ੀ/ਕੋਸ਼ਗਤ ਪਰਿਵਰਤਨ ਅਕਸਰ ਸਭਿਆਚਾਰਕ ਨਵੀਆਂ ਸਥਿਤੀਆਂ ਦੀ ਅਦਲਾ-ਬਦਲੀ ਨਾਲ ਪੈਦਾ ਹੁੰਦੇ ਹਨ ਕਿਉਂਕਿ ਨਵਾਗਤ ਸਭਿਆਚਾਰ ਨਵੀਆਂ ਵਸਤੂਆਂ ਤੇ ਨਵੇਂ ਸੰਕਲਪਾਂ ਦਾ ਬੋਧ ਪ੍ਰਭਾਵਿਤ ਭਾਸ਼ਾ ਨੂੰ ਪ੍ਰਦਾਨ ਕਰਦਾ ਹੈ। ਕਈ ਸ਼ਬਦ ਘਸੇ-ਪੁਰਾਣੇ ਹੋਣ ਕਰਕੇ ਨਿਰਬਲ ਤੇ ਨਿਮਨਾਰਥੀ ਹੋ ਜਾਂਦੇ ਹਨ ਅਤੇ ਭਾਸ਼ਾ ਵਿਚੋਂ ਖਾਰਜ ਹੋ ਜਾਂਦੇ ਹਨ।

ਪੰਜਾਬੀ ਭਾਸ਼ਾ ਨਾਲ ਪਹਿਲਾਂ ਇਸਲਾਮੀ ਸਭਿਆਚਾਰ ਅਤੇ ਫੇਰ ਪੱਛਮੀ ਸਭਿਆਚਾਰ ਦੇ ਮੇਲ ਨਾਲ ਅਨੇਕ ਨਵੇਂ ਨਵੇਂ ਕੋਸ਼ੀ ਸ਼ਬਦਾਂ ਦੇ ਸੰਦਰਭ ਵਿਚ ਸ਼ਬਦ-ਰਚਨਾ ਦੀ ਨਵੀਂ ਪ੍ਰਕਿਰਿਆ ਕਾਰਜਸ਼ੀਲ ਹੁੰਦੀ ਹੈ। ਕਲਚਰਲ ਸੰਪਰਕ ਦੇ ਨਤੀਜੇ ਵਜੋਂ ਆਏ ਨਵਾਗਤ ਸ਼ਬਦਾ ਦੀ ਆਮਦ ਲਈ ਦੋ ਤਰ੍ਹਾਂ ਦੀਆ ਕਿਰਿਆਵਾਂ ਗਤੀਸ਼ੀਲ ਹੁੰਦੀਆ ਹਨ : (1) ਇਕ ਹੈ ਨਵੀਨ ਸ਼ਬਦ-ਰਚਨਾ ਦੀ ਕਿਰਿਆ, ਅਤੇ (2) ਦੂਜੀ ਹੈ ਰਿਣ-ਸ਼ਬਦ-ਰਾਸ਼ੀ। ਪਹਿਲਾਂ ਸ਼ਬਦ-ਰਚਨਾ ਦੀ ਤਫ਼ਸੀਲ ਹਾਜ਼ਰ ਹੈ :

ਪੰਜਾਬੀ ਵਿਚ ਨਵੀਂ ਸ਼ਬਦ-ਰਚਨਾ ਦੀ ਪ੍ਰਕਿਰਿਆ (Process)

ਵਿਉਤਪੱਤੀ	: derivation	: ਜਨਅਤੀਕਰਣ, ਕੰਪਿਊਟਰੀਕਰਣ ;
ਆਦਿ-ਅੱਖਰੀਕਰਣ	: acronyms	: ਯੂਨੈਸਕੋ (UNESCO)
ਸੰਖੇਪੀਕਰਣ	: clipping	: ਪ੍ਰੋ. ਡਾ. ਐਡੀ
ਸਮਾਸੀਕਰਣ	: compounding	
ਮਿਸ਼ਰਨ	: blending	: ਭਾਰੋਪੀ/ਭਾਰੋਪੀਜ (Indo-European)

Borrowing (ਰਿਣ ਸ਼ਬਦਾਵਲੀ)

ਪੰਜਾਬੀ ਵਿਚ ਰਿਣ ਸ਼ਬਦਾਵਲੀ (loan words) ਨਵੇਂ ਸ਼ਬਦਾਂ ਦੇ ਚਾਲੂ ਹੋਣ ਦਾ ਬਹੁਤ ਉਪਜਾਊ ਸਰੋਤ ਹੈ। ਪੰਜਾਬੀ ਦੇ ਇਤਿਹਾਸ ਵਿਚ ਰਿਣ ਸ਼ਬਦਾਵਲੀ ਫ਼ਾਰਸੀ, ਅਰਬੀ ਅਤੇ ਅੰਗ੍ਰੇਜ਼ੀ ਭਾਸ਼ਾ ਤੋਂ ਦਾਖ਼ਲ ਹੋਈ ਹੈ। ਵਿਦੇਸ਼ੀ ਭਾਸ਼ਾ/ਭਾਸ਼ਾਵਾਂ ਦਾ ਇਹ ਯੋਗਦਾਨ ਇਤਿਹਾਸਿਕ ਪਰਿਸਥਿਤੀਆਂ ਦਾ ਹੀ ਫਲ ਹੈ। ਰਿਣ-ਮੂਲਕ ਸ਼ਬਦ-ਕੋਸ਼ ਦਾ ਜ਼ਿਆਦਾਤਰ ਆਦਾਨ-ਪ੍ਰਦਾਨ ਫ਼ਾਰਸੀ-ਅਰਬੀ ਪਖੋਂ ਕਚਹਿਰੀਆਂ, ਫ਼ੌਜ, ਭਵਨ-ਕਲਾ, ਤੇ ਬਾਗ਼ਬਾਨੀ ਆਦਿ ਦੇ ਖੇਤਰ ਹਨ। ਅੰਗ੍ਰੇਜ਼ੀ ਪਖੋਂ *ਨਿਆਇ, ਪ੍ਰਸ਼ਾਸਨ, ਵਣਜ-ਵਿਆਪਾਰ, ਬੈਂਕਿੰਗ, ਉਦਯੋਗ, ਤਾਲੀਮ, ਸਾਇੰਸ, ਯੁੱਧ-ਕਲਾ ਤੇ ਲੋਕਤੰਤਰੀ ਸਿਸਟਮ* ਆਦਿ ਖੇਤਰਾਂ ਵਿਚ ਅੰਗ੍ਰੇਜ਼ੀ ਦੀ ਰਿਣ-ਸ਼ਬਦਾਵਲੀ ਪ੍ਰਵਿਸ਼ਟ ਹੋਈ ਹੈ। ਪੰਜਾਬੀ ਵਿਚ ਫੇਰ

ਮਿਸਾਲਾ ਹਨ ਜੋ ਲੋਕ-ਪ੍ਰਸਿੱਧ ਤੇ ਸਰਬ-ਵਿਦਤ ਹਨ ।

ਭਾਸ਼ਾ-ਪਰਿਵਰਤਨ ਦੇ ਕਾਰਣ

ਭਾਸ਼ਾ-ਪਰਿਵਰਤਨ ਦਾ ਜੋ ਵਿਸਤ੍ਰਿਤ ਵੇਰਵਾ ਉਪਰ ਦਿੱਤਾ ਹੈ ਉਸ ਦੇ ਅਣਗਿਣਤ ਕਾਰਣ ਹਨ ਅਤੇ ਕਈ ਵਾਰ ਇਹ ਸਾਰੇ ਕਾਰਣ ਬੜੇ ਹੀ ਗੁੰਝਲਦਾਰ ਤਰੀਕੇ ਨਾਲ ਇਕ ਦੂਜੇ ਤੇ ਅਸਰ ਅੰਦਾਜ਼ ਹੁੰਦੇ ਹਨ । ਇਸ ਲਈ ਖ਼ਾਸ ਭਾਸ਼ਾਈ ਪਰਿਵਰਤਨ ਦੇ ਸਹੀ ਸਹੀ ਕਾਰਣ ਲੱਭਣੇ ਔਖੇ ਹੋ ਜਾਂਦੇ ਹਨ । ਫੇਰ ਵੀ ਇਸ ਦਿਸ਼ਾ ਵਿਚ ਖ਼ਾਸ ਖ਼ਾਸ ਕਾਰਣ ਉਪਲਬਧ ਹੁੰਦੇ ਹਨ ਜਿਹੜੇ ਉਚਾਰਣ ਤੋਂ ਲੈ ਕੇ ਸਮਾਜਿਕ ਦਬਾਉ ਤਕ ਫੈਲੇ ਹੋਏ ਹਨ । ਅਜਿਹੇ ਕਾਰਣ ਭਾਸ਼ਾ-ਪਰਿਵਰਤਨ ਦੇ ਪ੍ਰੇਰਕ-ਬਿੰਦੂ ਸਿੱਧ ਹੁੰਦੇ ਹਨ । ਕੁਝ ਪ੍ਰਮੁਖ ਕਾਰਣਾ ਦਾ ਉਲੇਖ ਕੀਤਾ ਜਾਂਦਾ ਹੈ।

ਭੌਤਿਕ ਕਾਰਣ : ਧੁਨੀ-ਵਿਗਿਆਨ ਦੇ ਅੰਤਰਗਤ ਹਰ ਧੁਨੀ ਦੇ ਉਚਾਰਣ ਦੀ ਚਰਚਾ ਕੀਤੀ ਜਾਂਦੀ ਹੈ । ਜੇਕਰ ਕਿਸੇ ਧੁਨੀ ਦੇ ਬੋਲਣ ਵਿਚ ਮੁਖ-ਸੁਖ ਮਿਲਦਾ ਹੋਵੇ ਤਾ ਵਕਤਾ ਉਸ ਧੁਨੀ ਨੂੰ ਉਚਾਰਣ-ਸੌਖ ਲਈ ਤਬਦੀਲ ਕਰ ਲੈਂਦਾ ਹੈ । ਇਸ ਨੂੰ ਜਤਨ-*ਸੰਜਮ* ਵੀ ਕਹਿ ਸਕਦੇ ਹਾਂ ।

ਸਦ੍ਰਿਸ਼ਤਾ (Analogy) : ਭਾਸ਼ਾ-ਪਰਿਵਰਤਨ ਦੀ ਦਿਸ਼ਾ ਵਿਚ ਸਦ੍ਰਿਸ਼ਤਾ ਬਹੁਤ ਬੜਾ ਰੋਲ ਅਦਾ ਕਰਦੀ ਹੈ । 'ਨਿਰਗੁਣ' ਵਿਚਲੀ ਰ-ਧੁਨੀ ਦੀ ਸਦ੍ਰਿਸ਼ਤਾ ਕਰਕੇ 'ਸਗੁਣ' ਸ਼ਬਦ ਵਿਚ ਰ-ਧੁਨੀ ਦਾ ਮਧਿਆਗਮ ਹੋਇਆ ਇਉਂ ਸਗੁਣ ਨੂੰ 'ਸਰਗੁਣ' ਬਣਾ ਲਿਆ ਗਿਆ ਹੈ । ਸਦ੍ਰਿਸ਼ਤਾ ਦੇ ਕਾਰਣ ਹੀ */ਸ਼ਾਪ/* ਨੂੰ */ਸਰਾਪ/* ਪ੍ਰਚਲਿਤ ਕੀਤਾ ਹੈ ।

ਗੈਰ-ਭਾਸ਼ਾ ਦੀ ਆਗਤ ਸ਼ਬਦਾਵਲੀ (Borrowing) : ਗੈਰ-ਭਾਸ਼ਾ ਦੀਆਂ ਧੁਨੀਆ ਮਾਰਫੀਮ, ਸ਼ਬਦ ਜਾਂ ਸੰਗਠਨ ਦੀ ਆਮਦ ਨਾਲ ਬਹੁਤ ਸਾਰੇ ਭਾਸ਼ਿਕ ਪਰਿਵਰਤਨ ਵਾਰਪਦੇ ਹਨ । ਆਗਤ ਭਾਸ਼ਾ-ਅੰਸ਼ ਦੋ ਮਾਰਗਾਂ ਰਾਹੀਂ ਦਾਖ਼ਲ ਹੁੰਦੇ ਹਨ । ਇਕ ਹੈ sub-stratum influence, ਅਰਥਾਤ ਜਦੋਂ ਕੋਈ ਮਹਕੂਮ ਜਾਂ ਅਪ੍ਰਧਾਨ ਭਾਸ਼ਾ ਰਾਜਨੀਤਿਕ ਜਾਂ ਸਭਿਆਚਾਰਿਕ ਤੌਰ ਤੇ ਪ੍ਰਬਲ ਭਾਸ਼ਾ ਉਤੇ ਅਸਰ ਪਾਉਂਦੀ ਹੈ । ਦੂਜਾ ਮਾਰਗ ਹੈ super-stratum influence, ਜਦੋਂ ਪ੍ਰਬਲ ਜਾਂ ਕੋਈ ਹਾਕਮ ਸ਼੍ਰੇਣੀ ਦੀ ਗ਼ਾਲਿਬ ਭਾਸ਼ਾ ਮਹਿਕੂਮ ਤੇ ਪਛੜੀ ਭਾਸ਼ਾ ਨੂੰ ਪ੍ਰਭਾਵਿਤ ਕਰਦੀ ਹੈ ।

ਸਮਾਜਿਕ ਕਾਰਣ : ਕਿਸੇ ਭਾਸ਼ਾ-ਸਮਾਜ ਜਾਂ ਕਮਿਊਨਿਟੀ ਵਿਚ ਜਿਸ ਭਾਸ਼ਾ ਵੰਨਗੀ ਨੂੰ ਗੌਰਵਮਈ ਤੇ ਉੱਚ-ਮਿਆਰੀ ਸਮਝਿਆ ਜਾਂਦਾ ਹੈ, ਉਸ ਭਾਸ਼ਾ ਦੀ ਨਕਲ ਬੁਲਾਰੇ ਸਚੇਤ ਤੇ ਅਚੇਤ ਤੌਰ ਤੇ ਸੁਤੇ ਸਿਧ ਹੀ ਕਰਨ ਲਗ ਪੈਂਦੇ ਹਨ ਅਤੇ ਆਪਣੀ ਨੇਟਿਵ ਬੋਲੀ ਦੇ ਉਚਾਰਣ, ਵਰਤੋਂ ਤੇ ਲਹਿਜੇ ਵਿਚ ਪਰਿਵਰਤਨ ਕਰਨ ਲਗ ਪੈਂਦੇ ਹਨ, ਇਹ ਪਰਿਵਰਤਨ ਉਨ੍ਹਾਂ ਦੀ ਹੀਨ-ਮਨੋਵਿਰਤੀ ਦਾ ਹੀ ਫਲ ਹੁੰਦਾ ਹੈ ।

ਭਾਸ਼ਾਈ ਆਤਰਿਕ ਪੁਨਰ-ਨਿਰਮਾਣ (Internal Reconstruction)

ਉਹ ਖ਼ੁਸ਼-ਕਿਸਮ ਭਾਸ਼ਾਵਾਂ ਹਨ ਜਿਨ੍ਹਾਂ ਦੇ ਇਤਿਹਾਸਿਕ ਤੇ ਪੂਰਵ-ਇਤਿਹਾਸਿਕ ਲਿਖਤੀ ਦਸਤਾਵੇਜ਼ ਜਾਂ ਅਭਿਲੇਖ ਮਿਲਦੇ ਹਨ । ਅਜਿਹੀਆਂ ਪ੍ਰਾਚੀਨ attested ਭਾਸ਼ਾਵਾਂ ਵਿਚ ਗ੍ਰੀਕ, ਲੈਟਿਨ ਤੇ ਸੰਸਕ੍ਰਿਤ ਹਨ । ਪਰ ਜਿਨ੍ਹਾਂ ਭਾਸ਼ਾਵਾ ਦੇ ਦਸਤਾਵੇਜ਼ ਨਹੀਂ ਮਿਲਦੇ, ਉਨ੍ਹਾਂ ਦੇ ਪੂਰਵ-ਇਤਿਹਾਸ ਦੀ ਝਲਕ ਵੇਖਣ ਲਈ ਸਾਨੂੰ ਮਜਬੂਰਨ ਕੋਈ ਹੋਰ ਜੁਗਤਾਂ ਤੇ ਤਕਨੀਕਾਂ ਦਾ ਆਸਰਾ ਲੈਣਾ ਪੈਂਦਾ ਹੈ । ਇਨ੍ਹਾਂ ਵਿਚੋਂ ਜਿਹੜੀਆ ਤਕਨੀਕਾਂ

ਅੰਤਰ-ਸੰਬੰਧਿਤ ਹਨ ਉਹ ਇਹ ਹਨ :

(1)	ਆਂਤਰਿਕ ਪੁਨਰ-ਨਿਰਮਾਣ	(internal reconstruction)
(2)	ਉਪਭਾਸ਼ਾ-ਭੂਗੋਲ	(dialect geography)
(3)	ਭਾਸ਼ਾ ਕਾਲਕ੍ਰਮ-ਵਿਗਿਆਨ	(glotto-chronology)
(4)	ਤੁਲਨਾਤਮਕ ਖੋਜ-ਵਿਧੀ	(comparative method)

ਇਹ ਸਾਰੀਆਂ ਸਾਮੂਹਿਕ ਤੌਰ ਤੇ ਭਾਸ਼ਾ ਦੇ ਪੂਰਵ-ਇਤਿਹਾਸ (linguistic pre-history) ਦੀ ਜਾਣਕਾਰੀ ਦੀਆਂ ਵਿਧੀਆਂ ਹਨ । ਇਨ੍ਹਾਂ ਵਿਚੋਂ (1) ਤੇ (4) ਚਿਰ-ਸਥਾਪਿਤ ਹਨ । ਨੰਬਰ (2) ਵਿਧੀ ਪਹਿਲੀ ਤੇ ਚੌਥੀ ਵਿਧੀ ਨਾਲ ਹਾਸਲ ਕੀਤੇ ਨਤੀਜਿਆਂ ਦੀ ਸੋਧ-ਸੁਧਾਈ ਲਈ ਉਪਯੋਗੀ ਹੈ ਅਤੇ ਭਾਸ਼ਾ-ਕਾਲ ਵਿਗਿਆਨ ਅਜੇ ਨਵੀਂ ਸ਼ੁਰੂ ਹੋਈ ਹੈ । ਇਸ ਲਈ ਪਰਖੀ ਜਾ ਰਹੀ ਹੈ । (Hockett : 1958 : 461) । ਲਿਖਤੀ ਰਿਕਾਰਡ ਨਾ ਮਿਲਣ ਦੀ ਸੂਰਤ ਵਿਚ ਇਨ੍ਹਾਂ ਅਸਿੱਧੀਆਂ ਤਕਨੀਕਾਂ ਦੀ ਮਦਦ ਨਾਲ ਇਤਿਹਾਸਿਕ ਸੂਚਨਾਵਾਂ ਉਪਲਬਧ ਹੋ ਸਕਦੀਆਂ ਹਨ ।

ਆਂਤਰਿਕ ਪੁਨਰ-ਨਿਰਮਾਣ

ਆਂਤਰਿਕ ਪੁਨਰ-ਨਿਰਮਾਣ ਕੀ ਹੈ ? ਇਸ ਬਾਰੇ *ਡੇਵਿਡ ਕ੍ਰਿਸਟਲ* [1986 : 257] ਦਾ ਵਿਚਾਰ ਹੈ ਕਿ ਆਂਤਰਿਕ ਪੁਨਰ-ਨਿਰਮਾਣ, ਇਤਿਹਾਸਿਕ ਭਾ ਵਿ ਅਤੇ ਤੁਲਨਾਤਮਕ ਫਿਲਾਲੋਜੀ ਦੀ ਇਕ ਖੋਜ-ਵਿਧੀ ਹੈ ਜਿਸ ਦੁਆਰਾ ਪੂਰਵ-ਇਤਿਹਾਸਿਕ ਯੁਗ ਦੀ ਮੂਲ-ਭਾਸ਼ਾ ਦੇ ਪੂਰਬਲੇ, ਗੈਰ-ਮੌਜੂਦ, ਮੂਲ-ਰੂਪਾਂ ਦੀ ਅੰਦਾਜ਼ਨ ਭਾਸ਼ਿਕ ਸਥਿਤੀ ਅਤੇ ਉਸ ਦੇ ਸਿਸਟਮ ਨੂੰ ਮੁੜ-ਉਸਾਰਿਆ ਜਾਂਦਾ ਹੈ । ਇਸ ਮੰਤਵ ਲਈ ਤਸਦੀਕ-ਕੀਤੇ ਉਪਲਬਧ ਟੈਕਸਟ ਦੇ ਭਾਸ਼ਾ-ਰੂਪਾਂ ਅਤੇ ਧੁਨੀਆਂ ਦਾ ਵਿਸ਼ਲੇਸ਼ਣ ਨਿਗਮਨੀ ਢੰਗ (deductively) ਨਾਲ ਕੀਤਾ ਜਾਂਦਾ ਹੈ ।

ਇਸ ਤਕਨੀਕ ਨੂੰ ਕਿਸੇ ਕੱਲੀ-ਕਹਿਰੀ ਭਾਸ਼ਾ ਬਾਰੇ ਅਤੇ ਉਸ ਦੇ ਵਿਕਾਸ ਦੇ ਕਿਸੇ ਇਕੱਲੇ ਪੜਾ ਬਾਰੇ ਵਰਣਨਾਤਮਕ ਸਮਾਚਾਰ ਪ੍ਰਾਪਤ ਕਰਨ ਲਈ ਵਰਤਿਆ ਜਾਂਦਾ ਹੈ । ਇਸ ਤਕਨੀਕ ਦੀ ਤਹਿ ਵਿਚ ਬੁਨਿਆਦੀ ਧਾਰਣਾ ਇਹ ਹੈ ਕਿ ਕਿਸੇ ਭਾਸ਼ਾ ਦੇ ਬੀਤੇ ਇਤਿਹਾਸ ਵਿਚ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜਿਹੜੀਆਂ ਕਿ ਉਸ ਭਾਸ਼ਾ ਦੇ ਢਾਂਚੇ ਵਿਚ ਉਭਰਦੇ ਨਿਸ਼ਾਨ ਛਡ ਜਾਂਦੀਆਂ ਹਨ । ਇਨ੍ਹਾਂ ਨਿਸ਼ਾਨਾਂ ਦੀ ਪਛਾਣ ਕਰਕੇ ਉਨ੍ਹਾਂ ਬੀਤੀਆਂ ਘਟਨਾਵਾਂ ਬਾਰੇ ਸਹੀ ਅੰਦਾਜ਼ੇ ਲਗਾਏ ਜਾ ਸਕਦੇ ਹਨ ।

ਪ੍ਰਚਲਿਤ ਭਾਸ਼ਾਵਾਂ ਦੇ ਤੁਲਨਾਤਮਕ ਅਧਿਐਨ ਦੁਆਰਾ ਕਿਸੇ ਅਣਲਿਖਤ ਭਾਸ਼ਾ ਦੇ ਪੂਰਵ-ਇਤਿਹਾਸਿਕ ਬਣਤਰੀ ਰੂਪ ਦੀ ਪੁਨਰ-ਉਸਾਰੀ ਕੀਤੀ ਜਾ ਸਕਦੀ ਹੈ । ਉਪਲਬਧ ਭਾਸ਼ਾਵਾਂ ਦੀ ਬਹੁਗਿਣਤੀ ਵਿਚ ਜਿਹੜਾ ਤੱਤ ਜ਼ਿਆਦਾ ਮਿਲਦਾ ਹੈ ਉਸ ਨੂੰ ਹੀ ਪੁਰਾ-ਰੂਪ (proto-form) ਮੰਨਿਆ ਜਾ ਸਕਦਾ ਹੈ । ਹਿੰਦ-ਆਰੀਆ ਮੱਧ-ਭਾਸ਼ਾ "ਪਾਲੀ" ਪ੍ਰਾਕਿਰਤ ਵਿਚ ਧਰਮ ਦੇ ਅਰਥ ਵਿਚ "ਧੰਮ" (ਧ ਮ੍ ਮ) ਸ਼ਬਦ ਮਿਲਦਾ ਹੈ ਪਰ ਇਸ ਦੇ ਬਿਲ-ਮੁਕਾਬਲ ਪੰਜਾਬੀ, ਹਿੰਦੀ, ਗੁਜਰਾਤੀ, ਰਾਜਸਥਾਨੀ ਆਦਿ ਵਿਚ 'ਧਰਮ' ਹੀ ਚਾਲੂ ਹੈ, ਧੰਮ ਨਹੀਂ । ਤੁਲਨਾਤਮਕ ਤੌਰ ਤੇ ਵੇਖੀਏ ਤਾਂ ਬਹੁਗਿਣਤੀ ਭਾਸ਼ਾਵਾਂ ਵਿਚ 'ਧਰਮ' ਸ਼ਬਦ ਦੀ ਉਪਸਥਿਤੀ ਹੈ, ਇਸ ਲਈ ਇਹ ਨਿਰਣਾ ਕਰਨਾ ਜਾਇਜ਼ ਹੈ ਕਿ pre-language (ਪੁਰਾ-ਭਾਸ਼ਾ) ਸੰਸਕ੍ਰਿਤ ਵਿਚ ਇਹ 'ਧਰਮ' ਹੋਣਾ ਚਾਹੀਦਾ ਹੈ, ਧੰਮ

ਨਹੀਂ । ਇਸ ਕਾਰਜ-ਵਿਧੀ (strategy) ਨੂੰ majority rules strategy ਕਿਹਾ ਜਾਂਦਾ ਹੈ । ਦੂਸਰੀ ਕਾਰਜ ਵਿਧੀ phonetic plausibility strategy ਹੈ । ਇਸ ਦਾ ਮਕਸਦ ਇਹ ਵੇਖਣਾ ਹੈ ਕਿ ਪੁਨਰ-ਨਿਰਮਾਣ ਕੀਤੀਆਂ ਧੁਨੀਆਂ ਹੁਣ ਦੀ ਪ੍ਰਮਾਣਿਕ ਤੱਥ-ਸਾਮਗਰੀ ਤੋਂ ਪ੍ਰਾਪਤ ਧੁਨੀਆਂ ਦੀ ਤਰ੍ਹਾਂ ਧੁਨੀ-ਵਿਗਿਆਨਿਕ ਤੌਰ ਤੇ ਵੱਧ ਤੋਂ ਵੱਧ ਮੰਨਣ-ਯੋਗ ਹੋਣੀਆਂ ਚਾਹੀਦੀਆਂ ਹਨ । ਇਹ ਤੱਥ ਵੀ ਕਾਬਲੇ-ਗੌਰ ਹੈ ਕਿ ਪੁਨਰ-ਨਿਰਮਾਣ ਨੂੰ ਕਾਫੀ ਯਕੀਨ ਨਾਲ ਸਥਾਪਿਤ ਕੀਤਾ ਜਾ ਸਕਦਾ ਹੈ । ਭਾਸ਼ਿਕ ਪੱਧਰ ਤੇ ਹੋਣ ਵਾਲੀਆਂ ਤਬਦੀਲੀਆਂ ਦੀ ਤਹਿ ਵਿਚ ਜੋ ਕਿਰਿਆਵਾਂ ਤੇ ਪ੍ਰਕਿਰਿਆਵਾਂ ਕਾਰਜ ਕਰਦੀਆਂ ਹਨ ਉਹ ਵੀ ਸਿਸਟਮ-ਬੱਧ ਹੁੰਦੀਆਂ ਹਨ [Wiliam O'Grady, 1989 : 311]

ਉਪਭਾਸ਼ਾ-ਭੂਗੋਲ (Dialect Geography) :

ਕਿਸੇ ਭਾਸ਼ਾ ਦੀ ਪੂਰਵ-ਇਤਿਹਾਸਿਕ ਰੂਪ ਰੇਖਾ ਦੀ ਪੁਨਰ-ਉਸਾਰੀ ਕਰਨ ਲਈ ਉਪਭਾਸ਼ਾ-ਭੂਗੋਲ ਵੀ ਇਕ ਮਹੱਤਵਪੂਰਨ ਤਕਨੀਕੀ ਵਿਧੀ ਹੈ । ਉਪਭਾਸ਼ਾ-ਭੂਗੋਲ ਵਿਚ ਵਿਆਕਰਣ-ਰੂਪਾਂ ਅਤੇ ਭਾਸ਼ਾ-ਪ੍ਰਯੋਗਾਂ (usages) ਦੀ ਭੂਗੋਲਿਕ ਵੰਡ ਤੋਂ ਜ਼ਰੂਰੀ ਨਿਸ਼ਕਰਸ਼ ਕੱਢੇ ਜਾ ਸਕਦੇ ਹਨ Hockett, [1970 : 472] । ਉਪਭਾਸ਼ਾ-ਭੂਗੋਲ ਦੇ ਅੰਤਰਗਤ ਨਿਕਟਵਰਤੀ ਵੱਖ ਵੱਖ ਖੇਤਰਾਂ ਵਿਚ ਕਿਸੇ ਸ਼ਬਦ ਦੇ ਉਭਰਵੇਂ ਵਖਰੇਵਿਆਂ ਦਾ ਅਧਿਐਨ ਕੀਤਾ ਜਾਂਦਾ ਹੈ । ਇਕੋ ਸ਼ਬਦ ਇਕੋ ਖੇਤਰ ਦੇ ਭਿੰਨ ਭਿੰਨ ਬਿੰਦੂ ਤੇ ਕਿਵੇਂ ਉਚਾਰਿਆ ਜਾਂਦਾ ਹੈ, ਉਸ ਉਚਾਰਣ ਨੂੰ ਮੁੱਖ ਰਖਕੇ ਖੇਤਰੀ ਵੰਡ ਸਥਾਪਿਤ ਕੀਤੀ ਜਾਂਦੀ ਹੈ । ਉਚਾਰਣ ਵਿਚ ਕਾਹਲੀ, ਉਚਾਰਣ-ਬਲ, ਉਤਾਰ-ਚੜ੍ਹਾਉ (ਆਰੋਹ-ਅਵਰੋਹ), ਸੁਰਤਾਨ, ਬੋਲ-ਵਿਥ ਆਦਿ ਵਿਚ ਉਚਾਰਣਗਤ ਅੰਤਰ ਤੇ ਫਰਕ ਬਿਆਨ ਕੀਤੇ ਜਾ ਸਕਦੇ ਹਨ ।

ਉਚਾਰਣ ਦੇ ਵਖਰੇਵਿਆਂ ਨੂੰ ਵੇਖਣ ਲਈ ਪੰਜਾਬੀ ਵਿਚੋਂ ਇਕ ਸ਼ਬਦ "ਤਲੀ" (palm) ਦੀ ਮਿਸਾਲ ਪੇਸ਼ ਕਰਦੇ ਹਾਂ । ਇੰਡੋ-ਪਾਕ ਪੰਜਾਬ ਵਿਚ ਇਸ ਤਲੀ ਦਾ ਉਚਾਰਣ ਕਈ ਤਰ੍ਹਾਂ ਨਾਲ ਸੁਣਿਆ ਜਾਂਦਾ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ-ਵਿਗਿਆਨ ਵਿਭਾਗ ਵੱਲੋਂ ਤਿਆਰ ਕੀਤੇ [Linguistic Atlas of the Punjab : 1973] ਵਿਚ ਤਲੀ ਦੇ ਕੋਈ 8 ਵੱਖ ਵੱਖ ਉਚਾਰਣ-ਭੇਦ ਦਰਜ ਕੀਤੇ ਮਿਲਦੇ ਹਨ ਜੋ ਕਿ ਨਿਮਨ ਅਨੁਸਾਰ ਹਨ :

1. ਤੱਲ਼ੀ (ਦੁੱਤ ਲ਼ ਮੂਰਧਨੀ)	5. ਥਲ਼ੀ (ਨਾਦੀ ਥ + ਲ਼)
2. ਤੱਲੀ (ਦੁੱਤ ਲ ਦੰਤੀ)	6. ਹਥੇਲੀ (ਹਥ + ਏਲੀ)
3. ਤਲ਼ੀ (ਇਕਹਿਰਾ ਮੂਰਧਨੀ ਲ਼)	7. ਥੇਲ਼ੀ (ਨਾਦੀ ਥ + ਏ)
4. ਤਲੀ (ਇਕਹਿਰਾ ਦੰਤੀ ਲ)	8. ਹਥੇਲ਼ੀ (ਹਥ + ਮੂਰਧਨੀ ਲ਼)

ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦੇ ਖੇਤਰੀ ਇਲਾਕਿਆਂ ਵਿਚ ਭਾਈ ਸ਼ਬਦ ਦੇ ਕਈ ਉਚਾਰਣ ਮਿਲਦੇ ਹਨ, ਜਿਵੇਂ ਭਾਈ, ਭਾਊ, ਭਾ, ਭਾਈਆ, ਬਾਈ, ਬਾਊ, ਭਿਰਾ, ਭਰਾ, ਭ੍ਰਾਤਾ (ਸੰਸਕ੍ਰਿਤ ਭ੍ਰਾਤਾ, ਫਾਰਸੀ ਬ੍ਰਾਦਰ, ਅੰ. brother) । ਉਪਰਕੋਤ ਪੰਜਾਬੀ ਭਾਸ਼ਾ-ਐਟਲਸ ਵਿਚ ਭੂਗੋਲਿਕ ਆਧਾਰ 'ਤੇ ਸੰਯੁਕਤ ਪੰਜਾਬ ਦੇ ਕੋਈ 203 ਪਿੰਡਾਂ ਦਾ ਮੁਆਇਨਾ ਕਰਕੇ ਪੰਜਾਬੀ ਉਪ-ਭਾਸ਼ਾਵਾਂ ਦੇ ਵੱਖ ਵੱਖ ਬਿੰਦੂਆਂ ਤੇ 101 ਲਫਜ਼ਾਂ ਦੇ ਮੁਖਤਲਿਫ ਉਚਾਰਣ ਤੇ ਪਰਿਆਏ ਦਰਜ ਕੀਤੇ ਹਨ । ਇਉਂ 101 ਪੰਨਿਆਂ ਤੇ ਨਕਸ਼ੇ ਉਲੀਕੇ ਗਏ ਹਨ ਅਤੇ ਸੰਯੁਕਤ ਪੰਜਾਬ ਦੇ ਨਗਰ ਰਾਵਲਪਿੰਡੀ, ਪਡਿਆਲ, ਢੁਡਿਆਲ (ਪਾਕ)

ਤੋਂ ਲੈ ਕੇ ਦਿੱਲੀ ਤਕ ਦੀਆਂ ਪੰਜਾਬੀ ਉਪ-ਭਾਸ਼ਾਵਾਂ ਵਿਚ ਇਨ੍ਹਾਂ ਸ਼ਬਦਾਂ ਦੀ ਜੋ ਰੂਪ-ਭਿੰਨਤਾ ਤੇ ਉਚਾਰ-ਭਿੰਨਤਾ ਹੈ ਉਨ੍ਹਾਂ ਨੂੰ I.P.A. (ਅੰਤਰ-ਰਾਸ਼ਟਰੀ ਲਿਪੀ) ਵਿਚ ਖ਼ਾਸ ਖ਼ਾਸ ਪੁਆਇੰਟ ਤੇ ਹੀ ਅੰਕਿਤ ਕੀਤਾ ਗਿਆ ਹੈ । ਇਸ ਐਟਲਸ ਵਿਚ ਭਾਸ਼ਾ-ਰੇਖਾਵਾਂ (isogloss) ਦੀ ਵਿਧੀ ਦੁਆਰਾ ਪੰਜਾਬੀ ਸ਼ਬਦਾਂ ਦੇ ਰੂਪ-ਭੇਦ ਦਿਖਾਏ ਗਏ ਹਨ । ਮਸਲਨ : ਭੈਂਸ (female buffalo) ਦੇ ਇਹ ਰੂਪ/ਉਚਾਰ ਭੇਦ ਹਨ -ਭੈਂਸ, ਮ੍ਹੈਂਸ, ਮ੍ਹੈਂ, ਮੱਝ । ਉਚਾਰ-ਭੇਦ ਵਾਲੇ ਰਕਬਿਆਂ ਦੇ ਚੁਗਿਰਦੇ ਭਾਸ਼ਾ-ਰੇਖਾਵਾਂ ਉਲੀਕੀਆਂ ਜਾਂਦੀਆਂ ਹਨ ।

ਸਿਧਾਂਤਕ ਤੌਰ ਤੇ ਉਪ-ਭਾਸ਼ਾਈ ਇਲਾਕੇ ਵਿਚ ਖ਼ਾਸ ਖ਼ਾਸ ਪਿੰਡ ਚੁਣੇ ਜਾਂਦੇ ਹਨ, ਉਨ੍ਹਾਂ ਨੂੰ points ਕਿਹਾ ਜਾਂਦਾ ਹੈ ਅਤੇ ਇਸੇ ਤਰ੍ਹਾਂ ਕੁਝ ਪ੍ਰਤਿਨਿਧ ਉਪ-ਭਾਸ਼ਾਈ ਸ਼ਬਦ ਚੁਣ ਲਏ ਜਾਂਦੇ ਹਨ ਉਨ੍ਹਾਂ ਨੂੰ items ਕਿਹਾ ਜਾਂਦਾ ਹੈ । Points ਦੇ ਸਥਾਨ ਤੇ ਭਾਸ਼ਕ ਮਦਾਂ (items) ਇਕੱਤਰ ਕੀਤੀਆਂ ਜਾਂਦੀਆਂ ਹਨ, ਇਸ ਤਰ੍ਹਾਂ ਰਿਕਾਰਡ ਕੀਤੀ ਸੂਚਨਾ ਅਨੁਸਾਰ ਭਾਸ਼ਾ-ਐਟਲਸ ਤਿਆਰ ਕੀਤੇ ਜਾਂਦੇ ਹਨ । ਐਟਲਸ, ਨਕਸ਼ੇ ਤੇ mapping ਤਕਨੀਕ ਨੂੰ ਹੋਰ ਲਾਹੇਵੰਦ ਬਣਾਉਣ ਲਈ ਭਾਸ਼ਾ-ਰੇਖਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਭਾਸ਼ਾ ਰੇਖਾਵਾਂ ਦਾ ਆਧਾਰ-ਸ੍ਰੋਤ ਲਹਿਰ ਸਿਧਾਂਤ (wave theory) ਹੈ, ਪਹਿਲਾਂ family tree theory ਪ੍ਰਚਲਿਤ ਸੀ । ਭਾਸ਼ਾ-ਭੂਗੋਲ ਤੋਂ ਪ੍ਰਾਪਤ ਕੀਤੇ ਤੱਥਾਂ ਦੀ ਮਦਦ ਨਾਲ ਕਿਸੇ ਭਾਸ਼ਾ ਦੀਆਂ ਪੁਰਾਤਨ ਭਾਸ਼ਿਕ ਸਥਿਤੀਆਂ ਦਾ ਜਾਇਜ਼ਾ ਲਿਆ ਜਾ ਸਕਦਾ ਹੈ ਅਤੇ ਪ੍ਰਾਚੀਨ ਸਭਿਆਚਾਰਿਕ ਰਿਸ਼ਤਿਆਂ ਦੀ ਜਾਣਕਾਰੀ ਵੀ ਮਿਲਦੀ ਹੈ । ਨਵ-ਭਾਸ਼ਾ-ਵਿਗਿਆਨ ਵਿਚ ਉਪਭਾਸ਼ਾ-ਅਧਿਐਨ ਇਕ ਸੁਤੰਤਰ ਵਿਗਿਆਨ ਦੀ ਸ਼ਕਲ ਧਾਰ ਚੁਕਾ ਹੈ ਜਿਸਨੂੰ dialectology ਕਿਹਾ ਜਾਂਦਾ ਹੈ ।

ਤੁਲਨਾਤਮਕ ਵਿਧੀ (Comparative method)

ਕਿਸੇ ਭਾਸ਼ਾ ਦੇ ਪੂਰਵ-ਇਤਿਹਾਸ ਵਿਚ ਪ੍ਰਚਲਿਤ ਹੋਈਆਂ ਭਾਸ਼ਿਕ ਸਥਿਤੀਆਂ ਦੀ ਪੁਨਰ-ਉਸਾਰੀ ਲਈ ਤੁਲਨਾਤਮਕ ਵਿਧੀ ਸਭ ਤੋਂ ਵੱਧ ਕਾਰਗਰ ਸਾਬਤ ਹੋਈ ਹੈ । Lehmann, [1962 : 83] ਨੇ ਲਿਖਿਆ ਹੈ ਕਿ ਪੂਰਵ-ਇਤਿਹਾਸਿਕ ਭਾਸ਼ਾਵਾਂ ਲਈ ਜਿਸ ਵਿਸ਼ਵਾਸੀ ਵਿਧੀ ਨਾਲ ਪਰਿਵਰਤਨ ਤੇ protoforms ਆਦਿ ਦਾ ਨਿਰਧਾਰਣ ਕੀਤਾ ਜਾਂਦਾ ਹੈ ਉਹ ਤੁਲਨਾਤਮਕ ਵਿਧੀ ਹੈ । ਤੁਲਨਾਤਮਕ ਵਿਧੀ ਦੀ ਵਰਤੋਂ ਕਰਕੇ ਅਸੀਂ ਦੋ ਜਾਂ ਦੋ ਤੋਂ ਵੱਧ ਭਾਸ਼ਾਵਾਂ ਦੇ ਭਾਸ਼ਿਕ ਰੂਪਾਂ ਦਾ ਟਾਕਰਾ ਕਰਦੇ ਹਾਂ ਤਾਂ ਜੋ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਨੂੰ ਸਹੀ ਸਹੀ ਨਿਰਧਾਰਿਤ ਕਰ ਸਕੀਏ ਅਤੇ ਪ੍ਰਾਚੀਨ ਰੂਪਾਂ ਦੀ ਪੁਨਰ-ਉਸਾਰੀ ਕਰ ਸਕੀਏ ।

ਮਿਸਾਲ ਦੇ ਤੌਰ ਤੇ P.I.E. (Proto-Indo-European) ਭਾਸ਼ਾ ਨੂੰ ਲੈਂਦੇ ਹਾਂ। ਇਸ ਵਿਚ "ਹੋਣਾ = to be" ਅਰਥ-ਸੂਚਕ ਧਾਤੂ/ਕ੍ਰਿਆ ਦੇ ਅਨਯ ਪੁਰਸ਼, ਇਕਵਚਨ, ਵਰਤਮਾਨ ਕਾਲ (third person, singular, present tense) ਦੇ ਰੂਪਾਂ ਨੂੰ ਵੇਖਣਾ ਚਾਹੁੰਦੇ ਹਾਂ ਤਾਂ ਇਸ ਮਤਲਬ ਲਈ ਅਸੀਂ cognate/ਸਕੀਆਂ ਭਾਸ਼ਾਵਾਂ ਦੇ ਮਿਲਦੇ-ਜੁਲਦੇ ਵੱਖ ਵੱਖ ਰੂਪਾਂ ਦਾ ਟਾਕਰਾ ਪੇਸ਼ ਕਰਦੇ ਹਾਂ । ਜਿਵੇਂ :

ਤੁਲਨਾ-ਸਾਰਣੀ : ਅਸਤਿ = ਹੈ

ਸੰਸਕ੍ਰਿਤ		asti (अस्ति)
Lithuanian	:	esti
Greek	:	esti
Gothic	:	ist, (English is)
Persian	:	hast/ast

ਇਨ੍ਹਾਂ protoforms ਵਿਚ /e -/ ਦੀ ਵਰਤੋਂ ਅਧਿਕ ਹੈ, ਇਸ ਲਈ PIE ਵਿਚ /esti/ ਰੂਪ ਹੋਣ ਦੀ ਵਧੇਰੇ ਸੰਭਾਵਨਾ ਹੈ।

ਬਲੂਮਫੀਲਡ [1935 : 289] ਨੇ ਲਿਖਿਆ ਹੈ ਕਿ ਜਦ ਅਸੀਂ ਇਹ ਆਖਦੇ ਹਾਂ ਕਿ ਭਾਸ਼ਾਵਾਂ ਵਿਚ ਅੰਤਰ-ਸੰਬੰਧਿਤ ਸਾਝਾਂ ਤੇ ਸਮਾਨਤਾਵਾਂ ਹਨ ਤਾਂ ਸਪਸ਼ਟ ਹੈ ਕਿ ਅਜਿਹੀਆਂ ਭਾਸ਼ਾਵਾਂ ਵਿਚ ਕੋਈ ਜੱਦੀ ਇਤਿਹਾਸਿਕ ਰਿਸ਼ਤਾ ਹੈ, ਇਸ ਦਾ ਭਾਵ ਇਹ ਹੈ ਕਿ ਉਹ ਭਾਸ਼ਾਵਾਂ ਕਿਸੇ, ਵਡੇਰੀ ਜਨਨੀ-ਭਾਸ਼ਾ (earlier parent language) ਦੀਆਂ ਪਰਵਰਤੀ ਸ਼ਾਖਾਂ ਹਨ। ਮਿਸਾਲ ਵਜੋਂ, ਆਧੁਨਿਕ ਆਰੀਆ ਭਾਸ਼ਾਵਾਂ (ਪੰਜਾਬੀ, ਹਿੰਦੀ, ਮਰਾਠੀ, ਗੁਜਰਾਤੀ) ਸਰੋਤ-ਭਾਸ਼ਾ ਵੈਦਿਕੀ/ਸੰਸਕ੍ਰਿਤ ਦੀਆਂ ਪਰਵਰਤੀ ਸ਼ਾਖਾਵਾਂ ਹਨ।

ਇਸ ਤਰ੍ਹਾਂ ਇਹ ਤੁਲਨਾਤਮਕ ਵਿਧੀ ਉਨ੍ਹਾਂ ਭਾਸ਼ਾਵਾਂ ਦਾ ਜਿਨ੍ਹਾਂ ਦੇ ਪੁਰਾਣੇ ਲਿਖਤੀ ਰਿਕਾਰਡ ਮਿਲਦੇ ਹਨ ਅਤੇ ਉਨ੍ਹਾਂ ਭਾਸ਼ਾਵਾਂ ਦਾ ਵੀ ਜਿਨ੍ਹਾਂ ਦੇ ਲਿਖਤੀ ਰਿਕਾਰਡ ਨਹੀਂ ਮਿਲਦੇ, ਇਕ-ਸਮਾਨ ਅਧਿਐਨ ਕਰਕੇ ਵਿਸ਼ਵਾਸੀ ਨਤੀਜੇ ਤੇ ਸਾਰ-ਤੱਤ ਕਢਦੀ ਹੈ।

ਭਾਸ਼ਾ ਕਾਲ-ਕ੍ਰਮ-ਵਿਗਿਆਨ (Glotto-chronology)

ਭਾਸ਼ਾ ਦੇ ਪੂਰਵ-ਇਤਿਹਾਸ ਨੂੰ ਮੁੜ-ਉਸਾਰਨ ਦੇ ਸਿਲਸਿਲੇ ਵਿਚ ਭਾਸ਼ਾ-ਕਾਲ ਕ੍ਰਮ-ਵਿਗਿਆਨ ਦੀ ਤਕਨੀਕ ਮਾਡਰਨ ਯੁਗ ਦੇ ਇਤਿਹਾਸਵਾਦੀ ਚਿੰਤਨ ਵਿਚ ਇਕ ਅਹਿਮ ਵਿਧੀ ਹੈ। ਕਾਲ-ਨਿਰਧਾਰਨ ਕਰਨ ਦੀਆਂ ਦੋ ਵਿਧੀਆਂ ਹੁਣ ਤਕ ਚਰਚਿਤ ਹੋਈਆਂ ਹਨ। Lehmann [1966 : 11] ਦੀ ਤਰਕ ਹੈ ਕਿ ਭਾਸ਼ਿਕ ਸ਼ਬਦਾਵਲੀ ਦੇ ਖੰਡ (segment) ਹਰ ਰੋਜ਼ ਇਕ ਨਿਸ਼ਚਿਤ ਦਰ ਨਾਲ ਪ੍ਰਤਿਸਥਾਪਨ (replace) ਹੁੰਦੇ ਹਨ। ਪਰ ਜਿਹੜੇ ਸ਼ਬਦ ਸਥਿਰ ਦੇ ਅਬਦਲ ਰਹਿੰਦੇ ਹਨ ਉਨ੍ਹਾਂ ਦੀ ਵਰਤੋਂ ਕਰਕੇ ਸੰਬੰਧਿਤ ਭਾਸ਼ਾ ਦਾ ਕਾਲ-ਨਿਰਧਾਰਨ ਨਿਸਚਿਤ ਕੀਤਾ ਜਾ ਸਕਦਾ ਹੈ, ਠੀਕ ਉਵੇਂ ਹੀ ਜਿਵੇਂ ਇਸ ਧਰਤੀ ਦੀ ਉਮਰ ਮਾਪਣ ਲਈ radio-active decay ਦੀ ਵਿਧੀ ਅਪਣਾਈ ਜਾਂਦੀ ਹੈ।

Hockett [1970 : 526] ਕਾਲ-ਨਿਰਧਾਰਨ ਲਈ ਗਣਿਤ ਵਿਧੀ ਦੀ ਸਿਫਾਰਸ਼ ਕਰਦਾ ਹੈ। ਉਸ ਦੇ ਅਨੁਸਾਰ ਕਾਲ-ਨਿਰਧਾਰਨ ਦੇ ਦੋ ਢੰਗ ਹਨ-ਇਕ ਮੀਟ੍ਰਿਕ ਤੇ ਦੂਜਾ topological. ਦੋ ਘਟਨਾਵਾਂ ਦੇ ਅੰਤਰਾਲ ਨੂੰ ਮੀਟ੍ਰਿਕ ਆਖਿਆ ਜਾਂਦਾ ਹੈ ਅਤੇ ਘਟਨਾਵਾਂ ਤੋਂ ਪਹਿਲੋਂ ਜਾਂ ਪਿਛੋਂ ਦਾ ਸਮਾਂ topological ਹੈ। ਇਨ੍ਹਾਂ ਦੋਹਾਂ ਢੰਗਾਂ ਨਾਲ ਅਸੀਂ ਭਾਸ਼ਾ ਦੇ ਵਿਕਾਸ-ਕਾਲ ਨੂੰ ਮਾਪ ਸਕਦੇ ਹਾਂ ਅਤੇ ਇਸ ਤਰ੍ਹਾਂ ਪੂਰਵ-ਇਤਿਹਾਸਿਕ ਭਾਸ਼ਾ/ਭਾਸ਼ਾਵਾਂ ਦਾ ਵਿਕਾਸ-ਕਾਲ ਵੀ ਮਾਪ ਸਕਦੇ ਹਾਂ।

ਪਰ ਇਨ੍ਹਾਂ ਵਿਧੀਆਂ ਵਿਚ ਕਈ ਔਕੜਾਂ ਹਨ। ਸੰਨ 1963 ਵਿਚ ਹੰਗਰੀ ਦੇ Istvan Fodor ਨੇ ["the rate of linguistic change" pp. 9-10] ਵਿਚ glotto-chronology ਦਾ ਖੰਡਨ ਕੀਤਾ ਹੈ। ਉਸ ਦਾ ਅਭਿਮਤ ਹੈ ਕਿ ਭਾਸ਼ਾ ਦਾ ਪਰਿਵਰਤਨ ਹਰ ਵਕਤ ਇਕੋ ਜਿਹੀ ਦਰ (ਰੇਟ) ਨਾਲ ਨਹੀਂ ਹੁੰਦਾ। ਇਸ ਲਈ Fodor ਅਤੇ ਉਸ ਦੇ ਸਹਿਕਰਮੀ Chretein [1962] ਨੇ ਐਲਾਨ ਕੀਤਾ :

"All results of glottochronology till now are illusory" ਇਸ ਲਈ Fodor ਨੇ ਇਕ ਨਵੀਂ ਗਣਿਤ ਵਿਧੀ (mathematical method) ਸਾਹਮਣੇ ਰਖੀ ਹੈ ਜਿਹੜੀ ਕਿ ਅਜੇ ਹੋਰ ਖੋਜ ਦੀ ਮੁਥਾਜ ਹੈ। ਇਸ ਲਈ ਅਜੇ ਤਾਂ glottochronology ਦੀ ਤਕਨੀਕ ਹੀ ਚਰਚਿਤ ਹੈ।

ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਸਾਰਥਕਤਾ

ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਸਿਧਾਂਤਕ ਪਰਿਪੇਖ ਦੀ ਪੇਸ਼ਕਾਰੀ ਤੋਂ ਉਪਰੰਤ ਇਹ ਸਵਾਲ ਦਰਪੇਸ਼ ਹੈ ਕਿ ਆਧੁਨਿਕ ਭਾਸ਼ਾ-ਚਿੰਤਨ ਦੇ ਸੰਦਰਭ ਵਿਚ ਇਤਿਹਾਸਿਕ ਅਪ੍ਰੋਚ ਦੀ ਕੀ ਸਾਰਥਕਤਾ ਤੇ ਕੀ ਪ੍ਰਾਸੰਗਿਕਤਾ ਹੈ। ਇਹ ਇਕ ਪ੍ਰਮਾਣਿਤ ਤੱਥ ਹੈ ਕਿ ਉਨ੍ਹੀਵੀਂ ਸਦੀ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਹੀ ਸਦੀ ਰਹੀ ਹੈ। ਲੇਕਿਨ ਵੀਹਵੀਂ ਸਦੀ ਦੇ ਲਗਭਗ ਪਹਿਲੇ ਚਰਣ ਵਿਚ ਸੋਸਿਊਰ, ਬਲੂਮਫੀਲਡ,ਸੈਪੀਅਰ, ਬੋਆਜ਼ ਆਦਿ ਨਵ-ਭਾਸ਼ਾ-ਚਿੰਤਕਾਂ ਦੀਆਂ ਨਵੀਆਂ ਧਾਰਣਾਵਾਂ ਦੀ ਪ੍ਰਸਤੁਤੀ ਨਾਲ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਪੁਨਰ-ਮੁੱਲਾਂਕਣ ਕਰਕੇ ਇਸ ਦੀ ਸਾਰਥਕਤਾ ਦਾ ਪ੍ਰਸ਼ਨ ਚਰਚਿਤ ਕਰਨਾ ਜ਼ਰੂਰੀ ਹੋ ਜਾਂਦਾ ਹੈ.

ਸਭ ਤੋਂ ਪਹਿਲਾਂ ਸੋਸਿਊਰ ਨੇ ਰੂੜ੍ਹੀਵਾਦੀ ਧਾਰਾ ਤੋਂ ਪਰ੍ਹੇ ਹਟ ਕੇ ਆਪਣੇ ਨਵੀਨ ਭਾਸ਼ਿਕ ਸੰਕਲਪਾਂ ਦੇ ਦਵੈਤਵਾਦੀ ਚਿੰਤਨ ਵਿਚ ਇਤਿਹਾਸਵਾਦੀ ਪ੍ਰਣਾਲੀ ਨੂੰ "ਡਾਇਆਕ੍ਰਾਨਿਕ" ਦੀ ਸੰਗਿਆ ਪ੍ਰਦਾਨ ਕੀਤੀ ਅਤੇ ਇਸ ਤੋਂ ਉਲਟ ਸਮਕਾਲੀ ਪ੍ਰਣਾਲੀ ਨੂੰ "ਸਿਨਕ੍ਰਾਨਿਕ" ਦਾ ਨਾਮ ਦਿੱਤਾ। ਡਾਇਆਕ੍ਰਾਨਿਕ ਪਹੁੰਚ-ਵਿਧੀ ਇਕ ਤਰ੍ਹਾਂ ਨਾਲ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਹੀ ਨਵੀਨੀਕਰਣ ਹੈ। ਸਿਨਕ੍ਰਾਨਿਕ ਅਪ੍ਰੋਚ ਸੋਸਿਊਰ ਲਈ ਬੇਸ਼ਕ ਪ੍ਰਾਥਮਿਕ ਹੈ ਲੇਕਿਨ ਉਸ ਨੇ ਡਾਇਆਕ੍ਰਾਨਿਕ ਨੂੰ ਰੱਦ ਨਹੀਂ ਕੀਤਾ, ਬਲਕਿ ਉਸਨੂੰ ਭਾਸ਼ਾ-ਵਿਸ਼ਲੇਸ਼ਣ ਦੀਆਂ ਪ੍ਰਮੁਖ ਵਿਧੀਆਂ ਵਿਚੋਂ ਇਕ ਵਿਧੀ ਦੇ ਤੌਰ ਤੇ ਤਸੱਵਰ ਕੀਤਾ ਹੈ, ਇਸ ਲਈ ਉਸ ਦਾ ਸੰਕਲਪੀ ਬਿਆਨ ਕੀਤਾ ਹੈ। ਸੋਸਿਊਰ ਨੇ ਆਪਣੀ ਯੁਵਾਵਸਥਾ ਵਿਚ ਖੁਦ ਆਪ ਇਤਿਹਾਸਵਾਦੀ ਲੀਹਾ ਤੇ ਆਸ਼ਰਿਤ ਹੋ ਕੇ ਮੂਲ-ਭਾਰੋਪੀ ਦੇ ਪੁਨਰ-ਨਿਰਮਾਣ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਯੋਗਦਾਨ ਪਾਇਆ ਹੈ। P.I.E ਦੇ ਪੁਨਰ-ਨਿਰਮਾਣ ਲਈ ਸੋਸਿਊਰ ਨੇ ਆਂਤਰਿਕ ਮੁੜ-ਉਸਾਰੀ (internal reconstruction) ਦੇ ਜਿਹੜੇ ਮੌਲਿਕ ਅਸੂਲ ਲਾਗੂ ਕੀਤੇ ਹਨ ਉਹ ਅਜੋਕੀ ਸ਼ਬਦਾਵਲੀ ਵਿਚ "ਸੰਰਚਨਾਤਮਕ" ਹੀ ਕਹੇ ਜਾ ਸਕਦੇ ਹਨ [John Lyons 1971, *New Horizons in Linguistics* : p. 302]। ਸਪਸ਼ਟ ਹੈ ਕਿ ਸੋਸਿਊਰ ਇਤਿਹਾਸਿਕ ਭਾਸ਼ਾ-ਵਿਗਿਆਨ/ਡਾਇਆਕ੍ਰਾਨਿਕ ਪਹੁੰਚ ਦੀ ਸਾਰਥਕਤਾ ਨੂੰ ਸਵੀਕਾਰ ਕਰਦਾ ਹੈ।

ਅਜੋਕੇ ਸਮਿਆਂ ਵਿਚ ਬਹੁਤ ਸਾਰੇ ਭਾਸ਼ਾ-ਵਿਗਿਆਨੀ ਇਸ ਰਾਏ ਦੇ ਹਾਮੀ ਹਨ ਕਿ ਭਾਸ਼ਾ ਦਾ ਸਿਨਕ੍ਰਾਨਿਕ ਵਰਣਨ, ਡਾਇਕ੍ਰਾਨਿਕ ਖੋਜ-ਵਿਧੀ ਤੋਂ ਨਾ ਸਿਰਫ ਸੁਤੰਤਰ

ਹਾਂ ਹੈ ਸਗੋਂ ਜਨਰਲ ਭਾਸਿਕ ਥਿਊਰੀ ਦੀ ਉਸਾਰੀ ਲਈ ਮਹੱਤਵਪੂਰਨ ਵੀ ਹੈ । ਪਰ ਸੱਸਿਉਰ ਤੋਂ ਲੈ ਕੇ Benveniste, Jakobson, Kurylowicz ਅਤੇ Martinet ਆਦਿ ਪ੍ਰਮੁਖ ਵਿਦਵਾਨਾਂ ਨੇ ਸਿਨਕ੍ਰਾਨਿਕ ਤੇ ਡਾਇਆਕ੍ਰਾਨਿਕ ਦੇ ਦਰਮਿਆਨ ਪ੍ਰਾਪਤ ਵਿਰੋਧੀ ਦ੍ਰਿਸ਼ਟੀਆਂ ਨੂੰ ਇਕਸੁਰ ਕਰਨ ਦੇ ਜਤਨ ਕੀਤੇ ਹਨ, ਅਤੇ ਕਿਸੇ ਇਕ ਵਿਸ਼ੈ-ਖੇਤਰ ਵਿਚ ਹਾਸਿਲ ਕੀਤੀਆਂ ਲੱਭਤਾਂ ਨੂੰ ਦੂਜੇ ਵਿਸ਼ੈ-ਖੇਤਰ ਦੇ ਸਪਸ਼ਟੀਕਰਣ ਲਈ ਇਸਤਿਮਾਲ ਕੀਤਾ ਹੈ ।

ਇਸੇ ਲੜੀ ਵਿਚ Paul Kiparsky ਦਾ ਨਾਮ ਵੀ ਉਲੇਖ-ਯੋਗ ਹੈ ਜਿਸ ਨੇ ਇਸ ਵਿਵਾਦ-ਗ੍ਰਸਤ ਵਿਸ਼ੈ ਨੂੰ *Generative* ਗ੍ਰਾਮਰ ਦੇ ਪਰਿਪੇਖ ਤੋਂ ਸੁਲਝਾਉਣ ਦਾ ਬੌਧਿਕ ਪ੍ਰਯਾਸ ਕੀਤਾ ਹੈ । ਉਸ ਨੇ ਲਿਖਿਆ ਹੈ : "ਭਾਸ਼ਾ-ਵਿਗਿਆਨੀ ਦੇ ਹੱਥ ਵਿਚ ਇਤਿਹਾਸਿਕ ਭਾਸ਼ਾ-ਵਿਗਿਆਨ ਇਕ ਅਤਿ ਉੱਤਮ ਸਾਧਨ ਹੈ ਜਿਹੜਾ ਕਿ ਵਿਆਕਰਣ ਦੀ ਸਵਿਸਥਾਰ ਸੰਰਚਨਾ ਦੀ ਤਲਾਸ਼ ਕਰਨ ਲਈ ਵਚਨਬੱਧ ਹੈ । ਜੇ ਅਸੀਂ ਥੋੜ੍ਹਾ ਜਿਹਾ ਦ੍ਰਿਸ਼ਟਾਂਤ (analogy) ਨੂੰ ਬਦਲੀਏ ਤਾਂ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦਾ ਪਰਿਵਰਤਨ ਭਾਸ਼ਾ-ਵਿਗਿਆਨ ਲਈ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਕਿ ਭੂ-ਗਰਭ ਵਿਗਿਆਨੀ (geologist) ਲਈ ਭੂਚਾਲ ਜਾਂ ਜਵਾਲਾਮੁਖੀ ਵਿਸਫੋਟ ਹੈ ਅਤੇ ਜਿਸ ਤਰ੍ਹਾਂ ਜਯੋਤਿਸ਼-ਵਿਗਿਆਨੀ ਲਈ ਸੁਪਰਨੋਵਾ/ਅਤਿ ਚਮਕੀਲਾ ਤਾਰਾ ਹੈ । ਜਿਸ ਤਰ੍ਹਾਂ ਭੂਚਾਲ ਦੀ ਖੋਜ-ਪੜਤਾਲ ਨਾਲ ਧਰਤੀ ਦੇ ਅੰਤਰ-ਜਗਤ ਬਾਰੇ ਕੁਝ ਨਾ ਕੁਝ ਜ਼ਰੂਰੀ ਸੂਚਨਾ ਉਪਲਬਧ ਹੁੰਦੀ ਹੈ, ਇਸੇ ਤਰ੍ਹਾਂ ਭਾਸ਼ਾ-ਪਰਿਵਰਤਨ ਦੇ ਡੂੰਘੇ ਅਧਿਐਨ ਦੇ ਜ਼ਰੀਏ ਭਾਸ਼ਾਗਤ ਸੰਰਚਨਾ ਦੇ ਕਈ ਐਸੇ ਪਹਿਲੂ ਉਜਾਗਰ ਹੁੰਦੇ ਹਨ ਜੋ ਕਿ ਆਮ ਤੌਰ ਤੇ ਪਹੁੰਚ ਤੋਂ ਬਾਹਰ ਰਹਿ ਜਾਂਦੇ ਹਨ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਉਪਰ ਬਿਆਨ ਕੀਤੇ Paul Kiparsky ਦੇ ਇਸ ਵਿਚਾਰ-ਬਿੰਦੂ ਨਾਲ ਇਸ ਨਿਮਨ-ਲਿਖਤ ਸ਼ੰਕਾ ਦਾ ਕਿਵੇਂ ਤਾਲਮੇਲ ਬਿਠਾ ਸਕਦੇ ਹਾਂ ਕਿ "ਭਾਸ਼ਾ ਦਾ ਇਤਿਹਾਸ ਉਸ ਦੇ ਗ੍ਰਾਮਰ ਲਈ ਅਪ੍ਰਸੰਗਿਕ ਹੈ "(The history of a language is irrelevant to its grammar.)"

ਓਪਰੀ ਨਿਗਾਹ ਨਾਲ ਵੇਖੀਏ ਤਾਂ ਇਤਿਹਾਸਿਕ ਤੱਥਾਂ ਦੀ ਵਰਤੋਂ ਕਰਨਾ ਸਿਨਕ੍ਰਾਨਿਕ ਭਾਸ਼ਾ-ਵਿਗਿਆਨ ਦੇ ਸੰਕਲਪ ਲਈ ਅਸੰਗਤ ਪ੍ਰਤੀਤ ਹੁੰਦਾ ਹੈ । ਪਰ ਗਹਿਰਾਈ ਨਾਲ ਇਸ ਸ਼ੰਕਾ ਦੇ ਜਵਾਬ ਵਿਚ ਦੋ ਚਿੰਤਨ-ਪਹਿਲੂ ਉਭਰਦੇ ਹਨ । ਪਹਿਲਾ ਇਹ ਹੈ ਕਿ ਕਿਸੇ ਖ਼ਾਸ ਭਾਸ਼ਾ ਦਾ ਵਰਣਨ ਇਕਾਲਿਕ ਸਟ੍ਰਕਚਰ ਤੇ ਹੀ ਆਧਾਰਿਤ ਹੋਣਾ ਚਾਹੀਦਾ ਹੈ, ਭਾਸ਼ਾ ਦੇ ਇਤਿਹਾਸ ਤੇ ਨਹੀਂ । ਪਰ ਦੂਜਾ ਪਹਿਲੂ ਵਜ਼ਨਦਾਰ ਹੈ, ਉਹ ਇਹ ਹੈ ਕਿ ਭਾਸ਼ਾਗਤ ਪਰਿਵਰਤਨਾਂ ਦੀ ਜਿਹੜੀ ਪ੍ਰਾਪਰਟੀਜ਼ ਪ੍ਰਾਪਤ ਹੁੰਦੀ ਹੈ ਉਹ ਉਨ੍ਹਾਂ ਤੱਥਾਂ/ਪ੍ਰਮਾਣਾਂ ਦਾ ਇਕ ਅੰਗ ਹੈ ਕਿ ਜਿਨ੍ਹਾਂ ਉਤੇ ਭਾਸ਼ਾ ਦੀ ਜਨਰਲ ਥਿਊਰੀ ਨਿਰਭਰ ਕਰਦੀ ਹੈ ।

ਭਾਸ਼ਾ ਦੀ ਇਹ ਜਨਰਲ ਥਿਊਰੀ ਹੀ ਹੈ ਜਿਸ ਦੇ ਹਵਾਲੇ ਵਿਚ ਕਿਸੇ ਖ਼ਾਸ ਭਾਸ਼ਾ ਦਾ ਵਰਣਨ ਤੇ ਅਧਿਐਨ ਕੀਤਾ ਜਾਂਦਾ ਹੈ ਅਤੇ ਉਸਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ ।

ਇਸ ਤਰਕ-ਪ੍ਰਣਾਲੀ ਦੇ ਚਾਨਣ ਵਿਚ ਇਹ ਸਿੱਟਾ ਨਿਕਲਦਾ ਹੈ ਕਿ ਗ੍ਰਾਮਰ ਅਤੇ ਭਾਸ਼ਾ-ਵਿਗਿਆਨ ਦੇ ਜ਼ਰੀਏ ਇਤਿਹਾਸਿਕ ਭਾਸ਼ਾ-ਵਿਗਿਆਨ ਸਿਨਕ੍ਰਾਨਿਕ ਵਰਣਨ ਲਈ ਨਿਹਾਇਤ ਸਾਰਥਕ ਤੇ ਪ੍ਰਾਸੰਗਿਕ ਹੈ ।[3]

ਇਸ ਤਰ੍ਹਾਂ ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਸੰਕਲਪ, ਸਿੱਧਾਂਤ, ਤਕਨੀਕੀ ਵਿਧੀ ਅਤੇ frame work ਦੇ ਵਰਣਨ ਤੇ ਵਿਸ਼ਲੇਸ਼ਣ ਤੋਂ ਬਾਅਦ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਿਨਕ੍ਰਾਨਿਕ, ਵਰਣਨਾਤਮਕ ਤੇ ਸੰਰਚਨਾਤਮਕ ਅਧਿਐਨ-ਪ੍ਰਣਾਲੀਆਂ ਦੇ ਝੁਰਮਟ ਵਿਚ ਇਤਿਹਾਸਿਕ ਪ੍ਰਣਾਲੀ ਦੀ ਉਪਯੋਗਤਾ ਤੇ ਮਹੱਤਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮਾਨਵੀ ਭਾਸ਼ਾ ਦੀ ਯੁਗ-ਯੁਗੀਨ ਸਮਰਥਾ ਦੀ ਅਰਥ-ਪੂਰਣ ਜਾਣਕਾਰੀ ਪ੍ਰਾਪਤ ਕਰਨਾ ਇਤਿਹਾਸਿਕ ਅਧਿਐਨ ਦੀ ਮਹੱਤਵਪੂਰਨ ਸੇਧ ਹੈ। ਇਸ ਤੋਂ ਇਲਾਵਾ ਮਾਨਵੀ ਇਤਿਹਾਸ ਦੇ ਦੂਰ-ਦੁਰਾਡੇ ਕਾਲ-ਪਰਿਪੇਖ ਵਿਚ ਭਾਸ਼ਾ ਦੀ ਜੋ ਪ੍ਰਕਿਰਤੀ, ਸੰਰਚਨਾ, ਰੂਪ ਰੇਖਾ ਤੇ ਸੰਚਾਰ-ਯੋਗਤਾ ਕਰਮਸ਼ੀਲ ਰਹੀ ਹੈ ਉਸ ਦਾ ਚਿਤਰਣ, ਨਿਰੂਪਣ ਤੇ ਪੁਨਰ-ਨਿਰਮਾਣ ਵੀ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਖੋਜ-ਵਿਧੀ ਤੋਂ ਸੰਭਵ ਹੋ ਸਕਿਆ ਹੈ। ਵਿਸ਼ਵ-ਭਾਸ਼ਾਵਾਂ ਦੇ ਇਤਿਹਾਸਿਕ ਵਿਕਾਸ ਵਿਚ ਵਿਵਿਧ-ਭਾਂਤੀ ਸ਼ਾਖਾਂ-ਪ੍ਰਸ਼ਾਖਾਂ ਦੇ ਜਿਹੜੇ ਆਪਸੀ ਭਾਸ਼ਾਤਮਕ ਰਿਸ਼ਤੇ ਅੰਤਰ-ਸੰਬੰਧਿਤ ਹੁੰਦੇ ਹਨ ਉਨ੍ਹਾਂ ਅੰਤਰ-ਸੰਬੰਧਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਚਰਚਾ ਕਰਨਾ ਇਤਿਹਾਸਿਕ ਅਪ੍ਰੋਚ ਦੀ ਕਾਬਲੇ-ਜ਼ਿਕਰ ਉਪਲਬਧੀ ਹੈ। ਭਾਸ਼ਾ-ਵਿਗਿਆਨ ਦੀ ਇਹ ਇਤਿਹਾਸਿਕ ਵਿਧੀ ਵਿਭਿੰਨ ਭਾਸ਼ਾਵਾਂ ਦੀਆਂ ਪਰਸਪਰ ਸਾਂਝਾਂ ਦੇ ਪ੍ਰਮਾਣਿਕ ਤੇ ਮਿਸਾਲੀ ਵਿਵਰਣ ਪੇਸ਼ ਕਰਕੇ ਉਨ੍ਹਾਂ ਦੇ ਪ੍ਰਜਨਨ-ਸਰੋਤਾਂ ਦੀਆਂ ਅੰਤਰ-ਸਥਿਤੀਆਂ ਬਾਰੇ ਬਹੁਮੁੱਲੀ ਸੂਚਨਾ ਪ੍ਰਦਾਨ ਕਰਨ ਦਾ ਗੌਰਵ-ਪੂਰਨ ਕਾਰਜ ਵੀ ਸਰਅੰਜਾਮ ਕਰਦੀ ਹੈ। ਪੂਰਵ-ਇਤਿਹਾਸਿਕ ਜ਼ਮਾਨੇ ਵਿਚ ਭਾਸ਼ਾਵਾਂ ਦੀ ਬਣਤਰੀ-ਪ੍ਰਕਿਰਿਆ ਵਿਚ ਤਤਕਾਲੀ ਸਮਾਜਿਕ, ਮਨੋਵਿਗਿਆਨਿਕ, ਸਭਿਆਚਾਰਿਕ ਤੇ ਵਿਚਾਰਧਾਰਕ ਪਰਿਸਥਿਤੀਆਂ ਦਾ ਰੋਲ ਕਿਹੜੀ ਕਿਰਿਆ-ਪ੍ਰਤਿਕਿਰਿਆ ਰਾਹੀਂ ਅਸਰ-ਅੰਦਾਜ਼ ਹੋਇਆ ਹੈ, ਇਸ ਸਮੱਸਿਆ ਦੀ ਸਮੀਖਿਆ ਕਰਨਾ ਵੀ ਇਤਿਹਾਸਵਾਦੀ ਪਹੁੰਚ-ਵਿਧੀ ਦਾ ਪ੍ਰਮੁਖ ਕਰਤੱਵ ਹੈ।

ਪ੍ਰਸਤੁਤ ਖੋਜ-ਯੋਜਨਾ ਦੇ ਤਹਿਤ ਜਦ ਅਸੀਂ ਪੰਜਾਬ ਦੀ ਆਧੁਨਿਕ ਭਾਰਤੀ ਆਰੀਆ ਭਾਸ਼ਾ "ਪੰਜਾਬੀ" ਦੇ ਇਤਿਹਾਸਿਕ ਪਰਿਪੇਖ, ਉਸ ਦੇ ਪ੍ਰਜਨਨ-ਸਰੋਤ ਅਤੇ ਉਸ ਦੇ ਵਿਕਾਸਾਤਮਕ ਪੜਾਵਾਂ ਦਾ ਜਾਇਜ਼ਾ ਲੈਣ ਲਈ ਪ੍ਰਵਿਰਤ ਹੋ ਰਹੇ ਹਾਂ ਤਾਂ ਇਸ ਦਿਸ਼ਾ-ਬਿੰਦੂ ਦੇ ਰੂ-ਬਰੂ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਮਾਡਲ ਹੀ ਸਾਡਾ ਮਾਰਗ-ਦਰਸ਼ਨ ਕਰ ਸਕਦਾ ਹੈ। ਇਸ ਲਈ ਸਾਡਾ ਅਗਲਾ ਅਧਿਐਨ ਇਸ ਮਾਡਲ ਦੀ ਰੋਸ਼ਨੀ ਵਿਚ ਹੀ ਪੇਸ਼ ਕੀਤਾ ਜਾ ਰਿਹਾ ਹੈ।

ਹਵਾਲੇ ਤੇ ਟਿੱਪਣੀਆਂ

ਸਰੋਤ (Sources) :

1. Lehmann, W.P. [1962] *Historical Linguistics : An Introduction.* Indian Edition, Calcutta.
2. Theodora Bynon [1977] *Historical Linguistics.*
3. Hockett, C.F. [1958] *A Course in Modern Linguistics.* Indian Edition, Oxford & IBH N. Delhi.
4. John lyons, Editor [1970] *New Horizons in Linguistics,* Penguin Books.
5. John lyons [1971] *Introduction to Theoretical Linguistics,*

Cambridge.
6. David crystal [1986] *A Dictionary of Linguistics and Phonetics*, Basil Blackwell, U.K.
7. Hans H. Hock [1991] *Principles of Historical Linguistics*, Berlin.
8. Anthony Arlotto [1972] *Introduction to Historical Linguistics*, Harvard university.

1. "The Indian grammatical tradition is not only independent of the Greco-Roman but also earlier, more diverse in its manifestations and in some respects superior in its achievements. Panini (fourth century B.C.), acknowledged as the greatest of the Indian grammarians, mentions a large number of predecessors, and it may be assumed that he is working in a tradition which started some centuries before him.

Although Indian grammar and Greco-Roman grammar were, as far as we know, independent of one another, both in their origins and in their development , there are certain points of similarity.

There are two respects in which Indian linguistic work may be held to be superior to Western traditional grammar : first in *phonetics*, and second in the study of the *internal structure of words*. The Indian classification of speech sounds was more detailed, more accurate and more soundly based upon observation and experiment than anything achieved in Europe (or elsewhere as far as we know) before the late nineteenth century, when the science of phonetics in Europe was in fact strongly influenced by the discovery and translation of the Indian linguistic treatises by Western scholars. There are many aspects of nineteenth-century linguistics which are clearly derived from the practice or theory of the Indian grammarians. But the influence of Panini's principles (exhaustiveness, consistency and economy) is to be seen even more clearly in some of the most recent work in linguistics."

———John Lyons (1971), *Introduction to Theoretical Linguistics* , p. 19-20

2. "The late eighteenth-century discovery that Sanskrit (the ancient language of India) was related to Latin, Greek, Germanic, and Celtic revolutionized European linguistic studies. Sir William Jones, a British Judge and scholar working in India summed up the nature and implications of the findings in his 1786 address to the Royal Asiatic Society, a part of which follows :

"The Sanskrit language, whatever be its antiquity, is of a wonderful structure; more perfect than the Greek, more copious (having more cases) than the Latin, and more exquisitely refined than either, yet bearing to both of them a stronger affinity, both in the roots of the verbs and in the forms of the grammar than could possibly have been produced by accident; so strong indeed that no philosopher should have examined them all three, without believing them to have sprung from some common source, which, perhaps, no longer exists."

———Willam O'Grady & M. Dobrovolsky, *Cotemparary Linguistics–An Introduction* (1989), p. 214 .

3. "Historical Linguistics is the study of the development in languages in the course of time, of the ways in which languages change from period to period, and of the causes and results of such changes, both outside the languages

and within them."R.H. Robins : *General Linguistics : An Introductory Survey*, p. 5.

4. "Historical Linguistics : A branch of Linguistics which studies the development of LANGUAGE and linguistics. Historical linguistics uses the methods of the various school of synchronic linguistics (including socio-linguistics and psycho-linguistics, especially in considering the reasons for language change) ."David Crystal, *A Dictionary of Linguistics and Phonetics*, p. 148, 1986.

5. Johan Lyons (1981), *Language and Linguistics*, p. 35 .

6. "In historical linguistics we study differences in languages between two points of time. As we investigate languages we also find difference between two or more points in space."

______Winfred p. Lehmann : *Historical Linguistics : An Introduction* , p. 3.

7. "The study of how speech-habits change as time goes by is called *historical or diachronic linguistics.*" Hockett, C.F. *A Course in Modern Linguistics*, p. 303.

8. "Pushing further on these lines, we may say that historical linguistics is actually one of the best means at the linguist's disposal for investigating the detailed structure of grammars. Language change is for the linguist, to change the analogy a little, what earthquakes and volcanic eruptions are for the geologist, or supernovoe for the astronomer. They add welcome new perspective in a field where the object of study is static and not readily amendable to experimental manipulation. Just as the careful analysis of earthquakes may reveal something about the earth's interior so careful analysis of linguistic changes may reveal otherwise inaccessible aspects of linguistic structure ."

______Paul Kiparsky, *Historical Linguistics*, an article included in "New Horizons in Linguistics," edited by John Lyons. p. 314, 1971.

ਅਧਿਆਏ 1 : 3

ਭਾਸ਼ਾਈ ਸ਼੍ਰੇਣੀਕਰਣ ਦੇ ਸਿਧਾਂਤ ਸੂਤਰ

(Classification of Languages)

ਪਿਛਲਿਆਂ ਪੰਨਿਆ ਤੇ "ਇਤਿਹਾਸਿਕ ਭਾਸ਼ਾ-ਵਿਗਿਆਨ" ਦਾ ਜਿਹੜਾ ਸਿਧਾਂਤਕ ਪਰਿਪੇਖ ਪੇਸ਼ ਕੀਤਾ ਗਿਆ ਹੈ ਉਸ ਦਾ ਪ੍ਰਮੁਖ ਉਦੇਸ਼-ਬਿੰਦੂ ਵਿਸ਼ਵ ਦੀਆਂ ਵਿਭਿੰਨ ਭਾਸ਼ਾਵਾਂ ਨੂੰ ਨਿਯਮਿਤ ਆਧਾਰਾਂ ਤੇ ਸ਼ਰੇਣੀ-ਬੱਧ ਕਰਕੇ ਉਨ੍ਹਾਂ ਵਿਚ ਵਿਚਰਦੇ ਅੰਤਰ-ਸੰਬੰਧਾਂ ਦੀ ਸਥਾਪਨਾ ਕਰਨਾ ਹੈ ਅਤੇ ਸਥਾਪਨਾ ਦੇ ਰਾਹੀਂ ਉਭਰਦੇ ਨਿਯਮ ਤੇ ਪੈਟਰਨ ਨਿਧਾਰਿਤ ਕਰਨੇ ਹਨ। ਇਸੇ ਸੇਧ ਵਿਚ ਹੁਣ ਇਤਿਹਾਸਿਕ ਅਪ੍ਰੋਚ ਦੇ ਮਾਧਿਅਮ ਨਾਲ ਭਾਸ਼ਾਤਮਕ ਸ਼ਰੇਣੀਕਰਣ ਦਾ ਸਿਧਾਂਤਕ ਸੰਕਲਪ ਪੇਸ਼ ਕੀਤਾ ਜਾਂਦਾ ਹੈ।

ਅੱਜ ਕੁਲ ਸੰਸਾਰ ਵਿਚ ਮਨੁੱਖੀ ਭਾਸ਼ਾ ਦੀ ਹੋਂਦਸ਼ੀਲ ਸਥਿਤੀ ਨੂੰ ਮੁੱਖ ਰਖਕੇ ਜਿਹੜਾ ਹੈਰਾਨੀ-ਜਨਕ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਉਹ ਹੈ ਮਾਨਵੀ ਭਾਸ਼ਾ ਦੀ ਵਿਭਿੰਨਤਾ, ਅਨਿਕ-ਪ੍ਰਕਾਰਤਾ ਜਾਂ diversity. ਦੁਨੀਆਂ ਵਿਚ ਹਜ਼ਾਰਾਂ ਹੀ ਵੱਖ ਵੱਖ ਜ਼ੁਬਾਨਾਂ ਹਨ, ਅਤੇ ਹਜ਼ਾਰਾਂ ਹੀ ਲਘੂ ਭਾਸ਼ਾਵਾਂ ਹਨ। ਹਰੇਕ ਭਾਸ਼ਾ ਦੇ ਆਪਣੇ ਹੀ ਧੁਨੀ-ਪੈਟਰਨ ਹਨ, ਆਪਣੇ ਹੀ ਰੂਪਾਤਮਕ ਵਿਧਾਨ ਹਨ ਅਤੇ ਆਪਣੇ ਹੀ ਵਾਕਾਤਮਕ ਨੇਮ ਹਨ। ਇਸ ਸੰਬੰਧ ਵਿਚ H.A. Gleason [1968 : 441] ਦਾ ਇਹ ਕਥਨ ਸਾਰ-ਗਰਭਿਤ ਹੈ ਕਿ ਸੰਸਾਰ ਵਿਚ ਜ਼ੁਬਾਨਾ ਤੇ ਬੋਲੀਆ ਏਨੀਆਂ ਜ਼ਿਆਦਾ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਦੇ ਭਾਸ਼ਾਈ ਵਰਗੀਕਰਣ ਤੋਂ ਬਗੈਰ ਇਸ ਢੇਰਾਂ ਦੀ ਢੇਰ ਸਾਮਗ੍ਰੀ ਨੂੰ ਸਿਸਟਮ-ਬੱਧ ਨਹੀਂ ਕੀਤਾ ਜਾ ਸਕਦਾ। ਫੇਰ ਵੀ ਸੰਸਾਰ-ਵਿਆਪੀ ਭਾਸ਼ਾਵਾਂ ਦੀ ਅਨੇਕ-ਰੂਪੀ ਵੱਖਰਤਾ ਦੇ ਪਿਛੇ ਕੁਝ ਅਜਿਹੀਆਂ ਸਮਾਨਤਾਵਾਂ ਤੇ ਸਮਰੂਪਤਾਵਾ ਉਪਲਬਧ ਹੁੰਦੀਆਂ ਹਨ ਜਿਨ੍ਹਾਂ ਦਾ ਸਹਾਰਾ ਲੈ ਕੇ ਭਾਸ਼ਾ ਵਿਗਿਆਨੀ ਬਹੁ-ਗਿਣਤ ਭਾਸ਼ਾਵਾ ਨੂੰ ਕੁਝ-ਕੁ ਗਿਣੇ-ਮਿਣੇ ਪ੍ਰਕਾਰਾ (types) ਤੇ ਪਰਿਵਾਰਾਂ ਵਿਚ ਸਰੇਣੀ-ਬੱਧ ਕਰਨ ਲਈ ਸਮਰਥ ਹੋ ਸਕੇ ਹਨ।

ਆਧਾਰ-ਬਿੰਦੂ

ਭਾਸ਼ਾ ਸੰਬੰਧੀ ਸ਼ਰੇਣੀਕਰਣ ਦੀ ਇਸ ਦਿਸ਼ਾ ਵਿਚ ਬੁਨਿਆਦੀ ਤੌਰ ਤੇ ਅੱਜ ਦੋ ਹੀ ਸੰਕਲਪ-ਸਿਸਟਮ ਸਵੀਕਾਰ ਕੀਤੇ ਜਾਂਦੇ ਹਨ। ਇਕ ਹੈ structural classification ਅਤੇ ਦੂਜਾ ਹੈ genetic classification. ਇਸ ਤੋਂ ਪਹਿਲਾਂ ਵੱਖ ਵੱਖ ਵਿਦਵਾਨਾ ਨੇ ਵੱਖ-ਵੱਖ ਸਥਾਪਨਾ-ਸੰਕਲਪ ਤਜਵੀਜ਼ ਕੀਤੇ ਸਨ। Lehmann [1962 : 17], Louis Gray [Foundations of Language p. 299], ਅਤੇ Theodora Bynon [1977 : 262] ਆਦਿ ਵਿਸ਼ੇਸ਼ੱਗ ਵਿਦਵਾਨ geneological, morphological, typological ਆਦਿ ਆਧਾਰ-ਸੰਕਲਪ ਪਰਵਾਨ ਕਰਦੇ ਸਨ। ਪਰ ਹੁਣ structural ਤੇ genetic ਦੋ

ਹੀ ਸਥਾਪਿਤ ਆਧਾਰ-ਬਿੰਦੂ ਹਨ । ਹੁਣ ਇਨ੍ਹਾਂ ਨੂੰ ਇਥੇ ਪਰਿਭਾਸ਼ਿਤ ਤੇ ਵਿਸਥਾਰਤ ਕਰਨ ਦਾ ਜਤਨ ਕੀਤਾ ਜਾਂਦਾ ਹੈ ।

ਸੰਰਚਨਾਤਮਕ (Structural) ਆਧਾਰ-ਸੰਕਲਪ ਅਜਿਹਾ ਸਿਸਟਮ ਹੈ ਜਿਹੜਾ ਸੰਰਚਨਾਤਮਕ ਲੱਛਣਾ ਦੇ ਪਰਿਪੇਖ ਵਿਚ ਭਿੰਨ ਭਿੰਨ ਭਾਸ਼ਾਵਾਂ ਦੀ ਵਰਗਬੰਦੀ ਲਈ ਕਿਰਿਆਸ਼ੀਲ ਹੁੰਦਾ ਹੈ । ਜਿਨ੍ਹਾਂ ਜ਼ੁਬਾਨਾਂ ਦੇ ਧੁਨੀ-ਪੈਟਰਨ ਅਤੇ ਵਿਆਕਰਣਿਕ ਨੇਮ-ਪ੍ਰਬੰਧ ਸਾਝੇ ਤੇ ਸਮਤੁੱਲ ਉਪਲਬਧ ਹੁੰਦੇ ਹਨ ਉਨ੍ਹਾਂ ਨੂੰ ਸਮੂਹਿਕ ਤੌਰ ਤੇ ਸ਼ਰੇਣੀਬੱਧ ਕੀਤਾ ਜਾ ਸਕਦਾ ਹੈ । Theodora Bynon [1977 : 262] ਇਸ ਨੂੰ typological ਦਾ ਨਾਮਕਰਣ ਦਿੰਦੀ ਹੈ ਅਤੇ ਭਾਸ਼ਾਵਾਂ ਦੀ ਪ੍ਰਕਾਰ-ਵੰਡ ਦੀ ਨੀਂਹ isomorphism of structure ਨੂੰ ਮੰਨਦੀ ਹੈ । ਇਸ ਤਰ੍ਹਾਂ ਵਿਵਿਧ ਭਾਸ਼ਾਵਾਂ ਦੇ ਸ਼ਰੇਣੀਕਰਣ ਦੇ ਮੰਤਵ ਨਾਲ ਅੱਡ ਅੱਡ ਭਾਸਿਕ ਰੂਪਾਂ ਦਾ relational ਜਾਂ structural ਸਿਸਟਮ ਹੀ ਸੰਰਚਨਾਤਮਕ ਮਾਡਲ ਦੀ ਆਧਾਰ-ਭੂਮੀ ਹੈ ।

ਜਣਨਿਕ (Genetic) ਆਧਾਰ-ਸੰਕਲਪ ਅਜਿਹਾ ਸਿਸਟਮ ਹੈ ਜਿਹੜਾ ਜੈਨੇਟਿਕ ਸੰਬੰਧ-ਸਥਾਪਨਾ ਦੇ ਲਿਹਾਜ਼ ਨਾਲ ਭਾਸ਼ਾਤਮਕ ਵਰਗੀਕਰਣ ਲਈ ਪਹੁੰਚ-ਵਿਧੀ ਅਪਣਾਉਂਦਾ ਹੈ । ਜਿਹੜੀਆਂ ਭਾਸ਼ਾਵਾਂ ਕਿਸੇ ਸਾਂਝੀ ਜੱਦੀ ਪੈਤ੍ਰਿਕ (ancestral) ਭਾਸ਼ਾ ਤੋਂ ਇਤਿਹਾਸਿਕ ਵਿਕਾਸ-ਧਾਰਾ ਵਿਚ ਪ੍ਰਫੁੱਲਤ ਹੋਈਆਂ ਹਨ ਉਨ੍ਹਾਂ ਨੂੰ ਜਣਨਿਕ ਤੌਰ ਤੇ ਸਹਿ-ਸੰਬੰਧਿਤ ਮੰਨਿਆ ਜਾਂਦਾ ਹੈ ।

ਸ਼ਰੇਣੀਕਰਣ ਦੀਆਂ ਸਮੱਸਿਆਵਾਂ

ਭਾਸ਼ਾ-ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਸੰਸਾਰ ਵਿਚ ਚਾਰ ਹਜ਼ਾਰ ਤੋਂ ਲੈ ਕੇ ਅੱਠ ਹਜ਼ਾਰ ਤਕ ਵੱਖ ਵੱਖ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ 50 ਕਰੋੜ (ਪੰਜ ਬਿਲੀਅਨ)* ਤੋਂ ਵੱਧ ਲੋਕ ਇਨ੍ਹਾਂ ਨੂੰ ਬੋਲਦੇ ਹਨ । ਇਹ ਅੰਕੜੇ ਬਹੁਤੇ ਸਹੀ ਨਹੀਂ ਮੰਨੇ ਜਾ ਸਕਦੇ ਕਿਉਂਕਿ ਵਿਸ਼ਵ-ਭਾਸ਼ਾਵਾਂ ਬਾਰੇ ਪ੍ਰਾਪਤ ਹੋਈ ਸੂਚਨਾ ਕਾਫ਼ੀ ਨਹੀਂ ਹੈ । ਅਜੇ ਹੁਣੇ ਹੀ ਅਫ਼ਰੀਕਾ ਅਤੇ ਉੱਤਰੀ ਅਮਰੀਕਾ ਦੀਆਂ ਨੇਟਿਵ ਬੋਲੀਆਂ ਬਾਰੇ ਭਾਸ਼ਾ-ਵਿਗਿਆਨੀਆਂ ਨੂੰ ਜਾਣਕਾਰੀ ਮਿਲੀ ਹੈ । ਅਤੇ *ਸਾਊਥ ਅਮਰੀਕਾ, ਨਿਊ ਗਾਇਨਾ ਤੇ ਆਸਟਰੇਲੀਆ* ਦੀਆਂ ਨੇਟਿਵ (ਮੁਕਾਮੀ) ਬੋਲੀਆਂ ਤਾਂ ਅਜੇ ਵੀ ਮੁਕਾਬਲਤਨ ਅਗਿਆਤ ਹਨ । ਫੇਰ ਵੀ ਜੇਕਰ ਆਪਾਂ ਮੋਟਾ-ਜਿਹਾ ਹਿਸਾਬ ਲਾ ਕੇ ਚਾਰ ਹਜ਼ਾਰ ਭਾਸ਼ਾਵਾਂ ਮਿਥ ਲਈਏ ਤਾਂ ਵੀ ਇਹ ਬਹੁਤ ਵੱਡੀ ਗਿਣਤੀ ਹੈ । ਇਨ੍ਹਾਂ ਭਾਸ਼ਾਵਾਂ ਨੂੰ ਵਰਗਬੱਧ ਕਰਨਾ ਕੋਈ ਆਸਾਨ ਕੰਮ ਨਹੀਂ, ਇਸ ਪਾਸੇ ਵੱਲ ਅਨੇਕ ਸਮੱਸਿਆਵਾਂ ਹਨ । Edward Sapir [Language, 1921 : 122] ਨੇ ਵਰਗੀਕਰਣ ਦੇ ਸੰਬੰਧ ਵਿਚ ਚਾਰ ਕਿਸਮ ਦੀਆਂ ਸਮੱਸਿਆਵਾਂ ਦਾ ਉਲੇਖ ਕੀਤਾ ਹੈ :

(1) ਪਹਿਲੀ ਸਮੱਸਿਆ ਇਹ ਹੈ ਕਿ ਕੁਝ ਕੁ ਮੁੱਠੀ ਭਰ ਉਘੀਆਂ ਭਾਸ਼ਾਵਾਂ ਨੂੰ ਸਾਹਮਣੇ ਰਖਕੇ ਆਮ ਸਿੱਧਾਂਤ ਕਢਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਅਜੇਹੀ ਸੀਮਿਤ ਕੋਸ਼ਿਸ਼ ਕਰਨੀ ਖਤਰਨਾਕ ਸਾਬਤ ਹੋ ਸਕਦੀ ਹੈ ।

* World Population : At mid-1994, the world population stood at 5.63 billion. Of this figure, 4-5 billion live in the less developed regions, and 1.2 billion live in the more developed regions. "*The Tribune*" dated Feb. 4, 1995.

(2) ਦੂਜੀ ਸਮੱਸਿਆ ਇਹ ਹੈ ਕਿ ਆਮ ਘੜੇ-ਘੜਾਏ ਫ਼ਾਰਮੂਲਿਆਂ ਵਿਚ ਹਰ ਤਰ੍ਹਾਂ ਦੀ ਭਾਸ਼ਾ ਨੂੰ ਸ਼ਰੇਣੀਬੱਧ ਕਰਨ ਦੀ ਮੱਲੋਜੋਰੀ ਚੇਸ਼ਟਾ ਕਰਨੀ ਯੋਗ ਨਹੀਂ । ਕਦੇ ਕਦੇ ਕੋਈ ਭਾਸ਼ਾ ਇਕ ਤੋਂ ਵੱਧ ਕਿਸਮਾਂ ਵਿਚ ਵੀ ਰਖੀ ਜਾ ਸਕਦੀ ਹੈ ।

(3) ਅਗਲੀ ਸਮੱਸਿਆ ਇਹ ਵੀ ਹੈ ਕਿ ਭਾਸ਼ਾਵਾਂ ਦੇ ਵਰਗੀਕਰਣ ਲਈ ਉਹ ਕਿਹੜਾ ਵਿਆਪਕ ਦ੍ਰਿਸ਼ਟੀਕੋਣ ਹੈ ਜਿਹੜਾ ਭਾਸ਼ਾਈ ਵੰਡ ਦਾ ਆਧਾਰ ਮੰਨਿਆ ਜਾ ਸਕੇ । ਭਾਸ਼ਾ ਦੇ ਏਨੇ ਪਹਿਲੂ (facts) ਹਨ ਕਿ ਅਸੀਂ ਠਠੰਬਰ ਜਾਂਦੇ ਹਾਂ ।

(4) ਚੋਥੀ ਸਮੱਸਿਆ ਇਹ ਹੈ ਕਿ ਭਾਸ਼ਾ-ਵਿਗਿਆਨੀਆ ਦੀਆਂ ਕੁਝ ਆਪੋ-ਆਪਣੀਆਂ ਤਰਜੀਹਾਂ ਹਨ । ਉਨ੍ਹਾਂ ਤੋਂ ਲਾਂਭੇ ਹਟ ਕੇ ਉਹ ਆਮ ਬੋਲੀਆ ਨੂੰ ਭਾਸ਼ਾ ਦੀ ਪਦਵੀ ਦੇਣ ਲਈ ਤਿਆਰ ਨਹੀਂ ਹੁੰਦੇ । ਕਲਾਸੀਕਲ ਭਾਸ਼ਾਵਾ ਹੀ ਉਨ੍ਹਾ ਦਾ ਆਦਰਸ਼ ਹੁੰਦੀਆਂ ਹਨ ।

ਇਨ੍ਹਾਂ ਤੋਂ ਇਲਾਵਾ ਕੁਝ ਹੋਰ ਵੀ ਔਕੜਾਂ ਹਨ । ਸਿਆਸੀ, ਸਭਿਆਚਾਰਿਕ, ਸਮਾਜਿਕ, ਤੇ ਪ੍ਰਾਦੇਸ਼ਿਕ ਆਦਿ ਕਈ ਕਾਰਣ ਹਨ ਜੋ ਵੱਖ ਵੱਖ ਭਾਸ਼ਾਵਾਂ ਦੇ ਸੀਮਾ-ਨਿਰਧਾਰਣ ਵਿਚ ਰੋੜੇ ਅਟਕਾਉਂਦੇ ਹਨ । ਮਿਸਾਲ ਦੇ ਤੌਰ ਤੇ ਸਰਬੀਅਨ ਤੇ ਕਰੋਸ਼ੀਅਨ (Serbians & Crotians) ਅਕਸਰ ਇਹੋ ਕਹਿੰਦੇ ਹਨ ਕਿ ਅਸੀਂ ਵੱਖਰੀ ਵੱਖਰੀ ਬੋਲੀ ਬੋਲਦੇ ਹਾਂ, ਪਰ ਸਚਾਈ ਇਹ ਹੈ ਕਿ ਉਨ੍ਹਾ ਦੋਹਾਂ ਇਲਾਕਿਆਂ ਦੇ ਲੋਕ ਆਪਸ ਵਿਚ ਸਮਝੀ ਜਾਣ ਵਾਲੀ ਸੁਬੋਧ ਭਾਸ਼ਾ ਬੋਲਦੇ ਹਨ ਅਤੇ ਇਨ੍ਹਾਂ ਜ਼ੁਬਾਨਾਂ ਦਾ ਸਰੋਤ ਇਕੋ ਮੂਲ ਭਾਸ਼ਾ ਤੋਂ ਹੋਇਆ ਹੈ ਜਿਸਨੂੰ ਭਾਸ਼ਾ-ਵਿਗਿਆਨੀ Serbo-Croatian ਦੀ ਸੰਗਿਆ ਦੇਂਦੇ ਹਨ । ਇਸੇ ਤਰ੍ਹਾਂ ਸਾਡੀ ਆਮ ਸੋਚ ਇਹੋ ਹੈ ਕਿ ਚੀਨ ਦੀ ਭਾਸ਼ਾ ਚੀਨੀ ਇਕ ਹੈ । ਪਰ ਅਸਲੀਅਤ ਇਹ ਹੈ ਕਿ ਉਥੇ *Cantonese, Hakka, Mandarin*, ਅਜਿਹੀਆਂ ਬੋਲੀਆ ਹਨ ਜੋ ਆਪਸ ਵਿਚ ਨਹੀਂ ਸਮਝੀਆਂ ਜਾਂਦੀਆਂ । ਫੇਰ ਚੀਨ ਕਿਵੇਂ ਇਕ-ਭਾਸ਼ੀ ਦੇਸ ਕਿਹਾ ਜਾ ਸਕਦਾ ਹੈ ।

ਇਨ੍ਹਾਂ ਸਮੱਸਿਆਵਾ ਦੇ ਬਾਵਜੂਦ ਭਾਸ਼ਾਵਾਂ ਦਾ ਸਰੇਣੀਕਰਣ ਭਾਸ਼ਾ-ਵਿਗਿਆਨੀਆ ਦਾ ਇਕ ਜ਼ਰੂਰੀ ਪ੍ਰਕਾਰਜ ਹੈ । ਇਸ ਲਈ ਜਿਹੜੀਆਂ ਸਮੱਸਿਆਵਾਂ ਦਰਪੇਸ਼ ਹਨ ਉਨ੍ਹਾਂ ਦਾ ਸਮਾਧਾਨ ਕਰਨਾ ਇਤਿਹਾਸਿਕ ਭਾਸ਼ਾ-ਵਿਗਿਆਨੀਆ ਲਈ ਬੇਹਦ ਜ਼ਰੂਰੀ ਹੈ ।

ਸ਼ਰੇਣੀਕਰਣ ਲਈ ਕਸੌਟੀਆਂ

ਭਾਸ਼ਾ-ਵਿਗਿਆਨੀਆਂ ਨੇ ਵਿਭਿੰਨ ਭਾਸ਼ਾਵਾਂ ਨੂੰ ਵੱਖ ਵੱਖ ਸ਼ਰੇਣੀਆਂ ਵਿਚ ਵੰਡਣ ਲਈ ਕੁਝ ਕੁ ਟੈਸਟ ਜਾਂ ਕਸੌਟੀਆਂ (criteria) ਤਜਵੀਜ਼ ਕੀਤੀਆਂ ਹਨ । H.A. Gleason [1955 : 441] ਨੇ ਤਿੰਨ ਤਰ੍ਹਾਂ ਦੀਆ ਪਰਖ-ਕਸੌਟੀਆਂ ਦਾ ਉਲੇਖ ਕੀਤਾ ਹੈ। ਉਹ ਇਹ ਹਨ :

(1) ਪਰਸਪਰ ਸੁਬੋਧਤਾ (mutual intelligibility)
(2) ਸਾਂਝੇ ਭਾਸ਼ਿਕ ਤੱਤ (common elements)
(3) ਸਮ-ਭਾਸ਼ਾ-ਰੇਖਾਵਾਂ (isoglosses)

ਸਭ ਤੋਂ ਸੌਖੀ ਪਰਖ ਇਹ ਹੋ ਸਕਦੀ ਹੈ ਕਿ ਵਿਚਾਰ-ਗੋਚਰੀਆ ਭਾਸ਼ਾਵਾਂ ਆਪਸ

ਵਿਚ ਸਮਝੀਆ ਜਾਂਦੀਆਂ ਹੋਣ ਅਰਥਾਤ ਸੁਬੋਧ ਹੋਣ । ਇਹ ਸੁਬੋਧਤਾ ਦਾ ਟੈਸਟ ਹੈ । ਕਈ ਵਿਦਵਾਨ ਸ਼੍ਰੇਣੀਕਰਣ ਲਈ ਨਿਕਟਵਰਤੀ ਭਾਸ਼ਾਵਾਂ ਦੇ ਸਾਂਝੇ ਤੱਤਾਂ ਨੂੰ ਪਰਖ-ਕਸੌਟੀ ਮੰਨਦੇ ਹਨ । ਇਹ ਤੁਲਨਾਤਮਕ ਵਿਧੀ ਹੈ ਜਿਸ ਨਾਲ ਅੰਤਰ-ਨਿਖੇੜ ਤੇ ਅੰਤਰ-ਸੰਬੰਧ ਉਪਲਬਧ ਹੁੰਦੇ ਹਨ । ਸਮ-ਭਾਸ਼ਾ ਰੇਖਾਵਾਂ ਦੀ ਵਿਧੀ ਵੀ ਵਰਗਬੰਦੀ ਲਈ ਸਹਾਇਕ ਹੋ ਸਕਦੀ ਹੈ ।

ਇਸ ਤਰ੍ਹਾਂ ਇਨ੍ਹਾਂ ਔਕੜਾਂ, ਸਮੱਸਿਆਵਾਂ, ਤੇ ਪਰਖ-ਕਸੌਟੀਆਂ ਦੀ ਹੋਂਦ ਤੇ ਪਛਾਣ ਦੀ ਰੋਸ਼ਨੀ ਵਿਚ ਇਹ ਗੱਲ ਲਾਜ਼ਮੀ ਹੋ ਜਾਂਦੀ ਹੈ ਕਿ ਕੋਈ ਨਾ ਕੋਈ ਅਜਿਹੇ ਸਿਸਟਮ ਵਿਉਂਤਬੱਧ ਕੀਤੇ ਜਾਣ ਜੋ ਬਹੁ-ਗਿਣਤ ਭਾਸ਼ਾਵਾਂ ਨੂੰ ਲਘੂ ਵਰਗਾਂ/ਉਪ-ਵਰਗਾਂ ਵਿਚ ਵੰਡਣ ਲਈ ਆਧਾਰ-ਬਿੰਦੂ ਮੁਹੱਈਆ ਕਰ ਸਕਣ । ਭਾਸ਼ਾਵਾਂ ਦਾ ਇਸ ਕਿਸਮ ਦਾ ਸ਼੍ਰੇਣੀਕਰਣ ਆਮ ਤੌਰ ਤੇ ਜਾਂ ਤਾਂ ਜਨਨਿਕ (genetic) ਸੰਬੰਧ-ਸਥਾਪਨਾ ਦੇ ਲਿਹਾਜ਼ ਨਾਲ ਸੰਪੰਨ ਕੀਤਾ ਜਾਂਦਾ ਹੈ ਅਤੇ ਜਾਂ ਫਿਰ ਸੰਰਚਨਾਤਮਕ (structural) ਲੱਛਣਾਂ ਦੇ ਲਿਹਾਜ਼ ਨਾਲ । ਹੁਣ ਸਭ ਤੋਂ ਪਹਿਲਾ ਸੰਰਚਨਾਤਮਕ ਲੱਛਣਾਂ ਦੇ ਮੁਤਾਬਕ ਭਾਸ਼ਾ-ਸ਼੍ਰੇਣੀਕਰਣ ਦਾ ਵਿਵਰਣ ਪੇਸ਼ ਕੀਤਾ ਜਾਂਦਾ ਹੈ ।

ਸੰਰਚਨਾਤਮਕ ਸ਼੍ਰੇਣੀਕਰਣ (Structural classification)

ਸੰਰਚਨਾਤਮਕ ਉਪਲੱਛਣਾਂ ਦੇ ਅਨੁਸਾਰ ਕੀਤੇ ਜਾਂਦੇ ਭਾਸ਼ਾਈ ਸ਼੍ਰੇਣੀਕਰਣ ਨੂੰ Linguistic Typology ਵੀ ਆਖਿਆ ਜਾਂਦਾ ਹੈ, ਪਰ ਸੰਰਚਨਾ ਵਧੇਰੇ ਵਿਆਪਕ term ਹੈ । ਸੰਰਚਨਾਤਮਕ ਸਿਸਟਮ ਉਨ੍ਹਾਂ ਅੰਤਰ-ਸੰਬੰਧਿਤ ਭਾਸ਼ਾਵਾਂ ਦੀ ਗਰੁਪਬੰਦੀ ਕਰਨ ਵੱਲ ਕਿਰਿਆਸ਼ੀਲ ਹੁੰਦਾ ਹੈ ਜਿਨ੍ਹਾਂ ਭਾਸ਼ਾਵਾਂ ਵਿਚ ਫੋਨਾਲੋਜੀ ਦਾ ਸਿਸਟਮ, ਸ਼ਬਦ-ਸੰਰਚਨਾ ਦੀ ਵਿਉਂਤ ਅਤੇ ਵਾਕਾਤਮਕ ਸ਼ਬਦ-ਕ੍ਰਮ ਸਾਂਝੇ ਮਿਲਦੇ ਹਨ ।

ਫੋਨਾਲੋਜੀ

ਭਾਸ਼ਾਵਾਂ ਦੇ ਫੋਨਾਲੋਜੀਕਲ ਸਿਸਟਮ, ਫੋਨੀਮਾਂ ਦੇ ਵਿਰੋਧ ਦੇ ਆਧਾਰ ਤੇ ਅਕਸਰ ਵਰਗਬੱਧ ਕੀਤੇ ਜਾਂਦੇ ਹਨ । ਫੋਨੈਮਿਕ ਵਿਸ਼ਲੇਸ਼ਣ ਤੋਂ ਹੀ ਸੰਬੰਧਿਤ ਵਿਰੋਧ/ਟਾਕਰੇ ਉਭਰਦੇ ਹਨ । ਸੋ ਸੰਰਚਨਾਤਮਕ ਵਰਗੀਕਰਣ ਦੇ ਸੰਦਰਭ ਵਿਚ ਸਵਰ ਅਤੇ ਵਿਅੰਜਨ ਫੋਨੀਮਿਕ ਪੱਧਰ ਤੇ ਹੀ ਪ੍ਰਸਤੁਤ ਕੀਤੇ ਜਾਂਦੇ ਹਨ

ਸਵਰ-ਸਿਸਟਮ : ਭਾਸ਼ਾਵਾਂ ਨੂੰ ਅਮੂਮਨ ਉਨ੍ਹਾਂ ਦੇ ਸਵਰਾਂ ਦੀ ਵਿਉਂਤਬੰਦੀ ਅਤੇ ਗਿਣਤੀ-ਮੂਲਕ ਵਿਵਸਥਾ ਦੇ ਅਨੁਸਾਰ ਸ਼੍ਰੇਣੀਬੱਧ ਕੀਤਾ ਜਾਂਦਾ ਹੈ । ਸੰਸਾਰ ਦੀਆਂ ਭਾਸ਼ਾਵਾਂ ਵਿਚ ਜਿਹੜਾ ਆਮ ਸਵਰ-ਸਿਸਟਮ ਉਪਲਬਧ ਹੁੰਦਾ ਹੈ ਉਨ੍ਹਾਂ ਵਿਚ ਤਿੰਨ, ਚਾਰ, ਛੇ, ਸੱਤ ਵੱਖ ਵੱਖ ਫੋਨੈਮਿਕ ਵਿਰੋਧ-ਸਥਿਤੀਆਂ ਪ੍ਰਾਪਤ ਹੁੰਦੀਆਂ ਹਨ । ਲੇਕਿਨ ਆਮ ਪ੍ਰਚਲਿਤ ਵਿਉਂਤ-ਵਿਵਸਥਾ ਵਿਚ ਪੰਜ ਫੋਨੈਮਿਕ ਵਿਰੋਧ ਮਿਲਦੇ ਹਨ । ਸੰਸਾਰ ਦੀਆਂ ਅੱਧੀਆਂ ਭਾਸ਼ਾਵਾਂ ਵਿਚ ਜਿਨ੍ਹਾਂ ਵਿਚ *Basque, Hawaiin,* ਜਾਪਾਨੀ, ਸਪੈਨਿਸ਼, ਸਵਾਹਿਲੀ ਸ਼ਾਮਲ ਹਨ, ਪੰਜ ਫੋਨੈਮਿਕ ਵਿਰੋਧਾਂ ਦੀ ਸਥਾਪਨਾ ਮਿਲਦੀ ਹੈ । ਬਹੁ-ਪ੍ਰਚਲਿਤ ਸਵਰ-ਵਿਉਂਤ ਦੀ ਤਾਲਿਕਾ ਹੇਠਾਂ ਅੰਕਿਤ ਹੈ :

i		u
e		o
	a	

ਸਮਕਾਲੀ *ਇਟਾਲੀਅਨ* ਭਾਸ਼ਾ ਵਿਚ ਸੱਤ-ਸਵਰਾਂ ਦਾ ਸਿਸਟਮ ਹੈ :

i						u
	e				o	
		E		ɔ		
			a			

ਤੁਰਕੀ ਭਾਸ਼ਾ ਵਿਚ ਅੱਠ-ਸਵਰਾਂ ਦਾ ਸਿਸਟਮ ਹੈ :

i	ü	I	u
e	ö	a	o

ਅੰਗ੍ਰੇਜ਼ੀ ਦੀਆਂ ਕੁਝ ਉਪ-ਬੋਲੀਆਂ ਵਿਚ ਨੌਂ-ਸਵਰਾਂ ਦਾ ਸਿਸਟਮ ਹੈ

i	ɨ	u
e	ə	o
æ	a	ɔ

ਪੰਜਾਬੀ ਭਾਸ਼ਾ ਵਿਚ ਦਸ-ਸਵਰਾਂ ਦਾ ਸਿਸਟਮ ਹੈ ਜੋ ਨਿਮਨ-ਅੰਕਿਤ ਹੈ :

ਈ	ਇ	ਉ	ਊ
ਏ	ਅ		ਓ
ਐ	ਆ		ਔ

ਹਿੰਦੀ ਵਿਚ ਦਸ-ਸਵਰਾਂ ਦਾ ਸਿਸਟਮ ਨਿਮਨ ਅਨੁਸਾਰ ਹੈ :

इ	अ	उ				
ई	ए	ऐ	आ	औ	ओ	ऊ

ਵਿਅੰਜਨ ਸਿਸਟਮ : ਵਿਸ਼ਵ ਦੀਆਂ ਵੱਖ ਵੱਖ ਭਾਸ਼ਾਵਾਂ ਵਿਚ ਪ੍ਰਾਪਤ ਵਿਅੰਜਨਾਂ ਦੀ ਗਿਣਤੀ ਦੇ ਆਧਾਰ 'ਤੇ ਸ਼ਰੇਣੀਕਰਣ ਦੀ ਵਿਵਸਥਾ ਕਰਨਾ ਬਹੁਤਾ ਲਾਭਦਾਇਕ ਨਹੀਂ ਜਾਪਦਾ, ਕਿਉਂਕਿ ਵਿਅੰਜਨਾਂ ਦੀ ਗਿਣਤੀ-ਮੂਲਕ ਵਿਵਸਥਾ ਵਿਚ ਬਹੁਤ ਹੀ ਫ਼ਰਕ ਮਿਲਦੇ ਹਨ। ਸੰਸਾਰ ਦੀਆਂ ਵੱਖ ਵੱਖ ਜ਼ੁਬਾਨਾਂ ਦੀਆਂ ਵਿਅੰਜਨ-ਤਾਲਿਕਾਵਾਂ ਵਿਚ 8 ਵਿਅੰਜਨ-ਫੋਨੀਮ ਤੋਂ ਲੈ ਕੇ 96 ਵਿਅੰਜਨਾਂ ਤਕ ਪ੍ਰਾਪਤ ਹੁੰਦੇ ਹਨ।* ਪੰਜਾਬੀ ਭਾਸ਼ਾ ਵਿਚ 31 ਵਿਅੰਜਨ ਹਨ ਜਦ ਕਿ ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਵਿਚ 38 ਵਿਅੰਜਨ-ਫੋਨੀਮ ਹਨ। ਵਿਅੰਜਨਾਂ ਦੀ ਉਘੜੀ ਦੁਘੜੀ ਗਿਣਤੀ-ਮੂਲਕ ਵਿਵਸਥਾ ਕਰਕੇ ਵਿਭਿੰਨ ਭਾਸ਼ਾਵਾਂ ਦੀ ਤੱਥ-ਮੂਲਕ ਤੁਲਨਾ ਸੰਭਵ ਨਹੀਂ ਹੋ ਸਕਦੀ ਹੈ।

ਅਖੰਡੀ ਧੁਨੀਮ ਸਿਸਟਮ (Suprasegmental system) : ਸਵਰ ਤੇ ਵਿਅੰਜਨ ਖੰਡੀ ਫੋਨੀਮ ਹਨ ਜਦ ਕਿ ਟੋਨ, ਬਲ, ਤਾਨ, ਸੁਰ ਆਦਿ ਅਖੰਡੀ ਫੋਨੀਮ ਹਨ ਜਿਨ੍ਹਾਂ ਦੇ ਆਧਾਰ ਤੇ ਵੱਖ ਵੱਖ ਭਾਸ਼ਾਵਾਂ ਦੇ ਸ਼ਰੇਣੀਕਰਣ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਪਰ ਇਸ ਦਿਸ਼ਾ ਵਿਚ ਸਭ ਤੋਂ ਵੱਡੀ ਔਕੜ ਤਾਂ ਇਹ ਹੈ ਕਿ ਵਿਸ਼ਵ-ਭਾਸ਼ਾਵਾਂ ਦੇ ਸੰਦਰਭ ਵਿਚ ਅਖੰਡੀ ਧੁਨੀਆਂ ਦੀ ਪਛਾਣ ਤੇ ਸਥਾਪਤੀ ਲਈ ਵਿਸ਼ਵ ਪੱਧਰ ਉਤੇ ਆਵਸ਼ਕ ਸੂਚਨਾ-ਸਾਮੱਗਰੀ ਉਪਲਬਧ ਨਹੀਂ ਹੈ। ਇਸ ਲਈ ਅਖੰਡੀ ਸਿਸਟਮ ਦੇ ਆਧਾਰ 'ਤੇ ਭਾਸ਼ਾਵਾਂ ਦਾ ਸ਼ਰੇਣੀਕਰਣ ਅਜੇ ਸੰਭਵ ਨਹੀਂ ਹੈ।

* Kung, a language spoken in Namibia, has ninety-six consonant phonemes.

ਮਾਰਫਾਲੋਜੀ (Morphology)

ਵਿਸ਼ਵ ਪੱਧਰ ਉੱਤੇ ਮਾਰਫੀਮ (ਰੂਪੀਮ) ਅਤੇ ਸ਼ਬਦ (word) ਦੋ ਪ੍ਰਮਾਣਿਕ ਭਾਸ਼ਾਈ ਯੂਨਿਟ ਹਨ । ਲੇਕਿਨ ਵੱਖ ਵੱਖ ਭਾਸ਼ਾਵਾਂ ਵਿਚ ਸ਼ਬਦਾਂ ਦੀ ਅੰਦਰੂਨੀ ਬਣਤਰ ਦੀ ਉਸਾਰੀ ਲਈ ਮਾਰਫੀਮਾਂ ਨੂੰ ਸੰਯੋਜਨ (combine) ਕਰਨ ਦੇ ਜਿਹੜੇ ਸਿਸਟਮ ਹਨ ਉਨ੍ਹਾਂ ਦਾ ਵੱਖ ਵੱਖ ਭਾਸ਼ਾਵਾਂ ਵਿਚ ਵੱਖ ਵੱਖ ਕਾਰਜ-ਵਿਧਾਨ ਹੈ । ਇਸ ਲੈਵਲ ਤੇ ਚਾਰ ਤਰ੍ਹਾਂ ਦੇ ਸਿਸਟਮਾਂ ਦੀ ਪਛਾਣ ਸਥਾਪਿਤ ਹੁੰਦੀ ਹੈ ਲੇਕਿਨ ਕੋਈ ਵੀ ਭਾਸ਼ਾ ਇਨ੍ਹਾਂ ਵਿਚੋਂ ਕਿਸੇ ਇਕ ਤੇ ਪੂਰੀ ਨਹੀਂ ਉਤਰਦੀ ਹੈ (ਚਾਰ ਤਰ੍ਹਾਂ ਦੇ ਸਿਸਟਮ ਦਾ ਅੱਗੇ ਵਿਸਤਾਰ ਪੇਸ਼ ਹੈ) ਇਸ ਤਰ੍ਹਾਂ ਸ਼ਬਦ-ਸੰਰਚਨਾ ਦੇ ਸੰਦਰਭ ਵਿਚ ਮਾਰਫੀਮਾਂ ਦਾ ਜਿਸ ਕਿਸਮ ਦਾ ਜਿਹੜਾ ਯੋਗਦਾਨ ਹੈ ਉਸ ਦੇ ਅਨੁਸਾਰ ਹੀ ਭਾਸ਼ਾਵਾਂ ਦੇ "ਟਾਈਪ" ਮੁਕੱਰਰ ਕੀਤੇ ਜਾ ਸਕਦੇ ਹਨ । ਮਾਰਫੀਮਾਂ ਦੇ ਬੁਨਿਆਦੀ ਯੋਗਦਾਨ ਦੇ ਕਾਰਣ ਹੀ ਪਹਿਲੇ ਵਿਦਵਾਨ ਇਸ ਕਿਸਮ ਦੇ ਵਰਗੀਕਰਣ ਦੀ ਸੰਗਿਆ morphological ਰਖਦੇ ਸਨ । ਹੁਣ ਸੰਰਚਨਾਤਮਕ ਸਿਸਟਮ ਦਾ ਸੰਕਲਪ ਵਰਗੀਕਰਣ ਦੀ ਆਧਾਰ-ਭੂਮੀ ਹੈ, ਇਸ ਲਈ structural classification ਵਧੇਰੇ ਢੁਕਵਾਂ ਹੈ । ਹੁਣ ਇਨ੍ਹਾਂ ਸਿਸਟਮਾਂ ਦੀ ਪੇਸ਼ਕਾਰੀ ਹਾਜ਼ਰ ਕੀਤੀ ਜਾਂਦੀ ਹੈ ।

The Isolating Type (ਅਯੋਗਾਤਮਕ) ਇਸ ਨੂੰ analytic ਵੀ ਕਿਹਾ ਜਾਂਦਾ ਹੈ । ਅਯੋਗਾਤਮਕ ਜਾਂ isolating ਭਾਸ਼ਾ ਦੀ ਸਾਦੀ ਪਰਿਭਾਸ਼ਾ ਇਹ ਹੈ ਕਿ ਇਸ ਦੇ ਸ਼ਬਦ mono-morphic ਹੁੰਦੇ ਹਨ ਅਰਥਾਤ ਸ਼ਬਦ ਆਮ ਤੌਰ ਤੇ ਇਕ ਮਾਰਫੀਮ ਨਾਲ ਹੀ ਸਿਰਜਿਤ ਹੁੰਦੇ ਹਨ । ਇਨ੍ਹਾਂ ਸ਼ਬਦਾਂ ਦੇ ਨਿਰਮਾਣਕਾਰੀ ਤੱਤ ਅਕਸਰ ਧਾਤੂ ਮਾਰਫੀਮ (root-morpheme) ਹੁੰਦੇ ਹਨ ਅਤੇ ਉਹ ਬਝਵੇਂ (bound) ਮਾਰਫੀਮ (ਵਧੇਤਰ : affixes) ਨਹੀਂ ਹੁੰਦੇ, ਸੁਤੰਤਰ ਮਾਰਫੀਮ ਹੁੰਦੇ ਹਨ । ਸੁਤੰਤਰ ਮਾਰਫੀਮ ਵਚਨ, ਕਾਲ ਆਦਿ ਵਿਆਕਰਨਿਕ ਕੋਟੀਆਂ ਨੂੰ ਵੀ ਪ੍ਰਗਟ ਕਰਦੇ ਹਨ । Hockett [1958 : 181], Bynon [1977 : 265] ਵੀ ਇਸ ਪਰਿਭਾਸ਼ਾ ਦੀ ਪ੍ਰੋੜ੍ਹਤਾ ਕਰਦੇ ਹਨ । ਇਸ ਚਰਚਾ ਦਾ ਅੰਤਰੰਗ ਭਾਵ ਇਹ ਹੈ ਕਿ isolating type ਵਿਚ ਸ਼ਬਦਾਂ ਦੇ ਵਿਆਕਰਣਿਕ ਕਾਰਜ ਵਾਕ ਅੰਦਰ ਸ਼ਬਦਾਂ ਦੀ ਸਾਪੇਖਕ ਸਥਿਤੀ ਤੋਂ ਨਿਰਧਾਰਿਤ ਹੁੰਦੇ ਹਨ । ਸਥਾਨ ਅਨੁਸਾਰ ਹੀ ਨਾਂਵ, ਵਿਸ਼ੇਸ਼ਣ, ਕਿਰਿਆ ਆਦਿ ਸ਼ਬਦ-ਰੂਪ ਨਿਸ਼ਚਿਤ ਕੀਤੇ ਜਾਂਦੇ ਹਨ । ਚੀਨੀ ਭਾਸ਼ਾ Mandrin, Cantonese, ਵੀਅਤਨਾਮੀ, Laotion ਅਤੇ ਕੰਬੋਡੀਅਨ ਅਯੋਗਾਤਮਕ ਭਾਸ਼ਾ-ਵੰਨਗੀ ਦੇ ਨਮੂਨੇ ਹਨ । ਚੀਨੀ ਦੀ ਮਿਸਾਲ ਹੈ :

ਨਗੋ ਤ ਨਿ (ਮੈਂ ਤੈਨੂੰ ਮਾਰਦਾ ਹਾਂ),
ਨਿ ਤ ਨਗੋ (ਤੂੰ ਮੈਨੂੰ ਮਾਰਦਾ ਹੈਂ)

ਇਨ੍ਹਾਂ ਦੋ ਮਿਸਾਲੀ ਵਾਕਾਂ ਵਿਚ ਸਾਰੇ ਸ਼ਬਦ free ਮਾਰਫੀਮ ਹਨ ਪਰ ਇਨ੍ਹਾਂ ਦੀ ਸਥਿਤੀ ਪਰਿਵਰਤਨ-ਸ਼ੀਲ (modifiable) ਹੈ । ਸਥਾਨਾਂਤਰਣ ਕਰਕੇ ਹਰ ਮਾਰਫੀਮ ਅਰਥਾਤਮਕ ਪਰਿਵਰਤਨ ਦਾ ਧਾਰਨੀ ਬਣ ਜਾਂਦਾ ਹੈ ।

The Agglutinating type (ਯੋਗਾਤਮਕ ਭਾਸ਼ਾ-ਟਾਈਪ)

ਯੋਗਾਤਮਕ ਕਿਸਮ ਦੀ ਭਾਸ਼ਾ ਦੇ ਸ਼ਬਦਾਂ ਦੀ ਰਚਨਾ ਦੋ ਜਾਂ ਦੋ ਤੋਂ ਵਧੇਰੇ ਮਾਰਫੀਮਾਂ ਨਾਲ ਹੁੰਦੀ ਹੈ ਜਿਸ ਵਿਚ ਇਕ ਮੂਲ-ਧਾਤੂ ਅਤੇ ਇਕ ਜਾਂ ਵਧ ਵਧੇਤਰ

(affixes) ਹੁੰਦੇ ਹਨ । ਯੋਗਾਤਮਕ ਭਾਸ਼ਾਵਾਂ ਵਿਚ ਹਰ ਇਕ ਵਧੇਤਰ (ਅਗੇਤਰ, ਪਿਛੇਤਰ) ਸਪਸ਼ਟ ਤੌਰ ਤੇ ਪਛਾਣ-ਯੋਗ ਹੁੰਦਾ ਹੈ ਅਤੇ ਇਹ ਅਲਗ ਤੌਰ ਤੇ ਵਿਆਕਰਣਿਕ ਵਿਰੋਧ ਦੇ ਕੋਡ (code) ਵਜੋਂ ਕਾਰਜਸ਼ੀਲ ਹੁੰਦਾ ਹੈ । ਦੂਜੇ ਲਫ਼ਜ਼ਾਂ ਵਿਚ ਯੋਗਾਤਮਕ ਭਾਸ਼ਾਵਾਂ ਦੀ morphological ਰੂਪਮੀ-ਸੰਰਚਨਾ ਭਾਵੇਂ ਜਟਿਲ ਹੁੰਦੀ ਹੈ ਪਰ ਇਸ ਦਾ ਹਰ ਮਾਰਫੀਮ ਵੱਖਰੇ ਤੌਰ ਤੇ ਪਛਾਣਿਆ ਜਾਂਦਾ ਹੈ ਅਤੇ ਹਰ ਮਾਰਫੀਮ ਦਾ ਸੁਤੰਤਰ ਕਾਰਜ ਵੀ ਹੁੰਦਾ ਹੈ । ਯੋਗਾਤਮਕ ਸ਼ਬਦਾਂ ਦੀ ਬਣਤਰ ਵਿਚ ਕੋਸ਼ੀ-ਮਦ ਤੇ ਵਿਆਕਰਣਿਕ ਮਦ (lexical items and grammatical) ਅਡ ਅੱਡ ਸਾਫ਼ ਸਾਫ਼ ਦਿਸਦੇ ਰਹਿੰਦੇ ਹਨ ਅਤੇ ਇਹ ਤਿਲ-ਚੌਲੀ ਵਾਂਗੂ ਸਪਸ਼ਟ ਤੌਰ ਤੇ ਝਲਕਦੇ ਹਨ ।

ਯੋਗਾਤਮਕ ਕਿਸਮ ਦੀ ਭਾਸ਼ਾ ਦੀ ਵੰਨਗੀ Finno-ugric ਭਾਸ਼ਾ-ਪਰਿਵਾਰ ਦੀ ਮੈਂਬਰ ਤੁਰਕੀ (Turkic) ਹੈ । ਹੇਠਾਂ ਦਰਜ ਤੁਰਕੀ ਦੀ ਮਿਸਾਲ ਵਿਚ-ler ਬਹੁਵਚਨ ਬੋਧਕ ਹੈ, -de 'ਅੰਦਰ' ਦਾ ਸੂਚਕ ਹੈ, -den 'ਤੋਂ' ਦਾ ਅਰਥ ਪ੍ਰਗਟ ਕਰਦਾ ਹੈ । ਨਮੂਨਾ ਇਹ ਹੈ :-

ਤੁਰਕੀ ਵਿਚ ਕੋਸ਼ੀ ਤੇ ਵਿਆਕਰਣਿਕ ਮਦਾਂ ਦਾ ਨਮੂਨਾ

	ev	= ਘਰ		sev	= ਪਿਆਰ
ਨਮੂਨਾ (1)	ev-ler	ਘਰ (ਬਹੁਵਚਨ)	*ਨਮੂਨਾ* (2)	sev-mer	ਪਿਆਰ ਕਰਨ ਲਈ
	ev-ler-de	ਘਰਾਂ ਵਿਚ		sev-er	ਉਹ ਪਿਆਰ ਕਰਦਾ ਹੈ
	ev-ler-den	ਘਰਾਂ ਤੋਂ		sev-er-im	ਮੈਂ ਪਿਆਰ ਕਰਦਾ ਹਾਂ

The Synthetic Type (ਸ਼ਲੇਸ਼ਾਤਮਕ ਭਾਸ਼ਾ-ਪ੍ਰਕਾਰ)

ਸ਼ਲੇਸ਼ਾਤਮਕ ਭਾਸ਼ਾ-ਪ੍ਰਕਾਰ ਨੂੰ inflecting ਜਾਂ inflectional ਵੀ ਕਿਹਾ ਜਾਂਦਾ ਹੈ । ਸ਼ਲੇਸ਼ਾਤਮਕ/ਵਿਭਕਤੀ-ਮੁਖ ਸ਼ਬਦ ਵੀ ਜਟਿਲ ਸੰਰਚਨਾ ਵਾਲੇ ਹੁੰਦੇ ਹਨ । Louis Gray [Foundation of Language, p. 310] ਨੇ ਲਿਖਿਆ ਹੈ ਕਿ ਸ਼ਲੇਸ਼ਾਤਮਕ ਭਾਸ਼ਾ ਬਾਕੀ ਯੋਗਾਤਮਕ (agglutinative) ਭਾਸ਼ਾ ਦੇ ਟਾਕਰੇ ਤੇ ਇਸ ਗੱਲ ਤੋਂ ਵੱਖਰੀ ਹੁੰਦੀ ਹੈ ਕਿ ਇਸ ਵਿਚ ਨਾਂਵ, ਕਿਰਿਆ ਦੀਆਂ ਵਿਭਕਤੀਆਂ (inflection) ਦੇ ਜਿੰਨੇ ਵੀ ਭਾਸ਼ਿਕ ਅੰਸ਼ ਹਨ ਉਹ ਸ਼ਬਦ-ਮੂਲਾਂ (stems) ਨਾਲ ਇਸ ਤਰ੍ਹਾਂ ਇਕ ਰੂਪ ਹੋ ਗਏ ਹੁੰਦੇ ਹਨ ਕਿ ਉਨ੍ਹਾਂ ਨੂੰ ਨਿਖੇੜਨਾ ਸੰਭਵ ਨਹੀਂ ਹੁੰਦਾ । ਸ਼ਲੇਸ਼ਾਤਮਕ ਭਾਸ਼ਾ ਦੇ ਸ਼ਬਦ poly-morphic ਹੁੰਦੇ ਹਨ । ਸ਼ਲੇਸ਼ਾਤਮਕ ਭਾਸ਼ਾ ਦੀ agglutinative ਭਾਸ਼ਾ ਨਾਲੋਂ ਇਹ ਵੀ ਵਿਸ਼ੇਸ਼ਤਾ ਹੈ ਕਿ ਸ਼ਲੇਸ਼ਾਤਮਕ ਵਧੇਤਰ (ਅਗੇਤਰ, ਪਿਛੇਤਰ, ਮੱਧੇਤਰ) ਇਕੋ ਸਮੇਂ ਕਈ ਵਿਆਕਰਣਿਕ ਸ਼੍ਰੇਣੀਆਂ ਨੂੰ mark ਕਰਦੇ ਹਨ, ਅਜਿਹੇ ਬਹੁ-ਕਾਰਜੀ ਵਧੇਤਰਾਂ ਨੂੰ portmanteau morphemes ਕਿਹਾ ਜਾਂਦਾ ਹੈ । ਸ਼ਲੇਸ਼ਾਤਮਕ/ਵਿਭਕਤੀ-ਮੁਖ ਭਾਸ਼ਾ ਵਿਚ ਗ੍ਰੀਕ, ਲੈਟਿਨ ਸੰਸਕ੍ਰਿਤ, ਰੂਸੀ, Finnish ਆਦਿ ਸ਼ਾਮਲ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਵਿਚ ਇਕੋ ਵਿਭਕਤੀ/ਪਿਛੇਤਰੀ ਮਾਰਫੀਮ ਲਿੰਗ ਵਚਨ, ਪੁਰਸ਼ ਅਤੇ ਵਿਆਕਰਣਿਕ ਕਾਰਜ (ਕਰਤਾ, ਕਰਮ, ਪ੍ਰਧਾਨ ਕਰਮ ਆਦਿ) ਆਦਿ ਮਾਰਕ ਕਰਦਾ ਹੈ ।

ਸ਼ਲੇਸ਼ਾਤਮਕ ਵਿਭਕਤੀ-ਪ੍ਰਧਾਨ (synthetic/inflecting) ਭਾਸ਼ਾ-ਪ੍ਰਕਾਰ ਦੀਆਂ ਉਪਯੁਕਤ ਮਿਸਾਲਾਂ ਲੈਟਿਨ, ਗ੍ਰੀਕ ਜਾਂ ਸੰਸਕ੍ਰਿਤ ਵਿਚ ਉਪਲਬਧ ਹੁੰਦੀਆਂ ਹਨ । ਇਨ੍ਹਾਂ

ਭਾਸ਼ਾਵਾਂ ਵਿਚ ਸ਼ਬਦਾਂ ਦੇ ਵਾਕਾਤਮਕ ਸੰਬੰਧ ਵਿਭਕਤੀਆਂ ਦੁਆਰਾ ਹੀ ਪ੍ਰਗਟ ਕੀਤੇ ਜਾਂਦੇ ਹਨ, ਵੱਖਰੇ ਸੰਬੰਧਕ ਨਹੀਂ ਹੁੰਦੇ ਜਿਵੇਂ ਕਿ ਅਜ ਕਲ ਪੰਜਾਬੀ,ਹਿੰਦੀ ਵਿਚ ਪ੍ਰਚਲਿਤ ਹਨ।

ਏਥੇ ਅਸੀਂ *ਮਿਸਾਲ ਵਜੋਂ*, ਲੈਟਿਨ ਤੇ ਸੰਸਕ੍ਰਿਤ ਦੀ ਰੂਪਾਵਲੀ (paradigm) ਅੰਕਿਤ ਕਰਦੇ ਹਾਂ ਜਿਨ੍ਹਾਂ ਵਿਚ inflectional elements (ਵਿਭਕਤੀ-ਅੰਸ਼) ਸ਼ਬਦਾਂ ਦੇ ਲਿੰਗ, ਵਚਨ, ਪੁਰਸ਼, ਵਿਆਕਰਣਿਕ ਕਾਰਜਾਂ ਅਤੇ ਵਾਕਾਤਮਕ ਸੰਬੰਧਾਂ ਨੂੰ ਪ੍ਰਗਟ ਕਰਦੇ ਹਨ। ਇਹ ਵਿਭਕਤੀ-ਅੰਸ਼ (inflectional elements) ਸ਼ਬਦਾਂ ਨਾਲੋਂ ਵਖਰੇ ਨਹੀਂ ਕੀਤੇ ਜਾ ਸਕਦੇ। ਹੁਣ ਪਹਿਲਾ ਲੈਟਿਨ ਦੇ ਉਦਾਹਰਣ ਦਰਜ ਕੀਤੇ ਜਾਂਦੇ ਹਨ।

ਲੈਟਿਨ ਵਿਚ ਉਪਲਬਧ ਵਿਭਕਤੀ/ਕਾਰਕ ਸਿਸਟਮ ਦੀ ਰੂਪਾਵਲੀ

(1)		(1)		
ਲੈਟਿਨ ਨਾਵੀ ਰੂਪਾਵਲੀ (nominal paradigm)		*ਵਿਭਕਤੀ/ਕਾਰਕ*	*ਇਕ ਵਚਨ*	*ਬਹੁਵਚਨ*
ਕਰਤਾ	:	nominative	amicus(friend)	amici
ਸੰਬੋਧਨ	:	vocative	amice	amici
ਕਰਮ	:	accusative	amicum	amicos
ਸੰਬੰਧ	:	genitive	amici	amicorum
ਸੰਪ੍ਰਦਾਨ	:	dative	amico	amicis
ਅਪਾਦਾਨ	:	ablative	amico	amicis

(2)	(2)			
ਲੈਟਿਨ ਕਿਰਿਆਵੀ ਰੂਪਾਵਲੀ	amo	I love	:	ਮੈਂ ਪਿਆਰ ਕਰਦਾ ਹਾਂ
(verbal paradigm)	amas	thou lovest	:	ਤੂੰ ਪਿਆਰ ਕਰਦਾ ਏਂ
	amat	he loves	:	ਉਹ ਪਿਆਰ ਕਰਦਾ ਹੈ
	amamus	we love	:	ਅਸੀਂ ਪਿਆਰ ਕਰਦੇ ਹਾਂ
	amatis	you love	:	ਤੁਸੀਂ ਪਿਆਰ ਕਰਦੇ ਹੋ
	amant	they love	:	ਉਹ ਪਿਆਰ ਕਰਦੇ ਹਨ

ਲੈਟਿਨ ਦੀ ਉਪਰੋਕਤ ਨਾਵੀ ਰੂਪਾਵਲੀ (1) ਵਿਚ Amic (ਮਿੱਤਰ) ਮੂਲ-ਰੂਪ (base form) ਹੈ ਜਿਸ ਨਾਲ ਵੱਖ ਵੱਖ ਵਾਕਾਤਮਕ ਸੰਬੰਧਾਂ ਦੇ ਸੰਦਰਭ ਵਿਚ ਵਿਭਕਤੀ ਪਿਛੇਤਰ (inflectional affixes) ਜੁੜਦੇ ਹਨ, ਜਿਵੇਂ amic ਨਾਲ -us ਇਕ ਵਚਨ ਕਰਤਾਵਾਚੀ ਹੈ, amic ਨਾਲ -i ਬਹੁਵਚਨ ਕਰਤਾਵਾਚੀ ਹੈ, amic ਨਾਲ -um ਇਕ ਵਚਨ ਕਰਮਵਾਚੀ, ਅਤੇ -os ਬਹੁਵਚਨ ਕਰਮ ਵਾਚੀ ਹੈ/ਲੈਟਿਨ ਦੀ ਕਿਰਿਆ ਰੂਪਾਵਲੀ (2) ਵਿਚ AMO ਧਾਤੂ ਰੂਪ (root form) ਹੈ ਜਿਥੇ amo ਨਾਲ ਵੱਖ ਵੱਖ ਵਿਭਕਤੀ-ਅੰਸ਼ ਜੁੜਕੇ ਕਿਰਿਆ ਦੇ ਲਿੰਗ, ਵਚਨ, ਪੁਰਸ਼, ਕਾਲ, ਆਸਪੈਕਟ ਆਦਿ ਨੂੰ ਉਜਾਗਰ ਕਰਦੇ ਹਨ। ਇਸੇ ਤਰ੍ਹਾਂ ਹੇਠਾਂਕਿਤ ਸੰਸਕ੍ਰਿਤ ਰੂਪਾਵਲੀ ਵਿਚ "ਰਾਮ" ਮੂਲ ਰੂਪ (base

form) ਹੈ ਜਿਸ ਨਾਲ ਵਿਭਕਤੀ-ਪਿਛੇਤਰ ਜੁੜਕੇ ਵੱਖ ਵੱਖ ਵਾਕਾਤਮਕ ਸੰਬੰਧਾਂ ਦੀ ਸੂਚਨਾ ਦਿੰਦੇ ਹਨ । ਇਸ ਪ੍ਰਕਿਰਿਆ ਨੂੰ ਆਧੁਨਿਕ ਭਾਸ਼ਾ-ਵਿਗਿਆਨ ਵਿਚ Word And Paradigm Approach ਕਿਹਾ ਜਾਂਦਾ ਹੈ । ਏਥੇ ਰਾਮ + : (ਵਿਸਰਗ) ਕਰਤਾਵਾਚੀ ਇਕਵਚਨ, ਰਾਮ + ਅਮ ਕਰਮਵਾਚੀ, ਰਾਮ + ਏਣ ਕਰਣਵਾਚੀ ਇਕਵਚਨ ਸੰਬੰਧਾਂ ਨੂੰ ਜ਼ਾਹਰ ਕਰਦੇ ਹਨ । ਚੂੰਕਿ ਇਹ inflexional ਅੰਸ਼ ਜੁੜਦੇ ਹਨ ਇਸ ਲਈ ਲੈਟਿਨ, ਸੰਸਕ੍ਰਿਤ synthetic type ਦੇ ਨਮੂਨੇ ਹਨ ।

	राम (A proper name)			"ਰਾਮ" ਦੀ ਰੂਪਾਵਲੀ		
ਕਾਰਕ/ਵਿਭਕਤੀ	एक वचन	द्विवचन	बहुवचन	ਇਕ ਵਚਨ	ਦੁਵਚਨ	ਬਹੁਵਚਨ
ਕਰਤਾ : प्रथमा	राम :	रामौ	रामा :	ਰਾਮ (-ਹ)	ਰਾਮੌਂ	ਰਾਮਾ :
ਕਰਮ : द्वितीया	रामम्	रामौ	रामान्	ਰਾਮਮ੍	ਰਾਮੌਂ	ਰਾਮਾਨ੍
ਕਰਣ : तृतीया	रामेण	रामाभ्याम्	रामै :	ਰਾਮੇਣ	ਰਾਮਾਭ੍ਯਾਮ੍	ਰਾਮੈ :
ਸੰਪ੍ਰਦਾਨ : चतुर्थी	रामाय	रामाभ्याम्	रामेभ्य :	ਰਾਮਾਯ	ਰਾਮਾਭ੍ਯਾਮ੍	ਰਾਮੇਭ੍ਯ :
ਅਪਾਦਾਨ : पंचमी	रामात् द्	रामाभ्याम्	रामेभ्य :	ਰਾਮਾਤ੍	ਰਾਮਾਭ੍ਯਾਮ੍	ਰਾਮੇਭ੍ਯ :
ਸੰਬੰਧ : षष्ठी	रामस्य	रामयोः	रामाणाम्	ਰਾਮਸ੍ਯ	ਰਾਮਯੋ :	ਰਾਮਾਣਾਮ੍
ਅਧਿਕਰਣ : सप्तमी	रामे	रामयोः	रामेषु	ਰਾਮੇ	ਰਾਮਯੋ :	ਰਾਮੇਸ਼ੁ
ਸੰਬੋਧਨ : सम्बोधन	राम	रामौ	रामा :	ਰਾਮ (ਹੇ ਰਾਮ)	ਰਾਮੌਂ	ਰਾਮਾ :

The Poly-Synthetic Type (ਬਹੁ-ਸ਼ਲੇਸ਼ਾਤਮਕ ਭਾਸ਼ਾ-ਪ੍ਰਕਾਰ)

ਬਹੁ-ਸ਼ਲੇਸ਼ਾਤਮਕ ਭਾਸ਼ਾ ਨੂੰ incorporating ਵੀ ਕਿਹਾ ਜਾਂਦਾ ਹੈ । ਇਸ ਕਿਸਮ ਦੀ ਭਾਸ਼ਾ ਵਿਚ ਮਾਰਫਾਲੋਜੀ ਦੇ ਪੱਧਰ ਤੇ ਬਹੁਤ ਲੰਮੇ ਲੰਮੇ ਗੁੰਝਲਦਾਰ ਸ਼ਬਦ-ਰੂਪ ਹੁੰਦੇ ਹਨ । ਅਰਥਾਤ ਵਧੇਤਰਾਂ ਜਾਂ ਬੱਝਵੇਂ ਰਚਨਾਤਮਕ ਤੱਤਾਂ ਦੀਆਂ ਲੰਮੀਆਂ ਲੜੀਆਂ ਇੱਕੋ ਸ਼ਬਦ ਵਿਚ ਸੰਚਿਤ ਹੁੰਦੀਆਂ ਹਨ, ਅਜਿਹੇ ਲੰਮੇ ਲੰਮੇ ਸ਼ਬਦ ਜਿਵੇਂ "ਵਾਕ" ਹੀ ਬਣ ਨਿਬੜਦੇ ਹਨ । ਅਜਿਹੀਆਂ ਭਾਸ਼ਾਵਾਂ ਵਿਚ ਬਹੁ-ਕਾਰਜੀ ਮਾਰਫੀਮਾਂ (portmanteau morphemes) ਦੀ ਵਰਤੋਂ ਆਮ ਹੁੰਦੀ ਹੈ । ਬਹੁ-ਸ਼ਲੇਸ਼ਾਤਮਕ ਸੰਰਚਨਾਵਾਂ ਉੱਤਰੀ ਅਮਰੀਕਾ ਦੀਆਂ ਨੇਟਿਵ ਬੋਲੀਆਂ ਜਿਵੇਂ Inuktitut, Cree, Sarcee ਆਦਿ ਵਿਚ ਉਪਲਬਧ ਹੁੰਦੀਆਂ ਹਨ । William O' Grady [1989 : 230] ਨੇ ਅਮਰੀਕਾ ਦੀ ਨੇਟਿਵ ਬੋਲੀ ਵਿਚੋਂ ਹੇਠਾਂ ਦਰਜ ਉਦਾਹਰਣ ਪੇਸ਼ ਕੀਤਾ ਹੈ :

Qasuiirsarvigssarsingitluinarnarpuq.

qasu-iir-sar -vig -ssar

tired not cause-to-be place-for suitable

-si -ngit-luinar -nar -puq

find not completely someone 3rd sg.

'Someone did not find a completely suitable resting place

ਨਿਸ਼ਕਰਸ਼ : ਅਖੀਰ ਵਿਚ ਇਹ ਨਿਸ਼ਕਰਸ਼ ਨਿਕਲਦਾ ਹੈ ਕਿ ਬਹੁਤ ਸਾਰੀਆਂ ਭਾਸ਼ਾਵਾਂ ਉਪਰੋਕਤ ਚਾਰ ਤਰ੍ਹਾਂ ਦੀਆਂ ਕਿਸਮਾਂ ਵਿਚੋਂ ਕਿਸੇ ਇਕ ਵਿਚ ਵੀ ਪੂਰੀਆਂ

ਨਹੀਂ ਉਤਰਦੀਆ । ਉਦਾਹਰਣ ਦੇ ਤੌਰ ਤੇ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਆਦਿ ਭਾਸ਼ਾਵਾਂ ਵਿਚ ਅਯੋਗਾਤਮਕ ਪੈਟਰਨ ਵੀ ਮਿਲ ਜਾਂਦੇ ਹਨ ਅਤੇ Agglutination ਦੇ ਉਪਲੱਛਣ ਵੀ ਜਾਹਰ ਹੁੰਦੇ ਹਨ । ਪੰਜਾਬੀ ਭਾਸ਼ਾ ਦਾ ਅਯੋਗਾਤਮਕ ਪੈਟਰਨ ਕਿਰਿਆਵੀ ਬਣਤਰਾਂ ਵਿਚ ਪ੍ਰਾਪਤ ਹੁੰਦਾ ਹੈ : ਭਵਿਖਤ ਕਾਲ ਨੂੰ -ਗਾ ਮਾਰਫੀਮ ਦੁਆਰਾ ਪ੍ਰਗਟਾਇਆ ਜਾਂਦਾ ਹੈ, ਜਿਵੇਂ "ਉਹ ਜਾਵੇਗਾ" । ਇਸ ਵਿਚ -ਗਾ ਭਵਿਖਵਾਚੀ ਅਯੋਗਾਤਮਕ ਤੱਤ ਹੈ । ਯੋਗਾਤਮਕ ਉਪਲੱਛਣ ਦੀ ਮਿਸਾਲ "*ਅਣਗਹਿਲੀ*" ਹੈ । "*ਅਣਗਹਿਲੀ*" ਵਿਚ ਅਣ + ਗਹਿਲ + ਈ ਦਾ ਸੰਧੀਛੇਦ ਹੈ ਅਤੇ ਮਾਰਫੀਮਾਂ ਦੀ ਲੜੀ ਦਾ ਸੰਯੋਗ ਹੈ । ਸਲੇਸ਼ਾਤਮਕ ਭਾਸ਼ਾ-ਪ੍ਰਕਾਰ ਦੇ ਉਦਾਹਰਣ ਪੰਜਾਬੀ ਦੇ ਪੜਨਾਂਵ ਹਨ । ਮਸਲਨ ਪੰਜਾਬੀ ਪੜਨਾਂਵ "ਉਹ" ਅਨਯ ਪੁਰਸ਼, ਇਕਵਚਨ, ਪੁਲਿੰਗ, ਕਰਤਾ, ਆਦਿ ਨੂੰ ਪ੍ਰਗਟ ਕਰਦਾ ਹੈ । ਇਕੋ ਪੜਨਾਂਵ ਬਹੁ-ਕਾਰਜੀ ਵਰਤੋਂ ਦਾ ਸੂਚਕ ਬਣਦਾ ਹੈ । ਅੰਗ੍ਰੇਜ਼ੀ, ਹਿੰਦੀ ਵਿਚ ਵੀ ਅਜਿਹੇ ਬਹੁਤ ਉਦਾਹਰਣ ਮਿਲ ਜਾਂਦੇ ਹਨ ।

Syntax (ਵਾਕ-ਵਿਉਂਤ)

ਵਿਸ਼ਵ-ਵਿਆਪੀ ਭਾਸ਼ਾਵਾਂ ਵਿਚ ਵਾਕ-ਵਿਉਂਤ ਸੰਬੰਧੀ ਵਿਵਰਨ ਬਹੁਤ ਘਟ ਮਿਲਦਾ ਹੈ । ਵਾਕ-ਵਿਉਂਤ ਵਿਚ ਸ਼ਬਦਾਂ ਦੀ ਤਰਤੀਬ/ਸ਼ਬਦ-ਕ੍ਰਮ (word-order) ਦੇ ਪੈਟਰਨ ਹੀ ਮਿਲਦੇ ਹਨ । ਸ਼ਬਦ-ਕ੍ਰਮ ਦੇ ਪੈਟਰਨ ਕਰਤਾ (S–subject), ਪ੍ਰਧਾਨ ਕਰਮ (O–object direct) ਅਤੇ ਕਿਰਿਆ (V–verb) ਦੇ ਲਿਹਾਜ਼ ਨਾਲ ਵਰਗੀਕ੍ਰਿਤ ਕੀਤੇ ਜਾਂਦੇ ਹਨ । ਬਹੁ-ਪ੍ਰਚਲਿਤ ਸ਼ਬਦ-ਕ੍ਰਮ ਤਿੰਨ ਹਨ :

SOV — Subject-object-verb : ਕਰਤਾ-ਕਰਮ-ਕਿਰਿਆ
SVO — Subject-verb-object : ਕਰਤਾ-ਕਿਰਿਆ-ਕਰਮ
VSO — Verb-subject-object : ਕਿਰਿਆ-ਕਰਤਾ-ਕਰਮ

ਪੰਜਾਬੀ, ਹਿੰਦੀ ਭਾਸ਼ਾਵਾਂ ਵਿਚ ਇਹ ਸ਼ਬਦ-ਕ੍ਰਮ SOV ਹੈ, ਜਿਵੇਂ "ਕੁੱਤੇ ਨੇ ਦੁੱਧ ਪੀਤਾ", ਕੁੱਤੇ ਨੇ (S), ਦੁੱਧ (O), ਪੀਤਾ (V), ਪਰ ਅੰਗ੍ਰੇਜ਼ੀ ਵਿਚ ਫ਼ਰਕ ਹੈ, ਉਥੇ SVO ਹੈ :

The dragon killed the man
S V O

ਇਸ ਤਰ੍ਹਾਂ ਵਾਕਾਤਮਕ ਦ੍ਰਿਸ਼ਟੀ ਤੋਂ ਭਾਸ਼ਾਵਾਂ ਦਾ ਜੋ ਸ਼੍ਰੇਣੀਕਰਣ ਹੈ, ਉਹ ਅਜੇ ਬਾਲ-ਅਵਸਥਾ ਹੈ ।

ਜਣਨਿਕ ਵਰਗੀਕਰਣ (Genetic Classification)

ਸੰਸਾਰ ਦੀਆਂ ਵਿਭਿੰਨ ਭਾਸ਼ਾਵਾਂ ਦੇ ਪ੍ਰਜਨਨ-ਸਰੋਤਾਂ ਅਤੇ ਜਣਨਿਕ ਇਤਿਹਾਸ ਦੇ ਪ੍ਰਮਾਣੀਕਰਣ ਲਈ ਜਿਸ ਖੋਜ-ਮਾਡਲ ਦੀ ਸਥਾਪਨਾ ਕੀਤੀ ਗਈ ਹੈ ਉਸ ਨੂੰ genetic classification ਕਿਹਾ ਜਾਂਦਾ ਹੈ । ਜੈਨੇਟਿਕ ਅਥਵਾ ਜਣਨਿਕ ਮਾਡਲ ਭਾਸ਼ਾ-ਸਮੂਹ ਦੇ ਪੁਰਾ-ਇਤਿਹਾਸ (prehistory) ਦਾ ਵਰਣਨ ਕਰ ਕੇ ਉਨ੍ਹਾਂ ਦੀ ਮੂਲ ਪੂਰਵ-ਭਾਸ਼ਾ (proto-language) ਦੀ ਪਛਾਣ-ਸਥਾਪਨਾ ਲਈ ਪ੍ਰਤਿਬੱਧ ਹੁੰਦਾ ਹੈ । ਇਸ ਦੀ ਸਭ ਤੋਂ ਪ੍ਰਮੁੱਖ ਵਿਧੀ ਤੁਲਨਾਤਮਕ (comparative) ਹੈ ਜੋ ਵਿਭਿੰਨ ਤੁਲਨਾਵਾਂ ਦੇ ਜ਼ੇਰੇ-ਨਜ਼ਰ ਮੂਲ ਭਾਸ਼ਾਈ ਸੰਰਚਨਾਵਾਂ ਨੂੰ ਪ੍ਰਮਾਣਿਤ ਕਰਦੀ ਹੈ । ਕਈ ਮੂਲ ਪੂਰਵ-ਭਾਸ਼ਾਵਾਂ ਦੇ ਲਿਖਤੀ

ਪਾਠ (texts) ਵੀ ਉਪਲਬਧ ਹੁੰਦੇ ਹਨ, ਪਰੰਤੂ ਜ਼ਿਆਦਾਤਰ ਬਹੁਤ ਸਾਰੇ ਭਾਸ਼ਾਗਤ ਇਤਿਹਾਸ ਦੀ ਪੁਨਰ-ਉਸਾਰੀ (re-construction) ਕਰਨੀ ਪੈਂਦੀ ਹੈ । ਪਿਛਲੇ ਕੁਝ ਦਹਾਕਿਆ ਵਿਚ comparative ਵਿਧੀ ਦੇ ਸਹਿਯੋਗ ਨਾਲ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਪ੍ਰਮਾਣਿਕਤਾ (validity) ਅਤੇ ਮਾਨਤਾ ਸਥਾਪਿਤ ਹੋਈ ਹੈ ਅਤੇ ਅਨੇਕ ਭਾਸ਼ਾਵਾਂ ਦੇ ਨਵੀਨ ਤੱਥ ਪ੍ਰਾਪਤ ਹੋਏ ਹਨ । ਫੇਰ ਵੀ ਕਈਆਂ ਕਾਰਣਾ ਅਤੇ ਸਮੱਸਿਆਵਾ ਕਰਕੇ ਜਣਨਿਕ ਸ਼ਰੇਣੀਕਰਣ ਦੀ ਪੂਰਤੀ ਔਖੀ ਹੋਈ ਹੈ ।

ਸਭ ਤੋਂ ਵੱਡੀ ਸਮੱਸਿਆ ਤਾਂ ਅਤਿ ਲੋੜੀਂਦੀ ਤੱਥ-ਸਾਮਗਰੀ ਦਾ ਇਕਤ੍ਰੀਕਰਣ ਹੈ, ਜਿਸ ਤੇ ਆਸਰਿਤ ਹੋ ਕੇ ਹੀ ਭਾਸ਼ਾ-ਵਿਗਿਆਨੀ ਪੂਰੇ ਯਕੀਨ ਨਾਲ ਅਨੇਕਾਂ ਜ਼ੁਬਾਨਾਂ ਦੀਂ ਪਦਵੀ ਨਿਰਧਾਰਿਤ ਕਰ ਸਕਦੇ ਹਨ । ਅਜੇ ਹੁਣੇ ਪਿਛਲੇ ਦੋ ਕੁ ਦਹਾਕਿਆਂ ਦੇ ਦੌਰਾਨ ਅਫਰੀਕਾ ਮਹਾਂਦੀਪ ਦੀਆਂ ਭਾਸਾਵਾ ਬਾਰੇ ਤਸੱਲੀਬਖਸ ਸੂਚਨਾ-ਸਾਮਗਰੀ ਉਪਲਬਧ ਹੋ ਸਕੀ ਹੈ ।

ਕਈਆਂ ਕੇਸਾਂ ਵਿਚ ਭਾਸਾ-ਵਿਗਿਆਨੀਆਂ ਨੂੰ ਟੈਸਟ ਤੇ ਪਰਖ-ਕਸੌਟੀਆਂ ਦੀ ਸਥਾਪਨਾ ਦੇ ਸੰਬੰਧ ਵਿਚ ਸਮੱਸਿਆ ਦਰਪੇਸ਼ ਹੁੰਦੀ ਹੈ । ਇਸ ਗੱਲ ਤੇ ਵੀ ਅਸਹਿਮਤੀ ਹੁੰਦੀ ਹੈ ਕਿ ਵੱਖ ਵੱਖ ਭਾਸ਼ਾਵਾਂ ਵਿਚ ਸਮਾਨਤਾ ਦੀ ਕਿੰਨੀ ਕੁ ਮਾਤਰਾ ਪ੍ਰਾਪਤ ਹੋਵੇ ਤਾਂ ਜੋ ਉਨ੍ਹਾਂ ਦੇ ਨਿਕਟੀ ਸੰਬੰਧਾਂ ਦਾ ਪ੍ਰਸਤਾਵ ਪੇਸ਼ ਕੀਤਾ ਜਾਵੇ । ਕਈ ਅਣ-ਸੰਬੰਧਿਤ ਭਾਸ਼ਾਵਾਂ ਵਿਚ ਵੀ ਸੰਰਚਨਾਤਮਕ ਉਪਲੱਛਣ ਸਾਂਝੇ ਮਿਲ ਜਾਂਦੇ ਹਨ ਕਿਉਂਕਿ ਲੰਮੇ ਚਿਰਾਂ ਤਕ ਨਿਰੰਤਰ ਸੰਪਰਕ ਰਹਿਣ ਦੇ ਕਾਰਣ ਰਿਣ-ਰੂਪ ਵਿਚ ਆਗਤ ਧੁਨੀਆਂ, ਮਾਰਫੀਮ, ਸ਼ਬਦ ਤੇ ਵਾਕਾਤਮਕ ਵਿਉਂਤ ਆਦਿ ਇਕ-ਦੂਜੇ ਉੱਤੇ ਅਸਰ-ਅੰਦਾਜ਼ ਹੁੰਦੇ ਰਹਿੰਦੇ ਹਨ ।

ਕਈ ਵਾਰ ਇਉਂ ਵੀ ਹੁੰਦਾ ਹੈ ਕਿ ਜਣਨਿਕ ਤੌਰ ਤੇ ਸਾਂਝੀਆਂ ਭਾਸਾਵਾਂ ਜ਼ਰੂਰੀ ਨਹੀਂ ਕਿ ਉਹ typology ਦੇ ਪਖੋਂ ਇਕ-ਸਮਾਨ ਹੋਣ । ਇਹ ਤੱਥ ਉਨ੍ਹਾਂ ਭਾਸਾਵਾਂ ਵਿਚ ਸੰਭਵ ਹੈ ਜਿਹੜੀਆਂ ਬਹੁਤ ਦੂਰ-ਅਤੀਤ ਵਿਚ ਆਪਸ ਵਿਚ ਸਾਂਝੀਆਂ ਮਿਲਦੀਆਂ ਹਨ ਪਰ ਉਪਰੀ ਨਿਗਾਹ ਨਾਲ ਉਨ੍ਹਾਂ ਵਿਚ ਸਾਂਝ ਦ੍ਰਿਸ਼ਟੀਗੋਚਰ ਨਹੀਂ ਹੁੰਦੀ । ਪੰਜਾਬੀ, ਅੰਗ੍ਰੇਜ਼ੀ ਤੇ ਰੂਸੀ ਭਾਵੇਂ Proto-Indo-European ਨਾਲ ਸੰਬੰਧਿਤ ਮੰਨੀਆਂ ਜਾਂਦੀਆਂ ਹਨ ਪਰ ਇਨ੍ਹਾਂ ਦਾ ਜੈਨੇਟਿਕ ਰਿਸ਼ਤਾ ਬਹੁਤ ਦੂਰਵਰਤੀ ਹੈ ।


ਇਕ ਹੋਰ ਪਖੋਂ ਵੀ ਸੰਬੰਧ-ਸਥਾਪਨਾ ਦੇ ਰਾਹ ਵਿਚ ਵਿਘਨ ਪੈਦਾ ਹੁੰਦਾ ਹੈ ਜਦ ਅਸੀਂ ਇਹ ਵੇਖਦੇ ਹਾਂ ਕਿ ਪ੍ਰਾਚੀਨ ਭਾਸ਼ਾਵਾਂ ਦੇ ਅਨੇਕਾਂ ਸ਼ਬਦ, ਸ਼ਬਦ-ਕੋਸ਼ਾਂ ਵਿਚੋਂ ਗਾਇਬ ਹੋ ਗਏ ਹਨ । ਫੇਰ ਵੀ ਜਿਹੜੀਆਂ ਭਾਸ਼ਾਵਾਂ ਦੀਆਂ ਸਾਂਝਾਂ ਤੇ ਸਮਰੂਪਤਾਵਾਂ ਪ੍ਰਾਪਤ ਹੁੰਦੀਆਂ ਹਨ ਖ਼ਾਸ ਕਰਕੇ ਉਨ੍ਹਾਂ ਭਾਸਾਵਾਂ ਦੀਆਂ ਸਾਂਝਾਂ ਜਿਨ੍ਹਾਂ ਦੀ ਜਨਨੀ-ਭਾਸ਼ਾ ਬਹੁਤ ਦੂਰ-ਸਥਿਤ ਨਹੀਂ ਹੈ । ਕਈਆਂ ਭਾਸ਼ਾ-ਪਰਿਵਾਰਾਂ ਵਿਚ ਸੈਂਕੜੇ ਭਾਸ਼ਾਵਾਂ ਵਿਕਸਿਤ ਹੋਈਆਂ ਹਨ, ਕਈ ਅਜਿਹੇ ਵੀ ਕੇਸ ਹਨ ਜਿੱਥੇ ਕੇਵਲ ਇਕ ਭਾਸ਼ਾ ਹੀ ਸਮੁੱਚੇ ਪਰਿਵਾਰ ਦੀ ਪ੍ਰਤੀਨਿਧਤਾ ਕਰਦੀ ਹੈ, ਕਈ ਥਾਂ ਸਾਰੀ ਭਾਸ਼ਾ-ਫੈਮਲੀ ਹੀ ਲੋਪ ਹੋ ਗਈ ਹੈ । ਪਰੰਤੂ ਇਨ੍ਹਾਂ ਸਮੱਸਿਆਵਾਂ ਦੇ ਬਾਵਜੂਦ ਜਣਨਿਕ ਆਧਾਰ ਤੇ ਭਾਸ਼ਾਵਾਂ ਦੇ ਵਰਗੀਕਰਣ ਕਰਨ ਦੀ ਯੋਜਨਾਬੰਦੀ ਕਰਨਾ ਇਤਿਹਾਸਿਕ ਭਾਸ਼ਾ-ਵਿਗਿਆਨ ਦਾ ਦਿਸ਼ਾ-ਬਿੰਦੂ ਹੈ ।

ਵਿਭਿੰਨ ਮਾਡਲ (Models of Language)

ਜੀਵ-ਵਿਗਿਆਨ (Biology) ਦੀ ਚਿੰਨ੍ਹਕਾਰੀ-ਪਰੰਪਰਾ ਦੀ ਰੀਸ ਵਿਚ ਭਾਸ਼ਾ-ਚਿੰਤਨ ਵਿਚ ਪਰਿਵਾਰ ਜਾਂ ਫੈਮਲੀ ਦਾ ਸੰਕਲਪ ਇਕ ਮੈਟਾਫਰ ਦੀ ਸ਼ਕਲ ਵਿਚ ਚਾਲੂ ਹੋਇਆ ਹੈ । ਇਸ ਮੈਟਾਫਰ ਦੇ ਮੁਤਾਬਕ ਭਾਸ਼ਾ ਇਕ ਜੀਵੰਤ-ਹੋਂਦ ਹੈ । ਜੀਵੰਤ ਹੋਂਦ ਦੀ ਮਨੌਤ ਕਰ ਕੇ ਭਾਸ਼ਾ ਦਾ ਇਕ ਫੈਮਲੀ ਦੀ ਤਰ੍ਹਾਂ ਵਿਕਾਸ ਹੁੰਦਾ ਹੈ । ਭਾਸ਼ਾ ਦੇ ਸੰਦਰਭ ਵਿਚ ਫੈਮਲੀ ਦਾ ਮੈਟਾਫਰ ਇਕ ਮਾਡਲ ਵਜੋਂ ਕਾਰਜਸ਼ੀਲ ਹੁੰਦਾ ਹੈ । Lehmann [1966 : 137] ਨੇ ਲਿਖਿਆ ਹੈ ਕਿ ਭਾਸ਼ਾ ਦੀ ਵਰਗਬੰਦੀ ਦਾ ਪ੍ਰਪੰਚ ਬਹੁਤ ਗੁੰਝਲਦਾਰ ਹੈ. ਇਸ ਲਈ ਮਾਡਲ ਦਾ ਪ੍ਰਸਤਾਵ ਕਰਨਾ ਇਸ ਦਿਸ਼ਾ ਵਿਚ ਬਹੁਤ ਲਾਹੇਵੰਦ ਸਾਬਤ ਹੋ ਸਕਦਾ ਹੈ । ਮਾਡਲ ਦਾ ਸੰਕਲਪ ਆਮ ਨਿਚੋੜ ਤੇ ਨਿਸ਼ਕਰਸ਼ ਪੇਸ਼ ਕਰਨ ਲਈ ਇਕ ਸਰਲ ਤੇ ਸਚਿਤਰ ਮਾਧਿਅਮ ਵਜੋਂ ਸਥਾਪਿਤ ਹੁੰਦਾ ਹੈ । ਇਸ ਲਈ ਇਤਿਹਾਸਿਕ ਭਾਸ਼ਾ-ਵਿਗਿਆਨ ਵਿਚ ਸਭ ਤੋਂ ਪਹਿਲਾ ਤੇ ਮੁਢਲਾ ਮਾਡਲ ਪਰਿਵਾਰ (ਫੈਮਲੀ) ਨੂੰ ਹੀ ਮੰਨਿਆ ਜਾਂਦਾ ਰਿਹਾ ਹੈ । ਇਸ ਲਈ ਪਰਿਵਾਰ ਦੇ ਸੰਕਲਪ ਨਾਲ ਜੋ ਰਿਸ਼ਤੇਦਾਰੀ ਤੇ ਨਾਤੇਦਾਰੀ ਪ੍ਰਚਲਿਤ ਹੈ ਉਸੇ ਦੇ ਅਨੁਕਰਣ ਵਿਚ ਵਿਰਾਸਤ, ਮਾਤ੍ਰੀ ਭਾਸ਼ਾ, ਸਿਸਟਰ-ਭਾਸ਼ਾ, ਸੰਤਾਨ-ਭਾਸ਼ਾ ਆਦਿ ਪਰਿਵਾਰਿਕ ਪਦਾਵਲੀ ਵਰਤੀ ਜਾਂਦੀ ਹੈ । ਇਸ ਫੈਮਲੀ ਮਾਡਲ ਵਿਚ related, cognate ਆਦਿ ਰਿਸ਼ਤੇ-ਵਾਚਕ ਸ਼ਬਦਾਂ ਦੀ ਵੀ ਵਰਤੋਂ ਹੁੰਦੀ ਰਹੀ ਹੈ ।

ਇਸ ਤਰ੍ਹਾਂ ਫੈਮਲੀ ਮਾਡਲ ਵੱਖ ਵੱਖ ਭਾਸ਼ਾਵਾਂ ਦੀ ਸੰਬੰਧ-ਸਥਾਪਨਾ ਅਤੇ ਕਤਾਰਬੰਦੀ ਦੀ ਸੂਚਨਾ ਪ੍ਰਾਪਤੀ ਲਈ ਇਕ ਉਪਯੋਗੀ ਵਿਧੀ ਸਵੀਕ੍ਰਿਤ ਰਹੀ ਹੈ । ਲੇਕਿਨ ਵੰਸ਼ਜ ਤੇ ਸਿਸਟਰ ਭਾਸ਼ਾਵਾਂ ਦਾ ਇਕੋ ਮੂਲ-ਜਨਨੀ ਭਾਸ਼ਾ ਤੋਂ ਵਿਕਾਸ ਫੈਮਲੀ ਦੀ ਸੰਤਾਨ ਦੀ ਤਰ੍ਹਾਂ ਗਤੀਸ਼ੀਲ ਨਹੀਂ ਹੁੰਦਾ, ਕਿਉਂਕਿ ਕਈ ਵੰਸ਼ਜ ਭਾਸ਼ਾਵਾਂ ਵਡੇਰੀਆਂ ਤੇ ਪੁਰਾਤਨ ਹੋ ਸਕਦੀਆਂ ਹਨ ਲੇਕਿਨ ਬਿਧ ਹੋਣ ਕਰਕੇ ਮ੍ਰਿਤੂ-ਗ੍ਰਸਤ ਨਹੀਂ ਹੁੰਦੀਆਂ ਜਿਵੇਂ ਕਿ ਕੁਦਰਤੀ ਮਾਨਵੀ ਪਰਿਵਾਰਾਂ ਵਿਚ ਜ਼ਰੂਰੀ ਹੁੰਦਾ ਹੈ । ਕਈਆਂ ਭਾਸ਼ਾਵਾਂ ਦੇ ਅੰਤਰ-ਸੰਬੰਧ ਬੜੇ ਵਿਲੱਖਣ ਹੋ ਨਿਬੜਦੇ ਹਨ ਜਿਹੋ ਜਿਹੇ ਸਾਨੂੰ ਕੁਦਰਤੀ ਮਾਨਵ-ਪਰਿਵਾਰਾਂ ਵਿਚ ਨਹੀਂ ਮਿਲਦੇ । ਇਸ ਲਈ ਉਨ੍ਹੀਵੀਂ ਸਦੀ ਦੇ ਮੱਧਕਾਲ ਤੋਂ ਉਪਰੰਤ ਫੈਮਲੀ-ਮਾਡਲ ਪ੍ਰਤੀ ਸ਼ੰਕਾਵਾਂ ਤੇ ਪ੍ਰਸ਼ਨ ਪੈਦਾ ਹੋਣ ਲਗੇ । ਇਸ ਲਈ ਇਤਿਹਾਸਿਕ ਭਾਸ਼ਾ-ਵਿਗਿਆਨ ਦੀ ਚਿੰਤਨ-ਪਰੰਪਰਾ ਵਿਚ ਇਕ ਨਵੇਂ ਮਾਡਲ ਦਾ ਆਵਿਸ਼ਕਾਰ ਹੋਇਆ, ਉਹ ਹੈ ਵੰਸ਼-ਬ੍ਰਿਛ ਮਾਡਲ (family tree model) ।

ਡਾਰਵਿਨ ਦੇ ਵਿਕਾਸਵਾਦੀ ਸਿੱਧਾਂਤ ਤੋਂ ਪ੍ਰਭਾਵਿਤ ਹੋ ਕੇ ਜੀਵ-ਤੇ-ਭਾਸ਼ਾ-ਵਿਗਿਆਨੀ August Schleicher ਨੇ ਵੰਸ਼-ਬ੍ਰਿਛ ਦੀ ਧਾਰਣਾ ਪੇਸ਼ ਕੀਤੀ । ਉਸ ਨੇ ਬ੍ਰਿਛ ਅਤੇ ਉਸ ਦੀਆਂ ਬਾਂਹਾਂ ਦੀ ਤਰ੍ਹਾਂ ਮੂਲ-ਭਾਸ਼ਾ ਅਤੇ ਉਸ ਦੀਆਂ ਸ਼ਾਖਾਂ-ਪਰਸ਼ਾਖਾਂ ਵਿਚ ਰਿਸ਼ਤੇ ਤੇ ਸਾਂਝ ਦੀ ਕਲਪਨਾ ਕੀਤੀ । ਭਾਸ਼ਾਵਾਂ ਦਾ ਵਿਕਾਸ ਬ੍ਰਿਛ ਤੇ ਉਸ ਦੀਆਂ ਟਹਿਣੀਆਂ ਦੀ ਤਰ੍ਹਾਂ ਹੁੰਦਾ ਹੈ । ਇਸ ਆਧਾਰ ਤੇ Schleicher ਨੇ ਭਾਰੋਪੀ ਭਾਸ਼ਾ-ਪਰਿਵਾਰ ਦੇ ਵੰਸ਼-ਬ੍ਰਿਛ ਮਾਡਲ ਦੇ ਰੇਖਾ-ਚਿੱਤਰ ਨੂੰ ਇਸ ਤਰ੍ਹਾਂ ਉਲੀਕਿਆ ਹੈ :




ਬ੍ਰਿਛ ਦੇ ਮੈਟਾਫਰ ਵਾਂਗੂ ਅੱਜ ਭਾਸ਼ਾ-ਵਿਗਿਆਨੀ ਬ੍ਰਿਛ-ਵਾਚੀ ਸੰਕੇਤਾਵਲੀ ਦਾ ਪ੍ਰਯੋਗ ਕਰਦੇ ਹਨ। ਪੰਜਾਬੀ, ਹਿੰਦੀ ਜ਼ੁਬਾਨਾਂ ਪ੍ਰਾਕ੍ਰਿਤ ਭਾਸ਼ਾ ਤੋਂ – branch off– ਹੋਈਆ ਹਨ ਅਰਥਾਤ ਸ਼ਾਖ਼ਾ ਵਿਚ ਫੁੱਟੀਆਂ ਹਨ ਅਤੇ ਪ੍ਰਾਕ੍ਰਿਤ ਵੀ ਖ਼ੁਦ ਆਪ ਵੈਦਿਕ ਸੰਸਕ੍ਰਿਤ ਦੀ ਇਕ ਸਾਖ ਹੈ। ਇਸੇ ਤਰ੍ਹਾਂ ਅੰਗ੍ਰੇਜ਼ੀ ਬੋਲੀ ਮੂਲ-ਜਰਮੈਨਿਕ ਦੀ ਇਕ ਸ਼ਾਖਾ ਹੈ ਅਤੇ ਫੇਰ ਜਰਮੈਨਿਕ ਵੀ ਭਾਰਤ-ਯੂਰਪੀ ਜੱਦੀ-ਭਾਸ਼ਾ ਦੀ ਇਕ ਸਾਖਾ ਹੈ।

ਫੈਮਲੀ ਮਾਡਲ ਤੇ ਬ੍ਰਿਛ ਮਾਡਲ ਦੋਵੇਂ ਇਹ ਮੰਨ ਕੇ ਚਲਦੇ ਹਨ ਕਿ ਭਾਸ਼ਾ ਇਕ ਜੀਵੰਤ-ਹੋਂਦ ਹੈ। ਇਸ ਭਾਸ਼ਾ-ਰੂਪੀ ਜੀਵੰਤ-ਹੋਂਦ ਨਾਲ ਭਾਸ਼ਾ-ਵਿਗਿਆਨੀ, ਇਕ ਜੀਵ-ਵਿਗਿਆਨੀ ਦੀ ਤਰ੍ਹਾਂ ਵਰਤਾਰਾ ਕਰਦੇ ਹਨ। ਪਰ ਭਾਸ਼ਾ ਦੀ, ਪ੍ਰਾਣੀ ਦੀ ਤਰ੍ਹਾਂ ਸੁਤੰਤਰ ਹਸਤੀ ਨਹੀਂ ਹੈ। ਭਾਸ਼ਾ ਤਾਂ ਫੈਸ਼ਨ, ਖੇਡਾਂ ਅਤੇ ਹੋਰ ਮਨੁੱਖੀ ਵਰਤਾਰੇ ਦੀ ਤਰ੍ਹਾਂ ਸਮਾਜਿਕ ਰੂੜ੍ਹੀਆਂ ਦਾ ਸੰਗ੍ਰਹਿ ਹੈ। ਭਾਸ਼ਾ ਵਿਚ ਜੋ ਪਰਿਵਰਤਨ ਵਾਪਰਦੇ ਹਨ ਉਹ ਭਾਸ਼ਾ ਦੇ ਬੁਲਾਰਿਆ ਦੀ ਵਰਤੋਂ ਕਰਕੇ ਪੈਦਾ ਕੀਤੇ ਜਾਂਦੇ ਹਨ, ਖ਼ੁਦ ਭਾਸ਼ਾ ਵਿਚ ਸਹਿਜ-ਸੁਭਾ ਨਹੀਂ ਵਿਚਰਦੇ। ਭਾਸ਼ਾ-ਵਿਗਿਆਨੀ ਇਸ ਧਾਰਣਾ ਤੋ ਚਿੰਤਤ ਹਨ। ਇਹ ਜ਼ਰੂਰੀ ਨਹੀਂ ਕਿ ਭਾਸ਼ਾ ਦਾ ਵਿਕਾਸ ਪੜਾ-ਦਰ-ਪੜਾ ਇਕ ਦੂਜੇ ਦੀ ਨਿਰੰਤਰਤਾ ਵਿਚ ਜਾਰੀ ਰਹੇ। ਸਥਿਤੀ ਇਸ ਤੋਂ ਉਲਟ ਵੀ ਹੋ ਸਕਦੀ ਹੈ। ਭਾਸ਼ਾ ਦਾ ਵਿਕਾਸ ਕਾਲਗਤ ਨਾ ਹੋ ਕੇ ਸਥਾਨਗਤ ਵੀ ਹੋ ਸਕਦਾ ਹੈ। ਵੰਸ-ਬ੍ਰਿਛ ਦਾ ਮਾਡਲ ਕਾਲਗਤ ਸੰਕਲਪ ਉੱਤੇ ਬਜਿਦ ਹੈ। ਇਨ੍ਹਾਂ ਊਣਤਾਈਆਂ ਦੇ ਬਾਵਜੂਦ ਵੰਸ-ਬ੍ਰਿਛ ਦੀ ਮਾਨਤਾ ਜਾਰੀ ਹੈ। ਭਾਸ਼ਾ ਦੇ ਪਰਿਵਰਤਨ ਵਿਚ ਕਾਲਗਤ ਤੇ ਸਥਾਨਗਤ ਪਸਾਰਾਂ ਦੀ ਸੰਤੋਖ-ਜਨਕ ਵਿਆਖਿਆ ਦੀ ਅਣਹੋਂਦ ਕਰਕੇ ਭਾਸ਼ਾ ਦੇ ਜਨਮਵਾਦੀ ਵਿਕਾਸਾਤਮਕ ਇਤਿਹਾਸ ਵਿਚ ਇਕ ਹੋਰ ਤੀਸਰੇ ਮਾਡਲ ਦੀ ਪ੍ਰਸਤਾਵਨਾ ਪੇਸ਼ ਕੀਤੀ ਗਈ ਹੈ, ਉਹ ਹੈ :

ਲਹਿਰ-ਸਿੱਧਾਂਤ ਮਾਡਲ (Wave Theory Model)

ਲਹਿਰ ਸਿੱਧਾਂਤ ਨੂੰ 1872 ਵਿਚ Schmidt ਨੇ ਪ੍ਰਸਤੁਤ ਕੀਤਾ ਸੀ। ਲਹਿਰ

ਮਾਡਲ ਦੇ ਅਨੁਸਾਰ ਵੱਖ ਵੱਖ ਭਾਸ਼ਾਵਾਂ ਸੰਬੰਧਿਤ ਇਲਾਕੇ ਵਿਚ ਇਕੋ ਵੇਲੇ ਨਾਲੋਂ ਨਾਲ ਬੋਲੀਆਂ ਜਾ ਸਕਦੀਆਂ ਹਨ ਅਤੇ ਇਕੋ ਕਾਲ-ਬਿੰਦੂ ਤੇ ਤਬਦੀਲੀਆਂ ਨਾਲ ਪ੍ਰਭਾਵਿਤ ਹੋ ਸਕਦੀਆਂ ਹਨ । ਇਹ ਤਬਦੀਲੀਆਂ ਸਰੋਵਰ ਦੀਆਂ ਲਹਿਰਾਂ ਵਾਂਗੂ ਫੈਲਦੀਆਂ ਹਨ । ਲਹਿਰ ਮਾਡਲ ਦੀ ਰੋਸ਼ਨੀ ਵਿਚ Schmidt ਨੇ Indo-European ਭਾਸ਼ਾ-ਪਰਿਵਾਰ ਦੀ ਵੰਡ-ਪ੍ਰਣਾਲੀ ਨੂੰ ਇਕ ਰੇਖਾ-ਚਿੱਤਰ ਦੁਆਰਾ ਦਰਸਾਇਆ ਹੈ । ਉਹ ਰੇਖਾ-ਚਿੱਤਰ ਹੇਠਾਂ ਅੰਕਿਤ ਹੈ :



ਇਸ ਤਰ੍ਹਾਂ ਜਨਮਵਾਦੀ ਸਿੱਧਾਂਤ ਤੋਂ ਲੈ ਕੇ ਭਾਸ਼ਾਵਾਂ ਦੀ ਵਿਕਾਸਵਾਦੀ ਪ੍ਰਕਿਰਿਆ ਦੇ ਅੰਤਰਗਤ ਜਿਹੜੇ *ਪਰਿਵਾਰ-ਮਾਡਲ, ਬ੍ਰਿਛ-ਮਾਡਲ* ਅਤੇ *ਲਹਿਰ-ਮਾਡਲ* ਕਿਰਿਆਸ਼ੀਲ ਹੋਏ ਹਨ ਉਨ੍ਹਾਂ ਦੇ ਚਾਨਣੇ ਵਿਚ ਭਾਸ਼ਾ-ਗਤ ਅਧਿਐਨ ਵਿਚ ਪ੍ਰਗਤੀ ਆਈ ਹੈ । ਲੇਕਿਨ ਜਣਨਿਕ ਮਾਡਲ (genetic model) ਇਕ ਬਹੁ-ਪਾਸਾਰੀ ਮਾਡਲ ਹੈ ਜਿਸ ਦੇ ਮਾਧਿਅਮ ਨਾਲ ਸੰਸਾਰ ਦੀਆਂ ਵੱਖ ਵੱਖ ਭਾਸ਼ਾਵਾਂ ਦਾ ਸ਼੍ਰੇਣੀਕਰਣ ਕੀਤਾ ਜਾਂਦਾ ਹੈ । ਇਸ ਦੇ ਫਲਸਰੂਪ ਸੰਸਾਰ ਦੇ ਪ੍ਰਮੁਖ ਭਾਸ਼ਾ-ਪਰਿਵਾਰਾਂ ਦੀ ਪਛਾਣ ਸਥਾਪਿਤ ਹੋਈ ਹੈ ।

ਹੁਣ ਅਸੀਂ ਜੈਨੇਟਿਕ ਮਾਡਲ ਦਾ ਅਨੁਸਰਣ ਕਰ ਕੇ ਸੰਸਾਰ ਵਿਚ ਮੌਜੂਦ ਜਿਊਂਦੀਆਂ-ਜਾਗਦੀਆਂ ਪ੍ਰਮੁੱਖ ਭਾਸ਼ਾਵਾਂ ਨੂੰ ਸ਼੍ਰੇਣੀਬੱਧ ਕਰਨ ਦੇ ਮੰਤਵ ਨਾਲ ਕੁਝ ਕੁ ਭਾਸ਼ਾ-ਪਰਿਵਾਰਾਂ ਦੇ ਮੈਂਬਰਸ਼ਿਪ ਅਤੇ ਉਨ੍ਹਾਂ ਦੀ ਰਚਨਾ-ਬਣਤਰ ਬਾਰੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨ ਦੀ ਚੇਸ਼ਟਾ ਕਰਦੇ ਹਾਂ । ਇਸ ਸੰਦਰਭ ਵਿਚ Thomas Pyles & John Algeo [1993 : 63] ਦਾ ਕਥਨ ਵੀ ਮਹੱਤਵਪੂਰਣ ਹੈ ਕਿ ਇਤਿਹਾਸਿਕ ਨਜ਼ਰੀਏ ਤੋਂ ਭਾਸ਼ਾਵਾਂ ਦਾ ਜੈਨੇਟਿਕ ਸ਼੍ਰੇਣੀਕਰਣ ਬਹੁਤ ਹੀ ਵਧੇਰੇ ਸੰਤੋਖ-ਜਨਕ ਹੈ ।*

ਹਵਾਲੇ ਤੇ ਟਿਪਣੀਆਂ

ਸਰੋਤ (Sources) :

1. Lehmann, W.P. [1962] *Historical Linguistics : An Introduction.*

* "From the historical point of view, however, much more satisfactory is the genetic classification of languages made on the basis of such correspondences of sound and structure as indicate relationship through common origin"

Thomas Pyles & John Algeo [1993 : 63], *The Origins And Development of the English Language*, 4th edition, New York, America.

Oxford & IBH, N. Delhi.

2. Bynon, Theodora [1977] *Historical Linguistics.*
3. William O' Grady [1989] *Contemporary Linguistics–An Introduction*, New York.
4. Gleason, H.A. [1955] *An Introduction to Descriptive Linguistics*, Oxford.
5. Palmer, Leonard, R. [1978] *Descriptive and Comparative Linguistics – A Critical Introduction*, Faber & Faber, London.
6. Thomas Pyles & John Algeo [1993] *The Origins and Development of the English Language*, New York, 4th edition.
7. Anthony Arlotto [1981] *Introduction to Historical Linguistics*, Harvard University.

ਵਿਸ਼ਵ ਦੇ ਪ੍ਰਮੁਖ ਭਾਸ਼ਾ-ਪਰਿਵਾਰ
(World's Chief Language Families)

ਇਤਿਹਾਸਕ/ਕਾਲਕ੍ਰਮਿਕ (diachronic) ਭਾਸ਼ਾ-ਵਿਗਿਆਨ ਦੀ ਜੈਨੇਟਿਕ ਤਕਨੀਕ ਦੀ ਪ੍ਰਕਿਰਿਆ ਨਾਲ ਸੰਸਾਰ-ਵਿਆਪੀ ਪ੍ਰਮੁਖ ਭਾਸ਼ਾਵਾਂ ਦੇ ਸ਼ਰੇਣੀਕਰਣ ਦੇ ਸੰਬੰਧ ਵਿਚ ਜਿਹੜੇ ਨਿਚੋੜ ਤੇ ਨਿਸ਼ਕਰਸ਼ ਪ੍ਰਾਪਤ ਹੋਏ ਹਨ ਉਨ੍ਹਾਂ ਦੇ ਅਨੁਸਾਰ ਵਿਦਵਾਨਾਂ ਨੇ ਭਾਸ਼ਾਵਾਂ ਦੇ ਵਿਭਿੰਨ ਪਰਿਵਾਰ ਸੰਕਲਪਿਤ ਕੀਤੇ ਹਨ। Louis Gray [1939 : 303], Lehmann [1962 : 17], H.A. Gleason [1955 : 457], William O' Grady [1989 : 236] ਆਦਿ ਭਾਸ਼ਾ-ਚਿੰਤਕਾਂ ਨੇ ਆਪੋ-ਆਪਣੇ ਢੰਗ ਨਾਲ ਭਾਸ਼ਾ-ਪਰਿਵਾਰਾਂ ਨੂੰ ਸੂਚੀ ਬੱਧ ਕੀਤਾ ਹੈ। Thomas T. Pyles & John Algeo [1982] ਦੇ ਆਧਾਰ 'ਤੇ ਵਿਸ਼ਵ ਦੇ ਮੁੱਖ ਮੁੱਖ ਭਾਸ਼ਾ-ਪਰਿਵਾਰਾਂ ਦਾ ਵਿਵਰਣ ਹੇਠਾਂਕਿਤ ਤਾਲਿਕਾ ਵਿਚ ਪੇਸ਼ ਕੀਤਾ ਜਾਂਦਾ ਹੈ :

(ਤਾਲਿਕਾ 1) . ਸੰਸਾਰ ਦੇ ਪ੍ਰਮੁਖ ਭਾਸ਼ਾ-ਪਰਿਵਾਰ

1.	ਭਾਰੋਪੀ	Indo-European
2.	ਅਲਤੈਕ	Altaic
3.	ਯੂਰਾਲਿਕ	Uralic
4.	ਦ੍ਰਾਵਿੜੀ	Dravidian
5.	ਆਸਟ੍ਰੋ-ਏਸ਼ੀਆਟਿਕ	Austro-Asiatic
6.	ਸਿਨੋ-ਤਿੱਬਤੀ	Sino-Tibten
7.	ਆਸਟ੍ਰੋ-ਤਾਈ	Austro-Tai
8.	ਆਸਟ੍ਰੇਲੀਅਨ	Australian
9.	ਐਫਰੋ-ਏਸ਼ੀਆਟਿਕ	Afro-Asiatic
10.	ਨੀਗਰ-ਕੋਰਡੋਫੈਨੀਅਨ	Niger-Kordofanien

ਭਾਰੋਪੀ (ਭਾਰਤ-ਯੋਰਪੀ) ਭਾਸ਼ਾ-ਪਰਿਵਾਰ (Indo-European)

ਪਿਛਲੇ ਦੋ ਸੌ ਸਾਲਾਂ ਦੇ ਭਾਸ਼ਾ-ਗਤ ਅਧਿਐਨ ਦੇ ਨਤੀਜੇ ਵਜੋਂ Proto-Indo-European ਦੀ ਉਪਲਬਧੀ ਸਚਮੁਚ ਹੀ ਇਕ ਕ੍ਰਾਂਤੀਕਾਰੀ ਵਿਸਫੋਟਕ ਘਟਨਾ ਹੈ। ਮੂਲ-ਭਾਰੋਪੀ-ਭਾਸ਼ਾ ਦੀ ਉਪਲਬਧੀ ਤੇ ਉਸ ਦੀ ਪੁਨਰ-ਉਸਾਰੀ ਵਿਚ ਕਾਲਕ੍ਰਮਿਕ ਭਾਸ਼ਾ-ਵਿਗਿਆਨ, ਤੁਲਨਾਤਮਕ ਫਿਲਾਲੋਜੀ, ਆਤਰਿਕ ਪੁਨਰ-ਨਿਰਮਾਣ, ਭਾਸ਼ਾ-ਕਾਲ-ਕ੍ਰਮ, ਉਪਭਾਸ਼ਾ-ਵਿਗਿਆਨ ਤੋਂ ਇਲਾਵਾ ਪੁਰਾਤੱਤ-ਵਿਗਿਆਨ (Archeology), ਮਾਨਵ-ਵਿਗਿਆਨ

(Anthropology), ਸਮਾਜ-ਵਿਗਿਆਨ (Sociology), ਸਭਿਆਚਾਰ-ਵਿਗਿਆਨ (Culturology), ਅਤੇ Textual ਅਧਿਐਨ ਆਦਿ ਭਾਸ਼ਾ-ਬਾਹਰੇ ਅਨੁਸ਼ਾਸਨਾਂ ਨੇ ਵਡਮੁੱਲਾ ਯੋਗਦਾਨ ਅਦਾ ਕੀਤਾ ਹੈ । ਇਤਿਹਾਸਿਕ ਭਾਸ਼ਾ-ਵਿਗਿਆਨ ਦੇ ਅੰਤਰਗਤ ਵਿਦਵਾਨਾਂ ਨੇ ਜਿਹੜੀਆਂ ਖੋਜ-ਵਿਧੀਆਂ ਆਵਿਸ਼ਕਾਰ ਕੀਤੀਆਂ ਹਨ ਉਨ੍ਹਾਂ ਦੁਆਰਾ ਅਸੀਂ 3000 ਪੂ. ਈ. (300 B.C.) ਤੋਂ ਵੀ ਪ੍ਰਾਚੀਨ ਭਾਸ਼ਾ-ਪਰਿਵਾਰਾਂ ਦਾ ਪਰਿਚੈ ਤੇ ਪਛਾਣ ਸਥਾਪਿਤ ਕਰਨ ਵਿਚ ਸਮਰਥ ਹੋਏ ਹਾਂ ।

ਭਾਰੋਪੀ ਭਾਸ਼ਾ-ਪਰਿਵਾਰ ਵਿਚ ਲਗਭਗ ਸੌ ਕੁ ਬੋਲੀਆਂ ਦੀ ਹੀ ਮੈਂਬਰਸ਼ਿਪ ਹੈ । ਵੰਸ਼ਜ ਬੋਲੀਆਂ ਦੀ ਗਿਣਤੀ ਦੇ ਲਿਹਾਜ਼ ਨਾਲ ਭਾਰੋਪੀ ਕੋਈ ਵੱਡੀ ਫੈਮਲੀ ਨਹੀ, ਲੇਕਿਨ ਬੁਲਾਰਿਆਂ ਦੀ ਗਿਣਤੀ ਦੇ ਪਖੋਂ ਭਾਰੋਪੀ ਫੈਮਲੀ ਦੁਨੀਆਂ ਵਿਚ ਸਭ ਤੋਂ ਵੱਡੀ ਹੈ । ਭਾਰੋਪੀ ਦੇ ਬੁਲਾਰਿਆਂ ਦੀ ਗਿਣਤੀ ਕੋਈ 17 ਕਰੋੜ (1. 7 ਬਿਲੀਅਨ) ਹੈ ।

ਭਾਰੋਪੀ ਪਰਿਵਾਰ ਸੰਸਾਰ ਦੇ ਬਾਕੀ ਭਾਸ਼ਾ-ਪਰਿਵਾਰਾਂ ਨਾਲੋਂ ਵਧੇਰੇ ਮਹੱਤਵਪੂਰਣ ਹੈ । ਭਾਰੋਪੀ ਦੀ ਮਹੱਤਤਾ ਇਸ ਦੇ ਬੁਲਾਰਿਆਂ ਦੀ ਬਹੁ-ਗਿਣਤੀ ਦੇ ਕਾਰਣ ਹੀ ਨਹੀਂ ਹੈ, ਸੁਗੋਂ ਇਸ ਦਾ ਕਾਰਣ ਇਹ ਵੀ ਹੈ ਕਿ ਇਸ ਪਰਿਵਾਰ ਦੇ ਅੰਤਰਗਤ ਸਭਿਅਤਾ, ਸਭਿਆਚਾਰ, ਸਾਹਿੱਤ ਅਤੇ ਭੌਤਿਕ ਸਮ੍ਰਿਧੀ ਤੇ ਗਿਆਨ-ਵਿਗਿਆਨ ਦੇ ਪੱਖ ਤੋਂ ਬਹੁਤ ਹੀ ਉੱਨਤ, ਸੁਸਿਖਿਅਤ, ਖੁਸ਼ਹਾਲ ਤੇ ਸੰਪੰਨ ਦੇਸ਼ ਹਨ । ਇਸ ਤੋਂ ਇਲਾਵਾ ਵਿਸ਼ਵ ਦੀਆਂ ਕਈ ਕਲੈਸੀਕਲ, ਅਤਿ-ਉੱਨਤ, ਤੇ ਅਤਿ ਵਿਕਸਿਤ ਭਾਸ਼ਾਵਾਂ ਇਸ ਪਰਿਵਾਰ ਨਾਲ ਸੰਬੰਧਿਤ ਹਨ । John Lyons [1972 : 26] ਦਾ ਵਿਚਾਰ ਹੈ ਕਿ ਵੱਖ ਵੱਖ ਭਾਸ਼ਾਵਾਂ ਦੇ ਇਤਿਹਾਸਿਕ ਤੇ ਤੁਲਨਾਤਮਕ ਅਧਿਐਨ ਦੇ ਖੇਤਰ ਵਿਚ ਭਾਰੋਪੀ ਭਾਸ਼ਾ-ਪਰਿਵਾਰ ਦਾ ਹਮੇਸ਼ਾਂ ਹੀ ਪ੍ਰਮੁਖ ਤੇ ਗੌਰਵਮਈ ਸਥਾਨ ਰਿਹਾ ਹੈ ਅਤੇ ਭਵਿਖ ਵਿਚ ਵੀ ਰਹੇਗਾ ਕਿਉਂਕਿ ਇਸ ਪਰਿਵਾਰ ਦੀਆਂ ਬਹੁਤ ਸਾਰੀਆਂ ਜ਼ੁਬਾਨਾਂ ਵਿਚ ਅਤਿ ਪ੍ਰਾਚੀਨ ਲਿਖਤੀ ਪਾਠ-ਸਾਮਗਰੀ ਮੌਜੂਦ ਹੈ, ਇਸ ਕਰਕੇ ਇਨ੍ਹਾਂ ਨਿਕਟੀ ਸੰਬੰਧਾਂ ਦਾ ਵਿਸ਼ਵਾਸੀ ਵੇਰਵਾ ਪ੍ਰਾਚੀਨ ਟੈਕਸਟ-ਪਾਠਾਂ ਦੀ ਸਹਾਇਤਾ ਨਾਲ ਸੰਭਵ ਹੋ ਸਕਿਆ ਹੈ ।

ਭਾਰੋਪੀ ਪਰਿਵਾਰ ਯੋਰਪ ਤੇ ਏਸ਼ੀਆ ਦੇ ਬਹੁਤ ਵੱਡੇ ਭੂ-ਖੰਡ ਵਿਚ ਫੈਲਿਆ ਹੋਇਆ ਹੈ ਜੋ ਪੱਛਮੀ ਯੂਰਪ ਦੇ ਆਇਰਲੈਂਡ ਤੋਂ ਲੈ ਕੇ ਉੱਤਰੀ ਤੇ ਕੇਂਦਰੀ ਭਾਰਤ (India) ਤਕ ਅਤੇ ਚੀਨੀ ਤੁਰਕਿਸਤਾਨ ਤਕ ਵਿਸਤ੍ਰਿਤ ਹੈ ।

ਏਥੇ ਇਹ ਇਤਿਹਾਸਿਕ ਤੱਥ ਕਾਬਲੇ-ਜ਼ਿਕਰ ਹੈ ਕਿ ਭਾਰੋਪੀ ਭਾਸ਼ਾ-ਪਰਿਵਾਰ ਦੀ ਪਛਾਣ ਤੇ ਸਥਾਪਨਾ ਕਰਨ ਵਿਚ ਸੰਸਕ੍ਰਿਤ ਭਾਸ਼ਾ ਦੀ ਉਪਲਬਧੀ (discovery) ਸਚਮੁਚ ਹੀ ਵਰਦਾਨ ਸਾਬਤ ਹੋਈ ਹੈ । ਅਠਾਰ੍ਹਵੀਂ ਸਦੀ ਦੇ ਅੰਤਿਮ ਚਰਨ ਵਿਚ ਨਿਆਇ-ਮੂਰਤੀ ਅਤੇ ਭਾਸ਼ਾ-ਵਿਗਿਆਨੀ Sir William Jones ਨੇ ਜਦੋਂ ਤਮਾਮ ਦੁਨੀਆਂ ਨੂੰ ਮੁਖ਼ਾਤਬ ਕਰਕੇ ਆਪਣਾ ਇਹ ਨਿਰਣਯ ਪੇਸ਼ ਕੀਤਾ ਕਿ ਭਾਰਤ-ਵਰਸ਼ ਦੀ ਪ੍ਰਾਚੀਨ ਤੇ ਪਵਿਤਰ ਭਾਸ਼ਾ "ਸੰਸਕ੍ਰਿਤ", ਲੈਟਿਨ, ਗ੍ਰੀਕ, ਜਰਮੈਨਿਕ ਤੇ ਕੈਲਟਿਕ ਆਦਿ ਨਾਲ ਜੈਨੇਟਿਕ ਤੌਰ ਤੇ ਗੂੜ੍ਹੀ ਤਰ੍ਹਾਂ ਸੰਬੰਧਿਤ ਹੈ ਤਾਂ ਯੂਰਪ ਦੇ ਭਾਸ਼ਾ-ਵਿਗਿਆਨਿਕ ਹਲਕਿਆਂ ਵਿਚ ਇਕ ਕ੍ਰਾਂਤੀ ਪੈਦਾ ਹੋ ਗਈ । ਸੰਨ 1786 ਨੂੰ ਇੰਡੀਆ ਵਿਚ ਨਿਯੁਕਤ ਬਰਤਾਨਵੀ ਜੱਜ W. Jones ਵਲੋਂ Royal Asiatic Society, Calcutta ਦੇ ਸਾਹਮਣੇ ਜਿਹੜਾ ਐਲਾਨ ਕੀਤਾ ਸੀ ਉਸ ਦਾ ਪੰਜਾਬੀ ਰੂਪਾਂਤਰ ਪੇਸ਼ ਹੈ :

"ਸੰਸਕ੍ਰਿਤ ਭਾਸ਼ਾ, ਭਾਵੇਂ ਇਸ ਦੀ ਪ੍ਰਾਚੀਨਤਾ ਕੁਝ ਵੀ ਹੋਵੇ, ਬਹੁਤ ਹੀ ਅਦਭੁਤ ਸਟਰਕਚਰ ਦੀ ਮਾਲਕ ਹੈ । ਇਹ (ਸੰਸਕ੍ਰਿਤ) ਗ੍ਰੀਕ ਭਾਸ਼ਾ ਨਾਲੋਂ ਜ਼ਿਆਦਾ ਸੰਪੂਰਨ ਅਤੇ ਲੈਟਿਨ ਨਾਲੋਂ ਜ਼ਿਆਦਾ ਭਰਪੂਰ ਹੈ, ਅਤੇ ਇਹ ਉਨ੍ਹਾਂ ਦੋਹਾਂ ਨਾਲੋਂ ਵੱਧ ਉੱਨਤ ਤੇ ਵੱਧ ਉਤਕ੍ਰਿਸ਼ਟ ਹੈ । ਸੰਸਕ੍ਰਿਤ ਦੀ ਗ੍ਰੀਕ ਤੇ ਲੈਟਿਨ ਨਾਲ ਧਾਤੂਆਂ, ਕਿਰਿਆਵਾਂ, ਤੇ ਵਿਆਕਰਣ ਦੇ ਹਰ ਰਚਨਾਤਮਕ ਰੂਪਾਂ ਵਿਚ ਏਨੀ ਗੂੜ੍ਹੀ ਸਾਂਝ ਤੇ ਸਮਾਨਤਾ ਹੈ ਕਿ ਇਹ ਕੋਈ ਅਚਾਨਕ ਸੰਜੋਗਾਂ ਦੀ ਗੱਲ ਨਹੀਂ ਕਹੀ ਜਾ ਸਕਦੀ । ਸਹੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਤਿੰਨਾਂ ਕਲੈਸੀਕਲ ਭਾਸ਼ਾਵਾਂ ਦੀ ਕੋਈ ਨਾ ਕੋਈ ਸਾਂਝੀ ਸਰੋਤ-ਭਾਸ਼ਾ ਅਵੱਸ਼ ਹੋਵੇਗੀ ਜਿਹੜੀ ਕਿ ਹੁਣ ਭੁੱਲੀ-ਵਿਸਰੀ ਹੋਈ ਹੈ"

ਸੰਸਕ੍ਰਿਤ ਦੀ ਇਸ ਉਪਲਬਧੀ ਨੇ ਭਾਸ਼ਾ-ਵਿਦਵਾਨਾਂ ਦੇ ਮਨ-ਮਸਤਕ ਵਿਚ ਕਿੰਨੀ ਉੱਤੇਜਨਾ, ਕਿੰਨੀ ਹੈਰਾਨੀ ਤੇ ਕਿੰਨੀ ਚਕਾਚੌਂਧ ਪੈਦਾ ਕੀਤੀ ਹੋਵੇਗੀ, ਇਸ ਦੀ ਅੱਜ ਅਸੀਂ ਸਿਰਫ ਕਲਪਨਾ ਹੀ ਕਰ ਸਕਦੇ ਹਾਂ । ਇਸ ਉਪਲਬਧੀ ਦਾ ਨਤੀਜਾ ਇਹ ਹੋਇਆ ਕਿ ਸਾਰੀ ਉਨ੍ਹੀਵੀਂ ਸਦੀ ਦੇ ਦੌਰਾਨ ਇਤਿਹਾਸਿਕ/ਕਾਲ-ਕ੍ਰਮਿਕ ਲੀਹਾਂ ਤੇ ਗਹਿਰ-ਗੰਭੀਰ ਖੋਜਾਂ ਜਾਰੀ ਰਹੀਆਂ ਅਤੇ ਵਿਦਵਾਨ ਇਨ੍ਹਾਂ ਨਤੀਜਿਆਂ ਤੇ ਅਪੜੇ ਕਿ ਯੋਰਪ, ਈਰਾਨ ਤੇ ਉੱਤਰੀ ਭਾਰਤ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਇਕੋ ਭਾਸ਼ਾ-ਪਰਿਵਾਰ ਨਾਲ ਜਨਮਗਤ ਰਿਸ਼ਤੇ ਕਰਕੇ ਸੰਬੰਧਿਤ ਹਨ ।

ਇਨ੍ਹਾਂ ਵਿਦਵਾਨਾਂ ਨੇ ਭਾਰੋਪੀ ਭਾਸ਼ਾਵਾਂ ਦੀਆਂ ਜੋ ਤੁਲਨਾ-ਸਾਰਣੀਆਂ ਤਲਾਸ਼ ਕੀਤੀਆਂ ਉਹ ਵੀ ਬਹੁਤ ਦਿਲਚਸਪ ਤੇ ਸੂਚਨਾ-ਭਰਪੂਰ ਹਨ । ਤੁਲਨਾ-ਸਾਰਣੀ ਦੇ ਕੁਝ ਨਮੂਨੇ ਗਿਆਤ ਹਿਤ ਪੇਸ਼ ਕੀਤੇ ਜਾਂਦੇ ਹਨ :

(ਤਾਲਿਕਾ 2) ਇਸ ਸਾਰਣੀ ਵਿਚ ਭਾਰੋਪੀ ਪਰਿਵਾਰ ਦੀਆਂ ਮੈਂਬਰ-ਭਾਸ਼ਾਵਾਂ ਵਿਚ ਸੰਰਚਨਾਤਮਕ ਤੇ ਸ਼ਬਦਾਤਮਕ ਸਾਂਝ ਦੀ ਜੋ ਕਲਪਨਾ ਕੀਤੀ ਜਾਂਦੀ ਹੈ ਉਹ ਪ੍ਰਾਚੀਨ ਤੇ ਨਵੀਨ ਭਾਸ਼ਾਵਾਂ ਦੀ ਹੇਠਾਂਕਿਤ ਗਿਣਤੀ-ਵਾਚਕ ਸ਼ਬਦਾਵਲੀ ਦੀ ਤੁਲਨਾ ਕਰਨ ਤੇ ਨਿਰਸੰਦੇਹ ਝਲਕਦੀ ਹੈ :

ਤਾਲਿਕਾ (2)

English	*Gothic*	*Latin*	*Greek*	*Slavic*	*Sanskrit*		*Panjabi*	*Hindi*
one	ains	unus	heis	jedinu	ekas :	एक	ਇੱਕ	एक
two	twai	duo	duo	duva	dva :	द्वौ :	ਦੋ	दो
three	thrija acc.	tres	treis	trije	trayas :	त्रय :	ਤਿੰਨ	तीन
four	fidwor	quattuor	tettares	cetyre	catvaras:	चत्वार	ਚਾਰ	चार
five	fimf	quinque	pente	peti	panca :	पञ्च	ਪੰਜ	पांच
six	saihs	sex	heks	sesti	sat :	षट :	ਛੇ	छः
seven	sibun	septem	hepta	sedmi	sapta :	सप्त :	ਸੱਤ	सात
eight	ahtau	octo	okto	osmi	asta :	अष्ट :	ਅੱਠ	आठ
nine	niun	novem	ennea	deveti	nava :	नव :	ਨੌਂ	नौ
ten	taihun	decem	deka	deseti	dasa:	दश :	ਦਸ	दस

(ਤਾਲਿਕਾ 3) ਇਸ ਤੁਲਨਾ-ਸਾਰਨੀ ਵਿਚ ਭਾਰੋਪੀ ਪਰਿਵਾਰ ਦੀਆਂ ਭਾਸ਼ਾਵਾਂ ਦੇ ਕੁਝ ਹੋਰ ਸ਼ਬਦ ਦਰਜ ਹਨ ਜਿਨ੍ਹਾਂ ਵਿਚ ਨਿਕਟੀ ਸਾਂਝ ਵੇਖਣ-ਯੋਗ ਹੈ :

ਤਾਲਿਕਾ (3)

Greek	*Latin*	*Sanskrit*	*Gothic*	*German*	*English*	*Skt.*	*Meaning*
esti	est	asti	ist	ist	is	अस्ति	ਹੈ
zugon	iugum	yugam	juk	Joch	yoke	युगम्	ਜੋੜ
phero	fero	bharami	bairan	ge-baren	bear	भरामि	ਧਾਰਦਾ ਹਾਂ
okto	octo	astau	ahtau	acht	eight	अष्ट	ਅੱਠ
agros	ager	ajras	akrs	Acker	acre	अज्र :	ਏਕੜ
pater	pater	pitar-	fadar	Vater	father	पितर्	ਪਿਤਾ

ਉਪਰੋਕਤ ਤੁਲਨਾਵਾਂ ਤੋਂ ਇਹ ਤੱਥ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਉਪਲਬਧ ਭਾਸ਼ਾਵਾਂ ਦੇ ਭਾਸ਼ਿਕ ਰੂਪ ਤੇ ਭਾਸ਼ਿਕ ਖੰਡ (segments) ਆਪਸ ਵਿਚ ਏਨੇ ਜ਼ਿਆਦਾ ਮਿਲਦੇ-ਜੁਲਦੇ ਦਿੱਸਦੇ ਹਨ ਕਿ ਇਨ੍ਹਾਂ ਦੀ ਕੋਈ ਇਕ ਜੱਦੀ ਜਨਨੀ ਭਾਸ਼ਾ ਦੀ ਕਲਪਨਾ ਕਰਨੀ ਤਰਕ-ਸੰਗਤ ਹੈ । ਉਸ ਮੂਲ-ਭਾਸ਼ਾ ਦਾ ਕੋਈ ਲਿਖਤੀ ਜਾਂ ਤਸਦੀਕ-ਸ਼ੁਦਾ ਰਿਕਾਰਡ ਤਾਂ ਪ੍ਰਾਪਤ ਨਹੀਂ ਹੈ ਪਰ ਪਰਵਰਤੀ ਕਲੈਸੀਕਲ ਭਾਸ਼ਾਵਾਂ ਦੀ ਤੁਲਨਾਤਮਕ ਵਿਧੀ ਨਾਲ ਉਸ ਦੂਰਵਰਤੀ ਭਾਸ਼ਾ ਦੀ ਪੁਨਰ-ਸਿਰਜਨਾ ਕੀਤੀ ਗਈ ਹੈ । ਅਜਿਹਾ ਅਨੁਮਾਨ ਆਧੁਨਿਕ ਤਕਨੀਕਾਂ ਨਾਲ ਪੁਸ਼ਟ ਕੀਤਾ ਗਿਆ ਹੈ । ਇਸੇ ਸੰਕਲਪਿਤ ਤੇ ਪੁਨਰ-ਸਿਰਜਤ proto-language ਨੂੰ ਹੀ *ਆਦਿਮ ਭਾਰੋਪੀ ਭਾਸ਼ਾ* (Proto-Indo-European) ਕਿਹਾ ਗਿਆ ਹੈ । ਇਹ ਵੀ ਸੰਕਲਪਨਾ ਕੀਤੀ ਗਈ ਹੈ ਕਿ ਭਾਰੋਪੀ ਭਾਸ਼ਾ ਅੰਦਾਜ਼ਨ 3000 ਪੂ. ਈ. ਕਾਲਖੰਡ ਵਿਚ ਪ੍ਰਫੁੱਲਤ ਰਹੀ ਹੋਵੇਗੀ ਅਤੇ ਇਸੇ ਤੋਂ ਹੀ ਬਹੁਵਿਧ ਕਲੈਸੀਕਲ ਭਾਸ਼ਾਵਾਂ ਦਾ ਨਿਕਾਸ ਹੋਇਆ ਹੈ । ਸਮੇਂ ਦੀ ਪ੍ਰਗਤੀ ਨਾਲ ਭਾਰੋਪੀ ਪਰਿਵਾਰ ਦੀਆਂ ਭਾਸ਼ਾਵਾਂ ਯੂਰਪ ਤੇ ਏਸ਼ੀਆ ਵਿਚ ਫੈਲ ਗਈਆਂ ਹਨ ਜਿਨ੍ਹਾਂ ਦਾ ਅਗੋਂ ਸਮਕਾਲੀਨ ਉਪ-ਪਰਿਵਾਰਾਂ ਵਿਚ ਵਿਕਾਸ ਹੋਇਆ ਹੈ ।

ਭਾਰੋਪੀ ਮੂਲ ਪਰਿਵਾਰ ਦੇ ਜਿਹੜੇ ਨੌਂ ਉਪ-ਪਰਿਵਾਰ ਹਨ ਉਹੋ ਹੀ ਇਸ ਪਰਿਵਾਰ ਦੀਆਂ ਸਾਰੀਆਂ ਜੀਵੰਤ ਭਾਸ਼ਾਵਾਂ ਦੇ ਪ੍ਰਜਨਨ-ਸਰੋਤ ਹਨ । ਨੌਂ ਉਪ-ਪਰਿਵਾਰਾਂ (ਪ੍ਰਮੁਖ ਸ਼ਾਖ਼ਾਵਾਂ) ਦਾ ਵੇਰਵਾ ਹੇਠਾਂ ਤਾਲਿਕਾ ਵਿਚ ਅੰਕਿਤ ਕੀਤਾ ਜਾਂਦਾ ਹੈ ।

ਤਾਲਿਕਾ (4) : ਭਾਰੋਪੀ ਪਰਿਵਾਰ ਦੇ ਨੌਂ ਪ੍ਰਮੁਖ ਉਪ-ਪਰਿਵਾਰ

Germanic	:	ਜਰਮੈਨਿਕ
Celtic	:	ਕੈਲਟਿਕ
Italic	:	ਇਟੈਲਿਕ
Hellenic	:	ਹੈਲੇਨਿਕ
Albanian	:	ਅਲਬੇਨੀਅਨ
Armenian	:	ਅਰਮੀਨੀਅਨ
Baltic	:	ਬਾਲਟਿਕ
Slavic	:	ਸਲਾਵਿਕ
Indo-Iranian	:	ਭਾਰਤ-ਈਰਾਨੀ

ਜਰਮੈਨਿਕ (Germanic) ਉਪ-ਪਰਿਵਾਰ

ਜਰਮੈਨਿਕ, ਭਾਰੋਪੀ ਪਰਿਵਾਰ ਦਾ ਪ੍ਰਮੁਖ ਉਪ-ਪਰਿਵਾਰ (ਸ਼ਾਖਾ) ਹੈ । ਜਰਮੈਨਿਕ ਦਾ ਪ੍ਰਸਾਰ ਉੱਤਰ ਵਿਚ ਸਕੈਂਡੇਨੇਵੀਆ ਤੋਂ ਲੈ ਕੇ ਦੱਖਣ ਵਿਚ Ore Mountain ਤਕ ਅਤੇ ਪੱਛਮ ਵਿਚ Rhine ਤੋਂ ਲੈ ਕੇ ਪੂਰਬ ਵਿਚ Vistula ਤਕ ਹੋਇਆ ਹੈ [Simeon Potter : 1963 : 11] ।

ਜਰਮੈਨਿਕ ਭਾਸ਼ਾ-ਭਾਸ਼ੀ ਕਬੀਲਿਆਂ ਬਾਰੇ Caesar, Tacitus ਆਦਿ ਕਲੈਸੀਕਲ ਲਿਖਾਰੀਆਂ ਨੇ ਬੜੀਆ ਕੀਮਤੀ ਸੂਚਨਾਵਾਂ ਦਰਜ ਕੀਤੀਆਂ ਹਨ । ਜਰਮੈਨਿਕ ਭਾਸ਼ਾ ਬਾਰੇ ਇਸ ਕਾਲ-ਖੰਡ ਦੇ ਕੋਈ ਪੁਰਾਤਨ ਅਭਿਲੇਖ ਤਾਂ ਨਹੀਂ ਮਿਲਦੇ ਪਰੰਤੂ C.L. Barber [1964 : 103] ਦੇ ਅਨੁਸਾਰ ਜਰਮੈਨਿਕ-ਭਾਸ਼ੀਆਂ ਦੇ ਸੰਬੰਧ ਵਿਚ Tacitus ਨੇ ਸੰਨ 98 A.D. ਵਿਚ ਆਪਣੀ ਪੁਸਤਕ Germania ਅੰਦਰ ਜਿਹੜਾ ਵਰਣਨ ਕੀਤਾ ਹੈ ਉਸ ਤੋਂ ਜਰਮੈਨਿਕ ਲੋਕਾਂ ਦੇ ਸਭਿਆਚਾਰ, ਸਾਹਿੱਤ ਤੇ ਭਾਸ਼ਾ ਬਾਰੇ ਭਰਪੂਰ ਜਾਣਕਾਰੀ ਉਪਲਬਧ ਹੁੰਦੀ ਹੈ । ਜਰਮੈਨਿਕ ਉਪ-ਪਰਿਵਾਰ ਦੀਆਂ ਤਿੰਨ ਉਪ-ਸਾਖਾਵਾਂ ਦਾ ਵਿਕਾਸ ਹੇਠਾਂ ਤਾਲਿਕਾ ਵਿਚ ਦਰਜ ਕੀਤਾ ਜਾਂਦਾ ਹੈ ਜਿਸ ਤੋਂ ਇਸ ਫੈਮਲੀ ਦੀ ਮੈਂਬਰਸ਼ਿਪ ਅਤੇ ਸੰਗਠਨ ਦਾ ਪਤਾ ਚਲਦਾ ਹੈ ।

ਤਾਲਿਕਾ (5) : ਜਰਮੈਨਿਕ ਉਪ-ਪਰਿਵਾਰ

East Germanic ਪੂਰਬੀ	*North Germanic (ਉੱਤਰੀ)*		*West Germanic (ਪੱਛਮੀ)*	
Gothic (ਗਾਥਿਕ)	Icelandic	ਆਈਸਲੈਂਡਿਕ	German	ਜਰਮਨ
	Faroese		Dutch	ਡਚ
	Norwegain	ਨਾਰਵੇਜੀਅਨ	Frisian	ਫਰਿਸੀਅਨ
	Danish	ਡੈਨਿਸ਼	English	ਇੰਗਲਿਸ਼
	Swedish	ਸਵੀਡਿਸ਼	Afrikaans	ਅਫਰੀਕਾਨ
			Yiddish	ਯੀਡਿਸ਼

ਜਿਵੇਂ ਕਿ ਉਪਰੋਕਤ ਤਾਲਿਕਾ ਤੋਂ ਜ਼ਾਹਰ ਹੁੰਦਾ ਹੈ ਕਿ ਭਾਰੋਪੀ ਦੀ ਜਰਮੈਨਿਕ ਸ਼ਾਖ਼ਾ ਨੂੰ ਤਿੰਨ ਉਪ-ਸ਼ਾਖਾਵਾਂ ਵਿਚ ਵੰਡਿਆ ਜਾਂਦਾ ਹੈ । ਪੂਰਬੀ ਜਰਮੈਨਿਕ ਵਿਚ ਪ੍ਰਾਚੀਨ ਜਰਮੈਨਿਕ Gothic ਸਾਮਲ ਹੈ । ਗਾਥਿਕ ਦੇ ਅੰਭਿਲੇਖ ਚੌਥੀ ਸਦੀ A.D. ਵਿਚ ਮਿਲਦੇ ਹਨ । ਗਾਥਿਕ ਵਿਚ Bishop Wulfilas [A.D. 311-381] ਦੁਆਰਾ ਕੀਤਾ ਬਾਈਬਲ ਦਾ ਅਨੁਵਾਦ ਉਲੇਖਯੋਗ ਹੈ । ਹੁਣ ਗਾਥਿਕ ਤੇ ਪੂਰਬੀ ਜਰਮੈਨਿਕ ਚਿਰਕਾਲ ਤੋਂ ਲੋਪ ਹੋ ਗਈ ਹੈ ।

ਉੱਤਰੀ ਜਰਮੈਨਿਕ ਨੂੰ Scandinavian ਵੀ ਕਿਹਾ ਜਾਂਦਾ ਹੈ । ਜੱਦੀ ਤੌਰ ਤੇ Old Norse ਸਾਮਲ ਸੀ ਜਿਸ ਨੂੰ Old Icelandic ਵੀ ਕਿਹਾ ਜਾਂਦਾ ਸੀ ਅਤੇ ਇਸ ਦੇ ਪੁਰਾਣੇ ਬੋਲਰੇ vikings ਸਨ । ਉੱਤਰੀ ਜਰਮੈਨਿਕ ਤੋਂ ਹੀ ਆਈਸਲੈਂਡਿਕ, Faroese (ਸਕਾਟਲੈਂਡ ਦੇ ਉੱਤਰ ਵਿਚ ਸਥਿਤ Faroe ਆਈਲੈਂਡ ਵਿਚ ਬੋਲੀ ਜਾਂਦੀ) ਸਵੀਡਿਸ, ਡੈਨਿਸ਼, ਨਾਰਵੇਜੀਅਨ, ਸ਼ਾਖਾਵਾਂ ਵਿਕਸਿਤ ਹੋਈਆਂ ਹਨ । ਉੱਤਰੀ ਜਰਮੈਨਿਕ ਦੀ ਪ੍ਰਾਚੀਨਤਮ ਰੂਪ-ਰੇਖਾ 300 ਈ. ਤੋਂ ਮਿਲਦੀ ਹੈ ਅਤੇ ਇਸ ਵਿਚ ਲਿਖੇ ਗਏ Runic ਅਭਿਲੇਖ ਉਪਲਬਧ ਹਨ ।

ਪੱਛਮੀ ਜਰਮੈਨਿਕ ਤੋਂ ਜਰਮਨ (ਉੱਚ ਜਰਮਨ ਤੇ ਨਿਮਨ ਜਰਮਨ), ਡੱਚ, Flemish (ਜੋ ਬੈਲਜੀਅਮ ਵਿਚ ਬੋਲੀ ਜਾਂਦੀ ਹੈ), Afrikaan, Frisian ਅਤੇ ਅੰਗ੍ਰੇਜ਼ੀ ਉਪ-ਸ਼ਾਖਾਵਾਂ ਦਾ ਵਿਕਾਸ ਹੋਇਆ ਹੈ। Frisian ਭਾਸ਼ਾ, ਹਾਲੈਂਡ ਦੇ ਉੱਤਰੀ ਤਟ, Frisian ਆਈਲੈਂਡ ਅਤੇ ਜਰਮਨੀ ਦੇ ਉੱਤਰ-ਪੱਛਮੀ ਤਟ ਤੇ ਬੋਲੀ ਜਾਂਦੀ ਹੈ। ਉੱਚ ਜਰਮਨ ਭਾਸ਼ਾ ਸਾਰੇ ਜਰਮਨੀ ਦੇਸ਼ ਅਤੇ ਆਸਟਰੀਆ ਦੇ ਬਹੁਤ ਵੱਡੇ ਹਿੱਸੇ ਦੀ ਸਾਹਿਤਕ ਤੇ ਸਭਿਆਚਾਰਿਕ ਸੰਚਾਰ-ਭਾਸ਼ਾ ਹੈ। ਅੱਠਵੀ ਸਦੀ ਤੋਂ ਇਸ ਦਾ ਸਾਹਿੱਤ ਮਿਲਦਾ ਹੈ। Luther ਨੇ ਬਾਈਬਲ ਉੱਚ-ਜਰਮਨ ਵਿਚ ਲਿਖੀ ਸੀ, ਉਹੋ ਉਸ ਦਾ ਆਰੰਭ-ਬਿੰਦੂ ਹੈ। ਆਧੁਨਿਕ ਜਰਮਨ ਹੁਣ ਪ੍ਰਧਾਨ ਹੈ ਜਿਹੜੀ ਕਿ ਮੂਲ ਜਰਮੈਨਿਕ ਭਾਸ਼ਾ ਦੇ ਬਹੁਤ ਨੇੜੇ ਹੈ।

ਦੱਖਣੀ ਡੈਨਮਾਰਕ ਅਤੇ ਪੱਛਮੀ ਜਰਮਨੀ ਦੇ ਰਹਿਣ ਵਾਲੇ Angles, Saxons, ਅਤੇ Jutes ਕਬੀਲਿਆਂ ਦੀ ਬੋਲੀ ਤੋਂ English ਦੀ ਪੈਦਾਇਸ਼ ਹੋਈ ਹੈ। ਇਨ੍ਹਾਂ ਕਬੀਲਿਆਂ ਨੇ ਇੰਗਲੈਂਡ ਤੇ ਹਮਲਾ ਕੀਤਾ ਸੀ ਅਤੇ ਉਹ ਉਥੇ ਸੰਨ 449 A.D. ਵਿਚ ਵਸ ਗਏ ਸਨ। Caedmon's Hymn ਅਤੇ Beowulf ਦੀਆਂ ਰਚਨਾਵਾਂ 750 A.D. ਦੇ ਨੇੜੇ old English ਵਿਚ ਹੀ ਰਚੀਆਂ ਗਈਆਂ ਸਨ। ਪ੍ਰਾਚੀਨ ਅੰਗ੍ਰੇਜ਼ੀ ਦੀਆਂ Kentish, Saxon, ਅਤੇ Anglian ਤਿੰਨ ਮਸ਼ਹੂਰ ਬੋਲੀਆ ਸਨ। ਅੱਜ ਕਲ ਲੰਡਨ ਦੀ ਇੰਗਲਿਸ਼ ਨੂੰ ਹੀ ਟਕਸਾਲੀ ਮੰਨਿਆ ਜਾਂਦਾ ਹੈ। [Lehmann 1966 : 38] ਦੇ ਅਨੁਸਾਰ 1600 ਈ. ਤੋਂ ਲੈ ਕੇ ਅੰਗ੍ਰੇਜ਼ੀ ਭਾਸ਼ਾ ਲਗਾਤਾਰ ਪ੍ਰਫੁੱਲਤ ਹੋ ਰਹੀ ਹੈ। ਗਿਣਤੀ ਦੇ ਲਿਹਾਜ਼ ਨਾਲ ਚੀਨ ਦੀ Mandrin ਤੋਂ ਬਾਅਦ ਅੰਗ੍ਰੇਜ਼ੀ ਦੇ ਵਕਤਿਆਂ ਦੀ ਗਿਣਤੀ ਸਭ ਤੋਂ ਵੱਧ ਹੈ।

ਕੈਲਟਿਕ Celtic :

ਭਾਰੋਪੀ ਦੀ ਕੈਲਟਿਕ ਸ਼ਾਖਾ ਦੀਆਂ ਦੋ ਉਪ-ਸ਼ਾਖਾਵਾਂ ਹਨ Insular ਤੇ Continental। ਕੰਟੀਨੈਂਟਲ ਦੀ ਉਪ-ਸ਼ਾਖਾ Gaulish ਕਿਸੇ ਵੇਲੇ ਫਰਾਸ ਵਿਚ ਬੋਲੀ ਜਾਂਦੀ ਸੀ ਪਰ ਹੁਣ ਇਹ ਲੁਪਤ ਹੋ ਗਈ ਹੈ। ਲੇਕਿਨ Insular ਸ਼ਾਖਾ ਦੇ ਦੋ ਗਰੁਪ ਹਨ Brythonic ਅਤੇ Goidelic, ਬ੍ਰਾਈਥੋਨਿਕ ਵਿਚ Welsh, Breton ਅਤੇ Carnish ਸ਼ਾਮਲ ਹਨ। Breton ਉੱਤਰ-ਪੱਛਮੀ ਫਰਾਂਸ ਵਿਚ ਬੋਲੀ ਜਾਂਦੀ ਸੀ ਪਰ ਹੁਣ ਇਸ ਦਾ ਲੋਪ ਹੋ ਗਿਆ ਹੈ। Goidelic ਦੇ ਅੰਤਰਗਤ Irish (ਜਾਂ Irish Gaelic) ਅਤੇ Scots Gaelic ਆਉਂਦੀਆਂ ਹਨ। Irish ਆਇਰਲੈਂਡ ਦੇ ਪੱਛਮੀ ਹਿੱਸਿਆ ਵਿਚ ਸਥਾਨਿਕ ਤੌਰ ਤੇ ਬੋਲੀ ਜਾਂਦੀ ਹੈ। Scots Gaelic ਭਾਸ਼ਾ ਸਕਾਟਲੈਂਡ ਦੇ ਉੱਤਰ-ਪੱਛਮੀ ਭਾਗਾਂ ਵਿਚ ਅਤੇ ਕੁਝ ਹਦ ਤਕ ਨੋਵਾ ਸਕੋਸ਼ੀਆ ਦੇ Cape Breton ਆਈਲੈਂਡ ਵਿਚ ਸਥਾਨਿਕ ਭਾਸ਼ਾ ਵਜੋਂ ਪ੍ਰਚਲਿਤ ਹੈ। ਕੈਲਟਿਕ ਉਪ-ਪਰਿਵਾਰ ਦਾ ਵੇਰਵਾ ਤਾਲਿਕਾ ਵਿਚ ਦਰਜ ਹੈ।

ਤਾਲਿਕਾ (6) : ਕੈਲਟਿਕ ਉਪ-ਪਰਿਵਾਰ (The Celtic family)

Insular		*Continental*
Brythonic	Goidelic	
Welsh	Irish (= Irish Gaelic)	(Gaulish)
Breton	Scots Gaelic	
(Cornish)		

Italic : ਇਟੈਲਿਕ ਸਬ-ਫੈਮਲੀ ਜੱਦੀ ਤੌਰ ਤੇ ਅਜੋਕੇ ਇਟਲੀ ਦੇਸ਼ ਦੇ ਪ੍ਰਾਚੀਨ ਇਲਾਕਿਆਂ ਵਿਚ ਬੋਲੀ ਜਾਂਦੀ ਸੀ। ਸਾਰੀਆਂ ਇਟੈਲਿਕ ਭਾਸ਼ਾਵਾਂ ਪ੍ਰਾਚੀਨ ਰੋਮਨ ਬਾਦਸ਼ਾਹਤ ਦੀ ਭਾਸ਼ਾ Latin ਤੋਂ ਹੀ ਉਤਪੰਨ ਹੋਈਆਂ ਹਨ ਅਤੇ ਇਨ੍ਹਾਂ ਨੂੰ Romance Languages ਕਿਹਾ ਜਾਂਦਾ ਹੈ। ਰੋਮਾਂਸ ਭਾਸ਼ਾਵਾਂ ਦਾ ਵਿਭਾਜਨ ਤਾਲਿਕਾ ਵਿਚ ਦਰਜ ਕੀਤਾ ਜਾਂਦਾ ਹੈ :

ਤਾਲਿਕਾ (7) ਇਟੈਲਿਕ ਉਪ-ਪਰਿਵਾਰ (The Italic or Romance Family)

Eastern	*Western*	
Italian	Ibero-Romance	Gallo-Romance
Rumanian	Spanish	French Sardinian
	Protuguese	Occitan
	Catalan	Romansch

Hellenic/Greek :

ਭਾਰੋਪੀ ਭਾਸ਼ਾ-ਪਰਿਵਾਰ ਦੀ ਹੈਲੇਨਿਕ ਸ਼ਾਖਾ ਦੀ ਇਕੋ ਹੀ ਜੀਵਤ ਸੰਤਾਨ ਹੈ, ਉਹ ਹੈ Greek (ਗ੍ਰੀਕ)। ਸਾਰੀਆਂ ਹੀ ਆਧੁਨਿਕ ਗ੍ਰੀਕ ਬੋਲੀਆਂ Attic Greek ਤੋਂ ਹੀ ਉਪਜੀਆਂ ਹਨ। Attic Greek ਹੀ ਗ੍ਰੀਕ ਕਲਚਰ ਦੇ ਸੁਨਹਿਰੀ ਯੁਗ (500-200 B.C.) ਵਿਚ ਐਥਨਜ਼ ਦੀ ਰਾਸ਼ਟਰੀ ਭਾਸ਼ਾ ਸੀ। ਪ੍ਰਾਚੀਨ ਗ੍ਰੀਕ ਭਾਸ਼ਾ ਦਾ ਕ੍ਰਮਿਕ ਵਿਕਾਸ ਤਾਲਿਕਾ (8) ਵਿਚ ਪੇਸ਼ ਕੀਤਾ ਜਾਂਦਾ ਹੈ :

ਤਾਲਿਕਾ (8) ਗ੍ਰੀਕ ਸ਼ਾਖਾ ਦਾ ਕ੍ਰਮਿਕ ਵਿਕਾਸ

Doric	*North-Western dialects,*	*Aeolic*
Arcadian,	*Ionic — Attic*	*(Greek)*

Albanian ਭਾਰੋਪੀ ਪਰਿਵਾਰ ਦੀ ਸ਼ਾਖਾ ਅਲਬੇਨੀਅਨ ਦਾ ਇਕੋ ਹੀ ਮੈਂਬਰ ਆਧੁਨਿਕ ਅਲਬੇਨੀਅਨ ਹੈ। ਅਲਬੇਨੀਅਨ ਭਾਸ਼ਾ ਅਲਬੇਨੀਆ ਪ੍ਰਦੇਸ ਤੋਂ ਇਲਾਵਾ ਯੂਗੋਸਲਾਵੀਆ, ਗ੍ਰੀਸ ਤੇ ਇਟਲੀ ਦੇ ਕਈਆਂ ਹਿੱਸਿਆਂ ਵਿਚ ਬੋਲੀ ਜਾਂਦੀ ਹੈ।

ਅਲਬੇਨੀਅਨ ਦਾ ਪ੍ਰਾਚੀਨ ਇਤਿਹਾਸ ਲਾਪਤਾ ਹੈ। ਚੌਦ੍ਹਵੀਂ ਸਦੀ ਈ. ਤੋਂ ਅੱਗੇ Mathew ਦੀ ਬੁਕ ਦੇ ਉਲਥੇ ਪ੍ਰਾਪਤ ਹੁੰਦੇ ਹਨ ਜਿਹੜੇ ਕਿ ਪੁਰਵ-ਤਰ ਰਿਕਾਰਡ ਹਨ। ਬਾਅਦ ਵਿਚ Latin-Albanian ਸ਼ਬਦ-ਕੋਸ਼ ਵੀ ਮਿਲਦਾ ਹੈ। 19ਵੀਂ ਸਦੀ ਵਿਚ ਧਰਮ-ਗ੍ਰੰਥਾਂ ਦੇ ਅਨੁਵਾਦ ਅਤੇ ਲੋਕ-ਗਾਥਾ ਦੇ ਸੰਗ੍ਰਹਿ ਵੀ ਮਿਲਦੇ ਹਨ। ਅਲਬੇਨੀਅਨ ਭਾਸ਼ਾ ਉਤੇ ਲੈਟਿਨ, ਗ੍ਰੀਕ, ਸਲੈਵਿਕ ਤੇ ਤੁਰਕਿਸ਼ ਦਾ ਬਹੁਤ ਅਸਰ ਹੈ। ਅਲਬੇਨੀਅਨ ਦੀਆਂ ਦੋ ਡਾਇਲੈਕਟ ਹਨ। ਉੱਤਰ ਵਿਚ Geg ਅਤੇ ਦੱਖਣ ਵਿਚ Tosk ਹੈ। ਕਈ ਵਿਦਵਾਨ ਇਸ ਦੀ ਤੀਜੀ ਡਾਇਲੈਕਟ Graeco-Albanian ਦਾ ਵੀ ਜ਼ਿਕਰ ਕਰਦੇ ਹਨ।

ਤਾਲਿਕਾ (9) : ਅਲਬੇਨੀਅਨ ਉਪ-ਪਰਿਵਾਰ

	Albanian	
Gheg	Tosk	Graeco-Albanian

Armenian : ਅਰਮੀਨੀਅਨ ਭਾਸ਼ਾ ਦੀ ਇਕੋ ਹੀ ਮੈਂਬਰ ਮਾਡਰਨ ਅਰਮੀਨੀਅਨ ਹੈ । ਇਹ ਭਾਸ਼ਾ ਭੂਤ-ਪੂਰਵ U.S.S.R. ਦੀ ਅਰਮੀਨੀਅਨ Republic ਅਤੇ ਉੱਤਰ-ਪੂਰਬੀ ਤੁਰਕੀ ਵਿਚ ਬੋਲੀ ਜਾਂਦੀ ਹੈ । ਕਾਲਾ ਸਾਗਰ ਤੇ ਕੈਸਪੀਅਨ ਸਮੁੰਦਰ ਦੇ ਦਰਮਿਆਨ ਜਿਹੜਾ ਇਲਾਕਾ Crucasus ਕਰਕੇ ਮਸ਼ਹੂਰ ਹੈ ਉਥੇ ਅਰਮੀਨੀਅਨ ਭਾਸ਼ਾ ਸੰਘਣੇ ਤੌਰ ਤੇ ਇਕਤ੍ਰਿਤ ਹੈ । ਅਰਮੀਨੀਅਨ ਉਤੇ ਈਰਾਨੀ ਭਾਸ਼ਾ ਦਾ ਬਹੁਤਾ ਪ੍ਰਭਾਵ ਹੈ । ਮਾਡਰਨ ਅਰਮੀਨੀਅਨ ਦੀਆਂ ਪੂਰਬੀ ਤੇ ਪੱਛਮੀ ਦੋ ਸ਼ਾਖਾਵਾਂ ਹਨ । ਭੂਤ-ਪੂਰਵ U.S.S.R ਦੀ ਰੀਪਬਲਿਕ ਅਰਮੀਨੀਆ ਅਤੇ ਈਰਾਨ ਵਿਚ ਪੂਰਬੀ ਅਰਮੀਨੀਅਨ ਪ੍ਰਚਲਿਤ ਹੈ ਅਤੇ ਪੱਛਮੀ ਅਰਮੀਨੀਅਨ ਤੁਰਕੀ ਵਿਚ ਬੋਲੀ ਜਾਂਦੀ ਹੈ । ਅਰਮੀਨੀਅਨ-ਭਾਸ਼ੀ ਲੋਕ Lebanon, ਯੂਰੋਪ, ਅਮਰੀਕਾ ਤੇ ਕੈਨੇਡਾ ਵਿਚ ਵੀ ਪ੍ਰਵਾਸ ਕਰ ਗਏ ਹਨ । ਅਰਮੀਨੀਆ ਦੀ ਤਾਲਿਕਾ ਨਿਮਨਾਂਕਿਤ ਹੈ :

ਤਾਲਿਕਾ (10) : ਅਰਮੀਨੀਆ ਭਾਸ਼ਾ ਉਪ-ਪਰਿਵਾਰ

Old Armenian

Modern Armenian

ਪੂਰਬੀ ਅਰਮੀਨੀਅਨ | ਪੱਛਮੀ ਅਰਮੀਨੀਅਨ

Baltic : ਬਾਲਟਿਕ ਸ਼ਾਖਾ ਦੀਆਂ ਤਿੰਨ ਬੋਲੀਆਂ ਹਨ । Old Prussian, Lithuanion ਅਤੇ Lettish. ਪ੍ਰਾਚੀਨ ਪਰਸ਼ੀਅਨ ਸਤਾਰ੍ਹਵੀਂ ਸਦੀ ਵਿਚ ਲੋਪ ਹੋ ਗਈ ਸੀ । Leonard R. Palmer [1972 : 390] ਦੇ ਅਨੁਸਾਰ ਪਰਸ਼ੀਅਨ ਦੇ ਪੁਰਾਣੇ ਦਸਤਾਵੇਜ਼ ਧਾਰਮਿਕ ਗ੍ਰੰਥਾਂ ਦੇ ਉਲਥੇ ਅਤੇ Vocabulary of Elbing ਹੈ । Lettish ਨੂੰ ਬਾਲਟਿਕ ਦੇ ਪੂਰਬੀ ਤਟ ਤੇ ਕੋਈ 15 ਲੱਖ ਲੋਕ ਬੋਲਦੇ ਹਨ । Lithuanian ਭਾਸ਼ਾ ਬਹੁਤ ਮਹੱਤਵਪੂਰਣ ਹੈ । *ਆਧੁਨਿਕ ਭਾਰੋਪੀ ਭਾਸ਼ਾਵਾਂ* ਵਿਚੋਂ ਲਿਥੂਆਨੀਅਨ ਨੂੰ ਪ੍ਰਾਚੀਨ-ਤਮ ਭਾਸ਼ਾ ਮੰਨਿਆ ਜਾਂਦਾ ਹੈ । ਲਿਥੂਆਨੀਅਨ ਤੇ ਲੈਟਿਸ਼ ਦੋਵੇਂ ਹੀ ਭੂਤ-ਪੂਰਵ U.S.S.R. ਦੇ ਉੱਤਰ-ਪੱਛਮੀ ਭਾਗ ਵਿਚ ਬੋਲੀਆਂ ਜਾਂਦੀਆਂ ਹਨ । ਇਹ ਖੇਤਰ ਪੋਲੈਂਡ ਦੇ ਉੱਤਰ-ਪੂਰਬੀ ਖੂੰਜੇ ਤੇ ਸਥਿਤ ਹੈ । Lithuania ਤੇ Latvia ਲੋਕ-ਰਾਜਾਂ ਦੀ ਸਥਾਪਨਾ ਨਾਲ ਇਹ ਹੁਣ ਸਟੈਂਡਰਡ ਭਾਸ਼ਾਵਾਂ ਬਣ ਗਈਆਂ ਹਨ ।

ਲਿਥੂਆਨੀਆ ਦੀਆਂ ਪੂਰਵ-ਤਮ ਲਿਖਤਾਂ ਦੇ ਅੰਤਰਗਤ ਧਾਰਮਿਕ ਗ੍ਰੰਥ ਅਤੇ Luther's Catechism [1547 ਈ.] ਦਾ ਉਲਥਾ ਹੈ ਜਿਸ ਦਾ ਸਮਾਂ 16ਵੀਂ ਸਦੀ ਹੈ । ਮਾਡਰਨ ਲਿਥੂਆਨੀਅਨ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਨਾਵ-ਸ਼ਰੇਣੀ ਦੇ ਬਹੁਤ ਸਾਰੇ ਕਾਰਕੀ ਵਿਭਕਤੀ-ਰੂਪ Proto-Indo-European ਭਾਸ਼ਾ ਵਾਲੇ ਹਨ ਜੋ ਸੰਸਕ੍ਰਿਤ ਭਾਸ਼ਾ ਨਾਲ ਮਿਲਦੇ ਹਨ, ਸਿਰਫ਼ ਅਪਾਦਾਨ ਕਾਰਕੀ ਰੂਪ (ablative) ਨਹੀਂ ਮਿਲਦਾ । ਇਸ ਵਿਚ pitch accent ਵੀ ਹੈ ਜਿਹੜਾ ਕਲੈਸੀਕਲ ਸੰਸਕ੍ਰਿਤ ਵਿਚ ਗਾਇਬ ਹੈ ? B. K. Ghosh [The Vedic Age, p. 206] ਨੇ ਲਿਖਿਆ ਹੈ :

"Moreover, of all the living Indo-European Languages, of the present days, it is Lithuanian, and not Sanskrit... that has kept closest to the basic idiom reconstructed by Comparative Philology."

B.K. Ghosh

Slavic/Slavonic : ਭਾਰੋਪੀ ਪਰਿਵਾਰ ਦੀ ਸਾਖ਼ਾ ਸਲੈਵੋਨਿਕ ਦਾ ਬਹੁਤ ਵਿਸਤਾਰ ਹੋਇਆ ਹੈ । Lehmann [1966 : 25] ਦੇ ਅਨੁਸਾਰ ਰੋਮਨਾਂ ਦੇ ਸ਼ਾਸਨ ਕਾਲ ਵਿਚ ਸਲੈਵੋਨਿਕ ਦੇ ਬੋਲਣ ਵਾਲੇ ਦੱਖਣੀ ਪੋਲੈਂਡ ਤੇ ਪੱਛਮੀ ਰੂਸ ਵਿਚ ਵਸੇ ਸਨ । ਸਤਾਰ੍ਹਵੀਂ ਸਦੀ ਵਿਚ ਇਸ ਦਾ ਸੰਪਰਕ ਬਲਗੇਰੀਆ ਨਾਲ ਹੋਇਆ । ਅੱਜ ਕੱਲ ਸਲੈਵੋਨਿਕ-ਭਾਸ਼ੀ ਲੋਕ ਰੂਸ, ਪੋਲੈਂਡ, ਆਸਟਰੀਆ, ਬੋਹੇਮੀਆ, ਮੋਰਾਵੀਆ ਸਰਵੀਆ, ਬਲਗੇਰੀਆ ਅਤੇ ਸਲਾਵੋਨੀਆ ਵਿਚ ਰਹਿੰਦੇ ਹਨ ।

ਸਲੈਵੋਨਿਕ ਦੇ ਪ੍ਰਾਚੀਨ ਨਮੂਨੇ ਈਸਾਈ ਮਿਸ਼ਨਰੀ Cyril ਅਤੇ Methodius ਦੁਆਰਾ ਸਲੈਵੋਨਿਕ ਭਾਸ਼ਾ ਵਿਚ ਕੀਤੇ ਬਾਈਬਲ ਦੇ ਅਨੁਵਾਦ ਵਿਚ ਸੁਰੱਖਿਅਤ ਹਨ । ਇਸ ਅਨੁਵਾਦ ਦੀ ਭਾਸ਼ਾ ਨੂੰ old church slavic ਕਿਹਾ ਗਿਆ ਹੈ । ਸਲੈਵੋਨਿਕ ਉਪ-ਪਰਿਵਾਰ ਹੇਠਾਂ ਤਾਲਿਕਾ ਵਿਚ ਦਰਜ ਹੈ :

ਤਾਲਿਕਾ (11) : The Slavic Family : ਸਲੈਵਿਕ ਭਾਸ਼ਾ ਉਪ-ਪਰਿਵਾਰ

East Slavic	*South Slavic*	*West Slavic*
Russian	Slovenian	czech
Ukrainian	Serbo-Croation	slovak
Byelorussian	Macedonian	Polish
(white Russian)	Bulgarian	

Indo-Iranian (*ਭਾਰਤ-ਈਰਾਨੀ ਸਾਖ਼ਾ*) : ਭਾਰੋਪੀ ਭਾਸ਼ਾ-ਪਰਿਵਾਰ ਦੀ ਭਾਰਤ-ਈਰਾਨੀ ਸਾਖ਼ਾ ਨੂੰ "ਆਰਯ" ਉਪ-ਕੁਲ ਵੀ ਕਿਹਾ ਜਾਂਦਾ ਹੈ । ਭਾਰਤੀ-ਈਰਾਨੀ ਸਾਖ਼ਾ ਦਾ ਵਿਭਾਜਨ ਈਰਾਨੀ ਉਪ-ਸ਼ਾਖ਼ਾ ਤੇ ਭਾਰਤੀ ਉਪ-ਸ਼ਾਖ਼ਾ ਦੇ ਰੂਪ ਵਿਚ ਹੁੰਦਾ ਹੈ । ਈਰਾਨੀ ਉਪ-ਸਾਖ਼ਾ ਵਿਚ ਅਵੇਸਤਾ, ਪ੍ਰਾਚੀਨ ਈਰਾਨੀ (ਪ੍ਰਾ. ਫਾਰਸੀ) ਜ਼ੰਦ-ਅਵੇਸਤਾ, ਗਾਥਾ, ਪਹਿਲਵੀ, ਆਧੁਨਿਕ ਫ਼ਾਰਸੀ ਸਾਮਲ ਹਨ । ਭਾਰਤੀ ਉਪ-ਸਾਖ਼ਾ ਵਿਚ ਵੈਦਿਕ ਸੰਸਕ੍ਰਿਤ, ਕਲੈਸੀਕਲ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ, ਅਪਭਰੰਸ਼ਾਂ ਅਤੇ ਪੰਜਾਬੀ, ਹਿੰਦੀ ਆਦਿ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਸ਼ਾਮਲ ਹਨ ।

ਈਰਾਨੀ ਉਪ-ਸਾਖ਼ਾ : ਈਰਾਨੀ ਜ਼ੁਬਾਨ ਦੇ ਵਿਕਾਸਾਤਮਕ ਇਤਿਹਾਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾਂਦਾ ਹੈ : (1) *ਪ੍ਰਾਚੀਨ ਈਰਾਨੀ*, (2) *ਮੱਧਕਾਲੀਨ ਈਰਾਨੀ*, (3) *ਨਵੀਨ ਈਰਾਨੀ* । Lehmann [1966 : 22] ਦੇ ਅਨੁਸਾਰ ਪ੍ਰਾਚੀਨ ਈਰਾਨੀ ਦੀਆਂ ਦੋ ਬੋਲੀਆਂ ਹਨ Avesta and Old Persian (ਅਵੇਸਤਾ ਤੇ ਪ੍ਰਾਚੀਨ ਫ਼ਾਰਸੀ)

ਅਵੇਸਤਾ : ਅਵੇਸਤਾ ਦਾ ਸ਼ਾਬਦਿਕ ਅਰਥ "ਸ਼ਾਸਤ੍ਰ" ਜਾਂ ਵੇਦ (ਗਿਆਨ-ਪੁਸਤਕ) ਹੈ । ਇਹ ਜ਼ੋਰੋਸਟਰਾ ਧਰਮ ਦੀ ਪਵਿੱਤਰ ਪੁਸਤਕ ਦਾ ਨਾਮ ਸੀ, ਪਰ ਹੁਣ ਧਰਮ-ਪੁਸਤਕ ਦੀ ਭਾਸ਼ਾ ਨੂੰ ਅਵੇਸਤਾ ਕਿਹਾ ਜਾਂਦਾ ਹੈ । ਅਵੇਸਤਾ ਟੈਕਸਟ ਵਿਚ ਜ਼ੋਰੋਸਟ੍ਰਾ ਧਰਮ ਦੇ ਦੋ

ਵਡਾ "ਅਹੁਰ ਮਜ਼ਦਾ" ਦੀ ਉਪਾਸਨਾ ਤੇ ਵੰਦਨਾ ਹੈ । ਅਵੇਸਤਾ ਪੁਸਤਕ ਵਿਚ ਜੋ ਪ੍ਰਾਰਥਨਾਵਾਂ ਹਨ ਉਨ੍ਹਾਂ ਨੂੰ ਗਾਥਾ ਕਿਹਾ ਜਾਂਦਾ ਹੈ । ਗਾਥਾ ਦਾ ਸਮਾਂ ਲਗਭਗ 600 B.C. ਹੈ । ਇਹ ਪ੍ਰਾਰਥਨਾਵਾਂ ਰਿਗਵੇਦ ਦੇ ਮੰਤਰਾਂ ਦੀ ਤਰ੍ਹਾਂ ਸ਼ਲੋਕ-ਬੱਧ ਹਨ । ਅਵੇਸਤਾ ਟੈਕਸਟ (ਪਾਠ) ਉਤੇ ਜਿਹੜੀ ਟੀਕਾ (ਕਮੈਂਟਰੀ) ਹੈ ਉਸ ਨੂੰ ਜ਼ੰਦ (Zend) ਕਿਹਾ ਜਾਂਦਾ ਹੈ । ਜ਼ੰਦ ਦਾ ਸ਼ਬਦਾਰਥ ਹੀ ਟੀਕਾ ਹੈ । ਇਸ ਭਾਸ਼ਾ ਨੂੰ ਸਮਸਤ ਰੂਪ ਵਿਚ ਜ਼ੰਦ-ਅਵੇਸਤਾ (Zend Avesta) ਵੀ ਕਿਹਾ ਜਾਂਦਾ ਹੈ ।

ਪ੍ਰਾਚੀਨ ਈਰਾਨੀ (ਅਵੇਸਤਾ ਗ੍ਰੰਥ ਸਣੇ) ਭਾਸ਼ਾ ਦੇ ਸਾਹਿਤ ਦਾ ਢੇਰ ਸਾਰਾ ਹਿੱਸਾ ਸਿਕੰਦਰ [331 B.C.] ਦੇ ਹਮਲੇ ਵੇਲੇ ਪਰਸੇਪਾਲਿਸ ਅਗਨੀ-ਕਾਂਡ ਵਿਚ ਸਾੜ ਦਿੱਤਾ ਗਿਆ ਅਤੇ ਫੇਰ ਖ਼ਲੀਫ਼ਾ-ਅਲ-ਮੁਤਵੱਕਲ ਦੇ ਹੁਕਮ ਨਾਲ ਹੋਈ ਗ਼ੈਰ-ਮੁਸਲਮਾਨਾਂ ਦੀ ਕਤਲੇ-ਆਮ ਵਕਤ ਤਬਾਹ ਕਰ ਦਿੱਤਾ ਗਿਆ । ਜੋ ਕੁਝ ਬਾਕੀ ਬਚਿਆ ਉਹ ਜ਼ੋਰੋਸਟ੍ਰਾ ਧਰਮ-ਪੁਸਤਕ "ਅਵੇਸਤਾ" ਦੀ ਸ਼ਕਲ ਵਿਚ ਉਪਲਬਧ ਹੈ । ਈਰਾਨ ਦੀ ਅਵੇਸਤਾ ਤੇ ਭਾਰਤ ਦੀ ਵੈਦਿਕ ਸੰਸਕ੍ਰਿਤ ਵਿਚ ਬਹੁਤ ਹੀ ਸਪਸ਼ਟ ਤੇ ਹੈਰਾਨੀਜਨਕ ਸਮਰੂਪਤਾ ਤੇ ਸਮਾਨਤਾ ਹੈ । ਡਾ. ਭੋਲਾ ਸ਼ੰਕਰ ਵਯਾਸ [1957 : 66] ਦਾ ਉਲੇਖ ਹੈ ਕਿ ਅਵੇਸਤਾ ਭਾਸ਼ਾ ਕਾਲੀਦਾਸ ਦੀ ਕਲੈਸੀਕਲ ਸੰਸਕ੍ਰਿਤ ਨਾਲੋਂ ਵੈਦਿਕ ਭਾਸ਼ਾ ਦੇ ਕਿਤੇ ਜ਼ਿਆਦਾ ਨੇੜੇ ਹੈ । Jackson (Avesta Grammar) ਨੇ ਤਾਂ ਏਥੋਂ ਤਕ ਕਿਹਾ ਹੈ :

"Almost any Sanskrit word may be changed at once into its Avesten equivalent or vice-versa by applying certain phonetic laws."

ਪ੍ਰਾਚੀਨ ਫ਼ਾਰਸੀ : ਸੂਸਾ, ਮੀਡੀਆ ਦੇ ਅਭਿਲੇਖ ਪ੍ਰਾਚੀਨ ਫ਼ਾਰਸੀ ਵਿਚ ਹਨ । ਦਾਰਾ [521-486 B.C.] ਅਤੇ ਜ਼ਰਕਸੀਜ਼ [486-465 B.C.] ਦੇ ਸ਼ਾਸਨ-ਕਾਲ ਵਿਚ ਪ੍ਰਾਚੀਨ ਫ਼ਾਰਸੀ ਦੀ ਚੜ੍ਹਤ ਸੀ । ਇਹ ਅਭਿਲੇਖ ਮੇਖੀ ਲਿਪੀ (cuneiform) ਵਿਚ ਲਿਪੀ-ਬੱਧ ਹਨ । ਅਵੇਸਤਾ ਧਰਮ ਭਾਸ਼ਾ ਸੀ ਪਰ ਪ੍ਰਾਚੀਨ ਫ਼ਾਰਸੀ ਲੋਕ-ਭਾਸ਼ਾ ਸੀ । ਪ੍ਰਾਚੀਨ ਫ਼ਾਰਸੀ ਅਵੇਸਤਾ ਨਾਲ ਮਿਲਦੀ ਹੈ । ਅਵੇਸਤਾ "*ਅਜ਼ਮ,*" ਪ੍ਰਾਚੀਨ ਫ਼ਾਰਸੀ "*ਅਦਮ,*" ਸੰਸਕ੍ਰਿਤ "*ਅਹਮ,*" (ਪੰਜਾਬੀ *ਹਉਂ, ਮੈਂ*) ਕਿੰਨੇ ਨੇੜੇ ਸਜਾਤੀ cognate ਸ਼ਬਦ ਹਨ ।

ਮੱਧਕਾਲੀ ਈਰਾਨੀ : ਈਰਾਨੀ ਭਾਸ਼ਾ-ਪਰਿਵਾਰ ਦੀ ਅਗਲੀ ਭਾਸ਼ਾ ਮੱਧਕਾਲੀਨ ਈਰਾਨੀ ਹੈ ਜਿਸ ਦਾ ਪ੍ਰਫੁੱਲਤਾ-ਕਾਲ ਤੀਜੀ ਸਦੀ ਪੂ. ਈ. ਤੋਂ ਨੌਵੀਂ ਸਦੀ ਈਸਵੀ ਤਕ ਹੈ । ਮੱਧ ਈਰਾਨੀ ਦੀ ਪ੍ਰਮੁਖ ਬੋਲੀ "ਪਹਿਲਵੀ" ਹੈ ਜਿਹੜੀ ਸਾਸਾਨੀ ਬਾਦਸ਼ਾਹਤ ਸਮੇਂ ਉਨੌਤੀ ਦੇ ਸਿਖਰਾਂ ਤਕ ਪਹੁੰਚੀ ਸੀ । ਪਹਿਲਵੀ ਉਤੇ ਅਰਬੀ ਆਦਿ ਸਾਮੀ ਜ਼ੁਬਾਨਾਂ ਦਾ ਢੇਰ ਅਸਰ ਹੈ । ਸਾਮੀ-ਪ੍ਰਭਾਵਿਤ 'ਪਹਿਲਵੀ' ਨੂੰ 'ਹੁਜ਼ਵਾਰੇਸ' ਵੀ ਕਿਹਾ ਜਾਂਦਾ ਸੀ । ਸਾਮੀ ਪ੍ਰਭਾਵ ਤੋਂ ਮੁਕਤ "ਪਹਿਲਵੀ" ਨੂੰ "ਪਾਜ਼ੰਦ" ਜਾਂ ਪਾਰਸੀ ਕਿਹਾ ਜਾਂਦਾ ਹੈ । ਬੰਬਈ ਦੀ ਪਾਰਸੀ ਕਮਿਊਨਿਟੀ (ਜੋ ਸ਼ਰਨਾਰਥੀ ਬਣ ਕੇ ਭਾਰਤ ਆਏ ਸਨ) ਦੀ ਭਾਸ਼ਾ ਪਾਜ਼ੰਦ ਹੈ । "ਮਾਨੀ" ਧਰਮ ਦੀ ਭਾਸ਼ਾ ਨੂੰ *ਮਾਨੀ-ਈਰਾਨੀ* ਅਤੇ ਬੋਧ-ਧਰਮ ਦੀਆਂ ਈਰਾਨੀ ਲਿਖਤਾਂ ਦੀ ਭਾਸ਼ਾ ਨੂੰ "ਸਕ ਈਰਾਨੀ" ਕਿਹਾ ਜਾਂਦਾ ਹੈ । ਮੱਧਕਾਲੀਨ ਈਰਾਨੀ ਦੀਆਂ Sogdian ਤੇ Khotanese ਦੋ ਬੋਲੀਆਂ ਹਨ ।

ਆਧੁਨਿਕ ਈਰਾਨੀ (ਫ਼ਾਰਸੀ) : ਨਵੀਨ ਈਰਾਨੀ, ਈਰਾਨ ਦੇਸ਼ ਦੀ ਰਾਸ਼ਟਰੀ

ਭਾਸ਼ਾ ਹੈ। ਇਸ ਨੂੰ ਫ਼ਾਰਸੀ ਕਿਹਾ ਜਾਂਦਾ ਹੈ। ਇਸ ਦਾ ਵਿਕਾਸ-ਸਮਾਂ ਨੌਵੀਂ ਸਦੀ ਈ ਤੋਂ ਸ਼ੁਰੂ ਹੁੰਦਾ ਹੈ। ਫ਼ਿਰਦੌਸੀ [940-1020 ਈ.] ਦਾ ਸ਼ਾਹਨਾਮਾ ਫ਼ਾਰਸੀ ਵਿਚ ਹੈ। ਇਸ ਵਿਚ ਆਰੀਆ ਮੂਲ ਦੀ ਸ਼ਬਦਾਵਲੀ ਹੈ। ਪਰ ਬਾਅਦ ਵਿਚ ਅਰਬੀ ਦਾ ਅਸਰ ਬਹੁਤ ਗਹਿਰਾ ਹੋਇਆ ਹੈ। ਆਧੁਨਿਕ ਈਰਾਨੀ (ਫ਼ਾਰਸੀ) ਦੀਆਂ ਬੋਲੀਆਂ ਵਿਚ ਬਲੋਚੀ, *ਅਫ਼ਗਾਨੀ, ਪਸ਼ਤੋਂ* (ਪਖਤੋ), *ਪਾਮੀਰੀ, ਤਾਜ਼ਿਕੀ, Ossetic* (Caucases ਇਲਾਕੇ ਦੀ ਬੋਲੀ) *ਕੁਰਦੀ, ਤੁਰਕਿਸਤਾਨੀ* ਸ਼ਾਮਲ ਹਨ।

Indic Branch (ਭਾਰਤੀ ਆਰੀਆ ਉਪ-ਪਰਿਵਾਰ)

ਇਸ ਨੂੰ ਜ਼ਿਆਦਾਤਰ Indo-Aryan ਕਿਹਾ ਜਾਂਦਾ ਹੈ। ਭਾਰਤੀ-ਆਰੀਆ ਭਾਸ਼ਾ ਉਪ-ਪਰਿਵਾਰ ਦਾ ਵਿਕਾਸ ਕੋਈ ਪਿਛਲੇ ਸਾਢੇ ਤਿੰਨ ਹਜ਼ਾਰ ਸਾਲਾਂ ਤੋਂ ਨਿਰੰਤਰ ਹੁੰਦਾ ਆ ਰਿਹਾ ਹੈ। ਭਾਰਤੀ-ਆਰੀਆ ਪਰਿਵਾਰ ਵਿਚ ਬਹੁਤ ਪੁਰਾਤਨ ਲਿਖਤੀ ਗ੍ਰੰਥ, ਟੈਕਸਟ, ਸ਼ਿਲਾਲੇਖ, ਅਭਿਲੇਖ ਤੇ ਕਲੈਸੀਕਲ ਰਚਨਾਵਾਂ ਆਦਿ ਅਜਿਹੀ ਤੱਥਮੂਲਕ ਤੇ ਮੌਲਿਕ ਸਾਮਗ੍ਰੀ ਉਪਲਬਧ ਹੁੰਦੀ ਹੈ ਜਿਨ੍ਹਾਂ ਦੇ ਅਧਿਐਨ ਤੇ ਭਾਰਤੀ-ਆਰੀਆ ਭਾਸ਼ਾਵਾਂ ਦੀ ਦੀਰਘ ਭਾਸ਼ਾਈ ਜਾਣਕਾਰੀ ਸਹਿਜੇ ਹੀ ਮਿਲ ਜਾਂਦੀ ਹੈ। ਇਕ ਹੋਰ ਵੀ ਮਾਅਰਕੇ ਦੀ ਗੱਲ ਹੈ ਕਿ ਇਸ ਭਾਸ਼ਾ-ਪਰਿਵਾਰ ਦੇ ਵਿਭਿੰਨ ਕਾਲਿਕ ਰੂਪਾਂ ਬਾਰੇ ਭਾਸ਼ਾ-ਵਿਗਿਆਨਿਕ ਵਿਆਕਰਣ-ਗ੍ਰੰਥ ਵੀ ਬਹੁਤ ਪ੍ਰਾਚੀਨ ਸਮੇਂ ਤੋਂ ਮਿਲਣ ਲਗ ਜਾਂਦੇ ਹਨ ਜਿਨ੍ਹਾਂ ਤੋਂ ਇਸ ਭਾਸ਼ਾ ਦੀਆਂ ਵਿਭਿੰਨ ਵੰਨਗੀਆਂ ਦੀ ਭਾਸ਼ਾਗਤ ਸੰਰਚਨਾ ਦੀ ਪਛਾਣ ਤੇ ਸਥਾਪਨਾ ਪ੍ਰਮਾਣਿਤ ਹੋ ਜਾਂਦੀ ਹੈ। ਪ੍ਰਾਚੀਨ ਭਾਸ਼ਾਈ ਚੇਤਨਾ, ਗੰਭੀਰ ਭਾਸ਼ਾਗਤ ਵਿਸ਼ਲੇਸ਼ਣ-ਵਿਧੀਆਂ, ਨਿਰੁਕਤੀ ਤੇ ਵਿਉਤਪੱਤੀ-ਮੂਲਕ ਅਧਿਐਨ-ਪ੍ਰਣਾਲੀਆਂ, ਵਿਆਕਰਣ, ਮਹਾਭਾਸ਼ਯ, ਸੂਤ੍ਰ-ਵ੍ਰਿਤੀਆਂ, ਟੀਕਾਵਾਂ, ਵਿਆਖਿਆਤਮਕ ਤਕਨੀਕਾਂ, ਅਤੇ ਡਿਸਕ੍ਰਿਪਟਿਵ ਪਹੁੰਚ-ਵਿਧੀਆਂ ਆਦਿ ਭਾਸ਼ਾ-ਵਿਗਿਆਨਿਕ ਪ੍ਰਤਿਮਾਨ ਭਾਰਤੀ-ਆਰੀਆ ਪਰਿਵਾਰ ਵਿਚ ਉਪਲਬਧ ਹੁੰਦੇ ਹਨ ਜਿਨ੍ਹਾਂ ਦੇ ਆਧਾਰ ਤੇ ਜੇਕਰ ਭਾਰਤ ਨੂੰ ਭਾਸ਼ਾ-ਵਿਗਿਆਨ ਦੀ ਜਨਮ ਭੂਮੀ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ।

Indic family ਦਾ ਪੰਜਾਬੀ ਭਾਸ਼ਾ ਦੇ ਵਿਰਸੇ, ਜੱਦੀ ਇਤਿਹਾਸ, ਪ੍ਰਜਨਨ-ਸਰੋਤ, ਵਿਕਾਸ-ਮਾਡਲ, ਅਤੇ ਭਾਸ਼ਿਕ ਸੰਰਚਨਾ ਆਦਿ ਬਹੁਭਾਂਤੀ ਪਾਸਾਰਾ ਨਾਲ ਸੰਘਣਾ ਪੈਤ੍ਰਿਕ (ancestral) ਰਿਸ਼ਤਾ ਹੈ ਇਸ ਲਈ Indic ਘਰਾਣੇ ਦਾ ਮੁਕੰਮਲ ਪਰਿਚੈ ਪੰਜਾਬੀ ਦੇ ਸੰਦਰਭ ਵਿਚ ਅਗਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾਣਾ ਹੈ।

ਵਿਸ਼ਵ ਦੇ ਹੋਰ ਭਾਸ਼ਾ-ਪਰਿਵਾਰ
(Some other families of languages)

ਕਿਸੇ ਵੀ ਪਰਿਚਾਇਕ ਪੁਸਤਕ ਵਿਚ ਵਿਸ਼ਵ ਦੇ ਭਾਸ਼ਾ-ਪਰਿਵਾਰਾਂ ਦਾ ਮੁਕੰਮਲ ਸਰਵੇਖਣ ਅੰਕਿਤ ਕਰਨਾ ਸੰਭਵ ਨਹੀਂ ਹੈ, ਲੇਕਿਨ ਮਨੁੱਖੀ ਭਾਸ਼ਾ ਦੀ ਵੰਨ-ਸੁਵੰਨਤਾ ਨੂੰ ਚਿਤਰਿਤ ਕਰਨ ਲਈ ਸ਼੍ਰੇਣੀਕਰਣ ਬਾਰੇ ਅਤਿਰਿਕਤ ਵਿਚਾਰ-ਵਿਮਰਸ਼ ਕਰਨਾ ਉਚਿਤ ਹੈ। ਅਜਿਹੇ ਦੀਰਘ ਵਰਣਨ ਤੇ ਵਿਵੇਚਨ ਵਿਚ ਕਾਫ਼ੀ ਔਕੜਾਂ ਹਨ। ਵਿਸ਼ਵ-ਭਾਸ਼ਾਵਾਂ ਦੇ ਸੰਬੰਧ ਵਿਚ ਤਸਦੀਕ ਸ਼ੁਦਾ ਤੱਥਾਤਮਕ ਸਾਮਗ੍ਰੀ ਤੇ ਜ਼ਰੂਰੀ ਸੂਚਨਾ ਲੋੜੀਂਦੀ ਮਿਕਦਾਰ ਵਿਚ ਅਜੇ ਵੀ ਉਪਲਬਧ ਨਹੀਂ ਹੈ। ਬਹੁਤ ਸਾਰੀਆਂ ਪ੍ਰਾਚੀਨ ਤੇ ਅਰਵਾਚੀਨ ਭਾਸ਼ਾਵਾਂ ਦੇ ਜਣਨਿਕ ਰਿਸ਼ਤੇ ਵੀ ਸਥਾਪਿਤ ਨਹੀਂ ਹੋ ਸਕੇ। ਕਈਆਂ ਭਾਸ਼ਾਵਾਂ ਦੀ ਸਿਨਕ੍ਰੋਨਿਕ/

ਵਰਣਨਾਤਮਕ ਸਟੱਡੀ ਵੀ ਨਹੀਂ ਹੋ ਸਕੀ ਹੈ। ਵਿਸ਼ਵ ਪੱਧਰ ਦੇ ਬਹੁਤ ਸਾਰੇ ਖੋਜ ਕਾਰਜ ਅਜੇ ਵੀ ਅਧੂਰੇ ਪਏ ਹਨ। ਫੇਰ ਵੀ ਵਿਸ਼ਵ ਦੇ ਸੁਪ੍ਰਸਿਧ ਭਾਸ਼ਾ-ਪਰਿਵਾਰਾਂ ਦੀ ਸੀਮਿਤ ਜਾਣਕਾਰੀ ਦਿੱਤੀ ਜਾਂਦੀ ਹੈ।

Altaic : ਇਹ ਫੈਮਲੀ ਤੁਰਕੀ ਤੋਂ ਚੀਨ ਤਕ ਇਕ ਸਿਲਸਿਲੇ ਵਿਚ ਫੈਲੀ ਹੋਈ ਹੈ। ਅਲਤੇਇਕ ਭਾਸ਼ਾਵਾਂ ਸਾਈਬੇਰੀਆ ਤੇ ਏਸ਼ੀਆ ਵਿਚ ਵੀ ਮਿਲਦੀਆਂ ਹਨ ਅਲਤੇਇਕ ਪਰਿਵਾਰ ਦੀਆਂ ਮੈਂਬਰ ਭਾਸ਼ਾਵਾਂ ਬਾਰੇ ਅਜੇ ਅੰਤਿਮ ਫੈਸਲਾ ਨਹੀਂ ਹੈ ਪਰ ਪ੍ਰਮੁਖ ਤੌਰ ਤੇ ਇਸ ਦੀਆਂ ਤਿੰਨ ਬੋਲੀਆਂ ਹਨ :-

(1) Turkic (2) Mongolian (3) Tungusic

ਤੁਰਕਿਕ ਸ਼ਾਖ਼ਾ ਵਿਚ ਤੁਰਕਿਸ਼, ਉਜ਼ਬੇਕ, ਅਜ਼ਰਬਾਈਜਾਇਨੀ, ਤਾਤਾਰ, Uighar, ਕਜ਼ਾਖ ਅਤੇ ਯਾਕੂਤ ਸ਼ਾਮਲ ਹਨ। ਅਲਤੇਇਕ ਦੇ ਬੋਲਣ ਵਾਲਿਆਂ ਦੀ ਸੰਖਿਆ 8 ਕਰੋੜ (80 ਮਿਲੀਅਨ) ਤੋਂ ਵੱਧ ਹੈ। ਮੰਗੋਲੀਅਨ ਸ਼ਾਖਾ ਦੀਆ ਬੋਲੀਆਂ ਮੰਗੋਲੀਆ ਤੇ ਚੀਨ ਵਿਚ ਬੋਲੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ Khalkha ਬੋਲੀ ਮਸ਼ਹੂਰ ਹੈ। Tungusic ਬੋਲੀਆਂ ਕੇਂਦਰੀ ਸਾਈਬੇਰੀਆ ਤੇ ਮੰਗੋਲੀਆਂ ਵਿਚ ਪ੍ਰਾਪਤ ਹਨ।

ਤਾਲਿਕਾ (12) : ਅਲਤੇਇਕ ਫੈਮਲੀ (The Altaic family)

Turkic	*Tungusic*	*Mongolian*		
Turkish	Evenski	Khalkha	Korean	Japanese
Uzbek	Chakar			
Azerbijiani	Buriat			
Tatar (=Tartar)				
Uighar				
Kazakh				
yakut				

Uralic : ਯੂਰਾਲਿਕ ਫੈਮਲੀ ਵਿਚ ਲਗਭਗ 20 ਮੈਂਬਰ ਭਾਸ਼ਾਵਾਂ ਹਨ ਅਤੇ ਇਸ ਦੇ ਪ੍ਰਵਕਤਿਆਂ ਦੀ ਗਿਣਤੀ 2 ਕਰੋੜ 20 ਲੱਖ ਹੈ। ਇਹ ਭਾਸ਼ਾਵਾਂ ਉੱਤਰੀ ਨਾਰਵੇ ਤੋਂ ਲੈ ਕੇ ਸਾਈਬੇਰੀਆ ਤਕ ਫੈਲੀਆਂ ਹੋਈਆਂ ਹਨ। ਯੂਰਾਲਿਕ ਦੀਆਂ ਦੋ ਪ੍ਰਮੁਖ ਸ਼ਾਖ਼ਾਵਾਂ ਹਨ Samoyedic ਅਤੇ Finno Ugric। ਪਹਿਲੀ ਸ਼ਾਖ਼ਾ ਦੀਆਂ ਬੋਲੀਆਂ ਭੂਤ-ਪੂਰਵ USSR ਵਿਚ ਪ੍ਰਚਲਿਤ ਹਨ ਖ਼ਾਸ ਕਰਕੇ Ural ਪਰਬਤ ਤੇ ਸਾਈਬੇਰੀਆ ਵਿਚ।

Finno-Ugric ਬ੍ਰਾਂਚ ਵਿਚ ਹੰਗੇਰੀਅਨ ਤੋਂ ਬਗ਼ੈਰ Finnish, Lapp (Lappish) Estonian, Livonian, Karelian ਅਤੇ Mordvin ਆਦਿ ਬੋਲੀਆਂ ਨੂੰ ਗਿਣਿਆ ਜਾਂਦਾ ਹੈ। ਯੂਰਾਲ-ਉਗ੍ਰਿਕ ਭਾਸ਼ਾਵਾਂ ਮੁੱਖ ਤੌਰ ਤੇ Agglutinating ਹਨ ਅਤੇ ਬਹੁਤੀਆਂ ਵਿਚ ਪਰਸਰਗ (postpositions) ਹਨ। ਸ਼ਬਦ-ਕ੍ਰਮ SVO ਜਾਂ SOV ਹੈ। ਨਾਵੀਂ ਰੂਪਾਂ ਵਿਚ ਕਾਰਕ-ਵਿਭਕਤੀਆਂ ਦੀ ਬਹੁਲਤਾ ਹੈ, Finnish ਵਿਚ 15 ਕਾਰਕ ਹਨ।

ਤਾਲਿਕਾ (13) : The Uralic Family (ਯੂਰਾਲਿਕ ਪਰਿਵਾਰ)

Finno-Ugric		*Samoyedic*
Finnic	Ugric	Nganasan
Livonian	Vogul	Selkup
Estonian	Ostyak	Nenets
Finnish	Hungarian	
Vodian	Enets	
Vepsian		
Karelian		
Lapp		
Mordvin		
Cheremis		
Votyak		
Komi		

Dravidian (ਦ੍ਰਾਵਿੜੀ ਉਪ-ਪਰਿਵਾਰ) : ਇਸ ਪਰਿਵਾਰ ਦੀ ਮੈਂਬਰ-ਸ਼ਿਪ 23 ਬੋਲੀਆਂ ਹਨ ਇਹ ਜ਼ਿਆਦਾਤਰ ਦੱਖਣੀ ਭਾਰਤ ਵਿਚ ਪ੍ਰਚਲਿਤ ਹਨ। ਇਸ ਭਾਸ਼ਾ-ਪਰਿਵਾਰ ਦੇ ਬੁਲਾਰਿਆਂ ਦੀ ਗਿਣਤੀ 15 ਕਰੋੜ (150 ਮਿਲੀਅਨ) ਹੈ। ਪ੍ਰਸਿੱਧ ਦ੍ਰਾਵਿੜੀ ਭਾਸ਼ਾਵਾਂ ਹਨ : ਤੇਲਗੂ (ਆਂਧ੍ਰ ਪ੍ਰਦੇਸ਼), ਤਮਿਲ (ਤਮਿਲਨਾਡੂ), ਕੰਨੜ (ਕਰਨਾਟਕ) ਤੇ ਮਲਿਆਲਮ (ਕੇਰਲ) ਹਨ। ਦ੍ਰਾਵਿੜੀ ਭਾਸ਼ਾ-ਵਰਗ ਦਾ ਸ਼ਬਦ-ਕ੍ਰਮ SOV ਹੈ, ਸੰਰਚਨਾ Agglunating ਹੈ, ਅਤੇ non-tonal ਹਨ।

ਤਾਲਿਕਾ (14) : ਦ੍ਰਾਵਿੜੀ ਭਾਸ਼ਾ--ਪਰਿਵਾਰ

ਉੱਤਰੀ ਦ੍ਰਾਵਿੜੀ	*ਕੇਂਦਰੀ ਦ੍ਰਾਵਿੜੀ*	*ਦੱਖਣੀ ਦ੍ਰਾਵਿੜੀ*
Kurukh	ਤੇਲਗੂ	ਤਮਿਲ
Malto	ਕੋਲਾਮੀ	ਮਲਿਆਲਮ
	ਗੋਂਡੀ	ਕੰਨੜ
		ਟੋਡਾ
		Tulu
		Kodagu

Austro-Asiatic : ਆਸਟ੍ਰੋ-ਏਸ਼ੀਆਟਿਕ ਪਰਿਵਾਰ ਵਿਚ ਲਗਭਗ 150 ਬੋਲੀਆਂ ਹਨ ਜਿਨ੍ਹਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਕੋਈ 4 ਕਰੋੜ (40 ਮਿਲੀਅਨ) ਹੈ। ਇਸ ਪਰਿਵਾਰ ਦੀਆਂ ਤਿੰਨ ਬ੍ਰਾਹਾ ਹਨ (1) Munda, (2) Monkhmer, (3) Muong-Annam. ਮੁੰਡਾ ਭਾਸ਼ਾ-ਵਰਗ ਦੀਆਂ ਬੋਲੀਆਂ ਕੇਂਦਰੀ ਤੇ ਉੱਤਰ-ਪੂਰਬੀ ਭਾਰਤ ਵਿਚ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਸੰਥਾਲੀ ਤੇ ਮੁੰਡਵੀ ਮਸ਼ਹੂਰ ਹਨ। ਮਾਨ-ਖਮੇਰ

ਭਾਸ਼ਾ-ਵਰਗ ਸਭ ਤੋਂ ਵੱਡਾ ਹੈ ਅਤੇ ਇਸ ਭਾਸ਼ਾ ਦੇ ਖੇਤਰ ਵਿਚ ਕੰਬੋਡੀਆ, ਵੀਅਤਨਾਮ, ਬਰਮਾ,ਅਤੇ ਦੱਖਣੀ ਚੀਨ ਸ਼ਾਮਲ ਹਨ ਜਿਨ੍ਹਾਂ ਦੀਆਂ ਬੋਲੀਆਂ ਮਾਨਖ਼ਮੇਰ ਵਰਗ ਵਿਚ ਸ਼ਾਮਲ ਹਨ । ਕੁਝ ਹੋਰ ਆਸਟ੍ਰੋ-ਏਸ਼ੀਆਟਿਕ ਬੋਲੀਆਂ ਮਲੇਸ਼ੀਆ ਤੇ Nicobar ਆਈਲੈਂਡਸ (ਸੁਮਾਤ੍ਰਾ ਦਾ ਉੱਤਰ-ਪੱਛਮ) ਵਿਚ ਵੀ ਪ੍ਰਾਪਤ ਹਨ । ਵੀਅਤਨਾਮੀ ਆਦਿ Tonal ਹਨ ।

ਤਾਲਿਕਾ (14): The Austro-Asiatic Family (ਆਸਟ੍ਰੋ-ਏਸ਼ੀਆਟਿਕ ਫੈਮਲੀ)

Munda	*Mon-Khmer*	*Muong-Annam*
Santali	Combodian (=Khmer)	Muong
Mundari	mon	
Ho	Khasi	Vietnamese
	car	
	Bahnar	

Sino-Tibeten (ਤਿੱਬਤ-ਚੀਨੀ ਭਾਸ਼ਾ-ਪਰਿਵਾਰ)

ਭਾਰੋਪੀ ਪਰਿਵਾਰ ਤੋਂ ਬਾਅਦ ਤਿੱਬਤ-ਚੀਨੀ ਭਾਸ਼ਾ-ਪਰਿਵਾਰ ਸਭ ਤੋਂ ਵੱਡਾ ਹੈ ਇਸ ਵਿਚ ਕੋਈ 300 (ਤਿੰਨ ਸੌ) ਬੋਲੀਆਂ ਹਨ ਅਤੇ ਇਨ੍ਹਾਂ ਦੇ 60 ਕਰੋੜ (700 ਮਿਲੀਅਨ ਦੇ ਲਗਭਗ) ਵਕਤੇ ਹਨ । ਇਸ ਦੇ ਦੋ ਪ੍ਰਧਾਨ ਭਾਸ਼ਾ ਵਰਗ ਹਨ - (1) ਤਿਬਤੋ-ਬਰਮੀ, ਤੇ (2) ਚੀਨੀ ਬ੍ਰਾਂਚ । ਤਿੱਬਤੋ-ਬਰਮੀ ਵਰਗ ਵਿਚ ਤਿਬਤੀ ਬੋਲੀਆਂ, ਬਰਮੀ ਬੋਲੀਆਂ ਅਤੇ ਨੇਪਾਲ, ਬਰਮਾ ਤੇ ਤਿਬਤ ਵਿਚ ਪ੍ਰਚਲਿਤ ਕਈ ਹੋਰ ਬੋਲੀਆਂ ਹਨ । ਚੀਨੀ ਵਰਗ ਵਿਚ ਚੀਨ ਦੀਆਂ ਬੋਲੀਆਂ ਹਨ ਜਿਨ੍ਹਾਂ ਵਿਚੋਂ ਕਈ ਤਾਂ ਆਪਸ ਵਿਚ ਸਮਝੀਆਂ ਨਹੀਂ ਜਾਂਦੀਆਂ, ਪਰ ਇਨ੍ਹਾ ਦੀ ਸਾਂਝ ਦੀ ਵਜ੍ਹਾ ਇਹ ਹੈ ਕਿ ਸਮੂਹ ਚੀਨੀ ਭਾਸ਼ਾਵਾਦੀ ਲੇਖਣ ਪ੍ਰਣਾਲੀ ਅਰਥਾਤ ਲਿਪੀ ਇਕੋ ਹੈ ਜਿਸ ਕਾਰਣ ਨਾ-ਸਮਝਣ ਯੋਗ ਚੀਨੀ ਬੋਲੀਆਂ ਨੂੰ ਵੀ ਸਮਝਿਆ ਜਾਂਦਾ ਹੈ ।

ਚੀਨੀ ਭਾਸ਼ਾ ਵਰਗ ਦੇ ਦੋ ਉਪ-ਵਰਗ ਹਨ (1) ਉੱਤਰੀ ਉਪਵਰਗ, (2) ਦੱਖਣੀ ਉਪਵਰਗ । ਉੱਤਰੀ ਬ੍ਰਾਂਚ ਵਿਚ ਕਈ ਬੋਲੀਆਂ ਹਨ, ਖ਼ਾਸ ਕਰਕੇ Mandarin ਜਿਸ ਦੀਆਂ ਕਈ ਉਪ-ਬੋਲੀਆਂ ਪੀਕਿੰਗ (Beijing), Szechuan ਅਤੇ Nanking ਵਿਚ ਬੋਲੀਆਂ ਜਾਂਦੀਆਂ ਹਨ ।

ਦੱਖਣੀ ਚੀਨੀ ਭਾਸ਼ਾ-ਵਰਗ ਵਿਚ ਪ੍ਰਮੁਖ ਉਪ-ਭਾਸ਼ਾਵਾਂ ਇਹ ਹਨ WU (ਸ਼ੰਘਾਈ ਤੇ Suchow ਦੀਆਂ ਲਘੂ ਬੋਲੀਆਂ ਸਮੇਤ), Cantonese, Hakka, Hsiang, Kan, ਦੱਖਣੀ Min ਅਤੇ ਉੱਤਰੀ Min.

Miao-Yao ਬੋਲੀਆਂ ਦੱਖਣੀ ਚੀਨ, ਵੀਅਤਨਾਮ, Laos, ਤੇ ਥਾਈਲੈਂਡ ਵਿਚ ਬੋਲੀਆਂ ਜਾਂਦੀਆਂ ਹਨ । ਇਨ੍ਹਾ ਨੂੰ ਵੀ Sino-Tibetan ਦਾ ਹਿੱਸਾ ਸਮਝਿਆ ਜਾ ਰਿਹਾ ਹੈ । ਕਈ ਵਿਦਵਾਨ Miao-Yao ਵਰਗ ਨੂੰ ਆਸਟ੍ਰੋ-ਏਸ਼ੀਅਨ ਨਾਲ ਅਤੇ ਕਈ ਆਸਟ੍ਰੋ-ਤਾਈ ਨਾਲ ਸੰਬੰਧਿਤ ਕਰਦੇ ਹਨ ।

ਤਿਬਤੋ-ਚੀਨੀ ਪਰਿਵਾਰ ਸੁਰਾਤਮਕ (tonal) ਹੈ । ਇਨ੍ਹਾਂ ਦਾ ਟਾਈਪ isolating ਹੈ ਕਿਉਂਕਿ ਇਨ੍ਹਾਂ ਦੇ ਸ਼ਬਦ mono-phonemic ਤੇ mono-syllabic ਹਨ । ਵਿਅੰਜਨ-ਗੁੱਛੇ ਗ਼ੈਰ-ਹਾਜ਼ਰ ਹਨ । ਸ਼ਬਦ-ਕ੍ਰਮ ਬੱਝਵਾਂ ਨਹੀਂ, ਖੁਲ੍ਹਾ ਤੇ ਸੁਤੰਤਰ ਹੈ ।

ਤਾਲਿਕਾ (15) : The Sino-Tibetan Family

Tibeto-Burman	*Sinitic (ਚੀਨੀ)*		*Miao-Yao*
ਬਰਮੀ	ਉੱਤਰੀ	ਦੱਖਣੀ	
ਤਿਬਤੀ	Manderin	Wa	Mio
Sherpa		Cantonese	Yao
		Hakka	
		Hsiang	
		Kan	
		Northern Min	
		Southern Min	

Austro-Tai : ਆਸਟ੍ਰੋ-ਤਾਈ ਭਾਸ਼ਾ-ਪਰਿਵਾਰ ਵਿਚ ਲਗਭਗ 825 ਬੋਲੀਆਂ ਸੰਮਿਲਿਤ ਹਨ। ਇਹ ਬੋਲੀਆਂ ਅਫਰੀਕਾ ਦੇ ਪੂਰਬੀ ਤਟ ਤੋਂ ਪਾਰ ਮਡਗਾਸਕਰ ਤੋਂ ਲੈ ਕੇ Hawaii ਤੇ ਨਿਊਜ਼ੀਲੈਂਡ ਤਕ ਫੈਲੀਆਂ ਹੋਈਆ ਹਨ। ਇਨ੍ਹਾਂ ਦੇ ਕੋਈ 18 ਕਰੋੜ (180 ਮਿਲੀਅਨ) ਵਕਤੇ ਹਨ। ਇਸ ਪਰਿਵਾਰ ਦੇ ਦੋ ਪ੍ਰਧਾਨ ਭਾਸ਼ਾ ਵਰਗ ਹਨ (1) Kam-Tai ਅਤੇ (2) Austronesian. (ਕਈ Austronesian ਨੂੰ ਵੱਖਰੀ ਬ੍ਰਾਂਚ ਮੰਨਦੇ ਹਨ)। Kam-Tai ਸਾਖਾ ਵਿਚ ਥਾਈ (ਜਾਂ ਸਿਆਮੀ), ਲਾਓ ਬੋਲੀਆ ਤੋਂ ਬਿਨਾਂ, Laos, ਵੀਅਤਨਾਮ, ਅਤੇ ਚੀਨ ਦੀਆਂ ਕਈ ਦਰਜਨਾਂ ਹੋਰ ਬੋਲੀਆ ਸੰਮਿਲਿਤ ਹਨ।

Austronesian ਸਾਖਾ ਵਿਚ ਸੈਂਕੜੇ ਬੋਲੀਆਂ ਹਨ ਪਰ ਮੁੱਖ ਤੌਰ ਤੇ ਇਨ੍ਹਾਂ ਨੂੰ ਪੂਰਬੀ ਉਪ-ਸ਼ਾਖਾ ਤੇ ਪੱਛਮੀ ਉਪ-ਸ਼ਾਖਾ ਵਿਚ ਵੰਡਿਆ ਜਾਂਦਾ ਹੈ। ਪੱਛਮੀ ਉਪ-ਸਾਖਾ ਵਿਚ Malagasy, Malay, Batak (ਸੁਮਾਤ੍ਰਾ ਵਿਚ ਪ੍ਰਚਲਿਤ) Balinese, Tagalog (ਫਿਲਪੀਨ ਦੀ ਰਾਸ਼ਟਰੀ ਭਾਸ਼ਾ Philpino ਦੀ ਆਧਾਰ-ਬੋਲੀ), Chamorro (Guam ਦੀ ਬੋਲੀ), ਅਤੇ ਹੋਰ ਬਹੁਤ ਸਾਰੀਆ ਬੋਲੀਆਂ ਸ਼ਾਮਲ ਹਨ ਜੋ ਕਿ Philippines, Malaysia, Borneo, ਵੀਅਤਨਾਮ, ਕੰਬੋਡੀਆ, ਸੁਮਾਤ੍ਰਾ, ਜਾਵਾ, ਤੇ Formosa ਵਿਚ ਜਾਰੀ ਹਨ। ਪੂਰਬੀ ਉਪ-ਸ਼ਾਖਾ ਵਿਚ Tahitian, Samoan, Maori, ਅਤੇ Hawaiian ਸ਼ਾਮਲ ਹਨ। ਆਸਟ੍ਰੋਨੇਸ਼ੀਅਨ ਦਾ ਖ਼ਾਸ ਲੱਛਣ ਦੁਹਰੁਕਤੀ (reduplication) ਹੈ, ਕਈਆਂ ਬੋਲੀਆਂ ਵਿਚ ਮੱਧੇਤਰ ਵੀ ਹੈ। ਸ਼ਬਦ ਕ੍ਰਮ SVO ਆਮ ਹੈ, ਅਤੇ ਪੂਰਬੀ ਬੋਲੀਆਂ ਵਿਚ VSO ਵੀ ਮਿਲਦਾ ਹੈ।

ਤਾਲਿਕਾ (16) : The Austro-Tai Family

Kam-Tai	*Austronesian*	
	ਪੱਛਮੀ :	ਪੂਰਬੀ
Thai	Malagasy	Fijian
Lao	Malay	Tongan
	Javanese	Tahitian
	Batak	Samoan
	Balinese	Maori
	Tagalog	Hawaiian
	Chamorro	

Australian : ਅਜੋਕੀਆਂ ਖੋਜਾਂ ਤੋਂ ਇਹ ਸਾਬਤ ਹੋ ਗਿਆ ਹੈ ਕਿ ਆਸਟਰੇਲੀਆ ਦੀਆਂ ਆਦਿਮ (native) ਬੋਲੀਆਂ ਇਕੋ ਹੀ ਆਸਟ੍ਰੇਲੀਅਨ ਫੈਮਲੀ ਨਾਲ ਜੁੜੀਆਂ ਹੋਈਆਂ ਹਨ । ਇਸ ਵਿਚ 200 ਦੇ ਕਰੀਬ ਬੋਲੀਆਂ ਹਨ । ਬੋਲਾਰਿਆਂ ਦੀ ਕੁਲ ਗਿਣਤੀ 47000 (ਸੰਤਾਲੀ ਹਜ਼ਾਰ) ਹੈ । ਪ੍ਰਸਿੱਧ ਭਾਸ਼ਾਵਾਂ Mabuiag ਅਤੇ Western Desert Language ਹਨ । ਇਹ ਸੁਰਾਤਮਕ ਨਹੀਂ ਹਨ । ਨਾਂਵੀ ਰੂਪ, ਕਾਰਕਾਂ ਲਈ mark ਕੀਤੇ ਜਾਂਦੇ ਹਨ । ਸ਼ਬਦ-ਕ੍ਰਮ ਬਹੁਤ ਸੁਤੰਤਰ ਹੈ ।

Afro-Asiatic : ਐਫਰੋ-ਏਸ਼ੀਆਟਿਕ ਭਾਸ਼ਾ ਪਰਿਵਾਰ ਦੀਆਂ ਬੋਲੀਆਂ ਮੁੱਖ ਤੌਰ ਤੇ ਅਫਰੀਕਾ ਦੇ ਉੱਤਰੀ ਭਾਗ ਵਿਚ ਅਤੇ ਮੱਧ-ਪੂਰਬ ਵਿਚ ਬੋਲੀਆਂ ਜਾਂਦੀਆਂ ਹਨ। ਇਸ ਪਰਿਵਾਰ ਵਿਚ ਲਗਭਗ 250 Afro-Asiatic ਜ਼ੁਬਾਨਾਂ ਹਨ । ਇਨ੍ਹਾਂ ਦੇ ਬੁਲਾਰੇ 17 ਕਰੋੜ (170 ਮਿਲੀਅਨ) ਹਨ । ਇਸ ਪਰਿਵਾਰ ਵਿਚ ਪੰਜ ਪ੍ਰਧਾਨ ਬ੍ਰਾਂਚਾਂ ਹਨ : (1) Egyptian (2) Cushitic (3) Berber (4) Chadic (5) Semitic. ਇਜਿਪਸ਼ਨ ਦੀ ਕੋਈ ਹੁਣ ਜੀਵਿਤ ਬੋਲੀ ਨਹੀਂ ਹੈ । Cushitic ਦੀਆਂ ਮੈਂਬਰ ਭਾਸ਼ਾਵਾਂ ਸੂਡਾਨ, ਈਥੋਪੀਆ, ਸੋਮਾਲੀਆ, ਅਤੇ ਕੀਨੀਆਂ ਵਿਚ ਬੋਲੀਆਂ ਜਾਂਦੀਆਂ ਹਨ । Berber ਸਾਖਾ ਵਿਚ ਅਲਜੀਰੀਆ, ਮੋਰਾਕੋ ਅਤੇ Niger ਦੀਆਂ ਕਈ ਬੋਲੀਆਂ ਸੰਮਿਲਿਤ ਹਨ । Chadic ਸ਼ਾਖਾ ਵਿਚ chad ਅਤੇ Nigeria ਦੀਆਂ Hausa ਵਰਗੀਆਂ ਅਨੇਕਾਂ ਬੋਲੀਆਂ ਸ਼ਾਮਲ ਹਨ । ਇਹ ਬੋਲੀਆਂ ਸੁਰਾਤਮਕ (tonal) ਹਨ ।

Semitic : Afro-Asiatic ਦੀ ਸਭ ਤੋਂ ਵੱਡੀ ਬ੍ਰਾਂਚ Semitic ਹੈ । ਬਾਈਬਲ ਵਿਚ ਕਈ ਐਸੀਆਂ ਪ੍ਰਾਚੀਨ ਜ਼ੁਬਾਨਾਂ ਦਾ ਉਲੇਖ ਹੋਇਆ ਹੈ ਜਿਹੜੀਆਂ ਸੈਮੀਟਿਕ ਮੂਲ ਦੀਆਂ ਸਨ ਜਿਵੇਂ ਕਿ ਮਿਸਾਲ ਵਜੋਂ Babylonian (ਇਹ Assyrian ਜਾਂ Akkadian ਨਾਂਵਾਂ ਹੇਠ ਵੀ ਮਸ਼ਹੂਰ ਹੈ), Canaanite, Mobite, Classical Hebrew ਅਤੇ Aramaic.

ਪਹਿਲਾਂ Semitic ਨੂੰ ਵੱਖਰੀ ਸਾਖਾ ਮੰਨਦੇ ਸਨ, ਪਰ ਨਵੀਆਂ ਖੋਜਾਂ ਅਤੇ ਦੀਰਘ ਅਧਿਐਨ ਦੇ ਫਲਸਰੂਪ ਇਸ ਦਾ ਵਿਸਤਾਰ ਕਰਕੇ ਹੁਣ ਇਸ ਨੂੰ Afro-Asiatic ਦੇ ਅੰਤਰਗਤ ਰਖਿਆ ਜਾਂਦਾ ਹੈ ।

ਕਲੈਸੀਕਲ ਹੀਬਰੂ ਦਾ ਕਈ ਸਹਸ੍ਰਾਬਦੀਆਂ ਤਕ ਸਿਰਫ਼ ਲਿਖਤੀ ਰੂਪ ਹੀ ਜਾਰੀ ਰਿਹਾ ਹੈ । ਆਮ ਬੋਲਚਾਲ ਦੀ ਬੋਲੀ ਦੇ ਤੌਰ ਤੇ ਹੀਬਰੂ ਦੀ ਕਦੇ ਵਰਤੋਂ ਨਹੀਂ ਹੋਈ । ਆਧੁਨਿਕ ਹੀਬਰੂ (ਜਾਂ Israli) ਕਲੈਸੀਕਲ ਹੀਬਰੂ ਦੀ ਸੰਤਾਨ ਨਹੀਂ ਹੈ । ਇਸ ਨੂੰ ਤਾਂ ਇਸੇ ਸਦੀ ਦੇ ਸ਼ੁਰੂ ਵਿਚ ਕਲੈਸੀਕਲ ਹੀਬਰੂ ਦੇ ਕੁਝ ਕੁ ਪੱਖਾਂ ਨੂੰ ਨੇਮਬੱਧ ਕਰਕੇ ਅਤੇ ਨਵੀਨ ਸ਼ਬਦਾਵਲੀ ਮਿਲਾ ਕੇ ਪੁਨਰ-ਉਸਾਰਿਆ ਗਿਆ ਹੈ । ਇਸ ਦੇ ਜੱਦੀ ਬੁਲਾਰੇ ਕੁਝ ਦਹਾਕਿਆਂ ਤੋਂ ਹੀ ਇਸ ਨੂੰ ਬੋਲ ਰਹੇ ਹਨ ।

ਸਾਮੀ ਵਰਗ ਦੀ ਦੂਜੀ ਭਾਸ਼ਾ ਅਰਬੀ ਹੈ ਜਿਸ ਦੀਆਂ ਕਈ ਵੰਨਗੀਆਂ ਹਨ । ਕਈ ਵੰਨਗੀਆਂ ਆਪਸ ਵਿਚ ਸੁਬੋਧ ਨਹੀਂ ਹਨ । ਅਰਬੀ ਦੀਆਂ ਬੋਲੀਆਂ ਉੱਤਰੀ ਅਫਰੀਕਾ ਦੇ ਆਰਪਾਰ ਅਤੇ ਸਮੁੱਚੇ ਮੱਧ-ਪੂਰਬ (middle-east) ਵਿਚ ਬੋਲੀਆਂ ਜਾਂਦੀਆਂ ਹਨ । ਇਹ ਸਾਰੀਆਂ ਅਰਬੀ ਬੋਲੀਆਂ ਕਲੈਸੀਕਲ Arabic ਤੋਂ ਉਤਪੰਨ ਹੋਈਆਂ ਹਨ । ਕਲੈਸੀਕਲ ਅਰਬੀ ਭਾਸ਼ਾ ਇਸਲਾਮ ਦੇ ਬਾਨੀ ਮੁਹੰਮਦ ਦੀ ਸੀ । ਕੁਰਾਨ ਵੀ ਇਸੇ ਵਿਚ ਲਿਖਿਆ ਗਿਆ ਹੈ ।

ਸੈਮੀਟਿਕ ਭਾਸ਼ਾਵਾਂ ਦੇ ਮੂਲ-ਧਾਤੂ (roots) ਵਿਅੰਜਨਾਂ ਤੇ ਆਧਾਰਿਤ ਹਨ ਜੋ ਆਮ ਤੌਰ ਤੇ ਤਿੰਨ ਹਨ । ਧਾਤੂਗਤ ਵਿਅੰਜਨਾ ਵਿਚ ਸਵਰ ਜੋੜ ਕੇ ਵਿਆਕਰਣਿਕ ਸ਼੍ਰੇਣੀਆ ਦੀ ਸਿਰਜਨਾ ਕੀਤੀ ਜਾਂਦੀ ਹੈ । ਧਾਤੂ ਕ-ਤ-ਬ (k-t-b) ਦੇ ਤਿੰਨ ਵਿਅੰਜਨਾਂ ਨਾਲ ਜੋੜ ਕੇ ਕਿਤਾਬ, ਕਾਤਿਬ, ਮਕਤਬ (ਸਕੂਲ), ਕਤੀਬੁਨ, ਕਤਬਾ, ਯਕਤੂਬ ਆਦਿ ਸ਼ਬਦ-ਰੂਪਾਵਲੀ (paradigm) ਦੀ ਰਚਨਾ ਕੀਤੀ ਜਾਂਦੀ ਹੈ ।

ਤਾਲਿਕਾ 17 *(The Afro-Asiatic Family)*

Egyptian	*Cushitic*	*Berber*	*Chadic*	*Semitic*
(Coptic)	Somali	Tuareg	Hausa	(Babylonian)
		Tamazight		Hebrew
		Shilha		Armaic
				Arabic

Niger-Kordofanian : ਇਸ ਫੈਮਲੀ ਵਿਚ ਅਫਰੀਕਾ ਦੀਆਂ ਕੋਈ 900 ਬੋਲੀਆ ਸੰਮਿਲਤ ਹਨ । ਇਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ 18 ਕਰੋੜ (180 ਮਿਲੀਅਨ) ਦੇ ਕਰੀਬ ਹੈ । ਇਸ ਦੀਆਂ ਦੋ ਪ੍ਰਧਾਨ ਬ੍ਰਾਂਚਾਂ ਹਨ : (1) Kordo-fanian (2) Niger-Congo Branch. ਪਹਿਲੀ ਬ੍ਰਾਚ ਵਿਚ Koalib ਤੇ Katla ਆਦਿ ਕੁਝ ਹੀ ਬੋਲੀਆ ਹਨ ਜੋ ਸੂਡਾਨ ਵਿਚ ਬੋਲੀਆ ਜਾਂਦੀਆਂ ਹਨ । ਦੂਜੇ ਪਾਸੇ Niger-Congo ਬ੍ਰਾਂਚ ਬਹੁਤ ਵਿਸ਼ਾਲ ਹੈ ਅਤੇ ਇਸ ਵਿਚ ਛੇ ਉਪ-ਸ਼ਾਖਾਵਾਂ ਹਨ ;

(1) West Atlantic (2) Mande (3) Gur (4) Kwa (5) Adamawa (6) Benue-congo.

Benue-Congo ਬੰਟੂ ਬੋਲੀਆਂ ਹਨ ਜਿਨ੍ਹਾ ਵਿਚ Swahili, Zulu, Ganda Shona ਅਤੇ Kongo ਉੱਲੇਖਯੋਗ ਹਨ ।

ਤਾਲਿਕਾ 18 *(The Kordofanian Family)*

Kordofanian				*Niger-Congo*		
	West Atlantic	Mande	Gur	Kwa	Adamawa	BenneCongo
Koalib	Wolof	Mandnik	Dogon	Yoruba	Sango	Efik
Katla	Fulani			Nupe	Gbeya	Tiv
						Swahili
				Igbo		Zulu
				Ijo		Ganda
				Ewe		Shona
				Twi		Kikuyu
				Kru		Kongo.

Amerindian Languages : ਅਮਰੀਕਾ (ਤੇ ਕੈਨੇਡਾ) ਦੇ ਮੂਲ ਆਦਿਵਾਸੀ ਲੋਕਾਂ ਦੀਆ ਜਿਹੜੀਆਂ ਬੋਲੀਆਂ ਜਿਉਂਦੀਆਂ ਹਨ ਉਨ੍ਹਾਂ ਨੂੰ Amerindian (America+Indian) ਕਿਹਾ ਜਾਂਦਾ ਹੈ। ਗੋਰੇ ਲੋਕ ਆਦਿਵਾਸੀਆਂ ਨੂੰ ਇੰਡੀਅਨ ਕਹਿੰਦੇ ਹਨ ਭਾਵੇਂ ਉਥੋਂ India ਦੇਸ ਨਹੀਂ ਹੈ। ਵਿਸ਼ੇਸ਼ (India) ਤੋਂ ਬਗੈਰ ਵਿਸ਼ੇਸ਼ਣ (Indian) ਦੀ ਵਰਤੋਂ ਕਰਨਾ ਗੋਰੀ ਜਾਤੀ ਦੀ ਅਦਭੁਤ ਮਨੋਵ੍ਰਿਤੀ ਦੀ ਈਜਾਦ ਹੈ। ਇਨ੍ਹਾਂ ਨਾਰਥ-ਅਮਰੀਕੀ ਆਦਿਵਾਸੀਆ ਦੀਆ ਬੋਲੀਆਂ ਬਾਰੇ ਖੋਜ ਤੇ ਅਧਿਐਨ ਜਾਰੀ ਹੈ ਪਰ ਅਜੇ ਤਕ ਇਨ੍ਹਾਂ ਬੋਲੀਆਂ ਦੇ ਆਪਸੀ ਰਿਸ਼ਤਿਆਂ ਦੇ ਫੈਸਲੇ ਨਹੀਂ ਹੋ ਸਕੇ। ਮੋਟੇ ਤੌਰ ਤੇ ਵਿਦਵਾਨਾਂ ਨੇ ਦੱਖਣੀ, ਉੱਤਰੀ, ਤੇ ਕੇਂਦਰੀ ਅਮਰੀਕਾ ਦੀਆਂ ਆਦਿ ਵਾਸੀਆਂ ਦੀਆਂ ਬੋਲੀਆਂ ਦਾ ਸਰਵੇਖਣ ਕਰਕੇ ਉਨ੍ਹਾਂ ਬਾਰੇ ਨਿਰਣੇ ਤੇ ਨਿਸ਼ਕਰਸ਼ ਹਾਸਲ ਕੀਤੇ ਹਨ। ਦੱਖਣੀ ਅਮਰੀਕਾ ਵਿਚ ਅੰਦਾਜ਼ਨ ਸੈਂਕੜੇ ਬੋਲੀਆਂ ਹਨ ਅਤੇ ਇਨ੍ਹਾਂ ਦੇ ਤਿੰਨ ਪਰਿਵਾਰ ਹਨ। ਇਸੇ ਤਰ੍ਹਾਂ ਉੱਤਰੀ ਤੇ ਕੇਂਦਰੀ ਅਮਰੀਕਾ ਵਿਚ ਨੇਟਿਵ ਬੋਲੀਆਂ ਦੇ 17 ਮੁੱਖ ਮੁੱਖ ਪਰਿਵਾਰ ਹਨ ਜਿਨ੍ਹਾਂ ਵਿਚ Inuktitut, Eskimo-Aleut, Athapaskan, Mayan, Chibchan ਮਸ਼ਹੂਰ ਹਨ।

Language Isolates : ਭਾਸ਼ਾ ਵਿਗਿਆਨੀ ਭਾਵੇਂ ਸੰਸਾਰ ਦੀਆਂ ਹਜ਼ਾਰਾਂ ਭਾਸ਼ਾਵਾਂ ਨੂੰ ਵੱਖ ਵੱਖ ਸ਼੍ਰੇਣੀਆਂ ਤੇ ਪਰਿਵਾਰਾਂ ਵਿਚ ਵਰਗਬੱਧ ਕਰਨ ਦੀ ਯੋਜਨਾ ਵਿਚ ਸਫਲ ਹੋਏ ਹਨ, ਪਰ ਦੁਨੀਆਂ ਵਿਚ ਅਜੇ ਵੀ ਅਨੇਕਾਂ ਅਲਗ-ਥਲਗ ਭਾਸ਼ਾਵਾਂ ਹਨ ਜਿਨ੍ਹਾਂ ਨੂੰ ਕਿਸੇ ਭਾਸ਼ਾ-ਪਰਿਵਾਰ ਵਿਚ ਸ਼੍ਰੇਣੀ-ਬੱਧ ਨਹੀਂ ਕੀਤਾ ਜਾ ਸਕਿਆ। ਇਨ੍ਹਾਂ ਅਲਗ-ਥਲਗ ਭਾਸ਼ਾਵਾਂ ਨੂੰ Language Isolates ਕਿਹਾ ਜਾਂਦਾ ਹੈ। ਉੱਤਰੀ ਸਪੇਨ ਤੇ ਦੱਖਣੀ ਫਰਾਂਸ ਵਿਚ ਬੋਲੀ ਜਾ ਰਹੀ ਬੋਲੀ Basque ਅਜਿਹੀ ਅਲਗ-ਥਲਗ ਭਾਸ਼ਾ ਹੈ। ਇਸੇ ਤਰ੍ਹਾਂ Ainu (ਉੱਤਰੀ ਜਾਪਾਨ), Burushaski (ਪਾਕਿਸਤਾਨ), Kutenai (B.C. ਕਨੇਡਾ), Gilyak (ਸਾਈਬੇਰੀਆ), Taraskan (ਕੈਲੀਫੋਰਨੀਆ), ਅਤੇ Yukagir (ਸਾਈਬੇਰੀਆ) ਹੋਰ Isolates ਬੋਲੀਆਂ ਹਨ।

ਹਵਾਲੇ ਤੇ ਟਿੱਪਣੀਆਂ

ਸਰੋਤ (Sources) :

1. Pyles, Thomas & John Algeo [1982] *The Origins and Development of the English Language*, Harcourt, New York.
2. William O'Grady & Others [1989] *Contemporary Linguistics–An Introduction*, New York.
3. Lehmann, W.P. [1962] *Historical Linguistics–An Introduction*, Oxford & IBH New Delhi.
4. Gleason, H.A. [1955] An *Introduction to Descriptive Linguistics*, Oxford & IBH, New Delhi.

ਖੰਡ ਦੋ

ਇਤਿਹਾਸਿਕ ਪਰਿਪੇਖ

Historical Perspective

ਅਧਿਆਏ 2 · 1

ਭਾਰਤੀ ਆਰੀਆ ਭਾਸ਼ਾ-ਪਰਿਵਾਰ ਦੀ ਪਿੱਠ ਭੂਮੀ

ਅਧਿਆਏ 2 · 2

ਭਾਰਤੀ ਆਰੀਆ ਭਾਸ਼ਾ ਪਰਿਵਾਰ ਦੀ ਸਥਾਪਨਾ ਅਤੇ ਉਸਦਾ ਵਿਕਾਸ

ਅਧਿਆਏ 2 . 1

ਭਾਰਤੀ ਆਰੀਆ-ਭਾਸ਼ਾ ਪਰਿਵਾਰ ਦੀ ਪਿੱਠ-ਭੂਮੀ
(Background of Indic family)

ਪਿਛਲੇ ਅਧਿਆਏ (4) ਵਿਚ ਵਿਸ਼ਵ-ਭਾਸ਼ਾਵਾਂ ਦੇ ਸ਼੍ਰੇਣੀਕਰਣ ਦੀ ਸਮੱਸਿਆ ਨੂੰ ਲੈ ਕੇ ਜੈਨੇਟਿਕ ਪਹੁੰਚ-ਵਿਧੀ ਦੁਆਰਾ ਜਿਨ੍ਹਾਂ ਪ੍ਰਮੁਖ ਭਾਸ਼ਾ-ਪਰਿਵਾਰਾਂ ਦਾ ਦਿਗ-ਦਰਸ਼ਨ ਪੇਸ਼ ਕੀਤਾ ਗਿਆ ਹੈ ਉਨ੍ਹਾਂ ਵਿਚ ਭਾਰੋਪੀ ਭਾਸ਼ਾ-ਪਰਿਵਾਰ (Indo-European) ਦਾ ਸਥਾਨ ਬਹੁਤ ਮਹੱਤਵਪੂਰਣ ਹੈ । ਅਸੀਂ ਵੇਖਿਆ ਹੈ ਕਿ ਭਾਰੋਪੀ (ਭਾਰਤ-ਯੋਰਪੀ) ਭਾਸ਼ਾ-ਪਰਿਵਾਰ ਵਿਚ ਭਾਵੇਂ ਸੌ ਕੁ ਬੋਲੀਆਂ ਦੀ ਹੀ ਮੈਂਬਰਸ਼ਿਪ ਹੈ ਅਤੇ ਇਸ ਤਰ੍ਹਾਂ ਵੰਸ਼ਜ ਬੋਲੀਆ ਦੀ ਗਿਣਤੀ ਦੇ ਲਿਹਾਜ਼ ਨਾਲ ਭਾਰੋਪੀ ਕੋਈ ਵੱਡੀ ਫੈਮਲੀ ਨਹੀਂ ਜਾਪਦੀ, ਲੇਕਿਨ ਬਲਾਰਿਆ ਦੀ ਗਿਣਤੀ ਅਤੇ ਹੋਰ ਗੁਣਾਤਮਕ ਪੱਖਾ ਕਰਕੇ ਭਾਰੋਪੀ ਫੈਮਲੀ ਦੁਨੀਆਂ ਵਿਚ ਸਭ ਤੋਂ ਵੱਡੀ ਹੈ । ਇਸ ਤੋਂ ਬਿਨਾ ਭਾਰੋਪੀ ਭਾਸ਼ਾ ਉਪ-ਪਰਿਵਾਰ ਦੀ ਮਹਾਨਤਾ ਤੇ ਗੁਣਵਾਨਤਾ ਦਾ ਆਧਾਰ ਹੋਰ ਵੀ ਹੈ, ਉਹ ਇਹ ਹੈ ਕਿ ਇਸ ਦੇ ਅੰਤਰਗਤ ਸਭਿਅਤਾ, ਸਭਿਆਚਾਰ, ਕਲੈਸੀਕਲ ਸਾਹਿੱਤ, ਗਿਆਨ-ਵਿਗਿਆਨ, ਅਤੇ ਭੌਤਿਕ ਸੰਮ੍ਰਿਧੀ ਦੇ ਪਖੋਂ ਕਈ ਖੁਸ਼ਹਾਲ ਤੇ ਸੰਪੰਨ ਦੇਸ ਸ਼ਾਮਲ ਹਨ ਜਿਨ੍ਹਾਂ ਵਿਚ ਸੰਸਾਰ ਦੀਆ ਕਈ ਉੱਨਤ ਤੇ ਅਤਿ-ਵਿਕਸਿਤ ਭਾਸ਼ਾਵਾਂ ਪ੍ਰਫੁੱਲਤ ਹਨ । ਡਾ. ਐਸ. ਕੇ. ਚੈਟਰਜੀ [1926 : 17] ਨੇ ਠੀਕ ਕਿਹਾ ਹੈ ਕਿ ਯੂਰਪ, ਏਸ਼ੀਆ, ਅਫਰੀਕਾ, ਆਸਟ੍ਰੇਲੀਆ ਜਾਂ ਅਮਰੀਕਾ ਵਿਚ ਜਿੰਨੀਆਂ ਵੀ ਬੋਲੀਆ ਬੋਲੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਭਾਰੋਪੀ ਭਾਸ਼ਾ ਪਰਿਵਾਰ ਹੈ । ਇਸ ਪਰਿਵਾਰ ਵਿੱਚ ਅਤਿਅੰਤ ਪ੍ਰਭਾਵਸ਼ਾਲੀ ਭਾਸ਼ਾਵਾਂ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਮਨੁੱਖ ਜਾਤੀ ਦੀ ਪ੍ਰਗਤੀ ਦੇ ਇਤਿਹਾਸ ਵਿਚ ਪਿਛਲੇ ਤੀਹ-ਬੱਤੀ ਸੌ ਵਰ੍ਹਿਆਂ ਤੋਂ ਮੂਹਰਲੀ ਕਤਾਰ ਵਿਚ ਗਿਣਿਆ ਜਾਂਦਾ ਹੈ । ਇਹੋ ਕਾਰਣ ਹੈ ਕਿ ਵਿਸ਼ਵ ਦੇ ਪ੍ਰਮੁਖ ਭਾਸ਼ਾ-ਪਰਿਵਾਰਾ ਵਿਚ ਭਾਰੋਪੀ ਭਾਸ਼ਾ-ਪਰਿਵਾਰ ਦਾ ਹਮੇਸ਼ਾ ਹੀ ਗੌਰਵਮਈ ਸਥਾਨ ਰਿਹਾ ਹੈ ।

ਭਾਰੋਪੀ ਪਰਿਵਾਰ ਵਿਚ ਵੀ ਜਰਮੈਨਿਕ, ਇਟੈਲਿਕ, ਹੈਲੇਨਿਕ (ਗ੍ਰੀਕ) ਅਲਬੇਨੀਅਨ, ਅਰਮੀਨੀਅਨ, ਬਾਲਟਿਕ, ਸਲਾਵਿਕ ਆਦਿ ਨੌਂ-ਦਸ ਉਪ-ਪਰਿਵਾਰ ਸੰਮਿਲਿਤ ਹਨ ਅਤੇ ਇਨ੍ਹਾਂ ਵਿਚ ਭਾਰਤੀ-ਇਰਾਨੀ (Indo-Iranian) ਉਪ-ਪਰਿਵਾਰ ਵੀ ਵਰਣਨ-ਯੋਗ ਹੈ ਜਿਹੜਾ ਕਿ ਪੱਛਮ ਵਿਚ ਈਰਾਨ ਤੋਂ ਲੈ ਕੇ ਪੂਰਬ ਵਿਚ ਭਾਰਤ ਦੇ ਉੱਤਰ-ਪੂਰਬੀ ਸਿਰੇ ਤਕ ਫੈਲਿਆ ਹੋਇਆ ਹੈ । ਵਿਦਵਾਨਾਂ ਨੇ ਪੂਰਵ-ਇਸਲਾਮਿਕ ਈਰਾਨੀ ਬੋਲੀਆਂ ਅਤੇ ਭਾਰਤ ਦੀਆ ਆਰੀਆ ਬੋਲੀਆਂ ਦੀ ਅਤਿ ਨਿਕਟੀ ਸਾਂਝ ਤੇ ਸਮਰੂਪਤਾ ਨੂੰ ਵੇਖਦਿਆਂ ਇਨ੍ਹਾਂ ਦੋਹਾਂ ਪ੍ਰਧਾਨ ਭਾਸ਼ਾ-ਸ਼ਾਖਾਵਾਂ ਨੂੰ ਇਕੋ ਉਪ-ਪਰਿਵਾਰ ਵਿਚ ਸ਼ਾਮਲ ਕਰ ਕੇ ਇਸ ਨੂੰ Indo-

Iranian (ਭਾਰਤੀ-ਈਰਾਨੀ ਭਾਸ਼ਾ ਉਪ-ਪਰਿਵਾਰ) ਦਾ ਨਾਂ ਦਿੱਤਾ ਹੈ।

ਭਾਰਤੀ-ਇਰਾਨੀ ਉਪ-ਪਰਿਵਾਰ ਵਿਚ ਪ੍ਰਮੁਖ ਤੌਰ ਤੇ ਈਰਾਨੀ ਸਾਖਾ ਅਤੇ ਭਾਰਤੀ-ਆਰੀਆ ਸ਼ਾਖਾ ਨੂੰ ਸ਼ਾਮਲ ਕੀਤਾ ਜਾਂਦਾ ਹੈ ਪਰੰਤੂ ਡਾ. ਜਾਰਜ ਗ੍ਰੀਅਰਸਨ ਨੇ ਇਨ੍ਹਾਂ ਦੋਹਾਂ ਸਾਖਾ ਤੋਂ ਅਤਿਰਿਕਤ ਤੀਜੀ ਸਾਖਾ "ਦਾਰਦਿਕ" ਨੂੰ ਇਸ ਉਪ-ਪਰਿਵਾਰ ਵਿਚ ਗਿਣਿਆ ਹੈ। ਇਸ ਤਰ੍ਹਾਂ ਗ੍ਰੀਅਰਸਨ ਨੇ ਭਾਰਤੀ-ਈਰਾਨੀ ਨੂੰ ਤਿੰਨ ਵਰਗਾਂ ਵਿਚ ਵਿਭਾਜਿਤ ਕੀਤਾ ਹੈ (1) *ਈਰਾਨੀ* (2) *ਭਾਰਤੀ-ਆਰੀਆ* (Indic Family) ਅਤੇ ਸੁਦੂਰ ਉਤਰ ਵਿਚ ਵਿਆਪਤ (3) *ਦਾਰਦਿਕ ਭਾਸ਼ਾ-ਵਰਗ*। ਲੇਕਿਨ ਜਿਊਲ ਬਲਾਖ, ਆਰ. ਐਲ ਟਰਨਰ ਜਿਹੇ ਵਿਦਵਾਨ ਇਸ ਤ੍ਰਿਵਿਧ ਵਰਗੀਕਰਣ ਨਾਲ ਸਹਿਮਤ ਨਹੀਂ ਹਨ। ਇਨ੍ਹਾਂ ਦੇ ਅਨੁਸਾਰ ਦਰਦ-ਭਾਸ਼ਾਵਾਂ ਨੂੰ ਭਾਰਤੀ-ਆਰੀਆ ਸ਼ਾਖਾ ਦੇ ਅੰਤਰਗਤ ਹੀ ਇਕ ਭਾਸ਼ਾ-ਸਮੂਹ ਵਜੋਂ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਸ਼ਮੀਰੀ, ਸ਼ੀਣਾ, ਕੋਹਿਸਤਾਨੀ, ਆਦਿ ਨੂੰ ਸੁਤੰਤਰ ਸਮੂਹ ਵਜੋਂ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ। ਪਰ ਇਹ ਸਮੱਸਿਆ ਅਜੇ ਤੀਕ ਵਿਵਾਦ-ਗ੍ਰਸਤ ਹੈ ਕਿਉਂਕਿ ਇਸ ਦਾਰਦਿਕ ਸਮੂਹ ਦੀਆ ਭਾਸ਼ਾਵਾ ਦੇ ਕਈ ਵਿਸ਼ਿਸ਼ਟ ਉਪ-ਲਛਣ ਈਰਾਨੀ ਨਾਲ ਮਿਲਦੇ ਹਨ ਅਤੇ ਕਈ ਲੱਛਣ ਭਾਰਤੀ-ਆਰੀਆ ਭਾਸ਼ਾਵਾ ਨਾਲ ਸਾਝੇ ਹਨ। ਨਾਲੇ ਇਤਿਹਾਸਕ ਭਾਸ਼ਾ-ਵਿਗਿਆਨ ਦੀ ਨਵੀਨਤਮ ਚਿੰਤਨ-ਧਾਰਾ ਦੇ ਮੁਤਾਬਕ ਭਾਰਤੀ-ਈਰਾਨੀ ਕੁਲ ਵਿਚ ਈਰਾਨੀ ਤੇ ਭਾਰਤੀ-ਆਰੀਆ ਦੋ ਉਪ-ਕੁਲ ਹੀ ਸ਼ਾਮਲ ਮੰਨੇ ਜਾ ਰਹੇ ਹਨ। ਭਾਰਤੀ-ਈਰਾਨੀ ਕੁਲ ਦੀ ਈਰਾਨੀ ਸ਼ਾਖਾ ਦਾ ਸੰਖੇਪ ਉਲੇਖ ਪਿਛਲੇ ਪੰਨਿਆ ਤੇ ਕੀਤਾ ਜਾ ਚੁੱਕਾ ਹੈ। ਹੁਣ ਅਗਲੇ ਪੰਨਿਆ ਤੇ ਭਾਰਤੀ-ਆਰੀਆ ਭਾਸ਼ਾ-ਕੁਲ (Indo-Aryan Family of Languages) ਦੇ ਵਿਭਿੰਨ ਪਾਸਾਰਾਂ ਤੇ ਪਹਿਲੂਆਂ ਦਾ ਵਰਣਨ ਤੇ ਵਿਸ਼ਲੇਸ਼ਣ ਕਰਨਾ ਇਸ ਖੋਜ-ਕਾਰਜ ਦੀ ਇਕ ਮੁੱਖ ਥੀਮ ਵਜੋਂ ਪ੍ਰਸਤੁਤ ਕੀਤਾ ਜਾਵੇਗਾ ਜਿਸ ਵਿਚ ਭਾਰਤੀ-ਆਰੀਆ ਭਾਸ਼ਾ-ਪਰੰਪਰਾ ਦੇ ਪ੍ਰਾਰੰਭਕ ਬਿੰਦੂ ਤੋਂ ਲੈ ਕੇ ਉਸ ਦੇ ਕ੍ਰਮਿਕ ਇਤਿਹਾਸ, ਜਣਨਿਕ ਨਿਕਾਸ ਅਤੇ ਭਾਸ਼ਾਗਤ ਵਿਕਾਸ ਆਦਿ ਵੱਖ ਵੱਖ ਪੱਖਾ ਦਾ ਅਧਿਐਨ ਕੀਤਾ ਜਾਵੇਗਾ।

ਭਾਰਤੀ-ਆਰੀਆ ਭਾਸ਼ਾ-ਪਰਿਵਾਰ (Indo-Aryan Family)

ਭਾਰਤੀ-ਆਰੀਆ ਭਾਸ਼ਾ ਇਕ ਐਸੀ ਵਿਰਾਸਤ ਹੈ ਜਿਸ ਵਿਚ ਭਾਰਤ-ਵਰਸ਼ ਦੀ ਸਮੁੱਚੀ ਸਭਿਅਤਾ ਤੇ ਤਹਿਜ਼ੀਬ ਸਮੋਈ ਹੋਈ ਮਿਲਦੀ ਹੈ। ਭਾਰਤੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਨਿਰਮਾਣ ਵਿਚ ਨੀਗ੍ਰੋਇਟ, ਆਸਟ੍ਰਿਕ, ਦ੍ਰਾਵਿੜ ਆਦਿ ਪੂਰਵ-ਆਰੀਆ ਜਾਤੀਆਂ ਦਾ ਬੇਸ਼ਕ ਬਹੁਤ ਬੜਾ ਯੋਗਦਾਨ ਹੈ ਪਰ ਭਾਰਤੀ ਸਭਿਅਤਾ ਦੀ ਮਹਾਨ ਉਸਾਰੀ ਵਿਚ ਆਰੀਆ ਭਾਸ਼ਾ ਨੇ ਹੀ ਅਹਿਮ ਭੂਮਿਕਾ ਨਿਭਾਈ ਹੈ। ਇਸ ਵਿਚ ਸ਼ਕ ਨਹੀਂ ਕਿ ਪੂਰਵ-ਆਰੀਆ ਯੁਗ ਵਿਚ ਆਸਟ੍ਰਿਕ ਅਤੇ ਦ੍ਰਾਵਿੜ ਲੋਕਾਂ ਨੇ ਹੀ ਭਾਰਤੀ ਤਹਿਜ਼ੀਬ ਦੀ ਆਧਾਰ-ਸ਼ਿਲਾ ਰਖੀ ਸੀ ਪਰ ਆਰੀਆਂ ਨੇ ਉਸ ਆਧਾਰ-ਸ਼ਿਲਾ ਉਤੇ ਜਿਹੜੀ ਉੱਨਤ ਸੰਸਕ੍ਰਿਤੀ ਦੀ ਉਸਾਰੀ ਕੀਤੀ ਹੈ ਉਸ ਦਾ ਮਾਧਿਅਮ ਅਤੇ ਉਸ ਦਾ ਪ੍ਰਤੀਕ ਆਰੀਆ ਭਾਸ਼ਾ ਹੀ ਬਣੀ ਹੋਈ ਹੈ। ਇਸ ਪ੍ਰਕਾਰ ਭਾਰਤੀ ਇਤਿਹਾਸ ਦੇ ਵੱਖ ਵੱਖ ਕਾਲ-ਖੰਡਾਂ ਅਤੇ ਵੱਖ ਵੱਖ ਭੂ-ਖੰਡਾਂ ਵਿਚ ਭਾਰਤੀ ਸਭਿਅਤਾ ਦੇ ਨਾਲ ਆਰੀਆ ਭਾਸ਼ਾ ਦਾ ਰਿਸ਼ਤਾ ਹਮੇਸ਼ਾ ਹਮੇਸ਼ਾ ਲਈ ਅਟੁੱਟ ਬਣਿਆ ਆ ਰਿਹਾ ਹੈ।

ਇਹ ਇਕ ਇਤਿਹਾਸਕ ਤੱਥ ਹੈ ਕਿ ਪਿਛਲੇ 3500 ਸਾਲਾਂ ਤੋਂ ਵੀ ਪੁਰਾਣਾ

ਆਰੀਆ ਭਾਸ਼ਾ ਦਾ ਅਖੰਡਤ ਇਤਿਹਾਸ ਇਕ ਨਿਰੰਤਰ ਧਾਰਾ ਵਿਚ ਵਹਿੰਦਾ ਆ ਰਿਹਾ ਹੈ। ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਆਰੀਆ ਲੋਕਾਂ ਦੀ ਆਰੀਆ ਭਾਸ਼ਾ ਦਾ ਲਗਭਗ ਇਕ ਹਜ਼ਾਰ ਸਾਲ ਪੂਰਵ-ਵਰਤੀ ਇਤਿਹਾਸ ਵੀ ਧੁੰਦਲੇ ਜਿਹੇ ਰੂਪ ਵਿਚ ਈਰਾਨ, ਇਰਾਕ, ਏਸ਼ੀਆ ਮਾਈਨਰ ਤੇ ਮੈਸੋਪੋਟਾਮੀਆ ਆਦਿ ਸਥਾਨਾਂ ਤੇ ਮਿਲਦਾ ਹੈ। ਇਸ ਤਰ੍ਹਾਂ ਅੰਦਾਜ਼ਨ 2400 ਪੂ.ਈ. ਤੋਂ ਲੈ ਕੇ ਅਜੋਕੇ ਸੰਨ 1995-96 ਈ. ਤਕ ਆਰੀਆ ਭਾਸ਼ਾ ਦੇ ਵਿਕਾਸ ਦੀ ਲਗਾਤਾਰ ਰੂਪ-ਰੇਖਾ ਉਲੀਕੀ ਜਾ ਸਕਦੀ ਹੈ ਕਿ ਕਿਸ ਤਰ੍ਹਾਂ ਆਰੀਆ ਭਾਸ਼ਾ ਹੌਲੀ ਹੌਲੀ *ਪ੍ਰਾਚੀਨ ਭਾਰਤੀ ਆਰੀਆ ਭਾਸ਼ਾ, ਮੱਧਕਾਲੀਨ ਭਾਰਤੀ ਭਾਸ਼ਾ ਅਤੇ ਆਧੁਨਿਕ ਭਾਰਤੀ ਆਰੀਆ ਭਾਸ਼ਾ* ਦੇ ਤਿੰਨ ਸੂਤਰੀ ਵਿਕਾਸਾਤਮਕ ਸਥਿਤੀਆਂ ਵਿਚੋਂ ਲੰਘਦੀ ਹੋਈ ਅੱਜ ਤਕ ਗਤੀਸ਼ੀਲ ਹੁੰਦੀ ਆ ਰਹੀ ਹੈ। ਸੰਸਾਰ ਦੇ ਕਿਸੇ ਵੀ ਹੋਰ ਭਾਸ਼ਾ-ਪਰਿਵਾਰ ਦੇ ਏਨੇ ਲੰਮੇ ਦੀਰਘ ਕਾਲ ਦਾ ਨਿਰੰਤਰ ਇਤਿਹਾਸ ਕਦਾਚਿਤ ਹੀ ਮਿਲਦਾ ਹੋਵੇਗਾ। ਇਸ ਦਾ ਪ੍ਰਮੁਖ ਕਾਰਣ ਇਹ ਹੈ ਕਿ ਭਾਰਤੀ ਭਾਸ਼ਾ ਵਿਚ ਸ਼ੁਰੂ ਤੋਂ ਹੀ ਬਹੁਤ ਪੁਰਾਤਨ ਲਿਖਤੀ ਗ੍ਰੰਥ, ਟੈਕਸਟ, ਸ਼ਿਲਾਲੇਖ, ਅਭਿਲੇਖ ਤੇ ਕਲੈਸੀਕਲ ਰਚਨਾਵਾਂ ਆਦਿ ਅਜੇਹੀ ਤੱਥ ਮੂਲਕ ਤੇ ਮੌਲਿਕ ਸਾਮਗ੍ਰੀ ਉਪਲਬਧ ਹੁੰਦੀ ਹੈ ਜਿਨ੍ਹਾਂ ਦੇ ਅਧਿਐਨ ਤੋਂ ਆਰੀਆ ਭਾਸ਼ਾ ਦੀਆਂ ਵਿਭਿੰਨ ਵੰਨਗੀਆਂ ਦੀ ਪਛਾਣ ਤੇ ਸਥਾਪਨਾ ਸਾਬਤ ਹੋ ਜਾਂਦੀ ਹੈ।

ਆਰੀਆਂ ਦਾ ਭਾਰਤ ਪ੍ਰਵੇਸ਼

ਈਰਾਨ ਵਿਚ ਸੰਜੁਗਤ ਤੌਰ ਤੇ ਨਿਵਾਸ ਕਰਨ ਤੋਂ ਬਾਅਦ ਆਰੀਆਂ ਦਾ ਭਾਰਤ ਵਿਚ ਆਗਮਨ ਕਈਆਂ ਪੀੜ੍ਹੀਆਂ ਤਕ ਹੌਲੀ ਹੌਲੀ ਹੋਇਆ ਪ੍ਰਤੀਤ ਹੁੰਦਾ ਹੈ, ਕਿਉਂਕਿ ਆਰੀਆਂ ਦੇ ਪ੍ਰਥਮ ਪ੍ਰਮਾਣਿਕ ਗ੍ਰੰਥ "ਰਿਗਵੇਦ" ਵਿਚ ਵਿਭਿੰਨ ਉਪਬੋਲੀਆਂ (dialects) ਦੇ ਸੰਕੇਤ ਮਿਲਦੇ ਹਨ ਜੋ ਇਸ ਤੱਥ ਦੇ ਸੂਚਕ ਜਾਪਦੇ ਹਨ ਕਿ ਆਰੀਆ ਲੋਕਾਂ ਦੇ ਕਈ ਦਲ ਅੱਗੜ-ਪਿੱਛੜ ਭਾਰਤ ਵਿਚ ਦਾਖਲ ਹੁੰਦੇ ਰਹੇ। ਫਾਰਸ ਜਾਂ ਈਰਾਨ ਦੀ ਭੂਮੀ ਆਰੀਆਂ ਦਾ ਘਰ-ਬਾਰ ਹੀ ਬਣਿਆ ਹੋਇਆ ਸੀ ਜਿਵੇਂ ਕਿ "ਈਰਾਨ" ਸ਼ਬਦ ਦੀ ਵਿਉਤਪੱਤੀ (ਜਾਂ ਨਿਰੁਕਤੀ) ਤੋਂ ਸਪਸ਼ਟ ਹੁੰਦਾ ਹੈ। ਈਰਾਨ ਸ਼ਬਦ ਸੰਸਕ੍ਰਿਤ ਦੀ ਛੇਵੀਂ ਵਿਭਕਤੀ ਬਹੁਵਚਨ ਸ਼ਬਦ "ਆਰਯਾਣਾਮ" (आर्याणाम्) ਤੋਂ ਹੀ ਵਿਉਤਪੰਨ ਹੋਇਆ ਹੈ ਜਿਸ ਦਾ ਭਾਵਾਰਥ ਹੈ "ਆਰੀਆਂ ਦਾ ਘਰ ਜਾਂ ਦੇਸ਼"। ਏਥੇ ਹੀ ਭਾਰਤੀ-ਈਰਾਨੀ ਸਭਿਅਤਾ ਦਾ ਬੀਜ ਅੰਕੁਰਤ ਤੇ ਵਿਕਸਿਤ ਹੋ ਕੇ ਆਰੀਆ-ਧਰਮ ਵਜੋਂ ਸਥਾਪਿਤ ਹੋ ਗਿਆ ਸੀ। ਸੰਜੁਗਤ ਆਰੀਆ-ਧਰਮ ਵਿਚੋਂ ਇਕ ਪਾਸੇ ਈਰਾਨ ਦਾ ਜ਼ੋਰੋਸਟ੍ਰਾ (ਜ਼ੋਰਥੋਸਟ੍ਰਾ) ਧਰਮ-ਸਭਿਆਚਾਰ ਅਤੇ ਦੂਜੇ ਪਾਸੇ ਭਾਰਤ ਦਾ ਵੈਦਿਕ ਧਰਮ-ਸਭਿਆਚਾਰ ਪ੍ਰਫੁੱਲਤ ਹੋਇਆ। ਪੂਰਵ-ਈਸਵੀ ਸਦੀਆਂ ਵਿਚ ਵਧਿਆ ਫੁੱਲਿਆ ਅਗਨੀ-ਪੂਜਕ ਜ਼ੋਰੋਸਟ੍ਰਾ ਧਰਮ ਆਪਣੇ ਸਮੇਂ ਦਾ ਬਲਵਾਨ ਧਰਮ ਸੀ ਜਿਸ ਦੇ ਬਿਲ-ਮੁਕਾਬਲ (ਸਮਾਨਾਂਤਰ) ਭਾਰਤ ਵਿਚ ਯੱਗ-ਪ੍ਰਧਾਨ ਵੈਦਿਕ ਧਰਮ ਦਾ ਵਿਕਾਸ ਹੋਇਆ ਜਿਸ ਵਿਚ ਸੋਮ (ਅਵੇਸਤਾ : ਹਓਮ) ਨੂੰ ਯੱਗਾਂ ਵਿਚ ਬਹੁਤ ਮਹੱਤਵ ਦਿੱਤਾ ਜਾਣ ਲੱਗਾ।

ਪਰ ਭਾਰਤੀ-ਈਰਾਨੀ (Indo-Iranian) ਸਾਂਝੇ ਜਨ-ਸਮੁਦਾਏ ਤੋਂ ਨਿਖੜ ਕੇ ਆਰੀਆ ਦੇ ਕਾਫਲੇ ਜਿਵੇਂ ਜਿਵੇਂ ਪ੍ਰਾਚੀਨ ਭਾਰਤ ਦੀ ਸਰਜ਼ਮੀਨ ਦੀਆਂ ਹੱਦਾਂ ਵੱਲ ਗਤੀਸ਼ੀਲ ਹੋ ਰਹੇ ਸਨ, ਉਨ੍ਹਾਂ ਨਾਲ ਅਨਾਰੀਆ (ਅਣ-ਆਰੀਆ) ਜਾਤੀਆਂ ਦਾ ਮੇਲ ਤੇ ਸੰਪਰਕ ਵੀ ਕਾਰਜਸ਼ੀਲ ਹੋ ਰਿਹਾ ਸੀ। ਭਾਰਤ ਦੇ ਨਿਕਟਵਰਤੀ ਪੂਰਬੀ ਈਰਾਨੀ ਖੇਤਰ ਦੇ "ਦਾਸ-

ਦਸਯੂ " ਅਜਿਹੀਆਂ ਹੀ ਅਨਾਰੀਆ ਜਾਤੀਆਂ ਸਨ । ਇਹ ਦਾਸ-ਦਸਯੂ ਸੰਯੁਕਤ ਭਾਰਤ ਦੇ ਧੁਰ ਉੱਤਰ-ਪੱਛਮੀ ਖੇਤਰ ਪੰਜਾਬ ਤੇ ਸਿੰਧ ਦੇ ਇਲਾਕਿਆਂ ਵਿਚ ਫੈਲੇ ਹੋਏ ਸਨ । ਆਰੀਆਂ ਨੂੰ ਭਾਰਤ ਵਿਚ ਪ੍ਰਵੇਸ਼ ਕਰਨ ਸਮੇਂ ਜਿਨ੍ਹਾਂ ਕੌਮਾਂ ਤੇ ਜਾਤੀਆਂ ਨਾਲ ਸਾਹਮਣਾ ਕਰਨਾ ਪਿਆ ਉਹ ਦਾਸ ਤੇ ਦਸਯੂ ਨਾਵਾਂ ਹੇਠ ਰਿਗਵੇਦ ਵਿਚ ਵੀ ਨਿਰਦੇਸ਼ ਕੀਤੇ ਗਏ ਹਨ । ਈਰਾਨੀ ਭਾਸ਼ਾ ਵਿਚ ਦਸਯੂ ਦਾ "ਦਹਯੂ" ਰੂਪਾਂਤਰ ਹੋਇਆ ਹੈ । ਪ੍ਰਾਚੀਨ ਫ਼ਾਰਸੀ ਵਿਚ "ਦਹਯੂ" ਜਾਤੀਵਾਚਕ ਸ਼ਬਦ ਨਹੀਂ ਰਿਹਾ, ਇਹ ਦੇਸ਼-ਵਾਚੀ ਸ਼ਬਦ ਵਿਚ ਵਰਤਿਆ ਹੋਇਆ ਮਿਲਦਾ ਹੈ । ਇਸੇ ਦਹਯੂ ਤੋਂ ਨਵੀਨ ਫ਼ਾਰਸੀ ਵਿਚ "ਦਿਹ" ਅਰਥਾਤ ਪਿੰਡ-ਗ੍ਰਾਮ ਵਿਕਸਿਤ ਹੁੰਦਾ ਹੈ ਅਤੇ ਅੱਗੇ "ਦਿਹ" ਤੋਂ ਹੀ ਦਿਹਾਤ (ਪਿੰਡ) ਸ਼ਬਦ ਵਿਉਤਪੰਨ ਹੋਇਆ ਹੈ । ਸਪਸ਼ਟ ਹੈ ਕਿ ਭਾਰਤ ਵਿਚ ਆਰੀਆਂ ਦਾ ਆਗਮਨ ਜਾਂ ਆਰੀਆ ਦਾ ਭਾਰਤ ਉੱਤੇ ਆਕਰਮਣ ਪੂਰਬੀ ਈਰਾਨ ਤੋਂ ਅਜੋਕੇ ਪੰਜਾਬ ਦੇ ਦਾਸ-ਦਸਯੂ ਇਲਾਕਿਆਂ ਵਿਚ ਆਰੀਆ ਭਾਸ਼ਾ ਤੇ ਸਭਿਆਚਾਰ ਦਾ ਪ੍ਰਸਾਰ ਮਾਤਰ ਹੀ ਸੀ, ਕਿਉਂਕਿ ਆਰੀਆ ਲੋਕ ਸ਼ਾਇਦ ਇਸ ਹਕੀਕਤ ਤੋਂ ਬੇਖ਼ਬਰ ਹੀ ਸਨ ਕਿ ਉਹ ਇਕ ਨਵੇਂ ਦੇਸ਼ ਵਿਚ ਪ੍ਰਵੇਸ਼ ਕਰ ਰਹੇ ਹਨ । ਭਾਰਤੀ ਦੀਪ ਦਾ ਇਹੋ ਉੱਤਰ-ਪਛਮੀ ਇਲਾਕਾ ਸਿੰਧ-ਪੰਜਾਬ ਦਾ ਦਹਾਨਾ ਹੀ ਸੀ ਜਿਥੋਂ ਆਰੀਆ ਕੌਮ ਦੀ ਭਾਸ਼ਾ, ਸਭਿਅਤਾ, ਸਭਿਆਚਾਰ, ਅਤੇ ਸਾਹਿੱਤ ਸੁਮੱਚੇ ਭਾਰਤ ਵਿਚ ਪੁਰ-ਰੋਸ਼ਨ ਹੁੰਦਾ ਚਲਾ ਗਿਆ ਸੀ ।

ਭਾਰਤ ਦਾ ਪਰੰਪਰਾਗਤ ਦ੍ਰਿਸ਼ਟੀਕੋਣ

Indian origin of Aryans

ਹੁਣ ਤਕ ਅਸੀਂ ਯੂਰਪੀ ਤੇ ਪੱਛਮੀ ਵਿਦਵਾਨਾਂ ਦੀ ਇਸ ਥਿਊਰੀ ਨੂੰ ਹੀ ਸਮਰਪਿਤ ਸਾਂ ਕਿ ਆਰੀਆ-ਲੋਕ ਭਾਰਤ-ਵਰਸ਼ ਦੇ ਮੂਲ-ਵਸਨੀਕ ਨਹੀਂ ਹਨ ਸਗੋਂ ਆਰੀਆ-ਲੋਕ ਤਾਂ ਬਾਹਰੋਂ ਕਿਸੇ ਵਿਦੇਸ਼ੀ ਧਰਤੀ ਤੋਂ ਹੀ ਪਰਵਾਸ ਕਰਕੇ ਏਥੇ ਦਾਖ਼ਲ ਹੋਏ ਹਨ । ਪਰ ਭਾਰਤ ਦਾ ਹੋਰ ਸਿੱਧਾਂਤ ਹੈ ਕਿ :

"Aryan people (Indo-Aryan) is indigenous to India".

ਇਸ ਤਰ੍ਹਾਂ ਪੱਛਮੀ ਵਿਦਵਾਨਾਂ ਵਲੋਂ ਪ੍ਰਚਾਰਿਤ ਆਰੀਆ ਦਾ ਗ਼ੈਰ-ਭਾਰਤੀ ਮੂਲ-ਦੇਸ਼ ਵਾਲਾ ਸਿੱਧਾਂਤ ਭਾਰਤੀ ਵਿਦਵਾਨਾਂ ਨੂੰ ਕਬੂਲ ਨਹੀਂ ਹੈ । ਭਾਰਤੀ ਵਿਦਵਾਨਾਂ ਦਾ ਪਰੰਪਰਾਗਤ ਦ੍ਰਿਸ਼ਟੀਕੋਣ ਇਸ ਵਿਚਾਰ ਬਿੰਦੂ ਤੇ ਕੇਂਦਰਿਤ ਹੈ ਕਿ ਆਰੀਆ ਜਾਤੀ ਦਾ ਆਦਿ-ਦੇਸ਼ (ਅਥਵਾ ਜੱਦੀ ਘਰ) ਇਹੋ ਭਾਰਤ ਦੇਸ ਹੀ ਹੈ ; ਭਾਰਤੀ ਪਰੰਪਰਾ ਦੇ ਅਨੁਸਾਰ ਆਰੀਆ ਲੋਕ ਭਾਰਤ ਦੇ ਹੀ ਮੂਲ-ਵਸਨੀਕ ਸਨ ਅਤੇ ਹਨ ਅਤੇ ਭਾਰਤ ਹੀ ਆਰੀਆ ਦਾ ਆਦਿ-ਦੇਸ਼ ਹੈ । ਆਰੀਆ ਕਿਤੋਂ ਬਾਹਰੋਂ ਨਹੀਂ ਆਏ ਬਲਕਿ ਇਹ ਭਾਰਤ ਦੀ ਧਰਤੀ ਤੋਂ ਹੀ ਪ੍ਰਸਥਾਨ ਕਰਕੇ ਵਿਦੇਸ਼ਾਂ ਵੱਲ ਗਏ ਸਨ । ਇਸੇ ਕਾਰਣ, ਈਰਾਨ, ਮੈਸੋਪੋਟਾਮੀਆਂ, ਯੂਰਪ ਤੇ ਮੱਧ-ਏਸ਼ੀਆ ਦੇ ਕਈਆਂ ਅਸਥਾਨਾਂ ਤੇ ਆਰੀਆ ਸਭਿਅਤਾ ਅਤੇ ਆਰੀਆ ਸੰਸਕ੍ਰਿਤੀ ਦੇ ਅਨੇਕਾਂ ਨਿਸ਼ਾਨ ਮਿਲਦੇ ਹਨ ।

ਹੁਣੇ ਜਿਹੇ 1991 ਵਿਚ ਛਪੀ-ਆਪਣੀ ਪੁਸਤਕ ਵਿਚ ਸ੍ਰੀ ਕੋਲਿਨ *ਪੀ. ਮਸੀਕਾ* ਨੇ [Colin P. Masica : The Indo-Aryan Languages, 1991 : 37-39] "ਆਰੀਆ ਦਾ ਆਦਿ-ਦੇਸ਼" ਦੇ ਵਿਸ਼ੇ ਨੂੰ ਮੁੜ-ਵਿਚਾਰਨ ਦਾ ਉਪਰਾਲਾ ਕੀਤਾ ਹੈ । ਉਸ ਨੇ ਲਿਖਿਆ ਹੈ ਕਿ ਪੱਛਮੀ ਵਿਦਵਾਨਾਂ ਦੀ ਪ੍ਰਵਾਸ-ਪਰਿਕਲਪਨਾ (migration hypotheses) ਭਾਰਤੀ

ਪਰੰਪਰਾ ਦੇ ਅਨੁਰੂਪ ਨਾ ਹੋਣ ਕਰਕੇ ਇਸ ਨਾਲ ਮੇਲ ਨਹੀਂ ਰਖਦੀ। ਭਾਰਤੀ ਪਰੰਪਰਾ ਦਾ ਦਾਅਵਾ ਹੈ ਕਿ ਆਰੀਆਂ ਦੇ ਕਿਸੇ ਵੀ ਪ੍ਰਾਚੀਨ ਦਸਤਾਵੇਜ਼ ਅਤੇ ਟੈਕਸਟ ਵਿਚ ਉਨ੍ਹਾਂ ਦੇ ਭਾਰਤੋਂ ਬਾਹਰ ਕਿਸੇ ਵੀ ਨਿਵਾਸ-ਅਸਥਾਨ ਬਾਰੇ ਕੋਈ ਵੀ ਸਮ੍ਰਿਤੀ, ਕੋਈ ਵੀ ਯਾਦ ਲੇਖ-ਬੱਧ ਹੋਈ ਨਹੀਂ ਮਿਲਦੀ। ਲੇਕਿਨ ਕੋਲਿਨ ਇਸ ਭਾਰਤੀ ਦ੍ਰਿਸ਼ਟੀ ਨਾਲ ਸਹਿਮਤ ਨਹੀਂ ਹੈ। ਕਾਫੀ ਵਿਚਾਰ-ਵਿਮਰਸ਼ ਤੋਂ ਬਾਅਦ ਓੜਕ ਨੂੰ ਕੋਲਿਨ ਨੇ ਇਹ ਨਿਚੋੜ ਕਢਿਆ ਹੈ ਕਿ ਆਰੀਆ ਦਾ ਮੂਲ-ਦੇਸ਼ ਗ਼ੈਰ-ਭਾਰਤ (extra-Indian origin of the Aryan) ਹੀ ਹੈ। ਇਸ ਸੰਦਰਭ ਵਿਚ ਵੱਖ ਵੱਖ ਵਿਦਵਾਨਾਂ ਨੇ ਆਪੋ-ਆਪਣੇ ਮਤ-ਸਿਧਾਂਤ ਨਿਰੂਪਣ ਕੀਤੇ ਹਨ। ਇਨ੍ਹਾਂ ਵਿਚ ਉੱਲੇਖ-ਯੋਗ ਹਨ :

(1) Schrader : *Pre-historic Antiquities of the Aryan People*
(2) Taylor : *Origin of the Aryan.*
(3) A.C.Dass : *Rigvedic India.*
(4) B.G.Tilak : *Arctic Home in Veda.*
(5) L.D.Kalla : *The Home of the Aryan.*
(6) Dr Sampurananand : ਆਰਯੋਂ ਕਾ ਆਦਿ ਦੇਸ਼ *(ਹਿੰਦੀ)*

ਇਨ੍ਹਾਂ ਤੋਂ ਇਲਾਵਾ ਡਾ ਬੀ ਬੀ ਚੌਬੇ ਦਾ ਨਾਮ ਵੀ ਉੱਲੇਖ-ਯੋਗ ਹੈ ਜੋ ਅੱਜਕੱਲ ਆਰੀਆਂ ਦੇ ਆਦਿ-ਦੇਸ਼ ਦੇ ਪ੍ਰਸ਼ਨ ਦਾ ਹਲ ਤਲਾਸ਼ ਕਰਨ ਲਈ ਪ੍ਰਤਿਬੱਧ ਹਨ। ਡਾ. ਚੌਬੇ (ਹੁਸ਼ਿਆਰਪੁਰ, ਪੰਜਾਬ) ਨੇ ਆਪਣੇ ਇਕ ਸੱਜਰੇ ਨਿਬੰਧ (Does the Word Arya in Rigveda Connote a Race) ਵਿੱਚ ਇਸ ਸਮੱਸਿਆ ਨੂੰ ਪ੍ਰਕਾਰਾਂਤਰ ਨਾਲ ਉਠਾਇਆ ਹੈ ਅਤੇ ਆਪਣੇ ਮਤ ਦੀ ਇਹ ਸਥਾਪਨਾ ਕੀਤੀ ਹੈ ਕਿ "ਆਰੀਆ" ਰਿਗਵੇਦ ਵਿਚ ਜਾਤੀ-ਵਾਚਕ ਸ਼ਬਦ ਹੈ, ਅਤੇ ਆਰੀਆਂ ਦਾ ਆਦਿ ਦੇਸ਼ ਭਾਰਤ ਹੀ ਹੈ। ਆਰੀਆਂ ਦੇ ਆਦਿ-ਦੇਸ ਬਾਰੇ ਡਾ. ਚੌਬੇ ਦੀ ਇਕ ਵੱਖਰੀ ਸੁਤੰਤਰ ਖੋਜ-ਪੁਸਤਕ ਛੇਤੀ ਹੀ ਪ੍ਰਕਾਸ਼ਿਤ ਹੋ ਰਹੀ ਹੈ ਜਿਸ ਨਾਲ ਇਸ ਸਮੱਸਿਆ ਦੇ ਸੰਦਰਭ ਵਿਚ ਹੋਰ ਵਧੇਰੇ ਭਾਸ਼ਾ-ਵਿਗਿਆਨਿਕ, ਮਾਨਵ-ਵਿਗਿਆਨਿਕ, ਪੁਰਾਤੱਤਵੀ ਅਤੇ ਸਾਹਿਤਕ ਸਬੂਤ ਉਪਲਬਧ ਹੋ ਸਕਣ ਦੀ ਆਸ ਹੈ। "ਆਰੀਆਂ ਦਾ ਆਦਿ-ਦੇਸ਼" ਬਾਰੇ ਦੋ ਸੱਜਰੇ ਅਧਿਐਨ ਹੁਣੇ ਹੀ ਪ੍ਰਕਾਸ਼ਿਤ ਹੋਏ ਹਨ।

(1) "*Return of Aryans*" by Bhagwan S. Gidwani,* New Delhi, 1994.
(2) "*The Myth of the Aryan Invasion of India*" by David Frawley, Voice of India, New Delhi.

ਸ੍ਰੀ ਭਗਵਾਨ ਐਸ. ਗਿਦਵਾਨੀ [1994-5] ਨੇ ਆਪਣੇ ਵੱਡ-ਆਕਾਰੀ, ਤੱਥ-ਮੂਲਕ ਇਤਿਹਾਸਕ ਨਾਵਲ "*Return of the Aryan*" ਵਿਚ ਅਤਿਅੰਤ ਪ੍ਰਾਚੀਨ ਭਾਰਤੀ ਟੈਕਸਟ ਅਤੇ ਹੋਰ ਖੋਜ-ਸਾਮਗ੍ਰੀ ਦੀ ਦਸਾਂ ਸਾਲਾਂ ਦੀ ਗੰਭੀਰ ਖੋਜ-ਪੜਤਾਲ ਤੋਂ ਬਾਅਦ ਇਸ ਸਿੱਧਾਂਤ ਦੀ ਪੇਸ਼ਕਾਰੀ ਕੀਤੀ ਹੈ ਕਿ ਆਰੀਆ-ਜਨ ਵਾਸਤਵ ਵਿਚ ਭਾਰਤ-ਵਰਸ਼ ਦੇ ਹੀ ਆਦਿ-ਵਸਨੀਕ (natives) ਸਨ, ਅਤੇ ਗਿਦਵਾਨੀ ਨੇ ਇਸ ਸੰਕਲਪਨਾ ਨੂੰ ਰੱਦ ਕੀਤਾ

* Bhagwan S. Gidwani, widely known as the author of the book, "*The Sword of Tipu Sultan*" which was later made into a successful tele-serial.

ਹੈ ਕਿ ਆਰੀਆ ਲੋਕ ਯੂਰਪੀ ਦੇਸਾਂ ਜਾਂ ਮੱਧ-ਏਸ਼ੀਆ ਤੋਂ ਪ੍ਰਸਥਾਨ ਕਰ ਕੇ ਭਾਰਤ-ਦੀਪ ਵਿਚ ਦਾਖ਼ਲ ਹੋਏ ਸਨ। ਬਲਕਿ, ਗਿਦਵਾਨੀ ਦੇ ਮੁਤਾਬਕ ਹਕੀਕਤ ਇਹ ਹੈ ਕਿ ਆਰੀਆ-ਜਨ ਕਿਸੇ ਪਵਿਤਰ ਭੂਮੀ ਦੀ ਤਲਾਸ਼ ਕਰਨ ਦਾ ਮਿਸ਼ਨ ਲੈ ਕੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਗਏ ਸਨ ਜਿਸ ਮਿਸ਼ਨ ਵਿਚ ਫੇਲ ਹੋਣ ਕਰਕੇ ਉਹ ਵਾਪਸ ਸਵਦੇਸ਼ ਪਰਤੇ ਸਨ। ਸ੍ਰੀ ਗਿਦਵਾਨੀ ਦੇ ਇਸ ਸਿਧਾਂਤ ਦੀ ਸਮੀਖਿਆ ਦਲਬੀਰ ਸਿੰਘ ਦੇ ਸ਼ਬਦਾਂ ਵਿਚ ਹੇਠਾਂ ਉਧ੍ਰਿਤ (ਮੂਲ ਰੂਪ ਵਿਚ) ਵਿਚ ਕੀਤੀ ਜਾਂਦੀ ਹੈ :

"The author claims that the Aryans, who are believed to have come from countries of Europe and other parts, were actually the natives of India or Bharat Varsha as it was called in those days and they were actually returning home after a failed mission to find a land of the pure outside their country .

This claim of celebrated author is sure to add to the ongoing controversy created by many historians describing the Aryans as invaders who came to India from Europe and Central Asia, and those who bitterly contest this theory. The first contention is based on the discernible influence of Greek, Latin and many other languages in classic Sanskrit. But Gidwani says that it is the other way round as it was Sanskrit which went out with the Aryans to the various places.

His thesis is that the Aryans were very much the sons of India. Many of them left India for foreign lands in search of a "pure" society, free from corruption, violence or other evils. Their aim was not to seek a fortune outside their homeland. They were not plunderers out to loot the other people. Nor were they religious zealots or cusaders. They went out for the heck of it and finding no pure place, returned home.

Some of them returned home within a short time, while the younger ones settled abroad, married and had children. When they finally came back, not only their wives and husbands of foreign origin accompanied them but also many natives of the foreign lands. Hence the difference in the colour of their skins. The Aryans had ventured into as many as 22 countries including Iran, Egypt, Finland, Lithuania, Turky, Germany, Spain, Greece in the West and to Bali, Java and Malaysia in the East. Wherever the Aryans from Bharat Varsha went, they left behind the imprint of the Sanskrit Language and their cultural, social and spiritual traits. In this way the Indo-European and Indo-Dravidian Languages were enriched by Sanskrit."

(2) ਦੂਜੀ ਤਾਜ਼ੀ ਪੁਸਤਕ ਹੈ "*The Myth of the Aryan Invasion of India*" ਜਿਸ ਦਾ ਲੇਖਕ ਹੈ David Frawley (ਵਾਮਦੇਵ ਸ਼ਾਸਤ੍ਰੀ)। ਡੇਵਿਡ ਫ੍ਰਾਉਲੇ ਨੇ ਆਰੀਆ ਦਾ ਹਮਲਾ ਵਾਲੀ ਪਛਮੀਆਂ ਦੀ ਥਿਊਰੀ ਨੂੰ ਰੱਦ ਕਰਕੇ ਇਸ ਅਭਿਮਤ ਦੀ

ਸਥਾਪਨਾ ਕੀਤੀ ਹੈ ਕਿ ਸਿੰਧ ਵਾਦੀ ਸਭਿਅਤਾ (Indus Valley Civilisation) ਅਸਲ ਵਿਚ "ਸਰਸਵਤੀ ਸਭਿਅਤਾ ਜਾਂ ਕਲਚਰ" ਹੀ ਹੈ ਜੋ *ਮੋਹਿੰਜੋਦੜੋ* ਤੇ ਹੜੱਪਾ ਦੀ ਸਕਲ ਵਿਚ ਆਰੀਆਂ ਦੀ ਦੇਣ ਹੀ ਹੈ ਅਤੇ ਜੋ ਹੁਣ ਘੱਗਰ ਨਦੀ ਦੀ ਸਕਲ ਵਿਚ ਉਪਲਬਧ ਹੁੰਦੀ ਹੈ। *ਸਰਸਵਤੀ* ਕਲਚਰ ਦੇ ਕੋਈ 500 ਤੋਂ ਵਧੇਰੇ ਨਿਸ਼ਾਨ ਤੇ ਸਥਾਨ ਮਿਲਦੇ ਹਨ। ਫ੍ਰਾਉਲੇ ਦਾ ਦਾਅਵਾ ਹੈ ਕਿ ਆਰੀਆ ਲੋਕ ਭਾਰਤ-ਭੂਮੀ ਦੇ ਹੀ ਕਦੀਮ ਜੱਦੀ ਆਦਿ-ਵਸਨੀਕ (natives) ਸਨ। ਫ੍ਰਾਉਲੇ ਦੀ ਇਸ ਨਵੀਨ ਖੋਜ-ਪੁਸਤਕ ਬਾਰੇ ਜਸਵੰਤ ਸਿੰਘ ਨੇ ਜਿਹੜੀ ਸਮੀਖਿਆਤਮਕ ਟਿੱਪਣੀ ਲਿਖੀ ਹੈ ਉਹ ਹੇਠਾਂ ਪੇਸ਼ ਕੀਤੀ ਜਾਂਦੀ ਹੈ :

"Who were the origianl inhabitants of this sub-continent, the Aryans, the Dravidians or some other ethnic group ? Nineteenth century historians of Europe strongly projected the Arayan invasion theory, according to which light-skinned tribes of Central Asia, using horses and iron weapons, invaded India around 1500-1000 B.C., overran a dark-skinned urban civilisation and eradicated all evidence of the conquest. This view of ancient Indian history divided the country on North-South (Aryan-Dravidian) lines.

The exsitence of a pre-Aryan civilisation was established with the discovery of the ruins of Harappa and Mohenjodaro which were given the name of "Indus Valley Culture". The invasion theory presupposes the existense of a pre-Vedic civilisation and the pre-Vedic civilisation and the massive Vedic literature is supposed to be the product of the age that followed the destructive invasion.

David Frawely (Vamadev Shastri) who is recognised in India as a "Vedacharaya", is among those who are qustioning the validity of this theory which continues to be part of some history books even today. He points out that even the protagonists of the invasion theory have now shifted their ground from one destructive invasion to a series of migrations of pastoral people, not ferocious hordes.

Frawley discards both the invasion and migration theories. Not only that, he accuses the 19th centruy historians of first propounding a theory and then twisting every evidence to substantiate it. He holds that Harappa and Mohenjodaro represent only the fringe of the civilisation that flourished on the banks not of the Indus but of the Saraswati which was then a mighty river east of the Indus and the drying up of which had caused the abandonment of these urban sites. He prefers to call this civilisation "*Saraswati Culture*".

He points out that modern technology has traced the course of the Saraswati, the present day Ghaggar, up to the sea and more than 500 sites of this civilisation have been discovered along this river, while the Indus has only about three dozen sites. None of these sites present

any evidence of destroyed cities or massacred population.

He wonders how the huge mass of Vedic literature could have been produced by nomadic marauders who destroyed a great civilisation. Surprisingly, urban Harappans have not left any literature that can be differentiated from the Vedic texts. There is nothing to separate the so-called Aryans from the non-Aryans in terms of culture, religion or population, he says.

Frawely believes that the Aryans are the native to this land and the invasion theory is an example of colonial thought turned into history. It gave the British a justification for their conquest of India. They were doing only what the Aryan ancestors had done millennia ago. The same justification could be used by other invaders of India, he maintains."

'ਆਰੀਆਂ ਦਾ ਕਦੀਮ ਜੱਦੀ ਦੇਸ਼' ਇਸ ਵਿਸ਼ੈ ਬਾਰੇ ਭਾਰਤੀ ਦ੍ਰਿਸ਼ਟੀਕੋਣ ਦੀ ਜਦੋਂ ਤਕ ਸਰਬ-ਪ੍ਰਵਾਨਗੀ ਸਥਾਪਿਤ ਨਹੀਂ ਹੋ ਜਾਂਦੀ ਹੈ ਤਦੋਂ ਤਕ ਅਸੀਂ ਪ੍ਰਸ਼ਨ-ਚਿੰਨ੍ਹਤ ਪੱਛਮੀ ਦ੍ਰਿਸ਼ਟੀ-ਬਿੰਦੂ ਦੀ ਸੇਧ ਵਿਚ ਹੀ ਆਪਣਾ ਅਗਲਾ ਅਧਿਐਨ ਜਾਰੀ ਰੱਖਣ ਦਾ ਆਹਰ ਕਰਾਂਗੇ ।

ਭਾਰਤੀ ਆਰੀਆ ਭਾਸ਼ਾ ਦਾ ਆਰੰਭ-ਬਿੰਦੂ

ਆਰੀਆ-ਜਨ ਭਾਰਤ ਵਿਚ ਕਦੋਂ ਦਾਖ਼ਲ ਹੋਏ ਇਸ ਬਾਰੇ ਕੋਈ ਸੀਮਾ-ਰੇਖਾ ਨਿਸ਼ਚੇ ਨਾਲ ਨਹੀਂ ਮਿਥੀ ਜਾ ਸਕਦੀ । ਇਸ ਅਨਿਸ਼ਚਤ ਸਮੇਂ ਸੀਮਾ ਦੇ ਦੋ ਕਾਰਣ ਭਾਸ਼ਾ ਵਿਗਿਆਨ ਅਤੇ ਮਾਨਵ-ਵਿਗਿਆਨ (anthropology) ਦੇ ਵਿਦਵਾਨ ਇਸ ਸੰਭਾਵਨਾ ਨਾਲ ਸਹਿਮਤ ਹਨ ਕਿ ਆਰੀਆ ਲੋਕਾਂ ਦੇ ਪਹਿਲੇ ਕਾਫਲੇ ਸਪਤ ਸਿੰਧੂ ਪ੍ਰਦੇਸ਼ (ਪ੍ਰਾਚੀਨ ਵਿਸ਼ਾਲ ਪੰਜਾਬ) ਵਿਚ ਅੰਦਾਜ਼ਨ 1500 ਪੂਰਵ-ਈਸਵੀ (ਸਾਢੇ ਤਿੰਨ ਹਜ਼ਾਰ ਸਾਲ ਪਹਿਲਾ) ਨੂੰ ਦਾਖਲ ਹੋਏ ਸਨ *। ਆਰੀਆ ਲੋਕ ਆਪਣੀ ਆਰੀਆ ਭਾਸ਼ਾ ਬੋਲਦੇ ਸਨ ਅਤੇ ਉਸੇ ਆਰੀਆ ਭਾਸ਼ਾ ਵਿਚ ਹੀ ਆਪਣੇ ਦੇਵਤਿਆਂ ਲਈ ਉਸਤਤੀਆਂ, ਪ੍ਰਾਰਥਨਾਵਾਂ ਤੇ ਹੋਰ ਵੀਰ ਗਾਥਾਵਾਂ (ਨਾਰਾਸੰਸ ਗਾਥਾ ਆਦਿ) ਦੀ ਰਚਨਾ ਕਰਦੇ ਸਨ ਜਿਨ੍ਹਾਂ ਨੂੰ ਉਹ ਛੰਦਾਂ ਵਿਚ ਗਾਉਂਦੇ ਸਨ । ਇਹੋ ਕਾਲ-ਖੰਡ ਭਾਰਤੀ ਆਰੀਆ ਭਾਸ਼ਾ ਅਤੇ ਆਰੀਆ ਸਾਹਿੱਤ ਦਾ ਆਰੰਭ-ਬਿੰਦੂ ਕਿਹਾ ਜਾ ਸਕਦਾ ਹੈ । ਇਸੇ ਕਾਲ-ਖੰਡ ਵਿਚ ਹੀ ਵੈਦਿਕ ਰਿਚਾਵਾਂ ਉਚਾਰੀਆਂ ਤੇ ਇਕੱਤਰ ਕੀਤੀਆਂ ਜਾ ਰਹੀਆਂ ਸਨ ਜਿਨ੍ਹਾਂ ਦਾ ਵੈਦਿਕ ਸੰਹਿਤਾਵਾਂ (ਵੇਦਾਂ) ਦੇ ਰੂਪ ਵਿਚ ਸੰਕਲਨ ਹੋਇਆ ਮਿਲਦਾ ਹੈ । ਭਾਰਤ ਵਿਚ ਆਰੀਆ ਲੋਕਾਂ ਦੀ ਆਮਦ ਦਾ ਸਿਲਸਿਲਾ ਉਸ ਜਗ੍ਹਾ ਤੋਂ ਸ਼ੁਰੂ ਹੋਇਆ ਸੀ ਜਿਸ ਨੂੰ ਅੱਜ ਕਲ ਅਫਗਾਨਿਸਤਾਨ ਕਿਹਾ ਜਾਂਦਾ ਹੈ, ਅਤੇ ਇਸ ਵਿਚ ਵੀ ਗਾਂਧਾਰ ਪ੍ਰਦੇਸ਼ ਦਾ ਸਥਾਨ ਜਿਹੜਾ ਬਾਅਦ ਵਿਚ ਕੰਧਾਰ (ਕਾਬਲ ਘਾਟੀ) ਕਰਕੇ ਜਾਣਿਆ ਜਾਂਦਾ ਹੈ । ਏਥੇ ਹੀ ਆਰੀਆ ਲੋਕਾਂ ਨੇ ਭਾਰਤ-ਪ੍ਰਵੇਸ਼ ਤੋਂ ਪਹਿਲਾ ਪਹਿਲਾ ਕੁਝ ਸਮੇਂ ਲਈ ਪੜਾਉ ਕੀਤਾ ਹੋਵੇਗਾ । ਆਰੀਆ ਲੋਕ ਕੁਭਾ (ਕਾਬੁਲ), ਕਰਮੁ (ਕੁਰਮ), ਗੋਮਤੀ (ਗੋਮਲ) ਨਦੀਆਂ ਦੇ ਕੰਢੇ ਕੰਢੇ ਅਤੇ ਪੱਛਮੀ ਸਰਹੱਦਾਂ ਦੇ ਦੱਰਿਆਂ ਰਾਹੀਂ ਭਾਰਤ ਵਿਚ ਆਏ ਸਨ ।

---

* "The date most commonly accepted for the Aryan movement into India is 1500 B.C. Colin P. Masica, *The Indo-Aryan Language*, Cambridge, 1991, p. 37

ਆਰੀਆ ਤੇ ਭਾਰਤੀ-ਆਰੀਆ ਦਾ ਨਿਖੇੜਾ

ਜਿਵੇਂ ਕਿ ਅਸੀਂ ਪਹਿਲਾਂ ਵਰਣਨ ਕੀਤਾ ਹੈ ਕਿ ਮੂਲ ਭਾਰੋਪੀ (Proto-Indo-European) ਭਾਸ਼ਾ ਬੋਲਣ ਵਾਲੇ ਕਬੀਲਿਆਂ ਵਿਚੋਂ ਕੁਝ ਕਬੀਲੇ ਈਰਾਨ ਦੇਸ਼ ਦੀ ਪੱਬੀ (plateau) ਦੇ ਪੂਰਬੀ ਹਿੱਸੇ ਵਿਚ ਆ ਵਸੇ ਸਨ। ਇਹ ਘਟਨਾ ਸਾਇਦ 2000 ਪੂ. ਈ. ਦੀ ਹੈ। ਭਾਰੋਪੀ ਭਾਸ਼ਾ ਦੇ ਮਾਲਕ ਇਹ ਕਬੀਲੇ ਪੂਰਬੀ ਇਰਾਨ ਵਿਚ ਕੁਝ ਚਿਰ ਵਸਦੇ -ਰਸਦੇ ਰਹੇ। ਉਨ੍ਹਾਂ ਵਿਚੋਂ ਕੁਝ ਇੰਡੀਆਂ ਵਿਚ ਦਾਖਲ ਹੋਏ। ਇਸ ਖਿੰਡਰਾਉ ਤੋਂ ਪਹਿਲਾਂ, ਕਾਫੀ ਚਿਰ ਪਹਿਲਾਂ, ਉਨ੍ਹਾਂ ਦੀ ਭਾਸ਼ਾ ਵਿਕਾਸ ਦੇ ਇਕ ਅਜਿਹੇ ਪੜਾਉ ਤੇ ਪੁੱਜ ਚੁਕੀ ਸੀ ਜਿਸ ਨੂੰ ਇੰਡੋ-ਇਰਾਨੀਅਨ ਜਾਂ ਭਾਰਤੀ-ਈਰਾਨੀ ਕਿਹਾ ਜਾਂਦਾ ਹੈ। ਕਈ ਵਿਦਵਾਨ ਇੰਡੋ-ਇਰਾਨੀਅਨ ਸਮੁਦਾਏ ਨੂੰ "ਆਰੀਆ ਸਮੁਦਾਏ" ਵੀ ਆਖਦੇ ਹਨ। ਇਸ ਲਈ ਕੇਵਲ "ਆਰੀਆ" ਦਾ ਭਾਵ ਇੰਡੋ-ਈਰਾਨੀਅਨ ਭਾਸ਼ਾ ਵੀ ਲਿਆ ਜਾਂਦਾ ਹੈ। ਇਸ ਭਾਵ ਤੋਂ ਨਿਖੇੜਨ ਲਈ "ਆਰੀਆ" ਦੇ ਨਾਲ "ਭਾਰਤੀ" ਸ਼ਬਦਾਂਸ਼ ਜੋੜ ਕੇ "ਭਾਰਤੀ ਆਰੀਆ" (Indo-Aryan) ਨਾਮ ਪ੍ਰਚਲਿਤ ਕੀਤਾ ਗਿਆ ਹੈ। ਇਸੇ ਇੰਡੋ-ਈਰਾਨੀ (ਭਾਰਤੀ-ਈਰਾਨੀ) ਤੋਂ ਭਾਰਤੀ ਆਰੀਆ ਭਾਸ਼ਾ (Indo-Aryan) ਦਾ ਵਿਕਾਸ ਹੋਇਆ ਜਿਸ ਦਾ ਉੱਨਤ ਤੇ ਸੁਵਿਕਸਿਤ ਰੂਪ ਰਿਗਵੇਦ ਦੀ ਭਾਸ਼ਾ ਵਿਚ ਮਿਲਦਾ ਹੈ। ਭਾਰਤੀ ਆਰੀਆ ਭਾਸ਼ਾ ਦੇ ਪੂਰਵਜ ਰੂਪ ਨੂੰ ਨਾਲ ਲੈ ਕੇ ਆਰੀਆ ਲੋਕ ਭਾਰਤ ਵਿਚ ਆਏ ਸਨ।

ਇਹ ਗਿਆਤ ਨਹੀਂ ਹੈ ਕਿ ਆਰੀਆਂ ਦਾ ਆਪਣਾ ਈਰਾਨ ਵਾਲਾ ਜੱਦੀ ਘਰ ਛੱਡ ਕੇ ਸਥਾਨਾਂਤਰਣ (migration) ਕਰਨ ਦਾ ਕੀ ਮੰਤਵ ਸੀ, ਸੰਭਵ ਹੈ ਕਿ ਇਨ੍ਹਾਂ ਟੱਪਰੀਵਾਸ ਆਰੀਆਂ ਨੇ ਨਵੀਂ ਭੂਮੀ ਦੀ ਤਲਾਸ਼ ਤੇ ਲਾਲਸਾ ਕਰਕੇ ਇਹ ਮਾਈਗ੍ਰੇਸ਼ਨ ਕੀਤੀ। ਇਹ ਵੀ ਸੰਭਵ ਹੈ ਕਿ ਪੂਰਬੀ ਈਰਾਨ ਵਿਚ ਵਸਦੇ ਹੋਏ ਆਰੀਆਂ ਦੀ ਭਾਸ਼ਾ ਵਿਚ ਕਈ ਵੱਖ ਵੱਖ ਬੋਲੀਆਂ ਅਤੇ ਕਈ ਵੱਖ ਵੱਖ ਮਤ-ਮਤਾਂਤਰ ਪੈਦਾ ਹੋ ਗਏ ਹੋਣਗੇ ਜਿਸ ਕਰਕੇ ਆਰੀਆ ਦੇ ਟੱਬਰ ਇੰਡੀਆ ਵੱਲ ਵਧੇ ਹੋਣਗੇ। ਆਰੀਆਂ ਦੇ ਉਹ ਟੱਬਰ ਤੇ ਕਬੀਲੇ ਜਿਹੜੇ ਭਾਰਤ ਵਿਚ ਆ ਗਏ ਸਨ ਅਤੇ ਜਿਨ੍ਹਾਂ ਦੇ ਵੱਖਰੇ ਮਤ-ਮਤਾਂਤਰ ਹੋਂਦਸ਼ੀਲ ਹੋ ਗਏ ਸਨ, ਉਹੋ ਹੀ ਬਾਅਦ ਵਿਚ *ਹਿੰਦੂ-ਆਰਿਆ ਸੰਸਕ੍ਰਿਤੀ* ਦੇ ਸੰਸਥਾਪਕ ਤੇ ਸੰਚਾਲਕ ਬਣ ਨਿਬੜੇ ਸਨ।

ਆਰੀਆ ਭਾਸ਼ਾ ਦੀ ਅਨਾਰੀਆ ਪਿੱਠ-ਭੂਮੀ

ਜਦੋਂ ਆਰੀਆ ਜਾਤੀ ਦਾ ਭਾਰਤ ਵਿਚ ਆਗਮਨ ਹੋਇਆ ਤਾਂ ਇਹ ਭਾਰਤ-ਭੂਮੀ ਸੁੰਨਸਾਨ, ਬੇ-ਆਬਾਦ ਤੇ ਨਿਰਜਨ ਨਹੀਂ ਸੀ। ਏਥੇ ਤਕੜੀ ਸਾਰੀ ਉੱਨਤ ਸਭਿਅਤਾ ਦੀਆਂ ਮਾਲਕ ਕੌਮਾਂ ਨਿਵਾਸ ਕਰ ਰਹੀਆਂ ਸਨ। ਆਰੀਆ ਨੇ ਸ਼ਾਇਦ ਇਨ੍ਹਾਂ ਕੌਮਾਂ ਦੇ ਲੋਕਾਂ ਨੂੰ ਦਾਸ, ਦਸਯੂ ਕਿਹਾ ਹੈ ਜਿਨ੍ਹਾਂ ਬਾਰੇ "ਰਿਗਵੇਦ" ਵਿਚ ਕਾਫੀ ਸੰਕੇਤ ਮਿਲਦੇ ਹਨ। ਭਾਰਤ ਦੇ ਇਨ੍ਹਾਂ ਆਦਿਵਾਸੀਆਂ ਦਾ ਨਵਾਗਤ ਆਰੀਆਂ ਨਾਲ ਕੋਈ ਦੋਸਤਾਨਾਂ ਸਲੂਕ ਨਹੀਂ ਹੋਵੇਗਾ, ਬਲਕਿ ਇਨ੍ਹਾਂ ਅਨਾਰੀਆਂ ਨਾਲ ਹੀ ਆਰੀਆ ਲੋਕਾਂ ਦੀ ਪੈਰ ਪੈਰ ਤੇ ਮੁੱਠਭੇੜ ਹੋਈ ਹੋਵੇਗੀ ਅਤੇ ਸੰਗ੍ਰਾਮ ਮੱਚੇ ਹੋਣਗੇ। ਸ਼ਾਇਦ ਇਸੇ ਲਈ ਆਰੀਆ ਲੋਕ ਆਪਣੀ ਸੁਰੱਖਿਆ ਲਈ ਇੰਦ੍ਰ, ਅਗਨੀ, ਮਰੁਤ, ਪੂਸ਼ਾ ਆਦਿ ਦੇਵਤਿਆਂ ਦੀਆਂ ਉਸਤਤੀਆਂ ਕਰਦੇ ਦਿਖਾਏ ਗਏ ਹਨ। ਸਭ ਤੋਂ ਵੱਧ ਪ੍ਰਚੰਡ ਘਮਸਾਨ *ਸਪਤ ਸਿੰਧੂ* ਪੰਜਾਬ ਵਿਚ ਹੀ

ਮੰਚਿਆ ਹੋਵੇਗਾ, ਅਤੇ ਪ੍ਰਾਚੀਨ ਪੰਜਾਬ ਵਿਚ ਹੀ ਆਰੀਆ ਲੋਕਾਂ ਦੀਆਂ ਸਭ ਤੋਂ ਵੱਧ ਬਸਤੀਆਂ ਆਬਾਦ ਹੋਈਆਂ ਹੋਣਗੀਆਂ। ਜੋ ਵੀ ਹੈ, ਪੰਜਾਬ ਭੂਮੀ ਭਾਰਤੀ ਆਰੀਆ ਦੇ ਪ੍ਰਸਾਰ ਤੇ ਵਿਸਤਾਰ ਦੀ ਅੰਕੁਰ-ਭੂਮੀ ਬਣੀ। ਪੁਰਾਤਨ ਸਾਹਿਤ ਵਿਚ ਪ੍ਰਾਚੀਨ ਪੰਜਾਬ ਦੇ ਆਰੀਆ ਲੋਕਾਂ ਨੂੰ "ਉਦੀਚਯ" ਜਾਂ ਉੱਤਰ-ਦੇਸ਼ੀ ਕਿਹਾ ਜਾਂਦਾ ਸੀ ਅਤੇ ਉਹ ਆਪਣੀ ਵਿਸ਼ੁਧ ਨਸਲ ਦਾ ਮਾਣ ਮਹਿਸੂਸ ਕਰਦੇ ਸਨ। ਪ੍ਰਾਚੀਨ ਪੰਜਾਬ ਦੀ ਭਾਸ਼ਾ ਦੀ ਮੁਕਾਬਲਤਨ ਸ਼ੁਧਤਾ ਤੀਜੀ ਸਦੀ ਪੂਰਵ ਈ. ਦੇ ਅਸ਼ੋਕੀ ਸ਼ਿਲਾਲੇਖਾਂ ਤੋਂ ਪ੍ਰਗਟ ਹੁੰਦੀ ਹੈ। ਅਸ਼ੋਕ ਦੇ ਇਹ ਅਭਿਲੇਖ ਸੰਯੁਕਤ ਪੰਜਾਬ ਦੇ ਜ਼ਿਲ੍ਹਾ ਹਜ਼ਾਰਾ ਤੇ ਜ਼ਿਲ੍ਹਾ ਪੇਸ਼ਾਵਰ ਦੇ ਮਾਨਸਿਹਰਾ ਤੇ ਸ਼ਾਹਬਾਜ਼ ਗੜ੍ਹੀ ਦੇ ਸਥਾਨਾਂ ਤੇ ਉਪਲਬਧ ਹਨ। ਇਹ ਪਾਲੀ-ਪ੍ਰਾਕ੍ਰਿਤ ਵਿਚ ਹੁੰਦੇ ਹੋਏ ਵੀ ਵੈਦਿਕ ਭਾਸ਼ਾ ਦੇ ਬਹੁਤ ਨੇੜੇ ਹਨ [ਐਸ. ਕੇ. ਚਟਰਜੀ 1954 : 62] ਕੁਝ ਵੀ ਹੋਵੇ, ਇਹ ਨਿਸ਼ਚਿਤ ਲਗਦਾ ਹੈ ਕਿ *ਪ੍ਰਾਚੀਨ ਪੰਜਾਬ ਹੀ ਆਰੀਆ ਅਤੇ ਅਨਾਰੀਆ ਦਾ ਮਿਲਨ ਬਿੰਦੂ ਰਿਹਾ ਸੀ।*

ਪ੍ਰਾਚੀਨ ਭਾਰਤ ਦੀ ਉਹ ਭੂਮੀ ਜਿਥੇ ਆ ਕੇ ਆਰੀਆ ਲੋਕ ਵੱਸਣ ਲਗ ਪਏ ਸਨ, ਉਹ ਗ਼ੈਰ-ਆਰੀਆ (ਅਨਾਰੀਆ) ਲੋਕਾਂ ਦਾ ਨਿਵਾਸ ਸਥਾਨ ਸੀ. ਆਰੀਆਂ ਦੇ ਭਾਰਤ ਵਿਚ ਆਗਮਨ ਵੇਲੇ ਇਹ ਅਨਾਰੀਆ ਲੋਕ ਪੂਰਬੀ ਈਰਾਨ, ਅਫਗਾਨਿਸਤਾਨ (ਗੰਧਾਰ) ਦੇ ਵਿਚੋਂ ਵਿਚ ਉੱਤਰੀ ਭਾਰਤ ਅਤੇ ਪੰਜਾਬ ਤੇ ਸਿੰਧ ਸਮੇਤ ਪੱਛਮੀ ਭਾਰਤ ਵਿਚ ਫੈਲੇ ਹੋਏ ਸਨ। ਵੈਦਿਕ ਸਾਹਿਤ ਵਿਚ ਅਨਾਰੀਆ ਲਈ ਕਈ ਨਿੰਦਨੀ ਵਿਸ਼ੇਸ਼ਣ ਅੰਕਿਤ ਕੀਤੇ ਗਏ ਹਨ, ਜਿਵੇਂ

> *ਕਾਲੀ ਚਮੜੀ ਵਾਲੇ, ਨੱਕ-ਟੁੱਟੀਏ, ਰੁੱਖੇ ਬੋਲਾਂ ਵਾਲੇ (ਕੂੜ ਭਾਸ਼ੀ), ਕਰਮ ਹੀਨ ਦੇਵੀ ਦੇਵਤਿਆਂ ਨੂੰ ਨਾ ਮੰਨਣ ਵਾਲੇ, ਬ੍ਰਾਹਮਣ-ਵਿਰੋਧੀ, ਯੱਗ-ਹੀਨ, ਅਨੇਮੀ, ਵਿਰੋਧ ਨੇਮੀ, ਅੰਨਮਤੀਏ, ਲਿੰਗ-ਪੁਜਾਰੀ, ਦਾਸ-ਦਸਯੂ।**

ਇਸ ਪ੍ਰਕਾਰ ਰਿਗਵੇਦ ਵਿਚ ਵਰਣਨ ਕੀਤੇ ਦਾਸ ਦਸਯੂ ਨਿਸ਼ਚੇ ਹੀ ਗੈਰ-ਆਰੀਆ ਲੋਕ ਸਨ ਜਿਹੜੇ ਆਰੀਆਂ ਦੇ ਆਕ੍ਰਮਣ ਤੋਂ ਪਹਿਲਾਂ ਭਾਰਤ ਦੇ ਵਸਨੀਕ ਸਨ। ਪਰ ਸਵਾਲ ਇਹ ਹੈ ਕਿ ਇਹ ਅਨਾਰੀਆ ਲੋਕ ਕਿਹੜੀ ਨਸਲ ਦੇ ਸਨ ਅਤੇ ਇਨ੍ਹਾਂ ਦਾ ਸਭਿਆਚਾਰ ਕਿਹੋ ਜਿਹਾ ਸੀ ? ਆਰੀਆਂ ਦੇ ਸਭਿਆਚਾਰ ਤੇ ਭਾਸ਼ਾ ਨੂੰ ਇਨ੍ਹਾਂ ਅਨਾਰੀਆਂ ਦਾ ਕੀ ਤੇ ਕਿਵੇਂ ਕੋਈ ਯੋਗਦਾਨ ਸੀ ? ਅਜਿਹੇ ਪ੍ਰਸ਼ਨਾਂ ਬਾਰੇ ਵਿਦਵਾਨਾਂ ਨੇ ਜਿਹੜੇ ਵਿਚਾਰ ਪੇਸ਼ ਕੀਤੇ ਹਨ ਉਨ੍ਹਾਂ ਦਾ ਸੰਖੇਪ-ਸੂਤਰਾਂ ਵਿਚ ਵਰਣਨ ਕੀਤਾ ਜਾਂਦਾ ਹੈ।

ਐਲ. ਐਮ. ਜੋਸ਼ੀ; ਐਸ. ਕੇ. ਚੈਟਰਜੀ; ਟੀ. ਬਰੋ; ਏ. ਐਲ. ਬਾਸ਼ਮ ਆਦਿ ਵਿਦਵਾਨਾਂ ਨੇ ਵੱਖ ਵੱਖ ਸੰਦਰਭਾਂ ਵਿਚ ਲਿਖਿਆ ਹੈ ਕਿ ਗ਼ੈਰ-ਆਰੀਆ (ਅਨਾਰੀਆ) ਲੋਕ ਨੀਗ੍ਰਿਟੋ ਤੇ ਆਸਟ੍ਰਿਕ ਨਸਲਾਂ ਦੇ ਵੰਸ਼ਜ ਸਨ। ਇਨਾਂ ਵਿਚੋਂ ਵੀ ਨੀਗ੍ਰਿਟੋ ਪੂਰਵਵਰਤੀ ਅਤੇ ਆਸਟ੍ਰਿਕ ਮਗਰੋਂ ਹੋਣ ਕਰਕੇ ਉੱਤਰ-ਵਰਤੀ ਸਨ। ਇਨ੍ਹਾਂ ਤੋਂ ਬਾਅਦ ਦ੍ਰਾਵਿੜ ਅਤੇ ਮੰਗੋਲ-ਆਕਾਰ ਦੇ ਚੀਨੀ-ਤਿੱਬਤੀ ਜਨ-ਜਾਤੀਆਂ ਸਨ। ਵੈਦਿਕ ਭਾਸ਼ਾ ਤੇ ਸੰਸਕ੍ਰਿਤ ਵਿਚ ਨੀਗ੍ਰਿਟੋ ਜਾਤੀ ਨੂੰ ਛੱਡ ਕੇ ਬਾਕੀ ਅਨਾਰੀਆ ਜਾਤੀਆਂ ਲਈ ਨਾਮ-ਸ਼ਬਦ ਮਿਲਦੇ ਹਨ। ਆਸਟ੍ਰਿਕ ਜਾਤੀ ਲਈ "ਨਿਸ਼ਾਦ" (निषाद), ਦ੍ਰਾਵਿੜ ਜਾਤੀ ਲਈ ਦਾਸ-ਦਸਯੂ

---

* कृष्णत्वच्, अनास, मृध्रवाच्, अकर्मा, अदेवयु, अब्रह्मण, अयज्वान:, अव्रत, अन्यव्रत, अन्यदेवा, शिश्निदेवा:, दास-दस्यु।

(ਦਾਸ-ਦਸਯੂ) ਅਤੇ ਚੀਨੀ ਤਿੱਬਤੀ ਜਾਤੀ ਲਈ ਕਿਰਾਤ (किरात) ਨਾਵਾਂ ਦੀ ਵਰਤੋਂ ਹੋਈ ਮਿਲਦੀ ਹੈ। 1 ਬਾਲਮੀਕੀ ਰਾਮਾਇਣ ਵਿਚ "ਨਿਸ਼ਾਦ" ਦੀ ਵਰਤੋਂ

"मा निषाद प्रतिष्ठां त्वमगमः शाश्वतीः समाः"

2 ਕਵੀ ਭਾਰਵੀ ਦਾ ਗ੍ਰੰਥ "ਕਿਰਾਤਾਰਜੁਨੀਯ" (किरातार्जुनीयम्)

ਕਿਰਾਤ ਤੇ ਅਰਜੁਨ ਦਾ ਯੁੱਧ

ਨੇਗ੍ਰੀਟੋ (Negritos) : ਨੇਗ੍ਰੀਟੋ ਜਾਤੀ ਭਾਰਤੀ ਮਾਨਵ ਦੀ ਪ੍ਰਚੀਨ-ਤਮ ਨਸਲੀ ਵਰਗ ਹੈ। ਭਾਰਤੀ ਮਾਨਵ-ਸਮੁਦਾਏ ਵਿਚ ਨੇਗ੍ਰੀਟੋ ਜਾਤੀ ਦੇ ਧੁੰਦਲੇ ਜਿਹੇ ਨਿਸ਼ਾਨ ਮਿਲਦੇ ਹਨ। ਨੇਗ੍ਰੀਟੋ ਲੋਕ ਮਨੁੱਖੀ ਸਭਿਆਚਾਰ ਦੀ ਹੇਠਲੀ ਤਹਿ ਦੇ ਵਸਨੀਕ ਸਨ ਅਤੇ ਪ੍ਰਾਚੀਨ ਪੱਥਰ ਯੁਗ (palaeolithic) ਜਾਂ ਸ਼ਾਇਦ ਪੂਰਵ-ਪੱਥਰ ਯੁੱਗ ਦੇ ਪਹੁ-ਫੁਟਾਲੇ (eolithic) ਵਿਚ ਰਹਿੰਦੇ ਸਨ ਜਦੋਂ ਆਦਿਮ ਮਨੁੱਖ ਸਿਰਫ਼ ਭੋਜਨ ਬਟੋਰਨਾ ਹੀ ਜਾਣਦਾ ਸੀ, ਉਸ ਨੂੰ ਅੰਨ ਪੈਦਾ ਕਰਨ ਦੀ ਜਾਚ ਨਹੀਂ ਆਉਂਦੀ ਸੀ ਅਤੇ ਉਸਨੂੰ ਖੇਤੀਬਾੜੀ ਤੇ ਪਸ਼ੂ ਪਾਲਣ ਦਾ ਗਿਆਨ ਵੀ ਨਹੀਂ ਸੀ। ਨੇਗ੍ਰੀਟੋ ਲੋਕ ਠਿਗਣੇ ਕੱਦ ਵਾਲੇ ਅਤੇ ਕਾਲੇ ਰੰਗ ਦੇ ਉੱਨ ਜਿਹੇ ਵਾਲਾਂ ਨੂੰ ਧਾਰਣ ਕਰਦੇ ਸਨ। ਉਹ ਦੱਖਣੀ ਭਾਰਤ ਅਤੇ ਅੰਡੇਮਾਨ ਦੀਪ ਸਮੂਹ ਤਕ ਫੈਲੇ ਹੋਏ ਸਨ। ਦੱਖਣੀ ਭਾਰਤ ਵਿਚ ਕੁਝ ਜੰਗਲੀ ਜਾਤੀਆਂ ਹਨ ਜਿਵੇਂ ਇਰੂਲਾ (Irula), ਕਾਦਿਰ (Kadir), ਕੁਰੁੰਬ (Kurumba), ਉਨ੍ਹਾਂ ਵਿਚ ਨੇਗ੍ਰੀਟੋ ਵੰਸ਼ ਦੇ ਬਕਾਇਆ ਚਿੰਨ੍ਹ ਮਿਲਦੇ ਹਨ। ਭਾਰਤ ਦੀ ਮੌਲਿਕ ਨੇਗ੍ਰੀਟੋ ਬੋਲੀ, ਜੋ ਵੀ ਇਹ ਸੀ, ਅੰਡੇਮਾਨੀ ਭਾਸ਼ਾ ਦੀ ਸ਼ਕਲ ਵਿਚ ਬਚੀ ਹੋਈ ਮਿਲਦੀ ਹੈ ਅਤੇ ਉਹ ਇਕ ਬੋਲੀ-ਗਰੁਪ ਵਜੋਂ ਸੁਤੰਤਰ ਤੌਰ ਤੇ ਕਾਇਮ ਹੈ। ਸਮਾਚਾਰ ਪੱਤਰਾਂ ਦੇ ਅਨੁਸਾਰ (ਜਨਵਰੀ 1995) ਅੰਡੇਮਾਨ ਦੀਪ ਵਿਚ ਨੇਗ੍ਰੀਟੋ ਕਬੀਲੇ ਦੇ ਸਿਰਫ 37 ਵਿਅਕਤੀ ਹਨ, ਅਤੇ ਹੁਣੇ ਹੀ ਨੇਗ੍ਰੀਟੋ ਕਬੀਲੇ ਦੇ ਸਰਦਾਰ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਹੈ। ਪਰ ਨੇਗ੍ਰੀਟੋ ਨਸਲ ਖਤਮ ਹੋਣ ਦੇ ਕੰਢੇ ਤੇ ਖੜੀ ਹੈ।

ਅੰਡੇਮਾਨ ਦੇ ਨੇਗ੍ਰੀਟੋ ਲੋਕਾਂ ਨੂੰ ਛੱਡ ਕੇ ਹੋਰ ਜੋ ਵੀ ਨੇਗ੍ਰੀਟੋ ਭਾਰਤ ਜਾਂ ਵਿਸ਼ਾਲ-ਤਰ ਭਾਰਤ ਵਿਚ ਹੁਣ ਤਕ ਬਚੇ ਹਨ ਉਹ ਆਪਣੇ ਤੋਂ ਜ਼ਿਆਦਾ ਉੱਨਤ ਤੇ ਤਰੱਕੀ-ਯਾਫਤਾ ਆਰੀਆ, ਦ੍ਰਾਵਿੜੀ ਜਾਂ ਆਸਟ੍ਰਿਕ ਗੁਆਂਢੀਆਂ ਦੀਆਂ ਬੋਲੀਆਂ ਦੀ ਵਰਤੋਂ ਕਰਦੇ ਹਨ। ਨੇਗ੍ਰੀਟੋ ਅਤਿਅੰਤ ਆਦਿਮ ਅਵਸਥਾ ਦੇ ਵਾਸੀ ਲੋਕ ਸਨ ਇਸ ਲਈ ਆਉਣ ਵਾਲੀ ਆਰੀਆ ਸਭਿਅਤਾ ਦੇ ਨਿਰਮਾਣ ਵਿਚ ਉਨ੍ਹਾਂ ਦਾ ਕਲਚਰ ਕੋਈ ਵੀ ਹਿੱਸਾ ਨਹੀਂ ਪਾ ਸਕਿਆ। ਆਰੀਆਂ ਦੇ ਭਾਰਤ ਵਿਚ ਆਗਮਨ ਤੋਂ ਪਹਿਲਾਂ ਹੀ ਆਸਟ੍ਰਿਕ, ਕਿਰਾਤ, ਦ੍ਰਾਵਿੜ ਜਾਤੀਆਂ ਦੀਆਂ ਬੋਲੀਆਂ ਨੇ ਨੇਗ੍ਰੀਟੋ ਭਾਸ਼ਾ ਨੂੰ ਬਿਲਕੁਲ ਹੀ ਜਜ਼ਬ ਕਰ ਲਿਆ ਸੀ, ਇਸ ਲਈ ਨੇਗ੍ਰੀਟੋ ਭਾਸ਼ਾ ਦਾ ਕੁਝ ਵੀ ਅਵਸ਼ੇਸ਼ ਨਹੀਂ ਬਚ ਸਕਿਆ। ਆਰੀਆ ਲੋਕ ਜਿਹੜੇ ਬਹੁਤ ਬਾਅਦ ਵਿਚ ਆਏ, ਸ਼ਾਇਦ ਨੇਗ੍ਰੀਟੋ ਲੋਕਾਂ ਨੂੰ ਨਹੀਂ ਮਿਲ ਸਕੇ। ਕਿਉਂਕਿ ਆਰੀਆ ਦੀ ਭਾਸ਼ਾ-ਵੈਦਿਕ ਭਾਸ਼ਾ ਅਤੇ ਲੌਕਿਕ ਸੰਸਕ੍ਰਿਤ-ਵਿਚ ਨੇਗ੍ਰੀਟੋ ਜਾਤੀ ਲਈ ਕੋਈ ਵੀ ਨਾਮ ਵਰਤਿਆ ਉਪਲਬਧ ਨਹੀਂ ਹੁੰਦਾ।

ਆਸਟ੍ਰਿਕ (Austric : ਨਿਸ਼ਾਦ) : ਲਗਭਗ ਲੋਪ ਹੋਈ ਨੇਗ੍ਰੀਟੋ ਜਾਤੀ ਤੋਂ ਬਾਅਦ ਜਿਹੜੀ ਜਨ-ਜਾਤੀ ਭਾਰਤ ਦੇ ਚਿੱਤਰ-ਪਟ ਉੱਤੇ ਪ੍ਰਗਟ ਹੋਈ ਸੀ ਉਹ ਸੀ ਆਸਟ੍ਰਿਕ ਜਨ-ਜਾਤੀ। ਮਾਨਵ-ਵਿਗਿਆਨੀਆਂ (anthropologists) ਦੇ ਮਤ ਅਨੁਸਾਰ ਪ੍ਰਾਥਮਿਕ

ਆਸਟ੍ਰਿਕ ਲੋਕ ਲੰਮੇ ਸਿਰਾਂ ਵਾਲੇ, ਚਪਟੇ ਨੱਕਾਂ ਵਾਲੇ ਅਤੇ ਕਾਲੇ ਰੰਗ ਦੇ ਲੋਕ ਸਨ। ਆਰੀਆ ਲੋਕ ਉਨ੍ਹਾਂ ਨੂੰ ਨਿਸ਼ਾਦ (निषाद) ਕਹਿੰਦੇ ਸਨ। ਆਰੀਆ ਭਾਸ਼ਾਵਾਂ ਵਿਚ "ਨਿਸ਼ਾਦ" ਸ਼ਬਦ ਆਮ ਮਿਲਦਾ ਹੈ। ਕੋਲ, ਭੀਲ, ਸਬਰ ਨਾਮ ਵੀ ਆਸਟ੍ਰਿਕ ਜਾਤੀ ਲਈ ਮਿਲਦਾ ਹੈ। ਰਾਮਾਇਣ-ਕਥਾ ਵਿਚ ਭਗਵਾਨ ਰਾਮ ਦੀ ਭਗਤਣੀ ਭੀਲਣੀ ਜਾਂ ਸ਼ਬਰੀ ਦਾ ਜੋ ਜ਼ਿਕਰ ਆਉਂਦਾ ਹੈ ਉਹ (ਭੀਲ ਉਪਵੰਸ਼) ਆਸਟ੍ਰਿਕ ਹੀ ਸੀ।

ਵਿਦਵਾਨਾਂ ਨੇ ਆਸਟ੍ਰਿਕ ਭਾਸ਼ਾ ਪਰਿਵਾਰ ਦੇ ਕਈ ਉਪ-ਪਰਿਵਾਰਾਂ ਦੀ ਪਛਾਣ ਸਥਾਪਿਤ ਕੀਤੀ ਹੈ। ਆਸਟ੍ਰਿਕ ਭਾਸ਼ਾਵਾਂ ਭਾਰਤ ਤੋਂ ਇਲਾਵਾ ਪੂਰਬ ਵਿਚ ਮਲਾਇਆ, ਇੰਡੋਨੇਸੀਆ, ਇੰਡੋ-ਚਾਈਨਾ, ਨਿਕੋਬਾਰ ਆਦਿ ਦੀਪਾਂ ਵਿਚ ਫੈਲੀਆਂ ਹੋਈਆਂ ਮਿਲਦੀਆਂ ਹਨ। ਭਾਰਤ ਦੀਆਂ ਆਸਟ੍ਰਿਕ ਉਪਜਾਤੀਆਂ ਨੇ ਆਪਣੀ ਬੋਲੀ ਨੂੰ ਸੰਭਾਲ ਕੇ ਸੁਰੱਖਿਅਤ ਰਖਿਆ ਹੈ, ਭਾਵੇਂ ਉਸ ਵਿਚ ਆਰੀਆ, ਦ੍ਰਾਵਿੜੀ ਆਦਿ ਭਾਸ਼ਾਵਾਂ ਦਾ ਕਾਫੀ ਮਿਸ਼ਰਣ ਹੋਇਆ ਹੈ। ਮਾਨਵ-ਵਿਗਿਆਨੀ ਇਸ ਨਿਸ਼ਕਰਸ਼ ਤੇ ਪਹੁੰਚੇ ਹਨ ਕਿ ਭਾਰਤ ਦੇ ਆਦਿਵਾਸੀ ਵਰਗ ਨਿਸਾਦ, ਸ਼ਬਰ, ਕੋਲ, ਭੀਲ, ਪੁਲਿੰਦ, ਸੰਥਾਲ, ਮੁੰਡਾਰੀ, ਹੋ, ਕੋਰਵਾ, ਭੂਮਿਜ, ਕੁਰਕੂ, ਗਦਾਬਾ ਆਦਿ ਉਪਜਾਤੀਆਂ ਮੂਲ ਆਸਟ੍ਰਿਕ ਨਸਲ ਦੇ ਵੰਸ਼ਜ ਹਨ। ਕੋਲ ਜਾਂ ਮੁੰਡਾ ਉਪਜਾਤੀ ਉਨ੍ਹਾਂ ਵਿਚੋਂ ਪ੍ਰਮੁਖ ਹੈ।

ਭਾਰਤ ਵਿਚ ਆਸਟ੍ਰਿਕ ਜ਼ਾਤੀ ਦੀ ਵਸੋਂ ਹੁਣ ਮੱਧ-ਭਾਰਤ, ਪੂਰਬੀ ਭਾਰਤ, ਉੱਤਰੀ ਭਾਰਤ (ਪੰਜਾਬ ਤਕ), (ਨਿਕੋਬਾਰ) ਆਸਾਮ, ਛੋਟਾ ਨਾਗਪੁਰ ਆਦਿ ਇਲਾਕਿਆਂ ਵਿਚ ਫੈਲੀ ਹੋਈ ਹੈ। ਇਨ੍ਹਾਂ ਦਾ ਪ੍ਰਵੇਸ਼ ਦੱਖਣੀ ਭਾਰਤ ਵਿਚ ਵੀ ਹੋਇਆ ਹੈ। ਆਰੀਆ ਜਾਤੀ ਦੀ ਭਾਰਤ ਵਿਚ ਆਮਦ ਤੋਂ ਪਹਿਲਾਂ ਆਸਟ੍ਰਿਕ ਜਾਤੀ ਸਾਰੇ ਭਾਰਤ ਵਿਚ ਫੈਲੀ ਹੋਈ ਪ੍ਰਤੀਤ ਹੁੰਦੀ ਹੈ। ਨੇਗ੍ਰੀਟੋ ਨਸਲ ਦਾ ਤਾਂ ਸ਼ਾਇਦ ਸਿਰਫ ਨਾਮ ਹੀ ਬਾਕੀ ਹੈ ਪਰ ਆਸਟ੍ਰਿਕ ਕੌਮਾਂ ਦੀਆਂ ਮੁੰਡਾ, ਕੋਲ, ਸੰਥਾਲ ਆਦਿ ਸੰਤਾਨਾਂ ਭਾਰਤੀ ਉਪਦੀਪ ਵਿਚ ਅਜੇ ਵੀ ਵਸਦੀਆਂ ਰਸਦੀਆਂ ਹਨ। ਆਸਟ੍ਰਿਕ ਉਪਜਾਤੀਆਂ ਦੇ ਭਾਸ਼ਾ-ਵਰਗਾਂ ਦਾ ਇਲਾਕਾਵਾਰ ਵੇਰਵਾ ਹੇਠਾਂ ਦਰਜ ਹੈ :

ਭਾਸ਼ਾ-ਵਰਗ		*ਇਲਾਕਾ*
ਸੰਥਾਲੀ/ਸੰਤਾਲੀ	:	ਛੋਟਾ ਨਾਗਪੁਰ ਤੇ ਸੰਥਾਲ ਪਰਗਨਾ
ਮੁੰਡਾਰੀ	:	ਰਾਂਚੀ ਦੇ (ਦੁਆਲੇ) ਇਰਦ-ਗਿਰਦ
ਹੋ	:	ਸਿੰਘਭੂਮ, ਬਿਹਾਰ
ਖੜੀਆ	:	" "
ਭੂਮਜੀ	:	" "
ਕੋਰਕੂ	:	ਮਹਾਰਾਸ਼ਟਰ
ਸਵਾਰਾ/ਸੋਰਾ	:	ਉੜੀਸਾ

ਭਾਰਤ ਵਿਚ ਆਸਟ੍ਰਿਕ ਭਾਸ਼ਾ-ਭਾਸ਼ੀ ਉਪਜਾਤੀਆਂ ਕਈਆਂ ਟੋਲੀਆਂ ਵਿਚ ਆਈਆਂ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਉਪਜਾਤੀਆਂ ਦੀਆਂ ਬੋਲੀਆਂ ਵਿਚ ਆਪਸੀ ਉਪ-ਭਾਸ਼ਾਈ ਅੰਤਰ ਪ੍ਰਗਟ ਤੌਰ ਤੇ ਉਪਲਬਧ ਹੁੰਦੇ ਹਨ। ਆਸਟ੍ਰਿਕ ਲੋਕਾਂ ਦੀ ਨਿਵਾਸ ਸਥਿਤੀ ਮਾਨਵੀ ਸਭਿਆਚਾਰ ਦੇ ਨਵੀਨ-ਪੱਥਰ ਯੁਗ (neolithic) ਵਿਚ ਮੌਜੂਦ ਸੀ।

ਉਨ੍ਹਾਂ ਨੇ ਤਾਂਬੇ ਤੇ ਲੋਹੇ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਅਤੇ ਅਤੇ ਆਦਿਮ ਕਿਸਮ ਦੀ ਖੇਤੀਬਾੜੀ ਦਾ ਵਿਕਾਸ ਕੀਤਾ । ਆਸਟ੍ਰਿਕ ਭਾਸ਼ਾ ਵਿਚ ਆਏ ਹੋਏ ਨਾਵਾਂ ਤੋਂ ਗਿਆਤ ਹੁੰਦਾ ਹੈ ਕਿ ਉਨ੍ਹਾਂ ਨੇ ਹੀ ਨਾਰੀਅਲ (ਸੰਸਕ੍ਰਿਤ : ਨਾਰਿਕੇਲ), ਕੇਲਾ (ਸੰ ਕਦਲੀ), ਪਾਨ (ਸੰ ਤੰਬੂਲ),ਸੁਪਾਰੀ (ਸੰ ਗੁਵਾਕ), ਹਲਦੀ (ਸੰ ਹਰਿਦ੍ਰਾ), ਅਦਰਕ, (ਸੰ ਸ੍ਰਿੰਗਵੇਰ), ਬੈਂਗਨ (ਸੰ ਵਾਰਤਿਗਣ) ਕੱਦੂ ਲੌਕੀ (ਸੰ ਅਲਾਬੂ) ਦਾ ਆਵਿਸ਼ਕਾਰ ਤੇ ਉਤਪਾਦਨ ਸ਼ੁਰੂ ਕੀਤਾ । ਇਹ ਵੀ ਜਾਪਦਾ ਹੈ ਕਿ ਹਾਥੀ ਪਾਲਣ ਤੇ ਮੁਰਗੀ ਪਾਲਣ ਦੇ ਧੰਦੇ ਵੀ ਪਹਿਲ-ਪ੍ਰਿਥਮੇ ਆਸਟ੍ਰਿਕਾਂ ਦੀ ਦੇਣ ਹਨ । ਹਿੰਦੀ, ਪੰਜਾਬੀ ਵਿਚ ਵੀਹ ਦੀ ਗਿਣਤੀ ਦੇ ਆਧਾਰ ਤੇ "ਕੋੜੀ" ਦੀ ਗਿਣਤੀ-ਵਾਚਕ ਰੀਤ ਵੀ ਇਨ੍ਹਾਂ ਦੀ ਪ੍ਰਥਾ ਦਾ ਅਵਸ਼ੇਸ਼ ਹੈ । ਚੰਦਰਮਾ ਦੀ ਗਤੀ ਅਤੇ ਤਿਥਾਂ ਦੇ ਅਨੁਸਾਰ ਮਹੀਨਿਆਂ ਦੀ ਗਿਣਤੀ ਕਰਨਾ ਆਸਟ੍ਰਿਕਾਂ ਦਾ ਯੋਗਦਾਨ ਹੈ । ਬ੍ਰਿਛਾਂ ਵਿਚ ਰੂਹਾਂ ਦੀ ਕਲਪਨਾ, ਰੂਹਾਂ (ਆਤਮਾ) ਦਾ ਇਕ ਸਰੀਰ ਤੋਂ ਦੂਜੇ ਸਰੀਰ ਵਿਚ ਪ੍ਰਵੇਸ਼ ਅਤੇ ਪੁਨਰ-ਜਨਮ ਦਾ ਸਿੱਧਾਂਤ ਵੀ ਬੁਨਿਆਦੀ ਤੌਰ ਤੇ ਆਸਟ੍ਰਿਕ ਵਿਚਾਰਧਾਰਾ ਹੀ ਹੈ । ਭਾਰਤ ਦੀ ਹਿੰਦੂ-ਮੁਸਲਿਮ ਜਨਤਾ ਵਿਚ ਪ੍ਰਾਪਤ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸ ਅਤੇ ਪਿੰਡਾਂ-ਕਸਬਿਆਂ ਦੇ ਕਈ ਤਰ੍ਹਾਂ ਦੇ ਰਸਮ-ਰਿਵਾਜ ਆਦਿ ਵਿਚ ਆਸਟ੍ਰਿਕ ਵਿਸ਼ਵਾਸਾਂ ਦੀ ਝਲਕ ਸੁਰੱਖਿਅਤ ਮਿਲਦੀ ਹੈ । ਭਾਵੇਂ ਉਨ੍ਹਾਂ ਦੀ ਭਾਸ਼ਾ ਅਤੇ ਬਾਹਰੀ ਰੂਪ-ਸਰੂਪ ਦਾ ਆਰਿਆਈਕਰਣ ਹੋ ਚੁੱਕਾ ਹੈ । ਮਾਨਵ ਜਾਤੀ ਦੇ ਮਾਹਰ ਵਿਦਵਾਨਾਂ ਦੀ ਇਹ ਵੀ ਅਵਧਾਰਣਾ ਹੈ ਕਿ ਭਾਰਤ ਵਿਚ ਸਮੁੱਚੇ ਭਾਰਤੀ ਸਮਾਜ ਦੀ ਤਹਿ ਵਿਚ ਪ੍ਰਾਥਮਿਕ ਆਸਟ੍ਰਿਕ ਪ੍ਰਭਾਵ ਪਾਏ ਜਾਂਦੇ ਹਨ ।

ਆਸਟ੍ਰਿਕ ਨਸਲ ਦੇ ਲੋਕ ਕਈ ਤਰ੍ਹਾਂ ਦੀਆਂ ਪਰਿਸਥਿਤੀਆਂ ਦੇ ਦਬਾਉ ਹੇਠ ਪਹਿਲਾ ਤਾਂ ਦ੍ਰਾਵਿੜਾਂ ਵਿਚ ਵਿਲੀਨ ਹੁੰਦੇ ਗਏ ਅਤੇ ਫੇਰ ਆਰੀਆ ਲੋਕਾਂ ਦੇ ਵਿਕਸਿਤ ਸਭਿਆਚਾਰ ਵਿਚ ਮਿਸ਼ਰਿਤ ਹੋ ਗਏ । ਜਦੋਂ ਆਸਟ੍ਰਿਕ ਲੋਕਾਂ ਨੇ ਆਰੀਆ ਭਾਸ਼ਾ ਨੂੰ ਅੰਗੀਕਾਰ ਕਰ ਲਿਆ ਤਾਂ ਉਨ੍ਹਾਂ ਦੁਆਰਾ ਅਪਣਾਈ ਹੋਈ ਆਰੀਆ ਭਾਸ਼ਾ ਵਿਚ ਪਰਿਵਰਤਨ ਆ ਜਾਣਾ ਸੁਭਾਵਿਕ ਸੀ । ਸੰਸਕ੍ਰਿਤ ਭਾਸ਼ਾ ਦੇ ਯੂਰਪੀ ਵਿਦਵਾਨ T. Burrow ਨੇ ਆਪਣੀ ਪੁਸਤਕ The Sanskrit Language (1964) ਵਿਚ ਸੰਸਕ੍ਰਿਤ ਉਤੇ ਮੁੰਡਾ ਭਾਸ਼ਾ ਅਤੇ ਦ੍ਰਾਵਿੜੀ ਭਾਸ਼ਾ ਦੇ ਪ੍ਰਭਾਵਾਂ ਦੀ ਚਰਚਾ ਕੀਤੀ ਹੈ । ਸੰਸਕ੍ਰਿਤ ਦੀਆਂ ਕਈ ਕੋਸ਼ੀ ਮਦਾਂ (lexical items) ਦੀਆਂ ਜੜ੍ਹਾਂ ਮੁੰਡਾ ਜਾਂ ਦ੍ਰਾਵਿੜੀ ਭਾਸ਼ਾਵਾਂ ਵਿੱਚ ਲਭਦੀਆਂ ਹਨ ।

ਦ੍ਰਾਵਿੜੀ (Dravidians) : ਆਰੀਆ ਜਾਤੀ ਤੋਂ ਪਹਿਲਾਂ ਭਾਰਤ ਵਿਚ ਵਸਣ ਵਾਲੀਆਂ ਅਨਾਰੀਆ ਜਾਤੀਆਂ ਵਿਚੋਂ "ਦ੍ਰਾਵਿੜ" ਜਾਤੀ ਮਹੱਤਵਪੂਰਣ ਹੈ । ਨੇਗ੍ਰਿਟੋ ਅਤੇ ਆਸਟ੍ਰਿਕ ਲੋਕਾਂ ਤੋਂ ਬਾਅਦ ਕਾਲ-ਕ੍ਰਮ ਅਨੁਸਾਰ ਦ੍ਰਾਵਿੜਾਂ ਦਾ ਸਥਾਨ ਆਉਂਦਾ ਹੈ । ਦ੍ਰਾਵਿੜ ਲੋਕ ਅਤੇ ਦ੍ਰਾਵਿੜ ਭਾਸ਼ਾਵਾਂ ਦਾ ਵਿਕਾਸ ਤੇ ਇਤਿਹਾਸ ਬਹੁਤ ਪੁਰਾਣਾ ਹੈ । ਅੱਜ ਕਲ ਦ੍ਰਾਵਿੜ ਭਾਸ਼ਾਵਾਂ ਭਾਰਤੀ ਉਪਦੀਪ ਵਿਚ ਸਾਮੂਹਿਕ ਰੂਪ ਵਿਚ ਉਪਲਬਧ ਹਨ ਜੋ ਪ੍ਰਾਚੀਨ ਦ੍ਰਾਵਿੜ ਬੋਲੀਆਂ ਦੀ ਆਧੁਨਿਕ ਪ੍ਰਤਿਨਿਧ ਹਨ । ਆਧੁਨਿਕ ਪ੍ਰਚਲਿਤ ਤੇ ਜੀਵਤ ਦ੍ਰਾਵਿੜੀ ਭਾਸ਼ਾਵਾਂ ਵਿਚ ਤਮਿਲ, ਮਲਿਆਲਮ, ਕੰਨੜ, ਟੋਡਾ, ਕੋਡਗੂ, ਤੁਲੂ, ਤੇਲੁਗੂ, ਕੂਈ, ਗੋਂਡ, ਕੁੜੁੱਖ, ਅਤੇ ਮਾਲਤੋ ਉਲੇਖਯੋਗ ਹਨ । ਦ੍ਰਾਵਿੜ ਭਾਸ਼ਾਵਾਂ ਪ੍ਰਮੁਖ ਤੌਰ ਤੇ ਦੱਖਣੀ ਭਾਰਤ ਵਿਚ ਉਪਲਬਧ ਹਨ ਪਰ ਕੁਝ ਕੁ ਮੱਧ ਭਾਰਤ ਤੇ ਪੂਰਬੀ ਭਾਰਤ ਦੇ

ਅੰਤਰ-ਪ੍ਰਦੇਸ਼ਾਂ ਵਿਚ ਵੀ ਮਿਲਦੀਆਂ ਹਨ । ਪਾਕਿਸਤਾਨ ਦੇ ਪ੍ਰਾਂਤ ਬਲੋਚਿਸਤਾਨ ਵਿਚ ਅਜੇ ਵੀ ਇਕ ਦ੍ਰਾਵਿੜੀ ਬੋਲੀ "ਬ੍ਰਾਹੂਈ/ਬਰੂਹੀ" ਬੋਲੀ ਜਾਂਦੀ ਹੈ ਜੋ ਆਪਣੇ ਸਮੁਦਾਏ ਤੋਂ ਅਲੱਗ ਸੁਦੂਰ ਪੱਛਮ ਵਿਚ ਸਥਿਤ ਹੈ । ਦ੍ਰਾਵਿੜਾਂ ਦੇ ਪ੍ਰਾਚੀਨ ਨਾਮ ਦ੍ਰਮਿੜ, ਦ੍ਰਵਿਡ, ਦਮਿਲ ਆਦਿ ਆਰੀਆ ਭਾਸ਼ਾ ਵਿਚ ਮਿਲਦੇ ਹਨ ਪਰ ਸੰਭਵ ਹੈ ਕਿ ਇਨ੍ਹਾਂ ਵਿਚੋਂ ਹੀ ਤਮਿਲ ਭਾਸਾ ਦਾ ਸਬਦ "ਤਮਿਲ਼" ਨਿਕਲਿਆ ਹੈ । ਤਮਿਲ ਵਿਚ/ਲ਼/ਧੁਨੀ ਮੂਰਧਨੀ (retroflex) ਹੈ ।

ਹੁਣ ਇਹ ਪ੍ਰਸਨ ਪੈਦਾ ਹੁੰਦਾ ਹੈ ਕਿ ਆਰੀਆ ਲੋਕਾਂ ਦਾ ਦ੍ਰਾਵਿੜ ਉਪਜਾਤੀਆਂ ਨਾਲ ਕਦੋਂ ਸੰਪਰਕ ਹੋਇਆ ਹੈ । ਇਸ ਪ੍ਰਸਨ ਦੇ ਸਮਾਧਾਨ ਬਾਰੇ ਇਸੇ ਸਦੀ ਵਿਚ ਕਾਫੀ ਨਵੀਂ ਖੋਜ ਤੇ ਅਨੁਸੰਧਾਨ ਜਾਰੀ ਹੋਇਆ ਹੈ । ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਰਿਗਵੈਦਿਕ ਆਰੀਆ ਸਭਿਅਤਾ ਤੋਂ ਢੇਰ ਚਿਰ ਪਹਿਲਾਂ ਵਿਦਮਾਨ ਇਕ ਬਹੁਤ ਹੀ ਉੱਨਤ ਸਭਿਅਤਾ ਦਾ ਥਹੁ-ਪਤਾ ਲਗਿਆ ਹੈ ਜੋ ਪੁਰਾ-ਤੱਤਵ-ਵਿਗਿਆਨ ਦੀਆਂ ਖੋਜਾਂ ਦੇ ਜ਼ਰੀਏ ਪ੍ਰਕਾਸ਼ ਵਿਚ ਆਈ ਹੈ । ਇਸ ਪ੍ਰਾਚੀਨ-ਤਮ ਪੂਰਵ-ਆਰੀਆ ਸਭਿਅਤਾ ਦੀ ਉਪਲਬਧੀ ਦੇ ਕਾਰਣ ਭਾਰਤ ਦੇ ਸਭਿਆਚਾਰਕ ਤੇ ਭਾਸ਼ਾਵਿਗਿਅਕ ਇਤਿਹਾਸ ਦਾ ਇਕ ਨਵਾਂ ਮਾਰਗ ਖੁੱਲ੍ਹ ਗਿਆ ਹੈ । ਇਹ ਨਵ-ਗਿਆਤ ਪ੍ਰਾਚੀਨ-ਤਮ ਸਭਿਅਤਾ ਨੂੰ *ਮੋਹਿੰਜੋ-ਦੜੋ ਸਭਿਅਤਾ* (Indus Valley Civilization , ਸਿੰਧ ਵਾਦੀ ਸਭਿਅਤਾ) ਅਤੇ *ਹੜੱਪਾ-ਕਲਚਰ* ਕਰਕੇ ਜਾਣਿਆ ਜਾਂਦਾ ਹੈ। ਇਹ ਸਭਿਅਤਾ ਸਿੰਧ ਤੇ ਪੰਜਾਬ ਦੇ ਭੂਖੇਤਰਾਂ ਵਿਚ ਕਿਸੇ ਸਮੇਂ ਪ੍ਰਫੁੱਲਤ ਹੋਈ ਸੀ ।

ਸੰਨ 1921 ਵਿਚ ਦਯਾ ਰਾਮ ਸਾਹਨੀ ਨੂੰ ਹੜੱਪਾ ਦੇ ਟਿਕਾਣੇ ਤੇ ਕੁਝ ਪੁਰਾਤੱਤਵੀ ਵਸਤਾਂ ਲਭੀਆਂ ਜਿਨ੍ਹਾਂ ਤੋਂ ਸੰਕੇਤ ਲੈ ਕੇ ਤਤਕਾਲੀ ਡਾਇਰੈਕਟਰ-ਜਨਰਲ (archeology) ਸਰ ਜੌਨ ਮਾਰਸ਼ਲ ਨੇ ਡੂੰਘੀ ਖੁਦਾਈ ਕਰਵਾਈ ਜਿਸ ਨਾਲ ਬਹੁਤ ਹੀ ਵਿਕਸਿਤ ਸ਼ਹਿਰੀ ਸਭਿਅਤਾ ਦੇ ਚਿੰਨ੍ਹ ਪ੍ਰਕਾਸ਼ਮਾਨ ਹੋਏ ਜਿਸ ਦਾ ਸੰਬੰਧ chalcolithic ਯੁਗ ਨਾਲ ਜੋੜਿਆ ਜਾਂਦਾ ਹੈ ਜਦੋਂ ਮਨੁੱਖ ਪੱਥਰਾਂ ਦੇ ਸੰਦ ਤੇ ਭਾਂਡੇ-ਟੀਂਡੇ ਵਰਤਣ ਦੀ ਜਾਚ ਹੀ ਜਾਣਦਾ ਸੀ । ਸਿੰਧ ਵਾਦੀ ਸਭਿਅਤਾ ਮੋਹਿੰਜੋਦੜੋ ਅਤੇ ਹੜੱਪਾਈ ਕਲਚਰ ਦੇ ਨਿਸ਼ਾਨ ਹੋਰ ਹੋਰ ਥਾਵਾਂ ਤੇ ਖੋਜੇ ਜਾ ਰਹੇ ਹਨ । ਹੁਣ ਕੋਈ 100 ਕੁ ਥਾਵਾਂ ਤੇ ਹੜੱਪਾਈ ਕਲਚਰ ਪਰਗਟ ਹੋਇਆ ਹੈ । ਖੋਜੀਆਂ ਨੇ ਮੋਹਿੰਜੋਦੜੋ ਤੇ ਹੜੱਪਾ ਕਲਚਰ ਦਾ ਵਿਕਾਸਕਾਲ 2500-1500 ਪੂ. ਈ. ਮਿਥਿਆ ਹੈ ਜੋ ਮੈਸੋਪੋਟਾਮੀਆ, ਮਿਸਰ ਤੇ ਈਰਾਨ ਦੀਆਂ ਪੁਰਾਤਨ ਸਭਿਆਤਾਵਾਂ ਦਾ ਸਮਕਾਲੀ ਹੈ ।

ਹੜੱਪਾ ਦੀਆਂ ਪੁਰਾਤੱਤਵੀ ਵਸਤਾਂ ਵਿਚ ਚਾਰ ਨਸਲਾਂ ਦੇ ਨਿਸ਼ਾਨ ਮਿਲੇ ਹਨ ਨੇਗ੍ਰੀਟੋ, ਆਸਟ੍ਰਿਕ, ਦ੍ਰਾਵਿੜ ਤੇ ਮੰਗੋਲ, ਪਰ ਆਰੀਆ ਸਭਿਅਤਾ ਦਾ ਕੋਈ ਚਿੰਨ੍ਹ ਨਹੀਂ ਹੈ । ਆਮ ਧਾਰਣਾ ਹੈ ਕਿ ਮੋਹਿੰਜੋਦੜੋ ਤੇ ਹੜੱਪਾ ਦੇ ਉਸਰਈਏ ਲੋਕ ਦ੍ਰਾਵਿੜੀ ਗਰੋਹ ਦੇ ਸਨ । A. L. Basham (1954) ਨੇ ਇਹ ਨਿਸ਼ਕਰਸ਼ ਕਢਿਆ ਹੈ ਕਿ ਹੜੱਪਾ ਕਲਚਰ ਦੇ ਵਾਰਿਸ ਦ੍ਰਾਵਿੜੀ ਲੋਕ ਸਨ ਜਿਨ੍ਹਾਂ ਨੂੰ ਮਾਨਵ-ਵਿਗਿਆਨੀ "Meditarraneans" ਕਹਿੰਦੇ ਹਨ ।

ਆਰੀਆਂ ਦਾ ਜਦੋਂ ਸਿੰਧ-ਪੰਜਾਬ ਵਿਚ ਆਗਮਨ ਹੋਇਆ ਤਾਂ ਉਨ੍ਹਾਂ ਦਾ ਟਾਕਰਾ ਇਨ੍ਹਾਂ ਹੜੱਪਾਈ ਤਹਿਜ਼ੀਬ ਦੇ ਵਾਰਿਸਾਂ ਨਾਲ ਹੀ ਹੋਇਆ ਸੀ । ਪਰ ਹੜੱਪਾਈ ਲੋਕਾਂ ਦਾ ਹੌਲੀ ਹੌਲੀ ਆਰੀਆਈਕਰਣ ਹੁੰਦਾ ਗਿਆ । ਪਹਿਲਾਂ ਆਸਟ੍ਰਿਕਾਂ ਦਾ ਦ੍ਰਾਵਿੜੀਕਰਣ

ਹੋਇਆ ਫਿਰ ਆਸਟ੍ਰਿਕਾਂ ਸਮੇਤ ਦ੍ਰਾਵਿੜਾਂ ਦਾ ਆਰੀਆਈਕਰਣ ਹੋ ਗਿਆ। ਗਿਲਬਰਟ ਸਲਾਤਰ (1976) ਦਾ ਖਿਆਲ ਹੈ ਕਿ ਜਿਥੇ ਦ੍ਰਾਵਿੜਾਂ ਦਾ ਭਾਸ਼ਾ ਵਲੋਂ ਆਰੀਆਈਕਰਣ ਹੋਇਆ ਉਥੇ ਸੰਸਕ੍ਰਿਤੀ ਤੇ ਕਲਚਰ ਵਲੋਂ ਆਰੀਆਂ ਦਾ ਦ੍ਰਾਵਿੜੀਕਰਣ ਹੋਇਆ। ਐਸ. ਕੇ. ਚੈਟਰਜੀ (1975) ਦਾ ਵਿਚਾਰ ਹੈ ਕਿ ਭਾਰਤੀ ਸਭਿਆਚਾਰ ਵਿਚ ਗ਼ੈਰ-ਆਰੀਆ ਲੋਕਾਂ ਦਾ ਰੁਪਏ ਵਿਚੋਂ ਬਾਰਾਂ ਆਨੇ ਯੋਗਦਾਨ ਹੈ। ਸਰ ਜੌਨ ਮਾਰਸ਼ਲ ਨੇ ਮੋਇੰਜੋਦੜੋ ਦੇ ਸੰਦਰਭ ਵਿਚ ਅਤਿਅੰਤ ਸੁੰਦਰ ਗ੍ਰੰਥਮਾਲਾ ਪ੍ਰਕਾਸ਼ਿਤ ਕੀਤੀ ਹੈ, ਅਤੇ ਇਸੇ ਪੱਧਤੀ ਤੇ ਮਾਧਵ ਸਰੂਪ ਵਤਸ ਨੇ ਹੜੱਪਾ ਦੇ ਸੰਦਰਭ ਵਿਚ ਬਹੁਤ ਉੱਚੇ ਕੋਟੀ ਦਾ ਗ੍ਰੰਥ ਪ੍ਰਕਾਸ਼ਿਤ ਕੀਤਾ ਹੈ।

ਹੜੱਪਾ ਤੇ ਮੋਇੰਜੋਦੜੋ ਦੀ ਸਭਿਅਤਾ ਵੇਲੇ ਕਿਹੜੀ ਭਾਸ਼ਾ ਸੀ, ਇਹ ਜਾਣਕਾਰੀ ਅਜੇ ਸੰਦਿਗਧ ਹੈ। ਉਥੇ ਸੈਂਕੜੇ ਮੁਹਰਾਂ, ਮੂਰਤੀਆਂ ਪਸ਼ੂ ਜਗਤ ਤੇ ਮਾਨਵੀ ਜਗਤ ਦੀਆਂ ਆਕ੍ਰਿਤੀਆਂ ਲੱਭੀਆਂ ਗਈਆਂ ਹਨ ਜਿਨ੍ਹਾਂ ਤੇ ਹੜੱਪਾ ਲਿਪੀ ਅੰਕਿਤ ਹੈ। ਮਲੂਮ ਹੁੰਦਾ ਹੈ ਕਿ ਹੜੱਪਾ ਲਿਪੀ ਦਾ ਸੰਬੰਧ ਚਿਤਰ ਲਿਪੀ ਤੇ ਅੱਖਰ ਲਿਪੀ ਨਾਲ ਹੀ ਹੈ। ਜਦੋਂ ਤਕ ਇਹ ਲਿਪੀ descipher ਨਹੀਂ ਹੁੰਦੀ ਅਤੇ ਭਾਸ਼ਾ ਪੜ੍ਹੀ ਨਹੀਂ ਜਾਂਦੀ, ਉਦੋਂ ਤਕ ਇਹ ਵਿਸਵਾਸ-ਪੂਰਣ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਰੀਆਂ ਦੇ ਆਗਮਨ ਤੋਂ ਪਹਿਲਾਂ ਦ੍ਰਾਵਿੜਾਂ ਨੇ ਹੀ ਪੰਜਾਬ ਅਤੇ ਸਿੰਧ ਦੀ ਮਹਾਨ ਨਾਗਰਿਕ ਸਹਿਰੀ ਸਭਿਅਤਾ ਦਾ ਨਿਰਮਾਣ ਕੀਤਾ ਸੀ। ਦ੍ਰਾਵਿੜ ਤੇ ਨਿਸਾਦ ਹੀ ਉੱਤਰੀ ਭਾਰਤ ਦੇ ਮੈਦਾਨਾਂ ਵਿਚ ਨਿਵਾਸ ਕਰਦੇ ਸਨ। ਦ੍ਰਾਵਿੜ ਨਗਰ-ਉਸਾਰੀ ਦੇ ਮਾਹਿਰ ਸਨ। ਪਸ਼ੂ ਪਾਲਣ ਵੀ ਕਰਦੇ ਸਨ, ਲਲਿਤ-ਕਲਾ ਵਿਚ ਕੁਸ਼ਲ ਸਨ, ਅਤੇ ਹੋਰ ਵੀ ਕਈ ਤਰ੍ਹਾਂ ਦੇ ਕਰਮ-ਕਾਂਡਾਂ ਵਿਚ ਰੁਚਿਤ ਸਨ। ਆਰੀਆ ਲੋਕਾਂ ਦੀ ਸਭਿਅਤਾ ਤੇ ਸਭਿਆਚਾਰ ਪ੍ਰਤੀ ਦ੍ਰਾਵਿੜਾਂ ਦਾ ਕਾਫੀ ਯੋਗਦਾਨ ਹੈ।

ਸੰਸਕ੍ਰਿਤ ਦੇ ਯੂਰਪੀ ਵਿਦਵਾਨ T. Burrow ਨੇ ਲਿਖਿਆ ਹੈ ਕਿ "ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਕ੍ਰਿਤ ਸ਼ਬਦਾਵਲੀ ਦਾ ਕਾਫੀ ਹਿੱਸਾ ਦ੍ਰਾਵਿੜੀ ਮੂਲ ਦਾ ਹੈ ਅਤੇ ਇਹ ਦ੍ਰਾਵਿੜੀ ਪ੍ਰਭਾਵ ਭਾਸ਼ਾ ਦੇ ਇਤਿਹਾਸ ਵਿਚ ਕਾਫੀ ਲੰਮੇ ਸਮੇਂ ਤਕ ਪੈਂਦਾ ਰਿਹਾ ਹੈ।" ਟੀ. ਬਰੋ ਨੇ ਰਿਗਵੇਦ ਵਿਚ ਪ੍ਰਯੁਕਤ ਸ਼ਬਦ ਜਿਵੇਂ ਉਲੂਖਲ (ਉੱਖਲੀ), ਕੁੰਡ (ਚੁਬੱਚਾ), ਦੰਡ (ਸਜ਼ਾ) ਪਿੰਡ (ਗ੍ਰਾਮ), ਮਯੂਰ (ਮੋਰ) ਨੂੰ ਦ੍ਰਾਵਿੜੀ ਮੂਲ ਦੇ ਦਸਿਆ ਹੈ ਅਤੇ ਇਹ ਨਤੀਜਾ ਕਢਿਆ ਹੈ ਕਿ ਰਿਗਵੇਦ ਦੀ ਰਚਨਾ ਸਮੇਂ ਸਿੰਧ-ਪੰਜਾਬ (ਉੱਤਰ ਪੱਛਮੀ ਭਾਰਤ) ਵਿਚ ਦ੍ਰਾਵਿੜੀ ਨਸਲ ਦੇ ਲੋਕ ਵਸਦੇ ਸਨ।

ਚੀਨੀ-ਤਿੱਬਤੀ (Sino-Tibetan : ਕਿਰਾਤ) : ਆਸਟ੍ਰਿਕ (ਨਿਸਾਦ) ਅਤੇ ਦ੍ਰਾਵਿੜ (ਦਾਸ-ਦਸਯੂ) ਜਾਤੀਆਂ ਤੋਂ ਅਤਿਰਿਕਤ ਪੂਰਵ ਆਰੀਆ ਭਾਰਤ ਵਿਚ ਮੰਗੋਲਾਕਾਰ (Mongoloid) ਚੀਨੀ-ਤਿੱਬਤੀ ਜਾਤੀਆਂ ਬਾਰੇ ਵੀ ਚਰਚਾ ਕਰਨਾ ਜ਼ਰੂਰੀ ਹੈ। ਚੀਨੀ-ਤਿੱਬਤੀ ਜਾਤੀ ਨੂੰ ਰਿਗਵੇਦ ਵਿਚ "ਕਿਰਾਤ" ਕਰਕੇ ਨਿਰਦੇਸ਼ ਕੀਤਾ ਗਿਆ ਹੈ। ਸੰਸਕ੍ਰਿਤ ਕਵੀ ਭਾਰਵੀ ਨੇ ਕਿਰਾਤ ਕਥਾ ਤੇ ਕਥਾਨਕ ਨੂੰ ਲੈ ਕੇ ਸੰਸਕ੍ਰਿਤ ਮਹਾਕਾਵਿ "ਕਿਰਾਤਾਰਜੁਨੀਯੰ" (भारवि- किरातार्जुनीयम) ਦੀ ਰਚਨਾ ਕੀਤੀ ਸੀ। ਚੀਨੀ ਤਿੱਬਤੀ ਲੋਕ-ਸਮੂਹ ਆਰੀਆਂ ਤੋਂ ਪ੍ਰਾਚੀਨ-ਤਰ ਹੈ। ਇਹ ਸਮੂਹ ਜ਼ਿਆਦਾਤਰ ਹਿਮਾਲਾ ਪਰਬਤ-ਸ੍ਰਿੰਖਲਾ ਦੇ ਨਾਲ ਨਾਲ ਅਤੇ ਪੂਰਬੀ ਭਾਰਤ ਦੇ ਸੀਮਾਵਰਤੀ ਇਲਾਕਿਆਂ ਵਿਚ ਆਬਾਦ ਹੈ। ਇਸ ਲਈ ਭਾਰਤ ਦੀ ਉੱਤਰ-ਪੂਰਬੀ ਦਿਸ਼ਾ ਕਿਰਾਤ-ਜਾਤੀ ਦਾ ਆਦਿ-ਸਥਾਨ ਹੈ। ਚੀਨੀ ਭੋਟੀ, ਸਿਆਮੀ,

ਬਰਮੀ ਇਹ ਕਿਰਾਤ ਜਾਤੀਆ ਹਨ । ਪੂਰਵ-ਇਤਿਹਾਸਿਕ ਯੁਗ ਵਿਚ ਇਹ ਲੋਕ ਬ੍ਰਹਮ-ਪੁੱਤਰ ਦੀ ਤਰਾਈ ਅਤੇ ਤਿੱਬਤ ਦੇ ਰਸਤੇ ਥਾਣੀਂ ਭਾਰਤ ਵਿਚ ਦਾਖ਼ਲ ਹੋਏ ਸਨ । ਸਾਰਾ ਆਸਾਮ, ਪੂਰਬੀ ਤੇ ਉੱਤਰੀ ਬੰਗਾਲ, ਉੱਤਰੀ ਬਿਹਾਰ, ਭੂਟਾਨ, ਨੇਪਾਲ, ਕੁਮਾਊਂ, ਗੜ੍ਹਵਾਲ ਇਨ੍ਹਾਂ ਸਥਾਨਾਂ ਤੇ ਇਹ ਲੋਕ ਫੈਲੇ ਹੋਏ ਸਨ । ਸਿੰਧ, ਰਾਜਸਥਾਨ, ਮੱਧ ਭਾਰਤ ਤਕ ਇਨ੍ਹਾਂ ਦਾ ਪ੍ਰਸਾਰ ਹੋਇਆ ਸੀ : ਉੱਤਰ ਪੂਰਬੀ ਤੇ ਪੂਰਬੀ ਭਾਰਤ ਦੇ ਇਤਿਹਾਸ ਅਤੇ ਸੰਸਕ੍ਰਿਤੀ ਦੇ ਵਿਕਾਸ ਵਿਚ ਚੀਨੀ-ਤਿਬਤੀ ਉਪਜਾਤੀਆ ਦਾ ਮਾਮੂਲੀ ਅਸਰ ਹੈ । ਕਿਰਾਤ ਜਾਤੀ ਦੇ ਲੋਕ ਕੁਝ ਖ਼ਾਸ ਖ਼ਾਸ ਇਲਾਕਿਆ ਵਿਚ ਮਹਿਦੂਦ ਰਹੇ। ਇਸ ਕਾਰਣ ਉਨ੍ਹਾ ਦਾ ਪ੍ਰਭਾਵ ਸਮੁੱਚੇ ਭਾਰਤ ਤੇ ਨਹੀਂ ਪੈ ਸਕਿਆ ।

ਆਰੀਆ ਸੰਸਕ੍ਰਿਤੀ ਪ੍ਰਤੀ ਅਨਾਰੀਆ ਦਾ ਯੋਗਦਾਨ

ਇਸ ਤਰ੍ਹਾਂ ਪੂਰਬੀ ਈਰਾਨ ਵਿਚਲੇ ਕੈਂਪ ਨਿਵਾਸ ਤੋਂ ਵਿਦਾ ਹੋ ਕੇ, ਰਾਹਾਂ ਵਿਚ ਬਰਬਰੀਅਤ ਅਤੇ ਗ਼ੈਰ ਲੋਕਾਂ ਨਾਲ ਲੜਦੇ-ਭਿੜਦੇ ਅਤੇ ਭਾਰਤ ਅਫ਼ਗਾਨੀ ਪਹਾੜੀ ਦੱਰਿਆਂ ਵਿਚੋਂ ਲੰਘਦੇ ਹੋਏ, ਆਰੀਆ ਲੋਕ ਜਦੋਂ ਪੰਜਾਬ ਦੇ ਮੈਦਾਨਾ ਵਿਚ ਪਹਿਲੀ ਵਾਰ ਉਤਰੇ ਸਨ ਤਾਂ ਉਦੋਂ ਭਾਰਤ ਵਿਚ ਉਨ੍ਹਾਂ ਨੂੰ ਉਪਰੋਕਤ ਗੈਰ-ਆਰੀਆ ਵਾਤਾਵਰਣ ਤੇ ਪਰਿਸਥਿਤੀਆਂ ਨਾਲ ਸੰਘਰਸ਼ ਕਰਨਾ ਪਿਆ ਸੀ । ਆਰੀਆ ਲੋਕਾਂ ਦਾ ਨੇਟਿਵ ਆਦਿਮ ਜਨ-ਜਾਤੀਆਂ ਨਾਲ ਜਿਵੇ ਜਿਵੇਂ ਸੰਪਰਕ ਵਧਦਾ ਗਿਆ ਤਿਵੇਂ ਤਿਵੇਂ ਆਰੀਆ ਤੇ ਅਨਾਰੀਆ ਦੀ ਭਾਸ਼ਾ, ਤਰਜ਼ੇ-ਜ਼ਿੰਦਗੀ, ਸਭਿਅਤਾ ਅਤੇ ਸਭਿਆਚਾਰ ਆਦਿ ਪਹਿਲੂਆਂ ਵਿਚ ਆਪਸੀ ਆਦਾਨ-ਪ੍ਰਦਾਨ ਜਾਰੀ ਹੋਣਾ ਸ਼ੁਰੂ ਹੋ ਗਿਆ । ਨਵੇਂ ਦੇਸ (ਭਾਰਤ) ਦੀ ਨਵੀਂ ਧਰਤੀ ਉਤੇ ਆਰੀਆ ਲੋਕ ਆਪਣੀ ਕਾਰਜ-ਕੁਸ਼ਲਤਾ ਦੇ ਕਾਰਣ ਸੁਦ੍ਰਿੜ ਹੁੰਦੇ ਜਾ ਰਹੇ ਸਨ । ਪਰ ਇਹ ਕਹਿਣਾ ਯਥਾਰਥ ਨਹੀਂ ਹੈ ਕਿ ਭਾਰਤ ਦੀ ਆਰੀਆ ਸਭਿਅਤਾ ਵਿਚ ਜਿੰਨੇ ਵੀ ਉਤਕ੍ਰਿਸ਼ਟ ਤੇ ਉੱਚਤਮ ਅੰਸ਼ ਉਪਲਬਧ ਹੁੰਦੇ ਹਨ, ਇਹ ਉਨ੍ਹਾਂ ਦੀ ਆਪਣੀ ਮੌਲਿਕ ਦੇਣ ਹਨ, ਸਗੋਂ ਵਸਤੂ-ਸਥਿਤੀ ਇਹ ਹੈ ਕਿ ਭਾਰਤੀ ਸਭਿਅਤਾ ਦਾ ਨਿਰਮਾਣ ਕੇਵਲ ਆਰੀਆ ਨੇ ਹੀ ਨਹੀਂ ਕੀਤਾ ਬਲਕਿ ਅਨਾਰੀਆ ਦਾ ਵੀ ਇਸ ਵਿਚ ਬਹੁਤ ਭਾਰੀ ਹਿੱਸਾ ਹੈ । ਅਨਾਰੀਆਂ ਨੇ ਹੀ ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦੀ ਮੂਲ ਪ੍ਰਤਿਸਠਾ-ਭੂਮੀ ਤਿਆਰ ਕੀਤੀ ਸੀ । ਦੇਸ਼ ਦੇ ਕਈ ਹਿੱਸਿਆਂ ਵਿਚ ਅਨਾਰੀਆ ਲੋਕਾਂ ਦੀਆਂ ਭੌਤਿਕ ਉਪਲਬਧੀਆਂ ਆਰੀਆ ਦੀ ਤੁਲਨਾ ਵਿਚ ਕਿਤੇ ਬਿਹਤਰੀਨ ਤੇ ਉੱਨਤ ਸਨ ਜਿਵੇਂ ਕਿ ਮਿਸਾਲ ਦੇ ਤੌਰ ਤੇ, ਮੋਇੰਜੋਦੜੋ ਤੇ ਹੜੱਪਾ ਦੀਆਂ ਅਤਿ ਪ੍ਰਾਚੀਨ ਅਨਾਰੀਆ ਸਭਿਆਤਾਵਾ ਤੋਂ ਜ਼ਾਹਰ ਹੁੰਦਾ ਹੈ । ਭਾਰਤੀ ਪ੍ਰਾਚੀਨ ਇਤਿਹਾਸ ਦੀ ਖੋਜ ਤੇ ਅਨੁਸੰਧਾਨ ਤੋਂ ਇਹ ਤੱਥ ਹੌਲੀ ਹੌਲੀ ਸਪਸ਼ਟ ਤੇ ਸਪਸ਼ਟ-ਤਰ ਹੁੰਦਾ ਜਾ ਰਿਹਾ ਹੈ ਕਿ ਭਾਰਤੀ ਸਭਿਅਤਾ ਦੀ ਉਸਾਰੀ ਵਿਚ ਅਨਾਰੀਆ ਕੌਮਾਂ ਦਾ ਭਾਗਦਾਨ ਜ਼ਿਆਦਾ ਤੋਂ ਜ਼ਿਆਦਾਤਰ ਪਾਇਆ ਹੋਇਆ ਸਾਬਤ ਹੁੰਦਾ ਜਾ ਰਿਹਾ ਹੈ ।

ਭਾਰਤ ਦੇ ਪ੍ਰਾਚੀਨ ਇਤਿਹਾਸ ਤੇ ਦੰਦ-ਕਥਾਵਾਂ ਵਿਚ ਓਤ-ਪੋਤ ਕਈ ਧਾਰਮਿਕ ਤੇ ਸਭਿਆਚਾਰਕ ਰਹੁ-ਰੀਤਾਂ ਅਨਾਰੀਆ ਤੋਂ ਆਈਆਂ ਹੋਈਆਂ ਮਾਨਤਾਵਾਂ ਦਾ ਹੀ ਆਰੀਆ ਭਾਸ਼ਾ ਵਿਚ ਰੂਪਾਂਤਰਣ ਹਨ । ਆਰੀਆ ਲੋਕਾਂ ਦੀ ਆਰੀਆ ਭਾਸ਼ਾ ਹੀ ਸਭ ਤੋਂ ਵੱਧ ਮਹਤਵਪੂਰਣ ਦੇਣ ਬਣੀ ਹੋਈ ਸੀ ਪਰ ਉਸ ਵਿਚ ਵੀ ਕਾਫ਼ੀ ਮਿਸਰਣ ਹੋ ਰਿਹਾ ਸੀ । ਸੰਖੇਪ ਵਿਚ ਪ੍ਰਾਰਬਧ ਤੇ ਸੰਚਿਤ ਕਰਮਾਂ ਦੇ ਸਿੱਧਾਂਤ, ਪਰਲੋਕ ਦੀ ਪਰਿਕਲਪਨਾ, ਯੋਗ-

ਸਾਧਨਾ, ਸ਼ਿਵ, ਦੇਵੀ ਤੇ ਵਿਸ਼ਨੂ ਰੂਪ ਵਿਚ ਪਰਮਾਤਮਾ ਦਾ ਸੰਕਲਪ, ਵੈਦਿਕ "ਹਵਨ" ਪੱਧਤੀ ਦੇ ਬਰਾਬਰ ਨਵੀਂ "ਪੂਜਾ" ਪੱਧਤੀ ਆਦਿ ਗੱਲਾਂ ਜੋ ਹਿੰਦੂ ਧਰਮ, ਸੰਸਕ੍ਰਿਤੀ ਤੇ ਅਰਚਨਾ ਸਾਧਨਾਂ ਵਿਚ ਉਪਲਬਧ ਹਨ, ਉਹ ਅਨਾਰੀਆਂ ਦੀ ਦੇਣ ਹਨ । ਸਾਡੇ ਬਹੁਤ ਸਾਰੇ ਲੌਕਿਕ ਸੰਸਕਾਰ, ਧਾਰਮਿਕ ਵਿਸਵਾਸ ਤੇ ਅਨੁਸ਼ਠਾਨ, ਸਮਾਜਿਕ ਰੂੜੀਆ ਸਭਿਆਚਾਰਕ ਕ੍ਰਿਆਵਾ ਅਨਾਰੀਆਂ ਮਾਨਤਾਵਾਂ ਦੇ ਹੀ ਪ੍ਰਤੀਰੂਪ ਹਨ । ਉਦਾਹਰਣ ਦੇ ਤੌਰ ਤੇ ਧਾਨਾ (ਚੌਲਾਂ), ਇਮਲੀ, ਤਥਾ ਨਾਰੀਅਲ ਦੀ ਖੇਤੀ, ਪਾਨ ਦਾ ਹਿੰਦੂ ਜੀਵਨ ਤੇ ਪੂਜਾ ਅਰਚਨਾ ਵਿਚ ਪ੍ਰਯੋਗ, ਸਾੜੀ ਸਾੜ੍ਹੀ, ਧੋਤੀ ਆਦਿ ਵਿਸ਼ੇਸ਼ ਕਿਸਮ ਦੀ ਪੁਸ਼ਾਕ, ਵਿਵਾਹ ਸੰਬੰਧੀ ਕਈ ਰਸਮਾ ਅਤੇ ਸਿੰਧੂਰ, ਹਲਦੀ ਦੀ ਵਰਤੋਂ ਆਦਿ ਹੋਰ ਵੀ ਕਈ ਰਸਮਾ ਤੇ ਮਨੌਤਾਂ ਹਨ ਜਿਹੜੀਆਂ ਗ਼ੈਰ-ਆਰੀਆ ਲੋਕਾਂ ਵਲੋਂ ਦੇਣ ਕਹੀਆਂ ਜਾ ਸਕਦੀਆ ਹਨ । ਜਿਥੋਂ ਤਕ ਆਰੀਆ ਭਾਸਾ ਦਾ ਸਵਾਲ ਹੈ, ਇਹ ਆਰੀਆ ਭਾਸ਼ਾ ਭਾਰਤ ਦੇ ਹਰ ਲੋਕ-ਸਮੂਹ ਵਿਚ ਪ੍ਰਮੁਖ ਤੇ ਪ੍ਰਮਾਣਿਕ ਤੌਰ ਤੇ ਸਵੀਕਿਰਤ ਹੁੰਦੀ ਚਲੀ ਗਈ ਪਰੰਤੂ ਆਰੀਆ ਭਾਸ਼ਾ ਵਿਚ ਵੀ ਗ਼ੈਰ-ਆਰੀਆ ਦੇ ਸੰਪਰਕ ਨਾਲ ਪਰਿਵਰਤਨ-ਪਰਿਵਰਧਨ ਆਏ । ਪਰ ਫੇਰ ਵੀ ਭਾਰਤ ਦੀਆਂ ਗ਼ੈਰ-ਆਰੀਆ ਭਾਸ਼ਾਵਾਂ ਉਤੇ ਆਰੀਆ ਭਾਸ਼ਾ ਦੀ ਗਹਿਰੀ ਮੁਹਰ-ਛਾਪ ਦ੍ਰਿਸ਼ਟੀਗੋਚਰ ਹੁੰਦੀ ਹੈ ।

ਅਧਿਆਏ 2 : 2

ਆਰੀਆ ਭਾਸ਼ਾ ਦਾ ਕ੍ਰਮਿਕ-ਵਿਕਾਸ
(Development of Indic Family)

ਆਰੀਆ ਭਾਸ਼ਾ ਦੀ ਸਥਾਪਨਾ ਅਤੇ ਉਸ ਦਾ ਕ੍ਰਮਿਕ-ਵਿਕਾਸ

ਭਾਰਤ ਦੇ ਆਰੀਆ ਭਾਸ਼ਾ-ਪਰਿਵਾਰ ਦੇ ਇਤਿਹਾਸਿਕ ਪਰੀਪੇਖ ਦਾ ਵਰਣਨ ਤੇ ਵਿਵੇਚਨ ਕਰਨ ਦੇ ਉਦੇਸ਼ ਨਾਲ ਪਿਛਲੇ ਪੰਨਿਆਂ 'ਤੇ ਆਰੀਆ ਦਾ ਭਾਰਤ-ਪ੍ਰਵੇਸ਼, ਆਰੀਆਂ ਦਾ ਗੈਰ-ਆਰੀਆ ਨਸਲਾਂ ਨਾਲ ਸੰਗਮ ਤੇ ਸੰਪਰਕ, ਆਰੀਆ ਸੰਸਕ੍ਰਿਤੀ ਤੇ ਆਰੀਆ ਭਾਸ਼ਾ ਪ੍ਰਤੀ ਗੈਰ-ਆਰੀਆਂ ਦਾ ਯੋਗਦਾਨ ਆਦਿ ਥੀਮਕ ਪਹਿਲੂਆ ਦਾ ਸੰਖੇਪ ਇਤਿਹਾਸਿਕ ਤੇ ਸਭਿਆਚਾਰਕ ਪਰੀਚੈ ਪੇਸ਼ ਕੀਤਾ ਗਿਆ ਹੈ। ਹੁਣ ਅਸੀਂ ਏਥੇ ਭਾਰਤੀ ਉਪ-ਮਹਾਦੀਪ ਵਿਚ ਆਰੀਆ-ਭਾਸ਼ਾ ਦੀ ਸਥਾਪਨਾ ਅਤੇ ਉਸ ਦੇ ਕ੍ਰਮਿਕ-ਵਿਕਾਸ ਦੀ ਚਰਚਾ ਕਰਾਂਗੇ।

ਭਾਰਤ ਵਿਚ ਆਰੀਆ ਜਾਤੀ ਦਾ ਆਗਮਨ ਕਿਸ ਕਾਲ-ਬਿੰਦੂ ਤੇ ਸੰਪੰਨ ਹੋਇਆ ਸੀ, ਇਹ ਬਹੁ-ਚਰਚਿਤ ਸਮੱਸਿਆ ਭਾਵੇਂ ਥੋੜ੍ਹੀ-ਬਹੁਤ ਅਜੇ ਵੀ ਵਿਵਾਦ-ਗ੍ਰਸਤ ਅਵਸਥਾ ਵਿਚ ਵਿੱਦਮਾਨ ਹੈ ਪਰ ਹੁਣ ਇਹ ਆਮ ਧਾਰਣਾ ਲਗਭਗ ਸਵੀਕ੍ਰਿਤ ਹੈ ਕਿ 1500 ਪੂ.ਈ. ਕਾਲ-ਖੰਡ ਵਿਚ* ਭਾਰਤ ਦੇ ਉੱਤਰ-ਪੱਛਮੀ ਸਰਹੱਦੀ ਇਲਾਕਿਆਂ ਵਿਚ ਆਰੀਆ ਲੋਕਾਂ ਦੇ ਵਿਭਿੰਨ ਦਲ ਆਉਣ ਲਗ ਪਏ ਸਨ ਜਿਸ ਨੂੰ "ਸਿੰਧ-ਪੰਜਾਬ" ਕਰਕੇ ਜਾਣਿਆ ਜਾਂਦਾ ਹੈ। ਸਿੰਧ-ਪੰਜਾਬ ਵਿਚ ਪਹਿਲਾਂ ਤੋਂ ਵਸੀਆਂ ਹੋਈਆਂ ਨੇਗ੍ਰੀਟੋ, ਆਸਟ੍ਰਿਕ (ਨਿਸ਼ਾਦ), ਦ੍ਰਾਵਿੜ ਤੇ ਕਿਰਾਤ ਜਾਤੀਆਂ ਦੇ ਲੋਕਾਂ ਨੂੰ ਹਰਾ ਕੇ ਆਰੀਆਂ ਨੇ ਸਪਤ ਸਿੰਧੂ (ਅਜੋਕਾ ਸੰਯੁਕਤ ਪੰਜਾਬ) ਦੇਸ਼ ਉਪਰ ਆਪਣਾ ਅਧਿਕਾਰ ਜਮਾ ਲਿਆ ਸੀ। ਪੱਛਮੋਤਰੀ ਭਾਰਤ ਦੇ ਇਸ ਪ੍ਰਦੇਸ਼ ਨੂੰ ਅਤਿ ਪੁਰਾਤਨ ਯੁਗ ਵਿਚ "ਸਪਤ ਸਿੰਧੂ" ਕਿਹਾ ਜਾਂਦਾ ਸੀ। ਇਸੇ ਸਪਤ-ਸਿੰਧੂ ਪ੍ਰਦੇਸ਼ ਤੋਂ ਆਰੀਆ ਭਾਸ਼ਾ ਅਤੇ ਸੰਸਕ੍ਰਿਤੀ ਦੀ ਦਿਗਵਿਜੈ-ਯਾਤ੍ਰਾ ਸ਼ੁਰੂ ਹੁੰਦੀ ਹੈ। ਏਥੋਂ ਹੀ ਆਰੀਆ ਲੋਕ ਹੌਲੀ ਹੌਲੀ ਪੂਰਬ ਦਿਸ਼ਾ ਵਲ ਵਧਣ ਲੱਗੇ ਅਤੇ ਮੱਧ ਦੇਸ਼, ਕਾਸ਼ੀ, ਕੋਸਲ, ਮਗਧ, ਅੰਗ-ਬੰਗ ਤਥਾ ਕਾਮਰੂਪ (ਅਜੋਕਾ ਆਸਾਮ) ਦੀਆ ਸਥਾਨਿਕ ਅਨਾਰੀਆ ਜਾਤੀਆਂ ਨੂੰ ਆਪਣੇ ਅਧੀਨ ਕਰ ਕੇ ਆਪਣੇ ਰਾਜ ਸਥਾਪਿਤ ਕਰ ਲਏ। ਇਸ ਤਰ੍ਹਾਂ ਸਮੂਹ ਉੱਤਰਾਪਥ ਵਿਚ ਆਰੀਆ ਦੀ ਦਿਗਵਿਜੈ ਸਥਾਪਿਤ ਹੋ ਗਈ। ਬਾਅਦ ਵਿਚ ਆਰੀਆ ਸੰਸਕ੍ਰਿਤੀ ਨੇ ਦੱਖਣਾਪਥ ਵਿਚ ਪ੍ਰਵੇਸ਼ ਕੀਤਾ ਅਤੇ ਜਦੋਂ ਯੂਨਾਨੀ (ਗ੍ਰੀਕ) ਰਾਜਦੂਤ ਮੈਗਸਥਨੀਜ਼ ਭਾਰਤ ਆਇਆ ਉਦੋਂ ਤਕ ਆਰੀਆ ਸੰਸਕ੍ਰਿਤੀ ਸੁਦੂਰ ਦੱਖਣੀ ਭਾਰਤ ਵਿਚ ਫੈਲ ਚੁੱਕੀ ਸੀ। [ਉਦਯ ਨਾਰਾਯਣ ਤਿਵਾਰੀ, 1955 : 31].

---

* "The date most commonly accepted for the Aryan movement into India is 1500 B.C." Colin P. Masica, *The Indo-Aryan Languages*, Chicago, 1991 : 37.

ਆਰੀਆਂ ਲੋਕਾਂ ਦੀ ਜਿੱਤ ਰਾਜਨੀਤਿਕ ਵਿਜੈ-ਮਾਤਰ ਨਹੀਂ ਸੀ। ਉਹ ਤਾਂ ਆਪਣੇ ਨਾਲ ਸੁਵਿਕਸਿਤ ਅਮੀਰ ਭਾਸ਼ਾ ਅਤੇ ਯੱਗ-ਪ੍ਰਧਾਨ ਸੰਸਕ੍ਰਿਤੀ ਵੀ ਲੈ ਕੇ ਆਏ ਸਨ। ਰਾਜਨੀਤਿਕ ਜਿੱਤ ਦੇ ਨਾਲ ਨਾਲ ਉਨ੍ਹਾਂ ਦੀ ਭਾਸ਼ਾ ਅਤੇ ਸੰਸਕ੍ਰਿਤੀ ਦਾ ਵੀ ਪ੍ਰਸਾਰ ਤੇ ਪ੍ਰਚਾਰ ਹੋਣ ਲੱਗਾ। ਇਸ ਤਰ੍ਹਾਂ ਸਪਤਸਿੰਧੂ (ਪੰਜਾਬ) ਹੀ ਭਾਰਤੀ ਆਰੀਆ-ਭਾਸ਼ਾ ਅਤੇ ਸੰਸਕ੍ਰਿਤੀ ਦੇ ਬਹੁ-ਦਿਸ਼ਾਵੀ ਪ੍ਰਸਾਰਨ ਦਾ ਆਰੰਭ-ਬਿੰਦੂ ਕਿਹਾ ਜਾ ਸਕਦਾ ਹੈ।

ਪ੍ਰਥਮ ਆਰੀਆ-ਭਾਸ਼ਾ ਵਿਚ ਉਪਭਾਸ਼ਾ-ਗਤ ਵਖਰੇਵੇਂ

ਆਰੀਆ-ਜਾਤੀ ਅਤੇ ਆਰੀਆ-ਭਾਸ਼ਾ ਦੇ ਵਿਦਵਾਨ ਮਾਨਵ-ਵਿਗਿਆਨੀ ਤੇ ਭਾਸ਼ਾ-ਵਿਗਿਆਨੀ ਹੁਣ ਇਹ ਤਸਲੀਮ ਕਰਦੇ ਹਨ ਕਿ ਆਰੀਆਂ ਦੀਆਂ ਵੱਖ ਵੱਖ ਸ਼ਾਖਾਵਾਂ ਭਾਰਤ ਵਿਚ ਆਈਆਂ ਸਨ, ਇਸ ਲਈ ਹਰ ਇਕ ਸ਼ਾਖਾ ਦੀ ਬੋਲੀ ਇਕ-ਦੂਜੀ ਤੋਂ ਕੁਝ ਵੱਖਰੀ ਸੀ। ਪਰ ਇਹ ਵੱਖਰੇਵਾਂ ਸ਼ੁਰੂ ਵਿਚ ਨਾਂ-ਮਾਤਰ ਹੀ ਸੀ। ਫੇਰ ਵੀ ਆਰੀਆਈ ਦਲਾਂ ਦੀਆਂ ਬੋਲੀਆਂ ਦੇ ਨਾਂ-ਮਾਤਰ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਸਾਹਿਤਕ ਭਾਸ਼ਾ ਦਾ ਇਕ ਸਰਵ-ਪਰਵਾਣਤ ਰੂਪ ਉਭਰ ਚੁਕਿਆ ਸੀ ਜਿਸ ਵਿਚ ਉਹ ਆਪਣੇ ਸੂਕਤਾਂ, ਦੇਵੀ ਉਸਤਤੀਆਂ (ਸਤਵਨ) ਅਤੇ ਉਦਗੀਥਾਂ (ਸਾਮਗਾਨ) ਦੀ ਰਚਨਾ ਕਰਦੇ ਸਨ। ਇਹ ਸਾਰੀ ਸਾਹਿਤਕ ਦਿੱਵ-ਸਾਮਗਰੀ ਬਾਅਦ ਵਿਚ ਰਿਗਵੇਦ-ਸੰਹਿਤਾ ਦੇ ਰੂਪ ਵਿਚ ਸੰਗ੍ਰਹਿ ਕੀਤੀ ਗਈ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਰਿਗਵੈਦਿਕ ਸਾਹਿਤਕ ਭਾਸ਼ਾ ਦੀ ਆਧਾਰ-ਭਾਸ਼ਾ ਸੀਮਾਵਰਤੀ ਇਲਾਕੇ ਦੀ ਪੱਛਮੀ ਆਰੀਆ ਬੋਲੀ ਹੀ ਸੀ ਜਿਹੜੀ ਕਿ ਉਸ ਵੇਲੇ ਤਕ ਪ੍ਰਾਚੀਨ ਸਪਤਸਿੰਧੂ (ਪੰਜਾਬ) ਵਿਚ ਪ੍ਰਚਲਿਤ ਹੋ ਚੁਕੀ ਸੀ। ਰਿਕ-ਸੰਹਿਤਾ ਦੀ ਇਹ ਆਧਾਰ-ਭਾਸ਼ਾ ਹੀ ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (old Indo-Aryan) ਦੀ ਪ੍ਰਥਮ ਅਵਸਥਾ ਦੀ ਪ੍ਰਤੀਨਿਧਤਾ ਕਰਦੀ ਕਹੀ ਜਾ ਸਕਦੀ ਹੈ। ਰਿਗਵੇਦ ਵਿਚ ਪ੍ਰਯੁਕਤ ਸਰਵ-ਪ੍ਰਵਾਣਤ ਸਟੈਂਡਰਡ ਸਾਹਿਤਕ-ਭਾਸ਼ਾ ਦੇ ਬਾਵਜੂਦ ਰਿਗਵੇਦ ਦੇ ਪਾਠਾਂ ਵਿਚ ਉਪ-ਭਾਸ਼ਾ-ਗਤ ਭੇਦ ਪਾਏ ਜਾਂਦੇ ਹਨ। ਡਾ. ਪੀ. ਡੀ. ਗੁਣੇ [1955], ਡਾ. ਐਸ. ਕੇ. ਚੈਟਰਜੀ [1926], ਡਾ. ਉਦਯ ਨਾਰਾਯਣ ਤਿਵਾਰੀ [1956] ਆਦਿ ਸੰਸਕ੍ਰਿਤ ਦੇ ਵਿਸ਼ੇਸ਼ੱਗ ਭਾਸ਼ਾ-ਵਿਗਿਆਨੀਆਂ ਨੇ ਰਿਗਵੇਦ ਵਿਚ ਉਪਲਬਧ ਉਪ-ਭਾਸ਼ਾਈ ਵਖਰੇਵਿਆਂ ਦੀ ਚਰਚਾ ਕੀਤੀ ਹੈ। ਰਿਗਵੇਦ ਸੰਹਿਤਾ ਵਿਚ ਕੁਲ 10 ਮੰਡਲ (books) ਹਨ। ਦਸਵੇਂ ਮੰਡਲ ਦੀ ਭਾਸ਼ਾ ਵਿਚ ਬਾਕੀ ਮੰਡਲਾਂ ਦੀ ਭਾਸ਼ਾ ਨਾਲੋਂ ਕੁਝ ਅੰਤਰ ਦ੍ਰਿਸ਼ਟਮਾਨ ਹੁੰਦੇ ਹਨ। ਵਿਦਵਾਨਾਂ ਨੇ ਇਨ੍ਹਾਂ ਉਭਰਵੇਂ ਅੰਤਰ-ਭੇਦਾਂ ਦੀਆਂ ਮਿਸਾਲਾਂ ਵੀ ਉਧ੍ਰਿਤ ਕੀਤੀਆਂ ਹਨ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਅਜਿਹੇ ਉਪ-ਭਾਸ਼ਾਈ ਭੇਦ ਭਾਰਤੀ ਯੁਗ ਤੋਂ ਪਹਿਲਾਂ ਹੀ ਉਭਰ ਚੁਕੇ ਸਨ। ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਆਰੀਆ ਲੋਕ ਯਕੀਨੀ ਤੌਰ ਤੇ ਕਈ ਸੂਕਤ-ਸਤਵਨ ਅਤੇ ਕਈ ਮਹਤਵਪੂਰਣ ਕਾਵਿ-ਰਚਨਾਵਾਂ ਆਪਣੇ ਨਾਲ ਹੀ ਲੈ ਕੇ ਭਾਰਤ ਵਿਚ ਆਏ ਸਨ। ਸੰਭਵ ਹੈ ਕਿ ਇਹ ਸਾਰਾ ਕਾਵਿ-ਸਾਹਿੱਤ ਮੌਖਿਕ ਰੂਪ ਵਿਚ ਹੀ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਿਹਾ ਹੋਵੇ। ਪਰੰਤੂ ਸਾਹਿੱਤ ਜਦ ਤਕ ਲਿਪੀ ਰੂਪ ਵਿਚ ਸੰਭਾਲ ਕੇ ਸਥਿਰ ਨਾ ਕੀਤਾ ਜਾਵੇ ਉਸ ਦੇ ਮੌਖਿਕ ਪਾਠ-ਪ੍ਰਵਚਨ ਵਿਚ ਨਿਰੰਤਰ ਪਰਿਵਰਤਨ ਦੀ ਸੰਭਾਵਨਾ ਬਣੀ ਰਹਿੰਦੀ ਹੈ ਬੇਸ਼ਕ ਇਹ ਪਰਿਵਰਤਨ ਬੇਮਾਲੂਮ ਕਿਉਂ ਨਾ ਹੋਵੇ।

ਵੈਦਿਕ ਪਾਠਾਂ ਦਾ ਮੌਲਿਕ ਸਰੂਪ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਆਖਰਕਾਰ ਵੇਦਾਂ ਦਾ ਸੰਗ੍ਰਹਿ ਤੇ ਸੰਕਲਨ ਕਿਵੇਂ

ਹੋਇਆ । ਲੇਖਨ-ਕਲਾ ਦੀ ਸਹਾਇਤਾ ਤੋਂ ਬਿਨਾਂ ਇਹ ਸੰਕਲਨ ਤਿਆਰ ਕਰਨੇ ਅਸੰਭਵ ਹੀ ਸਨ । ਇਹ ਮਾਨਤਾ ਹੈ ਕਿ ਵੈਦਿਕ ਸੂਕਤ ਲੰਮੇ-ਦੀਰਘ ਕਾਲ ਤਕ ਸਰੁਤੀ-ਪਰੰਪਰਾ ਦੇ ਅਨੁਸਾਰ ਰਿਸ਼ੀ-ਪਰਿਵਾਰਾਂ ਵਿਚ ਸੁਰੱਖਿਅਤ ਰਖੇ ਜਾਂਦੇ ਰਹੇ, ਪਰੰਤੂ ਡਾ. ਚੈਟਰਜੀ ਦਾ ਅਨੁਮਾਨ ਹੈ ਕਿ ਈਸਾ-ਪੂਰਵ ਦਸਵੀਂ ਸਦੀ ਵੇਲੇ ਹੀ ਆਰੀਆ ਭਾਸ਼ਾ ਨੂੰ ਲਿਪੀਬੱਧ ਕਰਨ ਲਈ ਪ੍ਰਾਚੀਨ ਸਿੰਧ-ਪੰਜਾਬ ਦੀ ਅਨਾਰੀਆ ਲਿਪੀ ਦੀ ਹੀ ਵਰਤੋਂ ਕੀਤੀ ਗਈ ਹੋਵੇਗੀ ਜਿਸ ਲਿਪੀ ਦੇ ਨਮੂਨੇ ਮੋਇੰਜੋਦੜੋ ਤੇ ਹੜੱਪਾ ਦੇ ਪੁਰਾਤਤੱਵੀ ਅਵਸ਼ੇਸ਼ਾਂ ਤੋਂ ਅੰਕਿਤ ਹੋਏ ਮਿਲਦੇ ਹਨ । ਭਾਰਤੀ ਆਰੀਆ ਲਿਪੀ ਦੇ ਇਤਿਹਾਸ-ਯੁਗੀ ਨਮੂਨੇ ਅਸ਼ੋਕ-ਕਾਲੀ ਬ੍ਰਾਹਮੀ ਲਿਪੀ ਦੀ ਸ਼ਕਲ ਵਿਚ ਤੀਜੀ-ਚੌਥੀ ਸਦੀ ਪੂ. ਈ. ਵਿਚ ਤਾਂ ਨਿਸ਼ਚਤ ਤੌਰ ਤੇ ਮਿਲਦੇ ਹਨ, ਇਸ ਤੋਂ ਪਹਿਲਾਂ ਆਰੀਆ ਲਿਪੀ ਦੀ ਵੰਨਗੀ ਨਹੀਂ ਮਿਲਦੀ । ਸਿੰਧ-ਪੰਜਾਬੀ ਲਿਪੀ ਤੋਂ ਬ੍ਰਾਹਮੀ ਲਿਪੀ ਤਕ ਵਿਕਾਸ ਕਰਨ ਲਈ ਸੱਤ-ਅੱਠ ਸਦੀਆਂ ਤਾਂ ਲਗੀਆਂ ਹੀ ਹੋਣਗੀਆਂ । ਸਿੰਧ-ਪੰਜਾਬੀ ਲਿਪੀ ਵਰਗੀ ਆਦਿਮ ਕਿਸਮ ਦੀ ਲਿਪੀ, ਜਿਸ ਨੂੰ ਪ੍ਰਥਮ ਬ੍ਰਾਹਮੀ ਕਿਹਾ ਜਾ ਸਕਦਾ ਹੈ, ਵਿਚ ਤਤਕਾਲੀ ਬੋਲਚਾਲ ਦੀਆਂ ਵੈਦਿਕ ਧੁਨੀਆਂ ਦੀਆਂ ਬਰੀਕ ਜਟਿਲਤਾਵਾਂ ਨੂੰ alphabetise ਕਰਨਾ ਐਵੇਂ ਇਕ ਸਥੂਲ ਉਪਰਾਲਾ ਹੀ ਪ੍ਰਤੀਤ ਹੁੰਦਾ ਹੈ ਕਿਉਂਕਿ ਕਈਆਂ ਸਦੀਆਂ ਬਾਅਦ ਪ੍ਰਾਪਤ ਹੋਈ ਅਸ਼ੋਕੀ ਬ੍ਰਾਹਮੀ ਦੀ ਲੇਖਨ-ਪੱਧਤੀ ਵੀ ਸੰਪੂਰਨ ਨਹੀਂ ਮੰਨੀ ਜਾਂਦੀ । ਬ੍ਰਾਹਮੀ ਵਿਚ ਫੋਨੀਮ ਅਤੇ ਗ੍ਰਾਫ਼ੀਮ ਵਿਚ ਸਮਰੂਪਤਾ (correspondence between phoneme and grapheme) ਦਾ ਅਭਾਵ ਹੈ । ਸੰਭਵ ਹੈ ਕਿ ਵੈਦਿਕ ਸੰਹਿਤਾਵਾਂ 10ਵੀਂ ਸਦੀ ਪੂ. ਈ. ਸਮੇਂ ਲੇਖਬੱਧ ਕੀਤੀਆਂ ਜਾ ਚੁੱਕੀਆਂ ਹੋਣਗੀਆਂ, ਵਰਨਾ ਵੈਦਿਕ ਪਾਠਾਂ ਨੂੰ ਏਨੇ ਵਿਸ਼ੁਧ ਮੌਲਿਕ ਹੂਬਹੂ ਸਰੂਪ ਵਿਚ ਸੁਰੱਖਿਅਤ ਰਖਣਾ ਕਤਈ ਸੰਭਵ ਨਹੀਂ ਹੋ ਸਕਦਾ ਸੀ ।

ਵੈਦਿਕ ਵਿਦਵਾਨਾਂ ਦਾ ਇਹ ਦਾਅਵਾ ਹੈ ਕਿ ਵੈਦਿਕ ਮੰਤ੍ਰ-ਸਾਹਿੱਤ ਦੇ ਲੇਖਬੱਧ ਹੋ ਜਾਣ ਉਪੰਰਤ ਤਕਰੀਬਨ ਤਿੰਨ ਹਜ਼ਾਰ ਸਾਲਾਂ ਤੋਂ ਵੇਦ-ਪਾਠ (ਟੈਕਸਟ) ਹੁਣ ਤਕ ਕਈਆਂ ਵਿਧੀਆਂ ਦੁਆਰਾ ਉਸੇ ਮੂਲ ਰੂਪ ਵਿਚ ਹੀ ਸੁਰਖਿਅਤ ਰਖੇ ਗਏ ਹਨ । ਰਿਸ਼ੀਆਂ ਨੇ ਪ੍ਰਾਚੀਨ ਮੰਤ੍ਰ-ਸਾਹਿੱਤ ਨੂੰ ਸੁਰੱਖਿਅਤ ਰੱਖਣ ਲਈ ਸੰਹਿਤਾ-ਪਾਠ ਦੇ ਹਰ ਸ਼ਬਦ-ਖੰਡ (ਪਦ) ਦਾ ਸੰਧੀਛੇਦ ਕਰ ਕੇ ਪਦ-ਪਾਠ ਦੀ ਪ੍ਰਥਾ ਚਲਾਈ ਅਤੇ ਪਦ-ਪਾਠ ਤੋਂ ਮੁੜ ਸੰਹਿਤਾ-ਪਾਠ ਬਣਾਉਣ ਦੇ ਨਿਯਮ ਨਿਰਧਾਰਤ ਕੀਤੇ । ਇਸ ਤਰ੍ਹਾਂ ਹਰ ਵੇਦ ਦੀਆਂ ਵਿਭਿੰਨ ਸ਼ਾਖਾਵਾਂ ਦੇ ਵੱਖ ਵੱਖ "ਪ੍ਰਾਤਿਸ਼ਾਖਯਾਂ" ਦੀ ਰਚਨਾ ਕੀਤੀ ਗਈ । ਇਨ੍ਹਾਂ ਪ੍ਰਾਤਿਸਾਖਯ-ਗ੍ਰੰਥਾਂ ਵਿਚ ਵਰਣ-ਵਿਚਾਰ, ਉੱਚਾਰਣ, ਪਦ-ਪਾਠ 'ਤੇ ਸੰਹਿਤਾ-ਪਾਠ ਦੀ ਵਿਧੀ-ਵਿਉਂਤ ਆਦਿ ਧੁਨੀਆਤਮਕ/ਭਾਸ਼ਾਤਮਕ ਪੱਖਾਂ 'ਤੇ ਵਿਚਾਰ ਕੀਤਾ ਗਿਆ ਹੈ । ਇਸ ਤੋਂ ਇਲਾਵਾ ਵੈਦਿਕ ਰਿਚਾਵਾਂ ਦਾ ਅਤਿਅੰਤ ਸ਼ੁਧ ਉੱਚਾਰਣ ਕਰਨਾ ਵੀ ਧਾਰਮਿਕ ਦ੍ਰਿਸ਼ਟੀ ਤੋਂ ਇਕ ਪੁੰਨ-ਦਾਇਕ ਕਰਮ ਮੰਨਿਆ ਜਾਂਦਾ ਸੀ । ਸ਼ੁੱਧ ਉੱਚਾਰਣ ਤੇ ਸ਼ੁਧ ਪਾਠ ਨੂੰ ਧਰਮ ਨਾਲ ਜੋੜ ਕੇ ਰਿਸ਼ੀਆਂ ਨੇ ਵੈਦਿਕ ਸੰਹਿਤਾਵਾਂ ਦੀ ਭਾਸ਼ਾਗਤ ਸ਼ੁੱਧਤਾ ਨੂੰ ਕਾਇਮ ਰੱਖਣ ਦਾ ਕਾਰਜ ਸੰਪੰਨ ਕੀਤਾ ਹੈ । ਵੈਦਿਕ ਸਾਹਿੱਤ ਵਿਚ ਇਕ ਸ਼ਲੋਕ ਹੈ

"मन्त्रो हीनः स्वरतो वर्णतो वा
मिथ्या प्रयुक्तो न तमर्थमाह।
स वाग्वज्रो यजमानं हिनस्ति
यथेन्द्रशत्रुः स्वरतोऽपराधात्-"

ਭਾਵ ਇਹ ਹੈ ਕਿ ਵੇਦ-ਮੰਤਰ ਜੇਕਰ ਸੁਰ (accent) ਜਾਂ ਵਰਣ ਦੇ ਸ਼ੁੱਧ ਉਚਾਰਣ ਪੱਖੋਂ ਤਰੁਟੀ-ਪੂਰਣ ਹੋਵੇ ਤਾਂ ਉਹ ਯਥਾਰਥ ਅਰਥ ਪ੍ਰਦਾਨ ਨਹੀਂ ਕਰਦਾ, ਬਲਕਿ ਉਹ ਜਜਮਾਨ ਦਾ ਵੀ ਹਨਨ ਕਰ ਦਿੰਦਾ ਹੈ ਜਿਸ ਪ੍ਰਕਾਰ "ਇੰਦ੍ਰਸ਼ਤਰੂ" ਦੇ ਉਚਾਰਣ ਸਮੇਂ ਸੁਰ (accent) ਦੇ ਅਪਰਾਧ ਕਰ ਕੇ ਵਿਨਾਸ਼ ਹੋਇਆ ਸੀ। ਇਸ ਤਰ੍ਹਾਂ ਪ੍ਰਾਤਿਸ਼ਾਖਯ-ਗ੍ਰੰਥਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ "ਸੰਹਿਤਾਵਾਂ" ਦੀ ਮੂਲ ਪਾਠ-ਸੰਰਚਨਾ ਆਪਣੇ ਵਿਸ਼ੁੱਧ ਅਖੰਡਤ ਮੂਲ ਸਰੂਪ ਵਿਚ ਅੱਜ ਤਕ ਕਾਇਮ ਹੈ ਜੋ ਪਿਛਲੇ ਤਿੰਨ ਹਜ਼ਾਰ ਸਾਲਾਂ ਤੋਂ ਅਣਬਦਲੇ ਰੂਪ ਵਿਚ ਜਾਰੀ ਹੈ।

ਵੈਦਿਕ ਯੁਗੀਨ ਆਰੀਆ ਭਾਸ਼ਾ : ਪਹਿਲੀ ਅਵਸਥਾ

ਵੈਦਿਕ ਯੁਗ ਦੇ ਆਰੀਆ ਸਾਹਿੱਤ ਵਿਚ ਚਾਰ ਵੇਦ-ਸੰਹਿਤਾਵਾਂ ਤੋਂ ਇਲਾਵਾ ਬ੍ਰਾਹਮਣ-ਗ੍ਰੰਥਾਂ, ਆਰਣਯਕ-ਗ੍ਰੰਥਾਂ ਅਤੇ ਉਪਨਿਸ਼ਦਾਂ ਦੀ ਗਣਨਾ ਕੀਤੀ ਜਾਂਦੀ ਹੈ ਜਿਹੜੇ ਲਗਭਗ 1500 ਪੂ. ਈ. ਤੋਂ ਲੈ ਕੇ 600 ਪੂ. ਈ. ਦੇ ਦਰਮਿਆਨੀ ਕਾਲ-ਖੰਡ ਵਿਚ ਰਚੇ ਜਾਂਦੇ ਰਹੇ ਹਨ। ਇਸ ਦੌਰਾਨ ਮਹਾਨ ਆਰੀਆ ਭਾਸ਼ਾ ਬੋਲਣ ਵਾਲੇ ਆਰੀਆਂ ਲੋਕਾਂ ਦੇ ਸਥਾਨਿਕ ਰਾਸ਼ਟਰ ਪ੍ਰਾਚੀਨ ਗਾਂਧਾਰ ਪ੍ਰਦੇਸ਼ (ਅਫ਼ਗਾਨਿਸਤਾਨ) ਤੋਂ ਲੈ ਕੇ ਬੰਗ (ਬੰਗਾਲ) ਤਕ ਸਥਾਪਿਤ ਹੋ ਚੁਕੇ ਸਨ। ਵੈਦਿਕ ਯੁਗ ਦੇ ਬ੍ਰਾਹਮਣ/ਆਰਣਯਕ ਗ੍ਰੰਥਾਂ ਦੇ ਅਧਿਐਨ ਅਤੇ ਨਿਰੀਖਣ ਤੋਂ ਤਤਕਾਲੀਨ ਭਾਰਤ ਦੀ ਭਾਸ਼ਾਗਤ ਸਥਿਤੀ ਵੱਲ ਕੁਝ ਨਿਰਦੇਸ਼ ਮਿਲ ਜਾਂਦੇ ਹਨ। ਜਾਪਦਾ ਹੈ ਕਿ ਪ੍ਰਥਮ ਆਰੀਆ ਭਾਸ਼ਾ ਵੈਦਿਕ ਯੁਗ ਦੀ ਅੰਤਲੀ ਸੀਮਾ ਤਕ ਪਹੁੰਚਦੀ ਪਹੁੰਚਦੀ ਤਿੰਨ ਮੁੱਖ ਉਪ-ਭਾਸ਼ਾਵਾਂ ਵਿਚ ਵਿਭਾਜਿਤ ਹੋ ਰਹੀ ਸੀ। ਉਹ ਹਨ :

(1) ਉਦੀਚਯ ਜਾਂ ਉੱਤਰੀ ਵਿਭਾਸ਼ਾ, (2) ਮੱਧਦੇਸ਼ੀ ਵਿਭਾਸ਼ਾ, ਅਤੇ (3) ਪ੍ਰਾਚਯ ਜਾਂ ਪੂਰਬੀ ਵਿਭਾਸ਼ਾ। ਵੈਦਿਕ ਕਾਲ ਦੀ ਉਦੀਚਯ/ਉੱਤਰੀ ਆਰੀਆ ਉਪਭਾਸ਼ਾ ਦਾ ਪ੍ਰਸਾਰ ਪ੍ਰਾਚੀਨ ਸਪਤ ਸਿੰਧੂ ਪ੍ਰਦੇਸ਼ (ਜਿਸ ਵਿਚ ਅਜੋਕਾ ਸਰਹੱਦੀ ਸੂਬਾ (N.W.F. P.) ਪਾਕਿਸਤਾਨ ਅਤੇ ਉੱਤਰੀ ਪੰਜਾਬ ਸ਼ਾਮਲ ਸਨ) ਵਿਚ ਫੈਲਿਆ ਹੋਇਆ ਸੀ। ਆਧੁਨਿਕ ਪੱਛਮੋਤਰੀ ਸੀਮਾਂਤ ਪ੍ਰਦੇਸ਼ ਅਤੇ ਉੱਤਰੀ ਪੰਜਾਬ ਵਾਲੇ "ਉਦੀਚਯ" ਇਲਾਕੇ ਦੀ ਬੋਲੀ ਅਤਿਅੰਤ ਵਿਸ਼ੁੱਧ ਗਿਣੀ ਜਾਂਦੀ ਸੀ ਅਤੇ ਉਸ ਦਾ ਰੂਪ ਪ੍ਰਾਚੀਨ ਆਰੀਆ ਭਾਸ਼ਾ ਦੇ ਬਹੁਤ ਨੇੜੇ ਅਤੇ ਕੁਝ ਕੁਝ ਰੂੜ੍ਹੀ-ਬੱਧ ਸੀ। ਕੌਸ਼ੀਕਤੀ ਬ੍ਰਾਹਮਣ-ਗ੍ਰੰਥ (vii .6) ਵਿਚ ਉਲੇਖ ਹੈ :

> *"ਉਦੀਚਯ (ਪ੍ਰਾਚੀਨ ਸਪਤਸਿੰਧੂ) ਜਾਂ ਉੱਤਰੀ ਇਲਾਕੇ ਵਿਚ ਭਾਸ਼ਾ ਬੜੇ ਵਿਵੇਕ ਤੇ ਵਿਸ਼ੁੱਧਤਾ ਨਾਲ ਉਚਾਰੀ ਜਾਂਦੀ ਹੈ, ਭਾਸ਼ਾ ਸਿੱਖਣ ਲਈ ਲੋਕ ਉਦੀਚਯ-ਜਨਾਂ ਕੋਲ ਜਾਂਦੇ ਹਨ, ਜੋ ਵੀ ਉਸ ਥਾਂ ਤੋਂ ਵਾਪਸ ਪਰਤਦਾ ਹੈ ਉਸ ਨੂੰ ਸੁਣਨ ਲਈ ਲੋਕ ਬੜੀ ਤਾਂਘ ਰਖਦੇ ਹਨ"* (ਵੇਖੋ ਸੰਸਕ੍ਰਿਤ ਟੈਕਸਟ)*

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਦੇ ਪ੍ਰਸਾਰਣ ਵਿਚ ਸਪਤ ਸਿੰਧੂ ਪ੍ਰਦੇਸ਼ (ਅਜੋਕਾ ਸੰਯੁਕਤ ਵਿਸ਼ਾਲ ਪੰਜਾਬ) ਨੇ ਬੜੀ ਅਹਿਮ ਭੂਮਿਕਾ ਅਦਾ ਕੀਤੀ ਹੈ। ਰਿਗਵੇਦ-ਸੰਹਿਤਾ

---

* "तस्मादुदीच्यां प्रज्ञाततरा वागुद्यते। उदञ्च उ एव यन्ति वाचं
शिक्षितुम्। यो वा तत आगच्छति, तस्य वा शुश्रूषन्त इति"। कौषीतकि ब्राह्मण।
English translation : "In the Udicya, speech is uttered with greater discrimination. They go to the Udicya people to learn speech; whoever returns from there, him people wish to hear"

ਦੇ ਟੈਕਸਟ (ਪਾਠ) ਵਿਚ ਸਪਤ ਸਿੰਧੂ ਦੇ ਅਨੇਕ ਨਿਕਟੀ ਹਵਾਲੇ ਕਥਨ ਕੀਤੇ ਗਏ ਹਨ। ਬ੍ਰਾਹਮਣ-ਗ੍ਰੰਥਾਂ ਅਤੇ ਉਪਨਿਸ਼ਦਾਂ ਦੇ ਯੁਗ ਵਿਚ ਸਪਤ ਸਿੰਧੂ ਪ੍ਰਦੇਸ਼ ਹੀ ਆਰੀਆ ਭਾਸ਼ਾ ਦਾ ਪ੍ਰਮਾਣਿਕ ਮਾਨਦੰਡ ਮੰਨਿਆ ਜਾਂਦਾ ਸੀ। ਇਸ ਦ੍ਰਿਸ਼ਟੀ ਤੋਂ ਸਪਤ ਸਿੰਧੂ (ਪ੍ਰਾਚੀਨ ਪੰਜਾਬ) ਹੀ ਆਰੀਆ ਭਾਸ਼ਾ ਅਤੇ ਆਰੀਆ ਸੰਸਕ੍ਰਿਤੀ ਦਾ ਆਰੰਭ-ਬਿੰਦੂ ਕਿਹਾ ਜਾ ਸਕਦਾ ਹੈ।

ਮੱਧਦੇਸੀ ਆਰੀਆ ਉਪਭਾਸ਼ਾ ਬਾਰੇ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ। ਲੇਕਿਨ ਪੂਰਬ ਦੀ ਆਰੀਆ ਭਾਸ਼ਾ (ਪ੍ਰਾਚਯ ਭਾਸ਼ਾ) ਅਜੋਕੇ ਅਵਧ-ਖੇਤਰ, ਪੂਰਬੀ ਉੱਤਰ-ਪ੍ਰਦੇਸ਼, ਅਤੇ ਵਿਦੇਹ-ਰਾਜ ਤੇ ਮਗਧ-ਪ੍ਰਾਂਤ ਤਕ ਫੈਲ ਚੁਕੀ ਸੀ। ਪੂਰਬੀ ਆਰੀਆ ਉਪਭਾਸ਼ਾ ਪੂਰਬੀ ਕਬੀਲਿਆਂ ਵਿਚ ਬੋਲੀ ਜਾਂਦੀ ਸੀ ਜਿਨ੍ਹਾਂ ਨੂੰ ਵ੍ਰਾਤਯ ਕਿਹਾ ਜਾਂਦਾ ਸੀ। ਪਰ ਇਹ ਕਬੀਲੇ ਵੈਦਿਕ ਧਰਮ-ਵਿਵਸਥਾ ਤੋਂ ਮੁਨਕਰ ਸਨ। ਪੂਰਬ ਦੇ ਕਬੀਲਿਆਂ ਦਾ ਉਚਾਰਣ ਤਰੁਟੀ-ਪੂਰਣ ਤੇ ਖੰਡਿਤ ਮੰਨਿਆ ਜਾਂਦਾ ਸੀ। ਬ੍ਰਾਹਮਣ-ਗ੍ਰੰਥਾਂ ਵਿਚ ਲਿਖਿਆ ਹੈ :

> *"ਵ੍ਰਾਤਯ ਲੋਕ ਉਚਾਰਣ ਵਿਚ ਸਰਲ ਤੇ ਸੌਖੇ ਵਾਕਾਂ ਨੂੰ ਮੁਸ਼ਕਿਲ ਨਾਲ ਉਚਾਰਣ-ਯੋਗ ਕਹਿੰਦੇ ਹਨ। ਇਹ ਭਾਵੇਂ ਅਦੀਖਿਅਤ (ਗੁਰੂ ਤੋਂ ਸਿਖਿਆ-ਦੀਖਿਆ ਹੀਨ) ਹਨ ਪਰ ਦੀਖਿਅਤ (initiated) ਲੋਕਾਂ ਦੀ ਬੋਲੀ ਬੋਲਦੇ ਹਨ"**

ਇਸ ਤਰ੍ਹਾਂ ਵੈਦਿਕ ਯੁਗੀਨ ਗ੍ਰੰਥਾਂ ਦੇ ਕਥਨਾਂ ਅਤੇ ਉਕਤੀਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਪੂਰਬੀ (ਪ੍ਰਾਚਯ) ਉਪਜਾਤੀਆਂ ਦੀ ਉਚਾਰਣ-ਆਦਤ ਸਿਥਲ ਤੇ ਤਰੁਟੀ-ਪੂਰਣ ਸੀ ਜਦ ਕਿ ਉੱਤਰੀ (ਉਦੀਚਯ) ਇਲਾਕੇ ਦੀ ਬੋਲੀ ਵੈਦਿਕ ਭਾਸ਼ਾ ਦੇ ਨੇੜੇ ਸੀ, ਇਸ ਲਈ ਉੱਤਰ-ਦੇਸੀ ਭਾਸ਼ਾ ਅਤਿਅੰਤ ਵਿਸ਼ੁਧ ਗਿਣੀ ਜਾਂਦੀ ਸੀ।

ਪਰੰਤੂ ਏਥੇ ਇਹ ਤੱਥ ਵਰਣਨ-ਯੋਗ ਹੈ ਕਿ ਵੈਦਿਕ ਕਾਲ ਵਿਚ ਇਨ੍ਹਾਂ ਵਿਭਿੰਨ ਖੇਤਰੀ ਰੂਪਾਂ ਅਤੇ ਪ੍ਰਾਦੇਸ਼ਿਕ ਉਪ-ਭਾਸ਼ਾਈ ਵੰਨਗੀਆਂ ਦੇ ਬਾਵਜੂਦ, ਆਰੀਆ ਭਾਸ਼ਾ ਦਾ ਇਕ ਸਰਬ-ਸੰਮਤ ਕੇਂਦਰੀ ਟਕਸਾਲੀ ਭਾਸ਼ਾ ਰੂਪ ਪ੍ਰਚਲਿਤ ਸੀ ਜੋ ਕਿ ਇਨ੍ਹਾਂ ਪ੍ਰਾਦੇਸ਼ਿਕ ਉਪ-ਭਾਸ਼ਾਵਾਂ ਦੀ ਪ੍ਰਤਿਨਿਧਤਾ ਕਰਦਾ ਸੀ। ਇਸ ਕੇਂਦਰੀ ਤੇ ਟਕਸਾਲੀ ਭਾਸ਼ਾ ਨੂੰ ਹੀ ਵੈਦਿਕ ਭਾਸ਼ਾ ਜਾਂ ਵੈਦਿਕ ਸੰਸਕ੍ਰਿਤ ਕਿਹਾ ਜਾਂਦਾ ਹੈ ਜਿਸ ਦਾ ਆਦਿ-ਰੂਪ ਰਿਗ-ਵੈਦਿਕ ਭਾਸ਼ਾ ਵਿਚ ਉਪਲਬਧ ਹੈ। ਵੈਦਿਕ ਭਾਸ਼ਾ ਹੀ ਭਾਰਤ ਦੀ ਪੱਛਮੋਤਰੀ ਸੀਮਾ ਤੋਂ ਲੈ ਕੇ ਸੁਦੂਰ ਪੂਰਬੀ ਸੀਮਾ ਤਕ, ਉੱਚ-ਸਤਰੀ ਵੈਦਿਕ ਧਰਮ-ਸ਼ਾਸਤ੍ਰ, ਵੈਦਿਕ ਸੰਸਕ੍ਰਿਤੀ, ਬ੍ਰਾਹਮਣ ਗ੍ਰੰਥਾਂ ਦੇ ਗੱਦ ਸਾਹਿਤ, ਉਪਨਿਸ਼ਦਾਂ ਦੇ ਆਤਮ-ਚਿੰਤਨ ਅਤੇ ਪ੍ਰਾਤਿਸ਼ਾਖਯਾਂ ਦੇ ਵਿਆਕਰਣ-ਸ਼ਾਸਤ੍ਰ ਆਦਿ ਅਨੁਸ਼ਾਸਨਾਂ ਦੀ ਸਰਵਦੇਸੀ ਅਭਿਵਿਅਕਤੀ-ਮਾਧਿਅਮ ਦੇ ਤੌਰ ਤੇ ਕਾਰਜਸ਼ੀਲ ਬਣੀ ਹੋਈ ਸੀ। ਇਸ ਲਈ ਵੈਦਿਕ ਭਾਸ਼ਾ ਜਾਂ ਵੈਦਿਕ ਸੰਸਕ੍ਰਿਤ ਦਾ ਹੀ ਵਿਭਿੰਨ ਕਾਰਜਾਂ ਲਈ ਪ੍ਰਯੋਗ ਹੁੰਦਾ ਸੀ, ਅਤੇ ਇਹ ਸਟੈਂਡਰਡ ਟਕਸਾਲੀ ਭਾਸ਼ਾ ਵਜੋਂ ਲੋਕ-ਪ੍ਰਵਾਣਤ ਹੋ ਕੇ ਸਮੁੱਚੇ ਆਰੀਆ ਰਾਸ਼ਟਰ ਦੀ ਸੰਗਠਨਕਾਰੀ ਸ਼ਕਤੀ ਵਜੋਂ ਉਭਰ ਰਹੀ ਸੀ। ਇਉਂ ਵੈਦਿਕ ਭਾਸ਼ਾ ਨੂੰ ਹੀ ਇਕ ਧਰਮ-ਭਾਸ਼ਾ ਅਤੇ ਰਾਸ਼ਟਰ-ਭਾਸ਼ਾ ਦੇ ਤੌਰ ਤੇ ਮਾਣ-ਪ੍ਰਤਿਸ਼ਠਾ ਪ੍ਰਾਪਤ ਸੀ।

ਲੇਕਿਨ ਸੈਂਕੜੇ ਸਾਲਾਂ ਦੀ ਕਾਲ-ਗਤੀ ਕਰਕੇ ਜਾਂ ਅਨਾਰੀਆ ਪਰਿਵੇਸ਼ ਦੇ ਪ੍ਰਭਾਵਾਂ ਕਰਕੇ ਵੈਦਿਕ ਭਾਸ਼ਾ ਦੇ ਕਾਲ-ਕ੍ਰਮਿਕ ਪਸਾਰੇ ਵਿਚ ਨਾਨਾ ਪਰਿਵਰਤਨ ਤੇ ਪਰਿਵਰਧਨ

* अदुरुक्त वाक्यं दुरुक्तमाहु : अदीक्षिता दीक्षितवाचं वदन्ति [पञ्चविंश ब्राह्मण]

ਉਭਰ ਰਹੇ ਸਨ ਜਿਸ ਤੋਂ ਵੈਦਿਕੀ ਬਚ ਨਹੀ ਸਕਦੀ ਸੀ । ਇਸ ਲਈ ਇਕ ਪਾਸੇ ਵੈਦਿਕ ਭਾਸ਼ਾ ਦੀ ਆਦਿ ਅਵਸਥਾ ਮੁੱਕਣ ਤੇ ਆ ਰਹੀ ਸੀ ਅਤੇ ਦੂਜੇ ਪਾਸੇ ਆਰੀਆ ਭਾਸ਼ਾ ਦਾ ਵਿਕਾਸ-ਕ੍ਰਮ ਦੂਜੀ ਅਵਸਥਾ ਵਿਚ ਦਾਖ਼ਲ ਹੋ ਰਿਹਾ ਸੀ । ਇਸ ਦੂਜੀ ਅਵਸਥਾ ਨੂੰ ਹੀ ਪ੍ਰਾਕ੍ਰਿਤ ਯੁਗ ਜਾਂ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ-ਯੁਗ ਕਿਹਾ ਜਾਂਦਾ ਹੈ । ਪਰ ਵੈਦਿਕ ਯੁਗ ਅਤੇ ਉੱਤਰ-ਵੈਦਿਕ ਯੁਗ ਦੇ ਸੰਧੀ-ਕਾਲ ਦੌਰਾਨ ਭਾਰਤੀ ਆਰੀਆ ਭਾਸ਼ਾ ਦੇ ਇਤਿਹਾਸ ਵਿਚ ਇਕ ਮਹਾਨ ਕ੍ਰਾਂਤੀਕਾਰੀ ਘਟਨਾ ਵਾਪਰੀ, ਉਹ ਸੀ ਭਾਰਤੀ ਆਰੀਆ ਭਾਸ਼ਾ ਦੇ ਚਿਤਰਪੱਟ ਉਤੇ ਕਲੈਸੀਕਲ ਲੌਕਿਕ ਸੰਸਕ੍ਰਿਤ ਦਾ ਉਦੈ, ਜਿਸ ਦਾ ਪਰਿਚੈ ਅੱਗੇ ਪੇਸ਼ ਕੀਤਾ ਜਾਂਦਾ ਹੈ ।

ਲੌਕਿਕ ਸੰਸਕ੍ਰਿਤ ਦਾ ਪ੍ਰਸਤਾਵਿਤ ਪਰੀਚੈ ਪੇਸ਼ ਕਰਨ ਤੋਂ ਪਹਿਲਾਂ ਵੈਦਿਕ ਭਾਸ਼ਾ ਦੇ ਨਾਮਕਰਣ ਬਾਰੇ ਚਰਚਾ ਕੀਤੀ ਜਾਂਦੀ ਹੈ । A.A. Macdonell [1916] ਇਸ ਨੂੰ Vedic ਹੀ ਲਿਖਦਾ ਹੈ ਅਰਥਾਤ ਵੈਦਿਕ ਭਾਸ਼ਾ । ਪਰ ਬੀ. ਕੇ. ਘੋਸ਼ [1937], ਭੋਲਾ ਸ਼ੰਕਰ ਵਿਆਸ [1957], ਭੋਲਾਨਾਥ ਤਿਵਾਰੀ [1983], Lehmann [1986], ਅਤੇ ਆਰ. ਜੀ. ਭੰਡਾਰਕਰ ਆਦਿ ਵਿਦਵਾਨ ਇਸ ਨੂੰ ਵੈਦਿਕ ਸੰਸਕ੍ਰਿਤ ਦਾ ਨਾਮ ਦਿੰਦੇ ਹਨ । ਪਾਣਿਨੀ ਇਸ ਨੂੰ ਛਾਂਦਸ ਲਿਖਦਾ ਹੈ ਕਿਉਂਕਿ ਰਿਗਵੇਦ ਛੰਦ-ਪਰਧਾਨ ਰਚਨਾ ਹੈ ਪਰ ਕਈ ਵਿਦਵਾਨ ਇਸ ਨੂੰ ਵੈਦਿਕ ਪ੍ਰਾਕ੍ਰਿਤ, ਆਦਿ-ਪ੍ਰਾਕ੍ਰਿਤ ਤੇ ਜਾਂ ਵੈਦਿਕੀ ਕਹਿਣਾ ਪਸੰਦ ਕਰਦੇ ਹਨ । ਲੇਕਿਨ ਅਜੇ ਤੱਕ ਵੈਦਿਕ ਭਾਸ਼ਾ ਜਾਂ ਵੈਦਿਕ ਸੰਸਕ੍ਰਿਤ ਇਹ ਦੋ ਨਾਮ ਹੀ ਜਿਆਦਾਤਰ ਵਰਤੇ ਜਾਂਦੇ ਹਨ । ਵੈਦਿਕ ਸੰਸਕ੍ਰਿਤ ਦੇ ਮੁਕਾਬਲੇ ਤੇ ਪਾਣਿਨੀ ਦੀ ਜਿਹੜੀ ਸੰਸਕ੍ਰਿਤ ਭਾਸ਼ਾ ਹੈ ਉਸ ਨੂੰ ਕਲੈਸੀਕਲ ਸੰਸਕ੍ਰਿਤ ਜਾਂ ਲੌਕਿਕ ਸੰਸਕ੍ਰਿਤ ਕਿਹਾ ਜਾਂਦਾ ਹੈ । ਇਸ ਤਰ੍ਹਾਂ ਕਲੈਸੀਕਲ/ਲੌਕਿਕ ਸੰਸਕ੍ਰਿਤ ਦਾ ਉਦੈ ਵੈਦਿਕ ਸੰਸਕ੍ਰਿਤ ਦੀ ਇਕ ਵਿਕਾਸ ਕੜੀ ਵਜੋਂ ਸਥਾਪਿਤ ਹੁੰਦਾ ਹੈ । ਅਸਲ ਵਿਚ ਕਲੈਸੀਕਲ ਸੰਸਕ੍ਰਿਤ, ਵੈਦਿਕ ਭਾਸ਼ਾ ਦਾ ਹੀ ਲੌਕਿਕੀਕਰਣ ਹੈ ।

ਲੌਕਿਕ ਸੰਸਕ੍ਰਿਤ ਦਾ ਉਦੈ

ਵੈਦਿਕ ਯੁਗ ਤੋਂ ਬਾਅਦ ਉੱਤਰ-ਵੈਦਿਕ ਯੁਗ ਸ਼ੁਰੂ ਹੁੰਦਾ ਹੈ । ਦੋ ਯੁਗਾਂ ਦੇ ਇਸ ਮਿਲਨ-ਬਿੰਦੂ 'ਤੇ, ਇਕ ਮਹਾਨ ਵਿਆਕਰਣ ਰਚੈਤਾ ਪਾਣਿਨੀ ਦਾ ਅਵਤਰਨ ਹੋਇਆ ਜਿਸ ਨੇ ਵੈਦਿਕ ਸੰਸਕ੍ਰਿਤ ਦੇ ਪਰਵਰਤੀ ਲੋਕ ਪ੍ਰਚਲਿਤ ਪ੍ਰਕਾਰਜੀ (functional) ਭਾਸ਼ਾ-ਰੂਪ "ਲੌਕਿਕ ਸੰਸਕ੍ਰਿਤ" ਨੂੰ ਮਾਨਵੀ ਭਾਸ਼ਾ ਦੇ ਇਤਿਹਾਸ ਵਿਚ ਇਕ ਪ੍ਰਤੀਮਾਨਕ ਤੇ ਪ੍ਰਮਾਣਿਕ ਰੂਪ ਪ੍ਰਦਾਨ ਕਰਕੇ ਸਦਾ ਸਦਾ ਲਈ ਅਮਰ ਕਰ ਦਿੱਤਾ । ਪਾਣਿਨੀ ਦਾ ਜਨਮ ਬੁੱਧ ਤੋਂ ਕੁੱਝ ਚਿਰ ਹੀ ਮਗਰੋਂ ਪੰਜਵੀਂ-ਚੌਥੀ ਸਦੀ ਪੂ. ਈ. ਨੂੰ ਪ੍ਰਾਚੀਨ ਗਾਂਧਾਰ ਪ੍ਰਾਂਤ (ਅਜੋਕਾ ਕੰਧਾਰ) ਦੇ ਪਿੰਡ ਸਲਾਤੁਰ ਵਿਚ ਹੋਇਆ ਸੀ। ਸਲਾਤੁਰ ਦੀ ਪਛਾਣ ਅਟਕ ਨਗਰ ਦੇ ਨੇੜੇ ਲਹੁਰ ਨਾਲ ਕੀਤੀ ਜਾਂਦੀ ਹੈ । ਪਾਣਿਨੀ ਨੇ ਆਪਣੀ ਵਿਦਿਆ ਤਕਸ਼ਸ਼ਿਲਾ ਯੂਨੀਵਰਸਿਟੀ ਵਿਚ ਪ੍ਰਾਪਤ ਕੀਤੀ । ਪਾਣਿਨੀ ਨੇ ਆਪਣੇ ਸਮੇਂ ਦੀ ਆਰੀਆ ਭਾਸ਼ਾ ਲੌਕਿਕ/ਕਲੈਸੀਕਲ ਸੰਸਕ੍ਰਿਤ ਦੀ ਭਾਸ਼ਿਕ ਸੰਰਚਨਾ ਨੂੰ ਮੁੱਖ ਰਖ ਕੇ ਅਸ਼ਟਾਧਯਾਯੀ (अष्टाध्यायी) ਨਾਮਕ ਵਿਆਕਰਣ ਦੀ ਰਚਨਾ ਕੀਤੀ ਅਤੇ ਇਸ ਤਰ੍ਹਾਂ ਪਾਣਿਨੀ ਨੇ ਉਸ ਲੌਕਿਕ ਸੰਸਕ੍ਰਿਤ ਭਾਸ਼ਾ ਨੂੰ (ਜਿਸ ਨੂੰ ਉਹ ਲੋਕ-ਭਾਸ਼ਾ ਲਿਖਦਾ ਹੈ) ਹਮੇਸ਼ਾ ਲਈ ਨਿਯਮ-ਬੱਧ ਕਰ ਦਿੱਤਾ ।

ਪਾਣਿਨੀ ਨੇ ਆਪਣੀ ਸਮਕਾਲੀ ਸੰਸਕ੍ਰਿਤ ਭਾਸ਼ਾ ਦੇ ਧੁਨੀਆਤਮਕ, ਰੂਪ-ਰਚਨਾਤਮਕ,

ਵਾਕ-ਵਿਗਿਆਨਿਕ ਅਤੇ ਸ਼ਬਦਾਤਮਕ ਪੈਟਰਨ (ਸਿਸਟਮੀ ਨੇਮ) ਲੱਭ ਕੇ ਸੰਸਕ੍ਰਿਤ ਦੀ ਭਾਸ਼ਾਗਤ ਸੰਰਚਨਾ ਦਾ ਵਿਵੇਚਨ ਤੇ ਵਿਸ਼ਲੇਸ਼ਣ ਪੇਸ਼ ਕੀਤਾ ਜੋ ਸੂਤਰ-ਸ਼ੈਲੀ ਕਰਕੇ ਅਤਿਅੰਤ ਸੰਖੇਪ ਵੀ ਹੈ ਅਤੇ ਸਹਿਜੇ ਹੀ ਕੰਠਸਥ ਕਰਨ ਦੇ ਕਾਬਲ ਵੀ ਹੈ। ਪਾਣਿਨੀ ਦਾ ਅਸ਼ਟਾਧਯਾਯੀ ਵਿਆਕਰਣ ਅਤੀ ਆਧੁਨਿਕ ਸੰਰਚਨਾਵਾਦੀ ਭਾਸ਼ਾ ਵਿਗਿਆਨਿਕ ਦ੍ਰਿਸ਼ਟੀ ਤੋਂ ਇਕ ਉੱਚ ਕੋਟੀ ਦਾ ਵਰਣਨਾਤਮਕ (descriptive) ਵਿਆਕਰਣ ਹੈ, ਕੋਈ ਪ੍ਰਤਿਮਾਨਕ (prescriptive, normative) ਗ੍ਰਾਮਰ ਨਹੀਂ ਹੈ। ਅਸ਼ਟਾਧਯਾਯੀ ਦੀ ਅਪ੍ਰੋਚ functional ਹੈ, notional ਨਹੀਂ। ਐਚ. ਏ. ਗਲੀਸਨ (1955) ਨੇ ਪਾਣਿਨੀ ਦੇ ਵਿਆਕਰਣ ਨੂੰ ਸਭ ਤੋਂ ਵੱਧ ਸਫਲ ਤੇ ਮੁਕੰਮਲ ਡਿਸਕ੍ਰਿਪਟਿਵ ਗ੍ਰਾਮਰ ਕਿਹਾ ਹੈ ਜਿਸ ਵਿਚ ਸੰਸਕ੍ਰਿਤ ਭਾਸ਼ਾ ਦਾ ਸੰਰਚਨਾਤਮਕ ਵਰਣਨ ਉਪਲਬਧ ਹੈ ਅਤੇ ਇਹ, ਮਾਡਰਨ ਵਰਣਨਾਤਮਕ ਭਾਸ਼ਾ ਵਿਗਿਆਨ ਤੋਂ ਸਹਸ੍ਰਾਬਦੀਆਂ (millennia) ਪਹਿਲਾ ਦਾ ਲਿਖਿਆ ਹੋਇਆ ਹੈ।* Leonard Bloomfield [1933] ਨੇ ਅਸ਼ਟਾਧਯਾਯੀ ਨੂੰ "one of the greatest monuments of human intelligence" ਦਾ ਦਰਜਾ ਦਿੱਤਾ ਹੈ।

ਇਹ ਵੀ ਇਕ ਕਾਬਲੇ ਜ਼ਿਕਰ ਤੱਥ ਹੈ ਕਿ ਪਾਣਿਨੀ ਦੀ ਲੌਕਿਕ ਸੰਸਕ੍ਰਿਤ ਦੀ ਆਧਾਰ-ਭੂਤ ਸੰਸਥਾਪਨ-ਭਾਸ਼ਾ ਪ੍ਰਾਚੀਨ ਉਦੀਚਯ ਪ੍ਰਦੇਸ਼ (ਸਪਤਸਿੰਧੂ) ਦੇ ਜਨ-ਸਾਧਾਰਣ ਦੀ ਬੋਲਚਾਲੀ ਬੋਲੀ ਹੀ ਸੀ ਜੋ ਉਸ ਵੇਲੇ (ਚੌਥੀ ਸਦੀ ਪੂ. ਈ.) ਤਕ ਛਾਂਦਸ/ਵੈਦਿਕ ਸੰਸਕ੍ਰਿਤ ਦੇ ਅਜੇ ਏਨੀ ਨੇੜੇ ਸੀ ਕਿ ਉਹ ਵੈਦਿਕੀ ਤੋਂ ਬਹੁਤੀ ਵੱਖਰੀ ਨਾ ਹੋ ਕੇ ਉਸ ਦਾ ਹੀ ਲੌਕਿਕ ਰੂਪ ਬਣੀ ਹੋਈ ਸੀ। ਬਲੂਮਫੀਲਡ [1933 : 269] ਨੇ ਲਿਖਿਆ ਹੈ ਕਿ ਪਾਣਿਨੀ ਆਪਣੀ ਬੋਲਚਾਲ ਦੀ ਬੋਲੀ (spoken dialect) ਦਾ ਵਰਣਨ ਕਰ ਰਿਹਾ ਸੀ ਜੋ ਉਤਲੀ ਸਮਾਜਕ ਸ਼੍ਰੇਣੀ ਦੀ ਰੂੜੀਬੱਧ ਜ਼ੁਬਾਨ ਸੀ ਅਤੇ ਪੱਛਮੋਤਰੀ ਭਾਰਤ ਦੇ ਇਸ ਹਿੱਸੇ ਵਿਚ ਵਿਦਵਾਨ ਬ੍ਰਾਹਮਣ ਰੋਜ਼ਾਨਾ ਜ਼ਿੰਦਗੀ ਵਿਚ ਇਸ (ਲੌਕਿਕ ਸੰਸਕ੍ਰਿਤ) ਦੀ ਵਰਤੋਂ ਕਰਦੇ ਸਨ।

ਇਸ ਤਰ੍ਹਾਂ ਲੌਕਿਕ ਸੰਸਕ੍ਰਿਤ ਭਾਵੇਂ ਬੁਨਿਆਦੀ ਤੌਰ ਤੇ ਪੱਛਮੋਤਰੀ ਪ੍ਰਦੇਸ (ਉਦੀਚਯ) ਦੀਆ ਮੌਖਿਕ ਬੋਲੀਆਂ ਤੇ ਹੀ ਆਧਾਰਿਤ ਸੀ ਲੇਕਿਨ ਇਸ ਨੂੰ ਮੱਧਦੇਸ਼, ਪੂਰਬ ਅਤੇ ਦੱਖਣ ਦੇ ਵਿਦਵਾਨ ਜਗਤ ਨੇ ਵੀ ਸਵੀਕਾਰ ਕਰ ਲਿਆ। ਇਉਂ ਇਕ ਮਹਾਨ ਭਾਸ਼ਾ "ਸੰਸਕ੍ਰਿਤ" ਦੀ ਸਥਾਪਨਾ ਹੋ ਗਈ ਜੋ ਤਿੰਨ ਸਹਸ੍ਰਾਬਦੀਆ ਤੋਂ ਲੈ ਕੇ ਹੁਣ ਤਕ ਸਮੁੱਚੇ ਆਰੀਆਵਰਤ (आर्यावर्त) ਵਿਚ ਭਾਰਤੀ ਆਰੀਆ ਭਾਸ਼ਾ ਦਾ ਇਕ ਮਹਾਨ-ਤਮ ਉਤਕ੍ਰਿਸ਼ਟ "ਚਿੰਨ੍ਹ" ਵਜੋਂ ਪ੍ਰਤਿਸ਼ਠਤ ਹੋਈ ਹੈ। ਸੰਸਕ੍ਰਿਤ ਭਾਸ਼ਾ ਭਾਰਤੀ ਸਭਿਅਤਾ, ਸੰਸਕ੍ਰਿਤੀ, ਵਿਦਿਆ ਤੇ ਬੌਧਿਕ ਚਿੰਤਨ ਦਾ ਸ਼ਕਤੀਸ਼ਾਲੀ ਸੰਚਾਰ ਮਾਧਿਅਮ ਬਣਦੀ ਆ ਰਹੀ ਹੈ। ਸੰਸਕ੍ਰਿਤ ਦਾ ਨਾ ਸਿਰਫ ਰਾਸ਼ਟਰੀ ਮਹੱਤਵ ਹੀ ਸਥਾਪਿਤ ਹੋਇਆ ਹੈ ਬਲਕਿ ਇਸ ਦੀ ਅੰਤਰਰਾਸ਼ਟਰੀ ਮਹਾਨਤਾ ਵੀ ਪ੍ਰਕਾਸ਼ਮਾਨ ਹੋਈ ਹੈ।

ਭਾਰਤੀ ਆਰੀਆ ਭਾਸ਼ਾ ਦਾ ਵਿਕਾਸ-ਕ੍ਰਮ : ਦੂਜੀ ਅਵਸਥਾ

ਇਸ ਸਮੇਂ ਭਾਰਤੀ ਭਾਸ਼ਾ ਦੇ ਮਾਨ-ਚਿਤਰ ਤੇ ਦੋ ਸਮਾਨਾਂਤਰ ਭਾਸ਼ਾ-ਰੇਖਾਵਾਂ

* "And it should be a source of humility to modern linguists to recognise that the most successful and complete description is very probably still the Sanskrit grammar of Panini and his associates–antedating modern descriptive linguistics by millennia". H.A. Gleason, *An Introduction to Descriptive Linguistics*, p. 211. [1955].

ਉਭਰ ਰਹੀਆਂ ਸਨ। ਸੰਸਕ੍ਰਿਤ ਦੀ ਮਾਣ-ਪ੍ਰਤਿਸ਼ਠਾ ਬਤੌਰ ਸਾਹਿਤਕ ਸੰਚਾਰ-ਮਾਧਿਅਮ ਵਿਦਵਾਨਾਂ ਦੇ ਵਰਗ ਵਿੱਚ ਭਾਰਤ ਦੀ Lingua Franca ਦੀ ਸ਼ਕਲ ਵਿਚ ਨਿਰੰਤਰ ਜਾਰੀ ਰਹੀ ਲੇਕਿਨ ਇਸ ਸੰਸਕ੍ਰਿਤ ਦੇ ਨਾਲ ਨਾਲ ਸਮਾਨਾਂਤਰ ਤੌਰ ਤੇ ਲੋਕ-ਬੋਲੀਆਂ ਦਾ ਪੁਰ-ਜ਼ੋਰ ਵੇਗ ਜਨ ਸਮੂਹ ਦੇ ਕਾਰ ਵਿਹਾਰ ਤੇ ਭਾਵ-ਸੰਚਾਰ ਵਿਚ ਬਦਸਤੂਰ ਜਾਰੀ ਰਹਿੰਦਾ ਹੈ। ਵੇਗ ਹੀ ਪਰਿਵਰਤਨ ਹੈ ਅਤੇ ਪਰਿਵਰਤਨ ਭਾਸ਼ਾ ਦਾ ਜਮਾਂਦਰੂ ਸੁਭਾ ਹੈ ਕਿਉਂਕਿ ਭਾਸ਼ਾ ਸਭਿਆਚਾਰਕ ਤੌਰ ਤੇ ਸੰਚਾਰਤ ਹੁੰਦੀ ਹੈ (culturally transmitted). ਜਿਵੇਂ ਜਿਵੇਂ ਵੈਦਿਕ ਯੁਗੀਨ ਆਰੀਆ ਭਾਸ਼ਾ ਅਤੇ ਸੰਸਕ੍ਰਿਤੀ ਪੱਛਮੋਤਰੀ (ਸਪਤਸਿੰਧੂ) ਖੇਤਰਾਂ ਨੂੰ ਪਾਰ ਕੇ ਭਾਰਤੀ ਉਪ ਮਹਾਂਦੀਪ ਦੇ ਆਰ-ਪਾਰ ਪਨਪ ਰਹੀ ਸੀ ਤਿਵੇਂ ਤਿਵੇਂ ਇਸ ਦੇ ਭਾਸ਼ਿਕ ਵਿਕਾਸ-ਕ੍ਰਮ ਵਿਚ ਪਰਿਵਰਤਨ ਤੇ ਪਰਿਵਰਧਨ ਵਾਪਰ ਰਹੇ ਸਨ। ਹੁਣ ਵੈਦਿਕੀ ਤੇ ਸੰਸਕ੍ਰਿਤ ਭਾਸ਼ਾ ਤਾਂ ਰੂੜੀ-ਬੱਧ ਹੋਣ ਕਰਕੇ ਸਾਹਿਤਕ ਕਿਤਾਬੀ ਭਾਸ਼ਾ ਵਜੋਂ ਹੀ ਜਤਨ ਪੂਰਵਕ ਸੰਭਾਲ ਕੇ ਰੱਖੀ ਜਾ ਰਹੀ ਸੀ, ਪਰੰਤੂ ਆਰੀਆ ਭਾਸ਼ਾ ਦਾ ਲੌਕਿਕ ਮੁਹਾਦਰਾ, ਨਵੀਨ ਸਮਾਜਿਕ ਤੇ ਸਭਿਆਚਾਰਕ ਪਰਿਵੇਸ਼ ਕਰਕੇ ਅਤੇ ਗ਼ੈਰ-ਆਰੀਆਈ ਅੰਤਰ-ਕਿਰਿਆ ਦੇ ਦਬਾਉ ਹੇਠ ਦਿਨੋਂ ਦਿਨ ਬਦਲਦਾ ਜਾ ਰਿਹਾ ਸੀ। ਭਗਵਾਨ ਬੁੱਧ ਦਾ ਜਨਮ 5ਵੀਂ ਸਦੀ ਪੂ. ਈ. ਸਮੇਂ ਨੇਪਾਲ ਦੀ ਤਰਾਈ ਵਿਖੇ ਹੋਇਆ ਸੀ। ਤਥਾਗਤ ਬੁੱਧ ਆਪਣੇ ਧਰਮ ਦਾ ਪਰਚਾਰ ਆਰੀਆ ਭਾਸ਼ਾ ਦੀਆ ਤਤਕਾਲੀ ਪ੍ਰਾਦੇਸ਼ਿਕ ਬੋਲੀਆਂ ਦੇ ਮਾਧਿਅਮ ਰਾਹੀਂ ਹੀ ਕਰਨ ਲਈ ਜਤਨਸ਼ੀਲ ਰਹੇ। ਬੁੱਧ ਦੀ ਭਾਸ਼ਾ-ਨੀਤੀ ਲੋਕਪੱਖੀ ਹੋਣ ਕਰਕੇ ਕ੍ਰਾਂਤੀਕਾਰੀ ਅੰਦੋਲਨ ਦਾ ਰੂਪ ਧਾਰ ਰਹੀ ਸੀ। ਇਸ ਕਰਕੇ ਆਰੀਆ ਭਾਸ਼ਾ ਦੇ ਮੁਹਾਵਰੇ ਤੇ ਮੁਹਾਦਰੇ ਵਿਚ ਭਾਰੀ ਪਰਿਵਰਤਨ ਸਾਹਮਣੇ ਆ ਰਹੇ ਸਨ। ਉਦੋਂ ਆਰੀਆ ਭਾਸ਼ਾ ਦੇ ਵਿਕਾਸ-ਕ੍ਰਮ ਦੀ ਦੂਜੀ ਅਵਸਥਾ ਸ਼ੁਰੂ ਹੋ ਰਹੀ ਸੀ ਜੋ ਪਾਲੀ ਭਾਸ਼ਾ ਅਤੇ ਪ੍ਰਾਕਿਰਤ ਭਾਸ਼ਾਵਾਂ ਦੀ ਸ਼ਕਲ ਵਿਚ ਸਮੂਹ ਭਾਰਤੀ ਰਾਸ਼ਟਰ ਵਿਚ ਸਥਾਪਿਤ ਹੋਈ। ਪ੍ਰਾਕ੍ਰਿਤ ਭਾਸ਼ਾਵਾਂ ਦਾ ਵਿਕਾਸ-ਕਾਲ 600 ਪੂ. ਈ. ਤੋਂ 1000 ਈ. ਮੰਨਿਆ ਜਾਂਦਾ ਹੈ।

ਇਹ ਉਹ ਵੇਲਾ ਸੀ ਜਦੋਂ ਆਰੀਆ ਭਾਸ਼ਾ ਦੇ ਪ੍ਰਾਦੇਸ਼ਿਕ ਉਪ-ਭਾਸ਼ਾਈ ਰੂਪ ਕਾਹਲੀ ਕਾਹਲੀ ਨਾਲ ਫੈਲਦੇ ਜਾ ਰਹੇ ਸਨ। ਸ਼ੁਰੂ ਸ਼ੁਰੂ ਵਿਚ ਅਧੀਨ ਕੀਤੇ ਅਨਾਰੀਆ ਖੇਤਰਾਂ ਵਿਚ ਆਰੀਆ ਭਾਸ਼ਾ ਦੇ ਮੁੱਖ ਮੁੱਖ ਕੇਂਦਰ ਬਣੇ ਹੋਏ ਸਨ, ਅਤੇ ਆਰੀਆ ਭਾਸ਼ਾ ਪ੍ਰਾਚੀਨ ਪੰਜਾਬ ਤੋਂ ਅਗਾਂਹ ਬੜੀ ਤੇਜ਼ੀ ਨਾਲ ਗਤੀਸ਼ੀਲ ਹੋ ਰਹੀ ਸੀ। ਜਿਵੇਂ ਜਿਵੇਂ ਅਨਾਰੀਆ ਸਥਾਨਿਕ ਲੋਕ, ਆਰੀਆ ਭਾਸ਼ਾ ਦੇ ਧੜਾਧੜ ਅਨੁਯਾਈ ਬਣਦੇ ਜਾ ਰਹੇ ਸਨ ਤਿਵੇਂ ਤਿਵੇਂ ਆਰੀਆ ਭਾਸ਼ਾ ਦੀ ਚਾਲ ਵੀ ਤੇਜ਼ ਤੋਂ ਤੇਜ਼-ਤਰ ਹੁੰਦੀ ਜਾ ਰਹੀ ਸੀ। ਇਨ੍ਹਾਂ ਹਾਲਤਾਂ ਵਿਚ ਆਰੀਆ ਭਾਸ਼ਾ ਦੀ ਪ੍ਰਭੂਸੱਤਾ ਚਾਰੋਂ ਤਰਫ ਛਾ ਰਹੀ ਸੀ, ਭਾਵੇਂ ਅਜੇ ਵੀ ਕਿਤੇ ਕਿਤੇ ਅਨਾਰੀਆ ਭਾਸ਼ਾ ਦੇ ਗ੍ਰਾਮ ਤੇ ਬਸਤੀਆਂ ਕਾਇਮ ਸਨ ਜਿਵੇਂ ਅੱਜ ਕਲ ਛੋਟਾ ਨਾਗਪੁਰ ਤੇ ਆਸਾਮ ਪ੍ਰਾਂਤ ਵਿਚ ਹਨ। ਏਧਰ ਪੂਰਬ ਦੀ ਵਿਕਾਸਸ਼ੀਲ ਆਰੀਆ ਭਾਸ਼ਾ ਛਾਂਦਸ ਭਾਸ਼ਾ (ਵੈਦਿਕੀ) ਤੋਂ ਏਨੀ ਦੂਰ ਜਾ ਰਹੀ ਸੀ ਕਿ ਪੱਛਮੋਤਰੀ ਇਲਾਕਿਆਂ (ਗਾਂਧਾਰ, ਸਪਤ ਸਿੰਧੂ, ਪੰਚਨਦ) ਤੋਂ ਆਉਣ ਵਾਲੇ ਵਿਅਕਤੀ ਨੂੰ ਪੂਰਬੀਆਂ ਦੀ ਬੋਲੀ ਸਮਝਣ ਵਿਚ ਔਖ ਅਨੁਭਵ ਹੋ ਰਹੀ ਸੀ। ਇਸ ਪ੍ਰਕਾਰ ਵੈਦਿਕ ਯੁਗ ਦੀ

ਆਰੀਆ ਭਾਸ਼ਾ ਇਸ ਵੇਲੇ ਤਕ ਰੂਪਾਂਤਰਿਤ ਹੋ ਕੇ ਕਈ ਕਈ ਪ੍ਰਾਦੇਸ਼ਿਕ ਭਾਸ਼ਾ-ਰੂਪਾਂ ਵਿਚ ਉਭਰ ਰਹੀ ਸੀ । ਇਨ੍ਹਾਂ ਉੱਤਰ-ਵੈਦਿਕ-ਯੁਗੀਨ ਆਰੀਆ ਭਾਸ਼ਾ ਦੇ ਪ੍ਰਾਦੇਸ਼ਿਕ ਰੂਪਾਂ ਨੂੰ ਹੀ ਪਰਾਕਿਰਤ ਬੋਲੀਆਂ ਕਿਹਾ ਜਾਂਦਾ ਹੈ ਜਿਹੜੀ ਕਿ ਆਰੀਆ ਭਾਸ਼ਾ ਦੇ ਵਿਕਾਸ-ਕ੍ਰਮ ਦੀ ਦੂਜੀ ਅਵਸਥਾ ਹੈ । ਮੱਧ-ਯੁਗੀਨ ਪ੍ਰਾਕਿਰਤ ਭਾਸ਼ਾਵਾਂ ਦਾ ਭਾਸ਼ਾ-ਗਤ ਪਰੀਚੈ ਅਗਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾਵੇਗਾ ।

ਆਧੁਨਿਕ ਭਾਰਤੀ-ਆਰੀਆ ਭਾਸ਼ਾ : ਤੀਜੀ ਅਵਸਥਾ

ਲਗਭਗ 1000 ਈ. ਤੋਂ ਆਰੀਆ ਭਾਸ਼ਾ ਦੇ ਇਤਿਹਾਸ ਦਾ ਇਕ ਨਵਾਂ ਯੁਗ ਸ਼ੁਰੂ ਹੁੰਦਾ ਹੈ ਜਿਸ ਨੂੰ "ਆਧੁਨਿਕ ਭਾਰਤੀ-ਆਰੀਆ ਭਾਸ਼ਾ" ਕਿਹਾ ਜਾਂਦਾ ਹੈ । ਇਸ ਤੋਂ ਪਹਿਲਾ ਆਰੀਆ ਭਾਸ਼ਾ ਕਾਲਕ੍ਰਮਿਕ ਤੌਰ ਤੇ ਪ੍ਰਾਚੀਨ ਤੇ ਮੱਧਕਾਲੀਨ ਦੋ ਯੁਗਾਂ ਵਿਚ ਵਿਕਾਸ ਕਰਦੀ ਰਹੀ । ਮੱਧਕਾਲੀਨ ਯੁਗ ਦੀਆਂ ਪ੍ਰਾਕਿਰਤਾਂ (ਪਾਲੀ ਪ੍ਰਾਕ੍ਰਿਤ ਤੇ ਸਾਹਿਤਕ ਪ੍ਰਾਕ੍ਰਿਤਾਂ) ਅਪਭ੍ਰੰਸ਼ ਬੋਲੀਆਂ ਦੇ ਰਾਹਾ ਤੋਂ ਗੁਜ਼ਰਦੀਆਂ ਹੋਈਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੀ ਸ਼ਕਲ ਵਿਚ ਰੁਪਾਂਤਰਿਤ ਹੁੰਦੀਆਂ ਹਨ । ਸੰਸਕ੍ਰਿਤ ਦਾ ਬਿਲਕੁਲ ਲੋਪ ਨਹੀਂ ਹੋਇਆ ਸੀ । ਕਲੈਸੀਕਲ ਵਿਦਵਾਨ ਪ੍ਰਾਚੀਨ ਸੰਸਕ੍ਰਿਤ ਸਾਹਿਤ-ਭੰਡਾਰ ਦਾ ਅਧਿਐਨ ਕਰਦੇ ਸਨ ਅਤੇ ਗੰਭੀਰ ਕਿਸਮ ਦੇ ਨਿਬੰਧ-ਪ੍ਰਬੰਧ ਲਿਖਣ ਲਈ ਇਸ ਦੀ ਵਰਤੋਂ ਕਰਦੇ ਸਨ । ਸੰਸਕ੍ਰਿਤ ਵਿਚ ਬੀਤੇ "ਅਤੀਤ" ਦਾ ਗੌਰਵ ਸਮੋਇਆ ਹੋਇਆ ਸੀ ਪਰ ਸੁਦੇਸ਼ੀ (vernaculars) ਬੋਲੀਆਂ ਨੇ ਤਤਕਾਲੀਨ ਜਨਤਾ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਸਨ । ਤੁਰਕਾਂ ਅਤੇ ਮੁਸਲਮਾਨ ਵਿਦੇਸ਼ੀਆਂ ਦੇ ਹਮਲਿਆਂ ਨੇ ਭਾਰਤੀ ਜਨਤਾ ਦੀ ਮਾਨਸਿਕਤਾ ਨੂੰ ਝੰਜੋੜ ਕੇ ਰਖ ਦਿੱਤਾ ਸੀ । ਇਸ ਲਈ ਭਾਰਤ ਦੇ ਜਨ-ਮਾਨਸ ਦੀਆਂ ਭਾਵਨਾਵਾਂ ਨੂੰ ਅਭੀਵਿਅਕਤ ਕਰਨ ਲਈ ਪ੍ਰਾਦੇਸ਼ਿਕ ਬੋਲੀਆਂ ਨੇ ਮਹੱਤਵਪੂਰਣ ਰੋਲ ਅਦਾ ਕੀਤਾ । ਇਸ ਕਸ਼ਮਕਸ਼ ਵਿਚ ਦੇਸੀ ਬੋਲੀਆਂ ਦੀ ਅਭੀਵਿਅਕਤੀ-ਸਮਰਥਾ ਅਤੇ ਸੰਚਾਰ-ਸ਼ਕਤੀ ਸੁਵਿਕਸਤ ਤੇ ਸੁਦ੍ਰਿੜ ਹੁੰਦੀ ਗਈ । ਇਸ ਵੰਗਾਰ-ਭਰੇ ਵਾਤਾਵਰਨ ਵਿਚ ਆਧੁਨਿਕ ਬੋਲੀਆਂ ਛੇਤੀ ਹੀ ਸੁਤੰਤਰ ਭਾਸ਼ਾਵਾਂ ਦੇ ਤੌਰ ਤੇ ਪ੍ਰਪੱਕ ਅਵਸਥਾ ਨੂੰ ਪ੍ਰਾਪਤ ਹੁੰਦੀਆਂ ਗਈਆਂ ।

ਮੱਧਕਾਲੀਨ ਭਾਰਤੀ ਆਰੀਆਂ ਭਾਸ਼ਾਵਾਂ ਜਿਵੇਂ ਕਿ ਪਾਲੀ, ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਦੀਆਂ ਭਾਸ਼ਾ-ਧੁਨੀਆਂ, ਉਚਾਰਖੰਡਾਂ (ਸਿਲੇਬਲ), ਮਾਰਫੀਮਾਂ, ਸ਼ਬਦਾਂ ਅਤੇ ਹੋਰ ਰਚਨਾਤਮਕ ਅਗੇਤਰਾਂ-ਪਿਛੇਤਰਾਂ ਆਦਿ ਵਿਭਿੰਨ ਪੱਖਾਂ ਵਿਚ ਰੂਪਾਂਤਰਣ ਤੇ ਸਰਲੀਕਰਣ ਦੀ ਜੋ ਪ੍ਰਕ੍ਰਿਆ ਜਾਰੀ ਹੋਈ ਸੀ ਉਹ ਅੱਗੇ ਆ ਕੇ ਆਧੁਨਿਕ ਆਰੀਆ ਭਾਸ਼ਾਵਾਂ ਵਿਚ ਵੀ ਜਾਰੀ ਰਹੀ । ਸੰਸਕ੍ਰਿਤ, ਤੇ ਪ੍ਰਾਕ੍ਰਿਤਾਂ ਕਾਫੀ ਹਦ ਤਕ ਸੰਜੋਗਾਤਮਕ (synthetic) ਭਾਸ਼ਾਵਾਂ ਸਨ ਪਰ ਆਧੁਨਿਕ ਭਾਸ਼ਾਵਾਂ ਆਮ ਕਰਕੇ ਵਿਜੋਗਾਤਮਕ ਸੰਗਠਨ ਵਾਲੀਆਂ ਬਣਦੀਆਂ ਗਈਆਂ । ਇਸ ਕਰਕੇ ਆਧੁਨਿਕ ਆਰੀਆ ਭਾਸ਼ਾਵਾਂ ਦੀ ਭਾਸ਼ਿਕ ਸੰਰਚਨਾ ਵਿਚ ਇਕ ਨਵਾਂ ਸਿਸਟਮ ਹੋਂਦ ਵਿਚ ਆਉਂਦਾ ਗਿਆ ਜਿਸ ਦੇ ਸਿੱਟੇ ਵਜੋਂ ਸਮਕਾਲੀਨ ਆਰੀਆ ਭਾਸ਼ਾਵਾਂ ਦੇ ਭਾਸ਼ਿਕ ਸੰਗਠਨ ਵਿਚ ਖ਼ਾਸ ਵਿਲੱਖਣਤਾਵਾਂ ਉਪਲਬਧ ਹੁੰਦੀਆਂ ਹਨ, ਜੋ ਆਧੁਨਿਕ ਆਰੀਆ ਭਾਸ਼ਾਵਾਂ ਨੂੰ ਪ੍ਰਾਚੀਨ ਆਰੀਆ ਭਾਸ਼ਾਵਾਂ ਅਤੇ ਮੱਧਕਾਲੀਨ ਆਰੀਆ ਭਾਸ਼ਾਵਾਂ ਤੋਂ

ਨਿਖੇੜਦੀਆ ਹਨ ਅਤੇ ਜੋ ਆਧੁਨਿਕ ਆਰੀਆ ਭਾਸ਼ਾਵਾਂ ਦੇ ਪਛਾਣ-ਚਿੰਨ੍ਹ ਬਣਦੀਆ ਹਨ । ਇਨ੍ਹਾ ਵਿਲੱਖਣਤਾਵਾਂ ਦਾ ਵਰਣਨ ਅਗਲੇ ਅਧਿਆਏ ਵਿਚ ਕੀਤਾ ਜਾਵੇਗਾ ।

ਇਸ ਪ੍ਰਕਾਰ ਭਾਰਤੀ ਆਰੀਆ ਭਾਸ਼ਾ ਆਪਣੇ ਪ੍ਰਾਰੰਭਿਕ ਬਿੰਦੂ ਤੋਂ ਲੈ ਕੇ ਇਤਿਹਾਸਿਕ ਵਿਕਾਸ-ਕ੍ਰਮ ਦੀਆਂ ਤਿੰਨ-ਸੂਤਰੀ ਅਵਸਥਾਵਾਂ 'ਚੋਂ ਲੰਘਦੀ ਹੋਈ ਅਜੋਕੇ ਯੁਗ ਤਕ ਪਹੁੰਚਦੀ ਹੈ । ਆਰੀਆ ਭਾਸ਼ਾ ਦੇ ਕਾਲ਼ਗਤ ਪਰਿਪੇਖ ਵਿਚ ਜਿਨ੍ਹਾਂ ਤਿੰਨ-ਸੂਤਰੀ ਅਵਸਥਾਵਾਂ ਜਾਂ ਸਥਿਤੀਆ ਦਾ ਹੁਣੇ ਹੀ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਦੀ ਪੁਸ਼ਟੀ ਜਾਰਜ ਗ੍ਰੀਅਰਸਨ, ਸੁਨੀਤੀ ਕੁਮਾਰ ਚਟਰਜੀ ਆਦਿ ਡਾਇਆਕਰੋਨਿਕ ਭਾਸ਼ਾ-ਵਿਗਿਆਨੀਆਂ ਨੇ ਕੀਤੀ ਹੈ। ਇਨ੍ਹਾ ਵਿਦਵਾਨਾਂ ਨੇ ਆਰੀਆ-ਭਾਸ਼ਾ ਦੇ ਇਤਿਹਾਸਿਕ ਕਾਲ-ਖੰਡਾਂ ਵਿਚ ਉਪਲਬਧ ਪ੍ਰਮੁਖ ਪਛਾਣ-ਬਿੰਦੂਆਂ ਨੂੰ ਧਿਆਨ ਵਿਚ ਰਖਦਿਆਂ ਭਾਰਤੀ ਆਰੀਆ ਭਾਸ਼ਾ-ਪਰਿਵਾਰ ਦੇ ਤਿੰਨ ਵਿਕਾਸਾਤਮਕ ਪੜਾ(ਵਿਭਾਗ) ਜਾ ਤਿੰਨ ਦੌਰ ਸੰਕਲਪਿਤ ਕੀਤੇ ਹਨ। ਉਹ ਹੇਠਾਂ ਅੰਕਿਤ ਕੀਤੇ ਜਾਂਦੇ ਹਨ

(1) *ਪ੍ਰਾਚੀਨ ਭਾਰਤੀ ਆਰੀਆ ਭਾਸ਼ਾ* (Old Indo-Aryan : OIA) : ਇਸ ਦੌਰ ਵਿਚ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਪ੍ਰਤੀਨਿਧ ਭਾਸ਼ਾਵਾ ਸਨ ।

(2) *ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ* (Middle Indo-Aryan : MIA) : ਦੂਜੇ ਦੂਰ ਦੀਆਂ ਪ੍ਰਤੀਨਿਧ ਆਰੀਆ ਭਾਸ਼ਾਵਾਂ ਪ੍ਰਾਕ੍ਰਿਤਾਂ ਸਨ । ਇਨ੍ਹਾ ਪ੍ਰਾਕ੍ਰਿਤਾਂ ਨੂੰ ਅੱਗੋਂ ਤਿੰਨ ਉਪ-ਅਵਸਥਾਵਾਂ ਵਿਚ ਵੰਡਿਆ ਜਾਂਦਾ ਹੈ (1) ਪਾਲੀ ਪ੍ਰਾਕ੍ਰਿਤ (2) ਸਾਹਿਤਕ ਪ੍ਰਾਕ੍ਰਿਤਾਂ ਅਤੇ (3) ਅਪਭ੍ਰੰਸ਼ ਭਾਸ਼ਾਵਾਂ ।

(3) *ਆਧੁਨਿਕ ਭਾਰਤੀ ਆਰੀਆ ਭਾਸ਼ਾ* (New Indo-Aryan : NIA) : ਤੀਜੇ ਦੌਰ ਦੀਆ ਅਜੋਕੀਆਂ ਭਾਸ਼ਾਵਾਂ ਵਿਚ ਪੰਜਾਬੀ, ਹਿੰਦੀ, ਗੁਜਰਾਤੀ, ਰਾਜਸਥਾਨੀ, ਬੰਗਲਾ, ਉੜੀਆ, ਅਸਾਮੀ, ਮਰਾਠੀ, ਸਿੰਧੀ ਆਦਿ ਸ਼ਾਮਲ ਕੀਤੀਆ ਜਾਂਦੀਆਂ ਹਨ ।

ਹੁਣ ਭਾਰਤੀ ਆਰੀਆ ਭਾਸ਼ਾ ਪਰਿਵਾਰ ਦੇ ਇਨ੍ਹਾਂ ਤਿੰਨਾਂ ਪੜਾਵਾਂ ਜਾਂ ਵਿਭਾਗਾ ਨੂੰ ਵੱਖ ਵੱਖ ਰੇਖਾ-ਚਿਤਰਾਂ ਦੁਆਰਾ ਰੇਖਾਂਕਿਤ ਕੀਤਾ ਜਾਂਦਾ ਹੈ ।

ਭਾਰਤੀ ਆਰੀਆ ਭਾਸ਼ਾਵਾਂ : ਵਿਕਾਸ ਰੇਖਾ-ਚਿੱਤਰ

(Indo-Aryan Languages : Table of Development)

ਰੇਖਾ ਚਿਤਰ-*1*

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ (Old Indo-Aryan)

1500 ਪੂ ਈ -600 ਪੂ ਈ)

ਵੈਦਿਕ ਸੰਸਕ੍ਰਿਤ/ਵੈਦਿਕ ਭਾਸ਼ਾ | ਕਲੈਸੀਕਲ ਸੰਸਕ੍ਰਿਤ/ਲੌਕਿਕ ਸੰਸਕ੍ਰਿਤ

ਰੇਖਾ-ਚਿਤਰ-2

ਮੱਧ-ਕਾਲੀਨ ਭਾਰਤੀ ਆਰੀਆ ਭਾਸ਼ਾ (Middle Indo-Aryan)

ਪਾਲੀ ਪ੍ਰਾਕ੍ਰਿਤ
ਅਸ਼ੋਕੀ ਪਾਲੀ
(600 ਪੂ. ਈ.-ਪਹਿਲੀ ਸਦੀ ਈ.)

ਸਾਹਿਤਕ ਪ੍ਰਾਕ੍ਰਿਤਾਂ

(ਪ੍ਰਮੁਖ ਪ੍ਰਾਕ੍ਰਿਤਾਂ) ਅਰਥਾਤ ਸ਼ੌਰਸੇਨੀ, ਮਾਗਧੀ, ਅਰਧ-ਮਾਗਧੀ ਮਹਾਰਾਸ਼ਟਰੀ, ਪੈਸ਼ਾਚੀ ਗੌਣ-ਪ੍ਰਾਕ੍ਰਿਤਾਂ : ਕੈਕੇਈ, ਮਦ੍ਰ, ਟੱਕ, ਲਾਟੀ, ਆਵੰਤੀ, ਖਸ ਪ੍ਰਾਕ੍ਰਿਤ। (ਪਹਿਲੀ ਸਦੀ ਈ. - 600 ਈ.)

ਅਪਭ੍ਰੰਸ਼ ਭਾਸ਼ਾਵਾਂ

ਅਰਥਾਤ ਮਹਾਰਾਸ਼ਟਰੀ ਅਪਭ੍ਰੰਸ਼, ਮਾਗਧੀ ਅਪ., ਅਰਧ ਮਾਗਧੀ ਅਪ., ਸ਼ੌਰਸੇਨੀ ਅਪ. ਪੈਸ਼ਾਚੀ ਅਪ., ਲਾਟੀ, ਸੌਰਾਸ਼ਟਰੀ, ਆਭੀਰੀ, ਆਵੰਤੀ, ਨਾਗਰ, ਉਪਨਾਗਰ, ਵ੍ਰਾਚਡ, ਖਸ (ਦਾਰਦਿਕ), ਕੈਕੇਈ, ਮਦ੍ਰ, ਟੱਕ, ਔਤਕਲ, ਗੌੜ ਗੌਰਜਰ, ਮਰੁ ਅਪਭ੍ਰੰਸ਼ (600 ਈ. - 1000 ਈ.)

ਰੇਖਾ ਚਿਤਰ-3

ਆਧੁਨਿਕ ਭਾਰਤੀ ਆਰੀਆ-ਭਾਸ਼ਾ (New Indo-Aryan) 1000 ਈ.-1996 ਈ.

ਉੱਤਰ-ਪੱਛਮੀ ਵਰਗ
ਸਿੰਧੀ, ਲਹਿੰਦੀ-ਪੰਜਾਬੀ, ਪੂਰਬੀ-ਪੰਜਾਬੀ

ਉੱਤਰੀ ਵਰਗ (ਪਹਾੜੀ)
ਪਹਾੜੀ ਬੋਲੀਆਂ
ਨੇਪਾਲੀ, ਗੜ੍ਹਵਾਲੀ, ਕੁਮਾਉਂਨੀ
ਚਮਿਆਲੀ, ਮੰਡਿਆਲੀ, ਕਲੂਈ
ਕਿਉਂਥਲੀ, ਸਿਰਮੌਰੀ

ਮੱਧ ਦੇਸੀ ਵਰਗ
ਪੱਛਮੀ ਹਿੰਦੀ :
ਬੁੰਦੇਲੀ, ਕਨੌਜੀ
ਬ੍ਰਜਭਾਸ਼ਾ, ਬਾਂਗਰੂ
ਹਿੰਦੁਸਤਾਨੀ (ਉਰਦੂ)

ਪੂਰਬੀ ਵਰਗ
ਪੂਰਬੀ ਹਿੰਦੀ :
ਅਵਧੀ, ਬਘੇਲੀ, ਛੱਤੀਸਗੜ੍ਹੀ
ਮਾਗਧੀ ਭਾਸ਼ਾਵਾਂ
ਬੰਗਾਲੀ, ਅਸਾਮੀ, ਉੜੀਆ
ਬਿਹਾਰੀ ਬੋਲੀਆਂ
ਮੈਥਿਲੀ, ਮਗਹੀ, ਭੋਜਪੁਰੀ,

ਦੱਖਣੀ ਵਰਗ
ਮਰਾਠੀ, ਕੋਂਕਣੀ

ਪੱਛਮੀ ਵਰਗ
ਗੁਜਰਾਤੀ, ਰਾਜਸਥਾਨੀ :
ਮੇਵਾਤੀ, ਨਿਮਾੜੀ, ਮਾਲਵੀ
ਜੈਪੁਰੀ, ਹਾੜੌਤੀ

ਭਾਰਤੀ ਆਰੀਆ ਭਾਸ਼ਾ-ਪਰਿਵਾਰ (Indic family) ਦਾ ਪੰਜਾਬੀ ਭਾਸ਼ਾ ਦੇ ਵਿਰਸੇ, ਜੱਦੀ ਇਤਿਹਾਸ, ਪ੍ਰਜਨਨ-ਸਰੋਤ, ਵਿਕਾਸ-ਮਾਡਲ ਅਤੇ ਭਾਸ਼ਿਕ ਸੰਰਚਨਾ ਆਦਿ ਬਹੁਵਿਧ ਪਸਾਰਾ ਨਾਲ ਜੈਨੇਟਿਕ ਤੇ ਪੈਤ੍ਰਿਕ (ancestral) ਰਿਸ਼ਤਾ ਹੈ ਇਸ ਲਈ Indic ਘਰਾਣੇ ਦੀਆਂ ਪ੍ਰਮੁਖ ਤੇ ਪ੍ਰਤੀਨਿਧ ਭਾਸ਼ਾਵਾਂ ਜਿਵੇਂ ਕਿ ਵੈਦਿਕ/ਕਲੈਸੀਕਲ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਤੇ ਅਵਹੱਟ ਆਦਿ ਦਾ ਮੁਕੰਮਲ ਪਰੀਚੈ ਪੰਜਾਬੀ ਭਾਸ਼ਾ ਦੇ ਸੰਦਰਭ ਵਿਚ ਅਗਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਪ੍ਰਾਚੀਨ ਤੇ ਮੱਧਕਾਲੀਨ ਆਰੀਆ ਭਾਸ਼ਾਵਾਂ ਨਾਲ ਪੰਜਾਬੀ ਦਾ ਤੁਲਨਾਤਮਕ ਤੇ ਵਿਤਰੇਕੀ ਯਥਾਜੋਗ ਅਧਿਐਨ ਵੀ ਪ੍ਰਸਤੁਤ ਕੀਤਾ ਜਾਵੇਗਾ ਤਾ ਜੋ ਪੰਜਾਬੀ ਨਾਲ ਇਨ੍ਹਾਂ ਅਤੀਤ-ਕਾਲੀ ਭਾਸ਼ਾਵਾਂ ਦੀ ਸਹੀ ਨਾਤੇਦਾਰੀ ਦੀ ਪਛਾਣ ਨਿਰਧਾਰਤ ਕੀਤੀ ਜਾ ਸਕੇ ਅਤੇ ਪੰਜਾਬੀ ਭਾਸ਼ਾ ਦੇ ਸੁਦੂਰ ਇਤਿਹਾਸ ਅਤੇ ਭਾਸ਼ਾਗਤ ਬਣਤਰ ਨੂੰ ਚਿਤਰਿਤ ਕੀਤਾ ਜਾ ਸਕੇ ।

ਹਵਾਲੇ ਤੇ ਟਿੱਪਣੀਆਂ

ਸਰੋਤ *(Sources)* :

1. Suniti Kumar Chatterji [1975] *Origin And Development of Bengali Language*, Indian Edition, Delhi.
2. Suniti Kumar Chatterji *Indo-Aryan and Hindi,*
3. Suniti Kumar Chatterji *Language And Literature of Modren India,*
4. Suniti Kumar Chatterji *Contribution from, Different Language-Culture Groups*, an article compiled in *"The Cultural Heritage of India"*
5. Madhu Sarup Vats *Indus Valley Civilisation*, compiled in "The Cultural Heritage of India".
6. Alexander Cunningham [1871] *The Ancient Geography of India* (The Buddist Period) .
7. T. Burrow [1962] *The Sanskrit Language*, London
8. ਉਦਯ ਨਾਰਾਯਣ ਤਿਵਾਰੀ [1955] *ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ* (ਹਿੰਦੀ) ਭਾਰਤੀ ਭੰਡਾਰ, ਪ੍ਰਯਾਗ
9. George Grierson [1926] *Linguistic Survey of India.*
10. A. L Basham [1954] *The Wonder that was India*, London
11. Gilbert Slater [1976] *The Dravidian Elements in Indian Culture*, Reprint, New Delhi
12. Colin P. Masica [1991] *The Indo-Aryan Languages*, Cambridge.

ਖੰਡ ਤਿੰਨ

ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਅਤੇ ਪੰਜਾਬੀ

Old Indo-Aryan and Punjabi

ਅਧਿਆਏ 3 : 1

ਪੰਜਾਬੀ ਭਾਸ਼ਾ ਦਾ ਪੁਰਾ-ਇਤਿਹਾਸ ਤੇ ਪੂਰਵ-ਇਤਿਹਾਸ

Pre-history and Proto-history of Punjabi Language

ਪੰਜਾਬੀ ਭਾਸ਼ਾ ਦਾ ਲਿਖਤੀ ਦਸਤਾਵੇਜ਼ੀ (documented) ਇਤਿਹਾਸ ਭਾਵੇਂ ਲਗਭਗ 900-1000 ਈਸਵੀ ਤੋਂ ਮਿਲਣਾ ਸ਼ੁਰੂ ਹੁੰਦਾ ਹੈ ਲੇਕਿਨ ਅਸੀਂ ਪੰਜਾਬੀ ਦੇ ਪੁਰਾ-ਇਤਿਹਾਸ (pre-history) ਦੀ ਪੁਨਰ-ਉਸਾਰੀ (re-construction) ਕਰ ਸਕਦੇ ਹਾਂ ਅਤੇ ਇਹ ਤਸਦੀਕ ਕਰ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਦਾ ਅਸਤਿਤਵ ਪੁਰਾਤਨ ਤੇ ਸਨਾਤਨ ਹੈ। ਪੰਜਾਬੀ ਭਾਸ਼ਾ ਦੇ ਪੁਰਾ-ਇਤਿਹਾਸ ਦੀ ਛਾਣਬੀਣ ਕਰਕੇ ਪੰਜਾਬੀ ਦੀ ਹਸਤੀ ਤੇ ਹੋਂਦ ਦੇ ਬੀਜ-ਰੂਪ ਅਣੂਆਂ ਦੀ ਝਲਕ ਅਸੀਂ ਭਾਰਤੀ ਆਰੀਆ-ਭਾਸ਼ਾ ਦੇ ਪਹਿਲ-ਪ੍ਰਥਮੇ ਵੈਦਿਕ ਯੁਗ ਦੇ ਭਾਸ਼ਾਈ ਵਾਤਾਵਰਣ ਵਿਚ ਝਲਕਦੀ ਵੇਖ ਸਕਦੇ ਹਾਂ। ਪ੍ਰਾਚੀਨ ਭਾਰਤ ਦੀਆਂ ਦੂਰਵਰਤੀ ਆਰੀਆ ਪੁਰਾ-ਭਾਸ਼ਾਵਾਂ ਦੀਆਂ ਭਾਸ਼ਾਈ ਬਣਤਰਾਂ, ਰਚਨਾਤਮਕ ਤੰਤਾਂ, ਸ਼ਬਦ-ਕੋਸ਼ੀ ਮੱਦਾਂ, ਅਤੇ ਵਿਆਕਰਣਿਕ ਰਚਨਾਂਗਾਂ ਵਿਚ ਪੰਜਾਬੀ ਦੇ ਭਾਸ਼ਾਈ ਸਿਸਟਮ ਨਾਲ ਜੋ ਜੋ ਵੀ ਸਾਂਝਾਂ ਤੇ ਸਮਾਨਤਾਵਾਂ ਉਪਲਬਧ ਹੁੰਦੀਆਂ ਦਿਸਦੀਆਂ ਹਨ ਉਨ੍ਹਾਂ ਵਿਚ ਪੰਜਾਬੀ ਭਾਸ਼ਾ ਦੇ ਬੀਜਾਣੂ ਤੇ ਜੀਵਾਣੂ ਨਿਸ਼ਚੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ।

ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਇਤਿਹਾਸ ਦੇ ਦੋ ਪ੍ਰਮੁਖ ਪਹਿਲੂ ਪ੍ਰਾਪਤ ਹੁੰਦੇ ਹਨ: ਇਕ ਹੈ ਪੰਜਾਬੀ ਭਾਸ਼ਾ ਦਾ ਪੁਰਾ-ਇਤਿਹਾਸ (prehistory) ਤੇ ਪੂਰਵ-ਇਤਿਹਾਸ (proto-history) ਅਤੇ ਦੂਜਾ ਹੈ ਪੰਜਾਬੀ ਦਾ ਦਸਤਾਵੇਜ਼ੀ ਇਤਿਹਾਸ (documented history)। ਇਸ ਪ੍ਰਸੰਗ ਵਿਚ ਜਿਹੜੀ ਟਿੱਪਣੀ ਤੇ ਵਿਆਖਿਆ ਆਧੁਨਿਕ ਇਤਿਹਾਸਵਾਦੀ ਭਾਸ਼ਾ-ਵਿਗਿਆਨੀ Thomas Pyles & John Algeo [1993 :14] ਨੇ ਅੰਗ੍ਰੇਜ਼ੀ ਭਾਸ਼ਾ ਦੇ ਪੁਰਾ-ਇਤਿਹਾਸ ਦੇ ਸੰਬੰਧ ਵਿਚ ਲਿਖੀ ਹੈ ਉਹ ਪੰਜਾਬੀ ਭਾਸ਼ਾ ਦੇ ਪੁਰਾ-ਇਤਿਹਾਸ ਤੇ ਵੀ ਲਾਗੂ ਹੁੰਦੀ ਹੈ। ਟਿੱਪਣੀ ਇਹ ਹੈ :

> *"ਅੰਗ੍ਰੇਜ਼ੀ ਭਾਸ਼ਾ ਦਾ ਦਸਤਾਵੇਜ਼ਾਂ ਦੁਆਰਾ ਤਸਦੀਕ-ਸ਼ੁਦਾ ਇਤਿਹਾਸ ਲਗਭਗ 700 ਈ. ਤੋਂ ਸ਼ੁਰੂ ਹੁੰਦਾ ਹੈ ਪਰ ਅਸੀਂ ਅੰਗ੍ਰੇਜ਼ੀ ਭਾਸ਼ਾ ਦਾ ਕੁਝ ਨਾ ਕੁਝ ਪੁਰਾ-ਇਤਿਹਾਸ ਇਸ ਸਮੇਂ ਤੋਂ ਪਹਿਲਾਂ ਲਗਭਗ 4000 ਪੂ. ਈ. [4000 B.C.] ਤਕ ਵੀ ਮੁੜ-ਉਸਾਰ ਸਕਦੇ ਹਾਂ।"**

---

* "The documented history of the English language begins about AD 700 with the oldest written records. We can reconstruct some of the pre-history before that time to as early as about 400 B.C."
Pyles & Algeo, *The Origins and Development of the English Language*, 4th Ed. 1993, New York.

ਪੁਰਾ-ਇਤਿਹਾਸ ਕੀ ਹੈ ?

ਪੁਰਾ-ਇਤਿਹਾਸ ਕੀ ਹੈ ? ਇਸ ਸੰਦਰਭ ਵਿਚ Anthony Arlotto [Introduction to Historical Linguistics, Harvard Univeristy, 1972 : page 233] ਨੇ ਜਿਹੜੀ ਚਰਚਾ ਤੇ ਵਿਆਖਿਆ ਪੇਸ਼ ਕੀਤੀ ਹੈ ਉਸ ਦਾ ਸਾਰਾਂਸ਼ ਏਥੇ ਅੰਕਿਤ ਕੀਤਾ ਜਾਂਦਾ ਹੈ ।

ਪੁਰਾ-ਇਤਿਹਾਸਿਕ ਯੁਗ ਦੇ ਸੰਕਲਪ ਦਾ ਭਾਵ ਉਹ ਕਾਲਖੰਡ (period) ਲਿਆ ਜਾਂਦਾ ਹੈ ਜਿਹੜਾ ਕਿ ਇਨਸਾਨ ਦੇ ਧਰਤੀ ਉਤੇ ਪ੍ਰਗਟ ਹੋਣ ਤੋਂ ਲੈ ਕੇ ਲਿਖਣ-ਕਲਾ ਦੀ ਕਾਢ ਦੇ ਜਾਰੀ ਹੋਣ ਦੇ ਦਰਮਿਆਨ ਤਕ ਫੈਲਿਆ ਹੋਇਆ ਹੈ । ਲਿਖਣ-ਕਲਾ ਦੇ ਇਸ ਆਵਿਸ਼ਕਾਰ ਨੇ ਵਿਦਵਾਨਾਂ ਨੂੰ ਆਪਣੀਆਂ ਹਮਵਕਤੀ ਘਟਨਾਵਾਂ ਅਤੇ ਆਪਣੇ ਤੋਂ ਪਹਿਲੋਂ ਬੀਤੇ ਹੋਏ ਸਮਿਆਂ ਦੀ ਪੈੜ-ਚਾਲ ਨੂੰ ਰਿਕਾਰਡ ਕਰਨ ਲਈ ਸਮਰਥ ਕੀਤਾ ਹੈ । ਪਰ ਪੁਰਾ ਇਤਿਹਾਸਿਕ ਯੁਗ ਦਾ ਖ਼ਾਤਮਾ ਅਤੇ ਰਿਕਾਰਡ-ਬੱਧ ਇਤਿਹਾਸ ਦੀ ਸ਼ੁਰੂਆਤ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਵੱਖ ਵੱਖ ਸ਼ਕਲ ਵਿਚ ਮਿਲਦੀ ਹੈ । ਮੈਸੋਪੋਟਾਮੀਆਂ, ਮਿਸਰ ਅਤੇ ਚੀਨ ਵਿਚ ਪੁਰਾ-ਇਤਿਹਾਸ ਦੀ ਸਮਾਪਤੀ ਅਤੇ ਦਸਤਾਵੇਜ਼ੀ ਇਤਿਹਾਸ ਦੀ ਸ਼ੁਰੂਆਤ ਬਹੁਤ ਪਹਿਲੇ ਸਮਿਆਂ ਵਿਚ, ਸ਼ਾਇਦ ਤੀਜੀ ਸਹਸ੍ਰਾਬਦੀ ਪੂਰਵ-ਈਸਵੀ (third millanium B.C.) ਦੇ ਸਮੇਂ ਵਾਪਰਦੀ ਹੈ । ਇਸ ਚਰਚਾ ਦਾ ਕਦਾਚਿਤ ਇਹ ਭਾਵ ਨਹੀਂ ਕਿ ਮੌਖਿਕ ਪਰੰਪਰਾਵਾਂ ਦੀ ਮਹਾਨਤਾ ਨੂੰ ਘਟਾਇਆ ਜਾਵੇ, ਸਗੋਂ ਕਈ ਵਾਰ ਜ਼ਬਾਨੀ ਹਦਾਇਤਾਂ ਵੀ ਬਹੁਤ ਵਿਸ਼ਵਾਸੀ ਤੇ ਕ਼ਾਬਲੇ-ਇਤਬਾਰ ਸਿੱਧ ਹੁੰਦੀਆਂ ਹਨ ।

ਆਮ ਤੌਰ ਤੇ ਜਦੋਂ ਕੋਈ ਇਤਿਹਾਸਕਾਰ ਪੁਰਾ-ਇਤਿਹਾਸਿਕ ਯੁਗ ਵਿਚ ਵਾਪਰੀਆਂ ਮਾਨਵੀ ਘਟਨਾਵਾਂ ਦਾ ਵਰਣਨ ਕਰਨਾ ਲੋੜਦਾ ਹੈ ਤਾਂ ਉਹ ਦੋ ਕਿਸਮ ਦੀ ਖੋਜ-ਵਿਦਿਆ ਦੇ ਅਨੁਸ਼ਾਸਨਾਂ ਵੱਲ ਰੁਚਿਤ ਹੁੰਦਾ ਹੈ ਇਕ ਹੈ ਪੁਰਾ-ਤੱਤਵ-ਵਿਗਿਆਨ (archeology) ਅਤੇ ਦੂਜਾ ਹੈ ਭਾਸ਼ਾ-ਵਿਗਿਆਨ । ਪੁਰਾ-ਤੱਤ-ਵਿਗਿਆਨੀ ਪ੍ਰਾਚੀਨ ਘਰੇਲੂ ਵਸਤਾਂ, ਭਾਂਡੇ-ਟੀਂਡੇ ਅਤ ਹੋਰ ਗਹਿਣੇ-ਗੱਟਿਆਂ ਦੀ ਸ਼ਕਲ ਵਿਚ ਮਨੁੱਖੀ ਸਭਿਆਚਾਰ ਦੇ ਭੌਤਿਕ ਅਵਸ਼ੇਸ਼ਾਂ (remanents) ਨੂੰ ਬੇਨਕਾਬ ਕਰਕੇ ਪੁਰਾਤਨ ਸਭਿਅਤਾ ਅਤੇ ਉਸ ਦੇ ਵਾਰਿਸ ਲੋਕਾਂ ਦੇ ਇਤਿਹਾਸ ਦੀ ਪੁਨਰ-ਉਸਾਰੀ ਕਰਨ ਵਿਚ ਸਮਰਥ ਹੁੰਦਾ ਹੈ । ਇਸ ਤੋਂ ਇਲਾਵਾ ਪੁਰਾ-ਤੱਤ-ਵਿਗਿਆਨੀ ਸਭਿਆਚਾਰਕ ਵਸਤਾਂ ਦੀ ਰੂਪ-ਰੇਖਾ ਦੇ ਆਧਾਰ ਤੇ ਤਤਕਾਲੀ ਸਭਿਆਚਾਰ ਦੀ ਵੰਨਸੁਵੰਨਤਾ ਨੂੰ ਸਥਾਪਿਤ ਕਰਨ ਵਿਚ ਸਫਲ ਹੋ ਸਕਦਾ ਹੈ ।

ਪੁਰਾ-ਇਤਿਹਾਸ ਦੇ ਗਿਆਨ ਤੇ ਨਿਰਮਾਣ ਵਿਚ ਭਾਸ਼ਾ-ਵਿਗਿਆਨੀ ਦਾ ਯੋਗਦਾਨ ਵੀ ਕਿਸੇ ਗਲੋਂ ਘਟ ਨਹੀਂ ਹੈ । ਭਾਸ਼ਾ-ਵਿਗਿਆਨੀ ਭਾਸ਼ਾ-ਵੰਸ਼-ਬ੍ਰਿਛਾਂ ਦੇ ਰੇਖਾ-ਚਿਤਰਾਂ ਦੀ ਵਿਆਖਿਆ ਤੇ ਉਨ੍ਹਾਂ ਦਾ ਮੁਲੰਕਣ ਕਰਕੇ ਤਤਕਾਲੀ ਭਾਸ਼ਾ/ਭਾਸ਼ਾਵਾਂ ਦੇ ਪੁਰਾ-ਇਤਿਹਾਸ ਦਾ ਪੁਨਰ-ਨਿਰਮਾਣ ਕਰ ਸਕਦਾ ਹੈ ਅਤੇ ਉਨ੍ਹਾਂ ਭਾਸ਼ਾਵਾਂ ਦੀ ਸਥਾਪਤੀ ਕਰਨ ਵਿਚ ਸਫਲ ਹੁੰਦਾ ਹੈ । Marry Haas ਨੇ ਠੀਕ ਕਿਹਾ ਹੈ ਕਿ "ਮੁੜ-ਉਸਾਰੀ ਹੋਈ ਭਾਸ਼ਾ ਇਕ ਗੌਰਵਮਈ ਕਲਾ-ਕ੍ਰਿਤ ਹੈ, ਇਹ ਅਜਿਹੀ ਵਸਤੂ ਹੈ ਜੋ ਕਿ ਪੁਰਾ-ਤੱਤ-ਵਿਗਿਆਨੀ ਦੁਆਰਾ ਤਲਾਸ਼ ਕੀਤੀ ਗਈ ਕਿਸੇ ਵੀ ਵਸਤੂ ਤੋਂ ਬਹੁਤ ਵਧੇਰੇ ਮੁੱਲਵਾਨ ਹੁੰਦੀ ਹੈ । ਮੂਲ ਕਥਨ ਇਹ ਹੈ :

"A reconstructed language is a glorious artifact, one which is far

more precious than anything an archeologist can ever hope to unearth." *[Quoted by Anthony Arlotto, 1972 : 234].*

ਇਸ ਤਰ੍ਹਾਂ ਭਾਸ਼ਾ-ਵਿਗਿਆਨੀ ਪੂਰਾ-ਇਤਿਹਾਸ ਦੇ ਸੰਦਰਭ ਵਿਚ ਦੋ ਤਰ੍ਹਾਂ ਦੇ ਕਾਰਜ ਸੰਪੰਨ ਕਰਨ ਵਿਚ ਸਿੱਧ-ਹਸਤ ਹੋ ਸਕਦਾ ਹੈ। ਇਕ ਪਾਸੇ ਉਹ ਪੂਰਵ-ਇਤਿਹਾਸਿਕ ਯੁਗ ਵਿਚ ਪ੍ਰਚਲਿਤ ਪਰ ਬਾਅਦ ਵਿਚ ਲੋਪ ਹੋਈ ਕਿਸੇ ਵੀ ਭਾਸ਼ਾ ਦੇ ਪੁਨਰ-ਨਿਰਮਾਣ ਦਾ ਕਾਰਜ ਸੰਪੰਨ ਕਰ ਸਕਦਾ ਹੈ। ਅਤੇ ਦੂਜੇ ਪਾਸੇ ਪੁਰਾਤਨ ਤੇ ਪੂਰਵ-ਇਤਿਹਾਸਿਕ ਟੈਕਸਟ ਅਤੇ ਲਿਖਤੀ ਰਿਕਾਰਡਾਂ ਵਿਚ ਉਪਲਬਧ ਪ੍ਰਾਚੀਨ ਤੇ ਮੱਧਕਾਲੀਨ ਭਾਸ਼ਾਵਾਂ ਦੀਆਂ ਭਾਸ਼ਕ ਬਣਤਰਾਂ ਦਾ ਅਧਿਐਨ ਕਰਕੇ ਆਧੁਨਿਕ ਤੇ ਸਮਕਾਲੀ ਭਾਸ਼ਾਵਾਂ ਦੇ ਜਣਨਿਕ ਰਿਸ਼ਤਿਆਂ (ਜੈਨੇਟਿਕ ਸੰਬੰਧਾਂ) ਦੀ ਪਛਾਣ ਸਥਾਪਿਤ ਕਰ ਸਕਦਾ ਹੈ।

ਥਿਓਡੋਰਾ ਬਾਈਨਨ [Theodora Bynon, *Historical Linguistics, Combridge, 1977 : 262*], ਚਾਰਲਸ ਹੌਕਟ [Charles F. Hockett, *A Course in Modern Linguistics*, 1970 reprint, page 461] ਆਦਿਕਾਂ ਨੇ ਵੀ ਪੂਰਾ-ਇਤਿਹਾਸ ਅਤੇ ਉਸ ਨਾਲ ਅੰਤਰ-ਸੰਬੰਧਿਤ ਤਕਨੀਕਾਂ ਤੇ ਵਿਧੀਆਂ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਹੌਕਟ ਨੇ ਪੂਰਾ-ਇਤਿਹਾਸ ਤੇ ਦਸਤਾਵੇਜ਼ੀ ਇਤਿਹਾਸ ਦੀ ਤੁਲਨਾ ਕਰਦਿਆਂ ਲਿਖਿਆ ਹੈ ਕਿ ਅਸੀਂ ਲੰਮੇ-ਚੌੜੇ ਕਾਲ-ਪਰਿਪੇਖ ਦੀ ਢੂੰਡ-ਭਾਲ ਕਰਨ ਲਈ ਜਿਨ੍ਹਾਂ ਤਕਨੀਕਾਂ ਦੀ ਵਰਤੋਂ ਕਰਦੇ ਹਾਂ ਉਨ੍ਹਾਂ ਨੂੰ ਸਮੂਹਿਕ ਤੌਰ ਤੇ "ਭਾਸ਼ਾਗਤ ਪੂਰਾ-ਇਤਿਹਾਸ" ਦੀਆਂ ਵਿਧੀਆਂ ਤਸੱਵਰ ਕੀਤਾ ਜਾਂਦਾ ਹੈ। ਅਤੇ ਪੂਰਾ-ਇਤਿਹਾਸ, ਬੀਤੇ ਹੋਏ ਭੂਤ ਕਾਲ ਦਾ ਉਹ ਹਿੱਸਾ ਹੈ ਜਦੋਂ ਲਿਖਤੀ ਰਿਕਾਰਡ ਦੀ ਬਿਲਕੁਲ ਹੀ ਅਣਹੋਂਦ ਸੀ। ਪੂਰਾ-ਇਤਿਹਾਸ ਦੇ ਟਾਕਰੇ ਤੇ ਦਸਤਾਵੇਜ਼ੀ ਇਤਿਹਾਸ (ਰਿਕਾਰਡ-ਬੱਧ ਇਤਿਹਾਸ) ਰਖਿਆ ਜਾਂਦਾ ਹੈ।

ਪੂਰਾ-ਇਤਿਹਾਸ ਦੀਆਂ ਸਿਰਜਨ-ਵਿਧੀਆਂ

ਇਸ ਤਰ੍ਹਾਂ ਹੌਕਟ ਨੇ "ਪੂਰਾ-ਇਤਿਹਾਸ" ਦੀ ਪਰਿਭਾਸ਼ਾ ਪੇਸ਼ ਕਰ ਕੇ ਉਸ ਦੀ ਸਥਾਪਨਾ ਲਈ ਜਿਹੜੀਆਂ ਤਕਨੀਕਾਂ ਤੇ ਵਿਧੀਆਂ ਦਾ ਉੱਲੇਖ ਕੀਤਾ ਹੈ ਉਨ੍ਹਾਂ ਵਿਚ ਪ੍ਰਮੁਖ ਇਹ ਹਨ :

1. ਆਂਤਰਿਕ ਪੁਨਰ-ਨਿਰਮਾਣ : (Internal reconstruction)
2. ਉਪ-ਭਾਸ਼ਾਈ ਭੂਗੋਲ : (Dialect Geography)
3. ਤੁਲਨਾਤਮਕ ਵਿਧੀ : (Comparative Method)
4. ਭਾਸ਼ਾ-ਕਾਲਕ੍ਰਮ-ਵਿਗਿਆਨ : (Glotto-chronology)

ਪੂਰਾ-ਇਤਿਹਾਸ ਦੀ ਉਸਾਰੀ ਲਈ ਸਮਰਪਿਤ ਇਨ੍ਹਾਂ ਪ੍ਰਮੁਖ ਤਕਨੀਕਾਂ ਅਤੇ ਵਿਧੀਆਂ ਦਾ ਪਿਛਲੇ ਅਧਿਆਏ (1 : 2) ਵਿਚ ਚੰਗੀ ਤਰ੍ਹਾਂ ਵਰਣਨ ਕੀਤਾ ਜਾ ਚੁਕਿਆ ਹੈ ਅਤੇ ਇਹ ਤਸਦੀਕ ਕੀਤਾ ਜਾ ਚੁਕਿਆ ਹੈ ਕਿ ਕਿਸੇ ਵੀ ਭਾਸ਼ਾ ਦੇ ਪੂਰਾ-ਇਤਿਹਾਸ ਅਤੇ ਪੂਰਵ-ਇਤਿਹਾਸ ਨੂੰ ਇਨ੍ਹਾਂ ਉਪਰੋਕਤ ਵਿਧੀਆਂ ਦੀ ਸਹਾਇਤਾ ਨਾਲ ਹੁਣ ਵੀ ਦੁਬਾਰਾ ਸਾਕਾਰ ਕੀਤਾ ਜਾ ਸਕਦਾ ਹੈ ਅਤੇ ਕਿਸੇ ਵੀ ਆਧੁਨਿਕ ਭਾਸ਼ਾ ਦੇ ਧੁੰਦਲੇ ਇਤਿਹਾਸ ਨੂੰ ਮੁੜ-ਸਿਰਜਿਆ ਜਾ ਸਕਦਾ ਹੈ।

ਲਿਖਤੀ ਰਿਕਾਰਡ

ਪੂਰਾ-ਤੱਤਵ-ਵਿਗਿਆਨ ਦੇ ਮੁਕਾਬਲੇ ਵਿਚ ਲਿਖਤੀ ਦਸਤਾਵੇਜ਼ੀ ਪਾਠ (written

record) ਬਹੁਤ ਵਿਸ਼ਵਾਸ-ਪਾਤਰ ਸਿੱਧ ਹੁੰਦਾ ਹੈ। ਉਹ ਬਹੁਤ ਖੁਸ਼ਕਿਸਮਤ ਭਾਸ਼ਾਵਾਂ ਹਨ ਜਿਨ੍ਹਾਂ ਦੇ ਪ੍ਰਾਚੀਨ ਪੂਰਾ-ਰੂਪਾਂ ਦੇ ਅਤੇ ਜਿਨ੍ਹਾਂ ਦੀਆਂ ਪੂਰਵਜ ਪੈਤ੍ਰਿਕ ਭਾਸ਼ਾਵਾਂ (ancestral languages) ਦੇ ਲਿਖਤੀ ਟੈਕਸਟ ਤੇ ਰਿਕਾਰਡ ਮਿਲਦੇ ਹਨ। ਪੰਜਾਬੀ ਅਤੇ ਹੋਰ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (new Indo-Aryan) ਅਜਿਹੀਆਂ ਹੀ ਖੁਸ਼ਕਿਸਮਤ ਜੀਵੰਤ ਸਮਕਾਲੀ ਭਾਸ਼ਾਵਾਂ ਹਨ ਜਿਨ੍ਹਾਂ ਦੀਆਂ ਪੂਰਵਜ ਪੈਤ੍ਰਿਕ ਜਨਨੀ-ਭਾਸ਼ਾਵਾਂ ਦੇ ਬੜੇ ਵਿਸ਼ਾਲ ਪੈਮਾਨੇ ਤੇ ਲਿਖਤੀ ਰਿਕਾਰਡ ਉਪਲਬਧ ਹੁੰਦੇ ਹਨ। ਸੰਸਾਰ ਦੇ ਕਿਸੇ ਵੀ ਭਾਸ਼ਾ-ਪਰਿਵਾਰ ਦੀਆਂ ਇਤਿਹਾਸਿਕ ਕਾਲ-ਕ੍ਰਮ ਵਿਚ ਵਿਕਸਿਤ ਹੋਈਆਂ ਵੱਖ ਵੱਖ ਭਾਸ਼ਾਵਾਂ ਵਿਚ ਏਨੀ ਲੜੀਬੱਧ ਤੇ ਰਿਕਾਰਡ-ਬੱਧ ਵਸਤੂ-ਸਾਮਗ੍ਰੀ ਨਹੀਂ ਮਿਲਦੀ ਜਿੰਨੀ ਕਿ ਭਾਰਤੀ ਆਰੀਆ ਭਾਸ਼ਾ-ਪਰਿਵਾਰ ਦੀ ਵਿਭਿੰਨ-ਪੜਾਈ ਭਾਸ਼ਾਵਾਂ ਵਿਚ ਪਿਛਲੇ ਕੋਈ 3500 ਸਾਲਾਂ ਦੇ ਲੰਮੇ ਅਰਸੇ ਤੋਂ ਲਿਖਤੀ ਵਸਤੂ-ਸਾਮਗ੍ਰੀ ਮਿਲਦੀ ਚਲੀ ਆ ਰਹੀ ਹੈ। ਇਸ ਲਈ ਇਹ ਖੁਸ਼ਕਿਸਮਤੀ ਦੀ ਗੱਲ ਹੈ ਕਿ ਪੰਜਾਬੀ ਅਤੇ ਹੋਰ ਆਧੁਨਿਕ ਭਾ.ਆ. ਭਾਸ਼ਾਵਾਂ ਦੇ ਪੂਰਾ-ਇਤਿਹਾਸ ਦੀ ਅਤੇ ਪੂਰਾ-ਇਤਿਹਾਸਿਕ ਪ੍ਰਜਨਨ-ਭਾਸ਼ਕ ਸਰੋਤਾਂ ਦੀ ਮੁੜ-ਉਸਾਰੀ (ਪੁਨਰ-ਨਿਰਮਾਣ) ਲਈ ਉਪਰੋਕਤ ਸਿਰਜਣ-ਵਿਧੀਆਂ 'ਤੇ ਨਿਰਭਰ ਹੋਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਬਲਕਿ ਸਥਿਤੀ ਇਸ ਤੋਂ ਵੱਧ ਬਿਲਕੁਲ ਅਨੁਕੂਲ ਤੇ ਸੁਖਾਵੀਂ ਹੈ, ਕਿਉਂਕਿ ਭਾਰਤੀ ਆਰੀਆ-ਭਾਸ਼ਾਵਾਂ ਦੇ ਪੂਰਵ-ਅਤੇ ਪੂਰਾ-ਇਤਿਹਾਸ ਦੀਆਂ ਵਿਭਿੰਨ ਅਵਸਥਾਵਾਂ ਵਿਚ ਨਿਰੰਤਰ ਪ੍ਰਮਾਣਿਕ ਲਿਖਤੀ ਰਿਕਾਰਡ ਮਿਲਦੇ ਹਨ ਜਿਨ੍ਹਾਂ ਦੇ ਚਾਨਣੇ ਵਿਚ ਲੋੜੀਂਦੀ ਖੋਜ ਤੇ ਅਧਿਐਨ ਕਰਕੇ ਕਿਸੇ ਵੀ ਆਧੁਨਿਕ ਭਾਸ਼ਾ/ਭਾਸ਼ਾਵਾਂ ਦੇ ਪੂਰਾ-ਇਤਿਹਾਸ ਅਤੇ ਉਸ ਦੀ ਪੂਰਾ-ਇਤਿਹਾਸਿਕ ਭਾਸ਼ਕ ਸਥਿਤੀ ਨੂੰ ਸਾਕਾਰ ਕੀਤਾ ਜਾ ਸਕਦਾ ਹੈ।

ਪੂਰਵ-ਝਲਕ (Pre-view)

ਇਸ ਭੂਮਿਕਾ ਵਿਚ ਜਦੋਂ ਅਸੀਂ ਪੰਜਾਬੀ ਭਾਸ਼ਾ ਦੇ ਪੂਰਾ-ਇਤਿਹਾਸ ਨੂੰ ਸਾਕਾਰ ਕਰਨ ਦੀ ਗੱਲ ਕਰਦੇ ਹਾਂ ਤਾਂ ਨਿਸਚੇ ਹੀ ਸਫਟਿਕ ਮਣੀ ਵਤ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਦੀਆਂ ਜੜ੍ਹਾਂ ਤਾਂ ਪੰਜਾਬੀ ਦੇ ਪੂਰਾ-ਇਤਿਹਾਸ ਵਿਚ ਮੌਜੂਦ ਹਨ। ਪੰਜਾਬੀ ਦੇ ਪੂਰਾ-ਇਤਿਹਾਸ ਦੇ ਅਧਿਐਨ ਤੋਂ ਕਮਾਲ ਦੀ ਇਹ ਗੱਲ ਹਾਜ਼ਰ-ਜ਼ਹੂਰ ਹੁੰਦੀ ਹੈ ਕਿ ਪੰਜਾਬੀ ਆਪਣੀਆਂ ਪੂਰਾ-ਪੂਰਬਲੀਆਂ* ਪ੍ਰਾਚੀਨ ਤੇ ਮੱਧਕਾਲੀਨ ਭਾ.ਆ. ਭਾਸ਼ਾਵਾਂ ਦੇ ਪੂਰਵ-ਰੂਪਾਂ (proto-forms) ਅੰਦਰ ਬੀਜ-ਰੂਪ ਵਿਚ ਆਦਿ-ਹੋਂਦ ਧਾਰਨ ਕਰਦੀ ਹੋਈ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਪੰਜਾਬੀ ਦੇ ਬੀਜਾਣੂ ਤੇ ਜੀਵਾਣੂ ਵੈਦਿਕ ਭਾਸ਼ਾ, ਕਲੈਸੀਕਲ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ, ਸਾਹਿਤਕ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ੀ ਭਾਸ਼ਾਵਾਂ ਦੇ ਵਿਭਿੰਨ ਅੰਗਾਂ ਤੇ ਅੰਸ਼ਾਂ ਵਿਚ ਦ੍ਰਿਸ਼ਟਮਾਨ ਹੁੰਦੇ ਦਿਖਾਈ ਦਿੰਦੇ ਹਨ। ਕਿਉਂਕਿ ਇਨ੍ਹਾਂ ਪੂਰਾ-ਭਾਸ਼ਾਵਾਂ ਦੇ ਬਹੁਤ ਸਾਰੇ ਭਾਸ਼ਾਈ ਤੱਤਾਂ ਵਿਚ ਆਧੁਨਿਕ ਪੰਜਾਬੀ ਭਾਸ਼ਾ ਦੀਆਂ ਸਮਾਨਤਾਵਾਂ ਤੇ ਸਾਂਝਾਂ ਭਲੀ ਪ੍ਰਕਾਰ ਝਲਕਦੀਆਂ ਮਹਿਸੂਸ ਹੁੰਦੀਆਂ ਹਨ। ਇਨ੍ਹਾਂ ਸਾਂਝਾਂ ਤੇ ਸਮਰੂਪਤਾਵਾਂ ਦਾ ਪ੍ਰਮਾਣਿਕ ਵਰਣਨ ਤੇ ਵਿਸਤਾਰ ਅਸੀਂ ਅਗਲੇ ਅਧਿਆਵਾਂ ਵਿਚ ਤੁਲਨਾਤਮਕ ਤਾਲਿਕਾਵਾਂ ਦੇ ਪੇਸ਼ੇ-ਨਜ਼ਰ ਪੇਸ਼ ਕਰਨ ਜਾ ਰਹੇ ਹਾਂ। ਇਨ੍ਹਾਂ ਪੂਰਾ-ਭਾਸ਼ਾਵਾਂ ਦੇ ਹਮ-ਸ਼ਕਲ ਭਾਸ਼ਾਈ ਤੱਤਾਂ ਅਤੇ ਹੋਰ ਭਾਸ਼ਾਈ ਸਮਰੂਪਤਾਵਾਂ ਵਿਚ ਪੰਜਾਬੀ ਭਾਸ਼ਾ ਦੇ ਅਣੂ-ਪਰਮਾਣੂ ਯਕੀਨੀ ਤੌਰ ਤੇ ਸਮਾਏ ਹੋਏ ਨਜ਼ਰੀ ਪੈਂਦੇ ਹਨ। ਪੰਜਾਬੀ ਭਾਸ਼ਾ ਦੇ ਵੱਖ

*ਕਿਰਤਮ ਨਾਮ ਕਥੇ ਤੇਰੇ ਜਿਹਬਾ। ਸਤਿਨਾਮੁ ਤੇਰਾ ਪਰਾ-ਪੂਰਬਲਾ। (ਆਦਿ ਗ੍ਰੰਥ)

ਵੱਖ ਭਾਸ਼ਾਈ ਸੰਰਚਨਾਤਮਕ ਤੱਤਾਂ ਨਾਲ ਇਨ੍ਹਾਂ ਪੂਰਾ-ਭਾਸ਼ਾਵਾਂ ਦੀਆਂ ਸਾਂਝਾਂ ਤੇ ਸਮਾਨਤਾਵਾਂ ਦਾ ਸੰਖੇਪ ਪਰ ਸਾਰਾਂਸ਼ੀ ਜਿਕਰ ਅਸੀਂ ਏਥੇ ਇਕ ਪੂਰਵ-ਝਲਕ ਦੀ ਸ਼ਕਲ ਵਿਚ ਹਾਜ਼ਰ ਕਰਨ ਦੀ ਖ਼ੁਸ਼ੀ ਪ੍ਰਾਪਤ ਕਰਦੇ ਹਾਂ ਅਤੇ ਆਉਣ ਵਾਲੇ ਆਗਾਮੀ ਵਿਸਤ੍ਰਿਤ ਅਧਿਐਨ ਦੀ ਪੂਰਵ-ਭੂਮਿਕਾ ਤਿਆਰ ਕਰਨ ਦੇ ਮਕਸਦ ਨਾਲ ਕੁਝ ਕੁ ਜ਼ਰੂਰੀ ਵੰਨਗੀਆ, ਹਵਾਲੇ ਤੇ ਟਿੱਪਣੀਆਂ ਦਾ ਵੇਰਵਾ ਵੀ ਪੇਸ਼ ਕਰਦੇ ਹਾਂ।

ਪੰਜਾਬੀ ਅਤੇ ਪ੍ਰਾਚੀਨ ਆਰੀਆ ਭਾਸ਼ਾ

(ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ)

"ਪੰਜਾਬੀ ਭਾਸ਼ਾ ਉਸੇ ਹੀ ਭੂਮੀ ਦੀ ਭਾਸ਼ਾ ਹੈ ਜਿੱਥੇ ਰਿਸ਼ੀਆਂ ਦੁਆਰਾ ਉਚਾਰਨ ਕੀਤੇ ਗਏ ਪਵਿੱਤਰ ਵੇਦ-ਮੰਤਰ ਆਸਮਾਨਾਂ ਤੇ ਗੂੰਜਦੇ ਰਹੇ ਹਨ। ਵੇਦਾਂ ਵਾਲੀ ਭਾਸ਼ਾ ਹੀ ਪੰਜਾਬ ਦੇ ਵਸਨੀਕ ਜਨ-ਸਾਧਾਰਣ ਦੀ ਭਾਸ਼ਾ ਰਹਿ ਚੁਕੀ ਹੈ" [ਸ਼ਯਾਮਦੇਵ ਪਾਰਾਸ਼ਰ, 1993 : 22] (ਪੰਜਾਬੀ ਅਨੁਵਾਦ ਮੇਰਾ) ਇਸ ਲਈ ਇਹ ਕਹਿਣਾ ਹਰ ਤਰ੍ਹਾਂ ਢੁਕਵਾਂ ਹੈ ਕਿ ਪੰਜਾਬੀ ਜ਼ੁਬਾਨ ਵੈਦਿਕੀ ਤੇ ਲੌਕਿਕ ਸੰਸਕ੍ਰਿਤ ਦੀ ਅਜੋਕੀ ਵਾਰਸ ਹੈ। ਕਾਰਣ ਇਹ ਹੈ ਕਿ ਪੰਜਾਬੀ ਇਨ੍ਹਾਂ ਪ੍ਰਾਚੀਨ ਭਾਸ਼ਾਵਾਂ ਦੀ ਪ੍ਰਤਿਨਿਧਤਾ ਕਰਦੀ ਹੈ। ਇਉਂ ਪੰਜਾਬੀ ਇਨ੍ਹਾਂ ਭਾਸ਼ਾਵਾਂ ਦੀ ਉੱਤਰ-ਅਧਿਕਾਰੀ ਹੈ।

ਭੂਗੋਲਿਕ ਸੰਦਰਭਾਂ ਵਿਚ ਪੰਜਾਬੀ ਦੀ ਵੰਸ਼-ਪਰੰਪਰਾ ਪਿੱਛਲਖੁਰੀ ਕ੍ਰਮ ਵਿਚ ਵੈਦਿਕੀ/ਸੰਸਕ੍ਰਿਤ ਨਾਲ ਜਾ ਮਿਲਦੀ ਹੈ ਕਿਉਂਕਿ ਪੰਜਾਬੀ ਬੋਲਦਾ ਇਹ ਭੂਖੰਡ ਹੀ ਵੈਦਿਕ ਭਾਸ਼ਾ, ਵੈਦਿਕ ਸਭਿਅਤਾ ਤੇ ਵੈਦਿਕ ਸਭਿਆਚਾਰ (ਸੰਸਕ੍ਰਿਤੀ) ਦਾ ਜੱਦੀ ਘਰ ਸੀ। ਇਸ ਲਈ ਇਹ ਸਹਿਜ-ਸੁਭਾਵਿਕ ਹੈ ਕਿ ਪੰਜਾਬੀ ਭਾਸ਼ਾ ਦੀ ਰਚਨਾ ਤੇ ਸੰਰਚਨਾ ਵਿਚ ਵੈਦਿਕੀ ਤੇ ਸੰਸਕ੍ਰਿਤ ਦੇ ਭਾਸ਼ਾਈ ਤੱਤਾਂ ਦੀ ਗੂੜ੍ਹੀ ਸਾਂਝ-ਸਮਾਨਤਾ ਹਜ਼ਾਰਾਂ ਸਾਲਾਂ ਦੇ ਵਕਫ਼ੇ ਤੋਂ ਬਾਅਦ ਵੀ ਭਲੀਂ ਪ੍ਰਕਾਰ ਝਲਕਦੀ ਹੋਵੇ। ਪੰਜਾਬੀ ਅਤੇ ਵੈਦਿਕੀ/ਸੰਸਕ੍ਰਿਤ ਦੇ ਅਜਿਹੇ ਸਹਿ-ਸੰਬੰਧ ਇਨ੍ਹਾਂ ਦੇ ਬਣਤਰੀ ਭਾਸ਼ਕ ਪੈਟਰਨਾਂ ਅਤੇ ਵਿਉਂਤਾਂ ਵਿਚ ਨਿਰੰਤਰ ਉਪਲਬਧ ਹੁੰਦੇ ਹਨ। ਇਨ੍ਹਾਂ ਆਪਸੀ ਸਹਿ-ਸੰਬੰਧਾਂ ਦੀ ਪਛਾਣ ਸਥਾਪਿਤ ਕਰਨ ਲਈ ਤੁਲਨਾਤਮਕ ਭਾਸ਼ਾ-ਅਧਿਐਨ-ਮਾਡਲ ਦਾ ਆਸਰਾ ਲੈਣਾ ਪਵੇਗਾ। ਤੁਲਨਾਤਮਕ ਵਿਵੇਚਨ ਵਿਚ ਧੁਨੀ-ਉਚਾਰਣ-ਵਿਗਿਆਨ, ਧੁਨੀਮ-ਵਿਉਂਤ, ਸ਼ਬਦ-ਰਚਨਾ-ਪ੍ਰਕ੍ਰਿਆ, ਵਾਕ-ਯੋਜਨਾ, ਸ਼ਬਦ-ਕੋਸ਼ ਆਦਿ ਕੇਂਦਰੀ ਪੱਖਾਂ ਦਾ ਵਿਚਾਰ-ਮੰਥਨ ਕੀਤਾ ਜਾਂਦਾ ਹੈ।

ਧੁਨੀਗਤ ਸਮਾਨਤਾਵਾਂ

ਵੈਦਿਕ ਭਾਸ਼ਾ ਵਿਚ /ਯ, ਵ, ਸ਼/ ਧੁਨੀਆਂ ਦਾ ਇਕ ਵਿਲੱਖਣ ਉਚਾਰਣ ਹੁੰਦਾ ਸੀ ਜੋ ਹੁਣ ਵੀ ਪੰਜਾਬੀ ਉਚਾਰਣ ਵਿਚ ਸੁਰੱਖਿਅਤ ਹੈ ਪਰ ਕਲੈਸੀਕਲ ਸੰਸਕ੍ਰਿਤ ਵਿਚ ਗਾਇਬ ਹੈ [ਵਿਆਸ, 1957 : 113] ਵੈਦਿਕ ਸ਼ਬਦਾਂ ਦੀ ਆਦਿ-ਸਥਿਤੀ ਵਿਚ ਮੌਜੂਦ ਅਣ-ਸੰਯੁਕਤ ਯ ਦਾ ਉਚਾਰਣ 'ਜ' ਹੁੰਦਾ ਸੀ ਅਤੇ ਮਧ-ਸਥਿਤੀ ਵਿਚ /ਰਿ, ਰ, ਣ, ਹ/ ਧੁਨੀ-ਸੰਯੋਗ ਦੇ ਵਾਤਾਵਰਣ ਵਿਚ ਵੀ ਯ ਨੂੰ ਜ ਉਚਾਰਿਆ ਜਾਂਦਾ ਸੀ। ਇਹ ਉਚਾਰਣ-ਪ੍ਰਵਿਰਤੀ ਅੱਜ ਵੀ ਪੰਜਾਬੀ ਵਿਚ ਵੱਡੀ ਮਾਤਰਾ ਵਿਚ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ (ਯ → ਜ) ਉਚਾਰਣ ਪੰਜਾਬੀ ਦੀ ਸਥਾਈ ਵਿਲੱਖਣਤਾ ਹੈ ਜੋ ਵੈਦਿਕ ਉਚਾਰਣ ਦੀ ਹੀ ਪ੍ਰਤਿਨਿਧਤਾ ਕਰਦਾ ਹੈ।

ਇਸ ਤਰ੍ਹਾਂ ਵੈਦਿਕ ਮੂਰਧਨੀ ਊਸ਼ਮ ਧੁਨੀ /ਸ਼/ (ਸ਼) ਦਾ ਉਚਾਰਣ ਵੈਦਿਕ ਯੁਗ

ਵਿਚ /ਖ/ ਕੀਤਾ ਜਾਂਦਾ ਸੀ, ਜਿਵੇਂ ਪੁਰਸ਼ ਨੂੰ ਪੁਰੁਖ ਉਚਾਰਿਆ ਜਾਂਦਾ ਸੀ । ਇਹ ਵੈਦਿਕ ਉਚਾਰਣ (ਸ਼ → ਖ) ਪੰਜਾਬੀ ਵਿਚ ਬਰਾਬਰ ਕਾਇਮ ਹੈ, ਬਲਕਿ ਪੰਜਾਬੀ ਦੀ ਕੇਂਦਰੀ ਰੁਚੀ ਹੈ, ਜਿਵੇਂ : ਮਨੁਸ਼ਯ → ਮਨੁੱਖ, ਰਿਸ਼ਿ → ਰਿਖੀ, ਪੁਰੁਸ਼ → ਪੁਰਖ, ਆਦਿ ।

ਇਨ੍ਹਾਂ ਤੋਂ ਇਲਾਵਾ ਵੈਦਿਕੀ ਵਿਚ ਜਿਹੜੀਆਂ /ਲ਼, ਲ਼ਹ/ ਪਾਰਸਵਿਕ ਮੂਰਧਨੀ ਧੁਨੀਆਂ (flapped retroflex) ਦੀ ਵਰਤੋਂ ਹੁੰਦੀ ਸੀ ਉਹ ਪੰਜਾਬੀ ਵਿਚ ਅਰਥਵਾਨ ਧੁਨੀਮ (ਫੋਨੀਮ) ਵਜੋਂ ਉਚਾਰੀਆਂ ਜਾਂਦੀਆਂ ਹਨ । ਇਨ੍ਹਾਂ ਦੇ ਲਘੂਤਮ ਜੋੜੇ ਹਨ : ਗੋਲੀ/ਗੋਲ਼ੀ, ਬੋਲੀ/ਬੋਲ਼ੀ । ਵੈਦਿਕ ਭਾਸ਼ਾ ਵਿਚ ਕਈਆਂ ਸਥਿਤੀਆਂ ਅੰਦਰ ਸੁਰਭਕਤੀ (epenthesis) ਦੀ ਪ੍ਰਵਿਰਤੀ ਸੀ ਜਿਵੇਂ ਇੰਦ੍ਰ ਦਾ ਉਚਾਰਣ ਇੰਦਅਰ ਕਰਨਾ ਪੈਂਦਾ ਸੀ। ਪੰਜਾਬੀ ਵਿਚ ਮੱਧ-ਸੁਰਾਗਮ (ਸੁਰ ਭਕਤੀ) ਦੀ ਇਹ ਰੁਚੀ ਬਹੁਤ ਪ੍ਰਬਲ ਤੇ ਵਿਆਪਕ ਹੈ, ਜਿਵੇਂ : ਪੁਤ੍ਰ → ਪੁਤਰ, ਚੰਦ੍ਰ → ਚੰਦਰ । ਇਸੇ ਤਰ੍ਹਾਂ ਪੰਜਾਬੀ ਦੇ ਟੋਨ-ਸਿਸਟਮ ਦਾ ਮੂਲ-ਸਰੋਤ ਵੈਦਿਕ ਭਾਸ਼ਾ ਦਾ ਸੁਰਾਘਾਤ-ਸਿਸਟਮ ਹੀ ਹੈ ਜੋ ਕਿ ਅਰਥ-ਭੇਦਕ, ਨਿਖੇੜੂ ਤੇ ਨਿਊਨਤਮ ਫੋਨੀਮ ਵਜੋਂ ਕਾਰਜ ਕਰਦਾ ਹੈ । ਇਸ ਵਿਸ਼ੇ ਦਾ ਵਿਸਤ੍ਰਿਤ ਅਧਿਐਨ ਅਗਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾ ਰਿਹਾ ਹੈ ।

ਰੂਪਗਤ ਸਮਾਨਤਾਵਾਂ

ਰੂਪ-ਵਿਗਿਆਨਿਕ ਤੌਰ ਤੇ morphologically ਵੈਦਿਕੀ/ਸੰਸਕ੍ਰਿਤ ਅਤੇ ਪੰਜਾਬੀ ਵਿਚ ਮੂਲਭੂਤ ਰੂਪਾਤਮਕ ਸਮਾਨਤਾਵਾ ਥਾਂ ਥਾਂ ਮਿਲਦੀਆਂ ਹਨ । ਪੰਜਾਬੀ ਵਿਚ ਰਿਣ-ਆਗਤ (borrowing) ਸ਼ਬਦਾਵਲੀ ਨੂੰ ਛਾਣ-ਕੱਢ ਕੇ ਬਾਕੀ ਜਿਹੜੀ ਮੌਲਿਕ ਬੁਨਿਆਦੀ ਸ਼ਬਦਾਵਲੀ ਰਹਿ ਜਾਂਦੀ ਹੈ ਉਸ ਦਾ ਰਚਨਾਤਮਕ ਤੇ ਸੰਰਚਨਾਤਮਕ ਪੈਟਰਨ ਹੀ ਵੈਦਿਕੀ ਤੇ ਪੰਜਾਬੀ ਵਿਚ ਸਾਂਝਾ ਮਿਲਦਾ ਹੈ । ਵੈਦਿਕੀ/ਸੰਸਕ੍ਰਿਤ ਸ਼ਬਦਾਂ ਦੀ ਵਿਉਤਪੱਤੀ-ਮੂਲਕ ਆਤਰਿਕ ਸੰਰਚਨਾ (derivational internal struacture) ਵਿਚ ਤਿੰਨ ਰਚਨਾਂਗ ਕਾਰਜਸ਼ੀਲ ਰਹਿੰਦੇ ਹਨ :

(1) ਧਾਤੂ (root), (2) ਵਧੇਤਰ (affixation), (3) ਵਿਭਕਤੀ ਪਿਛੇਤਰ (inflecting suffixes) ਪੰਜਾਬੀ ਵਿਚ ਵੀ ਇਹੋ ਵਿਧਾਨ/ਪੈਟਰਨ ਹੈ। ਮਸਲਨ "ਵਿਜੋਗੀ" ਸ਼ਬਦ ਲਵੋ :

ਵਿ + ਜੋਗ + ਈ (ਵਿ = ਅਗੇਤਰ, + ਜੋਗ = ਯੁਜ "ਧਾਤੂ, + ਈ = ਪਿਛੇਤਰ)

ਪਰ ਵੈ/ਸੰਸਕ੍ਰਿਤ ਵਿਭਕਤੀ-ਮੁਖ ਭਾਸ਼ਾਵਾਂ ਹਨ ਜਿੱਥੇ ਕਿ ਪੰਜਾਬੀ ਵਿਚ ਵਿਭਕਤੀਆਂ ਦੀ ਥਾਂ ਪਰਸਰਗਾਂ (ਸੰਬੰਧਕਾਂ = *postposiations*) ਦਾ ਵਿਕਾਸ ਹੋ ਗਿਆ ਹੈ । ਫੇਰ ਵੀ ਪੰਜਾਬੀ ਸ਼ਬਦ-ਰਚਨਾਤਮਕ ਵਿਉਤ-ਵਿਧੀ ਵਿਚ ਸ਼ਬਦਾਂ ਦੀ ਰੂਪਾਵਲੀ (paradigm) ਵਿਚ ਸੰਸਕ੍ਰਿਤ ਵਿਭਕਤੀਆਂ ਦਾ ਅਵਸ਼ੇਸ਼ ਹੈ । ਜਿਵੇਂ ਘਰੋਂ (ਘਰ + ਓਂ), ਘਰੇ (ਘਰ + ਏ) ਅਪਾਦਾਨ ਤੇ ਅਧਿਕਰਣ ਨਾਂਵੀਂ ਵਿਭਕਤੀ ਦੇ ਅਵਸ਼ੇਸ਼ ਹਨ । ਇਸ ਤਰ੍ਹਾਂ ਪੰਜਾਬੀ ਵਿਚ ਸੰਸਕ੍ਰਿਤ ਦੀ ਤਰ੍ਹਾਂ ਅਗੇਤਰ, ਪਿਛੇਤਰ, ਧਾਤੂ, ਮੂਲਾਂਸ਼ਾਂ ਦੇ ਸੰਜੋਗੀਕਰਣ ਦਾ ਸ਼ਬਦਾਤਮਕ ਰਚਨਾ-ਪੈਟਰਨ ਉਪਲਬਧ ਹੁੰਦਾ ਹੈ ।

ਵੈਦਿਕੀ ਤੇ ਪੰਜਾਬੀ ਦੀ ਪਿਛੇਤਰਾਤਮਕ ਸਾਂਝ ਵੀ ਬੜੀ ਕਮਾਲ ਦੀ ਹੈ । ਵੈਦਿਕੀ ਦਾ "ਤ੍ਵਨ" ਪਿਛੇਤਰ ਸਿਰਫ ਪੰਜਾਬੀ ਵਿਚ ਹੀ ਸੁਰਜੀਤ ਰਿਹਾ ਹੈ, ਬਾਕੀ ਕਲੈਸੀਕਲ

ਸੰਸਕ੍ਰਿਤ, ਪ੍ਰਾਕ੍ਰਿਤਾਂ ਤੇ ਆਧੁਨਿਕ ਭਾਸ਼ਾਵਾਂ ਵਿਚ ਲੋਪ ਹੋ ਗਿਆ ਹੈ। ਮਿਸਾਲ ਵਜੋਂ "ਤ੍ਵਨ" ਤੋਂ ਰਚਿਤ ਵੈਦਿਕ ਸ਼ਬਦ ਕਵਿਤ੍ਵਨ (ਕਵੀਪਣਾ), ਪਤਿਤ੍ਵਨ (ਪਤੀ ਪੁਣਾ) ਦੇ ਪੈਟਰਨ ਤੇ ਪੰਜਾਬੀ ਵਿਚ ਨੀਲਤਣ, ਕੁੜੱਤਣ, ਚਲਤੱਣ ਆਦਿ ਹਨ। "ਤ੍ਵਨ" ਦਾ ਪੰਜਾਬੀ ਰੂਪ "ਤਨ" ਜਾਂ "ਤਣ" ਹੈ। ਇਸੇ ਤਰ੍ਹਾਂ ਸਮਾਸੀਕਰਣ, ਵਿਸ਼ੇਸ਼ਣ ਤੇ ਵਿਸ਼ੇਸ਼ ਦਾ ਮੇਲ, ਕ੍ਰਿਆਵੀ ਵਿਭਕਤੀਕਰਣ ਦੀ ਵਿਵਸਥਾ ਵਿਚ ਪੁਰਖ, ਵਚਨ, ਵਾਰ, ਮੂਡ, ਆਸਪੈਕਟ ਆਦਿ ਵਿਚ ਸਾਂਝ ਵੀ ਵੇਖਣਯੋਗ ਹੈ। ਸੰਸਕ੍ਰਿਤ ਦੀ ਸੰਜੋਗਾਤਮਕ ਵਿਵਸਥਾ ਦਾ ਪ੍ਰਤਿਬਿੰਬ ਖ਼ਾਸ ਕਰਕੇ ਪੱਛਮੀ ਪੰਜਾਬੀ ਵਿਚ ਪੂਰੀ ਤਰ੍ਹਾਂ ਝਲਕਦਾ ਹੈ।

ਪੰਜਾਬੀ ਤੇ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ

ਮੱਧਕਾਲ ਦੀਆਂ ਪਾਲੀ, ਅਸ਼ੋਕੀ ਪਾਲੀ, ਪ੍ਰਾਕ੍ਰਿਤ ਭਾਸ਼ਾਵਾਂ ਅਤੇ ਅਪਭ੍ਰੰਸ਼ ਭਾਸ਼ਾਵਾਂ ਨਾਲ ਪੰਜਾਬੀ ਭਾਸ਼ਾ ਦੀ ਤੁਲਨਾ ਕਰਨ ਤੋਂ ਇਹ ਤੱਥ ਉਜਾਗਰ ਹੁੰਦਾ ਹੈ ਕਿ ਦੋਹਾਂ ਵਿਚ ਸੰਘਣੀ ਸਾਂਝ ਹੈ। ਪੰਜਾਬੀ ਨੂੰ ਜੇਕਰ ਆਧੁਨਿਕ ਪ੍ਰਾਕ੍ਰਿਤ ਦਾ ਨਾਮ ਪ੍ਰਦਾਨ ਕੀਤਾ ਜਾਵੇ ਤਾਂ ਇਹ ਅਣ-ਉਚਿਤ ਨਹੀਂ ਹੋਵੇਗਾ। ਕਿਉਂਕਿ ਪੰਜਾਬੀ ਦੀ ਭਾਸ਼ਾਈ ਬਣਤਰ ਵਿਚ ਪਾਲੀ/ਪ੍ਰਾਕ੍ਰਿਤਾਂ ਦੀ ਭਾਸ਼ਕ ਸੰਰਚਨਾ ਦੇ ਬਹੁਤ ਸਾਰੇ ਰਚਨਾਤਮਕ ਅੰਗ ਤੇ ਅੰਸ਼ ਅਦਭੁਤ ਸਾਂਝ ਰਖਦੇ ਹਨ। ਪੰਜਾਬੀ ਅਤੇ ਪ੍ਰਾਕ੍ਰਿਤ ਭਾਸ਼ਾ ਦੀਆਂ ਨਿਕਟੀ ਸਾਂਝਾਂ ਦੀਆਂ ਕੁਝ ਮਿਸਾਲਾਂ ਹਾਜ਼ਰ ਹਨ :

	ਸੰਸਕ੍ਰਿਤ	*ਪਾਲੀ/ਪ੍ਰਾਕ੍ਰਿਤ*	*ਪੰਜਾਬੀ*	*ਹਿੰਦੀ*
(1)	ਦੂਤੀਕਰਣ (gemination) :			
	ਦੁਗ੍ਧ (दुग्ध)	ਦੱਦ੍ਧ	ਦੁੱਧ	ਦੂਧ
	ਸ਼ਬ੍ਦ (शब्द)	ਸਦ੍ਦ	ਸੱਦ	—
	ਲਬ੍ਧ (लब्ध)	ਲਦ੍ਧ	ਲੱਧ	—
	ਅਗ੍ਨਿ (अग्नि)	ਅਗ੍ਗਿ	ਅੱਗ	ਆਗ
(2)	ਐ, ਔ/ਦਾ/ਏ ਓ/ਵਿਚ ਰੂਪਾਂਤਰਣ			
	ਸੰਸਕ੍ਰਿਤ	ਪਾਲੀ/ਪ੍ਰਾਕ੍ਰਿਤ	ਪੰਜਾਬੀ	
	ਤੈਲ (तैल)	ਤੇਲ	ਤੇਲ	
	ਯੌਵਨ (यौवन)	ਜੋਬ੍ਬਣ	ਜੋਬਨ	
	ਚੈਤ੍ਰ (चैत्र)	ਚੇਤ	ਚੇਤ	
(3)	ਆਦਿ-ਸੁਰ ਵਾਲੇ ਸ਼ਬਦਾਂ ਨਾਲ/ਹ/ਦਾ ਆਗਮ (ਅਸ਼ੋਕੀ ਪਾਲੀ ਦੀ ਪੱਛਮੋਤਰੀ ਉਪਭਾਸ਼ਾ) :			
	ਸੰਸਕ੍ਰਿਤ	ਅਸ਼ੋਕੀ ਪਾਲੀ	ਪੰਜਾਬੀ (ਪੱਛਮੀ)	
	ਏਵੰ (एवं)	ਹੇਵੰ	ਇਉਂ/ਹਿੰਜ/ਇੰਜ	
	ਅਤ੍ਰ (अत्र)	ਹਿਤ੍ਰ	ਹਿੱਥੇ	
(4)	ਸੰਪ੍ਰਸਾਰਣ /ਯ, ਵ/ ਦਾ /ਇ, ਉ/ ਵਿਚ ਰੂਪਾਂਤਰਨ :			
	ਸ੍ਵਸਤਿ (स्वस्ति)	ਸੁਤ੍ਥਿ	ਸਵਸਤੀ/ ਸੁਅਸਤਿ	
(5)	ਸੁਰਾਂ ਦੇ ਅੰਤਰਵਰਤੀ ਵਿਅੰਜਨ ਦਾ ਲੋਪ			
	ਕੁਸੀਨਗਰ	ਕੁਸਿਨਿਅਰ	ਕੁਸੀਨਰ	

ਇਸ ਤੁਲਣਾ-ਸਾਰਣੀ ਤੋਂ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚਦੇ ਹਾਂ ਕਿ ਪੰਜਾਬੀ ਦੀਆ ਜੜ੍ਹਾਂ ਤਾਂ ਇਸ ਦੇ ਪੁਰਾ-ਇਤਿਹਾਸ ਵਿਚ ਮੌਜੂਦ ਹਨ। ਬੇਸ਼ਕ ਪੰਜਾਬੀ ਦਾ ਦਸਤਾਵੇਜ਼ੀ ਇਤਿਹਾਸ 900-1000 ਈ. ਤੋਂ ਸ਼ੁਰੂ ਹੁੰਦਾ ਹੈ ਪਰ ਪੰਜਾਬੀ ਦਾ ਹੋਂਦ-ਅਸਤਿਤਵ ਇਸ ਦੇ ਪੁਰਾ-ਇਤਿਹਾਸਿਕ ਭਾਸ਼ਕ ਤੱਤਾਂ ਵਿਚ ਮਿਲਦਾ ਹੈ ਜੋ ਪ੍ਰਾਚੀਨ ਤੇ ਮੱਧਕਾਲੀਨ ਆਰੀਆਂ ਭਾਸਾਵਾਂ ਦੇ ਸਾਂਝੇ ਅਣੂਆਂ-ਬੀਜਾਣੂਆਂ ਦੀ ਸ਼ਕਲ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਇਸ ਤਰ੍ਹਾਂ ਹੁਣੇ ਹੀ ਪੰਜਾਬੀ ਭਾਸ਼ਾ ਦੇ ਪੁਰਾ-ਇਤਿਹਾਸ ਅਤੇ ਪੂਰਵ-ਇਤਿਹਾਸ ਦੇ ਅੰਤਰਗਤ ਅਸੀਂ ਪੰਜਾਬੀ ਦੀ ਅਤਿ ਪ੍ਰਾਚੀਨ ਹੋਂਦ ਤੇ ਹਸਤੀ ਬਾਰੇ ਇਕ ਸੰਖੇਪ ਜਿਹੀ ਪੂਰਵ-ਝਲਕ ਵੇਖ ਸਕੇ ਹਾਂ। ਲੇਕਿਨ ਪੰਜਾਬੀ ਭਾਸ਼ਾ ਦੇ ਤਸਦੀਕ-ਸ਼ੁਦਾ ਜਨੈਟਿਕ ਸਰੋਤਾਂ ਦੀ ਪਛਾਣ ਦੇ ਸਥਾਪਨਾ ਕਰਨ ਦੇ ਉੱਦੇਸ਼ ਨਾਲ ਹੁਣ ਅਸੀਂ ਤੁਲਨਾਤਮਕ ਤੇ ਜਨੈਟਿਕ ਪਹੁੰਚ-ਵਿਧੀ ਦੇ ਮਾਡਲ ਦੁਆਰਾ ਹੋਰ ਦੀਰਘ ਚਰਚਾ ਕਰਨੀ ਹੈ ਜਿਸ ਵਿਚ ਪੰਜਾਬੀ ਦਾ (1) ਪ੍ਰਾਚੀਨ ਭਾਰਤੀ ਆਰੀਆ ਭਾਸ਼ਾ, (2) ਮੱਧ ਕਾਲੀਨ ਭਾ.ਆ. ਭਾਸ਼ਾ, ਅਤੇ (3) ਆਧੁਨਿਕ ਭਾ ਆ ਭਾਸ਼ਾ ਦੀਆ ਵਿਵਿਧ ਬੋਲੀਆ ਨਾਲ ਤੁਲਨਾਤਮਕ ਅਧਿਐਨ ਪੇਸ਼ ਕੀਤਾ ਜਾਣਾ ਹੈ ਤਾਂ ਜੋ ਪੰਜਾਬੀ ਅਤੇ ਬਾਕੀ ਭਾਰਤੀ ਆਰੀਆ ਭਾਸਾਵਾਂ ਦੀਆਂ ਆਪਸੀ ਸਾਂਝਾ ਤੇ ਸਮਾਨਤਾਵਾ ਦੇ ਨਮੂਨੇ ਢੁਕਵੇਂ ਦ੍ਰਿਸ਼ਟਾਂਤਾ ਤੇ ਉਦਾਹਰਣਾਂ ਸਹਿਤ ਧਿਆਨ-ਗੋਚਰੇ ਕੀਤੇ ਜਾ ਸਕਣ ਅਤੇ ਇਨ੍ਹਾਂ ਸਾਝਮੂਲਕ ਉਦਾਹਰਣਾ ਤੇ ਨਮੂਨਿਆ ਦੇ ਆਧਾਰ ਉੱਤੇ ਪੰਜਾਬੀ ਦੇ ਜਣਨਿਕ ਸਰੋਤਾਂ ਦੀ ਸਥਾਪਨਾ ਸਿੱਧ ਕੀਤੀ ਜਾ ਸਕੇ।

ਇਸ ਲਈ ਇਸ ਉੱਦੇਸ਼-ਬਿੰਦੂ ਦੀ ਸੇਧ ਵਿਚ ਹੁਣ ਅਸੀਂ ਸਭ ਤੋਂ ਪਹਿਲਾਂ ਪ੍ਰਾਚੀਨ ਭਾਰਤੀ ਆਰੀਆ ਦੇ ਯੁਗ ਦੀਆ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਨਾਲ ਪੰਜਾਬੀ ਦੇ ਨਿਕਟੀ ਸੰਬੰਧਾਂ ਦੀ ਚਰਚਾ ਕਰਾਂਗੇ ਅਤੇ ਇਸ ਤੋਂ ਪਿਛੋਂ ਤਰਤੀਬ ਨਾਲ ਇਸ ਤੋਂ ਅਗਲੀਆਂ ਮੱਧਕਾਲ ਦੀਆਂ ਆਰੀਆ ਭਾਸ਼ਾਵਾਂ ਪਾਲੀ, ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੀ ਮੁਢਲੀ ਜਾਣਕਾਰੀ ਦੇ ਕੇ ਉਨ੍ਹਾਂ ਨਾਲ ਪੰਜਾਬੀ ਦੇ ਜਣਨਿਕ ਰਿਸ਼ਤਿਆਂ ਦਾ ਵਰਣਨ ਪੇਸ਼ ਕੀਤਾ ਜਾਵੇਗਾ।


ਹੁਣ ਅਗਲੇ ਸਫ਼ਿਆ ਤੇ ਪ੍ਰਾਚੀਨ ਭਾ. ਆ. ਭਾਸ਼ਾ ਦੀ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਭਾਸ਼ਾ ਦਾ ਮੁਢਲਾ ਪਰਿਚੈ ਪੇਸ਼ ਕਰਕੇ ਇਨ੍ਹਾਂ ਨਾਲ ਪੰਜਾਬੀ ਦੇ ਜਣਨਿਕ ਸੰਬੰਧਾਂ ਨੂੰ ਚਰਚਿਤ ਕੀਤਾ ਜਾਂਦਾ ਹੈ।

ਅਧਿਆਏ 3 : 2

ਵੈਦਿਕ ਸੰਸਕ੍ਰਿਤ ਦੀਆਂ ਧੁਨੀਆਂ
(Phonology of Vedic Sanskrit)

ਵੈਦਿਕ ਸੰਸਕ੍ਰਿਤ ਦੀਆਂ ਸਾਰਥਕ ਧੁਨੀਆਂ, ਜਿਨ੍ਹਾਂ ਨੂੰ ਅਸਲ ਵਿਚ 'ਫੋਨੀਮ/ਧੁਨੀਮ (Phoneme) ਕਿਹਾ ਜਾਂਦਾ ਹੈ, ਕੁਲ 52 ਹਨ। ਵੈਦਿਕ ਧੁਨੀਆਂ ਨੂੰ ਪਹਿਲਾਂ ਖੰਡੀ ਅਤੇ ਅਖੰਡੀ ਧੁਨੀਆਂ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਖੰਡੀ ਧੁਨੀਆਂ ਦੇ ਅਗੋਂ ਦੋ ਹੋਰ ਉਪ-ਵਰਗ-ਸਵਰ ਤੇ ਵਿਅੰਜਨ-ਹਨ। ਵੈਦਿਕ ਸੰਸਕ੍ਰਿਤ ਧੁਨੀਆਂ ਦਾ ਸਿਧਾਂਤਕ ਰੇਖਾ-ਚਿਤਰ ਹੇਠਾਂ ਅੰਕਿਤ ਹੈ।

ਵੈਦਿਕ ਸੰਸਕ੍ਰਿਤ ਧੁਨੀਆ ਦੀ ਸ਼ਰੇਣੀ-ਵੰਡ ਦਾ ਰੇਖਾ-ਚਿੱਤਰ



Macdonell [1916 : 2] ਦੇ ਅਨੁਸਾਰ ਵੈਦਿਕ ਸੰਸਕ੍ਰਿਤ ਦੀਆਂ 52 ਧੁਨੀਆਂ ਵਿਚ ਤੇਰ੍ਹਾਂ (13) ਸਵਰ ਧੁਨੀਆਂ ਅਤੇ ਉਨਤਾਲੀ (39) ਵਿਅੰਜਨ ਧੁਨੀਆਂ ਉਪਲਬਧ ਹਨ। ਸੰਸਕ੍ਰਿਤ ਖੰਡੀ ਧੁਨੀਆਂ ਦਾ ਵਿਵਰਣ ਹੇਠ ਲਿਖੀ ਤਾਲਿਕਾ ਵਿਚ ਦਰਜ ਕੀਤਾ ਜਾਂਦਾ ਹੈ :

ਤਾਲਿਕਾ-ੳ

*ਸੰਸਕ੍ਰਿਤ ਖੰਡੀ ਧੁਨੀਆਂ : ਸਵਰ (Segmental Vocalic Phonemes)**

(Monophthong) ਸ਼ੁੱਧ ਸਵਰ /ਅ, ਆ,ਇ, ਈ, ਉ, ਊ ਰਿ ਰੀ ਲ੍ਰਿ (ऋ,ॠ,ऌ)

(Diphthong) ਸੰਧੀ ਸਵਰ /ਏ, ਓ, ਐ, ਔ/

---

* वैदिक संस्कृत के खण्डात्मक स्वनिम: स्वर

शुद्धस्वर: /अ, आ, इ, ई, उ, ऊ,ऋ,ॠ,ऌ/

सन्धिस्वर: /ए, ओ, ऐ, औ/

ਤਾਲਿਕਾ-2

*ਸੰਸਕ੍ਰਿਤ ਖੰਡੀ ਧੁਨੀਆ ਵਿਅੰਜਨ (Segmental non-Vocalic Phonemes)**

ਕੰਠੀ	(Velars)	:	/ਕ, ਖ, ਗ, ਘ, ਙ/
ਤਾਲਵੀ	(Palatals)	:	/ਚ, ਛ, ਜ, ਝ, ਞ/
ਮੂਰਧਨੀ	(Retroflex)	:	/ਟ, ਠ, ਡ, ਢ, ਣ/
ਦੰਤੀ	(dentals)	:	/ਤ, ਥ, ਦ, ਧ, ਨ/
ਦੁ-ਹੋਠੀ	(bi-labials)	:	/ਪ, ਫ, ਬ, ਭ, ਮ/
ਅੰਤਸਥ	(Semi-vowels)	:	/ਯ, ਰ, ਲ, ਵ/
ਊਸ਼ਮ	(Sibilants)	:	/ਸ, ਸ਼, (ਸ਼)/
ਸੁਰਤੰਤਰੀ	(glottal)	:	/ਹ/

ਤਾਲਿਕਾ-3

*ਵੈਦਿਕ ਅਖੰਡੀ ਧੁਨੀਆਂ (Vedic Supra-segmental Phonemes)***

1. (Accent)	ਸਵਰਾਘਾਤ	ਉਦਾੱਤ	(acute)
		ਅਨੁਦਾੱਤ	(unaccented)
		ਸਵਰਿਤ	(circumflex)
2. (Voiceless spirants)	ਅਘੋਸ਼ ਸੰਘਰਸ਼ੀ	ਵਿਸਰਗ	(:)
		ਜਿਹਵਾਮੂਲੀਯ	
		ਉਪਧਮਾਨੀਯ	
3. (Nasality)	ਅਨੁਸਵਾਰ	/–ੱ/ .	(ਵੰਸ਼)

---

* वैदिक खण्डात्मक स्वनिमः व्यंजन
कण्ठ्यः /क्, ख्, ग्, घ्, ङ्/
तालव्यः /च्, छ्, ज्, झ्, ञ्/
मूर्धन्य (प्रतिवेष्टित) : /ट्, ठ्, ड्, ढ्, ण्
दन्त्यः /त्, थ्, द्, ध्, न्/
द्वयोष्ठ्यः /प्, फ्, ब्, भ्, म्/
अन्तःस्थः /य्, र्, ल्, व्/
ऊष्मः /स्, श्, ष्/
श्वासद्वारीयः /ह्/

** वैदिक अखिखण्डात्मक स्वनिम

- स्वराघात — उदात्त, अनुदात्त, स्वरित
- अघोष संघर्षी — विसर्ग, जिह्वामूलीय, उपध्मानीय
- अनुस्वार — /ं/

ਵੈਦਿਕ ਸੰਸਕ੍ਰਿਤ ਧੁਨੀਆ ਦੀ ਫੋਨੈਮਿਕ ਧੁਨੀ-ਸਮੂਹ (phonemic inventory) ਦੇ ਤਾਲਿਕਾ-ਬੱਧ ਰੇਖਾਂਕਣ ਕਰਨ ਤੋਂ ਮਗਰੋਂ ਹੁਣ ਇਨ੍ਹਾਂ ਧੁਨੀਆਂ ਦੇ ਵਿਭਿੰਨ ਵਰਗਾਂ ਦਾ ਵਰਣਨ ਪੇਸ਼ ਕੀਤਾ ਜਾਂਦਾ ਹੈ । ਸਭ ਤੋਂ ਪਹਿਲਾਂ ਵੈਦਿਕ ਸਵਰ-ਧੁਨੀਆਂ ਦਾ ਸ਼ਰੇਣੀਕਰਣ, ਧੁਨੀਆਤਮਕ ਵਰਣਨ, ਵਿਰੋਧਾਤਮਕ ਸਥਿਤੀਆਂ, ਸਵਰਾਤਮਕ ਤਰਕੀਬਾਂ ਆਦਿ ਵਿਸ਼ੇਸ਼ਤਾਵਾਂ ਦਾ ਵਰਣਨ ਪੇਸ਼ ਕੀਤਾ ਜਾਂਦਾ ਹੈ ।

ਵੈਦਿਕ ਧੁਨੀਆਂ ਦਾ ਸ਼ਰੇਣੀਕਰਣ

(Classification of Vedic Vowels)

Macdonell [1916 : 2] ਨੇ ਹੇਠ ਲਿਖੇ ਨੌਂ ਸਵਰਾਂ ਨੂੰ ਸ਼ੁੱਧ ਸਵਰ ਕਿਹਾ ਹੈ :

/ਅ, ਆ, ਇ, ਈ, ਉ, ਊ, ਰਿ, ਰੀ, ਲ੍ਰਿ/

ਅਤੇ ਹੇਠ ਲਿਖੇ ਚਾਰ ਸਵਰਾਂ ਨੂੰ ਸੰਧੀ ਸਵਰ ਕਿਹਾ ਹੈ

/ਏ, ਓ, ਐ, ਔ/

ਪਰੰਤੂ ਵੈਦਿਕ ਪ੍ਰਾਤਿਸ਼ਾਖਯ-ਗ੍ਰੰਥਾਂ* ਦੇ ਅਨੁਸਾਰ ਪਹਿਲੇ ਨੌਂ ਸਵਰ "ਸਮਾਨਾਕਸ਼ਰ" ਹਨ ਅਤੇ ਪਿਛਲੇ ਚਾਰ ਸਵਰ "ਸੰਧੀ ਅਕਸ਼ਰ" ਹਨ । ਆਧੁਨਿਕ ਭਾਸ਼ਾ-ਵਿਗਿਆਨੀ ਡਾ. ਭੋਲਾ ਸ਼ੰਕਰ ਵਯਾਸ [1957] ਨੇ ਵੈਦਿਕ ਸਵਰਾਂ ਵਿਚੋਂ /਋, ॠ, ਲ੍ਰਿ/ ਇਨ੍ਹਾਂ ਤਿੰਨਾਂ ਨੂੰ ਬਾਹਰ ਰੱਖ ਕੇ ਬਾਕੀ /ਅ, ਆ, ਇ, ਈ, ਉ, ਊ ਏ, ਐ/ ਸਵਰ-ਧੁਨੀਆਂ ਨੂੰ "ਏਕਿਕ" (ਇਕਹਿਰੀਆਂ) ਕਿਹਾ ਹੈ ਅਤੇ /ਐ, ਔ/ ਨੂੰ "ਧੁਨੀ ਯੁਗਮ" (ਧੁਨੀ-ਜੋੜੇ) ਦਸਿਆ ਹੈ । ਲੇਕਿਨ ਵੈਦਿਕ ਪ੍ਰਾਤਿਸ਼ਾਖਯ ਗ੍ਰੰਥਾਂ ਅਤੇ ਮੈਕਡਾਨਲ ਵਲੋਂ ਸਵਰਾਂ ਦਾ ਜੋ ਸ਼ਰੇਣੀਕਰਣ ਉਲੀਕਿਆ ਗਿਆ ਹੈ ਉਹ ਵਧੇਰੇ ਸਵੀਕ੍ਰਿਤ ਹੈ । ਪਹਿਲੇ ਨੌਂ ਸਵਰ monophthong ਹਨ ਅਰਥਾਤ ਇਕਹਿਰੇ ਇਕ-ਪਰਤੀ, ਸਵਰ ਫੋਨੀਮ ਇਕਾਈਆਂ ਹਨ ਅਤੇ ਪਿਛਲੇ ਚਾਰ ਸਵਰ diphthong** ਹਨ ਅਰਥਾਤ ਜੁੜਵੇਂ ਸੰਧੀ-ਯੁਕਤ, ਸੰਯੁਕਤ ਸਵਰ ਫੋਨੀਮ ਇਕਾਈਆਂ ਹਨ । ਇਸ ਅਨੁਸਾਰ /ਏ, ਓ/ ਤਰਤੀਬਵਾਰ ਅ + ਇ ਅਤੇ ਅ + ਉ ਦੀ ਗੁਣ ਸੰਧੀ ਦੇ ਨਤੀਜੇ ਹਨ, ਅਤੇ /ਐ, ਔ/ ਤਰਤੀਬਵਾਰ ਆ + ਇ ਅਤੇ ਆ + ਉ ਦੀ ਵ੍ਰਿਧੀ-ਸੰਧੀ ਦੇ ਫਲ ਹਨ ।

ਸਵਰਾਂ ਦੇ ਸ਼ਰੇਣੀਕਰਣ ਲਈ ਤਿੰਨ ਤਰ੍ਹਾਂ ਦੇ ਉਚਾਰ-ਮੂਲਕ ਪੈਰਾਮੀਟਰ ਉਪਲਬਧ ਹਨ । ਜੀਭ ਤੇ ਹੋਠਾਂ ਦੀਆਂ ਵੱਖ ਵੱਖ ਸਥਿਤੀਆਂ ਦੇ ਅਨੁਸਾਰ ਸਵਰਾਂ ਦੇ ਵੱਖ ਵੱਖ ਰੂਪ ਉਚਰਿਤ ਹੁੰਦੇ ਹਨ । ਜੀਭ ਨੂੰ ਉਤਾਹ ਚੁਕਿਆ ਜਾ ਸਕਦਾ ਹੈ, ਹੇਠਾਂ ਕੀਤਾ ਜਾ ਸਕਦਾ ਹੈ, ਅੱਗੇ ਵਧਾਇਆ ਜਾ ਸਕਦਾ ਹੈ ਅਤੇ ਪਿੱਛੇ ਵੀ ਹਟਾਇਆ ਜਾ ਸਕਦਾ ਹੈ । ਏਸੇ ਤਰ੍ਹਾਂ ਹੋਠਾਂ ਨੂੰ ਗੁਲਾਈਦਾਰ ਬਣਾਇਆ ਜਾ ਸਕਦਾ ਹੈ, ਪਿੱਛੇ ਹਟਾਇਆ ਜਾ ਸਕਦਾ ਹੈ ਜਾਂ ਫਿਰ ਆਮ ਨਾਰਮਲ ਹਾਲਤ ਵਿਚ ਰਖਿਆ ਜਾ ਸਕਦਾ ਹੈ ।

---

* ਵੇਦਾਂ ਦੀ ਹਰ ਸ਼ਾਖਾ ਨਾਲ ਸੰਬੰਧਿਤ ਪ੍ਰਾਚੀਨ ਗ੍ਰੰਥ "ਪ੍ਰਾਤਿਸ਼ਾਖਯ" ਕਹੇ ਜਾਂਦੇ ਹਨ । ਇਨ੍ਹਾਂ ਗ੍ਰੰਥਾਂ ਵਿਚ ਵੇਦਾਂ ਦੀ ਕਿਸੇ ਸ਼ਾਖਾ ਦੇ ਸਵਰ, ਪਦ, ਸੰਹਿਤਾ-ਪਾਠ,ਵਰਣ, ਉਚਾਰਣ, ਆਦਿ ਦਾ ਨਿਰਣਯ ਕੀਤਾ ਗਿਆ ਹੈ । ਵੇਦਾਂ ਦੀ ਹਰ ਸ਼ਾਖਾ ਦੀ ਸੰਹਿਤਾ ਬਾਰੇ ਇਕ ਇਕ "ਪ੍ਰਾਤਿਸ਼ਾਖਯ" ਗ੍ਰੰਥ ਰਚੇ ਗਏ ਹਨ । (ਪ੍ਰਤੀ ਸ਼ਾਖਾ ਵਿਚ ਹੋਣ ਵਾਲਾ ਪ੍ਰਾਤਿਸ਼ਾਖਯ, ਇਹ ਇਸ ਦੀ ਸ਼ਬਦ-ਬਣਤਰ ਹੈ) ।

** "A diphthong is a sequence of two vowels in the same syllable" [Thomas Pyles, 1993 : 33]

ਜੀਭ ਦੀਆ ਵਿਭਿੰਨ ਸਥਿਤੀਆਂ ਦੇ ਅਨੁਸਾਰ ਅਸੀਂ ਸਵਰ ਧੁਨੀਆ ਨੂੰ ਮੂਹਰਲੇ ਪਿਛਲੇ ਅਤੇ ਕੇਂਦਰੀ, ਇਨ੍ਹਾਂ ਤਿੰਨਾਂ ਸ਼੍ਰੇਣੀਆਂ ਵਿਚ ਵਰਗਬੱਧ ਕਰ ਸਕਦੇ ਹਾਂ। ਏਸੇ ਤਰ੍ਹਾਂ ਜੀਭ ਦੀ ਉਚਾਈ ਦੇ ਮੁਤਾਬਕ ਸਵਰਾਂ ਦੇ ਉੱਚੇ, ਮੱਧ, ਨੀਵੇਂ ਇਹ ਤਿੰਨ ਵਰਗ ਅੰਕਿਤ ਕੀਤੇ ਜਾ ਸਕਦੇ ਹਨ। ਇਨ੍ਹਾ ਤਿੰਨ੍ਹਾਂ ਸਵਰਾਂ ਨੂੰ ਛੱਡ ਕੇ ਬਾਕੀ ਸਵਰਾਂ ਨੂੰ ਹੇਠ ਲਿਖੇ ਮਾਨ-ਚਿੱਤਰ ਵਿਚ ਅੰਕਿਤ ਕੀਤਾ ਜਾਂਦਾ ਹੈ।

ਵੈਦਿਕ ਸਵਰਾ ਦਾ ਮਾਨ-ਚਿੱਤਰ

	ਮੂਹਰਲੇ	*ਕੇਂਦਰੀ*	*ਮਗਰਲੇ*
ਉੱਚੇ	ਇ ਈ		ਉ ਊ
ਮੱਧ	ਏ	ਅ	ਓ
ਨੀਵੇਂ	ਐ	ਆ	ਔ

ਹੋਠਾਂ ਦੀ ਸਥਿਤੀ ਦੇ ਮੁਤਾਬਕ ਵੀ ਵੈਦਿਕ ਸਵਰਾਂ ਨੂੰ ਗੋਲਾਈ-ਸਹਿਤ ਅਤੇ ਗੁਲਾਈ-ਰਹਿਤ ਦੋ ਸ਼੍ਰੇਣੀਆਂ ਵਿਚ ਵਰਗਬੱਧ ਕੀਤਾ ਜਾ ਸਕਦਾ ਹੈ :

ਗੋਲਾਈਦਾਰ : ਉ ਊ ਓ ਔ

ਗੋਲਾਈ ਰਹਿਤ : ਇ ਈ ਏ ਐ ਅ ਆ

ਲੌਕਿਕ ਸੰਸਕ੍ਰਿਤ ਦੇ ਵਿਸ਼ਵ-ਪ੍ਰਸਿੱਧ ਵਿਆਕਰਣਕਾਰ "ਪਾਣਿਨੀ" ਦੇ ਅਨੁਸਾਰ ਮਾਤਰਾ (vowel length) ਦੇ ਲਿਹਾਜ਼ ਨਾਲ ਵੀ ਸੰਸਕ੍ਰਿਤ ਸਵਰ-ਫੋਨੀਮਾਂ ਨੂੰ ਹ੍ਰਸਵ, ਦੀਰਘ ਅਤੇ ਪਲੁਤ ਇਨ੍ਹਾਂ ਤਿੰਨਾਂ ਸ਼੍ਰੇਣੀਆਂ ਵਿਚ ਲੜੀਬੱਧ ਕੀਤਾ ਜਾ ਸਕਦਾ ਹੈ, ਜਿਵੇਂ

ਹ੍ਰਸਵ :	ਅ ਇ ਉ ऋ ऌ
ਦੀਰਘ	ਆ ਈ ਊ ਏ ਐ ਓ ਔ ॠ
ਪਲੁਤ	ਸਵਰ ਨਾਲ ਤਿੰਨ ਦਾ ਅੰਕ 3 ਲਾਕੇ ਪਲੁਤ ਨੂੰ ਚਿਹਨਿਤ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ

1. point of articulation
2. manner of articulation
3. articulators

ਆਦਿ ਦੇ ਪੱਖਾਂ ਤੋਂ ਵੀ ਵੈਦਿਕ ਸਵਰ ਫੋਨੀਮਾਂ ਨੂੰ ਵੰਡਿਆ ਜਾ ਸਕਦਾ ਹੈ।

ਵੈਦਿਕ ਸਵਰ ਧੁਨੀਆਂ ਦੀਆਂ ਵਿਰੋਧੀ ਸਥਿਤੀਆਂ

(contrasts of Vedic vowel phonemes)

ਵੈਦਿਕ ਸਵਰ ਧੁਨੀਆ ਦੀ ਜੋ ਤਾਲਿਕਾ ਉਪਰ ਅੰਕਿਤ ਕੀਤੀ ਗਈ ਹੈ ਉਸ ਦੇ ਧੁਨੀਆਤਮਕ ਤੇ ਫੋਨੇਮਿਕ ਵਿਸ਼ਲੇਸ਼ਣ ਤੋਂ ਇਹ ਤੱਥ ਉਪਲਬਧ ਹੁੰਦਾ ਹੈ ਕਿ ਇਹ ਸਾਰੇ 13 ਸਵਰ ਫੋਨੀਮ ਸਾਰਥਕ, ਨਿਖੇੜੂ, ਤੇ ਨਿਊਨਤਮ ਪ੍ਰਕਾਰਜੀ ਇਕਾਈਆਂ ਹਨ ਜੋ ਇਕ-ਦੂਜੇ ਦੇ ਵਿਰੋਧ ਵਿਚ ਸਥਿਤ ਰਹਿੰਦੀਆਂ ਹਨ। ਕਿਉਂ ਕਿ ਜਦੋਂ ਇਨ੍ਹਾਂ ਨੂੰ ਲਘੂਤਮ ਜੋੜੇ ਦੀ ਟੈਸਟ (minimal pairs) ਦੇ ਮੁਤਾਬਕ ਵਿਸ਼ਲੇਸ਼ਤ ਕੀਤਾ ਜਾਂਦਾ ਹੈ ਤਾਂ ਇਹ ਅਰਥ-ਭੇਦਕ ਸ਼ਕਤੀ ਦੇ ਵਾਹਕ ਹੋ ਨਿਬੜਦੇ ਹਨ ਅਤੇ ਵਿਰੋਧੀ ਵੰਡ (contrastive

distribution) ਵਿਚ ਵਾਪਰਦੇ ਹਨ । ਇਹ ਸਵਰ ਕਿਸੇ ਪ੍ਰਵਚਨ, ਉਕਤੀ, ਵਾਕ ਜਾਂ ਸ਼ਬਦ ਦੇ ਖੰਡੀਕਰਣ ਤੋਂ ਉਪਰੰਤ ਨਿਊਨਤਮ ਇਕਾਈਆਂ ਵਜੋਂ ਸਥਾਪਿਤ ਹੁੰਦੇ ਹਨ । ਇਸ ਲਈ ਵੈਦਿਕ ਸਵਰ ਫੋਨੀਮ ਸੰਸਕ੍ਰਿਤ ਭਾਸ਼ਾ ਦੀਆ ਬੁਨਿਆਦੀ ਲਘੂਤਮ ਕਾਰਜੀ ਇਕਾਈਆ (functional units) ਪ੍ਰਵਾਹਿਤ ਹੁੰਦੀਆਂ ਹਨ ।

ਵੈਦਿਕ ਸਵਰ ਧੁਨੀਆਂ ਦਾ ਧੁਨੀਆਤਮਕ ਵਰਣਨ

(Phonetic description of Vedic vowel phonemes)

ਵੈਦਿਕ ਸਵਰਾਂ ਦੇ ਉਚਾਰਣ ਸੰਬੰਧੀ ਤੱਥਾਂ ਦੀ ਉਪਲਬਧੀ (phonetic realisation) ਲਿਖਤੀ ਸਾਹਿੱਤ ਤੋਂ ਹੀ ਸੰਭਵ ਹੈ । ਭਾਵੇਂ ਲੌਕਿਕ ਕਲਾਸੀਕਲ ਸੰਸਕ੍ਰਿਤ ਦੇ ਉਚਾਰਣ-ਗਤ ਤੱਥ ਮੌਲਿਕ ਪ੍ਰਵਚਨਾਂ ਜਾਂ ਉਕਤੀਆਂ ਤੋਂ ਮਿਲ ਸਕਦੇ ਹਨ, ਪਰੰਤੂ ਵੈਦਿਕ ਸੰਸਕ੍ਰਿਤ ਦੇ ਸਵਰਾ ਦਾ ਧੁਨੀਆਤਮਕ ਵਰਣਨ ਪ੍ਰਾਚੀਨ ਕਾਲ ਤੋਂ ਪ੍ਰਾਪਤ ਸਾਹਿੱਤ ਦੇ ਆਧਾਰ ਤੇ ਹੀ ਨਿਰਭਰ ਕਰਦਾ ਹੈ । ਇਸ ਸੰਦਰਭ ਵਿਚ ਵੈਦਿਕ ਯੁਗ ਦੀਆਂ ਵੇਦ-ਸੰਹਿਤਾਵਾਂ, ਛੇ ਅੰਗ, (ਸ਼ਿਕਸ਼ਾ, ਵਿਆਕਰਣ, ਨਿਰੁਕਤ, ਕਲਪ, ਜਯੋਤਿਸ਼, ਛੰਦ,), ਵੈਦਿਕ ਪ੍ਰਾਤਿਸਾਖਯ ਗ੍ਰੰਥ, ਆਰਣਯਕ, ਉਪਨਿਸ਼ਦ, ਅਤੇ ਬਾਅਦ ਵਿਚ ਪਾਣਿਨੀ ਦੀ ਅਸ਼ਟਾਧਿਆਈ ਆਦਿ ਕਈ ਵੈਦਿਕ ਭਾਸ਼ਾਗਤ ਮੂਲ-ਪਾਠ (ਟੈਕਸਟ) ਹਨ ਜਿਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ । ਇਨ੍ਹਾਂ ਟੈਕਸਟ ਤੋਂ ਵੈਦਿਕ ਸੰਸਕ੍ਰਿਤ ਭਾਸ਼ਾ attested ਕੀਤੀ ਜਾਂਦੀ ਹੈ । ਸੋ ਇਨ੍ਹਾਂ ਟੈਕਸਟ ਦੇ ਆਧਾਰ ਤੇ ਹੀ ਵੈਦਿਕ ਸਵਰਾਂ ਦੀਆਂ ਜਿਹੜੀਆਂ ਫੋਨੈਟਿਕ ਵਿਲੱਖਣਤਾਵਾਂ ਦ੍ਰਿਸ਼ਟੀਗੋਚਰ ਹੁੰਦੀਆ ਹਨ ਹੁਣ ਉਨ੍ਹਾਂ ਦਾ ਵਰਣਨ ਤੇ ਵਿਸ਼ਲੇਸ਼ਣ ਪੇਸ਼ ਕੀਤਾ ਜਾਂਦਾ ਹੈ ।

ਵੈਦਿਕ ਭਾਸ਼ਾ ਦੀਆ ਸਵਰ ਧੁਨੀਆਂ ਦੇ ਉਚਾਰਣ ਵਿਚ ਕੁਝ ਉਲੇਖਣੀ ਵਿਸ਼ੇਸ਼ਤਾਵਾਂ ਉਪਲਬਧ ਹੁੰਦੀਆਂ ਹਨ । ਸ਼ੁਧ ਸਵਰਾਂ ਵਿਚੋਂ /ਰਿ, ਰੀ, ਲ੍ਰਿ/ (ऋ, ॠ, ऌ) ਜਿਹੇ ਵੈਦਿਕ ਸਵਰ ਹਨ ਜਿਹੜੇ ਧੁਨੀਆਤਮਕ ਤੌਰ ਤੇ ਖ਼ਾਸ ਕਰਕੇ ਵਿਲੱਖਣ ਤੇ ਵਿਸ਼ਿਸ਼ਟ ਹਨ । /ऋ/ ਦਾ ਉਚਾਰਨ ਅਜ ਕਲ "ਰਿ/ਰੀ" ਵਾਂਗ ਹੀ ਕੀਤਾ ਜਾਂਦਾ ਹੈ ਜਿਵੇਂ ऋतु ਨੂੰ ਹੀ ਰਿਤੂ/ਰਿਤੁ ਉਚਾਰਿਆ ਜਾਂਦਾ ਹੈ । ਪਰ ਵੈਦਿਕ ਯੁਗ ਵਿਚ "ऋ" ਦਾ ਉਚਾਰਣ "ਰਿ" ਜਿਹਾ ਨਹੀਂ ਸੀ, ਵੱਖਰਾ ਸੀ, ਜੋ ਸਾਨੂੰ ਕਾਲਾਂਤਰ ਵਿਚ ਭੁੱਲ ਗਿਆ ਹੈ । ਮੈਕਡਾਨਲ ਨੇ ਲਿਖਿਆ ਹੈ ਕਿ "ਰਿ" ਨੂੰ ਹੁਣ ਅਕਸਰ "ਰਿ" ਹੀ ਉਚਾਰਿਆ ਜਾਂਦਾ ਹੈ (ਪ੍ਰਾਚੀਨ ਸਿਲਾਲੇਖਾਂ ਤੇ ਹਥਲਿਖਤਾਂ, ਪਾਂਡੂਲਿਪੀਆਂ ਵਿਚ ਦੋਹਾਂ ਦਾ ਭੁਲੇਖਾ ਅੰਕਿਤ ਹੋਇਆ ਮਿਲਦਾ ਹੈ) ਪਰ ਵੈਦਿਕ ਸੰਹਿਤਾਵਾਂ ਵਿਚ ਇਸ ਦਾ ਉੱਚਾਰਣ vocalic R (ਸਵਰ ਵਾਂਗ) ਦੀ ਤਰ੍ਹਾਂ ਕੀਤਾ ਜਾਂਦਾ ਸੀ ਜਿਵੇਂ ਕਿ ਫ੍ਰੈਂਚ chambre ਦੇ ਅੰਤਿਮ ਉਚਾਰਖੰਡ (syllable) ਦਾ ਉੱਚਾਰਣ ਹੈ ।

ਡਾ. ਭੋਲਾਸ਼ੰਕਰ ਵਯਾਸ ਦੇ ਅਨੁਸਾਰ ਸੰਸਕ੍ਰਿਤ ਦੇ /ऋ, ॠ, ऌ/ ਸ਼ੁੱਧ ਸਵਰ ਨਾ ਹੋ ਕੇ /ਰ, ਲ/ ਵਿਅੰਜਨਾਂ ਦੇ ਸਵਰੀਕ੍ਰਿਤ (ਵਿਅੰਜਨਾਂ ਨੂੰ ਸਵਰਾਂ ਵਿਚ ਬਦਲਣ ਦੀ ਰੀਤ) ਰੂਪ ਹਨ । "ऌ" ਦੀ ਵਰਤੋਂ ਕੇਵਲ "ਕਲ੍ਰਿਪ" (क्लृप्) ਧਾਤੂ ਵਿਚ ਪਾਈ ਜਾਂਦੀ ਹੈ । ਦੀਰਘ /ॠ/ ਸਵਰ ਵੀ ਸੰਸਕ੍ਰਿਤ ਦੇ ਰੀ-ਅੰਤਕ (ॠ-अन्त) ਸ਼ਬਦਾ ਦੀ ਦੂਜੀ ਤੇ ਛੇਵੀਂ ਵਿਭਕਤੀ ਦੇ ਬਹੁਵਚਨਾ ਵਿਚ ਹੀ ਮਿਲਦਾ ਹੈ, ਹੋਰ ਕਿਤੇ ਨਹੀਂ, ਜਿਵੇਂ

ਪਿਤ੍ਰੀਨ੍, ਪਿਤ੍ਰੀਣਾਮ੍, ਸ਼੍ਰੋਤ੍ਰੀਨ੍, ਸ਼੍ਰੋਤ੍ਰੀਣਾਮ੍

(पितॄन्, पितॄणाम्, श्रोतॄन्, श्रोतॄणाम्)

ਉਪਰੋਕਤ ਉਦਾਹਰਣ ਪਿਤਾ ਤੇ ਸ੍ਰੋਤਾ ਸ਼ਬਦਾਂ ਦੇ ਕਰਮ-ਕਾਰਕ ਅਤੇ ਸੰਬੰਧ-ਕਾਰਕ ਬਹੁਵਚਨ ਦੇ inflected forms ਹਨ। ਇਥੇ ਦੋ ਗੱਲਾਂ ਦਾ ਸੰਕੇਤ ਕਰਨਾ ਜ਼ਰੂਰੀ ਹੈ। ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਜਿਵੇਂ ਬੰਗਲਾ, ਅਸਾਮੀ, ਉੜੀਆ ਅਤੇ ਪੰਜਾਬੀ ਆਦਿ ਵਿਚ ਬੋਲਚਾਲੀ ਸ਼ੈਲੀ ਦੇ ਅੰਤਰਗਤ "਋" ਵਾਲੇ ਤਦਭਵਾਂ ਦਾ ਉਚਾਰਣ "ਰਿ" ਜਾਂ "ਰੀ" ਨਾ ਹੋ ਕੇ "ਰੁ" ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਵੇਂ ਪੰਜਾਬੀ "ਰੁਤ" (਋ਤੁ), ਰੁੱਖ (ਵ੍ਰਿਕ੍ਸ਼), ਅਤੇ ਜਿਵੇਂ ਬੰਗਲਾ ਆਦਿ ਵਿਚ "ਕਰੁਸ਼ਣ" (ਸੰਸਕ੍ਰਿਤ : ਕ੍ਰਿਸ਼ਣ)। ਦੱਖਣ ਦੀਆਂ ਦ੍ਰਾਵਿੜੀ ਪਰਿਵਾਰ ਦੀਆਂ ਅਜੋਕੀਆਂ ਭਾਸ਼ਾਵਾਂ ਵਿਚ ਵੀ ਰੁ-ਪ੍ਰਵਿਰਤੀ ਉਪਲਬਧ ਹੁੰਦੀ ਹੈ। ਦੂਜੀ ਗੱਲ ਇਹ ਹੈ ਕਿ ਇਸ ਭਾਸ਼ਿਕ ਵਾਤਾਵਰਣ ਵਿਚ /਋/ ਅਤੇ /ਰਿ/ free variation (ਸੁਤੰਤਰ ਬਦਲੀ) ਵਿਚ ਸਥਿਤ ਹਨ, ਅਤੇ ਇਹ ਇਸ ਹਾਲਤ ਵਿਚ homophonous ਹਨ।

(2) ਰਿਗਵੇਦ ਵਿਚ ਛੰਦ ਦੀ ਲੈ-ਤਾਨ ਨੂੰ ਠੀਕ ਰਖਣ ਲਈ ਰ-ਯੁਕਤ ਵਿਅੰਜਨ ਗੁੱਛੇ ਦੇ ਮੱਧ ਵਿਚ ਉਚਾਰਣ ਸਮੇਂ ਇਕ ਅਤਿ ਹ੍ਰਸਵ ਸਵਰ-ਧੁਨੀ ਦਾ ਆਗਮ ਕੀਤਾ ਜਾਂਦਾ ਸੀ। ਇਸ ਮੱਧ-ਸਵਰ ਆਗਮ ਨੂੰ "ਸਵਰ ਭਕਤੀ" ਕਿਹਾ ਜਾਂਦਾ ਹੈ, ਜਿਵੇਂ 'ਇੰਦ੍ਰ' ਦਾ ਮੌਖਿਕ ਉੱਚਾਰਨ "ਇੰਦਅਰ" ਕਰਨਾ ਪੈਂਦਾ ਸੀ (ਅਤੀ ਹ੍ਰਸਵ "ਅ" ਸਵਰ ਧੁਨੀ ਲਈ ਵਿਸ਼ੇਸ਼ ਲਿਪੀ ਚਿਹਨ ਨਹੀਂ ਹੈ ਪਰ IPA ਵਿਚ Schwa ਦਾ ਚਿੰਨ੍ਹ ਹੈ) ਮੱਧ ਸਵਰਾਗਮ (ਸਵਰ-ਭਕਤੀ) ਦੀ ਇਹ ਵੈਦਿਕ ਉੱਚਾਰਣ ਪ੍ਰਵਿਰਤੀ ਪੰਜਾਬੀ ਭਾਸ਼ਾ ਵਿਚ ਅਤਿਅੰਤ ਜ਼ਿਆਦਾ ਹੈ। ਸ਼ਾਇਦ ਇਹ ਵੈਦਿਕ ਭਾਸ਼ਾ ਤੋਂ ਪੰਜਾਬੀ ਜ਼ੁਬਾਨ ਵਿਚ ਪ੍ਰਾਪਤ ਹੁੰਦੀ ਰਹੀ ਹੈ। ਜਿਵੇਂ ਇੰਦ੍ਰ → ਇੰਦਰ, ਪੁਤਰ-ਪੁਤ੍ਰ, ਸੂਤਰ-ਸੂਤ੍ਰ। ਵੇਦਾਂ ਤੋਂ ਬਾਅਦ ਪ੍ਰਾਤਿਸ਼ਾਖਯਾਂ ਦੇ ਯੁਗ ਵਿਚ ਹੀ ਅਤੀ ਹ੍ਰਸਵ ਸਵਰ (Schwa) ਪ੍ਰਚਲਿਤ ਹੋ ਗਿਆ ਸੀ ਜਿਵੇਂ ਕਿ ਅੰਗ੍ਰੇਜ਼ੀ ਸ਼ਬਦ but ਵਿਚਲੇ /U/ ਸਵਰ ਦਾ ਉਚਾਰਣ ਮਿਲਦਾ ਹੈ (ਮੈਕਡਾਨਲ)।

(3) /ਐ, ਔ/ ਦਾ ਉੱਚਾਰਣ ਅਜ ਕਲ /ਅਇ, ਅਉ/ ਹੋ ਗਿਆ ਹੈ ਪਰੰਤੂ ਸੰਧੀ ਸਵਰਾਂ ਨੂੰ ਸੰਧੀਛੇਦ ਕਰ ਕੇ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਮੂਲ ਰੂਪ/ਆਇ, ਆਉ/ਹੈ ਅਰਥਾਤ ਦੀਰਘ ਆੜੇ ਨਾਲ।

ਵੈਦਿਕ ਵਿਅੰਜਨ ਧੁਨੀਆਂ (Vedic Segmental phonemes : consonants)

ਵੈਦਿਕ ਵਿਅੰਜਨ-ਸਮੂਹ ਦਾ ਮਾਨ ਚਿਤਰ ਪਿਛਲੇ ਪੰਨੇ ਤੇ ਅੰਕਿਤ ਕੀਤਾ ਗਿਆ ਹੈ। ਹੁਣ ਏਥੇ ਵੈਦਿਕ ਵਿਅੰਜਨਾਂ ਦੀਆਂ ਕੁਝ ਧੁਨੀਆਤਮਕ ਵਿਸ਼ੇਸ਼ਤਾਵਾਂ ਵਰਣਨ ਕੀਤੀਆਂ ਜਾਂਦੀਆਂ ਹਨ :

ਮੂਰਧਨੀ ਵਿਅੰਜਨ : ਵੈਦਿਕ ਸੰਸਕ੍ਰਿਤ ਦੀ ਫੋਨਾਲੋਜੀ ਵਿਚ ਮੂਰਧਨੀ ਵਿਅੰਜਨਾਂ (retroflex) /ਟ, ਠ, ਡ, ਢ, ਣ ਲ਼ ਲ਼ਹ, ਸ਼/ ਦਾ ਵਿਕਾਸ ਇਕ ਅਦਭੁਤ ਘਟਨਾ ਮੰਨੀ ਜਾਂਦੀ ਹੈ। ਮੂਲ ਭਾਰੋਪੀ (Indo-European Language) ਵਿਚ ਇਹ ਸ਼੍ਰੇਣੀ ਨਹੀਂ ਮਿਲਦੀ। ਮੈਕਡਾਨਲ ਦੀ ਧਾਰਣਾ ਹੈ ਕਿ ਵੈਦਿਕ ਦੇ ਟ-ਵਰਗੀ ਵਿਅੰਜਨ ਭਾਰਤ ਦੀ ਹੀ ਪੈਦਾਵਾਰ ਹਨ, ਸ਼ਾਇਦ ਇਹ ਆਦਿਵਾਸੀਆਂ ਖ਼ਾਸ ਕਰਕੇ ਦ੍ਰਾਵਿੜਾਂ ਦੇ ਪ੍ਰਭਾਵ ਦਾ ਹੀ ਨਤੀਜਾ ਹਨ। ਮੂਰਧਨੀ ਟ-ਵਰਗੀ ਵਿਅੰਜਨ ਰਿਗਵੇਦ ਵਿਚ ਬਹੁਤ ਘੱਟ ਪ੍ਰਯੁਕਤ ਹੋਏ ਹਨ, ਅਤੇ ਉਥੇ ਵੀ ਟ-ਵਰਗੀ ਵਿਅੰਜਨ ਸ਼ਬਦਾਂ ਦੀ ਆਦਿ-ਸਥਿਤੀ (initial position) ਵਿਚ ਨਹੀਂ ਹਨ। ਉਨਾਂ ਦਾ ਪ੍ਰਯੋਗ ਮੱਧ-ਸਥਿਤੀ ਤੇ ਅੰਤ-ਸਥਿਤੀ ਵਿਚ ਹੋਇਆ ਹੈ।

ਸਿਧਾਤਕ ਤੌਰ ਤੇ ਟ-ਵਰਗੀ ਵਿਅੰਜਨਾਂ ਦੀ ਉਤਪੱਤੀ ਤ-ਵਰਗੀ ਵਿਅੰਜਨਾ ਤੋਂ ਉਥੇ ਹੁੰਦੀ ਹੈ ਜਿਥੇ ਤ-ਵਰਗੀ ਵਿਅੰਜਨਾਂ ਦੇ ਪਰਿਵੇਸ਼ ਵਿਚ /ਰ, ਜ੍ਰ, ਥ/ ਧੁਨੀਆਂ ਰੱਖੀਆਂ ਜਾਂਦੀਆਂ ਹਨ । ਇਹ phonological conditions ਦੇ ਕਾਰਣ ਹੁੰਦਾ ਹੈ । ਮਿਸਾਲ ਵਜੋ ਰਿਗਵੇਦ ਵਿਚ ਇਹ ਸ਼ਬਦ ਹਨ :

ਦੁਸ਼ਟਰ = (ਦੁਸਤਰ) (invincible)
ਦ੍ਰਿਢ = (ਦ੍ਰਿਹ-ਤ) (firm)
ਵਿਕਟ = (ਵਿਕ੍ਰਿਤ)

ਨਾਸਿਕੀ ਵਿਅੰਜਨ : ਵੈਦਿਕ ਭਾਸ਼ਾ ਵਿਚ /ਙ,ਞ,ਣ ਨ, ਮ/ ਇਹ ਪੰਜ ਨਾਸਿਕੀ ਸਪਰਸ਼ ਵਿਅੰਜਨ ਫੋਨੀਮ ਹਨ । ਇਨ੍ਹਾਂ ਵਿਚੋ ਕੇਵਲ /ਨ, ਮ/ ਦੇ ਹੀ ਸ਼ਬਦਾ ਦੀ ਹਰ ਇਕ ਸਥਿਤੀ ਵਿਚ ਸਾਕਾਰ ਹੁੰਦੇ ਹਨ ਬਾਕੀ ਤਿੰਨ /ਙ, ਞ, ਣ/ ਸ਼ਬਦਾ ਦੇ ਸ਼ੁਰੂ ਵਿਚ ਨਹੀ ਵਾਪਰਦੇ । ਡਾ. ਵਯਾਸ (ਵਿਆਸ) ਨੇ ਲਿਖਿਆ ਹੈ ਕਿ ਭਾਸ਼ਾ ਵਿਗਿਆਨਿਕ ਦ੍ਰਿਸਟੀ ਤੋਂ ਸੰਸਕ੍ਰਿਤ ਵਿਚ /ਣ, ਨ, ਮ/ ਤਿੰਨ ਹੀ ਅਨੁਨਾਸਿਕ ਧੁਨੀਆਂ ਮੰਨੀਆਂ ਜਾ ਸਕਦੀਆਂ ਹਨ ਅਤੇ /ਙ ਞ/ ਵਾਸਤਵ ਵਿਚ /ਨ/ ਦੇ ਹੀ ਉਪ-ਧੁਨੀਮ (allophone) ਹਨ । 'ਨ' ਦਾ ਉਚਾਰਣ-ਸਥਾਨ ਵਿਆਕਰਣਕਾਰਾਂ ਨੇ "ਦੰਤੀ" ਹੀ ਮੰਨਿਆ ਹੈ ਪਰ ਦਰਅਸਲ ਇਸ ਦਾ ਸਹੀ ਸਥਾਨ ਵਰਤਸੀ (teath-ridge) ਮੰਨਿਆਂ ਜਾਂਦਾ ਹੈ ।

ਪ੍ਰਾਣ-ਧੁਨੀ (Aspiration) : ਸੰਸਕ੍ਰਿਤ ਵਿਚ ਦੋ ਤਰ੍ਹਾਂ ਦੀ /ਹ/ ਧੁਨੀ ਪਾਈ ਜਾਂਦੀ ਹੈ. ਇਕ ਸਘੋਸ਼ (voiced) ਹੈ ਅਤੇ ਦੂਜੀ ਅਘੋਸ਼ (unvoiced) ਹੈ । ਸਘੋਸ਼ ਲਈ (ਹ) ਚਿੰਨ੍ਹ ਹੈ ਅਤੇ ਅਘੋਸ਼ ਲਈ (:, = ਹ॰) ਚਿੰਨ੍ਹ ਪਾਇਆ ਜਾਂਦਾ ਹੈ । ਇਸ ਪਰਵਰਤੀ ਧੁਨੀ ਨੂੰ "ਵਿਸਰਗ/ਵਿਸਰਜਨੀਯ" ਕਿਹਾ ਜਾਂਦਾ ਹੈ । ਵਿਸਰਗ (ਅਘੋਸ਼ ਹ) ਦਾ ਉੱਚਾਰਣ ਸੰਸਕ੍ਰਿਤ ਵਿਚ ਸਬਦਾਂਤ ਵਿਚ ਸਾਕਾਰ ਹੁੰਦਾ ਹੈ, ਜਿਵੇਂ

ਰਾਮਹ (रामः), ਹਰਿਹ (हरिः)

ਸਮਸਤ ਪਦਾਂ ਵਿਚ ਵੀ ਵਿਸਰਗ ਵਾਪਰਦੀ ਹੈ ਜਿਵੇਂ ਅੰਤਹੱਕਰਣ (अन्तःकरण)। ਵਿਸਰਗ ਸੁਤੰਤਰ ਖੰਡੀ ਧੁਨੀ ਨਹੀ ਹੈ ਇਹ supra-segmental (ਅਖੰਡੀ ਧੁਨੀ) ਹੈ ।

ਮੈਕਡਾਨਲ ਨੇ ਵਿਸਰਗ, ਜਿਹਵਾਮੂਲੀਯ, ਉਪਧਮਾਨੀਯ ਇਨ੍ਹਾਂ ਤਿੰਨਾਂ ਨੂੰ voiceless spirants ਕਿਹਾ ਹੈ ਅਰਥਾਤ ਅਘੋਸ਼ ਸੰਘਰਸ਼ੀ ਧੁਨੀਆਂ । ਵਿਸਰਗ ਦਾ ਵਰਣਨ ਹੋ ਚੁਕਿਆ ਹੈ । ਜਿਹਵਾਮੂਲੀਯ (ਜੀਭ ਦੀ ਜੜ ਤੋ ਉਤਪੰਨ) ਕੰਠੀ ਸੰਘਰਸ਼ੀ ਹੈ ਅਤੇ ਕੰਠੀ ਅਘੋਸ਼ ਅਲਪਪ੍ਰਾਣ ਤੋਂ ਪਹਿਲਾਂ ਉਚਾਰੀ ਜਾਂਦੀ ਹੈ । ਇਸ ਦਾ ਉਚਾਰਣ ਫ਼ਾਰਸੀ ਦੇ /ਖ਼/ ਵਾਗ ਹੁੰਦਾ ਹੈ । ਇਸੇ ਤਰ੍ਹਾਂ ਉਪਧਮਾਨੀਯ ਦੁਹੋਠੀ ਸੰਘਰਸ਼ੀ ਧੁਨੀ ਹੈ ਅਤੇ ਇਹ "ਪ" ਤੋ ਪਹਿਲਾਂ ਉਚਾਰੀ ਜਾਂਦੀ ਹੈ ਜਿਵੇ ਸੰਸਕ੍ਰਿਤ ਆਰਥੋਗ੍ਰਾਫ਼ੀ ਵਿਚ ਇਸ ਦਾ ਚਿੰਨ੍ਹੀਕਰਣ /ᨂਪ/ ਮਿਲਦਾ ਹੈ । ਇਸ ਦਾ ਉੱਚਾਰਣ ਫ਼ਾਰਸੀ ਦੇ /ਫ਼/ ਦੇ ਨੇੜੇ ਹੈ ।

ਲ਼, ਲ਼ਹ (retroflex lateral) : ਵੈਦਿਕੀ ਵਿਚ /ਲ਼ ਲ਼ਹ/ ਧੁਨੀਆਂ (ਡ, ਢ) ਦੇ ਹੀ ਵਿਉਤਪੰਨ ਰੂਪ (derived) ਹਨ । ਮਿਸਾਲ ਵਜੋਂ (ਈਲ਼ੇ) ਈਡੇ ਹੀ ਹੈ, (ਮੀਲ਼ਹੁਸੇ) ਮੀਢਵਾਨ ਹੀ ਹੈ । ਕਲੈਸੀਕਲ ਸੰਸਕ੍ਰਿਤ ਵਿਚ "ਲ਼" ਤੇ "ਲ਼ਹ" ਦਾ ਕੋਈ ਪ੍ਰਚਲਨ ਨਹੀ ਰਿਹਾ ਲੇਕਿਨ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਜਿਵੇਂ ਪੰਜਾਬੀ, ਰਾਜਸਥਾਨੀ, ਮਰਾਠੀ ਆਦਿ ਵਿਚ ਇਹ retroflex /ਲ਼/ ਪ੍ਰਚਲਿਤ ਹੈ । ਇਹ ਧੁਨੀ ਕਲੈਸੀਕਲ

ਸੰਸਕ੍ਰਿਤ ਦੀ ਮਾਰਫ਼ਤ ਵਿਕਸਿਤ ਨਾ ਹੋ ਕੇ ਵੈਦਿਕ ਵਿਚੋਂ ਸਿੱਧੇ ਹੀ ਪੰਜਾਬੀ ਆਦਿ ਵਿਚ ਜਾਰੀ ਆ ਰਹੀ ਹੈ ।

ਵੈਦਿਕ ਅਖੰਡੀ ਸਵਰ ਫੋਨੀਮ

(Vedic supra-segmental vocalic phonemes)

1. ਸਵਰਾਘਾਤ (accentuation)

ਵੈਦਿਕ ਸੰਸਕ੍ਰਿਤ ਵਿਚ ਸਵਰਾਘਾਤ ਦੀ ਖ਼ਾਸ ਵਰਤੋਂ ਕੀਤੀ ਗਈ ਮਿਲਦੀ ਹੈ । ਵੈਦਿਕ ਸਵਰਾਘਾਤ ਫੋਨੈਮਿਕ ਹੈ ਕਿਉਂਕਿ ਇਹ ਅਰਥ-ਭੇਦਕ ਸ਼ਕਤੀ ਦਾ ਸੂਚਕ ਹੈ । ਇਹ ਵੈਦਿਕ ਅਕੈਸੈਂਟ ਤਿੰਨ ਤਰ੍ਹਾਂ ਦਾ ਹੈ ਜੋ ਖੰਡਾਤਮਕ ਨਹੀ ਹੈ ਬਲਕਿ ਨਿਰਭਰ ਹੋਣ ਕਰਕੇ ਅਖੰਡੀ ਹੈ । ਤਿੰਨ ਐਕਸੈਂਟ ਹਨ : (1) ਉਦਾੱਤ (acute), (2) ਅਨੁਦਾੱਤ (unaccented), (3) ਸਵਰਿਤ (circumflex).

ਵੇਦਾਂ, ਦੇ ਬ੍ਰਾਹਮਣ ਗ੍ਰੰਥਾਂ, *ਤੈਤਿਰੀਯ* ਤੇ *ਸ਼ਤਪਥ* ਦੇ ਉਪਨਿਸ਼ਦਾਂ ਵਿਚ ਸਵਰਾਘਾਤ ਰੇਖਾਂਕਿਤ ਹੋਇਆ ਮਿਲਦਾ ਹੈ । ਵੈਦਿਕ ਸਵਰਾਘਾਤ ਸੰਗੀਤਾਤਮਕ (musical) ਸੀ । ਜਿਵੇਂ ਕਿ ਉਦਾੱਤ (raised) ਨਾਮ ਤੋਂ ਜ਼ਾਹਰ ਹੈ । ਪ੍ਰਾਚੀਨ ਭਾਰਤੀ ਧੁਨੀ-ਸ਼ਾਸਤ੍ਰੀਆਂ (phoneticians) ਨੇ ਸੁਰ-ਪ੍ਰਕ੍ਰਿਆ (tone-system) ਦਾ ਵਰਣਨ ਕੀਤਾ ਹੈ । ਉੱਚ ਤਾਨ (high pitch) ਉਦਾੱਤ ਹੈ, ਮੱਧ ਤਾਨ ਸਵਰਿਤ ਹੈ ਅਤੇ ਨੀਵੀਂ ਤਾਨ (low pitch) ਅਨੁਦਾੱਤ ਹੈ । ਪਾਣਿਨੀ ਨੇ ਅਸ਼ਟਾਧਿਆਈ (अष्टाध्यायी) ਵਿਚ ਤਿੰਨ ਸੂਤ੍ਰ ਲਿਖ ਕੇ ਤਿੰਨ ਸਵਰਾਘਾਤ ਦੇ ਲੱਛਣ ਪਰਿਭਾਸ਼ਤ ਕੀਤੇ ਹਨ । ਤਿੰਨ ਸੂਤ੍ਰ ਇਹ ਹਨ :

(i) उच्चैरुदात्तः (ii) नीचैरनुदात्तः (iii) समाहारः स्वरितः ।

ਵੈਦਿਕ ਭਾਸ਼ਾ ਟੋਨ/ਐਕਸੈਂਟ ਪ੍ਰਧਾਨ ਭਾਸ਼ਾ ਸੀ । ਐਕਸੈਂਟ ਦੇ ਫ਼ਰਕ ਕਰਕੇ ਅਰਥ-ਭੇਦ ਹੁੰਦਾ ਸੀ । ਇਕ ਬਹੁਤ ਮਸ਼ਹੂਰ ਮਿਸਾਲ ਹੈ "ਇੰਦ੍ਰਸ਼ਤ੍ਰੁ : (इन्द्र शत्रुः): ਇਸ ਦੇ ਦੋ ਵਿਗ੍ਰਹ ਹਨ : (1) ਜਿਸ ਦਾ ਸ਼ਤਰੂ ਇੰਦਰ ਹੈ (ਬਹੁਬ੍ਰੀਹੀ ਸਮਾਸ)*, (2) ਇੰਦਰ ਦਾ ਸ਼ਤਰੂ (ਤਤਪੁਰੁਸ਼ ਸਮਾਸ) । ਏਥੇ ਕਿਹੜਾ ਸਮਾਸ ਹੈ ਅਤੇ ਕਿਹੜਾ ਅਰਥ ਇੱਛਤ ਹੈ ਇਸ ਦਾ ਗਿਆਨ ਸੁਰ ਅੰਕਣ ਤੋਂ ਹੀ ਹੁੰਦਾ ਹੈ ਭਾਵੇਂ ਦੋਹਾਂ ਸਥਿਤੀਆਂ ਵਿਚ ਸ਼ਬਦ-ਰਚਨਾ ਇਕੋ ਜਿਹੀ ਹੈ । "ਪਾਣਿਨੀਯ ਸ਼ਿਕਸ਼ਾ" ਵਿਚ ਇਕ ਪ੍ਰਸਿੱਧ ਸਲੋਕ ਹੈ ਕਿ ਵੈਦਿਕ ਮੰਤ੍ਰ (ਰਿਚਾ) ਸੁਰਹੀਣ ਹੋਣ ਕਰਕੇ ਬੰਜਰ ਵਾਂਗੂ ਯਜਮਾਨ ਦਾ ਹਨਨ ਕਰ ਦਿੰਦੇ ਹਨ । ਸ਼ਲੋਕ ਮੂਲ ਰੂਪ ਵਿਚ ਉਧ੍ਰਿਤ ਹੈ :

"मन्त्रो हीनः स्वरतो वर्णतो वा
मिथ्या प्रयुक्तो न तमर्थमाह ।
स वाग् वज्रो यजमानं हिनस्ति
यथेन्द्र शत्रुः स्वरतोऽपराधात् ।

2. ਵਿਸਰਗ/ਵਿਸਰਜਨੀਯ

ਸੰਸਕ੍ਰਿਤ ਲਿਪਾਂਕਨ ਵਿਚ ਵਿਸਰਗ ਨੂੰ (:) ਇਸ ਲਿਪਾਂਕ (grapheme) ਦੁਆਰਾ ਅੰਕਿਤ ਕੀਤਾ ਜਾਂਦਾ ਹੈ । ਵਿਸਰਗ ਇਕ ਅਖੰਡੀ ਜਾਂ ਅਧਿਖੰਡੀ ਫੋਨੀਮ ਹੈ ਕਿਉਂਕਿ

---

* बहुब्रीहि समास : इन्द्रः शत्रुर्यस्य सः इन्द्रशत्रुः
तत्पुरुष समास : इन्द्रस्य शत्रुः

ਵਿਸਰਗ ਦੀ ਹੋਂਦ-ਸਥਿਤੀ ਸੁਤੰਤਰ ਨਹੀਂ ਹੈ। ਵਿਸਰਗ ਤਾਂ ਹੋਰ ਖੰਡੀ ਧੁਨੀਆਂ ਦੇ ਆਸਰੇ ਹੀ ਸਾਕਾਰ ਹੁੰਦਾ ਹੈ। ਸੰਸਕ੍ਰਿਤ ਵਿਚ ਦੋ ਤਰ੍ਹਾਂ ਦੀ ਮਹਾਂਪ੍ਰਾਣ ਧੁਨੀ ਪਾਈ ਜਾਂਦੀ ਹੈ, ਇਕ ਸਘੋਸ਼/ਨਾਦੀ ਅਤੇ ਦੂਜੀ ਅਘੋਸ਼ ਨਾਦ/ਰਹਿਤ। ਸਘੋਸ਼ ਮਹਾਂਪ੍ਰਾਣ ਧੁਨੀ ਨੂੰ "ਸਵਰਯੰਤਰੀ" (glottal) ਵੀ ਕਿਹਾ ਜਾਂਦਾ ਹੈ। ਸਘੋਸ਼ ਮਹਾਂਪ੍ਰਾਣ/ਸੁਰਯੰਤਰੀ ਧੁਨੀ ਲਈ ਸੰਸਕ੍ਰਿਤ ਆਰਥੋਗ੍ਰਾਫੀ ਵਿਚ (ਹ) ਜਾਂ (ह) ਲਿਪਾਂਕ ਹੈ ਅਤੇ ਅਘੋਸ਼ ਮਹਾਂਪ੍ਰਾਣ ਲਈ ਖੜੇ ਦਾਅ ਦੋ ਬਿੰਦੀਆਂ (:) ਹਨ, ਇਹੋ ਵਿਸਰਗ ਜਾਂ ਵਿਸਰਜਨੀਯ ਹੈ।

ਵਿਸਰਗ ਫੋਨੀਮ ਸ਼ਬਦਾਂ ਦੀ ਆਦਿ-ਸਥਿਤੀ ਵਿਚ ਨਹੀਂ ਵਾਪਰਦਾ, ਮੱਧ-ਸਥਿਤੀ ਤੇ ਅੰਤ-ਸਥਿਤੀ ਵਿਚ ਸਾਕਾਰ ਹੁੰਦਾ ਹੈ। ਜਿਵੇਂ /ਦੇਵਦੱਤ:/ ਅਰਥਾਤ (ਦੇਵਦੱਤਹ)। ਪਾਣਿਨੀ ਵਿਆਕਰਣ ਦੇ ਵਾਰਤਿਕਕਾਰ ਨੇ ਵਿਸਰਗ ਨੂੰ ਕੰਠ-ਸਥਾਨੀ ਕਿਹਾ ਹੈ ਯਥਾ, "ਅਕੁਹਵਿਸਰਜਨੀਯਾਨਾਂ ਕਣ੍ਠ :"। ਸੰਸਕ੍ਰਿਤ ਵਿਆਕਰਣ ਵਿਚ ਅਚਸੰਧੀ ਤੇ ਹਲਸੰਧੀ ਦੇ ਨਾਲ ਤੀਜਾ ਸੰਧੀ ਪ੍ਰਕਰਣ, "ਵਿਸਰਗ ਸੰਧੀ" ਵੀ ਹੈ। ਇਹ morpho-phonemic ਰੂਪਾਂਤਰਨ ਹੈ। Morpho-phonemic ਵਾਤਾਵਰਣ ਵਿਚ ਵਿਸਰਗ ਦਾ ਕਈ ਤਰ੍ਹਾਂ ਦੀ ਸ਼ਕਲ ਵਿਚ ਰੂਪਾਂਤਰਣ ਹੁੰਦਾ ਹੈ। ਫੋਨੇਟਿਕ ਪਰਿਵੇਸ਼ ਵਿਚ ਵਿਸਰਗ ਸ, ਸ਼, ਓ, ਰ, ਆਦਿ ਵਿਭਿੰਨ ਫੋਨੇਮਿਕ ਇਕਾਈਆਂ ਵਿਚ ਪਰਿਵਰਤਤ ਹੋ ਜਾਂਦਾ ਹੈ।

3. ਅਨੁਸਵਾਰ (nasality)

ਵੈਦਿਕ ਤੇ ਕਲੈਸੀਕਲ ਸੰਸਕ੍ਰਿਤ ਵਿਚ ਅਨੁਸਵਾਰ ਇਕ ਹੋਰ ਅਖੰਡੀ ਧੁਨੀਮ ਹੈ। ਅਨੁਸਵਾਰ ਧੁਨੀਮਕ ਮਹੱਤਤਾ ਵਾਲੀ ਭਾਸ਼ਿਕ ਇਕਾਈ ਹੈ ਕਿਉਂਕਿ ਇਹ ਇਕਾਈ ਭਾਸ਼ਾ ਵਿਚ ਵਿਰੋਧਾਰਥ ਸਿਰਜਨ ਦੇ ਸਮਰਥ ਹੈ। ਵਿਰੋਧੀ ਜੁੱਟਾਂ ਵਿਚ ਅਨੁਸਵਾਰ ਦੀ ਸਾਰਥਕਤਾ ਸਪਸ਼ਟ ਹੈ, ਜਿਵੇਂ :

ਵਸ਼-ਵੰਸ਼ (वश — वंश)

ਪਾਣਿਨੀ ਦੀ ਅਸ਼ਟਾਧਿਆਈ ਦੇ ਵਾਰਤਿਕਕਾਰ ਨੇ ਅਨੁਸਵਾਰ ਨੂੰ "ਨਾਸਿਕਾ ਅਨੁਸਵਾਰਸ੍ਯ" ਕਹਿ ਕੇ ਇਸ ਨੂੰ ਨਾਸਿਕਾ-ਸਥਾਨੀ (ਨਾਸਿਕੀ) ਦੱਸਿਆ ਹੈ। ਅਨੁਸਵਾਰ ਦਾ ਸ਼ਾਬਦਿਕ ਅਰਥ ਹੈ ਅਨੁ+ਸਵਰ ਅਰਥਾਤ ਜੋ ਸਵਰ ਤੋਂ ਬਾਅਦ ਉੱਚਾਰਣ ਕੀਤਾ ਜਾਵੇ।

ਸੰਸਕ੍ਰਿਤ ਧੁਨੀਆਂ ਦੀ ਸੰਧੀਆਤਮਕ ਵਿਸ਼ੇਸ਼ਤਾ

(morpho-phonemic features of Sanskrit)

ਧੁਨੀ-ਸ਼ਾਸਤ੍ਰੀ ਦ੍ਰਿਸ਼ਟੀ ਤੋਂ ਸੰਸਕ੍ਰਿਤ ਵਿਚ ਸਵਰਾਂ ਤੇ ਵਿਅੰਜਨਾਂ ਦੀਆਂ ਸੰਧੀਆਂ ਦਾ ਰਚਨਾਤਮਕ ਵਿਧਾਨ ਹੈ। ਇਸ ਦੇ ਅੰਤਰਗਤ ਤਿੰਨ ਤਰ੍ਹਾਂ ਦੀਆਂ ਸੰਧੀਆਂ ਸ਼ਾਮਲ ਹਨ :

1. ਅਚ ਸੰਧੀ (ਸਵਰ ਸੰਧੀ)
2. ਹਲ ਸੰਧੀ (ਵਿਅੰਜਨ ਸੰਧੀ)
3. ਵਿਸਰਗ ਸੰਧੀ

ਮੁੱਦਾ ਇਹ ਹੈ ਕਿ ਸਵਰ ਧੁਨੀਆਂ ਅਤੇ ਵਿਅੰਜਨ ਧੁਨੀਆਂ ਕਿਸ ਤਰ੍ਹਾਂ ਆਪਸ ਵਿਚ ਮਿਲ ਕੇ ਸ਼ਬਦ, ਵਾਕਾਂਸ਼ ਅਤੇ ਵਾਕ ਵਿਚ ਨਵਾਂ ਰੂਪਾਂਤਰਣ ਧਾਰਣ ਕਰ ਜਾਂਦੀਆਂ ਹਨ। ਇਸ ਪ੍ਰਕਿਰਿਆ ਨੂੰ ਹੀ ਸੰਧੀ ਕਿਹਾ ਗਿਆ ਹੈ। ਵੈਦਿਕ ਸੰਸਕ੍ਰਿਤ ਅਤੇ ਕਲੈਸੀਕਲ

ਸੰਸਕ੍ਰਿਤ ਦੋਹਾਂ ਵਿਚ ਸੰਧੀਆਂ ਦੀ ਵਿਸ਼ੇਸ਼ਤਾ ਉਪਲਬਧ ਹੁੰਦੀ ਹੈ । David Crystal (1986 : 270) ਦੇ ਅਨੁਸਾਰ "ਸੰਧੀ" ਰੂਪ-ਵਿਗਿਆਨ ਅਤੇ "ਵਾਕ-ਵਿਧਾਨ" ਵਿਚ ਇਕ ਪਰਿਭਾਸ਼ਕ ਸ਼ਬਦ ਹੈ । ਸੰਧੀ ਤੋਂ ਭਾਵ ਵਿਆਕਰਣ ਰੂਪਾਂ ਵਿਚ ਰੂਪਾਤਮਕ ਲੈਵਲ ਤੇ ਧੁਨੀਆਤਮਕ ਵਿਕਾਰ ਜਾਂ ਪਰਿਵਰਤਨ ਦਾ ਵਾਪਰਣਾ ਹੈ । ਹੁਣ ਤਿੰਨ-ਸੂਤਰੀ ਸੰਧੀਆਂ ਦਾ ਸੰਰਚਨਾਤਮਕ ਪਰੀਚੈ ਪੇਸ਼ ਕਰਦੇ ਹਾਂ :

ਅਚ ਸੰਧੀ : ਇਸ ਦੇ ਅੰਤਰਗਤ ਸਵਰਾਂ ਦੀਆਂ ਪਰਸਪਰ ਸੰਧੀਆਂ ਦਾ ਵਿਧਾਨ ਹੈ । ਮਿਸਾਲ ਵਜੋਂ "ਸੁ+ਉਕਤੀ" ਸੰਧੀ ਰਹਿਤ ਸ਼ਬਦ-ਸਥਿਤੀ ਹੈ, ਪਰ ਇਨ੍ਹਾਂ ਵਿਚ ਸੰਧੀ ਕਰਨ ਵੇਲੇ "ਸੁ" ਵਿਚਲਾ ਉ ਅਤੇ "ਉਕਤੀ" ਵਿਚਲਾ ਉ ਦੋਵੇਂ ਹ੍ਰਸਵ ਉ ਮਿਲ ਕੇ ਦੀਰਘ /ਊ/ ਬਣ ਜਾਂਦੇ ਹਨ ਅਤੇ ਸੰਧੀ-ਯੁਕਤ ਰੂਪ ਹੋਵੇਗਾ "ਸੂਕਤੀ" ਅਰਥਾਤ ਸੁੰਦਰ ਕਥਨ । ਇਸੇ ਤਰ੍ਹਾਂ ਬਾਕੀ ਸਵਰ-ਧੁਨੀਆਂ ਦੀਆਂ ਵੀ ਸੰਧੀਆਂ ਹੁੰਦੀਆਂ ਹਨ ।

ਹਲ-ਸੰਧੀ : ਇਸ ਦੇ ਅੰਤਰਗਤ ਵਿਅੰਜਨਾਂ ਦੀਆਂ ਪਰਸਪਰ ਸੰਧੀਆਂ ਦਾ ਵਿਧਾਨ ਹੈ । ਮਿਸਾਲ ਵਜੋਂ "ਦਿਕ + ਗਜ" ਦੀ ਸੰਧੀ ਕਰਕੇ "ਦਿਗ ਗਜ" (ਮਹਾਨ ਹਾਥੀ) ਬਣ ਜਾਂਦਾ ਹੈ ਜਿਥੇ-ਕ-ਬਦਲ ਕੇ-ਗ-ਬਣ ਗਿਆ ਹੈ । ਹਲ ਸੰਧੀ ਤੋਂ ਭਾਵ ਵਿਅੰਜਨ ਹਨ । ਪਾਣਿਨੀ ਦੇ ਸ਼ਿਵ-ਸੂਤਰ 'ਹ' ਤੋਂ ਸ਼ੁਰੂ ਹੋ ਕੇ 'ਲ' ਤੀਕ ਖ਼ਤਮ ਹੁੰਦੇ ਹਨ ਜਿਸ ਵਿਚ ਕੁਲ ਵਿਅੰਜਨ ਆ ਜਾਂਦੇ ਹਨ, ਹ ਤੋਂ ਲ ਤਕ ਦਾ ਸੰਖਿਪਤੀਕਰਣ "ਹਲ" ਹੈ, ਇਸੇ ਲਈ "ਹਲੰਤ" ਕਿਹਾ ਜਾਂਦਾ ਹੈ ਅਰਥਾਤ ਵਿਅੰਜਨਾਂਤ ।

ਵਿਸਰਗ ਸੰਧੀ : ਵਿਸਰਗ ਦਾ ਚਿੰਨ੍ਹ ਹੈ/ /ਸੰਸਕ੍ਰਿਤ ਵਿਚ ਵਿਸਰਗ ਧੁਨੀ ਸੰਧੀ ਸਥਾਨਾਂ 'ਤੇ ਕਈ ਰੂਪ ਗ੍ਰਹਿਣ ਕਰਦੀ ਹੈ । ਕਦੇ ਇਹ ਸ, ਕਦੇ ਰ, ਕਦੇ ਸ਼, ਕਦੇ (ਲ) ਆਦਿ । "ਨਿਰ" ਇਕ ਅਗੇਤਰ (prefix = ਉਪਸਰਗ) ਹੈ । "ਨਿਰ-" ਦਾ ਰੂਪਾਂਤਰਣ ਵੇਖੋ : ਨਿਰ + ਤੇਜ = ਨਿਸਤੇਜ ; ਨਿਰ + ਸ਼ੇਸ਼ = ਨਿ : ਸ਼ੇਸ਼, ਨਿਹ + ਫਲ = ਨਿਸ਼ਫਲ ; । ਇਸ ਤਰ੍ਹਾਂ ਵੱਖ ਵੱਖ phonetic environment ਦੇ ਕਾਰਣ ਵਿਸਰਗ ਵੱਖ ਵੱਖ ਰੂਪਾਂਤਰਣ ਗ੍ਰਹਿਣ ਕਰਦਾ ਹੈ ।

ਵੈਦਿਕ ਸੰਸਕ੍ਰਿਤ ਦੀ ਉਚਾਰਣ-ਗਤ ਵਿਸ਼ੇਸ਼ਤਾ

ਵੈਦਿਕ ਸੰਸਕ੍ਰਿਤ ਵਿਚ ਕੁਝ ਅਜਿਹੀਆਂ ਉਚਾਰਣ-ਗਤ ਵਿਸ਼ੇਸ਼ਤਾਵਾਂ ਉਪਲਬਧ ਹਨ ਜੋ ਕਿ ਕਲੈਸੀਕਲ ਸੰਸਕ੍ਰਿਤ ਵਿਚ ਰੁੱਕਾਂ ਹੀ ਲੋਪ ਹੋ ਗਈਆਂ ਹਨ ਪਰ ਹੈਰਾਨੀ ਹੈ ਕਿ ਇਨ੍ਹਾਂ ਵੈਦਿਕ ਉਚਾਰਣ ਦੇ ਕੁਝ ਅਵਸ਼ੇਸ਼ (ਬਕਾਇਆ) ਸਾਡੀਆਂ ਕਈ ਭਾਰਤੀ-ਆਰੀਆ ਭਾਸ਼ਾਵਾਂ, ਖ਼ਾਸ ਕਰਕੇ ਪੰਜਾਬੀ ਵਿਚ ਭਲੀਭਾਂਤ ਮਿਲਦੇ ਹਨ । ਪ੍ਰਮੁੱਖ ਵਿਸ਼ੇਸ਼ਤਾਵਾਂ ਦਾ ਆਧਾਰ ਡਾ. ਭੋਲਾ ਸ਼ੰਕਰ ਵਿਆਸ ਦੀ ਪੁਸਤਕ "ਸੰਸਕ੍ਰਿਤ ਕਾ ਭਾਸ਼ਾ-ਸ਼ਾਸਤ੍ਰੀਯ ਅਧਯਯਨ" ਹੈ (1957).

ਵੈਦਿਕ ਸੰਸਕ੍ਰਿਤ ਦੀ ਫੋਨਾਲੋਜੀ ਵਿਚ ਆਮ ਧੁਨੀਆਂ ਅਤੇ ਉਨ੍ਹਾਂ ਦਾ ਉੱਚਾਰਣ ਲੌਕਿਕ ਸੰਸਕ੍ਰਿਤ ਵਾਂਗੂ ਹੀ ਰਿਹਾ ਹੈ ਪਰੰਤੂ (ਯ, ਵ, ਸ਼ (ਸ), ਅਨੁਸਵਾਰ) ਦੇ ਉੱਚਾਰਣ ਵਿਚ ਵੈਦਿਕ ਯੁਗ ਵਿਚ ਕੁਝ ਭੇਦ ਪਾਇਆ ਜਾਂਦਾ ਹੈ । ਇਨ੍ਹਾਂ ਵਿਸ਼ੇਸ਼ਤਾਵਾਂ ਦਾ ਸੰਕੇਤ ਬੇਸ਼ਕ ਪ੍ਰਾਤਿਸ਼ਾਖਯ ਗ੍ਰੰਥਾਂ ਵਿਚ ਨਹੀਂ ਮਿਲਦਾ, ਫੇਰ ਵੀ ਸਿਕਸ਼ਾ-ਗ੍ਰੰਥਾਂ ਅਤੇ ਅਜੋਕੇ ਯੁਗ ਵਿਚ ਉਚਰਿਤ ਕੀਤੇ ਜਾਂਦੇ ਵੇਦ-ਮੰਤਰਾਂ ਵਿਚ ਇਹ ਵਿਸ਼ੇਸ਼ਤਾਵਾਂ ਸਪਸ਼ਟ ਪਰਗਟ ਹੁੰਦੀਆਂ ਹਨ । ਸੰਭਵ ਹੈ ਕਿ ਵੈਦਿਕ ਯੁਗ ਵਿਚ ਇਹ ਵਿਸ਼ੇਸ਼ਤਾਵਾਂ ਉਪ-ਭਾਸ਼ਾਈ ਲੈਵਲ

ਤੇ ਵਿਚਰਦੀਆਂ ਹੋਣਗੀਆਂ । ਇਹ ਵਿਸ਼ੇਸ਼ਤਾਵਾਂ ਜ਼ਿਆਦਾਤਰ ਯਜੁਰਵੇਦ ਦੇ ਉੱਚਾਰਣ ਵਿਚ ਪਾਈਆਂ ਜਾਂਦੀਆਂ ਹਨ ਅਤੇ ਇਸ ਪ੍ਰਵਿਰਤੀ ਦਾ ਅਸਰ ਰਿਗਵੇਦ ਦੇ ਉਚਾਰਣ ਤੇ ਵੀ ਪਿਆ ਹੈ [ਵਯਾਸ : 1957 : 113].

ਸ਼ਿਕਸ਼ਾ ਗ੍ਰੰਥਾਂ ਦੇ ਮਤ ਅਨੁਸਾਰ ਅਸੰਜੁਗਤ (ਯ) ਧੁਨੀ ਦਾ ਉੱਚਾਰਣ ਸ਼ਬਦ ਦੀ ਆਦਿ-ਸਥਿਤੀ ਵਿਚ (ਜ) ਹੁੰਦਾ ਸੀ । ਯਜੁਰਵੇਦ ਅਤੇ ਰਿਗਵੇਦ ਦੇ ਉਚਾਰਣ ਵਿਚ ਵੀ "यद्भूतं यच्च भाव्यम" ਦਾ ਉਚਾਰਣ (ਜ) ਸਹਿਤ "जद्भूतं जच्च भाविष्यम्म" ਹੁੰਦਾ ਸੀ । ਇਸੇ ਤਰ੍ਹਾਂ "सूर्य आत्मा" ਦਾ ਉਚਾਰਣ "सूर्ज्ज आत्मा" ਸੀ । ਇਸੇ ਤਰ੍ਹਾ ਮੂਰਧਨੀ (ਸ਼) ਦਾ ਉਚਾਰਣ (ਖ) ਹੋਇਆ ਕਰਦਾ ਸੀ । ਜਿੱਥੇ ਟ-ਵਰਗੀ ਧੁਨੀਆ ਦੇ ਵਾਤਾਵਰਣ ਤੋਂ ਬਾਹਰ "ष" ਰਹਿੰਦਾ ਸੀ ਉਥੇ ਮੂਰਧਨੀ (ष) ਦਾ ਉਚਾਰਣ "ख" (ਖ) ਮਿਲਦਾ ਹੈ ।* ਮਿਸਾਲ ਵਜੋਂ ਰਿਗਵੇਦ ਦੇ "ਪੁਰੁਸ਼ ਸੂਕਤ" ਦੇ ਇਕ ਮੰਤਰ-ਭਾਗ ਦੇ "सहस्रशीर्षा पुरुष:" ਦਾ ਉੱਚਾਰਣ "सहस्रशीर्खा पुरुख:" ਕੀਤਾ ਜਾਂਦਾ ਸੀ । ਅਰਥਾਤ "ਸ਼ੀਰਸ਼" ਦਾ ਸ਼ੀਰਖ, ਅਤੇ ਪੁਰੁਸ਼ ਦਾ ਪੁਰਖ ਹੁੰਦਾ ਸੀ । ਇਹ ਰੁਚੀ ਪੰਜਾਬੀ ਭਾਸ਼ਾ ਵਿਚ ਬਹੁਤ ਹੈ ।

---

* "पदादौ विद्यमानस्य ह संयुक्तस्य यस्य च
आदेशो हि जकार: स्यात् युक्त: सन् हरणेन तु" [माध्यन्दिनी शिक्षा]
"षकारस्य खकार: स्यात् टुक योगे तु नो भवेत्" [माध्यन्दिनी शिक्षा]

ਅਧਿਆਏ 3 : 3

ਵੈਦਿਕ ਭਾਸ਼ਾ/ਸੰਸਕ੍ਰਿਤ ਦਾ ਰੂਪ-ਵਿਗਿਆਨਿਕ ਅਧਿਐਨ
(Morphology of Vedic Sanskrit/Classical Sanskrit)

ਐਚ ਏ ਗਲੀਸਨ (1955 : 2) ਨੇ ਲਿਖਿਆ ਹੈ ਕਿ ਭਾਸ਼ਾ-ਵਿਗਿਆਨ ਇਕ ਅਜਿਹੀ ਵਿਗਿਆਨਿਕ ਵਿਧੀ ਹੈ ਜੋ ਕਿਸੇ ਭਾਸ਼ਾ ਦਾ ਅਧਿਐਨ ਉਸ ਦੀ ਆਂਤਰਿਕ ਸੰਰਚਨਾ ਦੇ ਸੰਦਰਭ ਵਿਚ ਹੀ ਕਰਨ ਲਈ ਜਤਨਸ਼ੀਲ ਹੁੰਦੀ ਹੈ। ਸੋ ਆਂਤਰਿਕ ਸੰਰਚਨਾ (internal structure) ਰੂਪ-ਵਿਗਿਆਨ (ਮਾਰਫਾਲੋਜੀ) ਦਾ ਅਧਿਐਨ-ਬਿੰਦੂ ਹੈ। ਇਸ ਦ੍ਰਿਸ਼ਟੀ ਤੋਂ ਰੂਪ-ਵਿਗਿਆਨ ਵਿਆਕਰਣ ਦਾ ਉਹ ਭਾਗ ਹੈ ਜਿਹੜਾ ਕਿ ਸ਼ਬਦਾਂ ਦੀ ਅੰਦਰੂਨੀ/ਆਂਤਰਿਕ ਸੰਰਚਨਾ ਦੀ ਪੜਚੋਲ ਕਰਦਾ ਹੈ ਅਤੇ ਸ਼ਬਦ-ਰਚਨਾ ਦੇ ਪੈਟਰਨ ਤਲਾਸ਼ ਕਰਕੇ ਭਾਸ਼ਾ-ਵਿਸ਼ੇਸ਼ ਦੇ ਸ਼ਬਦਾਤਮਕ ਨੇਮ ਸਥਾਪਿਤ ਕਰਦਾ ਹੈ।

ਰੂਪ ਵਿਗਿਆਨ ਦੀ ਕੇਂਦਰੀ ਸਮੱਸਿਆ ਇਹ ਹੈ ਕਿ ਅਸੀਂ ਸ਼ਬਦਾਂ ਦਾ ਕਿਵੇਂ ਨਿਰਮਾਣ ਕਰਦੇ ਹਾਂ ਅਤੇ ਇਸ ਤੋਂ ਛੁਟ ਅਸੀਂ ਕਿਵੇਂ ਹੋਰ ਅਜਿਹੇ ਸ਼ਬਦਾਂ ਨੂੰ ਸਹਿਜ-ਸੁਭਾ ਸਮਝਣ ਲਈ ਵੀ ਸਮਰਥ ਹੁੰਦੇ ਹਾਂ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਕਦੇ ਸੁਣਿਆ ਵੀ ਨਹੀਂ ਹੁੰਦਾ ਜਾਂ ਜਿਨ੍ਹਾਂ ਨਾਲ ਸਾਡਾ ਕਦੇ ਕੋਈ ਵਾਸਤਾ ਵੀ ਨਹੀਂ ਪਿਆ ਹੁੰਦਾ। ਰੂਪ-ਵਿਗਿਆਨ ਅਜਿਹੀ ਸਮੱਸਿਆ ਦੇ ਹੱਲ ਕਰਨ ਲਈ ਅਤੇ ਅਜਿਹੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਵਚਨਬੱਧ ਹੁੰਦਾ ਹੈ।

ਦਰਅਸਲ ਰੂਪ-ਵਿਗਿਆਨ ਦੇ ਦੋ ਹੀ ਮੁੱਖ ਪ੍ਰਕਾਰਜ ਹਨ : ਇਕ ਹੈ (1) ਉਪਲਬਧ ਸ਼ਬਦਾਂ ਦੀ ਆਂਤਰਿਕ ਸੰਰਚਨਾ ਦੀ ਜਾਣਕਾਰੀ ਹਾਸਲ ਕਰਨਾ, ਅਤੇ ਦੂਜਾ ਹੈ (2) ਸ਼ਬਦ ਰਚਨਾ ਦੀ ਰਚਨਾਤਮਕ ਜਾਣਕਾਰੀ ਪ੍ਰਾਪਤ ਕਰਨਾ। ਇਸ ਉਦੇਸ਼ ਦੀ ਪੂਰਤੀ ਵਿਚ ਰੂਪ-ਵਿਗਿਆਨ ਦਾ ਅਹਿਮ ਸੰਬੰਧ ਖ਼ਾਸ ਕਰਕੇ ਪ੍ਰਮੁਖ ਸ਼ਬਦ-ਸ਼੍ਰੇਣੀਆਂ ਨਾਲ ਸਥਾਪਿਤ ਹੁੰਦਾ ਹੈ। ਕਿਸੇ ਵੀ ਭਾਸ਼ਾ ਦੇ ਸ਼ਬਦ-ਸਮੂਹ ਨੂੰ ਦੋ ਮੁੱਖ-ਸ਼੍ਰੇਣੀਆਂ ਵਿਚ ਵਿਭਾਜਿਤ ਕੀਤਾ ਜਾਂਦਾ ਹੈ ਇਕ ਹੈ "ਮੁਕਤ" ਸ਼ਬਦ-ਸ਼੍ਰੇਣੀ (open set of word categories) ਅਤੇ ਦੂਜੀ ਹੈ "ਬੰਦ" ਸ਼ਬਦ-ਸ਼੍ਰੇਣੀ (closed set of word categories). ਖੁਲ੍ਹੀ/ਮੁਕਤ ਸ਼ਬਦ-ਸ਼੍ਰੇਣੀ ਵਿਚ *ਨਾਂਵ, ਵਿਸ਼ੇਸ਼ਣ, ਕਿਰਿਆ* ਅਤੇ *ਕਿਰਿਆ-ਵਿਸ਼ੇਸ਼ਣ* ਸ਼ਾਮਲ ਹੁੰਦੇ ਹਨ ਜਦ ਕਿ ਬੰਦ ਸ਼ਬਦ-ਸ਼੍ਰੇਣੀ ਵਿਚ *ਪੜਨਾਂਵ, ਯੋਜਕ, ਸੰਬੰਧਕ* ਅਤੇ *ਨਿਪਾਤ* ਸ਼ਾਮਲ ਹਨ। ਮਾਰਫਾਲੋਜੀ ਖੁਲ੍ਹੀ ਸ਼ਬਦ-ਸ਼੍ਰੇਣੀ ਨਾਲ ਵਧੇਰੇ ਸੰਬੰਧਿਤ ਹੁੰਦੀ ਹੈ ਕਿਉਂਕਿ ਮੁਕਤ ਸ਼੍ਰੇਣੀ ਦੇ ਸ਼ਬਦ-ਸਮੂਹ ਅਰਥਸ਼ੀਲ ਤੇ ਵਿਕਾਸਸ਼ੀਲ ਹੁੰਦੇ ਹਨ। ਇਸੇ ਲਈ ਮੁਕਤ ਸ਼ਬਦ-ਸ਼੍ਰੇਣੀ ਨੂੰ ਕੋਸ਼ਾਤਮਕ ਸ਼੍ਰੇਣੀ (lexical) ਅਤੇ ਬੰਦ ਸ਼੍ਰੇਣੀ ਨੂੰ ਵਿਆਕਰਣਿਕ ਜਾਂ ਕਾਰਜੀ ਸ਼੍ਰੇਣੀ (grammatical or function words) ਕਿਹਾ ਜਾਂਦਾ ਹੈ।

ਮਾਰਫੀਮ (morpheme)

ਭਾਸ਼ਾ ਦੀ ਨਿੱਕੀ ਤੋਂ ਨਿੱਕੀ (ਨਿਊਨਤਮ) ਸਾਰਥਿਕ ਇਕਾਈ ਮਾਰਫੀਮ ਜਾਂ ਰੂਪੀਮ ਹੈ। ਰੂਪੀਮ ਭਾਸ਼ਾ ਦੇ ਸ਼ਬਦਾਂ ਅਤੇ ਵਾਕਾਂ ਦੀ ਰਚਨਾ ਵਿਚ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਮਾਰਫੀਮ/ਰੂਪੀਮ ਸ਼ਬਦ-ਸਿਰਜਨਾਂ ਵਿਚ ਕਾਰਜੀ ਇਕਾਈਆਂ (functional units) ਹਨ। ਮਾਰਫੀਮਾਂ ਦਾ ਵਰਣਨ ਤੇ ਸਥਾਪਤੀ ਮਾਰਫਾਲੋਜੀ ਦਾ ਵਿਸ਼ਾ ਹੈ। ਜਿਸ ਤਰ੍ਹਾਂ ਧੁਨੀ-ਵਿਉਂਤ (phonology) ਦੀ ਨਿਊਨਤਮ ਇਕਾਈ ਫੋਨੀਮ (phoneme), ਜਾਂ ਧੁਨੀਆਂ ਹਨ, ਇਸੇ ਤਰ੍ਹਾਂ ਮਾਰਫਾਲੋਜੀ ਦੀ ਨਿਊਨਤਮ ਇਕਾਈ ਮਾਰਫੀਮ ਜਾਂ ਰੂਪੀਮ ਹਨ। ਰੂਪੀਮਾਂ ਦਾ ਵਿਸ਼ੇਸ਼ ਕ੍ਰਮ ਅਤੇ ਵਿਸ਼ੇਸ਼ ਸੰਗਠਨਕਾਰੀ ਪ੍ਰਬੰਧ ਵਿਚ ਸੰਯੋਜਨ ਹੀ ਭਾਸ਼ਾ ਦੀ ਰੂਪਾਤਮਕ ਅਤੇ ਵਾਕਾਤਮਕ ਰਚਨਾ ਦੀ ਆਧਾਰ-ਸ਼ਿਲਾ ਹੈ। ਪੂਰਬਲੇ ਵਿਆਕਰਣ ਸ਼ਬਦ-ਆਧਾਰਿਤ (word-based) ਸਨ ਪਰੰਤੂ ਆਧੁਨਿਕ ਵਿਆਕਰਣ ਮਾਰਫੀਮ-ਆਧਾਰਿਤ ਹਨ ਕਿਉਂਕਿ ਹੁਣ "ਸ਼ਬਦ" ਭਾਸ਼ਾ ਦੀ ਅੰਤਿਮ ਛੋਟੀ ਇਕਾਈ ਨਹੀਂ ਮੰਨੀ ਜਾਂਦੀ, ਸ਼ਬਦ ਤੋਂ ਅੱਗੇ ਹੋਰ ਛੋਟੀ ਭਾਸ਼ਕ ਇਕਾਈ "ਮਾਰਫੀਮ" ਵੀ ਹੈ, ਜੋ ਭਾਸ਼ਾ ਦੇ ਅਰਥਗਤ ਪ੍ਰਪੰਚ ਦੀ ਨੀਂਹ ਹੈ। ਇਸ ਤਰ੍ਹਾਂ "ਸ਼ਬਦ" ਨਾਮਕ ਵਸਤੂ ਤੋਂ ਪਰ੍ਹੇ "ਮਾਰਫੀਮ" ਹੀ ਭਾਸ਼ਾ ਦੀ ਰਚਨਾਤਮਕ ਭੂਮੀ ਸਿੱਧ ਹੁੰਦਾ ਹੈ। ਇਸ ਲਈ ਅਜੋਕਾ ਵਿਆਕਰਣ "ਮਾਰਫੀਮ-ਆਧਾਰਿਤ" ਮੰਨਿਆ ਜਾਂਦਾ ਹੈ।

ਸੰਸਕ੍ਰਿਤ ਸ਼ਬਦ ਸੰਰਚਨਾ (Sanskrit word-structure)


ਵੈਦਿਕ/ਸੰਸਕ੍ਰਿਤ ਭਾਸ਼ਾ ਦੀ ਅੰਦਰੂਨੀ ਸ਼ਬਦ-ਬਣਤਰ ਵਿਚ ਵਿਭਿੰਨ ਮਾਰਫੀਮ ਕਿਰਿਆਸ਼ੀਲ ਹੁੰਦੇ ਹਨ। ਜਦੋਂ ਅਸੀਂ ਕਿਸੇ ਸੰਸਕ੍ਰਿਤ ਸ਼ਬਦ ਦਾ ਖੰਡੀਕਰਨ (segmentation) ਕਰ ਕੇ ਵੱਖ ਵੱਖ ਰਚਨਾਂਗਾਂ (constituents) ਦੀ ਪਛਾਣ ਕਰਨ ਵੱਲ ਪ੍ਰਵਿਰਤ ਹੁੰਦੇ ਹਾਂ ਤਾਂ ਕਈ ਤਰ੍ਹਾਂ ਦੇ ਮਾਰਫੀਮ ਸਥਾਪਿਤ ਹੁੰਦੇ ਹਨ ਅਤੇ ਇਸ ਤਰ੍ਹਾਂ ਸੰਸਕ੍ਰਿਤ ਦੇ ਮਿਸ਼ਰਿਤ ਸ਼ਬਦਾਂ ਵਿਚ ਆਂਤਰਿਕ ਬਣਤਰ ਦਾ ਅਸਤਿਤਵ ਪ੍ਰਾਪਤ ਹੁੰਦਾ ਹੈ। ਮਾਰਫੀਮ ਬਹੁ-ਪ੍ਰਕਾਰੀ ਹਨ ਲੇਕਿਨ ਮੋਟੇ ਤੌਰ ਤੇ ਮਾਰਫੀਮ ਦੋ ਕਿਸਮਾਂ ਦੇ ਹੁੰਦੇ ਹਨ। ਸੁਤੰਤਰ (free) ਮਾਰਫੀਮ ਅਤੇ ਬੱਝਵੇਂ (bound) ਮਾਰਫੀਮ। ਸੁਤੰਤਰ ਮਾਰਫੀਮ ਉਹ ਹਨ ਜੋ ਕਿਸੇ ਹੋਰ ਅੰਗ ਉਤੇ ਆਸ਼ਰਿਤ ਨਹੀਂ ਹੁੰਦੇ ਅਤੇ ਬੱਝਵੇਂ ਮਾਰਫੀਮ ਉਹ ਹਨ ਜੋ ਕਿਸੇ ਅੰਗ/ਅੰਸ਼ ਉਤੇ ਆਸ਼ਰਿਤ ਹੋ ਕੇ ਕਾਰਜ ਕਰਦੇ ਹਨ। ਸੰਸਕ੍ਰਿਤ ਸ਼ਬਦ-ਰਾਸ਼ੀ ਵਿਚ ਵਰਤੇ ਜਾਂਦੇ ਮਾਰਫੀਮ ਦੋਹਾਂ ਕਿਸਮਾਂ ਦੇ ਉਪਲਬਧ ਹੁੰਦੇ ਹਨ। ਇਸ ਤਰ੍ਹਾਂ ਸੰਸਕ੍ਰਿਤ ਸ਼ਬਦਾਂ ਦਾ ਖੰਡੀਕਰਣ ਕਰਕੇ ਇਨ੍ਹਾਂ ਦੇ ਵਿਭਿੰਨ ਮਾਰਫੀਮ-ਖੰਡ ਜਾਂ ਲਘੂਤਮ ਸਾਰਥਕ ਯੂਨਿਟ ਪ੍ਰਾਪਤ ਹੁੰਦੇ ਹਨ। ਇਸ ਪਰਿਪੇਖ ਵਿਚ ਸਭ ਤੋਂ ਪਹਿਲਾਂ ਸੰਸਕ੍ਰਿਤ ਸ਼ਬਦਾਂ ਦੀ ਆਤਰਿਕ ਸੰਰਚਨਾ ਦਾ ਵਿਸ਼ਲੇਸ਼ਣ ਪੇਸ਼ ਕਰਦੇ ਹਾਂ ਤਾਂ ਕਿ ਅਸੀਂ ਇਹ ਜਾਣਕਾਰੀ ਹਾਸਲ ਕਰ ਸਕੀਏ ਕਿ ਸੰਸਕ੍ਰਿਤ ਦੇ ਮਿਸ਼ਰਿਤ ਸ਼ਬਦਾਂ ਦੀ ਅੰਦਰੂਨੀ ਜਾਂ ਆਂਤਰਿਕ ਬਣਤਰ ਕਿਸ ਕਿਸਮ ਦੀ ਹੈ। ਇਕ-ਦੋ ਮਿਸਾਲਾਂ ਹਾਜ਼ਰ ਕਰਕੇ ਇਸ ਵਿਚਾਰ-ਬਿੰਦੂ ਦਾ ਸਪਸ਼ਟੀਕਰਨ ਪੇਸ਼ ਕਰਦੇ ਹਾਂ। ਸੰਸਕ੍ਰਿਤ ਸ਼ਬਦ "ਅਧਿਨਾਯਕਤ੍ਵਮ" (अधिनायकत्वं) ਦਾ ਖੰਡੀਕਰਣ ਕਰਕੇ ਇਸ ਵਿਚ ਮੌਜੂਦ ਵਿਭਿੰਨ ਰੂਪੀਮਾਂ ਦੀ ਪਛਾਣ ਤੇ ਸਥਾਪਤੀ ਪੇਸ਼ ਕੀਤੀ ਜਾਂਦੀ ਹੈ।

"ਅਧਿਨਾਯਕਤ੍ਵਮ੍" ਦਾ ਖੰਡੀਕਰਣ (अधिनायकत्वम्)

1.	—	ਅਧਿ	—	(ਬੱਝਵਾਂ ਰੂਪੀਮ : Derivational prefix)
2.	—	ਨੀ	—	(ਸੁਤੰਤਰ ਰੂਪੀਮ : Root, monomorphemic)
3.	—	ਅਕ	—	(ਬੱਝਵਾਂ ਰੂਪੀਮ : Derivational suffix)
4.	—	ਤ੍ਰ	—	(ਬੱਝਵਾਂ ਰੂਪੀਮ : Derivational suffix)
5.	—	ਮ੍	—	(ਬੱਝਵਾਂ ਰੂਪੀਮ : Inflectional suffix)

ਅੰਦਰੂਨੀ ਸੰਰਚਨਾ ਦੀ ਦ੍ਰਿਸ਼ਟੀ ਤੋਂ "ਅਧਿਨਾਯਕਤ੍ਰਮ੍" ਵਿਚ 5 ਰਚਨਾਂਗ ਮਾਰਫੀਮ ਕਾਰਜਸ਼ੀਲ ਹਨ ਜਿਨ੍ਹਾਂ ਦੇ ਸੰਜੋਜਨ ਤੋਂ ਇਸ ਸ਼ਬਦ ਦੀ ਰਚਨਾ ਹੁੰਦੀ ਹੈ । ਇਹ ਪੰਜੇ ਮਾਰਫੀਮ ਸ਼ਬਦ ਦੀ ਅੰਦਰੂਨੀ ਬਣਤਰ ਵਿਚ ਇਕ ਖ਼ਾਸ ਤਰਤੀਬ ਨਾਲ ਅਤੇ ਇਕ ਖ਼ਾਸ ਪ੍ਰਬੰਧ ਵਿਚ ਹੀ ਸੰਗਠਿਤ ਹੁੰਦੇ ਹਨ । ਸ਼ਬਦ-ਸਿਰਜਨਾ ਦੀ ਪ੍ਰਕਿਰਿਆ ਵਿਚ ਇਹ ਕ੍ਰਮ-ਵਿਊਂਤ ਸਦਾ ਸਥਿਰ ਰਹਿੰਦੀ ਹੈ ਅਤੇ ਇਨ੍ਹਾਂ ਘੜਨਸ਼ੀਲ ਤੱਤਾਂ ਦੇ ਅਗੇ-ਪਿੱਛੇ ਕਰਨ ਨਾਲ ਸਵੀਕ੍ਰਿਤ ਸ਼ਬਦ ਨਹੀਂ ਬਣ ਸਕਦੇ । ਹੁਣ "ਅਧਿਨਾਯਕਤ੍ਰਮ" ਦਾ ਡਾਇਗ੍ਰਾਮ ਅੰਕਿਤ ਕਰਦੇ ਹਾਂ :

(1) N = noun (2) DA = Derivational affix (3) R = Root (4) IA =



Inflectional affix.

ਉਪਰੋਕਤ ਜਿਨ੍ਹਾਂ ਰਚਨਾਂਗਾਂ (constituents) ਦਾ ਹਵਾਲਾ ਦਿੱਤਾ ਗਿਆ ਹੈ ਹੁਣ ਅਸੀਂ ਉਨ੍ਹਾਂ ਦੀ ਪਰਿਭਾਸ਼ਾ, ਬਣਤਰ, ਕਾਰਜੀ ਵਿਧਾਨ ਅਤੇ ਪਛਾਣ ਦਾ ਜਾਇਜ਼ਾ ਪ੍ਰਸਤੁਤ ਕਰਦੇ ਹਾਂ ਤਾਂ ਜੋ ਭਾਸ਼ਾਗਤ ਸ਼ਬਦ-ਸਿਰਜਨਾ ਦੀ ਪ੍ਰਕਿਰਿਆ ਵਿਚ ਇਨ੍ਹਾਂ ਦੀ ਰਚਨਾਤਮਕ ਭੂਮਿਕਾ ਦੀ ਅਹਿਮੀਅਤ ਨੂੰ ਵੇਖਿਆ ਜਾ ਸਕੇ । ਸਭ ਤੋਂ ਪਹਿਲਾਂ ਕੇਂਦਰੀ ਹੈਸੀਅਤ ਦੀ ਧਾਰਨੀ "ਧਾਤੂ" ਦੇ ਸੰਕਲਪ ਦਾ ਕਥਨ ਕੀਤਾ ਜਾਂਦਾ ਹੈ ।

ਧਾਤੂ (root)

ਧਾਤੂ ਸ਼ਬਦੀਮ ਦੀ ਅਜਿਹੀ ਆਧਾਰ-ਭੂਤ (base) ਇਕਾਈ ਹੈ ਜਿਸ ਦਾ ਹੋਰ ਨਿੱਕੀਆਂ ਇਕਾਈਆਂ/ਖੰਡਾਂ ਵਿਚ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ । ਜਾਂ ਇਉਂ ਕਹਿ

ਸਕਦੇ ਹਾਂ ਕਿ "ਧਾਤੂ" ਸਿੱਧ ਸ਼ਬਦ ਦਾ ਉਹ ਬਾਕੀ ਬਚਿਆ ਹਿੱਸਾ/ਟੋਟਾ ਹੈ ਜਿਸ ਨਾਲੋਂ ਸਾਰੇ ਵਧੇਤਰ ਅੱਡ ਕਰਕੇ ਉਤਾਰ ਲਏ ਜਾਣ। ਇਸ ਤਰ੍ਹਾਂ ਜੋ ਅਵਸ਼ੇਸ਼ ਬਕਾਇਆ ਭਾਗ ਰਹਿ ਜਾਂਦਾ ਹੈ ਉਹ "ਧਾਤੂ" ਹੈ।

ਸੰਸਕ੍ਰਿਤ ਭਾਸ਼ਾ ਵਿਚ "ਧਾਤੂ" ਦਾ ਖ਼ਾਸ ਤੌਰ ਤੇ ਮਹੱਤਵ ਸਥਾਪਿਤ ਹੋਇਆ ਹੈ। ਸੰਸਕ੍ਰਿਤਵਾਦੀਆਂ ਦੀ ਇਹ ਪੱਕੀ ਧਾਰਣਾ ਹੈ ਅਤੇ ਉਨ੍ਹਾਂ ਦੀ ਇਹ ਵਿਵਹਾਰਿਕਤਾ ਵੀ ਹੈ ਕਿ ਸੰਸਕ੍ਰਿਤ ਦੇ ਸਮੂਹ ਸ਼ਬਦ-ਕੋਸ਼ (lexicon) ਦੀ ਜੜ੍ਹ ਵਿਚ ਕੋਈ ਨਾ ਕੋਈ "ਧਾਤੂ" ਵਿੱਦਮਾਨ ਰਹਿੰਦੀ ਹੈ, ਅਰਥਾਤ ਹਰ ਸੰਸਕ੍ਰਿਤ ਸ਼ਬਦ ਦਾ ਬਣਤਰੀ ਵਿਸ਼ਲੇਸ਼ਣ ਕਰਕੇ ਉਸ ਦੇ ਧਾਤੂ (ਮੂਲ ਤੱਤ) ਤਕ ਪਹੁੰਚਿਆ ਜਾ ਸਕਦਾ ਹੈ। ਸੰਸਕ੍ਰਿਤ ਵਿਚ ਧਾਤੂ ਹੀ ਕੇਂਦਰੀ ਭਾਵ ਦਾ ਸੂਚਕ ਹੁੰਦਾ ਹੈ ਅਤੇ ਇਹ ਧਾਤੂ ਹੀ ਸੰਸਕ੍ਰਿਤ ਸ਼ਬਦ-ਰਚਨਾ ਦਾ ਮੇਰੂਦੰਡ ਅਰਥਾਤ nucleus ਹੈ। ਸੰਸਕ੍ਰਿਤ ਵਿਆਕਰਣਕਾਰਾਂ ਨੇ ਧਾਤੂ ਨੂੰ ਕ੍ਰਿਆਤਮਕ ਮੰਨਿਆ ਹੈ। ਸੰਸਕ੍ਰਿਤ ਭਾਸ਼ਾ-ਵਿਗਿਆਨੀਆਂ ਨੇ ਧਾਤੂ ਨਾਲ ਕੋਈ ਨਾ ਕੋਈ ਵਧੇਤਰ ਜੋੜ ਕੇ ਸਾਰਿਆਂ ਸ਼ਬਦਾਂ ਦੀ ਵਿਉਤਪੱਤੀ ਸਿੱਧ ਕਰਨ ਦੀ ਚੇਸ਼ਟਾ ਕੀਤੀ ਹੈ। ਡਾ ਵਿਆਸ ਦਾ ਵਿਚਾਰ ਹੈ ਕਿ ਸੰਸਕ੍ਰਿਤ ਧਾਤੂ ਕਿਸੇ ਨਿਸ਼ਚਿਤ ਵਿਆਕਰਨਿਕ ਅਰਥ ਦਾ ਬੋਧ ਨਾ ਕਰਾ ਕੇ ਇਕ ਆਮ ਭਾਵ ਦੇ ਲਖਾਇਕ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਕਿਰਿਆ, ਨਾਂਵ ਆਦਿ ਸੁੰਗੜਵੇਂ ਦਾਇਰੇ ਵਿਚ ਨਹੀਂ ਬੰਨ੍ਹ ਸਕਦੇ।

ਸੰਸਕ੍ਰਿਤ ਵਿਆਕਰਣ-ਸ਼ਾਸਤ੍ਰ ਵਿਚ "ਧਾਤੂ" ਦੀ ਕੋਈ ਪਰਿਭਾਸ਼ਾ ਦਿੱਤੀ ਹੋਈ ਨਹੀਂ ਮਿਲਦੀ। ਪਾਣਿਨੀ ਦਾ ਸੂਤ੍ਰ ਹੈ ਜਿਸ ਵਿਚ ਧਾਤੂ ਸ਼ਬਦ ਦਾ ਉਲੇਖ ਹੋਇਆ ਮਿਲਦਾ ਹੈ। ਸੂਤ੍ਰ ਇਹ ਹੈ :

भूवादयो धातवः (१. ३. १)

क्रियावाचिनो भ्वादयो धातुसंज्ञा स्यु.

ਅਰਥਾਤ ਕਿਰਿਆਵਾਚੀ "ਭੂ" (to be) ਆਦਿਕਾਂ ਦੀ ਧਾਤੂ ਸੰਗਿਆ (ਨਾਮਕਰਣ) ਹੁੰਦੀ ਹੈ। ਪਰ ਇਹ ਪਰਿਭਾਸ਼ਾ ਨਹੀਂ ਹੈ ਕੇਵਲ ਕਿਰਿਆਵਾਚਕ ਰੂਪਾਂ ਨੂੰ ਧਾਤੂ ਕਿਹਾ ਹੈ। ਸੰਸਕ੍ਰਿਤ ਧਾਤੂ-ਰੂਪਾਂ ਦਾ ਜੇਕਰ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਉਨ੍ਹਾਂ ਦੀ ਧੁਨੀਆਤਮਕ ਬਣਤਰ ਇਕ-ਉਚਾਰ-ਖੰਡੀ (monosyllabic) ਹੀ ਸਿੱਧ ਹੁੰਦੀ ਹੈ ਅਰਥਾਤ ਧਾਤੂ ਰੂਪਾਂ ਵਿਚ ਇਕ ਸੁਰ ਅਤੇ ਅੱਗੇ-ਪਿੱਛੇ ਹੋਰ ਵਿਅੰਜਨ ਸੰਜੁਗਤ ਹੁੰਦੇ ਹਨ। ਸੁਰ ਲਈ v (=vowel) ਅਤੇ ਵਿਅੰਜਨ ਲਈ C (=consonant) ਮਿਥ ਕੇ ਸੰਸਕ੍ਰਿਤ ਧਾਤੂਆਂ ਦੇ ਜਦ ਅਸੀਂ ਪੈਟਰਨ ਉਲੀਕਦੇ ਹਾਂ ਤਾਂ ਹੇਠ ਲਿਖੇ ਅੱਠ ਪੈਟਰਨ ਸਥਾਪਿਤ ਹੁੰਦੇ ਹਨ :

ਸੰਸਕ੍ਰਿਤ ਧਾਤੂਆਂ (roots) ਦੇ ਪੈਟਰਨ

(1)	V	(ਜਿਵੇਂ ਧਾਤੂ "-ਇ-"	=	इण् गतौ
(2)	VC	(ਜਿਵੇਂ "ਆਸ੍" ਜਾਂ "ਆਪ੍"	=	आस्, आप्
(3)	VCC	(ਜਿਵੇਂ "ਉਕਸ਼"	=	उक्ष
(4)	CV	(ਜਿਵੇਂ "ਕ੍ਰਿ"	=	कृ
(5)	CCV	(ਜਿਵੇਂ "ਕ੍ਰੀ"	=	क्री
(6)	CCVC	(ਜਿਵੇਂ "ਕਸ਼ਰ੍"	=	क्षर्
(7)	CCVCC	(ਜਿਵੇਂ "ਸ੍ਪਨ੍ਦ੍"	=	स्पन्द्
(8)	CVCC	(ਜਿਵੇਂ "ਮਨ੍ਦ"	=	मन्द्

ਬੱਸ, ਇਨ੍ਹਾਂ 8 ਕਿਸਮਾਂ ਦੇ ਧਾਤੂ-ਪੈਟਰਨਾਂ ਤੋਂ ਹੀ ਸੰਸਕ੍ਰਿਤ ਭਾਸ਼ਾ ਦੇ ਸਮਸਤ

ਰੂਪਾਤਮਕ ਤੇ ਸ਼ਬਦਾਤਮਕ ਰੂਪਾਂ ਦਾ ਸਮੁੱਚਾ ਸ਼ਬਦ-ਕੋਸ਼ ਉਸਰ ਜਾਂਦਾ ਹੈ ਜੋ ਸੰਸਕ੍ਰਿਤ ਮਾਰਫਾਲੋਜੀ ਦੀ ਆਧਾਰ-ਸ਼ਿਲਾ ਵਜੋਂ ਕਾਰਜਸ਼ੀਲ ਹੁੰਦਾ ਹੈ ।

ਮੂਲਾਂਸ਼ (stem)

ਮੂਲਾਂਸ਼ ਅਜਿਹਾ ਮੂਲ-ਰੂਪ ਹੈ ਜਿਸ ਨਾਲ ਅਗੇਤਰ-ਪਿਛੇਤਰ ਸੰਯੁਗਤ ਹੋ ਸਕਦੇ ਹਨ । ਅਗੇਤਰ-ਪਿਛੇਤਰ ਤਾਂ ਧਾਤੂ (root) ਨਾਲ ਵੀ ਜੁੜਦੇ ਹਨ ਪਰ ਧਾਤੂ ਤੇ ਮੂਲਾਂਸ਼ ਦਾ ਫ਼ਰਕ ਇਹ ਹੈ ਕਿ ਧਾਤੂ ਤਾਂ ਮੂਲਾਂਸ਼ ਹੋ ਸਕਦਾ ਹੈ ਲੇਕਿਨ ਮੂਲਾਂਸ਼, ਧਾਤੂ ਨਹੀਂ ਹੋ ਸਕਦਾ । ਨਾਲੇ ਧਾਤੂ ਉਦੋਂ ਤਕ ਧਾਤੂ ਹੈ ਜਦ ਤਕ ਉਸ ਨਾਲ ਕੋਈ ਅਗੇਤਰ-ਪਿਛੇਤਰ ਜਾਂ ਸਿਫਰ ਵਧੇਤਰ (zero affix) ਨਹੀਂ ਜੁੜਦਾ (P. H. Mathews). ਇਹ ਮੂਲਾਂਸ਼ (stem) ਹੀ ਹੈ ਜਿਸ ਨਾਲ ਵਿਭਕਤੀ-ਮੂਲਕ ਵਧੇਤਰ (inflectional affixes) ਸੰਜੁਗਤ ਹੁੰਦੇ ਹਨ । ਕਈਆਂ ਹਾਲਤਾਂ ਵਿਚ ਮੂਲਾਂਸ਼ ਵੀ ਧਾਤੂ ਹੋ ਸਕਦਾ ਹੈ । ਡੇਵਿਡ ਕ੍ਰਿਸਟਲ ਦੇ ਅਨੁਸਾਰ ਮੂਲਾਂਸ਼ ਤਿੰਨ ਕਿਸਮ ਦੇ ਹੁੰਦੇ ਹਨ :

(1) ਇਕਹਿਰੇ ਧਾਤੂ ਮਾਰਫੀਮ ਮੂਲਾਂਸ਼ (Single root morpheme as : man)

(2) ਦੂਹਰੇ ਧਾਤੂ ਮਾਰਫੀਮ ਮੂਲਾਂਸ਼ (Two root morpheme as : blackbird)

(3) ਧਾਤੂ ਜਮ੍ਹਾਂ ਵਿਉਤਪਾਦਕ ਵਧੇਤਰ ਮੂਲਾਂਸ਼ (A root morpheme plus a derivational affix as : manly)

ਸੰਸਕ੍ਰਿਤ ਵਿਆਕਰਣਕਾਰ ਪਾਣਿਨੀ ਨੇ ਇਕ ਸੂਤ੍ਰ ਵਿਚ ਭਾਸ਼ਕ ਸੰਕਲਪ "ਪ੍ਰਾਤਿਪਦਿਕ" ਦੀ ਪਰਿਭਾਸ਼ਾ ਪੇਸ਼ ਕੀਤੀ ਹੈ ਜੋ ਮੂਲਾਂਸ਼/stem ਨਾਲ ਮਿਲਦੀ-ਜੁਲਦੀ ਹੈ । ਸੂਤ੍ਰ ਇਹ ਹੈ :

"अर्थवदधातु र प्रत्ययः प्रातिपदिकम्" (१-२-४५)

ਪਾਣਿਨੀ ਦਾ ਕਹਿਣਾ ਹੈ ਕਿ ਧਾਤੂ ਤੇ ਵਧੇਤਰ ਨੂੰ ਛੱਡ ਕੇ ਜੋ ਅਰਥਵਾਨ ਸ਼ਬਦ-ਤੱਤ ਹੈ ਉਹ ਪ੍ਰਾਤਿਪਦਿਕ ਹੈ । ਉਦਾਹਰਣ ਵਜੋਂ ਪਾਣਿਨੀ ਨੇ /ਰਾਮ/ ਨੂੰ ਪ੍ਰਾਤਿਪਦਿਕ ਦੀ ਸੰਗਿਆ ਦਿੱਤੀ ਹੈ ਕਿਉਂਕਿ ਵਿਭਕਤੀ-ਰਹਿਤ /ਰਾਮ/ ਨਾ ਧਾਤੂ ਹੈ, ਨਾ ਵਧੇਤਰ ਹੈ, ਇਹ ਅਰਥਵਾਨ ਹੈ, ਇਨ੍ਹਾਂ ਲੱਛਣਾਂ ਕਰਕੇ "ਰਾਮ" ਅਜੇ ਪ੍ਰਾਤਿਪਦਿਕ ਹੀ ਹੈ । ਪਰ "ਰਾਮ" ਨਾਲ ਵਿਭਕਤੀ ਜੁੜ ਕੇ ਰਚਿਤ /ਰਾਮ / ਨੂੰ ਪਦ ਕਿਹਾ ਹੈ ਕਿਉਂਕਿ ਪਾਣਿਨੀ ਦੇ ਅਨੁਸਾਰ ਨਾਂਵੀ ਵਿਭਕਤੀ ਜਾਂ ਕਿਰਿਆਵੀ ਵਿਭਕਤੀ (ਸੁਬੰਤ, ਤਿਙੰਤ) ਸਹਿਤ lexeme ਹੀ "ਪਦ" ਹੈ ।

ਵਧੇਤਰ (Affixes)

ਵਧੇਤਰ ਜਾਂ affixes ਸਾਮੂਹਿਕ ਰਚਨਾਤਮਕ ਮਾਰਫੀਮ ਹੁੰਦੇ ਹਨ ਜੋ ਧਾਤੂ ਜਾਂ ਮੂਲਾਂਸ਼ ਨਾਲ ਜੁੜ ਕੇ ਵਰਤੋਂ ਵਿਚ ਆਉਂਦੇ ਹਨ । ਵਧੇਤਰ ਕੀ ਹਨ ? ਇਹ ਬੱਝਵੇਂ ਕਿਸਮ ਦੇ ਮਾਰਫੀਮ ਹੀ ਹੁੰਦੇ ਹਨ । ਅਜਿਹੀ ਰੂਪਾਤਮਕ (morphological) ਪ੍ਰਕਿਰਿਆ ਜਿਸ ਦੁਆਰਾ ਵਿਆਕਰਣਿਕ ਜਾਂ ਕੋਸ਼ਾਤਮਕ ਸੂਚਨਾ ਮੂਲਾਂਸ਼ ਨਾਲ ਸੰਯੁਗਤ ਕੀਤੀ ਜਾਂਦੀ ਹੈ ਉਸ ਨੂੰ "ਵਧੇਤਰੀਕਰਣ" (affixation) ਕਿਹਾ ਜਾਂਦਾ ਹੈ ।

ਵਧੇਤਰ ਤਿੰਨ ਤਰ੍ਹਾਂ ਹੁੰਦੇ ਹਨ : ਅਗੇਤਰ, ਮਧੇਤਰ ਤੇ ਪਿਛੇਤਰ । ਅਗੇਤਰ ਧਾਤੂ/ਮੂਲਾਂਸ਼ ਦੇ ਅੱਗੇ (ਸ਼ੁਰੂ, ਆਦਿ) ਜੁੜਦੇ ਹਨ, ਪਿਛੇਤਰ ਸ਼ਬਦਾਂ ਦੇ ਅੰਤ ਤੇ ਜੁੜਦੇ ਹਨ ਅਤੇ ਮੱਧੇਤਰ ਸ਼ਬਦਾਂ ਦੇ ਵਿਚਕਾਰ ਜੁੜਦੇ ਹਨ । ਸੰਸਕ੍ਰਿਤ ਵਿਚ ਤਿੰਨੋਂ ਕਿਸਮ ਦੇ ਵਧੇਤਰ ਮਿਲਦੇ ਹਨ । ਸੰਸਕ੍ਰਿਤ ਪਾਰਿਭਾਸ਼ਿਕ ਸ਼ਬਦਾਵਲੀ ਵਿਚ ਉਪਸਰਗ (prefix),

ਆਗਮ (infix) ਅਤੇ ਪ੍ਰਤਿਯਯ (suffix) ਤਿੰਨ ਤਰ੍ਹਾਂ ਦੇ ਵਧੇਤਰ ਹਨ। ਇਹ ਤਿੰਨੋ ਕਿਸਮ ਦੇ ਵਧੇਤਰ ਸਾਰਥਕ, ਲਘੁਤਮ (minimal), ਬੱਝਵੇਂ (bound) ਮਾਰਫੀਮ ਹਨ ਜਿਹੜੇ ਕਿ ਸੰਸਕ੍ਰਿਤ ਭਾਸ਼ਾ ਦੀਆ ਸ਼ਬਦ-ਸ਼ਰੇਣੀਆ ਦੇ ਨਿਰਮਾਣ ਵਿਚ ਮੌਲਿਕ ਭੂਮਿਕਾ ਅਦਾ ਕਰਦੇ ਹਨ। ਇਹ ਵੀ ਜ਼ਰੂਰੀ ਤੱਥ ਹੈ ਕਿ ਇਹ ਵਧੇਤਰ ਸ਼ਬਦ-ਰਚਨਾ ਦੀ ਪ੍ਰਕਿਰਿਆ ਵਿਚ ਸਿਰਫ ਕੋਸ਼ਾਤਮਕ ਸ਼ਬਦ-ਸ਼ਰੇਣੀਆਂ (lexical categories) ਨਾਲ ਹੀ ਸੰਜੁਗਤ ਹੁੰਦੇ ਹਨ ਅਤੇ ਵਿਆਕਰਣਿਕ/ਸੰਰਚਨਾਤਮਕ (grammatical\structural) ਸ਼ਬਦ-ਸ਼ਰੇਣੀਆਂ ਨਾਲ ਸੰਯੁਗਤ ਨਹੀਂ ਹੁੰਦੇ।

ਦੁਹਰੁਕਤੀ (Reduplication)

ਉਪਰੋਕਤ ਤੋਂ ਇਲਾਵਾ ਸੰਸਕ੍ਰਿਤ ਵਿਚ ਰੂਪਾਤਮਕ ਅੰਦਰੂਨੀ ਸੰਰਚਨਾ ਦੇ ਸੰਬੰਧ ਵਿਚ ਇਕ ਹੋਰ ਕਿਸਮ ਦਾ ਵਧੇਤਰ ਵੀ ਮਿਲਦਾ ਹੈ ਜਿਸ ਨੂੰ reduplicative affix (ਦੁਹਰਾਉ-ਪੂਰਣ ਵਧੇਤਰ) ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਆਕਰਣ ਵਿਚ ਇਸ ਵਿਧਾਨਿਕ ਜੁਗਤ ਨੂੰ ਅਭਿਆਸ (अभ्यास) ਕਿਹਾ ਗਿਆ ਹੈ। ਦੁਹਰਾਉ ਵਧੇਤਰ ਧਾਤੂ/ਮੂਲਾਂਸ਼ ਦੇ ਰੂਪ ਨੂੰ ਪੂਰਨ ਭਾਤ ਜਾਂ ਆਂਸ਼ਿਕ ਤੌਰ ਤੇ ਦੁਹਰਾਉ ਪ੍ਰਦਾਨ ਕਰਦਾ ਹੈ/reduplicate ਕਰਦਾ ਹੈ। ਸੰਸਕ੍ਰਿਤ ਵਿਆਕਰਣ ਵਿਚ "ਯਙੰਤ ਪ੍ਰਕ੍ਰਿਯਾ" ਦੇ ਪ੍ਰਕਰਣ ਵਿਚ duplication ਦੀ ਪ੍ਰਵਿਰਤੀ ਬਿਆਨ ਕੀਤੀ ਗਈ ਹੈ। ਮਿਸਾਲ ਦੇ ਤੌਰ ਤੇ :

"ਵਾਰ ਵਾਰ ਹੋਣਾ" ਇਸ ਮੰਤਵ ਲਈ "ਭੂ" ਧਾਤੂ ਨੂੰ ਦੁਹਰਾ ਕੇ ਇਹ ਕਿਰਿਆ ਰੂਪ ਬਣਦਾ ਹੈ * "-ਬੋਭੂਯਤੇ" ਇਸ ਵਿਚ/ਭ-ਬ/ਦਾ ਦੁਹਰਾਉ ਹੈ ਜੋ ਧਾਤੂ ਦਾ ਹੀ ਅੰਸ਼ ਹੈ। ਇਸ ਨੂੰ reduplicative affix ਕਿਹਾ ਜਾਂਦਾ ਹੈ, ਇਸ ਨਾਲ ਅਰਥ ਵਿਚ "ਵਾਰ ਵਾਰ" ਦਾ ਭਾਵ ਜੁੜ ਜਾਂਦਾ ਹੈ। ਪਰ ਸਾਧਾਰਣ ਹਾਲਤ ਵਿਚ "ਭੂ" ਧਾਤੂ ਦਾ ਕ੍ਰਿਆਰੂਪ ਬਣਦਾ ਹੈ "ਭਵਤਿ"। ਏਥੇ "ਭੂ" ਧਾਤੂ ਵਿਚ ਦੁਹਰਾਉ ਸਮੇਂ ਧੁਨੀਆਤਮਕ ਵਿਕਾਰ ਹੀ ਪੈਦਾ ਹੁੰਦਾ ਹੈ। ਇਸੇ ਮਾਡਲ ਤੇ "ਨ੍ਰਿਤ" ਧਾਤੂ ਤੋਂ ਦੁਹਰੁਕਤੀ-ਪੂਰਣ ਰੂਪ ਬਣਦਾ ਹੈ "- ਨਰੀਨ੍ਰਿਤਯਤੇ", ਪਰ ਆਮ ਹਾਲਤ ਵਿਚ ਇਸੇ ਧਾਤੂ ਦਾ ਕ੍ਰਿਆਰੂਪ ਹੈ ਨ੍ਰਿਤਯਤਿ।

ਅਪਸ਼ਰੁਤੀ (Ablaut) : ਸੰਸਕ੍ਰਿਤ ਸ਼ਬਦ-ਸੰਰਚਨਾ ਵਿਚ ਅਪਸ਼ਰੁਤੀ ਦਾ ਵੀ ਯੋਗਦਾਨ ਹੈ। ਕਿਸੇ ਸਵਰ ਜਾ ਸੁਰ-ਸੰਜੋਗ ਨੂੰ ਕਿਸੇ ਹੋਰ ਸਵਰ ਨਾਲ ਰੂਪਾਂਤਰ ਕਰ ਦੇਣਾ ਵੀ ਸ਼ਬਦ-ਰਚਨਾ ਦੀ ਇਕ ਹੋਰ ਰਚਨਾਤਮਕ ਵਿਧੀ ਹੈ। ਸੰਸਕ੍ਰਿਤ ਵਿਚ ਅਪਸ਼ਰੁਤੀ ਦੀ ਜੁਗਤ ਵੀ ਕਾਰਜਸ਼ੀਲ ਹੁੰਦੀ ਹੈ। ਮਿਸਾਲ ਵਜੋਂ

(1) ਪੁਤ੍ਰ → ਪੌਤ੍ਰ (पुत्र → पौत्र) ਉ → ਔ : ਪਰਿਵਰਤਨ
(2) ਬੁਦ੍ਧ → ਬੌਦ੍ਧ (बुद्ध → बौद्ध) ਉ → ਔ : ਪਰਿਵਰਤਨ
(3) ਇੰਦ੍ਰ → ਐਂਦ੍ਰ (इन्द्र → ऐन्द्र) ਇ → ਐ : ਪਰਿਵਰਤਨ
(4) ਤਿਲ → ਤੈਲ (तिल → तैल) ਇ → ਐ : ਪਰਿਵਰਤਨ

ਸੁਰਾਘਾਤ (Accentuation)

ਵੈਦਿਕ ਸੰਸਕ੍ਰਿਤ ਵਿਚ ਸੁਰ-ਪ੍ਰਣਾਲੀ ਅਥਵਾ ਸੁਰਾਘਾਤ (accents) ਵੀ ਅਜਿਹੇ ਪ੍ਰਸਾਧਨ ਹਨ ਜਿਨ੍ਹਾਂ ਦੁਆਰਾ ਸੰਸਕ੍ਰਿਤ ਸ਼ਬਦ ਦੀ ਨਵੀਂ ਵਾਕਾਤਮਕ ਸ਼ਰੇਣੀ ਦੀ ਉਸਾਰੀ ਹੋ ਜਾਂਦੀ ਹੈ। ਇਸ ਨੂੰ ਸਿਫਰ-ਵਿਉਤਪੱਤੀ (zero-derivation) ਕਿਹਾ ਜਾਂਦਾ ਹੈ।

* पुनः पुनरतिशयेन वा भवति "बोभूयते"।

ਇਹ ਚਰਚਾ ਵਧੇਤਰ ਰਹਿਤ ਰੂਪ-ਰਚਨਾ-ਵਿਗਿਆਨ (non-affixal morphology) ਤੇ ਅੰਤਰਗਤ ਸ਼ਾਮਲ ਹੁੰਦੀ ਹੈ ਅਤੇ ਇਸ ਵਿਚ ਟੋਨ, ਐਕਸੈਂਟ ਅਤੇ ਹੋਰ ਅਧਿਖੰਡੀ ਰੂਪਾਤਮਕ ਫੀਚਰ ਵਿਚਾਰੇ ਜਾਂਦੇ ਹਨ। ਵੈਦਿਕ ਸੰਸਕ੍ਰਿਤ ਵਿਚ ਸੁਰਾਘਾਤ "ਸ਼ਬਦ-ਵਿਉਤਪਾਦਨ" ਪ੍ਰਕਿਰਿਆ ਵਿਚ ਖ਼ਾਸ ਰੋਲ ਅਦਾ ਕਰਦਾ ਹੈ। ਪਿੱਛੇ ਅਸੀਂ "ਇੰਦ੍ਰਸ਼ਤਰੂ" (इन्द्रशत्रु) ਦਾ ਦ੍ਰਿਸ਼ਟਾਂਤ ਵੇਖ ਆਏ ਹਾਂ। ਇਸ ਵਿਚ ਸੁਰਾਘਾਤ ਦੀ ਅਦਲਾ-ਬਦਲੀ ਦੇ ਸਿੱਟੇ ਵਜੋਂ ਅਰਥ-ਪਰਿਵਰਤਨ ਹੋ ਜਾਂਦਾ ਹੈ। ਐਕਸੈਂਟ ਦੇ ਕਾਰਣ ਇਕ ਪਾਸੇ "ਬਹੁਬ੍ਰੀਹੀ" ਸਮਾਸ ਅਤੇ ਦੂਜੇ ਪਾਸੇ "ਤਤਪੁਰਸ਼" ਸਮਾਸ ਦਾ ਵਿਗ੍ਰਹ ਹੁੰਦਾ ਹੈ :

ਤਤਪੁਰਸ਼ ਸਮਾਸ — ਇੰਦਰ ਦਾ ਸ਼ਤਰੂ = ਇੰਦ੍ਰਸ਼ਤਰੂ।

ਬਹੁ ਬ੍ਰੀਹੀ ਸਮਾਸ — ਇੰਦ੍ਰ ਹੈ ਸ਼ਤਰੂ ਜਿਸਦਾ = ਇੰਦ੍ਰਸ਼ਤ੍ਰੁ।

ਇਨ੍ਹਾਂ ਦੋ ਸਮਾਸਾਂ ਦੀ ਹੋਂਦ ਸੁਰਾਘਾਤ ਤੇ ਨਿਰਭਰ ਕਰਦੀ ਹੈ ਜਿਸ ਨਾਲ ਅਰਥਾਂ ਵਿਚ ਤਬਦੀਲੀ ਵਾਪਰਦੀ ਹੈ। ਸੋ ਸੁਰ-ਪ੍ਰਣਾਲੀ ਵੀ ਸ਼ਬਦ-ਰਚਨਾ ਦੀ ਵਿਧਾਨਿਕ ਜੁਗਤ ਹੈ।

ਸੰਸਕ੍ਰਿਤ ਸ਼ਬਦ-ਰਚਨਾ (Sanskrit word-formation)


ਮਨੁੱਖੀ ਭਾਸ਼ਾ ਦੀ ਇਹ ਉਲੇਖ-ਯੋਗ ਵਿਸ਼ੇਸ਼ਤਾ ਹੈ ਕਿ ਇਸ ਵਿਚ ਨਵੇਂ ਨਵੇਂ ਸ਼ਬਦਾਂ ਦੀ ਰਚਨਾ ਕਰਨ ਦੀ ਯੋਗਤਾ ਤੇ ਸਮਰਥਾ ਹਮੇਸ਼ਾ ਕਾਇਮ ਰਹਿੰਦੀ ਹੈ। ਇਨ੍ਹਾਂ ਅਰਥਾਂ ਵਿਚ ਸੰਸਕ੍ਰਿਤ ਭਾਸ਼ਾ ਦੀ ਸ਼ਬਦ-ਸਿਰਜਨ ਸ਼ਕਤੀ ਲਾਜਵਾਬ ਹੈ। ਸੰਸਕ੍ਰਿਤ ਦੀ ਆਂਤਰਿਕ ਸੰਰਚਨਾ ਬਾਰੇ ਅਸੀਂ ਪਿੱਛੇ ਚਰਚਾ ਕਰ ਆਏ ਹਾਂ, ਹੁਣ ਅਸੀਂ ਏਥੇ ਸੰਸਕ੍ਰਿਤ ਸ਼ਬਦ-ਰਚਨਾ ਦਾ ਵਿਵਰਣ ਤੇ ਵਰਣਨ ਪੇਸ਼ ਕਰਦੇ ਹਾਂ। ਰੂਪ-ਵਿਗਿਆਨ ਦੇ ਇਸ ਸ਼ਬਦ-ਰਚਨਾਤਮਕ ਪੱਖ ਨੂੰ ਮੋਟੇ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ :

1. ਵਿਉਤਪੱਤੀ-ਮੂਲਕ ਰੂਪ-ਵਿਗਿਆਨ (Derivational Morphology)
2. ਵਿਭਕਤੀ-ਮੂਲਕ ਰੂਪ-ਵਿਗਿਆਨ (Inflectional Morphology)

ਸ਼ਬਦ-ਰਚਨਾ ਦੇ ਸੰਦਰਭ ਵਿਚ ਵਿਉਤਪੱਤੀ-ਮੂਲਕ ਰੂਪ-ਵਿਗਿਆਨ ਦੀ ਹੀ ਚਰਚਾ ਕੀਤੀ ਜਾਂਦੀ ਹੈ। ਭਾਸ਼ਾ ਦੇ ਨਵੇਂ ਨਵੇਂ ਸ਼ਬਦ-ਨਿਰਮਾਣ ਦੀ ਪ੍ਰਕਿਰਿਆ ਵਿਚ ਜਿਹੜੀ ਰਚਨਾਤਮਕ ਜੁਗਤ ਜਾਂ ਵਿਧੀ ਕਾਰਜਸ਼ੀਲ ਹੁੰਦੀ ਹੈ ਉਹ derivation ਹੈ ਅਰਥਾਤ ਵਿਉਤਪੱਤੀ ਯਾਨੀ ਕਿ ਸ਼ਬਦ-ਵਿਉਤਪੰਨ ਕਰਨ ਦੀ ਸਹਿਜ ਸ਼ਕਤੀ।

ਵਿਉਤਪੱਤੀ ਉਹ ਪ੍ਰਕਿਰਿਆ ਹੈ ਜਿਸ ਦੁਆਰਾ ਕਿਸੇ ਧਾਤੂ/ਮੂਲਾਂਸ਼ (root or stem) ਦੇ ਮੂਲਾਧਾਰ (base) ਤੋਂ, ਆਮ ਤੌਰ ਤੇ ਕਿਸੇ ਵਧੇਤਰ ਦੇ ਸੰਜੋਗ ਅਤੇ ਸਹਿਯੋਗ ਨਾਲ ਕਿਸੇ ਨਵੇਂ ਸ਼ਬਦ ਦੀ ਰਚਨਾ ਕੀਤੀ ਜਾਂਦੀ ਹੈ। ਸ਼ਬਦ-ਰਚਨਾ ਦਾ ਦਿਸ਼ਾ-ਬਿੰਦੂ ਮੁਕਤ ਸ਼ਬਦ ਸ਼੍ਰੇਣੀਆਂ (open word categories) ਹਨ ਅਤੇ ਮੁਕਤ ਸ਼੍ਰੇਣੀਆਂ ਤੋਂ ਭਾਵ ਨਾਂਵ, ਵਿਸ਼ੇਸ਼ਣ, ਕ੍ਰਿਆ ਤੇ ਕ੍ਰਿਆ-ਵਿਸ਼ੇਸ਼ਣ ਹਨ ਜਿਨ੍ਹਾਂ ਨਾਲ ਨਵੇਂ ਤੋਂ ਨਵੇਂ ਮੈਂਬਰ ਨਿਤਾਪ੍ਰਤੀ ਜੁੜਦੇ ਰਹਿੰਦੇ ਹਨ। ਰਚਨਾ-ਪ੍ਰਕਿਰਿਆ ਵਿਚ ਜਿਹੜੇ ਵਧੇਤਰ ਧਾਤੂ ਨਾਲ ਜੁੜਦੇ ਹਨ ਉਨ੍ਹਾਂ ਨੂੰ ਵਿਉਤਪੱਤੀ-ਮੂਲਕ ਵਧੇਤਰ (derivational affixes) ਕਿਹਾ ਜਾਂਦਾ ਹੈ। ਵਿਭਿੰਨ ਵਿਉਤਪੱਤੀ-ਮੂਲਕ ਵਧੇਤਰਾਂ ਦੇ ਸੰਜੋਗ ਨਾਲ ਸੰਸਕ੍ਰਿਤ ਸ਼ਬਦ-ਕੋਸ਼ (lexicon) ਦੀ ਰਚਨਾ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਵਿਉਤਪੱਤੀ ਮੂਲਕ ਪਿਛੇਤਰ ਮਾਰਫੀਮਾਂ ਦਾ ਜਦ ਧਾਤੂ/ਮੂਲਾਂਸ਼ ਮਾਰਫੀਮ ਨਾਲ ਸੰਯੋਜਨ ਹੁੰਦਾ ਹੈ ਤਾਂ ਨਵੇਂ ਅਰਥਾਂ ਸਮੇਤ ਨਵਾਂ ਸ਼ਬਦ ਘੜਿਆ ਜਾਂਦਾ ਹੈ। ਦ੍ਰਿਸ਼ਟਾਂਤੀਕਰਣ ਦੀਆਂ ਵੰਨਗੀਆਂ ਵਜੋਂ ਸੰਸਕ੍ਰਿਤ ਸ਼ਬਦਾਂ

/ਕਰ੍ਤਾ, ਸ੍ਰੋਤਾ, ਪਾਠਕ :, ਨੀਲਮ੍/ ਦੀ ਰੂਪ-ਵਿਉਂਤ ਪੇਸ਼ ਹੈ :



ਇਸ ਤਰ੍ਹਾਂ ਵਿਉਤਪੱਤੀ ਵਿਆਕਰਣਿਕ ਸ਼ਰੇਣੀਆਂ ਵਿਚ ਅਦਲਾ-ਬਦਲੀ ਕਰਕੇ ਨਵੀਨ ਸ਼ਬਦ-ਰਚਨਾ ਦਾ ਕਾਰਜ ਸੰਪੰਨ ਕਰਦੀ ਹੈ। ਸੰਸਕ੍ਰਿਤ ਵਿਚ ਅਗੇਤਰਾਂ (ਉਪਸਰਗਾਂ) ਦੀ ਸੂਚੀ ਪਾਣਿਨੀ ਨੇ ਨਿਯਮਿਤ ਤੌਰ ਤੇ ਨਿਸ਼ਚਿਤ ਕਰ ਦਿੱਤੀ ਹੈ ਲੇਕਿਨ ਪਿਛੇਤਰਾਂ (ਪ੍ਰਤਯਯ) ਦੀ ਸੂਚੀ ਸੰਪੂਰਨ ਤੌਰ ਤੇ ਉਧਰਿਤ ਨਹੀਂ ਕੀਤੀ। ਪਾਣਿਨੀ ਦੇ ਇਕ ਸੂਤਰ ਵਿਚ ਅਗੇਤਰਾਂ ਦਾ ਵਰਣਨ ਹੈ ਜਿਸ ਨੂੰ "ਉਪਸਰਗ" ਕਿਹਾ ਗਿਆ ਹੈ। ਉਹ ਸੂਤਰ ਇਹ ਹੈ :

ਤਪਸਗਾਂ: ਕ੍ਰਿਯਾਯੋਗੇ।

प्रादय: क्रियायोगे उपसर्गसंज्ञा: स्यु:।

ਅਰਥਾਤ ਪ੍ਰ, ਪਰਾ, ਆਦਿਕਾਂ ਨੂੰ ਕਿਰਿਆ ਦੇ ਯੋਗ ਸਮੇਂ ਉਪਸਰਗ ਕਿਹਾ ਜਾਂਦਾ ਹੈ ਉਪਰੋਕਤ ਸੂਤਰ ਦੀ ਵਾਰਤਿਕ ਵਿਚ ਉਪਸਰਗਾਂ (ਅਗੇਤਰਾਂ) ਦੀ ਗਿਣਤੀ ਇਸ ਤਰ੍ਹਾਂ ਅੰਕਿਤ ਹੈ :

ਪ੍ਰ, ਪਰਾ, ਅਪ, ਸਮ੍, ਅਨੁ, ਅਵ, ਨਿਸ੍, ਨਿਰ੍, ਦੁਸ੍, ਦੁਰ੍,
ਵਿ, ਆਙ, ਨਿ, ਅਧਿ, ਅਪਿ, ਅਤਿ, ਸੁ, ਉਤ, ਅਭਿ, ਪ੍ਰਤਿ, ਪਰਿ, ਉਪ।

ਇਹ ਉਪਸਰਗ (ਅਗੇਤਰ) ਮਾਰਫੀਮ ਬੱਝਵੇਂ ਹਨ ਜੋ ਸ਼ਬਦਾਂ ਦੀ ਸੰਰਚਨਾ ਵਿਚ ਅਰਥਵਾਨ ਤੱਤ ਹਨ। ਸੰਸਕ੍ਰਿਤ ਵਿਚ ਇਕ ਸ਼ਲੋਕ* ਹੈ ਜਿਸ ਦਾ ਭਾਵ ਇਹ ਹੈ ਕਿ ਉਪਸਰਗ ਧਾਤੂਆਂ ਤੋਂ ਪਹਿਲਾਂ ਪ੍ਰਯੁਕਤ ਹੁੰਦੇ ਹਨ ਅਤੇ ਇਨ੍ਹਾਂ ਉਪਸਰਗਾਂ ਦੇ ਯੋਗ ਨਾਲ ਧਾਤੂ ਦਾ ਸਾਧਾਰਨ ਅਰਥ ਅਕਸਰ ਬਦਲ ਜਾਂਦਾ ਹੈ ਜਿਵੇਂ "ਹਾਰ" ਧਾਤੂ/ਮੂਲਾਂਸ਼ ਨਾਲ ਅਗੇਤਰ (ਉਪਸਰਗ) ਜੁੜ ਕੇ ਅਲਗ ਅਲਗ ਅਰਥ ਬਦਲੇ ਗਏ ਹਨ :

ਪ੍ਰ + ਹਾਰ = ਪ੍ਰਹਾਰ (ਚੋਟ, ਹਮਲਾ); ਆ + ਹਾਰ = ਆਹਾਰ (ਖਾਣਾ, ਪਦਾਰਥ);
ਸੰ + ਹਾਰ = ਸੰਹਾਰ (ਵਿਨਾਸ਼); ਵਿ + ਹਾਰ = ਵਿਹਾਰ (ਮਨੋਰੰਜਨ);
ਪਰਿ+ਹਾਰ = ਪਰਿਹਾਰ (ਨਿਵਾਰਨ)।*

ਹੋਰ ਉਦਾਹਰਣ

ਗੱਛਤਿ (गच्छति) = ਜਾਂਦਾ ਹੈ, ਪਰ ਅਧਿ+ਗੱਛਤਿ ਦਾ ਅਰਥ "ਜਾਣਦਾ ਹੈ" ਅਤੇ ਸੰ + ਗਛਤਿ (ਸੰਗੱਛਤਿ) ਦਾ ਅਰਥ ਹੈ "ਮਿਲਦਾ ਹੈ"

ਪਰ ਏਥੇ ਇਕ ਗੱਲ ਵਰਣਨ-ਯੋਗ ਹੈ ਕਿ ਵੈਦਿਕ ਭਾਸ਼ਾ ਵਿਚ ਪ੍ਰ, ਪਰਾ, ਆਦਿ ਉਪਸਰਗ

* "उपसर्गेण धात्वर्थो बलादन्यत्र नीयते। प्रहाराहार-संहार विहार-परिहार-वत्"

(ਅਗੇਤਰ) ਕਿਰਿਆ ਮੂਲ ਤੋਂ ਵੱਖਰੇ ਸੁਤੰਤਰ ਰੂਪ ਵਿਚ ਰਖੇ ਜਾ ਸਕਦੇ ਸਨ ਲੇਕਿਨ ਕਲੈਸੀਕਲ ਸੰਸਕ੍ਰਿਤ ਵਿਚ ਇਹ ਅਗੇਤਰ (prefixes) ਕਿਰਿਆਵੀ ਸਬਦ ਨਾਲ ਜੁੜ ਕੇ ਹੀ ਰਹਿ ਸਕਦੇ ਹਨ. ਸਿਰਫ ਆ -, ਪ੍ਰਤਿ -, ਪਰਿ -, ਅਨੁ -, ਆਦਿ ਕੁਝ ਅਗੇਤਰ (ਉਪਸਰਗ) ਆਪਣੀ ਸੁਤੰਤਰ ਹੋਂਦ ਕਾਇਮ ਰਖ ਸਕੇ ਹਨ (ਉਦਯ ਨਾਰਾਯਣ ਤਿਵਾਰੀ : ਬਿ. 2012 : 57) । ਇਕ ਦੋ ਵੰਨਗੀਆਂ ਵੇਖੋ :

ਵੈਦਿਕ ਭਾਸ਼ਾ ਵਿਚ ਉਪਸਰਗ/ਅਗੇਤਰ

ਰਿਗਵੇਦ ਵਿਚ ਇਕ ਮੰਤ੍ਰ ਹੈ :

"प्र नूनं पूर्ण बन्धुरः स्तुतो याहि" (ऋग्वेद १. ९२. ३)

ਰਿਗਵੇਦ ਦੀ ਇਸ ਰਿਚਾ ਵਿਚ (ਪ੍ਰ) ਅਗੇਤਰ-ਮਾਰਫੀਮ ਦਾ ਸੰਬੰਧ /ਯਾਹਿ/ ਕਿਰਿਆ ਨਾਲ ਹੈ ਪਰ ਇਨ੍ਹਾਂ ਦੋਹਾਂ ਦੇ ਦਰਮਿਆਨ ਚਾਰ ਸ਼ਬਦ ਸਥਿਤ ਹਨ । ਸੋ ਅਗੇਤਰ ਸਹਿਤ ਕਿਰਿਆ ਦਾ ਰੂਪ ਬਣਦਾ ਹੈ : (ਪ੍ਰਯਾਹਿ) । ਕਲਾਸੀਕਲ ਸੰਸਕ੍ਰਿਤ ਵਿਚ ਅਗੇਤਰ ਹਰ ਹਾਲਤ ਕਿਰਿਆ ਨਾਲ ਜੁੜ ਕੇ ਵਰਤੇ ਜਾਂਦੇ ਹਨ, ਏਥੇ ਕੋਈ ਖੁੱਲ ਨਹੀਂ ਹੈ ।

ਪਿਛੇਤਰ (Suffixes)

ਸੰਸਕ੍ਰਿਤ ਵਿਚ ਅਗੇਤਰਾਂ ਨਾਲੋਂ ਪਿਛੇਤਰਾਂ ਦੀ ਗਿਣਤੀ ਮੂਲਕ ਸੂਚੀ ਕਿਤੇ ਵੱਧ ਹੈ । ਪਿਛੇਤਰਾਂ ਨੂੰ ਸੰਸਕ੍ਰਿਤ ਪਾਰਿਭਾਸ਼ਕ ਸ਼ਬਦਾਵਲੀ ਵਿਚ "ਪ੍ਰਤ੍ਯਯ* (प्रत्यय) ਕਿਹਾ ਜਾਂਦਾ ਹੈ । ਸੰਸਕ੍ਰਿਤ ਪਿਛੇਤਰ ਧਾਤੂਆਂ ਜਾ ਮੂਲਾਂਸ਼ਾਂ ਨਾਲ ਜੁੜ ਕੇ ਨਵੇਂ ਸ਼ਬਦਾਂ ਦਾ ਨਿਰਮਾਣ ਕਰਦੇ ਹਨ । ਸੰਸਕ੍ਰਿਤ ਪਦ-ਰਚਨਾ (ਸ਼ਬਦ-ਰਚਨਾ) ਦੀ ਪ੍ਰਕਿਰਿਆ ਵਿਚ ਇਨ੍ਹਾਂ ਪਿਛੇਤਰਾਂ (ਪ੍ਰਤਿਆ) ਦਾ ਮਹਤਵਪੂਰਣ ਸਥਾਨ ਹੈ । ਸੰਸਕ੍ਰਿਤ ਵਿਆਕਰਣਕਾਰਾਂ ਨੇ ਸੰਸਕ੍ਰਿਤ ਪਿਛੇਤਰਾਂ ਨੂੰ ਦੋ ਕਿਸਮਾਂ ਵਿਚ ਵੰਡਿਆ ਹੈ :

1. ਕ੍ਰਿਦੰਤ ਪਿਛੇਤਰ (कृदन्त प्रत्यय) (Primary suffixes)
2. ਤੱਧਿਤ ਪਿਛੇਤਰ (तद्धित प्रत्यय) (Secondary suffixes)

ਯੂਰਪੀ ਭਾਸ਼ਾ ਵਿਗਿਆਨੀਆਂ/ਵਿਆਕਰਣਕਾਰਾਂ ਨੇ ਕ੍ਰਿਦੰਤਾਂ ਨੂੰ primary suffixes ਦਾ ਨਾਂ ਇਸ ਲਈ ਦਿੱਤਾ ਹੈ ਕਿ ਕ੍ਰਿਦੰਤ ਪਿਛੇਤਰ ਧਾਤੂ-ਮਾਰਫੀਮਾਂ ਨਾਲ ਪ੍ਰਾਥਮਿਕ ਤੌਰ ਤੇ ਜੁੜ ਕੇ ਸ਼ਬਦ-ਸਿਰਜਨਾ ਵਿਚ ਸਮਰਥ ਹੁੰਦੇ ਹਨ ਅਤੇ ਇਸੇ ਤਰ੍ਹਾਂ ਤੱਧਿਤ ਪਿਛੇਤਰਾਂ ਨੂੰ secondary suffixes ਕਿਹਾ ਹੈ ਕਿਉਂਕਿ ਤੱਧਿਤ ਪਿੱਛੇਤਰ, ਕ੍ਰਿਦੰਤ ਪਿਛੇਤਰਾਂ ਤੋਂ ਬਾਅਦ ਹੀ ਸ਼ਬਦ-ਸਮੂਹ ਨਾਲ ਸੰਜੁਗਤ ਹੋ ਕੇ ਨਵੀਆਂ ਸ਼ਰੇਣੀਆਂ ਨੂੰ ਸਿਰਜਿਤ ਕਰਦੇ ਹਨ । ਸੰਸਕ੍ਰਿਤ ਕ੍ਰਿਦੰਤ ਪਿਛੇਤਰਾਂ ਦੇ ਸੰਯੋਗ ਨਾਲ ਘੜੇ ਹੋਏ ਸ਼ਬਦਾਂ ਨੂੰ verbal derivatives ਅਰਥਾਤ ਕਿਰਿਆਵੀ ਵਿਉਂਤਪੰਨ ਸ਼ਬਦ-ਰੂਪ ਕਿਹਾ ਜਾਂਦਾ ਹੈ, ਅਤੇ ਇਸੇ ਤਰ੍ਹਾਂ ਤੱਧਿਤ ਪਿਛੇਤਰਾਂ ਦੇ ਯੋਗ ਨਾਲ ਤਿਆਰ ਕੀਤੇ ਸ਼ਬਦਾਂ ਨੂੰ nominal derivatives ਅਰਥਾਤ ਨਾਂਵੀ ਵਿਉਂਤਪੰਨ ਸ਼ਬਦ-ਰੂਪ ਦੀ ਸੰਗਿਆ ਦਿੱਤੀ ਜਾਂਦੀ ਹੈ । ਏਥੇ ਇਹ ਤੱਥ ਵੀ ਉਲੇਖਣੀ ਹੈ ਕਿ *ਤੱਧਿਤ ਪਿਛੇਤਰਾਂ ਦੇ ਸੰਜੋਗ ਨਾਲ ਨਾਂਵਾਂ ਤੋਂ ਫੇਰ ਨਾਵਾਂ ਦੀ ਹੀ ਉਸਾਰੀ ਹੁੰਦੀ ਹੈ* । ਦੂਜੇ ਲਫਜ਼ਾਂ ਵਿਚ ਜਿਨ੍ਹਾਂ ਪਿਛੇਤਰਾਂ ਨੂੰ ਵੱਖ ਵੱਖ ਅਰਥਾਂ ਵਿਚ ਪਹਿਲਾਂ ਹੀ ਪ੍ਰਚਲਿਤ ਨਾਂਵਾਂ ਦੇ ਮਗਰਲੇ ਹਿੱਸੇ ਨਾਲ ਜੋੜ ਕੇ ਉਨ੍ਹਾਂ ਤੋਂ ਹੋਰ ਨਾਂਵ ਜਾਂ ਸ਼ਬਦ-ਰੂਪ ਘੜੇ ਜਾਂਦੇ ਹਨ ਉਨ੍ਹਾਂ ਨੂੰ ਸੰਸਕ੍ਰਿਤ ਪਾਰਿਭਾਸ਼ਿਕ ਸਬਦਾਵਲੀ ਵਿਚ "ਤੱਧਿਤ" ਪਿਛੇਤਰ (प्रत्यय) ਕਿਹਾ ਜਾਂਦਾ ਹੈ । ਕ੍ਰਿਦੰਤ ਪਿਛੇਤਰਾਂ ਵਿਚੋਂ ਹੇਠਾਂ

* ਪ੍ਰਤ੍ਯਯ (ਪਿਛੇਤਰ) ਕੀ ਹੈ ? ਇਸ ਨੂੰ ਭੱਟੋਜੀ ਦੀਕਸ਼ਿਤ ਨੇ ਪਾਣਿਨੀ-ਸੂਤ੍ਰ ਦੀ ਟਿੱਪਣੀ ਵਿਚ ਇਉਂ ਪਰਿਭਾਸ਼ਤ ਕੀਤਾ ਹੈ : "प्रतीयते विधीयते इति प्रत्ययः" ਅਰਥਾਤ ਪ੍ਰਤ੍ਯਯ ਉਹ ਹੈ ਜਿਹੜਾ ਵਿਧਾਨ ਕਰੇ ਜਾ ਰਚਨਾ ਕਰੇ । ਜੋ ਵਿਧਾਨਕ ਜਾ ਰਚਨਾਤਮਕ ਅੰਗ (constituent) ਹੀ ਪ੍ਰਤ੍ਯਯ/ਪਿਛੇਤਰ ਹੈ ।

ਅੰਕਿਤ ਕ੍ਰਿਦੰਤੀ ਪਿਛੇਤਰ ਉੱਲੇਖ-ਯੋਗ ਹਨ :

ਕ੍ਰਿਦੰਤ ਪਿਛੇਤਰ :

- ਤ (-ਟ, -ਧ, -ਨ, ਇਤ),
- ਤ੍ਰਿ, -ਅਕ, -ਅਨ, -ਅ, -ਤਿ, ਇਤਿਆਦਿ ।

ਇਸੇ ਤਰ੍ਹਾਂ ਤੱਧਿਤ ਪਿਛੇਤਰਾ ਵਿਚੋਂ ਇਹ ਜ਼ਿਆਦਾ ਪ੍ਰਚਲਿਤ ਹਨ :

ਤੱਧਿਤ ਪਿਛੇਤਰ :

- ਇ, -ਇਕ, -ਇਤ, -ਈਨ, -ਕ,
- ਤਨ, -ਤ੍ਰ, -ਤਾ, ਮਯ, -ਵਿਨ, ਇਤਿਆਦਿ ।

ਕ੍ਰਿਦੰਤ ਪਿਛੇਤਰਾਂ ਅਤੇ ਤੱਧਿਤ ਪਿਛੇਤਰਾਂ ਦਾ ਵਿਵਰਣ ਅੱਗੇ ਤਾਲਿਕਾ ਵਿਚ ਅੰਕਿਤ ਕੀਤਾ ਜਾ ਰਿਹਾ ਹੈ ਅਤੇ ਇਸੇ ਤਾਲਿਕਾ ਵਿਚ ਅਗੇਤਰ ਵੀ ਦਿੱਤੇ ਗਏ ਹਨ । ਸੋ ਸਮੁੱਚੇ ਤੌਰ ਤੇ ਸੰਸਕ੍ਰਿਤ ਵਧੇਤਰਾਂ (affixes) ਦਾ ਮਿਸਾਲੀ ਵਿਵਰਣ ਪੇਸ਼ ਹੈ :

ਸੰਸਕ੍ਰਿਤ ਵਿਉਤਪੱਤੀ-ਮੂਲਕ ਵਧੇਤਰਾਂ ਦੀ ਤਾਲਿਕਾ

(Sanskrit Derivational Affixes)

(1) ਸੰਸਕ੍ਰਿਤ ਅਗੇਤਰ ਕ੍ਰਿਦੰਤ

ਅਗੇਤਰ	ਪਰਿਵਰਤਨ	ਅਰਥਾਤਮਕ ਪ੍ਰਭਾਵ	ਉਦਾਹਰਣ	ਸੰਸਕ੍ਰਿਤ ਰੂਪ
ਪ੍ਰ –	ਵਿ → ਵਿ	ਚੰਗੀ ਤਰ੍ਹਾਂ ਫੁੱਲਿਆ	ਪ੍ਰਫੁਲ੍ਲ	प्रफुल्ल
ਪਰਾ –	ਨਾਂ → ਨਾਂ	ਜੈ ਤੋਂ ਉਲਟ, ਹਾਰ	ਪਰਾਜਯ	पराजय
ਅਪ –	ਨਾਂ → ਨਾਂ	ਜਸ ਤੋਂ ਉਲਟ	ਅਪਯਸ਼	अपयश
ਅਨੁ –	ਨਾਂ → ਨਾਂ		ਅਨੁਸਰਣ	अनुसरण
ਨਿਰ੍ –	ਨਾਂ → ਵਿ.	ਜੋ ਬਲਵਾਨ ਨਾ ਹੋਵੇ	ਨਿਰ੍ਬਲ	निर्बल
ਦੁਰ੍ –	ਨਾਂ → ਨਾਂ		ਦੁਰ੍ਗਤਿ	दुर्गति
ਵਿ –	ਵਿ → ਵਿ	ਉਖੜਿਆ, ਉਜੜਿਆ	ਵਿਸਥਾਪਿਤ	विस्थापित
ਸੁ –	ਵਿ → ਵਿ	ਚੰਗੀ ਤਰ੍ਹਾਂ ਯੋਗ	ਸੁਯੋਗ੍ਯ	सुयोग्य
ਕੁ –	ਨਾਂ → ਨਾਂ	ਮਾੜਾ ਕਰਮ	ਕੁਕਰ੍ਮ	कुकर्म

(2) ਸੰਸਕ੍ਰਿਤ ਪਿਛੇਤਰ (ਕ੍ਰਿਦੰਤ)

ਪਿਛੇਤਰ	ਪਰਿਵਰਤਨ	ਅਰਥਾਤਮਕ ਪ੍ਰਭਾਵ	ਉਦਾਹਰਣ	ਸੰਸਕ੍ਰਿਤ ਵਿਗ੍ਰਹ
– ਤ	ਕ੍ਰਿ → ਵਿ.	ਜੁੜਿਆ ਹੋਇਆ	ਯੁਕ੍ਤ	युक् (←युज्)+त=युक्त
– ਟ	ਕ੍ਰਿ → ਵਿ.	ਡਿੱਠਾ/ਵੇਖਿਆ ਹੋਇਆ	ਦ੍ਰਿਸ਼ਟ	दृष् (←दृश्)+ट=दृष्ट
– ਧ	ਕ੍ਰਿ → ਵਿ.	ਲੱਭਿਆ	ਲਬ੍ਧ	लब् (←लभ्)+ध=लब्ध
– ਨ	ਕ੍ਰਿ → ਵਿ.	ਭੰਨਿਆ	ਭਿਨ੍ਨ	भिन् (←भिद्)+न=भिन्न
– ਇਤ	ਕ੍ਰਿ → ਵਿ.	ਪਤਿਤ	ਪਤਿਤ	पत् (←पत्)+इत=पतित
– ਤ੍ਰਿ	ਕ੍ਰਿ → ਨਾਂ	ਕਰਤਾ	ਕਰ੍ਤਾ	कर् (←डुकृञ्)+तृ=कर्ता
– ਅਕ	ਕ੍ਰਿ → ਨਾਂ		ਵਾਚਕ	वाच् (←वच्)+अक=वाचक
– ਅਨ	ਕ੍ਰਿ → ਨਾਂ	ਬੁੱਧੀ ਕਰਨਾ	ਬੋਧਨ	बोध् (←बुध्)+अन=बोधन
– ਅ(ਘਞ)	ਕ੍ਰਿ → ਨਾਂ		ਪਾਕ	पाक् (←पच्)+अ=पाकः
– ਤਿ	ਕ੍ਰਿ → ਇ.ਲਿੰ.	ਮੁਕਤੀ	ਮੁਕ੍ਤਿ	मुक् (←मुच्)+ति=मुक्ति

(3) *ਸੰਸਕ੍ਰਿਤ ਪਿਛੇਤਰ (ਤੱਧਿਤ)*

ਪਿਛੇਤਰ(ਤੱਧਿਤ)	ਪਰਿਵਰਤਨ	ਅਰਥਾਤਮਕ ਪ੍ਰਭਾਵ	ਉਦਾਹਰਣ	ਸੰਸਕ੍ਰਿਤ ਵਿਗ੍ਰਹ
– ਇ	ਨਾਂ → ਨਾਂ	ਦਸ਼ਰਥ-ਪੁੱਤਰ	ਦਾਸ਼ਰਥਿ	दशरथस्य अपत्यम्=दाशरथिः
– ਇਕ	ਨਾਂ → ਵਿ	ਮਹੀਨੇਵਾਰ	ਮਾਸਿਕ	मासेन दीयते=मासिकम्
– ਇਕ	ਨਾਂ → ਵਿ.	ਧਾਰਮਿਕ	ਧਾਰ੍ਮਿਕ	धर्मं चरति=धार्मिकः
– ਇਨ੍	ਨਾਂ → ਨਾਂ	ਗਿਆਨਵਾਨ	ਗਯਾਨਿਨ੍/ ਗਯਾਨੀ	ज्ञानं विद्यते यस्य सः=ज्ञानिन्/ज्ञानी
– ਇਮਨ੍	ਵਿ → ਨਾਂ	ਨੀਲੱਤਣ	ਨੀਲਿਮਾ	नीलस्य भावः=नीलिमा
– ਈਨ	ਨਾਂ → ਵਿ.	ਪੇਂਡੂ	ਗ੍ਰਾਮੀਣ	ग्रामे भवः=ग्रामीणः
– ਕ	ਨਾਂ → ਵਿ.	ਮਦ੍ਰਦੇਸ਼ ਵਾਸੀ	ਮਦ੍ਰਕ	मद्रेषु भवः=मद्रकः
– ਤ੍ਵ	ਨਾਂ → ਨਾਂ	ਮਨੁੱਖਤਾ	ਮਨੁਸ਼੍ਯਤ੍ਵ	मनुष्यस्य भावः=मनुष्यत्वम्
– ਤਾ	ਵਿ → ਨਾਂ		ਮਧੁਰਤਾ	मधुरस्य भावः=मधुरता
– ਮ	ਨਾਂ → ਵਿ.	ਮੁਢਲੇ ਕਾਲ ਦਾ / ਆਦਿ ਕਾਲ ਦਾ	ਆਦਿਮ	आदौ भवः=आदिमः
– ਮਯ	ਨਾਂ → ਵਿ.	ਸੁਨਹਿਰੀ	ਸੁਵਰ੍ਣਮਯ ਸੁਵਰਨਮਈ	सुवर्णस्य विकारः=सुवर्णमय
– ਯ	ਵਿ. → ਵਿ.	ਸਭਿਅਤਾ ਵਾਲਾ	ਸਭ੍ਯ	सभायां साधुः=सभ्यः
– ਤਰ	ਵਿ. → ਵਿ.	ਦੋ ਵਿਚੋਂ ਛੋਟਾ	ਲਘੁਤਰ	लघु+तर=लघुतरः
– ਤਮ	ਵਿ → ਵਿ	ਸਭ ਤੋਂ ਛੋਟਾ	ਲਘੁਤਮ	लघु+तमः=लघुतमः

ਸੰਸਕ੍ਰਿਤ ਸਮਾਸੀਕਰਣ
(Sanskrit compounding)


ਸੰਸਕ੍ਰਿਤ ਸ਼ਬਦ-ਰਚਨਾ ਦੀ ਇਕ ਹੋਰ ਪ੍ਰਮੁਖ ਵਿਸ਼ੇਸ਼ਤਾ ਸਮਾਸ-ਪ੍ਰਕਿਰਿਆ ਹੈ । ਸੰਸਕ੍ਰਿਤ ਸ਼ਬਦ-ਰਚਨਾ ਦੇ ਸੰਦਰਭ ਵਿਚ ਸਮਾਸੀਕਰਣ ਦੀ ਮਹੱਤਵਪੂਰਣ ਭੂਮਿਕਾ ਹੈ । ਵਿਉਤਪੱਤੀ ਮੂਲਕ ਸ਼ਬਦ-ਰਚਨਾ (Dervational word formation) ਵਿਚ ਜਿਥੇ ਕੱਲੇ -ਕਹਿਰੇ ਧਾਤੂ/ਮੂਲਾਸ਼ ਨਾਲ ਅਗੇਤਰ-ਪਿਛੇਤਰ ਜੋੜ ਕੇ ਸ਼ਬਦਾਂ ਦੀ ਉਸਾਰੀ ਕੀਤੀ ਜਾਂਦੀ ਹੈ ਉਥੇ ਦੋ (ਜਾਂ ਤਿੰਨ ਵਗੈਰਾ) ਸੰਪੂਰਨ ਸ਼ਬਦਾਂ ਦਾ ਸੰਜੋਜਨ ਜਾਂ ਮੇਲ ਕਰਕੇ ਵੀ ਨਵੀਨ ਸ਼ਬਦ ਦੀ ਰਚਨਾ ਕੀਤੀ ਜਾਂਦੀ ਹੈ । ਇਸ ਜੁਗਤ ਨੂੰ ਸਮਾਸ-ਪ੍ਰਕਿਰਿਆ ਜਾਂ ਸਮਾਸੀਕਰਨ ਕਿਹਾ ਜਾਂਦਾ ਹੈ । ਸਮਾਸ ਵਿਧਾਨ ਹਰ ਭਾਸ਼ਾ ਵਿਚ ਮਿਲਦਾ ਹੈ । ਪੰਜਾਬੀ, ਹਿੰਦੀ, ਅਤੇ ਸੰਸਕ੍ਰਿਤ ਆਦਿ ਆਧੁਨਿਕ ਤੇ ਕਲੈਸੀਕਲ ਭਾਸ਼ਾਵਾਂ ਵਿਚ ਸਮਾਸੀਕਰਣ ਦੀ ਵਿਧੀ ਪ੍ਰਮੁਖ ਤੌਰ ਤੇ ਕੋਸ਼ਾਤਮਕ ਸ਼ਬਦ-ਸ਼੍ਰੇਣੀਆਂ ਵਿਚ ਉਪਲਬਧ ਹੁੰਦੀ ਹੈ ਅਤੇ ਇਹ ਸਮਾਸ ਜ਼ਿਆਦਾਤਰ ਨਾਂਵ + ਨਾਂਵ, ਨਾਂਵ + ਵਿਸ਼ੇਸ਼ਣ, ਵਿਸ਼ੇਸ਼ਣ + ਨਾਂਵ ਦੇ ਹੀ ਮਿਲਦੇ ਹਨ, ਕ੍ਰਿਆਵਾਂ ਵਿਚ ਸਮਾਸੀਕਰਣ ਦੀ ਪ੍ਰਕਿਰਿਆ ਸ਼ਾਇਦ ਦੁਰਲੱਭ ਹੈ । ਬੁਨਿਆਦੀ ਤੌਰ ਤੇ ਸਮਾਸੀਕਰਣ ਦੀ ਪ੍ਰਵਿਰਤੀ ਦੁਆਤਮਕ ਹੁੰਦੀ ਹੈ ਅਤੇ ਇਸ ਵਿਚ ਅਕਸਰ ਦੋ ਰਚਨਾਂਗ (constituents) ਕਿਰਿਆਸ਼ੀਲ ਹੁੰਦੇ ਹਨ । ਇਨ੍ਹਾਂ ਦੋ ਰਚਨਾਂਗਾਂ ਵਿਚੋਂ ਇਕ head ਅਤੇ ਦੂਜਾ modifier ਜਾਂ dependent ਹੁੰਦਾ ਹੈ । ਇਸ ਲਈ ਸਮਾਸੀਕਰਣ ਦਾ ਅਪਰੇਸ਼ਨ binary (ਦੁਮੁਖੀ)

ਹੁੰਦਾ ਹੈ । ਸੰਸਕ੍ਰਿਤ ਵਿਆਕਰਣ ਵਿਚ ਇਨ੍ਹਾਂ ਦੇ ਸਮਾਸੀ ਮੈਂਬਰਾਂ ਨੂੰ ਪੂਰਵ-ਪਦਾਰਥ-ਪ੍ਰਧਾਨ ਅਤੇ ਉੱਤਰ-ਪਦਾਰਥ-ਪ੍ਰਧਾਨ ਕਿਹਾ ਜਾਂਦਾ ਹੈ ।

ਸੰਸਕ੍ਰਿਤ ਦੀ ਸ਼ਬਦ-ਰਚਨਾ ਪ੍ਰਕਿਰਿਆ ਵਿਚ ਸਮਾਸੀ ਜੁਗਤਾ ਦਾ ਵਿਗਿਆਨਿਕ ਵਿਸ਼ਲੇਸ਼ਣ ਇਸ ਭਾਸ਼ਾ ਦੀ ਖ਼ਾਸ ਉਪਲਬਧੀ ਹੈ । ਸੰਸਕ੍ਰਿਤ ਵਿਚ ਅਜਿਹੇ ਸੰਯੁਕਤ ਸ਼ਬਦ-ਸਮੂਹ ਨੂੰ "ਸਮਸਤ ਜਾਂ ਸਮਾਸ-ਯੁਕਤ" ਕਿਹਾ ਜਾਂਦਾ ਹੈ । ਸ਼ਬਦਾਂ ਦੇ ਸੰਬੰਧ ਕਈ ਤਰ੍ਹਾਂ ਦੇ ਹੁੰਦੇ ਹਨ । ਇਸ ਸੰਬੰਧ-ਭੇਦ ਦੇ ਅਨੁਸਾਰ ਸੰਸਕ੍ਰਿਤ ਭਾਸ਼ਾ ਵਿਚ ਸਮਾਸਾਂ ਦੇ ਅੱਡ ਅੱਡ ਵਿਭਾਗ (ਪ੍ਰਕਾਰ) ਮਿਲਦੇ ਹਨ । ਸੰਸਕ੍ਰਿਤ ਸਮਾਸਾਂ ਦੇ ਪ੍ਰਮੁਖ ਪ੍ਰਕਾਰ ਇਹ ਹਨ :

1. ਤਤਪੁਰੁਸ਼ ਸਮਾਸ (determinative compound) ਜਿਵੇਂ ਰਾਜਪੁਰੁਸ਼, ਅਰਥਾਤ ਰਾਜ + ਪੁਰੁਸ਼ ਦੋ ਮੈਂਬਰ ਹਨ । ਵਿਭਕਤੀ ਸਹਿਤ ਰੂਪ ਹੈ "राज्ञः पुरुषः"
2. ਦੁੰਦੂ ਸਮਾਸ (copulative compound) ਜਿਵੇਂ, ਦੇਵ, ਗੰਧਰਵ, ਮਾਨੁਸ਼ ਅਤੇ ਰਾਕਸ਼ਸ ਜੂਨੀਆਂ ਨੂੰ ਸਮਸਤ ਕਰਕੇ ਸਮਾਸ ਇਉਂ ਬਣਦਾ ਹੈ = ਦੇਵ ਗੰਧਰਵ ਮਾਨੁਸ਼ ਰਾਕਸ਼ਸ਼ਾ : (देवगन्धर्वमानुषराक्षसाः)
3. ਬਹੁ ਬ੍ਰੀਹਿ ਸਮਾਸ (attributive compound) ਜਿਵੇਂ "ਪੀਤਾਂਬਰ= ਪੀਲੇ ਕਪੜਿਆਂ-ਵਾਲੇ ਭਗਵਾਨ ਸ੍ਰੀ ਕ੍ਰਿਸ਼ਣ ਜੀ । ਇਸ ਦਾ ਵਿਗ੍ਰਹ ਹੈ "पीतानि अम्बराणि यस्य सः पीताम्बरः" (ਪੀਤ + ਅੰਬਰ = ਪੀਤਾਂਬਰ) (ਨਿਰ੍+ਧਨ = "ਨਿਰਧਨ: "ਇਸ ਦਾ ਵਿਗ੍ਰਹ ਹੈ" "निर्गतं धनं यस्य स, निर्धनः"
4. ਅਵਯਯੀਭਾਵ ਸਮਾਸ (adverbial compound) ਜਿਵੇਂ : ਨਿਰ੍ਮਕਸ਼ਿਕੰ (ਮੱਖੀਆਂ ਤੋਂ ਰਹਿਤ), ਨਿਰ+ ਮਕਸ਼ਿਕੰ = ਨਿਰ੍ਮਕਸ਼ਿਕੰ । ਮੂਲ ਸੰਸਕ੍ਰਿਤ ਵਿਗ੍ਰਹ ਹੈ "मक्षिकाणां अभावः निर्मक्षिकम्" ਜਾਂ ਪਰੋਕਸ਼ੰ (ਅਖ-ਪਰੇਖੇ) ਪਰ+ਅਕਸ਼ = ਪਰੋਕਸ਼ੰ । ਵਿਗ੍ਰਹ ਹੈ "अक्ष्णः पर-परोक्षम्"
5. ਕਰਮਧਾਰਯ ਸਮਾਸ (appositional compound) ਜਿਵੇਂ - ਨੀਲੋਂਤਪਲੰ (ਨੀਲ + ਉਤਪਲ = (ਨੀਲੋਂਤਪਲੰ, ਨੀਲਾ ਕੰਵਲ), ਜਾਂ ਘਨਸ਼ਯਾਮ (ਘਨ+ਸ਼ਯਾਮ = ਬੱਦਲ ਵਾਂਗੂ ਸਾਂਵਲਾ) ਵਿਗ੍ਰਹ ਹੈ "घन इव श्यामः घन श्यामः"

ਸਮਾਸੀਕਰਣ ਦੇ ਵਿਭਿੰਨ ਪੈਟਰਨ ਰੇਖਾ ਚਿਤਰਾਂ ਦੀ ਸ਼ਕਲ ਵਿਚ ਰੇਖਾਂਕਿਤ ਕੀਤੇ ਜਾਂਦੇ ਹਨ :



ਇਸ ਤਰ੍ਹਾਂ/ਰਾਜਪੁਰਸ਼ : ਨੀਲੋਂਤਪਲੰ, ਨਿਰ੍ਮਕਸ਼ਿਕੰ, ਨਿਰ੍ਧਨ : ਘਨਸ਼ਯਾਮ :/ਵਿਭਿੰਨ ਸਮਾਸ, ਸੰਸਕ੍ਰਿਤ ਦੀ ਸਮਾਸੀਕਰਣ ਦੀ ਪ੍ਰਕਿਰਿਆ ਦੁਆਰਾ ਸੰਪੰਨ ਹੁੰਦੇ ਹਨ, ਜਿਹੜੇ ਕਿ

ਸਮਾਸੀਕਰਨ ਦੀ ਵਿਧੀ ਦੀ ਸ਼ਬਦ-ਰਚਨਾ ਦੀਆਂ ਮਿਸਾਲਾਂ ਹਨ ।

ਸੰਸਕ੍ਰਿਤ ਵਿਭਕਤੀ-ਮੂਲਕ ਰੂਪ-ਵਿਗਿਆਨ

(Sanskrit inflectional morphology)

ਪਿਛਲੇ ਪੰਨਿਆਂ 'ਤੇ ਅਸੀਂ ਰੂਪ-ਵਿਗਿਆਨ ਦੇ ਅੰਤਰਗਤ ਦੋ ਕਿਸਮਾਂ ਦੇ ਰੂਪ-ਵਿਗਿਆਨ ਦੀ ਚਰਚਾ ਕੀਤੀ ਹੈ ਇਕ ਹੈ ਵਿਉਤਪੱਤੀ-ਮੂਲਕ ਅਤੇ ਦੂਜਾ ਹੈ ਵਿਭਕਤੀ-ਮੂਲਕ ਰੂਪ-ਵਿਗਿਆਨ । ਵਿਉਤਪਤੀ ਮੂਲਕ ਰੂਪਾਤਮਕ ਪ੍ਰਕਿਰਿਆ ਵਿਭਿੰਨ ਸ਼ਬਦਾਂ ਦੇ ਕੋਸ਼ਾਤਮਕ ਸੰਬੰਧਾਂ (lexical relationship) ਦਾ ਸੰਕੇਤੀਕਰਣ (signalling) ਹੈ ਜਦ ਕਿ ਵਿਭਕਤੀਕਰਣ (inflection) ਦੀ ਪ੍ਰਕਿਰਿਆ ਸ਼ਬਦ-ਰੂਪਾਂ ਦੇ ਵਿਆਕਰਣਕ ਸੰਬੰਧਾਂ ਦਾ ਸੰਕੇਤੀਕਰਣ ਹੈ । ਵਿਉਤਪਤੀ-ਮੂਲਕ ਰੂਪ-ਵਿਗਿਆਨ ਦਾ ਵਰਣਨ ਪਿੱਛੇ ਕਰ ਆਏ ਹਾਂ । ਹੁਣ ਅਸੀਂ ਏਥੇ ਵਿਭਤੀ-ਮੂਲਕ ਰੂਪ-ਵਿਗਿਆਨ ਦਾ ਨਿਰੂਪਣ ਪੇਸ਼ ਕਰਦੇ ਹਾਂ ।

ਵਿਭਕਤੀਕਰਨ ਨਵੇਂ ਸ਼ਬਦਾਂ ਦੀ ਰਚਨਾ ਨਹੀਂ ਕਰਦਾ, ਨਾ ਹੀ ਇਹ ਸ਼ਬਦਾਂ ਦੀਆਂ ਵਿਆਕਰਣਿਕ ਸ਼ਰੇਣੀਆ ਵਿਚ ਕੋਈ ਪਰਿਵਰਤਨ ਜਾਂ ਵਿਗਾੜ ਪੈਦਾ ਕਰਦਾ ਹੈ, ਸਗੋਂ ਇਹ ਇਕੋ ਸ਼ਰੇਣੀ ਦੇ ਸ਼ਬਦਾਂ ਦੀ ਰੂਪਾਵਲੀ (paradigms) ਅਤੇ ਉਨ੍ਹਾਂ ਦੀਆਂ ਵਿਆਕਰਣਿਕ ਉਪ-ਸ਼ਰੇਣੀਆਂ (sub-classes) ਨੂੰ ਮਾਰਕ ਕਰਦਾ ਹੈ । ਸੋ ਵਿਭਕਤੀਕਰਣ ਇਕ ਵਚਨ/ਬਹੁਵਚਨ, ਭੂਤਕਾਲ/ਗੈਰ-ਭੂਤਕਾਲ ਆਦਿ ਦੇ ਵਿਰੋਧਾਂ (contrasts) ਨੂੰ ਮਾਰਕ ਕਰਦਾ ਹੈ । ਹੁਣ ਵਿਭਕਤੀ-ਮੂਲਕ ਪਿਛੇਤਰਾਂ (inflecting affixes) ਦੇ ਉਦਾਹਰਣ ਪ੍ਰਸਤੁਤ ਹਨ :

1. *ਸੰਸਕ੍ਰਿਤ ਵਚਨ-ਵਿਭਕਤੀਕਰਣ*

(Number inflection)

ਇਕ ਵਚਨ	ਬਹੁ-ਵਚਨ
ਜਲੰ	(ਜਲ+ਆਨਿ) = ਜਲਾਨਿ
ਗਿਆਨੰ	(ਗਿਆਨ + ਆਨਿ) = ਗਿਆਨਾਨਿ

2. *ਸੰਸਕ੍ਰਿਤ ਕਾਲ-ਵਿਭਕਤੀਕਰਨ*

(Tense inflection)

ਵਰਤਮਾਨ ਕਾਲ	ਭੂਤ ਕਾਲ
ਖਾਦਤਿ (ਖਾਂਦਾ ਹੈ)	ਅਖਾਦਤ (ਅ+ਖਾਦ+ਤ) ਉਸ ਨੇ ਖਾਧਾ ।
ਭਵਤਿ (ਹੁੰਦਾ ਹੈ)	ਅਭਵਤ (ਅ+ਭਵ+ਤ) ਉਹ ਹੋਇਆ ।

ਵਿਭਕਤੀ ਕੀ ਹੈ ?

ਸੰਸਕ੍ਰਿਤ ਇਕ ਵਿਭਕਤੀ-ਪ੍ਰਧਾਨ (inflecting) ਭਾਸ਼ਾ ਹੈ । ਸੰਸਕ੍ਰਿਤ ਦੇ ਹਰ ਸ਼ਬਦ ਜਾਂ ਪਦ ਨਾਲ ਵਿਭਕਤੀ ਦਾ ਸੰਜੋਜਨ ਲਾਜ਼ਮੀ ਹੈ । ਸੋ ਜ਼ਰੂਰੀ ਹੈ ਕਿ ਵਿਭਕਤੀ ਨੂੰ ਪਰਿਭਾਸ਼ਤ ਕੀਤਾ ਜਾਵੇ । ਵਿਭਕਤੀ ਕੀ ਹੈ ? ਸੰਸਕ੍ਰਿਤ ਦੇ ਨਾਵੀਂ ਪਦਾਂ ਦੀ ਅੰਦਰੂਨੀ ਸੰਰਚਨਾ ਵਿਚ ਤਿੰਨ ਅੰਸ਼ ਉਪਲਬਧ ਹੁੰਦੇ ਹਨ : (1) ਧਾਤੂ, (2) ਵਧੇਤਰ) (3) ਵਿਭਕਤੀ

ਚਿੰਨ੍ਹ (1. root, 2, affixes 3. inflecting affixes). ਜੋ ਨਾਂਵੀ ਸ਼ਬਦਾਂ ਨਾਲ ਅਤੇ ਕਿਰਿਆਵੀ ਸ਼ਬਦਾਂ ਨਾਲ ਵੀ ਵਿਭਕਤੀ ਚਿੰਨ੍ਹ ਜਾਂ ਵਿਭਕਤੀ-ਮੂਲਕ ਪਿਛੇਤਰ ਸੰਜੁਗਤ ਕਰਕੇ ਉਨ੍ਹਾਂ ਸ਼ਬਦ-ਰੂਪਾਂ ਵਿਚ ਜੋ ਰੂਪਾਂਤਰਣ ਹੁੰਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਸ਼ਬਦ-ਰੂਪਾਂ ਦੀਆਂ ਜੋ ਰੂਪਾਵਲੀਆਂ (paradigms) ਤਿਆਰ ਹੁੰਦੀਆਂ ਹਨ ਇਹ ਸਾਰਾ ਕਾਰਜ ਵਿਭਕਤੀ-ਪ੍ਰਕਿਰਿਆ ਦਾ ਹੀ ਹੈ । ਇਹ ਵਿਭਕਤੀ ਵਾਕ ਵਿਚ ਸ਼ਬਦਾਂ/ਪਦਾਂ ਦੇ ਸੰਬੰਧਾਂ ਨੂੰ ਸੂਚਿਤ ਕਰਦੀਆਂ ਹਨ । ਵਿਭਕਤੀਆਂ ਨੂੰ ਵੇਖ ਕੇ ਹੀ ਅਸੀ ਪਛਾਣ ਕਰ ਸਕਦੇ ਹਾਂ ਕਿ ਕਿਹੜਾ ਕਰਤਾ ਹੈ, ਕਿਹੜਾ ਕਰਮ ਹੈ ਜਾਂ ਕਿਹੜਾ ਵਰਤਮਾਨ ਕਾਲ ਹੈ ਅਤੇ ਕਿਹੜਾ ਭੂਤ ਕਾਲ ਹੈ । ਪੰਜਾਬੀ, ਹਿੰਦੀ, ਬੰਗਾਲੀ, ਆਦਿ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਜਿਹੜਾ ਕਾਰਜ (functon) ਸੰਬੰਧਕ (postpositions) ਕਰਦੇ ਹਨ ਉਹੋ ਕਾਰਜ ਸੰਸਕ੍ਰਿਤ ਵਿਭਕਤੀਆਂ ਕਰਦੀਆਂ ਹਨ । ਸੰਸਕ੍ਰਿਤ ਮਾਰਫਾਲੋਜੀ ਦੇ ਅਨੁਸਾਰ ਵਿਭਕਤੀਆਂ ਦੇ ਦੋ ਵਿਭਾਗ ਹਨ :

(1) ਸੁਪ ਵਿਭਕਤੀਆਂ ਅਤੇ (2) ਤਿਙ ਵਿਭਕਤੀਆਂ । ਨਾਂਵੀ ਪਦਾਂ/ਸ਼ਬਦਾਂ ਦੇ ਅੰਤਲੇ ਭਾਗ ਵਿਚ ਜੁੜਨ ਵਾਲੀਆਂ ਜਿੰਨੀਆਂ ਵੀ ਵਿਭਕਤੀਆਂ (endings) ਹਨ ਉਨ੍ਹਾਂ ਨੂੰ "ਸੁਪ" ਕਿਹਾ ਜਾਂਦਾ ਹੈ ਅਤੇ ਸੁਪ-ਵਿਭਕਤੀਆਂ ਦੇ ਸੰਜੋਜਨ ਦੁਆਰਾ ਜਿਹੜੇ ਸ਼ਬਦ ਨਿਰਮਿਤ ਹੁੰਦੇ ਹਨ ਉਨ੍ਹਾਂ ਨੂੰ "ਸੁਬੰਤ" (ਸੁਪ +ਅੰਤ) ਕਿਹਾ ਜਾਂਦਾ ਹੈ । ਸੁਪ-ਵਿਭਕਤੀਆਂ ਨੂੰ "ਸੁਪ" ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਪਾਣਿਨੀ* ਦੇ ਸੰਸਕ੍ਰਿਤ ਵਿਆਕਰਣ ਵਿਚ ਇਹ ਵਿਭਕਤੀਆਂ ਦਾ ਕਥਨ /ਸੁ/ ਤੋਂ ਸ਼ੁਰੂ ਹੁੰਦਾ ਹੈ ਅਤੇ /ਪ/ ਤੇ ਖਤਮ ਹੋ ਜਾਂਦਾ ਹੈ, ਅਤੇ ਇਸ ਤਰ੍ਹਾਂ ਇਹ "ਸੁਪ" ਇਕ ਸੰਖੇਪੀਕਰਣ ਹੈ, ਜਿਸ ਨੂੰ ਅੰਗ੍ਰੇਜ਼ੀ ਵਿਚ acronyms ਕਹਿ ਸਕਦੇ ਹਾਂ । ਸੁਪ ਦੇ ਅੰਤਰਗਤ ਹੇਠ ਲਿਖੇ ਵਿਭਕਤੀ-ਪਿਛੇਤਰ ਸ਼ਾਮਲ ਹੁੰਦੇ ਹਨ ਜਿਹੜੇ ਨਾਂਵੀਂ ਸ਼ਬਦਾਂ ਨਾਲ ਜੁੜਦੇ ਹਨ :

"ਸੁ, ਔ, ਸ, ਅ, ਔਟ, ਸ਼ਸ, ਟਾ ਭਯਾਂ ਭਿਸ, ਙੇ ਭਯਾਂ, ਭਯਸ,
ਙਸਿ ਭਯਾਂ ਭਯਸ, ਙਸ ਓਸ ਆਮ ਙਿ ਓਸ ਸੁਪ"

ਅਤੇ ਇਸੇ ਤਰ੍ਹਾਂ ਕਿਰਿਆਵੀ ਸ਼ਬਦਾਂ ਦੀਆਂ ਜਿੰਨੀਆਂ ਵੀ ਵਿਭਕਤੀਆਂ ਹਨ ਉਨ੍ਹਾਂ ਦੇ ਮੁੱਢ ਵਿਚ /ਤਿ/ ਅਤੇ ਅੰਤ ਵਿਚ /ਙ/ ਲਗਦਾ ਹੈ ਇਸ ਲਈ ਕਿਰਿਆਵੀ ਵਿਭਕਤੀਆਂ ਦਾ ਨਾਮ "ਤਿਙ" ਹੈ । ਤਿਙ-ਵਿਭਕਤੀਆਂ ਦੇ ਸੰਯੋਜਨ ਕਰਕੇ ਕਿਰਿਆ-ਪਦਾਂ ਨੂੰ ਤਿਙੰਤ (ਤਿਙ+ਅੰਤ) ਕਿਹਾ ਜਾਂਦਾ ਹੈ । ਤਿਙ ਸੰਬੰਧੀ ਪਾਣਿਨੀ ਦਾ ਸੂਤਰ ਫੁਟਨੋਟ ਵਿਚ ਦਰਜ ਹੈ ਜਿਸ ਵਿਚ ਸਾਰੇ ਕਿਰਿਆ ਵਿਭਕਤੀ ਚਿੰਨ੍ਹਾਂ ਜਾਂ ਵਿਭਕਤੀ-ਮੂਲਕ ਪਿਛੇਤਰਾਂ (ਮਾਰਫੀਮਾਂ) ਦੀ ਗਿਣਤੀ ਕੀਤੀ ਗਈ ਹੈ ।** ਸੋ ਵਿਭਕਤੀਕਰਣ ਦੇ ਅਨੁਸਾਰ ਦੋ ਵਿਭਾਗਾਂ ਦੇ ਨਾਮ ਹਨ :

(1) ਨਾਂਵੀ ਵਿਭਕਤੀਕਰਨ : nominal inflection

(2) ਕਿਰਿਆਵੀ ਵਿਭਕਤੀਕਰਨ : verbal inflection .

ਹੁਣ ਇਨ੍ਹਾਂ ਦੋਹਾਂ ਵਿਭਾਗਾਂ ਦਾ ਵਾਰੋ ਵਾਰੀ ਵਿਸਤਾਰਣ ਕੀਤਾ ਜਾਂਦਾ ਹੈ ।

ਨਾਂਵੀ ਵਿਭਕਤੀਕਰਣ (nominal inflection)

ਸੰਸਕ੍ਰਿਤ ਭਾਸ਼ਾ ਵਿਚ ਨਾਂਵੀ ਸ਼ਬਦੀਆਂ (ਨਾਂਵ, ਵਿਸ਼ੇਸ਼ਣ, ਪੜਨਾਂਵ, ਕ੍ਰਿਆ-

* सुप्: स्वौजसमौट् छष्टाभ्याम्भिस् ङे भ्याम्भ्यस् ङसिभ्यां भ्यस् ङसो साम् ङ्योस्सुप्। ८-१-२

** तिङ् :- तिप्तस्झि सिप्थस्थ मिब्वस्मस्तातांझ थासाथान्ध्वमिड् वहिमहिङ् ७/४/६९ -पाणिनि

ਵਿਸ਼ੇਸ਼ਣ) ਨਾਲ ਜਿਹੜੇ ਵਿਭਕਤੀ-ਚਿੰਨ੍ਹ ਸੰਯੁਗਤ ਹੁੰਦੇ ਹਨ ਉਹ ਨਾਵੀ ਵਿਭਕਤੀਕਰਣ ਦੀ ਪ੍ਰਕਿਰਿਆ ਹੈ। ਸੰਸਕ੍ਰਿਤ ਵਿਚ ਇਨ੍ਹਾਂ ਨਾਵੀ ਵਿਭਕਤੀ-ਚਿੰਨ੍ਹਾਂ ਨੂੰ "ਸੁਪ" ਕਿਹਾ ਜਾਂਦਾ ਹੈ ਨਾਵੀ ਸ਼ਬਦਾਂ ਦੇ ਅਗੇ ਸੱਤ ਵਿਭਕਤੀ-ਚਿੰਨ੍ਹ ਲਗਦੇ ਹਨ ਜਿਨ੍ਹਾਂ ਵਿਚ ਤਿੰਨ ਵਚਨ ਅਤੇ ਤਿੰਨ ਲਿੰਗ ਹਨ। ਪੁਲਿੰਗ, ਇਸਤ੍ਰੀ ਲਿੰਗ ਅਤੇ ਨਪੁੰਸਕ ਲਿੰਗ ਦੇ ਕਾਫੀ ਵਿਭਕਤੀ-ਚਿੰਨ੍ਹ ਵਖਰੇ ਹਨ। /ਰਾਮ/lexeme ਨਾਲ ਸੁਪ-ਵਿਭਕਤੀ ਚਿੰਨ੍ਹ ਜੁੜ ਕੇ ਹੇਠ ਲਿਖੀ ਰੂਪਾਵਲੀ ਬਣਦੀ ਹੈ :

ਵਿਭਕਤੀ-ਸਹਿਤ ਸ਼ਬਦ-ਰੂਪਾਂ ਦਾ ਰੇਖਾ-ਚਿਤਰ : /ਰਾਮ/ ਦੀ ਰੂਪਾਵਲੀ

ਵਿਭਕਤੀ	*ਇਕ ਵਚਨ*	*ਦੋਵਚਨ*	*ਬਹੁਵਚਨ*	*ਕਾਰਕ*	
ਪਹਿਲੀ ਵਿਭਕਤੀ	ਰਾਮ:	ਰਾਮੌ	ਰਾਮਾ:	ਕਰਤਾ ਕਾਰਕ	nominative
ਦੂਜੀ ਵਿਭਕਤੀ	ਰਾਮੰ	ਰਾਮੌ	ਰਾਮਾਨ੍	ਕਰਮ	accusative
ਤੀਜੀ ਵਿਭਕਤੀ	ਰਾਮੇਣ	ਰਾਮਾਭਯਾਮ੍	ਰਾਮੈ:	ਕਰਣ	: instrumental
ਚੌਥੀ ਵਿਭਕਤੀ	ਰਾਮਾਯ	ਰਾਮਾਭਯਾਮ੍	ਰਾਮੇਭਯ:	ਸੰਪ੍ਰਦਾਨ	dative
ਪੰਜਵੀਂ ਵਿਭਕਤੀ	ਰਾਮਾਤ	ਰਾਮਾਭਯਾਮ੍	ਰਾਮੇਭਯ:	ਆਪਾਦਾਨ	ablative
ਛੇਵੀਂ ਵਿਭਕਤੀ	ਰਾਮਸਯ	ਰਾਮਯੋ:	ਰਾਮਾਣਾਮ੍	ਸੰਬੰਧ	: genitive
ਸੱਤਵੀਂ ਵਿਭਕਤੀ	ਰਾਮੇ	ਰਾਮਯੋ:	ਰਾਮੇਸ਼ੁ	ਅਧਿਕਰਣ	locative
ਸੰਬੋਧਨ	ਹੇ ਰਾਮ	ਹੇ ਰਾਮੌ	ਹੇ ਰਾਮਾ:	ਸੰਬੋਧਨ	. vocative

ਉਪਰ ਜਿਨ੍ਹਾਂ ਸੁਪ-ਵਿਭਕਤੀਆਂ ਦਾ ਵਿਵਰਣ ਪੇਸ਼ ਕੀਤਾ ਹੈ, ਅਤੇ ਉਨ੍ਹਾਂ ਦੇ ਸੰਜੋਗ ਨਾਲ/ਰਾਮ/ਸ਼ਬਦ ਦੀ ਰੂਪਾਵਲੀ ਅੰਕਿਤ ਕੀਤੀ ਹੈ। ਇਸ ਪ੍ਰਕਿਰਿਆ ਵਿਚ ਉਪਰੋਕਤ ਵਿਭਕਤੀਆ ਵਿਚ ਧੁਨੀਆਤਮਕ ਵਿਕਾਰ/ਪਰਿਵਰਤਨ ਪੈਦਾ ਹੁੰਦਾ ਹੈ ਅਰਥਾਤ phonetic change ਵਾਪਰਦੀ ਹੈ। ਨਾਂਵੀ (nominal) ਸ਼ਬਦਾਂ ਨਾਲ ਵਿਭਕਤੀਆਂ ਜੁੜ ਕੇ ਜੋ ਰੂਪਾਵਲੀ (paradigms) ਤਿਆਰ ਹੁੰਦੀ ਹੈ, ਯੂਰਪੀ ਵਿਆਕਰਣਾਚਾਰੀਆ ਉਸ ਨੂੰ declension ਦੀ ਸੰਗਿਆ ਦਿੰਦੇ ਹਨ।

ਨਾਵੀ ਵਿਭਕਤੀਕਰਨ ਦੇ ਸੰਯੋਜਨ ਦੁਆਰਾ ਸੰਸਕ੍ਰਿਤ ਸ਼ਬਦਾਂ/ਪਦਾਂ ਵਿਚ ਹੇਠ ਲਿਖੇ ਵਚਨ, ਲਿੰਗ ਤੇ ਕਾਰਕਾਂ ਦਾ contrast (ਵਿਰੋਧ) ਸਥਾਪਿਤ ਹੁੰਦਾ ਹੈ :

(1) ਵਚਨ : ਤਿੰਨ-ਰੁਖਾ ਵਿਰੋਧ (3-way contrast in number) : ਇਕ ਵਚਨ (singular), ਦ੍ਵਿਵਚਨ (dual), ਬਹੁਵਚਨ (plural)

(2) ਲਿੰਗ : ਤਿੰਨ ਰੁਖਾ ਵਿਰੋਧ (3 way contrast in gendre) : ਪੁਲਿੰਗ (masculine), ਇਸਤ੍ਰੀ ਲਿੰਗ (feminine), ਨਪੁੰਸਕ (neutral)

(3) ਕਾਰਕ : 8 ਕਾਰਕ

ਕਰਤਾ, ਕਰਮ, ਕਰਣ, ਸੰਪ੍ਰਦਾਨ, ਅਪਾਦਾਨ, ਸੰਬੰਧ, ਅਧਿਕਰਣ, ਸੰਬੋਧਨ।

ਵਿਸ਼ੇਸ਼ਣ (adjectives)

ਨਾਵੀ ਵਿਭਕਤੀਕਰਣ ਦੇ ਅੰਤਰਗਤ ਵਿਸ਼ੇਸ਼ਣਾਂ ਦੀ ਵੀ ਗਿਣਤੀ ਕੀਤੀ ਜਾਂਦੀ ਹੈ। ਸੰਸਕ੍ਰਿਤ ਵਿਆਕਰਣਿਕ ਸੰਰਚਨਾ ਵਿਚ ਵਿਸ਼ੇਸ਼ਣਾ ਦੀ ਸਥਿਤੀ ਦਾ ਜੋ ਪੈਟਰਨ ਉਭਰਦਾ ਹੈ ਉਸ ਦੇ ਮੁਤਾਬਕ ਵਿਸ਼ੇਸ਼ਣ, ਸ਼ਬਦ-ਰੂਪ ਨਾਵਾਂ/ਪੜਨਾਵਾਂ ਤੋਂ ਪਹਿਲਾਂ ਸਥਿਤ

ਹੁੰਦੇ ਹਨ ਅਤੇ ਇਹ ਵਿਸ਼ੇਸ਼ਣ ਲਿੰਗ ਅਤੇ ਵਚਨ ਦੇ ਉਪ-ਸ਼੍ਰੇਣੀਆਂ ਦੇ ਪਖੋਂ ਨਾਵਾਂ/ਸਰਵਨਾਵਾਂ ਨਾਲ ਮੇਲ (agree) ਰਖਦੇ ਹਨ। ਜੇਕਰ ਨਾਂਵ ਇਕ ਵਚਨ ਹੈ ਤਾਂ ਉਸ ਦਾ ਵਿਸ਼ੇਸ਼ਣ ਵੀ ਇਕ ਵਚਨ ਹੈ, ਅਤੇ ਜੇ ਨਾਂਵ ਦ੍ਵਿਵਚਨ/ਬਹੁਵਚਨ ਹੈ ਤਾਂ ਉਸ ਦਾ ਵਿਸ਼ੇਸਣ ਵੀ ਦ੍ਵਿਵਚਨ/ਬਹੁਵਚਨ ਹੁੰਦਾ ਹੈ। ਉਦਾਹਰਣ :

(ਲਾਲ ਘੜਾ) रक्तो घट:	ਇਕ ਵਚਨ	ਵਿਸ਼ੇਸ਼ਣ ਤੇ ਵਿਸੇਸ਼ :	ਪੁਲਿੰਗ
(ਲਾਲ ਕਪੜਾ) रक्तो पट:	ਇਕ ਵਚਨ	ਵਿਸ਼ੇਸਣ ਤੇ ਵਿਸੇਸ਼ :	ਪੁਲਿੰਗ
(ਨੀਲਾ ਆਸਮਾਨ) नील नभ:	ਇਕ ਵਚਨ :	" "	ਨਪੁੰਸਕ
(ਨੀਲਾ ਬਸਤਰ) नीलं वस्त्रम्	ਇਕ ਵਚਨ :	" "	ਨਪੁੰਸਕ
(ਕਾਲੀ ਸਪਣੀ) कृष्णा सर्पिणी	" "	" "	ਇਸਤ੍ਰੀ ਲਿੰਗ

ਉਪਰੋਕਤ ਉਦਾਹਰਣਾਂ ਵਿਚ/ਰਕਤ, ਨੀਲ, ਕ੍ਰਿਸਣਾ/ਵਿਸੇਸ਼ਣ ਹਨ ਅਤੇ/ਘਟ, ਪਟ, ਨਭ, ਵਸਤ੍ਰ, ਸਰਪਿਣੀ/ਵਿਸ਼ੇਸ਼ਯ ਹਨ। ਇਹ ਵਿਸ਼ੇਸ਼ਣ ਆਪਣੇ ਸੰਬੰਧਿਤ ਵਿਸ਼ੇਸ਼ਾਂ (ਵਿਸ਼ੇਸਯਾਂ) ਨਾਲ ਲਿੰਗ, ਵਚਨ, ਕਾਰਕ ਵਿਚ agreement (ਮੇਲ) ਰਖਦੇ ਹਨ।

ਇਥੇ ਇਹ ਵੀ ਕਾਬਲੇ-ਜਿਕਰ ਗੱਲ ਹੈ ਕਿ ਸਮੂਹ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryans) ਵਿਚੋਂ ਪੰਜਾਬੀ ਹੀ ਇਕੋ ਇਕ ਅਜੇਹੀ ਆਧੁਨਿਕ ਭਾਸ਼ਾ ਹੈ ਜਿਸ ਵਿਚ ਵਿਸੇਸਣ ਆਪਣੇ ਵਿਸ਼ੇਸ਼ਾਂ ਨਾਲ ਸੰਸਕ੍ਰਿਤ ਦੀ ਤਰ੍ਹਾਂ ਲਿੰਗ, ਵਚਨ, ਕਾਰਕ ਪਖੋਂ ਮੇਲ ਰਖਦੇ ਹਨ, ਜਿਵੇਂ : ਕਾਲਾ ਸੱਪ, ਕਾਲੀ ਸੱਪਣੀ, ਨੀਲਾ ਘੋੜਾ, ਨੀਲੀ ਘੋੜੀ ਆਦਿ ਆਦਿ।

ਕ੍ਰਿਆਵੀ ਵਿਭਕਤੀਕਰਣ (Verbal inflection)

ਸੰਸਕ੍ਰਿਤ ਦੇ ਕਿਰਿਆ ਰੂਪਾਂ ਨਾਲ ਜਿਹੜੇ ਵਿਭਕਤੀ-ਚਿੰਨ੍ਹ/ਵਿਭਕਤੀ-ਪਿਛੇਤਰ ਜੋੜੇ ਜਾਂਦੇ ਹਨ ਉਨ੍ਹਾਂ ਨੂੰ "ਤਿਙ" ਕਿਹਾ ਜਾਂਦਾ ਹੈ। "ਤਿਙ" ਕੀ ਹੈ ? ਇਸ ਦਾ ਸਪਸ਼ਟੀਕਰਣ ਪਿਛਲੇ ਪੰਨਿਆਂ ਤੇ ਦਿੱਤਾ ਗਿਆ ਹੈ। ਧਾਤੂ ਨਾਲ ਅਗਲੇ ਪਾਸੇ ਤਿਙ ਵਿਭਕਤੀ ਚਿੰਨ੍ਹ ਜਾਂ ਪਿਛੇਤਰ ਲਗਾ ਕੇ ਤਿਙੰਤ ਸ਼ਬਦ ਰੂਪ ਬਣਾਏ ਜਾਂਦੇ ਹਨ, ਇਨ੍ਹਾਂ ਨੂੰ ਕ੍ਰਿਆ ਪਦ ਕਿਹਾ ਜਾਂਦਾ ਹੈ, ਅੰਗ੍ਰੇਜ਼ੀ ਵਿਚ ਇਹ conjugation ਹੈ। ਤਿਙ ਵਿਭਕਤੀ-ਪਿਛੇਤਰ-ਮਾਰਫੀਮ 18 (ਅਠਾਰਾਂ) ਹਨ, ਉਨ੍ਹਾਂ ਦੇ ਮੁਖ ਰੂਪ ਇਹ ਹਨ

Set I ਪਰਸਮੈਪਦ :	ਇਕਵਚਨ	ਦ੍ਵਿਵਚਨ	ਬਹੁਵਚਨ
third person suffixes :	ਤਿਪ,	ਤਸ,	ਝਿ
second " " :	ਸਿਪ,	ਥਸ,	ਥ
first " " :	ਮਿਪ,	ਵਸ,	ਮਸ
Set II ਆਤਮਨੇਪਦ :			
III person suffixes	ਤ	ਆਤਾਮ	ਝ
II person "	ਥਾਸ	ਆਥਾਮ੍	ਧ੍ਵਮ
I person "	ਇਟ੍	ਵਹਿ	ਮਹਿਙ

ਸੰਸਕ੍ਰਿਤ ਵਿਚ/ਭੂ/ਧਾਤੂ ਨਾਲ ਨੌਂ ਪਰਸਮੈਪਦੀ ਤਿਙ-ਵਿਭਕਤੀ-ਚਿੰਨ੍ਹ ਜੁੜ ਕੇ ਵਰਤਮਾਨ ਕਾਲ ਦੇ ਜੋ ਨੌਂ ਤਿਙੰਤ ਕਿਰਿਆ ਰੂਪ (verbal paradigm) ਬਣਦੇ ਹਨ ਉਨ੍ਹਾਂ ਦੀ ਵੰਨਗੀ ਪੇਸ਼ ਹੈ

ਭੂ-ਧਾਤੂ ਵਰਤਮਾਨ ਕਾਲ, ਲਟ ਲਕਾਰ ਦੀ ਰੂਪਾਵਲੀ

ਪੁਰਸ਼ = person		ਇਕਵਚਨ	ਦ੍ਵਿਚਨ	ਬਹੁਵਚਨ
ਪ੍ਰਥਮ ਪੁਰਸ਼	III	ਭਵਤਿ (ਉਹ ਹੁੰਦਾ ਹੈ)	ਭਵਤ (ਉਹ ਹੁੰਦੇ ਹਨ)	ਭਵੰਤਿ (ਉਹ ਬਹੁਤੇ ਹੁੰਦੇ ਹਨ)
ਮਧਯਮ ਪੁਰਸ਼	II	ਭਵਸਿ (ਤੂੰ ਹੁੰਦਾ ਹੈ)	ਭਵਥ (ਤੁਸੀਂ ਦੋ ਹੁੰਦੇ ਹੋ)	ਭਵਥ (ਤੁਸੀਂ ਬਹੁਤੇ ਹੁੰਦੇ ਹੋ)
ਉੱਤਮ ਪੁਰਸ਼	I	ਭਵਾਮਿ (ਮੈਂ ਹੁੰਦਾ ਹਾਂ)	ਭਵਾਵ (ਅਸੀਂ ਦੋ ਹੁੰਦੇ ਹਾਂ)	ਭਵਾਮ (ਅਸੀਂ ਬਹੁਤੇ ਹੁੰਦੇ ਹਾਂ)

ਸੰਸਕ੍ਰਿਤ ਕ੍ਰਿਆ ਪਦਾਂ ਵਿਚ "ਤਿਙ" ਵਿਭਕਤੀ-ਪਿਛੇਤਰਾਂ ਦੇ ਕਾਰਣ ਹੇਠ ਲਿਖੇ ਵਿਰੋਧ (contrast) ਸਥਾਪਿਤ ਹੁੰਦੇ ਹਨ :

1. ਪੁਰਸ਼ (person) : ਤਿੰਨ ਪੁਰਸ਼ ਵਿਰੋਧ ਵਿਚ ਸਥਿਤ ਰਹਿੰਦੇ ਹਨ। ਇਹ ਤਿੰਨ-ਰੁਖਾ ਵਿਰੋਧ ਹੈ : (3-way contrast in persons :) ਪ੍ਰਥਮ ਪੁਰਸ਼ (III person), ਮਧਮ ਪੁਰਸ਼ (II person) ਉੱਤਮ ਪੁਰਸ਼ (I person)
2. ਵਚਨ (number) : ਤਿੰਨ-ਰੁਖਾ ਵਿਰੋਧ ਵਚਨਾਂ ਵਿਚ ਹੈ (3-way contrast in number)

   ਇਕਵਚਨ (singular), ਦ੍ਵਿਵਚਨ (dual), ਬਹੁਵਚਨ (plural)
3. ਵਾਚ (voice) : ਤਿੰਨ ਰੁਖਾ ਵਾਚ-ਵਿਰੋਧ ਹੈ :
   1. ਕਰਤਰੀ ਵਾਚ (कर्तृ वाच्य) active voice
   2. ਕਰਮਣੀ ਵਾਚ (कर्मणि वाच्य) passive voice
   3. ਭਾਵੇ ਵਾਚ (भाव वाच्य) impersonal voice
4. ਕਾਲ ਤੇ ਮੂਡ (tense & moods) : ਕਾਲ ਤੇ ਮੂਡ ਨੂੰ ਸੰਸਕ੍ਰਿਤ ਵਿਚ 10 ਲਕਾਰਾਂ ਦੀ ਸ਼ਕਲ ਵਿਚ ਅਭਿਵਿਅਕਤ ਕੀਤਾ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਲਕਾਰ ਕਾਲ-ਨਿਰਧਾਰਨ ਲਈ ਅਤੇ ਕੁਝ ਲਕਾਰ ਵ੍ਰਿਤੀ ਮੂਡ ਲਈ ਵਰਤੇ ਜਾਂਦੇ ਹਨ :

(ੳ) ਕਾਲ (tense)

ਲਟ ਲਕਾਰ	: ਵਰਤਮਾਨ ਕਾਲ	: present tense
ਲਙ ਲਕਾਰ	: ਭੂਤ ਕਾਲ	: past imperfect
ਲੁਟ "	: ਭਵਿਸ਼ਤ ਕਾਲ	: first future
ਲ੍ਰਿਟ "	: ਭਵਿਸ਼ਤ ਕਾਲ	: second future
ਲਿਟ "	: ਪਰੋਕਸ਼ ਭੂਤਕਾਲ	: past perfect
ਲੁਙ "	: ਭੂਤ ਕਾਲ	: aorist
ਲ੍ਰਿਙ	: ਭੂਤ ਯਾ ਭਵਿਸ਼ਤ	: conditional

(ਅ) ਵ੍ਰਿਤੀ (mood)

ਲੋਟ ਲਕਾਰ	: ਆਗਿਆ-ਅਰਥਕ	: imperetive
ਲਿਙ	: ਵਿਧੀ	: potential
ਲਿਙ	: ਆਸ਼ੀਰਵਾਦ	: benedictive

ਇਨ੍ਹਾਂ ਵਿਚੋਂ "ਲੇਟ" ਲਕਾਰ ਸਿਰਫ ਵੈਦਿਕ ਸੰਸਕ੍ਰਿਤ ਵਿਚ ਹੀ ਪ੍ਰਯੁਕਤ ਹੁੰਦਾ ਹੈ । ਬਾਕੀ ਨੌਂ ਲਕਾਰ ਕਲਾਸੀਕਲ ਸੰਸਕ੍ਰਿਤ ਵਿਚ ਪ੍ਰਚਲਤ ਹਨ ।

ਸੰਸਕ੍ਰਿਤ ਵਿਭਕਤੀਆਂ ਦੀ ਵਿਲੱਖਣਤਾ

ਸੰਸਕ੍ਰਿਤ ਵਿਭਕਤੀਆਂ ਦੀ ਵਿਲੱਖਣਤਾ ਇਹ ਹੈ ਕਿ ਇਹ ਵਿਭਕਤੀ ਚਿੰਨ੍ਹ (inflecting affixes) ਇਕ-ਆਯਾਮੀ (single-dimensional) ਨਹੀਂ ਹਨ ਸਗੋਂ ਇਹ ਬਹੁ-ਆਯਾਮੀ (multi- dimensional) ਹਨ । ਇਹ ਵਿਭਕਤੀ-ਚਿੰਨ੍ਹ ਬਹੁ-ਕਾਰਜੀ ਹੁੰਦੇ ਹਨ । ਇਕੋ ਹੀ ਵਿਭਕਤੀ ਚਿੰਨ੍ਹ ਵਿਚ ਨਾਂਵੀ ਸ਼ਬਦਾਂ ਦੇ ਵਚਨ, ਲਿੰਗ, ਕਾਰਕ ਦੇ ਵਿਭਿੰਨ ਵਿਰੋਧ ਅਭਿਵਿਅਕਤ ਹੁੰਦੇ ਹਨ । ਅਤੇ ਇਸੇ ਤਰ੍ਹਾਂ ਕਿਰਿਆਵੀ ਸ਼ਬਦਾਂ ਦੇ ਨਾਲ ਜੋ ਤਿਙੰਤ ਵਿਭਕਤੀ-ਚਿੰਨ੍ਹ ਸੰਜੁਗਤ ਹੁੰਦਾ ਹੈ, ਉਹੋ ਇਕੋ ਹੀ ਵਿਭਕਤੀ-ਚਿੰਨ੍ਹ ਕਾਲ, ਪੁਰਸ਼, ਵਾਚ, ਵਚਨ ਅਤੇ ਮੂਡ ਦੇ ਵਿਭਿੰਨ ਵਿਰੋਧਾਂ ਨੂੰ ਸੂਚਿਤ ਕਰਦਾ ਹੈ । ਇਕ ਵਿਭਕਤੀ ਚਿੰਨ੍ਹ ਇਕ ਬੰਧੇਜੀ ਮਾਰਫੀਮ (ਰੂਪੀਮ) ਹੈ ਪਰ ਇਹ multi-functional ਹੈ । ਜਿਹੜਾ ਮਾਰਫੀਮ ਇਕ ਤੋਂ ਵੱਧ ਵਿਆਕਰਣਕ ਵਿਰੋਧਾਂ (contrasts) ਨੂੰ ਕੋਡਬੱਧ ਕਰਦਾ ਹੋਵੇ ਉਸ ਨੂੰ portmanteau ਮਾਰਫੀਮ ਕਿਹਾ ਜਾਂਦਾ ਹੈ । ਇਸ ਤਰ੍ਹਾਂ ਸੰਸਕ੍ਰਿਤ ਦੇ ਵਿਭਕਤੀ-ਮਾਰਫੀਮ portmanteau *ਮਾਰਫੀਮ ਦੀ ਪ੍ਰਤਿਨਿਧਤਾ ਕਰਦੇ ਹਨ । ਕੁਝ ਮਿਸਾਲਾਂ ਪੇਸ਼ ਹਨ :

1. ਰਾਮੇਣ : ਨਾਂਵੀਂ ਵਿਭਕਤੀਕਰਣ ਵਿਚ ਸੰਸਕ੍ਰਿਤ ਸੰਗਿਆ ਪਦ (noun) ਦਾ ਇਕ ਵਿਭਕਤੀ ਸਹਿਤ ਸ਼ਬਦ-ਰੂਪ ਹੈ - ਰਾਮੇਣ, । ਰਾਮੇਣ ਦੀ ਰਚਨਾ /ਰਾਮ/ ਮੂਲਾਂਸ਼ ਨਾਲ ਏਣ ਵਿਭਕਤੀ-ਪਿਛੇਤਰ ਦੇ ਸੰਜੋਗ ਨਾਲ ਹੋਈ ਹੈ । ਰਾਮੇਣ ਦਾ "ਏਣ" ਵਿਭਕਤੀ ਚਿੰਨ੍ਹ ਇਕ ਵਚਨ, ਪੁਲਿੰਗ, ਕਰਣ ਕਾਰਕ ਦਾ ਬੋਧ ਇਕੋ ਵੇਲੇ ਸੂਚਿਤ ਕਰਦਾ ਹੈ । ਸੋ "ਏਣ" portmanteau ਮਾਰਫੀਮ ਹੈ ।

2. ਵੰਦੇ : ਕਿਰਿਆਵੀ ਵਿਭਕਤੀਕਰਣ ਵਿਚ ਸੰਸਕ੍ਰਿਤ ਕ੍ਰਿਆ-ਪਦ ਦਾ ਇਕ ਵਿਭਕਤੀ-ਯੁਕਤ ਸ਼ਬਦ ਰੂਪ ਹੈ "ਵੰਦੇ" (ਵੰਦੇ ਮਾਤਰਮ) ਵੰਦੇ/ਕਿਰਿਆ-ਰੂਪ, ਵਰਤਮਾਨ ਕਾਲ, ਕਰਤਰੀ ਵਾਚ, ਉੱਤਮ ਪੁਰਸ਼, ਇਕ ਵਚਨ, indicative mood ਦਾ ਬੋਧ ਇਕੋ ਸਮੇਂ ਸੂਚਿਤ ਮਾਰਕ ਕਰਦਾ ਹੈ । "ਵੰਦੇ" ਵੀ portmanteau ਮਾਰਫੀਮ ਹੈ । ਅਹੰ ਵੰਦੇ ਮਾਤਰਮ ਦਾ ਅਰਥ ਹੈ "ਮੈਂ ਮਾਂ ਨੂੰ ਵੰਦਨਾ ਕਰਦਾ ਹਾਂ"।

ਇਸ ਤਰ੍ਹਾਂ ਵਿਭਕਤੀ-ਪ੍ਰਧਾਨ ਸੰਸਕ੍ਰਿਤ ਭਾਸ਼ਾ ਦੇ ਸ਼ਬਦਾਂ ਦੇ ਵਿਭਕਤੀ- ਰੂਪ/ਰੂਪਾਵਲੀ ਅਨੇਕ ਰੂਪਾਤਮਕ ਵਿਰੋਧਾਂ ਨੂੰ ਇਕੋ ਸਮੇਂ ਇਕੋ ਹੀ ਵਿਭਕਤੀ-ਚਿੰਨ੍ਹ ਦੁਆਰਾ ਪ੍ਰਗਟ ਕਰਦੇ ਹਨ ।

ਸੰਸਕ੍ਰਿਤ ਵਾਕ-ਸੰਰਚਨਾ (Sanskrit syntax)

ਕਿਸੇ ਭਾਸ਼ਾ ਦੇ ਵਾਕ-ਸਮੂਹ ਦਾ ਸੰਰਚਨਾਤਮਕ ਅਧਿਐਨ ਹੀ ਵਾਕ ਵਿਗਿਆਨ (syntax) ਹੈ । ਵਾਕ ਭਾਸ਼ਾ ਦੀ ਵੱਡੀ ਤੋਂ ਵੱਡੀ ਵਿਆਕਰਣਿਕ ਇਕਾਈ ਹੈ ਅਤੇ ਧੁਨੀ ਭਾਸ਼ਾ ਦੀ ਨਿੱਕੀ ਤੋਂ ਨਿੱਕੀ ਇਕਾਈ ਹੈ । ਧੁਨੀਆਂ ਦੇ ਸਮੂਹ ਦਾ ਆਪਣਾ ਉਪ- ਸਿਸਟਮ ਹੈ । ਧੁਨੀਆਂ ਦੇ ਸੰਯੋਜਨ (combination) ਤੋਂ ਉਚਾਰਖੰਡਾਂ, ਮਾਰਫੀਮਾਂ, ਸ਼ਬਦਾਂ ਅਤੇ ਵਾਕਾ ਦੀ ਰਚਨਾ ਹੁੰਦੀ ਹੈ । ਇਸ ਤਰ੍ਹਾਂ ਵਾਕਾਂ ਦਾ ਅਧਿਐਨ ਹੀ ਵਾਸਤਵ ਵਿਚ ਭਾਸ਼ਾ

* "A morpheme that encodes more than one grammatical contrast is called a portmanteau morpheme ." William O' Grady , 1989 : 113.

ਦੀ ਸਮੁੱਚੀ ਸੰਰਚਨਾ ਦਾ ਅਧਿਐਨ ਹੈ ਜਿਸ ਤੋਂ ਭਾਸ਼ਾਈ ਸੰਚਾਰ ਦੀ ਸਥਾਪਨਾ ਹੁੰਦੀ ਹੈ ਅਤੇ ਜੋ ਭਾਸ਼ਾ ਦਾ ਪ੍ਰਕਾਰਜ ਤੇ ਮੰਤਵ ਹੈ।

ਵਾਕ ਵਿਗਿਆਨ ਦਾ ਉੱਦੇਸ਼ ਉਨ੍ਹਾਂ ਵਿਭਿੰਨ ਸੰਬੰਧਾਂ ਦਾ ਅਧਿਐਨ ਕਰਨਾ ਹੈ ਜੋ ਕਿ ਵਾਕ ਦੇ ਅੰਦਰ ਵਿਚਰਦੇ ਸ਼ਬਦਾਂ ਦੇ ਦਰਮਿਆਨ ਮੌਜੂਦ ਰਹਿੰਦੇ ਹਨ ਅਤੇ ਜਿਨ੍ਹਾਂ ਤੋਂ ਵਾਕਾਂ ਦੀ ਰਚਨਾ ਸੰਪੰਨ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿਚ ਵਾਕ-ਵਿਗਿਆਨ ਪਰਸਪਰ ਸ਼ਾਬਦਿਕ ਸੰਬੰਧਾਂ ਦੀ ਰੌਸ਼ਨੀ ਵਿਚ ਵਾਕ-ਸੰਰਚਨਾ ਵਿਚ ਕਾਰਜਸ਼ੀਲ ਨੇਮਾਂ ਤੇ ਪੈਟਰਨਾਂ ਦੀ ਵੀ ਪਛਾਣ ਸਥਾਪਿਤ ਕਰਦਾ ਹੈ। ਇਸ ਤਰ੍ਹਾਂ ਵਾਕ-ਵਿਗਿਆਨ* ਦਾ ਦਿਸ਼ਾ-ਬਿੰਦੂ ਵਾਕ ਅਤੇ ਵਾਕ ਦਾ ਸੰਰਚਨਾਤਮਕ ਅਧਿਐਨ ਹੈ।

ਸੰਸਕ੍ਰਿਤ ਦੀ ਵਾਕ-ਸੰਰਚਨਾ ਜਟਿਲ ਨਹੀਂ ਹੈ। ਸੰਸਕ੍ਰਿਤ ਦੇ ਹਰ ਵਾਕ ਵਿਚ ਇਕ ਕ੍ਰਿਆ ਅਤੇ ਇਕ ਕਰਤਾ ਹੁੰਦਾ ਹੈ। ਸੰਸਕ੍ਰਿਤ ਵਿਆਕਰਣਾ ਚਾਰੀਆਂ ਨੇ ਵਾਕ ਦੀ ਪਰਿਭਾਸ਼ਾ ਪ੍ਰਸਤੁਤ ਕਰਦਿਆਂ ਵਾਕ ਵਿਚ ਕ੍ਰਿਆ ਦੀ ਹੋਂਦ ਉੱਤੇ ਵਿਸ਼ੇਸ਼ ਬਲ ਦਿੱਤਾ ਹੈ। ਲਿਖਿਆ ਹੈ :

ਏਕ ਤਿਙ ਵਾਕਯਮ੍ (एकतिङ् वाक्यम्)

ਅਰਥਾਤ ਵਾਕ ਉਹ ਹੈ ਜਿਸ ਵਿਚ ਇਕ ਤਿਙੰਤ ਕ੍ਰਿਆ ਹੋਵੇ। ਜੇਕਰ ਕ੍ਰਿਆ ਸਕਰਮਕ ਹੈ ਤਾਂ ਵਾਕ ਵਿਚ ਕਰਮ ਵੀ ਹੁੰਦਾ ਹੈ. ਵਾਕ ਵਿਚ ਜੇਕਰ ਵਿਸ਼ੇਸ਼ਣ ਹੋਣ ਤਾਂ ਉਨ੍ਹਾਂ ਦੀ ਸਥਿਤੀ ਨਾਵਾਂ ਤੋਂ ਪਹਿਲਾਂ ਹੁੰਦੀ ਹੈ।

ਸੰਸਕ੍ਰਿਤ ਵਿਚ ਹਰ ਨਾਂਵ (ਸੰਗਿਆ) ਵਚਨ, ਲਿੰਗ ਅਤੇ ਕਾਰਕ ਨੂੰ ਮਾਰਕ ਕਰਦਾ ਹੈ ਕਿਉਂਕਿ ਇਥੇ ਹਰ ਸ਼ਬਦ ਨਾਲ ਵਿਭਕਤੀ ਪਿਛੇਤਰ ਜੁੜਿਆ ਰਹਿੰਦਾ ਹੈ। ਇਸੇ ਤਰ੍ਹਾਂ ਸੰਸਕ੍ਰਿਤ ਕ੍ਰਿਆ-ਰੂਪ ਵਿਚ ਕਾਲ (ਲਕਾਰ), ਵਾਚ, ਪੁਰਖ, ਵਚਨ, ਮੂਡ ਹਾਜ਼ਰ (ਸਥਿਤ) ਰਹਿੰਦਾ ਹੈ ਕਿਉਂਕਿ ਕਿਰਿਆਵੀ ਸ਼ਬਦਾਂ ਨਾਲ ਵੀ ਵਿਭਕਤੀ-ਮੂਲਕ ਪਿਛੇਤਰ ਸੰਜੁਗਤ ਹੁੰਦੇ ਹਨ ਜੋ ਅਨੇਕ ਵਾਕਾਤਮਕ ਕਾਰਜ ਸੰਪੰਨ ਕਰਦੇ ਹਨ। ਇਸ ਲਈ ਸੰਸਕ੍ਰਿਤ ਵਾਕ-ਵਿਨਿਆਸ ਦੀ ਸਭ ਤੋਂ ਵੱਡੀ ਵਾਕਾਤਮਕ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਵਾਕਾਂ ਵਿਚ ਹਰ ਪਦ/ਸ਼ਬਦ ਦਾ ਆਪਸੀ ਸੰਬੰਧ ਵਿਭਕਤੀਆਂ (case-endings, inflecting affixes) ਦੇ ਜ਼ਰੀਏ ਅਭਿਵਿਅਕਤ ਕੀਤਾ ਜਾਂਦਾ ਹੈ। ਵਾਕ ਵਿਚ ਕਰਤਾ ਦੀ ਆਪਣੀ ਵਿਭਕਤੀ ਅਤੇ ਕਰਮ ਦੀ ਆਪਣੀ ਵਿਭਕਤੀ ਚਿੰਨ੍ਹ ਹੁੰਦਾ ਹੈ। ਇਸੇ ਤਰ੍ਹਾਂ, ਕਰਣ, ਸੰਪ੍ਰਦਾਨ, ਅਪਾਦਾਨ, ਅਧਿਕਰਣ ਤੇ ਸੰਬੰਧ (genitive) ਕਾਰਕ ਦੀਆਂ ਆਪੋ ਆਪਣੀਆਂ ਵੱਖਰੀਆਂ ਵਿਭਕਤੀਆਂ (ਪਿਛੇਤਰ) ਹੁੰਦੀਆਂ ਹਨ। ਇਸ ਦੇ ਉਲਟ ਪੰਜਾਬੀ, ਹਿੰਦੀ ਆਦਿ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਵਾਕਾਂ ਵਿਚ ਹਰੇਕ ਸ਼ਬਦ ਦੇ ਸੰਬੰਧ ਆਮ ਕਰਕੇ ਸੰਬੰਧਕਾਂ (ਪਰਸਰਗਾਂ, postpositions) ਦੁਆਰਾ ਦਰਸਾਏ ਜਾਂਦੇ ਹਨ। ਸੋ ਇਹੋ ਕਾਰਣ ਹੈ ਕਿ ਸੰਸਕ੍ਰਿਤ ਵਾਕ ਸੰਰਚਨਾ ਵਿਚ ਵਿਭਕਤੀ-ਚਿੰਨ੍ਹਾਂ ਨਾਲ ਸੰਜੁਗਤ ਵਾਕਗਤ ਪਦ/ਸ਼ਬਦ ਵਾਕ ਅੰਦਰ ਸੁਤੰਤਰ ਸ਼ਬਦ-ਕ੍ਰਮ (free word-order) ਰਖਦੇ

* Syntax : "A traditional term for the study of the rules governing the way words are combined to form sentences in a language. ... An alternative definition is the study of the inter-relationship between elements of sentence-structure and of the rules governing the arrangement of sentences in sequences."

David Crystal, 1986 : 300.

A sentence is defined as the highest unit of grammatical analysis.

ਹਨ । ਸੰਸਕ੍ਰਿਤ ਵਾਕ ਵਿਚ ਕਿਸੇ ਵੀ ਸ਼ਬਦ ਦੀ ਕੋਈ ਥਾਂ ਨਿਯਤ ਨਹੀਂ ਹੁੰਦੀ । ਕਰਤਾ (subject) ਨੂੰ ਵਾਕ ਦੇ ਆਦਿ, ਮੱਧ, ਅੰਤ ਕਿਸੇ ਵੀ ਥਾਂ ਤੇ ਰੱਖ ਦੇਈਏ ਉਹ ਕਰਤਾ ਹੀ ਰਹੇਗਾ ਕਿਉਂਕਿ ਕਰਤਾ-ਸੂਚਕ ਵਿਭਕਤੀ ਜੋੜਨ ਕਰਕੇ ਕਰਤਾ ਪਛਾਣਯੋਗ ਹੀ ਰਹਿੰਦਾ ਹੈ । ਸੰਸਕ੍ਰਿਤ ਵਾਕ-ਵਿਧਾਨ ਦੇ ਸੁਤੰਤਰ ਸ਼ਬਦ-ਕ੍ਰਮ ਦੇ ਉਦਾਹਰਣ ਪੇਸ਼ ਹਨ :

ਸੰਸਕ੍ਰਿਤ ਵਾਕ ਦਾ ਸੁਤੰਤਰ ਸ਼ਬਦ-ਕ੍ਰਮ ਵੇਖਣ ਲਈ ਇਕ ਸੰਸਕ੍ਰਿਤ ਵਾਕ ਦੀ ਮਿਸਾਲ ਵੇਖੋ । ਇਸ ਵਾਕ ਵਿਚ ਕਰਤਾ, ਕਰਮ, ਕ੍ਰਿਆ ਦਾ ਕੋਈ ਸਥਾਨ ਨਿਯਤ ਨਹੀਂ ਹੈ । ਇਸ ਵਾਕ ਵਿਚਲੇ ਸ਼ਬਦਾਂ ਦਾ ਸਥਾਨ-ਕ੍ਰਮ ਹੇਠ ਲਿਖੀਆਂ ਤਰਕੀਬਾਂ (sequences) ਵਿਚ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਫੇਰ ਵੀ ਅਰਥ ਅਭਿਵਿਅਕਤੀ ਵਿਚ ਕੁਝ ਵੀ ਫਰਕ ਜਾਂ ਅੰਤਰ ਪੈਦਾ ਨਹੀ ਹੁੰਦਾ, ਅਤੇ ਇਹ ਸਾਰੇ ਵਾਕ ਵਿਆਕਰਣਿਕ ਹਨ ਅਤੇ ਸਵੀਕ੍ਰਿਤ ਹਨ । ਉਪਰੋਕਤ ਸੰਸਕ੍ਰਿਤ ਵਾਕ ਦੀ ਸ਼ਬਦ ਸਥਿਤੀ ਦਾ ਬਦਲਵਾਂ ਕ੍ਰਮ ਵੇਖੋ :

1. ਰਾਜਾ ਵਚਨੰ ਅਬ੍ਰਵੀਤ੍ (राजा वचनमब्रवीत्) ਅਰਥਾਤ ਰਾਜਾ ਨੇ
2. ਅਬ੍ਰਵੀਤ੍ ਰਾਜਾ ਵਚਨੰ ਵਚਨ ਬੋਲਿਆ ।
3. ਵਚਨੰ ਰਾਜਾ ਅਬ੍ਰਵੀਤ੍
4. ਅਬ੍ਰਵੀਤ੍ ਵਚਨੰ ਰਾਜਾ
5. ਰਾਜਾ ਅਬ੍ਰਵੀਤ੍ ਵਚਨੰ
6. ਵਚਨੰ ਅਬ੍ਰਵੀਤ ਰਾਜਾ

ਸੰਸਕ੍ਰਿਤ ਵਾਕ ਦੇ ਸ਼ਬਦ-ਕ੍ਰਮ ਦੀ ਇਕ ਹੋਰ ਮਿਸਾਲ ਪੇਸ਼ ਹੈ । ਭਗਵਦ ਗੀਤਾ ਵਿਚ ਇਕ ਵਾਕ ਹੈ "ਨੈਨੰ ਦਹਤਿ ਪਾਵਕ:" (नैनं दहति पावकः) ਅਰਥਾਤ ਅਗਨੀ ਇਸ ਆਤਮਾ ਨੂੰ ਦਗਧ ਨਹੀਂ ਕਰ ਸਕਦੀ । ਇਸ ਵਾਕ ਵਿਚ ਚਾਰ ਵਿਆਕਰਣਿਕ ਯੂਨਿਟ ਹਨ, ਉਹ ਹਨ : ਨ, ਏਨੰ, ਦਹਤਿ, ਪਾਵਕ: । ਇਹ ਸ਼ਬਦ ਯੂਨਿਟ ਵਾਕ ਵਿਚ ਕਿਤੇ ਵੀ ਰਖੇ ਜਾ ਸਕਦੇ ਹਨ ਅਤੇ ਫੇਰ ਵੀ ਵਾਕ ਅਣਵਿਆਕਰਨਕ ਨਹੀਂ ਹੁੰਦਾ । ਕ੍ਰਮ-ਪਰਿਵਰਤਨ ਦੀਆਂ ਮਿਸਾਲਾਂ ਹਾਜ਼ਰ ਹਨ :

1. ਨੈਨੰ ਦਹਤਿ ਪਾਵਕ:
2. ਏਨੰ ਨ ਦਹਤਿ ਪਾਵਕ:
3. ਦਹਤਿ ਨੈਨੰ ਪਾਵਕ:
4. ਪਾਵਕ : ਨੈਨੰ ਦਹਤਿ
5. ਏਨੰ ਦਹਤਿ ਨ ਪਾਵਕ:
6. ਨ ਪਾਵਕ : ਏਨੰ ਦਹਤਿ

ਸੰਸਕ੍ਰਿਤ ਵਾਕ-ਵਿਧਾਨ ਦੀ ਉਲੇਖਯੋਗ ਵਿਸ਼ੇਸ਼ਤਾ ਇਹ ਹੈ ਕਿ ਸੰਸਕ੍ਰਿਤ ਵਾਕ ਵਿਚ ਵਿਸ਼ੇਸ਼ਣੀ ਸ਼ਬਦ ਨਾਵਾਂ (nouns) ਦੇ ਅਨੁਸਾਰ ਰਖੇ ਜਾਂਦੇ ਹਨ । ਜੇ ਨਾਂਵ ਇਕ ਵਚਨ ਹੈ ਤਾਂ ਉਸ ਦੇ ਵਿਸ਼ੇਸ਼ਣ ਵੀ ਇਕ ਵਚਨ ਵਿਚ ਹੋਣਗੇ ਅਤੇ ਜੇ ਨਾਂਵ ਦ੍ਵਿਵਚਨ ਜਾਂ ਬਹੁਵਚਨ ਹੈ ਤਾਂ ਵਿਸ਼ੇਸ਼ਣ ਵੀ ਉਂਜੇ ਹੀ ਹੋਣਗੇ । ਜਿਵੇਂ :

ਕ੍ਰਿਸ਼ਣ : ਸਰਪ :	(ਪੁਲਿੰਗ)	: ਕਾਲਾ ਸੱਪ ।
ਕ੍ਰਿਸ਼ਣਾ ਸਰਪਿਣੀ	(ਇਸਤ੍ਰੀਲਿੰਗ)	: ਕਾਲੀ ਸੱਪਣੀ ।
ਕ੍ਰਿਸ਼ਣੰ ਵਸਤ੍ਰੰ	(ਨਪੁੰਸਕ ਲਿੰਗ)	: ਕਾਲਾ ਬਸਤਰ ।

ਵਾਕ ਵਿਚ ਵਿਸ਼ੇਸਣਾ ਦੀ ਸਥਿਤੀ ਅਤੇ ਵਚਨ, ਲਿੰਗ, ਕਾਰਕ ਦੇ ਸਿਸਟਮ ਦੇ ਪਖੋਂ ਪੰਜਾਬੀ ਭਾਸ਼ਾ ਸੰਸਕ੍ਰਿਤ ਦੀ ਅਨੁਸਾਰੀ ਹੈ, ਪਰੰਤੂ ਹਿੰਦੀ ਵਿਚ ਸੰਸਕ੍ਰਿਤ ਵਾਲਾ ਪੈਟਰਨ ਨਹੀਂ ਹੈ। ਹਿੰਦੀ ਵਿਚ ਨਾਂਵ (ਵਿਸ਼ੇਸਜ) ਭਾਵੇਂ ਬਹੁਵਚਨ ਵੀ ਹੋਵੇ ਪਰੰਤੂ ਉਸ ਦੇ ਵਿਸ਼ੇਸ਼ਣ ਇਕ ਵਚਨ ਹੀ ਹੋਣਗੇ। ਯਥਾ :

ਹਿੰਦੀ : ਹਰੀ ਪੀਲੀ ਲਤਾਏਂ

ਪੰਜਾਬੀ : ਹਰੀਆਂ ਪੀਲੀਆਂ ਵੇਲਾਂ

ਸੰਸਕ੍ਰਿਤ ਸ਼ਬਦ-ਕੋਸ਼ (Sanskrit lexicon) : ਵੈਦਿਕ ਸੰਸਕ੍ਰਿਤ ਵਿਚ ਸ਼ਬਦ-ਕੋਸ਼ ਦੀ ਦ੍ਰਿਸ਼ਟੀ ਤੋਂ ਦੋ ਤੱਥ ਉੱਲੇਖਯੋਗ ਹਨ। ਇਕ ਤਾਂ ਇਹ ਹੈ ਕਿ ਵੇਦਕਾਲੀਨ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਅੱਗੇ ਕਲਾਸੀਕਲ ਸੰਸਕ੍ਰਿਤ ਵਿਚ ਲੋਪ ਹੋ ਗਏ ਜਾਂ ਫਿਰ ਅਰਥ ਬਦਲ ਗਏ। ਸਰ ਆਰ ਜੀ. ਭੰਡਾਰਕਰ ਨੇ ਇਕ ਵੈਦਿਕ ਰਿਚਾ ਉਧ੍ਰਿਤ ਕੀਤੀ ਹੈ ਜੋ ਇਉਂ ਹੈ :

"यच् चिद्धि ते बिशो यथा प्र देव वरुण व्रतम्। मिनीमसि द्यवि द्यवि" ਇਸ ਉਧੱਰਣ ਵਿਚ "ਯਤ" ਤੋਂ ਬਾਅਦ "ਚਿਤ" ਦੀ ਵਰਤੋਂ ਕਲਾਸੀਕਲ ਭਾਸ਼ਾ ਵਿਚ ਖਤਮ ਹੋ ਗਈ ਅਤੇ "ਮਿਨੀਮਸਿ" ਦਾ ਪ੍ਰਯੋਗ ਗਾਇਬ ਹੋ ਗਿਆ। "ਵ੍ਰਤ" ਦਾ ਅਰਥ ਸ਼ਾਸ਼ਨ ਸੀ ਉਹ ਵੀ ਲੋਪ ਹੋ ਗਿਆ। "ਦ੍ਯਵਿ ਦ੍ਯਵਿ" ਦਾ ਏਥੇ ਅਰਥ ਦਿਨੋਂ ਦਿਨ (day by day) ਹੈ ਇਹ ਪ੍ਰਯੋਗ ਵੀ ਖ਼ਤਮ ਹੋ ਗਿਆ।

ਅਤੇ ਦੂਜੀ ਗੱਲ ਇਹ ਹੈ ਕਿ ਵੈਦਿਕ ਭਾਸ਼ਾ ਵਿਚ ਅਨੇਕ ਅਨਾਰੀਆ ਸ਼ਬਦ ਦਾਖ਼ਲ ਹੋ ਰਹੇ ਸਨ। ਐਸ. ਕੇ. ਚੈਟਰਜੀ [1926 : 42] ਦੇ ਅਨੁਸਾਰ ਰਿਗਵੇਦ ਵਿਚ ਪ੍ਰਚਲਿਤ ਦ੍ਰਾਵਿੜੀ ਮੂਲ ਦੇ (ਕੋਲ-ਮੁੰਡਾਰੀ ਦੇ ਵੀ) ਹੇਠ ਲਿਖੇ ਸ਼ਬਦ ਉਪਲਬਧ ਹੁੰਦੇ ਹਨ

ਰਿਗਵੇਦ ਵਿਚ ਪ੍ਰਵਿਸ਼ਟ ਅਨਾਰੀਆ ਭਾਸ਼ਾ (ਦ੍ਰਾਵਿੜੀ-ਕੋਲ ਮੁੰਡਾਰੀ) ਦੇ ਸ਼ਬਦਾਂ ਦੀ ਸੂਚੀ

ਅਣੂ (particle)	ਅਰਣਿ (wood)	ਕਟੁਕ (sharp)
ਕਪਿ (monkey)	ਕਰਮਾਰ (smith)	ਕਲਾ (art, smalll part)
ਕਾਲ (time)	ਕਿਤਵ (gamester)	ਕੁਟ (hut)
ਕੁੰਡ (hole)	ਗਣ (band)	ਨਾਨਾ (several), ਆਦਿ

ਸੰਸਕ੍ਰਿਤ ਭਾਸ਼ਾ ਦੇ ਯੂਰੋਪੀਅਨ ਵਿਦਵਾਨ T. Burrow (The Sanskrit Language, page 380) ਨੇ ਵੀ ਸਪਸ਼ਟ ਕਿਹਾ ਹੈ ਕਿ ਸੰਸਕ੍ਰਿਤ ਭਾਸ਼ਾ ਦਾ ਕਾਫੀ ਸਾਰਾ ਸ਼ਬਦ-ਕੋਸ਼ ਦ੍ਰਾਵਿੜੀ ਮੂਲ ਦਾ ਹੈ।

ਅਧਿਆਏ 3 : 4

ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਭਾਸ਼ਾਗਤ ਵਖਰੇਵੇਂ

ਪੀ. ਡੀ. ਗੁਣੇ [1950 : 147] ਨੇ ਲਿਖਿਆ ਹੈ ਕਿ "ਲੌਕਿਕ (classical) ਸੰਸਕ੍ਰਿਤ ਪ੍ਰਾਚੀਨ-ਤਮ ਵੈਦਿਕ ਭਾਸ਼ਾ (ਵਾਰਤਕ ਦਾ ਸਾਹਿਤਿਕ ਵਿਕਾਸ ਹੀ ਹੈ ।" ਜਿਵੇਂ ਕਿ ਅਸੀਂ ਪਿੱਛੇ ਨਿਰਦੇਸ਼ ਕਰ ਆਏ ਹਾਂ ਕਿ ਵੈਦਿਕ ਭਾਸ਼ਾ (ਵੈਦਿਕ ਸੰਸਕ੍ਰਿਤ) ਦਾ ਵਿਕਾਸਤਮਕ ਕਾਲ ਲਗਭਗ 1500 ਈਸਾ-ਪੂਰਵ ਤੋਂ ਸ਼ੁਰੂ ਹੋ ਜਾਂਦਾ ਹੈ ਅਤੇ ਛੇਵੀਂ-ਪੰਜਵੀਂ ਸਦੀ ਈਸਾ-ਪੂਰਵ ਪਰਯੰਤ ਜਾਰੀ ਰਹਿੰਦਾ ਹੈ । ਇਨ੍ਹਾਂ ਦਸ-ਬਾਰ੍ਹਾਂ ਸਦੀਆਂ ਦੇ ਭਾਸ਼ਾਈ ਅੰਤਰਾਲ ਦੇ ਦੌਰਾਨ ਵੈਦਿਕ ਭਾਸ਼ਾਈ-ਧਾਰਾ ਦੇ ਵਿਭਿੰਨ ਪੱਧਰਾਂ ਤੇ ਰੂਪਾਂਤਰਣ ਅਤੇ ਪਰਿਵਰਤਨ ਪੈਦਾ ਹੋ ਜਾਣੇ ਸੁਭਾਵਿਕ ਸਨ । ਇਹ ਵੀ ਸੰਭਵ ਹੈ ਕਿ ਘੋਰ ਪ੍ਰਾਚੀਨ ਯੁਗ ਦੇ "ਆਰਯਾਵਰਤ" ਵਿਚ ਆਰੀਆ ਲੋਕਾਂ ਦੀਆਂ ਕਈ ਇਲਾਕਾਈ ਤੇ ਸਥਾਨਿਕ ਬੋਲੀਆਂ ਅਤੇ ਉਪਬੋਲੀਆਂ ਪ੍ਰਚਲਿਤ ਹੋ ਰਹੀਆਂ ਹੋਣਗੀਆਂ । ਪਰ ਜਦੋਂ ਆਰੀਆਂ ਨੇ ਆਪਣੇ ਜੀਵਨ ਵਿਚ ਵਿਵਸਥਾ ਪੈਦਾ ਕਰ ਲਈ ਅਤੇ ਵੇਦਾਂ ਤੋਂ ਬਾਅਦ ਆਰਣਯਕ, ਬ੍ਰਾਹਮਣ-ਗ੍ਰੰਥ, ਉਪਨਿਸ਼ਦ, ਸੂਤ੍ਰ-ਗ੍ਰੰਥ ਆਦਿ ਰਚੇ ਜਾਣ ਲਗੇ ਤਾਂ ਸਾਹਿਤਿਕ ਤੇ ਵਿਦਿਅਕ ਲੈਵਲ ਤੇ ਕਿਸੇ ਕੇਂਦਰੀ ਟਕਸਾਲੀ ਤੇ ਸ਼ਿਸ਼ਟ ਭਾਸ਼ਾ ਦੀ ਜ਼ਰੂਰਤ ਅਵਸ਼ ਮਹਿਸੂਸ ਹੋ ਰਹੀ ਹੋਵੇਗੀ । ਲੰਮੇ ਸਮੇਂ ਦੇ ਗੇੜ ਨਾਲ ਵੈਦਿਕ ਭਾਸ਼ਾ ਵਿਚ ਜੋ ਵਿਘਟਨ, ਖਿੰਡਾਉ ਤੇ ਇੰਤਸ਼ਾਰ ਉਭਰ ਰਹੇ ਸਨ ਉਨ੍ਹਾਂ ਵਿਚ ਇਕਸੂਤ੍ਰਤਾ ਅਤੇ ਅਨੁਸ਼ਾਸਨ ਕਾਇਮ ਰਖਣ ਲਈ ਵੀ ਕਿਸੇ ਸੰਗਠਨਕਾਰੀ ਭਾਸ਼ਾ-ਪ੍ਰਯਾਸ ਦੀ ਲੋੜ ਸੀ । ਅਜਿਹੀ ਸਥਿਤੀ ਦੇ ਦਬਾਉ ਹੇਠ ਛੇਵੀਂ-ਪੰਜਵੀਂ ਸਦੀ ਪੂ. ਈ. ਦੇ ਅੰਤਿਮ ਚਰਨ ਜਾਂ ਚੌਥੀ ਸਦੀ ਪੂ. ਈ. ਦੇ ਪਹਿਲੇ ਚਰਨ ਵਿਚ ਵਿਆਕਰਣਾਚਾਰੀਆ ਰਿਸ਼ੀ "ਪਾਣਿਨੀ" ਦਾ ਪ੍ਰਾਦੁਰਭਾਵ ਭਾਰਤੀ ਭਾਸ਼ਾ ਦੇ ਇਤਿਹਾਸ ਵਿਚ ਇਕ ਸਚਮੁਚ ਕ੍ਰਾਂਤੀਕਾਰੀ ਮਹਾਨ ਘਟਨਾ ਹੋ ਨਿਬੜੀ ਹੈ । ਪਾਣਿਨੀ ਨੇ ਵੈਦਿਕ ਯੁਗ ਦੇ ਅੰਤਲੇ ਦਿਨਾਂ ਦੀ ਬੋਲੀ ਨੂੰ ਮਰਯਾਦਿਤ, ਵਿਵਸਥਿਤ ਤੇ ਨੇਮ ਬੱਧ ਕਰਕੇ ਵਿਆਕਰਣ-ਸੰਮਤ ਬਣਾਉਣ ਲਈ ਆਪਣੇ ਵਿਆਕਰਣ "ਅਸ਼ਟਾਧਿਆਈ" (अष्टाध्यायी) ਦੀ ਰਚਨਾ ਕੀਤੀ । ਹੁਣ ਵੇਖਣਾ ਇਹ ਹੈ ਕਿ ਅਸ਼ਟਾਧਿਆਈ ਦੀ ਕਿਹੜੀ ਆਧਾਰ-ਭਾਸ਼ਾ ਸੀ ਜਿਸ ਦੇ ਵਿਆਕਰਣਿਕ ਪੈਟਰਨ ਪਾਣਿਨੀ ਨੇ ਸਥਾਪਿਤ ਕੀਤੇ ?

ਪਾਣਿਨੀ-ਕਾਲ ਤਕ ਅਪੜਦਿਆਂ ਵੈਦਿਕ ਧਾਰਾ ਤੋਂ ਵਿਕਸਿਤ ਹੋਈ ਭਾਸ਼ਾ ਦੇ ਪਛਾਣ-ਕਰਨ ਯੋਗ ਤਿੰਨ ਭਾਸ਼ਾ ਰੂਪ (ਭਾਸ਼ਾਗਤ ਵੰਨਗੀਆਂ) ਉਪਲਬਧ ਹੁੰਦੇ ਮੰਨੇ ਜਾਂਦੇ ਹਨ । ਉਹ ਹਨ :

(1) ਪੱਛਮੋਤਰੀ ਭਾਸ਼ਾ ਰੂਪ ਜੋ ਗਾਂਧਾਰ ਪ੍ਰਾਂਤ ਤੋਂ ਲੈ ਕੇ ਸਮੁੱਚੇ ਪ੍ਰਾਚੀਨ ਪੰਜਾਬ ਵਿਚ ਪ੍ਰਚਲਿਤ ਸੀ.

(2) ਮੱਧਵਰਤੀ ਰੂਪ ਜੋ ਪੰਜਾਬ ਤੋਂ ਮੱਧ-ਉੱਤਰ ਪ੍ਰਦੇਸ਼ ਤਕ ਫੈਲਿਆ ਹੋਇਆ ਸੀ, ਅਤੇ

(3) ਪੂਰਬੀ ਰੂਪ ਜੋ ਮੱਧ-ਰੂਪ ਤੋਂ ਅਗੇ ਪੂਰਬ ਦੇ ਪਾਸੇ ਵੱਲ ਪਸਰਿਆ ਸੀ।

ਪਾਣਿਨੀ ਦੇ ਵਿਆਕਰਣ ਦੀ ਆਧਾਰ-ਭੂਤ ਭਾਸ਼ਾ ਉਸ ਦੀ ਆਪਣੀ ਮਾਤ-ਭਾਸ਼ਾ ਹੀ ਮੰਨੀ ਜਾਂਦੀ ਹੈ ਜਿਹੜੀ ਕਿ ਉਸ ਦੇ ਜੱਦੀ ਇਲਾਕੇ ਪੱਛਮੋਤਰੀ ਭਾਰਤ ਵਿਚ ਉਸ ਵੇਲੇ ਬੋਲ ਚਾਲ ਦੀ ਬੋਲੀ ਸੀ। ਇਸ ਸੰਦਰਭ ਵਿਚ Leonard Bloomfield [1933] ਨੇ ਲਿਖਿਆ ਹੈ ਕਿ *"ਪਾਣਿਨੀ ਆਪਣੇ ਸਮੇਂ ਦੀ ਬੋਲ ਚਾਲ ਦੀ ਬੋਲੀ ਦਾ ਵਰਣਨ ਕਰ ਰਿਹਾ ਸੀ ਜੋ ਉਸ ਦੀ ਮਾਤ-ਭਾਸ਼ਾ ਹੀ ਸੀ, ਅਤੇ ਜਿਸ ਨੂੰ ਉੱਤਰ-ਪੱਛਮੀ ਭਾਰਤ ਦੇ ਪੜ੍ਹੇ-ਲਿਖੇ ਬ੍ਰਾਹਮਣ ਲੋਕ ਆਪਣੇ ਨਿਤਾਪ੍ਰਤੀ ਜੀਵਨ ਵਿਚ ਵਰਤੋਂ ਕਰਦੇ ਸਨ ਅਤੇ ਇਹ ਪੁਰਾਤਨਵਾਦੀ ਉੱਚ ਜਾਤੀ ਦੀ ਬੋਲੀ ਸੀ।"**

ਪਾਣਿਨੀ ਦੇ ਸਮਕਾਲੀ ਪੱਛਮੋਤਰੀ ਭਾਰਤ ਵਿਚ ਗਾਂਧਾਰ ਪ੍ਰਾਤ ਤੇ ਪ੍ਰਾਚੀਨ ਪੰਜਾਬ ਦੇ ਇਲਾਕੇ ਸ਼ਾਮਲ ਸਨ। ਪਾਣਿਨੀ ਨੇ ਪੱਛਮੋਤਰੀ ਭਾਸ਼ਾ (ਪ੍ਰਾਚੀਨ ਪੰਜਾਬ ਦੀ ਭਾਸ਼ਾ) ਨੂੰ ਹੀ ਟਕਸਾਲੀ ਤੇ ਪ੍ਰਮਾਣਿਕ ਮੰਨਿਆ ਕਿਉਂਕਿ ਇਸ ਵਿਚ ਅਨਾਰੀਆ ਤੱਤ ਕੋਈ ਬਹੁਤੇ ਰਚੇ-ਮਿਚੇ ਨਹੀਂ ਸਨ। ਪਾਣਿਨੀ ਦੇ ਵਿਆਕਰਣ "ਅਸ਼ਟਾਧਿਆਈ" ਦੀ ਇਹੋ ਪ੍ਰਾਚੀਨ ਪੰਜਾਬ ਵਾਲੀ ਪੱਛਮੋਤਰੀ ਭਾਸ਼ਾ ਇਕ "ਆਦਰਸ਼" ਰੂਪ ਵਜੋਂ ਮਾਡਲ ਸੀ। ਇਸ ਮਾਡਲ-ਸਰੂਪ ਆਦਰਸ਼ ਬੋਲੀ ਦੇ ਖੇਤਰ ਨੂੰ ਤਤਕਾਲੀ ਭਾਸ਼ਾ ਵਿਚ ਉਦੋਂ "ਉਦੀਚਯ"(उदीच्य) ਕਿਹਾ ਜਾਂਦਾ ਸੀ ਅਰਥਾਤ ਉੱਤਰੀ ਖੇਤਰ। ਉੱਤਰੀ ਜਾਂ ਉਦੀਚਯ ਖੇਤਰ ਦੀ ਭਾਸ਼ਾ ਨੂੰ ਪਾਣਿਨੀ ਦੇ ਯੁਗ ਦੀਆਂ ਸਮਕਾਲੀ ਲਿਖਤਾਂ ਸ਼ਿਸ਼ਟ ਭਾਸ਼ਾ, ਸਟੈਂਡਰਡ ਤੇ ਟਕਸਾਲੀ ਭਾਸ਼ਾ ਮੰਨਦੀਆਂ ਹਨ। ਵੈਦਿਕ ਕਾਲ ਵਿਚ ਲਿਖੇ ਗਏ ਗ੍ਰੰਥ *"ਕੌਸ਼ੀਤਕੀ ਬ੍ਰਾਹਮਣ"* ਵਿਚ ਇਹ ਨਿਮਨਾਂਕਿਤ ਸਤਰਾਂ ਬੜੀਆਂ ਮਹੱਤਵਪੂਰਣ ਹਨ। ਇਹ ਸਤਰਾਂ ਮੂਲ ਰੂਪ ਵਿਚ ਇਥੇ ਉਧ੍ਰਿਤ ਕੀਤੀਆਂ ਜਾਂਦੀਆਂ ਹਨ :

तस्माद् उदीच्यां प्रज्ञाततरा वागुद्यते
उदञ्च उ एव यन्ति वाचं शिक्षितुम्
यो वा ततः आगच्छति तस्य वा शुश्रुषन्त इति।

ਅਰਥਾਤ : ਉੱਤਰ ਵਿਚ ਬੋਲੀ ਬੜੀ ਸੂਝ ਨਾਲ ਬੋਲੀ ਜਾਂਦੀ ਹੈ। ਉੱਚਾਰਣ ਸਿੱਖਣ ਲਈ ਲੋਕ ਉਥੇ ਜਾਂਦੇ ਹਨ। ਜਿਹੜਾ ਉਥੋਂ (ਪੱਛਮੋਤਰੀ ਭਾਰਤੋਂ) ਆਉਂਦਾ ਹੈ, ਲੋਕ ਉਸ ਨੂੰ ਸੁਣਨਾ ਚਾਹੁੰਦੇ ਹਨ।

ਇਸ ਤਰ੍ਹਾਂ ਪਾਣਿਨੀ ਨੇ ਆਪਣੀ ਜਨਮ-ਭਾਸ਼ਾ 'ਤੇ ਆਧਾਰਿਤ ਵਿਆਕਰਣ ਦੀ ਰਚਨਾ ਕਰਕੇ ਨਾਵਾਂ, ਕ੍ਰਿਆਵਾਂ ਆਦਿ ਦੀਆਂ ਰੂਪਾਵਲੀਆਂ (paradigms) ਨੂੰ regularise ਕਰ ਦਿੱਤਾ ਅਤੇ ਇਸ ਪ੍ਰਕਾਰ ਸੰਸਕ੍ਰਿਤ ਦੇ ਸੁਧ ਤੇ ਸਹੀ ਸਰੂਪ ਨੂੰ ਸਦਾ ਲਈ ਨਿਸ਼ਚਿਤ ਕਰਕੇ ਬੰਨ੍ਹ ਦਿੱਤਾ। ਪਾਣਿਨੀ ਦੇ ਸਿੱਧਾਂਤਾਂ ਨਾਲ ਜੋ ਕੁਝ ਵੀ ਮੇਲ ਤੇ ਅਨੁਸਾਰਤਾ ਨਹੀਂ ਰਖਦਾ ਸੀ ਉਸ ਨੂੰ ਗ਼ਲਤ ਕਰਾਰ ਦੇ ਦਿੱਤਾ। ਨਤੀਜਾ ਇਹ ਹੋਇਆ ਕਿ ਪਾਣਿਨੀ ਦੁਆਰਾ ਵਿਆਕਰਣ-ਸੀਮਤ ਅਤੇ ਨਿਯਮ-ਬੱਧ ਭਾਸ਼ਾ ਵਿਚ ਅਗਾਂਹ ਹੋਰ ਕੋਈ ਕਿਸੇ

* Panini was describing a colloquial speech, a conservative upper class language, to be sure, but a language native to him and used in everyday life by the Brahmins in his part of North western India." Leonard Bloomfield, *Language*, 1933, New York, U.S.A.

ਕਿਸਮ ਦਾ ਵਿਕਾਰ ਜਾਂ ਪਰਿਵਰਤਨ ਨਾ ਹੋ ਸਕਿਆ ਅਤੇ ਲੌਕਿਕ ਸੰਸਕ੍ਰਿਤ ਹਮੇਸ਼ਾਂ ਲਈ ਸਥਿਰ ਹੋ ਗਈ । ਪਾਣਿਨੀ ਨੇ ਵਿਆਕਰਣਿਕ ਨਿਯਮਾਂ ਵਿਚ ਜਿਸ ਭਾਸ਼ਾ ਦਾ ਸਥਿਰੀਕਰਨ ਕਰ ਦਿੱਤਾ, ਉਸ ਨੂੰ ਵੈਦਿਕ ਸੰਸਕ੍ਰਿਤ ਦੇ ਮੁਕਾਬਲੇ ਤੇ ਲੌਕਿਕ ਸੰਸਕ੍ਰਿਤ ਕਿਹਾ ਜਾਣ ਲੱਗਾ ਜਿਸ ਦਾ ਅੰਗ੍ਰੇਜ਼ੀ ਪਰਿਆਏ Classical Sanskrit ਹੈ ।

ਇਥੇ ਇਸ ਤੱਥ ਦਾ ਜ਼ਿਕਰ ਕਰ ਦੇਣਾ ਵੀ ਜ਼ਰੂਰੀ ਜਾਪਦਾ ਹੈ ਕਿ ਪਾਣਿਨੀ ਨੇ ਆਪਣੇ ਵਿਆਕਰਣ "ਅਸ਼ਟਾਧਿਆਈ" ਵਿਚ ਵਰਣਨ ਕੀਤੀ ਜਾ ਰਹੀ ਭਾਸ਼ਾ ਨੂੰ ਕਿਤੇ ਵੀ ਸੰਸਕ੍ਰਿਤ (संस्कृत) ਨਹੀਂ ਆਖਿਆ/ਲਿਖਿਆ, ਬਲਕਿ ਭਾਸ਼ਾ ਦੇ ਅਰਥਾਂ ਵਿਚ 'ਸੰਸਕ੍ਰਿਤ' ਸ਼ਬਦ ਦੀ ਪਹਿਲੀ ਵਾਰ ਵਰਤੋਂ ਰਿਸ਼ੀ ਬਾਲਮੀਕੀ ਦੀ "ਰਾਮਾਯਣ" ਵਿਚ ਹੀ ਮਿਲਦੀ ਹੈ । ਜ਼ਾਹਿਰ ਹੈ ਕਿ ਪਾਣਿਨੀ ਦੀ ਜਨਮ-ਭਾਸ਼ਾ ਅਤੇ ਅਧਿਐਨ-ਭਾਸ਼ਾ ਦਾ ਨਾਮ ਬਾਅਦ ਵਿਚ ਵਿਦਵਾਨਾਂ ਵਲੋਂ ਸੰਸਕ੍ਰਿਤ ਕਰਕੇ ਆਰੋਪਿਤ ਕੀਤਾ ਗਿਆ ਹੈ । ਪਾਣਿਨੀ ਨੇ "ਸੰਸਕ੍ਰਿਤ" ਨਾਮ ਹੇਠ ਕੋਈ ਚਰਚਾ ਨਹੀਂ ਕੀਤੀ ਹੈ ਪਰ ਉਸ ਨੇ ਆਪਣੇ ਵਿਆਕਰਣ ਵਿਚ ਦੋ ਭਾਸ਼ਾਵਾਂ ਦਾ ਸਪਸ਼ਟ ਉਲੇਖ ਕੀਤਾ ਹੈ ਜਿਨ੍ਹਾਂ ਬਾਰੇ ਉਹ ਵਿਆਕਰਣਕ ਪੈਟਰਨ ਤੇ ਨਿਯਮ ਨਿਰਧਾਰਿਤ ਕਰ ਰਿਹਾ ਸੀ --ਇਕ ਹੈ ਛਾਂਦਸ ਅਤੇ ਦੂਜੀ ਹੈ ਭਾਸ਼ਾ (छांदस, भाषा) ਅਰਥਾਤ ਬੋਲਚਾਲ ਦੀ ਲੋਕ ਭਾਸ਼ਾ । ਪਾਣਿਨੀ ਨੇ ਵੈਦਿਕ ਭਾਸ਼ਾ ਨੂੰ "ਛਾਂਦਸ" ਕਿਹਾ ਹੈ ਕਿਉਂਕਿ ਵੇਦ ਖ਼ਾਸ ਕਰਕੇ ਪ੍ਰਥਮ ਵੇਦ ਰਿਗਵੇਦ ਛੰਦੋਬੱਧ ਰਚਨਾ ਹੈ । ਛੰਦਕ ਰਚਨਾ ਹੋਣ ਕਰਕੇ ਵੇਦਾਂ ਦੀ ਭਾਸ਼ਾ "ਛਾਂਦਸ" ਅਖਵਾਈ । ਅਤੇ ਇਸੇ ਤਰ੍ਹਾਂ ਪਾਣਿਨੀ ਨੇ ਆਪਣੀ ਸਮਕਾਲੀ ਲੋਕ-ਪ੍ਰਚਲਿਤ ਜੀਵੰਤ ਬੋਲੀ ਨੂੰ ਸਿਰਫ "ਭਾਸ਼ਾ" ਕਿਹਾ ਹੈ ਜਿਸ ਦਾ ਭਾਵ ਹੈ ਆਮ ਲੋਕਾਂ ਵਿਚ ਸਪਸ਼ਟ ਬੋਲਣ ਦੀ ਕ੍ਰਿਆ, ਅਰਥਾਤ colloquial speech, vernacular*. "ਭਾਸ਼ਾ" ਨਾਮਕਰਣ ਤੋਂ ਪ੍ਰਗਟ ਹੁੰਦਾ ਹੈ ਕਿ ਪਾਣਿਨੀ ਕੋਈ ਮਸਨੂਈ, ਬਣਾਉਟੀ, ਕ੍ਰਿਤ੍ਰਿਮ, (artificial) ਬੋਲੀ ਨਹੀਂ ਘੜ ਰਿਹਾ ਸੀ, ਸਗੋਂ ਲੋਕ-ਪ੍ਰਚਲਿਤ ਅਵਾਮ ਦੀ ਜ਼ੁਬਾਨ ਹੀ ਉਸ ਦੇ ਵਿਆਕਰਣ ਦਾ ਵਿਸ਼ੈ ਸੀ ।

ਇਸ ਸੰਦਰਭ ਵਿਚ ਇਕ ਹੋਰ ਪ੍ਰਮਾਣ ਵੀ ਉਪਸਥਿਤ ਕੀਤਾ ਜਾਂਦਾ ਹੈ । ਪਾਣਿਨੀ ਦੇ ਗ੍ਰਾਮਰ ਵਿਚ ਪ੍ਰਾਂਤਵਾਦ (provincialism) ਦੀ ਝਲਕ ਵੀ ਮਿਲਦੀ ਹੈ ਜਦੋਂ ਉਹ ਆਪਣੇ ਸੂਤਰਾਂ ਵਿਚ ਪੂਰਬੀ ਪ੍ਰਾਂਤ (प्राच्यां) ਅਤੇ ਉੱਤਰੀ ਪ੍ਰਾਂਤ (उदीच्यां) ਦੋਹਾਂ ਵਿਚ ਇਕੋ ਸ਼ਬਦ ਦੇ ਵੱਖ ਵੱਖ ਪ੍ਰਾਂਤਿਕ ਰੂਪ ਨਿਰਧਾਰਿਤ ਕਰਨ ਦੀ ਹਿਦਾਇਤ ਕਰਦਾ ਹੈ [H.S. Anantha Narayana : a Paper on Panini, 1983, Patiala]. ਇਸੇ ਤਰ੍ਹਾਂ ਏ.ਬੀ. ਕੀਥ [1941 : 7] ਨੇ ਵੀ ਲਿਖਿਆ ਹੈ ਕਿ "ਪਾਣਿਨੀ ਨੇ ਅਜਿਹੇ ਨਿਯਮ ਨਿਰਧਾਰਿਤ ਕੀਤੇ ਹਨ ਜਿਹੜੇ ਬੋਲਚਾਲ ਦੀ ਬੋਲੀ ਤੇ ਘਟਦੇ (apply) ਹਨ ਵਰਨਾ ਉਹ ਨਿਰਾਰਥਕ ਹੋ ਜਾਂਦੇ ਹਨ, ਅਤੇ ਇਸ ਤੋਂ ਅਲਾਵਾ ਇਹ ਤੱਥ ਵੀ ਕਾਬਲੇ-ਗ਼ੌਰ ਹੈ ਕਿ ਪਾਣਿਨੀ ਨੇ ਉਸੇ ਬੋਲੀ ਲਈ "ਭਾਸ਼ਾ" ਸ਼ਬਦ ਦੀ ਵਰਤੋਂ ਕੀਤੀ ਹੈ ਜਿਸ ਦੀ ਉਹ ਸਿਖਿਆ ਦੇ ਰਿਹਾ ਸੀ, ਸੋ "ਭਾਸ਼ਾ" ਸ਼ਬਦ ਤੋਂ ਬੋਲ ਚਾਲ ਦੀ ਮੌਖਿਕ ਬੋਲੀ ਦਾ ਸੁਭਾਵਿਕ ਭਾਵ ਉਭਰਦਾ ਹੈ ।* "ਸੰਸਕ੍ਰਿਤ-ਵਿਦਵਾਨ ਡਾ. ਸਯਾਮ ਦੇਵ ਪਾਰਾਸ਼ਰ

* ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਮਕਾਲੀ ਪ੍ਰਚਲਿਤ ਵਿਦਿਅਕ ਬੋਲੀ ਨੂੰ "ਭਾਖਾ" ਹੀ ਕਿਹਾ ਹੈ, ਜਿਵੇਂ (ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ), ਕਬੀਰ ਵੀ ਬੋਲਚਾਲ ਦੀ ਬੋਲੀ ਨੂੰ "ਭਾਸਾ" ਕਹਿੰਦੇ ਹਨ ਜਿਵੇਂ "ਸੰਸਕਿਰਤ ਹੈ ਕੂਪਜਲ ਭਾਸਾ ਬਹਤਾ ਨੀਰ" ।

[1990 : 4] ਨੇ ਵੀ ਇਸੇ ਧਾਰਣਾ ਦਾ ਸਮਰਥਨ ਕੀਤਾ ਹੈ ਅਤੇ ਅੰਕਿਤ ਕੀਤਾ ਹੈ ਕਿ

"...ਪਾਣਿਨੀ ਮੁਨੀ ਨੇ ਅਪਨੀ "ਅਸ਼ਟਾਧਯਾਯੀ" ਕੇ "ਛੰਦਸਿ ਬਹੁਲਮ" ਆਦਿ ਪ੍ਰਾਯਹ (ਲਗਭਗ) ਚਾਲੀਸ-ਪਚਾਸ ਸੂਤ੍ਰੋਂ ਮੇਂ ਵੈਦਿਕ ਭਾਸ਼ਾ ਕੋ ਛਾਂਦਸ ਕਹਾ ਹੈ ਔਰ ਸੰਸਕ੍ਰਿਤ ਕੋ, ਜੋ ਕਿ ਉਸ ਸਮਯ ਪੰਜਾਬੀ ਜਨ-ਸਾਧਾਰਣ ਦ੍ਵਾਰਾ ਬੋਲੀ ਜਾਤੀ ਥੀ, "ਵਿਭਾਸ਼ਾ ਭਾਸ਼ਾਯਾਂ" ਇਤਯਾਦਿ ਸੂਤ੍ਰੋਂ ਮੇਂ ਭਾਸ਼ਾ" ਕਹਾ ਹੈ ।" (ਸੰਸਕ੍ਰਿਤ ਤਥਾ ਪੰਜਾਬੀ ਕੇ ਸੰਬੰਧ, ਹੁਸ਼ਿਆਰਪੁਰ)

ਇਨ੍ਹਾਂ ਕਥਨਾਂ, ਪ੍ਰਵਚਨਾਂ, ਤੇ ਪ੍ਰਮਾਣਾਂ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਵੈਦਿਕ ਭਾਸ਼ਾ ਅਤੇ ਲੌਕਿਕ ਸੰਸਕ੍ਰਿਤ ਵਿਚ ਕਾਫ਼ੀ ਫ਼ਰਕ ਤੇ ਅੰਤਰ ਉਭਰ ਰਹੇ ਸਨ ਜਿਨ੍ਹਾਂ ਦੇ ਸਬੂਤ ਸਾਨੂੰ ਯਾਸਕ ਮੁਨੀ (ਸੱਤਵੀਂ ਸਦੀ ਪੂ. ਈ.) ਦੇ "ਨਿਰੁਕਤ", ਪਾਣਿਨੀ (ਚੌਥੀ ਸਦੀ ਪੂ. ਈ.) ਅਤੇ ਪਤੰਜਲੀ (ਪਹਿਲੀ ਸਦੀ ਪੂ. ਈ.) ਦੇ ਮਹਾਭਾਸਯ ਵਿਚ ਉਪਲਬਧ ਹੁੰਦੇ ਹਨ । ਇਸ ਸੰਦਰਭ ਵਿਚ ਡਾ. ਮੋਤੀਲਾਲ ਗੁਪਤ [1989 :] ਦੀ ਇਹ ਟਿੱਪਣੀ ਬੜੀ ਸਾਰਥਕ ਹੈ ਕਿ "ਪਾਣਿਨੀ ਨੇ ਈਸਾ ਤੋਂ ਕਈ ਸਦੀਆਂ ਪਹਿਲਾਂ ਵੈਦਿਕ (ਜੋ ਪਹਿਲਾਂ ਵਰਤੀ ਜਾਂਦੀ ਸੀ) ਅਤੇ ਲੌਕਿਕ ਸੰਸਕ੍ਰਿਤ (ਜੋ ਉਸ ਸਮੇਂ ਬੋਲਚਾਲ ਦੀ ਬੋਲੀ ਸੀ) ਦਾ ਤੁਲਨਾਤਮਕ ਵਿਵੇਚਨ ਪੇਸ਼ ਕੀਤਾ । ਉਨ੍ਹਾਂ ਦੇ ਤੁਲਨਾਤਮਕ ਵਿਸ਼ਲੇਸ਼ਣ ਤੋਂ ਪਤਾ ਲਗਦਾ ਹੈ ਕਿ ਵੈਦਿਕ ਤਥਾ ਲੌਕਿਕ ਸੰਸਕ੍ਰਿਤ ਵਿਚ ਕਾਫ਼ੀ ਅੰਤਰ ਆ ਗਿਆ ਸੀ।" ਏ. ਬੀ. ਕੀਥ [1941] ਨੇ ਵੀ ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਉਭਰੇ ਭੇਦਾਂ-ਪ੍ਰਭੇਦਾਂ ਦੀ ਚਰਚਾ ਕਰਦਿਆਂ ਕਿਹਾ ਹੈ ਕਿ ਲੌਕਿਕ ਸੰਸਕ੍ਰਿਤ ਤਾਂ ਸਾਰਲੀਕਰਣ ਲਈ ਵਚਨਬੱਧ ਭਾਸ਼ਾ ਸੀ ਜਦ ਕਿ ਵੈਦਿਕ ਭਾਸ਼ਾ ਵਿਚ ਮੁਕਾਬਲਤਨ ਵਾਫ਼ਰ ਅਮੀਰਾਨਾ ਸਮ੍ਰਿਧੀ ਤੇ ਬਹੁਲਤਾ ਸੀ । ਪਰ ਇਕ ਗੱਲ ਉਲੇਖਯੋਗ ਹੈ ਕਿ ਵੈਦਿਕ ਭਾਸ਼ਾ ਦੇ ਮਗਰਲੇ ਗ੍ਰੰਥ (texts) ਜਿਵੇਂ ਪਰਵਰਤੀ ਬ੍ਰਾਹਮਣ ਗ੍ਰੰਥ, ਉਪਨਿਸ਼ਦ, ਸੂਤਰ-ਗ੍ਰੰਥਾਂ ਆਦਿ ਵਿਚ ਕਲੈਸੀਕਲ ਸੰਸਕ੍ਰਿਤ ਨਾਲ ਮਿਲਦੇ ਭਾਸ਼ਾਈ ਲੱਛਣ ਉਭਰ ਰਹੇ ਸਨ (ਗੁਣੇ : 145].

ਇਸ ਸਾਰੀ ਚਰਚਾ ਤੋਂ ਇਹ ਗੱਲ ਵੀ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਜਿਹੜੇ ਤੁਲਨਾਤਮਕ ਤੇ ਵਿਤਰੇਕੀ (comparative/ contrastive) ਭਾਸ਼ਾ-ਵਿਗਿਆਨ ਦੀ ਆਧੁਨਿਕ ਪ੍ਰਣਾਲੀ ਅੱਜ ਚਰਚਿਤ ਹੈ ਉਸ ਦਾ ਨੀਂਹ ਪੱਥਰ ਤਾਂ ਯਾਸਕ, ਪਾਣਿਨੀ ਤੇ ਪਤੰਜਲੀ ਦੇ ਹਥੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਰਖਿਆ ਗਿਆ ਸੀ । ਇਸ ਵਿਵੇਚਨਾ ਦਾ ਭਾਵ ਇਹ ਹੈ ਕਿ ਵੈਦਿਕ ਯੁਗ [1500 B.C. to 600 B.C.] ਦੀ ਸਮਾਪਤੀ ਤੱਕ ਆਉਂਦੇ ਆਉਂਦੇ ਵੈਦਿਕ ਭਾਸ਼ਾ ਤੇ ਕਲੈਸੀਕਲ ਸੰਸਕ੍ਰਿਤ ਵਿਚ ਉਲੇਖਣੀ ਭੇਦ-ਪ੍ਰਭੇਦ ਉਤਪੰਨ ਹੋ ਰਹੇ ਸਨ । ਇਨ੍ਹਾਂ ਭੇਦਾਂ-ਪ੍ਰਭੇਦਾਂ ਦਾ ਵਰਣਨ ਦੀਰਘ ਅਧਿਐਨ ਦੀ ਮੰਗ ਕਰਦਾ ਹੈ, ਪਰ ਏਥੇ ਸਿਰਫ ਨਮੂਨਾ-ਮਾਤਰ ਨਿਵੇਦਨ ਕਰ ਕੇ ਹੀ ਇਸ ਵਿਸ਼ੇ ਨੂੰ ਸਮਾਪਤ ਕੀਤਾ ਜਾਵੇਗਾ ।

ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਭਿੰਨਤਾ ਦੀਆਂ ਵੰਨਗੀਆਂ

ਵੈਦਿਕ ਭਾਸ਼ਾ ਤੇ ਕਲੈਸੀਕਲ ਸੰਸਕ੍ਰਿਤ ਦੇ ਦਰਮਿਆਨ ਜਿਹੜੇ ਉਘੜਵੇਂ ਅੰਤਰ

---

* "Panini has rules which are meaningless for anything but a vernacular, apart from the fact that the term "bhasha" which he applies to the speech he teaches, has the natural sense of a spoken language".

"... simplified as it (classical Sanskrit) is in comparison with the redundant luxury of the vedic Texts." A.B. Keith : *History of Sanskrit Literature*, 1941, Great Britain.

ਤੇ ਵੱਖਰਤਾਵਾਂ ਹਨ ਉਨ੍ਹਾਂ ਵਿਚੋਂ ਸਭ ਤੋਂ ਅਹਿਮ ਤਾਂ ਇਹ ਹੈ ਕਿ ਵੈਦਿਕ ਭਾਸ਼ਾ ਵਿਚ ਇਕ ਇਕ ਭਾਸ਼ਾਈ ਤੱਤ/ਇਕਾਈ ਲਈ ਕਈ ਕਈ ਬਦਲਵੇਂ ਰੂਪ (alternatives) ਪ੍ਰਚਲਿਤ ਹਨ , ਇਸ ਲਈ ਰੂਪਾਤਮਕ ਤੇ ਸ਼ਬਦਾਤਮਕ ਬਹੁਲਤਾ ਤੇ ਬਹੁਰੂਪਤਾ ਹੈ । ਕਈ ਵਿਦਵਾਨ ਵੈਦਿਕ ਭਾਸ਼ਾ ਦੀ ਇਸ ਰੁਚੀ ਨੂੰ ਸ਼ਾਬਦਿਕ ਅਮੀਰੀ ਕਹਿ ਦਿੰਦੇ ਹਨ । ਫਲ ਸਰੂਪ ਵੈਦਿਕ ਵਿਚ ਅਪਵਾਦ ਤੇ ਛੋਟਾਂ ਦੀ ਭਰਮਾਰ ਹੈ । ਪਰ ਦੂਜੇ ਬੰਨੇ ਲੌਕਿਕ ਸੰਸਕ੍ਰਿਤ ਵਿਚ ਆਮ ਕਰ ਕੇ ਇਕੋ ਭਾਸ਼ਾਤਮਕ ਤੱਤ ਲਈ ਇਕੋ ਹੀ ਵਿਆਕਰਣਕ ਸ਼ਬਦ-ਰੂਪ ਨਿਯਤ ਹੈ, ਬੇਸ਼ਕ ਕਈ ਥਾਂ ਵਿਕਲਪ ਹਨ ਅਤੇ ਕਿਤੇ ਕਿਤੇ ਇਲਾਕਾਈ/ਉਪ-ਭਾਸ਼ਾਈ ਵਟਾਵੇਂ ਰੂਪ ਵੀ ਸ਼ਾਮਲ ਹਨ, ਪਰ ਆਮ ਕਰਕੇ ਬਹੁਤ ਘਟ ਅਪਵਾਦ ਹਨ ।

ਵੈਦਿਕ ਭਾਸ਼ਾ ਦੀ ਇਕ ਹੋਰ ਵਿਲਖੱਣਤਾ ਇਹ ਹੈ ਕਿ ਉਸ ਦੇ ਸ਼ਬਦਾਂ/ਵਾਕਾਤਮਕ ਸੰਗਠਨਾਂ ਵਿਚ ਸੁਰ, ਵਿਅੰਜਨ, ਵਿਸਰਗ ਸੰਧੀਆਂ ਦੀ ਕਾਫੀ ਖੁਲ੍ਹ ਤੇ ਸੁਤੰਤਰਤਾ ਹੈ, ਪਰ ਲੌਕਿਕ ਸੰਸਕ੍ਰਿਤ ਵਿਚ ਸੰਧੀਆਂ ਦੀ ਕਿਸੇ ਵੀ ਹਾਲਤ ਵਿਚ ਕੋਈ ਖੁਲ੍ਹ ਨਹੀਂ । ਇਸ ਵਿਚ ਸੰਧੀ-ਨਿਯਮ ਸਖ਼ਤ ਹਨ । ਇਸ ਲਈ ਲੌਕਿਕ ਸੰਸਕ੍ਰਿਤ ਸੰਧੀ-ਪਾਬੰਦ ਸ਼ਿਸ਼ਟ-ਭਾਸ਼ਾ ਹੈ । ਇਸ ਪ੍ਰਕਾਰ ਵੈਦਿਕ ਭਾਸ਼ਾ ਵਿਚ ਅਨੇਕਰੂਪਤਾ ਹੈ, ਅਪਵਾਦ ਹਨ, ਸੁਤੰਤਰ ਸੰਧੀਆਂ ਹਨ ਅਤੇ ਸਮੁੱਚੇ ਤੌਰ ਤੇ ਸਰਲੀਕਰਣ ਦੀ ਪ੍ਰਵਿਰਤੀ ਤੇ ਗਤੀਆਤਮਕ ਰੁਚੀ ਹੈ, ਭਾਵੇਂ ਖ਼ਾਸ ਬਲ ਉੱਚਾਰਨ ਤੇ ਕੇਂਦਰਿਤ ਹੈ । ਪਰ ਲੌਕਿਕ ਸੰਸਕ੍ਰਿਤ ਸਦਾ-ਸਥਿਰ ਹੈ, ਵਧੇਰੇ ਨਿਯਮ-ਬੱਧ ਹੈ, ਆਮ ਕਰ ਕੇ ਅਪਵਾਦ-ਰਹਿਤ ਹੈ । ਸਮੱਚੇ ਤੌਰ ਤੇ ਲੌਕਿਕ ਸੰਸਕ੍ਰਿਤ ਜਟਿਲ ਹੈ, ਆਦਰਸ਼ਕ ਤੇ ਅਕਾਦਮਿਕ ਹੈ ।

ਪਾਣਿਨੀ ਕਾਲੀਨ ਸੰਸਕ੍ਰਿਤ ਵਿਚ ਸਮਾਸੀਕਰਣ ਦੀ ਰੁਚੀ ਸੁਭਾਵਿਕ ਸੀ, ਇਸ ਲਈ ਥੋੜ੍ਹੀ ਤੇ ਅਲਪ ਸੀ ਪਰੰਤੂ ਪਰਵਰਤੀ ਗੁਪਤਕਾਲੀਨ/ਕਾਲੀਦਾਸ ਦੇ ਯੁਗ ਵਿਚ ਸੰਸਕ੍ਰਿਤ ਵਿਚ ਲੰਮੇ ਲੰਮੇ ਦੀਰਘ ਸਮਾਸਾਂ ਦੀ ਪ੍ਰਦਰਸ਼ਨੀ ਵਧਦੀ ਹੀ ਗਈ ਹੈ । ਕੁਲ ਮਿਲਾ ਕੇ ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਭਿੰਨਤਾਵਾਂ ਦੋਹਾਂ ਭਾਸ਼ਾਵਾਂ ਦੇ ਹਰ ਵਿਭਾਗ ਤੇ ਹਰ ਯੂਨਿਟ ਵਿਚ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ । ਨਮੂਨੇ ਦੇ ਤੌਰ ਤੇ ਕੁਝ ਵੰਨਗੀਆਂ ਅੰਕਿਤ ਹਨ :

ਧੁਨੀ-ਸਿਸਟਮ

(1) ਵੈਦਿਕ ਧੁਨੀਆ /ਲ਼, ਲ਼੍ਹ/ ਸੰਸਕ੍ਰਿਤ ਵਿਚ ਲੋਪ ਹੋ ਗਈਆਂ ਪਰ ਅੱਗੋਂ ਪ੍ਰਾਕਿਤ ਭਾਸ਼ਾਵਾਂ ਵਿਚ ਇਹ /ੜ,ੜ੍ਹ/ ਵਿਚ ਰੂਪਾਂਤਰਿਤ ਹੋ ਕੇ ਪ੍ਰਚਲਿਤ ਰਹੀਆਂ ।

(2) ਵੈਦਿਕ ਧੁਨੀਆ (ऋ, ॠ, ऌ) ਸਵਰਾਤਮਕ (vocalic) ਸਨ ਪਰ ਕਲਾਸੀਕਲ ਸੰਸਕ੍ਰਿਤ ਵਿਚ ਇਹ ਵਿਅੰਜਨਵਤ ਹੋ ਗਈਆਂ ਕਿਉਂਕਿ ਇਨ੍ਹਾਂ ਦਾ ਵਿਅੰਜਨਮਈ ਰੂਪਾਤਰਨ ਤਰਤੀਬਵਾਰ /ਰਿ, ਰੀ, ਲ੍ਰਿ/ ਹੋ ਜਾਂਦਾ ਹੈ ।

(3) ਵੈਦਿਕ ਵਿਚ /ਐ, ਔ/ ਦਾ ਉੱਚਾਰਣ "ਆਇ, ਆਉ" ਸੀ ਪਰ ਲੌਕਿਕ ਸੰਸਕ੍ਰਿਤ ਵਿਚ ਇਹ ਉੱਚਾਰਣ "ਅਇ, ਅਉ" ਵਿਚ ਬਦਲ ਗਿਆ ।

(4) ਵੈਦਿਕ ਵਿਚ /ਏ, ਐ/ ਸੰਧੀ ਸਵਰ (diphthongs) ਸਨ ਪਰ ਲੌ/ਸੰਸਕ੍ਰਿਤ ਵਿਚ monopthongs ਹੋ ਗਏ

(5) ਵੈਦਿਕ ਭਾਸ਼ਾ ਵਿਚ /ਤ, ਥ, ਦ, ਧ, ਨ, ਲ, ਸ,/ ਵਿਅੰਜਨਾਂ ਦਾ ਉਚੱਾਰਨ-

ਸਥਾਨ ਦੰਤੀਮੂਲ ਸੀ ਪਰੰਤੂ ਲੌ/ਸੰਸਕ੍ਰਿਤ ਵਿਚ ਇਨ੍ਹਾ ਦਾ ਉਚੱਾਰਨ-ਸਥਾਨ ਦੰਤੀ ਰਹਿ ਗਿਆ । ਪਾਣਿਨੀ ਗ੍ਰਾਮਰ ਦੀ ਸੂਤਰ ਵ੍ਰਿਤੀ ਹੈ . "ਲ੍ਰਤੁਲਸਾਨਾਂ ਦਨ੍ਤਾ:" ਅਰਥਾਤ ਲ੍ਰਿ ਤ ਥ ਦ ਧ ਨ ਸ/ ਦਾ ਉਚਾਰਨ ਦੰਤੀ ਹੈ ।

(6) ਮੂਰਧਨੀ ਵਰਣ (retroflx sounds (ਉਲਟਜੀਭੀ) ਅਤੀ ਅਲਪ ਸਨ ਪਰ ਲੌਕਿਕ ਸੰਸਕ੍ਰਿਤ ਵਿਚ ਇਨ੍ਹਾਂ ਦਾ ਪੂਰਨ ਵਿਕਾਸ ਹੋ ਗਿਆ ।

(7) ਵੈਦਿਕ ਧੁਨੀਆਂ ਜਿਹਵਾਮੂਲੀਯ ਅਤੇ ਉਪਧਮਾਨੀਯ ਲੌਕਿਕ/ਸੰ ਵਿਚ ਸਮਾਪਤ ਹੋ ਗਏ

(8) ਸੁਰਾਘਾਤ (accent) : ਵੈਦਿਕ ਭਾਸ਼ਾ ਵਿਚ ਸੁਰਾਘਾਤ ਦਾ ਬਹੁਤ ਮਹੱਤਵਪੂਰਣ ਸਥਾਨ ਸੀ । ਇਸ ਦੀ ਅਦਲਾਬਦਲੀ ਦੇ ਕਾਰਣ ਸਬਦ-ਰੂਪਾਂ ਅਤੇ ਸਬਦਾਰਥ ਵਿਚ ਤਬਦੀਲੀ ਹੋ ਜਾਂਦੀ ਸੀ । ਪਿੱਛੇ ਅਸੀਂ ਸਵਿਸਥਾਰ ਚਰਚਾ ਕਰਕੇ, ਵੈਦਿਕ ਸੁਰਾਘਾਤ ਦਾ ਉਦਾਹਰਨ "ਇੰਦ੍ਰਸ਼ਤ੍ਰੁ" ਬਾਰੇ ਦੇ ਆਏ ਹਾਂ । ਆਧੁਨਿਕ ਭਾਸ਼ਾ-ਵਿਗਿਆਨਿਕ ਪਾਰਿਭਾਸ਼ਿਕ ਸ਼ਬਦਾਵਲੀ ਵਿਚ ਵੈਦਿਕ ਸੁਰਾਘਾਤ (ਉਦੱਾਤ, ਅਨੁਦੱਾਤ, ਸੁਰਿਤ) ਫੋਨੀਮ (ਧੁਨੀਮ) ਵਜੋਂ ਕਾਰਜਸੀਲ ਸਨ ਕਿਉਂਕਿ ਇਸ ਵਿਚ ਅਰਥ-ਭੇਦਕ ਸ਼ਕਤੀ ਸੀ ਅਤੇ ਇਹ ਨਿਊਨਤਮ, ਵਿਲੱਖਣ ਯੂਨਿਟ ਸੀ, ਇਸ ਦਾ ਵਰਗ ਅਧਿਖੰਡੀ ਸੀ ।

(9) *ਸੰਧੀ-ਸਿਸਟਮ* : ਵੈਦਿਕ ਵਿਚ ਸੰਧੀ-ਨਿਯਮ ਸਖਤ ਨਹੀਂ ਸਗੋਂ ਸੰਧੀਛੇਦ (hiatus) ਆਮ ਹੀ ਸੀ ਪਰ ਲੌਕਿਕ ਸੰਸਕ੍ਰਿਤ ਵਿਚ ਸੰਧੀਆਂ ਦਾ ਵਰਤਾਰਾ ਸਖਤ ਹੈ, ਕੋਈ ਅਪਵਾਦ ਸਵੀਕ੍ਰਿਤ ਨਹੀਂ ਸੀ । ਲੌ. ਸੰ. ਸੰਧੀ-ਪਸੰਦ ਤੇ ਸੰਧੀ-ਪਾਬੰਦ ਭਾਸ਼ਾ ਹੈ । ਮਿਸਾਲ ਵਜੋਂ ਵੈਦਿਕ ਵਿਚ ਸੰਧੀ-ਰਹਿਤ ਸ਼ਬਦਾਂਸ਼ (ਸੋ ਅਰ੍ਥ:) ਠੀਕ ਪ੍ਰਚਲਿਤ ਹੈ ਲੇਕਿਨ ਲੌ. ਸੰ. ਵਿਚ ਸੰਧੀ-ਯੁਕਤ (ਸੋऽਰ੍ਥ:) (ਸੌ ਅਰਯ :) ਹੀ ਵਿਆਕਰਣਾਤਮਕ ਤੇ ਸਵੀਕ੍ਰਿਤ ਹੈ ।

(10) *ਕਾਰਕ ਵਿਭਕਤੀ-ਰੂਪ* : ਵੈਦਿਕ ਵਿਚ ਵਿਕਲਪੀ ਤੇ ਵਟਾਵੇਂ ਰੂਪ ਹਨ ਪਰ ਲੌਕਿਕ ਸੰਸਕ੍ਰਿਤ ਵਿਚ ਵਿਭਕਤੀ ਰੂਪ ਆਮ ਤੌਰ ਤੇ ਇਕੋ-ਇਕ ਤੇ ਵਿਕਲਪ-ਰਹਿਤ ਹਨ :

ਵੈਦਿਕ ਵਿਭਕਤੀ-ਰੂਪ		*ਲੌ. ਸੰਸਕ੍ਰਿਤ-ਵਿਭਕਤੀ-ਰੂਪ*
(ਪਹਿਲੀ ਵਿਭਕਤੀ) देवा: (ਬਹੁਵਚਨ)	देवास: (ਦੇਵਾ: ਦੇਵਾਸ:)	देवा: (ਦੇਵਾ:)
(ਤੀਜੀ ਵਿਭਕਤੀ) (ਬਹੁਵਚਨ)	रामै: । रामेभि: (ਰਾਮੈ:/ਰਾਮੇਭਿ:)	रामै: (ਰਾਮੈ:)
(ਦੂਜੀ ਵਿਭਕਤੀ) विश्वा (ਨਪੁੰਸਕ ਬਹੁਵਚਨ)	विश्वानि (ਵਿਸ਼ਵਾ/ਵਿਸਵਾਨਿ)	विश्वानि (ਵਿਸ਼ਵਾਨਿ)

(11) *ਧਾਤੂ-ਰੂਪ* (ਕ੍ਰਿਆਵੀ ਵਿਭਕਤੀਕਰਣ ਅਤੇ ਕ੍ਰਿਆ-ਰੂਪਾਵਲੀ) : ਵੈਦਿਕ ਅਤੇ ਸੰਸਕ੍ਰਿਤ ਵਿਚ ਸਭ ਤੋਂ ਵੱਧ ਵੱਖਰਤਾ ਧਾਤੂ-ਰੂਪਾਂ ਵਿਚ ਮਿਲਦੀ ਦ੍ਰਿਸ਼ਟੀ-ਗੋਚਰ ਹੁੰਦੀ ਹੈ । ਸੰਸਕ੍ਰਿਤ ਦੇ ਲੇਟ-ਲਕਾਰ ਮਨੋਰਥਵਾਚੀ (subjunctive) ਵਾਲੀ ਸ਼ਰੇਣੀ ਅਤੇ ਨਿਰਬੰਧ (injunctive) ਮੂਡ ਵਾਲੀ ਸਰੇਣੀ ਲੋਪ ਹੋ

ਗਈਂ। ਮਨੋਰਥਵਾਚੀ ਕ੍ਰਿਆ ਰੂਪਾਵਲੀ ਦੇ ਉੱਤਮ ਪੁਰਖ ਦੇ ਰੂਪ (paradigms) ਲੌਕਿਕ ਸੰਸਕ੍ਰਿਤ ਦੇ ਆਦੇਸਾਤਮਕ ਲੋਟ-ਲਕਾਰ, (imperative) ਵਿਚ ਮਿਲਾ ਲਏ ਗਏ ਹਨ। ਇਸ ਤਰ੍ਹਾਂ ਪਰਵਰਤੀ ਲੌ/ਸੰਸਕ੍ਰਿਤ ਨੇ ਵੈਦਿਕ ਭਾਸ਼ਾ ਦੀ ਕ੍ਰਿਆਵੀ ਰੂਪਾਂ/ਧਾਤੂ-ਰੂਪਾਂ ਦੀ ਭਰਪੂਰਤਾ ਗੁਆ ਦਿੱਤੀ ਹੈ।

(12) *ਕ੍ਰਿਆਜਾਤ ਕ੍ਰਿਦੰਤੀ ਪਿਛੇਤਰ* : ਵੈਦਿਕ ਭਾਸ਼ਾ ਵਿਚ ਕ੍ਰਿਆਜਾਤ ਪਦਾਂ ਅਤੇ ਅਮਿਤ ਪਦਾਂ ਦੀ ਜੋ ਭਰਪੂਰਤਾ ਸੀ ਉਹ ਲੌ/ਸੰਸਕ੍ਰਿਤ ਵਿਚ ਨਾ ਰਹੀ। ਕ੍ਰਿਆਵੀ ਪਦਾਂ ਵਿਚ ਵੈਦਿਕ ਅਮੀਰ ਤੇ ਸੰਪੰਨ ਭਾਸ਼ਾ ਸੀ। ਵੈਦਿਕ ਵਿਚ ਪੂਰਨਕਾਲੀ ਕ੍ਰਿਦੰਤ (absolutives) ਕਈ ਸਨ, ਜਿਵੇਂ :

/-ਤ੍ਵਾ, -ਤ੍ਵਾਯ, -ਤ੍ਵੀਨ, ਤ੍ਵੀ, -ਤ੍ਵਾਨ/, ਲੇਕਿਨ ਕਲੈਸੀਕਲ ਸੰਸਕ੍ਰਿਤ ਵਿਚ ਇਕੋ ਹੀ absolutive /-ਤ੍ਵਾ/ ਬਾਕੀ ਰਹਿ ਗਿਆ, ਮਸਲਨ ਲੌ/ਸੰ: "ਗਤ੍ਵਾ" (ਜਾ ਕੇ), "ਕ੍ਰਿਤ੍ਵਾ" (ਕਰ ਕੇ) ਆਦਿ।

ਇਸੇ ਤਰ੍ਹਾਂ ਵੈਦਿਕ ਭਾਸ਼ਾ ਵਿਚ ਅਮਿਤ ਕ੍ਰਿਆਵੀ ਕ੍ਰਿਦੰਤ (infinitive) ਵੀ ਕਈ ਸਨ ਜਿਵੇਂ : /-ਤੁਮ, -ਤਵੇ, -ਤਵੈ, -ਅਸੇ, -ਧਯੈ/, ਪਰੰਤੂ ਲੌ/ਸੰਸਕ੍ਰਿਤ ਵਿਚ ਸਿਰਫ਼ "ਤੁਮ" ਇਕੋ ਹੀ ਬਾਕੀ ਬਚਿਆ ਹੈ। ਮਸਲਨ :"ਗੰਤੁਮ" (ਜਾਣ ਲਈ), "ਕਰਤੁਮ" (ਕਰਨ ਲਈ) ਆਦਿ।

(13) ਵੈਦਿਕ ਤੇ ਲੌ/ਸੰਸਕ੍ਰਿਤ ਵਿਚ ਅਗੇਤਰਾਂ ਦੇ ਨਿਸ਼ਚਿਤ ਰੂਪ ਸਨ : ਪ੍ਰ, ਪਰਾ, ਅਪ, ਸਮ, ਅਨੁ, ਅਵ, ਨਿਸ, ਨਿਰ, ਦੁਸ, ਦੁਰ, ਵਿ, ਆਙ, ਨਿ, ਅਧਿ, ਅਪਿ, ਸੁ, ਉਤ, ਅਭਿ, ਪ੍ਰਤਿ, ਪਰਿ, ਉਪ। ਵੈਦਿਕ ਵਿਚ ਇਹ ਅਗੇਤਰ (ਉਪਸਰਗ) ਕ੍ਰਿਆ/ਧਾਤੂ ਨਾਲ ਜੋੜ ਕੇ ਪ੍ਰਯੋਗ ਕਰਨੇ ਜ਼ਰੂਰੀ ਨਹੀਂ ਸਨ, ਅਗੇਤਰ ਕਿਤੇ ਵੀ ਰਖੇ ਜਾ ਸਕਦੇ ਸਨ। ਪਰੰਤੂ ਲੌਕਿਕ ਵਿਚ ਇਹ ਅਗੇਤਰ ਹਰ ਹਾਲ ਧਾਤੂ/ਕ੍ਰਿਆ ਅਗੇ ਜੋੜ ਕੇ ਹੀ ਰਖੇ ਜਾ ਸਕਦੇ ਹਨ, ਜਿਵੇਂ "ਪਰਿਕ੍ਰਮਾ" ਵਿਚ ਪਰਿ+ਕ੍ਰਮ ਹੈ (ਪਰਿ ਅਗੇਤਰ ਅਤੇ ਕ੍ਰਮ ਧਾਤੂ ਹੈ ਅਤੇ + ਆ ਪਿਛੇਤਰ ਹੈ)

(14) *ਸਮਾਸੀਕਰਣ* (compounding) : ਵੈਦਿਕ ਵਿਚ ਨਿੱਕ ਨਿੱਕੇ ਸਮਾਸ ਹੁੰਦੇ ਸਨ, ਅਕਸਰ ਦੋ ਹੀ ਮੈਂਬਰਾਂ ਦੇ ਸਮਾਸ ਯਾਨੀ Binary membership ਸੀ, ਪਰ ਕਲਾਸੀਕਲ ਸੰਸਕ੍ਰਿਤ ਵਿਚ ਲੰਮੇ ਲੰਮੇ ਸਮਾਸਾਂ ਦੀ ਪ੍ਰਬਲ ਰੁਚੀ ਵਧਦੀ ਗਈ। ਬਾਣਭੱਟ ਦੀ "ਕਾਦੰਬਰੀ" ਤਾਂ ਦੀਰਘ ਸਮਾਸਾਂ ਲਈ ਵਿਖਿਆਤ ਹੈ। ਵੈਦਿਕ ਵਿਚ ਸਮਾਸਾਂ ਦੀਆਂ ਚਾਰ ਕਿਸਮਾਂ ਸਨ : ਤਤਪੁਰੁਸ਼, ਕਰਮਧਾਰਯ, ਬਹੁਬ੍ਰੀਹਿ ਅਤੇ ਦੁੰਦ੍ਵ। ਲੇਕਿਨ ਲੌ/ਸੰ: ਵਿਚ ਦੋ ਹੋਰ "ਦ੍ਵਿਗੁ, ਅਵਯਯੀਭਾਵ" ਸਮਾਸ ਜੁੜ ਗਏ।

ਅਧਿਆਏ 3 : 5

ਵੈਦਿਕ/ਲੌਕਿਕ ਸੰਸਕ੍ਰਿਤ ਅਤੇ ਪੰਜਾਬੀ ਦੇ ਭਾਸ਼ਾਗਤ ਸੰਬੰਧ : ਧੁਨੀਗਤ ਸਮਾਨਤਾਵਾਂ

(Genetic relationship of Vedic/Classical Sanskrit and Punjabi)

ਇਹ ਅਜੀਬ ਸੰਜੋਗਾਂ ਦੀ ਗੱਲ ਹੈ ਕਿ ਪੰਜਾਬੀ ਬੋਲੀ, ਵੈਦਿਕ ਤੇ ਕਲੈਸੀਕਲ ਸੰਸਕ੍ਰਿਤ ਦੀ ਅਜੋਕੀ ਉੱਤਰ-ਅਧਿਕਾਰੀ (ਵਾਰਸ) ਹੈ ਜੋ ਉਨ੍ਹਾਂ ਦੀ ਪ੍ਰਤਿਨਿਧਤਾ ਕਰਦੀ ਹੈ। ਇਸ ਦਾ ਕਾਰਣ ਇਹ ਹੈ ਕਿ ਆਧੁਨਿਕ ਪੰਜਾਬੀ (ਇੰਡੋ-ਪਾਕ ਪੰਜਾਬੀ) ਇਕ ਅਜਿਹੇ ਵਿਸਾਲ ਤੇ ਪ੍ਰਾਚੀਨ ਭੂ-ਖੰਡ ਦੀ ਜੀਵੰਤ ਤੇ ਲੋਕ-ਪ੍ਰਚਲਿਤ ਭਾਸ਼ਾ ਹੈ ਜਿੱਥੇ ਈਸਾ ਤੋਂ ਢੇਰ ਸਦੀਆਂ ਪਹਿਲਾਂ ਭਾਰਤੀ-ਆਰੀਆ ਭਾਸ਼ਾ-ਪਰਿਵਾਰ ਦਾ ਅੰਕੁਰ ਵਿਕਸਿਤ ਤੇ ਪ੍ਰਫੁੱਲਤ ਹੋਇਆ ਸੀ ਅਤੇ ਜਿੱਥੇ ਇਸ ਭਾਸ਼ਾ-ਪਰਿਵਾਰ ਦੀ ਪਹਿਲ-ਪ੍ਰਿਥਮ ਪ੍ਰਾਚੀਨ-ਤਰ ਭਾਸ਼ਾ "ਵੈਦਿਕ ਸੰਸਕ੍ਰਿਤ" ਦਾ ਆਰੰਭ ਤੇ ਉਥਾਨ ਹੋਇਆ ਸੀ ਅਤੇ ਫੇਰ ਲਗਭਗ ਹਜ਼ਾਰ ਸਾਲ ਪਿਛੋਂ ਇਸੇ ਭੂਖੰਡ ਵਿਚ ਹੀ ਰਿਸ਼ੀ ਪਾਣਿਨੀ ਦੀ ਵਿਆਕਰਨਿਕ ਪ੍ਰਤਿਭਾ ਤੋਂ ਕਲੈਸੀਕਲ ਸੰਸਕ੍ਰਿਤ ਦੀ ਆਧਾਰ-ਸ਼ਿਲਾ ਰਖੀ ਗਈ ਸੀ। ਇਥੇ ਡਾ. ਪਾਰਾਸਰ ਦਾ ਇਹ ਕਹਿਣਾ ਬੜਾ ਢੁਕਵਾਂ ਹੈ ਕਿ ਪੰਜਾਬੀ ਭਾਸ਼ਾ ਉਸੇ ਹੀ ਭੂਮੀ ਦੀ ਭਾਸ਼ਾ ਹੈ ਜਿੱਥੇ ਰਿਸ਼ੀਆਂ ਦੁਆਰਾ ਉਚਾਰਨ ਕੀਤੇ ਗਏ ਪਵਿਤਰ ਵੇਦ-ਮੰਤਰ ਆਸਮਾਨਾਂ ਤੇ ਗੂੰਜਦੇ ਰਹੇ ਹਨ। ਵੇਦਾਂ ਵਾਲੀ ਭਾਸ਼ਾ ਹੀ ਪੰਜਾਬ ਦੇ ਵਸਨੀਕ ਜਨਸਾਧਾਰਣ ਦੀ ਭਾਸ਼ਾ ਰਹਿ ਚੁਕੀ ਹੈ।

ਵੈਦਿਕ ਯੁਗ ਵਿਚ ਅਜੋਕੇ ਇੰਡੋ-ਪਾਕ ਦਾ ਸੰਯੁਕਤ ਪੰਜਾਬ "ਸਪਤ ਸਿੰਧੂ" ਕਰਕੇ ਮਸਹੂਰ ਸੀ,ਤੇ ਲੌਕਿਕ ਸੰਸਕ੍ਰਿਤ ਦੇ ਯੁਗ ਵਿਚ ਇਹੋ ਪੰਜਾਬ "ਪੰਚਨਦ" ਕਰਕੇ ਵਰਣਨ ਕੀਤਾ ਜਾਂਦਾ ਰਿਹਾ ਹੈ। ਇਤਿਹਾਸਿਕ ਤੇ ਭੂਗੋਲਿਕ ਸੰਦਰਭਾਂ ਵਿਚ ਪੰਜਾਬੀ ਦੀ ਵੰਸ਼-ਪਰੰਪਰਾ ਸਿੱਧੇ ਤੌਰ ਤੇ ਪਿੱਛਲਖੁਰੀ ਕ੍ਰਮ ਵਿਚ ਵੈਦਿਕੀ ਤੇ ਸੰਸਕ੍ਰਿਤ ਨਾਲ ਨਿਰਸੰਦੇਹ ਰੂਪ ਵਿਚ ਜਾ ਮਿਲਦੀ ਹੈ। ਇਸ ਲਈ ਇਹ ਸਹਿਜ ਤੇ ਸੁਭਾਵਿਕ ਹੀ ਹੈ ਕਿ ਪੰਜਾਬੀ ਭਾਸ਼ਾ ਦੀ ਰਚਨਾ ਵਿਚ ਵੈਦਿਕ ਸੰਸਕ੍ਰਿਤ ਦੇ ਭਾਸ਼ਾਈ ਤੱਤਾਂ ਦੀ ਗੂੜ੍ਹੀ ਸਾਂਝ-ਸਮਾਨਤਾ ਹਜ਼ਾਰਾਂ ਸਾਲਾਂ ਦੇ ਵਕਫੇ ਤੋਂ ਬਾਅਦ ਵੀ ਸਾਫ ਸਾਫ ਝਲਕਦੀ ਹੋਵੇ। ਇਸ ਤਰ੍ਹਾਂ ਪੰਜਾਬੀ ਅਤੇ ਸੰਸਕ੍ਰਿਤ ਦੇ ਜਣਨਿਕ ਰਿਸ਼ਤਿਆਂ ਦੀ ਸਥਾਪਨਾ ਸੰਰਚਨਾਤਮਕ ਸੰਦਰਭ ਵਿਚ ਅਤੇ ਦੂਜੇ ਪਾਸੇ ਇਤਿਹਾਸਕ-ਭੂਗੋਲਿਕ ਸੰਦਰਭ ਵਿਚ ਸੰਭਵ ਪ੍ਰਤੀਤ ਹੁੰਦੀ ਹੈ।

ਪੰਜਾਬੀ ਦੇ ਵੱਖ ਵੱਖ ਨਾਮ

ਭਾਸ਼ਾ ਦੇ ਸੰਸਾਰ ਵਿਚ ਇਹ ਕਤਈ ਸੰਭਵ ਨਹੀਂ ਹੈ ਕਿ ਪੰਜਾਬੀ ਦੀ ਭਾਸ਼ਾਈ

ਰੂਪ ਰੇਖਾ, ਜੋ ਅਜਕਲ੍ਹ ਜ਼ਬਾਨੀ ਤੇ ਕਲਾਮੀ ਸ਼ਕਲ ਵਿਚ ਸਾਡੇ ਪਾਸ ਵਿੱਦਮਾਨ ਹੈ, ਉਹ ਵੈਦਿਕ ਤੇ ਪਾਣਿਨੀ-ਯੁਗ ਵਿਚ ਵੀ ਉਸੇ ਸਕਲ ਵਿਚ ਮੌਜੂਦ ਰਹੀ ਹੋਵੇਗੀ । ਪਿਛਲੇ ਤਿੰਨ, ਸਾਢੇ ਤਿੰਨ, ਹਜ਼ਾਰ ਸਾਲਾਂ ਦੇ ਦੀਰਘ ਵਿਕਾਸ-ਕਾਲ ਦੇ ਦੌਰਾਨ ਪੰਜਾਬੀ ਨੇ ਕਈ ਪਲਟੇ ਖਾਧੇ ਹਨ, ਕਈ ਵਿਕਾਰ ਤੇ ਵਿਗਾੜ ਹੰਢਾਏ ਹਨ ਅਤੇ ਕਈ ਅਦਲਾ ਬਦਲੀਆ ਸਹੇੜੀਆਂ ਹਨ । ਇਸ ਲਈ ਪੰਜਾਬੀ ਦੀ ਸ਼ਕਲੋ ਸੂਰਤ ਵਿਚ ਪਰਿਵਰਤਨ ਵਾਪਰਨਾ ਹਰ ਤਰ੍ਹਾਂ ਸੰਭਵ ਹੈ ਅਤੇ ਜੋ ਸਾਡੇ ਸਾਹਮਣੇ ਪ੍ਰਤੱਖ ਹੈ । ਅਤੇ ਇਹ ਵੀ ਸੱਚ ਹੈ ਕਿ ਉਨ੍ਹਾਂ ਪ੍ਰਾਚੀਨ ਯੁਗਾਂ ਵਿਚ ਇਸ ਜ਼ੁਬਾਨ ਦਾ ਨਾਮ ਪੰਜਾਬੀ ਨਹੀਂ ਸੀ, ਪੰਜਾਬੀ ਨਾਮਕਰਨ ਤਾਂ ਬਹੁਤ ਪਿਛੋਂ ਦੀ ਦਾਸਤਾਨ ਹੈ ।

ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਕਾਲ ਅਤੇ ਮੱਧ ਕਾਲ ਵਿਚ ਇਸ ਖਿੱਤੇ ਦੀ ਬੋਲੀ ਦੇ ਕਈ ਨਾਮ ਉਪਲਬਧ ਹੁੰਦੇ ਹਨ । ਪਹਿਲੇ-ਪਹਿਲ ਇਸ ਨੂੰ *ਸਪਤ ਸਿੰਧਵੀ* ਕਿਹਾ ਜਾਣ ਲੱਗਾ, ਫੇਰ ਇਸ ਦੀ ਇਕ ਪੂਰ-ਪੱਛਮੋਤਰੀ ਵੰਨਗੀ ਨੂੰ *ਗਾਂਧਾਰੀ* ਬੋਲੀ ਵੀ ਕਿਹਾ ਜਾਂਦਾ ਰਿਹਾ । ਕਾਵਿ-ਸਾਮਗ੍ਰੀ ਗ੍ਰੰਥਾਂ ਇਸ ਦਾ *ਵਾਹਲੀਕੀ* ਜਾਂ *ਵਾਹੀਕੀ* ਨਾਮ ਵੀ ਮਿਲਦਾ ਹੈ । ਲੇਕਿਨ ਮੱਧਕਾਲੀਨ ਪ੍ਰਾਕ੍ਰਿਤ-ਯੁਗ ਵਿਚ ਇਸ ਬੋਲੀ ਦੀਆ ਵਿਭਿੰਨ ਇਲਾਕਾਈ ਵੰਨਗੀਆ ਪ੍ਰਚਲਿਤ ਹੋਈਆਂ ਜਾਪਦੀਆਂ ਹਨ । ਮੱਧਕਾਲੀਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਭੂਗੋਲਿਕ ਨਾਵਾਂ ਅਧੀਨ ਇਸ ਭਾਸ਼ਾ ਦੀਆ ਵੱਖ ਵੱਖ ਇਲਕਾਈ ਉਪ-ਬੋਲੀਆਂ ਨੂੰ *ਮਦ੍ਰ ਭਾਸਾ, ਕੈਕਈ ਭਾਸ਼ਾ, ਟੱਕ ਭਾਸ਼ਾ, ਸੌਵੀਰ* (ਸਾਇਦ ਪਾਕਿਸਤਾਨ ਦੀ ਸਰਾਇਕੀ ਪੰਜਾਬੀ) ਅਤੇ *ਹਿੰਦਵੀ* ਤੇ *ਹਿੰਦਕੋ* ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਰਿਹਾ ਹੈ । ਪਰੰਤੂ ਮੌਜੂਦਾ ਸਹਸ੍ਰਾਬਦੀ ਵਿਚ ਹੀ ਮੁਸਲਮਾਨੀ ਅਸਰਾਂ ਹੇਠ ਇਸ ਦਾ ਨਾਮ "ਪੰਜਾਬੀ" ਅਤੇ ਇਲਾਕੇ ਦਾ ਨਾਮ "ਪੰਜਾਬ" ਮਸ਼ਹੂਰ ਹੋਇਆ ਹੈ । ਇਸ ਪੰਜਾਬੀ ਨਾਮ ਤੋਂ ਇਲਾਵਾ ਇਸ ਦੀਆਂ ਬੋਲੀਆਂ, ਉਪ-ਬੋਲੀਆਂ ਤੇ ਨੀਮ-ਬੋਲੀਆਂ ਦੇ ਕਈ ਹੋਰ ਨਾਮ ਵੀ ਚਾਲੂ ਹਨ ਜਿਵੇਂ *ਮੁਲਤਾਨੀ, ਪੋਠੋਹਾਰੀ, ਡੋਗਰੀ, ਅਵਾਣਕਾਰੀ, ਜਟਕੀ, ਮਲਵਈ, ਮਾਝੀ, ਦੁਆਬੀ, ਪੁਆਧੀ,* ਆਦਿ । ਪਰ ਸ਼ਿਸ਼ਟ ਤੇ ਟਕਸਾਲੀ ਭਾਸ਼ਾ ਦੀ ਹੈਸੀਅਤ ਵਿਚ "ਪੰਜਾਬੀ" ਨਾਮ ਹੀ ਪ੍ਰਚਿਲਤ ਤੇ ਪ੍ਰਵਾਣਿਤ ਹੈ ਜੋ ਸਮੁੱਚੇ ਪੰਜਾਬ-ਅੰਚਲ ਵਿਚ ਰਾਜ ਭਾਸ਼ਾ ਦੀ ਪਦਵੀ ਤੇ ਸੁਸ਼ੋਭਿਤ ਹੈ ।

ਇਸ ਇਤਿਹਾਸਿਕ ਸੰਦਰਭ ਵਿਚ ਵੀ ਪੰਜਾਬੀ ਦੇ ਪੁਰਾਤਨ ਨਖਸਿਖ ਬਾਰੇ ਤਾਂ ਵਿਸ਼ਵਾਸ ਨਾਲ ਬਹੁਤਾ ਨਹੀਂ ਦੱਸਿਆ ਜਾ ਸਕਦਾ ਲੇਕਿਨ ਅਸੀਂ ਨੇਟਿਵ ਹੋਣ ਦੇ ਨਾਤੇ ਪੰਜਾਬੀ ਦੇ ਅਜੋਕੇ ਰੂਪ-ਸਰੂਪ ਦੀ ਪੁਸ਼ਟੀ ਤੇ ਤਸਦੀਕ ਭਲੀ ਭਾਂਤ ਕਰ ਸਕਦੇ ਹਾਂ । ਇਸ ਲਈ ਆਧੁਨਿਕ ਪੰਜਾਬੀ ਦੇ ਧਰਾਤਲ ਤੋਂ ਹੀ ਇਸ ਦੇ ਵੈਦਿਕ ਸੰਸਕ੍ਰਿਤ ਨਾਲ ਨਿਕਟੀ ਸੰਬੰਧਾਂ ਨੂੰ ਚਰਚਿਤ ਕੀਤਾ ਜਾ ਸਕਦਾ ਹੈ ।

ਪ੍ਰਾਚੀਨ ਭਾਸ਼ਾ ਅਤੇ ਵੰਸ਼ਜ ਭਾਸ਼ਾ ਦੇ ਰਿਸ਼ਤਿਆਂ ਲਈ ਅਧਿਐਨ-ਮਾਡਲ

ਇਤਿਹਾਸਕ ਭਾਸ਼ਾ-ਵਿਗਿਆਨ ਵਿਚ ਕਿਸੇ ਭਾਸਾ ਦੇ ਪ੍ਰਜਨਨ-ਸ੍ਰੋਤਾ ਦਾ ਅਧਿਐਨ ਕਰਨ ਲਈ ਅਤੇ ਜਨਨੀ ਤੇ ਜਾਈ ਅਖਵਾਂ ਪੂਰਵਜ ਤੇ ਵੰਸ਼ਜ-ਭਾਸ਼ਾ ਦੇ ਸਹਿ-ਸੰਬੰਧਾਂ ਦੀ ਸਥਾਪਨਾ ਲਈ ਦੋ ਤਰ੍ਹਾਂ ਦੀਆਂ ਪਹੁੰਚ-ਵਿਧੀਆ ਅਪਣਾਈਆ ਜਾਂਦੀਆ ਹਨ : ਇਕ ਹੈ ਸੰਰਚਨਾਤਮਕ (structural) ਪਹੁੰਚ-ਸਿਸਟਮ ਅਤੇ ਦੂਜੀ ਹੈ ਜਣਨਿਕ ਪਹੁੰਚ-ਵਿਧੀ (genetic approach) । ਸੰਰਚਨਾਤਮਕ (ਬਣਤਰੀ) ਪਹੁੰਚ-ਸਿਸਟਮ ਅਜਿਹਾ ਆਧਾਰ-ਸੰਕਲਪ ਹੈ

ਜਿਹੜਾ ਭਾਸ਼ਾਗਤ ਬਣਤਰੀ ਅਭਿਲੱਛਣਾਂ ਦੇ ਪਰਿਪੇਖ ਵਿਚ ਪੈਤ੍ਰਿਕ/ਪੂਰਵਜ ਭਾਸ਼ਾ ਅਤੇ ਵੰਸਜ ਭਾਸ਼ਾ ਦੇ ਜਣਨਿਕ ਰਿਸ਼ਤਿਆਂ ਦੀ ਪਛਾਣ ਸਥਾਪਿਤ ਕਰਨ ਵੱਲ ਸਰਗਰਮ ਹੁੰਦਾ ਹੈ । ਪਰ ਦੂਜਾ ਜਨੈਟਿਕ ਸਿਸਟਮ ਸੰਬੰਧਤ ਭਾਸ਼ਾ ਦੇ ਪੂਰਵ-ਇਤਿਹਾਸ (prehistory) ਦਾ ਸਰਵੇਖਣ ਕਰਕੇ ਪੁਰਾ-ਭਾਸ਼ਾ ਤੇ ਖੋਜਾਧੀਨ ਭਾਸ਼ਾ ਦੇ ਸਾਂਝਮੂਲਕ ਰਿਸ਼ਤਿਆਂ ਦੀ ਉਪਲਬਧੀ ਲਈ ਜਤਨਸ਼ੀਲ ਹੁੰਦਾ ਹੈ । ਇਸ ਉਦੇਸ਼-ਬਿੰਦੂ ਦੀ ਪੂਰਤੀ ਲਈ ਸਮਕਾਲੀਨ ਭਾਸ਼ਾ-ਵਿਗਿਆਨ (1) ਫੈਮਿਲੀ ਮਾਡਲ (2) ਬੰਸ-ਬ੍ਰਿਛ ਮਾਡਲ, ਅਤੇ (3) ਲਹਿਰ ਸਿਧਾਂਤ ਮਾਡਲ, ਇਹ ਤਿੰਨ ਅਧਿਐਨ-ਮਾਡਲ ਪੇਸ਼ ਕਰਦਾ ਹੈ । ਪੰਜਾਬੀ ਅਤੇ ਆਦਿ - ਭਾਸ਼ਾ ਵੈਦਿਕ ਤੇ ਕਲੈਸੀਕਲ ਸੰਸਕ੍ਰਿਤ ਦੇ ਆਪਸੀ ਭਾਸ਼ਾਗਤ ਸਹਿ-ਸੰਬੰਧਾਂ ਦੀ ਪਛਾਣ ਤਲਾਸ਼ ਕਰਨ ਲਈ ਸਾਨੂੰ ਪ੍ਰਮੁਖ ਤੌਰ ਤੇ ਸੰਰਚਨਾਤਮਕ ਅਤੇ ਜਨੈਟਿਕ, ਦੋ ਮਾਡਲਾਂ ਤੇ ਆਸ਼ਰਿਤ ਹੋਣਾ ਪਵੇਗਾ ।

ਪਰ ਇੱਥੇ ਸਥਿਤੀ ਨੂੰ ਸਪਸ਼ਟ ਕਰ ਦੇਣਾ ਜ਼ਰੂਰੀ ਜਾਪਦਾ ਹੈ ਕਿ ਇਨ੍ਹਾਂ ਪਹੁੰਚ ਵਿਧੀਆਂ ਵਿਚ ਪੂਰਵਜ ਪੈਤ੍ਰਿਕ ਭਾਸ਼ਾ (ancestral) , ਵੰਸਜ ਭਾਸ਼ਾ (descendant), ਸੰਤਾਨ, ਸਿਸਟਰ ਭਾਸ਼ਾ ਆਦਿ ਜਿਹੜੀ ਮਾਨਵੀ ਪਰਿਵਾਰ -ਮੂਲਕ ਸ਼ਬਦਾਵਲੀ ਵਰਤੀ ਜਾਂਦੀ ਹੈ ਉਹ ਸਿਰਫ ਚਿੰਨ੍ਹਾਂ ਤੇ ਪ੍ਰਤੀਕਾਂ (ਮੈਟਾਫਰ) ਦੀ ਸੁਹਜ-ਸ਼ੈਲੀ ਹੀ ਹੈ । ਇਸ ਲਈ Thomas Pyles [1991] ਅਤੇ Hans Hock [1990] ਨੇ ਸੁਝਾਉ ਪੇਸ਼ ਕੀਤਾ ਹੈ ਕਿ ਅਜਿਹੀਆਂ ਸਹਿ-ਸੰਬੰਧਤ ਭਾਸ਼ਾਵਾਂ ਦੇ ਰਿਸ਼ਤਿਆਂ ਨੂੰ ਕ੍ਰਮਿਕ ਵਿਕਾਸੀ ਰੂਪ (development) ਕਹਿਣਾ ਚਾਹੀਦਾ ਹੈ । ਫੈਮਲੀ ਮਾਡਲ ਅਤੇ ਬ੍ਰਿਛ ਮਾਡਲ ਦੋਵੇਂ ਹੀ ਇਹ ਮੰਨ ਕੇ ਚਲਦੇ ਹਨ ਕਿ ਭਾਸ਼ਾ ਇਕ ਜੀਵੰਤ ਹੋਂਦ ਹੈ । ਭਾਸ਼ਾ-ਰੂਪੀ ਜੀਵੰਤ ਹੋਂਦ ਨਾਲ ਭਾਸ਼ਾ-ਵਿਗਿਆਨੀ ਇਕ ਜੀਵ-ਵਿਗਿਆਨੀ ਦੀ ਤਰ੍ਹਾਂ ਵਤੀਰਾ ਕਰਦੇ ਹਨ । ਪਰ ਭਾਸ਼ਾ ਦੀ ਕਿਸੇ ਜੀਵ ਜਾਂ ਪ੍ਰਾਣੀ ਦੀ ਤਰ੍ਹਾਂ ਕੋਈ ਸੁਤੰਤਰ ਹਸਤੀ ਨਹੀਂ ਹੈ । ਭਾਸ਼ਾ ਤਾਂ ਫੈਸ਼ਨ, ਕੀੜਾ, ਖੇਡਾਂ ਅਤੇ ਹੋਰ ਮਾਨਵੀ ਵਰਤਾਰੇ ਦੀ ਤਰ੍ਹਾਂ ਸਮਾਜਿਕ ਰੂੜੀਆਂ ਦਾ ਸੰਗ੍ਰਹਿ ਹੁੰਦੀ ਹੈ । ਉਪਰੋਕਤ ਮਾਡਲਾਂ ਦੀ ਬ੍ਰਿਛ-ਮੂਲਕ ਤੇ ਫੈਮਲੀ-ਮੂਲਕ ਸ਼ਬਦਾਵਲੀ ਦੀ ਤਹਿ ਥੱਲੋਂ ਜੋ ਤੱਥ ਉਭਰਦਾ ਹੈ ਉਹ ਹੈ ਕਿ ਪੰਜਾਬੀ ਆਦਿ ਅਜੋਕੀਆਂ ਭਾਸ਼ਾਵਾਂ, ਪ੍ਰਾਚੀਨ ਤੇ ਮੱਧਕਾਲੀਨ ਭਾਸ਼ਾਵਾਂ ਦੀਆਂ ਵਿਕਾਸਸ਼ੀਲ ਕੜੀਆਂ ਹਨ ।

ਪੰਜਾਬੀ ਅਤੇ ਵੈਦਿਕ/ਕਲੈਸੀਕਲ ਸੰਸਕ੍ਰਿਤ ਦੇ ਸਹਿ-ਸੰਬੰਧਾਂ ਦੀ ਭਾਲ ਵਿਚ ਸਟ੍ਰਕਚਰ-ਆਧਾਰਿਤ ਪਹੁੰਚ ਵਿਧੀ ਅਤੇ ਜਣਨਿਕ ਪਹੁੰਚ-ਵਿਧੀ ਦੋਵੇਂ ਹੀ ਇਸ ਅਧਿਐਨ ਦੀ ਦਿਸ਼ਾ-ਬਿੰਦੂ ਹਨ, ਪਰੰਤੂ ਪ੍ਰਮੁਖ ਅਪ੍ਰੋਚ ਸੰਰਚਨਾ/ਸਟ੍ਰਕਚਰ ਨੂੰ ਮਿਥਿਆ ਗਿਆ ਹੈ । ਜਨੈਟਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ, ਭਾਰਤੀ ਆਰੀਆ ਭਾਸ਼ਾ ਪਰਿਵਾਰ ਦੀ ਇਕ ਉੱਘੀ ਮੈਂਬਰ ਹੈ । ਭਾਰਤੀ ਆਰੀਆ ਭਾਸ਼ਾ-ਪਰਿਵਾਰ ਕਾਲਗਤ ਤੇ ਸਥਾਨਗਤ ਦੋਹਾਂ ਪਾਸਾਰਾਂ ਦੇ ਮੱਦੇ ਨਜ਼ਰ ਬਹੁਤ ਮਹੱਤਵਪੂਰਣ ਹੈ । ਇਸ ਆਰੀਆ ਪਰਿਵਾਰ ਦਾ ਕਾਲਗਤ ਪਾਸਾਰ ਪਿਛਲੀਆਂ ਕੋਈ ਪੈਂਤੀ (35) ਸਦੀਆਂ ਦੇ ਸੁਦੀਰਘ ਕਾਲ-ਖੰਡ ਵਿਚ ਫੈਲਿਆ ਹੋਇਆ ਹੈ ਅਤੇ ਇਸੇ ਤਰ੍ਹਾਂ ਇਸ ਪਰਿਵਾਰ ਦਾ ਸਥਾਨਗਤ ਪਾਸਾਰ ਵੀ ਭਾਰਤੀ ਉਪ-ਮਹਾਂਦੀਪ ਦੇ ਵਿਸ਼ਾਲ ਭੂ-ਭਾਗ ਵਿਚ ਪਸਰਿਆ ਹੋਇਆ ਹੈ । ਐਸੇ ਸੁਦੀਰਘ ਕਾਲਗਤ ਪਾਸਾਰ ਦੇ ਫਲਸਰੂਪ ਭਾਰਤੀ ਆਰੀਆ ਭਾਸ਼ਾ ਪਰਿਵਾਰ ਤਿੰਨ ਵਿਕਾਸ ਯੁਗਾਂ ਨੂੰ ਪਾਰ ਕਰਦਾ ਹੈ, ਇਸ ਕਰਕੇ ਆਰੀਆ ਭਾਸ਼ਾ

ਦੀ ਵਿਕਾਸਾਤਮਕ ਪ੍ਰਕ੍ਰਿਆ ਵਿਚ ਤਿੰਨ ਕਿਸਮਾਂ ਦੇ ਭਾਸ਼ਾਗਤ ਰੂਪਾਂਤਰਣ ਹੋਏ ਹਨ ਜਿਨ੍ਹਾਂ ਨੂੰ ਵਿਦਵਾਨਾਂ ਨੇ ਤਰਤੀਬਵਾਰ ਤਿੰਨ ਨਾਮ ਪ੍ਰਦਾਨ ਕੀਤੇ ਹਨ :

1. ਪ੍ਰਾਚੀਨ ਭਾਰਤੀ ਆਰੀਆ ਭਾਸ਼ਾ
2. ਮੱਧਕਾਲੀਨ ਭਾਰਤੀ ਆਰੀਆ ਭਾਸ਼ਾ
3. ਆਧੁਨਿਕ ਭਾਰਤੀ ਆਰੀਆ ਭਾਸ਼ਾ

ਪੰਜਾਬੀ ਦੀ ਹੋਂਦ ਤੇ ਹਸਤੀ ਦੀ ਪ੍ਰਫੁੱਲਤਾ ਭਾਵੇਂ ਆਧੁਨਿਕ ਭਾਰਤੀ ਆਰੀਆ ਭਾਸ਼ਾ ਕਾਲ ਦੇ ਦੌਰਾਨ ਹੀ ਪਛਾਣੀ ਜਾਂਦੀ ਹੈ ਜੋ ਕਿ ਲਗਭਗ 1000 ਈ. ਤੋਂ ਸ਼ੁਰੂ ਹੁੰਦੀ ਹੈ ਪਰੰਤੂ ਪੰਜਾਬੀ ਦੀਆਂ ਜੜ੍ਹਾਂ ਦੇ ਚਿੰਨ੍ਹ ਸਾਨੂੰ ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਕਾਲ ਵਿਚ ਅਤੇ ਮੱਧ ਭਾਰਤੀ ਆਰੀਆ ਭਾਸ਼ਾ ਕਾਲ ਵਿਚ ਵੀ ਉਪਲਬਧ ਹੁੰਦੇ ਹਨ । ਸੋ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਤੇ ਪ੍ਰਫੁੱਲਤਾ ਦੇ ਦੂਹਰੇ ਪ੍ਰਸ਼ਨਾਂ ਦੇ ਉੱਤਰ ਵਿਚ ਸਾਨੂੰ ਦੋ ਪ੍ਰਕਿਰਿਆਵਾਂ ਦਾ ਅਨੁਸਰਨ ਕਰਨਾ ਪਵੇਗਾ । ਪੰਜਾਬੀ ਦੀਆਂ ਜੜ੍ਹਾਂ ਤਾਂ ਵੈਦਿਕ ਭਾਸ਼ਾ, ਲੌਕਿਕ ਸੰਸਕ੍ਰਿਤ, ਪਾਲੀ ਭਾਸ਼ਾ, ਪ੍ਰਾਕ੍ਰਿਤ ਭਾਸ਼ਾਵਾਂ, ਅਤੇ ਅਪਭ੍ਰੰਸ਼ਾਂ ਦੇ ਵਿਭਿੰਨ ਰਚਨਾਤਮਕ ਅੰਗਾਂ/ਅੰਸ਼ਾਂ ਵਿਚ ਵਿਦੱਮਾਨ ਹਨ ਲੇਕਿਨ ਪੰਜਾਬੀ ਦੀ ਪ੍ਰਫੁੱਲਤਾ ਆਧੁਨਿਕ ਭਾਸ਼ਾਈ ਵਾਤਾਵਰਣ ਵਿਚ ਉਭਰਦੀ ਹੈ । ਇਸ ਲਈ ਪੰਜਾਬੀ ਦੀ ਸਾਂਝ ਸਥਾਪਨਾ ਅਸੀਂ ਪਹਿਲਾਂ ਵੈਦਿਕ ਭਾਸ਼ਾ ਤੇ ਲੌਕਿਕ ਸੰਸਕ੍ਰਿਤ ਨਾਲ ਕਰਨ ਲਈ ਗਤੀਸ਼ੀਲ ਹੋਵਾਂਗੇ ਅਤੇ ਫੇਰ ਬਾਅਦ ਵਿਚ ਯਥਾ-ਸਥਾਨ ਤਰਤੀਬ ਸਹਿਤ ਪਾਲੀ ਭਾਸ਼ਾ, ਪ੍ਰਾਕ੍ਰਿਤ ਭਾਸ਼ਾਵਾਂ ਅਤੇ ਅਪਭ੍ਰੰਸ਼ ਭਾਸ਼ਾਵਾਂ ਨਾਲ ਪੰਜਾਬੀ ਦਾ ਤੁਲਨਾਤਮਕ ਅਧਿਐਨ ਕਰ ਕੇ ਇਸ ਦੇ ਨਿਚੋੜ ਤੇ ਨਿਸ਼ਕਰਸ਼ ਦ੍ਰਿਸ਼ਟੀਗੋਚਰ ਕਰਾਂਗੇ ।

ਹੁਣ ਅਸੀਂ ਸਟ੍ਰਕਚਰਲ ਪਹੁੰਚ ਦੇ ਜ਼ੇਰੇ-ਨਜ਼ਰ ਪੰਜਾਬੀ ਅਤੇ ਵੈਦਿਕ/ਲੌਕਿਕ ਦੇ ਜਣਨਿਕ ਸੰਬੰਧਾਂ ਦੀ ਪਛਾਣ ਕਰਨ ਲਈ ਤੁਲਨਾਤਮਕ ਅਧਿਐਨ ਪੇਸ਼ ਕਰਦੇ ਹਾਂ ਤਾਂ ਜੋ ਦੋਹਾਂ ਦੀ ਸੰਰਚਨਾਤਮਕ ਸਮਰੂਪਤਾ (isomorphism of structure) ਨੂੰ ਸਥਾਪਿਤ ਕਰ ਕੇ ਪੰਜਾਬੀ ਭਾਸ਼ਾ ਦੀ ਅਤਿ ਪ੍ਰਾਚੀਨ ਪੈਤ੍ਰਿਕ ਭਾਸ਼ਾ (ancestral language) ਬਾਰੇ ਨਿਰਣਯ ਲਿਆ ਜਾ ਸਕੇ ।

ਹੋਰ ਵਿਚਾਰ-ਬਿੰਦੂ

ਹੁਣ ਇਥੇ ਨਿਰਧਾਰਿਤ ਵਿਸ਼ੇ ਬਾਰੇ ਚਰਚਾ ਕਰਨ ਤੋਂ ਪਹਿਲਾਂ ਇਕ ਦੋ ਹੋਰ ਵਿਚਾਰ-ਬਿੰਦੂ ਕਾਬਲੇ-ਜ਼ਿਕਰ ਹਨ । ਅੱਜ ਵੀ ਪੰਜਾਬੀ ਸਮੇਤ ਸਾਰੀਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਸੰਸਕ੍ਰਿਤ ਨਾਲ ਪ੍ਰਕਾਰਾਂਤਰ ਨਾਲ ਸਿੱਧਾ ਸੰਬੰਧ ਮਿਲਦਾ ਹੈ ਉਸ ਦਾ ਆਧਾਰ ਰਿਣਮੂਲਕ ਰਿਸ਼ਤੇਦਾਰੀ (borrowing relationship) ਹੈ । ਅੱਜ ਪੰਜਾਬੀ (ਅਤੇ ਬਾਕੀ ਆਰੀਆ ਭਾਸ਼ਾਵਾਂ) ਸਮੇਂ ਸਮੇਂ ਲੋੜ ਅਨੁਸਾਰ ਸੰਸਕ੍ਰਿਤ ਦੇ ਸ਼ਬਦ-ਕੋਸ਼ (lexicon) ਦਾ ਜੋ ਰਿਣ ਗ੍ਰਹਿਣ ਕਰਦੀ ਹੈ ਉਸ ਦਾ ਯਥਾ-ਸੰਭਵ ਸੁਦੇਸ਼ੀਕਰਨ (nativisation) ਕਰਦੀ ਹੈ ।

ਇਸ ਤੋਂ ਇਲਾਵਾ ਇਸ ਸੰਦਰਭ ਵਿਚ ਇਕ ਹੋਰ ਵਿਚਾਰ ਬਿੰਦੂ ਵੀ ਅਹਿਮੀਅਤ ਰਖਦਾ ਹੈ । ਉਹ ਇਹ ਹੈ ਕਿ ਪੰਜਾਬੀ ਦੀ ਸੰਸਕ੍ਰਿਤ ਨਾਲ ਸਹਿ-ਹੋਂਦ (co-existence) ਵੀ ਉਪਲਬਧ ਹੁੰਦੀ ਹੈ ਕਿਉਂਕਿ ਸੰਸਕ੍ਰਿਤ ਅਜੇ ਵੀ ਸੁਸਿਖਿਅਤ ਵਿਦਵਾਨਾਂ ਵਿਚ ਸਿਖਿਆ-ਪਰੀਖਿਆ, ਲਿਖਣ-ਪੜ੍ਹਨ ਅਤੇ ਸ਼ਾਸਤ੍ਰਿਕ ਵਿਚਾਰ-ਵਟਾਂਦਰੇ ਦੀ ਸ਼ਕਲ ਵਿਚ ਕ੍ਰਿਆਤਮਕ

ਤੌਰ ਤੇ ਪ੍ਰਯੁਕਤ ਹੁੰਦੀ ਹੈ। ਇਸ ਤਰ੍ਹਾਂ ਪ੍ਰਾਚੀਨ ਕਲਾਸੀਕਲ ਪੈਤ੍ਰਿਕ ਭਾਸ਼ਾ (ancestral language) ਅਤੇ ਅਜੋਕੀ ਸੁਦੇਸ਼ੀ ਭਾਸ਼ਾ ਦੇ ਦਰਮਿਆਨ ਜਿਹੜੀ ਖ਼ਾਸ ਸਹਿ-ਹੋਂਦ ਉਪਲਬਧ ਹੁੰਦੀ ਹੈ ਉਸ ਨੂੰ ਸਮਾਜੀ-ਭਾਸ਼ਾ-ਵਿਗਿਆਨ (socio-linguistics) ਵਿਚ ਦੁਭਾਸਕਤਾ (diglossia) ਕਿਹਾ ਜਾਂਦਾ ਹੈ Hans Hock [1991 : 557]। ਅਜਿਹੀ ਦੁਭਾਸਕ ਸਥਿਤੀ ਪੰਜਾਬੀ ਤੇ ਸੰਸਕ੍ਰਿਤ ਵਿਚ ਅੱਜ ਵੀ ਮੌਜੂਦ ਹੁੰਦੀ ਪ੍ਰਤੀਤ ਹੁੰਦੀ ਹੈ। ਭਾਵੇਂ ਆਮ ਤੌਰ ਤੇ ਪੈਤ੍ਰਿਕ ਭਾਸ਼ਾ ਆਪਣੀ ਸੰਤਾਨ-ਭਾਸ਼ਾ ਦੇ ਯੁਗ ਵਿਚ ਅਵਾਮ ਦੀ ਭਾਸ਼ਾ ਨਹੀਂ ਰਹਿੰਦੀ ਪਰ ਕਈ ਵਾਰ diglossia ਵਾਲੀ ਸਥਿਤੀ ਜਾਰੀ ਰਹਿ ਸਕਦੀ ਹੈ ਜਿਵੇਂ ਕਿ ਲੈਟਿਨ ਤੇ ਰੋਮਾਂਸ ਭਾਸ਼ਾਵਾਂ ਦੇ ਦਰਮਿਆਨ ਅਤੇ ਏਸੇ ਤਰ੍ਹਾਂ ਸੰਸਕ੍ਰਿਤ ਤੇ ਪ੍ਰਾਕ੍ਰਿਤ-ਭਾਸ਼ਾਵਾਂ ਜਾਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਦਰਮਿਆਨ ਸਮਾਨਾਂਤਰ ਸਥਿਤੀ ਉਪਲਬਧ ਹੁੰਦੀ ਹੈ।

ਸੰਸਕ੍ਰਿਤ ਤੇ ਪੰਜਾਬੀ ਦਾ ਤੁਲਨਾਤਮਕ ਅਧਿਐਨ
(ਭਾਸ਼ਾਈ ਸੰਰਚਨਾ ਦੇ ਆਧਾਰ ਤੇ)

ਤੁਲਨਾਤਮਕ ਭਾਸ਼ਾ-ਵਿਗਿਆਨਿਕ ਅਧਿਐਨ ਦਾ ਮੰਤਵ ਤੇ ਮਕਸਦ ਕੀ ਹੈ ? ਸਭ ਤੋਂ ਪਹਿਲਾ ਇਸ ਮੰਤਵ ਨੂੰ ਪਰਿਭਾਸਿਤ ਕਰਨਾ ਬਣਦਾ ਹੈ। ਇਸ ਦਿਸ਼ਾ ਵਿਚ ਸਭ ਤੋਂ ਪਹਿਲਾ ਇਹ ਵੇਖਣਾ ਹੈ ਕਿ ਅੰਦਾਜ਼ਨ ਸਹਿ-ਸੰਬੰਧਿਤ ਭਾਸ਼ਾਵਾਂ ਵਿਚ ਸੰਰਚਨਾਤਮਕ ਸਮਾਨਤਾਵਾਂ ਤੇ ਸਾਂਝਾਂ ਪ੍ਰਾਪਤ ਹੋਣ ਜਿਹੜੀਆਂ ਕਿ ਇਤਫਾਕੀਆ ਸਮਾਨਤਾਵਾਂ (chance similarities) ਨਾ ਹੋਣ ਅਤੇ ਜਾਂ ਜਿਹੜੀਆਂ ਕਿ ਬਾਹਰਲੇ ਭਾਸ਼ਾਈ ਸੰਪਰਕ ਕਰਕੇ ਮਹਿਕੂਮ ਭਾਸ਼ਾ/ਭਾਸ਼ਾਵਾਂ ਵਿਚ ਹਾਕਮ ਭਾਸ਼ਾ ਵਲੋਂ ਦਾਖਲ ਨਾ ਹੋ ਗਈਆਂ ਹੋਣ, ਅਤੇ ਜਿਹੜੀਆਂ ਸਮਾਨਤਾਵਾਂ ਦਾ ਇਸ ਧਾਰਨਾ ਦੇ ਨੁਕਤੇ ਤੋਂ ਸਪਸ਼ਟੀਕਰਨ ਸੰਭਵ ਜਾਪਦਾ ਹੋਵੇ ਕਿ ਤੁਲਨਾ ਅਧੀਨ ਦੋਵੇਂ ਭਾਸ਼ਾਵਾਂ (ਪ੍ਰਾਚੀਨ ਜਾਂ ਸਮਕਾਲੀਨ) ਜਨੈਟਿਕ ਤੌਰ ਤੇ ਅੰਤਰ-ਸੰਬੰਧਿਤ ਹਨ।

ਇਨ੍ਹਾਂ ਅਤਿਰਿਕਤ ਅੰਤਰ-ਦ੍ਰਿਸ਼ਟੀਆਂ ਤੋਂ ਬਾਅਦ ਹੁਣ ਸੰਸਕ੍ਰਿਤ ਤੇ ਪੰਜਾਬੀ ਦਾ ਤੁਲਨਾਤਮਕ ਅਤੇ ਵਿਤਰੇਕੀ (ਟਾਕਰਵਾਂ = contrastive) ਵਿਵੇਚਨ ਪ੍ਰਸਤੁਤ ਕੀਤਾ ਜਾਂਦਾ ਹੈ ਜਿਸ ਵਿਚ ਧੁਨੀ ਵਿਗਿਆਨ (ਉੱਚਾਰਣ) /ਧੁਨੀ ਪੈਟਰਨ, ਰੂਪ-ਵਿਗਿਆਨ (ਸ਼ਬਦ-ਰਚਨਾ ਪ੍ਰਕਿਰਿਆ), ਵਾਕ-ਯੋਜਨਾ ਅਤੇ ਸ਼ਬਦ-ਕੋਸ਼ (lexicon) ਆਦਿ ਪੱਖਾਂ ਤੇ ਵਿਚਾਰ-ਮੰਥਨ ਕੀਤਾ ਜਾਵੇਗਾ।

ਧੁਨੀ ਵਿਗਿਆਨ/ਧੁਨੀ ਪੈਟਰਨ (Phonetics/Phonology)

ਵੈਦਿਕ ਸੰਸਕ੍ਰਿਤ ਵਿਚ ਕੁਲ 52 ਧੁਨੀਆਂ ਹਨ ਜਿਨ੍ਹਾਂ ਵਿਚ ਖੰਡੀ ਤੇ ਅਧਿਖੰਡੀ ਦੋ ਸ਼ਰੇਣੀਆਂ ਹਨ। ਖੰਡੀ ਸ਼ਰੇਣੀ ਵਿਚ 13 ਸਵਰ ਤੇ ਉਨਤਾਲੀ (39) ਵਿਅੰਜਨ-ਧੁਨੀਆਂ ਉਪਲਬਧ ਹਨ ਅਤੇ ਅਧਿਖੰਡੀ ਧੁਨੀਆਂ ਵਿਚ ਸੁਰਾਘਾਤ (accent) ਅਘੋਸ਼ ਸੰਘਰਸ਼ੀ (ਵਿਸਰਗ, ਜਿਹਵਾਮੂਲੀਯ, ਉਪਧਮਾਨੀਯ, ਅਤੇ ਅਨੁਸਵਾਰ), ਵੈਦਿਕ ਭਾਸ਼ਾ ਵਿਚ ਮਿਲਦੇ ਹਨ (ਵੇਖੋ ਵੇਰਵਾ ਅਧਿਆਏ 3 : 2)

ਇਸੇ ਵੈਦਿਕ ਧੁਨੀ-ਸਮੂਹ ਦਾ ਕਲਾਸੀਕਲ ਸੰਸਕ੍ਰਿਤ ਦੇ ਧੁਨੀ-ਸਮੂਹ ਵਿਚ ਪਰਿਵਰਤਨ ਹੋਇਆ ਹੈ। ਵੈਦਿਕ ਸਵਰਾਂ ਵਿਚੋਂ /ਰੀ, ਲ੍ਰਿ/ (ऋ, ऌ) ਦਾ ਲੋਪ ਕਲਾਸੀਕਲ ਸੰਸਕ੍ਰਿਤ ਵਿਚ ਹੋ ਗਿਆ, ਅਤੇ ਵੈਦਿਕ ਅਧਿਖੰਡੀ ਧੁਨੀਆਂ ਵਿਚੋਂ ਲੌਕਿਕ ਸੰਸਕ੍ਰਿਤ

ਵਿਚ ਸਵਰਾਘਾਤ (ਉਦੱਤ, ਅਨੁਦੱਤ, ਸ੍ਵਰਿਤ), ਜਿਹਵਾਮੂਲੀਯ ਤੇ ਉਪਧਮਾਨੀਯ ਲੁਪਤ ਹੋ ਗਈਆਂ । ਕਮਾਲ ਦੀ ਗੱਲ ਹੈ ਕਿ ਏਧਰ ਪੰਜਾਬੀ ਵਿਚ ਕੁਝ ਵੈਦਿਕ ਧੁਨੀਆਂ ਸੰਭਾਲ ਕੇ ਜਾਹੀ ਰੱਖੀਆਂ ਹੋਈਆਂ ਹਨ ਜੋ ਕਿ ਕਲੈਸੀਕਲ ਸੰਸਕ੍ਰਿਤ ਵਿਚ ਗਾਇਬ ਹਨ ।

ਵਖਰੇਵੇਂ : ਪੰਜਾਬੀ ਦੀ ਧੁਨੀਆਤਮਕ ਮਾਲਾ (inventory) ਵਿਚ 10 ਸਵਰ ਅਤੇ 39 ਵਿਅੰਜਨ ਹਨ ਅਤੇ 5 ਅਧਿਖੰਡੀ ਧੁਨੀਆ ਹਨ । ਪੰਜਾਬੀ ਭਾਸ਼ਾ ਵਿਚ ਵੈਦਿਕ ਸੰਸਕ੍ਰਿਤ/ਲੌਕਿਕ ਸੰਸਕ੍ਰਿਤ ਦੀਆਂ ਹੇਠ ਲਿਖੀਆਂ ਧੁਨੀਆਂ ਗਾਇਬ ਹਨ :

1. ਸਵਰ : /ऋ, ॠ, ऌ/ (ਲੋਪ ਹਨ ਤੇ ਪਰਿਵਰਤਿਤ ਹਨ)
2. ਵਿਅੰਜਨ /ਘ, ਝ, ਢ, ਧ, ਭ/ (ਆਂਸ਼ਿਕ ਰੂਪਾਂਤਰਨ)
3. ਅਧਿਖੰਡੀ /ਵਿਸਰਗ, ਜਿਹਵਾਮੂਲੀਯ/ (ਲੋਪ)
4. ਸ੍ਵਰਾਘਾਤ /ਉਦੱਤ, ਅਨੁਦੱਤ, ਸ੍ਵਰਿਤ/ (ਪਰਿਵਰਤਿਤ modified)

ਸਮਾਨਤਾਵਾਂ :

ਪੰਜਾਬੀ ਦੀਆ ਕਈ ਮੌਜੂਦਾ ਧੁਨੀਆਤਮਕ ਵਿਲੱਖਣਤਾਵਾਂ ਵੈਦਿਕ ਭਾਸ਼ਾ ਨਾਲ ਜਾ ਮਿਲਦੀਆ ਹਨ ਜਿਹੜੀਆਂ ਕਿ ਲੌਕਿਕ ਸੰਸਕ੍ਰਿਤ ਵਿਚ ਉੱਕਾ ਹੀ ਲੋਪ ਹੋ ਗਈਆਂ ਹਨ । ਵੈਦਿਕ ਭਾਸ਼ਾ ਵਿਚ /ਯ, ਵ, ਸ਼/ (ਸ਼), ਅਤੇ ਅਨੁਸਵਾਰ ਦਾ ਕਲਾਸੀਕਲ ਸੰਸਕ੍ਰਿਤ ਦੇ ਯੁਗ ਤੋਂ ਪਹਿਲਾਂ ਇਕ ਵਿਲੱਖਣ ਉੱਚਾਰਣ ਹੁੰਦਾ ਸੀ ਜਿਸ ਦੇ (ਬਕਾਇਆ) ਅਵਸ਼ੇਸ਼ ਅਜੋਕੀ ਪੰਜਾਬੀ ਵਿਚ ਉਪਲਬਧ ਹੁੰਦੇ ਹਨ, ਅਜਿਹੀਆਂ ਉੱਚਾਰਨਗਤ ਵਿਸ਼ੇਸ਼ਤਾਵਾ ਲੌਕਿਕ ਸੰਸਕ੍ਰਿਤ ਵਿਚ ਨਹੀਂ ਮਿਲਦੀਆਂ । [ਵਿਆਸ, 1957 : 113]

(ੳ) ਵੈਦਿਕ ਯੁਗ ਦੇ ਸ਼ਿਕਸ਼ਾਂ ਗ੍ਰੰਥਾਂ (treatises on phonetics) ਦੇ ਅਨੁਸਾਰ ਸ਼ਬਦ ਦੀ ਆਦਿ ਸਥਿਤੀ ਵਿਚ ਮੌਜੂਦ ਅਸੰਯੁਕਤ /ਯ/ ਦਾ ਉਚਾਰਨ /ਜ/ ਹੁੰਦਾ ਸੀ ਅਤੇ ਮੱਧ ਸਥਿਤੀ ਵਿਚ ਵੀ ਜੇਕਰ "ਯ" /ਰਿ, ਰ, ਣ, ਹ/ ਨਾਲ ਸੰਯੁਕਤ ਹੋਵੇ ਤਾਂ ਵੀ /ਯ/ ਦਾ ਉੱਚਾਰਣ "ਜ" ਹੀ ਹੁੰਦਾ ਸੀ । ਰਿਗਵੇਦ ਦੇ ਮੰਤ੍ਰ ਹਨ :

(1) "यद्भूतं यच्च भाव्यम् (ਯਦ੍ਭੂਤੰ ਯਚ੍ਚ ਭਾਵ੍ਯਮ)
ਦਾ ਉੱਚਾਰਨ "जद्भूतं जच्च भावियम्" (ਜਦ੍ ਭੂਤੰ ਜਚ੍ਚ ਭਾਵਿਯਮ) ਕੀਤਾ ਜਾਂਦਾ ਸੀ ।

(2) ਇਸੇ ਤਰ੍ਹਾਂ "सूर्य आत्मा" (ਸੂਰਯ ਆਤਮਾ) ਦਾ ਉੱਚਾਰਣ "सूर्ज्ज आत्मा" (ਸੂਰ੍ਜ੍ਜ ਆਤ੍ਮਾ) ਹੁੰਦਾ ਸੀ ।

ਪੰਜਾਬੀ ਵਿਚ ਵੈਦਿਕ ਭਾਸ਼ਾ ਵਾਂਗੂ /ਯ/ ਦਾ /ਜ/ ਉਚੇਾਰਣ ਬਹੁਤ ਜ਼ਿਆਦਾ ਹੈ । ਮੱਧਕਾਲੀ ਪੰਜਾਬੀ ਵਿਚ ਜ-ਪ੍ਰਵਿਰਤੀ ਸੌ ਫੀ ਸਦੀ ਮਿਲਦੀ ਹੈ । ਪ੍ਰਾਕ੍ਰਿਤ ਭਾਸ਼ਾਵਾਂ ਵਿਚ "ਯ → ਜ" ਦਾ ਪਰਿਵਰਤਿਤ ਉੱਚਾਰਣ ਉਪਲਬਧ ਹੈ ਪਰ ਪੰਜਾਬੀ ਦੀ ਇਹ ਸਥਾਈ ਵਿਲੱਖਣਤਾ ਹੈ ਜੋ ਵੈਦਿਕ ਉੱਚਾਰਣ ਦੀ ਪ੍ਰਤਿਨਿਧਤਾ ਕਰਦੀ ਹੈ ।

(ਅ) ਦੂਜੀ ਉੱਚਾਰਣ ਪ੍ਰਵਿਰਤੀ ਵੈਦਿਕ ਭਾਸ਼ਾ ਵਿਚ ਮੂਰਧਨੀ /ष/ ਧੁਨੀ ਨੂੰ /ਖ/ ਵਿਚ ਉੱਚਾਰਣ ਦੀ ਹੈ । ਰਿਗਵੇਦ ਦਾ ਮੰਤ੍ਰ ਹੈ

"सहस्रशीर्षा: पुरुष:" (ਸਹਸ੍ਰ ਸ਼ੀਰ੍ਸ਼ਾ : ਪੁਰੁਸ਼ਃ) ਦਾ ਉੱਚਾਰਣ ਵੈਦਿਕ ਯੁਗ ਵਿਚ "सहस्र शीर्खा: पुरुख:" (ਸਹਸ੍ਰ ਸ਼ੀਰ੍ਖਾ ਪੁਰੁਖਃ) ਕੀਤਾ ਜਾਂਦਾ ਸੀ ।

ਪੰਜਾਬੀ ਵਿਚ ਸੰਸਕ੍ਰਿਤ ਵਾਲੀ /ਸ਼/ ਨੂੰ /ਖ/ ਵਿਚ ਬਦਲ ਕੇ ਉੱਚਾਰਣ ਕਰਨ ਵਾਲੀ ਰੁਚੀ ਪੂਰੀ ਤਰ੍ਹਾਂ ਮਿਲਦੀ ਹੈ । ਮੱਧਕਾਲੀ ਪੰਜਾਬੀ ਵਿਚ ਪੁਰਖ, ਮਨੁੱਖ, ਰਿਖੀ, ਸੰਤੋਖ, ਵਰਖਾ, ਗ੍ਰਿਖਮ, ਅਖਾੜ ਸ਼ਬਦ ਖ-ਪ੍ਰਧਾਨ ਹੀ ਮਿਲਦੇ ਹਨ ਭਾਵੇਂ ਇਨ੍ਹਾਂ ਦੇ ਤਤਸਮ ਰੂਪ (ਪੁਰੁਸ਼, ਮਨੁਸ਼੍ਯ, ਰਿਸ਼ਿ, ਸਨ੍ਤੋਸ਼, ਵਰ੍ਸ਼ਾ, ਗ੍ਰੀਸ਼੍ਮ, ਆਸ਼ਾਢ) ਵਿਚ ਮੂਰਧਨੀ /ਸ਼/ ਹੀ ਮੌਜੂਦ ਹੈ । ਯ → ਜ, ਅਤੇ ਸ਼ → ਖ ਦੀ ਵੈਦਿਕ ਉੱਚਾਰਣਗਤ ਵਿਸ਼ੇਸ਼ਤਾ ਪੰਜਾਬੀ ਵਿਚ ਕਿਵੇਂ ਹੂ-ਬ-ਹੂ ਕਾਇਮ ਹੈ, ਇਹ ਇਕ ਹੈਰਾਨੀਜਨਕ ਧੁਨੀਆਤਮਕ ਵਿਲੱਖਣਤਾ ਹੈ ।

/ਲ਼, ਲ਼ਹ/.

(ਣ) ਵੈਦਿਕ ਭਾਸ਼ਾ ਵਿਚ /ਲ਼, ਲ਼ਹ/ ਪਾਰਸਵਿਕ ਧੁਨੀਆਂ (flapped retroflex) ਦੀ ਵਰਤੋਂ ਹੁੰਦੀ ਸੀ ਪਰ ਇਹ ਧੁਨੀਆਂ ਲੌਕਿਕ ਸੰਸਕ੍ਰਿਤ ਵਿਚ ਨਹੀਂ ਹਨ । ਲੇਕਿਨ ਇਸ ਦੇ ਉਲਟ ਪੰਜਾਬੀ ਭਾਸ਼ਾ ਵਿਚ ਉਪਰੋਕਤ ਵੈਦਿਕ ਧੁਨੀਆਂ ਦਾ ਅਸਤਿਤ੍ਵ ਕਾਇਮ ਹੈ। ਪੰਜਾਬੀ ਵਿਚ /ਲ਼/ ਧੁਨੀ ਪ੍ਰਚਲਿਤ ਹੈ, ਅਤੇ ਇਹ ਫੌਨੈਮਿਕ ਹੈ ਅਤੇ ਲ਼/ਲ ਦੇ ਵਿਰੋਧੀ ਜੋੜੇ ਦੋਹਾਂ ਦੀ ਵੱਖਰੀ ਨਿਊਨਤਮ ਸਥਿਤੀ ਨੂੰ ਜ਼ਾਹਰ ਕਰਦੇ ਹਨ ਜਿਵੇਂ :

ਲਘੂਤਮ ਜੋੜੇ — ਗੋਲੀ (ਦਾਸੀ) ਅਤੇ ਗੋਲ਼ੀ (ਬੰਦੂਕ ਦੀ ਗੋਲ਼ੀ)
ਬੋਲੀ (ਬੋਲਣਾ) ਅਤੇ ਬੋਲ਼ੀ (ਬਹਿਰਾ)

ਦੂਜੀ ਵੈਦਿਕ ਧੁਨੀ /ਲ਼ਹ/ ਦਾ ਪੰਜਾਬੀ ਵਿਚ /ੜ੍ਹ/ ਵਿਚ ਪਰਿਵਰਤਨ ਹੋਇਆ ਹੈ । ਵੈਦਿਕ "ਗੁਲ਼ਹ" । ਪਰ ਪੰਜਾਬੀ "ਗੁੜ੍ਹ" । ਇਸ ਤਰ੍ਹਾਂ/ਲ਼, ੜ੍ਹ / ਦੋਵੇਂ ਪੰਜਾਬੀ ਧੁਨੀਆਂ ਵੇਦਮੂਲਕ ਹਨ ।

/ਯ, ਰ, ਲ, ਵ/ :

ਵੈਦਿਕ/ਲੌਕਿਕ ਸੰਸਕ੍ਰਿਤ ਵਿਚ /ਯ, ਰ, ਲ, ਵ,/ ਅਰਧ-ਸਵਰ ਸਨ ਪਰੰਤੂ ਪੰਜਾਬੀ ਵਿਚ ਇਨ੍ਹਾਂ ਚਾਰਾਂ ਵਿਚੋਂ /ਯ, ਵ/ ਦੋ ਹੀ ਅਰਧ-ਸਵਰ ਹਨ ਅਤੇ /ਰ, ਲ/ ਅਰਧ-ਸਵਰ ਨਹੀਂ ਰਹੇ, ਇਹ ਵਿਅੰਜਨਾਂ ਵਾਂਗ ਹੀ ਪੰਜਾਬੀ ਵਿਚ ਵਿਚਰਦੇ ਹਨ, ਕਿਉਂਕਿ /ਯ,ਵ/ ਦੇ ਸਵਰੀਕ੍ਰਿਤ (vocalic) units /ਇ, ਉ/ ਪ੍ਰਾਪਤ ਹਨ ਪਰ /ਰ, ਲ/ ਦੇ ਸਵਰੀਕ੍ਰਿਤ ਯੂਨਿਟ /ਰ੍ਰਿ, ਲ੍ਰਿ/ ਪੰਜਾਬੀ ਵਿਚ ਲੋਪ ਹੋ ਗਏ ਹਨ ।

ਅਨੁਨਾਸਿਕ :

ਵੈਦਿਕ ਵਿਚ /ਣ, ਨ, ਮ/ ਨਾਸਿਕੀ ਫੋਨੀਮ ਹਨ, ਅਤੇ /ਙ, ਞ/ ਅਸਲ ਵਿਚ /ਨ/ ਦੇ ਉਪਧੁਨੀਮ (allophones) ਹਨ । ਇਹੋ ਸਥਿਤੀ ਹੁਣ ਅਜੋਕੀ ਪੰਜਾਬੀ ਜ਼ੁਬਾਨ ਵਿਚ ਉਪਲਬਧ ਹੁੰਦੀ ਹੈ ।

(ਕ) ਸੁਰ-ਭਕਤੀ (epenthesis)

ਵੈਦਿਕ ਪ੍ਰਾਤਿਸਾਖਯ ਗ੍ਰੰਥਾਂ ਦੇ ਯੁਗ ਵਿਚ ਵੈਦਿਕ ਸ਼ੁੱਧ ਹ੍ਰਸਵ ਸਵਰ /ਅ/ ਦਾ ਉੱਚਾਰਣ ਅਤੀ ਹ੍ਰਸਵ ਸਵਰ ਦੀ ਤਰ੍ਹਾਂ ਪ੍ਰਚਲਿਤ ਹੋ ਗਿਆ ਸੀ । ਇਸ ਨੂੰ ਹੀਬਰੂ ਭਾਸ਼ਾ ਵਿਚ Schwa ਕਿਹਾ ਜਾਂਦਾ ਹੈ ਜੋ ਹੁਣ ਭਾਸ਼ਾ ਵਿਗਿਆਨ ਵਿਚ ਸਵੀਕ੍ਰਿਤ ਹੈ । ਰਿਗਵੇਦ ਵਿਚ ਰ-ਯੁਕਤ cluster ਵਿਅੰਜਨਾਂ ਦੇ ਮੱਧ ਵਿਚ ਅਤੀ ਹ੍ਰਸਵ ਸਵਰ ਦਾ

ਆਭਾਰ : ਇਸ ਚੈਪਟਰ ਦੀ ਬਹੁਤ ਸਾਰੀ ਉਪਯੋਗੀ ਸਾਮਗ੍ਰੀ ਪੰਜਾਬ ਦੇ ਮਹਾਨ ਸੰਸਕ੍ਰਿਤ-ਵੇਤਾ ਅਤੇ ਵਿਆਕਰਣ-ਸ਼ਾਸਤ੍ਰ ਦੇ ਵਿਸ਼ੇਸ਼ੱਗ ਵਿਦਵਾਨ ਡਾ. ਸਯਾਮਦੇਵ ਪਾਰਾਸ਼ਰ ਤੇ ਡਾ. ਭੋਲਾ ਸ਼ੰਕਰ ਵਿਆਸ ਦੀਆਂ ਲਿਖਤਾਂ ਤੋਂ ਗ੍ਰਹਿਣ ਕੀਤੀ ਹੈ । ਲੇਖਕ ਇਨ੍ਹਾਂ ਵਿਦਵਾਨਾਂ ਦਾ ਤਹਿ ਦਿਲੋਂ ਆਭਾਰੀ ਹੈ ।

ਆਗਮ ਕੀਤਾ ਜਾਂਦਾ ਸੀ, ਇਸ ਮੱਧ-ਸਵਰਾਗਮ ਨੂੰ ਸੁਰ ਭਕਤੀ (epenthesis) ਕਿਹਾ ਜਾਂਦਾ ਹੈ ਜਿਵੇਂ "ਇੰਦ੍ਰ" ਦਾ ਉੱਚਾਰਣ /ਇੰਦਅਰ/ ਕਰਨਾ ਪੈਂਦਾ ਸੀ। ਪੰਜਾਬੀ ਦੇ ਉਚਾਰਨੀ ਧੁਨੀ-ਵਿਗਿਆਨ (articulatory phonetics) ਵਿਚ ਮੱਧ ਸੁਰਾਗਮ ਦੀ ਰੁਚੀ ਬਹੁਤ ਪ੍ਰਬਲ ਹੈ ਜਿਵੇਂ ਪੰਜਾਬੀ ਵਿਚ :

ਇੰਦ੍ਰ ⟶ ਇੰਦਰ,
ਪੁਤ੍ਰ ⟶ ਪੁਤਰ
ਚੰਦ੍ਰ ⟶ ਚੰਦਰ
ਸੂਤ੍ਰ ⟶ ਸੂਤਰ

ਪੰਜਾਬੀ ਵਿਚ ਸੁਰ*-ਭਕਤੀ (epenthesis) ਦੀ ਧੁਨੀਆਤਮਕ ਪ੍ਰਵਿਰਤੀ ਵੈਦਿਕ ਉੱਚਾਰਣ ਨਾਲ ਕਿੰਨਾ ਮੇਲ ਰੱਖਦੀ ਹੈ ਇਹ ਕਾਬਲੇ, ਗੌਰ ਸਾਂਝ ਸਮਾਨਤਾ ਹੈ। ਲੌਕਿਕ ਸੰਸਕ੍ਰਿਤ ਵਿਚ ਇਸ ਦੀ ਅਣਹੋਂਦ ਹੈ।

(ਖ) **ਵੈਦਿਕ ਸੁਰਾਘਾਤ** (Accent) :

ਵੈਦਿਕ ਸੰਸਕ੍ਰਿਤ ਦੀ ਉੱਘੀ ਵਿਸ਼ੇਸ਼ਤਾ ਉਸ ਦਾ ਸੁਰਾਘਾਤ ਸਿਸਟਮ ਹੈ। ਸੁਰਾਘਾਤ ਇਕ ਤਰ੍ਹਾਂ ਦਾ ਟੋਨ ਸਿਸਟਮ ਹੈ ਜਿਹੜਾ ਕਿ ਟੋਨਲ ਭਾਸ਼ਾਵਾਂ ਵਿਚ ਮਿਲਦਾ ਹੈ। ਵੈਦਿਕ ਉੱਚਾਰਣ-ਵਿਗਿਆਨ ਵਿਚ ਇਹ ਸੁਰਾਘਾਤ ਅਰਥ-ਭੇਦਕ ਵਿਸ਼ਿਸ਼ਟ, ਨਿਖੇੜੂ, ਨਿਊਨਤਮ ਤੇ ਫੋਨੈਮਿਕ ਸੀ ਅਤੇ ਇਹ ਅਧਿਖੰਡੀ (supra-segmental phoneme) ਫੋਨੀਮ ਵਜੋਂ ਕਾਰਜਸ਼ੀਲ ਸੀ। ਵੈਦਿਕ, ਸੁਰਾਘਾਤ (ਸੁਰ + ਆਘਾਤ) ਤਿੰਨ ਕਿਸਮ ਦਾ ਹੈ

1. ਉਦਾੱਤ (उदात्त)
2. ਅਨੁਦਾੱਤ (अनुदात्त)
3. ਸੁਰਿਤ (स्वरित)

ਸੁਰਾਘਾਤ ਦੀ ਅੰਦਲਾ ਬਦਲੀ ਨਾਲ ਵੈਦਿਕ ਸ਼ਬਦਾਂ /ਸ਼ਬਦਾਂਸ਼ਾਂ/ ਵਾਕਾਂ ਦੇ ਉੱਚਾਰਣ ਤੇ ਅਰਥ ਵੀ ਬਦਲ ਜਾਂਦੇ ਸਨ। ਇਸ ਸੰਦਰਭ ਵਿਚ ਪਿੱਛੇ "ਇੰਦ੍ਰਸ਼ਤ੍ਰੁ" ਦਾ ਉਦਾਹਰਨ ਦਿੱਤਾ ਜਾ ਚੁੱਕਾ ਹੈ। ਵਰਣਨ-ਯੋਗ ਤੱਥ ਇਹ ਹੈ ਕਿ ਵੈਦਿਕ ਸੁਰਾਘਾਤ ਦੀ ਹੋਂਦ ਕਲੈਸੀਕਲ ਸੰਸਕ੍ਰਿਤ ਵਿਚ ਉੱਕਾ ਹੀ ਗ਼ਾਇਬ ਹੈ।

ਵੈਦਿਕ ਭਾਸ਼ਾ ਦੇ ਸਮਾਨਾਂਤਰ ਪੰਜਾਬੀ ਵੀ ਇਕ ਸੁਰਾਤਮਕ (tonal) ਭਾਸ਼ਾ ਹੈ। ਸੁਰ ਅਸਲ ਵਿਚ ਸੁਰ (स्वर) ਹੈ ਜੋ ਟੋਨ ਦਾ ਵਾਚਕ ਹੈ। ਸੁਰ vowel ਲਈ ਵੀ ਹੈ, ਪਰੰਤੂ ਵੈਦਿਕ ਯੁਗ ਵਿਚ ਸੁਰਾਘਾਤ ਨੂੰ "ਸੁਰ-ਪ੍ਰਕ੍ਰਿਆ" ਕਿਹਾ ਜਾਂਦਾ ਸੀ। ਸੋ ਸੁਰ ਟੋਨ-ਵਾਚਕ ਸ਼ਬਦੀਮ ਹੈ। ਸੁਰਾਤਮਕ ਹੋਣ ਕਰਕੇ ਪੰਜਾਬੀ ਵਿਚ 'ਸੁਰ' ਦੀ ਬੜੀ ਅਹਿਮੀਅਤ ਹੈ। ਭਾਰਤ ਦੀਆਂ ਸਾਰੀਆਂ ਆਰੀਆ ਭਾਸ਼ਾਵਾਂ ਵਿਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਸ ਵਿਚ 'ਸੁਰ' ਦੀ ਵਰਤੋਂ ਹੁੰਦੀ ਹੈ। ਅਸਲ ਵਿਚ ਸੁਰ ਹੀ ਪੰਜਾਬੀ ਭਾਸ਼ਾ ਦਾ ਪਛਾਣ-ਚਿੰਨ੍ਹ ਹੈ ਇਸ ਲਈ ਪੰਜਾਬੀ ਦੇ ਸੰਬੰਧ ਵਿਚ "ਸੁਰ" ਦਾ ਅਤੀ ਮਹੱਤਵ ਹੈ। ਪੰਜਾਬੀ ਵਿਚ ਹੁਣ ਤਕ ਤਿੰਨ ਕਿਸਮ ਦੀਆ ਪੰਜਾਬੀ ਸੁਰਾਂ ਦੀ ਪਛਾਣ ਹੋਈ ਹੈ, ਉਹ ਹਨ :

---

* Epenthesis "a term to refer to a type of INTRUSION, where an extra sound has been inserted medially in a word" [David Crystal, 1986 : 110]

(1) ਉੱਚੀ ਸੁਰ (high tone) : ਚਾਹ → ਚ ਆ /č á/;

(2) ਮਝਲੀ ਜਾਂ ਸਾਵੀਂ ਸੁਰ (level tone) : ਚਾ → /č a/

(3) ਨੀਵੀਂ ਸੁਰ (low tone) : ਘਰ → ਕ ਅਰ /kàr /

ਇਸ ਤਰ੍ਹਾਂ ਪੰਜਾਬੀ ਵਿਚ ਤਿੰਨ-ਰੁਖਾ ਸੁਰਾਤਮਕ ਵਿਰੋਧ/ਟਾਕਰਾ ਸਥਾਪਿਤ ਹੁੰਦਾ ਹੈ (3-way tonal contrasts in punjabi).

ਹੁਣ ਜਨੈਟਿਕ ਤੋਰ ਤੇ ਇਹ ਸੰਭਵ ਜਾਪਦਾ ਹੈ ਕਿ ਪੰਜਾਬੀ ਦੀਆਂ ਤਿੰਨ-ਦਿਸ਼ਾਵੀ ਸੁਰਾਂ ਵੈਦਿਕ ਸੰਸਕ੍ਰਿਤ ਦੇ ਤਿੰਨ-ਰੁਖਾ ਸੁਰਾਘਾਤ ਦਾ ਹੀ ਵਿਕਾਸ ਹੈ । ਇਸ ਸੰਬੰਧ ਵਿਚ ਡਾ. ਬਲਬੀਰ ਸਿੰਘ ਸੰਧੂ, ਡਾ. ਜੁਗਿੰਦਰ ਸਿੰਘ ਪੁਆਰ, ਡਾ. ਐਸ. ਐਸ. ਜੋਸ਼ੀ ਦੇ ਨਾਮ ਉੱਲੇਖਣੀ ਹਨ । ਇਨ੍ਹਾਂ ਵਿਸ਼ੇਸ਼ੱਗ ਵਿਦਵਾਨਾ ਨੇ ਵੈਦਿਕ ਤੇ ਪੰਜਾਬੀ ਟੋਨ ਸਿਸਟਮ ਦੀ ਸਾਂਝ ਸਥਾਪਨਾ ਲਈ ਕੁਝ ਤਰਕ ਪ੍ਰਸਤੁਤ ਕੀਤੇ ਹਨ । ਪਰੰਤੂ ਇਸ ਵਿਸ਼ੇ ਦੀ ਅਜੇ ਸ਼ੁਰੂਆਤ ਹੀ ਹੈ । ਇਹ ਵਿਸ਼ਾ ਹੋਰ ਗੰਭੀਰ ਖੋਜ ਦੀ ਮੰਗ ਕਰਦਾ ਹੈ ।

ਅਧਿਆਏ 3 : 6

ਵੈਦਿਕ/ਲੌਕਿਕ ਸੰਸਕ੍ਰਿਤ ਅਤੇ ਪੰਜਾਬੀ ਦੇ ਭਾਸ਼ਾਗਤ ਸੰਬੰਧ : ਰੂਪਾਤਮਕ ਸਮਾਨਤਾਵਾਂ

Morphological/Comparative study of Vedic/Sanskrit and Punjabi

ਰੂਪ ਵਿਗਿਆਨ (marphology) ਸ਼ਬਦ ਰਚਨਾ ਦਾ ਅਧਿਐਨ ਹੈ, ਖ਼ਾਸ ਕਰਕੇ ਸ਼ਬਦਾਂ ਦੀ ਅੰਦਰੂਨੀ ਬਣਤਰ/ਆਂਤਰਿਕ ਸੰਰਚਨਾ ਦਾ ਵਿਵੇਚਨ ਹੈ । ਰੂਪ ਵਿਗਿਆਨ ਦਾ ਦਿਸ਼ਾ ਬਿੰਦੂ ਇਹ ਹੈ ਕਿ ਸ਼ਬਦ ਵਿਭਿੰਨ ਰੂਪੀਮਾਂ (morphemes) ਦੇ ਸੰਯੋਜਨ ਦੁਆਰਾ ਕਿਵੇਂ ਨਿਰਮਿਤ ਹੁੰਦੇ ਹਨ । ਸ਼ਬਦਾਂ ਦੇ ਅਰਥਵਾਹਕ ਨਿਊਨਤਮ ਖੰਡ ਹੀ ਮਾਰਫੀਮ ਹੁੰਦੇ ਹਨ ਜੋ ਇਕ ਨਿਯਤ ਤੇ ਨਿਸ਼ਚਿਤ ਤਰਤੀਬ ਵਿਚ ਜੁੜ ਕੇ ਵਿਆਕਰਣਿਕ ਸ਼ਬਦਾਂ ਅਤੇ ਸ਼ਬਦ ਰੂਪਾਂ ਦੀ ਉਸਾਰੀ ਕਰਦੇ ਹਨ । ਇਸ ਲਈ ਰੂਪ ਵਿਗਿਆਨ ਦੇ ਦੋ ਹੀ ਪ੍ਰਕਾਰਜ ਹਨ । ਇਕ ਤਾਂ ਉਪਲਬਧ ਸ਼ਬਦਾਂ ਦੀ ਆਂਤਰਿਕ ਸੰਰਚਨਾ ਦੀ ਜਾਣਕਾਰੀ ਅਤੇ (2) ਦੂਜਾ ਸ਼ਬਦਾਂ ਦੀ ਰਚਨਾ ਦੀ ਜਾਣਕਾਰੀ । ਸ਼ਬਦਾਂ ਤੋਂ ਅੱਗੇ ਜਿਹੜੀਆਂ ਲਘੂਤਮ ਅਰਥਵਾਨ ਇਕਾਈਆਂ ਹਨ ਉਹੋ ਹੀ "ਮਾਰਫੀਮ" ਹਨ ਅਤੇ ਮਾਰਫੀਮ ਹੀ ਸ਼ਬਦ-ਸਿਰਜਨਾਂ ਵਿਚ ਪ੍ਰਕਾਰਜੀ ਇਕਾਈਆਂ ਹਨ ਜਿਨ੍ਹਾਂ ਦੇ ਸੰਯੋਜਨ ਤੋਂ ਵਿਭਿੰਨ ਸ਼ਬਦਾਂ/ਸ਼ਬਦ ਸ਼੍ਰੇਣੀਆਂ ਦੀ ਉਸਾਰੀ ਹੁੰਦੀ ਹੈ ਅਤੇ ਸ਼ਬਦਾਂ ਦਾ ਵਿਆਕਰਣਕ ਪ੍ਰਬੰਧ ਹੀ ਵਾਕ-ਯੋਜਨਾ ਦਾ ਆਧਾਰ ਹੈ । ਸ਼ਬਦਾਂ ਦੀ ਆਂਤਰਿਕ ਸੰਰਚਨਾ ਅਤੇ ਰਚਨਾਤਮਕ ਨਿਰਮਾਣ-ਵਿਧੀ ਦਾ ਬੋਧ ਹੀ ਵਾਸਤਵ ਵਿਚ ਰੂਪ ਵਿਗਿਆਨਕ ਅਧਿਐਨ ਹੈ ।

ਮਾਰਫਾਲੋਜੀ ਦਾ ਵਧੇਰੇ ਸੰਬੰਧ ਸ਼ਬਦਾਂ ਦੀਆਂ ਮੁੱਖ ਸ਼੍ਰੇਣੀਆਂ/ lexical majoar categories ਨਾਲ ਹੈ ਜਿਨ੍ਹਾਂ ਦੇ ਅੰਤਰਗਤ ਨਾਂਵ (noun) ਕ੍ਰਿਆ, (verb), ਵਿਸ਼ੇਸ਼ਣ (adjective) ਅਤੇ ਕ੍ਰਿਆ-ਵਿਸ਼ੇਸ਼ਣ (adverb) ਸ਼ਾਮਲ ਹਨ, ਇਹੋ ਮੁਕਤ (open) ਸ਼ਬਦ ਸ਼੍ਰੇਣੀਆਂ ਹਨ । ਬੰਦ ਸ਼ਬਦ ਸ਼੍ਰੇਣੀਆਂ ਵੀ ਜਿਵੇਂ ਪੜਨਾਂਵ, ਯੋਜਕ, ਪਰਸਰਗ ਜਾਂ ਸੰਬੰਧਕ, ਵਿਸਮਿਕ, ਨਿਪਾਤ, ਮਾਰਫੀਮ-ਸਿਰਜਤ ਸ਼੍ਰੇਣੀਆਂ ਹਨ, ਪਰੰਤੂ ਉਹ ਸਥਿਰ ਤੇ ਸਥਾਈ ਹਨ, ਇਸ ਲਈ ਮਾਰਫਾਲੋਜੀ ਦਾ ਮੁੱਖ ਕਾਰਜ ਮੁਕਤ ਸ਼੍ਰੇਣੀਆਂ ਦਾ ਅਧਿਐਨ ਹੈ ।

ਰੂਪ-ਵਿਗਿਆਨਿਕ ਤੌਰ ਤੇ ਵੈਦਿਕ/ਲੌਕਿਕ ਸੰਸਕ੍ਰਿਤ ਅਤੇ ਪੰਜਾਬੀ ਵਿਚ ਜੋ ਮੌਲਿਕ (marphological) ਰੂਪਾਤਮਕ ਸਮਾਨਤਾਵਾਂ ਤੇ ਸਮਰੂਪਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਅਤੇ ਵਖਰੇਵੇਂ ਉਪਲਬਧ ਹੁੰਦੇ ਹਨ ਇਨ੍ਹਾਂ ਸਾਰੀਆਂ ਸਮੱਗਰੀਆਵਾਂ ਦਾ ਸੰਖੇਪ ਵਰਣਨ ਪੇਸ਼ ਕੀਤਾ ਜਾਂਦਾ ਹੈ ।

ਸ਼ਬਦ-ਸੰਰਚਨਾ ਅਤੇ ਸ਼ਬਦ-ਰਚਨਾ ਦਾ ਸਾਂਝਾ ਪੈਟਰਨ

ਸੰਸਕ੍ਰਿਤ ਅਤੇ ਪੰਜਾਬੀ ਦੀ ਸ਼ਬਦ-ਸੰਰਚਨਾ (ਸਟ੍ਰਕਚਰ) ਅਤੇ ਸ਼ਬਦ-ਰਚਨਾ (ਫਾਰਮੇਸ਼ਨ) ਵਿਚ ਵੱਡੀ ਸਾਝ ਇਹ ਹੈ ਕਿ ਇਨ੍ਹਾਂ ਦੋਹਾਂ ਦੇ ਸ਼ਬਦ-ਨਿਰਮਾਣ ਦਾ ਬੁਨਿਆਦੀ ਪੈਟਰਨ ਇਕੋ ਜਿਹਾ ਉਪਲਬਧ ਹੁੰਦਾ ਹੈ। ਸ਼ਬਦ-ਕੋਸ਼ ਦੇ ਤੁਲਨਾਤਮਕ ਅਧਿਐਨ ਲਈ ਇਹ ਬੇਹਦ ਜ਼ਰੂਰੀ ਹੈ ਕਿ ਪੰਜਾਬੀ ਦੀ ਸਿਰਫ ਉਹੋ ਸ਼ਬਦਾਵਲੀ (vocabulary) ਤੁਲਨਾ-ਅਧੀਨ ਕੀਤੀ ਜਾ ਸਕਦੀ ਹੈ ਜਿਹੜੀ ਸ਼ਬਦਾਵਲੀ ਬੁਨਿਆਦੀ ਹੈ, ਕੇਂਦਰੀ ਹੈ, ਅਤੇ core ਸ਼ਬਦਾਵਲੀ ਹੈ। ਇਸ ਸੰਬੰਧ ਵਿਚ Hans Hock [1991 : 561] ਦੇ ਇਹ ਸ਼ਬਦ ਦਿਸ਼ਾ-ਨਿਰਦੇਸ਼ਕ ਹਨ। ਹੌਕ ਲਿਖਦਾ ਹੈ :*

> *"ਸੰਭਾਵੀ ਜਣਨਿਕ ਸੰਬੰਧਾਂ ਦੇ ਸਬੂਤ ਅਜਿਹੀਆਂ ਸਾਂਝ-ਸਮਾਨਤਾਵਾਂ ਤੇ ਨਿਰਭਰ ਹੋਣੇ ਚਾਹੀਦੇ ਹਨ ਜਿਹੜੀਆਂ ਕਿ ਸਮੂਹ ਸ਼ਬਦ-ਕੋਸ਼ ਵਿਚ ਖ਼ਾਸ ਕਰਕੇ ਬਹੁਤ ਸਾਰੀ ਬੁਨਿਆਦੀ ਸ਼ਬਦਾਵਲੀ ਵਿਚ ਵਿਆਪਤ ਹੋਣ।"*

ਇਸ ਧਾਰਨਾ ਦੇ ਅਧੀਨ ਜੇਕਰ ਨਿਰੀਖਣ ਕੀਤਾ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਦੀ ਕਾਫੀ ਸ਼ਬਦਾਵਲੀ ਰਿਣ-ਆਗਤ (borrowing) ਸ਼ਬਦਾਵਲੀ ਹੈ ਜਿਸ ਵਿਚ ਤੁਰਕੀ, ਫ਼ਾਰਸੀ, ਅਰਬੀ, ਪੁਰਤਗਾਲੀ, ਅੰਗ੍ਰੇਜ਼ੀ ਰਿਣ-ਸ਼ਬਦਾਵਲੀ ਸ਼ਾਮਲ ਹੈ। ਰਿਣ-ਆਗਤ ਸ਼ਬਦਾਵਲੀ ਨੂੰ ਛਾਣ ਕੱਢ ਕੇ ਬਾਕੀ ਜਿਹੜੀ ਬੁਨਿਆਦੀ (core,basic) ਪੰਜਾਬੀ ਸ਼ਬਦਾਵਲੀ ਬਾਕੀ ਰਹਿ ਜਾਂਦੀ ਹੈ ਉਸ ਦਾ ਸੰਰਚਨਾਤਮਕ ਪੈਟਰਨ ਹੀ ਵੈਦਿਕ/ਲੌਕਿਕ ਸੰਸਕ੍ਰਿਤ ਨਾਲ ਤੁਲਨਾਇਆ ਜਾ ਸਕਦਾ ਹੈ। ਇਹ ਵੀ ਸੰਭਵ ਹੈ ਕਿ ਪੰਜਾਬੀ ਦੀ ਕਾਫੀ ਰਿਣ-ਆਗਤ ਸ਼ਬਦਾਵਲੀ ਵੀ nativised ਹੋ ਗਈ ਹੋਵੇ। ਫੇਰ ਵੀ ਏਥੇ ਅਸੀਂ ਮੂਲ/ਬੁਨਿਆਦੀ ਪੰਜਾਬੀ ਸ਼ਬਦਾਵਲੀ ਦੀ ਹੀ ਚਰਚਾ ਕਰਾਂਗੇ ਤਾਂ ਜੋ ਪੰਜਾਬੀ ਸ਼ਬਦ-ਬਣਤਰ ਦੇ ਵਿਭਿੰਨ ਪੈਟਰਨ ਉਪਲਬਧ ਕੀਤੇ ਜਾ ਸਕਣ।

ਡਾ. ਭੋਲਾ ਸ਼ੰਕਰ ਵਿਆਸ [1957 : 136] ਦੇ ਅਨੁਸਾਰ ਸੰਸਕ੍ਰਿਤ ਭਾਸ਼ਾ ਦੇ ਪਦ (ਨਾਂਵੀ ਸ਼ਬਦ + ਕ੍ਰਿਆਵੀ ਸ਼ਬਦ) ਉਨ੍ਹਾਂ ਸਾਰਿਆਂ ਚਿੰਨ੍ਹਾਂ ਦੇ ਸੂਚਕ ਹਨ ਜਿਨ੍ਹਾਂ ਨੂੰ ਅਸੀਂ ਤਿੰਨ ਅੰਸ਼ਾਂ (ਭਾਗਾਂ) ਵਿਚ ਵੰਡ ਸਕਦੇ ਹਾਂ

(1) ਧਾਤੂ/ਮੂਲਾਂਸ਼ (root/stem)
(2) ਵਧੇਤਰ (affixes) : (ੳ) ਅਗੇਤਰ (ਅ) ਪਿਛੇਤਰ (ੲ) ਮਧੇਤਰ
(3) ਵਿਭਕਤੀ-ਪਿਛੇਤਰ (inflecting affixes)

ਪੰਜਾਬੀ ਸ਼ਬਦਾਵਲੀ ਦੇ ਬਣਤਰੀ ਢਾਂਚੇ ਦਾ ਜੇਕਰ ਵਿਸ਼ਲੇਸ਼ਣ ਕਰੀਏ ਤਾਂ ਪੰਜਾਬੀ ਸ਼ਬਦ-ਸੰਰਚਨਾ ਦਾ ਪੈਟਰਨ ਵੀ ਇਉਂ ਸੰਸਕ੍ਰਿਤ ਦੇ ਤੁੱਲ ਹੀ ਲੱਭਦਾ ਹੈ। ਮਿਸਾਲ ਵਜੋਂ ਪੰਜਾਬੀ ਸ਼ਬਦ *ਕਰਤਾ, ਦੋਹਤਰਾ, ਪਿਤਾ, ਕੇਸੀ, ਪਾਣੀ, ਚੁਕੰਨਾ, ਕੁਲਹਿਣੀ, ਭਰਜਾਈ, ਧੀ*, ਆਦਿ ਲੈ ਸਕਦੇ ਹਾਂ। ਇਨ੍ਹਾਂ ਸ਼ਬਦਾਂ ਦੇ ਅੰਦਰੂਨੀ ਬਣਤਰੀ ਵਿਸ਼ਲੇਸ਼ਣ ਤੋਂ ਇਹ ਨਿਰਸੰਦੇਹ ਸਾਬਤ ਹੋ ਜਾਂਦਾ ਹੈ ਕਿ ਇਨ੍ਹਾਂ ਦੀ ਸੰਸਕ੍ਰਿਤ ਨਾਲ ਬਣਤਰੀ ਤੇ ਰੂਪਾਤਮਕ ਘਨਿਸ਼ਠ ਸਾਂਝ ਹੈ।

ਜਦੋਂ ਅਸੀਂ ਉਪੱਰ-ਦਰਜ ਪੰਜਾਬੀ ਸ਼ਬਦਾਂ ਦਾ ਖੰਡੀਕਰਣ (segmentation)

* "Evidence for possible genetic relationship thus should consist of correspondences which pervade the vocabulary and which include most of the basic vocabulary." Hans Henrich Hock, *Principles of Historical Linguistics*, 1991 : 561, Berlin.

ਕਰਦੇ ਹਾਂ ਤਾਂ ਇਨ੍ਹਾਂ ਦੇ ਛੋਟੇ ਸਾਰਥਕ ਭਾਸ਼ਾਈ ਯੂਨਿਟ ਉਪਲਬਧ ਹੁੰਦੇ ਹਨ । ਇਨ੍ਹਾਂ ਯੂਨਿਟਾਂ ਦਾ ਹੇਠ ਲਿਖੀ ਤਾਲਿਕਾ ਵਿਚ ਅੰਕਣ ਕੀਤਾ ਜਾਂਦਾ ਹੈ :

ਪੰਜਾਬੀ ਸ਼ਬਦਾਂ ਦੀ ਆਂਤਰਿਕ-ਸੰਰਚਨਾ

(The internal structure of the entire word)

ਅਰਥੀਮ lexeme	ਅਗੇਤਰ prefix	ਧਾਤੂ/ਮੂਲਾਂਸ਼ root/stem	ਪਿਛੇਤਰ suffix	ਵਿਭਕਤੀ inflection	ਵਿਆਕਰਣ ਸ਼੍ਰੇਣੀ	ਮੂਲ-ਤਤਸਮ
ਕਰਤਾ		ਕਰ-(ਕ੍ਰਿ=ਕਰਨਾ)	-ਤਾ(←ਤ੍ਰਿ)		ਪੁਲਿੰਗ ਨਾਂਵ	कर्ता
ਵਿਜੋਗੀ	ਵਿ-	-ਜੋਗ-(ਯੁਜ=ਜੋੜਨਾ)	ੀ(←ਇਨ)		ਵਿਸ਼ੇਸ਼ਣੀ ਨਾਂ	वियोगी
ਘਰੋਂ		ਘਰ-(ਗ੍ਰਹ=ਗ੍ਰਹਿਣ ਕਰਨਾ)		-ਓਂ	ਪੁਲਿੰਗ ਨਾਂਵ	गृहात्
ਕੋਸੀ	ਕੋ-(ਕੁ)	-ਸ-(ਉਸ਼ਣ=ਗਰਮ ਹੋਣਾ)	-ੀ(ਬਿਹਾਰੀ)		ਇ ਲਿੰਗ ਨਾਂਵ	कवोष्ण
ਪਾਣੀ		ਪਾ-(ਪਿਬ=ਪੀਣਾ)	-ਣੀ(←ਨੀਯ)		ਪੁਲਿੰਗ ਨਾਂਵ	पानीय
ਕਲਹਿਣੀ	ਕ-(←ਕੁ)	-ਲਹਿਣ-(ਲੱਛਣ←ਲਕਸ਼ਣ)	-ੀ(ਬਿਹਾਰੀ)		ਇ ਲਿੰਗ ਨਾਂਵ	कुलक्षणी
ਪਿਤਾ		ਪਿ-(←ਪਾ=ਪਾਲਣਾ)	-ਤਾ(←ਤ੍ਰਿ)		ਪੁਲਿੰਗ ਨਾਂਵ	पिता (पितृ)
ਖਾਣਗੀਆਂ		ਖਾ-(ਖਾਦ=ਖਾਣਾ)	-ਣ-(ਬਹੁ-ਵਚਨ) -ਗ-(ਭਵਿਖਵਾਚੀ)	-ਈਆ	ਕ੍ਰਿਆਵੀ ਰੂਪ	

ਇਨ੍ਹਾਂ ਸ਼ਬਦਾਂ ਦੇ ਤੁਲਨਾਤਮਕ ਨਿਰੀਖਣ ਤੋਂ ਪੰਜਾਬੀ ਤੇ ਸੰਸਕ੍ਰਿਤ ਦੇ ਜਣਨਿਕ ਸੰਬੰਧਾਂ ਦੇ ਪ੍ਰਮਾਣ ਉਪਲਬਧ ਹੁੰਦੇ ਹਨ, ਪਰੰਤੂ ਸੰਸਕ੍ਰਿਤ ਅਤੇ ਪੰਜਾਬੀ ਦੇ ਦਰਮਿਆਨ ਜਿਹੜਾ ਸੁਦੀਰਘ ਕਾਲ-ਖੰਡ ਵਾਪਰਿਆ ਹੈ ਅਤੇ ਇਸ ਕਾਲ-ਖੰਡ ਦੇ ਦੌਰਾਨ ਮੱਧਕਾਲੀਨ ਆਰੀਆ ਭਾਸ਼ਾਵਾਂ ਦੇ ਵਿਕਾਸ-ਸ਼ੀਲ ਪਰਿਵਰਤਨਾਂ ਦੇ ਪ੍ਰਭਾਵ ਹੇਠ ਪੰਜਾਬੀ ਭਾਸ਼ਾ ਵਿਚ

ਜੋ ਵਿਕਾਰ ਤੇ ਰੂਪਾਂਤਰਨ ਵਾਪਰੇ ਹਨ ਉਨ੍ਹਾਂ ਨੂੰ ਧਿਆਨ ਵਿਚ ਰਖ ਕੇ ਪੰਜਾਬੀ (ਆਧੁਨਿਕ ਭਾਸ਼ਾ) ਅਤੇ ਵੈਦਿਕ/ਸੰਸਕ੍ਰਿਤ (ਪ੍ਰਾਚੀਨਤਰ ਭਾਸ਼ਾ) ਦੇ ਜੈਨੇਟਿਕ ਸੰਬੰਧ ਸਥਾਪਿਤ ਹੁੰਦੇ ਹਨ । ਇਸ ਤੱਥ ਦੀ ਰੋਸ਼ਨੀ ਵਿਚ ਹੀ ਪੰਜਾਬੀ ਸ਼ਬਦਾਂ ਦੀ ਆਂਤਰਿਕ ਸੰਰਚਨਾ ਦਾ ਅਧਿਐਨ ਕਰਨਾ ਉਚਿਤ ਹੈ ।

ਸੰਸਕ੍ਰਿਤ ਤੇ ਪੰਜਾਬੀ ਸ਼ਬਦ-ਰਚਨਾ : ਸਾਂਝਾ ਪੈਟਰਨ

ਰੂਪ-ਵਿਗਿਆਨ ਦੇ ਸ਼ਬਦ-ਰਚਨਾਤਮਕ ਪੱਖ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ : ਇਕ ਹੈ ਵਿਉਤਪੱਤੀ (derivation), ਅਤੇ ਦੂਜਾ ਹੈ ਵਿਭਕਤੀਕਰਣ (inflection). ਵਿਉਤਪੱਤੀ-ਮੂਲਕ ਸ਼ਬਦ-ਰਚਨਾ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਦੁਆਰਾ ਕਿਸੇ ਧਾਤੂ/ਮੂਲਾਸ਼ ਦੇ ਮੂਲਾਧਾਰ ਤੋਂ ਕਿਸੇ ਵਧੇਤਰ ਦੇ ਸੰਯੋਗ ਨਾਲ ਕਿਸੇ ਨਵੇਂ ਸ਼ਬਦ ਦੀ ਰਚਨਾ ਕੀਤੀ ਜਾਂਦੀ ਹੈ । ਨਵੀਂ ਸ਼ਬਦ-ਰਚਨਾ ਆਮ ਤੌਰ ਤੇ ਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ ਆਦਿ "ਮੁਕਤ" ਸ਼੍ਰੇਣੀਆਂ ਦੀ ਸੰਭਵ ਹੁੰਦੀ ਹੈ ਜਿਨ੍ਹਾਂ ਨੂੰ lexical items (ਕੋਸ਼ਾਤਮਕ ਮਦਾਂ) ਕਿਹਾ ਜਾਂਦਾ ਹੈ, ਕਿਉਂਕਿ ਇਨ੍ਹਾਂ ਸ਼ਬਦ-ਸ਼੍ਰੇਣੀਆਂ ਨਾਲ ਹੀ ਨਿਤਾਪ੍ਰਤੀ ਨਵੇਂ ਮੈਂਬਰ ਜੁੜਦੇ ਰਹਿੰਦੇ ਹਨ । ਧਾਤੂ/ਮੂਲਾਸ਼ ਨਾਲ ਜਿਹੜੇ ਵਧੇਤਰ ਜੁੜਦੇ ਹਨ ਉਨ੍ਹਾਂ ਨੂੰ ਵਿਉਤਪੱਤੀ-ਮੂਲਕ ਵਧੇਤਰ (derivational affixes) ਕਿਹਾ ਜਾਂਦਾ ਹੈ । ਵਿਭਿੰਨ ਵਿਉਤਪੱਤੀ-ਮੂਲਕ ਅਗੇਤਰਾਂ/ਪਿਛੇਤਰਾਂ/ਮਧੇਤਰਾਂ ਦੇ ਸੰਜੋਗ ਨਾਲ ਹੀ ਸੰਸਕ੍ਰਿਤ ਦੀ ਤਰ੍ਹਾਂ ਪੰਜਾਬੀ ਸ਼ਬਦ ਵਿਉਤਪੰਨ ਹੁੰਦੇ ਹਨ ।

ਸੰਸਕ੍ਰਿਤ ਵਿਚ ਅਗੇਤਰਾਂ ਦਾ ਵਿਵਰਣ ਨਿਸ਼ਚਿਤ ਹੈ ਅਤੇ ਪੰਜਾਬੀ ਵਿਚ ਵੀ ਇਹ ਸਾਰੇ ਸੰਸਕ੍ਰਿਤ ਦੇ ਵਿਉਤਪੱਤੀ-ਮੂਲਕ ਅਗੇਤਰ ਤਤਸਮ ਜਾਂ ਵਿਕ੍ਰਿਤ ਰੂਪ ਵਿਚ ਉਪਲਬਧ ਹੁੰਦੇ ਹਨ ਜਿਹੜੇ ਪੰਜਾਬੀ ਅਤੇ ਸੰਸਕ੍ਰਿਤ ਦੇ ਜਣਨਿਕ ਸੰਬੰਧਾਂ ਦੇ ਜਿਉਂਦੇ-ਜਾਗਦੇ ਪ੍ਰਮਾਣ ਹਨ । ਇਸ ਸੰਦਰਭ ਵਿਚ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਏਥੇ ਕੇਵਲ ਬੁਨਿਆਦੀ ਪੰਜਾਬੀ ਅਗੇਤਰਾਂ ਦੀ ਹੀ ਚਰਚਾ ਕੀਤੀ ਜਾਣੀ ਹੈ ਅਤੇ ਰਿਣ-ਆਗਤ ਅਗੇਤਰਾਂ ਬਾਰੇ ਵਿਚਾਰ ਨਹੀਂ ਕੀਤਾ ਜਾਵੇਗਾ ਕਿਉਂਕਿ ਰਿਣ-ਆਗਤ ਅਗੇਤਰਾਂ ਤੋਂ ਪੰਜਾਬੀ ਭਾਸ਼ਾ ਦਾ ਜੱਦੀ ਸ਼ਬਦ-ਰਚਨਾਤਮਕ ਪੈਟਰਨ ਉਪਲਬਧ ਨਹੀਂ ਹੋ ਸਕਦਾ । ਹੁਣ ਪੰਜਾਬੀ ਅਗੇਤਰ-ਮਾਰਫੀਮਾਂ ਦਾ ਵੇਰਵਾ ਪੇਸ਼ ਹੈ :

ਪੰਜਾਬੀ ਅਤੇ ਸੰਸਕ੍ਰਿਤ ਅਗੇਤਰਾਂ ਦੀ ਤੁਲਨਾ-ਸਾਰਣੀ

ਪੰਜਾਬੀ ਅਗੇਤਰ	*ਸੰਸਕ੍ਰਿਤ ਅਗੇਤਰ*	*ਦ੍ਰਿਸ਼ਟਾਂਤੀਕਰਣ*	*ਸੰਸਕ੍ਰਿਤ ਮੂਲ ਸ਼ਬਦ*
ਅਭਿ/ਅਭ -	अभि-	ਅਭਿਮਾਨ, ਅਭਿਲਾਖਾ, ਅਭਿਆਗਤ	अभिमान, अभिलाषा, अभ्यागत
ਅਤ/ਅਤਿ -	अति-	ਅਤਕਥਨੀ/ਅਤਿਕਥਨੀ,	अतिकथन अतिशयोक्ति
ਅਤਿ -	अति-	ਅਤਿਆਹਾਰ	अत्याचार
ਅਧਿ -	अधि-	ਅਧਿਆਪਕ,ਅਧਿਆਤਮ	अध्यापक, अध्यात्म
ਅਨ/ਅਨੁ -	अनु-	ਅਨਸਾਰ/ਅਨੁਸਾਰ, ਅਨੁਮਾਨ	अनुसार, अपमान
ਅਪ -	अप-	ਅਪਜਸ, ਅਪਮਾਨ	अपयश, अनुमान
ਔ ← ਅਵ	अव-	ਔਗੁਣ, ਅਉਤਾਰ/ਔਤਾਰ	अवगुण, अवतार
ਆ -	आ-	ਆਉਣਾ, ਆਖਣ	आगमन, आख्यान

ਪੰਜਾਬੀ ਅਗੇਤਰ	ਸੰਸਕ੍ਰਿਤ ਅਗੇਤਰ	ਦ੍ਰਿਸ਼ਟਾਂਤੀਕਰਣ	ਸੰਸਕ੍ਰਿਤ ਮੂਲ ਸ਼ਬਦ
ਉ -	उत्-	ਉੱਸਰਨਾ, ਉਘਾੜਨਾ	उत्सारणं, उद्घाटनं
ਉਤ-	उत्-	ਉਤਰਨਾ	उत्तरणम्
ਉਪ -	उप्-	ਉਪੱਦਰ	उपद्रव
ਉਕ -	उत्-	ਉੱਖੜਨਾ (ਉਕਖੜਨਾ)	उत्खननं
ਉਲ -	उत्-	ਉਲੀਕਣਾ	उल्लेखनं
ਦੁਰ -	दुर्-	ਦੁਰਗਤ, ਦੁਰਦਸ਼ਾ	दुर्गति, दुर्दशा
ਨ -	नि-	ਨਖਿੱਧ/ਨਿਖਿੱਧ	निषिद्ध
ਨ -	निस्-	ਨਚੋੜਨਾ, ਨਸੰਗ, ਨਪੁੱਤਾ	निश्चोतन, निःशंक, निष्पुत्र
ਨਿ	निर्-	ਨਿਰਾਦਰੀ/ਨਿਆਦਰੀ	निरादर
ਨਿਰ -	निर्-	ਨਿਰਾਕਾਰ/ਨਿਰੰਕਾਰ, ਨਿਰਦਈ	निराकार, निर्दय
ਨਿਹ -	निस्-	ਨਿਹਪਾਪ, ਨਿਹਚਲ, ਨਿਹਕਲੰਕ, ਨਿਹਚਾ	निष्पाप, निश्चल, निष्कलक, निश्चय
ਨਿਰ -	निर्-	ਨਿਰਮਲ, ਨਿਰਵੈਰ	निर्मल, निर्वैर
ਪੜ -	प्र-	ਪੜੋਤਾ	प्रपौत्र
ਪੜ -	प्रति-	ਪੜਛਾਵਾਂ	
ਪਿਰਤ -	प्रति-	ਪਿਰਤਪਾਲਕ	प्रतिपालिक
ਵਿ -	वि-	ਵਿਅਰਥ, ਵਿਸਰਨਾ, ਵਿਗਾੜਨਾ	व्यर्थ, विस्मरण, विकृत
ਬੇ -	वि-	ਬੇਨਤੀ, ਬੇਮੁੱਖ,	विनति, विमुख
ਸੰ -	सम्-	ਸੰਪੂਰਨ, ਸਤਾਉਣਾ	सम्पूर्ण, सन्तापनं
ਸਨ -	सम्-	ਸਨਮੁੱਖ, ਸਨਮਾਨ	सम्मुख, सम्मान
ਸ -	स-	ਸਚਿਤਰ, ਸਲੂਣਾ, ਸਫਲ	सचित्र, सलवण, सफल
ਸੁ -	सु-	ਸੁਵੇਲਾ	सुवेला (वेला=समय)
ਕ/ਕੁ-	कु-	ਕਵੇਲਾ/ਕੁਵੇਲਾ, ਕੁਚੱਜ, ਕੁਲੱਛਣੀ	कुवेला, कुचर्या, कुलक्षणी
ਅ -	अ-	ਅਲੂਆਂ ਅਛੂਤ, 'ਅਸੰਖ,	अलोणा, अलवण, अस्पृश्य, असंख्य
ਅਨ/ਅਣ -	अन्-	ਅਣਪੜ੍ਹ, ਅਣਸੀਤਾ, ਅਣਗਿਣਤ, ਅਣਡਿੱਠ, ਅਣਜਾਣ, ਅਨੇਕ	अपठित, अस्यूत, अगणित, अदृष्ट, अज्ञान, अनेक
ਪਰ/ਪਰਿ -	परि-	ਪਰਕਰਮਾ, ਪ੍ਰਸਥਿਤੀ,	परिक्रमा, परिस्थिति

ਪੰਜਾਬੀ ਦੇ ਵਿਉਤਪੱਤੀ-ਮੂਲਕ ਪਿਛੇਤਰ

ਪੰਜਾਬੀ ਵਿਚ ਸੰਸਕ੍ਰਿਤ ਪਿਛੇਤਰ-ਸਮੂਹ ਦੀ ਤਰ੍ਹਾਂ ਵਿਉਤਪੱਤੀ-ਮੂਲਕ ਪਿਛੇਤਰ

(derivational suffixes) ਉਪਲਬਧ ਹੁੰਦੇ ਹਨ । ਪੰਜਾਬੀ ਪਿਛੇਤਰਾਂ ਨਾਲ ਸੰਸਕ੍ਰਿਤ ਪਿਛੇਤਰਾਂ ਦੀ ਤੁਲਨਾ ਤੇ ਟਾਕਰਾ ਪੇਸ਼ ਕਰਨ ਲਈ ਜ਼ਰੂਰੀ ਹੈ ਕਿ ਸੰਸਕ੍ਰਿਤ ਸ੍ਰੋਤ ਦੇ ਪਿਛੇਤਰਾਂ ਬਾਰੇ ਚਰਚਾ ਕਰ ਲਈ ਜਾਵੇ । ਸੰਸਕ੍ਰਿਤ ਪਿਛੇਤਰ ਧਾਤੂਆਂ/ਮੂਲਾਂਸ਼ਾਂ ਨਾਲ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਨ ਵਿਚ ਸਮਰਥ ਹੁੰਦੇ ਹਨ । ਸੰਸਕ੍ਰਿਤ ਪਿਛੇਤਰਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ : (1) *ਕ੍ਰਿਦੰਤ ਪਿਛੇਤਰ* (primary suffixes) (2) *ਤੱਧਿਤ ਪਿਛੇਤਰ* (secondary suffixes). ਕ੍ਰਿਦੰਤ ਪਿਛੇਤਰ ਧਾਤੂਆਂ/ਕ੍ਰਿਆਵਾਂ ਨਾਲ ਸਿੱਧੇ ਜੁੜ ਕੇ ਸ਼ਬਦ-ਰਚਨਾ ਕਰਦੇ ਹਨ ਜਿੱਥੇ ਕਿ ਤੱਧਿਤ ਪਿਛੇਤਰ, ਕ੍ਰਿਦੰਤ ਪਿਛੇਤਰਾਂ ਦੇ ਕਾਰਜ ਤੋਂ ਬਾਅਦ ਸ਼ਬਦਾਂ ਨਾਲ ਸੰਜੁਗਤ ਹੋ ਕੇ ਨਵੇਂ ਸ਼ਬਦ ਸਿਰਜਿਤ ਕਰਦੇ ਹਨ । ਕ੍ਰਿਦੰਤੀ ਪਿਛੇਤਰਾਂ ਦੇ ਸੰਜੋਗ ਨਾਲ ਧਾਤੂਆਂ ਜਾਂ ਕ੍ਰਿਆਵਾਂ ਤੋਂ ਨਾਂਵ, *ਵਿਸ਼ੇਸ਼ਣ*, ਜਾਂ ਨਿਪਾਤ ਆਦਿ ਸ਼ਬਦਾਂ ਦੀ ਉਸਾਰੀ ਹੁੰਦੀ ਹੈ ਪਰੰਤੂ ਤੱਧਿਤ ਪਿਛੇਤਰਾਂ ਦੇ ਸੰਜੋਗ ਨਾਲ ਨਾਂਵਾਂ ਤੋਂ ਨਾਂਵਾਂ ਦੀ ਉਸਾਰੀ ਹੁੰਦੀ ਹੈ । ਪਹਿਲਾਂ ਸੰਸਕ੍ਰਿਤ ਕ੍ਰਿਦੰਤ ਪਿਛੇਤਰਾਂ ਨਾਲ ਤੁਲਨਾ ਦੇ ਮੰਤਵ ਲਈ ਪੰਜਾਬੀ ਪਿਛੇਤਰਾਂ ਦਾ ਬਣਤਰੀ ਵਿਸ਼ਲੇਸ਼ਣ ਪੇਸ਼ ਕਰਦੇ ਹਾਂ, ਅਤੇ ਫਿਰ ਅਗਲੇ ਹਿੱਸੇ ਵਿਚ ਤੱਧਿਤ ਪਿਛੇਤਰਾਂ ਦੀ ਚਰਚਾ ਕਰਾਂਗੇ ।

ਪੰਜਾਬੀ ਤੇ ਸੰਸਕ੍ਰਿਤ ਪਿਛੇਤਰਾਂ ਦੀ ਤਾਲਿਕਾ (ਕ੍ਰਿਦੰਤ)

ਪੰਜਾਬੀ ਪਿਛੇਤਰ	*ਸੰਸਕ੍ਰਿਤ ਰੂਪ*	*ਉਦਾਹਰਣ*	*ਮੂਲ ਸੰਸਕ੍ਰਿਤ ਰੂਪ*
- ਤ	-त (=क्त)	ਕੀਤਾ, ਸੀਤਾ, ਸੁੱਤਾ, ਦਿੱਤਾ, ਨ੍ਹਾਤਾ, ਪੀਤਾ, ਧੋਤਾ, ਸਿੰਞਾਤਾ, ਪਹੁਤਾ, ਪਛਾਤਾ, ਤੱਤਾ	कृतः, स्यूतः, सुप्तः, दत्तः स्नातः, पीतः धौतः, सज्ञातः तप्तः
- ਇਆ	-त (=क्त)	ਉਠਿਆ, ਖਰੀਦਿਆ, ਚੋਂਜਿਆ, ਘੜਿਆ, ਚੁੰਮਿਆ, ਚੂਸਿਆ, ਮੁਕਿਆ (= ਮੁੱਕੇ), ਤੱਕਿਆ ਫੁਟਿਆ, ਲਿਪਿਆ, ਲਿਖਿਆ	उत्थितः, क्रीतः, गर्जितः घटितः, चुम्बितः, चूषितः, मुक्तः, तर्कितः स्फटितः, लिप्तः, लिखितः
- ਠਾ	-त (=क्त)	ਡਿੱਠਾ, ਤੁੱਠਾ, ਵੁੱਠਾ, ਬੈਠਾ ਪੀਠਾ,	दृष्टः, तुष्टः, वृष्टः, उपविष्टः पिष्टः
- ਧਾ	-त (=क्त)	ਬੱਧਾ, ਲੱਧਾ, ਯੱਧਾ,	बद्धः, लब्धः, ग्रब्धः
- ਟ	-त (=क्त)	ਦ੍ਰਿਸ਼ਟ, ਭ੍ਰਿਸ਼ਟ,	दृष्टः, भ्रष्टः
- ਨ	-त (क्त)	ਭੱਨਿਆ	भग्नः
- ਇਤ	-इत	ਪਤਿਤ, ਪ੍ਰਚਲਿਤ	पतित, प्रचलित
- ਤਾ	-तृ	ਕਰਤਾ, ਪਿਤਾ, ਭਰਾਤਾ, ਮਾਤਾ	कर्ता (कर्तृ), पिता (पितृ) भ्राता (भ्रातृ), माता (मातृ)
- ਅਕ	-अक	ਦਰਸ਼ਕ, ਪਾਠਕ, ਵਾਚਕ, ਸੰਪਾਦਕ	दर्शक, पाठक, वाचक, संपादक
- ਏਰਾ	-तरप्	ਉਚੇਰਾ, ਘਨੇਰਾ, ਵਡੇਰਾ, ਬਥੇਰਾ,	उच्चतर, घनतर, बृहत्तर, बहुतर
- ਅਨ	-अन	ਭਜਨ, ਭੋਜਨ, ਦਰਸ਼ਨ	भजन, भोजन, दर्शन

ਪੰਜਾਬੀ ਪਿਛੇਤਰ	*ਸੰਸਕ੍ਰਿਤ ਰੂਪ*	*ਉਦਾਹਰਣ*	*ਮੂਲ ਸੰਸਕ੍ਰਿਤ ਰੂਪ*
- ਤਿ/ਤੀ	-ति	ਜੁਗਤੀ, ਭਗਤੀ, ਸ਼ਕਤੀ, ਮੁਕਤੀ,	युक्ति, भक्ति, शक्ति, मुक्ति
- ਆਲੂ	-आलु(आलुच्)	ਦਿਆਲੂ, ਕ੍ਰਿਪਾਲੂ, ਸ਼ੰਕਾਲੂ	दयालु, कृपालु, शंकालु
- ਊ		ਵਿਕਾਊ, ਅਗਾਂਹ-ਵਧੂ, ਪਿਛਾਂਹ-ਖਿੱਚੂ, ਵਰ੍ਹਾਊ	
- ਅਲ		ਗੋਡਲ, ਗਿੱਟਲ, ਢਿੱਡਲ, ਨੱਕਲ	

ਪੰਜਾਬੀ ਤੇ ਸੰਸਕ੍ਰਿਤ ਪਿਛੇਤਰਾਂ ਦੀ ਤਾਲਿਕਾ (ਤੱਧਿਤ)

ਪੰਜਾਬੀ ਪਿਛੇਤਰ	*ਪਰਿਵਰਤਨ*	*ਉਦਾਹਰਣ*	*ਸ਼ਬਦ-ਛੇਦ*	*ਸੰਸਕ੍ਰਿਤ ਵਿਗ੍ਰਹ*
- ਇਕ	ਨਾ → ਵਿ	ਮਾਸਿਕ	ਮਾਸ(= ਮਹੀਨਾ) + ਇਕ	मासेन दीयते=मासिकम्
- ਇਕ	ਨਾ → ਵਿ	ਧਾਰਮਿਕ	ਧਰਮ+ਇਕ	धर्मं चरति=धार्मिक
- ਇਨ	ਨਾ → ਨਾਂ	ਗਿਆਨੀ	ਗਿਆਨ+ਇਨ	ज्ञानं विद्यते यस्य स ज्ञानी
- ਇਮਨ	ਵਿ → ਨਾਂ	ਮਹਿਮਾ	ਮਹਾ+ਇਮ+ਆ	महिमा
- ਇਮਨ	ਵਿ → ਵਿ	ਉਦਰੇਵਾਂ/ ਉਦਰੇਮਾ ਅਕੇਵਾਂ/ਅਕੇਮਾ	ਓਦਰਨਾ+ਮਾਂ/ਵਾਂ ←ਇਮਨ, ਅੱਕਣਾ	
- ਤਾ	ਨਾ → ਨਾਂ	ਮਨੁੱਖਤਾ	ਮਨੁੱਖ + ਤਾ	मनुष्यता
- ਮ	ਨਾ → ਵਿ	ਆਦਿਮ, ਅੰਤਿਮ	ਆਦਿ + ਮ ਅੰਤ + ਮ	आदिम, अन्तिम
- ਮਈ	ਨਾਵ → ਵਿ	ਸ਼ਾਂਤਮਈ(←ਮ)	ਸ਼ਾਤ-ਮਯ-ਈ	शान्तिमय
- ਅ	ਨਾਂ → ਨਾਂ	ਪੋਤਰਾ, ਦੋਹਤਰਾ	ਪੁਤਰ + ਆ ਦੁਹਿਤਾ + ਆ	पौत्र दौहित्र

ਪੰਜਾਬੀ ਤੇ ਵੈਦਿਕ ਸੰਸਕ੍ਰਿਤ ਦੀ ਪਿਛੇਤਰਾਤਮਕ ਸਾਂਝ : ਤੱਧਿਤ ਪਿਛੇਤਰ "ਤ੍ਵਨ"

ਵੇਦਾਂ ਵਿਚ ਭਾਵ ਅਰਥ ਨੂੰ ਪ੍ਰਗਟ ਕਰਨ ਲਈ ਨਾਂਵਾਂ ਤੇ ਵਿਸ਼ੇਸ਼ਣਾਂ ਦੇ ਅੰਤ ਤੇ "ਤ੍ਵਨ" ਅੰਤਕ-ਪਿਛੇਤਰ ਵਰਤਿਆ ਜਾਂਦਾ ਹੈ। ਜਿਵੇਂ ਵੈਦਿਕ ਸਾਹਿੱਤ ਵਿਚ ਮਿਸਾਲਾਂ ਹਨ ਕਵਿਤ੍ਵਨ (ਕਵੀਪੁਣਾ), ਪਤਿਤ੍ਵਨ (ਪਤੀਪੁਣਾ), ਮਹਿਤ੍ਵਨ (ਵਡੱਪਣ) ਆਦਿ। ਠੀਕ ਇਸੇ ਤਰ੍ਹਾਂ ਪੰਜਾਬੀ ਵਿਚ ਵੀ ਭਾਵ-ਬੋਧਕ ਪਿਛੇਤਰ/-ਤਣ (< ਤ੍ਵਨ) ਉਪਲਬਧ ਹੁੰਦਾ ਹੈ ਜਿਵੇਂ ਪੰਜਾਬੀ ਮਿਸਾਲਾਂ ਹਨ ਚੋਰੱਤਣ, ਬਾਲਤੱਣ/ਬਾਲਪਣ, ਕੁੜੱਤਣ, ਨੀਲੱਤਣ, ਪੀਲੱਤਣ, ਕਲੱਤਣ"

ਇਹ ਇਕ ਦਿਲਚਸਪ ਤੱਥ ਹੈ ਕਿ "ਤ੍ਵਨ" ਪਿਛੇਤਰ ਪੰਜਾਬੀ ਤੋਂ ਸਿਵਾਇ ਨਾ

ਤਾਂ ਕਲੈਸੀਕਲ ਸੰਸਕ੍ਰਿਤ ਵਿਚ ਅਤੇ ਨਾ ਹੀ ਕਿਸੇ ਹੋਰ ਆਧੁਨਿਕ ਭਾਰਤੀ-ਆਰੀਆ ਭਾਸਾਵਾਂ ਵਿਚ ਸੁਰਜੀਤ ਰਿਹਾ ਹੈ। ਇਸ ਵੈਦਿਕ ਵਿਰਾਸਤ ਨੂੰ ਪੰਜਾਬੀ ਨੇ ਸੰਭਾਲ ਕੇ ਰਖਿਆ ਹੈ।

ਸਮਾਸੀਕਰਣ (compounding)

ਸ਼ਬਦ-ਰਚਨਾ ਕਰਨ ਲਈ ਇਕ ਹੋਰ ਜੁਗਤ *"ਸਮਾਸੀਕਰਣ"* ਹੈ। ਦੋ-ਤਿੰਨ ਸਬਦਾਂ ਦਾ ਸੰਯੋਜਨ ਜਾਂ ਮੇਲ ਕਰਕੇ ਨਵੀਨ ਸਬਦਾ ਦੀ ਰਚਨਾ ਕੀਤੀ ਜਾ ਸਕਦੀ ਹੈ। ਸਮਾਸ-ਪ੍ਰਕ੍ਰਿਆ ਹਰ ਭਾਸ਼ਾ ਵਿਚ ਕਾਰਜਸ਼ੀਲ ਹੁੰਦੀ ਹੈ। ਪੰਜਾਬੀ ਵਿਚ ਵੀ ਸਮਾਸੀਕਰਣ ਦੀ ਵਿਧੀ ਉਪਲਬਧ ਹੈ, ਭਾਵੇਂ ਇਹ ਸਮਾਸ ਛੋਟੇ ਆਕਾਰ ਦੇ ਹੀ ਅਕਸਰ ਹੁੰਦੇ ਹਨ। ਵੈਦਿਕ ਸੰਸਕ੍ਰਿਤ ਵਿਚ ਸਮਾਸ-ਵਿਧਾਨ ਪੰਜਾਬੀ ਦੀ ਤਰ੍ਹਾਂ ਛੋਟੇ ਅਲਪ-ਮਾਤਰਾ ਵਿਚ ਜਾਰੀ ਸੀ, ਲੇਕਿਨ ਕਲੈਸੀਕਲ ਸੰਸਕ੍ਰਿਤ ਵਿਚ ਸਮਾਸ ਬਹੁਤ ਲੰਮੇ ਤੇ ਦੀਰਘ ਹੋਣ ਲਗ ਪਏ ਸਨ, ਅਤੇ ਕਈ ਵਾਰ 10-10 ਸਬਦਾਂ ਦਾ ਸਮਾਸ ਵੀ ਘੜਿਆ ਜਾਂਦਾ ਸੀ। ਸੰਸਕ੍ਰਿਤ ਕਥਾਕਾਰ "ਬਾਣ ਭੱਟ" ਦੀ ਕਥਾ-ਕ੍ਰਿਤੀ "ਕਾਦੰਬਰੀ" ਲੰਮੇ ਲੰਮੇ ਸਮਾਸਾਂ ਕਰਕੇ ਮਸ਼ਹੂਰ ਹੈ। ਆਮ ਤੌਰ ਤੇ ਵਿਭਿੰਨ ਸ਼ਬਦਾਂ ਦੇ ਸਮਾਸ ਕੋਸ਼ਾਤਮਕ ਮਦਾਂ (ਸ਼ਬਦਾ) ਦੇ ਹੀ ਸੰਪੰਨ ਹੁੰਦੇ ਹਨ, ਪਰ ਕ੍ਰਿਆ-ਰੂਪਾ ਵਿਚ ਸਮਾਸਾਂ ਦੀ ਅਣਹੋਂਦ ਹੁੰਦੀ ਹੈ। ਪੰਜਾਬੀ ਦੇ ਇਤਿਹਾਸਿਕ ਵਿਕਾਸ ਦੀ ਵਰਤੋਂ-ਵਿਉਂਤ ਅਕਸਰ ਮੌਖਿਕ ਪੱਧਰ ਤੇ ਹੀ ਵਿਚਰਦੀ ਰਹੀ ਹੈ, ਇਸ ਲਈ ਮੌਖਿਕ ਭਾਸ਼ਾ ਵਿਚ ਛੋਟੇ ਛੋਟੇ ਵਾਕ ਤੇ ਛੋਟੇ ਸਮਾਸ ਹੀ ਸੰਭਵ ਹੁੰਦੇ ਹਨ। ਪਰ ਜੋ ਵੀ ਤੇ ਜਿੱਥੇ ਵੀ ਸਮਾਸੀਕਰਣ ਦੀ ਪ੍ਰਕ੍ਰਿਆ ਹੋਂਦਸ਼ੀਲ ਹੋਈ ਹੈ ਉਥੇ ਸੰਸਕ੍ਰਿਤ ਸਮਾਸ-ਪ੍ਰਕ੍ਰਿਆ ਪ੍ਰਤਿਬਿੰਬਤ ਹੁੰਦੀ ਹੈ। ਪੰਜਾਬੀ ਸਮਾਸਾਂ ਦੇ ਕੁਝ ਨਮੂਨੇ ਪੇਸ਼ ਹਨ :

ਪੰਜਾਬੀ ਸਮਾਸ		*ਸੰਸਕ੍ਰਿਤ ਸਮਾਸ*
ਡੰਡੋ-ਡੰਡੀ	=	दण्डादण्डि
ਕੇਸਾ-ਕੇਸੀ	=	केशाकेशि
ਹੱਥੋਂ-ਹੱਥੀ	=	हस्ताहस्ति

ਡਾ. ਪਾਰਾਸ਼ਰ ਨੇ ਲਿਖਿਆ ਹੈ ਕਿ ਸੰਸਕ੍ਰਿਤ ਦੇ ਬਹੁ-ਵ੍ਰੀਹਿ ਸਮਾਸ-ਰਚਨਾ ਦੀ ਤਰ੍ਹਾਂ ਪੰਜਾਬੀ ਦੇ ਕੇਸਾਕੇਸੀ, ਡਾਂਗੋਡਾਂਗੀ, ਮੁੱਕੋਮੁੱਕੀ, ਹੂਰੋਹੂਰੀ, ਗੁੱਤਮਗੁੱਤੀ, ਗਾਲਮਗਾਲੀ, ਗਾਲੋਗਾਲੀ, ਮਿਹਣੋਮਿਹਣੀ, ਧੱਕੋਧੱਕੀ, ਧੱਕਮਧੱਕੀ, ਜੁੱਤਮਜੁੱਤੀ, ਛਿਤਰੋਛਿਤਰੀ, ਮੂੰਹੋਂਮੂੰਹੀਂ ਆਦਿ ਸਮਾਸ-ਯੁਕਤ (ਸਮਸਤ) ਰੂਪ ਬਣੇ ਹਨ ਜੋ ਇਨ੍ਹਾਂ ਦੋਹਾਂ ਭਾਸ਼ਾਵਾਂ ਦੀ ਅਭਿੰਨਤਾ ਦੇ ਪ੍ਰਤੱਖ ਪ੍ਰਤੀਕ ਹਨ (ਸੰਸਕ੍ਰਿਤ ਤਥਾ ਪੰਜਾਬੀ ਕੇ ਸੰਬੰਧ, [1990 : 160]।

ਪੰਜਾਬੀ ਦੇ ਹੋਰ ਸਮਾਸਾਂ ਵਿਚ/ਧਰਮਸ਼ਾਲਾ, ਹਰਿਮੰਦਰ, ਰਾਜਘਰਾਣਾ, ਬਨਬਾਸ, ਰਾਜਮਾਤਾ/ਆਦਿ ਵੇਖੇ ਜਾ ਸਕਦੇ ਹਨ। ਇਹ ਸੰਸਕ੍ਰਿਤ ਦੀ ਤਤਪੁਰੁਸ਼-ਪੱਧਤੀ ਤੇ ਸਿਰਜਤ ਹੋਏ ਹਨ। ਆਦਿ-ਗ੍ਰੰਥ ਦੀ ਬਾਣੀ ਵਿਚ ਕਾਫੀ ਲੰਮੇ ਸਮਾਸ ਮਿਲਦੇ ਹਨ, ਯਥਾ : "ਹਰਿਚਰਨ ਕਮਲਮਕਰੰਦ ਲੋਭਿਤਮਨੋ" ਅਰਥਾਤ ਹਰੀ ਦੇ ਚਰਨਾ ਰੂਪੀ ਕਮਲ ਫੁੱਲਾਂ ਦੇ ਮਕਰੰਦ-ਰਸ ਦਾ ਲੋਭੀ ਮਨ। ਇਥੇ ਚਾਰ-ਪੰਜ ਸ਼ਬਦਾਂ ਦਾ ਇਕੋ ਸਮਾਸ ਹੈ। ਪਰ ਆਮ ਤੌਰ ਤੇ ਪੰਜਾਬੀ ਦੀ ਭਾਸ਼ਕ ਪ੍ਰਤਿਭਾ ਵਿਚ ਸਮਾਸ ਦੋ-ਮੈਂਬਰੀ (binary) ਹੀ ਪ੍ਰਚਲਿਤ ਹਨ।

ਪੰਜਾਬੀ ਤੇ ਸੰਸਕ੍ਰਿਤ ਦੇ ਵਿਭਕਤੀਕਰਣ ਦਾ ਤੁਲਨਾਤਮਕ ਅਧਿਐਨ

ਪਿੱਛੇ ਅਸੀਂ ਰੂਪ-ਵਿਗਿਆਨ ਦੇ ਸੰਦਰਭ ਵਿਚ *ਵਿਉਤਪੱਤੀ* ਤੇ *ਵਿਭਕਤੀਕਰਣ* ਦਾ ਕਥਨ ਕੀਤਾ ਹੈ। ਵਿਉਤਪੱਤੀ ਅਤੇ ਵਿਉਤਪੱਤੀ-ਮੂਲਕ ਵਧੇਤਰਾਂ ਦੇ ਸਹਿਯੋਗ ਨਾਲ ਜਿਹੜੀ ਸ਼ਬਦ-ਰਚਨਾ ਦੀ ਉਪਲਬਧੀ ਹੁੰਦੀ ਹੈ ਉਸ ਦਾ ਨਿਰੂਪਣ ਪਿਛਲੇ ਪੰਨਿਆਂ ਤੇ ਚਿਤਰਿਤ ਕੀਤਾ ਗਿਆ ਹੈ। ਏਥੇ ਹੁਣ ਵਿਭਕਤੀ ਤੇ ਵਿਭਕਤੀਕਰਣ ਦਾ ਰੂਪ-ਵਿਗਿਆਨਿਕ ਵਿਵਰਣ ਪੇਸ਼ ਕੀਤਾ ਜਾਂਦਾ ਹੈ।

ਵਿਭਕਤੀ ਦੀ ਪ੍ਰਕ੍ਰਿਆ ਅਰਥਾਤ ਵਿਭਕਤੀਕਰਣ ਨਵੇਂ ਸ਼ਬਦਾਂ ਦੀ ਰਚਨਾ ਨਹੀਂ ਕਰਦੀ, ਜਿਵੇਂ ਕਿ ਵਿਉਤਪੱਤੀ ਦੀ ਪ੍ਰਕਿਰਿਆ ਕਰਦੀ ਹੈ ਬਲਕਿ ਵਿਭਕਤੀ-ਪ੍ਰਕਿਰਿਆ ਇਕੋ ਸ਼ਬਦ-ਸ਼ਰੇਣੀ ਦੇ ਸ਼ਬਦ-ਰੂਪਾਂ ਨੂੰ ਰੂਪਾਂਤਰਤ ਕਰ ਕੇ ਉਨ੍ਹਾਂ ਦੀ ਰੂਪਾਵਲੀ ਤਿਆਰ ਕਰਦੀ ਹੈ, ਅਤੇ ਉਨ੍ਹਾਂ ਸ਼ਰੇਣੀਆਂ ਦੀਆਂ ਅਗੋਂ ਵਿਆਕਰਣਿਕ ਉਪ-ਸ਼ਰੇਣੀਆਂ ਨੂੰ ਮਾਰਕ ਕਰਦਾ ਹੈ। ਜਿਸ ਵਿਭਕਤੀ-ਰੂਪ ਇਕਵਚਨ/ਬਹੁਵਚਨ, ਜਾਂ ਭੂਤਕਾਲ/ਗ਼ੈਰ-ਭੂਤਕਾਲ ਆਦਿ ਵਿਰੋਧਾਂ/ਟਾਕਰੇ ਨੂੰ ਮਾਰਕ ਕਰਦੇ ਹਨ। ਵਿਭਕਤੀ-ਰੂਪ ਸ਼ਬਦਾਂ ਦੇ ਪਿਛੇਤਰ (endings) ਹਨ ਜੋ ਸ਼ਬਦ-ਰੂਪਾਂ ਦੇ ਵਿਆਕਰਣਿਕ ਸੰਬੰਧਾਂ ਦਾ ਸੰਕੇਤ ਕਰਦੇ ਹਨ। ਇਉਂ ਵਿਭਕਤੀ-ਚਿੰਨ੍ਹ ਇਕ ਤਰ੍ਹਾਂ ਨਾਲ ਵਿਭਕਤੀ ਪਿਛੇਤਰ (inflecting affixes) ਹੀ ਹਨ।

ਸੰਸਕ੍ਰਿਤ ਮੁਕੰਮਲ ਤੌਰ ਤੇ ਵਿਭਕਤੀ-ਪ੍ਰਧਾਨ (inflecting) ਭਾਸ਼ਾ ਹੈ, ਪਰ ਪੰਜਾਬੀ ਵਿਭਕਤੀ-ਰਹਿਤ ਸੰਬੰਧਕੀ (postpositional) ਭਾਸ਼ਾ ਹੈ। *ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਵਿਚ ਸੰਸਕ੍ਰਿਤ ਵਾਲੀਆਂ ਵਿਭਕਤੀਆਂ ਅਤੇ ਵਿਭਕਤੀ-ਮੂਲਕ ਰੂਪਾਵਲੀ (paradigm) ਦੇ ਕਈ ਅਵਸ਼ੇਸ਼ ਚਿੰਨ੍ਹ ਅਜੇ ਵੀ ਬਕਾਇਆ ਉਪਲਬਧ ਹੁੰਦੇ ਹਨ।* ਸਿਧਾਂਤਕ ਤੌਰ ਤੇ ਵਿਭਕਤੀਕਰਣ ਦੇ ਦੋ ਵਿਭਾਗ ਹਨ :

(1) ਨਾਂਵੀਂ ਵਿਭਕਤੀਕਰਣ (Nominal inflection)

(2) ਕਿਰਿਆਵੀ ਵਿਭਕਤੀਕਰਣ (Verbal inflection)

ਸੰਸਕ੍ਰਿਤ ਵਿਚ ਨਾਂਵੀਂ ਸ਼ਬਦਾਂ (ਨਾਂਵ, ਵਿਸ਼ੇਸ਼ਣ, ਪੜਨਾਂਵ, ਕ੍ਰਿਆ ਵਿਸ਼ੇਸ਼ਣ) ਨਾਲ ਜਿਹੜੇ ਵਿਭਕਤੀ-ਚਿੰਨ੍ਹ ਸੰਜੁਗਤ ਕੀਤੇ ਜਾਂਦੇ ਹਨ ਉਹ *ਨਾਂਵੀਂ ਵਿਭਕਤੀਕਰਣ* ਹੈ ਅਤੇ ਕ੍ਰਿਆਵੀ ਮਦਾਂ/ਸ਼ਬਦਾਂ ਨਾਲ ਜਿਹੜੇ ਵਿਭਕਤੀ-ਚਿੰਨ੍ਹ ਜੋੜੇ ਜਾਂਦੇ ਹਨ ਉਹ *ਕ੍ਰਿਆਵੀ ਵਿਭਕਤੀਕਰਣ* ਹੈ। ਸੰਸਕ੍ਰਿਤ ਦੀ ਵਿਭਕਤੀ-ਮੁਖ ਪ੍ਰਕਿਰਿਆ ਦੇ ਮੁਕਾਬਲੇ ਤੇ ਪੰਜਾਬੀ ਵਿਚ ਸੰਬੰਧਕੀ ਪ੍ਰਕਿਰਿਆ ਹੀ ਪ੍ਰਮੁਖ ਹੈ ਪਰੰਤੂ ਫੇਰ ਵੀ ਪੰਜਾਬੀ ਵਿਚ ਜਿੱਥੇ ਕਿਤੇ ਵਿਭਕਤੀਆਂ ਦਾ ਅਵਸ਼ੇਸ਼ ਦ੍ਰਿਸ਼ਟੀਗੋਚਰ ਹੁੰਦਾ ਹੈ ਉਨ੍ਹਾਂ ਦੀ ਮੌਕੇ ਸਿਰ ਚਰਚਾ ਕੀਤੀ ਜਾਵੇਗੀ। ਇਸ ਪ੍ਰਾਰੰਭਕ ਜਾਣ ਪਛਾਣ ਤੋਂ ਬਾਅਦ ਹੁਣ ਨਾਂਵੀਂ-ਵਿਭਕਤੀਕਰਣ ਦਾ ਵਰਣਨ ਕਰਦੇ ਹਾਂ। ਪਹਿਲਾਂ ਕਾਰਕ ਵਿਭਕਤੀਆਂ (case*-inflections) ਦਾ ਵਰਣਨ ਪੇਸ਼ ਹੈ :

ਨਾਂਵੀਂ ਵਿਭਕਤੀਕਰਣ (nominal inflection)

ਕਾਰਕ : ਸੰਸਕ੍ਰਿਤ ਵਿਚ ਅੱਠ ਤਰ੍ਹਾਂ ਦੀਆਂ ਕਾਰਕ-ਵਿਭਕਤੀਆਂ ਹਨ ਜੋ ਵਿਰੋਧ/ਟਾਕਰਾ

* Case – a category that encodes information about the syntactic role (subject, direct object, and so on (of an NP (=Noun Phrase). : (*David Crystal*)

"These suffixes serve the purpose of Inflection, to express such non-lexical notions as the relationship between words to each other within a given sentence." Hans Hock, 1991 : 29

ਸਥਾਪਿਤ ਕਰਦੀਆਂ ਹਨ । ਵਾਕ ਵਿਚ ਸਬਦਾਂ ਦੇ ਆਪਸੀ ਸੰਬੰਧ ਪ੍ਰਗਟ ਕਰਨ ਲਈ ਵਿਭਿੰਨ ਵਿਭਕਤੀਆਂ ਜਾਂ ਵਿਭਕਤੀ-ਪਿਛੇਤਰ ਹੀ ਕਾਰਜ ਕਰਦੇ ਹਨ । ਸੰਸਕ੍ਰਿਤ ਵਿਚ ਜਿਹੜਾ ਕੰਮ ਵਿਭਕਤੀਆਂ ਕਰਦੀਆਂ ਹਨ ਉਹੋ ਕੰਮ ਪੰਜਾਬੀ ਵਿਚ ਵੱਖ ਵੱਖ ਸੰਬੰਧਕ ਕਰਦੇ ਹਨ । ਸੰਸਕ੍ਰਿਤ ਦੇ ਅੱਠ ਕਾਰਕਾਂ ਦੀਆਂ ਅਡੋ ਅੱਡ ਵਿਭਕਤੀਆ ਜਾਂ ਵਿਭਕਤੀ-ਪਿਛੇਤਰ ਹਨ ਜੋ ਵਾਕ-ਸਥਿਤ ਸਬਦਾਂ ਨਾਲ ਜੁੜੇ ਰਹਿੰਦੇ ਹਨ ਅਤੇ ਜੋ ਕਾਰਕੀ ਸੰਬੰਧਾਂ, ਵਚਨਾਂ, ਤੇ ਲਿੰਗ-ਵਿਧਾਨ ਦੇ ਸੂਚਕ ਹਨ, ਪਰ ਪੰਜਾਬੀ ਵਿਜੋਗਾਤਮਕ ਭਾਸ਼ਾ ਹੋਣ ਕਰ ਕੇ ਸਬਦਾਂ ਦੇ ਵਾਕਾਤਮਕ ਸੰਬੰਧਾਂ ਲਈ ਵੱਖਰੇ ਵੱਖਰੇ ਸੰਬੰਧਕਾਂ ਦੀ ਵਰਤੋਂ ਕਰਦੀ ਹੈ । (ਸੰਬੰਧਕ ਬੋਝਵੇਂ ਮਾਰਫੀਮ ਹੀ ਹੁੰਦੇ ਹਨ ਜਿਨ੍ਹਾਂ ਨੂੰ function words ਕਿਹਾ ਜਾਂਦਾ ਹੈ) । ਹੁਣ ਕਾਰਕ-ਵਿਭਕਤੀਆਂ ਦਾ ਦ੍ਰਿਸ਼ਟਾਂਤੀਕਰਣ ਪੇਸ਼ ਕਰਦੇ ਹਾਂ :

ਕਾਰਕ : ਰੇਖਾ-ਚਿੱਤਰ

ਸੰਸਕ੍ਰਿਤ ਕਾਰਕ-ਵਿਭਕਤੀ : ਇਕ ਵਚਨ		ਪੰਜਾਬੀ ਕਾਰਕ : ਸੰਬੰਧਕ : ਇਕ ਵਚਨ	
ਕਰਤਾ	ਰਾਮਃ	ਕਰਤਾ	ਰਾਮ- (ਨੇ)
ਕਰਮ	ਰਾਮੰ	ਕਰਮ	ਰਾਮ-ਨੂੰ
ਕਰਣ	ਰਾਮੇਣ	ਕਰਣ	ਰਾਮ ਨੇ/ਦੁਆਰਾ/ਰਾਹੀਂ
ਸੰਪ੍ਰਦਾਨ	ਰਾਮਾਯ	ਸੰਪ੍ਰਦਾਨ	ਰਾਮ-ਲਈ/ਵਾਸਤੇ
ਅਪਾਦਾਨ	ਰਾਮਾਤ੍	ਅਪਾਦਾਨ	ਰਾਮ-ਤੋਂ/ਥੀਂ
ਸੰਬੰਧ	ਰਾਮਸਯ	ਸੰਬੰਧ	ਰਾਮ-ਦਾ
ਅਧਿਕਰਣ	ਰਾਮੇ	ਅਧਿਕਰਣ	ਰਾਮ-ਵਿਚ/ਅੰਦਰ
ਸੰਬੋਧਨ	ਹੇ ਰਾਮ !	ਸੰਬੋਧਨ	ਹੇ ਰਾਮ ! ਓਏ ! ਐ ਰਾਮ !

ਕਾਰਕ-ਵਿਧਾਨ ਵਿਚ ਵਖਰੇਵਾਂ :

ਉਪਰੋਕਤ ਰੇਖਾ-ਚਿੱਤਰ ਤੋਂ ਮਾਲੂਮ ਹੁੰਦਾ ਹੈ ਕਿ ਸੰਸਕ੍ਰਿਤ ਵਾਕ-ਵਿਉਂਤ ਵਿਚ ਸ਼ਬਦਾਂ ਦੇ ਵਾਕਾਤਮਕ ਸੰਬੰਧਾਂ ਬਾਰੇ ਸੂਚਨਾ ਕੇਵਲ ਵਿਭਕਤੀ-ਚਿੰਨ੍ਹਾਂ ਦੁਆਰਾ ਪ੍ਰਗਟ ਹੁੰਦੀ ਹੈ । ਕਾਰਕ-ਵਿਭਕਤੀਆਂ ਕਾਰਕੀ ਕੋਡ ਹਨ ਜੋ ਸੰਬੰਧਾਤਮਕ ਸੂਚਨਾ ਨੂੰ ਕੋਰ-ਬੱਧ ਕਰਦੇ ਹਨ । ਲੇਕਿਨ ਦੂਜੇ ਪਾਸੇ ਪੰਜਾਬੀ ਵਿਚ ਸ਼ਬਦਾਂ ਦੇ ਵਾਕਾਤਮਕ ਸੰਬੰਧਾਂ ਬਾਰੇ ਸੂਚਨਾ ਸੰਬੰਧਕੀ ਚਿੰਨ੍ਹ (post-positions) ਸੰਚਾਰਿਤ ਕਰਦੇ ਹਨ । ਇੰਜ ਪੰਜਾਬੀ ਵਿਚ ਕਾਰਕੀ ਸੰਬੰਧ-ਸੂਚਨਾ ਲਈ ਜਿੱਥੇ ਸੰਬੰਧਕਾਂ ਦੀ ਜੁਗਤ ਵਿੱਦਮਾਨ ਹੈ ਉਥੇ ਇਨ੍ਹਾਂ ਕਾਰਜਾਂ ਲਈ ਪੰਜਾਬੀ ਵਿਚ ਕੁਝ ਕੁ ਵਿਭਕਤੀ-ਚਿੰਨ੍ਹ ਵੀ ਮੌਜੂਦ ਹਨ । ਜਿਵੇਂ ਮਿਸਾਲ ਵਜੋਂ :

(1) ਅਪਾਦਾਨ ਕਾਰਕ : ਘਰੋਂ, ਸਕੂਲੋਂ, ਮੈਥੋਂ, ਕੋਠਿਓਂ, (ਘਰ + ਓਂ)

(2) ਅਧਿਕਰਣ ਕਾਰਕ : (ੳ) ਘਰੇ, ਸਕੂਲੇ, ਕੋਠੇ, ਅਵੇਰੇ-ਸਵੇਰੇ (ਅ) ਅਸਮਾਨੀਂ, ਖੇਤੀਂ, ਘਰੀਂ (ਘਰ+ਏ/ਘਰ+ਈਂ)

(3) ਕਰਣ ਕਾਰਕ : ਗੱਲੀਂ-ਬਾਤੀਂ, ਛਿੱਤਰੀਂ (ਛਿੱਤਰੀਂ ਦਾਲ ਵੰਡਣਾ) =(ਗੱਲ+ਈਂ)

ਵਿਭਕਤੀ ਤੇ ਗੈਰ-ਵਿਭਕਤੀ ਦੀ ਦੁਵੰਡ-ਪ੍ਰਣਾਲੀ ਦਾ ਜੋ ਨਤੀਜਾ ਹੈ, ਉਸ ਦੇ ਅਨੁਸਾਰ ਸੰਸਕ੍ਰਿਤ ਵਾਕ ਦਾ ਸ਼ਬਦ-ਕ੍ਰਮ ਸੁਤੰਤਰ ਹੈ (free word order) ਅਰਥਾਤ ਕਰਤਾ, ਕਰਮ, ਕ੍ਰਿਆ ਵਾਕ ਵਿਚ ਕਿਤੇ ਵੀ ਸਥਿਤ ਰਹਿ ਸਕਦੇ ਹਨ, ਲੇਕਿਨ ਪੰਜਾਬੀ ਸ਼ਬਦ-ਕ੍ਰਮ ਬੱਝਵਾਂ ਹੈ ਭਾਵੇਂ ਕਿਤੇ ਕਿਤੇ ਪੰਜਾਬੀ ਸ਼ਬਦ-ਕ੍ਰਮ ਸੁਤੰਤਰ ਵੀ ਦਿੱਸਦਾ ਹੈ, ਜਿਵੇਂ (1) ਰਾਮ ਘਰ ਗਿਆ, ਜਾਂ (2) "ਘਰ ਗਿਆ ਰਾਮ" । (1) ਰਾਮ ਨੇ ਰੋਟੀ

ਖਾਧੀ, ਜਾਂ (2) ਰੋਟੀ ਖਾਧੀ ਰਾਮ ਨੇ (3) ਖਾਧੀ ਰੋਟੀ ਰਾਮ ਨੇ ।

ਵਚਨ-ਵਿਧਾਨ

ਸੰਸਕ੍ਰਿਤ ਵਿਚ ਵਚਨ-ਵਿਧਾਨ ਦਾ ਵਿਰੋਧ/ਟਾਕਰਾ ਤਿੰਨ-ਰੁਖਾ ਹੈ—ਇਕਵਚਨ, ਦ੍ਵਿਵਚਨ, ਬਹੁਵਚਨ ।

ਪੰਜਾਬੀ ਵਿਚ ਵਚਨ-ਵਿਧਾਨ ਦਾ ਵਿਰੋਧ/ਟਾਕਰਾ ਦੋ-ਰੁਖਾ ਹੈ—ਇਕਵਚਨ, ਬਹੁਵਚਨ

ਲਿੰਗ-ਵਿਧਾਨ

ਇਸੇ ਤਰ੍ਹਾਂ ਸੰਸਕ੍ਰਿਤ ਵਿਚ ਲਿੰਗ-ਵਿਧਾਨ ਦਾ ਵਿਰੋਧ/ਟਾਕਰਾ ਤਿੰਨ-ਰੁਖਾ ਹੈ : ਪੁਲਿੰਗ, ਇਸਤ੍ਰੀ (ਸਤ੍ਰੀਲਿੰਗ), ਨਪੁੰਸਕ ਲਿੰਗ । ਪਰੰਤੂ ਪੰਜਾਬੀ ਵਿਚ ਲਿੰਗ-ਵਿਧਾਨ ਦਾ ਵਿਰੋਧ ਦੋ ਰੁਖਾ ਹੈ : ਪੁਲਿੰਗ, ਇਸਤ੍ਰੀ-ਲਿੰਗ ।

ਵਿਸ਼ੇਸ਼ਣ

ਸੰਸਕ੍ਰਿਤ ਤੇ ਪੰਜਾਬੀ ਵਿਚ ਵਾਕ-ਵਿਉਂਤ ਦੇ ਅੰਤਰਗਤ ਵਿਸ਼ੇਸ਼ਣਾਂ ਦੀ ਸਥਿਤੀ ਦਾ ਪੈਟਰਨ ਸਾਂਝ-ਸਮਾਨਤਾ ਰਖਦਾ ਹੈ । ਦੋਹਾਂ ਵਿਚ ਵਿਸ਼ੇਸ਼ਣ ਸ਼ਬਦ-ਰੂਪ ਨਾਂਵਾਂ/ਪੜਨਾਂਵਾਂ ਤੋਂ ਪਹਿਲਾਂ ਸਥਿਤ ਰਹਿੰਦੇ ਹਨ ਅਤੇ ਇਹ ਵਿਸ਼ੇਸ਼ਣ ਦੋਹਾਂ ਭਾਸ਼ਾਵਾਂ ਵਿਚ ਲਿੰਗ, ਵਚਨ, ਕਾਰਕ ਪਖੋਂ ਆਪਣੇ ਸੰਬੰਧਿਤ ਨਾਂਵਾਂ ਨਾਲ ਮੇਲ (agree) ਰਖਦੇ ਹਨ । ਜੇਕਰ ਨਾਂਵ ਇਕਵਚਨ ਜਾਂ ਦ੍ਵਿਵਚਨ ਜਾਂ ਬਹੁਵਚਨ ਹੈ ਤਾਂ ਉਸ ਦੇ ਵਿਸ਼ੇਸ਼ਣ ਵੀ ਉਸੇ ਤਰ੍ਹਾਂ ਇਕਵਚਨ, (ਦ੍ਵਿਵਚਨ), ਬਹੁਵਚਨ ਵਿਚ ਰੂਪਾਇਤ ਹੁੰਦੇ ਹਨ । ਜੇਕਰ ਨਾਂਵ ਪੁਲਿੰਗ ਜਾਂ ਇਸਤ੍ਰੀ ਲਿੰਗ ਹੈ ਤਾਂ ਦੋਹਾਂ ਵਿਚ ਵਿਸ਼ੇਸ਼ਣ ਵੀ ਪੁਲਿੰਗ ਜਾਂ ਇਸਤਰੀ ਲਿੰਗ ਹੀ ਹੁੰਦੇ ਹਨ । ਲੇਕਿਨ ਹਿੰਦੀ-ਉਰਦੂ ਵਿਚ ਇਸੇ ਮੇਲ ਦੀ ਅਣਹੋਂਦ ਹੈ ।

ਸੰਸਕ੍ਰਿਤ ਵਿਸ਼ੇਸ਼ਣ/ਵਿਸ਼ੇਸ਼ਯ	*ਪੰਜਾਬੀ ਵਿਸ਼ੇਸ਼ਣ/ਵਿਸ਼ੇਸ਼*
ਰਕਤੋ ਘਟ : (ਲਾਲ ਘੜਾ)	ਕਾਲਾ ਘੋੜਾ (ਪੁਲਿੰਗ)
ਰਕਤ : ਪਟ : (ਲਾਲ ਬਸਤਰ)	ਕਾਲੀ ਕੰਬਲੀ (ਇ. ਲਿੰਗ)
ਨੀਲੰ ਨਭ : (ਨੀਲਾ ਆਸਮਾਨ)	ਕਾਲੀ ਸੱਪਣੀ (ਇ. ਲਿੰਗ)
ਕ੍ਰਿਸ਼ਣਾ ਸਰਪਿਣੀ (ਕਾਲੀ ਸੱਪਣੀ)	ਚਿੱਟਾ ਕੰਬਲ (ਪੁਲਿੰਗ)
ਕ੍ਰਿਸ਼ਣਾ ਗੌ : (ਕਾਲੀ ਗਾਂ)	ਕਾਲੀ ਕੁੱਤੀ (ਇ. ਲਿੰਗ)

ਇਹ ਤੱਥ ਏਥੇ ਵਰਣਨ-ਯੋਗ ਹੈ ਕਿ ਆਧੁਨਿਕ ਭਾਰਤੀ ਆਰੀਆ-ਭਾਸ਼ਾਵਾਂ ਵਿਚੋਂ ਪੰਜਾਬੀ ਹੀ ਅਜਿਹੀ ਭਾਸ਼ਾ ਹੈ ਜਿਥੇ ਵਿਸ਼ੇਸ਼ਣ ਆਪਣੇ ਵਿਸ਼ੇਸ਼/ਨਾਂਵਾਂ ਨਾਲ ਸੰਸਕ੍ਰਿਤ ਵਿਸ਼ੇਸ਼ਣ ਵਰਤੋਂ-ਵਿਉਂਤ ਦੀ ਤਰ੍ਹਾਂ ਲਿੰਗ, ਵਚਨ, ਕਾਰਕ ਪਖੋਂ ਮੇਲ ਰਖਦੇ ਹਨ । ਹਿੰਦੀ ਵਿਚ ਅਜਿਹੀ ਵਿਲਖਣਤਾ ਨਹੀਂ ਹੈ ।

ਕ੍ਰਿਆਵੀ ਵਿਭਕਤੀਕਰਣ (Verbal inflection)

ਨਾਂਵੀਂ ਵਿਭਕਤੀਕਰਣ ਤੋਂ ਬਾਅਦ ਹੁਣ ਸੰਸਕ੍ਰਿਤ ਤੇ ਪੰਜਾਬੀ ਦੇ ਕ੍ਰਿਆਵੀ ਵਿਭਕਤੀਕਰਣ ਦੇ ਖੇਤਰ ਵਿਚ ਸਾਂਝ-ਮੂਲਕ ਪਾਸਾਰ ਦ੍ਰਿਸ਼ਟੀਗੋਚਰ ਕੀਤੇ ਜਾਂਦੇ ਹਨ । ਸੰਸਕ੍ਰਿਤ ਦੇ ਕ੍ਰਿਆ-ਰੂਪ ਪੂਰੀ ਤਰ੍ਹਾਂ ਵਿਭਕਤੀ-ਯੁਕਤ ਹਨ ਅਤੇ ਕ੍ਰਿਆ-ਰੂਪਾਵਲੀ (verbal paradigm) ਬੜੀ ਭਰਪੂਰ ਤੇ ਵੰਨਸੁਵੰਨੀ ਹੈ । ਪਰ ਪੰਜਾਬੀ ਵਿਚ ਕ੍ਰਿਆ ਰੂਪਾਂ ਦੇ ਵਿਭਿੰਨ ਪੈਟਰਨ ਹਨ ਜੋ ਹੇਠਾਂ ਅੰਕਿਤ ਹਨ :

(1) ਕਿਤੇ ਵਰਤਮਾਨ ਕ੍ਰਿਦੰਤਾਂ ਅਤੇ ਜਾਂ ਭੂਤ ਕ੍ਰਿਦੰਤਾਂ ਦੇ ਆਧਾਰ ਤੇ ਕ੍ਰਿਆਵਾਂ ਦੀ ਰਚਨਾ ਕੀਤੀ ਗਈ ਮਿਲਦੀ ਹੈ,

(2) ਕਿਤੇ ਸਹਾਇਕ ਕ੍ਰਿਆਵਾਂ ਦੁਆਰਾ ਮੁੱਖ-ਕ੍ਰਿਆਵਾਂ ਦੇ ਪ੍ਰਯੋਗ ਹਨ.

(3) ਕਿਤੇ ਸੰਸਕ੍ਰਿਤ ਵਾਲੇ ਧਾਤੂ-ਰੂਪਾਂ ਜਾਂ; ਪੰਜਾਬੀ ਕ੍ਰਿਆ ਰੂਪਾਂ ਦੇ ਸਾਂਝੇ ਪੈਟਰਨ ਕਾਰਜਸ਼ੀਲ ਹਨ (ਇਨ੍ਹਾਂ ਵਿਚ ਪੰਜਾਬੀ ਵਿਚ ਆ ਕੇ ਧੁਨੀਆਤਮਕ ਪਰਿਵਰਤਨ ਵਾਪਰੇ ਹੋਏ ਹਨ) ।

ਏਥੇ ਇਹ ਤੱਥ ਵਰਣਨ-ਯੋਗ ਹੈ ਕਿ ਸੰਸਕ੍ਰਿਤ ਭਾਸ਼ਾ, ਧਾਤੂ-ਰੂਪਾਂ ਅਤੇ ਕ੍ਰਿਆਵੀ ਵੰਨ-ਸੁਵੰਨਤਾ ਦੇ ਪਖੋਂ ਬੜੀ ਅਮੀਰ ਹੈ, ਵੈਦਿਕ ਭਾਸ਼ਾ ਤਾਂ ਸੰਸਕ੍ਰਿਤ (ਕਲੈਸੀਕਲ) ਨਾਲੋਂ ਵੀ ਵਧ ਅਮੀਰ ਹੈ । ਸੰਸਕ੍ਰਿਤ ਦੇ ਕ੍ਰਿਆਵੀ ਵਿਭਕਤੀ-ਪਿਛੇਤਰ ਇਕੋ ਵੇਲੇ ਕਾਲ, ਪੁਰਖ, ਵਚਨ, ਵਾਚ, ਮੂਡ ਆਦਿ ਵਿਭਿੰਨ ਵਿਆਕਰਣਿਕ ਕਾਰਜਾਂ ਨੂੰ ਪ੍ਰਗਟ ਕਰ ਜਾਂਦੇ ਹਨ । ਸੰਸਕ੍ਰਿਤ ਦੀ ਸੰਜੋਗਾਤਮਕ ਸੰਰਚਨਾ ਦਾ ਪ੍ਰਤਿਬਿੰਬ ਪੰਜਾਬੀ ਵਿਚ ਖ਼ਾਸ ਕਰਕੇ ਪੱਛਮੀ ਪੰਜਾਬੀ (ਮੁਲਤਾਨੀ, ਪੋਠੋਹਾਰੀ) ਦੀਆਂ ਕ੍ਰਿਆਵਾਂ ਵਿਚ ਅੱਜ ਵੀ ਵੇਖਣਯੋਗ ਹੈ ।

ਪੰਜਾਬੀ ਭਾਸ਼ਾ ਦੀ ਕ੍ਰਿਆ-ਮੂਲਕ ਵਿਵਸਥਾ ਪੁਰਖ, ਵਚਨ, ਕਾਲ, ਮੂਡ, ਵਾਚ ਆਦਿ ਸੰਕਲਪਾਂ ਦੇ ਪਖੋਂ ਸੰਸਕ੍ਰਿਤ ਦੀ ਵਿਵਸਥਾ ਨਾਲ ਸਾਂਝ ਰਖਦੀ ਹੈ ਪਰੰਤੂ ਵਚਨ-ਵਿਧਾਨ ਵਿਚ ਵਖਰੇਵਾਂ ਰਖਦੀ ਹੈ । ਸੰਸਕ੍ਰਿਤ ਵਿਚ ਤਿੰਨ ਵਚਨ ਹਨ ਲੇਕਿਨ ਪੰਜਾਬੀ ਵਿਚ ਦੋ ਹੀ ਵਚਨ ਹਨ । ਸੰਸਕ੍ਰਿਤ ਦਾ ਦ੍ਵਿਵਚਨ ਖ਼ਤਮ ਹੈ । ਸੰਸਕ੍ਰਿਤ ਵਿਆਕਰਣ ਵਿਚ ਜਿਨ੍ਹਾਂ ਪਾਰਿਭਾਸ਼ਿਕ ਰੂਪਾਂ ਨੂੰ ਲਕਾਰ ਕਿਹਾ ਜਾਂਦਾ ਹੈ ਉਨ੍ਹਾਂ ਨੂੰ ਆਧੁਨਿਕ ਭਾਸ਼ਾ-ਵਿਗਿਆਨਿਕ ਸ਼ਬਦਾਵਲੀ ਵਿਚ ਕਾਲ ਤੇ ਵ੍ਰਿਤੀ (ਟੈਂਸ ਤੇ ਮੂਡ) ਨਾਲ ਜਾਣਿਆ ਜਾਂਦਾ ਹੈ । ਭਾਵੇਂ ਸੰਸਕ੍ਰਿਤ ਤੇ ਪੰਜਾਬੀ ਦੇ ਬਹੁਤ ਸਾਰੇ ਵਿਆਕਰਣ ਸੰਕਲਪ ਸਾਂਝੇ ਹਨ ਪਰੰਤੂ ਇਨ੍ਹਾਂ ਦੋਹਾਂ ਦੀ ਅਭਿਵਿਅਕਤੀ ਸ਼ੈਲੀ ਅਤੇ ਵਰਤੋਂ-ਵਰਤਾਰਾ ਅੱਡਰਾ ਤੇ ਵੱਖਰਾ ਹੈ ।

ਧਾਤੂਆਂ ਵਿਚ ਸਾਂਝ-ਸਥਾਪਨਾ

ਪੰਜਾਬੀ ਤੇ ਸੰਸਕ੍ਰਿਤ ਦੀਆਂ ਕ੍ਰਿਆਵਾਂ ਅਤੇ ਕ੍ਰਿਆ-ਰੂਪਾਂ ਵਿਚ ਸਾਂਝ ਸਥਾਪਨਾ ਬਾਰੇ ਵਿਵੇਚਨ ਕਰਨ ਤੋਂ ਪਹਿਲਾਂ ਕ੍ਰਿਆ-ਤੱਤ ਦੇ ਮੂਲ-ਭੂਤ ਸਰੋਤ "ਧਾਤੂ" (root) ਦੇ ਵਿਲੱਖਣ ਚਰਿਤ੍ਰ ਬਾਰੇ ਦੋ ਗੱਲਾਂ ਕਰਨੀਆਂ ਜ਼ਰੂਰੀ ਹਨ । ਸੰਸਕ੍ਰਿਤ ਦੀ ਭਾਸ਼ਿਕ ਸੰਰਚਨਾ ਵਿਚ "ਧਾਤੂ" ਦਾ ਖ਼ਾਸ ਮਹੱਤਵ ਹੈ । ਸੰਸਕ੍ਰਿਤ ਦੇ ਵਿਦਵਾਨ ਸੰਸਕ੍ਰਿਤ ਦੇ ਸਮੁੱਚੇ ਸ਼ਬਦ-ਕੋਸ਼ ਦੀ ਜੜ ਵਿਚ ਕਿਸੇ ਨਾ ਕਿਸੇ ਧਾਤੂ ਦੀ ਹੋਂਦ ਸਵੀਕਾਰ ਕਰਦੇ ਹਨ । ਧਾਤੂ ਅਸਲ ਵਿਚ ਸ਼ਬਦ-ਰਚਨਾ ਦਾ ਮੇਰੁਦੰਡ (nucleus) ਹੈ ਜਿਹੜੀ ਕਿ ਸਾਰੀ ਕ੍ਰਿਆ ਸ਼੍ਰੇਣੀ ਦਾ ਅਰਥਾਤਮਕ ਸੋਮਾ ਹੈ ।

ਪੰਜਾਬੀ ਸ਼ਬਦ-ਕੋਸ਼ (lexicon) ਦਾ ਖ਼ਾਸ ਕਰਕੇ ਪੰਜਾਬੀ ਕ੍ਰਿਆਵੀ ਸਿਸਟਮ ਦਾ ਜਦੋਂ ਵਿਸ਼ਲੇਸ਼ਣ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਕ੍ਰਿਆਵਾਂ ਦੀ ਧੁਰ-ਜੜ ਵਿਚ "ਧਾਤੂ" ਦਾ ਬੀਜ-ਅੰਸ਼ ਉਪਲਬਧ ਹੋ ਜਾਂਦਾ ਹੈ ਜਿਨ੍ਹਾਂ ਦੇ ਸਮਾਨ੍ਹਾਂਤਰ ਪ੍ਰਾਚੀਨ ਤਤਸਮ ਰੂਪ ਸੰਸਕ੍ਰਿਤ ਭਾਸ਼ਾ ਵਿਚੋਂ ਮਿਲ ਜਾਂਦੇ ਹਨ । ਲੇਕਿਨ ਇਕ ਗੱਲ ਜਾਪਦੀ ਹੈ ਕਿ ਪੰਜਾਬੀ ਕ੍ਰਿਆਵਾਂ ਦੇ ਮੂਲਾਧਾਰ (base) ਆਮ ਤੌਰ ਤੇ ਧਾਤੂ ਤਕ ਨਹੀਂ ਪਹੁੰਚਦੇ ਬਲਕਿ ਜ਼ਿਆਦਾਤਰ ਧਾਤੂਆਂ ਨਾਲ ਕੋਈ ਅਗੇਤਰ (ਉਪਸਰਗ) ਆਦਿ ਜੁੜਨ ਕਰਕੇ ਉਹ ਮੂਲਾਂਸ਼ (stem) ਦੀ ਸਥਿਤੀ-ਸਥਾਪਨਾ ਦੀ ਪੱਧਰ ਤਕ ਹੀ ਸੀਮਿਤ ਰਹਿੰਦੇ ਹਨ । ਪੰਜਾਬੀ ਕ੍ਰਿਆਵਾਂ ਦੇ ਮੂਲਾਧਾਰ ਵਜੋਂ ਇਕ ਹੋਰ ਵੀ ਵਿਧਾਨਿਕ ਜੁਗਤ ਦ੍ਰਿਸ਼ਟੀਗੋਚਰ ਹੁੰਦੀ ਹੈ, ਉਹ ਹੈ "ਨਾਮਧਾਤੂ" ਪ੍ਰਕ੍ਰਿਆ (denominative process) । ਪੰਜਾਬੀ ਵਿਚ ਬਹੁਤ ਸਾਰੀਆਂ ਕ੍ਰਿਆਵਾਂ, ਨਾਵਾਂ (nouns) ਤੋਂ ਬਣੇ ਧਾਤੂ/ਮੂਲਾਂਸ਼ਾਂ ਦੇ ਧਰਾਤਲ ਤੋਂ

ਹੀ ਸਿਰਜਿਤ ਹੁੰਦੀਆਂ ਹਨ। ਇਸ ਤਰ੍ਹਾਂ ਪੰਜਾਬੀ ਕ੍ਰਿਆਵੀ ਸਿਸਟਮ ਵਿਚ ਕ੍ਰਿਆ ਦੇ ਮੂਲਾਧਾਰ ਤਿੰਨ ਤਰ੍ਹਾਂ ਦੇ ਮਿਲਦੇ ਹਨ :

(1) ਧਾਤੂ (root), (2) ਮੂਲਾਂਸ਼ (stem) (3) ਨਾਮਧਾਤੂ (denominative)*। ਇਸ ਨਜ਼ਰੀਏ ਤੋਂ ਜੇਕਰ ਤੁਲਨਾਤਮਕ ਵਿਵੇਚਨ ਕੀਤਾ ਜਾਵੇ ਤਾਂ ਸਿੱਟਾ ਇਹ ਨਿਕਲਦਾ ਹੈ ਕਿ ਸੰਸਕ੍ਰਿਤ ਤੇ ਪੰਜਾਬੀ ਦੇ ਕ੍ਰਿਆਵੀ ਵਿਕਾਸ ਵਿਚ ਉੱਲੇਖ-ਯੋਗ ਸਾਂਝਾਂ ਤੇ ਸਮਾਨਤਾਵਾਂ ਦੇ ਪੈਟਰਨ ਪਛਾਣੇ ਜਾ ਸਕਦੇ ਹਨ। ਲੇਕਿਨ ਇਕ ਗੱਲ ਸਪਸ਼ਟ ਹੈ ਕਿ ਪੰਜਾਬੀ ਵਿਚ ਧਾਤੂ/ਮੂਲਾਂਸ਼/ਨਾਮਧਾਤੂ ਆਪਣੇ ਮੂਲ-ਸਰੋਤ ਨਾਲੋਂ ਕੁਝ ਨਾ ਕੁਝ ਅਵੱਸ਼ ਰੂਪਾਂਤਰਿਤ ਹੋਏ ਹਨ ਜਿਨ੍ਹਾਂ ਨੂੰ *ਤਦਭਵੀਕਰਣ* ਜਾਂ nativization ਕਿਹਾ ਜਾ ਸਕਦਾ ਹੈ। ਨਮੂਨੇ ਦੇ ਤੌਰ ਤੇ ਧਾਤੂ/ਮੂਲਾਂਸ/ਨਾਮਧਾਤੂ ਦੇ ਖੇਤਰ ਵਿਚ ਸੰਸਕ੍ਰਿਤ ਅਤੇ ਪੰਜਾਬੀ ਵਿਚ ਜੋ ਜਣਨਿਕ ਰਿਸ਼ਤਾ ਨਾਤਾ ਹੈ ਉਸ ਦੀ ਤੁਲਨਾ ਸਾਰਣੀ ਪ੍ਰਸਤੁਤ ਕੀਤੀ ਜਾਂਦੀ ਹੈ। ਡਾ. ਪਰਾਸ਼ਰ ਨੇ ਪੰਜਾਬੀ ਵਿਚ ਸੰਸਕ੍ਰਿਤ ਤੋਂ ਆਈਆਂ ਧਾਤੂਆਂ ਦੀ ਸੂਚੀ ਕੋਈ 80 ਪੰਨਿਆਂ ਤੇ ਦਰਜ ਕੀਤੀ ਹੈ। ਸੱਚਾਈ ਇਹ ਹੈ ਪੰਜਾਬੀ ਦੇ ਧਾਤੂ/ਮੂਲਾਂਸ਼ ਸਮੂਹਿਕ/ਮਜਮੂਈ ਤੌਰ ਤੇ ਸੰਸਕ੍ਰਿਤ ਤੋਂ ਹੀ ਵਿਰਸੇ ਵਿਚ ਮਿਲੇ ਹਨ। ਗ਼ੈਰ-ਸੰਸਕ੍ਰਿਤ ਸੋਮਿਆਂ ਤੋਂ ਪੰਜਾਬੀ ਵਿਚ ਆਏ ਕ੍ਰਿਆਮੂਲ ਇਕ ਦਰਜਨ ਤੋਂ ਵੱਧ ਨਹੀਂ ਹਨ।

ਸੰਸਕ੍ਰਿਤ ਤੇ ਪੰਜਾਬੀ ਦੇ ਧਾਤੂ/ਮੂਲਾਂਸ਼/ਨਾਮਧਾਤੂ ਦੀ ਤੁਲਨਾ ਸਾਰਣੀ

ਪੰਜਾਬੀ ਧਾਤੂ/ਮੂਲਾਂਸ਼ *ਮੂਲਾਂਸ਼ (stem)*		*ਸੰਸਕ੍ਰਿਤ ਧਾਤੂ/ਮੂਲਾਂਸ਼* *ਅਗੇਤਰ + ਧਾਤੂ*		*= ਭਾਵਵਾਚਕ ਨਾਂਵ*	
ਉੱਕਣ/ਉੱਕਣਾ	←	ਉਤ + ਕ੍ਰਮ	=	ਉਤਕ੍ਰਮ	(उत्क्रम)
ਉਕਰਨ/ਉੱਕਰਨਾ	←	ਉਤ + ਕ੍ਰਿ	=	ਉਤਕੀਰਣ	(उत्कीर्ण)
ਉੱਖੜਨ/ਉੱਖੜਨਾ	←	ਉਤ + ਖਨ	=	ਉਤਖਨਨ	(उत्खनन)
ਉੱਘੜਨ/ਉਘੜਨਾ	←	ਉਦ + ਘਟ	=	ਉਦਘਾਟਨ	(उद्घाटन)
ਉਡੀਕਣ/ਉਡੀਕਣਾ	←	ਉਦ + ਈਕਸ਼	=	ਉਦੀਕਸ਼ਣ	(उदीक्षण)
ਉਬੱਲਣ/ਉੱਬੱਲਣਾ	←	ਉਦ + ਵਲ	=	ਉਦਵਲਨ	(उद्वलन)
ਉਲੀਕਣ/ਉੱਲੀਕਣਾ	←	ਉਲ + ਲਿਖ	=	ਉਲਿੱਖਨ	(उल्लिखन)
ਓਦਰਨ/ਓਦਰਨ	←	ਅਵ + ਦ੍ਰਿ	=	ਅਵਦਰਣ	(अवदरण)
ਆਕੜਨ/ਆਕੜਨਾ	←	ਅਹਮ + ਕ੍ਰਿ	=	ਅਹੰਕਰਣ	(अहङ्करण)
ਅੱਟ/ਅੱਟਣਾ	←	"ਅੱਟ" (ਧਾਤੂ)	=	ਅੱਟਨ	(अट्टन)
ਸਤਾਉਣ/ਸਤਾਉਣਾ	←	ਸੰ + ਤਪ	=	ਸੰਤਾਪਨ	(संतापन)
ਸੁੰਘਣ/ਸੁੰਘਣਾ	←	ਸੁ + ਘ੍ਰਾਣ	=	ਸੁਘ੍ਰਾਣ	(सुघ्राण)
ਪੰਜਾਬੀ ਨਾਮਧਾਤੂ					
ਥੁੜਨ/ਥੁੜਨਾ	←	ਸਤੋਕ-ਤਰ (=ਥੋੜਾ)			(स्तोकतर)
ਧਿਜਣ/ਧਿਜਣਾ	←	ਧੈਰਜ-ਧੈਰਯ (=ਧੀਰਜ)			(धैर्य)
ਧੁੰਦਲਾਉਣ/ਧੁੰਦਲਾਉਣਾ	←	ਧੂਮ੍ਰਅੰਧ (=ਧੂੰਆਂ ਅੰਧ)			(धूम्रअन्ध)
ਲਮਕਣ/ਲਮਕਣਾ	←	ਲੰਬਕ (=ਲੰਮਾ)			(लम्बक)
ਨਖੇੜਨ/ਨਖੇੜਨ	←	ਨਿਸ਼ਕ੍ਰਿਤਿ (=ਨਿਕਾਲਣਾ)			(निष्कृति)

* ਨਾਮਧਾਤੂ "a verbal base derived from a noun" *Sanskrit-English Dictionary*: Monier Williams.

ਟਿੱਪਣੀ : ਪੰਜਾਬੀ ਦੇ ਕ੍ਰਿਆਵੀ ਪ੍ਰਪੰਚ ਦੇ ਗਹਨ ਅਧਿਐਨ ਕਰਨ ਤੋਂ ਇਹ ਤੱਥ ਉਭਰਦਾ ਹੈ ਕਿ ਪੰਜਾਬੀ ਦੀਆਂ ਲਗਭਗ ਸਾਰੀਆਂ ਕ੍ਰਿਆਵਾਂ ਦਾ ਉਦਗਮ ਤੇ ਵਿਕਾਸ ਸੰਸਕ੍ਰਿਤ ਤੋਂ ਸਿੱਧਾ ਨਾ ਹੋ ਕੇ ਪਾਲੀ/ਪ੍ਰਾਕ੍ਰਿਤ/ਅਪਭ੍ਰੰਸ਼ ਆਦਿ ਮੱਧਕਾਲੀਨ ਭਾਰਤੀ ਆਰੀਆ ਭਾਸ਼ਾਵਾਂ ਦੇ ਬਰਾਸਤਾ ਹੀ ਵਾਪਰਿਆ ਹੈ । ਭਾਵੇਂ ਇਹ ਨਿਸ਼ਕਰਸ਼ ਵੀ ਠੀਕ ਹੈ ਕਿ ਇਨ੍ਹਾਂ ਸਾਰੀਆ ਪੰਜਾਬੀ ਕ੍ਰਿਆਵਾ ਦਾ ਪੈਤ੍ਰਿਕ ਸਰੋਤ ਵੈਦਿਕ ਭਾਸ਼ਾ ਅਥਵਾ ਕਲੈਸੀਕਲ ਸੰਸਕ੍ਰਿਤ ਹੀ ਹੈ ।

ਕ੍ਰਿਆ-ਰੂਪਾਵਲੀ/ਧਾਤੂ ਰੂਪਾਵਲੀ (Verbal paradigm)

ਸੰਸਕ੍ਰਿਤ ਦੇ ਧਾਤੂਆਂ/ਨਾਮ-ਧਾਤੂਆਂ ਤੋਂ ਕ੍ਰਿਆਵੀ ਆਧਾਰ (verbal bases) ਸਿਰਜਤ ਹੁੰਦੇ ਹਨ । ਜਦੋਂ ਕ੍ਰਿਆਵੀ-ਆਧਾਰਾ ਨਾਲ ਵਿਭਕਤੀਆ ਜਾ ਵਿਭਕਤੀ-ਮੂਲਕ ਪਿਛੇਤਰ ਸੰਯੁਕਤ ਹੁੰਦੇ ਹਨ ਤਾਂ ਵੱਖ ਵੱਖ ਕ੍ਰਿਆਵਾ ਦੀਆਂ ਰੂਪਾਵਲੀਆਂ (paradigm)* ਤਿਆਰ ਹੁੰਦੀਆਂ ਹਨ । ਰੂਪਾਵਲੀ ਦੀ ਸ਼ਕਲ ਵਿਚ ਵਿਭਿੰਨ ਵਿਭਕਤੀਆ ਵਾਕ ਵਿਚ ਵਿਆਕਰਣਿਕ ਸੰਬੰਧਾਂ ਨੂੰ ਪ੍ਰਗਟ ਕਰਦੀਆਂ ਹਨ । ਵਿਭਕਤੀਆਂ ਅਸਲ ਵਿਚ ਵਿਆਕਰਣਕ ਸੰਬੰਧਾਂ ਦੀਆਂ ਪ੍ਰਤੀਕ ਹਨ । ਇਸ ਲਈ ਵੰਨ-ਸੁਵੰਨੀਆਂ ਵਿਭਕਤੀਆਂ ਹੀ ਵਾਕ-ਅੰਤਰਗਤ ਸ਼ਬਦਾਂ/ਕ੍ਰਿਆਵਾਂ ਦੇ ਵਚਨ, ਪੁਰਖ, ਵਾਚ, ਕਾਲ, ਮੂਡ, ਆਸਪੈਕਟ ਆਦਿ ਵਿਆਕਰਣਿਕ ਸੰਕਲਪਾਂ ਨੂੰ ਵਿਅਕਤ ਕਰਦੀਆਂ ਹਨ । ਅਜਿਹੇ ਵਿਆਕਰਣਿਕ ਸੰਬੰਧ ਵਿਭਕਤੀਆ ਤੋਂ ਹੀ ਜ਼ਾਹਰ ਹੁੰਦੇ ਹਨ । ਵਿਭਕਤੀ ਮੂਲਕ ਰੂਪਾਵਲੀਆਂ ਦੀ ਸਿਰਜਨਾ ਵਿਚ ਕਿਸੇ ਅੱਡਰੇ ਪਿਛੇਤਰਾਂ ਜਾਂ ਸਹਾਇਕ ਤੱਤਾਂ ਦੀ ਉੱਕਾ ਹੀ ਜ਼ਰੂਰਤ ਨਹੀਂ ਭਾਸਦੀ ਕਿਉਂਕਿ ਵਿਭਕਤੀ ਚਿੰਨ੍ਹ ਹੀ ਕ੍ਰਿਆਵਾਂ ਦੀਆਂ ਧਾਤੂਆਂ ਜਾਂ ਮੂਲਾਂਸ਼ਾਂ ਨਾਲ ਜੁੜ ਕੇ ਪਿਛੇਤਰਾਂ ਦਾ ਕਾਰਜ ਕਰਦੀਆਂ ਹਨ ਅਤੇ ਕ੍ਰਿਆ-ਰੂਪਾਂ ਨੂੰ ਅੱਡ-ਅੱਡ ਨਿਖੇੜਦੀਆਂ ਹਨ । ਇਸ ਲਈ ਸੰਸਕ੍ਰਿਤ ਵਿਭਕਤੀ-ਪ੍ਰਧਾਨ ਭਾਸ਼ਾ ਹੈ ।

ਲੇਕਿਨ ਪੰਜਾਬੀ ਵਿਚ ਵਚਨ, ਪੁਰਖ, ਵਾਚ, ਕਾਲ, ਮੂਡ, ਆਸਪੈਕਟ ਆਦਿ ਵਿਆਕਰਣਿਕ ਸੰਕਲਪਾਂ ਲਈ ਪ੍ਰਮੁਖ ਤੌਰ ਤੇ ਅੱਡਰੇ ਤੇ ਵੱਖਰੇ ਸੰਬੰਧਕ (post-positions) ਤੇ ਸੰਬੰਧਕੀ ਪਿਛੇਤਰ ਹਨ, ਪਰ ਇਸ ਦੇ ਬਾਵਜੂਦ ਫੇਰ ਵੀ ਕੋਸ਼ੀਮਦਾਂ (lexemes) ਨਾਲ ਪਿਛੇਤਰਾਤਮਕ ਮਦਾਂ/ਅੰਤਕਿਆਂ (endings) ਦੇ ਸੰਜੋਗ ਕਰਕੇ ਕ੍ਰਿਆ-ਰੂਪਾਵਲੀਆਂ ਸੰਸਕ੍ਰਿਤ ਦੀ ਤਰ੍ਹਾਂ ਚਲਦੀਆ ਹਨ (ਫ਼ਾਰਸੀ ਵਿਚ ਰੂਪਾਵਲੀ ਨੂੰ "ਗਰਦਾਨ" ਕਿਹਾ ਜਾਂਦਾ ਹੈ), ਸੰਸਕ੍ਰਿਤ ਤੇ ਪੰਜਾਬੀ ਵਿਚ ਰੂਪਾਵਲੀਆਂ ਦੇ ਜਿਹੜੇ ਸਾਂਝੇ ਪੈਟਰਨ ਉਪਲਬਧ ਹੁੰਦੇ ਹਨ ਉਹੋ ਹੀ ਦੋਹਾ ਭਾਸ਼ਾਵਾ ਦੇ ਜਣਨਿਕ ਰਿਸ਼ਤਿਆ ਦੇ ਚਿੰਨ੍ਹ ਹਨ । ਇਸ ਲਈ ਕ੍ਰਿਆਗਤ ਰੂਪਾਵਲੀ-ਯੋਜਨਾ ਦੇ ਨਜ਼ਰੀਏ ਤੋਂ ਸੰਸਕ੍ਰਿਤ ਪੰਜਾਬੀ ਵਿਚ ਜੋ ਸਮਾਨਤਾਵਾ ਤੇ ਤੁੱਲਤਾਵਾਂ ਹਨ ਹੁਣ ਉਨ੍ਹਾਂ ਦਾ ਵਰਣਨ ਕੀਤਾ ਜਾਂਦਾ ਹੈ । ਇਸ ਮਕਸਦ ਲਈ ਹੇਠਾਂਕਿਤ ਢੁਕਵੇਂ ਦ੍ਰਿਸ਼ਟਾਂਤੀਕਰਣ ਵੀ ਪੇਸ਼ ਕੀਤੇ ਗਏ ਹਨ । ਰੂਪਾਵਲੀਆਂ ਦੀ ਵੰਨ ਸੁਵੰਨਤਾ ਦਾ ਮੁਢਲਾ ਆਧਾਰ ਕਾਲ ਤੇ ਮੂਡ (tense & moods) ਹਨ । ਸੋ ਕਾਲ ਤੇ ਮੂਡ ਦੇ ਖੇਤਰ ਵਿਚ ਸੰਸਕ੍ਰਿਤ ਤੇ ਪੰਜਾਬੀ ਦੀ ਤੁਲਨਾ-ਸਾਰਣੀ ਪੇਸ਼ ਹੈ ।

* "The set of inflectional forms of a lexeme constitute an inflectional paradigm". Huddleston (1988), *English Grammar-an outline*, p. 6, Cambridge.

ਪੰਜਾਬੀ ਦੀਆਂ ਸਹਾਇਕ ਕ੍ਰਿਆਵਾਂ ਅਤੇ ਸੰਸਕ੍ਰਿਤ ਰੂਪਾਵਲੀ : ਤੁਲਨਾ ਸਾਰਨੀ

ਵਰਤਮਾਨ ਕਾਲ (present tense)

ਪੰਜਾਬੀ ਸਹਾਇਕ ਕ੍ਰਿਆ		ਸੰਸਕ੍ਰਿਤ ਮੂਲ ਕ੍ਰਿਆ	
ਇਕ ਵਚਨ		ਇਕ ਵਚਨ	
ਪਹਿਲਾ ਪੁਰਖ :	ਹੈ (ਉਹ ਹੈ)	ਅਸ੍ਤਿ	(अस्ति)
ਮੱਧਮ ਪੁਰਖ :	ਹੈਂ (ਤੂੰ ਹੈਂ)	ਅਸਿ	(असि)
ਉੱਤਮ ਪੁਰਖ :	ਹਾਂ (ਮੈਂ ਹਾਂ)	ਅਸ੍ਮਿ	(अस्मि)
ਬਹੁਵਚਨ		ਬਹੁਵਚਨ	
ਪਹਿਲਾ ਪੁਰਖ :	ਹਨ (ਉਹ ਹਨ)	ਸੰਤਿ	(सन्ति)
ਮਧਮ ਪੁਰਖ :	ਹੋ (ਤੁਸੀਂ ਹੋ)	ਸ੍ਥ	(स्थ)
ਉੱਤਮ ਪੁਰਖ :	ਹਾਂ (ਅਸੀਂ ਹਾਂ)	ਸ੍ਮਃ	(स्मः)

ਪੰਜਾਬੀ ਸਹਾਇਕ ਕ੍ਰਿਆ : *ਭੂਤ ਕਾਲ (past tense)*		ਸੰਸਕ੍ਰਿਤ
ਇਕ ਵਚਨ		ਇਕ ਵਚਨ
ਪਹਿਲਾ ਪੁਰਖ :	ਸੀ (ਉਹ ਗਿਆ ਸੀ)	ਆਸੀਤ੍ (आसीत्)
ਮੱਧਮ ਪੁਰਖ :	ਸੈਂ (ਤੂੰ ਗਿਆ ਸੈਂ)	ਆਸੀ: (आसीः)
ਉੱਤਮ ਪੁਰਖ :	ਸਾਂ (ਮੈਂ ਗਿਆ ਸਾਂ)	ਆਸਮ (आसम)
ਬਹੁਵਚਨ		ਬਹੁਵਚਨ
ਪਹਿਲਾ ਪੁਰਖ :	ਸਨ (ਉਹ ਗਏ ਸਨ)	ਆਸਨ (आसन्)
ਮੱਧਮ ਪੁਰਖ :	ਸੌ (ਤੁਸੀਂ ਗਏ ਸੌ)	ਆਸ੍ਤ (आस्त)
ਉੱਤਮ ਪੁਰਖ :	ਸਾਂ (ਅਸੀਂ ਗਏ ਸਾਂ)	ਆਸ੍ਮ (आस्म)

ਭਵਿਖਤ ਕਾਲ (future tense)

ਪੂਰਬੀ ਪੰਜਾਬੀ ਨੂੰ ਛੱਡ ਕੇ ਪੱਛਮੀ ਪੰਜਾਬੀ (ਲਹਿੰਦੀ, ਪਾਕਿਸਤਾਨੀ ਪੰਜਾਬੀ) ਵਿਚ ਭਵਿਖਤ ਕਾਲ ਦੇ ਰੂਪ ਸੰਸਕ੍ਰਿਤ ਭਵਿਖਕਾਲੀ ਰੂਪਾਂ ਨਾਲ ਬੜੇ ਹੈਰਾਨੀਜਨਕ ਢੰਗ ਨਾਲ ਘਨਿਸ਼ਠ ਸਾਂਝ ਰਖਦੇ ਹਨ। ਪੰਜਾਬੀ ਤੇ ਸੰਸਕ੍ਰਿਤ ਦੇ ਇਹ ਭਵਿਖਵਾਚੀ ਰੂਪ ਧੁਨੀਆਤਮਕ ਅਤੇ ਅਰਥਾਤਮਕ ਪੱਧਰ ਤੇ (phonetically and semantically) ਵੀ ਬਹੁਤ ਨੇੜੇ ਹਨ। ਇਸ ਤਰ੍ਹਾਂ ਪੱਛਮੀ ਪੰਜਾਬੀ ਦੀ ਭਵਿਖਕਾਲੀ ਰੂਪਾਵਲੀ ਨਿਰਸੰਦੇਹ ਸੰਸਕ੍ਰਿਤ ਮੂਲਕ ਹੈ। ਹੁਣ ਭਵਿਖਤ ਕਾਲ ਦੀ ਪੰਜਾਬੀ ਤੇ ਸੰਸਕ੍ਰਿਤ ਦੀ ਰੂਪਾਵਲੀ ਤੁਲਨਾਤਮਕ ਨਿਰਖ-ਪਰਖ ਲਈ ਪੇਸ਼ ਕੀਤੀ ਜਾਂਦੀ ਹੈ :

ਭਵਿਖਤ ਕਾਲ (future tense)

ਪੱਛਮੀ ਪੰਜਾਬੀ ਕ੍ਰਿਆਰੂਪ (ਧਾਤੂ 'ਚਲ') ਸੰਸਕ੍ਰਿਤ ਕ੍ਰਿਆਰੂਪ

	ਇਕਵਚਨ : ਬਹੁਵਚਨ	ਇਕਵਚਨ ਬਹੁਵਚਨ
ਪ੍ਰਥਮ ਪੁਰਖ	ਚਲਸੀ : ਚਲਸਨ	ਚਲਿਸ਼੍ਯਤਿ ਚਲਿਸ਼੍ਯੰਤਿ (चलिष्यति चलिष्यन्ति)
ਮੱਧਮ ਪੁਰਖ	ਚਲਸੇਂ : ਚਲਸੋਂ	ਚਲਿਸ਼੍ਯਸਿ ਚਲਿਸ਼੍ਯਥ (चलिष्यसि चलिष्यथ)

ਉੱਤਮ ਪੁਰਖ | ਚਲਸਾਂ ਚਲਸੂੰ ਚਲਿਸ਼ਯਾਮਿ ਚਲਿਸਯਾਮ : (चलिष्यामि चलिष्याम)

ਆਗਿਆਰਥਕ ਕ੍ਰਿਆਭਾਵ (imperative mood)

(ਮੱਧਮ ਪੁਰਖ : ਇਕ ਵਚਨ)

ਪੰਜਾਬੀ	ਸੰਸਕ੍ਰਿਤ	ਪੰਜਾਬੀ	ਸੰਸਕ੍ਰਿਤ	ਪੰਜਾਬੀ	ਸੰਸਕ੍ਰਿਤ
ਤੂੰ ਕਰ	ਤੂੰ ਕੁਰੁ/ਕਰ	ਤੂੰ ਗੰਢ	ਤੂੰ ਗ੍ਰੰਥ	ਤੂੰ ਚੁੰਮ	ਤੂੰ ਚੁੰਬ
ਤੂੰ ਚਰ	ਤੂੰ ਚਰ	ਤੂੰ ਉਠ	ਤੂੰ ਉਤਿਸ਼ਠ	ਤੂੰ ਚੂਸ	ਤੂੰ ਚੂਸ਼
ਤੂੰ ਚਲ	ਤੂੰ ਚਲ	ਤੂੰ ਕੱਟ	ਤੂੰ ਕਰੱਤ	ਤੂੰ ਛਲ	ਤੂੰ ਛਲਯ
ਤੂੰ ਜਪ	ਤੂੰ ਜਪ	ਤੂੰ ਕੰਬ	ਤੂੰ ਕੰਪ	ਤੂੰ ਜਲ	ਤੂੰ ਜ੍ਵਲ
ਤੂੰ ਤਪ	ਤੂੰ ਤਪ	ਤੂੰ ਕੁੱਦ	ਤੂੰ ਕੂਰ੍ਦ	ਤੂੰ ਟੁੱਟ	ਤੂੰ ਤ੍ਰੁਟਯ
ਤੂੰ ਨਿੰਦ	ਤੂੰ ਨਿੰਦ	ਤੂੰ ਖਰ	ਤੂੰ ਕਸ਼ਰ	ਤੂੰ ਸਿੱਖ	ਤੂੰ ਸ਼ਿਕ੍ਸ਼
ਤੂੰ ਫਲ	ਤੂੰ ਫਲ	ਤੂੰ ਖਾਹ	ਤੂੰ ਖਾਦ	ਤੂੰ ਚੱਬ	ਤੂੰ ਚਰ੍ਵ
ਤੂੰ ਲਿਖ	ਤੂੰ ਲਿਖ	ਤੂੰ ਗੱਜ	ਤੂੰ ਗਾਰਜ	ਤੂੰ ਛਕ	ਤੂੰ ਚਸ਼
ਤੂੰ ਹਸ	ਤੂੰ ਹਸ	ਤੂੰ ਗੂੰਜ	ਤੂੰ ਗੁੰਜ	ਤੂੰ ਜਾਗ	ਤੂੰ ਜਾਗ੍ਰਿਹਿ

ਸੰਭਾਵਨਾਰਥ ਕ੍ਰਿਆਭਾਵ (Potential mood)

(ਪਹਿਲਾ ਪੁਰਖ : ਇਕਵਚਨ)

ਪੰਜਾਬੀ	ਸੰਸਕ੍ਰਿਤ	ਪੰਜਾਬੀ	ਸੰਸਕ੍ਰਿਤ
ਆਖੇ (ਉਹ ਆਖੇ)	ਆਖਯਾਯਾਤ੍ (आख्यायात्)	ਖਾਏ/ਖਾਵੇ(ਉਹ ਖਾਏ)	ਖਾਦੇਤ੍ (खादेत्)
ਉਛਲੇ(ਉਹ ਉੱਛਲੇ)	ਉੱਛਲੇਤ੍ (उच्छलेत्)	ਗੱਜੇ (ਉਹ ਗੱਜੇ)	ਗਰਜੇਤ੍ (गर्जेत्)
ਉਠੇ (ਉਹ ਉਠੇ)	ਉਤਿਸ਼੍ਠੇਤ੍ (उत्तिष्ठेत्)	ਘਸੇ (ਉਹ ਘਸੇ)	ਘਰਸ਼ੇਤ੍ (घर्षेत्)
ਕੰਬੇ (ਉਹ ਕੰਬੇ)	ਕੰਪੇਤ੍ (कम्पेत्)	ਡਸੇ (ਉਹ ਡਸੇ)	ਦੰਸ਼ੇਤ੍ (दंशेत्)
ਕੂਕੇ (ਉਹ ਕੂਕੇ)	ਕੂਜੇਤ੍ (कूजेत्)	ਤੱਕੇ (ਉਹ ਤੱਕੇ)	ਤਰ੍ਕਯੇਤ੍ (तर्कयेत्)
		ਤਾੜੇ (ਉਹ ਤਾੜੇ)	ਤਾਡਯੇਤ (ताडयेत्)

ਇਸ ਤਰ੍ਹਾਂ ਸੰਸਕ੍ਰਿਤ ਕ੍ਰਿਆਵਾਂ ਅਤੇ ਕ੍ਰਿਆਭਾਵਾਂ (moods) ਦੀਆਂ ਰੂਪਾਵਲੀਆਂ ਨੂੰ ਜੇਕਰ ਗਹੁ ਨਾਲ ਵੇਖੀਏ ਤਾਂ ਇਨ੍ਹਾਂ ਦੇ ਸਮਾਨਾਂਤਰ ਪੰਜਾਬੀ ਕ੍ਰਿਆ ਰੂਪ ਵੀ ਨਿਕਟ-ਮੌਲਿਕ ਅਤੇ ਤਦਭਵ ਸ਼ਕਲਾਂ ਵਿਚ ਮਿਲ ਜਾਂਦੇ ਹਨ ਜਿਹੜੇ ਕਿ ਇਨ੍ਹਾਂ ਜ਼ੇਰੇ-ਜ਼ਿਕਰ ਭਾਸ਼ਾਵਾਂ ਦੇ ਜਣਨਿਕ ਰਿਸ਼ਤਿਆਂ ਦੇ ਮੂੰਹ ਬੋਲਦੇ ਚਿੰਨ੍ਹ ਹਨ ।

ਬੰਦ ਸ਼ਬਦ-ਸ਼ਰੇਣੀਆਂ (Close categories)

ਪੰਜਾਬੀ ਅਤੇ ਸੰਸਕ੍ਰਿਤ ਦੀ ਰਚਨਾਤਮਕ ਬਣਤਰ (ਸੰਰਚਨਾ) ਅਤੇ ਕਾਰਜੀ ਵਿਧੀ-ਵਿਉਂਤ ਦੀ ਛਾਣ-ਬੀਣ ਕਰਨ ਤੋਂ ਬਾਅਦ ਇਹ ਤੱਥ ਨਿਤਰ ਕੇ ਸਾਹਮਣੇ ਆਉਂਦਾ ਹੈ ਕਿ ਪੈਤ੍ਰਿਕ ਭਾਸ਼ਾ "ਸੰਸਕ੍ਰਿਤ" ਅਤੇ ਆਧੁਨਿਕ ਭਾਸ਼ਾ "ਪੰਜਾਬੀ" ਵਿਚ ਆਪਸੀ ਸਾਂਝ ਸਮਾਨਤਾ ਦੇ ਦਾਇਰੇ ਜ਼ਿਆਦਾਤਰ ਕੋਸ਼ਾਤਮਕ ਮਦਾਂ (lexical items) ਵਿਚ ਹੀ ਉਪਲਬਧ ਹੁੰਦੇ ਹਨ । ਇਨ੍ਹਾਂ ਕੋਸ਼ੀ-ਮਦਾਂ ਵਿਚ ਨਾਂਵ, ਵਿਸ਼ੇਸ਼ਣ, ਕ੍ਰਿਆ, ਅਤੇ ਕ੍ਰਿਆ-ਵਿਸ਼ੇਸ਼ਣ ਸ਼ਾਮਲ ਹਨ । ਕੋਸ਼ਾਤਮਕ ਮਦਾਂ ਨੂੰ "ਮੁਕਤ" (open) ਸ਼ਰੇਣੀਆਂ ਕਿਹਾ ਜਾਂਦਾ ਹੈ ਅਤੇ ਦੂਜੇ ਪਾਸੇ ਇਸ ਦੇ ਮੁਕਾਬਲੇ ਤੇ "ਬੰਦ" (close) ਸ਼ਰੇਣੀਆਂ ਹਨ ਜਿਵੇਂ ਪੜਨਾਂਵ, ਯੋਜਕ, ਸੰਬੰਧਕ,

ਨਿਪਾਤ ਆਦਿ । ਪੰਜਾਬੀ ਦੀਆਂ ਬੰਦ ਸ਼ਬਦ *ਸ਼ਰੇਣੀਆਂ ਦੇ ਦਾਇਰੇ ਆਧੁਨਿਕ ਜਾਂ ਉੱਤਰ-ਅਪਭ੍ਰੰਸ਼ ਯੁਗ ਦੀ ਪੈਦਾਵਾਰ ਹੋਣ ਕਰਕੇ ਪੈਤ੍ਰਿਕ ਪੂਰਵਜ ਭਾਸ਼ਾ ਨਾਲ ਖ਼ਾਸ ਮੇਲ ਰਖਦੇ ਪ੍ਰਤੀਤ ਨਹੀਂ ਹੁੰਦੇ । ਇਸ ਦਾ ਕਾਰਣ ਇਹ ਹੈ ਕਿ ਸੰਸਕ੍ਰਿਤ ਵਾਲੀ ਸੰਜੋਗਾਤਮਕ ਪ੍ਰਵਿਰਤੀ ਜਦੋਂ ਪੰਜਾਬੀ ਦੀ ਵਿਜੋਗਾਤਮਕ ਪ੍ਰਵਿਰਤੀ ਵਿਚ ਰੂਪਾਂਤਰਤ ਹੁੰਦੀ ਹੈ ਉਦੋਂ ਪੰਜਾਬੀ ਦੇ ਖ਼ਾਸ ਖ਼ਾਸ ਬੁਨਿਆਦੀ ਉਪਲੱਛਣ ਪੰਜਾਬੀ ਦੀਆਂ ਇਨ੍ਹਾਂ ਬੰਦ ਸ਼ਬਦ-ਸ਼ਰੇਣੀਆਂ ਚੋਂ ਝਲਕਦੇ ਹਨ ਅਤੇ ਇਹੋ ਪੰਜਾਬੀ ਦੇ ਵਿਸ਼ੇਸ਼ ਪਛਾਣ ਚਿੰਨ੍ਹ ਹਨ । ਇਸ ਲਈ ਯੋਜਕਾਂ, ਸੰਬੰਧਕਾਂ, ਵਿਸਮਕਾਂ, ਨਿਪਾਤਾਂ ਆਦਿ ਦੇ ਭਾਸ਼ਾਗਤ ਦਾਇਰਿਆਂ ਦਾ ਪੂਰਵਜ ਪੈਤ੍ਰਿਕ ਭਾਸ਼ਾ ਦੇ ਸਮਾਨਾਂਤਰ ਦਾਇਰਿਆਂ ਨਾਲ ਟਾਕਰਾ/ਤੁਲਨਾ ਕਰਨੀ ਬਹੁਤੀ ਸੰਭਵ ਪ੍ਰਤੀਤ ਨਹੀਂ ਹੁੰਦੀ । ਫੇਰ ਵੀ ਬੰਦ ਸ਼ਰੇਣੀਆਂ ਵਿਚ ਸੰਸਕ੍ਰਿਤ ਸਮਰੂਪਤਾਵਾਂ ਦੀ ਕਿਤੇ ਕਿਤੇ ਪਛਾਣ ਕੀਤੀ ਜਾ ਸਕਦੀ ਹੈ ਜਿਸ ਦੀਆਂ ਕੁਝ ਵੰਨਗੀਆਂ ਬੜੀਆਂ ਦਿਲਚਸਪ ਹਨ । ਇਨਾਂ ਵੰਨਗੀਆਂ ਵਿਚ ਕ੍ਰਿਆ ਵਿਸ਼ੇਸ਼ਣ ਦੀਆਂ ਵੰਨਗੀਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ ।

ਪੰਜਾਬੀ ਤੇ ਸੰਸਕ੍ਰਿਤ ਦੇ ਅਵਿਐ ਤੁਲਨਾਮੂਲਕ ਤਾਲਿਕਾ

ਪੰਜਾਬੀ : ਸੰਸਕ੍ਰਿਤ	*ਪੰਜਾਬੀ : ਸੰਸਕ੍ਰਿਤ*	*ਪੰਜਾਬੀ : ਸੰਸਕ੍ਰਿਤ*
ਜਦ :ਯਦਾ=(यदा)	ਜਿੱਥੇ :ਯਤ੍ਰ=(यत्र)	ਇੰਦਾਂ :ਇੱਥੰ=(इत्थं/इत्था)
ਕਦ :ਕਦਾ=(कदा)	ਕਿੱਥੇ :ਕੁਤ੍ਰ=(कुत्र)	ਕਿੰਦਾਂ :ਕਥੰ=(कथं)
ਤਦ :ਤਦਾ=(तदा)	ਇੱਥੇ :ਅਤ੍ਰ=(अत्र)	ਜਿੰਦਾਂ :ਯਥਾ=(यथा)
ਸਦਾ :ਸਦਾ=(सदा)	ਤਿੱਥੇ :ਤਤ੍ਰ=(तत्र)	ਉੱਦਾਂ :ਅਮੁਥਾ=(अमुथा)
ਚਿਰ : ਚਿਰੰ=(चिरं)	ਉਥੇ :ਤਤ੍ਰ=(तत्र)	ਧ੍ਰਿਗ : ਧਿਕ=(धिक्)
ਬਿਰਥਾ :=(वृथा)	ਨਾਨਾ :ਨਾਨਾ=(नाना)	ਨ :ਨ=(न)
ਬਿਨਾ :ਵਿਨਾ=(विना)	ਮਿਥਿਆ :ਮਿਥਯਾ=(मिथ्या)	ਨਹੀਂ :ਨਹਿ=(न हि)
ਉੱਚਾ :ਉਚੈ:=(उच्चै:)	ਅੱਜ :ਅਦਯ=(अद्य)	ਹੁਣ :ਅਧੁਨਾ=(अधुना)
ਏਹ :ਏਸ਼=(एष:)	ਹੇਠਾ :ਅਧ:=(अध:/अधस्)	ਹੁਣੇਈ ਅਧੁਨਾ-ਏਵ=(अधुना एव)
ਬਾਹਰ :ਬਹਿਰ=(बहिर्)	ਉੱਪਰ :ਉਪਰਿ=(उपरि)	ਸਹਿ :ਸਹ=(सह)
ਨਿੱਤ :ਨਿਤਯੰ=(नित्यं)	ਅੱਗੇ :ਅਗ੍ਰ/ਅਗ੍ਰੇ=(अग्र/अग्रे)	ਦੂਰ :ਦੂਰੰ=(दूरं)
ਪਿੱਛੇ :ਪਸ਼ਚਾਤ=(पश्चात्)	ਪੂਰਬ :ਪੂਰਵੰ=(पूर्वम्)	ਕਿਉਂ :ਕਿਮ=(किम्)
ਜੇ/ਜਦਿ :ਯਦਿ=(यदि)	ਸਾਖਿਆਤ :ਸਾਕਸ਼ਾਤ=(साक्षात्)	ਇਉਂ :ਏਵੰ=(एवं)
ਅਤਿ/ਅਤੀ :ਅਤਿ=(अति)	ਤਾਂ ਤਤ:/ਤਤ=(तत:/तत्)	ਤਿੱਦਾਂ :ਤਥਾ=(तथा)
ਅਹਾ/ਆਹਾ :ਅਹਹ=(अहह)	ਵੀ/ਭੀ :ਅਪਿ=(अपि)	ਅਵੱਸ਼:ਅਵਸ਼ਯੰ=(अवश्यम्)
ਝੱਟ :ਝਟਿਤਿ=(झटिति)	ਕੁਝ/ਕੁਛ :ਕਿੰਚਿਤ=(किंचित्)	ਕੇਵਲ :ਕੇਵਲੰ=(केवलम्)
ਪਰ/ਪਰੰਤੂ :ਪਰੰਤੁ=(परन्तु)	ਕਿੱਥੋਂ :ਕੁਤ:=(कुत:)	ਨੀਚੇ :ਨੀਚੈ:=(नीचै:)
	ਜਾਂ :ਯਤ=(यत्)	ਪਰੂੰ :ਪਰੰ=(परम्)
	ਤਾਂ :ਤੁ=(तु)	ਪਰਾਰ :ਪਰਾਰਿ=(परारि)

ਨੋਟ : * ਬੰਦ ਸ਼ਬਦ-ਸ਼ਰੇਣੀਆਂ (close categories) ਦੇ ਸੰਕਲਪ ਨਾਲ ਮਿਲਦਾ-ਜੁਲਦਾ ਸੰਸਕ੍ਰਿਤ ਪਾਰਿਭਾਸ਼ਕ ਸ਼ਬਦ 'ਅਵਿਐ' (अव्यय) ਹੈ, ਇਸ ਦਾ ਅੰਗਰੇਜ਼ੀ ਪਰਿਆਏ indeclinable ਹੈ । ਪਾਣਿਨੀ ਵਿਆਕਰਣ ਵਿਚ ਭੱਟੋਜੀ ਦੀਕਸ਼ਿਤ ਨੇ ਅਵਿਐ ਦੀ ਪਰਿਭਾਸ਼ਾ ਦਿੱਤੀ ਹੈ ਕਿ ਜੋ ਤਿੰਨਾ ਲਿੰਗਾਂ, ਤਿੰਨਾ ਵਚਨਾ ਅਤੇ ਸਾਰੀਆਂ ਵਿਭਕਤੀਆਂ ਵਿਚ ਇਕੋ ਜਿਹਾ ਰਹਿੰਦਾ ਹੈ ਉਹ ਅਵਿਐ ਹੈ । ਮੂਲ ਟੈਕਸਟ ਇਉਂ ਹੈ :

"सदृशं त्रिषु लिङ्गेषु सर्वासु च विभक्तिषु।
वचनेषु च सर्वेषु यन् न व्येति तदव्ययम्।"

ਪੰਜਾਬੀ ਸ਼ਬਦ ਕੋਸ਼ (Lexicon) : ਜਿਥੋਂ ਤਕ ਪੰਜਾਬੀ ਸ਼ਬਦ ਕੋਸ਼ ਜਾਂ ਡਿਕਸ਼ਨਰੀ ਮੱਦਾਂ ਦੀ ਸਥਿਤੀ ਹੈ ਇਸ ਸੰਦਰਭ ਵਿਚ ਡਾ. ਪਾਰਾਸ਼ਰ [1990 : 101] ਦੀ ਸਾਰਭੂਤ ਟਿੱਪਣੀ ਬੜੀ ਸਾਰਥਕ ਹੈ । ਪਾਰਾਸ਼ਰ ਦਾ ਪ੍ਰਵਚਨ ਹੈ "ਇਸ ਵਕਤ ਮੌਜੂਦਾ ਯੁਗ ਵਿਚ ਜਿੰਨੀਆਂ ਵੀ ਆਰੀਆ ਭਾਸ਼ਾ-ਪਰਿਵਾਰ ਦੀਆਂ ਬੋਲੀਆਂ ਤੇ ਉਪ-ਬੋਲੀਆਂ ਦੁਨੀਆਂ ਵਿਚ ਬੋਲੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ ਜਿਹੜੀ ਹੋਰਨਾ ਭਾਸ਼ਾਵਾਂ ਦੇ ਮੁਕਾਬਲੇ ਵਿਚ ਸੰਸਕ੍ਰਿਤ ਨਾਲ ਅਤਿ ਨਿਕਟੀ ਰਿਸ਼ਤਾ ਰਖਦੀ ਹੈ । ਭਾਰਤ ਦੀਆਂ ਬਾਕੀ ਆਰੀਆ ਭਾਸ਼ਾਵਾਂ ਵਿਚ ਸਿਧੇ ਸੰਸਕ੍ਰਿਤ ਵਿਚੋਂ ਹੀ ਲੈ ਕੇ ਵਰਤੇ ਜਾ ਰਹੇ ਸ਼ਬਦਾਂ ਦੀ ਭਰਮਾਰ ਹੈ ਜਦੋਂ ਕਿ ਪੰਜਾਬੀ ਵਿਚ ਸੰਸਕ੍ਰਿਤ ਦੇ ਸ਼ਬਦਾਂ ਦਾ ਮਾਂਜ-ਸੰਵਾਰ ਕੇ ਚਮਕਿਆ ਹੋਇਆ ਪਰ ਕੁਝ ਬਦਲੀ ਹੋਈ ਸ਼ਕਲੋ ਸੂਰਤ ਵਾਲਾ (nativised) ਰੂਪ ਸਾਡੇ ਸਾਹਮਣੇ ਆਉਂਦਾ ਹੈ । ਪੰਜਾਬੀ ਸ਼ਬਦਾਂ ਦਾ ਇਹ ਕੁਦਰਤਨ ਵਿਗਸਿਆ ਹੋਇਆ ਰੂਪ ਲਲਕਾਰ ਤੇ ਵੰਗਾਰ ਕੇ ਆਪਣੀ ਪੁਰਾਤਨ-ਮੁਖਤਾ ਅਤੇ ਪ੍ਰਾਚੀਨਤਾ ਨੂੰ ਸਾਬਤ ਕਰ ਰਿਹਾ ਹੈ ।"

ਉਪਸੰਹਾਰ : ਪੰਜਾਬੀ ਭਾਸ਼ਾ ਵੈਦਿਕ ਭਾਸ਼ਾ/ਸੰਸਕ੍ਰਿਤ ਦੀ ਵਾਰਸ ਹੈ

ਇਸ ਸੁਦੀਰਘ ਚਰਚਾ ਤੋਂ ਅਸੀਂ ਇਸ ਨਿਰਣਯ ਤੇ ਪਹੁੰਚਦੇ ਹਾਂ ਕਿ ਪੰਜਾਬੀ ਦਾ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਨਾਲ ਬਹੁਤ ਸੰਘਣਾ ਜਣਨਿਕ ਰਿਸ਼ਤਾ ਪ੍ਰਤੱਖ ਹੁੰਦਾ ਹੈ । ਇਸ ਨਿਰਣਯ ਦੀ ਤਸਦੀਕ ਤੇ ਪ੍ਰਮਾਣਿਕਤਾ ਤਿੰਨ ਕਿਸਮ ਦੇ ਮਾਨਦੰਡਾਂ ਅਰਥਾਤ, 1. ਜਨੈਟਿਕ, 2. ਸੰਰਚਨਾਤਮਕ, ਅਤੇ 3. ਇਤਿਹਾਸਿਕ-ਕਾਲਕ੍ਰਮਿਕ ਤੋਂ ਪੂਰਨ ਭਾਂਤ ਪਰਿਪੁਸ਼ਟ ਹੁੰਦੀ ਹੈ ਜਿਨ੍ਹਾਂ ਦਾ ਵਿਵੇਚਨ ਅਸੀਂ ਹੁਣੇ ਹੀ ਪਿੱਛੇ ਕਰ ਆਏ ਹਾਂ ।

ਅੰਤ ਵਿਚ ਇਸ ਸਮੁੱਚੀ ਤਰਕ-ਪ੍ਰਣਾਲੀ ਨੂੰ ਇਉਂ ਵੀ ਪੇਸ਼ ਕੀਤਾ ਜਾ ਸਕਦਾ ਹੈ । ਅੱਜ ਕੱਲ ਦੀ ਜਿਹੜੀ ਪੰਜਾਬੀ ਭਾਸ਼ਾ ਹੈ ਉਸੇ ਦਾ ਹੀ ਪੂਰਵ-ਵਰਤੀ ਸਰੂਪ ਵੈਦਿਕ ਭਾਸ਼ਾ ਅਤੇ ਲੌਕਿਕ ਸੰਸਕ੍ਰਿਤ ਹੈ ਅਤੇ ਜਿਹੜੀ ਪੰਜਾਬੀ ਕਾਲਾਂਤਰ ਵਿਚ ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾ ਦੀ ਸ਼ਕਲ ਅਖਤਿਆਰ ਕਰਦੀ ਹੋਈ ਅਜੋਕੀ ਸਮਕਾਲੀਨ ਅਵਸਥਾ ਨੂੰ ਪ੍ਰਾਪਤ ਹੋਈ ਹੈ । ਤਦੇ ਹੀ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਭਾਸ਼ਾ ਹੀ ਵੈਦਿਕ ਭਾਸ਼ਾ ਦੀ ਵਾਰਸ ਹੈ ਅਤੇ ਪੰਜਾਬੀ ਹੀ ਆਪਣੇ ਪੁਰਾਤਨ ਸਰੂਪ ਵਿਚ ਪਾਣਿਨੀ ਵਿਆਕਰਣ ਦੀ ਕੇਂਦਰੀ ਤੇ ਟਕਸਾਲੀ ਆਧਾਰ-ਭਾਸ਼ਾ ਸੀ ਜੋ ਪਾਣਿਨੀਕਾਲੀਨ ਵਿਦਿਅਕ ਦੇ ਸ਼ਾਸਤ੍ਰਿਕ ਪ੍ਰਣਾਲੀ ਦਾ ਮਾਧਿਅਮ ਬਣਦੀ ਰਹੀ । ਭਾਵੇਂ ਬਾਅਦ ਵਿਚ ਅਸ਼ੋਕ ਕਾਲੀਨ ਪੰਜਾਬੀ ਅਤੇ ਬੋਧ ਯੁਗ ਤੇ ਜੈਨ ਯੁਗ ਦੀ ਪੰਜਾਬੀ, ਪ੍ਰਾਕ੍ਰਿਤ ਭਾਸ਼ਾ ਵਾਲੇ ਚਿੰਨ੍ਹਾਂ ਤੇ ਉਪਲੱਛਣਾਂ ਦੀਆਂ ਵਿਲੱਖਣਤਾਵਾਂ ਨੂੰ ਸਮੋਂਦੇ ਨਿਰੰਤਰ ਵਿਕਾਸ ਕਰਦੀ ਰਹੀ ਹੈ । ਇਸ ਦ੍ਰਿਸ਼ਟੀ ਤੋਂ ਪੰਜਾਬੀ ਵਿਚ ਪ੍ਰਾਕ੍ਰਿਤਵਾਦ ਦੀ ਝਲਕ ਮੁਤਵਾਤਰ ਕਾਇਮ ਹੈ ।

ਇਸ ਸਿਧਾਂਤਕ ਮਾਨਤਾ ਤੇ ਧਾਰਣਾ ਅਧੀਨ ਜੇ ਇਹ ਕਿਹਾ ਜਾਵੇ ਕਿ ਪੰਜਾਬੀ ਭਾਸ਼ਾ ਆਧੁਨਿਕ ਯੁਗ ਦੀ ਪ੍ਰਾਕ੍ਰਿਤ ਹੀ ਹੈ ਤਾਂ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਪੰਜਾਬੀ ਵਿਚ ਅੱਜ ਵੀ ਤੇ ਅਜੇ ਵੀ ਪ੍ਰਾਕ੍ਰਿਤ ਭਾਸ਼ਾ/ਭਾਸ਼ਾਵਾਂ ਵਾਲੇ ਧੁਨੀ-ਵਿਗਿਆਨਿਕ, ਧੁਨੀਆਤਮਕ, ਰੂਪਾਤਮਕ ਤੇ ਵਿਭਕਤੀ-ਮੂਲਕ ਰੂਪਾਂਤਰਣ ਝਲਕ ਰਹੇ ਹਨ । ਪਰ ਇਕ ਗੱਲ ਬੜੀ ਅਹਿਮ ਹੈ ਕਿ ਇਨ੍ਹਾਂ ਰੂਪਾਂਤਰਣਾਂ ਅਤੇ ਪਰਿਵਰਤਨਾਂ ਦਾ ਜੇਕਰ ਪੁਨਰ ਨਿਰਮਾਣ (reconstruction) ਕਰ ਕੇ ਵੇਖੀਏ ਤਾਂ ਇਨ੍ਹਾਂ ਦੀ ਤਹਿ ਹੇਠਾਂ ਪੰਜਾਬੀ ਦੀ

ਜਿਹੜੀ ਖੇਮਿਕ, ਨੇਟਿਵ ਤੇ ਆਦਿਮ ਭਾਸ਼ਕ ਸਥਿਤੀ ਉਤਰਦੀ ਹੈ ਉਹ ਨਿਸਚੇ ਹੀ ਸੰਸਕ੍ਰਿਤ-ਮੂਲਕ ਹੈ । ਇਸ ਸੰਦਰਭ ਵਿਚ ਡਾ. ਸੁਨੀਤੀ ਕੁਮਾਰ ਚੈਟਰਜੀ [1955 : 56] ਡਾ ਭੋਲਾਨਾਥ ਤਿਵਾਰੀ [1057 : 142], ਡਾ. ਮੋਹਨ ਸਿੰਘ ਦੀਵਾਨਾ [1954] ਡਾ ਸ਼ਿਆਮ ਦੇਵ ਪਾਰਾਸ਼ਰ [1990 : 197] ਅਤੇ ਡਾ. ਪਾਂਡੂਰੰਗ ਦਾਮੋਦਰ ਗੁਣੇ [1955] ਆਦਿ ਭਾਸ਼ਾ-ਚਿੰਤਕਾਂ ਦੀ ਸਿਧਾਂਤਕ ਧਾਰਣਾ ਹੈ ਕਿ ਪੰਜਾਬੀ ਸੰਸਕ੍ਰਿਤ-ਮੂਲਕ ਭਾਸ਼ਾ ਹੈ ।

ਹਵਾਲੇ ਅਤੇ ਟਿੱਪਣੀਆਂ

ਸਰੋਤ Sources :

1. T. Burrow [1962] *The Sanskrit Language*, London.
2. George Griersan [1926) *Linguistic Survey of India.*
3. S. K. Chatterjee [1975) *Origin and Development of Bengali Language*, Calcutta
4. P. D. Gune [1950] *An Introduction to Comparative Philology*, Poona.
5. A. A. Macdonell [1916] *A Vedic Grammar for Students*, London.
6. B. K. Ghosh [1937] *Linguistic Introduction to Sanskrit*, Calcutta.
7. श्यामदेव पाराशर [१९९०] *संस्कृत तथा पञ्जाबी के सम्बन्ध*, वि. वैदिक शोध संस्थान, होश्यारपुर।
8. भोलाशंकर व्यास [१९५७] *संस्कृत का भाषाशास्त्रीय अध्ययन*,भारतीय ज्ञानपीठ, काशी।
9. उदय नारायण तिवारी [१९५५] *हिन्दीभाषा का उद्गम और विकास*, भारती भंडार, प्रयाग
10. सुनीति कुमार चाटुर्ज्या [१९५४] *भारतीय आर्य भाषा और हिन्दी*, राजकमल प्रकाशन, पटना।
11. R.G. Bhandarkar *Willson's Philological Lectures*, Poona.
12. A.B. Keith [1941] *History of Sanskrit Literature*, Cambridge.
13. M.M. Williams *Sanskrit-English Dictionary*, London.
14. Huddleston [1988] *English Grammar An Outline*, Cambridge

ਖੰਡ ਚਾਰ

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਅਤੇ ਪੰਜਾਬੀ

ਅਧਿਆਏ 4 : 1

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੀ ਪ੍ਰਾਰੰਭਿਕ ਭੂਮਿਕਾ

ਅਧਿਆਏ 4 : 2

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ : ਪਹਿਲੀ ਉਪ-ਅਵਸਥਾ
(ਪਾਲੀ ਪ੍ਰਾਕ੍ਰਿਤ)

ਅਧਿਆਏ 4 : 3

ਅਸ਼ੋਕੀ ਪਾਲੀ ਤੇ ਸਿਲਾਲੇਖੀ ਪਾਲੀ

ਅਧਿਆਏ 4 : 4

ਪਾਲੀ ਪ੍ਰਾਕ੍ਰਿਤ ਅਤੇ ਪੰਜਾਬੀ ਭਾਸ਼ਾ

ਅਧਿਆਏ 4 : 5

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ : ਦੂਜੀ ਉਪ-ਅਵਸਥਾ
(ਸਾਹਿਤਿਕ ਪ੍ਰਾਕ੍ਰਿਤਾਂ)

ਅਧਿਆਏ 4 : 6

ਪ੍ਰਾਕ੍ਰਿਤ ਭਾਸ਼ਾਵਾਂ ਦੇ ਸਾਮਾਨਯ ਲੱਛਣ

ਅਧਿਆਏ 4 : 7

ਪ੍ਰਮੁਖ ਪ੍ਰਾਕ੍ਰਿਤਾਂ ਦੀ ਭਾਸ਼ਾਗਤ ਜਾਣ-ਪਛਾਣ

ਅਧਿਆਏ 4 : 8

ਲਘੂ ਪ੍ਰਾਕ੍ਰਿਤਾਂ ਦੀ ਪਛਾਣ-ਸਥਾਪਨਾ

ਅਧਿਆਏ 4

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੀ ਪ੍ਰਾਰੰਭਿਕ ਭੂਮਿਕਾ

ਪੰਜਾਬੀ ਭਾਸ਼ਾ ਦੇ ਪ੍ਰਜਨਨ ਸਰੋਤ ਦੀ ਪਛਾਣ ਸਥਾਪਿਤ ਕਰਨ ਦੇ ਉਦੇਸ਼ ਨਾਲ ਪਿਛਲੇ ਅਧਿਆਏ ਵਿਚ ਭਾਰਤੀ ਆਰੀਆ ਭਾਸ਼ਾ ਦੇ ਆਦਿ ਕਾਲ (ਵੈਦਿਕ ਯੁਗ) ਦਾ ਜਿਹੜਾ ਇਤਿਹਾਸਕ ਪਰਿਪੇਖ ਵਰਣਨ ਕੀਤਾ ਗਿਆ ਹੈ ਉਸ ਦੇ ਅੰਤਰਗਤ :

1 ਵੈਦਿਕ ਭਾਸ਼ਾ ਅਤੇ ਲੌਕਿਕ ਸੰਸਕ੍ਰਿਤ ਦਾ ਭਾਸ਼ਾਗਤ ਪਰਿਚੈ ।
2 ਵੈਦਿਕ ਤੇ ਲੌਕਿਕ ਸੰਸਕ੍ਰਿਤ ਵਿਚ ਆਪਸੀ ਵਖਰੇਵੇਂ, ਅਤੇ
3 ਪੰਜਾਬੀ ਅਤੇ ਵੈਦਿਕ/ਲੌਕਿਕ ਸੰਸਕ੍ਰਿਤ ਦੇ ਜਣਨਿਕ ਸੰਬੰਧ ।

ਆਦਿ ਵਿਭਿੰਨ ਵਿਸ਼ਿਆਂ ਬਾਰੇ ਵਿਸਤ੍ਰਿਤ ਚਰਚਾ ਪੇਸ਼ ਕੀਤੀ ਗਈ ਹੈ । ਹੁਣ ਏਥੇ ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਵੈਦਿਕ/ਲੌਕਿਕ ਸੰਸਕ੍ਰਿਤ ਦੇ ਅਗਲੇ ਉੱਤਰਵਰਤੀ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੇ ਵਿਕਾਸ ਦੀ ਚਰਚਾ ਕੀਤੀ ਜਾਵੇਗੀ ਤਾਂ ਜੋ *ਪੰਜਾਬੀ ਭਾਸ਼ਾ ਦੀ ਪੂਰਵਵਰਤੀ ਪਿੱਠ-ਭੂਮੀ* (back ground) ਦਾ ਜਾਇਜ਼ਾ ਲਿਆ ਜਾ ਸਕੇ । ਇਸ ਸੰਬੰਧ ਵਿਚ ਏਥੇ ਪਹਿਲਾ *ਮੱਧਕਾਲੀਨ ਭਾਰਤੀ ਆਰੀਆ ਭਾਸ਼ਾ* ਦੇ ਵਿਭਿੰਨ ਰੂਪਾਂ ਦਾ ਪਰਿਚੈ ਪ੍ਰਸਤੁਤ ਕੀਤਾ ਜਾਂਦਾ ਹੈ ਅਤੇ ਇਸ ਤੋਂ ਉਪਰੰਤ ਪੰਜਾਬੀ ਭਾਸ਼ਾ ਨਾਲ ਇਨ੍ਹਾਂ ਮੱਧਕਾਲੀਨ ਆਰੀਆ ਭਾਸ਼ਾ/ਭਾਸ਼ਾਵਾਂ ਦੀ ਤੁਲਨਾ/ਟਾਕਰਾ ਅਤੇ ਭਾਸ਼ਾਗਤ ਸੰਬੰਧਾਂ ਦਾ ਵਰਣਨ ਦਿੱਤਾ ਜਾਵੇਗਾ । ਸਭ ਤੋਂ ਪਹਿਲਾਂ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦਾ ਰੇਖਾ-ਚਿੱਤਰ ਦਿੱਤਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਇਨ੍ਹਾਂ ਭਾਸ਼ਾਵਾਂ ਦਾ ਵਰਣਨ ਤੇ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਜਾਵੇਗਾ ।

ਮੱਧ ਕਾਲੀਨ ਭਾਰਤੀ ਆਰੀਆ ਦੇ ਵਿਭਿੰਨ ਰੂਪਾਂ ਦਾ ਰੇਖਾ-ਚਿਤਰ

ਪਾਲੀ ਪ੍ਰਾਕ੍ਰਿਤ	ਸਾਹਿਤਿਕ ਪ੍ਰਾਕ੍ਰਿਤਾਂ	ਅਪਭ੍ਰੰਸ਼ ਭਾਸ਼ਾਵਾਂ
ਅਸ਼ੋਕੀ ਪਾਲੀ (600 ਪੂ. ਈ. — ਪਹਿਲੀ ਸਦੀ ਈ.)	ਅਰਥਾਤ ਸ਼ੌਰਸੈਨੀ, ਮਾਗਧੀ, ਅਰਧ ਮਾਗਧੀ, ਮਹਾਰਾਸ਼ਟਰੀ, ਪੈਸ਼ਾਚੀ (ਪ੍ਰਮੁਖ ਪ੍ਰਾਕ੍ਰਿਤਾਂ) ਗੌਣ ਪ੍ਰਾਕ੍ਰਿਤਾਂ : ਕੈਕਈ, ਮਦ੍ਰ ਪਾਕ੍ਰਿਤ, ਟੱਕ, ਲਾਟੀ, ਆਵੰਤੀ, ਖਸ ਪ੍ਰਾਕ੍ਰਿਤ । (ਪਹਿਲੀ ਸਦੀ ਈ. -600 ਈ.)	ਅਰਥਾਤ : ਮਹਾਰਾਸ਼ਟਰੀ ਅਪ., ਮਾਗਧੀ ਅਪ., ਅਰਧ-ਮਾਗਧੀ ਅਪ., ਸ਼ੌਰਸੈਨੀ ਅਪ., ਪੈਸ਼ਾਚੀ ਅਪ., ਲਾਟੀ ਸੌਰਾਸ਼ਟਰੀ, ਆਭੀਰੀ, ਆਵੰਤੀ, ਉਪਨਾਗਰ, ਵ੍ਰਾਚੜ, ਖਸ (ਦਾਰਦਿਕ) ਕੈਕੇਈ ਅਪ., ਮਦ੍ਰ, ਟੱਕ, ਔਤਕਲ, ਗੌੜ, ਗੱਜਰ, ਮਰੂ ਅਪਭ੍ਰੰਸ਼ । (600 ਈ. — 1000 ਈ.)

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦਾ ਕਾਲ-ਕ੍ਰਮਿਕ ਵਿਕਾਸ

ਭਾਰਤੀ ਆਰੀਆ ਭਾਸ਼ਾ ਦੇ ਇਤਿਹਾਸਿਕ ਪਰਿਪੇਖ ਵਿਚ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਬਾਰੇ ਜਿਹੜੀ ਵਿਕਾਸਾਤਮਕ ਚਰਚਾ ਪਿਛਲੇ ਅਧਿਆਏ ਵਿਚ ਕੀਤੀ ਗਈ ਹੈ ਉਸ ਦੀ ਪੁਨਰ-ਸਮ੍ਰਿਤੀ ਵਜੋਂ ਏਥੇ ਉਸ ਦਾ ਸਾਰਾਂਸ਼ ਅਤੇ ਉਸ ਦਾ ਅਗਲਾ ਪਰਵਰਤੀ ਵਿਕਾਸ ਨਿਰੂਪਣ ਕੀਤਾ ਜਾਂਦਾ ਹੈ। ਭਾਰਤੀ ਆਰੀਆ ਭਾਸ਼ਾ ਦੇ ਪ੍ਰਥਮ ਤੇ ਪ੍ਰਾਚੀਨ ਰੂਪ ਦੇ ਪ੍ਰਤੀਨਿਧ ਗੌਰਵ ਗ੍ਰੰਥ "ਰਿਗਵੇਦ ਸੰਹਿਤਾ"* ਦੇ ਸਾਰੇ ਮੰਡਲਾਂ, ਸੂਕਤਾਂ ਅਤੇ ਮੰਤ੍ਰਾਂ ਦੀ ਰਚਨਾਤਮਕ ਉਪਲਬਧੀ ਇਕੋ ਵੇਲੇ ਨਹੀਂ ਹੋਈ ਸੀ। ਇਸ ਲਈ ਕਾਲਗਤ ਵਖਰੇਵੇਂ ਦੇ ਨਾਲ ਨਾਲ ਉਨ੍ਹਾਂ ਰਿਗਵੈਦਿਕ ਸੂਕਤਾਂ ਵਿਚ ਭਾਸ਼ਾਗਤ ਵਖਰੇਵਾਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਰਿਗਵੇਦ ਦੇ ਦਸਾਂ ਮੰਡਲਾਂ ਵਿਚੋਂ ਅਖੀਰਲੇ ਦਸਵੇਂ ਮੰਡਲ ਦੀ ਭਾਸ਼ਾ ਪਹਿਲੇ ਨੌਂ ਮੰਡਲਾਂ ਦੀ ਭਾਸ਼ਾ ਨਾਲੋਂ ਕਈਆਂ ਗੱਲਾਂ ਵਿਚ ਵੱਖਰੀ ਹੈ। ਦਸ਼ਮ ਮੰਡਲ ਵਿਚ /ਰ/ ਧੁਨੀ ਦੀ ਥਾਂ /ਲ/ ਧੁਨੀ ਦਾ ਪ੍ਰਯੋਗ ਵਧੇਰੇ ਪਾਇਆ ਜਾਂਦਾ ਹੈ। ਪ੍ਰਾਚੀਨ ਭਾਸ਼ਾ ਦੇ /-ਰਭੰ, ਰੋਮਨ-/ ਧੁਨੀ ਸੰਜੋਗ (ਗੁੱਛੇ) ਦਸਵੇਂ ਮੰਡਲ ਵਿਚ ਆਕੇ /ਲਭ -,ਲੋਮਨ -/ ਰੂਪ ਵਿਚ ਰੂਪਾਂਤਰਿਤ ਹੋ ਗਏ ਸਨ। ਇਉਂ ਨੌਂ ਮੰਡਲਾਂ ਦੀ ਭਾਸ਼ਾ ਪਹਿਲਾਂ ਦੀ ਪੂਰਵ-ਵਰਤੀ ਹੈ, ਅਤੇ ਦਸ਼ਮ-ਮੰਡਲ ਦੀ ਭਾਸ਼ਾ ਮਗਰਲੀ ਉੱਤਰ-ਵਰਤੀ ਹੈ।

ਅਗਲੀਆਂ ਵੈਦਿਕ ਸੰਹਿਤਾਵਾਂ–ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ–ਦੀ ਭਾਸ਼ਾ ਤਾਂ ਹੋਰ ਵੀ ਬਾਅਦ ਦੀ ਹੈ। ਵੈਦਿਕ ਸੰਹਿਤਾਵਾਂ ਦੀ ਭਾਸ਼ਾ ਕਾਵਿ-ਭਾਸ਼ਾ ਹੋਣ ਕਰਕੇ ਤਤਕਾਲੀਨ ਬੋਲਚਾਲ ਦੀ ਭਾਸ਼ਾ ਤੋਂ ਅਵੱਸ਼ ਵੱਖਰੀ ਸੀ। ਪਰੰਤੂ "ਆਰਣਯਕ ਗ੍ਰੰਥ" ਤੇ "ਬ੍ਰਾਹਮਣ-ਗ੍ਰੰਥ" ਵਾਰਤਕ ਵਿਚ ਲਿਖੇ ਹੋਣ ਕਰਕੇ ਇਨ੍ਹਾਂ ਦੀ ਭਾਸ਼ਾ ਬੋਲਚਾਲੀ ਭਾਸ਼ਾ-ਵੰਨਗੀ ਦੇ ਨੇੜੇ ਸੀ। ਵੈਦਿਕ ਸਾਹਿੱਤ ਦੇ ਰਚਨਾ-ਯੁਗ ਤਕ ਆਰੀਆਂ ਦਾ ਨਿਵਾਸ-ਕੇਂਦਰ ਬਹੁਤਾ ਕਰਕੇ ਸਪਤਸਿੰਧੂ (ਸੱਤਾਂ ਨਦੀਆਂ ਦਾ ਦੇਸ਼ = ਪੰਜਾਬ) ਸੀ। ਰਿਗਵੇਦ ਦੇ ਬਹੁਤੇ ਮੰਤਰ (the bulk of hymns) ਪ੍ਰਾਚੀਨ ਪੰਜਾਬ ਵਿਚ ਹੀ ਰਚੇ ਗਏ ਸਨ [ਚੈਟਰਜੀ : 1955 : 39].

ਵੈਦਿਕ ਭਾਸ਼ਾ ਅਤੇ ਸੰਸਕ੍ਰਿਤ ਦਾ ਪ੍ਰਸਾਰ ਪੰਜਾਬ ਦੀਆਂ ਆਰੀਆ ਜਾਤੀਆਂ ਜਿਵੇਂ ਕਿ ਗਾਂਧਾਰ (ਜਾਤੀ), ਕੇਕਯ, ਮਦ੍ਰ ਆਦਿ ਜਾਤੀਆਂ ਵਿਚ ਪਹਿਲਾਂ ਪਹਿਲ ਹੋਇਆ ਸੀ। ਪਰੰਤੂ ਆਰੀਆ ਲੋਕਾਂ ਦੇ ਦਲ (ਟੋਲੇ) ਪੂਰਬੀ ਭਾਰਤ ਦੀ ਤਰਫ ਲਗਾਤਾਰ ਕਦਮ ਵਧਾ ਰਹੇ ਸਨ ਅਤੇ ਉਥੋਂ ਦੀਆਂ ਸਥਾਨਿਕ ਅਨਾਰੀਆ ਜਾਤੀਆਂ ਨੂੰ ਆਪਣੇ ਅਧੀਨ ਕਰਦੇ ਹੋਏ ਆਪਣੀ ਆਰੀਆ ਸੰਸਕ੍ਰਿਤੀ ਦੀ ਪ੍ਰਤਿਸ਼ਠਾ ਕਰ ਰਹੇ ਸਨ। ਯਜੁਰਵੇਦ ਅਤੇ ਪ੍ਰਾਚੀਨ ਬ੍ਰਾਹਮਣ-ਗ੍ਰੰਥਾਂ ਦੀ ਰਚਨਾ ਸਮੇਂ ਗੰਗਾ-ਯਮੁਨਾ ਦੁਆਬ (ਅੰਤਰਵੇਦ, ਮੱਧਦੇਸ਼) ਆਰੀਆ ਸੰਸਕ੍ਰਿਤੀ (ਸਭਿਆਚਾਰ) ਦਾ ਕੇਂਦਰ ਬਣ ਚੁਕਿਆ ਸੀ। ਇਕ ਪਾਸੇ ਆਰੀਆ ਦੀਆਂ ਬੋਲੀਆਂ ਤੇ ਉਪ-ਬੋਲੀਆਂ ਹੌਲੀ ਹੌਲੀ ਇਕ ਦੂਈ ਤੋਂ ਅਲੱਗ ਹੁੰਦੀਆਂ ਜਾ ਰਹੀਆਂ ਸਨ, ਅਤੇ ਦੂਜੇ ਪਾਸੇ ਉਨ੍ਹਾਂ ਉਤੇ ਏਥੋਂ ਦੇ ਆਦਿਵਾਸੀ ਵਿਜਾਤੀ ਲੋਕਾਂ ਦੀਆਂ ਮੁੰਡਾ ਤੇ ਦ੍ਰਾਵਿੜ ਆਦਿ ਭਾਸ਼ਾਵਾਂ ਦਾ ਵੀ ਪ੍ਰਭਾਵ ਪੈਣ ਲਗ ਪਿਆ ਸੀ। ਵਿਜਾਤੀ ਬੋਲੀਆਂ ਦੇ ਅਸਰਾ

* "ऋग्वेद की भाषा प्राचीनतम भारतीय भाषा है। इसी का विकसित रूप लौकिक तथा प्राकृत ("प्राकृत" के विस्तृत अर्थों में अपभ्रंश तथा आधुनिक भाषाएँ भी सम्मिलित हैं) भाषाएँ हैं। ऋग्वेद काल की भाषा में कई काल की कई विभाषाओं का संग्रह मानना पड़ेगा।"
डा भोलाशंकर व्यास: संस्कृत का भाषाशास्त्रीय अध्ययन, 1955 : 267.

ਕਰਕੇ ਸੰਸਕ੍ਰਿਤ ਧੁਨੀਆਂ ਅਤੇ ਵਿਆਕਰਣਿਕ ਅੰਸ਼ਾਂ ਵਿਚ ਵੀ ਵਿਕਾਰ ਤੇ ਵਿਗਾੜ ਹੋਣ ਲਗ ਪਿਆ ਸੀ । ਜਦੋਂ ਅਨਾਰੀਆਂ ਨੇ ਜੇਤੂ ਆਰੀਆਂ ਦੀ ਭਾਸ਼ਾ ਨੂੰ ਅਪਨਾਉਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਵਲੋਂ ਸੰਸਕ੍ਰਿਤ ਧੁਨੀਆਂ ਦਾ ਉਚਾਰਣ ਨਵੇਂ ਰੂਪ ਵਿਚ ਵਿਕਸਿਤ ਹੋਣ ਲਗ ਪਿਆ ਸੀ ।

ਪੀ. ਡੀ. ਗੁਣੇ [1950 : 180] ਨੇ ਲਿਖਿਆ ਹੈ ਕਿ ਭਾਰਤ ਦੇ ਆਦਿ-ਵਾਸੀਆਂ ਦੇ ਉਚਾਰਣ-ਅੰਗਾਂ ਵਿਚ ਸੰਸਕ੍ਰਿਤ ਦੀ ਉਚਾਰਣ-ਵਿਧੀ ਵਿਚ ਘੋਰ ਵਿਕਾਰ ਪੈਦਾ ਹੋ ਗਏ ਸਨ । ਇਸ ਕਾਰਣ ਪਾਲੀ ਤੇ ਪ੍ਰਾਕ੍ਰਿਤਾਂ ਦੇ ਧੁਨੀ ਸਿਸਟਮ ਵਿਚ ਜੋ ਸਮੀਕਰਣ (assimilation), ਵਿਖਮੀਕਰਣ (dissimilation) ਧੁਨੀਆਤਮਕ ਵਟਾਂਦਰਾ (metathesis) ਆਦਿ ਧੁਨੀਗਤ ਪਰਿਵਰਤਨ ਹੋ ਰਹੇ ਸਨ ਇਹ ਸਾਰੇ ਭਾਸ਼ਾਈ ਵਿਕਾਰ ਇਸੇ ਭੂਮਿਕਾ ਵਿਚ ਹੀ ਸਮਝੇ ਜਾ ਸਕਦੇ ਹਨ । ਇਸ ਸੰਦਰਭ ਵਿਚ ਡਾ. ਉਦਯ ਨਾਰਾਯਣ ਤਿਵਾਰੀ [2012 ਬਿਕ੍ਰਮੀ : 58] ਦਾ ਪ੍ਰਵਚਨ ਵੀ ਉਲੇਖ ਯੋਗ ਹੈ । ਤਿਵਾਰੀ ਨੇ ਕਿਹਾ ਹੈ ਕਿ ਤਥਾਗਤ ਭਗਵਾਨ ਬੁੱਧ ਦੇ ਜਨਮ (ਪੰਜਵੀਂ ਸਦੀ ਪੂ. ਈ.) ਤਕ ਭਾਰਤੀ ਆਰੀਆ ਭਾਸ਼ਾ, ਆਪਣੇ ਵਿਕਾਸ ਦੇ ਮੱਧਕਾਲ ਵਿਚ ਪ੍ਰਵੇਸ਼ ਕਰ ਚੁਕੀ ਸੀ । ਈਸਾ ਤੋਂ 1000-600 ਸਾਲ ਪਹਿਲਾ ਦਾ ਸਮਾਂ ਆਰੀਆ ਲੋਕਾਂ ਦੇ ਪ੍ਰਸਾਰ ਅਤੇ ਜਨਪਦਾਂ ਦੀ ਸਥਾਪਨਾ ਦਾ ਸਮਾ ਸੀ । ਇਸ ਸਮੇਂ ਤਕ ਉੱਤਰ-ਪੱਛਮੀ ਸੀਮਾਵਰਤੀ ਪੰਜਾਬ (ਗਾਂਧਾਰ ਪ੍ਰਦੇਸ਼) ਤੋਂ ਲੈ ਕੇ ਪੂਰਬ ਵਿਚ ਵਿਦੇਹ (ਉੱਤਰੀ ਵਿਹਾਰ) ਅਤੇ ਮਗਧ (ਦੱਖਣੀ ਵਿਹਾਰ ਪ੍ਰਾਂਤ) ਤਕ ਆਰੀਆ ਰਾਜ ਸਥਾਪਿਤ ਹੋ ਚੁੱਕੇ ਸਨ ਅਤੇ ਸਥਾਨਿਕ ਅਨਾਰੀਆ ਜਾਤੀਆ ਵਿਚ ਆਰੀਆ ਭਾਸ਼ਾ ਦੀ ਪ੍ਰਤਿਸ਼ਠਾ ਤੇ ਸਥਾਪਨਾ ਹੋ ਚੁੱਕੀ ਸੀ । ਅਨਾਰੀਆ ਜਾਤੀਆਂ ਦੇ ਉਚਾਰਣ ਵਿਚ ਆਰੀਆ ਭਾਸ਼ਾ ਦਾ ਪ੍ਰਾਚੀਨ ਰੂਪ ਸ਼ੁਧ ਨਾ ਰਹਿ ਸਕਿਆ । ਆਰੀਆ ਭਾਸ਼ਾ ਉਨ੍ਹਾਂ ਲਈ ਨਵੀਂ ਤੇ ਓਪਰੀ ਭਾਸ਼ਾ ਸੀ । ਇਸ ਲਈ ਸੰਸਕ੍ਰਿਤ ਭਾਸ਼ਾ ਦੇ ਗ੍ਰਹਿਣ ਕਰਨ ਸਮੇਂ ਅਨਾਰੀਆ ਨੂੰ ਮੁਸ਼ਕਿਲ ਪੇਸ਼ ਆਈ । "ਤਾਂਡਯ ਬ੍ਰਾਹਮਣ-ਗ੍ਰੰਥ" (ਈਸਾ ਪੂਰਵ 600) ਵਿਚ ਇਸ ਤਰ੍ਹਾਂ ਅੰਕਿਤ ਹੈ

"अदुरुक्त वाक्यं दुरुक्तमाहु: अदीक्षितादीक्षित वाचं वदन्ति"*

"ਅਰਥਾਤ ਆਸਾਨੀ ਨਾਲ ਬੋਲੇ ਜਾ ਸਕਣ ਵਾਲੇ ਵਾਕਾਂ ਨੂੰ ਉਹ ("ਵ੍ਰਾਤਯ" ਅਨਾਰੀਆ ਲੋਕ) ਉਚਾਰਣ ਕਰਨਾ ਮੁਸ਼ਕਿਲ ਦੱਸਦੇ ਹਨ ਅਤੇ ਗੁਰੂ ਸਿਖਆ ਜਾਂ ਦੀਕਸ਼ਾ (ਦੀਖਿਆ) ਤੋਂ ਹੀਣ ਹੁੰਦੇ ਹੋਏ ਵੀ ਦੀਖਿਅਤ (ਦੀਕਸ਼ਿਤ, ਗੁਰੂ ਸਿਖਿਆ ਪ੍ਰਾਪਤ) ਲੋਕਾਂ ਦੀ ਬੋਲੀ ਬੋਲਦੇ ਹਨ । "ਇਸ ਦਾ ਭਾਵ ਇਹ ਹੈ ਕਿ ਆਰੀਆ ਲੋਕ ਜਿਸ ਭਾਸ਼ਾ ਨੂੰ ਸੌਖ ਤੇ ਸਰਲਤਾ ਨਾਲ ਬੋਲਦੇ ਸਨ ਉਨ੍ਹਾਂ ਦੇ ਉਚਾਰਣ/ਬੋਲਣ ਵਿਚ ਅਨਾਰੀਆਂ ਨੂੰ ਔਖ ਮਹਿਸੂਸ ਹੁੰਦੀ ਸੀ ।[1] ਇਸ ਲਈ ਅਨਾਰੀਆਂ ਦੇ ਪਾਸ ਆਰੀਆ ਭਾਸ਼ਾ ਦਾ ਰੂਪ ਬਹੁਤ ਕੁਝ ਬਦਲਦਾ ਗਿਆ । ਇਸ ਪਰਿਵਰਤਨ-ਸ਼ੀਲ ਸਥਿਤੀ ਵਿਚ ਉਭਰੇ ਪਰਿਵਰਤਨਾਂ ਦੀਆਂ ਵੰਨਗੀਆਂ ਕਾਬਲੇ-ਗੌਰ ਹਨ ।

ਸਾਮਾਨਯ ਧੁਨੀਗਤ ਪਰਿਵਰਤਨ (Phonetic changes in general)

ਵੈਦਿਕ ਯੁਗ ਦੀ ਆਰੀਆ ਭਾਸ਼ਾ ਦੀਆ ਸਵਰ ਤੇ ਵਿਅੰਜਨ ਧੁਨੀਆਂ ਵਿਚ ਹੇਠ ਲਿਖੇ ਰੂਪਾਂਤਰਣ ਤੇ ਪਰਿਵਰਤਨ ਉਪਲਬਧ ਹੁੰਦੇ ਹਨ । ਕੁਝ ਵੰਨਗੀਆ ਉੱਧਰਿਤ ਕੀਤੀਆਂ

* 'They call an expression which is not uttered with difficulty as being uttered with difficulty, they speak the language of the initiated, although they are not initiated' (ਦੀਕਸ਼ਿਤ) (Translation of Sanskrit text).

ਜਾਂਦੀਆਂ ਹਨ

(1) /ऋ, ऌ/ (= ਰੀ, ਲ੍ਰਿ) ਧੁਨੀਆਂ ਦਾ ਸਦਾ ਲਈ ਲੋਪ ਹੋ ਗਿਆ;

(2) /ਐ, ਔ/ ਦੀ ਥਾਂ /ਏ, ਓ/ ਨੇ ਗ੍ਰਹਿਣ ਕਰ ਲਿਆ;

(3) ਸ਼ਬਦਾਂਤ ਧੁਨੀ /ਮ/ ਨੇ ਅਨੁਸਵਾਰ (nasality) ਦਾ ਰੂਪ ਧਾਰਣ ਕਰ ਲਿਆ;

(4) /ਸ, ਸ਼, ਥ/ ਤਿੰਨਾਂ ਊਸ਼ਮ ਵਿਅੰਜਨਾਂ ਦੀ ਥਾਂ ਜਨਪਦੀ ਭਾਸ਼ਾਵਾਂ ਵਿਚ ਇਕੋ ਊਸ਼ਮ ਧੁਨੀ ਪ੍ਰਚਲਿਤ ਹੋ ਗਈ। ਮਗਧ ਦੀ ਪਾਲੀ ਪ੍ਰਾਕ੍ਰਿਤ ਵਿਚ ਤਾਲਵੀ /ਸ/ ਅਤੇ ਹੋਰ ਪੂਰਬੀ ਬੋਲੀਆਂ ਵਿਚ ਦੰਤੀ /ਸ/ ਚਾਲੂ ਹੋ ਗਏ ਲੇਕਿਨ ਪੱਛਮੋਤਰੀ ਅੰਚਲ ਜਿਵੇਂ ਕਿ ਪੰਜਾਬ, ਗਾਂਧਾਰ ਵਿਚ ਮੱਧਕਾਲ ਤਕ ਇਹ ਤਿੰਨੋਂ ਵਿਅੰਜਨ ਪ੍ਰਚਲਿਤ ਰਹੇ।

(5) ਸੰਯੁਕਤ ਵਿਅੰਜਨ-ਧੁਨੀਆਂ (clusters of sounds) ਦਾ ਸਮੀਕਰਣ (assimilation) ਹੋਣ ਲੱਗਾ, ਫਲਸਰੂਪ /-ਕ੍ਤ-, -ਤ੍ਕ-, -ਪ੍ਤ-,-ਕ੍-/ ਆਦਿ ਸੰਯੁਕਤ ਵਿਅੰਜਨਾਂ ਦੀ ਥਾਂ ਤਰਤੀਬਵਾਰ /-ੱਤ-, -ੱਕ-, -ੱਤ-, -ੱਕ-/ ਆਦਿ ਦੂੱਤ ਧੁਨੀਆਂ (geminated) ਦਾ ਉਚਾਰਣ ਤੇ ਪ੍ਰਯੋਗ ਹੋਣ ਲੱਗਾ।

(6) ਅਧਿਖੰਡੀ (supra-segmental) ਸਵਰਾਘਾਤ (accentuation) ਦੇ ਪੱਖੋਂ ਵੈਦਿਕ ਭਾਸ਼ਾ ਵਾਲਾ ਸੰਗੀਤਾਤਮਕ ਸਵਰਾਘਾਤ (pitch accent) ਦਾ ਲੋਪ ਹੋ ਕੇ ਬਹੁਤੀਆਂ ਜਨਪਦੀ ਬੋਲੀਆਂ ਵਿਚ "ਬਲਾਤਮਕ ਸਵਰਾਘਾਤ" (stress accent) ਪਨਪ ਹੋਇਆ।

ਰੂਪਾਤਮਕ ਪਰਿਵਰਤਨ (Morphological changes)

(1) ਵੈਦਿਕ ਭਾਸ਼ਾ ਦੇ ਦੁਵਚਨ (dual number) ਦਾ ਸਦਾ ਲਈ ਲੋਪ ਹੋ ਗਿਆ।

(2) ਵੈਦਿਕ/ਸੰਸਕ੍ਰਿਤ ਦੇ ਅਨੇਕ ਪ੍ਰਕਾਰ ਦੇ ਸਵਰਾਂਤ (ਅਜੰਤ) ਅਤੇ ਵਿਅੰਜਨਾਂਤ (ਹਲੰਤ) ਸ਼ਬਦ-ਰੂਪ (inflecting forms) ਅਕਾਰਾਂਤ (ਔੜਾ-ਅੰਤਕ) ਸ਼ਬਦਾ-ਪਦਾਂ ਦੀ ਤਰ੍ਹਾਂ paradigms ਨਿਸ਼ਪੰਨ ਕਰਨ ਲਗੇ। ਮਿਸਾਲ ਵਜੋਂ ਵੈਦਿਕ/ਸੰਸਕ੍ਰਿਤ ਵਿਚ ਸੰਬੰਧ ਕਾਰਕ (genitive) ਦੇ ਇਕਵਚਨ, ਪੁਲਿੰਗ, ਦੇ ਰੂਪ (paradigm) ਵੱਖ ਵੱਖ ਤਰ੍ਹਾਂ ਨਾਲ ਬਣਦੇ ਸਨ। ਕੁਝ ਨਮੂਨੇ ਰੇਖਾ-ਚਿਤਰ ਵਿਚ ਦਰਜ ਹਨ। ਵੇਖੋ :

ਵੈਦਿਕ/ਸੰਸਕ੍ਰਿਤ ਦੇ ਸੰਬੰਧ-ਕਾਰਕੀ ਇਕਵਚਨ, ਪੁਲਿੰਗ ਰੂਪ ਦੇ ਉਦਾਹਰਣ

ਮੂਲ ਸ਼ਬਦ	*ਅੰਤਿਮ ਸਵਰ*	*ਸੰਬੰਧ ਕਾਰਕ-ਇਕਵਚਨ*	*ਵਿਉਤਪੰਨ ਰੂਪ (inflected form)*
ਅਸ਼ਵ (अश्व)	ਅ-ਅੰਤ	ਛੇਵੀਂ-ਵਿਭਕਤੀ, ਸੰਬੰਧ	ਅਸ਼ਵਸਯ (अश्वस्य) = ਘੋੜੇ ਦਾ।
ਮੁਨਿ (मुनि)	ਇ-ਅੰਤ	ਕਾਰਕ ਇਕਵਚਨ	ਮੁਨੇ: (मुने:) = ਮੁਨੀ ਦਾ।
ਸਾਧੁ (साधु)	ਉ-ਅੰਤ	,, ,,	ਸਾਧੋ: (साधो:) = ਸਾਧੂ ਦਾ।
ਪਿਤਾ (पिता)	ਰਿ-ਅੰਤ	,, ,,	ਪਿਤੁ: (पितु:) = ਪਿਤਾ ਦਾ।

ਉਪਰੋਕਤ ਰੇਖਾ-ਚਿਤਰ ਵਿਚ ਦਰਜ ਵੈਦਿਕ/ਸੰਸਕ੍ਰਿਤ ਦੇ genitive ਵਿਭਕਤੀ ਰੂਪਾਂ ਵਿਚ ਅੰਤਿਮ ਸਵਰਾਂ ਦੇ ਕਾਰਣ ਵੱਖਰਤਾ ਹੈ, ਪਰ ਮਧਕਾਲੀਨ ਭਾਰਤੀ ਆਰੀਆ ਭਾਸ਼ਾ ਵਿਚ ਇਹ ਵੱਖਰਤਾ ਖਤਮ ਹੋ ਗਈ ਅਤੇ ਉਪਰੋਕਤ ਸਾਰੇ ਭਿੰਨ-ਸਵਰਾਂਤ ਸ਼ਬਦਾਂ/

ਪਦਾ ਦੇ ਸੰਬੰਧ-ਕਾਰਕੀ ਇਕ-ਵਚਨ ਪੁਲਿੰਗ ਦੇ ਰੂਪ ਇਕੋ ਜਿਹੇ ਸਮਰੂਪ ਵਿਉਤਪੰਨ ਹੋਣ ਲਗੇ, ਜਿਵੇਂ :

ਅਸਵੱਸ	(अश्वस्स)	← ਅਸਵਸਯ	(अश्वस्य)	= (ਘੋੜੇ ਦਾ)
ਮੁਨਿੱਸ	(मुनिस्स)	← ਮੁਨੇ :	(मुनेः)	= (ਮੁਨੀ ਦਾ)
ਸਾਧੁੱਸ	(साधुस्स)	← ਸਾਧੋ :	(साधोः)	= (ਸਾਧੂ ਦਾ)
ਪਿਤੁੱਸ	(पितुस्स)	← ਪਿਤੁ	(पितुः)	= (ਪਿਤਾ ਦਾ)

(3) ਪੜਨਾਵਾਂ (ਸਰਵਨਾਮ) ਦਾ ਰੂਪ-ਵਿਧਾਨ (ਵਿਭਕਤੀ ਰੂਪ) ਨਾਵਾਂ ਦੇ ਰੂਪਾਂ ਦੀ ਤਰ੍ਹਾਂ ਪ੍ਰਚਲਿਤ ਹੋ ਗਿਆ, ਜਿਵੇਂ :

ਵੈਦਿਕ ਸੰਸਕ੍ਰਿਤ ਮੂਲਰੂਪ	*ਪਾਲੀ/ਪ੍ਰਾਕ੍ਰਿਤ ਵਿਚ ਬਦਲਿਆ ਰੂਪ*
ਤਸ੍ਮਿਨ੍ ਗ੍ਰਿਹੇ (तस्मिन् गृहे)	ਤਮ੍ਹਿ ਘਰਮ੍ਹਿ (तम्हि घरम्हि) ਜਾਂ ਤਸਮਿਨ ਘਰਸਮਿਨ (तस्मिन् घरस्मिन्) = (ਹਿੰਦੀ : ਉਸਮੇਂ ਘਰਮੇਂ) = (ਪੰਜਾਬੀ ਪੁਆਧੀ : ਉਸਮਾਂ ਘਰਮਾਂ)

(4) ਧਾਤੂਆਂ ਦੇ ਕਾਲਾਂ (tenses) ਅਤੇ ਕ੍ਰਿਆਭਾਵਾਂ (moods) ਦੀ ਗਿਣਤੀ ਵਿਚ ਕਮੀ।

(5) ਵੈਦਿਕ ਭਾਸ਼ਾ ਦਾ subjunctive mood (ਲੇਟ ਲਕਾਰ) ਖ਼ਤਮ ਹੋ ਗਿਆ।

(6) ਬਹੁਤ ਸਾਰੇ ਧਾਤੂਰੂਪ (verbal paradigms) ਇਕ ਦੂਜੇ ਵਿਚ ਖਲਤ-ਮਲਤ ਹੋ ਗਏ।

(7) ਧਾਤੂਆਂ/ਕ੍ਰਿਆਵਾਂ ਦੇ desiderative (ਸਨੰਤ ਪ੍ਰਕਿਆ), intensive ਆਦਿ ਵਿਭਕਤੀ ਰੂਪ ਘਟਣ ਲੱਗੇ।

ਅਜਿਹੇ ਭਾਸ਼ਾਗਤ ਪਰਿਵਰਤਨਾਂ ਦੁਆਰਾ ਪ੍ਰਾਚੀਨ ਆਰੀਆਂ ਭਾਸ਼ਾ (ਵੈਦਿਕ ਭਾਸ਼ਾ) ਤਬਦੀਲ ਹੋ ਕੇ ਨਵਾਂ ਰੂਪ ਪ੍ਰਾਪਤ ਕਰਨ ਲੱਗੀ। ਪਰ ਇਹ ਪਰਿਵਰਤਨ ਸਾਰੇ ਉੱਤਰਾਪਥ ਵਿਚ ਇਕ-ਸਮਾਨ ਗਤੀ ਵਿਚ ਕ੍ਰਿਆਸ਼ੀਲ ਨਹੀਂ ਹੋਏ। ਪੱਛਮੋਤਰ ਸੀਮਾਂਤ ਪ੍ਰਦੇਸ਼ ਪੰਜਾਬ ਦੀ ਉੱਤਰੀ ਭਾਸ਼ਾ (ਉਦੀਚਯ ਭਾਸ਼ਾ) ਵੈਦਿਕ-ਯੁਗੀਨ ਭਾਸ਼ਾ ਦੇ ਬਹੁਤ ਹੀ ਨੇੜੇ ਨੇੜੇ ਬਣੀ ਰਹੀ, ਅਤੇ ਇਸ ਵਿਚ ਪਰਿਵਰਤਨ ਦੀ ਗਤੀ ਬਹੁਤ ਧੀਮੀ ਸੀ।

ਮੱਧਦੇਸ਼ ਦੀ ਭਾਸ਼ਾ ਇਨ੍ਹਾਂ ਪਰਿਵਰਤਨਾਂ ਤੋਂ ਬਹੁਤ ਪ੍ਰਭਾਵਿਤ ਹੋਈ ਲੇਕਿਨ ਉਚਾਰਣ ਦੀ ਸ਼ਿਥਲਤਾ ਉਸ ਵਿਚ ਬਹੁਤੀ ਨਾ ਆਈ।

ਪੂਰਬੀ ਭਾਸ਼ਾ (ਅੱਜ ਕਲ ਦਾ ਅਵਧ, ਯੂ. ਪੀ. ਦੇ ਪੂਰਬੀ ਭਾਗ ਅਤੇ ਬਿਹਾਰ ਪ੍ਰਾਂਤ ਦੀ ਭਾਸ਼ਾ) ਵਿਚ ਪਰਿਵਰਤਨ ਦੀ ਚਾਲ ਬਹੁਤ ਤੇਜ਼ ਸੀ। [Chatterji, *Indo-Aryan and Hindi*, 56].

ਸਭ ਤੋਂ ਪਹਿਲਾਂ ਪੂਰਬੀ ਪ੍ਰਾਂਤਾਂ ਵਿਚ ਹੀ ਆਰੀਆ ਭਾਸ਼ਾ ਦੇ ਰੂਪ ਵਿਚ ਪਰਿਵਰਤਨ ਸ਼ੁਰੂ ਹੋਏ। ਹੌਲੀ ਹੌਲੀ ਮੱਧ ਦੇਸ ਦੀ ਭਾਸ਼ਾ ਅਤੇ ਪ੍ਰਾਚੀਨ ਪੰਜਾਬ ਦੀ ਪੱਛਮੋਤਰੀ ਭਾਸ਼ਾ ਤੇ ਇਨ੍ਹਾਂ ਪਰਿਵਰਤਨਾਂ ਦਾ ਪ੍ਰਭਾਵ ਪ੍ਰਗਟ ਹੋਇਆ। ਇਸ ਤਰ੍ਹਾਂ ਸਾਰੇ ਉੱਤਰਾਪਥ ਵਿਚ ਆਰੀਆ ਭਾਸ਼ਾ ਦਾ ਮੱਧਕਾਲੀਨ ਸਰੂਪ ਉਜਾਗਰ ਹੋ ਗਿਆ। ਇਉਂ ਵੈਦਿਕ ਯੁਗ ਦੇ ਅੰਤਲੇ ਚਰਨ ਵਿਚ ਗ਼ੈਰ-ਆਰੀਆ ਭਾਸ਼ਕ ਪਰਿਸਥਿਤੀਆਂ ਦੇ ਸਿੱਟੇ ਵਜੋਂ ਆਰੀਆ ਭਾਸ਼ਾ

ਦੇ "ਵੈਦਿਕ ਭਾਸ਼ਾ ਕਾਲ" ਵਿਚ ਧੁਨੀਆਤਮਕ, ਰੂਪਾਤਮਕ, ਵਾਕਾਤਮਕ ਅਤੇ ਕੋਸ਼ਾਤਮਕ ਪੱਧਰ ਤੇ ਜੋ ਚਹੁੰਮੁਖੀ ਪਰਿਵਰਤਨ ਕ੍ਰਿਆਸ਼ੀਲ ਹੋਇਆ ਅਤੇ ਇਸ ਕਾਰਣ ਕਰਕੇ ਵੈਦਿਕ ਭਾਸ਼ਾ ਦੀ ਵਿਕਾਸ-ਗਤੀ ਦੇ ਕਾਰਣ ਜੋ ਨਵੀਨ ਭਾਸ਼ਾ-ਰੂਪ ਨਿਖਰਿਆ, ਉਸ ਉੱਤਰ-ਵੈਦਿਕ ਭਾਸ਼ਾ-ਰੂਪ ਨੂੰ "ਪ੍ਰਾਕ੍ਰਿਤ" ਦਾ ਨਾਮਕਰਣ ਦਿੱਤਾ ਜਾਂਦਾ ਹੈ ।

ਇਨ੍ਹਾਂ ਪ੍ਰਾਕ੍ਰਿਤ-ਭਾਸ਼ਾਵਾਂ ਦੀਆਂ ਵਿਭਿੰਨ ਉਪ-ਭਾਸ਼ਾਈ ਪ੍ਰਵਿਰਤੀਆਂ ਦੀ ਝਲਕ ਬ੍ਰਾਹਮਣ ਗ੍ਰੰਥਾਂ ਦੇ ਯੁਗ ਵਿਚ ਸਪਸ਼ਟ ਤੌਰ ਤੇ ਦਿਖਾਈ ਦੇਣ ਲਗ ਪਈ ਸੀ । ਪੂਰਬੀ ਭਾਰਤ ਦੇ ਅਨਾਰੀਆਂ ਲੋਕਾਂ ਦੇ ਪ੍ਰਭਾਵਾਂ ਦੇ ਫਲਸਰੂਪ ਪੂਰਬ ਵਿਚ ਇਕ ਅਜਿਹੀ ਬੋਲੀ ਦਾ ਵਿਕਾਸ ਹੋ ਗਿਆ ਸੀ ਜਿਸ ਨੂੰ ਆਰੀਆ ਲੋਕ ਵਿਗੜਿਆ ਹੋਇਆ ਅਸ਼ਿਸ਼ਟ ਉਚਾਰਣ ਮੰਨਦੇ ਸਨ । ਇਹ ਬੋਲੀ ਵੈਦਿਕ ਧਰਮ ਦੇ ਉਨ੍ਹਾਂ ਵਿਰੋਧੀ ਲੋਕਾਂ ਦੀ ਸੀ ਜਿਨ੍ਹਾਂ ਨੂੰ ਵੈਦਿਕ ਸਾਹਿੱਤ ਵਿਚ "ਵ੍ਰਾਤਯ" (व्रात्य) ਕਿਹਾ ਗਿਆ ਹੈ । ਇਹ ਵ੍ਰਾਤਯ ਲੋਕ ਵੈਦਿਕ ਭਾਸ਼ਾ ਦੀਆਂ /ਰਿ, ਐ, ਔ, ਰ, ਸ, ਸ਼/ ਧੁਨੀਆਂ ਦੇ ਉੱਚਾਰਣ ਕਰਨ ਵਿਚ ਔਖ ਤੇ ਔਕੜ ਅਨੁਭਵ ਕਰਦੇ ਸਨ ਅਤੇ ਇਸੇ ਤਰ੍ਹਾਂ ਵੈਦਿਕ ਸੰਜੁਕਤ (clusters) ਧੁਨੀਆਂ ਦੇ ਉੱਚਾਰਣ ਵਿਚ ਵੀ ਇਹ "ਵ੍ਰਾਤਯ" ਲੋਕ ਅਸਮਰਥ ਸਨ [ਵਿਆਸ : 1955 : 279-80]।

ਡਾ. ਸੁਨੀਤੀ ਕੁਮਾਰ ਚੈਟਰਜੀ [1926 : 55] ਮੱਧ-ਭਾਰਤੀ ਆਰੀਆ ਭਾਸ਼ਾ ਦੀ ਪ੍ਰਥਮ ਉਪ-ਅਵਸਥਾ (600-200 ਪੂਰਵ ਈਸਵੀ) ਅਰਥਾਤ ਵੈਦਿਕ ਤੇ ਮੱਧਕਾਲੀ ਪ੍ਰਾਕ੍ਰਿਤਾਂ ਦੇ ਸੰਧੀ ਕਾਲ ਵਿਚ ਭਾਰਤ ਵਿਚ ਪ੍ਰਚਲਿਤ ਭਾਸ਼ਾਵਾਂ ਅਤੇ ਵਿਭਾਸ਼ਾਵਾਂ (dialects) ਨੂੰ ਪੰਜ ਵਰਗਾਂ ਵਿੱਚ ਵਰਗਬੰਧ ਕਰਦਾ ਹੈ । ਡਾ. ਚੈਟਰਜੀ ਦੀ ਇਸ ਵਰਗਬੰਦੀ ਦਾ ਆਧਾਰ [T. W. Rhys Davids, 1903 : 153] ਦੁਆਰਾ ਉਪਲਬਧ ਖੋਜਮੂਲਕ ਤੱਥ ਹਨ । ਸੰਧੀ-ਕਾਲ ਦੀਆਂ ਭਾਰਤੀ ਭਾਸ਼ਾਵਾਂ ਅਤੇ ਵਿਭਾਸ਼ਾਵਾਂ ਦੇ ਪੰਜ ਵਰਗਾਂ ਦਾ ਬਿਓਰਾ ਪੇਸ਼ ਹੈ :

(1) ਬੋਲਚਾਲ ਦੀਆਂ ਆਰੀਆ ਭਾਸ਼ਾਵਾਂ :

1. ਪੱਛਮੋਤਰੀ ਭਾਸ਼ਾ ਜੋ ਗਾਂਧਾਰ, ਪੰਜਾਬ ਤੇ ਸ਼ਾਇਦ ਸਿੰਧ ਪ੍ਰਾਂਤ ਵਿਚ ਚਾਲੂ ਸੀ ।
2. ਦੱਖਣ-ਪੱਛਮੀ ਭਾਸ਼ਾ ਜੋ ਗੁਜਰਾਤ ਤੇ ਪੱਛਮੀ ਰਾਜਪੂਤਾਨਾ ਵਿਚ ਪ੍ਰਚਲਿਤ ਸੀ ।
3. ਮੱਧਦੇਸ਼ੀ ਭਾਸ਼ਾ ਜੋ ਮਾਲਵਾ ਪ੍ਰਾਂਤ (ਅਜੋਕਾ ਮੱਧ-ਪ੍ਰਦੇਸ਼) ਵਿਚ ਜਾਰੀ ਸੀ ।
4. ਪੂਰਬੀ ਭਾਸ਼ਾ ਅਰਥਾਤ ਪ੍ਰਾਚੀਨ ਅਰਧ-ਮਾਗਧੀ ਅਤੇ ਪ੍ਰਾਚੀਨ ਮਾਗਧੀ ।
5. ਦੱਖਣੀ ਭਾਸ਼ਾ ਜੋ ਵਿਦਰਭ ਤੇ ਮਹਾਰਾਸ਼ਟ੍ਰ ਵਿਚ ਚਾਲੂ ਸੀ ।

(2) ਸਾਹਿਤਕ ਆਰੀਆ ਭਾਸ਼ਾਵਾਂ :

1. ਪ੍ਰਾਚੀਨ ਚਾਰਣ ਭਾਸ਼ਾ "ਛਾਂਦਸ" (ਵੈਦਿਕ) ਜੋ ਵੈਦਿਕ ਸੰਹਿਤਾਵਾਂ ਵਿਚ ਸੁਰੱਖਿਅਤ ਸੀ ਅਤੇ ਜੋ 1000 ਪੂ. ਈਸਵੀ ਤੋਂ ਪਹਿਲਾਂ ਪੰਜਾਬ ਵਿਚ ਪ੍ਰਯੁਕਤ ਪ੍ਰਾਚੀਨ ਭਾਰਤੀ ਆਰੀਆ ਭਾਸ਼ਾ ਦੀਆਂ ਬੋਲੀਆਂ ਤੇ ਆਧਾਰਿਤ ਸੀ ।
2. ਸੋਧੀ ਤੇ ਸੰਸਕਾਰੀ (ਮਾਂਜੀ-ਸੰਵਾਰੀ) ਹੋਈ "ਲੌਕਿਕ ਸੰਸਕ੍ਰਿਤ" ਭਾਸ਼ਾ ਜੋ ਵਿਦਵਾਨ ਸ਼ਿਸ਼ਟ ਸਮਾਜ (ਬ੍ਰਾਹਮਣ ਵਰਗ) ਅਤੇ ਰਾਜਿਆਂ-ਮਹਾਰਾਜਿਆਂ ਦੀਆਂ ਅਦਾਲਤਾਂ ਵਿਚ ਵਰਤੀ ਜਾਂਦੀ ਸੀ ।
3. ਪਾਲੀ ਪ੍ਰਾਕ੍ਰਿਤ ਬਤੌਰ ਸਾਹਿਤਕ ਭਾਸ਼ਾ ਹੋਂਦ ਵਿਚ ਆ ਗਈ ਸੀ ।

(3) ਦਾਰਦਿਕ ਬੋਲੀਆਂ :

ਪੱਛਮੀ ਹਿਮਾਲਾ ਪਰਬਤ-ਸ਼੍ਰਿੰਖਲਾ ਵਿਚ ਅਤੇ ਉੱਤਰੀ ਭਾਰਤ ਦੇ ਮੈਦਾਨੀ ਇਲਾਕਿਆਂ

ਵਿਚ ਵਸੀਆਂ ਹੋਈ ਦਾਰਦਿਕ ਜਾਤੀਆ ਦੀਆਂ ਬੋਲੀਆਂ (ਜਿਵੇਂ ਪੈਸ਼ਾਚੀ, ਪ੍ਰਾਚੀਨ ਕਾਸਮੀਰੀ) ਜਿਨ੍ਹਾਂ ਉਤੇ ਭਾਰਤੀ ਆਰੀਆ ਭਾਸ਼ਾ ਦਾ ਪ੍ਰਭਾਵ ਤੇਜੀ ਨਾਲ ਪੈ ਰਿਹਾ ਸੀ ।

(4) **ਵਿਦੇਸ਼ੀ ਜ਼ੁਬਾਨਾ** :

1 ਫ਼ਾਰਸੀ ਅਤੇ ਹੋਰ ਈਰਾਨੀ ਬੋਲੀਆਂ ਜੋ 500 ਪੂ. ਈ. ਤੋਂ ਬਾਅਦ ਚਾਲੂ ਹੋ ਰਹੀਆਂ ਸਨ ।

2 ਗ੍ਰੀਕ (ਯੂਨਾਨੀ) ਭਾਸ਼ਾ ਜੋ ਈਸਾ-ਪੂਰਵ ਚੌਥੀ ਸਦੀ ਤੇ ਅੰਤ ਤੋਂ ਸ਼ੁਰੂ ਸੀ । ਇਹ ਦੋਵੇਂ ਵਿਦੇਸੀ ਭਾਸ਼ਾਵਾਂ ਉੱਤਰ-ਪੱਛਮੀ ਭਾਰਤ ਦੇ ਅਲਪ-ਸੰਖਿਅਕ ਲੋਕ ਬੋਲਦੇ ਸਨ ।

(5) **ਦ੍ਰਾਵਿੜੀ ਅਤੇ ਕੋਲ-ਮੁੰਡਾ ਭਾਸ਼ਾਵਾਂ (ਅਨਾਰੀਆ ਭਾਸ਼ਾਵਾਂ** :

ਇਨ੍ਹਾਂ ਅਨਾਰੀਆਂ ਬੋਲੀਆਂ ਨੂੰ ਚੌਥੀ-ਪੰਜਵੀਂ ਈਸਾ-ਪੂਰਵ ਸਦੀ ਵਿਚ ਪੰਜਾਬ, ਮੱਧ-ਭਾਰਤ, ਮੱਧ ਦੇਸ਼, ਗੰਗਾਘਾਟੀ ਵਿਚ ਵਸਦੇ ਅਨਾਰੀਆ ਜਨ-ਸਮੂਹ ਬੋਲਦੇ ਸਨ । ਜਿਨ੍ਹਾਂ ਬੋਲੀਆ ਦਾ ਆਰੀਆਈਕਰਣ ਹੋ ਰਿਹਾ ਸੀ । ਤਿਬੱਤ-ਚੀਨੀ ਬੋਲੀਆ ਅਸਪਸ਼ਟ ਤੌਰ ਤੇ ਅਸਮ-ਪ੍ਰਾਂਤ ਵਲ ਹੀ ਸੀਮਿਤ ਸਨ । ਘੋਰ ਪ੍ਰਾਚੀਨ (Negroid) ਬੋਲੀਆ ਦੇ ਅਵਸ਼ੇਸ਼ ਦੀ ਸ਼ਕਲ ਵਿਚ (pre-Dravidian) ਅਤੇ (pre-Kol) ਬੋਲੀਆਂ ਦੇ ਬਕਾਇਆ ਦੀ ਵੀ ਸੰਭਾਵਨਾ ਹੈ ।

ਇਸ ਤਰ੍ਹਾਂ ਸਾਹਿਤਕ ਪੱਧਰ ਤੇ ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ ਦੀ ਪ੍ਰਤਿਨਿਧ ਵੈਦਿਕ ਭਾਸ਼ਾ ਤੋਂ ਦੋ ਭਾਸ਼ਿਕ ਧਾਰਾ ਪ੍ਰਵਾਹਿਤ ਹੋਈਆ :

(1) ਕਲੈਸੀਕਲ ਸੰਸਕ੍ਰਿਤ/ਲੌਕਿਕ ਸੰਸਕ੍ਰਿਤ, (Classical Sanskrit) ।

(2) ਜਨਬੋਲੀ ਦੀ ਪ੍ਰਤਿਨਿਧ ਭਾਸ਼ਾ ਪਾਲੀ ਪ੍ਰਾਕ੍ਰਿਤ ।

ਕਲੈਸੀਕਲ ਸੰਸਕ੍ਰਿਤ ਦਾ ਉਦੈ ਕੋਈ 500 ਪੂਰਵ-ਈਸਵੀ ਦੇ ਨੇੜ-ਤੇੜ ਹੁੰਦਾ ਹੈ ਜਦੋਂ ਮਹਾਂਰਿਸੀ ਵਿਆਕਰਣਕਾਰ ਪਾਣਿਨੀ ਨੇ ਉੱਤਰ-ਵੈਦਿਕ-ਕਾਲੀਨ ਪੰਜਾਬ (ਸਪਤ-ਸਿੰਧੂ) ਅਤੇ ਗਾਂਧਾਰ ਪ੍ਰਾਂਤ ਵਿਚ ਜਨ ਭਾਸ਼ਾ ਦੇ ਰੂਪ ਵਿਚ ਫੈਲੀ ਹੋਈ ਕਿਸੇ ਬੋਲਚਾਲ ਦੀ ਬੋਲੀ ਨੂੰ ਆਧਾਰ-ਭਾਸ਼ਾ ਸਵੀਕਾਰ ਕਰਕੇ "ਸੰਸਕ੍ਰਿਤ" ਭਾਸ਼ਾ ਦੀ ਉਸਾਰੀ ਕਰ ਦਿੱਤੀ ਅਤੇ ਸਦਾ ਲਈ ਇਸ "ਸੰਸਕ੍ਰਿਤ" ਭਾਸ਼ਾ ਦਾ ਨਿਯਮ-ਬੱਧ ਤੇ ਵਿਆਕਰਣ-ਸੰਮਤ ਰੂਪ ਸਥਿਰ ਹੋ ਗਿਆ । ਇਹ ਸਪਤ ਸਿੰਧਵੀ ਜਨ ਭਾਸ਼ਾ ਜਾਂ ਲੋਕਭਾਸ਼ਾ ਦਾ ਜਾਣੋਂ ਟਕਸਾਲੀਕਰਣ ਕਰ ਦਿੱਤਾ ਗਿਆ । ਉੱਤਰ-ਵੈਦਿਕ ਭਾਸ਼ਾ ਦਾ ਇਹ ਸਟੈਂਡਰਡ ਟਕਸਾਲੀ ਪ੍ਰਮਾਣਿਕ ਰੂਪ "ਸੰਸਕ੍ਰਿਤ" ਹੌਲੀ ਹੌਲੀ ਸਰਬ-ਭਾਰਤੀ ਚਿੰਤਨ, ਦਰਸ਼ਨ, ਗਿਆਨ-ਵਿਗਿਆਨ, ਸ਼ਾਸਤ੍ਰਾਰਥ ਅਤੇ ਅੰਤਰ-ਪ੍ਰਾਂਤਿਕ ਉੱਚ ਵਿਦਿਆ ਅਤੇ ਭਾਰਤੀ ਸਭਿਆਚਾਰਿਕ ਕ੍ਰਾਂਤੀ ਦਾ ਸ਼ਕਤੀਸਾਲੀ ਮਾਧਿਅਮ ਬਣਦੀ ਗਈ ਅਤੇ ਭਾਰਤ ਸਮੂਹ ਵਿਦਵਾਨਾਂ, ਚਿੰਤਕਾਂ ਅਤੇ ਸਾਹਿੱਤ-ਸ਼ਾਸਤ੍ਰੀਆਂ ਵਲੋਂ ਪ੍ਰਵਾਣਤ ਹੁੰਦੀ ਗਈ । ਲੇਕਿਨ "ਸੰਸਕ੍ਰਿਤ" ਦਾ ਵਿਆਕਰਣਿਕ ਨਿਯਮਾਂ ਤੇ ਪਾਬੰਦੀਆਂ ਵਿਚ ਸਦਾ-ਲਈ ਸਥਿਰੀਕਰਣ ਹੋ ਗਿਆ ਸੀ,ਇਸ ਲਈ ਉਹ ਆਮ ਜਨ-ਮਾਨਸ ਦੇ ਲੋਕ-ਰਿਸ਼ਤੇ ਤੋਂ ਉਪਰ ਹੀ ਚਾਲੂ ਰਹਿੰਦੀ ਗਈ ਅਤੇ ਕਬੀਰ ਦੇ ਕਹਿਣ ਮੁਤਾਬਕ "ਸੰਸਕ੍ਰਿਤ ਹੈ ਕੂਪ ਜਲ ਭਾਸਾ ਬਹਤਾ ਨੀਰ" ਬਣਕੇ ਇਹ ਸੰਸਕ੍ਰਿਤ ਗਤੀਹੀਣ, ਰੂੜ੍ਹ ਤੇ ਸਥਿਰ ਹੋ ਗਈ, ਭਾਵੇਂ ਬੇਸ਼ਕ ਸੰਸਕ੍ਰਿਤ ਦਾਰਸ਼ਨਿਕ, ਸਾਂਸਕ੍ਰਿਤਕ, ਸਾਹਿਤਕ ਤੇ ਧਾਰਮਿਕ ਮਾਧਿਅਮ ਦੀ ਹੈਸੀਅਤ ਵਿਚ ਪਿਛਲੇ ਦੋ-ਢਾਈ ਹਜ਼ਾਰ ਸਾਲਾਂ ਤੋਂ ਅਜ ਤਕ ਪੂਰੀ ਤਰ੍ਹਾਂ ਸਰਗਰਮ

ਹੈ ਜਿਹੜੀ ਕਿ ਸਮਾਜ-ਭਾਸ਼ਾ-ਵਿਗਿਆਨਿਕ ਸ਼ਬਦਾਂ ਵਿਚ ਇਕ diglossia ਦੀ ਪਦਵੀ ਤੇ ਆਪਣਾ ਬਲਵਾਨ ਅਸਤਿਤਵ ਕਾਇਮ ਰਖ ਰਹੀ ਹੈ । ਪਰ ਇਹ ਸੱਚ ਹੈ ਕਿ ਸੰਸਕ੍ਰਿਤ ਨੂੰ ਰਸਮੀ ਬੁਲੰਦ ਮੁਕਾਮ ਅਜੇ ਵੀ ਹਾਸਲ ਹੈ ।

ਪਰੰਤੂ ਦੂਜੇ ਪਾਸੇ ਸੰਸਕ੍ਰਿਤ ਦੇ ਸਮਾਨਾਂਤਰ ਵਿੱਥ ਤੇ ਲੋਕ ਬੋਲੀਆਂ ਦਾ ਪ੍ਰਵਾਹ ਜਾਰੀ ਰਹਿੰਦਾ ਹੈ ਕਿਉਂਕਿ ਲੋਕ ਬੋਲੀਆਂ ਦਾ ਆਮ ਜਨ-ਮਾਨਸ ਨਾਲ ਸਹਿਜ-ਸੁਭਾਵਿਕ ਕੁਦਰਤੀ ਰਿਸ਼ਤਾ ਬਣਿਆ ਰਹਿੰਦਾ ਹੈ ਅਤੇ ਪਾਣੀ ਦੀ ਵਗਦੀ ਨਿਰੰਤਰਸ਼ੀਲ ਧਾਰਾ ਵਾਂਗੂ ਲੋਕ ਬੋਲੀ ਗਤੀਸ਼ੀਲ ਹੁੰਦੀ ਰਹਿੰਦੀ ਹੈ । ਇਸ ਵਗਦੀ ਭਾਸ਼ਕ ਧਾਰਾ ਨੂੰ "ਪ੍ਰਾਕ੍ਰਿਤ" ਨਾਮ ਦਿਤਾ ਗਿਆ ਹੈ ਜਿਸ ਦਾ ਆਰੰਭ-ਬਿੰਦੂ ਕੋਈ 600 ਪੂ. ਈਸਵੀ ਤੋਂ ਮੰਨਿਆ ਜਾਂਦਾ ਹੈ, ਅਤੇ ਜਿਹੜਾ "ਪ੍ਰਾਕ੍ਰਿਤ ਯੁਗ" ਕੋਈ 600 ਪੂ. ਈ.-1000 ਈ. ਦੇ 1600 ਸਾਲਾਂ ਦੇ ਦੀਰਘ ਕਾਲ-ਖੰਡ ਵਿਚ ਪਸਰਿਆ ਹੋਇਆ ਹੈ । ਇਸ 1600 ਸਾਲਾਂ ਦੇ ਕਾਲਖੰਡ ਨੂੰ "ਮੱਧਕਾਲੀਨ ਭਾਰਤੀ ਆਰੀਆ ਭਾਸ਼ਾ" ਕਾਲ (middle Indo-Aryan period) ਕਿਹਾ ਜਾਂਦਾ ਹੈ । ਮੱਧ ਕਾਲੀਨ ਭਾਸ਼ਾ-ਵਰਗਾਂ ਨੂੰ ਅਗੋਂ ਕੁਝ ਵਿਕਾਸਾਤਮਕ ਭਾਸ਼ਾਈ ਵਖਰੇਵਿਆਂ ਦੇ ਮੱਦੇਨਜ਼ਰ ਤਿੰਨ ਪ੍ਰਮੁਖ ਉਪ-ਅਵਸਥਾਵਾਂ ਵਿਚ ਵਰਗਬੱਧ ਕੀਤਾ ਜਾਂਦਾ ਹੈ । ਇਸ "ਮੱਧਕਾਲੀਨ ਭਾਰਤੀ-ਆਰੀਆਂ ਭਾਸ਼ਾ" ਦੀਆਂ ਪ੍ਰਮੁਖ ਤਿੰਨ ਉਪ-ਅਵਸਥਾਵਾਂ (sub-stage) ਨੂੰ ਇਸ ਅਧਿਆਏ ਦੇ ਸ਼ੁਰੂ ਵਿਚ ਇਕ ਰੇਖਾ-ਚਿਤਰ ਵਿਚ ਵਿਸਥਾਰ-ਪੂਰਵਕ ਅੰਕਿਤ ਕੀਤਾ ਗਿਆ ਹੈ ਅਤੇ ਇਥੇ ਇਸ ਦਾ ਸੰਕੇਤ-ਮਾਤਰ ਪੁਨਰ-ਅੰਕਨ ਪੇਸ਼ ਹੈ :

ਮੱਧ ਕਾਲੀਨ ਭਾਰਤੀ-ਆਰੀਆਂ ਭਾਸ਼ਾ ਦੀਆਂ ਤਿੰਨ ਉਪ-ਅਵਸਥਾਵਾਂ ਦਾ ਬਿਉਰਾ

ਪਹਿਲੀ ਉਪ-ਅਵਸਥਾ	*ਦੂਜੀ ਉਪ-ਅਵਸਥਾ*	*ਤੀਜੀ ਉਪ-ਅਵਸਥਾ*
ਪਾਲੀ ਪ੍ਰਾਕ੍ਰਿਤ	ਸਾਹਿਤਕ ਪ੍ਰਾਕ੍ਰਿਤਾ	ਅਪਭ੍ਰੰਸ਼ ਭਾਸ਼ਾਵਾਂ
600 ਪੂਰਵ-ਈਸਵੀ-ਪਹਿਲੀ ਸਦੀ ਈ.	ਪਹਿਲੀ ਸਦੀ ਈ.-600 ਈ.	600 ਈ.-1000 ਈ.

ਇਸ ਪ੍ਰਾਰੰਭਕ ਭੂਮਿਕਾ ਤੋਂ ਬਾਅਦ ਹੁਣ ਅਸੀਂ "*ਮੱਧ ਕਾਲੀਨ ਭਾਰਤੀ ਆਰੀਆ ਭਾਸ਼ਾ*" ਦੀ ਪਹਿਲੀ ਉਪ-ਅਵਸਥਾ ਪਾਲੀ/ਅਸ਼ੋਕੀ ਪਾਲੀ ਦਾ ਸੰਰਚਨਾਤਮਕ ਅਧਿਐਨ ਪ੍ਰਸਤੁਤ ਕਰਦੇ ਹਾਂ ।

ਹਵਾਲੇ ਤੇ ਟਿੱਪਣੀਆਂ

ਸਰੋਤ (Source) :

1. "The Aryan dialects were thus corrupted in the mouths of the original inhabitants and these corruptions reacted upon the speech of the Aryan settlers. This is the most plausible explanation of the growth of the Pali and the Prakrits".
   P. D. Gune, *An Introduction to Comparative Philology*, 1950, page 180.
2. ਭੋਲਾਸ਼ੰਕਰ ਵਿਆਸ (ਡਾ.) ਸੰਸਕ੍ਰਿਤ ਕਾ ਭਾਸ਼ਾ-ਸ਼ਾਸਤ੍ਰੀਯ ਅਧਿਯਯਨ, 1955.
3. "प्राकृतों की वैभाषिक प्रवृत्तियों का विकास ब्राह्मण काल में स्पष्टतः परिलक्षित होने लगा था। पूर्व के अनार्यों के प्रभाव से पूर्व में एक ऐसी विभाषा का विकास हो गया था जिसे आर्य बिगड़ा हुआ अशिष्ट उच्चारण

मानते थे। (अदुरुक्तवाक्य दुरुक्तमाहुः- ताण्ड्य ब्राह्मण १७/४) यह विभाषा उन लोगों की थी जो आर्य धर्म- वैदिक धर्म में विश्वास नहीं रखते थे। इन्हीं को वैदिक साहित्य में "व्रात्य" नाम से अभिहित किया गया है। इन लोगों को वैदिक ध्वनियों में प्रायः /ऋ, ऐ, औ, र, स, ष/ ध्वनियों के उच्चारण में बड़ी कठिनाई प्रतीत होती थी। ठीक इसी तरह संयुक्त ध्वनियों का उच्चारण करने में असमर्थ थे, विशेष कर, जब कि संयुक्त ध्वनियाँ दो भिन्न प्रकृति की होती थीं।"

भोला शंकर व्यास [1955], *संस्कृत का भाषाशास्त्रीय अध्ययन*, पृष्ठ 279-280.

ਅਧਿਆਏ 4 : 2

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ : ਪਹਿਲੀ ਉਪ-ਅਵਸਥਾ (ਪਾਲੀ ਪ੍ਰਾਕ੍ਰਿਤ)

(ਪਾਲੀ ਪ੍ਰਾਕ੍ਰਿਤ-600 ਪੂ ਈ ਤੋਂ ਪਹਿਲੀ ਸਦੀ ਈਸਵੀ)

ਭਾਰਤੀ ਆਰੀਆ ਭਾਸ਼ਾ ਦੇ ਉੱਤਰ-ਵੈਦਿਕ-ਕਾਲੀਨ ਭਾਸ਼ਾ-ਯੁਗ ਦਾ ਜਿਹੜਾ ਪ੍ਰਥਮ ਤੇ ਪਹਿਲਾ ਭਾਸ਼ਾ-ਰੂਪ ਸਥਾਪਿਤ ਹੋਇਆ ਹੈ ਉਸਨੂੰ "ਪਾਲੀ" ਦਾ ਨਾਮ ਦਿੱਤਾ ਜਾਂਦਾ ਹੈ। ਈਸਾ-ਪੂਰਵ 600 ਤੋਂ ਲੈ ਕੇ ਪਹਿਲੀ ਸਦੀ ਈਸਵੀ ਦੇ ਕਾਲ-ਖੰਡ ਵਿਚ ਪਾਲੀ ਖੱਧ-ਕਾਲੀਨ ਭਾਰਤ ਦੀ ਧਰਮ-ਭਾਸ਼ਾ ਅਤੇ ਰਾਸ਼ਟਰੀ ਭਾਸ਼ਾ ਦੀ ਹੈਸੀਅਤ ਵਿਚ ਕ੍ਰਿਆਸ਼ੀਲ ਰਹੀ ਹੈ।

ਪਾਲੀ ਦੀ ਉਤਪੱਤੀ : ਵਿਚਾਰ-ਗੋਚਰੀ ਭਾਸ਼ਾ ਦੇ "ਪਾਲੀ" ਨਾਮਕਰਣ ਬਾਰੇ ਕਈ ਤਰ੍ਹਾਂ ਦੇ ਪ੍ਰਸਤਾਵ ਉਪਲਬਧ ਹੁੰਦੇ ਹਨ। ਚੌਥੀ ਸਦੀ ਈਸਵੀ ਦੇ ਸਮੇਂ ਸ੍ਰੀਲੰਕਾ ਦੇ ਗ੍ਰੰਥ "ਦੀਪਬੰਸ" ਵਿਚ ਪਾਲੀ ਦੀ ਬਤੌਰ ਇਕ ਭਾਸ਼ਾ ਵਜੋਂ ਵਰਤੋਂ ਸਭ ਤੋਂ ਪਹਿਲਾਂ ਮਿਲਦੀ ਹੈ [ਭੋਲਾਨਾਥ ਤਿਵਾਰੀ : 1983 : 13] ਦੀਪਬੰਸ ਦੇ ਸੰਦਰਭ ਵਿਚ ਇਸ ਦਾ ਭਾਵ " ਬੁੱਧ ਬਚਨ" ਹਨ। ਪਾਲੀ ਦੀ ਥਾਂ ਬੋਧਕਾਲੀਨ ਯੁਗ ਦੀ ਭਾਸ਼ਾ ਦਾ ਨਾਂ ਪਹਿਲੋਂ ਪਹਿਲ ਮਾਗਧੀ, ਮਾਗਧਿਕ ਜਾ ਮਗਧ ਭਾਸ਼ਾ ਮਿਲਦਾ ਹੈ, ਅਤੇ "ਪਾਲੀ" ਨਾਮ ਕਾਫ਼ੀ ਉੱਤਰ-ਵਰਤੀ ਜਾਂ ਮਗਰਲਾ ਹੈ।

"ਪਾਲੀ" ਨਾਮ-ਸ਼ਬਦ ਦੀ ਨਿਰੁਕਤੀ ਤੇ ਵਿਉਤਪੱਤੀ-ਮੂਲਕ ਵਿਆਖਿਆ ਕਈ ਤਰ੍ਹਾਂ ਨਾਲ ਕੀਤੀ ਜਾਂਦੀ ਹੈ। ਇਸ ਸੰਦਰਭ ਵਿਚ ਭਿਕਸ਼ੂ ਜਗਦੀਸ਼, ਸਿੱਧਾਰਥ, ਪੰਡਿਤ ਬਿਧੁ ਸੇਖਰ, ਕੋਸਾਬੀ ਆਦਿ ਬੋਧ ਵਿਦਵਾਨਾਂ ਦੇ ਅਭਿਮਤ ਉਲੇਖਯੋਗ ਹਨ। ਪਰੰਤੂ ਬੁੱਧ ਘੋਸ਼ ਦੀ ਧਾਰਣਾਂ ਨੂੰ ਵਧੇਰੇ ਮਾਨਤਾ ਪ੍ਰਾਪਤ ਹੋਈ ਹੈ। ਬੁੱਧ ਘੋਸ ਬੋਧ ਸਾਹਿੱਤ ਦੇ ਪ੍ਰਕਾਂਡ ਵਿਦਵਾਨ ਸਨ ਅਤੇ ਟੀਕਾਕਾਰ ਸਨ। ਬੁੱਧਘੋਸ਼ ਨੇ ਬੋਧ-ਗ੍ਰੰਥ "ਅਨਕਥਾ" ਦੀ ਟੀਕਾ ਵਿਚ ਬੋਧ ਧਰਮ-ਗ੍ਰੰਥ "ਤ੍ਰਿਪਿਟਕ" ਨੂੰ ਸਭ ਥਾ "ਪਾਲੀ" ਨਾਮ ਨਾਲ ਨਿਰਦਿਸ਼ਟ ਕੀਤਾ ਹੈ। ਤ੍ਰਿਪਿਟਕ ਵਾਸਤੇ "ਪਾਲੀ" ਨਾਮ ਦੀ ਵਰਤੋਂ ਉਸ ਪਰੰਪਰਾ ਵਾਂਗੂ ਹੁੰਦੀ ਹੈ ਜਿਸ ਵਿਚ ਵੇਦਾਂ (ਰਿਗਵੇਦ ਸੰਹਿਤਾ, ਸਾਮਵੇਦ ਸੰਹਿਤਾ ਆਦਿ) ਲਈ "ਸੰਹਿਤਾ" ਦੀ ਵਰਤੋਂ ਹੁੰਦੀ ਹੈ (ਸੰਹਿਤਾ ਦਾ ਅਰਥ ਹੈ, ਸੰਗ੍ਰਹਿ, ਸੰਚੀ, ਸੰਕਲਨ ਜਾਂ ਗ੍ਰੰਥ) ਬੋਧ ਸਾਹਿਤ ਵਿਚੋਂ ਇਹ ਮੂਲ ਪਾਠ ਉੱਧਰਿਤ ਹੈ :

"ਨੇਵ ਪਾਲਿਯੰ ਨ ਅੱਠਕਥਾਯੰ ਦਿੱਸਤਿ" (ਬੋਧ ਸਾਹਿੱਤ ਵਿਚੋਂ ਵਾਕ)

ਅਰਥਾਤ ਨਾ ਤਾਂ ਪਾਲੀ (ਪਾਲਿਯੰ) ਵਿੱਚ ਅਤੇ ਨਾ ਹੀ ਅਰਥ-ਕਥਾ (ਅੱਠ ਕਥਾਯੰ) ਵਿਚ ਦਿੱਸਦਾ ਹੈ। ਏਥੇ "ਪਾਲੀ" ਦਾ ਅਰਥ "ਤ੍ਰਿਪਿਟਕ" ਧਰਮ-ਗ੍ਰੰਥ ਹੈ। ਪਹਿਲਾਂ

ਪਾਲੀ ਦਾ ਭਾਵ-ਅਰਥ ਤ੍ਰਿਪਿਟਕ ਹੀ ਰਿਹਾ, ਪਰ ਬਾਅਦ ਵਿਚ ਪਾਲੀ ਸ਼ਬਦ ਤ੍ਰਿਪਿਟਕ ਦੀ ਭਾਸ਼ਾ ਲਈ ਪ੍ਰਚਲਿਤ ਹੋ ਕੇ ਰੂੜ੍ਹ ਹੋ ਗਿਆ। ਹੁਣ "ਪਾਲੀ" ਦੀ, ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੀ ਪਹਿਲੀ ਉਪ-ਅਵਸਥਾ ਦੇ ਭਾਸ਼ਾ ਰੂਪ ਵਜੋਂ ਪਛਾਣ ਸਥਾਪਿਤ ਹੋ ਚੁਕੀ ਹੈ ਜੋ ਵੈਦਿਕ ਭਾਸ਼ਾ ਤੋਂ ਬਾਅਦ ਸਮੂਹ ਭਾਰਤ ਦੇ ਚਿਤਰਪਟ ਉਤੇ ਪ੍ਰਗਟ ਹੋ ਕੇ ਛਾਈ ਰਹੀ।

ਪਾਲੀ ਭਾਸ਼ਾ ਦਾ ਜੱਦੀ ਘਰ (Home of Pali) : ਪਾਲੀ ਭਾਸ਼ਾ ਦੇ ਉਦਗਮ ਸਥਾਨ ਦਾ ਪ੍ਰਸ਼ਨ ਵੀ ਵਿਵਾਦ-ਗ੍ਰਸਤ ਹੈ। ਇਸ ਪ੍ਰਸ਼ਨ ਦੇ ਸਮਾਧਾਨ ਲਈ ਪੱਛਮੀ ਤੇ ਪੂਰਬੀ ਵਿਦਵਾਨਾਂ ਦੇ ਵੱਖ-ਵੱਖ ਸਿਧਾਂਤ-ਸੰਕਲਪ ਉਪਲਬਧ ਹੁੰਦੇ ਹਨ। ਡਾ. ਸਰਨਾਮ ਸਿੰਘ (ਪਾਲੀ ਸਾਹਿਤਯ ਔਰ ਸਮੀਕਸ਼ਾ) ਨੇ ਪਾਲੀ ਦੇ ਆਦਿ-ਸਥਾਨ ਸੰਬੰਧੀ ਮਹੱਤਵਪੂਰਣ ਛਾਣ-ਬੀਣ ਕਰਕੇ ਕੁਝ ਪ੍ਰਮੁਖ ਮਤ-ਮਤਾਂਤਰ ਪ੍ਰਸਤੁਤ ਕੀਤੇ ਹਨ :

(1) ਜਾਰਜ ਗ੍ਰਿਅਰਸਨ ਅਤੇ ਵਿੰਟਰਨਿਤਜ਼ ਪਾਲੀ ਦਾ ਆਦਿ ਸਥਾਨ ਮਗਧ ਪ੍ਰਦੇਸ਼ (ਅਜੋਕਾ ਬਿਹਾਰ ਪ੍ਰਾਂਤ) ਮੰਨਦੇ ਹਨ।

(2) ਏ.ਬੀ. ਕੀਥ, ਟਰਨਰ, ਸਿਲਵਾਂ ਲੇਵੀ, ਡਾ. ਐਸ. ਕੇ. ਚੈਟਰਜੀ ਆਦਿ ਦੇ ਅਨੁਸਾਰ ਪਾਲੀ ਸਾਹਿਤਕ ਭਾਸ਼ਾ ਸੀ ਜੋ ਭਾਰਤ ਦੇ ਮੱਧਦੇਸ਼ (ਉੱਜੈਨ ਤੋਂ ਮਥੁਰਾ ਤਕ ਦਾ ਇਲਾਕਾ ਮੱਧ ਦੇਸ ਹੈ) ਦੀਆਂ ਬੋਲੀਆਂ ਉਤੇ ਨਿਰਭਰ ਸੀ। ਪਾਲੀ ਹਿੰਦੀ-ਭਾਸ਼ਾ ਦੀ ਪੂਰਵਜ ਪੈਤ੍ਰਿਕ ਭਾਸ਼ਾ ਹੈ।

(3) ਓਲਡਨਬਰਗ ਆਦਿ ਪਾਲੀ ਨੂੰ ਕਲਿੰਗ ਪ੍ਰਾਂਤ ਦੀ ਬੋਲੀ ਤੇ ਆਧਾਰਿਤ ਭਾਸ਼ਾ ਮੰਨਦੇ ਹਨ।

(4) ਸਟੇਨਕੋਨੋ ਅਤੇ ਆਰ. ਓ. ਫਰੈਂਕ ਪਾਲੀ ਦਾ ਜੱਦੀ ਸਥਾਨ ਵਿੰਧਿਆਚਲ ਖੇਤਰ ਨੂੰ ਪ੍ਰਸਤਾਵਿਤ ਕਰਦੇ ਹਨ।

(5) ਪ੍ਰੋ. ਰਾਈਸ ਡੇਵਿਸ ਦੇ ਅਨੁਸਾਰ ਪਾਲੀ ਦਾ ਉਦਗਮ-ਸਥਾਨ ਕੋਸਲ ਪ੍ਰਦੇਸ਼ ਸੀ।

(6) ਸ੍ਰੀ ਵੇਸਟਰ-ਗਾਰਡ ਅਤੇ ਈ. ਕੁੰਟਨ ਦਾ ਮਤ ਹੈ ਕਿ ਪਾਲੀ ਦਾ ਆਰੰਭ-ਬਿੰਦੂ ਉੱਜੈਨ ਨਗਰੀ ਦਾ ਇਲਾਕਾ ਹੈ।

ਇਨ੍ਹਾਂ ਉਪਰੋਕਤ ਵਿਚਾਰ-ਸੂਤਰਾਂ ਦਾ ਵਿਵੇਚਨ ਤੇ ਵਿਸਲੇਸ਼ਣ ਕਰਨ ਉਪਰੰਤ ਡਾ. ਐਸ. ਕੇ. ਚੈਟਰਜੀ ਨੇ ਸਾਰਾਂਸ਼ ਵਜੋਂ ਆਪਣਾ ਸਰਬ-ਸਹਿਮਤ ਨਿਸ਼ਕਰਸ਼ ਬਿਆਨ ਕੀਤਾ ਹੈ। ਡਾ. ਚੈਟਰਜੀ ਨੇ* ਲਿਖਿਆ ਹੈ ਕਿ ਭਗਵਾਨ ਮਹਾਵੀਰ ਅਤੇ ਭਗਵਾਨ ਬੁੱਧ ਦੇ ਪ੍ਰਵਚਨ (discourse) ਪੂਰਬੀ ਭਾਸ਼ਾ (ਪ੍ਰਾਚਯ ਭਾਸ਼ਾ/ਮਗਧ ਭਾਸ਼ਾ) ਵਿਚ ਉਚਾਰੇ ਗਏ ਸਨ। ਮਹਾਰਾਜਾ ਅਸ਼ੋਕ ਤੋਂ ਪਿਛੋਂ ਬੁੱਧ ਦੇ ਇਹ ਪ੍ਰਵਚਨ ਪੱਛਮੀ ਬੋਲੀ (ਪ੍ਰਾਚੀਨ ਸ਼ੌਰਸੇਨੀ ਪ੍ਰਾਕ੍ਰਿਤ) ਵਿਚ ਉਲਥਾਏ ਗਏ ਜੋ ਮੱਧ ਦੇਸ ਦੀ ਬੋਲੀ ਸੀ (ਉੱਜੈਨ ਤੋਂ ਮਥੁਰਾ ਤਕ ਦਾ ਇਲਾਕਾ ਮੱਧ ਦੇਸ਼ ਹੈ)। ਇਨ੍ਹਾਂ ਉਲਥਿਆਂ ਵਿਚ ਪੂਰਬੀ ਭਾਸ਼ਾ ਦੇ ਅਨੇਕ ਵਿਸ਼ੇਸ਼ ਲੱਛਣ ਮੌਜੂਦ ਰਹਿ ਗਏ ਹਨ ਜਿਨ੍ਹਾਂ ਤੋਂ ਇਨ੍ਹਾਂ ਪ੍ਰਵਚਨਾਂ ਦੇ ਮੂਲ-ਸਰੋਤ ਦਾ ਬੋਧ ਹੁੰਦਾ ਹੈ। ਇਹੋ ਪੱਛਮੀ ਭਾਸ਼ਾ ਅਰਥਾਤ ਸੌਰਸੇਨੀ ਪ੍ਰਾਕ੍ਰਿਤ (ਜਿਸ ਵਿਚ ਬੁੱਧ ਦੇ ਵਚਨ ਉਲਥਾਏ ਗਏ) ਕਾਲਾਂਤਰ ਵਿਚ ਪਾਲੀ ਭਾਸ਼ਾ ਦੇ ਤੌਰ ਤੇ ਪ੍ਰਸਿੱਧ ਹੋ ਗਈ। ਪਾਲੀ ਦੇ ਪੁਰਾਣੇ

* *Origin And Development of Bengali Language* [1926] (2) *Indo-Aryan And Hindi* [1955].

ਵਿਆਕਰਣ ਤੋਂ ਇਹ ਤਸਦੀਕ ਹੋ ਜਾਂਦਾ ਹੈ ਕਿ *ਪਾਲੀ ਦੀ ਆਧਾਰ-ਭਾਸ਼ਾ ਮੱਧਦੇਸ਼ ਦੀ ਬੋਲੀ ਹੈ।* ਪਾਲੀ ਹੌਲੀ ਹੌਲੀ ਬੁੱਧ ਧਰਮ ਅਤੇ ਬੋਧ-ਸੰਪ੍ਰਦਾਇ ਦੀ ਪਵਿਤ੍ਰ ਧਰਮ-ਭਾਸ਼ਾ ਦੇ ਤੌਰ ਤੇ ਸਥਾਪਿਤ ਹੋ ਗਈ। ਇਸ ਲਈ ਇਹ ਕਹਿਣਾ ਕਿ ਪਾਲੀ ਮਗਧ ਪ੍ਰਾਂਤ (ਦੱਖਣੀ ਬਿਹਾਰ) ਦੀ ਭਾਸ਼ਾ ਸੀ, ਸਹੀ ਨਹੀਂ ਹੈ। ਸਗੋਂ ਹਕੀਕਤ ਇਹ ਹੈ ਕਿ *ਪਾਲੀ ਸਰਬ ਭਾਰਤੀ ਸਾਹਿਤਕ ਭਾਸ਼ਾ* ਸੀ ਜਿਹੜੀ ਮੱਧਦੇਸ਼ ਦੀ ਬੋਲੀ ਤੇ ਆਧਾਰਿਤ ਸੀ। ਅਸਲ ਵਿਚ ਪਾਲੀ ਆਧੁਨਿਕ ਹਿੰਦੀ ਭਾਸ਼ਾ ਦੀ ਪੂਰਵਜ ਪੈਤ੍ਰਿਕ ਭਾਸ਼ਾ (Ancestor language) ਹੈ। ਜਿਸ ਤਰ੍ਹਾਂ ਹਿੰਦੀ ਅੱਜ ਭਾਰਤ ਦੀ ਕੇਂਦਰੀ ਭਾਸ਼ਾ ਹੈ ਇਸੇ ਤਰ੍ਹਾਂ ਮੱਧ ਭਾਰਤੀ ਆਰੀਆ ਭਾਸ਼ਾ ਦੇ ਪ੍ਰਥਮ ਕਾਲ-ਖੰਡ ਵਿਚ ਪਾਲੀ "ਆਰਯਾਵਰਤ" ਦੇ ਕੇਂਦਰ ਦੀ ਭਾਸ਼ਾ ਸੀ ਜਿਸ ਨੂੰ ਰਾਸ਼ਟਰੀ ਭਾਸ਼ਾ ਦਾ ਗੌਰਵ ਪ੍ਰਾਪਤ ਸੀ।"

ਡਾ. ਚੈਟਰਜੀ ਨੇ ਇਹ ਵੀ ਲਿਖਿਆ ਹੈ ਕਿ ਪਾਲੀ ਪ੍ਰਚਲਿਤ ਜਨਭਾਸ਼ਾ ਦੇ ਤੌਰ ਤੇ ਉਸ ਸੰਕ੍ਰਾਤੀ ਕਾਲ [200 ਪੂ. ਈ.-200 ਈ.] ਦੇ ਦੌਰਾਨ ਇਕ ਤਰ੍ਹਾਂ ਨਾਲ ਹੇਠਲੀ ਉੱਤਰਾਧਿਕਾਰੀ ਪੱਧਰ ਤੇ ਸੰਸਕ੍ਰਿਤ ਦੇ ਮੁਕਾਬਲੇ ਦੀ (ਪ੍ਰਤੀਦਵੰਦੀ) ਵਿਆਪਕ ਭਾਸ਼ਾ ਸੀ ਜੋ ਉੱਤਰੀ ਭਾਰਤ ਦੇ ਲੋਕ ਸਾਹਿਤ, ਸਭਿਆਚਾਰ, ਬੋਧ ਫ਼ਿਲਾਸਫ਼ੀ, ਧਰਮ-ਸ਼ਾਸਤ੍ਰ, ਅਤੇ ਰਾਜ-ਪ੍ਰਬੰਧ ਦਾ ਸ਼ਕਤੀਸ਼ਾਲੀ ਮਾਧਿਅਮ ਵਜੋਂ ਸਥਾਪਿਤ ਹੋ ਚੁੱਕੀ ਸੀ।

ਪਾਲੀ ਭਾਸ਼ਾ ਦੇ ਉਪਲਬਧ ਮੌਲਿਕ ਟੈਕਸਟ

ਪਾਲੀ ਦੀ ਭਾਸ਼ਾਗਤ ਰੂਪ-ਰੇਖਾ ਦਾ ਸਵਿਸਥਾਰ ਪਰੀਚੈ ਉਸ ਦੇ ਢੇਰ ਸਾਰੇ ਮੂਲ-ਪਾਠਾਂ (texts) ਤੋਂ ਉਪਲਬਧ ਹੋ ਜਾਂਦਾ ਹੈ। ਇਹ ਮੂਲ-ਪਾਠ ਤਸਦੀਕ ਸ਼ੁਦਾ (attested) ਹਨ ਅਤੇ ਜਿਨ੍ਹਾਂ ਨੂੰ ਪਾਲੀ ਭਾਸ਼ਾ ਦੀ *ਸਰੋਤ-ਸਾਮਗਰੀ* ਵਜੋਂ ਪ੍ਰਵਾਨ ਕੀਤਾ ਜਾਂਦਾ ਹੈ। ਪਾਲੀ ਦੇ ਕੁਝ ਟੈਕਸਟ ਇਹ ਹਨ :

(1) *ਤ੍ਰਿਪਿਟਕ* : ਇਹ ਬੋਧ-ਧਰਮ ਦਾ ਪਵਿਤ੍ਰ ਗ੍ਰੰਥ ਹੈ, ਇਸ ਦੇ ਤਿੰਨ ਹਿੱਸੇ ਹਨ : (ੳ) ਸੁੱਤ ਪਿਟਕ, (ਅ) ਵਿਨਯ ਪਿਟਕ, ਅਤੇ (ੲ) ਅਭਿਧੰਮ ਪਿਟਕ।

(2) *ਸੁੱਤ ਪਿਟਕ* : ਇਸ ਵਿਚ ਪੰਜ ਨਿਕਾਯ ਹਨ : (ੳ) ਦੀਘ ਨਿਕਾਯ, (ਅ) ਮੱਝਿਮ ਨਿਕਾਯ, (ੲ) ਸੰਯੁੱਤ ਨਿਕਾਯ, (ਸ) ਅੰਗੁਤਰ ਨਿਕਾਯ, (ਹ) ਖੁੱਦਕ ਨਿਕਾਯ। ਖੁੱਦਕ ਨਿਕਾਯ ਵਿਚ ਧੰਮਪਦ, ਥੇਰ ਗਾਥਾ, ਜਾਤਕ ਕਥਾਵਾ ਬਹੁਤ ਪ੍ਰਸਿੱਧ ਗ੍ਰੰਥ ਹਨ। ਸੁੱਤ ਪਿਟਕ ਵਿਚ ਵਾਰਤਕ-ਬੱਧ ਸੂਤਰ ਹਨ ਜਿਹੜੇ ਭਗਵਾਨ ਬੁੱਧ ਦੇ ਦਿੱਤੇ ਹੋਏ ਉਪਦੇਸ਼ ਹਨ।

(3) *ਵਿਨਯ ਪਿਟਕ* : ਇਸ ਵਿਚ ਮਹਾਵੱਗ, ਚੁਲ ਵੱਗ, ਪਾਰਿਤਿਯ, ਪਾਰਾਜਿਕ ਗ੍ਰੰਥ ਹਨ ਜਿਨ੍ਹਾਂ ਵਿਚ ਭਗਵਾਨ ਬੁੱਧ ਦੇ ਉਪਦੇਸ਼ ਹਨ।

(4) *ਅਭਿਧੰਮ ਪਿਟਕ* : ਇਸ ਵਿਚ ਸੱਤ ਗ੍ਰੰਥ ਹਨ : (ੳ) ਧੰਮ ਸੰਗਣੀ, (ਅ) ਵਿਭੰਗ, (ੲ) ਧਾਤੂ ਕਥਾ, (ਸ) ਪੁਗਲ ਪੰਞਤਿ, (ਹ) ਕਥਾਵਥੂ, (ਕ) ਯਮਕ, (ਖ) ਪੱਠਾਨ। ਇਸ ਪਿਟਕ ਵਿਚ ਬੋਧ ਦਰਸ਼ਨ ਦੇ ਚਿੱਤ, ਚੈਤਸਕ, ਵਿਗਿਆਨ, ਸੰਸਕਾਰ, ਵੇਦਨਾ, ਸੰਗਿਆ ਆਦਿ ਵਿਸ਼ਿਆਂ ਉਤੇ ਚਰਚਾ ਤੇ ਸ਼ਾਸਤ੍ਰਾਰਥ ਸੰਗ੍ਰਹਿਤ ਹੈ।

(5) *ਅੱਠਕਥਾ* : ਅੱਠਕਥਾ ਅਰਥਾਤ ਅਰਥ-ਕਥਾ ਤ੍ਰਿਪਿਟਕ ਉਤੇ ਲਿਖੇ ਟੀਕੇ ਤੇ ਭਾਸ਼ਯ ਹਨ।

(6) *ਵਿਸੁਧਿ-ਮੱਗੋ* : ਅਰਥਾਤ "ਵਿਸੁਧ-ਮਾਰਗ" ਇਸ ਦਾ ਕਰਤਾ ਬੁੱਧਘੋਸ਼ ਹੈ। ਇਹ ਗ੍ਰੰਥ ਵੀ ਪਾਲੀ ਭਾਸ਼ਾ ਵਿਚ ਹੈ।

(7) *ਮਿਲਿੰਦ-ਪੰਞਹੋ* : ਅਰਥਾਤ "ਮਿਲਿੰਦ-ਪ੍ਰਸ਼ਨ"। ਇਸ ਵਿਚ ਗ੍ਰੀਸ (ਯੂਨਾਨ) ਦੇ ਰਾਜਾ ਮਿਲਿੰਦ ਦੇ ਪ੍ਰਸ਼ਨਾਂ ਦੇ ਉੱਤਰ ਸਾਮਲ ਹਨ ਜਿਹੜੇ ਮਹਾ ਸਥਵਿਰ ਨਾਗਸੇਨ ਨੇ ਦਿੱਤੇ ਸਨ।

(8) *ਪਾਲੀ ਵਿਆਕਰਣ* : ਕੱਚਾਨ (ਕਾਤਿਆਇਨ), ਮੋਗਲਾਨ (ਮੁਦਗਲਾਨ), ਅਤੇ ਸੱਦ ਨੀਤਿ ਦੁਆਰਾ ਪਾਲੀ ਭਾਸ਼ਾ ਦੇ ਵਿਆਕਰਣ ਵੀ ਪਾਲੀ ਵਿਚ ਰਚੇ ਗਏ ਹਨ। (9) *ਸ਼ਿਲਾ ਅਭਿਲੇਖ।*

ਹੁਣ ਤਕ ਅਸੀਂ ਡਾਇਆਕ੍ਰੋਨਿਕ ਪਹੁੰਚ-ਵਿਧੀ ਦੁਆਰਾ ਪਾਲੀ ਭਾਸ਼ਾ ਦੇ ਪ੍ਰਸੰਗ ਵਿਚ ਮੱਧਕਾਲੀਨ ਪ੍ਰਾਕ੍ਰਿਤ ਭਾਸ਼ਾ-ਯੁਗ ਦੀ ਇਤਿਹਾਸਿਕ ਭੂਮਿਕਾ ਦਾ ਵਰਣਨ ਕੀਤਾ ਹੈ। ਪਰ ਹੁਣ ਸਿਨਕ੍ਰੋਨਿਕ ਭਾਸ਼ਾ-ਵਿਗਿਆਨਿਕ ਪਹੁੰਚ ਦੇ ਨਜ਼ਰੀਏ ਨਾਲ ਪਾਲੀ ਭਾਸ਼ਾ ਦੀ ਸੰਰਚਨਾ ਦਾ ਵਰਣਨਾਤਮਕ (ਡਿਸਕ੍ਰਿਪਟਿਵ) ਅਧਿਐਨ ਕੀਤਾ ਜਾਵੇਗਾ ਅਤੇ ਮੌਕੇ ਮੁਤਾਬਕ ਡਾਇਕ੍ਰੋਨਿਕ ਤੇ ਕੰਟ੍ਰਾਸਟਿਵ ਪਹੁੰਚ ਦੇ ਆਧਾਰ ਤੇ ਪਾਲੀ ਦੇ ਪੈਟਰਨ ਤੇ ਸੰਦਰਭ ਵੀ ਸਪਸ਼ਟ ਕੀਤੇ ਜਾ ਸਕਣਗੇ।

ਪਾਲੀ ਭਾਸ਼ਾ ਦੀ ਸੰਰਚਨਾ (Structure of Pali Language)

ਵੈਦਿਕ ਭਾਸ਼ਾ/ਸੰਸਕ੍ਰਿਤ ਦਾ ਪਰਵਰਤੀ ਅਗਲਾ ਪ੍ਰਥਮ ਭਾਸ਼ਾ-ਰੂਪ "ਪਾਲੀ" ਹੈ। ਪਾਲੀ ਦੇ ਪ੍ਰਗਟੀਕਰਣ ਵਿਚ ਵੈਦਿਕ/ਸੰਸਕ੍ਰਿਤ ਸਰੋਤ-ਭਾਸ਼ਾ ਦੇ ਤੌਰ ਤੇ ਪ੍ਰਮਾਣਿਤ ਹੁੰਦੀ ਹੈ। ਸੋ ਵੈਦਿਕ ਭਾਸ਼ਾ ਜਿਥੇ ਪੂਰਵਜ ਤੇ ਪੈਤ੍ਰਿਕ ਹੈ "ਪਾਲੀ" ਉਥੇ ਵੰਸ਼ਜ ਤੇ ਪਰਵਰਤੀ ਹੈ। ਇਸ ਪੈਤ੍ਰਿਕ ਰਿਸ਼ਤੇ ਦੇ ਸੰਬੰਧ-ਮੂਲਕ ਸੰਦਰਭ ਵਿਚ ਅਗਲਿਆਂ ਪੰਨਿਆ ਤੇ ਵੈਦਿਕ ਅਤੇ ਪਾਲੀ ਦਾ ਤੁਲਨਾਤਮਕ ਤੇ ਟਾਕਰਾ-ਮੂਲਕ ਅਧਿਐਨ ਪੇਸ਼ ਕੀਤਾ ਜਾਵੇਗਾ ਅਤੇ ਨਾਲ ਹੀ ਪਾਲੀ ਦੀਆਂ ਨਿਜੀ ਵਿਲੱਖਣਤਾਵਾਂ ਅਤੇ ਉਸ ਦੇ ਵੱਖ ਵੱਖ ਭਾਸ਼ਾਗਤ ਪੈਟਰਨ ਵੀ ਉਜਾਗਰ ਕੀਤੇ ਜਾਣਗੇ। ਇਸ ਆਰੰਭਕ ਟਿੱਪਣੀ ਦੇ ਪਰਿਪੇਖ ਵਿਚ ਹੁਣ ਪਾਲੀ ਭਾਸ਼ਾ ਦੀ ਸੰਰਚਨਾ ਅਤੇ ਉਸਦੀ ਵਿਕਾਸਾਤਮਕ ਭੂਮਿਕਾ ਦਾ ਵਿਵੇਚਨ ਪੇਸ਼ ਕੀਤਾ ਜਾਂਦਾ ਹੈ।

ਪਾਲੀ ਧੁਨੀ-ਮਾਲਾ (Phonemic inventory of PALI)

ਪਾਲੀ ਪ੍ਰਾਕ੍ਰਿਤ ਦੇ ਯੁਗ ਵਿਚ ਪ੍ਰਫੁੱਲਤ ਹੋਏ ਦੋ ਪਾਲੀ ਵਿਆਕਰਣਿਕਾਰ ਹਨ–ਕਾਤਿਆਇਨ ਅਤੇ ਮੁਦਗਲਾਨ। ਇਨ੍ਹਾ ਦੋਹਾਂ ਦੇ ਨਾਵਾਂ ਦਾ ਪਾਲੀ-ਉੱਚਾਰਣ ਤਰਤੀਬਕਾਰ "ਕੱਚਾਇਨ" ਅਤੇ ਮੋਗਲਾਨ ਹੈ। ਕਾਤਿਆਇਨ ਅਤੇ ਮੁਦਗਲਾਨ ਦੋਵੇਂ ਪਾਲੀ ਭਾਸ਼ਾ ਦੇ ਨੇਟਿਵ ਬੁਲਾਰੇ ਸਨ ਇਸ ਲਈ ਇਨ੍ਹਾਂ ਦੇ ਵਿਆਕਰਣ-ਗ੍ਰੰਥਾਂ ਵਿਚ ਪਾਲੀ ਦਾ ਭਾਸ਼ਾਗਤ ਵਰਣਨ ਸਮਕਾਲੀ ਭਾਸ਼ਾ ਦੇ ਵਰਣਨ ਦੀ ਤਰ੍ਹਾਂ ਪ੍ਰਮਾਣਿਕ ਹੈ। ਸੋ ਕਾਤਿਆਇਨ ਦੇ ਅਨੁਸਾਰ ਪਾਲੀ ਵਿਚ 41 ਧੁਨੀਆਂ ਹਨ। ਮੂਲ ਟੈਕਸਟ ਦੀ ਪੰਗਤੀ ਹੈ :

"ਅੱਖਰਾ ਪਾਦਯੋ ਏਕਚੱਤਾਲੀਸ" (ਕਾਤਿਆਇਨ ਵਿਆਕਰਣ)

ਅਰਥਾਤ ਪਾਲੀ ਦੀ ਧੁਨੀ ਮਾਲਾ ਵਿਚ ਇਕਤਾਲੀ ਅੱਖਰ (ਧੁਨੀਆਂ) ਸਨ। ਪਰੰਤੂ ਦੂਜੇ ਵਿਆਕਰਣੀਏ ਮੁਦਗਲਾਨ ਦੇ ਅਨੁਸਾਰ ਪਾਲੀ ਵਿਚ 43 ਧੁਨੀਆਂ ਸਨ। ਮੂਲ ਪੰਗਤੀ ਹੈ :

"ਅ-ਆਦਯੋ ਤਿਤਾਲੀਸ ਵੰਣਾ" (ਮੁਦਗਲਾਨ ਦਾ ਵਿਆਕਰਣ)

ਵੰਣ ਦਾ ਅਰਥ ਹੈ ਵਰਣ ਯਾਨੀ ਧੁਨੀਆਂ/ਅਰਥਾਤ ਪਾਲੀ ਭਾਸ਼ਾ ਵਿਚ ਤ੍ਰਿਤਾਲੀ (43)

ਧੁਨੀਆਂ ਸਨ । ਪਰੰਤੂ ਸਹੀ ਗਿਣਤੀ ਦੇ ਮੁਤਾਬਕ ਪਾਲੀ ਪ੍ਰਾਕ੍ਰਿਤ ਭਾਸ਼ਾ ਵਿਚ 47 ਧੁਨੀਆਂ ਸਨ । ਇਹ ਵਿਵਰਣ ਹੇਠਾਂ ਰੇਖਾ-ਚਿਤਰ ਵਿਚ ਪੇਸ਼ ਕੀਤਾ ਜਾਂਦਾ ਹੈ ।

ਪਾਲੀ ਧੁਨੀਆਂ ਦਾ ਰੇਖਾ-ਚਿੱਤਰ

(ੳ) ਖੰਡੀ ਧੁਨੀਆਂ (Segmental phonemes)

(1) ਸਵਰ :

/ਅ, ਆ, ਇ, ਈ, ਉ, ਊ, ਏ, ਓ, ਏੱ, ਓੱ/

(2) ਵਿਅੰਜਨ :

/ਕ,ਖ,ਗ, ਘ, ਙ/
/ਚ, ਛ, ਜ, ਝ, ਞ/
/ਟ, ਠ, ਡ, ਢ, ਣ/
/ਤ, ਥ, ਦ, ਧ, ਨ/
/ਪ, ਫ, ਬ, ਭ, ਮ/
/ਯ, ਯ, ਰ, ਲ, ਲ਼ ਹ, ਵ, ਵ, ਸ, ਹ/

(ਅ) ਅਧਿਖੰਡੀ ਧੁਨੀਆਂ (Supra-segmental phonemes)

/ਅਨੁਸਵਾਰ-/

ਪਾਲੀ ਦੇ ਮੁਕਾਬਲੇ ਵਿਚ ਵੈਦਿਕ ਸੰਸਕ੍ਰਿਤ ਵਿਚ 55 ਧੁਨੀਆਂ ਸਨ ਅਤੇ ਲੌਕਿਕ (classical) ਸੰਸਕ੍ਰਿਤ ਵਿਚ 52 ਧੁਨੀਆਂ ਹਨ ।

ਪਾਲੀ ਧੁਨੀਆਂ ਦਾ ਵਰਤਾਰਾ

ਸਵਰ : ਸੰਸਕ੍ਰਿਤ ਦੀਆ /਋, ਲ੍ਰਿ, ਐ, ਔ/ ਧੁਨੀਆਂ ਨੂੰ ਛਡਕੇ ਬਾਕੀ ਸਾਰੀਆਂ ਸੰਸਕ੍ਰਿਤ ਸਵਰ-ਧੁਨੀਆਂ ਪਾਲੀ ਭਾਸ਼ਾ ਵਿਚ ਉਪਲਬਧ ਹਨ ।

(ੳ) /ਰਿ/ (ऋ) ਸੰਸਕ੍ਰਿਤ ਧੁਨੀ ਦਾ ਪਾਲੀ ਵਿਚ ਚਾਰ ਤਰ੍ਹਾਂ ਨਾਲ ਪਰਿਵਰਤਨ ਹੁੰਦਾ ਹੈ :

(1) ऋ → ਅ : ਗਹ ←ਗ੍ਰਿਹ, ਮੱਚੁ ← ਮ੍ਰਿਤਯੁ, ਮੱਟ ← ਮ੍ਰਿਸ਼ਟ ।
(2) ऋ → ਇ : ਇਣ ←ਰਿਣ, ਕਿਸ ← ਕ੍ਰਿਸ਼, ਸਿਗਾਲ ← ਸ਼੍ਰਿਗਾਲ ।
(3) ऋ → ਉ : ਉਸਭ ←ਰਿਸ਼ਭ, ਪੁੱਛਿ ← ਪ੍ਰਿਛ, ਪਰਿਵੁੱਤੋ ← ਪਰਿਵ੍ਰਿਤ
(4) ऋ → ਰਿ : ਰਿਤੋ ←ਰਿਤੋ, ਰੁੱਖ ← ਵ੍ਰਿਕਸ਼

(ਅ) /ਐ, ਔ/

ਸੰਸਕ੍ਰਿਤ ਦੇ /ਐ, ਔ/ ਸਵਰ ਪਾਲੀ ਵਿਚ/ਏ, ਓ/ਵਿਚ ਬਦਲ ਜਾਂਦੇ ਹਨ :

ਐ → ਏ : ਕੇਲਾਸ ← ਕੈਲਾਸ਼, ਵੇਦੇਹ ← ਵੈਦੇਹ, ਚੇਤ੍ਰ ← ਚੈਤ੍ਰ
ਔ → ਓ : ਗੋਤਮ ← ਗੌਤਮ, ਓਸਧ ← ਔਸ਼ਧ

(ੲ) ਦੀਰਘ → ਹ੍ਰਸਵ

ਪਾਲੀ ਵਿਚ ਸੰਯੁਕਤ ਵਿਅੰਜਨਾਂ ਤੋਂ ਪਹਿਲਾਂ ਦੀਰਘ ਸਵਰ ਆਮ ਤੌਰ ਤੇ ਹ੍ਰਸਵ ਕਰ ਦਿੱਤੇ ਜਾਂਦੇ ਹਨ :

ਪੁੰਣ ← ਪੂਰਣ, ਤਿੱਥ ← ਤੀਰਥ, ਪੱਤੀ ← ਪ੍ਰਾਪਤਿ

(ਪੁੰਨੀ ← ਪੂਰਣ : ਆਦਿਗ੍ਰੰਥ : "ਮੁਹਲਤਿ ਪੁੰਨੀ ਚਲਣਾ" ਸ੍ਰੀ ਰਾਗ ਮ: ਪੰਜਵਾਂ)

(ਸ) ਆਦਿ-ਸਵਰ ਲੋਪ

ਕਈ ਵਾਰ ਸ਼ਬਦਾਦਿ-ਸਵਰ ਹਾਨੀਪੂਰਤੀ (compensation) ਤੋਂ ਬਿਨਾਂ ਹੀ ਲੋਪ ਕਰ ਦਿੱਤੇ ਜਾਂਦੇ ਹਨ, ਮਿਸਾਲਾਂ :

ਲੰਕਾਰ ← ਅਲੰਕਾਰ, ਧੀਤਾ ← ਦੁਹਿਤਾ (ਧੀ), ਪਿ ← ਅਪਿ (ਭੀ, ਵੀ)

ਵਿਅੰਜਨ : ਸੰਸਕ੍ਰਿਤ ਦੀਆਂ /ਸ਼, ਸ਼/ ਵਿਅੰਜਨ-ਧੁਨੀਆਂ ਨੂੰ ਛੱਡ ਕੇ ਪਾਲੀ ਵਿਚ ਬਾਕੀ ਸਾਰੇ ਸੰ. ਵਿਅੰਜਨ ਕਾਇਮ ਹਨ। ਪਰੰਤੂ ਮੂਰਧਨੀ ਵਿਅੰਜਨ (retroflex sounds) ਪਾਲੀ ਵਿਚ ਸੰਸਕ੍ਰਿਤ ਨਾਲੋਂ ਵਧੀਕ ਮਾਤਰਾ ਵਿਚ ਮਿਲਦੇ ਹਨ। ਸੰਸਕ੍ਰਿਤ ਵਿਅੰਜਨ-ਧੁਨੀਆਂ ਦਾ ਪਾਲੀ ਵਿਚ ਗੁਣਾਤਮਕ ਤੇ ਗਿਣਾਤਮਕ (qualitatively & quantitatively) ਦੋਹਾਂ ਤਰ੍ਹਾਂ ਦਾ ਰੂਪਾਂਤਰਣ ਹੁੰਦਾ ਹੈ :

(1) Hard consonants ਕਈ ਵਾਰ soft ਹੋ ਜਾਂਦੇ ਹਨ। ਯਥਾ :
ਉਦ ← ਉਤ, ਰੁਦ ← ਰੁਤ, ਵਯਾਵਟ ← ਵਯਾਪ੍ਰਿਤ

(2) ਸੰਸਕ੍ਰਿਤ ਵਿਚ /ਸ, ਸ਼, ਸ਼/ ਤਿੰਨ ਊਸ਼ਮ (fricative) ਵਿਅੰਜਨ ਸਨ ਲੇਕਿਨ ਪਾਲੀ ਵਿਚ ਸਿਰਫ /ਸ/ ਹੀ ਬਚਿਆ ਹੈ ਅਤੇ /ਸ਼, ਸ਼/ ਲੋਪ ਹੋ ਗਏ ਹਨ।

(3) ਸੰਸਕ੍ਰਿਤ ਦੀਆਂ ਤਿੰਨ ਅਧਿਖੰਡੀ ਫੋਨੀਮ-ਧੁਨੀਆਂ ਅਰਥਾਤ ਵਿਸਰਗ, ਜਿਹਵਾਮੂਲੀਯ ਅਤੇ ਉਪਧਮਾਨੀਯ, ਪਾਲੀ ਵਿਚ ਆ ਕੇ ਲੁਪਤ ਹੋ ਗਈਆਂ ਹਨ।

(4) ਪਾਲੀ ਵਿਚ ਞ/ਰਿ, ਸ਼/ਸ, ਲ/ਲ਼ ਵਿਰੋਧ (contrast) ਪੈਦਾ ਨਹੀਂ ਕਰਦੇ, ਸਗੋਂ ਇਹ ਸੁਤੰਤਰ-ਬਦਲੀ (free variation) ਵਿਚ ਵਿਚਰਦੇ ਹਨ।

ਪਾਲੀ ਵਿਚ ਧੁਨੀ-ਪਰਿਵਰਤਨ (sound change)

ਸੰਸਕ੍ਰਿਤ ਦੇ ਮੁਕਾਬਲੇ ਵਿਚ ਪਾਲੀ ਭਾਸ਼ਾ ਵਿਚ ਭਾਵੇਂ ਧੁਨੀਆਤਮਕ, ਰੂਪਾਤਮਕ, ਵਾਕਾਤਮਕ, ਅਰਥਾਤਮਕ ਅਤੇ ਕੋਸ਼ੀ ਕਿਸਮ ਦੇ ਪਰਿਵਰਤਨ ਵਾਪਰਦੇ ਹਨ, ਪਰੰਤੂ ਸਮੇਂ ਦੇ ਬੀਤਣ ਨਾਲ ਜਿਹੜਾ ਪਰਿਵਰਤਨ ਤੇ ਵਿਭਿੰਨਤਾ ਦਾ ਖੇਤਰ ਵਧੇਰੇ ਉਘੜਵਾਂ ਹੈ ਉਹ ਹੈ ਧੁਨੀਆਤਮਕ ਪਰਿਵਰਤਨ। ਪਾਲੀ ਵਿਚ ਪਰਿਵਰਤਨ ਦੇ ਕਈ ਉੱਲੇਖਯੋਗ ਪ੍ਰਕਾਰ ਉਪਲਬਧ ਹੁੰਦੇ ਹਨ। ਆਮ ਤੌਰ ਤੇ ਭਾਸ਼ਾ ਵਿਚ ਦੋ ਤਰ੍ਹਾਂ ਦੇ ਧੁਨੀ-ਪਰਿਵਰਤਨ ਨੋਟ ਕੀਤੇ ਜਾਂਦੇ ਹਨ :

(1) ਧੁਨੀਗਤ ਵਾਤਾਵਰਣ ਅਧੀਨ ਧੁਨੀ-ਪਰਿਵਰਤਨ (phonetically conditioned sound change).

(2) ਅਕਾਰਣ ਧੁਨੀ-ਪਰਿਵਰਤਨ (non-phonetically conditioned sound-change)

ਪਾਲੀ ਵਿਚ ਇਹ ਦੋਵੇਂ ਕਿਸਮ ਦੇ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੇ ਹਨ। ਪਰ ਪ੍ਰਮੁਖ ਤੌਰ ਤੇ ਧੁਨੀਗਤ-ਵਾਤਾਵਰਣ ਅਧੀਨ ਪਰਿਵਰਤਨ ਵਧੀਕ ਮਾਤਰਾ ਵਿਚ ਹਨ। ਧੁਨੀਗਤ-ਵਾਤਾਵਰਣ ਅਧੀਨ ਪਰਿਵਰਤਨ ਉਥੇ ਵਾਪਰਦਾ ਹੈ ਜਿਥੇ ਖਾਸ ਧੁਨੀਆਤਮਕ ਪਰਿਸਥਿਤੀਆਂ ਦੇ ਦਬਾਉ ਹੇਠ ਪਾਲੀ ਭਾਸ਼ਾ ਵਿਚ ਧੁਨੀ-ਪੈਟਰਨ ਬਦਲੇ ਹਨ, ਇਹ ਧੁਨੀਗਤ ਪ੍ਰਕ੍ਰਿਆ (process) ਜਾਂ ਪ੍ਰਵਿਰਤੀ ਹੈ। ਪਾਲੀ ਵਿਚ ਸੰਸਕ੍ਰਿਤ ਨਾਲੋਂ ਵੱਖਰਤਾ ਅਤੇ ਵਿਭਿੰਨਤਾ ਇਸ ਤੱਥ ਵਿਚ ਹੈ ਕਿ ਪਾਲੀ ਵਿਚ ਧੁਨੀ-ਪਰਿਵਰਤਨ ਬਹੁਤਾ ਕਰਕੇ ਧੁਨੀਆਤਮਕ

ਸਥਿਤੀਆਂ ਦੇ ਪ੍ਰਭਾਵ ਅਧੀਨ ਪੈਦਾ ਹੋ ਗਿਆ ਹੈ। ਕੁਝ ਪ੍ਰਵਿਰਤੀਆਂ ਉਲੇਖਯੋਗ ਹਨ :

ਸਮੀਕਰਣ (Assimilation)

ਜਦੋਂ ਕਿਸੇ ਧੁਨੀ-ਖੰਡ ਨੂੰ ਗਵਾਂਢੀ ਧੁਨੀ ਦੇ ਅਨੁਸਾਰ/ਸਮਰੂਪ ਬਣਾਉਣ ਲਈ ਉਸ ਦਾ ਸੁਧਾਰੀਕਰਨ ਜਾਂ ਵਿਕਾਰੀਕਰਣ ਕੀਤਾ ਜਾਵੇ ਤਾਂ ਉਸਨੂੰ "ਸਮੀਕਰਣ" ਕਿਹਾ ਜਾਂਦਾ ਹੈ।* ਪਾਲੀ ਪ੍ਰਾਕ੍ਰਿਤ ਵਿਚ ਸਮੀਕਰਣ ਦੀਆਂ ਢੇਰ ਮਿਸਾਲਾਂ ਹਨ :

ਪਾਲੀ ਵਿਚ ਸਮੀਕਰਣ ਦਾ ਰੇਖਾ-ਚਿਤਰ

ਸੰਸਕ੍ਰਿਤ	*ਪਾਲੀ*	*ਸਮੀਕ੍ਰਿਤ ਧੁਨੀ-ਖੰਡ*	*ਮਾਡਰਨ ਪੰਜਾਬੀ ਰੂਪਾਤਰਨ*
ਵਿਦਯੁਤ (विद्युत्) →	ਵਿੱਜੁ	-ਦ੍ਯ → -ਜ੍ਜ-	ਬਿੱਜ
ਸਰਵ (सर्व) →	ਸੱਬ	-ਰ੍ਵ → -ਬ੍ਬ-	ਸੱਭ
ਮਾਰਗ (मार्ग) →	ਮੱਗ	-ਰ੍ਗ → -ਗ੍ਗ-	ਮਾਰਗ
ਧਰਮ (धर्म) →	ਧੱਮ	-ਰ੍ਮ → -ਮ੍ਮ-	ਧਰਮ
ਕਰਮ (कर्म) →	ਕੰਮ	-ਰ੍ਮ → -ਮ੍ਮ-	ਕੰਮ (ਕਮ੍ਮ)
ਓਸ਼ਠ (ओष्ठ) →	ਓੱਠ (ओट्ठ)	-ਸ਼੍ਠ → -ਟ੍ਠ-	ਹੋਠ (ਬੁੱਲ)
ਗ੍ਰੀਸ਼ਮ (ग्रीष्म) →	ਗਿਮ੍ਹ (गिम्ह)	-ਸ਼੍ਮ → -ਮ੍ਹ-	ਗ੍ਰਮ੍ਹ (ਗ੍ਰੀਖਮ)
ਵਸਤੁ (वस्तु) →	ਵੱਥੁ (वत्थु)	-ਸ੍ਤ → -ਤ੍ਥ-	ਵਸਤੂ/ਵੱਥ
ਮਸਤਕ (मस्तक) →	ਮੱਥਕ (मत्थक)	-ਸ੍ਤ → -ਤ੍ਥ-	ਮਸਤਕ/ਮੱਥਾ
ਸ਼ਬਦ (शब्द) →	ਸੱਦ (सद्द)	-ਬ੍ਦ → -ਦ੍ਦ-	ਸ਼ਬਦ/ਸੱਦ
ਦੁਗਧ (दुग्ध) →	ਦੁੱਧ (दुद्ध)	-ਗ੍ਧ → -ਦ੍ਧ-	ਦੁੱਧ
ਜਨਮ (जन्म) →	ਜੰਮ (जम्म)	-ਨ੍ਮ → -ਮ੍ਮ-	ਜਨਮ/ਜੰਮ
ਲਬਧ (लब्ध) →	ਲੱਧ (लद्ध)	-ਬ੍ਧ → -ਦ੍ਧ-	ਲੱਧਾ
ਮੁਕਤ (मुक्त) →	ਮੁੱਤ (मुत्त)	-ਕ੍ਤ → -ਤ੍ਤ-	ਮੁਕਤ/ਮੁੱਤਾ
ਤਰਕ (तर्क) →	ਤੱਕ (तक्क)	-ਰ੍ਕ → -ਕ੍ਕ-	ਤਰਕ/ਤੱਕਣਾ
ਬੁਦਬੁਦ (बुद्बुद) →	ਬੁੱਬੁਲ (बुब्बुल)	-ਦ੍ਬ → -ਬ੍ਬ-	ਬੁਲਬੁਲਾ

ਦੁੱਤੀਕਰਣ ਸਮੀਕਰਣ ਪ੍ਰਕ੍ਰਿਆ/ਪ੍ਰਵਿਰਤੀ ਦੇ ਸਿੱਟੇ ਵਜੋਂ ਸ਼ਬਦਾਂ ਦੇ ਅੰਤਰਗਤ ਜਿਹੜੇ ਭਿੰਨ ਭਿੰਨ ਫੋਨੀਆਂ ਦੇ ਗੁੱਛੇ (clusters) ਹੁੰਦੇ ਹਨ ਉਹ ਸਮਾਨ ਫੋਨੀਮਾਂ ਦੇ ਗੁੱਛੇ ਹੋ ਨਿਬੜਦੇ ਹਨ। ਸਮਾਨ-ਫੋਨੀਆਂ ਦੇ ਗੁੱਛੇ ਹੀ ਦੁੱਤੀਕਰਣ (gemination) ਦਾ ਰੂਪ ਧਾਰਣ ਕਰ ਜਾਂਦੇ ਹਨ। ਪਾਲੀ ਵਿਚ ਦੁੱਤੀਕਰਣ ਦਾ ਵਰਤਾਰਾ ਬਹੁਤ ਅਧਿਕ ਮਿਕਦਾਰ ਵਿਚ ਪ੍ਰਚਲਿਤ ਹੈ ਜਿਵੇਂ ਅੱਜ ਪੰਜਾਬੀ ਜ਼ੁਬਾਨ ਵਿਚ ਦੁੱਤੀਕਰਣ ਦੀ ਪ੍ਰਵਿਰਤੀ ਢੇਰਾਂ ਦੀ ਢੇਰ ਮਿਲਦੀ ਹੈ। ਦੁੱਤੀਕਰਣ ਦੀ ਪ੍ਰਵਿਰਤੀ ਹੀ ਸਰਲੀਕਰਣ (simplification) ਦੀ ਪ੍ਰਵਿਰਤੀ ਕਹੀ ਜਾਂਦੀ ਹੈ।

ਮੂਰਧਨੀਕਰਣ (retroflexion)

ਵੈਦਿਕ ਸੰਸਕ੍ਰਿਤ/ਕਲੈਸੀਕਲ ਸੰਸਕ੍ਰਿਤ ਵਿਚ ਮੂਰਧਨੀ ਧੁਨੀਆਂ ਦਾ ਪ੍ਰਯੋਗ ਅਤਿ

* "Assimilation, the modification of a particular segment to make it more like a neighbouring sound." William O' Grady. 1989 : 193.

ਅਲਪ ਮਾਤਰਾ ਵਿਚ ਉਪਲਬਧ ਹੁੰਦਾ ਹੈ, ਪਰੰਤੂ ਪਾਲੀ ਭਾਸ਼ਾ ਵਿਚ ਸਮਾਜਿਕ-ਸਭਿਆਚਾਰਕ ਕਾਰਣਾਂ ਕਰਕੇ, ਤਵਰਗੀ ਦੰਤੀ ਧੁਨੀਆਂ, ਟ-ਵਰਗੀ ਮੂਰਧਨੀ ਧੁਨੀਆਂ ਵਿਚ ਤਬਦੀਲ ਹੁੰਦੀਆਂ ਜਾਂਦੀਆਂ ਹਨ । ਇਸ ਨੂੰ ਮੂਰਧਨੀਕਰਣ ਦੀ ਪ੍ਰਕ੍ਰਿਆ (process of retroflexion) ਕਿਹਾ ਜਾਂਦਾ ਹੈ ।

ਪਾਲੀ ਭਾਸ਼ਾ ਦਾ ਰੂਪ-ਵਿਗਿਆਨ (Morphology of PALI)

ਸੰਸਕ੍ਰਿਤ ਮਾਰਫਾਲੋਜੀ ਦੀ ਤੁਲਨਾ ਵਿਚ ਪਾਲੀ ਭਾਸ਼ਾ ਦੇ ਰੂਪਾਤਮਕ ਘਟਨਾ-ਪ੍ਰਪੰਚ ਵਿਚ ਕੁਝ ਕੁ ਪਰਿਵਰਤਨ ਵਾਪਰਦੇ ਹਨ । ਪਰੰਤੂ ਪਾਲੀ ਅਜੇ ਵੀ ਵਿਭਕਤੀ-ਮੂਲਕ ਭਾਸ਼ਾ (inflecting language) ਹੈ ਜਿਵੇਂ ਕਿ ਵੈਦਿਕ/ਲੌਕਿਕ ਸੰਸਕ੍ਰਿਤ ਵਿਭਕਤੀ-ਪ੍ਰਧਾਨ ਭਾਸ਼ਾ ਹੈ ।

ਵਿਭਕਤੀ-ਪ੍ਰਧਾਨ ਪਾਲੀ ਵਿਚ ਨਾਂਵੀ ਇਕਵਚਨ/ਬਹੁਵਚਨ ਦਾ ਵਿਰੋਧ ਜਾਂ ਕ੍ਰਿਆਵੀ ਵਰਤਮਾਨ ਕਾਲ/ਭੂਤਕਾਲ ਦਾ ਵਿਰੋਧ ਵਿਭਕਤੀ-ਮੂਲਕ ਪਿਛੇਤਰਾ ਦੁਆਰਾ ਮਾਰਕ ਕੀਤਾ ਜਾਦਾ ਹੈ । ਇਨ੍ਹਾ ਵਿਰੋਧਾਂ (contrasts) ਲਈ ਕੋਈ ਨਵੇਂ ਸ਼ਬਦ ਨਹੀਂ ਰਚੇ ਜਾਂਦੇ ਸਗੋਂ ਉਪਲਬਧ ਸ਼ਬਦਾ ਵਿਚ ਹੀ ਸੁਧਾਰ/ਵਿਕਾਰ ਪੈਦਾ ਕਰਕੇ ਵਿਆਕਰਣਿਕ ਉਪ-ਸ਼ਰੇਣੀਆ ਮਾਰਕ ਕੀਤੀਆਂ ਜਾਂਦੀਆਂ ਹਨ । ਪਾਲੀ ਵਿਚ ਇਹੋ ਵਿਭਕਤੀ-ਪ੍ਰਕ੍ਰਿਆ ਚਾਲੂ ਹੈ, ਫਰਕ ਸਿਰਫ ਇਤਨਾ ਹੈ ਕਿ ਪਾਲੀ ਵਿਚ ਇਕ ਤਾਂ ਵਿਭਕਤੀ-ਚਿੰਨ੍ਹਾਂ ਤੇ ਸ਼ਬਦਾਂ ਵਿਚ ਬਹੁਤ ਸਾਰਾ ਧੁਨੀਆਤਮਕ ਪਰਿਵਰਤਨ ਵਾਪਰ ਜਾਂਦਾ ਹੈ ਅਤੇ ਦੂਜੀ ਗੱਲ ਇਹ ਹੈ ਕਿ ਸੰਸਕ੍ਰਿਤ ਦੀਆਂ ਅਡੋ ਅੱਡ ਸੁਤੰਤਰ ਵਿਭਕਤੀਆਂ ਪਾਲੀ ਵਿਚ ਆਕੇ ਕਾਫ਼ੀ ਗਿਣਤੀ ਵਿਚ ਘੁਲਮਿਲ ਜਾਂਦੀਆਂ ਹਨ, ਅਤੇ ਵੱਖਰਤਾ ਤੇ ਨਿਖੇੜਾ ਘਟਦਾ ਜਾਂਦਾ ਹੈ । ਉਨ੍ਹਾਂ ਵਿਚ ਇਕਰੂਪਤਾ ਉਪਜਦੀ ਹੈ ।

ਪਾਲੀ ਵਿਚ ਨਾਂਵੀ-ਵਿਭਕਤੀਕਰਣ (nominal inflection)

ਵਚਨ : ਪਾਲੀ ਵਿਚ ਵਚਨ-ਵਿਧਾਨ ਦੇ ਪਖ ਤੋਂ ਦੋ ਰੁਖਾ (two way contrast) ਵਿਰੋਧ ਉਪਜਦਾ ਹੈ, ਅਰਥਾਤ ਇਕ-ਵਚਨ ਤੇ ਬਹੁਵਚਨ, ਅਤੇ ਸੰਸਕ੍ਰਿਤ ਵਾਲਾ ਦ੍ਵਿਵਚਨ (dual number) ਸਦਾ ਲਈ ਲੋਪ ਹੋ ਗਿਆ ਹੈ ।

ਲਿੰਗ (gender) : ਪਾਲੀ ਵਿਚ ਲਿੰਗ-ਵਿਧਾਨ ਦੇ ਪਖੋਂ ਦੋ-ਰੁਖਾ (two-way contrast) ਵਿਰੋਧ ਸਥਾਪਿਤ ਹੁੰਦਾ ਹੈ ਅਰਥਾਤ ਪੁਲਿੰਗ ਤੇ ਇਸਤਰੀ ਲਿੰਗ । ਸੰਸਕ੍ਰਿਤ ਵਿਚ ਉਪਲਬਧ ਨਪੁੰਸਕ ਲਿੰਗ (neutral) ਪਾਲੀ ਵਿੱਚ ਅਤੇ ਪ੍ਰਾਕ੍ਰਿਤਾਂ ਵਿਚ ਵੀ ਸਦਾ ਲਈ ਲੁਪਤ ਹੋ ਗਿਆ ਹੈ ।

ਕਾਰਕ (Case) : ਸੰਸਕ੍ਰਿਤ ਵਿਚ ਵਾਕ ਦੇ ਅੰਤਰਗਤ ਸ਼ਬਦਾਤਮਕ ਸੰਬੰਧਾਂ ਨੂੰ ਪ੍ਰਗਟ ਕਰਨ ਲਈ ਕਾਰਕ-ਵਿਭਕਤੀਆਂ ਦਾ ਵਿਧਾਨ ਪ੍ਰਚਲਿਤ ਸੀ । ਇਸ ਵਿਧਾਨ ਵਿਚ ਅੱਠ ਕਾਰਕ-ਵਿਭਕਤੀਆਂ ਚਾਲੂ ਸਨ । ਲੇਕਿਨ ਪਾਲੀ ਵਿਚ ਛੇ ਜਾਂ ਸੱਤ ਕਾਰਕ ਵਿਭਕਤੀਆਂ ਹੀ ਪ੍ਰਚਲਿਤ ਹਨ ਅਤੇ ਕਰਣ ਕਾਰਕ ਅਤੇ ਅਪਾਦਾਨ ਕਾਰਕ ਦੇ ਚਿੰਨ੍ਹ ਆਪਸ ਵਿਚ ਘੁਲਮਿਲ ਗਏ ਹਨ ਜਿਸ ਕਰਕੇ ਇਨ੍ਹਾਂ ਦੋਹਾਂ ਵਿਭਕਤੀਆਂ ਦੀ ਧੁਨੀਆਤਮਕ ਸ਼ਕਲ ਇਕਰੂਪ ਬਣ ਨਿਬੜੀ ਹੈ । ਇਹੋ ਹਾਲਤ ਸੰਪ੍ਰਦਾਨ ਤੇ ਸੰਬੰਧ ਕਾਰਕਾਂ ਦੀ ਹੈ । ਅਗੇ ਜਾਕੇ ਸੰਪ੍ਰਦਾਨ ਕਾਰਕ-ਵਿਭਕਤੀ ਚਿੰਨ੍ਹ ਹੀ ਸੰਬੰਧ-ਕਾਰਕ ਦਾ ਪ੍ਰਕਾਰਜ ਪੂਰਾ ਕਰਨ ਲਗ ਪਿਆ

ਸੀ। ਪਾਲੀ ਵਿਚ ਪ੍ਰਚਲਿਤ "ਧੰਮ" (ਧਰਮ) ਸ਼ਬਦ ਦੇ ਕਾਰਕ-ਵਿਭਕਤੀ ਰੂਪਾਵਲੀ ਦਾ ਰੇਖਾ-ਚਿਤਰ ਹੇਠਾਂ ਅੰਕਿਤ ਕੀਤਾ ਜਾਂਦਾ ਹੈ :

ਪਾਲੀ ਦੇ "ਧੰਮ" ਸ਼ਬਦ ਦੀ ਕਾਰਕ-ਵਿਭਕਤੀ ਰੂਪਾਵਲੀ (Paradigms)

ਕਾਰਕ	ਇਕਵਚਨ	ਬਹੁਵਚਨ	ਸੰਸਕ੍ਰਿਤ : ਇਕਵਚਨ/ ਬਹੁਵਚਨ
ਕਰਤਾ :	ਧੰਮੋ	ਧੰਮਾ/ਧੰਮਾਸੇ	धर्मः/धर्माः
ਸੰਬੋਧਨ :	ਧੰਮ/ਧੰਮਾ	ਧੰਮਾ	धर्म/धर्मा
ਕਰਮ :	ਧੰਮਮ੍	ਧੰਮੇ	धर्मं/धर्मान्
ਕਰਣ :	ਧੰਮੇਨ	ਧੰਮੇਭਿ/ਧੰਮੇਹਿ	धर्मेण/धर्मैः
ਸੰਪ੍ਰਦਾਨ/ਸੰਬੰਧ :	ਧੰਮਾਯ/ਧੰਮਸਤ	ਧੰਮਾਨਮ	धर्माय/धर्मस्य, धर्माणाम्
ਅਧਿਕਰਣ	ਧੰਮੇ/ਧੰਮਸ੍ਮਿ/ਧੰਮਹਿ	ਧੰਮੇਸ਼ੁ	धर्मे/धर्मेषु

ਪੜਨਾਂਵ : ਵਿਸ਼ੇਸ਼ਣ ਸੰਖਿਆਵਾਚਕ ਸ਼ਬਦ ਵੀ ਪਾਲੀ ਭਾਸ਼ਾ ਦੀ ਭਾਸ਼ਿਕ ਸੰਰਚਨਾ ਵਿਚ ਸੰਸਕ੍ਰਿਤ ਦੀ ਵਿਭਕਤੀ-ਪਰੰਪਰਾ ਨੂੰ ਲਗਭਗ ਕਾਇਮ ਰਖਦੇ ਹਨ, ਲੇਕਿਨ ਇਨ੍ਹਾਂ ਦੇ ਮੂਲਾਸ਼ਾ ਅਤੇ ਵਿਭਕਤੀ-ਪਿਛੇਤਰਾਂ/ਅੰਤਕਿਆ (endings) ਵਿਚ ਧੁਨੀਆਤਮਕ ਵਿਕਾਰ ਪੈਦਾ ਹੋ ਗਏ ਹਨ। ਇਸ ਤਰ੍ਹਾਂ ਇਨ੍ਹਾਂ ਦਾ ਉੱਚਾਰਣ-ਸਿਸਟਮ ਵਿਕ੍ਰਿਤ ਹੋਇਆ ਹੈ।

ਪਾਲੀ ਵਿਚ ਕ੍ਰਿਆਵੀ ਵਿਭਕਤੀਕਰਣ (Verbal inflection)

ਪਾਲੀ ਪ੍ਰਾਕ੍ਰਿਤ ਭਾਸ਼ਾ ਵਿਚ ਕ੍ਰਿਆ-ਮੂਲਾ ਦੀਆਂ ਉਨੀਆ ਹੀ ਵਿਆਕਰਣਿਕ ਉਪ-ਸ਼੍ਰੇਣੀਆਂ ਹਨ ਜਿੰਨੀਆਂ ਕਿ ਸੰਸਕ੍ਰਿਤ ਵਿਚ ਪ੍ਰਚਲਿਤ ਹਨ।

ਕਾਲ *(Tense)* : ਪਾਲੀ ਵਿਚ ਚਾਰ ਕਾਲ ਹਨ, ਅਰਥਾਤ (1) ਵਰਤਮਾਨ, (2) ਅਪੂਰਨ ਭੂਤ, (3) ਭਵਿਖਤ, (4) ਸ਼ਰਤੀਆ ਕਾਲ।

ਮੂਡ (ਕ੍ਰਿਆਭਾਵ) : ਚਾਰ ਮੂਡ ਹਨ।

ਵਾਚ (Voice) : ਪਾਲੀ ਵਿਚ ਦੋ ਵਾਚ ਹਨ ਅਰਥਾਤ ਆਤਮਨੇਪਦ ਅਤੇ ਪਰਸਮੈਪਦ, ਪਰ ਅਗੇ ਸਾਹਿਤਿਕ ਪ੍ਰਾਕ੍ਰਿਤ ਭਾਸ਼ਾਵਾਂ ਵਿਚ ਜਾ ਕੇ ਆਤਮਨੇਪਦੀ ਧਾਤੂ-ਰੂਪ ਅਸਲੋਂ ਹੀ ਖ਼ਤਮ ਹੋ ਗਏ।

ਵਚਨ (Number) : ਪਾਲੀ ਵਿਚ ਇਕ ਵਚਨ ਤੇ ਬਹੁਵਚਨ ਵਿਰੋਧ ਸਥਾਪਿਤ ਕਰਦੇ ਹਨ ਅਤੇ ਵਿਭਿੰਨ-ਮੂਲਕ ਕ੍ਰਿਆਵੀ ਪਿਛੇਤਰ ਇਨ੍ਹਾਂ ਵਿਰੋਧਾਂ (contrasts) ਨੂੰ ਮਾਰਕ ਕਰਦੇ ਹਨ। ਸੰਸਕ੍ਰਿਤ ਵਿਚ ਪ੍ਰਚਲਿਤ ਦ੍ਵਿਵਚਨ ਉੱਕਾ ਹੀ ਲੁਪਤ ਹੋ ਗਿਆ ਸੀ।

ਪਾਲੀ ਕ੍ਰਿਆ-ਰੂਪਾਵਲੀ (Pali verbal paradigms)

ਸੰਸਕ੍ਰਿਤ ਦੀ ਧਾਤੂ "ਭੂ" ਪਾਲੀ ਵਿਚ ਧੁਨੀ-ਵਿਕਾਰਾਂ ਦੇ ਸਿੱਟੇ ਵਜੋਂ "ਹੂ" ਰੂਪਾਂਤਰਤ ਹੋ ਜਾਂਦੀ ਹੈ ਜਿਸ ਦਾ ਅਰਥ "= ਹੋਣਾ" ਹੈ। ਸੰਸਕ੍ਰਿਤ ਵਿਚ /ਭੂ/ ਤੋਂ ਤਾਂ ਭਵਤਿ, ਭਵਤ:, ਭਵੰਤਿ, ਆਦਿ ਰੂਪਾਵਲੀ ਬਣਦੀ ਹੈ, ਪਰੰਤੂ ਪਾਲੀ ਵਿਚ "ਭੂ" ਤੋਂ ਵਿਕਸਿਤ ਹੋਈ "ਹੂ" ਧਾਤੂ/ਮੂਲਾਸ਼ (stem)ਦੀ ਵਖਰੀ ਰੂਪਾਵਲੀ ਹੈ। "ਹੂ" ਦੇ ਵਰਤਮਾਨ ਕਾਲ ਦੀ ਰੂਪਾਵਲੀ ਨਮੂਨੇ ਦੇ ਤੌਰ ਤੇ ਅੰਕਿਤ ਕੀਤੀ ਜਾਂਦੀ ਹੈ।

"ਹੂ" ਧਾਤੂ/ਮੂਲਾਂਸ਼ ਦੇ ਵਰਤਮਾਨ ਕਾਲ ਦੀ ਰੂਪਾਵਲੀ

ਵਰਤਮਾਨ ਕਾਲ/ਪੁਰਖ	ਇਕਵਚਨ	ਬਹੁਵਚਨ		ਮੂਲ ਸੰਸਕ੍ਰਿਤ ਰੂਪਾਵਲੀ : ਇਕ/ਬਹੁਵਚਨ
III ਪ੍ਰਥਮ ਪੁਰਖ :	ਹੋਤਿ	ਹੋਂਦਿ	←	ਭਵਤਿ/ਭਵੰਤਿ
II ਮੱਧਮ ਪੁਰਖ :	ਹੋਸਿ	ਹੋਥ	←	ਭਵਸਿ/ਭਵਥ
I ਉੱਤਮ ਪੁਰਖ	ਹੋਮਿ	ਹੋਮ	←	ਭਵਾਮਿ/ਭਵਾਮ:

ਸੰਸਕ੍ਰਿਤ ਵਿੱਚ ਜਿਥੇ ਧਾਤੂ-ਰੂਪ/ਭਵਤਿ/ (ਉਹ ਹੁੰਦਾ ਹੈ :ਇਕਵਚਨ, ਤੀਜਾ ਪੁਰਖ) ਉਥੇ ਪਾਲੀ ਵਿਚ ਇਹ ਵਿਕਸਿਤ ਰੂਪ /ਹੋਤਿ/ ਹੈ : "ਹੋਤਿ" ਤੋਂ ਹੀ ਪੰਜਾਬੀ ਵਿਚ ਹੁੰਦੀ/ਹੁੰਦਾ ਕ੍ਰਿਆਰੂਪ ਦਾ ਵਿਕਾਸ ਹੋਇਆ, ਅਤੇ ਹਿੰਦੀ ਵਿਚ ਇਹ/ਹੋਤੀ, ਹੋਤਾ/ਬਣ ਜਾਂਦਾ ਹੈ। "ਹੋਤਿ" ਪਾਲੀ ਧਾਤੂ ਰੂਪ (paradigm) ਤੋਂ ਕਈ ਵਿਆਕਰਣਿਕ ਕਾਰਜ (functions) ਪ੍ਰਗਟ ਹੁੰਦੇ ਹਨ। ਦੂਜੇ ਸ਼ਬਦਾਂ ਵਿਚ "ਹੂ-ਹੋ" ਧਾਤੂ/ਮੂਲਾਂਸ਼ ਦੇ ਨਾਲ ਜੋ ਵਿਭਕਤੀ ਮੂਲਕ ਪਿਛੇਤਰ (-ਤਿ) ਸੰਜੁਗਤ ਹਨ ਇਹ ਪਿਛੇਤਰ ਬਹੁਕਾਰਜੀ (multi-dimentional) ਪਿਛੇਤਰ ਹੈ। ਸੋ "ਹੋਤਿ" ਦਾ ਕਾਰਜ ਵਰਤਮਾਨ ਕਾਲ, ਇਕਵਚਨ, ਪ੍ਰਥਮ ਪੁਰਖ, ਕਰਤਾ ਕਾਰਕ ਆਦਿ ਨੂੰ ਮਾਰਕ ਕਰਨਾ ਹੈ। ਪਰ ਪੰਜਾਬੀ ਜਾਂ ਹਿੰਦੀ ਵਿਚ ਆਕੇ "ਹੁੰਦਾ/ਹੁੰਦੀ" ਕ੍ਰਿਆ-ਰੂਪ ਦੀ ਸਥਿਤੀ ਪਾਲੀ ਦੇ "ਹੋਤਿ" ਵਰਗੀ ਨਹੀਂ ਰਹੀ ਕਿਉਂਕਿ ਪੰਜਾਬੀ ਦੇ (ਹੁੰਦਾ/ਹੁੰਦੀ) ਸ੍ਵੈ-ਪੂਰਨ ਪੈਰਾਡਾਈਮ ਨਹੀਂ ਹਨ, ਇਨ੍ਹਾਂ ਨਾਲ ਸਹਾਇਕ ਕ੍ਰਿਆਵਾਂ ਦਾ ਯੋਗ ਜ਼ਰੂਰੀ ਹੈ ਜਿਵੇਂ "ਹੁੰਦਾ ਹੈ, ਹੁੰਦਾ ਸੀ, ਹੁੰਦੇ ਸਨ" ਆਦਿ। ਏਥੇ ਸਹਾਇਕ ਕ੍ਰਿਆਵਾਂ ਦੀ ਅਪੇਖਿਆ (ਵਿਵਕਸ਼ਾ) ਹੈ ਤਾਂ ਹੀ ਵਾਕ ਸੰਪੂਰਨ ਹੁੰਦਾ ਹੈ।

ਪਾਲੀ ਕ੍ਰਿਆਵੀ ਵਿਉਤਪੰਨ ਰੂਪ (Verbal derivatives)

ਪਾਲੀ-ਪ੍ਰਾਕ੍ਰਿਤ ਭਾਸ਼ਾ ਵਿਚ ਕ੍ਰਿਆਵੀ ਵਿਉਂਤਪੰਨ ਪਦਾਂ ਨਾਲ ਜਿਨ੍ਹਾਂ ਪਿਛੇਤਰਾਂ ਦਾ ਵਿਧਾਨ ਹੈ ਉਹ ਕਈ ਕਿਸਮ ਦੇ ਬਹੁ-ਪ੍ਰਕਾਰੀ ਪਿਛੇਤਰ ਹਨ।

Infinitives : ਅਮਿਤ ਕ੍ਰਿਆਵੀ ਵਿਉਂਤਪੰਨ ਰੂਪਾਂ ਦੀ ਰਚਨਾ ਕਰਨ ਲਈ ਧਾਤੂ ਨਾਲ/-ਤੁਮ,-ਤਵੇ,-ਤਯੇ, ਤੁਯੇ/ਚਾਰ ਪਿਛੇਤਰ ਸੰਜੁਗਤ ਹੁੰਦੇ ਹਨ, ਜਿਵੇਂ "ਹੋ" ਧਾਤੂ ਨਾਲ/-ਤੁਮ/ਪਿਛੇਤਰ ਜੁੜ ਕੇ "ਹੋਤੁੰ" ਰੂਪ ਨਿਸ਼ਪੰਨ ਹੁੰਦਾ ਹੈ ਜਿਸ ਦਾ ਅਰਥ ਹੈ "ਹੋਣ ਲਈ"। ਇਹ ਪਿਛੇਤਰ ਵੈਦਿਕ ਭਾਸ਼ਾ ਵਿਚ ਵੀ ਸਨ ਪਰ ਕਲੈਸੀਕਲ ਸੰਸਕ੍ਰਿਤ ਵਿਚ ਸਿਰਫ ਇਕੋ infinitive ਪਿਛੇਤਰ "-ਤੁਮ" ਹੀ ਪ੍ਰਯੁਕਤ ਹੁੰਦਾ ਹੈ। ਪੰਜਾਬੀ ਵਿਚ ਇਹ ਸਾਰੇ ਪਿਛੇਤਰ ਖ਼ਤਮ ਹੋ ਗਏ ਹਨ।

Gerunds : ਪਾਲੀ ਵਿਚ gerunds ਦੇ ਪਿਛੇਤਰਾਂ ਦੀ ਵੀ ਅਨੇਕਤਾ ਮਿਲਦੀ ਹੈ। ਇਕੋ ਅਰਥਾਤਮਕ ਸਥਿਤੀ ਨੂੰ ਅਭਿਵਿਅਕਤ ਕਰਨ ਲਈ ਪਾਲੀ ਵਿਚ ਤਿੰਨ ਪਿਛੇਤਰ ਹਨ, ਜਿਵੇਂ /-ਤ੍ਵਾ,-ਤ੍ਵਾਨ, ਤੂਨ/ ਜਿਵੇਂ "ਦਿਸਟ੍ਵਾ"। ਏਥੇ ਰੂਪ-ਵਿਗਿਆਨਿਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਧਾਤੂ "ਦਿਸ" (= ਦਿਸਣਾ) ਨਾਲ /ਤ੍ਵਾ/ ਪਿਛੇਤਰ ਜੁੜਿਆ ਹੈ ਜਿਹੜਾ ਕਿ phonetic conditions ਕਰਕੇ "ਟ੍ਵਾ" ਵਿਚ ਰੂਪਾਂਤਰ ਹੋਇਆ ਹੈ। ਇਹ gerundive suffixes ਪੰਜਾਬੀ ਵਿਚ ਲੁਪਤ ਹਨ। ਇਸ ਦਾ ਸੰਸਕ੍ਰਿਤ ਰੂਪ ਹੈ "ਦ੍ਰਿਸ਼ਟ੍ਵਾ"।

ਕ੍ਰਿਦੰਤ (Participle) : ਪਾਲੀ ਵਿਚ ਕ੍ਰਿਆਵੀ ਵਿਉਤਪੰਨ ਰੂਪਾਤਮਕ ਪਦਾਵਲੀ ਦੇ ਅੰਤਰਗਤ ਕਈ ਕਿਸਮ ਦੇ ਕ੍ਰਿਦੰਤ ਰੂਪ ਵੀ ਉਪਲਬਧ ਹੁੰਦੇ ਹਨ ਜਿਵੇਂ ਵਰਤਮਾਨ

ਕ੍ਰਿਦੰਤ, ਭੂਤ ਕ੍ਰਿਦੰਤ, ਭਵਿਖਤ ਕ੍ਰਿਦੰਤ, ਸੰਭਾਵੀ ਕ੍ਰਿਦੰਤ ।

ਉਪਰੋਕਤ ਧੁਨੀਆਤਮਕ, ਰੂਪਾਤਮਕ ਤੇ ਸ਼ਬਦਾਤਮਕ ਪਹਿਲੂਆ ਤੋਂ ਖੋਜ ਅਤੇ ਅਨੁਸੰਧਾਨ ਕਰਨ ਉਪਰੰਤ ਇਹ ਸਪਸ਼ਟ ਹੋ ਜਾਂਦਾ ਹੈ ਕਿ ਪਾਲੀ ਭਾਸ਼ਾ ਪ੍ਰਾਚੀਨ ਵੈਦਿਕ ਸੰਸਕ੍ਰਿਤ ਦੇ ਬਹੁਤ ਨੇੜੇ ਹੈ । ਪਾਲੀ ਵਿਚ ਕਈ ਵੈਦਿਕ ਪਿਛੇਤਰ/ਰੂਪ ਅਜੇ ਵੀ ਕਾਇਮ ਹਨ ਜੋ ਲੌਕਿਕ ਸੰਸਕ੍ਰਿਤ ਵਿਚ ਗਾਇਬ ਹਨ । ਜ਼ਾਹਰ ਹੈ ਕਿ ਪਾਲੀ ਭਾਸ਼ਾ ਨੇ ਵੈਦਿਕ ਸੰਸਕ੍ਰਿਤ ਵਾਲੀ ਭਾਸ਼ਾ-ਅਮੀਰੀ ਨੂੰ ਕਾਫੀ ਹਦ ਤਕ ਸੁਰੱਖਿਅਤ ਰਖਿਆ ਹੋਇਆ ਹੈ ।

ਡਾ. ਉਦਯ ਨਾਰਾਯਣ ਤਿਵਾਰੀ [ਬਿ 2012 :88] ਦਾ ਇਹ ਕਥਨ ਮਹੱਤਵਪੂਰਨ ਹੈ ਕਿ ਪਾਲੀ ਦੇ ਧੁਨੀ-ਸਮੂਹ, ਸ਼ਬਦ-ਰਚਨਾ, ਵਿਭਕਤੀ-ਰੂਪਾਂ ਦੇ ਵਿਵੇਚਨ ਅਤੇ ਦਿਗਦਰਸ਼ਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਵਿਚ ਮੱਧਕਾਲੀਨ ਭਾਰਤੀ ਆਰੀਆ ਭਾਸ਼ਾਵਾਂ (ਸਾਹਿਤਕ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ) ਨੂੰ ਜਨਮ ਦੇਣ ਵਾਲੀਆ ਪ੍ਰਵਿਰਤੀਆਂ ਕ੍ਰਿਆਸ਼ੀਲ ਹੋ ਗਈਆਂ ਹਨ । "ਇਹ ਭਾਸ਼ਕ ਪ੍ਰਵਿਰਤੀਆਂ ਹੀ ਅੱਗੇ ਵਿਕਾਸ ਤੇ ਸਰਗਰਮ ਹੋ ਕੇ ਅਗਲੀਆ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਆਦਿ ਮੱਧਕਾਲੀਨ ਭਾਸ਼ਾਵਾਂ ਨੂੰ ਵਿਕਸਿਤ ਕਰਨ ਵਿਚ ਸਹਾਇਕ ਸਿੱਧ ਹੋਈਆਂ ਹਨ ।"

ਹੁਣ ਪਾਲੀ ਭਾਸ਼ਾ ਦੀਆਂ ਕੁਝ ਵੰਨਗੀਆ ਉਧ੍ਰਿਤ ਕੀਤੀਆਂ ਜਾਂਦੀਆਂ ਹਨ । ਕੁਲ ਤਿੰਨ ਵੰਨਗੀਆ ਉਧ੍ਰਿਤ ਹਨ A, B, C. (A) ਅਤੇ (B) ਪਾਲੀ ਦੇ ਪ੍ਰਮਾਣਿਕ ਟੈਕਸਟ "ਧੰਮਪਦ" (=ਧਰਮਪਦ) ਵਿਚੋਂ ਹਨ । (C) ਵੰਨਗੀ ਅੱਠਕਥਾ (-ਅਰਥ ਕਥਾ) ਵਿਚੋਂ ਹੈ ਜੋ ਬੋਧ ਧਰਮ ਦਾ ਬਹੁਤ ਪ੍ਰਾਚੀਨ ਗ੍ਰੰਥ ਹੈ । ਇਹ ਧੰਮਪਦ ਉਤੇ ਟੀਕਾ ਹੈ, ਅਤੇ ਇਸ ਦਾ ਕਰਤਾ ਬੁੱਧਘਸ ਹੈ, ਇਸ ਦਾ ਰਚਨਾ-ਕਾਲ ਪੰਜਵੀਂ ਸਦੀ (ਈਸਵੀ) ਹੈ । ਅੱਠਕਥਾ ਦਾ ਟੈਕਸਟ ਪਾਲੀ ਦੀਆ ਭਾਸ਼ਕ ਵਿਲੱਖਣਤਾਵਾ ਦੀ ਪਾਲਣਾ ਕਰਦਾ ਹੈ ।

ਪਾਲੀ ਦੀਆ ਉਧ੍ਰਿਤ ਵੰਨਗੀਆ

(ੳ) *ਮੂਲ ਪਾਲੀ ਟੈਕਸਟ (ਗੁਰਮੁਖੀ ਸੰਸਕਰਣ)*

(A) ਸੱਬੇ ਤਸੰਤਿ ਦੰਡੱਸ ਸੱਬੇ ਭਯੰਤਿ ਮੱਚੁਨੋ ।
ਅੱਤਾਨੰ ਉਪਮੰ ਕਤ੍ਵਾ ਨਾ ਹਨੇਯਾ ਨਾ ਘਾਤਯੇ ।

(B) ਸੁਖ ਕਾਮਾਨਿ ਭੂਤਾਨਿ ਯੋ ਦੰਡੇਨ ਵਿਹਿੰਸਤਿ ।
ਅੱਤਨੋ ਸੁਖਮੇਸਾਨੋ ਪੇਚ ਸੋ ਨ ਲਭਤੇ ਸੁਖੰ

(C) ਸਾਵਥਿਯੰ ਕਿਰ ਅਦਿੱਨ ਪੁੱਬਕੋ ਨਾਮ ਬ੍ਰਾਹਮਣੋ ਅਹੋਸਿ । ਤੇਨ ਕੱਸਚਿ ਕਿੰਚਿਦ ਅਦਿੱਨ ਪੁੱਬੰ ਤੇਨ ਤੰ ਅਦਿੱਨ ਪੁੱਬਕੋ ਤ੍ਵੇਵ ਸੰਜਾਨਿਸੁ ।
ਤੱਸੇਕ ਪੁੱਤਕੋ ਅਹੋਸਿ ਪਿਯੋ ਮਨਾਪੋ । ਤੱਸ ਸੋਲਸ ਵੱਸ ਕਾਲੇ ਪੰਡੁ ਰੋਗ ਉਦਪਾਦਿ । ਮਾਤਾ ਪੁੱਤੰ ਓਲੋਕੇਤ੍ਵਾ ਬ੍ਰਾਹਮਣ ਪੁੱਤੱਸ ਤੇ ਰੋਗੋ ਉਪੰਨੋ ਚਿਕਿੱਛਾਪੇਹਿ ਨੰਤਿ ਆਹ ।

ਉਪਰੋਕਤ ਮੂਲ ਪਾਲੀ ਟੈਕਸਟ ਦਾ ਸੰਸਕ੍ਰਿਤ ਭਾਸ਼ਾ-ਰੂਪਾਤਰਨ = ਭਾਸ਼ਾਂਤਰਣ

(A) सर्वे त्रसन्ति दण्डस्य सर्वे भयन्ति मृत्योः।
आत्मान मुपमां कृत्वा न हन्यान्न घातयेत्

(B) सुखकामानि भूतानि यो दण्डेन विहिनस्ति।
आत्मनः सुखमिच्छन् प्रेत्य स न लभते सुखम्।

(C) श्रावस्त्यां किलादत्तपूर्वको नाम ब्राह्मणो ऽभूत्। तेन कस्मैचित्

किंचिददत्तपूर्वं तेन तमदत्तपूर्वकस्त्वेव समज्ञासत। तस्यैकपुत्रको भूत् प्रियो मनोज्ञ:। तस्य षोडश वर्ष काले पाण्डुरोग उदपादि। माता पुत्र मवलोक्य ब्राह्मण पुत्रस्य ते रोग उत्पन्नश्चिकि त्सयैनमित्याह।

ਉਪਰੋਕਤ ਮੂਲ ਪਾਲੀ ਟੈਕਸਟ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ

(A) ਸਭੇ ਜਣੇ ਡੰਡ ਤੋਂ ਤ੍ਰਹਿੰਦੇ ਹਨ, ਸਾਰੇ ਮ੍ਰਿਤੁ ਤੋਂ ਭੈ ਖਾਂਦੇ ਹਨ ਆਪਣੇ ਨਾਲ ਉਪਮਾ ਦੇ ਕੇ (ਮਿਸਾਲ ਦੇ ਕੇ) ਨਾ ਹਿੰਸਾ ਕਰੇ ਨਾ ਘਾਤ ਕਰਨ ਦੇਵੇ।

(B) ਜੋ ਸੁਖ ਦੀ ਕਾਮਨਾ ਕਰਨ ਵਾਲਿਆਂ ਜੀਵਾਂ (ਭੂਤ = ਜੀਵ) ਨੂੰ ਡੰਡੇ ਨਾਲ ਮਾਰਦਾ ਹੈ (ਹਿੰਸਾ ਕਰਦਾ ਹੈ), ਆਪਣੇ ਸੁੱਖ ਦੀ ਇੱਛਾ ਤੋਂ ਪਰ੍ਹੇ ਜਾ ਕੇ ਸੁਖ ਨਹੀਂ ਲੈ ਸਕਦਾ। (ਮਿਲਾਉ = "ਸਰਬ ਭੂਤ ਆਪ ਵਰਤਾਰਾ" ਗੁਰਬਾਣੀ)

(C) ਸ੍ਰਾਵਸਤੀ ਵਿਚ ਇਕ ਬ੍ਰਾਹਮਣ ਰਹਿੰਦਾ ਸੀ ਜਿਸ ਦਾ ਨਾਮ ਅਦਿੱਨ ਪੁੱਬਕ (ਅਦੱਤਪੂਰਵਕ) ਸੀ। ਉਸ ਦੇ ਇੱਕ ਪੁਤ੍ਰ ਪਿਆਰਾ ਸੋਹਣਾ ਹੋਇਆ। ਜਦ ਉਹ ਸੋਲਾਂ ਵਰਸ਼ ਦਾ ਸੀ ਉਸ ਨੂੰ ਪੰਡੂਰੋਗ (ਪੀਲੀਆ) ਉਤਪੰਨ ਹੋਇਆ। ਪੁਤ ਨੂੰ ਵੇਖ ਕੇ (ਅਵਲੋਕਨ ਕਰਕੇ) ਮਾਤਾ ਕਿਹਾ, ਬ੍ਰਾਹਮਣ ਤੇਰੇ ਪੁੱਤ ਨੂੰ ਰੋਗ ਉਤਪੰਨ ਹੈ, ਚਿਕਿਤਸਾ (ਇਲਾਜ) ਇਸ ਦੀ ਕਰ।"

ਅੰਤਿਕਾ

The languages and dialects current in Northern India during the first M.I.A. period (600-200 B.C.) were probably the following (see Table, opposite p. 6; and T. W. Rhys Davids, 'Budhist India,' London, 1903, pp. 153-154) :

(i) Spoken dialects of I.A., current from Gandhara to Bengal in the east and the Deccan in the south, which probably formed the following 5 groups : (1) North-western–Gandhara, Punjab, possibly Sindh; (2) South-western–Gujarat, W . Rajputana; (3) Midland; (Malwa the meeting ground of (2) ad (3). (4) Eastern (a) Old Ardha-Magadhi, or Kosala, and (b) Old Magadhi ; and (5) Southern-vidarbha, Maharastra.

Probabaly there were other dialects as well (1) resembled O I A most ; (4) had deviated from O I A more than any other. (3) and (4) were both current in the Ganges Valley, and during this period, (4a) had greater prestige, as the language of the leaders of anti-Brahmanic thought, and of the courts of the powerful monarchies or republics of the East; but (3) seems to have been understood as a *lingua franca* everywhere in Aryandom; being between the two extremes of (1) and (4).

(ii) Two literary languages : (a) the ancient *bardic dialect-chandasa-* preserved in the Vedic hymns; this was based on the OIA dialects current in the Panjab before 1000 B.C. a younger form of this dialect is found in the Brahmanas, which is intermediate in age between (a) and (b) ; (b)

a 'reformed' literary speech-samskrta-which was crysallising in the Brahman schools and in the courts of princes in the Midland and the North-west. This latter was based on *archaic* forms of (1) and (3) above, agreeing more with (1) in preserving OIA Phonetic character when it was systematised in the beginning of the MIA period by the grammarian Panini of the North-west.

Towards the end the first MIA period, when it had already lost all OIA charact ristics in phonetics etc. (3) began to take shape as a literarary language, and became Pali.

(iii) Dardic dialects, spoken in the Western Himalayas, and also probably by settled communities as Dardic people in the plains of Northern India, who were rapidly coming under Indo-Aryan influence.

(iv) Foreign tongues--e.g., Persian and other Iranian (from c. 500 B.C.), and Greek (from end of the 4th cen. B.C.), spoken by small communities in the north-west.

(v) Non-Aryan dialects : Dravidian and Kol, spoken by many among the masses in the Panjab, in Central India, in the Ganges Valley, who were in the process of being Aryanised. These seem to have been the language of the people in general in Bengal, Orissa and other parts. Dravidian had its strong-hold in the south, and literary cultivation of Dravidian must have commenced already to blossom into the old Tamil literature of the early centuries after Christ. The Tibeto-Chinese speeches, if they had at all come within Indian frontiers by this time, were confined to the Assam side, and had not decended on the Indian side of the Himalayas as yet.

Possibly there were in the wilder parts of India the pre-Dravidian and pre-Kol speeches of remnants of primitive Negroid and other tribes, which have since entirely disappeared.

S.K. Chatterji, *The Origin and Development of Bengali Language*, 1926, pp. 55

ਅਧਿਆਏ 4 : 3

ਅਸ਼ੋਕੀ ਪਾਲੀ ਜਾਂ ਸ਼ਿਲਾਲੇਖੀ ਪਾਲੀ
(Asokan or Inscriptional PALI)

ਸਟੈਂਡਰਡ ਪਾਲੀ ਤੋਂ ਬਾਅਦ ਕਾਲ-ਕ੍ਰਮ ਅਨੁਸਾਰ ਪਾਲੀ ਦਾ ਵਿਕਸਿਤ ਭਾਸ਼ਾ-ਰੂਪ ਅਸ਼ੋਕੀ ਪਾਲੀ ਹੈ। ਅਸ਼ੋਕੀ ਪਾਲੀ ਦਾ ਬੋਧ ਸਾਨੂੰ ਮੌਰੀਆ-ਸਮਾਟ ਅਸ਼ੋਕ [273 B.C. to 231 B.C.] ਦੇ ਸ਼ਿਲਾਲੇਖਾਂ ਤੋਂ ਪ੍ਰਾਪਤ ਹੁੰਦਾ ਹੈ। ਈਸਾ-ਪੂਰਵ ਤੀਜੀ ਸਦੀ ਦੇ ਅੱਧ ਵਿਚ ਅਸ਼ੋਕ ਨੇ ਆਪਣੇ ਵਿਸ਼ਾਲ ਰਾਜ ਦੇ ਵੱਖ ਵੱਖ ਹਿੱਸਿਆਂ ਵਿਚ ਬੋਧ-ਧਰਮ, ਜੀਵਨ-ਨੀਤੀ, ਪ੍ਰਸ਼ਾਸਨ ਸੰਬੰਧੀ ਅਭਿਲੇਖ ਤੇ ਹੁਕਮਨਾਮੇ (edicts) ਪਹਾੜਾਂ ਦੀਆਂ ਚੱਟਾਨਾਂ, ਪੱਥਰ-ਖੰਡਾਂ, ਥੰਮਾਂ, ਗੁਫਾਵਾ ਦੀਆਂ ਕੰਧਾ ਆਦਿ ਉਤੇ ਖੁਦਵਾਏ ਸਨ। ਇਹ ਅਭਿਲੇਖ ਹਿਮਾਲਾ ਤੋਂ ਮੈਸੂਰ ਤਕ ਅਤੇ ਬੰਗਾਲ ਦੀ ਖਾੜੀ ਤੋਂ ਲੈ ਕੇ ਅਰਬ-ਸਾਗਰ ਪ੍ਰਯੰਤ ਵਿਭਿੰਨ ਥਾਵਾ 'ਤੇ ਪਾਏ ਗਏ ਹਨ। ਇਤਿਹਾਸਿਕ ਨਜ਼ਰੀਏ ਤੋਂ ਇਹ ਅਭਿਲੇਖ ਜਿਥੇ ਬੜੇ ਅਹਿਮ ਤੇ ਮਹੱਤਵਪੂਰਣ ਹਨ ਉਥੇ ਆਰੀਆ ਭਾਸ਼ਾ ਦੇ ਵਿਕਾਸ ਦੀ ਗਤੀ ਦੇ ਕ੍ਰਮਿਕ ਅਧਿਐਨ ਲਈ ਬਹੁਤ ਹੀ ਸਹਾਇਕ ਤੇ ਉਪਯੋਗੀ ਹਨ। ਇਸ ਦਾ ਕਾਰਣ ਇਹ ਹੈ ਕਿ ਇਨ੍ਹਾਂ ਲੇਖਾ ਵਿਚ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦਾ ਇਤਿਹਾਸਿਕ ਤੇ attested (ਤਸਦੀਕਸ਼ੁਦਾ-ਪ੍ਰਮਾਣ-ਪੁਸ਼ਟ) ਪ੍ਰਾਚੀਨ ਰੂਪ ਉਪਲਬਧ ਹੁੰਦਾ ਹੈ। ਇਨ੍ਹਾਂ ਅਭਿਲੇਖਾਂ ਦੀ ਉਲੇਖਯੋਗ ਵਿਸ਼ੇਸ਼ਤਾ ਇਹ ਵੀ ਹੈ ਕਿ ਆਮ ਲੋਕਾਂ ਦੀ ਜਾਣਕਾਰੀ ਲਈ ਲਿਖੇ ਜਾਣ ਕਰ ਕੇ ਵਿਭਿੰਨ ਜਨਪਦਾਂ, ਇਲਾਕਿਆਂ, ਅੰਚਲਾ ਤੇ ਖੇਤਰਾਂ ਵਿਚ ਇਨ੍ਹਾ ਨੂੰ ਥੋੜ੍ਹੇ ਥੋੜ੍ਹੇ ਫਰਕ ਤੇ ਵਖਰੇਵੇਂ ਵਾਲੀਆ ਪ੍ਰਾਂਤਿਕ ਤੇ ਸਥਾਨਿਕ ਬੋਲੀਆਂ ਵਿਚ ਅੰਕਿਤ ਕੀਤਾ ਗਿਆ ਹੈ। ਇਸ ਲਈ ਇਨ੍ਹਾਂ ਅਸ਼ੋਕੀ ਸ਼ਿਲਾਲੇਖਾ ਵਿਚ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੀਆਂ ਕਈਆ ਸ਼ਾਖ਼ਾਵਾਂ, ਪੜ-ਸ਼ਾਖਾਵਾਂ ਦੇ ਅਧਿਐਨ ਦੀ ਭਾਸ਼ਾ-ਸਾਮਗ੍ਰੀ ਭਲੀਭਾਂਤ ਸੁਰੱਖਿਅਤ ਹੈ।

ਚੂੰਕਿ ਆਰੀਆ ਭਾਸ਼ਾ ਦਾ ਇਹ ਭਾਸਿਕ ਰੂਪ ਮਹਾਰਾਜ ਅਸ਼ੋਕ ਦੇ ਰਾਜਕਾਲ ਵਿਚ ਲਿਪੀਬੱਧ ਤੇ ਮਿਤੀਬੱਧ ਸ਼ਕਲ ਵਿਚ ਉਪਲਬਧ ਹੋਇਆ ਹੈ, ਇਸ ਲਈ ਇਸ ਭਾਸ਼ਾ-ਵੰਨਗੀ ਨੂੰ "ਅਸ਼ੋਕੀ ਪਾਲੀ" ਕਿਹਾ ਜਾਦਾ ਹੈ। ਦੂਜੇ ਮਤ-ਸੰਕਲਪ ਦੇ ਅਨੁਸਾਰ ਇਸ ਭਾਸ਼ਾ ਦਾ ਆਧਾਰ ਅਸ਼ੋਕ ਦੇ ਅਭਿਲੇਖ ਜਾ ਸ਼ਿਲਾਲੇਖ ਹਨ, ਇਸ ਲਈ ਸਟੈਂਡਰਡ ਪਾਲੀ ਤੋਂ ਵਿਕਸਿਤ ਹੋਏ ਇਸ ਅਗਲੇ ਪਰਵਰਤੀ ਭਾਸ਼ਾਗਤ ਰੂਪ ਨੂੰ "*ਸ਼ਿਲਾਲੇਖੀ ਪਾਲੀ*" ਦੀ ਸੰਗਿਆ ਵੀ ਦਿੱਤੀ ਜਾਂਦੀ ਹੈ।

ਲਿਪੀ : ਮਹਾਰਾਜ ਅਸ਼ੋਕ ਦੇ ਸਾਰੇ ਅਭਿਲੇਖ ਤੇ ਸ਼ਿਲਾਲੇਖ ਤਤਕਾਲੀ ਭਾਰਤੀ ਲਿਪੀ "ਬ੍ਰਾਹਮੀ" ਵਿਚ ਲਿਪੀਬੱਧ ਕੀਤੇ ਗਏ ਹਨ। ਬ੍ਰਾਹਮੀ ਖੱਬੇ ਪਾਸੇ ਤੋਂ ਸੱਜੇ ਪਾਸੇ ਵੱਲ ਲਿਖੀ ਜਾਂਦੀ ਸੀ। ਉਸੇ ਲਿਪੀ ਤੋਂ ਹੀ ਸਾਡੀਆਂ ਅਜੋਕੀਆਂ ਗੁਰਮੁਖੀ, ਨਾਗਰੀ,

ਸਾਰਦਾ, ਟਾਕਰੀ ਆਦਿ ਲਿਪੀਆਂ ਜਨਮੀਆਂ ਹਨ। ਲੇਕਿਨ ਉਨ੍ਹਾਂ ਵਿਚੋਂ ਪੱਛਮੋਤਰ ਸੀਮਾ ਪ੍ਰਾਂਤ (ਹੁਣ ਪਾਕਿਸਤਾਨ) ਵਿਚ ਮੌਜੂਦ ਸਾਹਬਾਜ਼ਗੜ੍ਹੀ ਅਤੇ ਮਾਨਸੇਹਰਾ (ਜ਼ਿਲ੍ਹਾ ਪਿਸ਼ਾਵਰ) ਥਾਵਾਂ ਦੇ ਦੋ ਸ਼ਿਲਾਲੇਖ "ਖਰੋਸਠੀ" ਲਿਪੀ ਵਿਚ ਲਿਖੇ ਗਏ ਹਨ ਜੋ ਸੱਜੇ ਪਾਸੇ ਤੋਂ ਖੱਬੇ ਪਾਸੇ ਵੱਲ ਲਿਖੀ ਜਾਂਦੀ ਸੀ ਜਿਵੇਂ ਕਿ ਅੱਜਕੱਲ ਉਰਦੂ-ਲਿਪੀ ਹੈ। ਇਨ੍ਹਾਂ ਸ਼ਿਲਾਲੇਖਾਂ ਨੂੰ ਸਭ ਤੋਂ ਪਹਿਲਾਂ decipher ਲਿਪੀਅੰਤਰ ਕਰਨ ਵਾਲੇ ਯੂਰਪੀ ਸਕਾਲਰ ਹੀ ਸਨ ਜਿਨ੍ਹਾਂ ਵਿਚ Princep, Cunningham, Senart, Buhler ਪ੍ਰਸਿੱਧ ਹਨ।

ਅਸ਼ੋਕੀ ਸ਼ਿਲਾਲੇਖਾਂ ਅਭਿਲੇਖਾਂ ਦਾ ਬਿਓਰਾ

ਬੁੱਧ ਧਰਮ ਦੇ ਅਨੁਯਾਈ ਮਹਾਰਾਜ ਅਸ਼ੋਕ ਦੇ ਲੇਖਾਂ ਵਿਚ ਅਸ਼ੋਕ ਦੇ ਨਾਮ ਦਾ ਹਵਾਲਾ ਨਹੀਂ ਹੈ, ਸਗੋਂ ਅਸ਼ੋਕ ਦੀ ਬਜਾਇ "ਪ੍ਰਿਯਦਰਸ਼ੀ" ਨਾਮ ਅੰਕਿਤ ਹੈ। ਪਾਲੀ ਵਿਚ ਇਹ ਨਾਮ "ਪਿਯਦਸੀ" ਜਾਂ "ਪ੍ਰਿਯਦਸੀ" ਹੈ। ਇਨ੍ਹਾਂ ਅਸ਼ੋਕੀ ਸ਼ਿਲਾਲੇਖਾਂ ਦਾ ਬਿਓਰਾ ਹੇਠ ਲਿਖੇ ਅਨੁਸਾਰ ਹੈ ਜੋ ਭਾਸ਼ਾਗਤ ਅਧਿਐਨ ਲਈ ਇਹ ਪ੍ਰਮਾਣਿਕ ਟੈਕਸਟ ਵਜੋਂ ਸਵੀਕ੍ਰਿਤ ਹਨ :

(1) ਲਘੂ ਸ਼ਿਲਾਲੇਖ (258-252 ਪੂ.ਈ.) ਜੋ ਮੈਸੂਰ, ਜਬੱਲਪੁਰ ਅਤੇ ਈਡਾਗੁੜੀ ਵਿਚ ਹਨ।

(2) ਭਬਰੂ ਸ਼ਿਲਾਖੇਲ (257 ਪੂ.ਈ.) ਜੈਪੁਰ ਦੇ ਵੈਰਾਟ ਪਰਬਤ ਦੀ ਟੀਸੀ ਤੇ ਅੰਕਿਤ ਹੈ।

(3) ਪ੍ਰਧਾਨ ਸ਼ਿਲਾਲੇਖ (256 ਪੂ.ਈ.) ਹਰ ਪ੍ਰਧਾਨ ਸ਼ਿਲਾਲੇਖ ਵਿਚ 14 ਪ੍ਰਗਿਆਪਨ ਹਨ।

(4) ਕਲਿੰਗ ਸ਼ਿਲਾਲੇਖ (256 ਪੂ. ਈ.) ਉੜੀਸਾ ਪ੍ਰਾਂਤ ਵਿਚ ਸਥਿਤ ਹੈ।

(5) ਬਰਾਬਾਰ ਗੁਫਾ ਸ਼ਿਲਾਲੇਖ (257-250 ਪੂ.ਈ.) ਗਯਾ ਤੀਰਥ ਦੇ ਪਾਸ ਸਥਿਤ ਹੈ।

(6) ਸੱਤ ਥੰਮ ਲੇਖ (243 ਪੂ.ਈ.) ਜੋ ਤੋਪਰਾ ਦਿੱਲੀ, ਮੇਰਠ, ਕੌਸਾਂਬੀ (ਪ੍ਰਯਾਗ) ਆਦਿ ਵਿਚ ਹਨ।

(7) ਲਘੂ ਅਸ਼ੋਕੀ ਸ਼ਿਲਾਲੇਖ ਜੋ ਸਾਂਚੀ, ਸਾਰਨਾਥ ਵਿਚ ਮਿਲੇ ਹਨ।

ਪ੍ਰਧਾਨ ਅਸ਼ੋਕੀ ਸ਼ਿਲਾਲੇਖ ਅਤੇ ਪ੍ਰਾਚੀਨ ਪੰਜਾਬ

ਅਸ਼ੋਕ ਦੇ ਪ੍ਰਧਾਨ ਸ਼ਿਲਾਲੇਖ ਗਿਰਨਾਰ, ਕਾਲਸੀ, ਧੌਲੀ, ਜੌਗੜ੍ਹ, ਮਾਨਸੇਹਾ, ਸ਼ਾਹਬਾਜ਼ਗੜ੍ਹੀ ਆਦਿ ਸਥਾਨਾਂ ਤੇ ਉੱਕਰੇ ਹੋਏ ਮਿਲੇ ਹਨ। ਇਨ੍ਹਾਂ ਵਿਚੋਂ ਮਾਨਸੇਰਾ ਤੇ ਸਾਹਬਾਜ਼ਗੜ੍ਹੀ ਸਥਿਤ ਦੇ ਸ਼ਿਲਾਲੇਖ ਅਜੇਹੇ ਹਨ ਜੋ ਸੁਦੂਰ ਉੱਤਰ-ਪੱਛਮੀ ਪ੍ਰਾਚੀਨ ਵਿਸਾਲ ਪੰਜਾਬ (ਸਪਤਸਿੰਧੂ,ਪੰਚਨਦ) ਨਾਲ, ਖਾਸ ਕਰਕੇ ਈਰਾਨੀ-ਪ੍ਰਭਾਵਿਤ ਅਤੇ ਗ੍ਰੀਕ-ਪ੍ਰਭਾਵਿਤ ਪੰਜਾਬ ਨਾਲ ਸੰਬੰਧ ਰਖਦੇ ਹਨ। ਅਸ਼ੋਕ ਦੇ ਹਰੇਕ ਪ੍ਰਧਾਨ ਸ਼ਿਲਾਲੇਖ ਵਿਚ 14 (ਚੌਦਾਂ) ਪ੍ਰਗਿਆਪਨ ਹਨ ਜਿਨ੍ਹਾਂ ਵਿਚ ਅਸ਼ੋਕ ਨੇ ਉਸ ਜ਼ਮਾਨੇ ਦੀ ਭਾਰਤਵਾਸੀ ਜਨਤਾ ਲਈ ਧਰਮ, ਸਦਾਚਾਰ, ਸ਼ਿਸ਼ਟਾਚਾਰ, ਰਾਜਕਾਜ, ਸ਼ਾਸਨ-ਪ੍ਰਸ਼ਾਸਨ ਅਤੇ ਅਨੇਕ ਦੇਸਾਂ ਨਾਲ ਕੂਟਨੀਤਕ ਸੰਬੰਧਾਂ ਬਾਰੇ ਆਪਣੇ ਸਿਧਾਂਤ ਤੇ ਆਦੇਸ਼ ਪ੍ਰਸਾਰਿਤ ਕੀਤੇ ਹਨ। ਸਥਾਨ ਤੇ ਪ੍ਰਾਂਤ ਦੇ ਅਨੁਸਾਰ ਇਨ੍ਹਾਂ ਸ਼ਿਲਾਲੇਖਾਂ ਦੀ ਬੋਲੀ ਵਿਚ ਉਪ-ਭਾਸ਼ਾਈ ਵਖਰੇਵੇਂ ਵੀ ਦਰਜ ਕੀਤੇ ਗਏ ਹਨ। ਬੁਨਿਆਦੀ ਤੌਰ ਤੇ **ਅਸ਼ੋਕੀ** ਅਭਿਲੇਖਾਂ ਦੀ ਭਾਸ਼ਾ ਅਸ਼ੋਕਕਾਲੀਨ ਪਾਲੀ ਹੈ, ਕਿਉਂ ਕਿ ਅਸ਼ੋਕ ਦੀ ਰਾਜਭਾਸ਼ਾ

ਵੀ ਪਾਲੀ ਪ੍ਰਾਕ੍ਰਿਤ ਹੀ ਸੀ। ਇਹ ਤੱਥ ਸਪਸ਼ਟ ਹੈ ਕਿ ਅਸ਼ੋਕ ਨੇ ਇਨ੍ਹਾਂ ਸ਼ਿਲਾਲੇਖਾਂ ਦੀ ਪਾਲੀ ਭਾਸ਼ਾ ਵਿਚ ਵਿਭਿੰਨ ਇਲਾਕਾਈ ਉਪ-ਭਾਸ਼ਾਈ ਅੰਸ਼ ਚੇਤੰਨ ਤੌਰ ਤੇ ਸ਼ਾਮਲ ਕੀਤੇ ਹਨ ਤਾਂ ਜੋ ਅਸ਼ੋਕ ਦੀ ਬਾਦਸ਼ਾਹਤ ਵਿਚ ਸ਼ਾਮਲ ਵੱਖ ਵੱਖ ਪ੍ਰਾਦੇਸ਼ਿਕ ਖੇਤਰਾਂ ਦੇ ਲੋਕ ਉਸ ਦੇ ਆਦੇਸ਼ਾਂ ਨੂੰ ਵੱਖ ਵੱਖ ਆਪਣੀ ਨੇਟਿਵ ਖੇਤਰੀ ਬੋਲੀ ਵਿਚ ਸਮਝ ਸਕਣ। ਇਸ ਤੋਂ ਇਹ ਤੱਥ ਵੀ ਉਭਰਦਾ ਹੈ ਕਿ ਅਸ਼ੋਕ ਦੇ ਯੁਗ ਵਿਚ ਕੇਂਦਰੀ ਸਟੈਂਡਰਡ/ਸਾਹਿਤਕ ਪਾਲੀ ਦੇ ਨਾਲ ਨਾਲ ਵਿਭਿੰਨ ਇਲਾਕਿਆਂ ਦੀਆਂ ਲੋਕ-ਬੋਲੀਆਂ ਵੀ ਉਭਰ ਰਹੀਆਂ ਸਨ।

ਇਹ ਚੌਦਾਂ ਪ੍ਰਗਿਆਪਨ ਪੱਛਮਤਰੀ ਸਰਹੱਦੀ ਸੂਬਾ (ਹੁਣ ਪਾਕਿਸਤਾਨ) ਦੇ ਜ਼ਿਲ੍ਹਾ ਪਿਸ਼ਾਵਰ ਦੀ ਯੂਸਫਜ਼ਈ ਤਹਿਸੀਲ ਵਿਚ ਮਰਦਾਨ ਤੋਂ ਨੌਂ ਮੀਲ ਦੂਰ ਸ਼ਾਹਬਾਜ਼ਗੜ੍ਹੀ ਤੇ ਕਪੂਰਦਾ ਗੜ੍ਹੀ ਪਿੰਡਾਂ ਦੇ ਦਰਮਿਆਨ ਮਕਾਮ ਨਦੀ ਦੇ ਕਿਨਾਰੇ ਤੇ ਕੋਲੇ-ਕੋਲ ਦੋ ਚੱਟਾਨਾਂ ਤੇ ਉੱਕਰੇ ਹੋਏ ਮਿਲੇ ਹਨ। ਹੋਰ ਇਹੋ ਚੌਦਾਂ ਪ੍ਰਗਿਆਪਨ ਕੁਝ ਕੁ ਉਪ-ਭਾਸ਼ਾਈ ਅੰਤਰ ਨਾਲ ਜ਼ਿਲ੍ਹਾ ਹਜ਼ਾਰਾ (ਹੁਣ ਪਾਕਿਸਤਾਨ) ਵਿਚ ਐਬਟਾਬਾਦ ਤੋਂ ਪੰਦਰ੍ਹਾਂ ਮੀਲ ਦੂਰ ਮਾਨਸ਼ੇਰਾ ਨਾਮ ਦੇ ਤਹਿਸੀਲ ਸਥਾਨ ਤੇ ਨੇੜੇ-ਨੇੜੇ ਤਿੰਨ ਪਰਬਤੀ ਚੱਟਾਨਾਂ ਤੇ ਖੁਦੇ ਹੋਏ ਮਿਲੇ ਹਨ। ਪ੍ਰਾਚੀਨ ਪੰਜਾਬ ਨਾਲ ਸਬੰਧਿਤ ਅਸ਼ੋਕ ਦੇ ਇਨ੍ਹਾਂ ਦੋਹਾਂ ਸ਼ਿਲਾਲੇਖਾਂ ਦੇ 14 ਪ੍ਰਗਿਆਪਨਾਂ ਦੀ ਭਾਸ਼ਾ ਵਿਚ ਪੰਜਾਬੀ ਭਾਸ਼ਾ ਦੀ ਢਾਈ ਹਜ਼ਾਰ ਸਾਲ ਪੁਰਾਣੀ ਝਲਕ ਵਿੱਦਮਾਨ ਹੁੰਦੀ ਹੈ। ਪੰਜਾਬੀ ਦੇ ਵਿਦਵਾਨਾਂ ਤੇ ਖੋਜਾਰਥੀਆਂ ਲਈ ਇਹ ਬੜੀ ਦਿਲਚਸਪ ਤੱਥ-ਸਾਮਗ੍ਰੀ ਹੈ। ਇਸ ਮਾਨਸ਼ੇਰਾ ਤੇ ਸ਼ਾਹਬਾਜ਼ ਗੜ੍ਹੀ ਸ਼ਿਲਾਲੇਖਾਂ ਦਾ ਇਕ ਇਕ ਨਮੂਨਾ-ਟੈਕਸਟ ਅਗੇ ਅੰਕਿਤ ਕੀਤਾ ਜਾਂਦਾ ਹੈ

ਅਸ਼ੋਕੀ ਸਿਲਾਲੇਖ ਦਾ ਮਨਸੇਰਾ ਸੰਸਕਰਣ (Mansehra version) ਗੁਰਮੁਖੀ ਰੂਪ
ਪ੍ਰਗਿਆਪਨ 1

ਅਯਿ ਧ੍ਰਮਦਿਪਿ ਦੇਵਨੰ ਪ੍ਰਿਯੇਨ ਪ੍ਰਿਯਦਸ਼ਿਨ ਰਜਿਨ ਲਿਖਪਿਤ। ਹਿਦ ਨੋ ਕਿਛਿ ਜਿਵੇ ਅਰਭਿਤੁ ਪ੍ਰਜੋਹਿਤਵਿਯੇ। ਨੋ ਪਿ ਚ ਸਮਜੇ ਕਟਵਿਯੇ। ਬਹੁਕ ਹਿ ਦੋਸ਼ ਸਮਜਸ ਦੇਵਨੰਪ੍ਰਿਯੇ ਪ੍ਰਿਯਦ੍ਰਸ਼ਿ ਰਜ ਦਖਤਿ। ਅਸਤਿ ਪਿ ਚੁ ਏਕਤਿਯ ਸਮਜ ਸਧ੍ਰਮਤ ਦੇਵਨ ਪ੍ਰਿਯਸ ਪ੍ਰਿਯਦ੍ਰਸ਼ਿਸ ਰਜਿਨੋ। ਪੁਰਾ ਮਹਨਸਸਿ ਦੇਵਨਪ੍ਰਿਯਸ ਪ੍ਰਿਯਦ੍ਰਸ਼ਿਸ ਰਜਿਨੋ ਅਨੁਦਿਵਸ ਬਹੁਨਿ ਪ੍ਰਣ ਸ਼ਤ ਸਹਸ੍ਰਨਿ ਅਰਭਿਸੁ ਸੁਪਥ੍ਰਯੇ। ਸੇ...ਦ ਅਯਿ ਧ੍ਰਮਦਿਪਿ ਲਿਖਿਤ ਤਦ ਤ੍ਰਿਨਿ ਯੇਵ ਪ੍ਰਣਨਿ ਅਰਭਿਯੰਤਿ ਦੁਵੇ ਮਜੁਰ ਏਕੋ ਮ੍ਰਿਗੋ ਸੇ ਪਿ ਚੁ ਮ੍ਰਿਗੋ ਨੋ ਧ੍ਰੁਵੰ ਏਤਨਿ ਪਿ ਚੁ ਤ੍ਰਿਨਿ ਪ੍ਰਣਨਿ ਪਚ ਨੋ ਆਰਭਿਸੰਤਿ।

(ਮੂਲ ਖਰੋਸ਼ਠੀ ਲਿਪੀ ਵਿਚ)

ਅਸ਼ੋਕੀ ਸ਼ਿਲਾਲੇਖ ਦਾ ਸ਼ਾਹਬਾਜ਼ਗੜ੍ਹੀ ਸੰਸਕਰਣ (Shahbaz version) ਗੁਰਮੁਖੀ ਰੂਪ
ਪ੍ਰਗਿਆਪਨ 1

ਅਯੰ ਧ੍ਰਮਦਿਪਿ ਦੇਵਨ ਪ੍ਰਿਅਸ ਰਞੋ ਲਿਖਪਿਤੁ। ਹਿਦ ਨੋ ਕਿਚਿ ਜਿਵੇ ਅਰਭਿਤੁ ਪ੍ਰਯੁਹੋਤਵੇ। ਨੋ ਪਿ ਚ ਸਮਜ ਕਟਵ। ਬਹੁਕ ਹਿ ਦੋਸ਼ ਸਮਯਸਪਿ ਦੇਵਣਪ੍ਰਿਯੋ ਪ੍ਰਿਅਦ੍ਰਸ਼ਿ ਰਯ ਦਖਤਿ। ਅਸਤਿ ਪਿ ਚੁ ਏਕਤਿਅ ਸਮਯੇ ਸਸੁਮਤੇ ਦੇਵਨ ਪਿਅਸ ਪਿਅਦ੍ਰਸ਼ਿਸ ਰਞੋ। ਪੁਰ ਮਹਨਸਸਿ ਦੇਵਨ-ਪ੍ਰਿਅਸ ਪ੍ਰਿਅਦ੍ਰਸ਼ਿਸ ਰਞੋ ਅਨੁਦਿਵਸੋ ਬਹੁਨਿ ਪ੍ਰਣਸ਼ਤਸਹਸਨਿ ਆਰਭਿਯਿਸੁ ਸੁਪਠਯੇ। ਸੋ ਇਦਨਿ ਯਦ ਅਯ ਧ੍ਰਮ ਦਿਪਿ ਧ੍ਰਮ ਦਿਪਿ ਲਿਖਿਤ ਤਦ ਤ੍ਰਯੋ ਵੋ ਪ੍ਰਣ ਹੰਞੰਤਿ ਮਜੁਰ ਦੁਵਿ ਮ੍ਰੁਗੋ ਸੋ ਪਿ ਮ੍ਰੁਗੋ ਨੋ ਧ੍ਰੁਵੰ। ਏਤ ਪਿ ਪ੍ਰਣ ਤ੍ਰਯੋ ਪਚ ਨ ਅਰਭਿਸੰਤਿ।

(ਮੂਲ ਖਰੋਸ਼ਠੀ ਲਿਪੀ ਵਿਚ)

ਪ੍ਰਗਿਆਪਨ 1 ਦਾ ਸਰਲ ਪੰਜਾਬੀ ਅਨੁਵਾਦ

"ਇਹ ਧਰਮਲੇਖ ਦੇਵਤਿਆਂ ਦੇ ਪਿਆਰੇ ਪ੍ਰਿਅਦਰਸ਼ੀ ਰਾਜਾ (ਅਸ਼ੋਕ) ਨੇ ਲਿਖਵਾਇਆ ਹੈ। ਏਥੇ (ਮੇਰੇ ਰਾਜ ਵਿਚ) ਕੋਈ ਜੀਵ ਮਾਰ ਕੇ ਬਧ ਨਾ ਕੀਤਾ ਜਾਵੇ ਅਤੇ ਨਾ ਕੋਈ ਸਮਾਜ (=ਉਤਸਵ-ਤਿਉਹਾਰ) ਮਨਾਇਆ ਜਾਵੇ। ਸਮਾਜ (ਉਤਸਵ) ਵਿਚ ਬਹੁਤ ਹੀ ਦੋਸ਼ ਦੇਵਤਿਆਂ ਦਾ ਪਿਆਰਾ ਪ੍ਰਿਅਦਰਸ਼ੀ ਰਾਜ ਵੇਖਦਾ ਹੈ। ਜਿਨ੍ਹਾਂ ਸਮਾਜਾਂ (ਉਤਸਵ-ਤਿਉਹਾਰਾਂ) ਵਿਚ ਐਸੀ (ਜੀਵ-ਹਤਿਆ) ਨਹੀਂ ਹੁੰਦੀ ਹੈ ਉਹ ਦੇਵਾਨਾਂਪ੍ਰਿਆ ਪ੍ਰਿਆਦਰਸ਼ੀ ਰਾਜਾ ਨੂੰ ਚੰਗੇ ਲਗਦੇ ਹਨ। ਪਹਿਲਾਂ ਪ੍ਰਿਅਦਰਸ਼ੀ ਰਾਜਾ)ਅਸ਼ੋਕ) ਦੀ ਰਸੋਈ ਵਿਚ ਹਰੇਕ ਦਿਨ ਸੌ-ਸਹਸ੍ਰ ਬਹੁਤ ਜੀਵ ਸੂਪ-ਅਰਥ ਮਾਰੇ ਜਾਂਦੇ ਸਨ। ਪਰ ਅੱਜ ਜਦੋਂ ਇਹ ਧਰਮਲੇਖ ਲਿਖਿਆ ਜਾ ਰਿਹਾ ਹੈ ਤਾਂ ਹੁਣ ਤਿੰਨ (ਤ੍ਰੈ) ਜੀਵ ਮਾਰੇ ਗਏ ਹਨ ਦੋ ਮੋਰ ਅਤੇ ਇਕ ਮ੍ਰਿਗ, ਪਰ ਮ੍ਰਿਗ ਨਿਸ਼ਚੇ ਨਾਲ ਨਹੀਂ। ਇਹ ਤਿੰਨ ਜੀਵ ਹੁਣ ਤੋਂ ਬਾਅਦ (ਭਵਿਖ ਵਿਚ) ਨਹੀਂ ਮਾਰੇ ਜਾਣਗੇ।"

ਉਪਰ ਮਾਨਸੇਰਾ ਤੇ ਸ਼ਾਹਬਾਜ਼ਗੜ੍ਹੀ ਸ਼ਿਲਾਲੇਖਾਂ ਦੇ ਪ੍ਰਗਿਆਪਨ-1 ਦਾ ਗੁਰਮੁਖੀ ਸੰਸਕਰਣ (version) ਨਮੂਨੇ ਵਜੋਂ ਪੇਸ਼ ਕੀਤਾ ਗਿਆ ਹੈ। ਦੋਹਾਂ ਸ਼ਿਲਾਲੇਖਾਂ ਦੀਆਂ ਇਹ ਪ੍ਰਤਿਲਿਪੀਆਂ ਕਿਸੇ ਹੋਰ ਮੂਲ-ਪਾਠ (ਸੰਸਕਰਣ) ਦੀਆਂ ਨਕਲਾਂ ਹਨ। ਇਨ੍ਹਾਂ ਨਕਲਾਂ ਵਿਚ ਪ੍ਰਾਚੀਨ ਪੰਜਾਬ ਅਤੇ ਗਾਂਧਾਰ ਪ੍ਰਾਂਤ ਦੀਆਂ ਸਥਾਨਿਕ ਬੋਲੀਆਂ ਦੇ ਖ਼ਾਸ ਅੰਸ਼ ਸਮੋਏ ਹੋਏ ਹਨ। ਇਹ ਗੱਲ ਵੀ ਵਰਣਨ ਯੋਗ ਹੈ ਕਿ ਮਾਨਸੇਰਾ ਅਭਿਲੇਖ ਦਾ ਸ਼ਾਹਬਾਜ਼ ਗੜ੍ਹੀ ਲੇਖ ਨਾਲੋਂ ਵੀ ਕਈਆਂ ਅੰਸ਼ਾਂ ਵਿਚ ਫ਼ਰਕ ਹੈ। ਜ਼ਰੂਰੀ ਹੈ ਕਿ ਉਪ-ਭਾਸ਼ਾਈ ਅੰਤਰ ਦੋਹਾਂ ਸਥਾਨਾਂ ਦੀਆਂ ਤਤਕਾਲੀ ਪ੍ਰਚਲਿਤ ਬੋਲੀਆਂ ਵਿਚ ਵਿੱਦਮਾਨ ਹੋਵੇਗਾ ਤਾਂ ਹੀ ਪ੍ਰਤਿਲਿਪੀਕਾਰਾਂ ਨੇ ਧੁਨੀਆਂ, ਵਧੇਤਰਾਂ, ਨਾਂਵ-ਰੂਪਾਂ ਤੇ ਕ੍ਰਿਆ ਰੂਪਾਂ ਵਿਚ ਸਥਾਨਿਕ ਬੋਲੀਆਂ ਅਨੁਸਾਰ ਰੂਪਾਂਤਰਣ ਤੇ ਪਰਿਵਰਤਨ ਸ਼ਾਮਲ ਕਰ ਦਿੱਤੇ ਹਨ।

ਇਕ ਗੱਲ ਹੋਰ ਵੀ ਉਲੇਖਯੋਗ ਹੈ ਕਿ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਸ਼ੋਕੀ ਸ਼ਿਲਾਲੇਖ "ਖਰੋਸ਼ਠੀ" ਵਿਚ ਲਿਪੀਬੱਧ ਹਨ ਜਦ ਕਿ ਬਾਕੀ ਅਸ਼ੋਕੀ ਸ਼ਿਲਾਲੇਖ ਤੇ ਅਭਿਲੇਖ ਪੂਰੇ ਭਾਰਤ ਵਰਸ਼ ਵਿਚ "ਬ੍ਰਾਹਮੀ" ਲਿਪੀ ਵਿਚ ਲਿਖੇ ਗਏ ਹਨ। ਇਸ ਤੋਂ ਇਕ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਪੱਛਮੋਤਰੀ ਪੰਜਾਬ ਦੇ ਸਰਹੱਦੀ ਪ੍ਰਾਂਤ ਵਿਚ ਅੱਜ ਤੋਂ ਕੋਈ ਦੋ-ਢਾਈ ਹਜ਼ਾਰ ਸਾਲ ਪਹਿਲਾਂ "ਬ੍ਰਾਹਮੀ" ਦੇ ਨਾਲ ਨਾਲ "ਖਰੋਸ਼ਠੀ" ਲਿਪੀ ਦਾ ਵੀ ਪ੍ਰਚਾਰ ਸੀ। ਪ੍ਰਾਚੀਨ ਭਾਰਤ ਦੇ ਇਸੇ ਇਲਾਕੇ ਵਿਚ ਛੇਵੀਂ ਸਦੀ ਪੂ. ਈ. ਤੋਂ ਚੌਥੀ ਸਦੀ ਪੂ. ਈ. ਤਕ ਈਰਾਨੀਆਂ ਦਾ ਕਬਜ਼ਾ ਰਿਹਾ ਜਿਨ੍ਹਾਂ ਨੇ ਖਰੋਸ਼ਠੀ ਲਿਪੀ ਨੂੰ ਪ੍ਰਚਾਰਿਆ ਸੀ। ਖਰੋਸ਼ਠੀ ਦਾ ਲੋਕ-ਪ੍ਰਚਲਨ ਵੇਖ ਕੇ ਹੀ ਸਮ੍ਰਾਟ ਅਸ਼ੋਕ ਨੇ ਵੀ ਇਸੇ ਇਲਾਕੇ ਵਿਚ ਖਰੋਸ਼ਠੀ ਲਿਪੀ ਦੁਆਰਾ ਆਪਣੇ ਫ਼ਰਮਾਨ ਜਾਰੀ ਕੀਤੇ ਸਨ।

ਖਰੋਸ਼ਠੀ ਦੀ ਸ੍ਰੋਤ-ਲਿਪੀ ਅਰਮੇਇਕ (Armaic) ਲਿਪੀ ਹੈ। ਭਾਰਤ ਨਾਲ ਸੰਬੰਧਿਤ ਵਿਦੇਸ਼ੀ ਜਾਤੀਆਂ ਜਿਵੇਂ Bactrians, parthians, Sakas, Kushanas ਆਦਿ ਨੇ ਵੀ ਗ੍ਰੀਕ ਲਿਪੀ ਦੇ ਨਾਲ ਨਾਲ ਖਰੋਸ਼ਠੀ ਲਿਪੀ ਦੀ ਵਰਤੋਂ ਕੀਤੀ ਹੈ। ਪਰ ਬ੍ਰਾਹਮੀ ਦੇ ਮੁਕਾਬਲੇ ਵਿਚ ਖਰੋਸ਼ਠੀ ਅਧੂਰੀ ਲਿਪੀ ਹੈ। ਖਰਸ਼ਠੀ ਵਿਚ ਸੰਸਕ੍ਰਿਤ/ਪਾਲੀ ਦੀਆਂ ਸੰਯੁਕਤ (clusters) ਧੁਨੀਆਂ ਨੂੰ ਲਿਪੀ-ਬੱਧ ਕਰਨ ਦੀ ਸਮਰਥਾ ਨਹੀਂ ਹੈ। ਇਸ ਲਈ ਉਪਰੋਕਤ ਸ਼ਿਲਾਲੇਖਾਂ ਦੇ ਪ੍ਰਗਿਆਪਨਾਂ ਵਿਚ ਸੰਯੁਕਤ ਅੱਖਰ ਅਸ਼ੁੱਧ ਲਿਖੇ ਗਏ ਹਨ ਜਿਵੇਂ "ਧਰਮ

"ਨੂੰ" ਧ੍ਰਮ ਲਿਖਿਆ ਹੈ ਜੋ ਅਸ਼ੁੱਧ ਹੈ। ਪ੍ਰੋ. ਹਰਿਸਚੰਦ੍ਰ ਸੇਠ ਨੇ ਬ੍ਰਾਹਮੀ ਤੇ ਖਰੋਸ਼ਠੀ ਸ਼ਿਲਾਲੇਖਾਂ ਦਾ ਨਾਗਰੀ ਸੰਸਕਰਣ ਤਿਆਰ ਕੀਤਾ ਹੈ। ਅਸੀਂ ਸ੍ਰੀ ਸੇਠ ਦੇ ਸੰਸਕਰਣ ਤੋਂ ਗੁਰਮੁਖੀ-ਸੰਸਕਰਣ ਅੰਕਿਤ ਕੀਤਾ ਹੈ। ਗੁਰਮੁਖੀ ਲਿਪੀਅੰਤਰਣ ਵਿਚ ਵੀ ਸੰਯੁਕਤ ਅੱਖਰਾਂ ਨੂੰ ਚਿੰਨ੍ਹਿਤ ਕਰਨ ਦੀ ਵਿਵਸਥਾ ਨਹੀਂ ਹੈ, ਇਸ ਲਈ ਗੁਰਮੁਖੀ ਵਿਚ ਧੁਨੀ-ਸੰਯੋਗਾਂ ਨੂੰ ਵੱਖ ਵੱਖ ਅੱਖਰਾਂ ਵਿਚ ਲਿਖਣ ਲਈ ਮਜਬੂਰ ਹੋਣਾ ਪਿਆ ਹੈ। ਇਕ-ਦੋ ਮੂਲ ਧੁਨੀਆਂ ਦੇ ਗੁਰਮੁਖੀ ਵਿਚ grapheme ਵੀ ਨਹੀਂ ਹਨ।

ਅਸ਼ੋਕੀ ਸ਼ਿਲਾਲੇਖਾਂ ਦੇ ਆਪਸੀ ਉਪ-ਭਾਸ਼ਾਈ ਵਖਰੇਵਿਆਂ ਦਾ ਰੇਖਾ-ਚਿੱਤਰ

ਮਾਨਸੇਰਾ	*ਸ਼ਾਹਬਾਜ਼ੀ*	*ਗਿਰਨਾਰ*	*ਹਿੰਦੀ*	*ਪੰਜਾਬੀ ਅਰਥ*
ਧ੍ਰਮ	ਧ੍ਰਮ	ਧੰਮ	धर्म	ਧਰਮ
ਦਿਪਿ	ਦਿਪਿ	ਲਿਪਿ	लिपि	ਲਿਪੀ
ਰਜਿਨ	ਰਞੋ	ਰਾਞਾ	राजा/राज्ञा	ਰਾਜਾ/ਰਾਣਾ
ਸਮਜ	ਸਮਜ/ਸਮਯ	ਸਮਾਜੋ	समाजं	ਉਤਸਵ-ਤਿਉਹਾਰ
ਕਟਵਿਯੇ	ਕਟਵ	ਕਤਵਯੋ	कर्तव्यः	ਕਰਨਾ ਚਾਹੀਏ
ਦਖਤਿ	ਦਖਤਿ	ਪਸਤਿ	पश्यति	ਦੇਖਦਾ
ਸਹਸ੍ਰਨਿ	ਸਹਸ੍ਰਨਿ	ਸਹਸ੍ਰਾਨਿ	सहस्राणि	ਸਹਸ੍ਰ/ਹਜ਼ਾਰ

ਅਧਿਆਏ 4 . 4

ਪਾਲੀ ਪ੍ਰਾਕ੍ਰਿਤ ਅਤੇ ਪੰਜਾਬੀ ਭਾਸ਼ਾ

ਪੰਜਾਬੀ ਭਾਸ਼ਾ ਦੇ ਜਨਮ-ਸਰੋਤ ਦੀ ਤਲਾਸ਼ ਵਿਚ ਪੰਜਾਬੀ ਦੇ ਪੂਰਾ-ਇਤਿਹਾਸ (pre-history) ਨੂੰ ਸਾਕਾਰ ਕਰਨਾ ਬਹੁਤ ਜ਼ਰੂਰੀ ਹੈ। ਪੰਜਾਬੀ ਦਾ ਇਹ ਪੂਰਾ-ਇਤਿਹਾਸ ਹੀ ਹੈ ਜਿਸ ਵਿਚ ਨਿਰਸੰਦੇਹ ਪੰਜਾਬੀ ਦੀਆਂ ਜੜ੍ਹਾਂ ਮੌਜੂਦ ਹਨ ਅਤੇ ਜਿਨ੍ਹਾਂ ਦੀ ਪਛਾਣ ਕਰਨਾ ਇਸ ਅਧਿਐਨ ਦਾ ਮਕਸਦ ਹੈ। ਇਸ ਮਕਸਦ ਦੀ ਪਰਿਪੂਰਨਤਾ ਲਈ ਭਾਰਤ ਦੀ ਪੂਰਾ-ਇਤਿਹਾਸਕ ਆਰੀਆ ਭਾਸ਼ਾ/ਭਾਸ਼ਾਵਾਂ ਵਿਚ ਮੌਜੂਦ ਅਜਿਹੀਆਂ ਸਾਂਝਾਂ ਤੇ ਸਮਾਨਤਾਵਾਂ ਨੂੰ ਖੋਜਣਾ ਹੈ ਜਿਹੜੀਆਂ ਕਿ ਅਜੋਕੀ ਪੰਜਾਬੀ ਦੀਆਂ ਬਣਤਰਾਂ ਵਿਚ ਝਲਕਦੀਆਂ ਮਹਿਸੂਸ ਹੁੰਦੀਆਂ ਹਨ। ਪਿਛਲੇ ਖੰਡ (ਖੰਡ : ਤਿੰਨ) ਵਿਚ ਅਸੀਂ ਪ੍ਰਾਚੀਨ ਭਾਰਤੀ-ਆਰੀਆ ਪੂਰਾ-ਭਾਸ਼ਾ "ਵੈਦਿਕੀ ਤੇ ਸੰਸਕ੍ਰਿਤ" ਦੇ ਭਾਸ਼ਾਈ ਤੱਤਾਂ ਵਿਚ ਮਾਡਰਨ ਪੰਜਾਬੀ ਦੇ ਭਾਸ਼ਾਤਮਕ ਤੱਤਾਂ ਦੀਆਂ ਵਿਸ਼ੇਸ਼ ਸਾਂਝਾਂ ਨੂੰ ਪਛਾਣਨ ਦਾ ਜਤਨ ਕੀਤਾ ਹੈ, ਅਤੇ ਹੁਣ ਏਥੇ ਮੱਧਕਾਲੀਨ ਭਾ.ਆ. ਪੂਰਾ-ਭਾਸ਼ਾ ਦੀ ਪ੍ਰਤਿਨਿਧ ਭਾਸ਼ਾ "ਪਾਲੀ" (ਅਸੋਕੀ ਪਾਲੀ) ਦੀਆਂ ਭਾਸ਼ਾਈ ਬਣਤਰਾਂ ਦਾ ਅਧਿਐਨ ਪੇਸ਼ ਕਰਦੇ ਹਾਂ ਜਿਹੜੀਆਂ ਕਿ ਪੰਜਾਬੀ ਦੀਆਂ ਭਾਸ਼ਾਈ ਬਣਤਰਾਂ ਦੇ ਸਰੋਤ-ਮੂਲਕ ਪੂਰਾ-ਰੂਪ (proto-form) ਸਾਬਤ ਹੋ ਸਕਦੀਆਂ ਹਨ। ਅਜਿਹੀਆਂ ਪੂਰਾ-ਬਣਤਰਾਂ ਨੂੰ ਹੀ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਦਾ ਬੀਜ-ਕੋਸ਼ (nidus) ਕਿਹਾ ਜਾ ਸਕਦਾ ਹੈ।

ਭਾਰਤੀ ਆਰੀਆ ਭਾਸ਼ਾ ਦੇ ਵਿਕਾਸਾਤਮਕ ਇਤਿਹਾਸ ਵਿਚ ਵੈਦਿਕ/ਕਲੈਸੀਕਲ ਸੰਸਕ੍ਰਿਤ ਤੋਂ ਬਾਅਦ ਪਾਲੀ/ਅਸੋਕੀ ਪਾਲੀ ਦਾ ਜੁਗ ਸ਼ੁਰੂ ਹੁੰਦਾ ਹੈ। ਇਸ ਦਾ ਵਿਸਥਾਰ-ਪੂਰਵਕ ਵਰਣਨ ਅਸੀਂ ਪਿਛਲੇ ਅਧਿਆਵਾਂ [4 : 1, 4 : 2] ਵਿਚ ਕਰ ਆਏ ਹਾਂ। ਪਾਲੀ, ਮੱਧਕਾਲੀਨ ਪ੍ਰਾਕ੍ਰਿਤ ਭਾਸ਼ਾ-ਯੁਗ ਦੀ ਪਹਿਲੀ ਉਪ-ਅਵਸਥਾ (sub-stage) ਹੀ ਹੈ ਜੋ ਕਿ ਵੈਦਿਕੀ/ਕਲੈਸੀਕਲ ਸੰਸਕ੍ਰਿਤ ਤੋਂ ਬਾਅਦ ਸਮੁੱਚੇ ਭਾਰਤੀ ਰਾਸ਼ਟਰ ਦੀ "ਸਰਬ ਭਾਰਤੀ ਰਾਸ਼ਟਰੀ ਭਾਸ਼ਾ" (lingua franca) ਦੇ ਤੌਰ ਤੇ ਇਕ ਸਮੇਂ ਪ੍ਰਤਿਸ਼ਠਤ ਹੋਈ ਹੈ। ਸੱਚ ਪੁੱਛੋ ਤਾਂ ਪਾਲੀ ਪ੍ਰਾਕ੍ਰਿਤਾਂ ਦੇ ਵਿਕਾਸ-ਯੁਗ ਦੇ ਦੌਰਾਨ ਹੀ ਪੰਜਾਬੀ ਭਾਸ਼ਾ ਸਮੇਤ ਸਾਡੀਆਂ ਸਮੂਹ ਨਵੀਨ ਭਾਰਤੀ ਆਰੀਆ ਭਾਸ਼ਾਵਾਂ ਦਾ ਪਹੁ-ਫੁਟਾਲਾ ਲਿਸ਼ਕਿਆ ਹੈ।

ਭਾਵੇਂ ਪਾਲੀ ਵੀ ਮੱਧਕਾਲੀਨ ਭਾ. ਆ. ਭਾਸ਼ਾ ਦੀ ਹੀ ਇਕ ਕੜੀ ਹੈ ਪਰ ਪਾਲੀ ਦਾ ਇਕ ਖ਼ਾਸ ਮੁਕਾਮ ਹੈ। ਇਕ ਤਾਂ ਪਾਲੀ ਵਿਚ ਲਿਖੇ ਤਸਦੀਕ-ਸ਼ੁਦਾ ਦਸਤਾਵੇਜ਼ ਇਤਿਹਾਸਿਕ ਟੈਕਸਟ, ਅਤੇ ਪ੍ਰਮਾਣਿਕ ਧਰਮ-ਪਾਠ ਵਿਸ਼ਾਲ ਮਾਤਰਾ ਵਿਚ ਉਪਲਬਧ ਹੁੰਦੇ

ਹਨ ਦੂਜਾ, ਪਾਲੀ ਨੂੰ ਸਮੁੱਚੇ ਭਾਰਤ ਵਿਚ ਰਾਸ਼ਟਰੀ ਭਾਸ਼ਾ ਦੇ ਤੌਰ ਤੇ ਸਥਾਪਿਤ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ । ਇਕ ਗੱਲ ਹੋਰ ਵੀ ਹੈ, ਪਾਲੀ-ਯੁਗ ਵਿਚ ਹੀ ਖੇਤਰੀ ਤੇ ਪ੍ਰਾਕ੍ਰਿਤਕ ਉਪ-ਭਾਸ਼ਾਵਾਂ ਅਤੇ ਆਂਚਲਕ ਤੇ ਜਨਪਦੀ ਬੋਲੀਆਂ ਪਨਪ ਰਹੀਆਂ ਸਨ ਜੋ ਅਗੇ ਜਾਕੇ ਸੁਤੰਤਰ ਨਾਟਕੀ/ਸਾਹਿਤਕ ਪ੍ਰਾਕ੍ਰਿਤਾਂ ਦੇ ਰੂਪ ਵਿਚ ਉਭਰੀਆਂ ਸਨ ਪਰ ਫੇਰ ਵੀ ਟਕਸਾਲੀ, ਸਾਹਿਤਕ, ਧਾਰਮਿਕ ਤੇ ਰਾਜਕੀ ਭਾਸ਼ਾ (Lingua Franca) ਦੀ ਹੈਸੀਅਤ ਵਿਚ ਪਾਲੀ ਹੀ ਉਦੋਂ ਸਵੀਕ੍ਰਿਤ ਤੇ ਪ੍ਰਚਲਿਤ ਰਹੀ ਸੀ ।

ਇਸ ਲਈ ਜਿੱਥੇ ਇਕ ਪਾਸੇ ਪਾਲੀ ਭਾਸ਼ਾ ਦੀਆਂ ਭਾਸ਼ਾਗਤ ਪ੍ਰਵਿਰਤੀਆਂ ਪ੍ਰਮਾਣਿਕ ਰੂਪ ਵਿਚ ਉਪਲਬਧ ਹੁੰਦੀਆਂ ਹਨ, ਉਥੇ ਦੂਜੇ ਪਾਸੇ ਪਾਲੀ ਦੀ ਸੰਰਚਨਾਤਕ ਰੂਪ-ਰੇਖਾ ਦਾ ਬਿਉਰਾ ਵੀ ਮਿਲਦਾ ਹੈ । ਅਜਿਹੀਆਂ ਵਾਸਤਵਿਕ ਸਥਿਤੀਆਂ ਦੇ ਵਾਤਾਵਰਣ ਵਿਚ ਹੀ ਪੰਜਾਬੀ ਦੇ ਪੂਰਵ-ਇਤਿਹਾਸਕ ਨਿਰਮਾਣਕਾਰੀ ਅੰਸ਼ਾਂ ਤੇ ਅੰਗਾਂ ਦੀ ਖੋਜ ਲਈ ਪਾਲੀ ਭਾਸ਼ਾ ਦਾ ਤੁਲਨਾਤਮਕ ਅਧਿਐਨ ਪੇਸ਼ ਕਰਨਾ ਹਰ ਤਰ੍ਹਾਂ ਮੁਨਾਸਬ ਤੇ ਪ੍ਰਸੰਗ ਦੇ ਅਨੁਕੂਲ ਹੈ ।

ਪਾਲੀ ਦੀਆਂ ਜਿਹੜੀਆਂ ਨਿਜੀ ਭਾਸ਼ਾਗਤ ਵਿਲੱਖਣਤਾਵਾਂ ਅਤੇ ਜਿਹੜੇ ਭਾਸ਼ਾਗਤ ਪੈਟਰਨ ਉਪਲਬਧ ਹੁੰਦੇ ਹਨ ਉਨ੍ਹਾਂ ਵਿਚ ਸਭ ਤੋਂ ਪਹਿਲਾ ਭਾਸ਼ਕ ਧੁਨੀਆਂ ਦਾ ਵਰਤਾਰਾ ਪੇਸ਼ ਕੀਤਾ ਜਾਂਦਾ ਹੈ । ਪਾਲੀ ਦੀ ਵਿਲੱਖਣ ਪ੍ਰਕ੍ਰਿਤੀ ਦੀ ਭੂਮਿਕਾ ਵਿਚ ਹੀ ਪਾਲੀ ਦੀ ਧੁਨੀਮਾਲਾ ਵਿਚ ਵੈਦਿਕੀ/ਸੰਸਕ੍ਰਿਤ ਦੀਆਂ ਵਿਸ਼ੇਸ਼ ਧੁਨੀਆਂ ਸੰਬੰਧੀ ਜਿਹੜੇ ਰੂਪਾਂਤਰਣ, ਪਰਿਵਰਤਨ ਤੇ ਸਧਾਰੀਕਰਣ ਵਾਪਰੇ ਹਨ, ਉਨ੍ਹਾਂ ਦਾ ਜਾਇਜ਼ਾ ਲਿਆ ਜਾ ਸਕਦਾ ਹੈ । ਪਾਲੀ ਦੀ ਇਹੋ ਧੁਨੀਆਤਮਕ ਪ੍ਰਵਿਰਤੀ ਪੰਜਾਬੀ ਵਿਚ ਵੀ ਝਲਕਦੀ ਮਹਿਸੂਸ ਹੁੰਦੀ ਹੈ । ਇਸ ਤੱਥ-ਮੂਲਕ ਪ੍ਰਵਿਰਤੀ ਦੇ ਦ੍ਰਿਸ਼ਟਾਂਤੀਕਰਣ ਪੇਸ਼ ਕਰਨ ਲਈ ਹੇਠਾਂ ਤੁਲਨਾ-ਸਾਰਣੀ ਹਾਜ਼ਰ ਕੀਤੀ ਜਾਂਦੀ ਹੈ :

ਤੁਲਨਾ-ਸਾਰਣੀ (ਸੁਰ-ਧੁਨੀਆਂ)

ਵੈਦਿਕ/ਸੰਸਕ੍ਰਿਤ	ਪਾਲੀ-ਪ੍ਰਾਕ੍ਰਿਤ	ਪੰਜਾਬੀ
(1) ਸੰਸਕ੍ਰਿਤ /ਰਿ/ (ऋ) ਦਾ ਰੂਪਾਂਤਰਨ :		
ऋ → ਅ : ਗ੍ਰਿਹ (गृह) →	ਗਹ →	ਗ੍ਰਿਹ ~ ਘਰ
ऋ → ਇ : ਰਿਣ (ऋण) →	ਇਣ →	ਰਿਣ
ऋ → ਉ : ਪ੍ਰਿਛ (पृच्छ) →	ਪੁੱਛਿ (पुच्छि) →	ਪੁੱਛ (~ਪੁੱਛਣਾ)
ऋ → ਉ : ਵ੍ਰਿਕਸ਼ (वृक्ष) →	ਰੁੱਖ(रुक्ख) →	ਰੁੱਖ
(2) ਸੰਸ /ਐ,ਔ/ ਦਾ /ਏ,ਓ/ ਵਿਚ ਰੂਪਾਂਤਰਨ :		
ਐ → ਏ : ਕੈਲਾਸ਼ (कैलाश) →	ਕੇਲਾਸ →	ਕੇਲਾਸ~ਕਲਾਸ
ਐ → ਏ : ਚੈਤ੍ਰ (चैत्र) →	ਚੇਤਰ →	ਚੇਤ~ਚੇਤਰ
ਔ → ਓ : ਗੌਤਮ (गौतम) →	ਗੋਤਮ →	ਗੋਤਮ
ਔ → ਓ : ਔਸ਼ਧਿ (औषधि) →	ਓਸਧ →	ਅਉਖਧ
(3) ਆਦਿ-ਸੁਰ ਦਾ ਲੋਪ :		
ਦੁਹਿਤਾ (दुहिता) →	ਧੀਤਾ →	ਧੀ
ਅਪਿ (अपि) →	ਪਿ →	ਵੀ~ਭੀ

ਤੁਲਨਾ-ਸਾਰਣੀ (ਵਿਅੰਜਨ-ਧੁਨੀਆਂ)

ਸੰਸਕ੍ਰਿਤ		ਪਾਲੀ	ਪੰਜਾਬੀ
ਪਾਲੀ ਵਿਚ ਵਿਅੰਜਨ-ਧੁਨੀਆਂ ਦਾ ਪਰਿਵਰਤਨ. ਦੁੱਤੀਕਰਣ (gemination) :			
ਵਿਦ੍ਯਤ	(विद्युत्)	→ ਵਿਜ੍ਜੁ	→ ਖਿੰਜ (ਬਿਜਲੀ)
ਸਰ੍ਵ	(सर्व)	→ ਸਬ੍ਬ	→ ਸੱਬ~ਸੱਭ
ਕਰ੍ਮ	(कर्म)	→ ਕਮ੍ਮ	→ ਕੰਮ~ਕੰਮ
ਓਸ਼੍ਠ	(ओष्ठ)	→ ਓਟ੍ਠ	→ ਹੋਠ (ਬੁੱਲ)
ਵਸ੍ਤੁ	(वस्तु)	→ ਵਤ੍ਥੁ	→ ਵੱਥ~ਵਸਤੂ
ਮਸ੍ਤਕ	(मस्तक)	→ ਮਤ੍ਥਕ	→ ਮੱਥ/ਮੱਥਾ~ਮਸਤਕ
ਸ਼ਬ੍ਦ	(शब्द)	→ ਸਦ੍ਦ	→ ਸੱਦ-(ਣਾ)~ਸ਼ਬਦ
ਦੁਗ੍ਧ	(दुग्ध)	→ ਦੁਦ੍ਧ	→ ਦੁੱਧ
ਜਨ੍ਮ	(जन्म)	→ ਜਮ੍ਮ	→ ਜੰਮ~ਜਨਮ
ਲਬ੍ਧ	(लब्ध)	→ ਲਦ੍ਧ	→ ਲੱਧਾ~ਲੱਭਾ~ਲਭਿਆ
ਮੁਕ੍ਤ	(मुक्त)	→ ਮੁਤ੍ਤ	→ ਮੁੱਤਾ/ਮੁਕਤ
ਤਰ੍ਕ	(तर्क)	→ ਤਕ੍ਕ	→ ਤਕ-ਣਾ/ਤਰਕ
ਬੁਦ੍ਬੁਦ	(बुद्बुद)	→ ਬੁਬ੍ਬੁਲ	→ ਬੁਲਬੁਲਾ/ਬੁੱਬਲਾ

ਪੰਜਾਬੀ ਵਿਚ ਦੁੱਤੀਕਰਣ ਦੀ ਇਹ ਪ੍ਰਵਿਰਤੀ ਢੇਰਾਂ ਦੀ ਢੇਰ ਮਿਲਦੀ ਹੈ। ਸਹੀ ਗੱਲ ਤਾਂ ਇਹ ਹੈ ਦੁੱਤੀਕਰਣ ਦਾ ਇਹ ਵਰਤਾਰਾ ਪੰਜਾਬੀ ਦਾ ਖ਼ਾਸ ਪਛਾਣ-ਚਿੰਨ੍ਹ ਹੈ। ਮਜ਼ੇ ਦੀ ਗੱਲ ਇਹ ਵੀ ਹੈ ਕਿ ਦੁੱਤ-ਧੁਨੀਆਂ ਦੀ ਹੋਂਦ ਪੰਜਾਬੀ-ਬਾਹਰੀ ਹੋਰ ਕਿਸੇ ਆਧੁਨਿਕ ਭਾਰਤੀ ਆਰੀਆਂ ਭਾਸ਼ਾ ਵਿਚ ਬਹੁਤ ਵਿਰਲੀ ਮਿਲਦੀ ਹੈ। ਸਿੰਧੀ ਭਾਸ਼ਾ ਵਿਚ ਵੀ ਦੁੱਤੀਕਰਣ ਵਾਪਰਦੀ ਹੈ। ਇਸ ਦੁੱਤੀਕਰਣ ਦਾ ਸਰੋਤ-ਬਿੰਦੂ ਪਾਲੀ ਭਾਸ਼ਾ ਦਾ ਧੁਨੀਆਤਮਕ ਪਰਿਵਰਤਨ ਹੈ ਅਤੇ ਇਹ ਅੱਜ ਵੀ ਪੰਜਾਬੀ ਨੇ ਪਾਲੀ ਦੀ ਇਸ ਧੁਨੀ-ਪਰੰਪਰਾ ਨੂੰ ਬਰਕਰਾਰ ਰਖੀ ਛਡਿਆ ਹੈ। ਇਕ ਹੋਰ ਵੀ ਉਲੇਖਯੋਗ ਤੱਥ ਹੈ ਕਿ ਜਿਵੇਂ ਜਿਵੇਂ ਪੂਰਬੀ ਪੰਜਾਬੀ ਤੋਂ ਪੱਛਮੀ ਪੰਜਾਬੀ (ਪਾਕਿਸਤਾਨੀ ਪੰਜਾਬੀ) ਵੱਲ ਜਾਂਦੇ ਹਾਂ ਇਹ ਦੁੱਤ-ਪ੍ਰਧਾਨ ਬਿਰਤੀ ਵਧਦੀ ਹੀ ਤੁਰੀ ਜਾਂਦੀ ਹੈ। ਮੁਲਤਾਨੀ, ਪੋਠੋਹਾਰੀ ਵਿਚ ਤਾਂ ਕਈ ਵਾਰ ਦੁੱਤ-ਲਿਪੀ-ਚਿੰਨ੍ਹ (ੱ) ਨੂੰ "ਪੋਠੋਹਾਰਨ" ਕਹਿ ਦਿੱਤਾ ਜਾਂਦਾ ਹੈ। ਇਸ ਦੁੱਤ-ਉਚਾਰਣ ਦਾ ਕਾਰਣ ਇਹ ਜਾਪਦਾ ਹੈ ਕਿ ਪੱਛਮੀ ਪੰਜਾਬ ਪਾਲੀ ਦਾ ਘਰ ਸੀ ਜਿਥੇ ਤਕਸ਼-ਸ਼ਿਲਾ ਯੂਨੀਵਰਸਿਟੀ ਸਥਾਪਿਤ ਸੀ।

ਕਿਉਂਕਿ ਹੁਣ ਜੋ ਪੱਛਮੀ ਪੰਜਾਬ (ਸਣੇ ਪ੍ਰਾਚੀਨ ਗਾਂਧਾਰ ਪ੍ਰਦੇਸ਼) ਦੀ ਪ੍ਰਾਚੀਨ ਭਾਸ਼ਾ-ਸ਼ੈਲੀ ਦਾ ਪ੍ਰਸੰਗ ਜ਼ੇਰੇ-ਗ਼ੌਰ ਹੈ, ਇਸ ਲਈ ਏਥੇ ਇਕ ਹੋਰ ਮਹੱਤਵਪੂਰਣ ਭਾਸ਼ਾਈ ਨੁਕਤੇ ਬਾਰੇ ਵੀ ਚਰਚਾ ਕਰਨੀ ਜ਼ਰੂਰੀ ਪ੍ਰਤੀਤ ਹੋ ਰਹੀ ਹੈ। ਪੱਛਮੀ ਪੰਜਾਬ ਦੇ ਵਸਨੀਕ ਖ਼ਾਸ ਕਰਕੇ ਪੋਠੋਹਾਰੀ ਬੁਲਾਰੇ (ਔ) ਧੁਨੀ ਨੂੰ ਅਕਸਰ (ਓ) ਹੀ ਉਚਾਰਣ ਕਰਦੇ ਵੇਖੇ ਜਾਂਦੇ ਹਨ। ਉੱਤਰ-ਸੁਤੰਤਰਤਾ ਪੂਰਬੀ ਪੰਜਾਬ ਵਿਚ ਆਕੇ ਵਸੇ ਹੋਏ ਪੋਠੋਹਾਰੀ ਲੋਕਾਂ ਦੇ ਉਚਾਰਣ ਵਿਚ /ਔ → ਓ/ ਦਾ ਪਰਿਵਰਤਨ ਸਾਫ਼-ਸਾਫ਼ ਮਿਲਦਾ ਹੈ। ਇਸ ਪੋਠੋਹਾਰੀ ਰੁਚੀ ਦੀਆਂ ਢੇਰ ਮਿਸਾਲਾਂ ਹਨ :

ਚੌਲ → ਚੋਲ, ਕੌਲੀ → ਕੋਲੀ

ਜਿਵੇਂ ਕਿ ਅਸੀਂ ਪਿਛਲੇ ਪੰਨਿਆਂ ਤੇ ਪਾਲੀ ਭਾਸ਼ਾ ਦਾ ਧੁਨੀਆਤਮਕ ਵਰਤਾਰਾ ਵੇਖ ਆਏ ਹਾਂ, /ਔ-ਓ/ ਅਤੇ /ਐ-ਏ/ ਵਿਚ ਰੂਪਾਂਤਰਣ ਕਰਨ ਦੀ ਕੇਵਲ ਬਿਰਤੀ ਪਾਲੀ ਭਾਸ਼ਾ ਦੀ ਇਕ ਖਾਸ ਵਿਸ਼ੇਸਤਾ ਸੀ, ਅਤੇ ਤਸਦੀਕ-ਸੁਦਾ ਪਾਲੀ ਲਿਖਤੀ ਟੈਕਸਟ ਵਿਚ ਇਸ ਧੁਨੀਗਤ ਰੂਪਾਂਤਰਣ ਦੇ ਸਬੂਤ ਉਪਲਬਧ ਹੁੰਦੇ ਹਨ। ਜ਼ਾਹਰ ਹੈ ਕਿ ਪੱਛਮੀ ਪੰਜਾਬੀ (ਪੋਠੋਹਾਰੀ) ਦੇ ਬੁਲਾਰਿਆਂ ਦੀ ਇਸ ਉਚਾਰਣ-ਰੁਚੀ ਦਾ ਆਰੰਭ-ਬਿੰਦੂ ਪਾਲੀ ਭਾਸ਼ਾ ਦਾ ਧੁਨੀਗਤ ਵਰਤਾਰਾ ਹੀ ਭਲੀ-ਭਾਂਤ ਮੰਨਿਆ ਜਾ ਸਕਦਾ ਹੈ। ਪੋਠੋਹਾਰੀ ਉਚਾਰਣ ਦੀ ਇਹ ਵਿਸ਼ਿਸ਼ਟ ਬਿਰਤੀ ਦਾ ਸ੍ਰੋਤ ਨਿਸ਼ਚੇ ਹੀ ਪਾਲੀ ਭਾਸ਼ਾ ਦੀ ਫੋਨਾਲੋਜੀ ਹੀ ਹੈ। ਇਸ ਤਰ੍ਹਾਂ ਪੰਜਾਬੀ ਦੀਆਂ ਖਾਸ ਉਚਾਰਣ-ਪ੍ਰਵਿਰਤੀਆਂ ਅਰਥਾਤ ਦ੍ਵਿਤੀਕਰਣ ਅਤੇ /ਔ → ਓ/ ਰੂਪਾਂਤਰਣ ਦੋਵੇਂ ਹੀ ਪੰਜਾਬੀ ਦੇ ਪੂਰਵ-ਇਤਿਹਾਸ ਵਿਚ ਪ੍ਰਮਾਣਾਂ ਸਹਿਤ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਇਹ ਸਾਰਾਂਸ਼ ਨਿਕਲਦਾ ਹੈ ਕਿ ਪੰਜਾਬੀ ਦੇ ਜਣਨਿਕ-ਮਰੋੜ ਦੇ ਬੀਜਾਣੂ ਇਸ ਦੇ ਪੂਰਵ-ਇਤਿਹਾਸਕ ਯੁਗ ਅਰਥਾਤ ਪਾਲੀ-ਯੁਗ ਵਿਚ ਕਾਰਜਸ਼ੀਲ ਹੁੰਦੇ ਦਿਖਾਈ ਦਿੰਦੇ ਹਨ ਜੋ ਕਿ ਅੱਗੇ ਜਾ ਕੇ ਪੰਜਾਬੀ ਭਾਸ਼ਾ ਦੀ ਸ਼ਕਲ ਵਿਚ ਉਭਰੇ ਹਨ ਅਤੇ ਰੂਪਮਾਨ ਹੋ ਕੇ ਪੰਜਾਬੀ ਦੀ ਆਧਾਰ-ਸ਼ਿਲਾ ਬਣ ਨਿਬੜੇ ਹਨ।

ਅਸ਼ੋਕੀ ਸ਼ਿਲਾਲੇਖਾਂ ਵਿਚ ਪ੍ਰਾਚੀਨ ਪੰਜਾਬੀ ਭਾਸ਼ਾ ਦੀ ਝਲਕ

ਪ੍ਰਾਚੀਨ ਵਿਸ਼ਾਲ ਪੰਜਾਬ ਨਾਲ ਜਿਨ੍ਹਾਂ ਅਸ਼ੋਕੀ ਅਭਿਲੇਖਾਂ ਦਾ ਸੰਬੰਧ ਸਥਾਪਿਤ ਹੁੰਦਾ ਹੈ ਉਹ ਮਾਨਸੇਹਰਾ ਤੇ ਸ਼ਾਹਬਾਜ਼ ਗੜ੍ਹੀ ਦੇ ਮੁਕਾਮ ਤੇ ਉਪਲਬਧ ਹਨ। ਹੁਣ ਇਹ ਦੋਵੇਂ ਅਸਥਾਨ ਪਾਕਿਸਤਾਨ ਦੀ ਸੀਮਾਂ ਵਿਚ ਹਨ, ਪਰੰਤੂ ਅਸ਼ੋਕ ਦੇ ਯੁਗ ਵਿਚ ਇਹ ਭਾਰਤ ਦੇ ਪ੍ਰਾਚੀਨ ਪੰਜਾਬ ਅਤੇ ਗਾਂਧਾਰ ਪ੍ਰਾਂਤ ਦੇ ਹਿੱਸੇ ਸਨ। ਇਹ ਸੁਭਾਵਿਕ ਹੈ ਕਿ ਇਨ੍ਹਾਂ ਅਸਥਾਨਾਂ ਤੇ ਉਪਲਬਧ ਅਸ਼ੋਕੀ ਅਭਿਲੇਖਾਂ ਦੀ ਭਾਸ਼ਾ ਵਿਚ ਸਾਡੀ ਅਜੋਕੀ ਪੰਜਾਬੀ ਬੋਲੀ ਦੀ ਪ੍ਰਾਚੀਨ ਝਲਕ ਵੇਖਣ ਦੀ ਆਸ ਕੀਤੀ ਜਾਵੇ। ਭਾਵੇਂ ਅਸ਼ੋਕੀ ਸ਼ਿਲਾਲੇਖਾਂ ਦੀ ਸਥਾਪਨਾ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਹੋ ਗੁਜ਼ਰੀ ਹੈ, ਪਰ ਇਹ ਇਤਿਹਾਸਿਕ ਘਟਨਾ ਹੈ, ਕੋਈ ਕਪੋਲ-ਕਲਪਨਾ ਨਹੀਂ ਹੈ, ਸਗੋਂ ਇਸ ਦੇ ਠੋਸ ਤੇ ਤੱਥਾਤਮਕ ਸਬੂਤ ਉਪਲਬਧ ਹੁੰਦੇ ਹਨ। ਇਨ੍ਹਾਂ ਸ਼ਿਲਾਲੇਖਾਂ ਦੀ ਭਾਸ਼ਾ ਵੀ ਉਹੋ ਹੀ ਹੈ ਜੋ ਉਸ ਵੇਲੇ ਇਸੇ ਭੂ-ਖੰਡ ਵਿਚ ਲੋਕ-ਸਭਿਆਚਾਰ, ਸਾਹਿਤ, ਰਾਜ-ਪ੍ਰਬੰਧ ਤੇ ਹੁਕੂਮਤ ਦੇ ਸੰਚਾਰ-ਮਾਧਿਅਮ ਦੀ ਹੈਸੀਅਤ ਵਿਚ ਭਲੀ ਪ੍ਰਕਾਰ ਪ੍ਰਚਲਿਤ ਸੀ।

ਇਹ ਕਹਿਣ ਤਾਂ ਅਜੇ ਸੰਭਵ ਨਹੀਂ ਹੈ ਕਿ ਅਸ਼ੋਕ-ਕਾਲੀਨ ਪੰਜਾਬ ਦੀ ਪੰਜਾਬੀ ਲੋਕ-ਭਾਸ਼ਾ ਕਿਹੜੇ ਨਾਮ ਨਾਲ ਜਾਣੀ ਜਾਂਦੀ ਸੀ, ਪਰ ਇਹ ਹਕੀਕਤ ਹੈ ਕਿ ਉਸ ਵੇਲੇ ਇਸ ਪੰਜਾਬੀ ਬੋਲੀ ਦਾ ਨਾਮ "ਪੰਜਾਬੀ" ਨਹੀਂ ਸੀ, ਪੰਜਾਬੀ ਨਾਮਕਰਣ ਤਾਂ ਮੁਸਲਮਾਨੀ ਜ਼ਮਾਨੇ ਦੀ ਦੇਣ ਹੈ। ਹੋ ਸਕਦਾ ਹੈ ਕਿ ਪਾਲੀ ਰਾਸ਼ਟਰ-ਭਾਸ਼ਾ ਦੇ ਯੁਗ ਵਿਚ ਪੁਰਾਤਨ ਪੰਜਾਬ ਦੀ ਜਨ-ਭਾਸ਼ਾ ਨੂੰ "ਸਪਤ ਸਿੰਧਵੀ" ਜਾਂ ਸਿਰਫ "ਸਿੰਧਵੀ" ਕਿਹਾ ਜਾਂਦਾ ਹੋਵੇ ਜਿਸ ਨਾਮਵਾਚੀ ਸ਼ਬਦ ਤੋਂ ਨਿਰੁਕਤੀ ਅਨੁਸਾਰ ਮੱਧ ਯੁਗ ਵਿਚ ਹਿੰਦਕੋ, ਹਿੰਦਵੀ, ਹਿੰਦੀ ਆਦਿ ਨਾਮ ਵਿਉਤਪੰਨ ਹੋਏ ਹਨ। ਅਜ ਵੀ ਸੂਬਾ ਸਰਹਦ (ਪਾਕਿਸਤਾਨ) ਦੇ ਇਕ ਇਲਾਕੇ ਦੀ ਪੰਜਾਬੀ ਡਾਇਲੈਕਟ ਨੂੰ ਹਿੰਦਕੋ ਜਾਂ ਇੰਦਕੋ ਕਿਹਾ ਜਾਂਦਾ ਹੈ (ਨੇਟਿਵ ਸੂਚਕ : ਪ੍ਰੋ. ਗੁਰਮੁਖ ਸਿੰਘ ਸਹਿਗਲ, ਪਟਿਆਲਾ)

ਇਸ ਤੋਂ ਇਲਾਵਾ ਅਸੀਂ ਅਸ਼ੋਕ-ਕਾਲੀਨ ਸ਼ਿਲਾਲੇਖਾਂ ਦੀ ਸਮਕਾਲੀਨ ਪੰਜਾਬ ਦੀ

ਭਾਸ਼ਾ ਨੂੰ "ਗਾਧਾਰੀ" ਪੰਜਾਬੀ ਵੀ ਕਹਿ ਸਕਦੇ ਹਾਂ । ਇਨ੍ਹਾਂ ਪੁਰਾਤਨ ਸਿਲਾਲੇਖਾਂ ਦੀ ਭਾਸ਼ਾ ਵਿਚ ਪ੍ਰਾਚੀਨ ਪੰਜਾਬੀ ਭਾਸ਼ਾ ਦੀ ਝਲਕ ਵੇਖਣਾ ਸਚਮੁਚ ਹੀ ਅਤਿ ਪ੍ਰਸੰਨਤਾ ਦੀ ਗੱਲ ਹੈ । ਇਸ ਉਦੇਸ਼ ਦੇ ਮੱਦੇ-ਨਜ਼ਰ ਹੁਣ ਅਸੀਂ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਸ਼ੋਕੀ ਅਭਿਲੇਖਾਂ ਦੀ ਭਾਸ਼ਾਗਤ ਸਮੀਖਿਆ ਪੇਸ਼ ਕਰਨ ਦਾ ਜਤਨ ਕਰਦੇ ਹਾਂ ।

ਇਤਿਹਾਸਿਕ (ਡਾਇਕ੍ਰੋਨਿਕ) ਭਾਸ਼ਾ-ਵਿਗਿਆਨੀਆਂ ਦੀ ਇਹ ਮਾਨਤਾ ਹੈ ਕਿ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਸ਼ੋਕੀ ਸਿਲਾਲੇਖਾਂ ਵਿਚ ਪੱਛਮੋਤਰੀ ਅੰਚਲ ਦੀ ਭਾਸ਼ਾ ਦੇ ਰੂਪ ਅਧਿਕ ਸ਼ੁਧ ਅਵੰਸ਼ ਮਿਲਦੇ ਹਨ । ਸ਼ਾਹਬਾਜ਼ ਗੜ੍ਹੀ ਸੰਸਕਰਣ ਵਿਚ ਵੀ ਪੂਰਬੀ ਭਾਸ਼ਾ ਦੇ ਕਈ ਅੰਸ਼ ਅਵੰਸ਼ ਮਿਲਦੇ ਹਨ ਪਰੰਤੂ ਉਹ ਕੋਈ ਪ੍ਰਮੁਖ ਨਹੀਂ ਹਨ । ਹੁਣ ਅਸੀਂ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਸ਼ੋਕੀ ਅਭਿਲੇਖਾਂ ਵਿਚ ਪੰਜਾਬੀ ਭਾਸ਼ਾ ਦੀ ਝਲਕ ਵੇਖਣ ਦੇ ਉਦੇਸ਼ ਨਾਲ ਇਨ੍ਹਾਂ ਮੂਲ-ਟੈਕਸਟ ਦੀਆਂ ਉਨ੍ਹਾਂ ਭਾਸ਼ਾਗਤ ਵਿਲੱਖਣਤਾਵਾਂ ਦਾ ਅਧਿਐਨ ਪੇਸ਼ ਕਰਦੇ ਹਾਂ ਜਿਹੜੀਆਂ ਕਿ ਸਿਨਕ੍ਰਾਨਿਕ ਦ੍ਰਿਸ਼ਟੀ ਤੋਂ ਸਮਕਾਲੀ ਪੰਜਾਬੀ ਭਾਸ਼ਾ ਵਿਚ ਉਪਲਬਧ ਹੁੰਦੀਆਂ ਹਨ ।

ਭਾਸ਼ਾ-ਧੁਨੀਆਂ

ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ ਦੀਆਂ ਕਾਫੀ ਸਾਰੀਆਂ ਧੁਨੀਆਂ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਭਿਲੇਖਾਂ ਵਿਚ ਆਮ ਤੌਰ ਤੇ ਸੁਰਖਿਅਤ ਹਨ। ਪਰੰਤੂ ਕਈਆਂ ਸਥਿਤੀਆਂ ਵਿਚ ਉਨ੍ਹਾਂ ਧੁਨੀਆਂ ਵਿਚ ਪਰਿਵਰਤਨ, ਸੰਸੋਧਨ ਤੇ ਵਿਕਾਰ ਵੀ ਵਾਪਰ ਗਏ ਹਨ । ਵੈਦਿਕ ਭਾਸ਼ਾ ਨਾਲ ਕੰਟ੍ਰਾਸਟਿਵ ਪਹੁੰਚ ਦੁਆਰਾ ਇਨ੍ਹਾਂ ਪਰਿਵਰਤਨਾਂ ਦੇ ਕੁਝ ਨਮੂਨੇ ਅਤੇ ਨਾਲ ਹੀ ਅਜੋਕੀ ਪੰਜਾਬੀ ਨਾਲ ਇਨ੍ਹਾਂ ਦੀਆਂ ਸਮਰੂਪਤਾਵਾਂ ਅਤੇ ਸਮਾਨਤਾਵਾਂ ਦਾ ਦਿਗ-ਦਰਸ਼ਨ ਵੀ ਵੇਖਣ ਯੋਗ ਹੈ । ਵੈਦਿਕ ਧੁਨੀਆਂ ਦੀ ਤੁਲਨਾ ਵਿਚ ਪੱਛਮੋਤਰੀ ਅਸ਼ੋਕੀ ਅਭਿਲੇਖਾਂ ਦੀਆਂ ਭਾਸ਼ਕ ਧੁਨੀਆਂ ਵਿਚ ਹੇਠ ਲਿਖੇ ਵਿਕਾਰੀਕਰਣ ਹਨ ਜੋ ਮਾਡਰਨ ਪੰਜਾਬੀ ਦੇ ਧੁਨੀਆਤਮਕ ਵਰਤਾਰੇ ਨਾਲ ਸਾਂਝ ਰਖਦੇ ਹਨ

(1) /਋/ ਵੈਦਿਕ ਧੁਨੀ /ਰਿ/ (਋) ਪਾਲੀ ਤੇ ਅਸ਼ੋਕੀ ਪਾਲੀ ਵਿਚ ਉਂਕਾ ਹੀ ਲੋਪ ਹੋ ਗਈ ਹੈ, ਪਰ ਉਸ ਤੋਂ ਵਿਕਸਿਤ ਧੁਨੀਗਤ ਰੂਪ ਇਹ ਹਨ /ਰੁ, ਰਿ, ਰ/ /ਰੁ/ ; ਮਰੁਗ ← ਮ੍ਰਿਗ (ਮ੍ਰਗ); ਪਿਤੁ ← ਪਿਤ੍ਰ (ਪਿਤ੍ਰ); ਰੁਛ ← ਵ੍ਰਿਕਸ਼ (ਵ੍ਰਕਸ਼), ਅਜੋਕੀ ਪੰਜਾਬੀ ਵਿਚ ਵੈਦਿਕ/ਸੰਸਕ੍ਰਿਤ ਦੀ /ਰਿ/ ਧੁਨੀ ਦਾ ਵਿਕਾਸਾਤਮਕ ਵਰਤਾਰਾ ਅਸ਼ੋਕ ਦੀ ਅਭਿਲੇਖੀ ਭਾਸ਼ਾ ਨਾਲ ਮਿਲਦਾ ਹੈ । ਪੰਜਾਬੀ ਵਿਚ ਰੁਖ, ਰੁਤ, ਮਿਰਗ, ਰਿਣ, ਆਦਿ ਸ਼ਬਦਾਂ ਵਿਚ /ਰਿ/ ਦਾ ਵਿਕਾਸ ਉਸੇ ਤਰ੍ਹਾਂ ਹੋਇਆ ਉਪਲਬਧ ਹੁੰਦਾ ਹੈ ਜਿਵੇਂ ਕਿ ਮਾਨਸੇਰਾ ਸ਼ਾਹਬਾਜ਼ ਗੜ੍ਹੀ ਦੇ ਅਭਿਲੇਖੀ ਭਾਸ਼ਾ ਵਿਚ ਹੈ ।

(2) ਵੈਦਿਕ /ਐ/ → ਏ
ਜਿਵੇਂ -ਤਵੇ ← -ਤਵੈ
ਵੈਦਿਕ /ਔ/ → ਓ
ਜਿਵੇਂ ਪੋਤ ← ਪੌਤ੍ਰ, (ਪੰਜਾਬੀ ਪੋਤਾ/ਪੋਤਰਾ)

(3) /ਚ/ → ਜ :
ਜਿਵੇਂ ਅਜਲ ← ਅਚਲ (ਪੰ ਚੁੰਜ ← ਚੰਚੁ)

(4) /ਤ/ → ਦ :
ਜਿਵੇਂ ਹਿਦ ← ਹਿਤ, ਹਪੇਸਦਿ ← ਹਾਪਿਸ਼ਯਤਿ
(ਪੰ. ਕਰਦੀ ← ਕਰੋਤਿ)

(5) ਆਦਿ ਸੁਰਾਗਮ : /ਹ/ ਦਾ ਵਿਕਾਸ :
ਜਿਵੇਂ ਹਿਦਲੋਕੇ ← ਅਤ੍ਰਲੋਕੇ, (ਪੰਜਾਬੀ ਖਾਸ ਕਰਕੇ ਲਹਿੰਦੀ ਪੰਜਾਬੀ ਵਿਚ ਹ-ਆਗਮ ਦੀ ਪ੍ਰਵਿਰਤੀ ਹੁਣ ਵੀ ਬਹੁਤ ਅਧਿਕ ਹੈ--ਜਿਵੇਂ
ਹਿਕ (ਇਕ) ਹਿੱਥੇ (ਏਥੇ) ਹਿੰਜ (ਇੰਜ) ਅਤੇ ਇਹ ਧੁਨੀ-ਪ੍ਰਪੰਚ ਪੂਰਬੀ ਪੰਜਾਬੀ ਵਿਚ ਵੀ ਹੈ।

(6) /ਜ/ ਦਾ ਲੋਪ ਪ੍ਰਿਅ ← ਪ੍ਰਿਯ, ਏਕਤਿਅ ← ਏਕਤ੍ਯ
(ਪੰਜਾਬੀ : ਪ੍ਰੀਤਮ ← ਪ੍ਰਿਯਤਮ, ਹਿਰਦੇ ← ਹ੍ਰਿਦਯ)

(7) /ਕ੍ਸ਼/ → ਛ , ਛਣੇ ← ਕਸ਼ਣ, ਮੋਛ ← ਮੋਕਸ਼,
(ਪੰਜਾਬੀ ਛਿਣ, ਮੋਖ, ਬਿਰਛ)

(8) ਤ-ਵਰਗੀ ਧੁਨੀਆਂ ਦਾ ਮੂਰਧਨੀਕਰਣ (retroflexion) :-
ਕਟ ← ਕ੍ਰਿਤ, ਭਟ ← ਭ੍ਰਿਤ, ਕਟਵ ← ਕਰਤਵ੍ਯ,
ਪਟਿ ← ਪ੍ਰਤਿ, ਅਠ ← ਅਰਥ, ਦੁਵਡਸ ← ਦ੍ਵਾਦਸ਼,
ਘੁਛ ← ਵ੍ਰਿਧ,ਪਟਿਵੇਸਯ ← ਪ੍ਰਤਿਵੇਸ਼ਯ

ਧੁਨੀ-ਸੰਜੋਗ (Clusters) :

ਵੈਦਿਕ ਧੁਨੀ-ਸੰਜੋਗ (ਧੁਨੀ-ਗੁੱਛੇ) ਅਸ਼ੋਕੀ ਪੱਛਮੋਤਰੀ ਅਭਿਲੇਖੀ ਭਾਸ਼ਾ ਦੀ ਪੱਧਰ ਤੇ ਆ ਕੇ ਵਿਭਿੰਨ ਧੁਨੀਆਤਮਕ ਸੰਦਰਭਾਂ ਦੇ ਅੰਤਰਗਤ ਕਈ ਤਰ੍ਹਾਂ ਦੀਆਂ ਪ੍ਰਕਿਰਿਆਵਾਂ (process) ਵਿਚ ਪਰਿਵਰਤਿਤ ਹੋਏ ਹਨ। ਅਸ਼ੋਕੀ ਪਾਲੀ ਦੀਆਂ ਇਹ ਧੁਨੀਆਤਮਕ ਪ੍ਰਕਿਰਿਆਵਾਂ ਮੌਜੂਦ ਪੰਜਾਬੀ ਦੇ ਧੁਨੀਆਤਮਕ ਵਰਤਾਰੇ ਨਾਲ ਸੰਘਣੀ ਤੌਰ ਤੇ ਸਮਰੂਪ ਹਨ। ਕੁਝ ਮਿਸਾਲਾਂ ਹਨ :

ਧੁਨੀ-ਲੋਪ (Syncope) :

ਆਦਿ-ਸਥਿਤ /ਸ-/ ਧੁਨੀਖੰਡ ਦਾ ਲੋਪ ਜਿਵੇਂ : ਕੰਧ ← ਸ੍ਕੰਧ (ਪੰਜਾਬੀ : ਕੰਧ)
ਪਰਿਵਰਤਿਤ ਖੰਡ (ਸ੍ਕ → ਕ)

ਧੁਨੀ-ਸੰਜੋਗਾਂ ਵਿਚ /ਯ/ ਧੁਨੀ-ਖੰਡ ਦਾ ਲੋਪ ਜਿਵੇਂ :
(ਸ਼ਕ) ← "ਸਕ੍ਯ", ਪਰਿਵਰਤਿਤ ਖੰਡ (-ਕ੍ਯ → ਕ),
(ਮੁਖ) ← "ਮੁਖ੍ਯ", ਪਰਿਵਰਤਿਤ ਖੰਡ (-ਖ੍ਯ → ਖ)
(ਵਞਨ) ← "ਵ੍ਯੰਜਨ", ਪਰਿਵਰਤਿਤ ਖੰਡ (-ਵ੍ਯ → ਵ)
(ਤੰਬ) ← "ਤਾਮ੍ਰ", ਪਰਿਵਰਤਿਤ ਖੰਡ (ਮ੍ਰ → ਵੰ/ਬ)

ਧੁਨੀ-ਸੰਜੋਗਾਂ ਦੀ ਸੁਰੱਖਿਆ :

ਵਿਅੰਜਨ + ਰ, ਜਾਂ ਰ + ਵਿਅੰਜਨ ਦੀ ਹੋਂਦ ਸੁਰਖਿਅਤ ਹੈ ਜਿਵੇਂ :
ਸਹਸ੍ਰ, ਪਰਿਸ੍ਰਵ, ਦ੍ਰਸ਼ਨ (ਦਰਸਨ),

ਪੰਜਾਬੀ ਭਾਸ਼ਾ : ਪੰਜਾਬੀ ਦੇ ਧੁਨੀਆਤਮਕ ਪੈਟਰਨ ਅਸ਼ੋਕੀ ਅਭਿਲੇਖਾਂ ਦੀ ਪਾਲੀ ਭਾਸ਼ਾ ਨਾਲ ਕਾਫ਼ੀ ਸਮਾਨਤਾ ਤੇ ਸਾਂਝ ਦੀ ਮਾਤਰਾ ਪੇਸ਼ ਕਰਦੇ ਹਨ। ਧੁਨੀ-ਸੰਜੋਗਾਂ ਦੇ ਜੋ

ਉਪਰੋਕਤ ਵਰਣਨ ਤੇ ਪੈਟਰਨ ਪੇਸ਼ ਕੀਤੇ ਗਏ ਹਨ. ਲਗਭਗ ਇਹੋ ਧੁਨੀਆਤਮਕ ਸਥਿਤੀ ਆਧੁਨਿਕ ਪੰਜਾਬੀ ਵਿਚ ਵੀ ਉਪਲਬਧ ਹੁੰਦੀ ਹੈ । ਧੁਨੀ-ਸੰਜੋਗ ਅਥਵਾ ਧੁਨੀ-ਗੁੱਛੇ (clusters) ਆਮ ਤੌਰ ਤੇ ਸਰਲੀਕਰਣ ਦੀ ਪ੍ਰਕਿਰਿਆ ਵਿਚ ਪਰਿਵਰਤਿਤ ਹੋਏ ਹਨ । ਵਿਅੰਜਨ + ਯ, ਸ + ਵਿਅੰਜਨ ਧੁਨੀ-ਗੁੱਛੇ ਸਰਲੀਕ੍ਰਿਤ ਹੋਏ ਹਨ ਅਤੇ /ਸ/ ਅਤੇ /ਯ/ ਵਿਅੰਜਨ ਫੋਨੀਮ ਨਿਰਬਲ ਹੋ ਕੇ ਲੋਪ ਹੋਏ ਹਨ ।

ਸਿੱਟੇ : ਉਪਰੋਕਤ ਵਿਵੇਚਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਮਾਨਸੇਰਾ ਤੇ ਸ਼ਾਹਬਾਜ਼ ਗੜ੍ਹੀ ਦੇ ਅਭਿਲੇਖਾਂ ਦੀ ਭਾਸ਼ਾ ਆਧੁਨਿਕ ਲਹਿੰਦੀ-ਪੰਜਾਬੀ ਦੀਆਂ ਵਿਸ਼ੇਸ਼ਤਾਵਾਂ ਵਲ ਰੁਚਿਤ ਹੋ ਰਹੀ ਹੈ । ਸਮੁੱਚੇ ਤੌਰ ਤੇ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪੂਰਬੀ/ਲਹਿੰਦੀ ਪੰਜਾਬੀ ਦੀ ਭਾਸ਼ਕ ਸੰਰਚਨਾ ਵਿਚ ਨਵੇਕਲੀਆਂ ਵਿਲੱਖਣਤਾਵਾਂ ਦੀ ਅੱਜ ਜੋ ਪਛਾਣ ਸਥਾਪਿਤ ਕੀਤੀ ਜਾ ਰਹੀ ਹੈ ਉਸ ਦਾ ਸ੍ਰੀਗਣੇਸ਼ ਸਵਾ-ਦੋ ਹਜ਼ਾਰ ਸਾਲ ਪਹਿਲਾਂ ਅਸ਼ੋਕੀ ਸ਼ਿਲਾਲੇਖਾਂ ਦੀ ਭਾਸ਼ਾ ਵਿਚ ਹੋ ਚੁਕਿਆ ਸੀ ।

ਅਧਿਆਏ 4 : 5

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ : ਦੂਜੀ ਉਪ-ਅਵਸਥਾ (ਪ੍ਰਾਕ੍ਰਿਤ ਭਾਸ਼ਾਵਾਂ)

(Middle Indo-Aryans)

ਸਾਹਿਤਕ ਪ੍ਰਾਕ੍ਰਿਤਾਂ (ਪਹਿਲੀ ਸਦੀ ਈ. ਤੋਂ 600 ਈਸਵੀ

ਵੈਦਿਕ ਭਾਸ਼ਾ ਦੀ ਪਰਵਰਤੀ ਨਿਰੰਤਰ ਵਿਕਾਸਾਤਮਕ ਗਤੀਸ਼ੀਲਤਾ ਦੇ ਫਲ-ਸਰੂਪ ਭਾਰਤੀ ਆਰੀਆ-ਭਾਸ਼ਾ ਦੇ ਮੱਧ ਯੁਗ ਵਿਚ ਜਿਹੜੇ ਵਿਕਾਸ-ਬਿੰਦੂ ਉਭਰੇ ਅਤੇ ਸਵੀਕਿਰਤ ਹੋਏ ਹਨ ਉਹੀ ਵਿਕਾਸਾਤਮਕ ਭਾਸ਼ਾ-ਰੂਪ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੇ ਕਾਲਖੰਡ ਵਿਚ ਪਾਲੀ ਸਣੇ ਅਸ਼ੋਕੀ ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਸ਼ਾਵਾਂ ਦੇ ਨਾਵਾਂ ਨਾਲ ਆਰੀਆ ਭਾਸ਼ਾ ਦੇ ਇਤਿਹਾਸ ਵਿਚ ਸਥਾਪਿਤ ਹੋਏ ਹਨ। ਇਨ੍ਹਾਂ ਤਿੰਨ-ਸੂਤਰੀ ਵਿਕਾਸ-ਬਿੰਦੂਆਂ ਦਾ ਇਕ ਰੇਖਾ-ਚਿਤਰ ਦੁਆਰਾ ਪੁਨਰ-ਅੰਕਣ ਕੀਤਾ ਜਾਂਦਾ ਹੈ :

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੇ ਤਿੰਨ-ਸੂਤਰੀ ਵਿਕਾਸ-ਬਿੰਦੂਆਂ ਦਾ ਰੇਖਾ-ਚਿਤਰ

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ (600 ਪੂ. ਈ. ਤੋਂ 1000 ਈ.)

- ਪਾਲੀ ਤੇ ਅਸ਼ੋਕੀ ਪਾਲੀ (600 ਪੂ. ਈ. ਤੋਂ ਪਹਿਲੀ ਸਦੀ ਈਸਵੀ)
- ਸਾਹਿਤਕ ਪ੍ਰਾਕ੍ਰਿਤਾਂ (ਪਹਿਲੀ ਸਦੀ ਤੋਂ 600 ਈਸਵੀ)
  - ਪ੍ਰਮੁਖ ਪ੍ਰਾਕ੍ਰਿਤਾਂ : ਸੌਰਸੇਨੀ, ਮਾਗਧੀ, ਅਰਧ ਮਾਗਧੀ, ਮਹਾਰਾਸ਼ਟਰੀ, ਪੈਸ਼ਾਚੀ
  - ਗੌਣ ਪ੍ਰਾਕ੍ਰਿਤਾਂ : ਕੈਕੇਈ, ਮਦ੍ਰ, ਟੱਕ, ਲਾਟੀ, ਆਵੰਤੀ, ਖਸ ਪ੍ਰਾਕ੍ਰਿਤ
- ਅਪਭ੍ਰੰਸ਼ ਭਾਸ਼ਾਵਾਂ (600 ਈ. ਤੋਂ 1000 ਈਸਵੀ)

ਮੱਧਕਾਲੀਨ ਆਰੀਆ ਭਾਸ਼ਾ ਦੀ ਇਸ ਤਿੰਨ-ਸੂਤਰੀ ਵੰਡ-ਪ੍ਰਣਾਲੀ ਦੇ ਅੰਤਰਗਤ ਪਾਲੀ ਭਾਸ਼ਾ, ਸਾਹਿਤਕ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ ਭਾਸ਼ਾ-ਸਮੂਹ ਵਿਚੋਂ ਪਾਲੀ ਭਾਸ਼ਾ ਦੀ ਹੋਂਦ ਸਥਾਪਨਾ ਅਤੇ ਉਸ ਦੀ ਭਾਸ਼ਕ ਸੰਰਚਨਾ ਦਾ ਪਰਿਚੈ ਪਿਛੇ ਅਧਿਆਏ (4 : 4) ਵਿਚ ਪੇਸ਼ ਕੀਤਾ ਜਾ ਚੁਕਾ ਹੈ। ਹੁਣ ਅਸੀਂ ਏਥੇ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੀ ਦੂਜੀ ਉਪ-ਅਵਸਥਾ "ਸਾਹਿਤਕ-ਪ੍ਰਾਕ੍ਰਿਤਾਂ" ਦੇ ਇਤਿਹਾਸਿਕ ਵਿਕਾਸ ਅਤੇ ਉਨ੍ਹਾਂ ਦੀ ਭਾਸ਼ਾਗਤ ਬਣਤਰ ਬਾਰੇ ਸੰਖੇਪ ਚਰਚਾ ਕਰਾਂਗੇ। ਅਤੇ ਗਾਹੇ-ਬ-ਗਾਹੇ ਪੰਜਾਬੀ ਦੀਆਂ ਸੰਰਚਨਾਤਮਕ ਮਦਾਂ ਨਾਲ ਪ੍ਰਾਕ੍ਰਿਤ ਦੀਆਂ ਭਾਸ਼ਾਗਤ ਸਮਰੂਪਤਾਵਾਂ ਦਾ ਉਲੇਖ ਵੀ ਕਰਾਂਗੇ।

ਪ੍ਰਾਕ੍ਰਿਤ ਦਾ ਨਾਮਕਰਣ, ਬਣਤਰ ਤੇ ਵਿਉਤਪੱਤੀ

ਸ਼ਬਦ-ਰਚਨਾਤਮਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ "ਪ੍ਰਾਕ੍ਰਿਤ" ਸ਼ਬਦ ਦਾ ਧਾਤੂ-ਮੂਲਾਂਸ਼ (stem) ਪ੍ਰਾਕ੍ਰਿਤ ਜਾਂ ਪ੍ਰਾਕ੍ਰਿਤੀ ਹੈ। ਪ੍ਰਾਕ੍ਰਿਤੀ ਸ਼ਬਦ ਨੂੰ ਵ੍ਰਿਧੀ ਹੋਣ ਨਾਲ 'ਪ੍ਰਾਕ੍ਰਿਤ' ਸ਼ਬਦ ਵਿਉਤਪੰਨ (derived) ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ "ਪ੍ਰਕ੍ਰਿਤੀ" ਦਾ ਅਰਥਾਤਮਕ ਸੰਦਰਭਾਰਥ ਕੀ ਹੈ ? ਇਸ ਦੇ ਉੱਤਰ ਵਿਚ ਤਿੰਨ ਤਰ੍ਹਾਂ ਦੇ ਮਤ ਜਾਂ ਵਿਚਾਰ-ਸੰਕਲਪ ਉਪਸਥਿਤ ਹੁੰਦੇ ਹਨ।

ਪਹਿਲਾ ਮਤ

ਭਾਰਤੀ ਪ੍ਰਾਕ੍ਰਿਤ ਵਿਆਕਰਣਕਾਰਾਂ ਅਤੇ ਕਾਵਿ-ਸ਼ਾਸਤ੍ਰੀਆਂ ਨੇ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੀਆਂ ਸਾਹਿਤਕ ਬੋਲੀਆਂ ਦੇ ਸਮੂਹ ਦਾ ਨਾਮ "ਪ੍ਰਾਕ੍ਰਿਤ" ਪ੍ਰਸਤਾਵਿਤ ਕੀਤਾ ਹੈ ਅਤੇ ਇਨ੍ਹਾਂ ਪ੍ਰਾਕ੍ਰਿਤ ਭਾਸ਼ਾਵਾਂ ਦੀ ਉਤਪੱਤੀ ਸੰਸਕ੍ਰਿਤ ਤੋਂ ਮੰਨੀ ਹੈ। ਇਹ ਸਾਰੇ ਇਹੋ ਲਿਖਦੇ ਰਹੇ ਹਨ ਕਿ ਪ੍ਰਾਕ੍ਰਿਤ (ਭਾਸ਼ਾ-ਰੂਪ) ਪ੍ਰਾਕ੍ਰਿਤੀ ਜਾਂ ਮੂਲ-ਸਰੋਤ ਤੋਂ ਨਿਕਲੀ ਹੈ ਅਤੇ ਇਹ ਪ੍ਰਾਕ੍ਰਿਤੀ (ਮੂਲ ਸਰੋਤ) ਸੰਸਕ੍ਰਿਤ ਹੀ ਹੈ। ਇਸ ਸੰਦਰਭ ਵਿਚ ਪ੍ਰਾਕ੍ਰਿਤ ਭਾਸ਼ਾ ਦੇ ਸੁਪ੍ਰਸਿੱਧ ਵਿਆਕਰਣਕਾਰਾਂ ਦੇ ਮੂਲ-ਕਥਨ (ਹਵਾਲਾ-ਟਿੱਪਣੀ ਵਿਚ) ਅਤੇ ਉਨ੍ਹਾਂ ਦੇ ਪੰਜਾਬੀ ਅਨੁਵਾਦ ਹੇਠਾਂ ਦਿੱਤੇ ਜਾਂਦੇ ਹਨ :

(1) ਹੇਮਚੰਦ੍ਰ : "ਪ੍ਰਾਕ੍ਰਿਤ ਦੀ ਪ੍ਰਕ੍ਰਿਤੀ ਅਰਥਾਤ ਮੂਲਾਧਾਰ-ਭਾਸ਼ਾ ਸੰਸਕ੍ਰਿਤ ਹੈ, ਅਤੇ ਇਸੇ ਸੰਸਕ੍ਰਿਤ ਤੋਂ ਜੋ ਭਾਸ਼ਾ ਨਿਕਲੀ ਹੈ ਜਾਂ ਆਈ ਹੈ ਉਹ ਪ੍ਰਾਕ੍ਰਿਤ ਅਖਵਾਉਂਦੀ ਹੈ (ਹੇਮਚੰਦ੍ਰ : ਸਿੱਧ ਹੈਮ ਸ਼ਬਦਾਨੁਸ਼ਾਸਨਮ)।

(2) ਮਾਰਕੰਡੇਯ : "ਪ੍ਰਾਕ੍ਰਿਤ ਦੀ ਪ੍ਰਕ੍ਰਿਤੀ (ਮੂਲ ਆਧਾਰ ਭਾਸ਼ਾ) ਸੰਸਕ੍ਰਿਤ ਹੈ। ਸੰਸਕ੍ਰਿਤ ਤੋਂ ਉਤਪੰਨ ਹੋਣ ਕਰਕੇ ਇਸ ਨੂੰ ਪ੍ਰਾਕ੍ਰਿਤ ਕਿਹਾ ਜਾਂਦਾ ਹੈ (ਮਾਰਕੰਡੇਯ : ਪ੍ਰਾਕ੍ਰਿਤ ਸਰਵਸ੍ਵ)।

(3) ਧਨਿਕ : "ਪ੍ਰਕ੍ਰਿਤੀ ਤੋਂ ਆਉਣ ਕਰਕੇ ਇਹ ਪ੍ਰਾਕ੍ਰਿਤ ਹੈ। ਸੰਸਕ੍ਰਿਤ ਹੀ ਪ੍ਰਾਕ੍ਰਿਤ ਭਾਸ਼ਾਵਾਂ ਦੀ ਪ੍ਰਕ੍ਰਿਤੀ ਹੈ (ਧਨਿਕ ਦੀ ਟੀਕਾ : ਦਸ਼ ਰੂਪਕ ਟੈਕਸਟ)।

(4) ਚੰਡ : "ਪ੍ਰਾਕ੍ਰਿਤ ਉਹ ਭਾਸ਼ਾ ਹੈ ਜਿਸ ਦੀ ਯੋਨੀ (ਜਨਮ-ਸਰੋਤ) ਸੰਸਕ੍ਰਿਤ ਹੈ (ਚੰਡ : ਪ੍ਰਾਕ੍ਰਿਤ ਲਕਸ਼ਣ)।

ਉਪਰਿਕਤਕ ਵਿਆਕਰਣਕਾਰਾਂ ਤੋਂ ਇਲਾਵਾ ਵਾਗਭੱਟ (ਕਰਤਾ "ਵਾਗ ਭੱਟਾਲੰਕਾਰ), ਦੰਡੀ (ਕਰਤਾ "ਕਾਵਿਆਦਰਸ਼") ਵਾਸੁਦੇਵ (ਕਰਪੂਰ ਮੰਜਰੀ, ਟੀਕਾ) ਆਦਿ ਹੋਰ ਵਿਆਕਰਣਕਾਰਾਂ/ ਕਾਵਿ-ਸ਼ਾਸਤ੍ਰੀਆਂ ਨੇ ਵੀ ਸੰਸਕ੍ਰਿਤ ਨੂੰ ਹੀ ਪ੍ਰਾਕ੍ਰਿਤ ਦੀ ਜਨਨੀ (ਪ੍ਰਕ੍ਰਿਤੀ) ਮੰਨਿਆ ਹੈ, ਅਤੇ ਇਸ ਕਾਰਣ ਸੰਸਕ੍ਰਿਤ-ਰੂਪੀ ਪ੍ਰਕ੍ਰਿਤੀ ਤੋਂ ਉਤਪੰਨ ਹੋਣ ਵਾਲੀ ਭਾਸ਼ਾ ਨੂੰ "ਪ੍ਰਾਕ੍ਰਿਤ" ਦਾ ਨਾਮ ਦਿਤਾ ਹੈ। ਇਸ ਮਤ ਦੇ ਅਨੁਸਾਰ ਪ੍ਰਕ੍ਰਿਤੀ ਦਾ ਅਰਥ 'ਸੰਸਕ੍ਰਿਤ' ਹੈ ਅਤੇ ਸੰਸਕ੍ਰਿਤ-ਵਾਚੀ ਪ੍ਰਕ੍ਰਿਤੀ ਤੋਂ ਹੀ ਸ਼ਬਦ-ਰਚਨਾ ਦੀ ਪ੍ਰਕ੍ਰਿਆ ਦੁਆਰਾ "ਪ੍ਰਾਕ੍ਰਿਤ" ਸ਼ਬਦ ਵਿਉਤਪੰਨ ਹੋਇਆ ਹੈ। ਅਰਥਾਤ ਪ੍ਰਕ੍ਰਿਤ ਸੰਸਕ੍ਰਿਤ ਦਾ ਹੀ ਪਰਿਵਰਤਿਤ ਤੇ ਵਿਕਸਿਤ ਰੂਪ ਹੈ। ਪ੍ਰਸਿੱਧ ਭਾਸ਼ਾ-ਗ੍ਰੰਥ "ਸ਼ਡ-ਭਾਸ਼ਾ-ਚੰਦ੍ਰਿਕਾ" ਵਿਚ ਲਿਖਿਆ ਹੈ ਕਿ ਸੰਸਕ੍ਰਿਤ ਮੂਲ ਤੋਂ ਵਿਕ੍ਰਿਤ ਹੋ ਕੇ ਪ੍ਰਾਕ੍ਰਿਤ ਬਣੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰਾਕ੍ਰਿਤ ਭਾਸ਼ਾ ਦਾ ਜੋ ਰੂਪ ਸਾਨੂੰ ਉਪਲਬਧ ਹੁੰਦਾ ਹੈ ਉਸ ਵਿਚ 95 ਫੀਸਦੀ ਸ਼ਬਦ ਸੰਸਕ੍ਰਿਤ ਵਿਚ ਮਿਲਦੇ ਹਨ। ਪ੍ਰਾਕ੍ਰਿਤ ਦਾ ਧਾਤੂ-ਕੋਸ਼ (roots) ਤਾਂ ਮੁਕੰਮਲ ਤੌਰ ਤੇ ਸੰਸਕ੍ਰਿਤ ਤੋਂ ਹੀ ਜਨਮਿਆ ਹੈ

[ਹਰਦੇਵ ਬਾਹਰੀ : ਪ੍ਰਾਕ੍ਰਿਤ ਔਰ ਉਸਦਾ ਸਾਹਿਤਯ, ਪੰਨਾ 9] ।

ਦੂਜਾ ਮਤ

ਭਾਸ਼ਾ-ਵਿਗਿਆਨੀਆਂ ਅਤੇ ਵਿਆਕਰਣ-ਸ਼ਾਸਤ੍ਰੀਆਂ ਦਾ ਦੂਜਾ ਵਰਗ ਉਪਰੋਕਤ ਸੰਸਕ੍ਰਿਤ-ਪੱਖੀ ਮਤ ਨਾਲ ਸਹਿਮਤ ਨਹੀਂ ਹੈ । ਇਨ੍ਹਾਂ ਦੇ ਅਨੁਸਾਰ "ਪ੍ਰਕ੍ਰਿਤੀ" ਦਾ ਅਰਥ ਸੰਸਕ੍ਰਿਤ ਨਹੀਂ ਹੈ, ਸਗੋਂ ਪ੍ਰਕ੍ਰਿਤੀ ਦਾ ਅਰਥ, ਆਮ ਜਨ-ਭਾਸ਼ਾ, ਲੋਕ-ਭਾਸ਼ਾ ਜਾਂ ਆਮ ਬੋਲੀ ਹੈ । ਇਸ ਅੰਤਿਮਤ ਦੀ ਪੁਸ਼ਟੀ ਪ੍ਰਾਕ੍ਰਿਤ-ਯੁਗ ਦੇ ਵਿਦਵਾਨ ਨੇਮਿ ਸਾਧੂ ਨੇ ਕੀਤੀ ਹੈ ।

ਸੰਸਕ੍ਰਿਤ ਕਾਵਿ-ਸ਼ਾਸਤ੍ਰੀ ਰੁਦ੍ਰਟ ਦੇ ਗ੍ਰੰਥ "ਕਾਵਿਆਲੰਕਾਰ" (काव्यालंकार) ਉੱਤੇ ਟੀਕਾ ਕਰਦੇ ਹੋਏ ਟੀਕਾਕਾਰ ਨੇਮਿਸਾਧੂ ਨੇ ਪ੍ਰਾਕ੍ਰਿਤ ਨਾਉਂ ਦੀ ਵਿਉਤਪੱਤੀ ਇਸ ਤਰ੍ਹਾਂ ਕਥਨ ਕੀਤੀ ਹੈ ਕਿ ਪ੍ਰਾਕ੍ਰਿਤ ਭਾਸ਼ਾ ਦੀ ਪ੍ਰਕ੍ਰਿਤੀ (basis) ਉਹ ਹੈ ਜੋ ਪ੍ਰਾਕ੍ਰਿਤਿਕ ਹੈ, ਕੁਦਰਤੀ ਹੈ, ਸੁਭਾਵਿਕ ਹੈ, ਸੁਤੇ-ਸੰਭਵ ਹੈ ਅਤੇ ਸਾਰਿਆਂ ਦੀ ਬੋਲਚਾਲੀ ਭਾਸ਼ਾ ਹੈ । ਕਿਉਂ ਜੋ ਪ੍ਰਾਕ੍ਰਿਤ ਭਾਸ਼ਾ ਪ੍ਰਕ੍ਰਿਤ ਅਰਥਾਤ ਕੁਦਰਤੀ ਤੌਰ ਤੇ ਪੈਦਾ ਹੋਈ ਹੈ ਜਾਂ ਫਿਰ ਪ੍ਰਕ੍ਰਿਤ ਜਨਾਂ ਅਰਥਾਤ ਲੋਕ ਜਾਂ ਪ੍ਰਜਾ ਦੀ ਬੋਲੀ ਹੈ, ਇਸ ਲਈ ਇਸ ਨੂੰ "ਪ੍ਰਾਕ੍ਰਿਤ ਭਾਸ਼ਾ" ਕਿਹਾ ਜਾਂਦਾ ਹੈ ।* ਜਾਂ ਫਿਰ ਪ੍ਰਾਕ੍ਰਿਤ ਦੀ ਸ਼ਾਬਦਿਕ ਵਿਉਤਪਤੀ "ਪ੍ਰਾਕ-ਕ੍ਰਿਤ" ਸ਼ਬਦਾਂਸ਼ ਤੋਂ ਸੰਭਵ ਹੈ । ਪ੍ਰਾਕ ਦਾ ਅਰਥ ਹੈ ਪ੍ਰਾਚੀਨ, ਪੁਰਾਤਨ, ਪੂਰਵ, ਪਹਿਲਾਂ ਦਾ ਅਤੇ ਕ੍ਰਿਤ ਦਾ ਅਰਥ ਹੈ ਰਚੀ ਹੋਈ, ਸਿਰਜੀ ਹੋਈ ਜਾਂ ਉਤਪੰਨ ਹੋਈ । ਇਸ ਦਾ ਭਾਵਾਰਥ ਇਹ ਨਿਕਲਦਾ ਹੈ ਕਿ ਜੋ ਭਾਸ਼ਾ ਪ੍ਰਾਚੀਨ ਸਮੇਂ ਤੋਂ ਚਲੀ ਆ ਰਹੀ ਹੈ, ਉਹ ਪ੍ਰਾਕ੍ਰਿਤ ਹੈ ਅਰਥਾਤ ਘੜੰਤ ਨਹੀਂ, ਚਲੰਤ ਹੈ ।

ਡਾ. ਐਸ. ਐਮ. ਕਾਤ੍ਰੇ ਨੇ ਵੀ ਇਸ ਮਤ ਦਾ ਸਮਰਥਨ ਕੀਤਾ ਹੈ ਅਤੇ ਲਿਖਿਆ ਹੈ ਕਿ "ਪ੍ਰਾਕ੍ਰਿਤ" ਸੀਰਸ਼ਕ ਦੇ ਅੰਤਰਗਤ ਉਨ੍ਹਾਂ ਭਾਸ਼ਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜੋ ਕਿ ਸੁਤੇ-ਸਿੱਧ ਸੁਭਾਵਿਕ ਤੌਰ ਤੇ ਪ੍ਰਫੁੱਲਤ ਹੋਈਆਂ ਹਨ ਅਰਥਾਤ ਕੁਦਰਤੀ ਤੌਰ ਤੇ ਜੀਵਨ ਵਿਚੋਂ ਉਗਮੀਆਂ ਹਨ । ਡਾ. ਉਦਯ ਨਾਰਾਯਣ ਤਿਵਾਰੀ (ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ, ਪੰਨਾ 114) ਵੀ ਇਸ ਅਭਿਧਾਰਣਾ ਦਾ ਸਮਰਥਕ ਹੈ । ਉਸ ਦੇ ਅਨੁਸਾਰ "ਪ੍ਰਾਕ੍ਰਿਤ" ਸ਼ਬਦ ਦੀ ਵਿਉਤਪੱਤੀ ਪ੍ਰਕ੍ਰਿਤੀ (ਜਨ ਸਾਧਾਰਣ) ਤੋਂ ਹੈ । ਪ੍ਰਾਕ੍ਰਿਤ ਦਾ ਅਰਥ ਹੋਇਆ ਜਨ-ਸਾਧਾਰਣ ਦੀ ਬੋਲੀ, ਅਵਾਮ ਦੀ ਜ਼ੁਬਾਨ, ਲੋਕ ਬੋਲੀ ਜਾਂ ਸ਼ਿਸ਼ਟ-ਸਮਾਜ ਦੀ ਭਾਸ਼ਾ । ਸੰਸਕ੍ਰਿਤ ਤੋਂ ਫਰਕ ਦੱਸਣ ਲਈ ਹੀ ਜਨਭਾਸ਼ਾ ਨੂੰ "ਪ੍ਰਾਕ੍ਰਿਤ" ਕਿਹਾ ਗਿਆ ਹੈ । ਡਾ. ਹਰਦੇਵ ਬਾਹਰੀ [1965] ਦਾ ਕਹਿਣਾ ਹੈ ਕਿ ਭਾਸ਼ਾ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਪਹਿਲਾ ਮਤ ਅਸੰਗਤ, ਅਪ੍ਰਮਾਣਿਕ ਅਤੇ ਉਲਟਾ ਲਗਦਾ ਹੈ । 'ਸੰਸਕ੍ਰਿਤ' ਸ਼ਬਦ ਪਹਿਲੀ ਵਾਰ "ਪਾਣਿਨੀਯ ਸ਼ਿਕਸ਼ਾ" ਵਿਚ ਆਉਂਦਾ ਹੈ । ਸੰਸਕ੍ਰਿਤ ਦਾ ਅਰਥ ਹੈ ਸ਼ੁੱਧ ਕੀਤੀ ਹੋਈ, ਮੰਜੀ ਹੋਈ । ਇਸ ਦਾ ਮਤਲਬ ਇਹ ਹੈ ਕਿ ਕੋਈ ਅਟਪਟੀ, ਬਹੁਰੂਪਾ, ਮਿਸਰਤ, ਵਿਕਾਸਸ਼ੀਲ ਆਮ ਲੋਕਾਂ ਦੀ ਬੋਲੀ ਚਲੀ ਆ ਰਹੀ ਸੀ ਜਿਸ ਨੂੰ ਸੋਧ ਕੇ ਤੇ ਸਥਿਰ ਕਰਕੇ ਸੰਸਕ੍ਰਿਤ ਦਾ ਵਿਕਾਸ ਕੀਤਾ ਗਿਆ, ਇਹੋ ਲੋਕ-ਭਾਸ਼ਾ ਹੀ ਸੰਸਕ੍ਰਿਤ ਦੀ

प्रकृत्या स्वभावेन सिद्धं प्राकृतम् ।

प्रकृतीनां साधारणजनानामिदं प्राकृतम् ।

प्राकृत जनाना भाषा प्राकृतम् । (नेमिसाधु)

ਆਧਾਰ-ਭਾਸ਼ਾ ਬਣੀ ਅਤੇ ਇਹੋ ਆਧਾਰ-ਭਾਸ਼ਾ "ਪ੍ਰਾਕ੍ਰਿਤ" ਹੈ । ਇਉਂ ਪ੍ਰਾਕ੍ਰਿਤ ਲੋਕ-ਭਾਸ਼ਾ ਹੈ । ਸੰਸਕ੍ਰਿਤ ਦੇਵ-ਭਾਸ਼ਾ ਬਣੀ ।

ਤੀਜਾ ਮਤ

ਤੀਜੇ ਮਤ ਦੇ ਪੇਸ਼ਕਾਰ ਜਰਮਨੀ ਦੇ ਪ੍ਰਾਕ੍ਰਿਤ ਵਿਦਵਾਨ ਡਾ. ਪਿਸ਼ਲ (Pishel) ਹਨ । ਪਿਸ਼ਲ ਦੇ ਅਨੁਸਾਰ ਪ੍ਰਾਕ੍ਰਿਤਾਂ, ਕਲੈਸੀਕਲ (ਲੌਕਿਕ) ਸੰਸਕ੍ਰਿਤ ਵਿਚੋਂ ਨਹੀਂ ਨਿਕਲੀਆਂ ਬਲਕਿ ਵੈਦਿਕ ਭਾਸ਼ਾ ਵਿਚੋਂ ਉਗਮੀਆਂ ਹਨ । ਉਸ ਨੇ ਕਈ ਸ਼ਬਦਾਂ ਦੇ ਹਵਾਲੇ ਪੇਸ਼ ਕੀਤੇ ਹਨ, ਪ੍ਰਾਕ੍ਰਿਤ ਸ਼ਬਦ "ਖੰਭਾ" ਪੰਜਾਬੀ ਖੰਭਾ, ਨੂੰ ਸਾਰੇ ਵਿਆਕਰਣਕਾਰ ਸੰਸਕ੍ਰਿਤ "ਸਤੰਭ" ਤੋਂ ਵਿਉਤਪੰਨ ਮੰਨਦੇ ਰਹੇ ਹਨ, ਪਰ ਪਿਸ਼ਲ ਨੇ ਪਹਿਲੀ ਵਾਰ ਇਹ ਦੱਸਿਆ ਕਿ "ਖੰਭਾ" ਦਾ ਸਰੋਤ ਸ਼ਬਦ ਵੈਦਿਕ "ਸਕੰਭ" (स्कम्भ) ਹੈ ਜਿਹੜਾ ਖੰਭੇ ਦੇ ਅਰਥ ਵਿਚ ਰਿਗਵੇਦ ਵਿਚ ਕਈ ਥਾਂ ਆਇਆ ਹੈ । ਖੰਭਾ, ਧੁਨੀਆਤਮਕ ਤੌਰ ਤੇ ਸਕੰਭ ਦੇ ਨੇੜੇ ਹੈ, ਪਰ "ਸਤੰਭ" ਤੋਂ ਕਿਤੇ ਦੂਰ ਹੈ ।

ਇਸ ਸੰਦਰਭ ਵਿਚ ਜਗਦੀਸ਼ ਪ੍ਰਸਾਦ ਕੌਸ਼ਿਕ (ਭਾਰਤੀਯ ਭਾਸ਼ਾਓਂ ਕਾ ਇਤਿਹਾਸ, ਪੰਨਾ 66) ਦਾ ਵਿਚਾਰ ਵੀ ਉਲੇਖਣੀ ਹੈ । ਕੌਸ਼ਿਕ ਦੇ ਅਨੁਸਾਰ ਪ੍ਰਾਕ੍ਰਿਤਾਂ ਦੀ ਉਤਪੱਤੀ ਸੰਸਕ੍ਰਿਤ ਤੋਂ ਨਹੀਂ ਮੰਨੀ ਜਾ ਸਕਦੀ । ਪ੍ਰਾਕ੍ਰਿਤਾਂ ਦਾ ਉਦਭਵ ਵੈਦਿਕ ਭਾਸ਼ਾ (ਛਾਂਦਸ ਭਾਸ਼ਾ) ਤੋਂ ਹੀ ਹੋਇਆ ਹੈ । ਡਾ. ਪਾਂਡੂਰੰਗ ਦਾਮੋਦਰ ਗੁਣੇ ਨੇ ਵੀ ਉਪਰੋਕਤ ਮਤ-ਪ੍ਰਸਤਾਵ ਦੀ ਪੁਸ਼ਟੀ ਕੀਤੀ ਹੈ, ਅਤੇ ਕਿਹਾ ਹੈ ਕਿ ਪ੍ਰਾਕ੍ਰਿਤ ਭਾਸ਼ਾਵਾਂ ਦਾ ਉਦਗਮ ਵੈਦਿਕ ਭਾਸ਼ਾ ਵਿਚੋਂ ਹੋਇਆ ਹੈ, ਕਲੈਸੀਕਲ ਸੰਸਕ੍ਰਿਤ ਵਿਚੋਂ ਨਹੀਂ । ਡਾ. ਗੁਣੇ ਨੇ ਪਾਲੀ/ਪ੍ਰਾਕ੍ਰਿਤਾਂ ਵਿਚੋਂ ਕਈ ਅਜਿਹੇ ਉਦਾਹਰਣ ਖੋਜ ਕਢੇ ਹਨ ਜਿਨ੍ਹਾਂ ਦੀ ਸੰਰਚਨਾ ਤੇ ਸਮਰੂਪਤਾ ਵੈਦਿਕ ਭਾਸ਼ਾ ਵਿਚ ਹੀ ਉਪਲਬਧ ਹੁੰਦੀ ਹੈ, ਕਲੈਸੀਕਲ ਸੰਸਕ੍ਰਿਤ ਵਿਚ ਨਹੀਂ ।

ਇਸ ਚਰਚਾ ਤੋਂ ਇਹ ਤੱਥ ਉਭਰਦਾ ਹੈ ਕਿ ਪ੍ਰਾਕ੍ਰਿਤ ਦਾ ਰਚਨਾਤਮਕ ਮੂਲਾਂਸ਼ (stem) ਪ੍ਰਕ੍ਰਿਤੀ ਹੈ ਅਤੇ ਪ੍ਰਕ੍ਰਿਤੀ ਦਾ ਅਰਥ-ਪ੍ਰਕਾਰ ਵੈਦਿਕ ਸੰਸਕ੍ਰਿਤ ਹੈ, ਕਲੈਸੀਕਲ ਸੰਸਕ੍ਰਿਤ ਨਹੀਂ ਹੈ । ਸੋ ਪ੍ਰਾਕ੍ਰਿਤ ਉਹ ਭਾਸ਼ਾ ਹੈ ਜਿਹੜੀ ਕਿ ਵੈਦਿਕ ਭਾਸ਼ਾ ਤੋਂ ਸਹਿਜ ਸੁਭਾਵਿਕ ਰੂਪ ਵਿਚ ਆਮ ਜਨ-ਸਮਾਜ ਅੰਦਰ ਵਿਕਸਿਤ ਹੋਈ ਹੈ ਅਤੇ ਜੋ ਲੋਕ-ਪ੍ਰਤਿਭਾ ਵਲੋਂ ਸਵੀਕ੍ਰਿਤ ਹੈ ।

ਪ੍ਰਾਕ੍ਰਿਤ ਭਾਸ਼ਾਵਾਂ ਦੀ ਪਾਠ-ਸਾਮਗ੍ਰੀ (Prakrit Texts)

ਇਹ ਪਰਮ ਪ੍ਰਸੰਨਤਾ ਦਾ ਵਿਸ਼ੈ ਹੈ ਕਿ ਸਰੋਤ-ਸਾਮਗ੍ਰੀ ਦੇ ਪੱਖੋਂ ਪ੍ਰਾਕ੍ਰਿਤ ਅਮੀਰ ਭਾਸ਼ਾ ਹੈ । ਪ੍ਰਾਕ੍ਰਿਤਾਂ ਵਿਚ ਕਈ ਤਰ੍ਹਾਂ ਦੇ ਪ੍ਰਮਾਣ-ਪੁਸ਼ਟ ਟੈਕਸਟ ਹਨ ਜੋ ਕਿ attested ਹਨ । ਇਨ੍ਹਾਂ ਟੈਕਸਟਾਂ ਵਿਚ ਦੋ ਕਿਸਮ ਦੀ ਸ੍ਰੋਤ-ਸਾਮਗ੍ਰੀ ਹੈ ਜਿਸ ਤੋਂ ਪ੍ਰਾਕ੍ਰਿਤਾਂ ਦੀ ਪਛਾਣ ਤੇ ਸੰਰਚਨਾ ਸਥਾਪਿਤ ਕੀਤੀ ਜਾ ਸਕਦੀ ਹੈ । ਪਹਿਲੀ ਕਿਸਮ ਦੀ ਸਰੋਤ-ਸਾਮਗ੍ਰੀ ਪ੍ਰਾਕ੍ਰਿਤਾਂ ਬਾਰੇ ਲਿਖੇ "ਵਿਆਕਰਣ ਗ੍ਰੰਥ" ਹਨ ਜੋ ਕਿ ਪ੍ਰਾਕ੍ਰਿਤਾਂ ਦੇ ਸਮਕਾਲੀ ਜਾਂ ਨਿਕਟ-ਸਮਕਾਲੀ ਹਨ । ਦੂਜੀ ਕਿਸਮ ਦੀ ਸਰੋਤ-ਸਾਮਗ੍ਰੀ ਪ੍ਰਾਕ੍ਰਿਤ ਭਾਸ਼ਾ ਵਿਚ ਲਿਖਿਆ ਕਾਵਿ-ਸਾਹਿੱਤ ਹੈ ਜਿਸ ਵਿਚ ਪ੍ਰਾਕ੍ਰਿਤਾਂ ਦੀਆਂ ਭਾਸ਼ਾਗਤ ਵੰਨਗੀਆਂ ਭਲੀਭਾਂਤ ਸੁਰੱਖਿਅਤ ਹਨ । ਸਭ ਤੋਂ ਪਹਿਲਾ ਪ੍ਰਾਕ੍ਰਿਤ ਵਿਆਕਰਣ-ਗ੍ਰੰਥਾਂ ਦਾ ਸੂਚੀਬੱਧ ਉੱਲੇਖ ਕੀਤਾ ਜਾਂਦਾ ਹੈ ।

	ਪ੍ਰਾਕ੍ਰਿਤ ਵਿਆਕਰਣਕਾਰ	ਪ੍ਰਾਕ੍ਰਿਤ ਵਿਆਕਰਣ	ਰਚਨਾ ਕਾਲ
1)	ਵਰਰੁਚੀ	: ਪ੍ਰਾਕ੍ਰਿਤ ਪ੍ਰਕਾਸ਼	ਪੰਜਵੀਂ ਸਦੀ ਈ
2)	ਚੰਡ	: ਪ੍ਰਾਕ੍ਰਿਤ ਲਕਸ਼ਣ	
3)	ਧਨਪਾਲ	: ਪ੍ਰਾਕ੍ਰਿਤ ਕੋਸ਼ "ਪ੍ਰਾਇਯ ਲੱਛੀ	
4)	ਹੇਮਚੰਦ੍ਰ	: ਹੈਮ ਸ਼ਬਦਾਨੁਸ਼ਾਸ਼ਨਮ	1088 ਤੋਂ 1172 ਈ
5)	ਹੇਮ ਚੰਦ੍ਰ	: ਦੇਸੀਯ ਨਾਮ ਮਾਲਾ	
6)	ਕ੍ਰਮਦੀਸ਼ਵਰ	: ਸੰਕਸ਼ਿਪਤ ਸਾਰ	
7)	ਸਿੰਹਰਾਜ	: ਪ੍ਰਾਕ੍ਰਿਤ ਰੂਪਾਵਤਾਰ	
8)	ਮਾਰਕੰਡੇਯ	: ਪ੍ਰਾਕ੍ਰਿਤ ਸਰਵਸ੍ਵ	
9)	ਰਾਮ ਤਰਕ ਵਾਗੀਸ਼	: ਪ੍ਰਾਕ੍ਰਿਤ ਕਲਪਤਰੂ	
10)	ਸ਼ੁਭਚੰਦ੍ਰ	: ਸ਼ਬਦ-ਚਿੰਤਾਮਣਿ	
11)	ਸ਼ੇਸ਼ ਕ੍ਰਿਸ਼ਣ	: ਪ੍ਰਾਕ੍ਰਿਤ ਚੰਦ੍ਰਿਕਾ	
12)	ਨਰਸਿੰਹ	: ਪ੍ਰਾਕ੍ਰਿਤ ਸ਼ਬਦ-ਪ੍ਰਦੀਪਿਕਾ	
13)	ਲਕਸ਼ਮੀਧਰ	: ਸ਼ੜ ਭਾਸ਼ਾ ਚੰਦ੍ਰਿਕਾ	
14)	ਤ੍ਰਿਵਿਕ੍ਰਮ	: ਪ੍ਰਾਕ੍ਰਿਤ ਸ਼ਬਦਾਨੁਸ਼ਾਸਨ	

ਪ੍ਰਾਕ੍ਰਿਤ ਸਾਹਿੱਤ : ਸੰਖੇਪ ਵੇਰਵਾ : (ੳ), (ਅ), (ੲ)

(ੳ) ਜੈਨ ਆਗਮ ਸਹਿੱਤ

ਅੰਗ (ਗਿਆਰਾਂ) ਦੇ ਨਾਮ

1. ਆਯਾਰੰਗ ਸੁੱਤ(=ਆਚਾਰਾਂਗ ਸੂਤ੍ਰ)
2. ਸੂਯਗਡੰਗ ਸੁੱਤ(=ਸੂਤ੍ਰ ਕ੍ਰਿਤਾਂਗ ਸੂਤ੍ਰ)
3. ਠਾਣਾਂਗ ਸੁੱਤ(=ਸਥਾਨਾਂਗ ਸੂਤ੍ਰ)
4. ਸਮਵਾਯੰਗ(ਸਮਵਾਯਾਂਗ ਸੂਤ੍ਰ)
5. ਭਗਵਤੀ ਸੂਤ੍ਰ
6. ਣਾਯਾ ਧੰਮ ਕਹਾਓ ਸੁੱਤ(ਗਿਆਤਾ ਧਰਮ ਕਥਾ ਸੂਤ੍ਰ)
7. ਓਵਾਸਗ ਦਸਾਓਸੁੱਤ (ਉਪਾਸ਼ਕ ਦਸ਼ਾਂਗ ਸੂਤ੍ਰ)
8. ਅੰਤ ਗਡਾ ਦਸਾਓ ਸੁੱਤ(ਅੰਤ ਕ੍ਰਿਤ ਦਸ਼ਾਂਗ ਸੂਤ੍ਰ)
9. ਅਣੁੱਤਰੋਵਵਾਈ (=ਅਨੁਤੱਰੋਵ ਵਾਈਅ ਸੂਤ੍ਰ)
10. ਪਣਹਾ ਵਾਗਾਰਣ ਸੁੱਤ (=ਪ੍ਰਸ਼ਨ ਵਯਾਕਰਣ ਸੂਤ੍ਰ)
11. ਵਿਵਾਗ ਸੁਯਮ (=ਵਿਪਾਕ ਸ਼ਰੁਤਮ ਸੂਤ੍ਰ)

ਉਪਾਂਗ (ਬਾਰ੍ਹਾਂ) ਦੇ ਨਾਮ

1. ਉਵਵਾਈ ਸੂਤ੍ਰ
2. ਰਾਜ ਪ੍ਰਸ਼ਨੀਯ ਸੂਤ੍ਰ
3. ਜੀਵਾਭਿਗਮ ਸੂਤ੍ਰ
4. ਪ੍ਰਗਿਆਪਨਾ ਸੂਤ੍ਰ
5. ਜੰਬੂਦਵੀਪ ਪ੍ਰਗਿਅਪਤੀ ਸੂਤ੍ਰ
6. ਚੰਦ੍ਰ ਪ੍ਰਗਿਅਪਤੀ ਸੂਤ੍ਰ
7. ਸੂਰਯ ਪ੍ਰਗਿਅਪਤੀ ਸੂਤ੍ਰ
8. ਨਿਰਯਾਵਲਿਕਾ ਸੂਤ੍ਰ
9. ਕੱਪਵਡਿੰਸਯਾ ਸੂਤ੍ਰ
10. ਪੁੱਫਿਯਾ ਸੂਤ੍ਰ
11. ਪੁੱਫ ਚੂਲਿਯਾ ਸੂਤ੍ਰ
12. ਵਣਹਿਦਸਾ ਸੂਤ੍ਰ

ਚਾਰ ਮੂਲ ਸੂਤ੍ਰ

1. ਨੰਦੀ ਸੂਤ੍ਰ
2. ਅਨੁਯੋਗ ਦਵਾਰ ਸੂਤ੍ਰ
3. ਦਸ਼ ਵੈਕਾਲਿਕ ਸੂਤ੍ਰ
4. ਉਤਰਾਧਿਆਨ ਸੂਤ੍ਰ

ਚਾਰ ਛੇਦ ਸੂਤ੍ਰ

1. ਦਸਾਸਰੁਤ ਸਕੰਧ ਸੂਤ੍ਰ 2. ਵਯਵਹਾਰ ਸੂਤ੍ਰ
3. ਮਏਂ ਨਿਸ਼ੀਥ ਸੂਤ੍ਰ 4. ਬ੍ਰਿਹਦ ਕਲਪ ਸੂਤ੍ਰ
(ਅੰਤਿਮ) ਆਵਸ਼ਯਕ ਸੂਤ੍ਰ

(ਅ) ਆਗਮ ਧਰਮ-ਸਾਹਿੱਤ ਬਿਨਾ ਜੈਨ ਸਾਹਿੱਤ

ਜੈਨ ਸਤੋਤ੍ਰ : ਰਿਸ਼ਭ ਪੰਚਾਸ਼ਿਕਾ, ਮਹਾਵੀਰ ਸਤਵਨ, ਪਾਰਸ਼ਵ ਜਿਨ ਸਤਵਨ, ਸ਼ਾਂਤਿਨਾਥ ਸਤਵਨ ।

ਜੈਨ ਨਿਬੰਧ : ਕਰਮ ਪ੍ਰਕ੍ਰਿਤਿ, ਪੰਚ ਸੰਗ੍ਰਹ,ਸੰਮਤਿ ਤਰਕ, ਵਯਾਕਰਣ ਸੂਤ੍ਰ, ਪ੍ਰਵਚਨ ਸਾਰੋਧਾਰ।

ਜੈਨ ਕਥਾ ਸਾਹਿੱਤ : ਕੁਵਲਯਮਾਲਾ ਕਥਾ, ਉਵਏਸ ਮਾਲਾ (=ਉਪਦੇਸ ਮਾਲਾ), ਕੁਮਾਰਪਾਲ ਪ੍ਰਤਿਬੋਧ ।

ਆਖਿਆਇਕਾ : ਸਮਰਾਦਿਤਯ ਕਥਾ, ਧੂਰਤਾਖਯਾਨ, ਕਥਾ ਮਹੋਦਧਿ, ਗਿਆਨ-ਪੰਚਮੀ ਕਥਾ ।

ਧਾਰਮਿਕ ਉਪਨਿਆਸ : ਤਰੰਗਾਵਤੀ, ਸੁਰਸੁੰਦਰੀ ਚਰਿਅੰ, ਰਯਣ-ਸੇਹਰ-ਕਹਾ (ਰਤਨ ਸ਼ੇਖਰ ਕਥਾ)

ਚਰਿਤ ਸਾਹਿੱਤ : ਪਉਮ-ਚਰਿਯ (ਪਦਮ-ਚਰਿਤ), ਸ਼ਲਾਕਾ ਪੁਰੁਸ਼ ਚਰਿਤ, ਮਹਾਵੀਰ ਚਰਿਤ, ਕੁੰਮਾਪੁੱਤ ਚੁਰਿਅ = (=ਕੂਰਮਾ ਪੁਤ੍ਰ ਚਰਿਤ)

ਜੈਨ ਸਾਹਿੱਤ ਵਿਚੋਂ ਕੁਝ ਨਮੂਨੇ

(1) ਣਮੋ ਅਰਿਹੰਤਾਣੰ, ਣਮੋ ਸਿੱਧਾਣੰ, ਣਮੋ ਆਯਰਿਯਾਣੰ,
ਣਮੋ ਉਵੱਝਾਯਾਣੰ, ਣਮੋ ਲੋਏ ਸੱਬ ਸਾਹੂਣੰ (ਸਾਮਾਯਿਕ ਸੂਤ੍ਰ, ਪੰਚ ਪਰਮੇਸ਼ਠੀ ਮਹਾਮੰਤ੍ਰ)

ਪੰਜਾਬੀ ਅਨੁਵਾਦ : ਸ੍ਰੀ ਅਰਿਹੰਤਾ ਨੂੰ ਨਮਸਕਾਰ ਹੈ, ਅਤੇ ਸਿੱਧਾਂ ਨੂੰ, ਆਚਾਰੀਆਂ ਨੂੰ, ਉਪਾਧਿਆਇਆਂ ਨੂੰ ਅਤੇ ਲੋਕ ਵਿਚ ਸਾਰਿਆਂ ਸਾਧੂਆਂ ਨੂੰ ਨਮਸਕਾਰ ਹੈ (ਲੋਏ = ਲੋਕ, ਸੱਬ = ਸਭ, ਸਾਹੂ + ਣੰ = ਸਾਧੂ ਨੂੰ)

(2) ਪਰੁਸੋ ਸਕੱਅ-ਬੰਧੋ ਪਾਉਅ-ਬੰਧੋ ਵਿ ਹੋਇ ਸੁਉਮਾਰੋ ।
ਪੁਰਿਸ-ਮਹਿਲਾਣੰ ਜੇਤਿਅ-ਮਿਹ ਅੰਤਰੰ ਤੇਤਿਅ ਮਿਮਾਣੰ(ਰਾਜੇਸ਼ਖਰ ਦੀ ਰਚਨਾ ਕਰਪੂਰ ਮੰਜਰੀ)

ਪੰਜਾਬੀ ਅਨੁਵਾਦ ; ਸਕਕਅ ਅਰਥਾਤ ਸੰਸਕ੍ਰਿਤ ਰੁੱਖੀ ਹੈ, ਅਤੇ ਪਾਉਅ ਅਰਥਾਤ ਪ੍ਰਾਕ੍ਰਿਤ ਭਾਸ਼ਾ ਨਰਮ-ਕੋਮਲ ਹੈ । ਪੁਰਸ਼ ਤੇ ਮਹਿਲਾ ਅਰਥਾਤ ਇਸਤ੍ਰੀ ਵਿਚ ਜਿੰਨਾ ਅੰਤਰ ਹੈ ਉਤਨਾ ਇਨ੍ਹਾਂ ਦੋਹਾ ਭਾਸ਼ਾਵਾਂ ਵਿਚ ਹੈ ।

(ੲ) ਜੈਨ ਸਾਹਿੱਤ ਤੋਂ ਅਲਾਵਾ ਪ੍ਰਾਕ੍ਰਿਤ- ਸਾਹਿੱਤ

ਪ੍ਰਬੰਧ ਕਾਵਿ : ਸੇਤੁਬੰਧ (=ਰਾਵਣ ਬਧ) ਗੌੜਵਹੋ (=ਗੌੜ ਬਧ), ਮਹੁਮਹ ਵਿਅਅ (=ਮਧੂ ਮਥ ਵਿਜਯ),
ਲੀਲਾ ਬਈ (=ਲੀਲਾਵਤੀ), ਉਸਾਣਿਰੁੱਧ (=ਊਸ਼ਾ ਨਿਰੁੱਧ),ਕੰਸਵਹੋ (=ਕੰਸਬਧ),

ਮੁਕਤਕ-ਕਾਵਿ : ਗਾਹਾ ਸੱਤ ਸਈ (=ਗਾਥਾ ਸਪਤਸ਼ਤੀ), ਵੱਜਾ ਲੱਗ, ਮਦਨ-ਮੁਕੁਟ,ਵਿਸ਼ਮ ਵਾਣ ਲੀਲਾ ।

ਨਾਟਕ-ਸਾਹਿੱਤ : ਅਸ਼ਵਘੋਸ਼ ਦਾ ਨਾਟਕ "ਸਾਰੀ ਪੁਤ੍ਰ ਪ੍ਰਕਰਣ" (100 ਈਸਵੀ ਦੇ ਲਾਗੇ ਚਾਗੇ)

(ਅਰਥਾਤ ਸੰਸਕ੍ਰਿਤ ਨਾਟਕਕਾਰ ਭਾਸ ਦੇ ਨਾਟਕ "ਅਵਿਮਾਰਕ" ਅਤੇ "ਚਾਰੁਦੱਤ" ।
ਨਾਟਕਾਂ ਵਿਚ ਕਾਲੀਦਾਸ ਦੇ ਨਾਟਕ "ਅਭਿਗਿਆਨ ਸ਼ਾਕੁੰਤਲਮ"

ਪ੍ਰਾਕ੍ਰਿਤਾਂ ਦਾ ਪ੍ਰਯੋਗ) "ਮਾਲਵਿਕਾਅਗਨਿਮਿਤ੍", "ਵਿਕ੍ਰਮੋਰਵਸ਼ੀਯ" ।
ਸ੍ਰੀ ਹਰਸ਼ ਦੇ ਨਾਟਕ "ਪ੍ਰਿਯਦਰਸਿਕਾ", "ਰਤਨਾਵਲੀ", "ਨਾਗਾਨੰਦ"।
ਵਿਸ਼ਾਖ ਦੱਤ ਦਾ ਨਾਟਕ "ਮੁਦ੍ਰਾ ਰਾਕਸ਼ਸ"।
ਸ਼ੂਦ੍ਰਕ ਦਾ ਨਾਟਕ "ਮ੍ਰਿੱਛਕਟਿਕ" ।

ਪ੍ਰਾਕ੍ਰਿਤ-ਸੱਟਕ ਨਾਟਕ ਦਾ ਭੇਦ : ਕਰਪੂਰ ਮੰਜਰੀ (ਰਾਜਸ਼ੇਖਰ : ਸੱਟਕ-ਕਾਰ ਦਾ ਸਮਾਂ 864 ਤੋਂ 925 ਈ. ਤੱਕ)।
ਰੰਭਾ ਮੰਜਰੀ (ਨਯਚੰਦ : ਸਮਾਂ 14 ਵੀਂ ਸਦੀ ਦਾ ਅੰਤ)
ਚੰਦਲੇਹਾ (=ਚੰਦ੍ਰਲੇਖਾ) (ਰੁਦ੍ਰਦਾਸ : ਸਮਾਂ 1660 ਈ. ਦੇ ਆਸ-ਪਾਸ)
ਸ਼੍ਰਿੰਗਾਰ ਮੰਜਰੀ (ਵਿਸ਼ਵੇਸ਼ਵਰ : ਸਮਾਂ 18 ਵੀਂ ਸਦੀ ਦਾ ਪੂਰਵਾਰਧ)
ਆਨੰਦ-ਸੁੰਦਰੀ (ਘਨਸ਼ਯਾਮ "ਮਹਾਰਾਸ਼ਟ੍ਰ ਚੂੜਾਮਣਿ", ਸਮਾਂ 1750 ਈ.)

ਪ੍ਰਾਕ੍ਰਿਤਾਂ ਦੇ ਭੇਦ-ਪ੍ਰਕਾਰ

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੀ ਦੂਜੀ ਉਪ-ਅਵਸਥਾ "ਸਾਹਿਤ ਪ੍ਰਾਕ੍ਰਿਤਾਂ" ਦੇ ਪੁਰਾਤਨ ਵਿਦਵਾਨਾਂ, ਵਿਆਕਰਣ-ਸ਼ਾਸਤਰੀਆਂ, ਕਾਵਿ-ਸ਼ਾਸਤ੍ਰੀਆਂ ਅਤੇ ਆਲੋਚਕਾਂ ਨੇ ਕਈ ਤਰ੍ਹਾਂ ਨਾਲ ਭੇਦ-ਉਪ-ਭੇਦ ਪ੍ਰਸਤੁਤ ਕੀਤੇ ਹਨ। ਅਡ ਅਡ ਵਿਦਵਾਨਾਂ ਨੇ ਅਡ ਅਡ ਪ੍ਰਾਕ੍ਰਿਤਾਂ ਦੀ ਗਣਨਾ ਕੀਤੀ ਹੈ। ਇਨ੍ਹਾਂ ਵਿਚ ਭਰਤਮੁਨੀ (ਨਾਟਯ ਸ਼ਾਸਤ੍ਰ), ਵਰਰੁਚੀ (ਪ੍ਰਾਕ੍ਰਿਤ ਪ੍ਰਕਾਸ਼), ਚੰਡ (ਪ੍ਰਾਕ੍ਰਿਤ ਲਕਸ਼ਣ), ਹੇਮ ਚੰਦ੍ਰ (ਸਿਧ ਹੈਮ ਸ਼ਬਦਾਨੁਸ਼ਾਸਨ), ਤ੍ਰਿਵਿਕ੍ਰਮ, ਸਿੰਹਰਾਜ, ਨਰਸਿੰਹ, ਲਕਸ਼ਮੀਧਰ, ਮਾਰਕੰਡੇਯ ਆਦਿ ਪ੍ਰਾਕ੍ਰਿਤ-ਵਿਆਕਰਣਕਾਰ ਪ੍ਰਮੁਖ ਹਨ। ਇਨ੍ਹਾਂ ਪ੍ਰਾਕ੍ਰਿਤ-ਭਾਸ਼ਾ ਦੇ ਚਿੰਤਕਾਂ ਨੇ ਜਿਨ੍ਹਾਂ ਪ੍ਰਾਕ੍ਰਿਤਾਂ ਦਾ ਅਸਤਿਤਵ ਸਵੀਕਾਰ ਕੀਤਾ ਹੈ ਉਹ ਪ੍ਰਾਕ੍ਰਿਤਾਂ ਕੁੱਲ ਮਿਲਾਕੇ ਇਹ ਹਨ :

ਮਾਗਧੀ, ਅਰਧ-ਮਾਗਧੀ, ਅਵੰਤਿਜਾ, ਪ੍ਰਾਚਯਾ, ਸੂਰਸੇਨੀ/ਸ਼ੌਰਸੇਨੀ, ਬਾਹਲੀਕੀ, ਦਾਕਸ਼ਿਣਾਤਯਾ, ਮਹਾਰਾਸ਼ਟਰੀ, ਪੈਸ਼ਾਚੀ/ਪੈਸ਼ਾਚਿਕਾ, ਆਰਸ਼, ਅਪਭ੍ਰੰਸ਼, ਚੂਲਿਕਾ ਪੈਸ਼ਾਚੀ

ਇਨ੍ਹਾਂ ਵਿਚੋਂ ਮਾਰਕੰਡੇਯ (ਪ੍ਰਾਕ੍ਰਿਤ ਸਰਵਸ੍ਵ) ਦਾ ਪ੍ਰਾਕ੍ਰਿਤ ਭਾਸ਼ਾ ਵਰਗੀਕਰਣ ਵੇਖਣਯੋਗ ਹੈ। ਮਾਰਕੰਡੇਯ ਦੇ ਅਨੁਸਾਰ ਪ੍ਰਾਕ੍ਰਿਤ-ਭਾਸ਼ਾਵਾਂ ਚਾਰ ਤਰ੍ਹਾਂ ਦੀਆਂ ਹਨ :

(1) ਭਾਸ਼ਾ (2) ਵਿਭਾਸ਼ਾ (3) ਅਪਭ੍ਰੰਸ਼, ਅਤੇ (4) ਪੈਸ਼ਾਚ।

(1) ਭਾਸ਼ਾ ਵਰਗ : ਮਹਾਰਾਸ਼ਟ੍ਰੀ, ਸ਼ੌਰਸੇਨੀ, ਪ੍ਰਾਚਯਾ, ਅਵੰਤੀ, ਮਾਗਧੀ।
(2) ਵਿਭਾਸ਼ਾ ਵਰਗ : ਸ਼ਾਕਾਰੀ, ਚਾਂਡਾਲੀ, ਸ਼ਾਬਰੀ, ਆਭੀਰਕੀ, ਟਾਕੀ।
(3) ਅਪਭ੍ਰੰਸ਼ ਵਰਗ : ਨਾਗਰ, ਉਪ ਨਾਗਰ, ਵ੍ਰਾਚਡ।
(4) ਪੈਸ਼ਾਚ ਵਰਗ : ਕੈਕੇਯ, ਸ਼ੌਰਸੇਨ, ਪਾਂਚਾਲ।

ਪ੍ਰਾਕ੍ਰਿਤ-ਭੇਦਾਂ ਬਾਰੇ-ਆਧੁਨਿਕ ਭਾਸ਼ਾ-ਵਿਗਿਆਨੀਆਂ ਦੀਆਂ ਰਾਵਾਂ

ਡਾ. ਐਸ.ਐਮ ਕਤ੍ਰੇ [1964 : 9-10] ਨੇ ਪ੍ਰਾਕ੍ਰਿਤਾਂ ਦੀ ਵੰਡ "ਸਾਹਿੱਤ-ਪ੍ਰਕਾਰਾ" ਦੇ ਅਨੁਸਾਰ ਇਉਂ ਕੀਤੀ ਹੈ :

(1) ਧਾਰਮਿਕ ਪ੍ਰਾਕ੍ਰਿਤਾਂ : ਜਿਵੇਂ ਪਾਲੀ ਜੋ ਬੋਧ ਧਰਮ ਦੀ ਭਾਸ਼ਾ ਸੀ, ਅਰਧ-ਮਾਗਧੀ ਜੋ ਪ੍ਰਾਚੀਨ ਜੈਨ ਸੂਤ੍ਰਾਂ ਦੀ ਭਾਸ਼ਾ ਅਤੇ ਜੈਨ-ਮਹਾਰਾਸ਼ਟਰੀ, ਜੈਨ ਸ਼ੌਰਸੇਨੀ

(2) ਸਾਹਿਤਿਕ ਪ੍ਰਾਕ੍ਰਿਤਾਂ : ਮਹਾਰਾਸਟ੍ਰੀ, ਸ਼ੌਰਸੇਨੀ, ਮਾਗਧੀ , ਪੈਸ਼ਾਚੀ, ਅਪਭ੍ਰੰਸ਼

(3) ਨਾਟਕੀ ਪ੍ਰਾਕ੍ਰਿਤਾ : ਜਿਨ੍ਹਾਂ ਪ੍ਰਾਕ੍ਰਿਤਾਂ ਦਾ ਸੰਸਕ੍ਰਿਤ ਨਾਟਕਾ/ ਪ੍ਰਾਕ੍ਰਿਤ ਨਾਟਕਾ ਵਿਚ ਪ੍ਰਯੋਗ ਹੈ

(4) ਵਿਆਕਰਣ-ਗ੍ਰੰਥੀ ਪ੍ਰਾਕ੍ਰਿਤਾ : ਪ੍ਰਾਕਿਰਤਾਂ ਬਾਰੇ ਲਿਖੇ ਵਿਆਕਰਣਾ ਵਿਚ ਪ੍ਰਾਕ੍ਰਿਤਾਂ ਦਾ ਅਧਿਐਨ ਹੈ ।

(5) ਗੈਰ-ਭਾਰਤੀ ਪ੍ਰਾਕ੍ਰਿਤਾਂ : ਖੋਤਾਨ ਦੇ ਸਥਾਨ ਤੋਂ ਖਰੋਸ਼ਠੀ ਲਿਪੀ ਵਿਚ ਲਿਖੇ ਬੋਧਗ੍ਰੰਥ "ਧੰਮਪਦ" ਦੀ ਪ੍ਰਾਕ੍ਰਿਤ ਭਾਸ਼ਾ, ਅਤੇ ਮੱਧ ਏਸ਼ੀਆ ਵਿਚ ਪ੍ਰਾਪਤ ਨੀਯ ਤੇ ਖੋਤਾਨੀ ਪ੍ਰਾਕ੍ਰਿਤ ।

(6) ਅਭਿਲੇਖੀ ਪ੍ਰਾਕ੍ਰਿਤਾਂ : ਅਸ਼ੋਕ ਦੇ ਸਮੇਂ ਤੋਂ ਸ੍ਰੀਲੰਕਾ, ਭਾਰਤ ਆਦਿ ਦੇਸ਼ਾ ਵਿਚ ਪ੍ਰਾਪਤ ਸ਼ਿਲਾਲੇਖਾਂ (inscriptions) ਤੇ ਅੰਕਿਤ ਪ੍ਰਾਕ੍ਰਿਤਾਂ ਦੇ ਅਭਿਲੇਖ

(7) ਲੋਕ-ਪ੍ਰਚਲਿਤ ਮੌਖਿਕ ਪ੍ਰਾਕ੍ਰਿਤਾ ;

ਡਾ. ਭੋਲਾਨਾਥ ਤਿਵਾਰੀ ਨੇ ਕੁਝ ਹੋਰ ਪ੍ਰਾਕ੍ਰਿਤਾਂ ਦਾ ਜ਼ਿਕਰ ਕੀਤਾ ਹੈ :

(1) ਗਾਥਾ : ਪ੍ਰਾਕ੍ਰਿਤਾਂ ਦਾ ਸੰਸਕ੍ਰਿਤ ਤੋਂ ਪ੍ਰਭਾਵਿਤ ਜਾਂ ਮਿਸ਼੍ਰਿਤ ਰੂਪ ਗਾਥਾ ਹੈ ।

(2) ਪੱਛਮੀ ਪ੍ਰਾਕ੍ਰਿਤ : ਜੋ ਸਿੰਧ ਵਿਚ ਪ੍ਰਚਲਿਤ ਹੋਵੇਗੀ ਅਤੇ ਜਿਸ ਤੋਂ ਵ੍ਰਾਚੜ ਅਪਭ੍ਰੰਸ਼ ਜਨਮੀ ਹੈ ।

(3) ਕੈਕੇਯ ਪ੍ਰਾਕ੍ਰਿਤ : ਪੰਜਾਬੀ ਤੇ ਲਹਿੰਦਾ (ਪੱਛਮੀ ਪੰਜਾਬੀ) ਦੇ ਇਲਾਕੇ ਵਿਚ ਪ੍ਰਚਲਿਤ ਪ੍ਰਾਕ੍ਰਿਤ ।

(4) ਟੱਕ ਪ੍ਰਾਕ੍ਰਿਤ : ਕੈਕੇਯ/ਕੈਕਈ ਪ੍ਰਾਕ੍ਰਿਤ ਦੀ ਇਕ ਸ਼ਾਖਾ ।

(5) ਮਦ੍ਰ ਪ੍ਰਾਕ੍ਰਿਤ : ਕੈਕੇਯ/ਕੈਕੇਈ ਪ੍ਰਾਕ੍ਰਿਤ ਦੀ ਇਕ ਸ਼ਾਖ਼ਾ ।

(6) ਨਾਗਰ ਪ੍ਰਾਕ੍ਰਿਤ : ਜਿਸ ਤੋਂ ਨਾਗਰ ਅਪਭ੍ਰੰਸ਼ ਦਾ ਵਿਕਾਸ ਹੋਇਆ ਹੈ ।

ਇਸ ਤਰ੍ਹਾਂ ਵਿਭਿੰਨ ਸਰੋਤਾਂ ਤੋਂ ਪ੍ਰਾਕ੍ਰਿਤ ਭਾਸ਼ਾਵਾਂ ਦੇ ਦੋ ਦਰਜਨਾਂ ਤੋਂ ਵੱਧ ਭੇਦਾਂ-ਉਪਭੇਦਾਂ ਦਾ ਉਲੇਖ ਮਿਲਦਾ ਹੈ । ਪਰੰਤੂ ਸਾਹਿਤਕ ਤੇ ਭਾਸ਼ਾ-ਵਿਗਿਆਨਕ ਮਾਨਦੰਡਾਂ ਤੇ ਆਸ਼ਰਿਤ ਹੋਣ ਲਿਖੀਆਂ ਪ੍ਰਾਕ੍ਰਿਤਾਂ ਹੀ ਪ੍ਰਮੁਖ ਹਨ : (1) ਸ਼ੌਰਸੇਨੀ, (2) ਮਹਾਰਾਸ਼ਟ੍ਰੀ, (3) ਮਾਗਧੀ, (4) ਅਰਧ-ਮਾਗਧੀ, (5) ਪੈਸ਼ਾਚੀ ਪ੍ਰਾਕ੍ਰਿਤ । ਇਤਿਹਾਸਕ ਭਾਸ਼ਾ-ਵਿਗਿਆਨ ਦੀਆਂ ਪੁਸਤਕਾਂ ਵਿਚ ਇਨ੍ਹਾਂ ਪੰਜੋਂ ਪ੍ਰਾਕ੍ਰਿਤਾਂ ਨੂੰ ਰਸਮੀ ਤੌਰ ਤੇ "ਸਾਹਿਤਕ ਪ੍ਰਾਕ੍ਰਿਤਾਂ" ਕਿਹਾ ਜਾਂਦਾ ਹੈ ।

ਅਧਿਆਏ 4 : 6

ਪ੍ਰਾਕ੍ਰਿਤ ਦੇ ਸਾਮਾਨਯ ਅਭਿਲੱਛਣ
(General characteristics of Prakrit language)

ਡਾ. ਹਰਦੇਵ ਬਾਹਰੀ [1956 : 14] ਨੇ ਲਿਖਿਆ ਹੈ ਕਿ ਪ੍ਰਾਕ੍ਰਿਤ ਨੂੰ ਸਮਝਣ ਲਈ ਸੰਸਕ੍ਰਿਤ ਦਾ ਗਿਆਨ ਅਤਿਅੰਤ ਜ਼ਰੂਰੀ ਹੈ । ਪ੍ਰਾਕ੍ਰਿਤ ਭਾਸ਼ਾ ਨੂੰ ਸੰਸਕ੍ਰਿਤ ਦੇ ਵਿਵਸਥਾ-ਬੱਧ ਵਿਆਕਰਣ ਦੇ ਚਾਨਣੋ ਵਿਚ ਬੜੀ ਸੁਖੈਨਤਾ ਤੇ ਸਰਲਤਾ ਨਾਲ ਜਾਣਿਆ ਜਾ ਸਕਦਾ ਹੈ । ਸਾਹਿਤਕ ਪ੍ਰਾਕ੍ਰਿਤਾਂ ਦੇ ਸਭਿਆਚਾਰਕ ਤੇ ਪਾਰਿਭਾਸ਼ਕ ਸ਼ਬਦ ਸੰਸਕ੍ਰਿਤ ਤੋਂ ਹੀ ਉਤਪੰਨ ਹੋਏ ਹਨ । ਪ੍ਰਾਕ੍ਰਿਤ ਵਿਚ ਭਾਵੇਂ ਤਦਭਵ ਸ਼ਬਦਾਂ ਦੀ ਭਰਮਾਰ ਹੈ, ਪਰ ਇਨ੍ਹਾਂ ਸ਼ਬਦਾਂ ਦੀਆਂ ਜੜ੍ਹਾਂ ਸੰਸਕ੍ਰਿਤ ਵਿਚ ਹੀ ਉਪਲਬਧ ਹੁੰਦੀਆਂ ਹਨ । ਪ੍ਰਾਕ੍ਰਿਤ ਦੇ ਸੰਸਕ੍ਰਿਤ ਨਾਲ ਏਨੇ ਗੂੜ੍ਹੇ ਰਿਸ਼ਤੇ-ਨਾਤੇ ਦੇ ਕਾਰਣ ਹੀ ਪ੍ਰਾਕ੍ਰਿਤ ਭਾਸ਼ਾ ਅਤੇ ਇਸ ਦੇ ਵਿਆਕਰਣ ਬਾਰੇ ਮੱਧਯੁਗ ਵਿਚ ਜਿੰਨੇ ਵੀ ਗ੍ਰੰਥ ਰਚੇ ਗਏ ਹਨ ਉਹ ਸੰਸਕ੍ਰਿਤ ਤੇ ਸੰਸਕ੍ਰਿਤ ਸੂਤਰ-ਸ਼ੈਲੀ ਵਿਚ ਲਿਖੇ ਗਏ ਹਨ । ਇਸ ਲਈ ਪ੍ਰਾਕ੍ਰਿਤ ਦੀ ਭਾਸ਼ਕ ਸੰਰਚਨਾ ਦਾ ਅਧਿਐਨ ਪ੍ਰਸਤੁਤ ਕਰਨ ਸਮੇਂ ਸੰਸਕ੍ਰਿਤ ਭਾਸ਼ਾ ਦੇ ਟਾਕਰਾ-ਮੂਲਕ (contrastive) ਤੇ ਤੁਲਨਾ-ਮੂਲਕ ਸਮਾਨਾਂਤਰ ਹਵਾਲਿਆਂ ਦੀ ਅਤਿਅੰਤ ਲੋੜ ਹੈ । ਇਸ ਪਰਿਪੇਖ ਵਿਚ ਹੀ ਪ੍ਰਾਕ੍ਰਿਤ ਦੇ ਅਭਿਲੱਛਣਾਂ ਦਾ ਭਾਸ਼ਾਗਤ ਪਰਿਚੈ ਪੇਸ਼ ਕੀਤਾ ਜਾਂਦਾ ਹੈ ।

ਵਿਸ਼ੇ ਨੂੰ ਚਰਚਿਤ ਕਰਨ ਤੋਂ ਪਹਿਲਾਂ ਇਸ ਤੱਥ ਦਾ ਨਿਰਦੇਸ਼ ਕਰਨਾ ਲੋੜੀਂਦਾ ਹੈ ਕਿ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੀ ਪ੍ਰਥਮ ਭਾਸ਼ਕ ਉਪ-ਅਵਸਥਾ "ਪਾਲੀ" ਵਿਚ ਜਿਹੜੀਆਂ ਪ੍ਰਕ੍ਰਿਆਵਾਂ ਤੇ ਪ੍ਰਵਿਰਤੀਆਂ ਉਭਰ ਰਹੀਆਂ ਸਨ ਖ਼ਾਸ ਕਰ ਕੇ *ਸਰਲੀਕਰਣ, ਸੰਖੇਪੀਕਰਣ* ਤੇ *ਸਮਰੂਪੀਕਰਣ* ਦੀ ਪ੍ਰਕ੍ਰਿਆ, ਉਹ ਹੋਰ ਵੀ ਜ਼ੋਰ ਨਾਲ ਸਾਹਿਤਕ ਪ੍ਰਾਕ੍ਰਿਤਾਂ ਦੇ ਭਾਸ਼ਾਗਤ ਵਿਕਾਸੀਕਰਣ ਤੇ ਰੂਪਾਂਤਰਣ ਵਿਚ ਉਭਰੀਆਂ ਹਨ । ਪਾਲੀ ਦੀਆਂ ਕੋਸ਼ਾਤਮਕ ਮਦਾਂ (lexical items) ਵਿਚ ਸੰਸਕ੍ਰਿਤ ਦਾ ਆਭਾਸ ਬਦਸਤੂਰ ਕਾਇਮ ਹੈ, ਪਰੰਤੂ ਪ੍ਰਾਕ੍ਰਿਤ ਦੀ ਪੱਧਰ 'ਤੇ 'ਕੋਸ਼ਾਤਮਕ ਮੱਦਾਂ ਦੇ ਬਣਤਰੀ ਲੱਛਣ ਬੇਪਛਾਣ ਸੀਮਾ ਤਕ ਬਦਲ ਗਏ ਹਨ । ਭਾਵੇਂ ਪ੍ਰਾਕ੍ਰਿਤ ਦੇ ਧੁਨੀਆਤਮਕ, ਰੂਪਾਤਮਕ ਤੇ ਵਾਕਾਤਮਕ ਪੈਟਰਨਾਂ ਦੀ ਸੰਸਕ੍ਰਿਤ ਦੇ ਟਾਕਰੇ ਨਾਲ ਪਛਾਣ-ਸਥਾਪਨਾ ਸੰਭਵ ਹੈ, ਲੇਕਿਨ ਫਿਰ ਵੀ ਪ੍ਰਾਕ੍ਰਿਤ/ਪ੍ਰਾਕ੍ਰਿਤਾਂ ਵਿਚ ਸੰਸਕ੍ਰਿਤ ਵਰਗੀ ਨੇਮਬੱਧਤਾ ਤੇ ਵਿਵਸਥਾ ਸ਼ਿਥਲ ਹੋਈ ਦਿਸਦੀ ਹੈ ਅਤੇ ਇਸ ਵਿਕਾਸ-ਗਤੀ ਨੂੰ ਹੋਰ ਵੀ ਤੇਜ਼ ਕਰਨ ਲਈ ਪ੍ਰਾਕ੍ਰਿਤ-ਅਵਸਥਾ ਵਿਚ ਵਿਭਿੰਨ ਪ੍ਰਾਂਤਿਕ, ਪ੍ਰਾਦੇਸ਼ਕ ਤੇ ਸਥਾਨਕ ਬੋਲੀਆਂ/ਉਪ-ਬੋਲੀਆਂ ਦਾ ਪਨਪਦੇ ਜਾਣਾ ਹੈ । ਇਸ ਤੋਂ ਇਲਾਵਾ ਪ੍ਰਾਕ੍ਰਿਤਾਂ ਦੇ ਭਾਸ਼ਾਗਤ ਵਖਰੇਵਿਆਂ ਵਿਚ ਗੈਰ-ਆਰੀਆ ਅਤੇ ਦੇਸ਼ੀ ਵਿਭਿੰਨ ਪ੍ਰਭਾਵਾਂ ਨੇ ਉਲੇਖਯੋਗ ਯੋਗਦਾਨ ਪਾਇਆ ਹੈ । ਇਸ ਵਿਕਾਸਾਤਮਕ ਸੰਦਰਭ ਵਿਚ ਹੀ "ਪ੍ਰਾਕ੍ਰਿਤ"

ਦਾ ਸੰਰਚਨਾਤਕ ਪਰਿਚੈ ਪੇਸ਼ ਕੀਤਾ ਜਾਂਦਾ ਹੈ ।

ਧੁਨੀ-ਸੰਰਚਨਾ (Phonology)

"ਪ੍ਰਾਕ੍ਰਿਤ" ਦੇ ਧੁਨੀਮਕ ਪੈਟਰਨ ਪਾਲੀ ਦੇ ਮੁਤਾਬਕ ਹੀ ਉਪਲਬਧ ਹਨ ਲੇਕਿਨ ਧੁਨੀਆਤਕ ਪਰਿਵਰਤਨ ਪਾਲੀ ਤੋਂ ਵੱਧ ਵਾਪਰੇ ਹਨ । ਪ੍ਰਾਕ੍ਰਿਤ ਦੇ ਸਵਰ-ਫੋਨੀਮਾ ਵਿਚੋਂ ਸੰਸਕ੍ਰਿਤ ਦੇ /ऋ, ॠ, ऌ, ॡ/ ਫੋਨੀਮ ਉੱਕਾ ਹੀ ਲੋਪ ਹੋ ਗਏ ਹਨ । /ऋ/= (ਰਿ) ਦਾ ਰੂਪਾਂਤਰਣ ਪਾਲੀ ਦੀ ਤਰ੍ਹਾਂ ਹੇਠ ਲਿਖੇ ਅਨੁਸਾਰ ਨਿਸਪੰਨ ਹੋਇਆ ਹੈ ਪਰ /ॠ, ऌ, ॡ/ ਦਾ ਕੋਈ ਰੂਪਾਂਤਰਣ ਤੇ ਜਾਂ ਵਿਕਾਸ ਨਹੀਂ ਹੈ

ਪ੍ਰਾਕ੍ਰਿਤ ਰੂਪਾਂਤ -ਰਿਤ ਫੋਨੀਮ	ਪ੍ਰਾਕ੍ਰਿਤ ਉਦਾਹਰਣ	ਸੰਸਕ੍ਰਿਤ ਮੂਲ ਰੂਪ	ਪੰਜਾਬੀ
/ऋ → ਰਿ/	ਰਿਣ, ਰਿਜੁ, ਰਿਸੀ,	ऋण, ऋजु, ऋषि, ऋक्ष	ਰਿਣ,- ਰਿਸ਼ੀ, ਰਿੱਛ,
/ऋ → ਇ/	ਰਿਚ੍ਛ, ਤਿਣ, ਦਿਠੰ	तृण, दृष्ट, घृणा, गृद्ध,	ਤਿਣਕਾ, ਡਿੱਠਾ, ਘਿਣ
/ऋ → ਉ/	ਭਿਖਾ, ਗਿੱਧ, ਪੁਠ,	पृष्ठ, प्रावृष्, वृद्ध,	ਗਿਲਝ, ਪੁੱਠ,
/ऋ → ਅ/	ਪਾਉਸ, ਬੁੱਡ, ਣੱਚ,	नृत्य,	ਪਾਵਸ, ਬੁੱਢਾ, ਨੱਚ
/ਐ → ਏ/ :	ਸੇਲ	शैल	ਸਿਲ/ਸਿਲਾ
/ਔ → ਓ/ :	ਜੋਬੱਣ, ਗਉਡ	यौवन, गौड	ਜੋਬਨ, ਗੌੜ
*/ਃ → ਓ/ :	ਵੈਂਛੋ, ਜਿਣੋ	वृक्षः, जिनः	ਬਿਰਛ, ਜਿਨ

ਪ੍ਰਾਕ੍ਰਿਤ ਵਿਚ ਹ੍ਰਸਵ ਸਵਰ ਆਮ ਤੌਰ ਤੇ ਸੁਰੱਖਿਅਤ ਰਹੇ ਹਨ - ਜਿਵੇਂ ਅੰਗ (ਸੰ. ਅੰਗ) ਅੱਖਿ (ਸੰ. ਅਕਸ਼ਿ), ਅੱਗਿ (ਸੰ ਅਗਨਿ), ਇੱਖੁ (ਸੰ. ਇਕਸ਼ੁ), ਉਚਛਾਹ (ਸੰ ਉਤਸਾਹ) ਉਮ੍ਮੁਕ (ਸੰ. ਉਨਮੁਕਤ) ਆਦਿ । ਪਰੰਤੂ ਸੁਰਾਘਾਤ (accent) ਦੀ ਅਣਹੋਂਦ ਕਰਕੇ ਦੀਰਘ ਸਵਰ ਹ੍ਰਸਵ ਹੋ ਗਏ ਹਨ, ਉਦਾਹਰਣ :

ਸੀਅੰ (ਸੰ. ਸੀਤਾਮ), ਅਵਮੱਗ (ਅਵਮਾਰਗ), ਜਿਅਤੀ (ਸੰ ਜੀਵੰਤੀ) ।

ਲੇਕਿਨ ਜਿੱਥੇ ਸੁਰਾਘਾਤ ਦੀ ਹੋਂਦ ਹੈ ਉਥੇ ਦੀਰਘ ਸਵਰ ਸੁਰਖਿਅਤ ਰਹਿ ਗਏ ਹਨ । ਜਿਵੇਂ ਡਾਇਣੀ (ਡਾਕਿਨੀ), ਦੂਰ (ਸੰ. ਦੂਰ), ਪੀਡਿਆ (ਸੰ ਪੀਠਿਕਾ), (ਪੰਜਾਬੀ ਪੀਹੜੀ)

ਪ੍ਰਾਕ੍ਰਿਤ-ਵਿਅੰਜਨ

ਪ੍ਰਾਕ੍ਰਿਤ ਭਾਸ਼ਾ ਦੇ ਲੈਵਲ ਤੇ ਆਕੇ ਸਵਰ-ਧੁਨੀਆਂ ਦੇ ਮੁਕਾਬਲੇ ਵਿਚ ਵਿਅੰਜਨ ਧੁਨੀਆਂ ਵਿਚ ਬਹੁਤ ਜ਼ਿਆਦਾ ਪਰਿਵਰਤਨ, ਰੂਪਾਂਤਰਣ ਤੇ ਵਿਕਾਰੀਕਰਣ ਹੋਇਆ ਹੈ । ਇਸ ਪਰਿਵਰਤਨ ਦਾ ਪ੍ਰਭਾਵ ਅਜੋਕੀਆਂ ਭਾਰਤੀ-ਆਰੀਆ ਭਾਸ਼ਾਵਾਂ, ਖ਼ਾਸ ਕਰਕੇ ਪੰਜਾਬੀ ਵਿਚ ਵੀ ਦ੍ਰਿਸ਼ਟਮਾਨ ਹੁੰਦਾ ਹੈ । ਪੰਜਾਬੀ ਦੀ ਧੁਨੀ-ਸੰਰਚਨਾ ਤਾਂ ਪ੍ਰਾਕ੍ਰਿਤ ਦੇ ਨੇੜੇ ਨੇੜੇ ਹੀ ਕਾਇਮ ਰਹਿੰਦੀ ਹੈ । ਪਰੰਤੂ ਹਿੰਦੀ ਆਦਿ ਪੂਰਬੀ ਬੋਲੀਆਂ ਵਿਚ ਪਰਿਵਰਤਨ ਦੀ ਇਕ ਹੋਰ ਅਗਲੀ ਸਟੇਜ ਪਹੁੰਚ ਜਾਂਦੀ ਹੈ । ਹੁਣ ਅਸੀਂ ਪ੍ਰਾਕ੍ਰਿਤ-ਵਿਅੰਜਨਾਂ ਦੇ ਪਰਿਵਰਤਨ-ਕਾਰੀ ਉਦਾਹਰਣ ਪੇਸ਼ ਕਰਦੇ ਹਾਂ

(1) *ਅੰਤਰ-ਸਵਰੀ ਵਿਅੰਜਨਾਂ ਦਾ ਲੋਪ* (Deletion of intervocalic consonants) : ਭਾਰਤੀ-ਆਰੀਆ ਭਾਸ਼ਾ ਦੇ ਮੱਧਕਾਲ ਤਕ ਆਉਂਦੇ ਆਉਂਦੇ ਦੋ ਸਵਰਾਂ ਦੇ ਮੱਧਵਰਤੀ

---

* ਸੰਸਕ੍ਰਿਤ ਵਿਚ /ः/ ਇਹ ਵਿਸਰਗ ਚਿੰਨ੍ਹ ਹੈ, ਇਸ ਦਾ ਉਚਾਰਣ ਹ ਧੁਨੀ ਵਾਂਗੂ ਹੁੰਦਾ ਹੈ, ਪਰ ਵਿਸਰਗ ਨਿਰਬਲ ਹੈ ।

ਵਿਅੰਜਨਾ ਦਾ ਉੱਚਾਰਣ ਕਾਫੀ ਸਿਥਲ ਤੇ ਨਿਰਬਲ ਹੋਣ ਲਗ ਪਿਆ ਸੀ, ਨਤੀਜੇ ਵਜੋਂ ਮੱਧਵਰਤੀ ਵਿਅੰਜਨ-ਧੁਨੀਆਂ ਲੁਪਤ ਹੋਣ ਲਗੀਆ। ਵੰਨਗੀਆ ਵੇਖੋ :

ਪ੍ਰਾਕ੍ਰਿਤ ਸ਼ਬਦ	ਸੁਈ, ਨਅਨ, ਸੁਗ-/ਸੁਅ, ਹਿਦ/ਹਿਅ, ਸਾਅਰ, ਕਯਲਿ, ਵਯਣ, ਬਾਉਲ, ਣਯਰ, ਰਾਯ, ਏਈਸ, ਲਾਅਣਣ।
ਮੂਲ ਸੰਸਕ੍ਰਿਤ ਸ਼ਬਦ	ਸੂਚਿ, ਨਯਨ, ਸ਼ੁਕ, ਹ੍ਰਿਤ/ਹ੍ਰਿਦਯ, ਸਾਗਰ, ਕਦਲਿ, ਵਚਨ, ਵਯਾਕੁਲ, ਨਗਰ, ਰਾਜਾ, ਏਤਾਦ੍ਰਿਸ਼ (एतदृश) ਲਾਵਣ੍ਯ।
ਪੰਜਾਬੀ ਰੂਪ	ਸੂਈ, ਨੈਣ, ਸੂਆ (=ਤੋਤਾ), ਹਿਰਦਾ/ਹੀਆ, ਸਾਗਰ, ਕੇਲਾ, ਵੈਣ, ਬਾਉਲਾ (ਕਮਲਾ), ਨਗਰ, ਰਾਉ/ਰਾਜਾ, ਅਜਿਹਾ [ਸ਼ਿਆਮ-ਸਲੋਨਾ]।

(2) *ਅਘੋਸ਼ ਵਿਅੰਜਨਾ ਦਾ ਸਘੋਸ਼ੀਕਰਣ* (Voicing of the unvoiced consonants) :

ਪ੍ਰਾਕ੍ਰਿਤ ਸ਼ਬਦ : ਗਚ੍ਛਦਿ, ਸਾਗ, ਕਾਗ, ਘਡ, ਜੜਿਤ (ਗ ← ਕ)
ਸੰਸਕ੍ਰਿਤ ਮੂਲ : ਗਚ੍ਛਤਿ, ਸ਼ਾਕ, ਕਾਕ, ਘਟ, ਜਟਿਤ (ਡ ← ਟ)
ਪੰਜਾਬੀ ਰੂਪ : (ਲਹਿੰਦੀ : ਗੱਛ) ਸਾਗ, ਕਾਗ/ਕਾਂ, ਘੜਾ, ਜੜਤ (ੜ ← ਡ ← ਟ)

(3) *ਤ-ਵਰਗੀ ਵਿਅੰਜਨਾਂ ਦਾ ਮੂਰਧਨੀਕਰਣ* (Retroflexion of the dental consonants) :

ਪ੍ਰਾਕ੍ਰਿਤ : ਪੱਟਨ (ਜਿਵੇਂ ਪਾਕ-ਪੱਟਨ, ਵਿਸ਼ਾਖਾ ਪਟਨ), ਪਡਿਅ, ਵਡ੍ਢਿ, ਗੰਠਿਯ।
ਸੰਸਕ੍ਰਿਤ : ਪੱਤਨ, ਪਤਿਤ (ਹਿੰਦੀ : ਪੜਾ), ਵ੍ਰਿਧਿ, ਗ੍ਰਥਿ/ਗ੍ਰਥਿਤ।
ਪੰਜਾਬੀ : ਪੱਤਣ, ਵੱਡੀ, ਗੰਢਿਆ।

(4) *ਮੱਧਵਰਤੀ ਮਹਾਪ੍ਰਾਣ ਵਿਅੰਜਨਾਂ ਦਾ /ਹ/ ਵਿਚ ਰੂਪਾਂਤਰਣ* :

ਪ੍ਰਾਕ੍ਰਿਤ : ਮੁਹੰ, ਮਹੇਲ, ਸਾਹੁ, ਣਾਹ, ਸਲਾਹਾ, ਗਹਿਰ, ਨਾਹੋ, ਮੇਹੋ, ਸਹਾ, ਣਹੰ।
ਸੰਸਕ੍ਰਿਤ : ਮੁਖੰ, ਮੇਖਲਾ, ਸਾਧੁ, ਨਾਥ, ਸ਼ਲਾਘਾ, ਗੰਭੀਰ, ਨਾਥ, ਮੇਘ, ਸਭਾ, ਨਭੰ।
ਪੰਜਾਬੀ : ਮੂੰਹ, ਹਮੇਲ (ਹਾਰ), ਸਾਧੂ, ਨਾਥ, ਸਲਾਹਾ, ਗਹਿਰ, ਨਾਥ, ਮੀਂਹ, ਸਭਾ, ਨਭ।

(5) */ਪ/ ਦਾ /ਵ/ ਵਿਚ ਰੂਪਾਂਤਰਣ* :

ਪ੍ਰਾਕ੍ਰਿਤ :	ਤਾਵ,	ਅਵਰ
ਸੰਸਕ੍ਰਿਤ :	ਤਾਪ,	ਅਪਰ
ਪੰਜਾਬੀ	ਤਾਉ/ਤਾਅ,	ਔਰ/ਹੋਰ

(6) */ਨ/ ਦਾ /ਣ/ ਵਿਚ ਰੂਪਾਂਤਰਣ*

ਪ੍ਰਕ੍ਰਿਤ	ਣਾਮ,	ਕਣਅ
ਸੰਸਕ੍ਰਿਤ	ਨਾਮ	ਕਨਕ (ਸੋਨਾ)
ਪੰਜਾਬੀ	ਨਾਮ,	——.

(7) */ਸ਼, ਖ, ਸ/ ਦਾ /ਸ/ ਵਿਚ ਰੂਪਾਂਤਰਣ* :

ਪ੍ਰਾਕ੍ਰਿਤ	ਰਿਸਿ,	ਰਾਸਿ
ਸੰਸਕ੍ਰਿਤ	ਰਿਸ਼ੀ,	ਰਾਸ਼ਿ
ਪੰਜਾਬੀ,	ਰਿਖੀ,	ਰਾਸਿ/ਰਾਸ (ਪੂੰਜੀ)

(8) *ਸੰਯੁਕਤ ਵਿਅੰਜਨਾਂ ਦਾ ਦੁੱਤੀਕਰਣ* (Clustering of identical segments) :

ਪ੍ਰਾਕ੍ਰਿਤ : (ਕਾਠ, ਦਕ੍ਖਿਣ, ਮੰਤੱਮੑਸ਼, ਪੁੱਫ, ਸਤ੍ਤ, ਮੁਤ੍ਤ, ਵੇਸ੍ਸਾ, ਅਗ੍ਗੇ, ਪਕ੍ਕ,
ਸਦ੍ਦ, ਛਪ੍ਪਅ, ਉਪ੍ਪਲ, ਲਗ੍ਗ, ਚਕ੍ਕ, ਹਤ੍ਥ, ਜਮ੍ਮ, ਦੁਦ੍ਧ ।

ਸੰਸਕ੍ਰਿਤ : काष्ठ, दक्षिण, मन्त्रल्य, पुष्प, सप्त, मूत्र, वेश्या, अग्रे, पक्व,
शब्द, षटपट, उत्पल, लग्न, चक्र, हस्त, जन्म, दुग्ध ।

ਪੰਜਾਬੀ : (ਕਾਠ, ਦੱਖਣ, ---ਪੁਹਪ, ਸੱਤ, ਮੂਤਰ/ਮੂਤ, ਵੇਸ਼ਿਆ, ਅੱਗੇ, ਪੱਕਾ,
ਸੱਦ, ਛੱਪੈ, ਉਪੱਲ, ਲੱਗਾ, ਚੱਕਾ, ਹੱਥ, ਜੰਮ, ਦੁੱਧ ।

(9) *ਧੁਨੀ-ਗੁੱਛਿਆਂ ਦੀ ਆਦਿ-ਧੁਨੀ ਦਾ ਲੋਪੀਕਰਣ*

ਪ੍ਰਾਕ੍ਰਿਤ : ਥੇਰ, ਪਯਾਣ, ਕੋਲ, ਗਾਮ, ਖੁਰ, ਟੁੱਟ, ਫੋਡਣ, ਬਮ੍ਹਣ, ਜੋਇਸਿਅ,
ਜਾਣ, ਸੇਟਠ

ਸੰਸਕ੍ਰਿਤ : ਸਥਵਿਰ, ਪ੍ਰਯਾਣ, ਕ੍ਰੋਡ, ਗ੍ਰਾਮ, ਕਸੁਰ, ਤ੍ਰੁਟ, ਸਫੋਟਨ, ਬ੍ਰਾਹਮਣ, ਜਯੋਤਿਸ਼ੀ,
ਗਿਆਨ, ਸ੍ਰੇਸ਼ਠ

ਪੰਜਾਬੀ : ਠੇਰਾ (ਬੁੱਢਾ), ਪਿਆਨ,* ਕੋਲੇ, ਗ੍ਰਾਂ, ਖੁਰ, ਟੁੱਟ, ਫੋੜਨ, ਬਾਮ੍ਹਣ, ਜੋਤਸ਼ੀ,
ਗਿਆਨ, ਸੇਠ ।

(10) */ਯ/ ਦਾ /ਜ/ ਵਿਚ ਰੂਪਾਂਤਰਣ*

ਪ੍ਰਾਕ੍ਰਿਤ ਕਜ੍ਜ, ਸੇਜ੍ਜਾ, ਵਿਜ੍ਜੁ, ਅਜ੍ਜ ।

ਸੰਸਕ੍ਰਿਤ ਕਾਰ੍ਯ, ਸ਼ਯ੍ਯਾ, ਵਿਦ੍ਯੁਤ, ਅਦ੍ਯ ।

ਪੰਜਾਬੀ ਕਾਜ, ਸੇਜ, ਬਿੱਜ, ਅੱਜ ।

(11)

/-ਤ੍ਯ/ ਤੋਂ /ਚ੍ਛ/ : ਸਚ੍ਚ (ਸੰ. ਸਤਯ), ਣਚ੍ਚ (ਨ੍ਰਿਤਯ),

/ਤ੍ਸ/ਤੋਂ/-ਚ੍ਛ/ : (ਸੰ. ਵਤ੍ਸ), ਉਚ੍ਛਾਹ (ਉਤਸਾਹ), ਮਚ੍ਛਰ (ਸੰ. ਮਤ੍ਸਰ, ਪੰ. ਮੱਛਰ)

/ਪ੍ਸ, ਸ਼ਚ/ ਤੋਂ /-ਚੁਛ/ : ਪਚ੍ਛਾ (ਸੰ. ਪਸਚਾਤ,) ਅਚ੍ਛਰਾ (ਸੰ. ਅਪਸਰਾ, (ਪੰ. ਅਪੱਛਰਾ)

/-ਹ੍ਯ, -ਧ੍ਯ/ ਤੋਂ ਜ੍ਝ/ : ਗੁਜਝ (ਗੁਹਯ, ਪੰ. ਗੁੱਝਾ), ਬੁਜਝਈ (ਸੰ. ਬੁਧਯਤੇ, ਪੰ. ਬੁੱਝ)

ਪ੍ਰਾਕ੍ਰਿਤ ਵਿਆਕਰਣ (Morphology & Syntax)

ਪ੍ਰਾਕ੍ਰਿਤ ਭਾਸ਼ਾ ਦੀ ਸ਼ਬਦ-ਰਚਨਾ, ਵਿਉਤਪੱਤੀ (derivation), ਅਤੇ ਵਿਭਕਤੀ (inflection) ਸਿਸਟਮ ਵਿਚ ਵੀ ਸਰਲੀਕਰਣ ਦੀ ਪ੍ਰਕ੍ਰਿਆ ਪ੍ਰਭਾਵਕ ਰਹੀ ਹੈ । ਪ੍ਰਾਕ੍ਰਿਤ ਦੇ ਪੱਧਰ ਤੇ ਜਿਹੜੀਆਂ ਪ੍ਰਵਿਰਤੀਆਂ, ਪ੍ਰਕ੍ਰਿਆਵਾਂ ਤੇ ਝੁਕਾ ਪੈਦਾ ਹੋਏ ਸਨ ਅਤੇ ਜਿਨ੍ਹਾਂ ਦੇ ਅਸਰ-ਅੰਦਾਜ਼ ਕਰਕੇ ਵਿਆਕਰਣਿਕ (ਰੂਪਾਤਮਕ, ਵਾਕਾਤਮਕ, ਕੋਸ਼ਾਤਮਕ) ਪਰਿਵਰਤਨ

* ਪੁਰਾਤਨ ਪੰਜਾਬੀ : ਪ੍ਰਭਾਕਰ ਕੀਓਂ *ਪਿਆਣ* (= ਚਲਾਣਾ, ਸੁਰਗਵਾਸ) ।

ਤੇ ਰੂਪਾਂਤਰਣ ਵਾਪਰੇ ਸਨ ਉਹੋ ਹੀ ਭਾਰਤੀ-ਆਰੀਆ ਭਾਸ਼ਾ ਦੀਆਂ ਆਧੁਨਿਕ ਆਰੀਆ ਬੋਲੀਆਂ ਵਿਚ ਉਜਾਗਰ ਹੋਏ ਹਨ। ਸੰਸਕ੍ਰਿਤ ਵਿਚ ਸਵਰਾਂ ਤੇ ਵਿਅੰਜਨਾਂ ਵਿਚ ਸੰਧੀ ਦੇ ਨਿਯਮ ਅਨਿਵਾਰੀ ਤੇ ਸਖਤ ਸਨ, ਕੋਈ ਅਪਵਾਦ ਤੇ ਛੋਟਾਂ ਨਹੀਂ ਸਨ ਪਰੰਤੂ ਪ੍ਰਾਕ੍ਰਿਤਾਂ ਵਿਚ ਸੰਧੀ-ਨਿਯਮ ਸ਼ਿਥਲ ਤੇ ਪ੍ਰਭਾਵ-ਹੀਣ ਹੁੰਦੇ ਗਏ। ਜਿਵੇਂ ਕਿ ਅੱਜ ਪੰਜਾਬੀ ਦੇ ਸ਼ਬਦ- ਵਿਧਾਨ ਵਿਚ ਦ੍ਰਿਸ਼ਟਮਾਨ ਹੁੰਦੇ ਹਨ (ਪਰੋਪਕਾਰ ਪੰਜਾਬੀ ਵਿਚ ਪਰਉਪਕਾਰ ਹੀ ਰਹਿੰਦਾ ਹੈ। ਸੰਧੀ ਹੋ ਕੇ /-ਓ-/ ਵਿਚ ਰੂਪਾਂਤਰਿਤ ਨਹੀਂ ਹੁੰਦੇ)।

ਰੂਪ-ਵਿਗਿਆਨ (morphology) ਦੇ ਅੰਤਰਗਤ ਕੋਸ਼ਾਤਮਕ (lexical) ਤਾਂ ਸੁਰੱਖਿਅਤ ਰਹੇ, ਪਰ ਗੈਰ-ਕੋਸ਼ਾਤਮਕ ਮਦਾਂ* (non-lexical items) ਵਿਚ ਪਰਿਵਰਤਨ ਦੀ ਦਰ ਤੇਜ਼ ਹੋ ਗਈ। ਕਾਰਕ-ਵਿਭਕਤੀਆਂ ਦੇ ਅੰਤਕੇ- ਚਿੰਨ੍ਹ ਬੜੀ ਤੇਜ਼ੀ ਨਾਲ ਬਦਲ ਗਏ ਹਨ। ਨਤੀਜਾ ਇਹ ਹੈ ਕਿ ਪ੍ਰਾਕ੍ਰਿਤ ਲੈਵਲ 'ਤੇ ਕਾਰਕ- ਵਿਭਕਤੀ ਚਿੰਨ੍ਹਾਂ ਵਿਚ ਫੇਰ ਪਰਿਵਰਤਨ ਹੋਕੇ ਇਕਰੂਪਤਾ ਤੇ ਸਮਰੂਪਤਾ ਪੈਦਾ ਹੋ ਗਈ। ਕਾਰਕ-ਵਿਭਕਤੀਆਂ ਵਿਚੋਂ ਕਰਣ-ਕਾਰਕ ਤੇ ਅਪਾਦਾਨ-ਕਾਰਕ ਅਤੇ ਫੇਰ ਸੰਪ੍ਰਦਾਨ-ਕਾਰਕ ਅਤੇ ਸੰਬੰਧ-ਕਾਰਕ ਦੇ ਵਿਭਕਤੀ-ਚਿੰਨ੍ਹ ਆਪਸ ਵਿਚ ਸੰਖਿਪੀਕਰਣ ਕਰਕੇ ਵਿਲੀਨ ਹੋ ਗਏ ਹਨ। ਅਗੇ ਜਾਕੇ ਸੰਪ੍ਰਦਾਨ ਕਾਰਕ-ਵਿਭਕਤੀ ਪਿਛੇਤਰਾਂ ਦਾ ਉੱਕਾ ਹੀ ਲੋਪ ਹੋ ਗਿਆ ਅਤੇ ਸੰਪ੍ਰਦਾਨ ਦਾ ਪ੍ਰਕਾਰਜ ਸੰਬੰਧ ਕਾਰਕ-ਵਿਭਕਤੀ ਤੋਂ ਹੀ ਲਿਆ ਜਾਣ ਲੱਗਾ। ਆਧੁਨਿਕ ਪਾਰਿਭਾਸ਼ਕ ਸ਼ਬਦਾਵਲੀ ਵਿਚ ਸੰਪ੍ਰਦਾਨ ਅਤੇ ਸੰਬੰਧ ਕਾਰਕ ਵਿਭਕਤੀ-ਚਿੰਨ੍ਹਾਂ ਵਿਚ ਵਿਰੋਧ neutralise ਹੋ ਗਿਆ।

ਪ੍ਰਾਕ੍ਰਿਤ ਵਿਚ ਲਿੰਗ-ਵਿਧਾਨ ਦਾ ਦੋ-ਰੁਖਾ ਵਿਰੋਧ (contrast) ਸਥਾਪਿਤ ਹੁੰਦਾ ਹੈ ਅਰਥਾਤ ਪੁਲਿੰਗ ਤੇ ਇਸਤ੍ਰੀ ਲਿੰਗ। ਸੰਸਕ੍ਰਿਤ ਦਾ ਨਪੁੰਸਕ-ਲਿੰਗ ਪ੍ਰਾਕ੍ਰਿਤ ਵਿਚ ਲੋਪ ਹੋ ਗਿਆ। ਏਸੇ ਤਰ੍ਹਾਂ ਪ੍ਰਾਕ੍ਰਿਤ ਦਾ ਵਚਨ- ਵਿਧਾਨ ਵੀ ਦੋ-ਰੁਖਾ ਵਿਰੋਧ ਦਰਸਾਉਂਦਾ ਹੈ- ਇਕ-ਵਚਨ ਤੇ ਬਹੁਵਚਨ। ਸੰਸਕ੍ਰਿਤ ਵਿਚ ਜਿਹੜਾ ਦੁਵਚਨ (ਦ੍ਵਿ-ਵਚਨ -dual) ਪ੍ਰਚਲਿਤ ਸੀ ਉਹ ਪ੍ਰਾਕ੍ਰਿਤ ਵਿਚ ਆਕੇ ਲੁਪਤ ਹੋ ਗਿਆ। ਇਕ ਗੱਲ ਹੋਰ ਵੀ ਮਹੱਤਵਪੂਰਣ ਹੈ ਕਿ ਪ੍ਰਾਕ੍ਰਿਤ ਵਿਚ ਵਿਉਤਪੱਤੀ (derivation) ਨਾਲੋਂ ਵਿਭਕਤੀਕਰਣ (inflection) ਦੀ ਪਰਿਪਾਟੀ ਵਿਚ ਵੱਧ ਪਰਿਵਰਤਨ ਤੇ ਅਦਲਾ-ਬਦਲੀ ਜਾਰੀ ਰਖੀ ਹੈ। ਵਿਭਕਤੀ-ਵਿਧਾਨ ਵਿਚ ਵੀ ਨਾਵੀਂ ਵਿਭਕਤੀ (nominal inflection) ਅਤੇ ਕ੍ਰਿਆਵੀ ਵਿਭਕਤੀ (verbal inflection) ਦਾ ਵੰਡ-ਵਿਧਾਨ ਸਥਾਪਿਤ ਹੈ। ਇਸ ਲਈ ਹੁਣ ਨਾਵੀਂ ਵਿਭਕਤੀ ਪ੍ਰਕ੍ਰਿਆ ਦੇ ਅੰਤਰਗਤ ਕਾਰਕ-ਵਿਭਕਤੀਆਂ ਦਾ ਉਲੇਖ ਕੀਤਾ ਜਾਂਦਾ ਹੈ। ਕਾਰਕ-ਵਿਭਕਤੀ ਚਿੰਨ੍ਹਾਂ ਦੇ ਮਾਰਫੀਮਕ ਕਾਰਜਾਂ ਵਿਚ ਪ੍ਰਾਕ੍ਰਿਤ ਸ਼ਬਦ-ਸੰਰਚਨਾ ਦੇ ਪੱਧਰ 'ਤੇ ਜੋ ਪਿਛੇਤਰੀ ਤੇ ਧੁਨੀਆਤਮਕ ਖੀਣਤਾ ਆਈ ਹੈ ਉਸ ਦਾ ਸੰਖੇਪ ਵਰਣਨ ਉਪੱਰ ਕੀਤਾ ਜਾ ਚੁੱਕਾ ਹੈ। ਹੁਣ ਕਾਰਕ-ਵਿਭਕਤੀਆਂ ਦੀ ਰੂਪਾਵਲੀ (paradigm) ਦਾ ਇਕ ਰੇਖਾ-ਚਿਤਰ ਰਾਹੀਂ ਅੰਕਣ ਕੀਤਾ ਜਾਂਦਾ ਹੈ। ਵੰਨਗੀ ਮਾਤਰ ਪੇਸ਼ ਹੈ :

---

* These (non-lexical) suffixes serve the purpose of INFLECTION, to express such non-lexical notions as the relationship between words to each other within a given sentence'. Hans Henrich Hock : *Principles of Historical Linguistics*, 1991, 29

ਪ੍ਰਾਕ੍ਰਿਤ "ਵੀਰ" ਪੁਲਿੰਗ ਸ਼ਬਦ ਦੀਆ ਕਾਰਕ-ਵਿਭਕਤੀਆ ਦੀ ਰੂਪਾਵਲੀ (Paradigm)

ਕਾਰਕ	ਪ੍ਰਾਕ੍ਰਿਤ : ਇਕ ਵਚਨ :	ਬਹੁਵਚਨ	ਸੰਸਕ੍ਰਿਤ ਇਕ ਵਚਨ :	ਬਹੁਵਚਨ	ਪੰਜਾਬੀ ਅਰਥਾਤਮਕ ਪ੍ਰਭਾਵ	
ਕਰਤਾ :	ਵੀਰੋ	ਵੀਰਾ	वीरः	वीरा	ਵੀਰ (ਖੰਦਾ)	ਵੀਰ (ਖੰਦੇ)
ਕਰਮ :	ਵੀਰੰ	ਵੀਰਾ	वीरं	वीरान्	ਵੀਰ ਨੂੰ	ਵੀਰਾਂ ਨੂੰ
ਕਰਣ :	ਵੀਰੇਣ	ਵੀਰੇਹਿ	वीरेण	वीरैः	ਵੀਰ ਰਾਹੀਂ	ਵੀਰਾਂ ਰਾਹੀਂ
ਸੰਪ੍ਰਦਾਨ :	ਵੀਰਸਸ	ਵੀਰਾਣੰ	वीराय	वीरेभ्यः	ਵੀਰ ਲਈ	ਵੀਰਾ ਲਈ
ਸੰਬੰਧ :	" "	" "	वीरस्य	वीराणाम्	ਵੀਰ ਦਾ	ਵੀਰਾਂ ਦਾ
ਅਪਾਦਾਨ :	ਵੀਰਾਉ	ਵੀਰਾਓ	वीरात्	वीरेभ्य	ਵੀਰ ਤੋਂ	ਵੀਰਾ ਤੋਂ
ਅਧਿਕਰਣ	ਵੀਰੇਸਿ/ਵੀਰੰਮਿ	ਵੀਰੇਸੁ	वीरे	वीरेषु	ਵੀਰ ਵਿਚ	ਵੀਰਾ ਵਿਚ

ਪ੍ਰਾਕ੍ਰਿਤ ਦੀ ਨਾਵੀਂ ਰੂਪਾਵਲੀ ਵਿਅੰਜਨਾਂਤ ਮੂਲਾਂਸ (stem) ਨਾਲੋਂ ਸਵਰਾਂਤ ਮੂਲਾਂਸ ਹੀ ਵਧੇਰੇ ਉਪਲਬਧ ਹੈ। ਇਸ ਲਈ "ਵੀਰ" ਸ਼ਬਦ-ਰੂਪਾਵਲੀ ਤੋਂ ਇਲਾਵਾ, ਇ-ਅੰਤ 'ਰਿਸਿ' (ਰਿਸ਼ੀ), ਉ-ਅੰਤ "ਭਾਣੂ" (ਭਾਨੁ = ਸੂਰਜ), ਆ-ਅੰਤ "ਪਿਆ" (ਪਿਤਾ) ਦੀ ਕਾਰਕ-ਵਿਭਕਤੀ ਰੂਪਾਵਲੀ "ਵੀਰ" ਦੀ ਤਰ੍ਹਾਂ ਹੀ ਹੈ, ਪਰ ਕਿਤੇ ਕਿਤੇ ਫ਼ਰਕ ਹੈ। ਪ੍ਰਾਕ੍ਰਿਤ ਦੇ ਇਸਤ੍ਰੀ ਲਿੰਗੀ ਰੂਪਾਂ ਵਿਚ ਤਾਂ ਸਮਾਨਤਾ ਤੇ ਇਕਰੂਪਤਾ ਹੋਰ ਵੀ ਵੱਧ ਪ੍ਰਚਲਿਤ ਹੋ ਗਈ। ਜਿਵੇਂ "ਮਾਲਾ, ਨਦੀ, ਬਹੂ" ਆਦਿ ਇਸਤ੍ਰੀ-ਲਿੰਗ ਦੇ ਕਾਰਕ ਵਿਭਕਤੀ-ਚਿੰਨ੍ਹ, ਆਪਸ ਵਿਚ ਬਹੁਤ ਘਟ ਵਿਰੋਧ ਪ੍ਰਗਟ ਕਰਦੇ ਹਨ। ਕਾਰਕ-ਚਿੰਨ੍ਹ ਕਰਣ, ਸੰਪ੍ਰਦਾਨ, ਅਪਾਦਾਨ ਵਿਚ ਇਕੋ-ਜਿਹੇ ਹੋ ਗਏ। ਇਸ ਲਈ ਪ੍ਰਾਕ੍ਰਿਤ ਭਾਸ਼ਾਵਾ ਭਾਵੇਂ ਅਜੇ ਵੀ inflecting (ਵਿਭਕਤੀ ਮੂਲਕ) ਚਲ ਰਹੀਆਂ ਹਨ ਪਰ ਕਾਰਕ-ਚਿੰਨ੍ਹਾਂ ਦੀ ਥਾਂ Post-positions ਪੈਦਾ ਹੋਣ ਲਗੀਆਂ ਜੋ ਅਗੇ ਜਾ ਕੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਪੂਰੀ ਤਰ੍ਹਾਂ ਵਿਕਸਿਤ ਹੋ ਗਈਆਂ ਹਨ।

ਨਾਂਵ-ਰੂਪਾਂ ਦੀ ਤਰਜ਼ ਤੇ ਪੜਨਾਂਵ ਤੇ ਵਿਸ਼ੇਸ਼ਣ ਸ਼ਬਦਾਂ ਦੀ ਵਿਭਕਤੀ-ਰੂਪਾਵਲੀ ਵੀ ਪ੍ਰਯੁਕਤ ਹੁੰਦੀ ਹੈ, ਲੇਕਿਨ ਇਨ੍ਹਾਂ ਵਿਚ ਜ਼ਿਆਦਾ ਛੋਟਾਂ ਤੇ ਬਹੁ-ਰੂਪਤਾ ਹੈ। ਪਰ ਵਿਭਕਤੀਆਂ ਦੀ ਗਿਣਤੀ ਘਟਦੀ ਗਈ ਹੈ।

ਕ੍ਰਿਆਵੀ ਵਿਭਕਤੀਕਰਣ ਵਿਚ ਅਜੇ ਵੀ ਸੰਸਕ੍ਰਿਤ ਦੇ ਵਿਭਕਤੀ-ਮੂਲਕ ਪਿਛੇਤਰਾਂ (inflecting suffixes) ਦੀ ਤਰ੍ਹਾਂ ਪ੍ਰਾਕ੍ਰਿਤ ਪਿਛੇਤਰਾਂ ਦੇ ਰੂਪ ਹਨ, ਖ਼ਾਸ ਕਰਕੇ ਵਰਤਮਾਨ ਕਾਲ ਦੀ ਰੂਪਾਵਲੀ ਵਿਚ। ਵਰਤਮਾਨ ਕਾਲ ਦੀ ਰੂਪਾਵਲੀ ਪ੍ਰਸਤੁਤ ਹੈ

ਪ੍ਰਾਕ੍ਰਿਤ ਧਾਤੂ "ਪੁੱਛ" ਦੇ ਵਰਤਮਾਨ ਕਾਲ ਦੀ ਰੂਪਾਵਲੀ ਦਾ ਰੇਖਾ-ਚਿਤਰ

	ਪ੍ਰਾਕ੍ਰਿਤ ਇ ਵ	ਬਹੁ ਵ	ਸੰਸਕ੍ਰਿਤ ਇ ਵ	ਬਹੁ ਵ	ਪੰਜਾਬੀ ਅਰਥਾਤਮਕ ਪ੍ਰਭਾਵ ਇ ਵ.	ਬਹੁ ਵ
ਉੱਤਮ ਪੁਰਖ	ਪੁੱਛਮਿ	ਪੁੱਛਮੋ	पृच्छामि	पृच्छामः	ਪੁੱਛਦਾ ਹਾਂ	ਪੁੱਛਦੇ ਹਾਂ
ਦੂਜਾ ਪੁਰਖ	ਪੁੱਛਸਿ	ਪੁੱਛਹਿ	पृच्छसि	पृच्छथ	ਪੁੱਛਦਾ ਏਂ	ਪੁੱਛਦੇ ਓ
ਤੀਜਾ ਪੁਰਖ :	ਪੁੱਛਤਿ/ਪੁੱਛੰਤਿ ਪੁੱਛਦਿ/ ਪੁੱਛਇ		पृच्छति	पृच्छन्ति	ਪੁੱਛਦਾ ਹੈ	ਪੁੱਛਦੇ ਹਨ/ਨੇ

ਪ੍ਰਾਕ੍ਰਿਤ ਧਾਤੂ-ਅਰਥੀਮ (root-lexeme) "ਪੁੱਛ" ਪੰਜਾਬੀ ਧਾਤੂ "ਪੁੱਛ-ਣਾ" ਦੇ ਕਿੰਨੇ ਨੇੜੇ ਹੈ ਇਹ ਇਸ ਦੀ ਰੂਪਾਤਮਕ ਬਣਤਰ ਤੋਂ ਭਲੀਭਾਂਤ ਜ਼ਾਹਰ ਹੁੰਦਾ ਹੈ। "ਪੁੱਛ" ਦਾ ਨਿਕਾਸ ਸੰਸਕ੍ਰਿਤ ਧਾਤੂ /ਪ੍ਰਚਛ → ਪ੍ਰਿੱਛ/ ਤੋਂ ਨਿਸ਼ਪੰਨ ਹੋਇਆ ਹੈ। ਸੰ. ਪ੍ਰਿੱਛ ਵਿਚ ਜੋ /਋/ ਧੁਨੀ ਹੈ, ਉਸ ਦਾ ਵਿਕਾਸ ਪੈਟਰਨ /਋ → ਰੁ → ਉ/ ਦੀ ਚਰਚਾ ਧੁਨੀ-ਵਿਸ਼ਲੇਸ਼ਣ ਵਿਚ ਕਰ ਆਏ ਹਾਂ। ਜ਼ਾਹਰ ਹੈ ਕਿ ਆਧੁਨਿਕ ਪੰਜਾਬੀ ਭਾਸ਼ਾ ਦੀਆਂ ਭਾਸ਼ਾਗਤ ਵਿਲੱਖਣਤਾਵਾਂ ਅਤੇ ਵੱਖਰਤਾਵਾਂ ਦਾ ਆਰੰਭ ਪ੍ਰਾਕ੍ਰਿਤ ਭਾਸ਼ਾ ਦੇ ਯੁਗ ਵਿਚ ਹੋ ਗਿਆ ਸੀ ਜੋ ਹੌਲੀ ਹੌਲੀ ਭਾਸ਼ਾ ਦੇ ਹਰ ਵਿਭਾਗ ਵਿਚ ਉਤਰੀਆਂ ਹਨ। ਹਿੰਦੀ, ਪੰਜਾਬੀ ਆਦਿ ਆਧੁਨਿਕ ਭਾਰਤੀ-ਭਾਸ਼ਾਵਾਂ ਦੀਆਂ ਕ੍ਰਿਆਵਾਂ ਦੇ ਰੂਪਾਂ ਵਿਚ ਵਿਭਕਤੀ- ਪਿਛੇਤਰਾਂ ਦੀ ਥਾਂ ਜੋ ਸਹਾਇਕ ਕ੍ਰਿਆਵਾਂ (ਹੈ, ਹਨ, ਸੀ, ਸਨ) ਦਾ ਉਦੈ ਹੋਇਆ ਹੈ ਇਹ ਸੰਸਕ੍ਰਿਤ-ਪ੍ਰਾਕ੍ਰਿਤ ਦੀ ਵਿਭਕਤੀ ਸਿਸਟਮ ਤੋਂ ਬਿਲਕੁਲ ਅੱਡਰਾ ਅਲਗ-ਥਲਗ ਵਿਕਾਸ ਹੋਇਆ ਹੈ। ਕਾਰਕੀ ਵਿਭਕਤੀ-ਚਿੰਨ੍ਹ ਲੋਪ ਹੁੰਦੇ ਗਏ ਅਤੇ ਵਚਨ, ਲਿੰਗ, ਕਾਲ, ਮੂਡ, ਵਾੱਚ ਆਦਿ ਕ੍ਰਿਆ ਦੀਆਂ ਵਿਆਕਰਣਿਕ ਉਪ-ਸ਼੍ਰੇਣੀਆਂ (sub-classes) ਨੂੰ ਪ੍ਰਗਟ ਕਰਨ ਲਈ ਸਹਾਇਕ ਕ੍ਰਿਆਵਾਂ ਅਤੇ ਕ੍ਰਿਆਵੀ ਸੰਜੜਤ-ਅੰਤਕਿਆਂ ਦਾ ਵਿਧਾਨ ਚਾਲੂ ਹੁੰਦਾ ਗਿਆ। ਵਿਭਕਤੀਆਂ ਦੀ ਥਾਂ ਸਹਾਇਕ ਕ੍ਰਿਆਵਾਂ ਦੇ ਪ੍ਰਚਲਨ ਲਈ ਇਕ ਵਿਸ਼ੇਸ਼ ਭਾਸ਼ਾ-ਪ੍ਰਪੰਚ ਜ਼ਿੰਮੇਵਾਰ ਹੈ ਉਹ ਹੈ ਧਾਤੂ/ਮੂਲਾਸ਼ (root\stem) ਦੀ ਥਾਂ ਅਤੇ ਕ੍ਰਿਆ-ਰੂਪਾਵਲੀ ਦੀ ਥਾਂ "ਕ੍ਰਿਦੰਤ" (participle) ਦਾ ਪ੍ਰਯੋਗ। ਪੰਜਾਬੀ ਵਰਤਮਾਨ ਕਾਲ ਦੇ ਕ੍ਰਿਆ-ਰੂਪ ਜਿਵੇਂ "ਪੁੱਛਦਾ ਹੈ, ਪੁੱਛਦੇ ਹਨ, ਪੁੱਛਦੈਂ, ਪੁੱਛਦਾਂ, ਪੁੱਛਦੇ ਹੋ" ਵਿਚ ਸਹਾਇਕ ਕ੍ਰਿਆਵਾਂ "ਹੈ, ਹਨ, -ਐਂ, ਹਾਂ, ਹੋ" ਦਾ ਮੂਲਾਸ਼ ਆਧਾਰ-ਬਿੰਦੂ (ਪੁੱਛਦਾ) ਹੈ। "ਪੁੱਛਦ" ਕ੍ਰਿਦੰਤ-ਰੂਪ ਹੈ, ਕ੍ਰਿਆ-ਰੂਪ ਨਹੀਂ। ਕ੍ਰਿਦੰਤ-ਪ੍ਰਯੋਗ ਸੰਸਕ੍ਰਿਤ-ਯੁਗ ਵਿਚ ਹੀ ਸ਼ੁਰੂ ਹੋ ਗਿਆ ਸੀ

ਸੰਸਕ੍ਰਿਤ ਯੁਗ ਵਿਚ ਕਿਤੇ ਕਿਤੇ ਕ੍ਰਿਆ-ਰੂਪ ਦੀ ਥਾਂ ਕ੍ਰਿਦੰਤੀ ਰੂਪ ਮਿਲਦੇ ਹਨ ਅਤੇ ਉਹ ਸਵੀਕ੍ਰਿਤ ਤੇ grammatical ਮੰਨੇ ਜਾਂਦੇ ਰਹੇ ਹਨ। ਉਥੇ ਭੂਤ ਕ੍ਰਿਆ (असौ जगाम) "ਅਸੌ ਜਗਾਮ" ਦੀ ਥਾਂ "ਅਸੌ ਗਤੋ-ਅਸਤਿ" (असौ गतो ऽ स्ति) ਇਹ ਭੂਤ ਕ੍ਰਿਦੰਤੀ ਪ੍ਰਯੋਗ ਵੀ ਵਰਤਿਆ ਜਾ ਸਕਦਾ ਸੀ। ਇਸ ਦਾ ਵਿਕਾਸ ਪ੍ਰਾਕ੍ਰਿਤ-ਯੁਗ ਵਿਚ ਥੋੜ੍ਹਾ ਬਹੁਤ ਰਿਹਾ ਹੈ, ਪਰੰਤੂ ਮਾਡਰਨ ਭਾਰਤੀ-ਆਰੀਆ ਭਾਸ਼ਾਵਾਂ ਵਿਚ ਕ੍ਰਿਦੰਤ ਪ੍ਰਯੋਗ ਹੀ ਚਾਲੂ ਹੋਏ ਹਨ ਅਤੇ ਕ੍ਰਿਆਵੀ ਵਿਭਕਤੀਆਂ ਲੋਪ ਹੋ ਗਈਆਂ ਹਨ। ਵਿਭਕਤੀ-ਲੋਪ ਦੀ ਹਾਨੀ-ਪੂਰਤੀ (compensation) ਲਈ ਕ੍ਰਿਦੰਤ ਪ੍ਰਯੁਕਤ ਹੋਣ ਲਗੇ ਹਨ। ਇਹੋ ਕਾਰਣ ਹੈ ਕਿ ਪੰਜਾਬੀ/ਹਿੰਦੀ ਦੇ ਵਰਤਮਾਨ ਦੇ (ਹਿੰਦੀ : ਪੂਛਤਾ ਹੈ, ਪੂਛਤੇ ਹਨ) ਵਿਚ (ਪੂਛਤ) ਅਤੇ (ਪੰਜਾਬੀ : ਪੁੱਛਦਾ ਹੈ, ਪੁੱਛਦੇ ਹਨ) ਵਿਚ (ਪੁੱਛਦ) ਵਰਤਮਾਨ ਕ੍ਰਿਦੰਤ ਹਨ ਜਿਨ੍ਹਾਂ ਨਾਲ ਸਹਾਇਕ ਕ੍ਰਿਆਵਾਂ ਦੇ ਯੋਗ ਨਾਲ ਕ੍ਰਿਆ-ਰੂਪ ਰਚੇ ਜਾਂਦੇ ਹਨ ਅਤੇ ਸੰਸਕ੍ਰਿਤ/ਪ੍ਰਾਕ੍ਰਿਤ (ਪੁਛਤਿ, ਪੁਛੰਤਿ) ਦਾ ਵਿਭਕਤੀ-ਪੈਟਰਨ ਲੁਪਤ ਹੋ ਗਿਆ ਹੈ। ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਇਤਿਹਾਸਿਕ ਵਿਕਾਸ ਵਿਚ ਇਹ ਬਹੁਤ ਵੱਡੀ ਭਾਸ਼ਾਗਤ ਤਬਦੀਲੀ ਵਾਪਰੀ ਹੈ ਜਿਸ ਨੇ ਪੰਜਾਬੀ, ਹਿੰਦੀ ਦਾ ਚਿਹਰਾ ਹੀ ਬਦਲ ਕੇ ਰੱਖ ਦਿੱਤਾ ਹੈ। ਪਰ ਇਹ ਪਰਿਵਰਤਨ-ਹੱਕ ਸੰਰਚਨਾਤਮਕ/ਵਿਆਕਰਣਿਕ ਮਦਾਂ ਤਕ ਹੀ ਸੀਮਿਤ ਹੈ ਜਿਨ੍ਹਾਂ ਨੂੰ non-lexical items ਕਿਹਾ ਜਾ ਸਕਦਾ ਹੈ, ਜੋ ਸਿਰਫ function-words ਹਨ, ਪਰ ਉਲੇਖਯੋਗ ਤੱਥ ਇਹ ਹੈ ਕਿ ਪੰਜਾਬੀ, ਹਿੰਦੀ ਆਦਿ ਦੇ ਸਮੂਹ lexemes/lexical items (ਕੋਸ਼ੀ ਮਦਾਂ) ਨਿਸਚੇ ਹੀ ਸੰਸਕ੍ਰਿਤ-ਪ੍ਰਾਕ੍ਰਿਤ ਦਾ ਆਧਾਰਕ ਵਿਉਤਪੰਨ ਸਰੂਪ ਕਾਇਮ ਰਖ ਰਹੇ ਹਨ। ਉਨ੍ਹਾਂ ਵਿਚ ਸਿਰਫ ਧੁਨੀਆਤਮਕ ਤੇ ਉਚਾਰਣਗਤ ਪਰਿਵਰਤਨ ਅਤੇ ਰੂਪਾਤਰਣ ਵਾਪਰੇ

ਅੰਸ਼ ਵਿਪੀਵਤ ਸਥਿਰ ਹਨ। ਪੰਜਾਬੀ, ਹਿੰਦੀ ਦੇ lexems ਦੀਆਂ ਜੜ੍ਹਾਂ ਯਕੀਨਨ ਸੰਸਕ੍ਰਿਤ ਪ੍ਰਾਕ੍ਰਿਤਾਂ ਵਿਚ ਭਲੀ-ਭਾਂਤ ਉਪਲਬਧ ਹੁੰਦੀਆ ਹਨ।

ਪ੍ਰਾਕਿਤ ਭੂਤਕਾਲ ਦੇ ਕ੍ਰਿਆਵੀ ਰੂਪਾਂ ਤੋਂ ਸਿਵਾਏ ਭੂਤ-ਕ੍ਰਿਦੰਤੀ ਪ੍ਰਯੋਗ ਜ਼ਿਆਦਾ ਹੋਣ ਲੱਗ ਪਏ ਸਨ ਜਿਵੇਂ ਕਿ ਪੰਜਾਬੀ, ਹਿੰਦੀ ਵਿਚ ਹੁਣ ਪ੍ਰਚਲਿਤ ਹਨ। ਪੰਜਾਬੀ ਦੇ ਭੂਤਕਾਲੀ ਕ੍ਰਿਦੰਤੀ ਰੂਪ ਪ੍ਰਾਕ੍ਰਿਤ ਦੇ ਭੂਤ-ਕਿਰਦੰਤੀ ਰੂਪਾਂ ਦੇ ਲੈਵਲ ਤੇ ਖੜੇ ਹਨ ਜਦ ਕਿ ਹਿੰਦੀ ਆਦਿ ਭਾਸ਼ਾ ਦੇ ਇਹ ਰੂਪ ਇਕ ਸਟੇਜ ਹੋਰ ਅੱਗੇ ਵਿਕਾਸ ਕਰ ਗਏ ਹਨ। ਉਦਾਹਰਣ ਪੇਸ਼ ਹੈ :

(1) ਸੰ (कृतः) ਕ੍ਰਿਤ : → ਪ੍ਰਾ ਕਇਤ/ਕਇਦ, ਕਇਅ → ਪੰ. ਕੀਤਾ (ਹਿੰਦੀ :ਕਿਯਾ)
(2) ਸੰ. (लब्धः) ਲਬਧ : → ਪ੍ਰਾ ਲੱਧ (लद्ध) → ਪੰ ਲੱਧਾ (ਹਿੰਦੀ : ਲਿਯਾ)
(3) ਸੰ (धौतः) ਧੌਤ : → ਪ੍ਰਾ ਧੋਇਤ, → ਪੰਜਾਬੀ, ਧੋਤਾ (ਹਿੰਦੀ : ਧੋਯਾ)

ਸਪਸ਼ਟ ਹੈ ਕਿ ਪ੍ਰਾਕ੍ਰਿਤ ਭੂਤਕਾਲੀ ਕ੍ਰਿਦੰਤੀ ਰੂਪ ਪਛਾਨਣ-ਯੋਗ ਸ਼ਕਲਾਂ ਵਿਚ ਪੰਜਾਬੀ ਦੇ ਭੂਤਕਾਲੀ ਰੂਪਾਂ ਵਿਚ ਕਾਇਮ ਹਨ ਜਦ ਕਿ ਹਿੰਦੀ ਦੇ ਇਹ ਰੂਪ ਵਿਅਜੰਨ-ਲੋਪ ਸਮੇਤ ਬਦਲ ਚੁਕੇ ਹਨ।

ਭਵਿਖਤ ਕਾਲ ਦੇ ਪ੍ਰਾਕ੍ਰਿਤ ਰੂਪਾਂ ਵਿਚ ਜੋ ਵਿਕਾਸਾਤਮਕ ਵਿਕਾਰ ਆਏ ਹਨ ਉਨ੍ਹਾਂ ਵਿਚ ਜ਼ਿਆਦਾ ਧੁਨੀ-ਵਿਕਾਰ ਤੇ ਵਿਭਕਤੀ-ਵਿਕਾਰ ਹੀ ਹਨ। ਦੁਵਚਨ ਦਾ ਲੋਪ ਹੋ। ਇਸ ਲਈ ਸਿਰਫ ਇਕ ਵਚਨ-ਬਹੁਵਚਨ ਦਾ contrast ਹੀ ਉਪਲਬਧ ਹੁੰਦਾ ਹੈ। ਧੁਨੀ-ਵਿਕਾਰਾਂ ਵਿਚ ਰੂਪਾਂਤਰਨ ਹੈ, ਜਿਵੇਂ

ਸੰ ਕ੍ਰਿਸ਼ਯਤਿ → ਪ੍ਰਾ ਕਰਿਸਸਇ → ਲਹਿੰਦੀ ਪੰ. ਕਰਸੀ।

ਇਸ ਤਰ੍ਹਾਂ ਸੰਸਕ੍ਰਿਤ ਵਿਚ ਜਿਹੜੇ ਕਾਲ ਤੇ ਕ੍ਰਿਆਭਾਵ ਪ੍ਰਗਟਾਉਣ ਵਾਲੀਆ ਵੱਖ ਵੱਖ ਦਸ ਧਾਤੂ-ਰੂਪਾਵਲੀਆਂ ਸਨ ਉਨ੍ਹਾਂ ਵਿਚੋਂ ਪ੍ਰਾਕ੍ਰਿਤਾਂ ਵਿਚ ਸਿਰਫ ਚਾਰ ਹੀ ਰਹਿ ਗਈਆਂ। ਕ੍ਰਿਆਭਾਵਾਂ (ਮੂਡ) ਵਿਚ ਕੇਵਲ ਆਗਿਆਵਾਚੀ ਤੇ ਸ਼ਰਤੀਆ ਮੂਡ ਹੀ ਬਚੇ ਹਨ।

ਪ੍ਰਾਕਿਤ ਕ੍ਰਿਦੰਤਾਂ (present participles, past participles) ਦੇ ਰੂਪ ਘਟੇ ਹਨ। ਤੱਧਿਤਾਂ (secondary suffixes) ਵਿਚ /ਸੰ ਤ੍ਰ/ ਬਦਲ ਕੇ / -ਤੁਤ/ ਬਣ ਗਿਆ ਹੈ ਜਿਵੇਂ ਦੇਵਤ੍ਰ → ਦੇਵੱਤ ਬਣ ਗਿਆ ਹੈ। ਇਹੋ ਪੈਟਰਨ ਪੰਜਾਬੀ ਵਿਚ ਹੈ, ਜਿਵੇਂ "ਅਪਣੱਤ" (ਅਪਣ+ ੱਤ)

ਇਸੇ ਤਰ੍ਹਾਂ ਪ੍ਰਾਕ੍ਰਿਤਾਂ ਵਿਚ ਤੱਧਿਤ ਪਿਛੇਤਰੀ ਮਾਰਫੀਮ/-ਤਣ/ ਦੀ ਵਿਕਸਤ ਹੋਇਆ ਹੈ ਜਿਵੇਂ "ਦੇਵਤੱਣ" ਵੇਖ ਪੰਜਾਬੀ :ਪੀਲਤੱਣ, ਕਾਲਤੱਣ (ਪੀਲ+ਤਣ, ਕਾਲਾ → ਕਾਲ+ਤਣ), ਆਦਿ।

ਸ਼ਬਦਕੋਸ਼ (Lexicon) : ਪ੍ਰਾਕ੍ਰਿਤ ਸ਼ਬਦ ਕੋਸ਼ ਵਿਚ ਤਦਭਵ ਸ਼ਬਦਾਂ ਦੀ ਭਰਮਾਰ ਹੈ ਪ੍ਰਾਕ੍ਰਿਤ ਵਿਚ ਤਤਸਮ (ਮੂਲ ਅਣਵਿਕ੍ਰਿਤ ਸੰਸਕ੍ਰਿਤ ਸ਼ਬਦ) ਸ਼ਬਦ ਉਹੋ ਹੀ ਬਚੇ ਹਨ ਜਿਨ੍ਹਾਂ ਦੀ ਬਣਤਰ ਵਿਚ ਆਮ ਤੌਰ ਤੇ ਕੋਈ ਤਬਦੀਲੀ ਜਾਂ ਵਿਕਾਰ ਹੋ ਨਹੀਂ ਸਕਦਾ ਸੀ। ਅਤੇ ਜਿਨ੍ਹਾਂ ਦੀਆਂ ਧੁਨੀਆਂ ਬਲਵਾਨ ਤੇ accented ਹੋਣ ਕਰਕੇ ਪੂਰਨ ਉਚਾਰਨ ਰਖਦੀਆਂ ਸਨ ਜਿਵੇਂ :

ਲਾਲਸਾ, ਮੰਦਿਰ, ਹਲ, ਦੇਵੀ, ਖੰਡ, ਕੇਵਲ, ਸੰਸਾਰ, ਕਵਿ, ਕਲ, ਕੰਠ, ਵੀਰ, ਨੀਰ, ਧੂਲਿ (ਧੂੜੀ) ਤਿਮਿਰ (ਅੰਧਕਾਰ) ਤ੍ਰੀ, ਜਰਾ (ਬੁਢਾਪਾ), ਗਿਰਿ (ਪਰਬਤ), ਗੋਲ, ਚਿਰ, ਚਿੱਤ, ਤਲ

ਪ੍ਰਾਕ੍ਰਿਤ ਤਦਭਵ ਸਬਦ ਕੋਸ਼ ਤੋਂ ਇਹ ਤੱਥ ਉਭਰਦਾ ਹੈ ਕਿ ਪ੍ਰਾਕ੍ਰਿਤ ਭਾਸ਼ਾ (ਪਾਲੀ ਸਮੇਤ) ਸਾਹਿਤਕ ਸਥਿਰਤਾ ਧਾਰਣ ਕਰਨ ਤੋਂ ਪਹਿਲਾਂ ਨਿਸ਼ਚੇ ਹੀ ਬੋਲਚਾਲ ਦੀ ਬੋਲੀ ਦੇ ਨੇੜੇ ਰਹੀ ਹੈ।

ਪ੍ਰਾਕ੍ਰਿਤ ਸ਼ਬਦਕੋਸ਼ ਦੀਆ ਦੋ ਹੀ ਵਿਸ਼ੇਸ਼ਤਾਵਾਂ ਖ਼ਾਸ ਤੌਰ ਤੌਰ ਤੇ ਕਾਬਲੇ-ਜ਼ਿਕਰ ਹਨ :

(1) ਪ੍ਰਾਕ੍ਰਿਤ ਦੀ ਪਹਿਲੀ ਸਬਦ ਕੋਸ਼ੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਤਦਭਵੀਕਰਣ ਦੀ ਪ੍ਰਕ੍ਰਿਆ ਕਾਰਜਸ਼ੀਲ ਹੈ, ਫਲਸਰੂਪ 80 ਫੀਸਦੀ ਤੋਂ ਵੱਧ ਤਦਭਵ ਸਬਦ ਵਿਕਸਿਤ ਹੋਏ ਹਨ।

(2) ਪ੍ਰਾਕ੍ਰਿਤ lexicon ਦੀ ਦੂਜੀ ਵਿਲੱਖਣਤਾ ਇਹ ਹੈ ਕਿ ਸੰਸਕ੍ਰਿਤ ਦੇ ਮੁਕਾਬਲੇ ਵਿਚ ਇਸ ਦੀ ਸਥਿਤੀ-ਸੰਦਰਭ ਵਿਚ ਦੇਸਜ/ਦੇਸ਼ੀ ਸ਼ਬਦਾਂ ਦੀ ਢੇਰ ਸਾਰੀ ਉਪਲਬਧੀ ਹੈ। ਦੇਸਜ ਸਬਦ ਉਹ ਹਨ ਜਿਹੜੇ ਕਿ ਸਥਾਨ-ਤੇ-ਕਾਲ ਦੇ ਸੰਦਰਭ ਵਿਚ ਸਥਾਨਕ ਜਨ-ਸਮੁਦਾਏ ਦੀ ਲੋਕ-ਧਾਰਾ ਵਿਚੋਂ ਕੁਦਰਤਨ ਉਗਮੇ ਤੇ ਚਾਲੂ ਹੋਏ ਹਨ ਅਤੇ ਜਿਨ੍ਹਾ ਦੀ ਨਿਰੁਕਤੀ ਅਤੇ ਮੂਲ-ਪ੍ਰਕਿਤੀ ਸੰਸਕ੍ਰਿਤ ਜਾਂ ਵੈਦਿਕ ਭਾਸ਼ਾ ਵਿਚ ਉਪਲਬਧ ਨਹੀਂ ਹੁੰਦੀ। ਪ੍ਰਾਕ੍ਰਿਤ ਯੁਗ ਵਿਚ ਚਾਲੂ ਦੇਸਜ਼ ਸ਼ਬਦ-ਰਾਸ਼ੀ ਦੇ ਕੁਝ ਨਮੂਨੇ ਹੇਠਾਂ ਅੰਕਿਤ ਹਨ ਜਿਹੜੇ ਕਿ ਪ੍ਰਾਕ੍ਰਿਤ-ਭਾਸ਼ੀ ਲੋਕ-ਸਮੁਦਾਏ ਨੇ ਖੁਦ ਸਿਰਜੇ ਤੇ ਘੜੇ ਹਨ। ਇਨ੍ਹਾ ਵਿਚ ਕੋਲ, ਭੀਲ, ਨਿਸ਼ਾਦ, ਮੁੰਡਾ ਵਰਗੀਆ ਆਸਟ੍ਰਿਕ ਪ੍ਰਾਚੀਨ ਜਾਤੀਆਂ ਦੀਆਂ ਆਦਿ-ਭਾਸ਼ਾਵਾਂ ਦੇ ਸ਼ਬਦ ਅਤੇ ਦ੍ਰਾਵਿੜੀ ਸ਼ਬਦ ਵੀ ਸ਼ਾਮਲ ਹਨ। ਇਸ ਲਈ ਕੁਝ ਰਿਣ-ਆਗਤ ਹਨ ਪਰ ਬਹੁਤੇ ਸਵੈ-ਸਿਰਜਿਤ ਹਨ :

ਖੱਡਾ (ਟੋਆ, ਖੱਡ), ਖੰਖਰ (ਖਿੰਗਰ,), ਖਿੱਚ (ਖਿਚੜੀ) ਖੋਟ੍ਟ (ਖੋਟ), ਘਰ੍ਘਰ (ਘੱਗਰਾ) ਘਰਟਟ (ਘਰਾਟ), ਡੱਲੀ, ਛਿੱਕਾ (ਛਿੱਕਾ, ਛਿਕੂ, ਟੋਕਰੀ), ਛੋਯਰ (ਛੋਹਿਰਾ, ਛੋਰਾ) ਝੜੱਪ, ਝੁੰਪੜ (ਝੌਂਪੜਾ) ਖੜਕ੍ਕੀ (ਖਿੜਕੀ) ਝਿੰਗਿਰ (ਝੀਂਗਰ, ਬਿੰਡਾ) ਠਟ੍ਠਾਰ (ਠਠਿਆਰਾ) ਢਡ੍ਡ (ਢੋਡ → ਢਾਡੀ)

ਦੇਸਜ ਸ਼ਬਦਾਂ ਦੀ ਬਹੁਲਤਾ ਨੂੰ ਧਿਆਨ ਵਿਚ ਰਖਦਿਆ ਪ੍ਰਾਕ੍ਰਿਤ-ਕਾਲ ਦੇ ਅੰਤਿਮ ਚਰਣ ਵਿਚ ਅਰਥਾਤ ਗਿਆਰ੍ਹਵੀਂ ਸਦੀ ਵਿਚ ਹੇਮਚੰਦ੍ਰ ਨੇ "ਦੇਸੀਯ ਨਾਮ ਮਾਲਾ" A Dictionary of Native Words" ਦੀ ਰਚਨਾ ਕੀਤੀ*। ਏਥੇ ਇਕ ਗੱਲ ਬੜੀ ਮਹੱਤਵਪੂਰਣ ਹੈ ਕਿ ਪ੍ਰਾਕ੍ਰਿਤ ਦੇਸ਼ਜ ਸਬਦ-ਕੋਸ਼ ਵਿਚ ਪ੍ਰਾਕ੍ਰਿਤ ਭਾਸ਼ਾ ਦੀ ਸਾਮਾਨਯ ਦੁੱਤੀਕਰਣ ਪ੍ਰਕ੍ਰਿਆ ਬੜੀ ਮਾਤਰਾ ਵਿਚ ਕ੍ਰਿਆਸ਼ੀਲ ਹੋਈ ਦਿਸਦੀ ਹੈ, ਅਤੇ ਇਸ ਤੋਂ ਸਿਵਾਏ ਇਸ ਕਾਲਖੰਡ ਵਿਚ ਮੂਰਧਨੀ ਕਰਨ ਦੀ ਪ੍ਰਵਿਰਤੀ ਵੀ ਪੁਰਜ਼ੋਰ ਉਭਰੀ ਹੈ। ਇਹੋ ਦੋਵੇਂ ਪ੍ਰਕ੍ਰਿਆਵਾਂ ਅਰਥਾਤ "ਦੁੱਤੀਕਰਣ" (gemination or clustering of identical phonemes) ਤੇ "ਮੂਰਧਨੀਕਰਣ" (retroflection) ਅੱਜ ਵੀ ਪੰਜਾਬੀ ਦੀ ਧੁਨੀ-ਸੰਰਚਨਾ ਵਿਚ ਪ੍ਰਮੁਖ ਤੌਰ ਤੇ ਮੌਜੂਦ ਹਨ ਅਤੇ ਇਹ ਪ੍ਰਵਿਰਤੀਆ ਖ਼ਾਸ ਕਰਕੇ ਦੁੱਤੀਕਰਣ ਦੀ ਪ੍ਰਵਿਰਤੀ ਪੰਜਾਬੀ ਤੋਂ ਛੁੱਟ ਹੋਰ ਕਿਸੇ ਆਧੁਨਿਕ ਭਾਰਤੀ ਆਰੀਆ ਭਾਸ਼ਾ /ਭਾਸ਼ਾਵਾਂ ਵਿਚ ਇਸ ਕਦਰ ਕਿਰਿਆਸ਼ੀਲ ਨਹੀਂ ਮਿਲਦੀ। ਇਹ ਰੁਚੀ ਪ੍ਰਾਕ੍ਰਿਤ ਭਾਸ਼ਾ ਅਤੇ ਪੰਜਾਬੀ ਦੇ ਸੰਘਣੇ ਰਿਸ਼ਤੇ-ਨਾਤੇ ਦੀ ਮੂੰਹ ਬੋਲਦੀ ਤਸਵੀਰ ਹੈ।

---

* ਹੇਮਚੰਦ੍ਰ ਤੋਂ ਪਹਿਲਾ ਧਨਪਾਲ ਨੇ ਆਪਣੇ ਕੋਸ਼ "ਪਾਇਅ ਲੱਛੀ ਨਾਮ ਮਾਲਾ" (ਪ੍ਰਾਕ੍ਰਿਤ ਲਕਸ਼ਮੀ ਨਾਮ ਮਾਲਾ) ਵਿਚ ਕੁਝ ਕੁ ਦੇਸ਼ੀ ਸ਼ਬਦਾਂ ਦਾ ਸੰਗ੍ਰਹਿ ਤਿਆਰ ਕੀਤਾ ਸੀ।

ਅਧਿਆਏ 4 : 7

ਪ੍ਰਮੁਖ ਪ੍ਰਾਕ੍ਰਿਤਾਂ ਦੀ ਭਾਸ਼ਾਤਮਕ ਜਾਣ-ਪਛਾਣ

ਪ੍ਰਾਕ੍ਰਿਤ ਭਾਸ਼ਾ ਦੇ ਵੱਖ ਵੱਖ ਪ੍ਰਕਾਰ-ਭੇਦਾਂ ਦਾ ਜੋ ਉੱਲੇਖ ਕੀਤਾ ਗਿਆ ਹੈ ਉਨ੍ਹਾਂ ਵਿਚ ਦੋ ਤਰ੍ਹਾਂ ਦੀਆਂ ਪ੍ਰਾਕ੍ਰਿਤ ਭਾਸ਼ਾਵਾਂ ਜਾਂ ਬੋਲੀਆਂ ਨੂੰ ਰਖਿਆ ਜਾਂਦਾ ਹੈ-ਪ੍ਰਮੁਖ ਪ੍ਰਾਕ੍ਰਿਤਾਂ ਅਤੇ ਗੌਣ ਪ੍ਰਾਕ੍ਰਿਤਾਂ । ਪ੍ਰਮੁਖ ਪ੍ਰਾਕ੍ਰਿਤਾਂ ਵਿਚ ਸ਼ੌਰਸੇਨੀ, ਮਹਾਰਾਸ਼ਟਰੀ, ਮਾਗਧੀ, ਅਰਧ-ਮਗਧੀ, ਪੈਸ਼ਾਚੀ ਸ਼ਾਮਲ ਹਨ । ਜਦ ਕਿ ਗੌਣ-ਪ੍ਰਾਕ੍ਰਿਤਾਂ ਵਿਚ ਕੇਕੇਈ, ਮਦ੍ਰ ਪ੍ਰਾਕ੍ਰਿਤ, ਟੱਕ ਭਾਸ਼ਾ, ਲਾਟੀ, ਆਵੰਤੀ, ਖਸ ਪ੍ਰਾਕ੍ਰਿਤਾਂ ਨੂੰ ਰਖਿਆ ਜਾਂਦਾ ਹੈ ।

ਸ਼ੌਰਸੇਨੀ : ਸ਼ੌਰਸੇਨੀ ਸੂਰਸੇਨ ਖੇਤਰ ਦੀ ਪ੍ਰਾਕ੍ਰਿਤ ਸੀ । ਅੱਜ ਕੱਲ ਦਾ ਮਥੁਰਾ ਦਾ ਇਲਾਕਾ ਸੂਰਸੇਨ ਨਾਮ ਹੇਠ ਪ੍ਰਸਿੱਧ ਸੀ । ਸੂਰਸੇਨ ਦੇ ਆਧਾਰ ਤੇ ਹੀ ਸ਼ੌਰਸੇਨੀ ਨਾਮ ਵਿਉਤਪੰਨ ਹੋਇਆ ਹੈ । ਸ਼ੌਰਸੇਨੀ ਪ੍ਰਾਕ੍ਰਿਤ ਦੇ ਪ੍ਰਮਾਣਿਤ ਟੈਕਸਟ ਲਿਖਤੀ ਸਾਹਿੱਤ ਵਿਚ ਉਪਲਬਧ ਹੁੰਦੇ ਹਨ । ਸੰਸਕ੍ਰਿਤ ਨਾਟਕ-ਸਾਹਿੱਤ ਵਿਚ ਸ਼ੌਰਸੇਨੀ ਦੀ ਵਰਤੋਂ ਕੀਤੀ ਗਈ ਹੈ । ਨਾਟਕਕਾਰ ਰਾਜਸ਼ੇਖਰ ਦੇ ਸੰਸਕ੍ਰਿਤ ਨਾਟਕ "*ਕਰਪੂਰ ਮੰਜਰੀ*" ਵਿਚ ਬਹੁਤ ਸਾਰਾ ਵਾਰਤਕ-ਭਾਗ ਸ਼ੌਰਸੇਨੀ ਪ੍ਰਾਕ੍ਰਿਤ ਵਿਚ ਹੀ ਰਚਿਆ ਗਿਆ ਹੈ । *ਅਸ਼ਵਘੋਸ਼* ਦੇ ਰੂਪਕ-ਨਾਟਕ "*ਸਾਰਿ ਪੁਤ੍ਰ ਪ੍ਰਕਰਣ*" ਦੇ ਵਾਰਤਕ-ਅੰਸ਼ ਸ਼ੌਰਸੇਨੀ ਵਿਚ ਅੰਕਿਤ ਹਨ । *ਦਿਗੰਬਰ ਜੈਨ ਧਰਮ ਦੇ ਸੰਪ੍ਰਦਾਇਕ ਗ੍ਰੰਥਾਂ ਵਿਚ ਸ਼ੌਰਸੇਨੀ ਦਾ ਪ੍ਰਯੋਗ ਹੋਇਆ ਹੈ । ਇਸ ਲਈ ਭਾਸ਼ਾ ਚਿੰਤਕਾਂ ਨੇ ਇਸਨੂੰ ਦਿਗੰਬਰ ਸ਼ੌਰਸੇਨੀ ਜੈਨ-ਸ਼ੌਰਸੇਨੀ ਦਾ ਨਾਮ ਦਿੱਤਾ ਹੈ । ਉਕਤ ਨਾਟਕੀ ਸਾਹਿਤ ਵਿਚ ਇਸਤ੍ਰੀ-ਪਾਤਰਾਂ ਦੀ ਬੋਲੀ ਆਮ ਤੌਰ ਤੇ "ਸ਼ੌਰਸੇਨੀ" ਵਿਚ ਹੀ ਦਰਜ ਕੀਤੀ ਗਈ ਹੈ ਅਤੇ ਆਚਾਰੀਆ ਭਰਤਮੁਨੀ ਅਤੇ ਸਾਹਿਤਯ ਦਰਪਣ ਦੇ ਰਚੈਤਾ ਵਿਸ਼ਵਨਾਥ ਨੇ ਵਿਦੂਸ਼ਕਾਂ (ਮਸਖਰੇ ਪਾਤਰਾਂ), ਬੱਚਿਆਂ, ਹੀਜੜਿਆਂ ਦੀ ਵਾਰਤਾਲਾਪ ਨੂੰ ਸ਼ੌਰਸੇਨੀ ਵਿਚ ਅੰਕਿਤ ਕਰਨ ਦਾ ਵਿਧਾਨ ਕੀਤਾ ਹੈ । ਪ੍ਰਾਕ੍ਰਿਤ-ਵਿਆਕਰਣਕਾਰਾਂ ਵਿਚੋਂ ਹੇਮਚੰਦ੍ਰ ਨੇ ਹੀ ਸ਼ੌਰਸੇਨੀ ਦਾ ਵਿਸ਼ੇਸ਼ ਭਾਸ਼ਾਗਤ ਵਿਸ਼ਲੇਸ਼ਣ ਕੀਤਾ ਹੈ, ਪਰੰਤੂ ਉਹ ਵੀ ਸੰਖਿਪਤ ਹੀ ਹੈ ।

ਸ਼ੌਰਸੇਨੀ ਪ੍ਰਾਕ੍ਰਿਤ ਦੀਆਂ ਧੁਨੀਆਤਮਕ ਵਿਲੱਖਣਤਾਵਾਂ ਵਿਚ ਵਿਸ਼ੇਸ਼ ਧੁਨੀਆਤਮਕ ਸੰਦਰਭ ਦੇ ਅੰਤਰਗਤ /ਤ → ਦ/, /ਯ → ਜ/, /ਥ → ਹ/ ਦਾ ਰੂਪਾਂਤਰਣ ਉਲੇਖਯੋਗ ਹੈ, ਜਿਵੇਂ ਸ਼ੌ ਗੱਛਦਿ, ਆਗਦਹ ਏਦਾਹਿ (ਸੰ ਗੱਛਿਤ, ਆਗਤ : ਏਤਸਮਾਤ੍) ਅਤੇ ਸ਼ੌ ਜਧਾ, ਜਾਦਿਸੰ (ਸੰ, ਯਥਾ, ਯਾਦ੍ਰਿਸ਼ੰ) ਅਤੇ ਸ਼ੌ ਨਾਹ, ਪਹ, ਕਹੰ (ਸੰ ਨਾਥ, ਪਥ, ਕਥੰ) । ਕ੍ਰਿਆਵੀ ਵਿਭਕਤੀ ਰੂਪਾਂ ਵਿਚ ਵੀ ਸ਼ੌਰਸੇਨੀ ਅੰਦਰ /ਤ → ਦ/ ਦੀ ਪ੍ਰਵਿਰਤੀ ਜਾਰੀ ਹੈ । ਸ਼ੌਰਸੇਨੀ ਕ੍ਰਿਆ "ਭੋਦਿ ਪਠਿਸਦਿ" (ਪੰਜਾਬੀ : ਹੁੰਦੀ, ਲਹਿੰਦੀ ਪੰਜਾਬੀ ;

* ਦਿਗੰਬਰ ਦਾ ਅਰਥ ਹੈ: ਦਿਸ਼ਾ ਹਾਂ ਹੈ ਅੰਬਰ ਯਾਨੀ ਕਪੜੇ (ਪੋਸ਼ਾਕ) ਜਿਸ ਦੇ, ਉਹ ਦਿਗੰਬਰ ਹੈ, ਅਰਥਾਤ "ਨਗਨ" ਨਾਗਾ ਜਾਂ nude. ਇਸ ਦਾ ਵਿਪਰਿਆਏ ਹੈ ਸ੍ਵੇਤਾਂਬਰ, ਯਾਨੀ ਚਿੱਟੇ ਕਪੜਿਆਂ ਵਾਲੇ (ਸੰਸਕ੍ਰਿਤ 'ਸ਼ਵੇਤ' ਅਤੇ ਫ਼ਾਰਸੀ "ਸਫ਼ੇਦ" ਦੀ ਨੇੜਤਾ ਕਿੰਨੀ ਦਿਲਚਸਪ ਹੈ) ।

ਪੜਸੀ) ਦੇ ਸੰਸਕ੍ਰਿਤ ਸਮਾਨਾਂਤਰ ਰੂਪ ਤ-ਯੁਕਤ ਹਨ "ਭਵਤਿ, ਪਰਿਸਯਤਿ"। ਸ਼ੌਰਸੇਨੀ ਦੀ ਬਾਕੀ ਭਾਸ਼ਾਗਤ ਸੰਰਚਨਾ ਪਾਲੀ ਅਤੇ ਸਾਮਾਨਯ ਪ੍ਰਾਕ੍ਰਿਤ ਦੀ ਤਰ੍ਹਾਂ ਹੀ ਹੈ।

शौरसेनी प्राकृत (१०० ई० से ६०० ई० तक)

अणज्ज, अत्ताणो हिआआणुमाणेण सब्व एद पेक्खसि। को णाम अण्णो धम्म-कंचुअ-बवदेसिणो तण-छण्ण-कूवोवमस्स तुह अनुकारी भविस्सदि। (शाकुन्तल पंचम अंक) (अनार्य, तू सभी वस्तुको अपने हृदयके अनुमानसे देखता है। ध र्मका कंचुक धारण करनेवाला (धर्मका ढोंग करनेवाला), तिनकोंसे ढँके हुए कुएँके समान तेरे जैसे मनुष्यका सहकारी (समानधर्मा) कौन होगा।) डा भोलाशंकर व्यास, सस्कृत का भाषाशास्त्रीय अध्ययन १९५७, ३१६.

ਸ਼ੌਰਸੇਨੀ ਪ੍ਰਾਕ੍ਰਿਤ (100 ਈ. ਤੋਂ 600 ਈ. ਤਕ) (ਗੁਰਮੁਖੀ ਸੰਸਕਰਣ)

ਅਣੱਜ ਅੱਤਾਣੋ ਹਿਅ-ਅਣੁਮਾਣੇਣ ਸੱਬੰ ਏਦੰ ਪੇਖਸਿ। ਕੋ ਣਾਮ ਅੱਣੋ ਧੱਮ-ਕੰਚੁਅ-ਵਵਦੇਸਿਣੋ ਤਣ-ਛੱਣ-ਕੂਵੋਵਮੱਸ ਤੁਹ ਅਨੁਕਾਰੀ ਭਵਿਸਦਿ (ਸ਼ਕੁੰਤਲਾ ਨਾਟਕ)।

ਸੰਸਕ੍ਰਿਤ ਰੂਪ :

अनार्य, आत्मनो हृदयानुमानेन सर्वमेतत् पश्यसि। को नाम अन्य धर्मकंचुक व्यपदेशिन तृणच्छाया कूपोपमस्य तव अनुकारी भविष्यति

ਪੰਜਾਬੀ ਰੂਪ :

ਹੇ ਅਨਾਰੀਆ, ਤੂੰ ਸਭ ਨੂੰ ਆਪਣੇ ਹਿਰਦੇ ਦੇ ਅਨੁਮਾਨ ਨਾਲ ਵੇਖਦਾ ਹੈ (ਪੇਖਦਾ) ਹੈ ਤਿਣਕਿਆ ਨਾਲ ਢਕੇ ਹੋਏ ਖੂਹ ਵਾਂਗ ਧਰਮ ਦਾ ਚੋਗਾ (ਕੰਚੁਕ) ਪਹਿਰਨ ਵਾਲੇ ਤੇਰੇ ਜਿਹੇ ਦਾ ਅਨੁਕਾਰੀ (ਸਹਿਕਾਰੀ, ਹਮਖਿਆਲ) ਕੌਣ ਹੋਵੇਗਾ।

ਮਹਾਰਾਸ਼ਟ੍ਰੀ : ਮਹਾਰਾਸ਼ਟਰੀ ਅਜੋਕੇ ਮਹਾਰਾਸ਼ਟਰ ਪ੍ਰਾਂਤ ਦੀ ਪ੍ਰਾਕ੍ਰਿਤ ਭਾਸ਼ਾ ਸੀ। ਇਸ ਵਿਚੋਂ ਹੀ ਆਧੁਨਿਕ ਭਾਰਤੀ-ਆਰੀਆ ਭਾਸ਼ਾ "ਮਰਾਠੀ" ਦਾ ਵਿਕਾਸ ਹੋਇਆ ਹੈ। ਪ੍ਰਾਕ੍ਰਿਤਾਂ ਵਿਚ ਮਹਾਰਾਸ਼ਟਰੀ ਦਾ ਮਹੱਤਵਪੂਰਣ ਸਥਾਨ ਹੈ। ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਮਹਾਰਾਸ਼ਟਰੀ ਨੂੰ ਪ੍ਰਾਕ੍ਰਿਤ ਦਾ ਆਦਰਸ ਮਾਡਲ (ਨਮੂਨਾ) ਸਵੀਕਾਰ ਕੀਤਾ ਹੈ। ਡਾ ਮਨਮੋਹਨ ਘੋਸ਼ (1933, ਕਲਕਤਾ) ਦਾ ਇਹ ਅਭਿਮਤ ਹੈ ਕਿ ਮਹਾਰਾਸ਼ਟਰੀ ਪ੍ਰਾਕ੍ਰਿਤ ਸਿਰਫ ਮਹਾਰਾਸ਼ਟਰ ਪ੍ਰਾਂਤ ਦੀ ਹੀ ਪ੍ਰਾਕ੍ਰਿਤ ਭਾਸ਼ਾ ਨਹੀਂ ਸੀ ਬਲਕਿ ਇਹ ਸੰਪੂਰਨ ਭਾਰਤੀ ਰਾਸ਼ਟਰ ਦੀ ਰਾਸ਼ਟਰੀ ਪ੍ਰਾਕ੍ਰਿਤ ਸੀ ਜਿਵੇਂ ਕਿ ਮਹਾ+ਰਾਸ਼ਟਰ ਸ਼ਬਦ ਦੀ ਵਿਉਤਪੱਤੀ ਤੋਂ ਸਪਸ਼ਟ ਹੁੰਦਾ ਹੈ। ਪਰੰਤੂ ਡਾ. ਘੋਸ਼ ਦਾ ਇਹ ਸਿਧਾਂਤ ਸਵੀਕਿਰਤ ਨਹੀਂ ਹੋ ਸਕਿਆ।

ਮਹਾਰਾਸ਼ਟਰੀ ਬਾਕੀ ਪ੍ਰਾਕ੍ਰਿਤਾਂ ਦੇ ਮੁਕਾਬਲੇ ਵਿਚ ਸਾਹਿਤ ਸਿਰਜਨਾ ਦੀ ਦ੍ਰਿਸ਼ਟੀ ਤੋਂ ਅਮੀਰ ਪ੍ਰਾਕ੍ਰਿਤ ਭਾਸ਼ਾ ਹੈ। ਸੰਸਕ੍ਰਿਤ ਨਾਟਕਾਂ ਵਿਚ ਕਾਵਿ-ਸਾਹਿੱਤ ਆਮ ਤੌਰ ਤੇ ਮਹਾਰਾਸ਼ਟਰੀ ਵਿਚ ਹੀ ਰਚਿਆ ਜਾਂਦਾ ਸੀ। ਇਸ ਤੋਂ ਇਲਾਵਾ ਇਸ ਵਿਚ ਸੁਤੰਤਰ ਗ੍ਰੰਥ ਵੀ ਰਚੇ ਗਏ ਮਿਲਦੇ ਹਨ, ਜਿਵੇਂ ਕਿ ਪ੍ਰਵਰਸੇਨ ਦਾ ਗ੍ਰੰਥ "ਰਾਵਣ ਵਹੋ" (ਰਾਵਣ ਵਧ) ਅਤੇ ਵਾਕਪਤਿਰਾਜ ਦਾ "ਗਉੜ ਵਹੋ" (ਗੌੜ ਵਧ)। ਹਾਲ ਕਵੀ ਦੀ "ਮੁਕਤਕ ਕਾਵਿ-ਰਚਨਾ (ਗਾਥਾ ਸਪਤਸ਼ਤੀ) ਵੀ ਮਹਾਰਾਸ਼ਟ੍ਰੀ ਪ੍ਰਾਕ੍ਰਿਤ ਵਿਚ ਹੀ ਸਿਰਜਿਤ ਹੋਈ ਹੈ।

ਮੱਧਕਾਲ ਦੇ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਮਹਾਰਾਸ਼ਟਰੀ-ਪ੍ਰਾਕ੍ਰਿਤ ਦਾ ਸਭ ਤੋਂ ਵੱਧ ਭਾਸ਼ਾਗਤ ਵਿਸ਼ਲੇਸ਼ਣ ਪੇਸ਼ ਕੀਤਾ ਹੈ। ਮਹਾਰਾਸ਼ਟਰੀ ਦੀਆਂ ਕੁਝ ਨਿਜੀ ਧੁਨੀਆਤਮਕ

ਵਿਸ਼ੇਸ਼ਤਾਵਾਂ ਵਰਣਨਯੋਗ ਹਨ :

(1) **ਅੰਤਰ-ਸਵਰੀ /ਮੱਧਵਰਤੀ ਵਿਅੰਜਨਾਂ ਦਾ ਲੋਪ** (Dropping of intervocalic consonants) :

ਲੋਅ ← ਲੋਕ (ਪੰਜਾਬੀ, ਲੋਅ/ਲੋਕ),
ਣਉਲੋ ← ਨਕੁਲ (ਪੰ ; ਨਿਉਲਾ)
ਵਅਣੰ ← ਵਚਨ (ਪੰ ਵੈਣ, ਬਚਨ),
ਣਅਰ ← ਨਗਰ (ਪੰ ; ਨਗਰ)
ਸਾਅਰ ← ਸਾਗਰ (ਪੁਰਾ-ਪੰਜਾਬੀ ਸਾਇਰ/ਸਾਗਰ),
ਮਅਣ ← ਮਦਨ (= ਕਾਮ ਦੇਵਤਾ)
ਦਿਅਹੋ ← ਦਿਵਸ (ਪੰ ਦਿਹਅੜਾ/ ਦਿਹਾੜਾ),
ਜੀਓ ← ਜੀਵ (ਪੰ. ਜੀਅ/ਜੀਵ)

(2) **ਮਹਾਂਪ੍ਰਾਣ ਧੁਨੀਆਂ ਦਾ /ਹ/ ਵਿਚ ਰੂਪਾਂਤਰਣ** :

ਮੁਹੰ ← ਮੁਖੰ (ਪੰ ਮੂੰਹ, ਮੁਖ ਮੁਖੜਾ),
ਣਾਹੋ ← ਨਾਥ (ਪੰ. ਨਾਥ)
ਮੇਹੋ ← ਮੇਘੋ (ਪੰ ਮੀਂਹ, ਮੇਘ)
ਸੋਹਣੋ ← ਸ਼ੋਭਨੋ (ਪੰ ਸੋਹਣਾ)

(3) **/ਟ, ਠ, ਡ/ ਦਾ /ਡ, ਢ, ਲ/ ਵਿਚ ਰੂਪਾਂਤਰਣ** :

ਣਡੋ ← ਨਟੋ (ਪੰ ਨਟ), ਘੜੋ ← ਘਟ (ਪੰ ਘੜਾ) ਕੁਢਾਰ ← ਕੁਠਾਰ (ਪੰ ਕੁਹਾੜਾ)

ਗਰੁਲ ← ਗਰੁੜ (ਪੰ ਗਰੜ), ਤਲਾਓ ← ਤੜਾਗ (ਪੰ. ਤਲਾ) ਕੀਲਦਿ ← ਕ੍ਰੀਡਤਿ (ਪੰ ਖੇਡਦਾ)

ਵਿਭਕਤੀ-ਮੂਲਕ ਰੂਪਾਤਮਕ ਦ੍ਰਿਸ਼ਟੀ ਤੋਂ ਮਹਾਰਾਸ਼ਟਰੀ ਓ-ਅੰਤਰ (O-ending) ਪ੍ਰਾਕ੍ਰਿਤ ਹੈ ਜਿਵੇਂ ਕਿ ਅੱਜ ਕਲ ਬ੍ਰਜਭਾਸ਼ਾ ਹੈ ਜਿਵੇਂ ਮੇਰੋ-ਤੇਰੋ ਆਦਿ। ਮਾਗਧੀ ਏ-ਅੰਤਕ ਹੈ, ਪਰੰਤੂ ਅਪਭ੍ਰੰਸ਼ ਉ-ਅੰਤਕ ਹੈ। ਪਰ ਪੰਜਾਬੀ ਆ-ਅੰਤਕ ਹੈ e.g. ਕਰਤਾ ਕਾਰਕ ਇਕਵਚਨ : ਮਹਾਰਾਸਟਰੀ ਪੁੱਤੋ ਮਾਗਧੀ, ਪੁੱਤੇ, ਅਪਭ੍ਰੰਸ਼ ਪੁੱਤੁ; ਮਾਡਰਨ ਪੰਜਾਬੀ; ਪੁੱਤ (ਜਾਂ ਘੋੜਾ);

ਮਹਾਰਾਸ਼ਟਰੀ ਪ੍ਰਾਕ੍ਰਿਤ ਦੀ ਵੰਨਗੀ

णिय (अ) आए च्चिय (अ) वाआइ अत्तणो गौरवं णिवेसंन्ता।
ज यन्ति पसंसं च्चिय (अ) जयन्ति इह ते महाकइणो ॥
दोगच्चंमि वि सोक्खाई ताण विहवे वि होन्ति दुक्खाई।
कव्वपरमत्थरसिया (अ) इ जाण जायन्ति हिययया (अआ) इ॥

(ਗਉਡ ਵਹੋ)

The Sanskrit of this would be :

निजयैव वाचयात्मनो गौरवं निवेशयन्त ।
ये यान्ति प्रशंसामेव जयन्तीह ते महाकवय ॥

दौर्गत्येऽपि सौख्यानि येषां विभवेऽपि भवन्ति दुःखानि।
काव्यपरमार्थरसिकानि येषां जायन्ते हृदयानि॥

"Victorious are the great poets who, establishing their greatness by their own words, do obtain praise only."

"Those whose hearts appreciate the true beauty of poetry experience joys even in poverty and sorrows even in prosperity."

महाराष्ट्री प्राकृत (ईसाकी प्रथम शतीसे षष्ठ शती)

(१) जइ होसि ण तस्स पिआ अणुदिअहं णीसहेहि अंगेहि।
णवसूअपीअपऊसमत्तपाडिव्व किं सुवसि॥ (गाहासत्तसई)

पाडी शब्द देशी है। यह शब्द आज भी गुजराती व राजस्थानीमें पाया जाता है, जिसका अर्थ है "भैंसकी बच्ची" इसीका पुंल्लिग रूप पाडो भी प्रचलित है।

(यदि भवसि न तस्य प्रिया अनुदिवसं निःसहैरङ्गैः।
नवसूतपीतपीयूषमत्तमहिषीवत्सेव किं स्वपिषि॥)

(हे सखी अगर तू उसकी प्यारी नहीं है, तो अलसाये अंगोंसे नये दूधको पीकर मस्त नवप्रसूत पाडीकी तरह दिन भर क्यों सोती रहती है।)

ਮਾਗਧੀ ਪ੍ਰਾਕ੍ਰਿਤ : ਪ੍ਰਾਚੀਨ ਮਗਧ ਪ੍ਰਾਂਤ ਦੀ ਪ੍ਰਾਕ੍ਰਿਤ ਦਾ ਨਾਮ 'ਮਾਗਧੀ' ਸੀ ਜਿਥੇ ਅਜ ਕਲ ਮਾਗਧੀ ਤੋਂ ਵਿਕਸਿਤ ਹੋਈ ਇਕ ਅਜੋਕੀ ਬਿਹਾਰੀ ਬੋਲੀ "ਮਗਹੀ" ਬੋਲੀ ਜਾਂਦੀ ਹੈ। ਇਹ ਅਜੋਕੇ ਬਿਹਾਰ ਪ੍ਰਾਂਤ (ਰਾਜ) ਵਿਚ ਹੈ। ਮਗਹੀ ਤੋਂ ਛੁੱਟ ਏਥੇ ਮੈਥਿਲੀ, ਭੋਜਪੁਰੀ ਬਿਹਾਰੀ ਬੋਲੀਆਂ ਵੀ ਹਨ। ਮਗਧ ਪ੍ਰਾਂਤ ਦਾ ਨਗਰ "ਪਾਟਲੀਪੁਤ੍ਰ" ਇਤਿਹਾਸ ਪ੍ਰਸਿੱਧ ਹੈ ਜਿਸ ਨੂੰ ਹੀ ਹੁਣ "ਪਟਨਾ" ਕਿਹਾ ਜਾਂਦਾ ਹੈ। ਭਗਵਾਨ ਬੁੱਧ ਦਾ ਪ੍ਰਥਮ ਪ੍ਰਚਾਰ-ਖੇਤਰ ਮਗਧ ਹੀ ਰਿਹਾ ਹੈ ਅਤੇ ਬੁੱਧ ਨੇ ਆਪਣੇ ਪ੍ਰਵਚਨ ਪ੍ਰਾਚੀਨ ਮਾਗਧੀ ਵਿਚ ਹੀ ਉਚਾਰੇ ਸਨ। ਇਹ ਬਹੁਸੰਖਿਅਕ ਵਿਦਵਾਨਾਂ ਦੀ ਮਾਨਤਾ ਹੈ। ਪ੍ਰਾਚੀਨ ਮਾਗਧੀ ਨੂੰ ਹੀ ਬੋਧ ਸੰਪ੍ਰਦਾਏ ਵਿਚ "ਪਾਲੀ ਭਾਸ਼ਾ" ਕਿਹਾ ਗਿਆ ਹੈ। ਪਾਲੀ ਅਸ਼ੋਕ ਦੇ ਸਮੇਂ ਰਾਜ-ਭਾਸ਼ਾ ਸੀ। ਬੋਧ ਲੋਕ "ਪਾਲੀ ਜਾਂ ਪ੍ਰਾਚੀਨ ਮਾਗਧੀ ਨੂੰ ਸਾਰੀਆਂ ਬੋਲੀਆਂ ਦਾ ਪ੍ਰਜਨਨ ਸਰੋਤ ਮੰਨਦੇ ਹਨ। ਮਾਗਧੀ ਦੀਆ ਕਈ ਉਪ-ਭਾਸ਼ਾਵਾਂ ਵੀ ਸਨ। ਨਾਟਯਸ਼ਾਸਤ੍ਰ ਦੇ ਕਰਤਾ ਭਰਤਮੁਨੀ ਨੇ ਲਿਖਿਆ ਹੈ ਕਿ ਗੰਗਾ ਤੇ ਮਥਰਾ ਦੇ ਦਰਮਿਆਨ ਜਿਹੜੀਆਂ *ਏ-ਅੰਤਕ* (e-ending) ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ ਉਹ ਮਾਗਧੀ ਦਾ ਹੀ ਪਰਿਵਾਰ ਸਨ ਅਰਥਾਤ ਮਾਗਧੀ ਦੀਆਂ ਉਪ-ਬੋਲੀਆਂ ਸਨ। ਸੰਸਕ੍ਰਿਤ ਦੇ ਨਾਟਕ "ਮ੍ਰਿੱਛਕਟਿਕ" (ਸ਼ੂਦ੍ਰਕ, ਛੇਵੀਂ ਸਦੀ ਈ.) ਵਿਚ ਵਾਹਲੀਕੀ, ਢੱਕੀ, ਸ਼ਾਬਰੀ, ਸ਼ਾਕਾਰੀ, ਚੰਡਾਲੀ ਆਦਿ ਕਈ ਮਾਗਧੀ ਉਪ-ਬੋਲੀਆਂ ਦਾ ਅੰਕਨ ਵਖ ਵੱਖ ਪਾਤਰਾ ਦੇ ਅਨੁਸਾਰ ਹੋਇਆ ਹੈ (ਵੇਖੋ ਫੁਟਨੋਟ)

ਮਾਗਧੀ ਪ੍ਰਾਕ੍ਰਿਤ ਦਾ ਪ੍ਰਯੋਗ ਸੰਸਕ੍ਰਿਤ ਕੇ ਕਈਆਂ ਨਾਟਕਾ ਵਿਚ ਹੋਇਆ ਮਿਲਦਾ ਹੈ। ਅਸ਼ੋਕ ਦੇ ਉੱਤਰ-ਪੂਰਬੀ ਸ਼ਿਲਾਲੇਖ ਮਾਗਧੀ ਵਿਚ ਹਨ। ਸੰਸਕ੍ਰਿਤ ਦੇ ਨਾਟਕਾ ਦੇ ਹੀਨ-ਪਾਤਰ ਆਮ ਤੌਰ ਤੇ ਮਾਗਧੀ ਵਿਚ ਵਾਰਤਾਲਾਪ ਕਰਦੇ ਹਨ। ਮ੍ਰਿੱਛਕਟਿਕ (ਸ਼ੂਦ੍ਰਕ)

ਹਰਕੇਲਿ ਨਾਟਕ (ਵਿਗ੍ਰਹ ਰਾਜਦੇਵ) ਮਾਗਧੀ ਪ੍ਰਾਕ੍ਰਿਤ ਦੇ ਅਧਿਐਨ ਲਈ ਮਹੱਤਵਪੂਰਣ ਕ੍ਰਿਤੀਆਂ ਹਨ। ਮ੍ਰਿਛਕਟਿਕ ਨਾਟਕ ਵਿਚ "ਸ਼ਕਾਰ" ਨਾਮਕ ਪਾਤਰ, ਉਸ ਦਾ ਨੌਕਰ "ਸਥਾਵਰਕ", ਉਸ ਨਾਟਕ ਦੀ ਨਾਇਕਾ 'ਵਸੰਤ ਸੇਨਾ' ਦਾ ਨੌਕਰ 'ਕੁੰਡੀਲਕ' ਨਾਇਕ ਚਾਰੂਦੱਤ ਦਾ ਲੜਕਾ ਸਾਰੇ ਮਾਗਧੀ ਬੋਲਦੇ ਮੰਚ ਤੇ ਦਰਸਾਏ ਗਏ ਹਨ।

ਸਕੁੰਤਲਾ ਨਾਟਕ (ਕਾਲੀਦਾਸ) ਵਿਚ ਦੋਵੇਂ ਪਹਿਰੇਦਾਰ, ਝਿਉਰ, ਸ਼ਕੁੰਤਲਾ ਦੇ ਬੇਟਾ ਸਰਵਦਮਨ ਮਾਗਧੀ ਬੋਲਦੇ ਹਨ। "ਪ੍ਰਬੋਧ ਚੰਦ੍ਰੋਦਯ" ਨਾਟਕ ਵਿਚ ਚਾਰਵਾਕ ਦਾ ਸ਼ਿਸ਼, ਉੜੀਸਾ ਦਾ ਸਫੀਰ, ਅਤੇ ਦਿਗੰਬਰ ਜੈਨ ਮਾਗਧੀ ਬੋਲਦੇ ਹਨ। "ਮੁਦ੍ਰਾ ਰਾਕਸ਼ਸ਼" (ਕਰਤਾ, ਵਿਸ਼ਾਖਦੱਤ, ਛੇਵੀਂ ਸਦੀ ਈ.) ਨਾਟਕ ਵਿਚ ਸਾਧੂ ਅਤੇ ਦੂਤ ਮਾਗਧੀ ਵਿਚ ਹੀ ਸੰਵਾਦ ਕਰਦੇ ਹਨ। ਇਨ੍ਹਾਂ ਕ੍ਰਿਤੀਆਂ ਤੋਂ ਇਲਾਵਾ, ਵੇਣੀ ਸੰਹਾਰ, ਲਲਿਤ ਵਿਗ੍ਰਹ ਰਾਜ, ਨਾਗਾਨੰਦ, ਪੂਰਤ-ਸਮਾਗਮ ਆਦਿ ਹੋਰ ਸੰਸਕ੍ਰਿਤ ਨਾਟਕਾਂ ਵਿਚ ਕਈ ਪਾਤਰ ਮਾਗਧੀ ਬੋਲਦੇ ਅਭਿਨੈ ਕਰਦੇ ਹਨ। ਇਸ ਤਰ੍ਹਾਂ ਮਾਗਧੀ ਪ੍ਰਾਕ੍ਰਿਤ ਦੇ, ਸਮਕਾਲੀ ਸਾਹਿੱਤ ਵਿਚ ਪ੍ਰਮਾਣਿਤ ਟੈਕਸਟ ਉਪਲਬਧ ਹੋ ਜਾਂਦੇ ਹਨ ਜੋ ਮਾਗਧੀ ਪ੍ਰਾਕ੍ਰਿਤ ਦੇ ਭਾਸ਼ਾਗਤ ਅਧਿਐਨ ਲਈ ਪ੍ਰਮਾਣਿਕ ਸਰੋਤ-ਸਾਮਗਰੀ ਵਜੋਂ ਸਵੀਕ੍ਰਿਤ ਹਨ।

ਨਾਟਯ ਸ਼ਾਸਤ੍ਰ (ਭਰਤਮੁਨੀ), ਸਾਹਿਤਯ ਦਰਪਣ (ਵਿਸ਼ਵਨਾਥ) ਦਸਰੂਪ ਆਦਿ ਸਿਧਾਤਕ ਗ੍ਰੰਥਾਂ ਵਿਚ ਲਿਖਿਆ ਹੈ ਕਿ ਮਾਗਧੀ ਰਾਖਸ਼ਾਂ, ਭਿਕਸ਼ੂਆਂ, ਕਸ਼ਪਣਕਾਂ, ਦਾਸਾਂ, ਦੁਆਰਾ ਬੋਲੀ ਜਾਣ ਦਾ ਨਾਟਕਾਂ ਵਿਚ ਵਿਧਾਨ ਹੈ। ਰਾਜਿਆਂ ਦੇ ਰਣਵਾਸਾਂ ਦੇ ਪਹਿਰੇਦਾਰ ਵੀ ਮਾਗਧੀ ਬੋਲਦੇ ਹਨ। ਇਨ੍ਹਾਂ ਤੋਂ ਇਲਾਵਾ ਕਿਰਾਤਾਂ, ਹੀਜੜਿਆਂ, ਬੌਣਿਆਂ, ਮਲੇਛਾਂ, ਅਹੀਰਾਂ, ਸ਼ਕਾਰਾਂ, ਕੁੱਬਿਆਂ, ਚੰਡਾਲਾਂ, ਪਿਸ਼ਾਚਾਂ, ਹੀਨਜਾਤੀਆਂ ਦੇ ਲੋਕਾਂ ਨੂੰ ਨਾਟਕੀ ਵਿਧਾਨ ਵਿਚ ਮਾਗਧੀ ਭਾਸ਼ਾ ਬੋਲਦੇ ਹੋਏ ਪੇਸ਼ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਪ੍ਰਾਕ੍ਰਿਤ ਯੁਗ ਵਿਚ ਮਾਗਧੀ ਪ੍ਰਾਕ੍ਰਿਤ ਇਕ ਬੋਲਚਾਲੀ ਜੀਵੰਤ ਲੋਕ ਭਾਸ਼ਾ ਸੀ ਜਿਸ ਨੂੰ ਨਾਟਕੀ ਸਾਹਿਤ ਦਾ ਮਾਧਿਅਮ ਵੀ ਬਣਾਇਆ ਗਿਆ ਸੀ। ਭਾਵੇਂ ਵੱਖ ਵੱਖ ਪ੍ਰਾਕ੍ਰਿਤਾਂ ਦੀ ਭਾਸ਼ਾ ਗਤ ਸੰਰਚਨਾ (structure) ਵਿਚ ਬੁਨਿਆਦੀ ਪੈਟਰਨ ਇਕੋ ਜਿਹੇ ਤੇ ਸਾਝੇ ਹਨ ਲੇਕਿਨ ਫਿਰ ਵੀ ਵੱਖ ਵੱਖ ਪ੍ਰਾਂਤਾਂ ਦੇ ਸਮਾਜਕ ਸਭਿਆਚਕ ਸੰਦਰਭਾਂ ਦੇ ਅਨੁਸਾਰ ਸੰਬੰਧਿਤ ਪ੍ਰਾਕ੍ਰਿਤਾਂ ਦੀਆਂ ਕੁਝ ਕੁ ਨਿਜੀ ਵਿਲੱਖਣਤਾਵਾਂ ਵੀ ਉਪਲਬਧ ਹੁੰਦੀਆਂ ਹਨ। ਮਾਗਧੀ ਪ੍ਰਾਕ੍ਰਿਤ ਦੀਆਂ ਕੁਝ ਕੁ ਨਿਜੀ ਵਿਸ਼ੇਸ਼ਤਾਵਾਂ ਦੀਆਂ ਵੰਨਗੀਆਂ ਉਦਾਹਰਣਾਂ ਸਹਿਤ ਅੰਕਿਤ ਕੀਤੀਆਂ ਜਾਂਦੀਆਂ ਹਨ :

(1) /ਸ਼, ਸ/ ਦਾ /ਸ਼/ ਵਿਚ ਰੂਪਾਤਰਣ :
ਮਾਗਧੀ : ਸ਼ਤ ← ਸੰਸਕ੍ਰਿਤ : ਸਪਤ। ਮਾ : ਹੰਸ਼ ← ਸੰ : ਹੰਸ,
ਸਾਲਸ਼ੇ ← ਸੰ. ਸਾਰਸ (=ਮੁਰਗਾਬੀ), ਪੁਲਿਸ਼ ← ਪੁਰੁਸ (ਪੁਰੁਸ਼).

(2) /ਰ/ ਦਾ /ਲ਼/ ਵਿਚ ਰੂਪਾਤਰਣ :
ਮਾਗਧੀ : ਲਾਜਾ, ਵਾਸਲੇ, ਕਲੇ, ਨਲੇ (ਸੰ. ਰਾਜਾ, ਵਾਸਰ, ਕਰ, ਨਰ)

(3) /ਜ/ ਦਾ /ਯ/ ਵਿਚ ਰੂਪਾਂਤਰਣ :
ਮਾਗਧੀ : ਯਾਣਾਦਿ ← ਜਾਨਾਤਿ, ਯਦਪਦੇ ← ਜਨਪਦ, ਗਯਦਿ ← ਗਰਜਤਿ।

ਨੋਟ : ਮਾਗਧੀ ਦੀ ਇਹ ਵਿਸ਼ੇਸ਼ਤਾ ਅਰਥਾਤ /ਜ/ ਨੂੰ /ਯ/ ਵਿਚ ਰੂਪਾਤਰਣ ਬਾਕੀ ਸਾਰੀਆਂ ਪ੍ਰਾਕ੍ਰਿਤਾਂ ਨਾਲੋਂ ਵਿਪਰੀਤ ਹੈ, ਕਿਉਂਕਿ ਪ੍ਰਾਕ੍ਰਿਤਾਂ ਦੇ ਸਾਮਾਨਯ ਲੱਛਣਾ

ਦੇ ਮੁਤਾਬਕ ਹਰ ਥਾਂ /ਯ/ ਨੂੰ /ਜ/ ਵਿਚ ਰੂਪਾਂਤਰਿਤ ਕੀਤਾ ਜਾਂਦਾ ਹੈ ਪਰ ਮਾਗਧੀ ਵਿਚ ਇਸ ਤੋਂ ਉਲਟ ਧੁਨੀਆਤਮਕ ਪਰਿਵਰਤਨ /ਜ → ਯ/ ਹੁੰਦਾ ਹੈ। ਪੰਜਾਬੀ ਵਿਚ /ਯ → ਜ/ ਧੁਨੀ ਪਰਿਵਰਤਨ ਹੈ।

(4) /ਤ/ ਦਾ /ਦ/ ਵਿਚ ਰੂਪਾਂਤਰਣ :

ਮਾਗਧੀ : ਗਛਦਿ ← ਸੰ. ਗਚ੍ਛਤਿ, ਪੇਸਕਦਿ ← ਪ੍ਰੇਕਸ਼ਤੇ (प्रेक्षते).

ਰੂਪਾਤਮਕ ਲੇਵਲ ਤੇ ਮਾਗਧੀ ਪ੍ਰਾਕ੍ਰਿਤ ਦਾ ਪ੍ਰਮੁਖ ਪਛਾਣ-ਚਿੰਨ੍ਹ ਇਹ ਹੈ ਕਿ ਇਸ ਦੇ ਕਰਤਾ-ਕਾਰਕ ਇਕ ਵਚਨ ਦੇ ਵਿਭਕਤੀ-ਰੂਪਾਂ ਵਿਚ ਵਿਭਕਤੀ ਪਿਛੇਤਰ /-ਏ/ ਹੈ ਜਿਵੇਂ :

ਸੰ. ਦੇਵ: (ਦੇਵਹ), ਸ਼ੌਰਸੇਨੀ : ਦੇਵੋ, ਮਾਗਧੀ : ਦੇਵੇ,

ਮੇਘਹ → ਮੇਸ਼ੇ, ਭਦੰਤ: → ਭੰਤੇ (= ਭਿਕਸ਼ੂਆਂ ਲਈ ਸੰਬੋਧਨ ਵਚਨ)

ਪਰ ਸ਼ੌਰਸੇਨੀ ਤੇ ਮਹਾਰਾਸ਼ਟਰੀ ਵਿਚ /-ਓ/ ਹੈ ਅਤੇ ਅਪਭ੍ਰੰਸ਼ ਵਿਚ /-ਉ/ ਹੈ। ਪਰ ਪੰਜਾਬੀ ਹਿੰਦੀ ਵਿਚ /-ਆ/ ਹੈ ਜਿਵੇਂ ਘੋੜਾ (ਘੋੜ+ਆ) ਕੁੱਤਾ (ਕੁੱਤ + ਆ) ਮਾਗਧੀ ਵਿਚ ਅਹੰ (= ਮੈਂ) ਦੀ ਬਜਾਏ "ਹਗੇ" ਪ੍ਰਚਲਤ ਹੈ।

ਮਾਗਧੀ ਪ੍ਰਾਕ੍ਰਿਤ ਦੀਆਂ ਭਾਸ਼ਾਗਤ ਵੰਨਗੀਆਂ

मागधी (१०० ई॰ से ६०० ई॰ तक)

कधं अपावे चालुदत्ते वावादीअदि। हगे णिअलेण शामिणा बंधिदे। भोदु आक्कंडामि। शुणध, अय्या, शुणध। अस्ति दाणि मए पावेण पवहण-पडिवत्तेण पुप्फ कलंडअ-यिण्णुय्याणं वशन्तशेणा णीदा।

(कथमपाप: चारुदत्तो व्यापाद्यते। अये निगडेन स्वामिना बद्ध:। भवतु आक्रंदामि। श्रणुत, आर्या: श्रणुत। अस्ति इदानी मया पापेन प्रवहणप्रतिवृत्तेन पुष्पकरंडकजीर्णोद्यानं वसन्तसेना नीता।)

'(क्या चारुदत्तको बिना अपराध ही दण्ड दिया (मारा) जा रहा है। अरे, राजाने (स्वामीने) इसे बेडियोंसे बाँध दिया है। अच्छा, चिल्लाता हूँ। सुनो, आर्य, सुनो। अभी अभी गाडीसे लौटे हुए मैंने बसन्तसेना पुष्पकरंडक जीर्णोद्यानकी ओर पहुँचाई है।)

ਗੁਰਮੁਖੀ ਸੰਸਕਰਣ

ਮਾਗਧੀ ਦਾ ਉਪਰੋਕਤ ਵਾਰਤਕ ਟੋਟਾ ਦੇਵਨਾਗਰੀ ਲਿਪੀ ਵਿਚ ਅੰਕਿਤ ਹੈ ਅਤੇ ਉਸ ਦਾ ਸੰਸਕ੍ਰਿਤ-ਸੰਸਕਰਣ ਤੇ ਹਿੰਦੀ ਅਨੁਵਾਦ ਉਪਰ ਦਿੱਤਾ ਗਿਆ ਹੈ ਪਰ ਹੁਣ ਏਥੇ ਮੂਲ ਟੈਕਸਟ ਦਾ ਗੁਰਮੁਖੀ ਲਿਪੀਅੰਤਰਣ ਦਰਜ ਕੀਤਾ ਜਾਂਦਾ ਹੈ

ਕਧੰ ਆਪਾਵੇ ਚਾਲੁਦਤੇ ਵਾਵਾਦੀਅਦਿ। ਹਗੇ ਣਿਅਲੇਣ ਸ਼ਾਮਿਣਾ ਬੰਧਿਦੇ।

ਭੋਦੁ ਆਕੰਡਾਮਿ, । ਸ਼ੁਣਧ, ਅੱਯਾ ਸ਼ੁਣਧ। ਅਸਤਿ ਦਾਣਿਮਏ ਪਾਵੇਣ ਪਵਹਣ-ਪਡਿਵੱਤੇਣ ਪੁੱਫ-ਕਲੰਡਅ-ਯਿਣਣੁੱਯਾਣੰ ਵਸੰਤਸੇਣਾ ਣੀਦਾ।

ਮਾਗਧੀ-ਪ੍ਰਭਾਵਿਤ ਧੁਨੀ-ਖੰਡਾਂ ਅਤੇ ਵਿਆਕਰਣਿਕ ਰੂਪਾਂ ਦੇ ਨਮੂਨੇ ਹੇਠਾਂ ਪੇਸ਼ ਹਨ :

ਮਾਗਧੀ : ਅਪਾਵੇ, ਚਾਲੁਦੱਤੇ, ਵਸੰਤਸੇਣਾ, ਣੀਦਾ, ਦੀਸਦਿ, ਸ਼ਲੂਵੇ, ਲਾਉਲੇਂ।

ਸੰਸਕ੍ਰਿਤ : ਅਪਾਪੇ, ਚਾਰੂਦੱਤੇ, ਵਸੰਤਸੇਨਾ, ਨੀਤਾ, ਦ੍ਰਿਸ਼ਯਤੇ, ਸੁਰੂਪੇ, ਰਾਜਕੁਲੇਂ।

ਪੰਜਾਬੀ : ਪਾਪ-ਰਹਿਤ ਚਾਰੁਦੱਤ, ਵਸੰਤਸੇਨਾ, ਲਿਆਇਆ, ਦਿਸਦਾ ਹੈ, ਸੁਰੂਪ, ਰਾਜਕੁਲ।

ਰੂਪਾਂਤਰਣ : ਪ → ਵ, ਰ → ਲ, ਸ → ਸ਼, ਨ → ਣ, ਤ → ਦ, ਕੁ → ਉ

ਅਰਧ-ਮਾਗਧੀ

ਮਗਧ ਅਤੇ ਸ਼ੂਰਸੇਨ ਇਲਾਕੇ ਦੇ ਦਰਮਿਆਨੀ ਖੇਤਰ ਦੀ ਪ੍ਰਾਕ੍ਰਿਤ ਭਾਸ਼ਾ ਦਾ ਨਾਮ ਅਰਧ-ਮਾਗਧੀ ਹੈ। ਇਸ ਵਿਚ ਮਾਗਧੀ ਅਤੇ ਸ਼ੌਰਸੇਨੀ ਦੋਹਾਂ ਦੇ ਲੱਛਣ ਉਪਲਬਧ ਹੁੰਦੇ ਹਨ, ਇਸੇ ਲਈ ਇਸ ਦਾ ਨਾਮ ਅਰਧ-ਮਾਗਧੀ (ਅਰਥਾਤ ਅੱਧੀ ਮਾਗਧੀ ਅਤੇ ਅੱਧੀ ਸ਼ੌਰਸੇਨੀ) ਰਖਿਆ ਗਿਆ ਹੈ। ਵਿਦਵਾਨਾਂ ਦੇ ਅਨੁਸਾਰ ਅਰਧ-ਮਾਗਧੀ ਪ੍ਰਾਕ੍ਰਿਤ ਅਵਧ ਅਤੇ ਭੋਜਪੁਰ (ਬਿਹਾਰ ਪ੍ਰਾਂਤ) ਦੀ ਤਤਕਾਲੀਨ ਲੋਕ ਬੋਲੀ ਸੀ। ਕਈ ਇਸ ਨੂੰ ਪ੍ਰਾਚੀਨ ਕੋਸਲ ਜਨਪਦ ਦੀ ਪ੍ਰਾਕ੍ਰਿਤ ਭਾਸ਼ਾ ਮੰਨਦੇ ਹਨ ਇਸ ਲਈ ਇਹ ਕੋਸਲ-ਜਾਨਪਦੀ ਪ੍ਰਾਕ੍ਰਿਤ ਹੈ।

ਅਰਧ-ਮਾਗਧੀ ਅਤੇ ਮਾਗਧੀ ਪ੍ਰਾਕ੍ਰਿਤਾਂ ਨੂੰ ਭਗਵਾਨ ਮਹਾਵੀਰ ਅਤੇ ਭਗਵਾਨ ਗੌਤਮ ਬੁੱਧ ਦੀ ਮਾਤ੍ਰੀਭਾਸ਼ਾ ਹੋਣ ਦਾ ਮਾਣ ਪ੍ਰਾਪਤ ਹੈ। ਬਾਅਦ ਵਿਚ ਇਹ ਬੋਧਾਂ ਤੇ ਜੈਨੀਆ ਦੀ ਸਾਹਿਤਕ ਭਾਸਾ ਬਣੀ ਰਹੀ। ਪਰ ਮਗਰੋਂ ਜਾ ਕੇ ਬੋਧਾਂ ਨੇ ਪਾਲੀ ਤੇ ਮਾਗਧੀ ਨੂੰ ਆਪਣੀ ਧਾਰਮਿਕ ਭਾਸਾ ਸਵੀਕਾਰ ਕਰ ਲਿਆ ਅਤੇ ਅਰਧ-ਮਾਗਧੀ ਜੈਨ-ਸੰਪ੍ਰਦਾਏ ਦੀ ਧਰਮ-ਭਾਸ਼ਾ ਬਣ ਕੇ ਪ੍ਰਵਾਨ ਚੜ੍ਹੀ, ਜੈਨ ਲੋਕ ਅਰਧ-ਮਾਗਧੀ ਨੂੰ ਸੰਸਕ੍ਰਿਤ, ਵੈਦਿਕ ਸੰਸਕ੍ਰਿਤ ਤੋਂ ਵੀ ਪੁਰਾਤਨ ਭਾਸ਼ਾ ਮੰਨਦੇ ਹਨ ਅਤੇ ਇਹ ਵੀ ਮਾਨਤਾ ਰਖਦੇ ਹਨ ਕਿ ਅਰਧ-ਮਾਗਧੀ ਵਿਸ਼ਵ- ਭਾਸ਼ਾਵਾਂ ਦੀ ਸ੍ਰੋਤ-ਭਾਸ਼ਾ ਹੈ। ਜੈਨੀਆ ਦੀ ਇਸ ਨਿਸ਼ਠਾ ਤੇ ਸ਼ਰਧਾ ਦਾ ਹੀ ਸਿੱਟਾ ਹੈ ਕਿ ਅਰਧ-ਮਾਗਧੀ ਮੱਧਯੁੱਗ ਵਿਚ ਅਤਿ ਉੱਨਤ ਸਾਹਿਤਕ ਭਾਸ਼ਾ ਦੇ ਤੌਰ ਤੇ ਸਥਾਪਿਤ ਭਾਸ਼ਾ ਬਣ ਸਕੀ ਹੈ। ਜਰਮਨੀ ਦੇ ਪ੍ਰਾਕ੍ਰਿਤ ਵਿਗਿਆਨੀ ਡਾ ਰਿਚਰਡ ਪਿਸ਼ਲ (Pischel) ਦਾ ਨਿਸ਼ਕਰਸ਼ ਹੈ ਕਿ ਅਰਧ-ਮਾਗਧੀ ਪੂਰਬੀ ਭਾਰਤ ਦੇ ਬਹੁਤ ਵਿਸ਼ਾਲ ਖੇਤਰ ਵਿਚ ਜਨਪਦੀ ਸਮੂਹਿਕ ਬੋਲੀ ਵਜੋਂ ਵਿਆਪਕ ਭਾਸ਼ਾ ਸੀ।

ਅਰਧ-ਮਾਗਧੀ ਦਾ ਉੱਤਮ ਤੇ ਉੱਚ ਸਥਾਨ ਇਸ ਤੱਥ ਦੀ ਰੋਸ਼ਨੀ ਵਿਚ ਨਿਰਧਾਰਿਤ ਕੀਤਾ ਹੈ ਕਿ ਅਰਧ-ਮਾਗਧੀ ਨੂੰ ਜੈਨ ਆਚਾਰਯਾ ਨੇ "ਰਿਸ਼ੀ ਭਾਸ਼ਿਤਾ" ਅਤੇ "ਆਰਸ਼" (ऋषि-भाषिता, और आर्ष) ਕਿਹਾ ਹੈ। "ਆਰਸ਼" ਦਾ ਭਾਵ ਹੈ ਰਿਸ਼ੀਆਂ ਦੀ ਭਾਸ਼ਾ। ਮੱਧਯੁਗ ਦੇ ਆਚਾਰੀਆ ਨਮਿਸਾਧੂ ਦਾ ਉਲੇਖ ਹੈ ਕਿ ਅਰਧ-ਮਾਗਧੀ ਉਹ ਭਾਸ਼ਾ ਹੈ ਜਿਸ ਨੂੰ ਦੇਵਤੇ ਉਚਾਰਣ ਕਰਕੇ ਬੋਲਦੇ ਹਨ। ਮੂਲ ਟੈਕਸਟ ਇਹ ਹੈ :

"ਆਰਿਸ ਵਯਣੇ ਸਿਧੰ ਦੇਵਾਣੰ ਅਧ- ਮਾਗਹਾ ਵਾਣੀ"

ਅਰਥਾਤ ਅਧ-ਮਾਗਹਾ ਵਾਣੀ ਯਾਨੀ ਅਰਧ-ਮਾਗਧੀ ਭਾਸ਼ਾ ਰਿਸ਼ੀਆਂ ਦੀ ਵਾਣੀ ਹੈ ਜਿਸ ਨੂੰ ਸਿੱਧ ਦੇਵਤੇ ਬੋਲਦੇ ਹਨ (ਵਯਣ = ਵਚਨ, ਪੰ. ਵੈਣ, ਆਰਿਸ = ਆਰਸ਼, ਰਿਸ਼ੀਆਂ ਦੀ, ਮਾਗਹਾ = ਮਾਗਧੀ)।

ਜੈਨ-ਆਗਮ ਸਾਹਿੱਤ ਦੇ "ਸਮਵਾਯਾਂਗ ਸੂਤ੍ਰ" ਵਿਚ ਲਿਖਿਆ ਹੈ ਕਿ ਸਵਾਮੀ ਮਹਾਵੀਰ ਅਰਧ-ਮਾਗਧੀ ਭਾਸ਼ਾ ਵਿਚ ਧਰਮ ਆਖਦੇ ਹਨ। ਮੂਲ ਰੂਪ ਇਹ ਹੈ :

"ਭਗਵੰ ਚ ਣ ਅਧ-ਮਾਗਹੀਏ ਭਾਸਾਏ ਧੰਮੇ ਆਖਇ" (ਭਗਵੰ= ਭਗਵਾਨ, ਭਾਸਾਏ = ਭਾਸ਼ਾ ਵਿਚ, ਧੰਮੰ = ਧਰਮ, ਆਖਇ = ਆਖਦਾ ਹੈ)

ਅਰਧ-ਮਾਗਧੀ ਵਿਚ ਢੇਰ ਸਾਹਿਤ ਉਪਲਬਧ ਹੈ। ਜੈਨ ਆਗਮ-ਸਾਹਿਤ ਦੇ ਸੂਤ੍ਰ

(ਅੰਗ ਤੇ ਉਪਾਂਗ) ਅਰਧ-ਮਾਗਧੀ ਵਿਚ ਹੀ ਰਚੇ ਗਏ ਹਨ । ਇਸ ਸਾਹਿਤ ਦਾ ਵਰਣਨ ਤੇ ਵਿਸਤਾਰ ਉਪਰ ਅੰਕਿਤ ਹੈ । ਸੰਸਕ੍ਰਿਤ ਨਾਟਕਾ ਵਿਚ ਸੰਸਕ੍ਰਿਤ ਦੇ ਨਾਲ ਨਾਲ ਅਰਧ-ਮਾਗਧੀ ਪ੍ਰਾਕ੍ਰਿਤ ਦਾ ਪ੍ਰਯੋਗ ਹੋਇਆ ਹੈ । ਨਾਟਕਾਂ ਵਿਚ ਜੈਨ ਪਾਤਰ ਅਵੱਸ਼ ਅਰਧ-ਮਾਗਧੀ ਬੋਲਦੇ ਹੋਣਗੇ । ਨਾਟਕਾ ਵਿਚ ਅਰਧ-ਮਾਗਧੀ ਦੀ ਵਰਤੋਂ ਨੌਕਰਾਂ, ਰਾਜਪੁਤਰਾਂ, ਅਤੇ ਸ੍ਰੇਸ਼ਠੀਆਂ ਦੁਆਰਾ ਕਰਵਾਈ ਗਈ ਮਿਲਦੀ ਹੈ । ਇਤਿਹਾਸਿਕ ਦ੍ਰਿਸ਼ਟੀ ਤੋਂ ਜੈਨ ਅਰਧ-ਮਾਗਧੀ ਇਸ ਪ੍ਰਾਕ੍ਰਿਤ ਦਾ ਪ੍ਰਾਚੀਨ ਰੂਪ ਹੈ ਅਤੇ ਨਾਟਕਾਂ ਵਿਚ ਪ੍ਰਯੁਕਤ ਅਰਧ-ਮਾਗਧੀ ਇਸ ਦਾ ਮਗਰਲਾ ਉੱਤਰ-ਕਾਲੀ ਰੂਪ ਹੈ । ਦੋਹਾਂ ਵਿਚ ਕਾਫੀ ਫ਼ਰਕ ਤੇ ਵਖਰੇਵੇਂ ਹਨ (ਹਰਦੇਵ ਬਾਹਰੀ) ।

ਅਰਧ-ਮਾਗਧੀ ਦੀਆਂ ਕੁਝ ਕੁ ਭਾਸ਼ਾਗਤ ਨਵੇਕਲੀਆਂ ਵਿਲੱਖਣਤਾਵਾਂ ਦਾ ਬਿਉਰਾ ਸੰਖੇਪ ਵਿਚ ਦਰਜ ਕੀਤਾ ਜਾਂਦਾ ਹੈ :

(1) ਅਰਧ-ਮਾਗਧੀ ਵਿਚ ਮਾਗਧੀ ਤੇ ਸ਼ੌਰਸੇਨੀ ਦੋਹਾਂ ਪ੍ਰਾਕ੍ਰਿਤਾਂ ਦੇ ਵਿਸ਼ਿਸ਼ਟ ਲੱਛਣ ਮਿਲਦੇ ਹਨ । ਇਸ ਵਿਚ /ਰ ,ਲ/ ਦੋਵੇ ਹੀ ਧੁਨੀਆਂ (ਫੋਨੀਮ) ਵਿਦੱਮਾਨ ਹਨ । ਨਾਂਵੀਂ ਵਿਭਕਤੀਕਰਣ (nominal inflection) ਵਿਚ ਕਰਤਾ ਕਾਰਕ ਇਕ ਵਚਨ ਦੇ ਸ਼ਬਦਾਂ ਦੇ ਵਿਭਕਤੀ ਪਿਛੇਤਰ, ਮਾਗਧੀ ਦੀ ਤਰ੍ਹਾਂ /-ਏ/ ਅੰਤਕ ਵੀ ਹਨ ਅਤੇ ਸ਼ੌਰਸੇਨੀ ਦੀ ਤਰ੍ਹਾਂ /-ਓ/ ਅੰਤਕ ਵੀ ਹਨ । ਜਿਵੇਂ ਦੇਵੇ-ਦੇਵੋ (ਸੰਸਕ੍ਰਿਤ ਦੇਵਃ = ਦੇਵਹ) ਪੰਜਾਬੀ "ਦੇਵ" ਜਾਂ ਦਿਉ ।

(2) /ਸ਼, ਸ/ ਦੀ ਥਾਂ ! /ਸ/ ਦਾ ਰੂਪਾਂਤਰਣ :
ਸੰਸਕ੍ਰਿਤ "ਸ਼੍ਰਿੰਗਾਰ" ਅਰਧਮਾਗਧੀ "ਸਿੰਗਾਰੇ" (ਸ਼੍ਰਿੰਗਾਰ → ਸ਼੍ਰਿੰਗਾਰੇ).

(3) ਦੰਤੀ ਵਿਅੰਜਨਾ ਦਾ ਮੂਰਧਨੀਕਰਣ : ਪਡਿਕਮਾਮਿ ← ਪ੍ਰਤਿਕ੍ਰਮਾਮਿ, ਠਾਣੰ ← ਸਥਾਨੰ

(4) ਅੰਤਰ-ਸਵਰੀ ਮੱਧਵਰਤੀ ਲੁਪਤ ਵਿਅੰਜਨਾ ਦੀ ਥਾਂ ਯ-ਸ਼ਰੁਤੀ :
ਉਦਾਹਰਣ : ਸਾਗਰ → ਸਾਯਰ (ਪੁਰਾ : ਪੰਜਾਬੀ : ਸਾਇਰ), ਕ੍ਰਿਤ → ਕਯ (ਪੰਜਾਬੀ : ਕੀਤਾ)

ਅਰਧ-ਮਾਗਧੀ ਦੀ ਵੰਨਗੀ (1)

ਅਰਧ-ਮਾਗਧੀ :

ਣਮੋ ਅਰਿਹੰਤਾਣੰ ਣਮੋ ਸਿਦ੍ਧਾਣੰ ਣਮੋ ਆਯਰਿਯਾਣੰ ਣਮੋ ਉਵਜ੍ਝਾਯਾਣੰ ਣਮੋ ਲੋਏ ਸੱਬ ਸਾਹੂਣੰ । ਏਸੋ ਪੰਚ ਣਮੁਕ੍ਕਾਰੋ ਸੱਬ- ਪਾਵ ਪਣਾਸਣੋ ਮੰਗਲਾਣੰ ਚ ਸੱਬੇਸਿ ਪਢਮੰ ਹਵਈ ਮੰਗਲੰ ॥ (ਸ੍ਰੀ ਸਾਮਾਯਿਕ ਸੂਤ੍ਰ : ਅਰਧ-ਮਾਗਧੀ ਭਾਸ਼ਾ)

ਪੰਜਾਬੀ ਭਾਸ਼ਾਂਤਰ :

"ਸ੍ਰੀ ਅਰਿਹੰਤਾ ਨੂੰ ਨਮਸਕਾਰ ਹੈ; ਸ਼ਿਧਾਂ ਨੂੰ, ਆਚਾਰੀਆਂ ਨੂੰ ਉਪਾਧਿਆਇਆ ਨੂੰ ਅਤ ਲੋਕ ਵਿਚ (ਬਿਰਾਜਮਾਨ) ਸਾਰਿਆਂ ਸਾਧੂਆਂ ਨੂੰ ਨਮਸਕਾਰ ਹੈ । ਇਹ ਪੰਜਾਂ ਨੂੰ ਨਮਸਕਾਰ ਹੈ ਜੋ ਸਾਰਿਆਂ ਪਾਪਾਂ ਦਾ ਨਾਸ ਕਰਦਾ ਹੈ, ਸਾਰਿਆ ਮੰਗਲਾਂ ਵਿਚ ਇਹ ਪ੍ਰਥਮ ਮੰਗਲ ਹੈ । "ਇਸ = ਪੰਚਪਰਮੇਸ਼ਠੀ ਮਹਾਮੰਤ੍ਰ ਵਿਚ ਅਰਧ-ਮਾਗਧੀ ਪ੍ਰਾਕ੍ਰਿਤ ਦੇ ਪ੍ਰਮੁਖ ਲੱਛਣ ਵਿੱਦਮਾਨ ਹਨ, ਜਿਵੇਂ : ਣਮੋ /ਨ → ਣ /, ਪਾਵ= (ਪਾਪ) ਪ → ਵ, ਪਢਮੰ (= ਪ੍ਰਥਮੰ) /ਥ → ਢ/, ਣਮੁੱਕਾਰੋ = ਨਮਸਕਾਰ : (ਦੁੱਤੀਕਰਣ) : ਕਰਤਾ

ਕਾਰਕੀ ਰੂਪ ਇਕ ਵਚਨ /-ਓ-ਅੰਤਕ/ " ਏਸੋ " ।

ਅਰਧ-ਮਾਗਧੀ ਦੀ ਹੋਰ ਵੰਨਗੀ (2)

"तए ण समणे भगवं महावीरे ..अद्धमागहाए भासाए भासइ। अरिहा ध म्मं परि कहेइ। तेसिं सव्वेसि आर्यं-अणारियाणं अगिलाए धम्म आइक्खइ। सवियणं अद्धमागहा भासा तेसिं सव्वेसिं आरियं-अणारियाणं अप्पणो सभासाए परिणामेणं परिणमइ।" (अववाइअ सुत्त-पैरा 56)

ਪੰਜਾਬੀ ਉਲਥਾ : ਭਗਵਾਨ ਮਹਾਵੀਰ ਇਨ੍ਹਾਂ ਸ੍ਰਮਣਾਂ ਨੂੰ ਅਰਧ-ਮਾਗਧੀ ਭਾਸ਼ਾ ਵਿਚ (ਆਪਣੇ ਧਰਮ ਦਾ ਵਿਆਖਿਆਨ ਕਰਦੇ ਹਨ) । ਅਰਹਤ ਧਰਮ ਨੂੰ ਮੜ ਮੜ ਸਮਝਾਉਂਦੇ ਹਨ । ਉਹ ਉਹਨਾ ਸਾਰਿਆ ਆਰੀਆ-ਅਨਾਰੀਆ ਦੇ ਅੱਗੇ ਧਰਮ ਦੀ ਸਿਖਿਆ ਦੇਂਦੇ ਹਨ । ਉਹ ਸਾਰੇ ਇਸ ਅਰਧ-ਮਾਗਧੀ ਭਾਸ਼ਾ ਤੋਂ ਇਹਨਾ ਆਰੀਆਂ ਅਨਾਰੀਆ ਦੇ ਵਿਚ ਆਪਣੀ ਆਪਣੀ ਬੋਲੀ ਵਿਚ ਉਲਥਾ ਕਰਕੇ ਇਸ ਧਰਮ ਦਾ ਪ੍ਰਚਾਰ ਕਰਦੇ ਹਨ ।

ਅਰਧ-ਮਾਗਧੀ ਦੀ ਵੰਨਗੀ (3)

ਤੇਣੰ ਕਾਲੇਣੰ ਤੇਣੰ ਸਿੰਧੂ ਸੋਵੀਰੇਸੂ
ਜਣਵਏਸੁ ਵੀਯਭਏ ਣਾਮੰ ਣਯਰੇ ਹੋਥਾ, ਉਦਾਯਣੇ
ਣਾਮੰ ਰਾਯਾ, ਪ੍ਰਭਾਵਤੀ ਦੇਵੀ, ਤਿਸੇ ਜੇਠ ਪੁੱਤੇ
ਅਭਿਈ ਣਾਮੰ ਜੁਵਰਾਯ ਹੋਥਾ (ਉਦਾਯਣ)

ਪੰਜਾਬੀ : ਭਾਸ਼ਾਤਰ

'ਤਿਸ ਕਾਲ ਤਿਸ ਸਮੇਂ' ਸਿੰਧੂ-ਸੌਵੀਰ ਜਨਪਦ (ਇਲਾਕੇ) ਵਿਚ ਵੀਤਭਯ ਨਾਂ ਦਾ ਨਗਰ ਸੀ । ਉਦਾਯਣ ਨਾਂ ਦਾ ਰਾਜਾ-ਰਾਇ, ਪ੍ਰਭਾਵਤੀ ਰਾਣੀ ਦੇਵੀ ਤਿਨ੍ਹਾਂ ਦਾ ਜੇਠਾ ਪੁੱਤਰ ਅਭਿਜਿਤ ਨਾਂ ਦਾ ਯੁਵਰਾਜ ਸੀ ।

ਪੈਸ਼ਾਚੀ ਪ੍ਰਾਕ੍ਰਿਤ

ਪੈਸ਼ਾਚੀ ਇਕ ਬਹੁਤ ਪ੍ਰਾਚੀਨ ਪ੍ਰਾਕ੍ਰਿਤ ਹੈ । ਪ੍ਰਾਕ੍ਰਿਤ ਵਿਆਕਰਣਕਾਰਾ ਨੇ ਇਸ ਦਾ ਉਲੇਖ ਕੀਤਾ ਹੈ । ਵਰਰੁਚੀ ਪੈਸਾਚੀ ਨਾਂ ਦੀ ਬੋਲੀ ਦਾ ਉਲੇਖ ਕਰਦਾ ਹੈ । ਕ੍ਰਮਦੀਸ਼ਵਰ ਦੇ ਵਿਆਕਰਣ ਵਿਚ ਵੀ ਇਸ ਦਾ ਨਾ ਆਇਆ ਹੈ । '*ਵਾਗਭਟਾਲੰਕਾਰ*' ਦੀ ਟੀਕਾ ਵਿਚ *ਸਿੰਹਦੇਵ-ਗਣਿਨ* ਇਸ ਨੂੰ 'ਪੈਸ਼ਾਚਿਕ' ਆਖਦਾ ਹੈ । ਰੁਦ੍ਰਟ ਦ ਗ੍ਰੰਥ '*ਕਾਵਿਆਲੰਕਾਰ*' ਦੀ ਟੀਕਾ ਵਿਚ ਨਮਿਸਾਧੂ ਵੀ ਇਸ ਨੂੰ ਪੈਸ਼ਾਚਿਕ ਲਿਖਦਾ ਹੈ । ਹੇਮਚੰਦ੍ਰ ਨੇ ਪੈਸਾਚੀ ਦੇ ਨਿਯਮਾਂ ਦਾ ਵਰਣਨ ਕੀਤਾ ਹੈ ਅਤੇ ਫਿਰ ਉਸ ਦੀ ਇਕ ਹੋਰ ਵੰਨਗੀ (variety) ਚੂਲਿਕਾ ਪੈਸਾਚੀ ਦੇ ਨਿਯਮ ਦੱਸੇ ਹਨ । ਉਸ ਤੋਂ ਉਪਰੰਤ 'ਤ੍ਰਿਵਿਕ੍ਰਮ' ਤੇ 'ਸਿੰਹਰਾਜ' ਵੀ ਇਸ ਦਾ ਵਰਣਨ ਕਰਦੇ ਹਨ । ਮਾਰਕੰਡੇਯ ਦੇ ਪ੍ਰਾਕ੍ਰਿਤ ਸਰਵਸਵ ਵਿਚ ਕਿਸੇ ਗੁਮਨਾਮ ਲੇਖਕ ਦਾ ਹਵਾਲਾ ਹੈ ਜਿਸ ਨੇ ਗਿਆਰਾਂ ਤਰ੍ਹਾਂ ਦੀ ਪੈਸਾਚੀ ਪ੍ਰਾਕ੍ਰਿਤ ਦੇ ਨਾਂ ਗਿਣੇ ਹਨ । ਉਹ ਨਾ ਇਹ ਹਨ :

ਕਾਂਚਿਦੇਸ਼ੀਯ, ਪੰਡਯਾ, ਪਾਂਚਾਲ, ਗੌੜ, ਮਾਗਧ, ਵ੍ਰਾਚਡ,
ਦਾਕਸ਼ਿਣਾਤਯਾ, ਸ਼ੌਰਸੇਨ, ਕੈਕਯ, ਸ਼ਾਬਰ, ਦ੍ਰਾਵਿੜ (ਏਕਾਦਸ ਪਿਸ਼ਾਚਕਾ)

ਪਰ ਮਾਰਕੰਡੇਯ ਨੇ ਪੈਸਾਚੀ ਦੇ ਤਿੰਨ ਪ੍ਰਕਾਰ ਗਿਣੇ ਹਨ-ਕੈਕੇਯ, ਸ਼ੌਰਸੇਨ, ਪਾਂਚਾਲ ।

ਮਾਰਕੰਡੇਯ ਦੇ ਅਨੁਸਾਰ ਕੈਕੇਯ ਪੈਸ਼ਾਚੀ ਸੰਸਕ੍ਰਿਤ ਭਾਸ਼ਾ ਉੱਤੇ ਆਧਾਰਿਤ ਹੈ ਅਤੇ ਸ਼ੌਰਸੇਨ-ਪੈਸ਼ਾਚੀ ਸ਼ੌਰਸੇਨੀ ਉੱਤੇ ।

ਜਰਮਨ ਲੇਖਕ ਲਾਹਸਨ ਨੇ 'ਲਕਸ਼ਮੀਧਰ' ਦੇ ਗ੍ਰੰਥ ਦੇ ਹਵਾਲੇ ਨਾਲ ਲਿਖਿਆ ਹੈ ਕਿ ਪੈਸ਼ਾਚੀ ਭਾਸ਼ਾ ਦਾ ਨਾਂ ਪਿਸ਼ਾਚ ਦੇਸ਼ਾ ਕਰਕੇ ਪਿਆ ਹੈ ਜਿਥੇ ਇਹ ਬੋਲੀ ਜਾਂਦੀ ਸੀ । ਮਹਾਭਾਰਤ [7, 121, 14] ਵਿਚ ਇਕ ਪੈਸ਼ਾਚ ਜਾਤੀ ਦਾ ਜ਼ਿਕਰ ਆਉਂਦਾ ਹੈ । ਹਿੰਦੁਸਤਾਨੀ ਲੋਕ ਪਿਸ਼ਾਚ ਦਾ ਮਤਲਬ ਭੂਤ ਲੈਂਦੇ ਹਨ । ਇਸ ਲਈ ਭਾਮਹ ਨੇ ਕਿਹਾ ਹੈ ਕਿ ਪਿਸ਼ਾਚਾਨਾਂ ਭਾਸ਼ਾ ਪੈਸ਼ਾਚੀ ਅਰਥਾਤ ਭੂਤਾਂ ਦੀ ਬੋਲੀ ਭੂਤ ਭਾਸ਼ਾ ।

ਜਰਮਨ ਵਿਦਵਾਨ ਪਿਸ਼ਲ ਦੀ ਕਲਪਨਾ ਹੈ ਕਿ ਸ਼ੁਰੂ ਵਿਚ ਇਸ ਭਾਸ਼ਾ ਦਾ ਨਾਮ ਪੈਸ਼ਾਚੀ ਇਸ ਲਈ ਜਾਰੀ ਹੋਇਆ ਹੋਵੇਗਾ ਕਿ ਇਹ ਪਿਸ਼ਾਚ ਜਾਤੀ ਦੁਆਰਾ ਜਾਂ ਪਿਸ਼ਾਚ ਦੇਸ ਵਿਚ ਬੋਲੀ ਜਾਂਦੀ ਹੋਵੇਗੀ । ਇਸ ਦਾ ਭਾਵ ਇਹ ਹੈ ਕਿ ਪਿਸ਼ਾਚ ਇਕ ਜਾਤੀ ਦਾ ਨਾਂ ਰਿਹਾ ਹੋਵੇਗਾ ਅਤੇ ਮੁੜ 'ਭੂਤਾਂ' ਨੂੰ ਵੀ ਪਿਸ਼ਾਚ ਕਿਹਾ ਜਾਣ ਲਗਿਆ ਤਾਂ ਆਮ ਲੋਕ ਤੇ ਵਿਆਕਰਣਕਾਰ ਇਸ ਨੂੰ 'ਭੂਤ ਭਾਸ਼ਾ' ਕਹਿਣ ਲੱਗ ਪਏ । "ਦਸ ਰੂਪ" ਦੇ ਅਨੁਸਾਰ ਪਿਸ਼ਾਚ ਅਤੇ ਹੋਰ ਨੀਵੀਆਂ ਜਾਤਾਂ ਦੇ ਲੋਕ ਪੈਸ਼ਾਚ ਪ੍ਰਾਕ੍ਰਿਤ ਬੋਲਦੇ ਸਨ । ਸਰਸਵਤੀ ਕੰਠਾਭਰਣ' ਅਤੇ ਸਾਹਿਤਯ ਦਰਪਣ ਵਿਚ ਪੈਸ਼ਾਚੀ ਨੂੰ ਪਿਸ਼ਾਚਾਂ ਦੀ ਭਾਸ਼ਾ ਕਿਹਾ ਹੈ । ਭੋਜਦੇਵ ਨੇ 'ਸਰਸਵਤੀ ਕੰਠਾਭਰਣ' ਵਿਚ ਉੱਚੇ ਜਾਤੀ ਦੇ ਲੋਕਾਂ ਨੂੰ ਸ਼ੁੱਧ ਪੈਸ਼ਾਚੀ ਬੋਲਣ ਤੋਂ ਵਰਜਿਆ ਹੈ -(ਨਾਤਿ-ਉੱਤਮ ਪਾਤ੍ਰ ਪ੍ਰਯੋਜਯਾ ਪੈਸ਼ਾਚੀ ਸ਼ੁੱਧਾ) ।

ਡਾ. ਹਰਦੇਵ ਬਾਹਰੀ ਦਾ ਇਹ ਨਿਸ਼ਕਰਸ਼ ਹੈ ਕਿ ਪੈਸ਼ਾਚੀ ਦਾ ਖੇਤਰ ਪੱਛਮੋਤਰ ਪ੍ਰਦੇਸ ਲਗਦਾ ਹੈ । ਪਰੰਤੂ ਇਸ ਸੀਮਾਂ ਤੋਂ ਬਾਹਰ ਮੱਧ ਦੇਸ਼ ਤਕ ਇਸ ਦੀ ਵਿਹਾਰਕ ਵਰਤੋਂ ਹੁੰਦੀ ਸੀ । ਪੰਜਾਬ, ਸਿੰਧ ਬਿਲੋਚਿਸਤਾਨ ਅਤੇ ਕਸ਼ਮੀਰ ਦੀਆਂ ਭਾਸ਼ਾਵਾਂ ਵਿਚ ਪੈਸ਼ਾਚੀ ਦਾ ਪ੍ਰਭਾਵ ਉਜਾਗਰ ਹੁੰਦਾ ਹੈ । ਪਰ ਪੈਸ਼ਾਚੀ ਦੀ ਕਾਫ਼ੀ ਜਾਣਕਾਰੀ ਉਪਲਬਧ ਨਹੀਂ ਹੈ । ਪੈਸ਼ਾਚੀ ਦੇ ਕੁਝ ਉਦਾਹਰਣ ਪ੍ਰਾਕ੍ਰਿਤ ਵਿਆਕਰਣਾਂ ਅਤੇ ਸੰਸਕ੍ਰਿਤ ਕਾਵਿ-ਸ਼ਾਸਤ੍ਰੀ ਗ੍ਰੰਥਾਂ ਵਿਚ ਮਿਲ ਜਾਂਦੇ ਹਨ । ਇਸ ਦੇ ਅਵਸ਼ੇਸ (ਬਕਾਇਆ) ਚੀਨੀ ਤੁਰਕਿਸਤਾਨ, ਕਾਫ਼ਿਰਸਤਾਨ, ਗਾਂਧਾਰ ਆਦਿ ਵਿਚ ਪਾਏ ਜਾਂਦੇ ਹਨ ਜਿੱਥੇ ਸ਼ਿਲਾਲੇਖਾਂ ਵਿਚ ਪੈਸ਼ਾਚੀ ਅੰਕਿਤ ਹੈ ।

Home of Paishachi : ਪੈਸ਼ਾਚੀ ਦਾ ਜੱਦੀ ਘਰ

ਪੈਸ਼ਾਚੀ ਵਿਚ ਭਾਸ਼ਾ ਦੇ ਸਲੇਸ਼ ਦਾ ਬੜਾ ਚਮਤਕਾਰ ਹੈ ਕਿਉਂਕਿ ਸਾਰੀਆਂ ਪ੍ਰਾਕ੍ਰਿਤਾਂ ਵਿਚੋਂ ਪੈਸ਼ਾਚੀ ਸੰਸਕ੍ਰਿਤ ਨਾਲ ਬਹੁਤ ਮਿਲਦੀ-ਜੁਲਦੀ ਹੈ । ਪੈਸ਼ਾਚੀ ਆਪਣੀ ਧੁਨੀ ਬਣਤਰ ਦੇ ਪਖੋਂ ਸੰਸਕ੍ਰਿਤ ਅਤੇ ਪਾਲੀ ਨਾਲ ਮਿਲਦੀ ਹੈ । ਹਾਰਨਲੇ ਨੇ ਪੈਸ਼ਾਚੀ ਦੀ ਧੁਨੀ ਸੰਰਚਨਾ ਦੀ ਖੋਜ ਕਰ ਕੇ ਵੇਖਿਆ ਹੈ ਕਿ ਇਸ ਵਿਚ ਵਰਗਾਂ ਦੇ ਤੀਜੇ ਵਰਣਾਂ ਦੀ ਥਾਂ ਦੂਜੇ ਵਰਣ ਹੋ ਜਾਂਦੇ ਹਨ (ਮਦਨ ਦਾ ਮਤਨ, ਦਮੋਦਰ ਦਾ ਤਮੋਤਰ, ਪ੍ਰਦੇਸ਼ ਦਾ ਪਤੇਸ) ਣ ਨੂੰ ਨ ਹੁੰਦਾ ਹੈ ਅਤੇ ਲ ਦੀ ਥਾਂ ਲ਼ ਹੋ ਜਾਂਦਾ ਹੈ । ਤਾਂ ਹਾਰਨਲੇ ਇਸ ਨਤੀਜੇ ਤੇ ਅਪੜਿਆ ਹੈ ਕਿ ਪੈਸ਼ਾਚੀ ਆਰਯ ਭਾਸ਼ਾ ਦਾ ਉਹ ਰੂਪ ਹੈ ਜ ਦ੍ਰਾਵਿੜ ਭਾਸ਼ਾ ਬੋਲਣ ਲਗੇ ਹੋਣਗੇ । ਹਾਰਨਲੇ ਦੇ ਇਸ ਮਤ ਦੇ ਵਿਰੁੱਧ ਸੇਨਾਰ ਨੇ ਇਹ ਸਿੱਧਾਂਤ ਪੇਸ਼ ਕੀਤਾ ਹੈ ਕਿ ਕਿਸੇ ਵੀ ਹੋਰ ਆਰਯ ਭਾਸ਼ਾ ਵਿਚ ਮੱਧਵਰਤੀ (ਤੀਜਾ) ਵਰਣ ਬਦਲ ਕੇ ਪਹਿਲਾ ਨਹੀਂ ਬਣਦਾ । ਪਰ ਇਹ ਵਿਸ਼ੇਸਤਾ ਸ਼ਹਿਬਾਜ਼ ਗੜ੍ਹੀ (ਪਿਸ਼ਾਵਰ) ਦੀ ਲਾਟ, ਅਤੇ ਲੇਣ

ਦੇ ਸਿਲਾਲੇਖਾ (ਅਸ਼ੋਕ ਦੇ ਸਿਲਾਲੇਖ ਤੀਜੀ ਸਦੀ ਪੂ. ਈ.) ਦੀ ਭਾਸ਼ਾ ਵਿਚ ਮਿਲਦੀ ਹੈ ਅਤੇ ਆਧੁਨਿਕ ਭਾਸ਼ਾਵਾਂ ਵਿਚੋਂ ਦਰਦ ਕਾਫ਼ਿਰ ਅਤੇ ਜਿਪਸੀਆਂ ਦੀ ਬੋਲੀ ਵਿਚ ਮਹਾਪ੍ਰਾਣ ਵਰਣ ਬਦਲ ਜਾਂਦੇ ਹਨ। ਇਨ੍ਹਾਂ ਤੱਥਾ ਤੋਂ ਸਪਸ਼ਟ ਹੁੰਦਾ ਹੈ ਕਿ ਪੈਸ਼ਾਚੀ ਦਾ ਘਰ ਭਾਰਤ ਦੇ ਉੱਤਰ-ਪੱਛਮ ਵਿਚ ਰਿਹਾ ਹੋਵੇਗਾ (ਪਿਸ਼ਲ 56)।

ਪੈਸ਼ਾਚੀ ਦਾ ਸਾਹਿੱਤ

ਪੈਸਾਚੀ ਵਿਚ ਕੋਈ ਵਿਸ਼ੇਸ਼ ਸਾਹਿੱਤ ਉਪਲਬਧ ਨਹੀਂ ਹੈ। ਗੁਣਾਢਯ-ਕ੍ਰਿਤ 'ਵੱਡਕਹਾ' (ਬ੍ਰਿਹਤ ਕਥਾ) ਦੇ ਕਾਰਣ ਇਸ ਦੀ ਪ੍ਰਸਿੱਧੀ ਬਾਕੀ ਹੈ। ਵੱਡਕਹਾ ਦੀ ਮੂਲ ਰਚਨਾ ਕਾਲ ਦਾ ਗ੍ਰਾਸ ਬਣ ਗਈ ਹੈ ਪਰ ਵੱਡਕਹਾ ਦੇ ਸੰਸਕ੍ਰਿਤ ਵਿਚ ਰੂਪਾਂਤਰਿਤ ਅੰਸ਼ ਸੋਮਦੇਵ-ਰਚਿਤ 'ਕਥਾ ਸਰਿਤਸਾਗਰ' ਕਸ਼ੇਮੇਂਦ੍-ਰਚਿਤ 'ਬ੍ਰਿਹਤ ਕਥਾ ਮੰਜਰੀ' ਅਤੇ ਬੁੱਧਸਵਾਮਿਨ ਕ੍ਰਿਤ "ਬ੍ਰਿਹਤ ਕਥਾ ਸ਼ਲੋਕ ਸੰਗ੍ਰਹਿ" ਵਿਚ ਮਿਲਦੇ ਹਨ। ਵੱਡਕਹਾ ਵਿਚ ਪੈਸ਼ਾਚੀ ਦੇ ਇਕ ਹਜ਼ਾਰ ਸਲੋਕ ਸਨ। ਗੁਣਾਢਯ ਦੀ ਜਨਮ-ਭੂਮੀ ਭਾਰਤ ਦੇ ਵਿਦਰਭ ਦੇਸ ਵਿਚ ਸੀ ਜਿੱਥੇ ਉਹ ਪ੍ਰਤਿਸ਼ਠਾਨ-ਪੁਰ (ਅਜ ਕਲ "ਪੈਠਨ" ਨਾਮ ਨਾਲ ਮਸ਼ਹੂਰ) ਦੇ ਰਾਜਾ ਸਾਤਵਾਹਨ ਪਾਸ ਕੁਝ ਵਕਤ ਸਭਾ ਪੰਡਿਤ ਰਹੇ। ਗੁਣਾਢਯ ਜਦੋਂ ਆਪਣੀ ਪ੍ਰਤਿਗਿਆ ਵਿਚ ਸਫਲ ਨਾ ਹੋਏ ਤਾਂ ਉਨ੍ਹਾਂ ਨੇ ਰਾਜ ਸਭਾ ਤੇ ਸੰਸਕ੍ਰਿਤ ਭਾਸ਼ਾ ਦੋਵੇਂ ਤਿਆਗ ਦਿੱਤੀਆ ਅਤੇ ਪੈਸ਼ਾਚੀ ਬੋਲਦੇ ਇਲਾਕੇ ਵਿਚ ਜਾ ਵਸੇ। ਪੈਸ਼ਾਚੀ ਸਿੱਖ ਕੇ ਉਸ ਨੇ ਬ੍ਰਿਹਤ ਕਥਾ ਦੀ ਰਚਨਾ ਕੀਤੀ। ਸਾਤਵਾਹਨ ਨਰੇਸ਼ ਦਾ ਸਮਾਂ ਪਹਿਲੀ ਸਦੀ ਈਸਵੀ ਹੈ, ਅਤੇ ਇਹੋ ਸਮਾਂ ਗੁਣਾਢਯ ਦਾ ਵੀ ਸਮਝਣਾ ਚਾਹੀਦਾ ਹੈ। ਵੱਡਕਹਾ ਵਿਚ ਈਸਾ-ਪੂਰਵ ਪੰਜ ਸਦੀਆਂ ਦੇ ਭਾਰਤੀ ਸਮਾਜ ਦੇ ਵਿਭਿੰਨ ਪ੍ਰਥਾਵਾਂ, ਪਰੰਪਰਾਵਾਂ ਅਤੇ ਸਥਿਤੀਆਂ ਦੇ ਦਰਸ਼ਨ ਹੁੰਦੇ ਹਨ। ਸੰਸਕ੍ਰਿਤ ਦੇ ਆਚਾਰੀਆਂ ਨੇ ਬਾਲਮੀਕੀ ਅਤੇ ਵਿਆਸ ਤੋਂ ਬਾਅਦ ਗੁਣਾਢਯ ਨੂੰ ਨਮਸਕਾਰ ਕੀਤੀ ਹੈ। ਸੰਸਕ੍ਰਿਤ ਸਾਹਿਤਕਾਰ ਬਾਣ, ਗੋਵਰਧਨ, ਸੁਬੰਧੂ, ਦੰਡੀ, ਧਨਿਕ ਆਦਿ ਨੇ ਗੁਣਾਢਯ ਦਾ ਸਤਿਕਾਰ ਸਹਿਤ ਉਲੇਖ ਕੀਤਾ ਹੈ। ਵੱਡਕਹਾ ਤੋਂ ਇਲਾਵਾ "ਹਮੀਰਮਦ ਮਰਦਨ" ਅਤੇ "ਮੋਹਰਾਜ-ਪਰਾਜਯ" ਨਾਟਕਾ ਵਿਚ ਇਕ-ਦੋ ਪਾਤਰ ਪੈਸ਼ਾਚੀ ਬੋਲਦੇ ਹਨ [ਹਰਦੇਵ ਬਾਹਰੀ, 29] ਉੱਤਰਾਖੰਡ ਦੇ ਬੋਧਾਂ ਦੇ ਵੇਰਵਿਆਂ ਵਿਚ ਇਹ ਗਲ ਲਿਖੀ ਗਈ ਹੈ ਕਿ ਬੁੱਧ ਦੇ ਨਿਰਵਾਣ ਤੋਂ 116 ਵਰ੍ਹੇ ਮਗਰੋਂ ਚਾਰ ਸਥਵਿਰ ਆਪਸ ਵਿਚ ਮਿਲੇ ਸਨ ਜਿਹੜੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਪੈਸ਼ਾਚੀ ਬੋਲੀਆਂ ਬੋਲਦੇ ਸਨ। ਇਨ੍ਹਾਂ ਨੇ ਪੈਸ਼ਾਚੀ ਵਿਚ ਹੀ ਵਾਰਤਾਲਾਪ ਕੀਤੀ ਸੀ।

ਪੈਸ਼ਾਚੀ ਦੀ ਸਥਿਤੀ

ਆਧੁਨਿਕ ਭਾਸ਼ਾ-ਵਿਗਿਆਨੀਆਂ ਨੇ ਪੈਸ਼ਾਚੀ ਦੀ ਸਥਿਤੀ ਬਾਰੇ ਭਿੰਨ ਭਿੰਨ ਵਿਚਾਰ ਪ੍ਰਗਟ ਕੀਤੇ ਹਨ। ਸਰ ਆਰ. ਜੀ. ਭੰਡਾਰਕਰ (Collected Works of Sir R.G. Bhandarkar, p, 344) ਨੇ ਪੈਸ਼ਾਚੀ ਬਾਰੇ ਲਿਖਿਆ ਹੈ ਕਿ ਪੈਸਾਚੀ ਸ਼ਾਇਦ ਉਸ ਆਰਯ ਜਾਤੀ ਦੀ ਭਾਸ਼ਾ ਸੀ ਜਿਹੜੀ ਜਾਤੀ ਬਹੁਤ ਦੇਰ ਤੀਕਰ ਆਪਣੇ ਜੱਦੀ ਘਰ (ਟਿਊਟਨ ਲੋਕਾਂ ਦੇ ਪੂਰਵਜਾ ਨਾਲ ਸੰਬੰਧਿਤ) ਵਿਚ ਟਿਕੀ ਰਹੀ ਅਤੇ ਕਾਫੀ ਚਿਰਾਂ ਤੋਂ ਬਾਅਦ ਭਾਰਤ-ਭੂਮੀ ਵਿਚ ਦਾਖ਼ਲ ਹੋਈ ਅਤੇ ਭਾਰਤ ਦੀਆਂ ਸਰਹੱਦਾਂ ਉੱਤੇ ਹੀ ਵਸ ਗਈ। ਜਾਂ ਇਹ ਵੀ ਮੁਮਕਿਨ ਹੈ ਕਿ ਇਹ ਪੈਸ਼ਾਚੀ ਭਾਸ਼ਾ-ਭਾਸ਼ੀ ਕੌਮ ਦੂਜਿਆ ਟੋਲਿਆਂ ਨਾਲ ਹੀ ਭਾਰਤ ਦੇਸ਼ ਵਿਚ ਦਾਖ਼ਲ ਹੋਈ ਹੋਵੇਗੀ। ਪਰ ਸਰਹੱਦਾ ਦੇ ਪਹਾੜੀ ਇਲਾਕਿਆ

ਵਿਚ ਖੁਲ੍ਹੇ ਡੁੱਲੇ ਵਾਸੇ ਕਰ ਕੇ ਇਸ ਵਿਚ ਅਜਿਹੇ ਨਵੇਕਲੇ ਉਚਾਰਣ ਪੈਟਰਨ ਪੈਦਾ ਹੋਏ ਹੋਣਗੇ ਜਿਹੜੇ ਕਿ ਬਾਕੀ ਆਰੀਆ ਭਾਸ਼ਾਵਾਂ ਵਿਚ ਨਹੀਂ ਸਨ ।

Mr. Ellis ਨੇ ਆਪਣੇ ਸੰਪਾਦਿਤ ਗ੍ਰੰਥ *Campbell's Grammar of the Telgu Language*, ਦੀ ਭੂਮਿਕਾ ਵਿਚ ਲਿਖਿਆ ਹੈ ਕਿ ਜਿਥੇ ਪੈਸਾਚੀ ਦਾ ਪ੍ਰਚਾਰ ਰਿਹਾ ਉਹ ਦੇਸ਼ ਹਨ–ਗਾਂਧਾਰ, ਬਾਹਲੀਕ (ਬਲਖ) ਨੇਪਾਲ ਆਦਿ । ਜਰਮਨ ਵਿਦਵਾਨ Miklosich ਨੇ 1874 ਵਿਚ ਦਰਦ ਭਾਸ਼ਾ ਅਤੇ ਜਿਪਸੀ ਭਾਸ਼ਾ ਵਿਚਕਾਰ ਸਪਸ਼ਟ ਆਪਸੀ ਸੰਬੰਧ ਤੱਕੇ ਸਨ ਜਿਸ ਦੀ ਪੁਸ਼ਟੀ 1883 ਵਿਚ ਡਾ. ਪਿਸ਼ਲ ਨੇ ਕੀਤੀ ਅਤੇ ਤਜਵੀਜ਼ ਪੇਸ਼ ਕੀਤੀ ਕਿ ਇਨ੍ਹਾਂ ਦਾ ਸੰਬੰਧ ਪੈਸ਼ਾਚੀ ਨਾਲ ਹੈ । ਇਨ੍ਹਾਂ ਵਿਦਵਾਨਾਂ ਨੇ ਇਨ੍ਹਾਂ ਭਾਸ਼ਾਵਾਂ ਵਿਚ ਧੁਨੀ-ਗਤ ਸਾਝਾਂ ਦੀ ਭਾਲ ਕੀਤੀ ਅਤੇ ਇਹ ਵੀ ਵੇਖਿਆ ਕਿ ਪੈਸ਼ਾਚੀ ਦੀ ਗੁੰਮ ਹੋਈ ਪੁਸਤਕ ਬ੍ਰਿਹਤਕਥਾ 'ਕਸ਼ਮੀਰ ਵਿਚ ਬਹੁਤ ਲੋਕਪ੍ਰਿਯ ਹੈ ।

ਡਾ. ਗ੍ਰੀਅਰਸਨ ਨੇ ਪੈਸਾਚੀ ਭਾਸ਼ਾ ਦੀ ਸਥਿਤੀ, ਉਤਪੱਤੀ, ਨਿਕਾਸ, ਬੋਲੀ ਦਾ ਖੇਤਰ, ਵਰਤਮਾਨ ਪੈਸ਼ਾਚੀ ਬੋਲੀਆਂ ਆਦਿ ਸਾਰਿਆਂ ਪੱਖਾਂ ਤੇ ਵਿਚਾਰ ਕਰ ਕੇ ਇਹ ਨਤੀਜਾ ਕਢਿਆ ਹੈ ਕਿ ਜਿਹੜੀਆਂ ਆਧੁਨਿਕ ਭਾਸ਼ਾਵਾਂ ਉੱਤਰ-ਪੱਛਮੀ ਸਰਹੱਦੀ ਸੂਬੇ (ਹੁਣ ਪਾਕਿਸਤਾਨ) ਦੇ ਲਗਮਾਨ, ਕਾਫਿਰਿਸਤਾਨ, ਸਿੰਧ, ਕੋਹਿਸਤਾਨ ਚਿਤ੍ਰਾਲ, ਗਿਲਗਿਤ ਅਤੇ ਕਸ਼ਮੀਰ ਦੇ ਇਲਾਕਿਆ ਵਿਚ ਬੋਲੀਆਂ ਜਾਂਦੀਆਂ ਹਨ ਉਹ ਪੈਸ਼ਾਚੀ ਪ੍ਰਾਕ੍ਰਿਤ ਦੀਆ ਅਜੋਕੀਆਂ ਸੰਤਾਨ ਹਨ ।

ਡਾ. ਗ੍ਰੀਅਰਸਨ ਨੇ ਇਨ੍ਹਾਂ ਸਰਹੱਦੀ ਜ਼ਬਾਨਾ ਦਾ ਨਾਮ ਸਮੂਹਿਕ ਤੌਰ ਤੇ "ਆਧੁਨਿਕ ਪੈਸ਼ਾਚੀ" (Modern Paisaci) ਤਜਵੀਜ਼ ਕੀਤਾ ਹੈ । ਉਸ ਨੇ ਲਿਖਿਆ ਹੈ ਕਿ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਪੈਸ਼ਾਚੀ ਦੀਆਂ ਜਿਹੜੀਆਂ ਖ਼ਾਸ ਖ਼ਾਸ ਭਾਸ਼ਾਈ ਵਿਸ਼ੇਸ਼ਤਾਵਾਂ ਅੰਕਿਤ ਕੀਤੀਆਂ ਹਨ ਉਸ ਸਾਰੀਆ ਦੀਆਂ ਸਾਰੀਆਂ ਇਨ੍ਹਾਂ "ਆਧੁਨਿਕ ਪੈਸ਼ਾਚੀ" ਜ਼ਬਾਨਾ ਵਿਚ ਮੌਜੂਦ ਹਨ । ਇਸ ਲਈ ਇਨ੍ਹਾਂ ਨੂੰ "ਆਧੁਨਿਕ ਪੈਸ਼ਾਚੀ" ਦੇ ਸਿਰਲੇਖ ਹੇਠ ਵਰਗ-ਬੱਧ ਕਰਨਾ ਹਰ ਤਰ੍ਹਾਂ ਉਚਿਤ ਹੈ । ਗ੍ਰੀਅਰਸਨ ਨੇ ਆਧੁਨਿਕ ਪੈਸ਼ਾਚੀ ਭਾਸ਼ਾਵਾਂ ਦੇ ਅੰਤਰਗਤ ਹੇਠ ਲਿਖੀਆ ਬੋਲੀਆਂ ਸ਼ਾਮਲ ਕੀਤੀਆਂ ਹਨ

(1) ਕਾਫਿਰ ਵਰਗ (ਪੱਛਮੀ ਵਰਗ) : ਬਸ਼ਗਲੀ, ਵੈਅਲਾ, ਵੇਰਾਂ, ਪਸ਼ਈ, ਗਵਾਰ ਬਾਟੀ, ਕਲਾਸ਼ੀ ।

(2) ਖ਼ੋਵਾਰ ਜਾਂ ਚਿਤ੍ਰਾਲ

(3) ਦਰਦ ਵਰਗ (ਪੂਰਬੀ ਵਰਗ) : ਸ਼ੀਨਾ, ਕਸ਼ਮੀਰੀ, ਗਾਰਵੀ, ਮੈਯਾ

ਪੈਸ਼ਾਚੀ ਜਾਂ ਦਰਦ ਵਰਗ :

ਇਸ ਪ੍ਰਸੰਗ ਵਿਚ ਗ੍ਰੀਅਰਸਨ ਨੇ ਇਹ ਵੀ ਸਿੱਧਾਂਤ ਪੇਸ਼ ਕੀਤਾ ਹੈ ਕਿ ਇਨ੍ਹਾਂ ਭਾਸ਼ਾਵਾਂ (ਆਧੁਨਿਕ ਪੈਸ਼ਾਚੀ ਭਾਸ਼ਾਵਾ) ਦਾ ਆਪਣਾ ਇਕ ਅਲਹਿਦਾ ਵਰਗ ਹੈ ਜਿਹੜਾ ਕਿ ਈਰਾਨੀ ਭਾਸ਼ਾ ਪਰਿਵਾਰ ਅਤੇ ਹਿੰਦ-ਆਰੀਆਈ ਭਾਸ਼ਾ ਪਰਿਵਾਰ ਤੋਂ ਭਿੰਨ ਹੈ । ਇਸ ਲਈ ਇਹ ਤੀਜਾ ਭਾਸ਼ਾ ਪਰਿਵਾਰ ਹੈ ਜਿਸ ਨੂੰ ਉਹ ਦਰਦ-ਪਰਿਵਾਰ ਵੀ ਆਖਦਾ ਹੈ । ਇਸ ਦਾ ਇਹ ਭਾਵ ਨਹੀਂ ਕਿ ਦਰਦ ਪਰਿਵਾਰ ਦੀਆਂ ਭਾਸ਼ਾਵਾਂ ਈਰਾਨੀ ਤੇ ਭਾਰਤੀ ਭਾਸ਼ਾਵਾ ਦਾ ਮਿਸ਼ਰਤ ਰੂਪ ਹਨ । ਦਰਦ ਭਾਸ਼ਾਵਾਂ ਦੀਆਂ ਇਨ੍ਹਾਂ ਦੋਹਾਂ ਨਾਲ ਡੂੰਘੀਆ ਸਾਂਝਾਂ ਜ਼ਰੂਰ ਹਨ ਪਰ ਉਸ ਦੀਆ ਆਪਣੀਆ ਨਵੇਕਲੀਆਂ ਵਿਸ਼ੇਸ਼ਤਾਵਾਂ ਵੀ ਹਨ ਜਿਹੜੀਆਂ ਉਸ ਨੂੰ

ਇਨ੍ਹਾਂ ਦੋਹਾਂ ਤੋਂ ਅਲਗ ਹਸਤੀ ਬਖਸ਼ਣ ਵਿਚ ਯੋਗਦਾਨ ਪਾਉਂਦੀਆਂ ਹਨ ।

ਅਗੇ ਜਾਕੇ ਗ੍ਰੀਅਰਸਨ ਨੇ ਲਿਖਿਆ ਹੈ ਕਿ ਇਨ੍ਹਾਂ ਪਿਸ਼ਾਚਾਂ ਨੇ ਧੁਰ ਪੰਜਾਬ ਵਿਚ ਅਤੇ ਸਿੰਧ ਦਰਿਆ ਦੇ ਹੇਠਲੇ ਪਾਸੇ ਵਲ ਆਪਣੀਆਂ ਆਬਾਦੀਆਂ ਆਬਾਦ ਕੀਤੀਆਂ ਸਨ । ਉਹ ਕੇਕਯ (Kekaya) ਪ੍ਰਦੇਸ਼ (ਅਰਥਾਤ ਪੱਛਮੀ ਪੰਜਾਬ) ਅਤੇ ਵ੍ਰਾਚੜ ਪ੍ਰਦੇਸ਼ (ਅਰਥਾਤ ਸਿੰਧ ਪ੍ਰਾਂਤ) ਵਿਚ ਵੀ ਆਕੇ ਵਸੇ ਸਨ । ਇਸ ਲਈ ਆਧੁਨਿਕ ਲਹਿੰਦੀ ਪੰਜਾਬੀ ਤੇ ਸਿੰਧੀ ਭਾਸ਼ਾ ਵਿਚ ਪੈਸ਼ਾਚੀ ਦੇ ਕੁਝ ਖ਼ਾਸ ਅੰਸ਼ ਉਪਲਬਧ ਹੁੰਦੇ ਹਨ । ਇਨ੍ਹਾਂ ਅੰਸ਼ਾਂ ਵਿਚ ਮੱਧਵਰਤੀ /ਤ/ ਦੀ ਕਾਇਮੀ compensatory ਦੀਰਘਤਾ ਦੀ ਅਣਹੋਂਦ, ਮੂਰਧਨੀ ਤੇ ਦੰਤੀ ਵਰਣਾ ਦਾ ਅੰਤਰ-ਵਟਾਂਦਰਾ ਅਤੇ ਕੁਝ ਵਿਸ਼ੇਸ਼ ਪੜਨਾਵੀਂ ਰੂਪ ਸ਼ਾਮਲ ਹਨ । ਸ਼ਾਹਬਾਜ਼ ਗੜ੍ਹੀ ਦੇ ਮੁਕਾਮ ਤੇ ਪ੍ਰਾਪਤ ਅਸ਼ੋਕ ਦੇ ਸ਼ਿਲਾਲੇਖਾਂ ਦੀ ਅਸ਼ੋਕੀ ਪਾਲੀ ਨਾਲ ਆਧੁਨਿਕ ਪੈਸ਼ਾਚੀ ਦੀਆਂ ਹੈਰਾਨੀਜਨਕ ਸਮਾਨਤਾਵਾਂ ਵੀ ਮਿਲਦੀਆਂ ਹਨ ।

ਐਸ. ਐਮ. ਕਾਤ੍ਰੇ ਨੇ ਪੈਸ਼ਾਚੀ ਭਾਸ਼ਾ ਦੇ ਵਿਕਾਸ-ਕੇਂਦਰ ਬਾਰੇ ਵਿਦਵਾਨਾਂ ਵਿਚ ਪ੍ਰਚਲਤ ਮਤਭੇਦਾਂ ਦਾ ਹਵਾਲਾ ਦੇਂਦਿਆਂ ਆਪਣੀ ਰਾਇ ਲਿਖੀ ਹੈ ਕਿ ਇਹ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਪੈਸ਼ਾਚੀ ਬੋਲੀਆਂ ਦਾ ਜੱਦੀ-ਘਰ ਉੱਤਰ-ਪੱਛਮੀ ਭਾਰਤੀ ਇਲਾਕਾ ਹੀ ਸੀ ।

ਪੈਸ਼ਾਚੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ

ਪੈਸ਼ਾਚੀ ਦੇ ਭਾਸ਼ਾਗਤ ਰੂਪ ਬਾਰੇ ਵਰਰੁਚੀ, ਮਾਰਕੰਡੇਯ ਵਰਗੇ ਸਾਰਿਆਂ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਵਰਣਨ ਕੀਤਾ ਹੈ ਅਤੇ ਮੁੱਖ ਮੁਖ ਨਿਯਮ ਉਲੀਕੇ ਹਨ । ਤ੍ਰਿਵਿਕ੍ਰਮਦੇਵ ਦੇ ਪ੍ਰਾਕ੍ਰਿਤ ਵਿਆਕਰਣ 'ਪ੍ਰਾਕ੍ਰਿਤ ਸ਼ਬਦਾਨੁਸ਼ਾਸਨ' ਦੇ ਤੀਜੇ ਅਧਿਆਇ ਦੇ ਦੂਜੇ ਪਾਦ ਵਿਚ ਮਾਗਧੀ ਪ੍ਰਾਕ੍ਰਿਤ ਤੋਂ ਬਾਅਦ ਪੈਸ਼ਾਚੀ ਦੀ ਭਾਸ਼ਾਗਤ ਰੂਪ-ਰੇਖਾ ਦਾ ਦਿਗਦਰਸ਼ਨ ਪੇਸ਼ ਕੀਤਾ ਹੈ । ਇਹ ਦਿਗਦਰਸ਼ਨ ਸੂਤਰ ਨੰਬਰ 43 ਤੋਂ ਲੈ ਕੇ 67 ਤਕ ਹੈ । ਤ੍ਰਿਵਿਕ੍ਰਮ ਨੇ ਪੈਸ਼ਾਚੀ ਦੀਆਂ ਖ਼ਾਸ ਖ਼ਾਸ ਵਿਸ਼ੇਸ਼ਤਾਵਾਂ ਦਾ ਕਥਨ ਕਰਕੇ ਸੂਤਰ 62 ਵਿਚ ਇਹ ਲਿਖ ਦਿਤਾ ਹੈ ਕਿ ਬਾਕੀ ਰੂਪ-ਰੇਖਾ ਸ਼ੌਰਸੇਨੀ ਪ੍ਰਾਕ੍ਰਿਤ ਵਾਂਗੂ ਹੈ । ਪੈਸ਼ਾਚੀ ਦੀਆਂ ਕੁਝ ਭਾਸ਼ਾਗਤ ਵਿਲੱਖਣਤਾਵਾਂ ਹੇਠਾਂ ਅੰਕਿਤ ਹਨ :

(1) /ਣ/ ਦਾ /ਨ/ ਵਿਚ ਰੂਪਾਂਤਰਣ : ਪੈਸ਼ਾਚੀ : ਪਨਮਤ (ਸੰ. ਪ੍ਰਣਮਤ), ਪੈ. ਗੁਨਗਨ ਜੁੱਤੋ (ਸੰ. ਗੁਣ ਗਣ ਯੁਕਤ :), ਪੈ. ਗੁਨੇਨ (ਸੰ. ਗੁਣੇਨ).

(2) ਧੁਨੀ ਸੰਯੋਗ (clusters) /ਨਯ, ਣਯ, ਜਞ/ ਦਾ /ਞ/ ਵਿਚ ਰੂਪਾਂਤਰਣ :
ਪੈਸ਼ਾਚੀ : ਕਞਕਾ ← ਸੰ ਕਨਯਕਾ (ਪੰਜਾਬੀ : ਕੰਜਕਾ/ਕੰਨਿਆ
ਪੈ : ਅਭਿਮੰਞੁ ← ਅਭਿਮਨਯੁ (ਪੰ. ਅਭਿਮੰਨਿਊ)
ਪੈ : ਪੁੰਞ ਕੰਮੋ ← ਪੁਣਯ ਕਰਮ (ਪੰ. ਪੁੰਨ ਕੰਮ/ਕਰਮ)

(3) /ਦ/ ਦਾ /ਤ/ ਵਿਚ ਰੂਪਾਂਤਰਣ : ਪੈਸ਼ਾਚੀ : ਮਤਨ (ਸੰ. ਮਦਨ), ਤਾਮੋਤਰੋ (ਸੰ. ਦਾਮੋਦਰ)

(4) /ਸ਼, ਸ਼/ ਨੂੰ /ਸ/ ਵਿਚ ਪਰਿਵਰਤਨ :
ਪੈਸਾਚੀ : ਸੰਖ, ਸੰਕਾ, ਕਿਸਨੋ, ਵਿਸੇਸੋ
ਸੰਸਕ੍ਰਿਤ : ਸ਼ੰਖ, ਸ਼ੰਕਾ, ਕ੍ਰਿਸ਼ਣ, ਵਿਸ਼ੇਸ਼

(5) /ਲ/ ਦਾ ਮੂਰਧਨੀ /ਲ਼/ ਵਿਚ ਰੂਪਾਂਤਰਣ :

ਪੈਸਾਚੀ : /ਸੀਲ, ਕੁਲ , ਜਲ, ਫਲ, ਕਮਲ ।

(6) ਸ੍ਵਰਾਗਮ (epenthesis)

ਪੈ ਭਾਰਿਆ ← ਭਾਰਯਾ (ਪੰ ਘਰਵਾਲੀ) ਸੰ ਭਾਰ्या

ਪੈ ਸਿਨਾਨ ← ਸਨਾਨ (ਪੰ ਅਸਨਾਨ) ਸੰ ਸ्नान

ਪੈ ਕਸਿਟ ← ਕਸ਼ਟ/कष्ट (ਪੰ ਕਸ਼ਟ) ਸੰ ਕष्ट

ਚੂਲਿਕਾ ਪੈਸ਼ਾਚੀ ਦੀ ਵਿਲੱਖਣਤਾ

(7) /ਗ, ਜ, ਡ, ਦ, ਬ/ ਦਾ /ਕ, ਚ, ਟ, ਤ, ਪ/ ਵਿਚ ਰੂਪਾਂਤਰਣ (ਸਘੋਸ਼ਾਂ ਦਾ ਅਘੋਸ਼ੀਕਰਣ)

ਗ → ਕ ਨਕਲੰ ← ਨਗਰ, ਮਕਨੋ ← ਮਾਰਗਣ,

ਜ → ਚ : ਚੀਮੂਤਵਾਹਨ ← ਜੀਮੂਤਵਾਹਨ (ਨਾਟਕ ਦੇ ਇਕ ਪਾਤਰ ਦਾ ਨਾਮ)
ਚੱਚਲੰ ← ਜਰਜਰੰ

ਡ → ਟ ਤਟਾਕ ← ਤਡਾਗ (ਤਲਾ, ਸਰੋਵਰ), ਮੰਟਲ ← ਮੰਡਲ,

ਦ → ਤ ਮਤਨੋ ← ਮਦਨ (ਮਦਨ, ਕਾਮਦੇਵ), ਮੰਤਿਲੰ ← ਮੰਦਿਰ,

ਬ → ਪ : ਪਾਲਕੋ ← ਬਾਲਕ

(8) /ਘ, ਝ, ਢ, ਧ, ਭ/ ਦਾ /ਖ, ਛ, ਠ, ਥ, ਫ/ ਵਿਚ ਰੂਪਾਂਤਰਣ

ਘ → ਖ ਮੇਖ ← ਮੇਘ, ਖਨੋ ← ਘਨ (ਪੰ ਘਨ, ਬੱਦਲ)

ਝ → ਛ ਨਿਛੱਲੋ ← ਨਿਰਝਰ (ਪੰ ਝਰਨਾ)

ਢ → ਠ : ਠੱਕ ← ਢਕਾ

ਧ → ਥ : ਮਥਲੰ ← ਮਧੁਰੰ, ਥਾਲਾ ← ਧਾਰਾ, ਪੰਥਵੋ ← ਮਾਧਵ

ਭ → ਫ : ਲੰਫਾ ← ਰੰਭਾ, ਫਕਵਤੀ ← ਭਗਵਤੀ

(9) ਵਿਆਕਰਣਿਕ (ਰੂਪਾਤਮਕ, ਵਾਕਾਤਮਕ) ਪੱਖ ਤੋਂ ਪੈਸ਼ਾਚੀ ਬਾਕੀ ਪ੍ਰਾਕ੍ਰਿਤਾਂ ਵਾਂਗੂ ਹੀ ਹੈ । ਭਵਿੱਖਤ ਕਾਲ ਦੇ ਵਿਭਕਤੀ ਪਿਛੇਤਰ (inflecting suffixes morphemes) ਪੈਸਾਚੀ ਦੇ ਵੱਖਰੇ ਹਨ । ਭਵਿਖਕਾਲਵਾਚੀ ਵਿਭਕਤੀ-ਪਿਛੇਤਰ /-ਏਯ/ ਹੈ ਜਿਵੇਂ ਹੁਵੇਯ, ਪਠੇਯ (ਸੰ ਭਵਿਸਯਤਿ, ਪਠਿਸ਼ਯਤਿ)

ਪੈਸ਼ਾਚੀ ਪ੍ਰਾਕ੍ਰਿਤ ਦੀ ਵੰਨਗੀ-ਨਮੂਨਾ

ਵੰਨਗੀ

ਤ੍ਰਿਵਿਕ੍ਰਮ ਦੇ ਵਿਆਕਰਣ ਦੇ ਸੂਤ੍ਰ 62 (ਅਧਿਆਇ 3, ਪਾਦ 2) ਵਿਚ ਪੈਸਾਚੀ ਦਾ ਇਹ ਵਾਰਤਕ-ਟੋਟਾ ਦਰਜ ਹੈ

"ਅਥ ਸਸਰੀਰੋ ਭਗਵੰ ਮਕਰਧਜੋ ਏਥ ਪਰਿਭਮੰਤੋ ਹੁਵੇਯ। ਏਵੰ ਵਿਧਾਏ ਭਗਵਤੀਏ ਕਥੰ ਤਾਪਸ-ਵੇਸ-ਗਾਹਨੰ ਕਤੰ । ਈਤਿਸੰ ਅਤਿਠੌ ਪੁਰਵੰ ਮਹਾਧਨੰ ਤੱਠਨ, ਭਅਵੰ ਅੱਕਿਮੰ ਵਰੰ ਅੱਛਸੇ ਗਅੱਸ, ਚੰਦਾਵਲਕਾਤੋ ਰਚਨੀਏ ਤੁਰਾਤੋ ਏਵ ਤਿਠੋ ਸੋ ਆਗੱਛਮਾਨੋ ਰਾਜਾ"

ਅਧਿਆਏ 4 : 8

ਲਘੂ ਤੇ ਗੌਣ ਪ੍ਰਾਕ੍ਰਿਤਾਂ ਦੀ ਪਛਾਣ-ਸਥਾਪਨਾ

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੇ ਕਾਲ-ਖੰਡ ਵਿਚ ਜਿਨ੍ਹਾਂ ਪ੍ਰਾਕ੍ਰਿਤਾਂ ਦਾ ਵਰਣਨ ‘ਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਉਨ੍ਹਾਂ ਵਿਚ "ਪ੍ਰਮੁਖ ਪ੍ਰਾਕ੍ਰਿਤਾਂ" ਅਤੇ "ਲਘੂ ਜਾਂ ਗੌਣ ਪ੍ਰਾਕ੍ਰਿਤਾਂ" ਦਾ ਦੋ-ਰੁਖਾ ਵੰਡ-ਵਿਧਾਨ ਉਪਲਬਧ ਹੁੰਦਾ ਹੈ। ਪਿਛਲੇ ਅਧਿਐਨ-ਖੰਡ ਵਿਚ ਪ੍ਰਮੁਖ ਪ੍ਰਾਕ੍ਰਿਤਾਂ ਦਾ ਸੰਖੇਪ ਭਾਸ਼ਾਤਮਕ ਪਰਿਚੈ ਉਪਸਥਿਤ ਕੀਤਾ ਜਾ ਚੁਕਿਆ ਹੈ। ਹੁਣ ਏਥੇ ਖ਼ਾਸ ਖ਼ਾਸ ਲਘੂ ਪ੍ਰਾਕ੍ਰਿਤਾਂ ਦੀ ਪਛਾਣ-ਸਥਾਪਨਾ ਪੇਸ਼ ਕੀਤੀ ਜਾਂਦੀ ਹੈ।

ਵਿਦਵਾਨਾਂ ਨੇ ਗੌਣ ਪ੍ਰਾਕ੍ਰਿਤਾਂ ਜਾਂ ਲਘੂ-ਪ੍ਰਾਕ੍ਰਿਤਾਂ ਦੇ ਅੰਤਰਗਤ ਵਿਵਿਧ ਭਾਰਤੀ ਖੇਤਰਾਂ, ਇਲਾਕਿਆਂ, ਜਾਤੀਆਂ, ਉਪ-ਜਾਤੀਆਂ ਅਤੇ ਜਨਪਦਾਂ ਦੇ ਅਨੁਸਾਰ ਬਹੁਤ ਸਾਰੀਆਂ ਅਣ-ਗੌਲੀਆਂ ਉਪ-ਪ੍ਰਾਕ੍ਰਿਤਾਂ ਦੇ ਏਧਰ-ਉਧਰ ਹਵਾਲੇ ਤੇ ਨਿਰਦੇਸ਼ ਪ੍ਰਦਾਨ ਕੀਤੇ ਹਨ, ਜਿਵੇਂ ਡਾ. ਸੁਕੁਮਾਰ ਸੇਨ ਨੇ (*Comparative Grammar of Middle Indo-Aryans*) ਅਜੇਹੀਆਂ ਉਪ-ਪ੍ਰਾਕ੍ਰਿਤਾਂ ਵਿਚ *ਪ੍ਰਾਚਯਾ, ਸ਼ਾਕਾਰੀ, ਚਾਂਡਾਲੀ, ਸ਼ਾਬਰੀ, ਆਵੰਤੀ, ਟੱਕੀ, ਕੈਕੇਯ ਪੈਸ਼ਾਚਿਕਾ, ਪਾਂਚਾਲ ਤੇ ਚੂਲਿਕਾ ਪੈਸ਼ਾਚਿਕਾ* ਦਾ ਜ਼ਿਕਰ ਕੀਤਾ ਹੈ। ਪਰ ਦਰਅਸਲ ਪਛਾਣ-ਯੋਗ ਪ੍ਰਾਕ੍ਰਿਤਾਂ ਵਿਚ ਕੈਕੇਯੀ, ਟੱਕੀ, ਮਦ੍ਰ ਪ੍ਰਾਕ੍ਰਿਤ, ਲਾਟੀ, ਜਾਂ ਖਸ-ਪ੍ਰਾਕ੍ਰਿਤਾਂ ਹੀ ਵਰਣਨਯੋਗ ਹਨ। ਹੁਣ ਇਨ੍ਹਾਂ ਉਪ-ਪ੍ਰਾਕ੍ਰਿਤਾਂ ਜਾਂ ਲਘੂ-ਪ੍ਰਾਕ੍ਰਿਤਾਂ ਦਾ ਭਾਸ਼ਾਤਮਕ ਪਰਿਚੈ ਪੇਸ਼ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਬਹੁ-ਚਰਚਿਤ ਤੇ ਬਹੁ-ਨਿਰਦਿਸ਼ਟ "ਕੈਕੇਈ ਲਘੂ ਪ੍ਰਾਕ੍ਰਿਤ" ਦਾ ਵਰਣਨ ਪ੍ਰਸਤੁਤ ਹੈ।

ਕੈਕੇਈ ਪ੍ਰਾਕ੍ਰਿਤ : ਇਤਿਹਾਸਿਕ ਸੰਦਰਭ

ਸ਼ਬਦ-ਰਚਨਾ (derivation) ਦੇ ਲਿਹਾਜ਼ ਨਾਲ ਕੈਕੇਈ ਜਾਂ ਕੈਕੇਯੀ ਸ਼ਬਦ "ਕੇਕਯ" ਜਾਂ "ਕੈਕਯ" ਤੋਂ ਵਿਉਤਪੰਨ ਹੈ। ਕੇਕਯ ਇਕ ਇਲਾਕੇ ਦਾ ਨਾਮ ਸੀ ਅਰਥਾਤ "ਕੇਕਯ" ਜਨਪਦ-ਵਾਚੀ ਨਾਮ ਹੈ ਅਤੇ "ਕੈਕੇਯ" ਜਾਤੀਵਾਚਕ ਨਾਮ ਹੈ, ਅਰਥਾਤ ਕੈਕੇਯ ਇਕ ਜਾਤੀ ਸੀ। ਇਸ ਲਈ ਕੈਕੇਈ, ਕੈਕੇਯ, ਕੇਕਯ ਇਹ ਸਾਰੇ ਨਾਮਵਾਚੀ ਸ਼ਬਦ ਇਕੋ ਪਰਿਵਾਰ ਦੇ ਮੈਂਬਰ ਹਨ ਅਤੇ ਇਸ ਤਰ੍ਹਾਂ ਕੇਕਯ ਜਾਂ ਕੈਕੇਯ ਤੋਂ ਹੀ ਕੈਕੇਈ (ਕੈਕੇਯੀ) ਭਾਸ਼ਾ-ਪ੍ਰਾਕ੍ਰਿਤ ਦਾ ਨਾਮ ਪ੍ਰਚਲਤ ਹੋਇਆ ਹੈ। ਹੁਣ ਅਸੀਂ ਕੈਕੇਈ ਪ੍ਰਾਕ੍ਰਿਤ ਨੂੰ ਪਰਿਭਾਸ਼ਿਤ ਤੇ ਪ੍ਰਮਾਣਿਤ ਕਰਨ ਦੇ ਉਦੇਸ਼ ਨਾਲ ਕੇਕਯ ਪ੍ਰਦੇਸ਼ ਅਤੇ ਕੈਕੇਯ ਜਾਤੀ ਨੂੰ ਇਤਿਹਾਸਿਕ ਸੰਦਰਭ ਵਿਚ ਪੇਸ਼ ਕਰਦੇ ਹਾਂ।

ਪ੍ਰਾਚੀਨ ਭਾਰਤ ਦੇ ਪੱਛਮੋਤਰੀ ਭਾਗ ਵਿਚ ਇਲਾਕਾਵਾਚੀ ਤੇ ਜਾਤੀਵਾਚੀ ਕੇਕਯ ਜਾਂ ਕੈਕੇਯ ਨਾਮ ਬਹੁਤ ਪੁਰਾਤਨ ਕਾਲ ਤੋਂ ਉਪਲਬਧ ਹੁੰਦੇ ਹਨ। ਕੇਕਯ ਦਾ ਇਤਿਹਾਸ ਤਾਂ ਵੈਦਿਕ ਯੁਗ ਤੋਂ ਹੀ ਮਿਲਣ ਲਗ ਪੈਂਦਾ ਹੈ। ਏ. ਡੀ. ਪੁਸਲਕਰ ਦੇ

ਅਨੁਸਾਰ ਰਿਗਵੈਦਿਕ ਯੁਗ ਦੇ ਸਿੰਧ ਤੇ ਪੰਜਾਬ ਵਿਚ ਸ਼ਿਵ, ਪਰਸ਼ੂ, ਯਦੂ ਤੇ ਕੇਕਯ ਕਬੀਲੇ ਆਬਾਦ ਸਨ । ਰਿਗਵੇਦ ਤੋਂ ਬਾਅਦ ਬ੍ਰਾਹਮਣ-ਗ੍ਰੰਥਾਂ ਤੇ ਉਪਨਿਸਦਾਂ ਵਿਸ਼ੇਸ਼ ਕਰਕੇ "ਛਾਂਦੋਗਯ ਉਪਨਿਸ਼ਦ" ਵਿਚ ਕੇਕਯ-ਦੇਸ ਦੇ ਰਾਜੇ ਅਸ਼ਵਪਤੀ ਦਾ ਉਲੇਖ ਸੀ ਜੋ ਆਪਣੀ ਪ੍ਰਕਾਂਡ ਵਿਦਿਆ ਕਰਕੇ ਸੁਪ੍ਰਸਿੱਧ ਸੀ । ਮਹਾਂਭਾਰਤ ਗ੍ਰੰਥ ਵਿਚ ਕੇਕਯ ਪ੍ਰਦੇਸ ਤੇ ਜਾਤੀ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਹਵਾਲੇ ਮਿਲਦੇ ਹਨ । ਵਿਸ਼ਵ ਪ੍ਰਸਿਧ ਵਿਆਕਰਣਕਾਰ ਰਿਸ਼ੀ ਪਾਣਿਨੀ ਨੇ ਆਪਣੇ ਸੰਸਕ੍ਰਿਤ ਵਿਆਕਰਣ "ਅਸ਼ਟਾਧਿਆਈ" ਵਿਚ ਕੇਕਯ ਜਨਪਦ ਦਾ ਉਲੇਖ ਕੀਤਾ ਹੈ ਅਤੇ ਉਹ ਜਨਪਦੀ ਇਲਾਕਾ ਹੁਣ ਜਿਹਲਮ, ਗੁਜਰਾਤ, ਅਤੇ ਸ਼ਾਹਪੁਰ (ਪਾਕਿਸਤਾਨ) ਦੇ ਜ਼ਿਲਿਆਂ ਦਾ ਕੇਂਦਰ ਹੈ । ਬਾਲਮੀਕੀ ਰਾਮਾਇਣ ਦੇ ਅਯੋਧਿਆ ਕਾਂਡ ਦੇ ਅਧਿਆਏ 68-69 ਵਿਚ ਕੇਕਯ ਦਾ ਕਥਨ ਹੈ । ਮਹਾਰਾਜਾ ਦਸਰਥ ਦੀ ਪਤਨੀ "ਕੈਕੇਈ" ਇਸੇ ਕੇਕਯ ਦੇਸ਼ ਦੇ ਰਾਜੇ ਦੀ ਰਾਜਕੁਮਾਰੀ ਸੀ, ਅਤੇ ਭਰਤ ਤੇ ਸ਼ਤਰੂਘਨ ਦੇ ਨਾਨਕੇ ਏਥੇ ਹੀ ਸਨ । ਡਾ. ਐਮ. ਐਮ ਅਲੀ ਦੇ ਅਨੁਸਾਰ ਪੁਰਾਣਾਂ ਵਿਚ ਜਿਹਲਮ-ਚਨਾਬ ਦੇ ਦੋਆਬ ਵਿਚ ਸਥਿਤ ਕੇਕਯ ਜਨਪਦ ਦਾ ਨਿਰਦੇਸ਼ ਆਇਆ ਹੈ ਅਤੇ ਇਸ ਜਨਪਦ ਦੀ ਰਾਜਧਾਨੀ ਰਾਜਗ੍ਰਿਹ ਜਾਂ ਗਿਰੀਵ੍ਰਜ ਸੀ । ਕਨਿੰਘਮ ਨੇ ਇਸ ਦੀ ਪਛਾਣ ਜਲਾਲਪੁਰ (ਪਾਕਿਸਤਾਨ) ਨਾਲ ਕੀਤੀ ਹੈ । ਪੁਰਾਣਾਂ ਵਿਚ ਵਰਣਨ ਕੀਤੇ "ਉਦੀਚ ਦੇਸ਼" (ਪੱਛਮੋਤਰੀ ਭਾਰਤ) ਅੰਦਰ ਵਾਹਲੀਕ, ਗਾਂਧਾਰ, ਸਿੰਧੂ, ਸੌਵੀਰ, ਮਦ੍ਰ ਤੇ ਕੈਕੇਯ ਦਾ ਉਲੇਖ ਹੋਇਆ ਹੈ । ਇਹ ਸਾਰੇ ਸੁਤੰਤਰ ਰਾਜ ਤੇ ਰੀਪਬਲਿਕਾਂ ਸਨ । ਬੁੱਧ-ਜਾਤਕਾਂ ਵਿਚ ਕੈਕੇਯਾਂ ਨੂੰ ਪਾਲੀ ਪ੍ਰਾਕ੍ਰਿਤ ਭਾਸ਼ਾ ਵਿਚ "ਕੇਕਕ" ਕਿਹਾ ਗਿਆ ਹੈ । ਇਸ ਇਤਿਹਾਸਿਕ ਸੰਦਰਭ ਤੋਂ ਇਹ ਸਾਰਾਸ਼ ਪ੍ਰਾਪਤ ਹੁੰਦਾ ਹੈ ਕਿ ਪ੍ਰਾਚੀਨ ਪੱਛਮੋਤਰੀ ਭਾਰਤ ਦੇ ਸਪਤਸਿੰਧੂ ਜਾਂ ਪੰਚਨਦ ਭੂਖੰਡਾਂ ਵਿਚ ਕੇਕਯ ਇਕ ਜਨਪਦੀ ਇਲਾਕਾ ਸਥਿਤ ਸੀ ਅਤੇ ਕੈਕੇਯ ਉਸ ਇਲਾਕੇ ਦੀ ਵਸਨੀਕ ਇਕ ਜਾਤੀ ਸੀ ਅਤੇ ਕੈਕੇਯਾ ਦੀ ਬੋਲੀ ਦਾ ਨਾਮ ਕੈਕੇਈ ਜਾਂ ਕੈਕੇਯੀ ਸੀ ।

ਮੱਧਕਾਲੀਨ ਭਾਰਤੀ ਆਰਯ ਭਾਸ਼ਾ ਦੇ ਯੁਗ ਵਿਚ ਕੋਈ ਇਕ ਦਰਜਨ ਤੋਂ ਵੱਧ ਪ੍ਰਾਕ੍ਰਿਤ-ਵਿਆਕਰਣ ਰਚੇ ਗਏ ਹਨ । ਇਨ੍ਹਾਂ ਵਿਚੋਂ ਪੁਰਸ਼ੋਤਮ, ਰਾਮ ਸਰਮਾ ਤਰਕ-ਵਾਗੀਸ਼ ਅਤੇ ਮਾਰਕੰਡੇਯ ਤਿੰਨ ਅਜੇਹੇ ਪ੍ਰਾਕ੍ਰਿਤ ਵਿਆਕਰਣਕਾਰ ਹਨ ਜਿਨ੍ਹਾਂ ਨੇ ਆਪਣੇ ਵਿਆਕਰਣ-ਗ੍ਰੰਥਾਂ ਵਿਚ ਕੈਕੇਈ, ਟੱਕ ਆਦਿ ਲਘੂ- ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦਾ ਵੀ ਵਰਣਨ ਤੇ ਵਿਵੇਚਨ ਪੇਸ਼ ਕੀਤਾ ਹੈ । ਇਨ੍ਹਾਂ ਵਿਚੋਂ ਵੀ ਮਾਰਕੰਡੇਯ ਅਜਿਹਾ ਪ੍ਰਾਕ੍ਰਿਤ-ਵਿਗਿਆਨੀ ਹੈ ਜਿਸ ਨੇ ਆਪਣੇ ਸੰਸਕ੍ਰਿਤ ਵਿਚ ਲਿਖੇ ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣ-ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ (प्राकृत सर्वस्व) ਵਿਚ ਕੈਕੇਈ (ਕੈਕੇਯ) ਪ੍ਰਾਕ੍ਰਿਤ ਤੇ ਕੈਕੇਈ ਅਪਭ੍ਰੰਸ਼ ਦਾ (ਅਤੇ ਟੱਕੀ ਵਿਭਾਸ਼ਾ ਦਾ) ਸਵਿਸਥਾਰ ਵਰਣਨ ਕੀਤਾ ਹੈ । ਡਾ. ਕ੍ਰਿਸ਼ਣ ਚੰਦ੍ਰ ਆਚਾਰਯ ਨੇ "ਪ੍ਰਾਕ੍ਰਿਤ ਸਰਵਸ੍ਵ" ਦਾ ਅੰਗ੍ਰੇਜ਼ੀ ਵਿਚ ਸੰਪਾਦਨ ਕੀਤਾ ਹੈ । ਡਾ. ਆਚਾਰਯ ਦੇ ਅਨੁਸਾਰ ਮਾਰਕੰਡੇਯ ਨੇ ਆਪਣਾ ਵਿਆਕਰਣ ਉੜੀਸਾ (ਉਤਕਲ) ਦੇ ਅੰਤਲੇ ਸੁਤੰਤਰ ਹਿੰਦੂ-ਰਾਜਾ ਮੁਕੁੰਦ ਦੇਵ ਦੇ ਸ਼ਾਸਨ ਕਾਲ ਵਿਚ ਪੂਰਾ ਕੀਤਾ ਸੀ, ਡਾ. ਆਚਾਰਯ ਨੇ ਮਾਰਕੰਡੇਯ ਦਾ ਜੀਵਨ-ਕਾਲ 1490-1565 ਈ. ਨਿਸ਼ਚਿਤ ਕੀਤਾ ਹੈ । ਇਸ ਤੋਂ ਜ਼ਾਹਰ ਹੈ ਕਿ ਮਾਰਕੰਡੇਯ ਚੌਦ੍ਹਵੀਂ-ਪੰਦਰ੍ਹਵੀਂ ਸਦੀ ਦੇ ਪ੍ਰਾਕ੍ਰਿਤ ਆਚਾਰੀਆ ਸਨ ।

ਮਾਰਕੰਡੇਯ ਨੇ ਪ੍ਰਾਕ੍ਰਿਤਾਂ ਨੂੰ ਹੇਠ ਲਿਖਿਆ ਚਾਰ ਵਰਗਾਂ ਵਿਚ ਵਰਗਬੱਧ ਕੀਤਾ ਹੈ :

(1) *ਭਾਸ਼ਾ* (Language) : ਭਾਸ਼ਾ ਵਰਗ ਦੇ ਅੰਤਰਗਤ ਮਹਾਰਾਸ਼ਟਰੀ, ਸੌਰਸੇਨੀ, ਪ੍ਰਾਚਯਾ (ਪੂਰਬੀ) ਆਵੰਤੀ ਅਤੇ ਮਾਗਧੀ ਗਿਣੀਆਂ ਹਨ ।

(2) *ਵਿਭਾਸ਼ਾ* (Sub-language or dialect) : ਵਿਭਾਸ਼ਾ ਵਰਗ ਦੇ ਅੰਤਰਗਤ ਸ਼ਾਕਾਰੀ, ਚਾਡਾਲੀ, ਸ਼ਾਬਰੀ, ਆਭੀਰੀ ਅਤੇ ਟਾਕੀ (ਟੱਕੀ) ਰਖੀਆਂ ਹਨ । ਮਾਰਕੰਡੇਯ ਤੋਂ ਬਹੁਤ ਚਿਰ ਪਹਿਲਾਂ ਸ਼ੂਦ੍ਰਕ ਦੇ ਸੰਸਕ੍ਰਿਤ ਨਾਟਕ "ਮ੍ਰਿਛੱਕਟਿਕ" (मृच्छकटिकम्) ਵਿਚ ਉਪਰੋਕਤ ਵਿਭਾਸ਼ਾ ਵਰਗ ਦੀਆਂ ਬੋਲੀਆਂ ਦਾ ਪ੍ਰਯੋਗ ਹੋਇਆ ਮਿਲਦਾ ਹੈ (ਮ੍ਰਿਛੱਕਟਿਕ ਦੇ ਟੀਕਾਕਾਰ ਪ੍ਰਿਥਵੀਧਰ ਦੀ ਟਿੱਪਣੀ ਮੂਲ ਸੰਸਕ੍ਰਿਤ ਵਿਚ ਹੇਠਾਂ ਫੁਟਨੋਟ ਵਿਚ ਦਿੱਤੀ ਜਾਂਦੀ ਹੈ)*

(3) *ਅਪਭ੍ਰੰਸ਼ ਵਰਗ* : ਇਸ ਵਿਚ ਤਿੰਨ ਪ੍ਰਮੁਖ ਅਪਭ੍ਰੰਸ਼ਾਂ – ਨਾਗਰ, ਉਪਨਾਗਰ, ਵ੍ਰਾਚਡ-ਰਖੀਆਂ ਹਨ ਅਤੇ ਇੱਕੀ (21) ਗੌਣ (minor) ਅਪਭ੍ਰੰਸ਼ਾਂ ਦੀ ਗਿਣਤੀ ਕੀਤੀ ਹੈ :

1. ਟੱਕ 2. ਮਾਲਵੀ 3. ਪਾਂਚਾਲੀ 4. ਵੈਦਰਭੀ 5. ਲਾਟੀ 6. ਔਡ੍ਰੀ 7. ਕੈਕੇਯੀ 8. ਗੌੜੀ 9. ਕੌਂਤਲੀ 10. ਪਾਂਡਯਾ 11. ਸਿੰਹਲੀ 12. ਕਾਲਿੰਗੀ 13. ਪ੍ਰਾਚਯਾ 14. ਆਭੀਰੀ 15. ਕਾਰਣਾਟੀ 16. ਮਧਯਦੇਸ਼ੀਯਾ 17. ਗੌਰਜਰੀ 18. ਪਾਸਚਾਤਾਯਾ 19. ਦ੍ਰਾਵਿੜੀ 20. ਵੈਤਾਲਿਕੀ 21. ਕਾਂਚੀ ।

(4) *ਪੈਸ਼ਾਚਿਕਾ ਵਰਗ* : ਪੈਸ਼ਾਚਿਕਾ ਜਾਂ ਪੈਸਾਚੀ ਦੇ ਵੰਨਗੀ-ਭੇਦਾਂ ਵਿਚ ਕੇਕਯ, ਸੌਰਸੇਨ, ਅਤੇ ਪਾਂਚਾਲ-ਇਹ ਤਿੰਨ ਗਿਣੀਆਂ ਹਨ ।

ਇਸ ਪ੍ਰਕਾਰ ਮਾਰਕੰਡੇਯ ਨੇ ਕੈਕੇਈ ਨੂੰ ਪ੍ਰਾਕ੍ਰਿਤਾਂ ਦੇ ਅਪਭ੍ਰੰਸ਼-ਵਰਗ ਅਤੇ ਪੈਸਾਚੀ ਵਰਗ ਵਿਚ ਸ਼ਾਮਲ ਕਰਕੇ ਕੈਕੇਈ ਭਾਸ਼ਾ ਦੇ ਅਸਤਿਤਵ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ । ਅਪਭ੍ਰੰਸ਼ ਵਰਗ ਵਿਚ ਕੈਕੇਈ ਨੂੰ ਸ਼ਾਮਲ ਕਰਕੇ ਮਾਰਕੰਡੇਯ ਨੇ ਇਕ ਸੂਤ੍ਰ ਵਿਚ ਕੈਕੇਈ ਦੇ ਇਕ ਬਹੁਤ ਹੀ ਉਘੜਵੇਂ ਪਛਾਣ-ਚਿੰਨ ਨੂੰ ਅੰਕਿਤ ਕੀਤਾ ਹੈ । ਉਹ ਸੂਤ੍ਰ ਹੈ :

"सवीप्सा कैकेयी" (ਸਵੀਪਸਾ ਕੈਕੇਯੀ) : ਪ੍ਰਾਕਿਤ ਸਰਵਸ੍ਵ, ਅਠਾਰਵਾਂ ਪਾਦ ।

ਮਾਰਕੰਡੇਯ ਨੇ ਕੈਕੇਈ ਦਾ ਜੋ ਭਾਸ਼ਿਕ ਪ੍ਰਮੁਖ ਫੀਚਰ ਨੋਟ ਕੀਤਾ ਸੀ ਉਹ ਇਹ ਸੀ ਕਿ ਕੈਕੇਈ ਬੋਲਦੇ ਲੋਕ ਸਮੁਦਾਏ ਦੀ ਇਹ ਉੱਚਾਰਣ-ਆਦਤ ਸੀ ਕਿ ਉਹ ਬੋਲਣ ਸਮੇਂ ਸ਼ਬਦਾਤਮਕ ਅੰਸ਼ਾਂ ਦਾ ਦੁਹਰਾਉ ਕਰਦੇ ਸਨ ਜਿਵੇਂ ਅੱਜ ਦੀ ਪੰਜਾਬੀ ਵਕਤੇ ਸ਼ਬਦਾਂਸ਼ਾਂ ਦਾ ਦੁਹਰਾਉ ਕਰਦੇ ਹਨ ਜਿਵੇਂ ਰੋਟੀ ਰੂਟੀ, ਪਾਣੀ-ਪੂਣੀ, ਚਾਹ-ਚੂਹ, ਘਰੋਂ-ਘਰੀ, ਧਕੱਮ-

---

* The commentator पृथ्वीधर has the following note about the Prakrit dialects in the play :– तत्रास्मिन्प्रकरणे प्राकृतपाठकेषु सूत्रधारो नटी रदनिका मदनिका वसन्तसेना तन्माता चेटी कर्णपूरकः चारुदत्तब्राह्मणी शोधनकः श्रेष्ठी एते एकादश शौरसेनीभाषापाठकाः । सूत्रधारोऽप्यत्र प्राकृती 'कार्यवशात्' इति वक्ष्यते । अवन्तिभाषापाठकौ वीरकचन्दनकौ । प्राच्यभाषापाठो विदूषकः । संवाहकः शकारवसन्तसेनाचारुदत्तानां चेटकाः त्रयः भिक्षुश्चारुदत्तदारकः एते षण्मागधीपाठकाः । अपभ्रंशपाठकेषु शकारीभाषापाठको राष्ट्रियः । चाण्डालीभाषापाठकौ चाण्डालौ । ढक्कभाषापाठकौ माथुरद्यूतकरौ । तथा–शौरसेन्यवन्तिजा प्राच्या एतासु दन्त्यसकारता । तत्रावन्तिजा रेफवती लोकोक्तिबहुला । प्राच्या स्वार्थिककारप्राया । मागधी तालव्यशकारवती । शकारीचाण्डाल्योस्तालव्यशकारता । रेफस्य च लकारता । वकारप्राया ढक्कविभाषा । It is clear that the शकारी is not a distinct dialect, that name came into use after Sakara, one of the characters in our play, who is made by the poet to say श for स (ਮ੍ਰਿੱਛਕਟਿਕ ਦੀ ਟੀਕਾ ਵਿਚੋਂ ਉਧ੍ਰਿਤ).

ਧੱਕਾ, ਹੱਥੋ-ਹੱਥੀ, ਮੁੱਕੋ-ਮੁੱਕੀ । ਇਸੇ ਪ੍ਰਕਾਰ ਆਚਾਰੀਆ ਮਾਰਕੰਡੇਯ ਨੇ ਅਪਭ੍ਰੰਸ਼ਾਂ ਦੇ ਸੂਤ੍ਰਾਤਮਕ ਪਛਾਣ-ਚਿੰਨ੍ਹ ਦੱਸ ਕੇ ਆਖੀਰ ਤੇ ਲਿਖ ਦਿੱਤਾ ਹੈ । "ਹੋਰ ਅਪਭ੍ਰੰਸ-ਭੇਦ ਵੱਖ ਵੱਖ ਦੇਸ਼ਾਂ ਦੇ ਅਨੁਸਾਰ ਜਾਣ ਲੈਣੇ ਚਾਹੀਦੇ ਹਨ ।" ਮਾਰਕੰਡੇਯ ਦੀ ਸੂਚੀ ਨਾਲ ਮਿਲਦੀ-ਜੁਲਦੀ ਰਾਮ ਸ਼ਰਮਾ ਤਰਕ ਵਾਗੀਸ਼ ਨੇ ਵੀ ਆਪਣੇ ਵਿਆਕਰਣ ਗ੍ਰੰਥ "ਪ੍ਰਾਕ੍ਰਿਤ ਕਲਪਤਰੁ" ਵਿਚ ਅਪਭ੍ਰੰਸ਼ ਦੀਆਂ ਕਿਸਮਾਂ ਦੀ ਸੂਚੀ ਦਿੱਤੀ ਹੈ । ਉਸ ਵਿਚ ਵੀ ਕੈਕੇਯੀ ਤੇ ਟੱਕੀ ਦਰਜ ਹੈ । ਪੁਰੁਸ਼ੋਤਮ ਨੇ ਆਪਣੇ ਗ੍ਰੰਥ "ਪ੍ਰਾਕ੍ਰਿਤ ਅਨੁਸ਼ਾਸਨ" ਵਿਚ ਅਪਭ੍ਰੰਸ ਬੋਲੀਆਂ ਦੇ ਅੰਤਰਗਤ ਕੈਕੇਯੀ ਤੇ ਟੱਕਭਾਸ਼ਾ ਦੀ ਗਿਣਤੀ ਕੀਤੀ ਹੈ ।

ਇਸ ਤੋਂ ਬਾਅਦ ਮਾਰਕੰਡੇਯ ਨੇ ਪੈਸਾਚੀ ਵਰਗ ਨੂੰ ਮੁਖ ਤੌਰ ਤੇ ਤਿੰਨ ਕਿਸਮਾਂ ਵਿਚ ਵੰਡਿਆ ਹੈ, ਅਰਥਾਤ (1) ਕੈਕੇਯ, (2) ਸੌਰਸੇਨ, (3) ਪਾਂਚਾਲ । ਮਾਰਕੰਡੇਯ ਦੀ ਤਰ੍ਹਾਂ ਪੁਰੁਸ਼ੋਤਮ ਨੇ ਵੀ ਪੈਸ਼ਾਚੀ ਵਰਗ ਵਿਚ ਸਿਰਫ ਤਿੰਨ ਭੇਦ ਹੀ ਸਵੀਕਾਰ ਕੀਤੇ ਹਨ ਅਰਥਾਤ ਕੇਕਯ, ਸੌਰਸੇਨ, ਤੇ ਪਾਂਚਾਲ । ਕਿੰਤੂ ਰਾਮ ਸ਼ਰਮਾ ਨੇ ਪੈਸ਼ਾਚੀ ਵਰਗ ਦੇ ਪਹਿਲਾਂ (1) ਸੁਧ ਤੇ (2) ਸੰਕੀਰਣ ਵੱਡੇ ਉਪਵਰਗ ਨਿਰਧਾਰਿਤ ਕੀਤੇ ਹਨ ਅਤੇ ਫੇਰ ਸ਼ੁੱਧ ਉਪਵਰਗ ਦੇ ਇਹ ਭੇਦ ਨਿਸ਼ਚਿਤ ਕੀਤੇ ਹਨ

ਕੈਕੇਯ, ਸ਼ੌਰਸੇਨ, ਪਾਂਚਾਲ, ਗੌੜ, ਮਾਗਧ, ਵ੍ਰਾਚਡ, ਅਤੇ ਬੇਨਾਮ ਪੈਸ਼ਾਚੀ । ਇਉਂ ਰਾਮ ਸ਼ਰਮਾ ਤਰਕ-ਵਾਗੀਸ਼ ਨੇ ਵੀ ਕੈਕੇਯੀ ਨੂੰ ਪ੍ਰਾਕ੍ਰਿਤ ਸਥਾਪਿਤ ਕੀਤਾ ਹੈ ।

ਮਾਰਕੰਡੇਯ ਨੇ "ਪ੍ਰਾਕ੍ਰਿਤ ਸਰਵਸ੍ਵ" ਦੇ ਉਨ੍ਹੀਵੇਂ ਪਾਦ ਦੇ 20 ਸੰਸਕ੍ਰਿਤ ਸੂਤ੍ਰਾਂ ਵਿਚ ਕੇਕਯ-ਪੈਸ਼ਾਚੀ ਦਾ ਭਾਸ਼ਾਗਤ ਵਰਣਨ ਕੀਤਾ ਹੈ । ਇਸ ਵਿਚ ਅਧਿਕਤਰ ਧੁਨੀਆਤਮਕ ਪੈਟਰਨ (phonology) ਹਨ ਅਤੇ ਧੁਨੀ-ਪਰਿਵਰਤਨ ਤੇ ਰੂਪਾਂਤਰਣ ਦੇ ਨਿਯਮ ਉਲੀਕੇ ਹਨ । ਉਸ ਨੇ ਕੈਕੇਈ ਨੂੰ ਸੰਸਕ੍ਰਿਤ ਤੇ ਸ਼ੌਰਸੇਨੀ ਦੀ ਮਿਸ਼ਰਿਤ ਵੰਨਗੀ ਮੰਨਿਆ ਹੈ :

"पैशाचिकीनां भाषाणां प्रथमा कैकयाभिधा।
संस्कृते शौरसेन्या च सिद्धस्यैवात्र विक्रिया।"
(ਸੰਸਕ੍ਰਿਤੇ ਸ਼ੌਰਸੇਨ੍ਯਾਂ ਚ ਸਿੱਧਸਯੈਵਾਤ੍ਰ ਵਿਕ੍ਰਿਯਾ)

ਮਾਰਕੰਡੇਯ ਦੀ ਅਪ੍ਰੋਚ contrastive ਹੈ । ਸੰਸਕ੍ਰਿਤ ਫੋਨਾਲੋਜੀ ਦੇ ਟਾਕਰੇ ਤੇ ਕੇਕਯ ਪੈਸ਼ਾਚੀ ਦੀ ਧੁਨੀਆਤਮਕ ਵਿਉਂਤ ਵਿਧੀ ਪ੍ਰਸਤੁਤ ਕੀਤੀਗਈ ਹੈ

(1) ਵਿਅੰਜਨ ਵਰਗਾਂ ਦੇ ਤੀਜੇ ਚੌਥੇ ਵਿਅੰਜਨਾਂ ਦੀ ਥਾਂ ਪਹਿਲੇ ਦੂਜੇ ਵਿਅੰਜਨਾਂ ਦਾ ਆਗਮ
(2) /ਸ਼, ਸ਼/ ਦਾ /ਸ/ ਵਿਚ ਰੂਪਾਂਤਰਣ
(3) /ਣ/ ਦਾ/ ਨ/ ਵਿਚ ਰੂਪਾਂਤਰਣ
(4) ਮੱਧਸਵਰਾਗਮ (epenthesis)
(5) /ਰਯ/ ਦਾ /ਚਚ/ ਵਿਚ ਪਰਿਵਰਤਨ
(6) clusters ਜਿਵੇਂ /ਨ੍ਯ, ਣਯ, ਜਵ/ ਦੀ ਥਾਂ /ਞ/ ਦਾ ਆਗਮ, ਇਤਿਆਦਿਕ ।

ਮਾਰਕੰਡੇਯ ਦੁਆਰਾ ਦਿੱਤਾ ਗਿਆ ਧੁਨੀਆਤਮਕ ਪਰਿਵਰਤਨ-ਵਿਧਾਨ ਸੁਧ ਪੈਸ਼ਾਚੀ ਦੀ ਧੁਨੀ-ਵਿਉਂਤ ਦੇ ਸਮਰੂਪ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਦਾ ਬਿਉਰਾ ਪੈਸਾਚੀ ਸੀਰਸ਼ਕ ਦੇ ਅੰਤਰਗਤ ਪੇਸ਼ ਕਰ ਆਏ ਹਾਂ । ਇਸ ਤੋਂ ਬਾਅਦ ਅੰਤ ਵਿਚ ਮਾਰਕੰਡੇਯ ਨੇ ਇਹ ਟਿੱਪਣੀ ਅੰਕਿਤ ਕੀਤੀ ਹੈ :

"ਇਸ਼ ਸ਼ੇਸ਼ੰ ਸ਼ੌਰਸੇਨੀ ਵਤ੍" ਅਰਥਾਤ ਕੈਕੇਯ-ਪੈਸ਼ਾਚੀ ਦੀ ਬਾਕੀ ਬਣਤਰ ਸ਼ਰੋਸੈਨੀ ਦੀ ਤਰ੍ਹਾਂ ਹੈ।

ਟੱਕੀ ਪ੍ਰਾਕ੍ਰਿਤ/ਅਪਭ੍ਰੰਸ਼

ਅਣਗੋਲੀਆਂ ਗੌਣ ਪ੍ਰਾਕ੍ਰਿਤਾ ਦੇ ਸੰਦਰਭ ਵਿਚ ਕੈਕੇਈ ਪ੍ਰਾਕ੍ਰਿਤ/ਅਪਭ੍ਰੰਸ਼ ਤੋਂ ਬਾਅਦ ਮਦ੍ਰ ਪ੍ਰਾਕ੍ਰਿਤ ਤੇ ਟੱਕ ਪ੍ਰਾਕ੍ਰਿਤ ਉਲੇਖਣੀ ਹਨ। ਮਹਾਂਭਾਰਤ ਯੁਗ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਸ਼ਮ ਗ੍ਰੰਥ ਤਕ ਮਦ੍ਰ ਦੇਸ਼ ਦਾ ਉਲੇਖ ਤਾਂ ਆਮ ਮਿਲਦਾ ਹੈ ਪਰ ਮਦ੍ਰ ਪ੍ਰਾਕ੍ਰਿਤ ਜਾਂ ਮਦ੍ਰ-ਅਪਭ੍ਰੰਸ਼ ਬਾਰੇ ਪ੍ਰਾਕ੍ਰਿਤ-ਅਪਭ੍ਰੰਸ਼ ਯੁਗ ਦੇ ਵਿਆਕਰਣਾਂ ਵਿਚ ਮਦ੍ਰ ਦਾ ਕੋਈ ਵਰਣਨ ਅਜੇ ਤਕ ਨਹੀਂ ਮਿਲਿਆ। ਤਲਾਸ਼ ਜਾਰੀ ਹੈ, ਉਡੀਕ ਜਾਰੀ ਹੈ।

ਪਰ ਟੱਕ ਪ੍ਰਾਕ੍ਰਿਤ ਅਪਭ੍ਰੰਸ਼ ਦਾ ਕਾਫੀ ਵਰਣਨ ਪ੍ਰਾਪਤ ਹੈ। ਇਸ ਲਈ ਹੁਣ ਟੱਕਜਾਤੀ, ਟੱਕ ਦੇਸ਼ ਤੇ ਟੱਕ ਪ੍ਰਾਕ੍ਰਿਤ ਭਾਸ਼ਾ ਸੰਬੰਧੀ ਆਪਣਾ ਅਧਿਐਨ ਪੇਸ਼ ਕਰਦੇ ਹਾਂ।

ਟੱਕ ਦੇਸ਼ ਤੇ ਟੱਕ ਜਾਤੀ

ਅਲੈਗਜੈਂਡਰ ਕਨਿੰਘਮ ਨੇ ਲਿਖਿਆ ਹੈ ਕਿ ਹਿਊਨਸਾਂਗ ਨੇ ਜਿਸ ਪ੍ਰਦੇਸ਼ ਨੂੰ ਚੀਨੀ ਭਾਸ਼ਾ ਵਿਚ TSE-Kia ਕਿਹਾ ਹੈ ਉਹ ਅਸਲ ਵਿਚ ਟੱਕ-ਦੇਸ਼ ਜਾਂ ਟੱਕੀ ਹੈ। ਟੱਕੀ ਜਾਂ ਟੱਕ ਰਾਜ ਵਿਚ ਸਿੰਧ ਦਰਿਆ ਤੋਂ ਲੈ ਕੇ ਬਿਆਸ ਦਰਿਆ ਤਕ ਅਤੇ ਪਹਾੜਾਂ ਦੀ ਤਲਹਟੀ ਤੋਂ ਲੈ ਕੇ ਮੁਲਤਾਨ ਦੇ ਹੇਠਾ ਕਰਕੇ ਪੰਜ ਨਦੀਆ ਦੇ ਸੰਗਮ ਤਕ (ਪੰਜਾਬ ਦਾ) ਸਾਰਾ ਮੈਦਾਨੀ ਇਲਾਕਾ ਸ਼ਾਮਲ ਸੀ। ਸੱਤਵੀਂ ਸਦੀ ਈ. ਵਿਚ ਟੱਕੀ ਰਾਜ ਅਤੇ ਰਾਜਧਾਨੀ ਦੋਹਾ ਦਾ ਨਾਮ ਟੱਕੀ ਸੀ। ਟੱਕੀ ਰਾਜ ਦੀ ਰਾਜਧਾਨੀ ਦੀ ਪਛਾਣ ਮਹਾਂਭਾਰਤ ਦੇ ਨਗਰ ਸ਼ਾਕਲ ਨਾਲ ਕੀਤੀ ਗਈ ਹੈ ਜਿਥੋਂ ਦੇ ਲੋਕਾਂ ਨੂੰ ਮਦ੍ਰ, ਆਰੱਟ, ਜਾਰਤਿਕ (ਅਜੋਕੇ ਜੱਟ) ਅਤੇ ਵਾਹੀਕ ਕਿਹਾ ਜਾਂਦਾ ਸੀ। ਹੇਮਚੰਦਰ ਨੇ ਆਪਣੇ ਪ੍ਰਾਕ੍ਰਿਤ ਵਿਆਕਰਣ ਵਿਚ ਜਿਨ੍ਹਾਂ ਨੂੰ ਵਾਹੀਕ ਕਿਹਾ ਹੈ ਉਹ ਅਸਲ ਵਿਚ ਟੱਕ ਲੋਕ ਸਨ। ਰਾਜ ਤਰੰਗਿਨੀ ਵਿਚ ਟੱਕ ਦੇਸ ਦਾ ਉਲੇਖ ਹੈ ਜੋ ਉਸ ਸਮੇਂ (ਨੌਵੀਂ ਸਦੀ ਈ.) ਗੁਰਜਰ (ਗੁੱਜਰ) ਰਾਜ ਦਾ ਇਕ ਭਾਗ ਸੀ।

ਕਨਿੰਘਮ ਨੇ ਅਗੇ ਜਾ ਕੇ ਲਿਖਿਆ ਹੈ ਕਿ ਅਰਬੀ ਯਾਤਰੀ ਅਤੇ ਮੁਸਲਮਾਨ ਲਿਖਾਰੀ ਟੱਕੀ/ਟੱਕ ਨੂੰ ਤਾਕਿਨ ਜਾਂ ਤਾਫਿਨ ਹੀ ਲਿਖਦੇ ਰਹੇ ਕਿਉਂਕਿ ਉਨ੍ਹਾਂ ਦੀ ਲਿਪੀ ਵਿਚ ਟੈਂਕੇ ਦੀ ਧੁਨੀ ਨਹੀਂ ਸੀ। ਉਸ ਨੂੰ ਅੱਖਰ (ਤੋਇ) ਨਾਲ ਲਿਖਦੇ ਸਨ। ਇਸ ਲਈ ਟੱਕ ਦਾ ਉਚਾਰਣ ਤਕ, ਤਾਕ ਤਾਕਿਨ ਹੀ ਕਰਦੇ ਸਨ। ਸੰਨ 951 ਈ. ਵਿਚ ਮੁਸਲਮਾਨ ਲਿਖਾਰੀ ਮਸਊਦ ਨੇ 'ਤਾਕਿਨ' ਹੀ ਲਿਖਿਆ ਹੈ। ਸੰਨ 851 ਤੋਂ ਪਹਿਲਾ ਸੁਲੇਮਾਨ ਸੌਦਾਗਰ ਪੂਰਬੀ ਦੇਸ਼ਾ ਵਿਚ ਆਇਆ ਸੀ ਉਸ ਨੇ ਵੀ ਇਸ ਇਲਾਕੇ ਨੂੰ ਟੱਕੀ (ਤਾਫਕ) ਕਿਹਾ ਹੈ। ਅਰਬੀ ਅੱਖਰ ਕੁਆਫ ਅਤੇ ਫੇ ਲਿਖਣ ਵਿਚ ਇਕ ਨੁਕਤੇ ਦਾ ਫ਼ਰਕ ਹੋਣ ਕਰਕੇ ਇਹ ਫ਼ਰਕ ਹੈ।

ਉਪਰੋਕਤ ਟੱਕ ਜਾਤੀ ਦਾ ਮਹੱਤਵ ਇਸ ਗੱਲ ਤੋਂ ਵੀ ਸਾਬਤ ਹੁੰਦਾ ਹੈ ਕਿ ਟੱਕ ਲੋਕਾਂ ਨੇ ਜਿਸ ਵਰਣਮਾਲਾ ਨੂੰ ਟਾਕਰੀ ਕਿਹਾ ਉਹ ਅੱਜ ਵੀ ਕਾਂਗੜਾ ਤੋਂ ਕਸ਼ਮੀਰ ਤਕ ਚਾਲੂ ਰਹੀ ਹੈ। ਟਾਕਰੀ ਦਾ ਰਿਸ਼ਤਾ ਸੱਚਮੁੱਚ ਟੱਕ ਜਾਤੀ ਨਾਲ ਨਿਰਸੰਦੇਹ ਹੈ। ਪੰਜਾਬ ਵਿਚ ਪੈਸੇ ਨੂੰ 'ਟਕਾ' ਕਹਿਣ ਦਾ ਜੋ ਰਿਵਾਜ ਹੈ ਸ਼ਾਇਦ ਉਸ ਦਾ ਸੰਬੰਧ ਇਸ ਟੱਕ ਜਾਤੀ

ਨਾਲ ਹੀ ਹੋਵੇ ।

ਸੱਤਵੀਂ ਸਦੀ ਈ. ਵਿਚ ਟੱਕ ਰਾਜ ਤਿੰਨ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ–ਪੰਜਾਬ ਦੇ ਉੱਤਰ-ਪੱਛਮ ਵਿਚ ਟੱਕ ਪ੍ਰਾਂਤ, ਪੂਰਬ ਵਿਚ ਸ਼ੋਰਕੋਟ ਅਤੇ ਦੱਖਣ ਵਿਚ ਮੁਲਤਾਨ। ਇਸ ਤਰ੍ਹਾਂ ਕਨਿੰਘਮ ਨੇ ਹਿਉਨਸਾਂਗ ਅਤੇ ਮੁਸਲਮਾਨ ਲਿਖਾਰੀਆਂ ਅਤੇ ਹੋਰ ਪੁਰਾਤਨ ਯਾਤਰੀਆਂ ਦੇ ਹਵਾਲਿਆਂ ਨਾਲ ਟੱਕ ਦੇਸ਼ ਤੇ ਟੱਕ ਜਾਤੀ ਦਾ ਵਿਵਰਣ ਦੇਣ ਦਾ ਉਪਰਾਲਾ ਕੀਤਾ ਹੈ ।

ਪ੍ਰਾਕ੍ਰਿਤ ਵਿਆਕਰਣਾਂ ਵਿਚ ਟੱਕੀ

ਪ੍ਰਾਕ੍ਰਿਤ ਵਿਆਕਰਣਾਂ ਵਿਚ ਭਾਵੇਂ ਆਮ ਤੌਰ ਤੇ ਪ੍ਰਮੁਖ ਪ੍ਰਾਕ੍ਰਿਤਾਂ ਦਾ ਵਰਣਨ ਤੇ ਵਿਸ਼ਲੇਸ਼ਣ ਕੀਤਾ ਗਿਆ ਹੈ ਪਰ ਕਿਤੇ ਕਿਤੇ ਟੱਕੀ/ਟਾਕੀ ਦਾ ਉਲੇਖ ਹੋਇਆ ਮਿਲਦਾ ਹੈ । ਪੁਰੁਸ਼ੋਤਮ ਨੇ ਆਪਣੇ ਵਿਆਕਰਣ "ਪ੍ਰਾਕ੍ਰਿਤ ਅਨੁਸ਼ਾਸਨ" ਵਿਚ ਅਤੇ ਮਾਰਕੰਡੇਯ ਨੇ "ਪ੍ਰਾਕ੍ਰਿਤ ਸਰਵਸ੍ਵ" ਵਿਚ ਟੱਕ ਦਾ ਵਰਣਨ ਕੀਤਾ ਹੈ । ਪੁਰੁਸ਼ੋਤਮ ਦਾ ਵਿਆਕਰਣ ਸਾਨੂੰ ਉਪਲਬਧ ਨਹੀਂ ਹੋ ਸਕਿਆ । ਪੁਰੁਸ਼ੋਤਮ ਬਾਰ੍ਹਵੀਂ ਸਦੀ ਦੇ ਵਿਦਵਾਨ ਸਨ ਅਤੇ ਇਨ੍ਹਾਂ ਨੇ ਟੱਕ ਦੀ ਭਾਸ਼ਾ ਦੇ ਕੁਝ ਨੇਮ ਲਿਖੇ ਹਨ । ਇਕ ਹੋਰ ਪ੍ਰਾਕ੍ਰਿਤ ਗ੍ਰਾਮਰ "ਪ੍ਰਾਕ੍ਰਿਤ ਚੰਦ੍ਰਿਕਾ" ਵਿਚ ਅਪਭ੍ਰੰਸ਼ ਦੇ 27 ਭੇਦ ਗਿਣੇ ਹਨ ਉਨ੍ਹਾਂ ਵਿਚ ਟਾਕ (ਅਪਭ੍ਰੰਸ਼) ਵੀ ਸ਼ਾਮਲ ਹੈ ।

ਪਰ ਮਾਰਕੰਡੇਯ ਨੇ ਟੱਕੀ ਜਾਂ ਟੱਕ ਭਾਸ਼ਾ ਦਾ ਵਿਸਤਾਰ ਪੂਰਵਕ ਵਰਣਨ ਕੀਤਾ ਹੈ । ਮਾਰਕੰਡੇਯ ਨੇ ਵਿਭਾਸ਼ਾ ਦੀਆਂ ਪੰਜ ਕਿਸਮਾਂ ਮੰਨ ਕੇ (ਟਾਕੀ) ਟੱਕੀ ਨੂੰ ਵੀ ਇਕ ਵਿਭਾਸ਼ਾ ਸਵੀਕਾਰ ਕੀਤਾ ਹੈ । ਰਾਮ ਸ਼ਰਮਾ ਤਰਕ-ਵਾਗੀਸ਼ ਨੇ 9 ਤਰ੍ਹਾਂ ਦੀਆਂ ਵਿਭਾਸ਼ਾਵਾਂ ਮੰਨੀਆਂ ਹਨ ਅਤੇ ਟੱਕੀ ਨੂੰ ਉਹਨਾਂ ਵਿਚ ਸ਼ਾਮਲ ਕੀਤਾ ਹੈ [ਕ੍ਰਿਸ਼ਣ ਚੰਦ੍ਰ ਆਚਾਰਯ, 1968 : 86 ਫੁਟਨੋਟ] ਮਾਰਕੰਡੇਯ ਅਤੇ ਪੁਰੁਸ਼ੋਤਮ ਦੋਹਾਂ ਦੇ ਅਨੁਸਾਰ ਟੱਕੀ ਟੱਕ ਦੇਸ਼ ਦੀ ਭਾਸ਼ਾ ਹੈ । ਤਿੰਨੇ ਵਿਆਕਰਣਕਾਰ ਇਸ ਗੱਲ ਤੇ ਸਹਿਮਤ ਹਨ ਕਿ ਟੱਕੀ ਸੰਸਕ੍ਰਿਤ ਤੇ ਸ਼ੌਰਸੇਨ (ਪ੍ਰਾਕ੍ਰਿਤ) ਮਿਸ਼ਰਤ ਵਿਭਾਸ਼ਾ ਹੈ । ਰਾਮ ਸ਼ਰਮਾ ਤੇ ਮਾਰਕੰਡੇਯ ਦੋਹਾਂ ਦਾ ਕਥਨ ਹੈ ਕਿ ਸੰਸਕ੍ਰਿਤ ਨਾਟਕਾਂ ਵਿਚ ਟੱਕੀ ਜੂਏਬਾਜ਼ਾਂ, ਸੌਦਾਗਰਾਂ ਅਤੇ ਧੂਰਤਾਂ ਦੁਆਰਾ ਬੋਲਣ ਦਾ ਵਿਧਾਨ ਹੈ । ਮਾਰਕੰਡੇਯ ਨੇ ਕਿਸੇ ਅਗਿਆਤ ਵਿਦਵਾਨ ਦਾ ਇਕ ਸ਼ਲੋਕ ਉਧ੍ਰਿਤ ਕੀਤਾ ਹੈ ਜੋ ਉਪਰੋਕਤ ਦੀ ਪੁਸ਼ਟੀ ਕਰਦਾ ਹੈ :

"ਪ੍ਰਯੁਜਯਤੇ ਨਾਟਕਾਦੌ ਦਯੂਤਾਦਿ - ਵਯਵਹਾਰਿਭਿ: ।
ਵਣਿਗਭਿਰ ਹੀਨਦੇਹੈਸ਼ਚ ਤਦਾਹੁਸ਼ ਟੱਕ ਭਾਸ਼ਿਤਮ ॥ ਸੋਲ੍ਹਵਾਂ ਪਾਦ, ਸੂਤ੍ਰ ਪਹਿਲਾ"
(प्रयुज्यते नाटकादौ द्यूतादिव्यवहारिभिः।
वणिग्भि र्हीनदेहैश्च तदाहुष् टक्क भाषितम्। इति।

ਪੁਰੁਸ਼ੋਤਮ, ਮਾਰਕੰਡੇਯ, ਰਾਮ ਸ਼ਰਮਾ ਦੁਆਰਾ ਪ੍ਰਸਤੁਤ ਕੀਤੀਆਂ ਟੱਕ ਦੀਆਂ ਭਾਸ਼ਿਕ ਵਿਸ਼ੇਸ਼ਤਾਵਾਂ ਦੇ ਅਵਲੋਕਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਟੱਕੀ ਭਾਸ਼ਾ ਅਪਭ੍ਰੰਸ਼ ਦੇ ਸਦ੍ਰਿਸ਼ ਤੇ ਸਗੋਤਰ (akin) ਹੈ । ਹਰਿਸ਼ਚੰਦਰ ਨੇ ਟੱਕੀ ਨੂੰ ਪਾਤ੍ਰ ਬੋਲੀ (ਨਾਟਕਾਂ ਵਿਚ) ਤਕ ਸੀਮਿਤ ਰੱਖਿਆ ਹੈ । ਇਸ ਦਾ ਕਾਰਣ ਇਹ ਜਾਪਦਾ ਹੈ ਕਿ ਨਾਟਕਾਂ ਵਿਚ ਟੱਕੀ ਨੂੰ ਨਿਮਨ ਸ਼ਰੇਣੀ ਦੇ ਪਾਤਰ ਬੋਲਦੇ ਦਿਖਾਏ ਜਾਂਦੇ ਹਨ ।

ਇਸ ਤੋਂ ਇਲਾਵਾ ਮਾਰਕੰਡੇਯ, ਰਾਮ ਸ਼ਰਮਾ ਤਰਕ-ਵਾਗੀਸ਼ ਅਤੇ ਪੁਰੁਸ਼ੋਤਮ ਨੇ

ਟੱਕੀ ਨੂੰ ਅਪਭ੍ਰੰਸ਼ਾਂ ਦੀ ਸੂਚੀ ਵਿਚ ਵੀ ਦਰਜ ਕੀਤਾ ਹੈ। ਪਰੰਤੂ ਅਪਭ੍ਰੰਸ਼ਾਂ ਤਾਂ (1) ਨਾਗਰ (2) ਉਪਨਾਗਰ (3) ਵ੍ਰਾਚੜ ਹੀ ਗਿਣੀਆਂ ਹਨ ਅਤੇ ਟੱਕੀ ਆਦਿ ਮਾਈਨਰ ਅਪਭ੍ਰੰਸ਼ਾਂ ਹਨ। ਇਹ ਵੀ ਬੜੀ ਕਮਾਲ ਦੀ ਗੱਲ ਹੈ ਕਿ ਮਾਰਕੰਡੇਯ ਟੱਕ ਭਾਸ਼ਾ ਨੂੰ ਇਕ ਪਾਸੇ ਵਿਭਾਸ਼ਾ-ਵਰਗ ਵਿਚ ਸ਼ਾਮਲ ਕਰਦਾ ਹੈ ਅਤੇ ਦੂਜੇ ਪਾਸੇ ਉਸ ਨੂੰ ਅਪਭ੍ਰੰਸ਼-ਵੰਡ ਵਿਚ ਰਖਦਾ ਹੈ। ਪਰ ਹਰਿਸਚੰਦਰ ਟੱਕੀ ਨੂੰ ਬਹੁਤ ਹੀ ਸ਼ੁੱਧ ਅਪਭ੍ਰੰਸ਼ ਮੰਨਦਾ ਹੈ। ਵਿਭਾਸ਼ਾ ਨਹੀਂ, ਟੱਕੀ ਵਿਭਾਸ਼ਾ ਹੈ ਜਾਂ ਅਪਭ੍ਰੰਸ਼ ਹੈ। ਇਸ ਵਾਦ-ਵਿਵਾਦ ਵਿਚ ਰਾਮ ਸ਼ਰਮਾ ਨੇ ਇਕ ਨਿਯਮ ਦਿੱਤਾ ਹੈ ਕਿ ਟਾਕੀ ਮੂਲ ਰੂਪ ਵਿਚ ਵਿਭਾਸ਼ਾ ਹੈ ਪਰ ਨਾਗਰ-ਉਪਨਾਗਰ-ਵ੍ਰਾਚੜ ਅਪਭ੍ਰੰਸ਼ਾਂ ਦੇ ਮਿਸ਼ਰਣ ਨਾਲ ਟੱਕੀ ਬਾਅਦ ਵਿਚ ਅਪਭ੍ਰੰਸ਼ ਬਣ ਜਾਂਦੀ ਹੈ।

ਮਾਰਕੰਡੇਯ ਨੇ ਪ੍ਰਾਕ੍ਰਿਤ ਸਰਵਸ੍ਵ ਵਿਆਕਰਣ ਦੇ ਸੋਲ੍ਹਵੇਂ ਪਾਦ ਵਿਚ ਟੱਕੀ ਦਾ ਵਿਭਾਸ਼ਾ ਦੇ ਤੌਰ ਤੇ (ਅਪਭ੍ਰੰਸ਼ ਵਜੋਂ ਨਹੀਂ) ਭਾਸ਼ਾਗਤ ਵਿਵੇਚਨ ਪੇਸ਼ ਕੀਤਾ ਹੈ ਅਤੇ ਕਈ ਵਿਆਕਰਣਿਕ ਨੇਮ ਅੰਕਿਤ ਕੀਤੇ ਹਨ। ਪਹਿਲਾ ਨੇਮ ਇਹ ਹੈ ਕਿ ਟੱਕੀ ਸ਼ਬਦਾਂ ਦੇ ਅੰਤ ਤੇ ਅੱਖਰ (ਉ) ਆਉਂਦਾ ਹੈ। ਜਿਵੇਂ ਭਣਇ ਵਾਣਿ ਕਵਿਰਾਇ (ਸੰਸਕ੍ਰਿਤ : ਭਣਤਿ ਵਾਣੀਂ ਕਵਿਰਾਜ) ਕਈ ਹੋਰ ਵੀ ਨੇਮ ਹਨ :

ਟੱਕੀ : ਘਰਹੁੰ ਚਲਿਦੁ ਪੰਜਾਬੀ :ਘਰੋਂ ਚਲਦਾ

ਟੱਕੀ ਰੁੱਖਹੁੰ ਪੜਿਦੁ ਪੰਜਾਬੀ : ਰੁਖੋਂ ਪੜਦਾ/ਡਿਗਦਾ

ਮਾਰਕੰਡੇਯ ਨੇ ਇਸ ਤਰ੍ਹਾਂ 13 ਸੂਤ੍ਰਾਂ ਵਿਚ ਉਦਾਹਰਣਾਂ ਸਮੇਤ ਟੱਕ ਵਿਭਾਸ਼ਾ ਦੇ ਕੁੱਝ ਨੇਮ ਦੱਸੇ ਹਨ। ਮਾਰਕੰਡੇਯ ਨੇ ਟੱਕੀ ਦਾ ਅਪਭ੍ਰੰਸ਼ ਭਾਸ਼ਾ ਦੇ ਤੌਰ ਤੇ ਵੀ ਵਰਣਨ ਕੀਤਾ ਹੈ ਪਰ ਟੱਕੀ ਅਪਭ੍ਰੰਸ਼ ਦਾ ਪਛਾਣ ਚਿੰਨ੍ਹ ਇਕੋ ਸੂਤ੍ਰ ਵਿਚ ਬਿਆਨ ਕਰ ਦਿੱਤਾ ਹੈ। ਉਹ ਸੂਤ੍ਰ ਇਹ ਹੈ :

"ਟਾਕੰ ਟੱਕ ਭਾਸ਼ਾ ਨਾਗਰੋਪਨਾਗਰਾਂਦਿਭਯੋ ਅਵਧਾਰਣੀਯਮ"

(ਪ੍ਰਾਕ੍ਰਿਤ ਸਰਵਸਵ, ਅਠਾਰ੍ਹਵਾਂ ਪਾਦ)

ਇਸ ਦਾ ਮਤਲਬ ਇਹ ਹੈ ਕਿ ਨਾਗਰ ਤੇ ਉਪਨਾਗਰ ਅਪਭ੍ਰੰਸ਼ਾਂ ਦੇ ਸੁਮੇਲ ਤੋਂ ਟੱਕ-ਭਾਸ਼ਾ ਨੂੰ ਸਮਝਣਾ ਚਾਹੀਦਾ ਹੈ। ਜਾਪਦਾ ਹੈ ਕਿ ਟੱਕੀ ਦਾ ਦੋ ਯੁਗਾਂ ਵਿਚ ਪ੍ਰਚਲਨ ਹੋਇਆ ਹੈ। ਪਹਿਲਾ ਰੂਪ ਵਿਭਾਸ਼ਾ ਪੂਰਵ-ਵਰਤੀ-ਮੱਧ ਯੁਗ ਵਿਚ ਅਤੇ ਅਪਭ੍ਰੰਸ਼ ਪਰਵਰਤੀ-ਮੱਧ ਯੁਗ ਵਿਚ ਚਾਲੂ ਸਨ। ਵਿਭਾਸ਼ਾ ਦੇ ਤੌਰ ਤੇ ਟੱਕੀ ਦੀਆਂ ਹੱਦਾਂ ਸੀਮਿਤ ਸਨ ਪਰ ਅਪਭ੍ਰੰਸ਼ ਦੇ ਤੌਰ ਤੇ ਟੱਕੀ ਦਾ ਘੇਰਾ ਵਿਸ਼ਾਲ ਰਿਹਾ ਹੈ।

ਇਸ ਪ੍ਰਥਾਇ ਕ੍ਰਿਸ਼ਣ ਚੰਦ੍ਰ ਆਚਾਰਯ ਨੇ ਲਿਖਿਆ ਹੈ

"Takki Vibhasha was confined to a limited region of Takka whereas Apabhramsa carrying larger peculiarities in it, was in vogue in considerable part of North West India including Takka country."

[Acharya, 1986 : 106]

ਰਾਜਸ਼ੇਖਰ ਨੇ ਵੀ ਲਿਖਿਆ ਹੈ ਕਿ ਟੱਕ, ਮਰੂ (ਰਾਜਸਥਾਨ) ਅਤੇ ਭਾਦਾਨਕ ਦੇ ਲੋਕ ਅਪਭ੍ਰੰਸ਼ ਨਾਲ ਮਿਲੀ-ਜੁਲੀ ਬੋਲੀ ਬੋਲਣ ਦੇ ਆਦੀ ਸਨ। ਲਗਦਾ ਹੈ ਟੱਕ ਦੇਸ਼, ਮਰੂਭੂਮੀ ਅਤੇ ਭਾਦਾਨਕ ਤਿੰਨੋਂ ਨਾਲ ਨਾਲ ਨੇੜੇ ਲੇੜੇ ਲਗਦੇ ਗੁਆਂਢੀ ਇਲਾਕੇ ਸਨ। ਮਰੂਭੂਮੀ (ਰਾਜਸਥਾਨ) ਦੇ ਨਾਲ ਲਗਦਾ ਦੱਖਣ-ਪੂਰਬੀ ਪੰਜਾਬ ਮਾਲਵਾ ਖੇਤਰ ਹੈ ਅਤੇ ਮਾਲਵੇ ਦੇ ਨਾਲ ਲਗਦਾ ਦੁਆਬੇ ਦਾ ਭਾਦਾਨਕ ਖੇਤਰ ਹੈ। ਭਾਦਾਨਕ ਹੀ ਅੱਜ ਕੱਲ

ਭਾਦਾ ਬਣ ਗਿਆ ਹੈ । ਦੁਆਬੇ ਵਿਚ ਲੋਕ ਗੀਤ ਜਿੰਨਣੀ ਮਸ਼ਹੂਰ ਹੈ :

"ਭਾਦਾ ਦੁਆਬਾ ਫਿਰ ਆਇਆ ਮੁੱਲ ਕਿਸੇ ਨਾ ਪਾਇਆ
ਮੁੱਲ ਪਾਇਆ ਸਾਡੇ ਮਹਿੰਦਰ ਨੇ ਕੁਲ ਡੇਢ ਰੁਪਈਆ ॥"

ਮੌਜੂਦਾ ਦੁਆਬੇ ਵਿਚ ਕੰਢੀ, ਬੇਟ, ਭਾਦਾ, ਪਹਾੜ, ਸੀਰੋਵਾਲ ਕਈ ਇਲਾਕੇ ਸ਼ਾਮਲ ਹਨ । ਭਾਦਾ ਇਸ ਦਾ ਇਕ ਹਿੱਸਾ ਹੈ । ਇਹ ਭਾਦਾ ਹੀ ਭਾਦਾਨਕ ਹੈ ਜਿਸ ਵੱਲ ਇਸ਼ਾਰਾ ਰਾਜਸ਼ੇਖਰ ਨੇ ਕੀਤਾ ਹੈ । ਇਸ ਟੂਕ ਤੋਂ ਇਕ ਗੱਲ ਪ੍ਰਗਟ ਹੁੰਦੀ ਹੈ ਕਿ ਅਪਭ੍ਰੰਸ਼ਾਂ ਦੇ ਯੁਗ ਵਿਚ ਟੱਕ ਦੇਸ਼ ਅੱਜ ਕਲ ਦਾ ਪੂਰਬੀ ਪੰਜਾਬ ਹੀ ਸੀ ਜੋ ਮਰੂ-ਭੂਮੀ (ਮਾਰਵਾੜ) ਤੋਂ ਕਾਂਗੜੇ ਤਕ ਫੈਲਿਆ ਹੋਇਆ ਸੀ ਅਤੇ ਅੱਠਵੀਂ-ਨੌਵੀਂ ਸਦੀ ਵੇਲੇ ਏਥੋਂ ਦੀ ਬੋਲੀ ਨੂੰ "ਟੱਕੀ" ਕਿਹਾ ਜਾਦਾ ਸੀ ।

ਟੱਕੀ ਪ੍ਰਾਕ੍ਰਿਤ ਦਾ ਭਾਸ਼ਾਗਤ ਵਿਵੇਚਨ

ਮਾਰਕੰਡੇਯ ਨੇ "ਪ੍ਰਾਕ੍ਰਿਤ ਸਰਵਸੁ" ਵਿਚ ਟੱਕੀ ਪ੍ਰਾਕ੍ਰਿਤ (ਵਿਭਾਸ਼ਾ) ਦਾ 13 ਸੂਤ੍ਰਾਂ ਦੁਆਰਾ ਭਾਸ਼ਾਗਤ ਵਿਵੇਚਨ ਪੇਸ਼ ਕੀਤਾ ਹੈ ।

ਸੂਤ੍ਰ 16.1 (टाक्की स्यात्संस्कृत शौरसेनी चान्योन्यमिश्रिते) ਇਸ ਵਿਚ ਲਿਖਿਆਂ ਹੈ ਕਿ ਟੱਕੀ/ਟਾਕੀ ਸੰਸਕ੍ਰਿਤ ਤੇ ਸ਼ੌਰਸੇਨੀ ਪ੍ਰਾਕ੍ਰਿਤ ਦਾ ਮਿਸ਼੍ਰਿਤ ਰੂਪ ਹੈ ।

ਸੂਤ੍ਰ 16.3 (उत्स्यात्पदान्ते बहुलम्) ਅਰਥਾਤ ਟੱਕੀ ਭਾਸ਼ਾ ਦੇ ਸ਼ਬਦਾਂ ਦੇ ਅੰਤ 'ਤੇ ਔਂਕੜ /-ਉ/ ਆਉਂਦਾ ਹੈ,ਯਾਨੀ ਟੱਕੀ ਉ-ਬਹੁਲਾ ਭਾਸ਼ਾ ਹੈ, ਉਦਾਹਰਣ :

ਸੰਸਕ੍ਰਿਤ	*ਟੱਕੀ*	*ਪੰਜਾਬੀ*
ਰਾਜਾ		ਰਾਉ ਰਾਜਾ/ਰਾਉ
ਮਨੋਹਰ ਦੇਹ ਸ਼ੋਭ: (=ਹ)	ਮਨੋਹਰ ਦੇਹ ਸੋਹੁ	ਮਨੋਹਰ ਦੇਹ ਦੀ ਸ਼ੋਭਾ ਵਾਲਾ
ਵਿਦ੍ਯਾ ਪ੍ਰਵੀਣ: (=ਹ)	ਵਿਦ੍ਯਾ ਪ੍ਰਵੀਣੁ	ਵਿਦਿਆ ਵਿਚ ਪ੍ਰਵੀਣ (ਨਿਪੁੰਨ)

ਸੂਤ੍ਰ 16.5 ਵਿਚ ਅਪਾਦਾਨ ਕਾਰਕ ਵਿਭਕਤੀ ਪਿਛੇਤਰ (ablative case-ending) (-ਹ), ਅਤੇ (-ਹੁੰ) ਦਾ ਵਿਧਾਨ ਹੈ ਜਿਵੇਂ :

ਟੱਕੀ	*ਸੰਸਕ੍ਰਿਤ*	*ਪੰਜਾਬੀ*
ਰੁਕ੍ਖਹੰ	ਵ੍ਰਿਕ੍ਸ਼ਾਤ੍ ਪਤਤਿ	ਰੁੱਖ ਤੋਂ ਗਿਰਦਾ/ਪੜਦਾ (ਰੁਖੋਂ)
ਘਰਹੁੰ ਚਲਿਦੁ	ਗ੍ਰਿਹਾਤ੍ ਚਲਤਿ	ਘਰ ਤੋਂ ਚਲਦਾ (ਘਰੋਂ)

ਇਨ੍ਹਾਂ ਤੋਂ ਇਲਾਵਾ ਅਪਾਦਾਨ ਕਾਰਕ ਵਿਭਕਤੀ ਲਈ ਦੋ ਹੋਰ alternants ਹਨ-/ ਹਿੰਤੋ, ਸੁੰਤੋ/, ਮਿਸਾਲਾਂ-ਰੁਕ੍ਖਹਿੰਤੋ, ਘਰੇਸੁੰਤੋ (=ਰੁਖਾਂ ਤੋਂ 'ਘਰ ਤੋਂ') ਮੱਧਕਾਲੀ ਗੁਰੂ ਭਾਸ਼ਾ ਵਿਚ /-ਹੁ/ ਦਾ ਪ੍ਰਯੋਗ ਹੈ, ਉਦਾਹਰਣ "ਘਾਲਿ ਖਾਇ ਕਿਛੁ ਹਥਹੁ ਦੇਇ" ।

ਸੂਤ੍ਰ 16.6 ਵਿਚ ਟੱਕੀ ਦੇ ਸੰਬੰਧ ਕਾਰਕੀ ਵਿਭਕਤੀ (genitive case) ਲਈ ਵੀ /-ਹੰ/ ਅਤੇ /ਹੁੰ/ ਦਾ ਵਿਧਾਨ ਹੈ ਮਸਲਨ "ਬਮ੍ਹਣਹ ਧਣੁ/ ਬਮ੍ਹਣਹੁੰ/ ਬਮ੍ਹਣਾਣੰ "ਟੱਕੀ ਵਿਚ ਹਨ । (ਪੰਜਾਬੀ ਵਿਚ : ਬਾਹਮਣਾ ਦਾ ਧਨ)

ਸੂਤ੍ਰ 16.9 ਵਿਚ ਮੈਂ ਉੱਤਮ ਪੁਰਖ ਇਕ ਵਚਨ ਪੜਨਾਂਵ ਲਈ ਤਿੰਨ alternants (ਵਿਕਲਪ) ਹਨ :

ਅੰਮਿ 'ਹੁੰ, ਮਮ, ਜਿਵੇਂ ਟੱਕੀ:

ਅੰਮਿ ਪੜਿਦੁ, ਹੁੰ ਪੜਿਦੁ, ਮਮ ਪੜਿਦੁ (ਪੰ : ਮੈਂ ਪੜਦਾਂ)

ਸੂਤ੍ਰ 16.10 ਵਿਚ ਸੰਬੰਧ ਕਾਰਕੀ ਪੜਨਾਂਵ ਲਈ ਟੱਕੀ ਵਿਚ "ਮਹੁੰ" ਹੈ ਜਿਵੇਂ : ਟੱਕੀ : "ਮਹੁੰ ਘਰੁ ਸੁੰਦਰੁ (ਪੰਜਾਬੀ : ਮੇਰਾ ਘਰ ਸੁੰਦਰ ਹੈ)

ਟੱਕੀ ਦੇ ਇਹ ਉਪਲੱਛਣ ਤੇ ਵਿਲੱਖਣਤਾਵਾਂ ਅਪਭ੍ਰੰਸ਼ ਭਾਸ਼ਾ-ਵਰਗ ਨਾਲ ਮਿਲਦੀਆਂ ਹਨ। ਜਾਪਦਾ ਹੈ ਕਿ ਮਾਰਕੰਡੇਜ ਵਲੋਂ ਦਿਤੇ ਇਹ ਪੈਟਰਨ/ਨੇਮ ਟੱਕੀ-ਪ੍ਰਾਕ੍ਰਿਤ ਦੀ ਅਗਲੀ ਸਟੇਜ "ਟੱਕੀ-ਅਪਭ੍ਰੰਸ਼" ਵਾਲੇ ਹੀ ਅੰਕਿਤ ਕੀਤੇ ਗਏ ਹਨ। ਭਾਸ਼ਾਤਮਕ ਤੌਰ 'ਤੇ ਟੱਕੀ ਦੇ ਭਾਸ਼ਾਗਤ ਪੈਟਰਨ ਪੰਜਾਬੀ ਦੇ ਪੁਰਾ-ਰੂਪ (proto forms) ਹੀ ਪ੍ਰਤੀਤ ਹੁੰਦੇ ਹਨ।

ਮਾਰਕੰਡੇਜ ਨੇ ਟੱਕੀ ਵਿਭਾਸ਼ਾ ਦਾ ਜੋ ਭਾਸ਼ਾਤਮਕ ਪਰਿਚੈ ਸੰਸਕ੍ਰਿਤ ਵਿਚ ਪੇਸ਼ ਕੀਤਾ ਹੈ ਉਸ ਦਾ ਮੂਲ ਪਾਠ ਏਥੇ ਪ੍ਰਸਤੁਤ ਕੀਤਾ ਜਾਂਦਾ ਹੈ :

षोडशः पादः।

अथ टाक्की।

१६.१. **टाक्की स्यात्संस्कृतं शौरसेनी चान्योन्यमिश्रिते।**

अनयोः संकरादित्यर्थः। इयं द्यूतकारवणिगादिभाषा।। तथा चोक्तम्- प्रयुज्यते नाटकादौ द्यूतादिव्यवहारिभिः। वणिग्भिर्हीनदेहैश्च तदाहुष्टक्कभाषितम्।।इति।। किं च।

१६.२. **हरिश्चन्द्रस्त्विमां भाषामपभ्रंश इतीच्छति।। १९१।।**

अपभ्रंशो हि विद्वद्भिर्नाटकादौ प्रयुज्यते। द्राविडीमप्यत्रैव मन्यते।तथा चोक्तम्-

'टक्कदेशीयभाषायां दृश्यते द्राविडी तथा।

तत्र चायं विशेषोऽस्ति, द्राविडैरादृता परम्।। इति।।

१६.३. **उत्स्यात्पदान्ते बहुलम्**

'राउ असमसमरैकमल्लु मअणमणोहरदेहसोहु सकलशस्त्रास्त्रविद्याप्रवीणु (=राजा असमसमरैकमल्लः मदनमनोहरदेहशोभः सकलशस्त्रास्त्रविद्याप्रवीणः।)

बहुलग्रहणात्- 'भणइ वाणि कविराअ' (=भणति वाणीं कविराजः)।।

१६.४. **ए च टः**

टः स्थाने ए स्यात्। खग्गे पहरसि। चकारात् खग्गेण।।

१६.५. **हंहुमौ भ्यसः।। १९२।।**

भ्यसो हंहुमौ स्याताम्। रुक्खह पडिदु। घरहुं चलिदु। बाहुल्यात् रुक्खाहिंतो, घरेसुंतो।।

१६.६. **आमो वा**

हंहुमौ स्याताम्। बम्हणहं धणु। बम्हणहुं। बम्हणाणं।।

१६.७. **हं किमादेः स्यात्प्राग्दीर्घश्च विधीयते।**

आम इत्येव। काहं। जाहं। ताहं। एदाहं। इमाहं। पक्षे काणं, जाणं।

१६.८. **त्वमित्यर्थे तुंग भवेत्**

तुंग सर्वविद्यप्रवीणु।।

१६.९. अहमर्थेऽस्मिमहुंममाः।।१९३।।

अम्मि पंडिदु।एवं हुं, मम।।

१६.१०. ममेत्यर्थे महुं च स्यात्

महुं घरु सुंदरु। चकारात् मम च।।

१६.११. यथा जिध

स्यात्। जिध भणसि। जहा वा।।

१६.१२. तथा तिध।

स्यात्। तिध, तहा वा।।

१६.१३. दिङ्मात्रमुक्तमुन्नेयं शेषं शिष्टप्रयोगतः।।१९४।।

इति टाक्की भाषा।।

इति श्रीमार्कण्डेयकवीन्द्रकृतौ प्राकृतसर्वस्वे विभाषाविवेचने
षोडशः पादः।।१६।।
(समाप्तं विभाषाविवेचनम्।।)

ਹਵਾਲੇ ਤੇ ਟਿੱਪਣੀਆਂ

ਸਰੋਤ (Source) :

1.	S.K. Chatterji	[1926]	*Origin and Development of Bengali Language*, Calcutta.
2.	R. Pischel		*प्राकृत भाषाओं का व्याकरण*.
3.	P. D. Gune		*An Introduction to Comparative Philology*, Poona.
4.	Ed. P.L. Vaidya		*Prakrit Grammar of Trivikram*, Sholapur.
5.	उदय नारायण तिवारी		*हिन्दी भाषा का उद्गम और विकास*, प्रयाग
6.	हरदेव बाहरी		*प्राकृत और उसका साहित्य*, राजकमल प्रकाशन, दिल्ली
7.	मार्कण्डेय		*प्राकृत सर्वस्व* Ed. Krishna Chandra, Acharya, 1986.
8.	भोलाशंकर व्यास		*संस्कृत का भाषा शास्त्रीय अध्ययन*, पटना।
9.	ਪ੍ਰੇਮ ਪ੍ਰਕਾਸ਼ ਸਿੰਘ	[1981]	*ਪੰਜਾਬੀ ਭਾਸ਼ਾ ਦਾ ਪਿਛੋਕੜ* ਪਟਿਆਲਾ ।
10.	S.M. Katra,		*Prakrit Language and their Contribution to Indian Culture.*
11.	जगदीश प्रसाद कौशिक		*भारतीय भाषाओं का इतिहास*।
12.	Sukumar Sen (Dr.)		*A Comparative Grammar of Middle Indo-Aryan*, Calcutta.
13.	S.K. Chatterjee		*Indo-Aryan and Hindi*, Calcutta.
14.	भोला नाथ तिवारी	[1983]	हिन्दी भाषा, इलाहाबाद।
15.	D.C. Sircar	[1942]	*Select Inscriptions bearing on Indian History and Civilization*, University of Calcutta.

ਖੰਡ ਪੰਜ

ਮੱਧਕਾਲੀਨ ਭਾਰਤੀ ਆਰੀਆ ਭਾਸ਼ਾ : ਤੀਜੀ ਉਪ-ਅਵਸਥਾ (ਅਪਭ੍ਰੰਸ਼)

ਅਧਿਆਏ 5 : 1

ਅਪਭ੍ਰੰਸ਼ ਭਾਸ਼ਾ : ਇਤਿਹਾਸਿਕ ਸੰਦਰਭ

ਅਧਿਆਏ 5 : 2

ਅਪਭ੍ਰੰਸ਼ ਦੀ ਭਾਸ਼ਕ ਸੰਰਚਨਾ ਅਤੇ ਪੰਜਾਬੀ ਭਾਸ਼ਾ

ਅਧਿਆਏ 5 : 3

ਸੰਕ੍ਰਾਂਤੀਕਾਲ ਅਤੇ ਆਧੁਨਿਕ ਭਾ. ਆ. ਭਾਸ਼ਾਵਾਂ ਦਾ ਉਦੈ

ਅਧਿਆਏ 5 : 1

ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ : ਤੀਜੀ ਉਪ-ਅਵਸਥਾ

ਅਪਭ੍ਰੰਸ਼ ਭਾਖ਼ਾ : ਇਤਿਹਾਸਿਕ ਸੰਦਰਭ

ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ (ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ) ਤੋਂ ਬਾਅਦ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦਾ ਯੁਗ ਸ਼ੁਰੂ ਹੁੰਦਾ ਹੈ । ਇਸ ਨੂੰ ਭਾਸ਼ਾ-ਵਿਕਾਸ ਦੇ ਪੱਖ ਤੋਂ ਹੋਰ ਅੱਗੇ ਤਿੰਨ ਵਿਕਾਸਾਤਮਕ ਉਪ-ਅਵਸਥਾਵਾਂ ਵਿਚ ਵੰਡ ਲਿਆ ਜਾਂਦਾ ਹੈ । ਪਹਿਲੀ ਭਾਸ਼ਾਤਮਕ ਉਪ-ਅਵਸਥਾ ਪਾਲੀ ਪ੍ਰਾਕ੍ਰਿਤ ਹੈ, ਦੂਜੀ ਉਪ-ਅਵਸਥਾ ਪ੍ਰਾਕ੍ਰਿਤਾਂ ਜਾਂ ਸਾਹਿਤਕ ਪ੍ਰਾਕ੍ਰਿਤਾਂ ਹਨ ਅਤੇ ਤੀਜੀ ਉਪ-ਅਵਸਥਾ ਅਪਭ੍ਰੰਸ਼ ਭਾਸ਼ਾ ਹੈ । ਹੁਣ ਤਕ ਅਸੀਂ ਪਾਲੀ ਅਤੇ ਸਾਹਿਤਕ ਪ੍ਰਾਕ੍ਰਿਤਾਂ ਦਾ ਭਾਸ਼ਾਗਤ ਅਧਿਐਨ ਪੇਸ਼ ਕਰ ਚੁਕੇ ਹਾਂ, ਅਤੇ ਹੁਣ ਮੱਧ-ਭਾਰਤੀ ਆਰੀਆ ਭਾਸ਼ਾ ਦੀ ਤੀਜੀ ਉਪ-ਅਵਸਥਾ "ਅਪਭ੍ਰੰਸ਼ ਭਾਸ਼ਾ" ਦਾ ਵਰਣਨ ਤੇ ਵਿਸ਼ਲੇਸ਼ਣ ਪ੍ਰਸਤੁਤ ਕਰਦੇ ਹਾਂ ।

ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ-ਕਾਲ ਵਿਚ ਪ੍ਰਫੁੱਲਤ ਤੇ ਪ੍ਰਵਾਣਤ ਵੈਦਿਕ ਭਾਸ਼ਾ ਅਤੇ ਸੰਸਕ੍ਰਿਤ ਜਦੋਂ ਸਾਹਿਤਕ ਪੱਧਰ 'ਤੇ ਸੀਮਿਤ ਹੋ ਕੇ ਸਦਾ ਲਈ ਸਥਿਰ ਹੋ ਗਈ ਅਤੇ ਵਿਆਕਰਣ ਦੇ ਸਖ਼ਤ ਨਿਯਮਾਂ ਵਿਚ ਜਕੜੀ ਜਾ ਕੇ ਅਗੋਂ ਹੋਰ ਵਿਕਾਸ ਤੇ ਵ੍ਰਿਧੀ ਕਰਨ ਤੋਂ ਰੁਕ ਗਈ ਤਾਂ ਲੋਕਾਂ ਵਿਚ ਸਮਾਨਾਂਤਰ ਤੌਰ ਤੇ ਪ੍ਰਚਲਤ ਲੋਕ-ਬੋਲੀਆਂ ਉਜਾਗਰ ਹੋ ਕੇ ਜਨਤਾ-ਜਨਾਰਦਨ ਦੇ ਸਾਹਮਣੇ ਆਈਆਂ ਅਤੇ ਇਹ ਲੋਕ-ਪ੍ਰਵਾਨਗੀ ਤੇ ਪ੍ਰਤਿਸ਼ਠਾ ਪ੍ਰਾਪਤ ਕਰਨ ਲਗੀਆਂ । ਫਲਸਰੂਪ ਉਹੋ ਲੋਕ-ਬੋਲੀਆਂ ਹੌਲੀ ਹੌਲੀ ਸਵੀਕ੍ਰਿਤ ਤੇ ਪ੍ਰਵਾਨਿਤ ਹੋਕੇ ਪਾਲੀ, ਤੇ ਪ੍ਰਾਕ੍ਰਿਤ ਭਾਸ਼ਾਵਾਂ ਦੀ ਸ਼ਕਲ ਵਿਚ ਭਾਸ਼ਾ-ਧਰਾਤਲ 'ਤੇ ਸਥਾਪਿਤ ਹੋ ਗਈਆਂ । ਕਾਲਾਂਤਰ ਵਿਚ ਏਸੇ ਤਰ੍ਹਾਂ ਪਾਲੀ ਤੇ ਪ੍ਰਾਕ੍ਰਿਤਾਂ ਵੀ ਜਦੋਂ ਸਾਹਿਤ, ਰਾਜ-ਪ੍ਰਬੰਧ, ਗਿਆਨ-ਵਿਗਿਆਨ ਦੀਆਂ ਮਾਧਿਅਮ ਬਣਕੇ ਆਮ ਲੋਕਾਂ ਤੋਂ ਵਿਛੁੰਨੀਆਂ ਜਾ ਕੇ ਲੋਕ-ਮਾਨਸ ਨਾਲੋਂ ਟੁੱਟਦੀਆਂ ਗਈਆਂ ਤਾਂ ਫਿਰ ਤਤਕਾਲੀ ਲੋਕ-ਬੋਲੀਆਂ ਹੀ ਉਸੇ ਗਤੀਸ਼ੀਲ ਭਾਸ਼ਾ-ਚੱਕ੍ਰ ਵਿਚ ਹੰਭਲੇ ਮਾਰ ਕੇ ਉਭਰੀਆਂ ਅਤੇ ਲੋਕ-ਭਾਸ਼ਾਵਾਂ ਵਜੋਂ ਪ੍ਰਚਲਤ ਹੋਣ ਲੱਗੀਆਂ । ਲੋਕ-ਧਰਾਤਲ ਤੋਂ ਉਠੀਆਂ ਤੇ ਉਭਰੀਆਂ ਇਹ ਲੋਕ-ਬੋਲੀਆਂ ਹੀ ਸਮਾਂ ਪਾ ਕੇ ਲੋਕਾਂ ਵਲੋਂ ਪ੍ਰਤਿਸ਼ਠਾ ਤੇ ਪ੍ਰਵਾਨਗੀ ਪ੍ਰਾਪਤ ਕਰਨ ਲੱਗੀਆਂ ਅਤੇ ਹੁਣ ਉਨ੍ਹਾਂ ਲੋਕ-ਭਾਸ਼ਾਵਾਂ ਨੂੰ ਹੀ "ਅਪਭ੍ਰੰਸ਼" ਭਾਸ਼ਾ ਦੀ ਸੰਗਿਆ ਦਿੱਤੀ ਜਾਂਦੀ ਹੈ ।

ਮੱਧਕਾਲ ਦੇ ਸੰਸਕ੍ਰਿਤ/ਪ੍ਰਾਕ੍ਰਿਤ ਵਿਆਕਰਣ ਗ੍ਰੰਥਾਂ, ਸਾਹਿਤਕ ਕ੍ਰਿਤਾਂ ਤੇ ਹੋਰ ਸੰਦਰਭ ਲਿਖਤਾਂ ਵਿਚ "ਅਪਭ੍ਰੰਸ਼" ਨਾਮ-ਸੂਚਕ ਪਾਰਿਭਾਸ਼ਕ ਸ਼ਬਦ ਦੇ ਕਈ ਵਿਗੜੇ ਹੋਏ ਨਾਮਕਰਣ ਮਿਲਦੇ ਹਨ ਜਿਵੇਂ ਅਵਹੰਸ (ਪੁਸ਼ਪਦੰਤ), ਅਵਹੱਥ (ਸੁਯੰਭੂ), ਅਵਹੱਠ, ਅਵਹੱਟ, ਵਿਭ੍ਰਸ਼ਟ (ਭਰਤਮੁਨੀ), ਅਪਭ੍ਰਸ਼ਟ ਆਦਿ । ਪਰ ਇਹ ਸਾਰੇ ਨਾਮ-ਵਿਕਾਰ ਅੜ ਅੜ

ਇਲਾਕਿਆਂ ਦੇ ਅੱਡ ਅੱਡ ਉੱਚਾਰਣ ਕਰਕੇ ਇਕੋ ਸ਼ਬਦ ਦੇ ਵਿਕ੍ਰਿਤ ਰੂਪ ਹਨ । ਇਸ ਲਈ ਇਨ੍ਹਾਂ ਸਾਰਿਆਂ ਵਿਚੋਂ ਸਰਬ-ਸਵੀਕ੍ਰਿਤ ਅਤੇ ਮਾਨਤਾ-ਪ੍ਰਾਪਤ ਜਿਹੜਾ ਨਾਮ ਹੈ ਉਹ ਅਪਭ੍ਰੰਸ਼ ਹੀ ਹੈ ਜਿਸਦਾ ਉੱਲੇਖ ਸਾਹਿਤਕ ਤੇ ਵਿਆਕਰਣਿਕ ਗ੍ਰੰਥਾਂ ਵਿਚ ਬਾਕਾਇਦਾ ਤੌਰ ਤੇ ਉਪਲਬਧ ਹੁੰਦਾ ਹੈ ।

"ਅਪਭ੍ਰੰਸ਼" ਸ਼ਬਦ ਦੀ ਵਿਉਤਪੱਤੀ ਅਤੇ ਨਾਮਕਰਣ

"ਅਪਭ੍ਰੰਸ" ਸ਼ਬਦ ਦੀ ਵਿਉਤਪੱਤੀ (derivation) ਸੰਸਕ੍ਰਿਤ ਦੇ ਅਗੇਤਰ ਮਾਰਫੀਮ /ਅਪ-/ ਅਤੇ mono-morphemic ਧਾਤੂ /-ਭ੍ਰੰਸ/ ਤੋਂ ਨਿਸ਼ਪੰਨ ਹੁੰਦੀ ਹੈ । "ਅਪ" ਅਗੇਤਰ ਦੇ ਅਰਥ ਹਨ- ਬੁਰਾ, ਅਸ਼ੁਧ, ਵਿਗੜਿਆ, ਨੀਵਾਂ, ਵਿਰੁੱਧ ਆਦਿ, ਜਿਸ ਤਰ੍ਹਾਂ "ਅਪ" ਦਾ ਪ੍ਰਯੋਗ ਅਪਜਸ, ਅਪਕੀਰਤਿ ਵਿਚ ਹੈ ਅਤੇ ਇਸ ਦਾ ਅਰਥ-ਬੋਧ "ਬੁਰਾ" ਹੈ । ਇਸੇ ਤਰ੍ਹਾਂ ਧਾਤੂ "ਭ੍ਰੰਸ਼" ਦਾ ਅਰਥ ਡਿਗਣਾ, ਗਿਰਨਾ, ਭਟਕਣਾ, ਘਟਣਾ, ਖੀਣ ਹੋਣਾ, ਪਤਿਤ ਹੋਣਾ ਆਦਿ ਹਨ । ਸੋ ਅਪ+ ਭ੍ਰੰਸ਼ ਦਾ ਵਿਉਤਪੱਤੀ-ਮੂਲਕ ਅਰਥ ਹੋਇਆ ਜੋ ਸਟੈਂਡਰਡ ਤੋਂ ਗਿਰੀ ਹੋਵੇ, ਡਿੱਗੀ ਹੋਈ, ਭ੍ਰਿਸ਼ਟ, ਪਤਿਤ ਭਟਕੀ ਹੋਈ, ਵਿਗੜੀ, ਵਿਕ੍ਰਿਤ, corrupt, vulgar ਬੋਲੀ । ਇਹ "ਅਪਭ੍ਰੰਸ" ਦਾ ਸ਼ਾਬਦਿਕ ਅਰਥ ਸ਼ਬਦਾਰਥ ਹੈ ਕੋਈ ਰੂੜ੍ਹ-ਅਰਥ, ਜਾਂ ਸੰਦਰਭਾਰਥ ਨਹੀਂ ਹੈ । ਅਪਭ੍ਰੰਸ਼ ਦਾ ਰੂੜ੍ਹ ਅਰਥ ਤੇ ਸੰਦਰਭਾਰਥ ਹੋਰ ਹੈ ।

ਸ਼ਾਬਦਿਕ ਕੋਸ਼ਗਤ ਅਰਥ-ਬੋਧ ਦੇ ਲਿਹਾਜ਼ ਨਾਲ "ਅਪਭ੍ਰੰਸ" ਦੀ ਪੇਸ਼ਕਾਰੀ ਤੇ ਹਵਾਲਾ ਸਾਨੂੰ ਦੂਜੀ-ਤੀਜੀ ਸਦੀ ਦੇ ਗ੍ਰੰਥ ਪਾਤੰਜਲ ਮਹਾਭਾਸ਼ਯ ਤੋਂ ਮਿਲਦਾ ਹੈ ਜੋ ਇਤਿਹਾਸਿਕ ਤੌਰ ਤੇ ਤਸਦੀਕ ਸ਼ੁਦਾ ਹੈ । ਦੂਜੀ-ਤੀਜੀ ਈ ਸਦੀਆਂ ਵਿਚ ਜੋ ਵੀ ਸ਼ਬਦ ਜਾਂ ਸ਼ਬਦਾਂਸ਼ ਸੰਸਕ੍ਰਿਤ ਨਿਯਮਾਂ ਦ ਪ੍ਰਤਿਕੂਲ ਹੁੰਦਾ ਸੀ ਉਸ ਨੂੰ ਸੰਸਕ੍ਰਿਤ ਵਿਦਵਾਨ ਅਪਭ੍ਰੰਸ਼ ਸ਼ਬਦ ਪਰਿਭਾਸ਼ਤ ਕਰਦੇ ਸਨ । ਇਸ ਦਾ ਪਤਾ ਸਾਨੂੰ ਪਤੰਜਲੀ ਦੀ ਲਿਖਤੀ ਗਵਾਹੀ ਤੋਂ ਲਗਦਾ ਹੈ । 'ਸ਼ੁਧ' ਕੀ ਹੈ ? ਇਸ ਦਾ ਵਿਵੇਚਨ ਕਰਦਿਆਂ ਪਤੰਜਲੀ ਨੇ ਆਪਣੇ ਗ੍ਰੰਥ "ਮਹਾਭਾਸ਼ਯ" ਵਿਚ ਲਿਖਿਆ ਹੈ ਕਿ ਅਪਭ੍ਰੰਸ ਸ਼ਬਦ (ਅਰਥਾਤ ਅਪਸ਼ਬਦ) ਬਹੁਤੇ ਹਨ ਅਤੇ ਸ਼ੁੱਧ ਸ਼ਬਦ ਥੋੜ੍ਹੇ ਤੇ ਅਲਪ ਹਨ । ਮਸਲਨ /ਗੌ= ਗਊ ਇਕ ਹੀ ਸ਼ੁਧ ਸ਼ਬਦ ਹੈ ਪਰ ਇਸ ਇੱਕੋ ਸ਼ਬਦ "ਗੌ" ਦੇ ਕਈ ਅਪਭ੍ਰੰਸ਼ (ਅਪਸ਼ਬਦ) ਹਨ ਜਿਵੇਂ ਗਾਵੀ, ਗੋਣੀ, ਗੋਤਾ, ਗੋਪੋਤਲਿਕਾ ਆਦਿ ।*

ਪਰੰਤੂ ਪਰਿਸਥਿਤੀਆਂ ਤੇ ਹਾਲਾਤ ਬਦਲਦੇ ਗਏ ਅਤੇ ਪੰਜਵੀਂ ਸਦੀ ਵਿਚ ਪ੍ਰਾਕ੍ਰਿਤਾਂ ਦੀ ਖੜੋਤ ਤੋਂ ਪਿਛੋਂ ਜਿਹੜੀ ਲੋਕ-ਭਾਸ਼ਾ ਭਾਰਤੀ ਜਨ ਸਮੁਦਾਏ ਵਿਚ ਪ੍ਰਵਾਨ ਚੜ੍ਹੀ ਉਸ ਪ੍ਰਤਿਸ਼ਠਿਤ ਭਾਸ਼ਾ ਦਾ ਨਾਮਕਰਣ "ਅਪਭ੍ਰੰਸ਼" ਪੈ ਗਿਆ । ਸ਼ੁਰੂ ਸ਼ੁਰੂ ਵਿਚ ਪ੍ਰਚਾਰਿਆ ਹੀਣਤਾ-ਵਾਚਕ "ਅਪਭ੍ਰੰਸ" ਸ਼ਬਦ ਹੌਲੀ ਹੌਲੀ ਮਾਣ ਪ੍ਰਤਿਸ਼ਠਾ ਪ੍ਰਾਪਤ ਕਰਕੇ ਉੱਚਤਾ-ਵਾਚਕ ਬਣ ਗਿਆ । ਪਹਿਲਾ ਪਹਿਲਾ ਲੋਕਾਂ ਦੀ ਉਸ ਨਿਮਨ-ਬੋਲੀ ਨੂੰ ਵਿਅੰਗ ਨਾਲ "ਅਪਭ੍ਰੰਸ" ਕਿਹਾ ਜਾਂਦਾ ਜੋ ਪ੍ਰਮਾਣਿਕ ਤੇ ਸਟੈਂਡਰਡ ਸੰਸਕ੍ਰਿਤ ਭਾਸ਼ਾ ਦੇ ਵਿਆਕਰਣਿਕ ਨਿਯਮਾਂ ਦੀ ਉਲੰਘਣਾ ਕਰਦੀ ਸੀ ਪਰ ਬਾਅਦ ਵਿਚ ਅਪਭ੍ਰੰਸ ਨਾਮਕਰਣ ਇਕ ਵਿਸ਼ੇਸ਼ ਸਾਹਿਤਕ ਭਾਸ਼ਾ ਦੇ ਪ੍ਰਯੋਗਾਰਥ ਵਿਚ ਰੂੜ੍ਹ ਹੋ ਗਿਆ । ਯੂਰਪ ਦੇ ਸੰਸਕ੍ਰਿਤ ਵਿਦਵਾਨ (ਅੰਗ੍ਰੇਜ਼) A.B. Keith [1940 : 32] ਨੇ ਲਿਖਿਆ ਹੈ ਕਿ ਅਪਭ੍ਰੰਸ਼ ਬਾਰੇ ਜਿਹੜਾ

* "भूयांसो ऽपशब्दाः अल्पीयांसः शब्दाः । एकैकस्य शब्दस्य बहवोऽपभ्रंशाः, तद्यथा गौरित्यस्य शब्दस्य गावी गोणी, गोता, गोपोतलिकेत्येवमादयो ऽपभ्रंशाः" पतञ्जलि-महाभाष्य।

ਮੌਲਿਕ ਤੱਥ ਉਪਲਬਧ ਹੁੰਦਾ ਹੈ ਉਹ ਇਹ ਹੈ ਕਿ ਅਪਭ੍ਰੰਸ਼ ਇਕ ਸਾਮੂਹਿਕ ਸੰਕੇਤ-ਸ਼ਬਦ ਹੈ ਜਿਹੜਾ ਕਿ ਸੰਸਕ੍ਰਿਤ ਤੇ ਪ੍ਰਾਕ੍ਰਿਤਾਂ ਤੋਂ ਵੱਖਰੀਆਂ ਸਾਹਿਤਕ ਭਾਸ਼ਾਵਾਂ ਨੂੰ ਸੂਚਿਤ ਕਰਨ ਵਾਸਤੇ ਇਸਤੇਮਾਲ ਹੁੰਦਾ ਹੈ।

ਇਸ ਪ੍ਰਕਾਰ ਮੱਧ ਕਾਲ ਦੇ ਜਿਸ ਕਾਲ-ਖੰਡ [600 ਈ. 1000 ਈ.] ਦੀ ਭਾਸ਼ਾ ਬਾਰੇ ਅਸੀਂ ਜੋ ਚਰਚਾ ਕਰ ਰਹੇ ਹਾਂ ਉਸ ਕਾਲ ਵਿਚ ਅਪਭ੍ਰੰਸ਼ ਇਕ ਸਾਹਿਤਕ ਤੇ ਮਿਆਰੀ ਭਾਸ਼ਾ ਦੇ ਤੌਰ ਤੇ ਸਥਾਪਿਤ ਹੋ ਚੁਕੀ ਸੀ।

ਅਪਭ੍ਰੰਸ਼ ਭਾਸ਼ਾ ਦੇ ਇਤਿਹਾਸਿਕ ਸੰਦਰਭ

"ਅਪਭ੍ਰੰਸ਼" ਸ਼ਬਦ ਦੇ ਇਤਿਹਾਸਿਕ ਸੰਦਰਭ ਕਦੋਂ ਤੇ ਕਿੱਥੇ ਉਪਲਬਧ ਹੁੰਦੇ ਹਨ। ਇਸ ਪ੍ਰਸ਼ਨ ਨੂੰ ਵਿਚਾਰਨ ਲਈ ਸਾਨੂੰ ਪ੍ਰਾਚੀਨ ਤੇ ਮੱਧਕਾਲੀਨ ਭਾਰਤੀ ਸਾਹਿਤ ਨੂੰ ਦ੍ਰਿਸ਼ਟੀਗੋਚਰ ਕਰਨਾ ਪਵੇਗਾ। ਸਭ ਤੋਂ ਪਹਿਲਾ ਅਪਭ੍ਰੰਸ਼ ਸ਼ਬਦ ਦਾ ਸਪਸ਼ਟ ਉਲੇਖ 150 ਈ. ਨੇੜੇ ਪਤੰਜਲੀ ਦੇ ਮਹਾਭਾਸ਼ਯ ਗ੍ਰੰਥ ਵਿਚ ਮਿਲਦਾ ਹੈ। ਇਸ ਦਾ ਵਰਣਨ ਅਸੀਂ ਪਿਛਲੇ ਪੈਰੇ ਵਿਚ ਕਰ ਆਏ ਹਾਂ। ਪਤੰਜਲੀ ਨੇ ਏਥੇ ਅਪਭ੍ਰੰਸ਼ ਦਾ ਪ੍ਰਯੋਗ ਅਪਸ਼ਬਦਾਂ ਦੇ ਅਰਥ ਵਿਚ ਕੀਤਾ ਹੈ ਕਿਸੇ ਭਾਸ਼ਾ-ਵਿਸ਼ੇਸ਼ ਦੇ ਅਰਥ ਵਿਚ ਨਹੀਂ ਕੀਤਾ। ਏਥੇ ਇਹ ਦੱਸਣਾ ਜ਼ਰੂਰੀ ਹੈ ਕਿ ਮਹਾਭਾਸ਼ਯਕਾਰ ਪਤੰਜਲੀ ਦੇ ਉਪਰੋਕਤ ਗ੍ਰੰਥ ਵਿਚ ਅਪਸ਼ਬਦ, ਅਪਭ੍ਰੰਸ਼, ਅਪਭ੍ਰਸ਼ਟ ਸਾਰੇ ਸਮਾਨਾਰਥਕ (ਪਰਿਆਇ) ਹਨ। ਪਤੰਜਲੀ ਦਾ ਕਥਨ ਹੈ ਕਿ ਇਨ੍ਹਾਂ ਅਪਸ਼ਬਦਾਂ, ਅਪਭ੍ਰੰਸ਼ਾਂ ਅਤੇ ਦੁਸ਼ਟ ਸ਼ਬਦਾਂ ਤੋਂ ਬਚਣ ਲਈ ਵਿਆਕਰਣ ਦਾ ਅਧਿਐਨ ਕਰਨਾ ਚਾਹੀਦਾ ਹੈ।

ਭਰਤਰੀ ਹਰੀ [ਪੰਜਵੀਂ ਸਦੀ ਈ.] ਦੇ ਗ੍ਰੰਥ 'ਵਾਕਯਪਦੀਯ' ਵਿਚ ਸੰਸਕਾਰ-ਹੀਨ (ਅਣਮਾਜੇ ਅਣਸੰਵਾਰੇ) ਸ਼ਬਦ ਨੂੰ ਅਪਭ੍ਰੰਸ਼ ਕਿਹਾ ਗਿਆ ਹੈ। ਭਰਤਮੁਨੀ [ਤੀਜੀ ਸਦੀ ਈ.] ਦੇ ਨਾਟਯ ਸ਼ਾਸਤ੍ਰ ਵਿਚ ਪ੍ਰਾਕ੍ਰਿਤਾਂ ਦੇ ਵਰਣਨ ਵਿਚ 'ਵਿਭ੍ਰਸ਼ਟ' ਤੋਂ ਭਾਵ ਉਹ ਬੋਲੀ ਹੈ ਜਿਹੜੀ ਸੰਸਕ੍ਰਿਤ ਤੋਂ ਵਿਗੜੀ ਹੈ, ਜਿਸ ਦੇ ਸ਼ਬਦਾਂ ਦੇ ਅਖ਼ੀਰ ਵਿਚ ਔਂਕੜ (ਉਕਾਰ-ਬਹੁਲਾ) ਜਾਂ ਊੜਾ ਆਮ ਕਰਕੇ ਲਗਦਾ ਹੈ, ਜਾਂ ਜਿਹੜੀ ਅਹੀਰਾਂ (ਆਭੀਰ) ਦੀ ਬੋਲੀ ਹੈ। ਭਰਤ ਤੋਂ ਤਿੰਨ ਸਦੀਆਂ ਬਾਅਦ ਭਾਮਹ [ਛੇਵੀਂ ਸਦੀ ਈ.] ਨੇ ਆਪਣੇ ਗ੍ਰੰਥ 'ਕਾਵਿਆਲੰਕਾਰ' ਵਿਚ ਅਪਭ੍ਰੰਸ਼ ਦੀ ਗਿਣਤੀ ਤਿੰਨ ਭਾਸ਼ਾਵਾਂ (ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼) ਵਿਚ ਕੀਤੀ ਹੈ। ਕਾਠੀਆਵਾੜ ਗੁਜਰਾਤ ਵਿਚ ਸਥਿਤ ਵੱਲਭੀ ਦੇ ਰਾਜਾ ਧਰਸੇਨ ਦੂਜਾ (600 ਈ.) ਨੇ ਆਪਣੇ ਤਾਮਰ-ਪਤਰ ਵਿਚ ਆਪਣੇ ਪਿਤਾ ਗੁਹਸੇਨ ਨੂੰ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਇਨ੍ਹਾਂ ਤਿੰਨ ਭਾਸ਼ਾਵਾਂ ਵਿਚ ਮਹਾਂ ਕਾਵਿ (ਪ੍ਰਬੰਧ ਕਾਵਿ) ਰਚਨਾ ਵਿਚ ਨਿਪੁੰਨ ਦਸਕੇ ਫ਼ਖ਼ਰ ਕੀਤਾ ਹੈ। ਦੰਡੀ ਨੇ 'ਕਾਵਿਆਦਰਸ਼' ਵਿਚ ਵਾਣੀ ਰੂਪ ਸਾਹਿਤ ਨੂੰ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼ ਅਤੇ ਮਿਸ਼ਰ ਚਾਰ ਬੋਲੀਆਂ ਵਿਚ ਵੰਡ ਕਰਨ ਦਾ ਸੁਝਾ ਦਿਤਾ ਹੈ। ਰੁਦ੍ਰਟ [ਨੌਵੀਂ ਸਦੀ ਈ.] ਨੇ 'ਕਾਵਿਆਲੰਕਾਰ' ਵਿਚ ਛੇਵੇਂ ਭੇਦ ਅਪਭ੍ਰੰਸ਼ ਨੂੰ ਅਨੇਕ ਇਲਾਕਾਵਾਰ ਭੇਦਾਂ ਵਾਲੀ ਦਸਿਆ ਹੈ। ਰਾਜਸ਼ੇਖਰ [ਦਸਵੀਂ ਸਦੀ ਈ.] ਨੇ 'ਕਾਵਯ ਮੀਮਾਸਾ' ਵਿਚ ਕਾਵਿ-ਪੁਰਸ਼ ਦੇ ਰੂਪਕ ਵਿਚ ਸੰਸਕ੍ਰਿਤ ਨੂੰ ਮੂੰਹ, ਪ੍ਰਾਕ੍ਰਿਤ ਨੂੰ ਬਾਹਾਂ, ਅਪਭ੍ਰੰਸ਼ਾਂ ਨੂੰ ਚਿਤੜ (ਜਘਨ) ਅਤੇ ਪੈਸ਼ਾਚੀ ਨੂੰ ਪੈਰ ਦਸਿਆ ਹੈ।

ਮਗਰਲੇ ਲਿਖਾਰੀਆਂ ਜਿਵੇਂ ਕਿ ਮੰਮਟ (ਕਾਵਯ ਪ੍ਰਕਾਸ਼) ਵਾਗ ਭਟ 'ਵਿਸ਼ਣੂ ਧਰਮਤਰ' ਦੇ ਰਚੈਤਾ, ਰਾਮ ਚੰਦ੍ਰ ਗੁਣ ਚੰਦ੍ਰ (ਨਾਟਯ ਦਰਪਣ) 'ਵਿਵੇਕ ਵਿਲਿਸਤ' ਦੇ

ਲੇਖਕ ਜਿਨਦੱਤ (1200 ਈ.) 'ਕਾਵਯ-ਕਲਪ-ਲਤਾ-ਵ੍ਰਿਤੀ' ਦੇ ਲਿਖਾਰੀ ਅਮਰਚੰਦ੍ ਅਤੇ ਅਖੀਰ ਵਿਚ ਹੇਮਚੰਦ੍ ਨੇ ਸਰਬ ਸੰਮਤੀ ਨਾਲ ਇਹ ਸਵੀਕਾਰ ਕੀਤਾ ਹੈ ਕਿ ਅਪਭ੍ਰੰਸ਼ ਇਕ ਸਾਹਿਤਕ ਭਾਸ਼ਾ ਹੈ ਅਤੇ ਸੰਸਕ੍ਰਤ ਦੇ ਟਾਕਰੇ ਤੇ ਰਖੀ ਜਾ ਸਕਦੀ ਹੈ। ਡਾ. ਗਜਾਨਨ ਵਾਸੁਦੇਵ ਤਗਾਰੇ* ਦਾ ਕਥਨ ਹੈ ਕਿ ਇਨ੍ਹਾਂ ਲੇਖਕਾਂ ਦਾ ਅਪਭ੍ਰੰਸ ਤੋਂ ਭਾਵ 'ਬੋਲਚਾਲੀ ਭਾਸ਼ਾ' ਜਾਂ 'ਪ੍ਰਾਂਤਿਕ ਭਾਸ਼ਾ' ਪ੍ਰਤੀਤ ਹੁੰਦਾ ਹੈ। ਇਉਂ ਵਾਗਭਟ ਦੀ ਪਰਿਭਾਸ਼ਾ ਅਨੁਸਾਰ ਅਪਭ੍ਰੰਸ਼ ਇਕ ਪ੍ਰਾਂਤਿਕ (ਪ੍ਰਾਵਿੰਸ਼ਲ) ਭਾਸ਼ਾ ਹੈ।

ਅਪਭ੍ਰੰਸ਼ ਅਤੇ ਪ੍ਰਾਕ੍ਰਿਤ ਵਿਆਕਰਣਕਾਰ

ਆਮ ਤੌਰ ਤੇ ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣਕਾਰਾਂ ਨੇ ਪ੍ਰਾਕ੍ਰਿਤਾਂ ਦੇ ਨਾਲ ਨਾਲ ਅਪਭ੍ਰੰਸ਼ ਭਾਸ਼ਾ ਬਾਰੇ ਵੀ ਚਰਚਾ ਕੀਤੀ ਹੈ। ਸਭ ਤੋਂ ਪਹਿਲਾ ਚੰਡ ਨੇ ਆਪਣੇ ਗ੍ਰੰਥ 'ਪ੍ਰਾਕ੍ਰਿਤ ਲਕਸ਼ਣ' ਵਿਚ ਅਪਭ੍ਰੰਸ਼ ਦਾ ਵਰਣਨ ਕੀਤਾ ਹੈ। ਚੰਡ ਨੇ ਹੇਠ ਲਿਖਿਆ ਅਪਭ੍ਰੰਸ਼ ਦੋਹਾ ਮਿਸਾਲ ਵਜੋਂ ਦਿਤਾ ਹੈ।

ਕਾਲੁ ਲਹੇਵਿਣੁ ਜੋਇਯਾ ਜਿੰਵ ਜਿੰਵ ਮੋਹੁ ਗਲੇਇ।
ਤਿੰਵ ਤਿੰਵ ਦੰਸਣੁ ਲਹਇ ਜੋ ਣਿਅਮੇ ਅੱਪੁ ਮੁਣੇਇ।

ਅਪਭ੍ਰੰਸ਼ ਭਾਸ਼ਾ ਬਾਰੇ ਸਪਸ਼ਟ ਤੇ ਵਿਸਤਾਰ ਰੂਪ ਵਿਚ ਵਿਚਾਰ ਕਰਨ ਦਾ ਸਿਹਰਾ ਹੇਮਚੰਦ੍ ਦੇ ਸਿਰ ਹੈ। ਹੇਮ ਚੰਦ੍ ਦਾ ਵਿਕਾਸ-ਕਾਲ 1088-1172 ਈ. ਹੈ। ਉਸ ਨੇ ਆਪਣੇ ਗ੍ਰੰਥ 'ਹਿੰਧ ਹੈਮ-ਸ਼ਬਦਾਨੁਸ਼ਾਸਨੰ' ਵਿਚ ਅਪਭ੍ਰੰਸ਼ ਦੇ ਵਿਆਕਰਣਿਕ ਨੇਮ ਦਿਤੇ ਹਨ ਅਤੇ ਮਸ਼ਹੂਰ ਅਪਭ੍ਰੰਸ਼ ਕਾਵਿ- ਗ੍ਰੰਥਾਂ ਵਿਚੋਂ ਮਿਸਾਲਾਂ ਵੀ ਦਿਤੀਆਂ ਹਨ। ਹੇਮਚੰਦ੍ ਨੇ ਦੇਸੀ ਸ਼ਬਦਾਂ ਨੂੰ ਸੰਗ੍ਰਹਿ ਕਰ ਕੇ 'ਦੇਸ਼ੀ ਨਾਮ ਮਾਲਾ' ਗ੍ਰੰਥ ਦੀ ਵੀ ਰਚਨਾ ਕੀਤੀ। ਹੇਮਚੰਦ੍ ਨੇ ਸਿਰਫ ਟਕਸਾਲੀ ਅਪਭ੍ਰੰਸ਼ ਵਿਚ ਰਚੇ ਹੋਏ ਕਾਵਿ-ਗ੍ਰੰਥਾਂ ਦੀ ਸੂਚਨਾ ਹੀ ਨਹੀਂ ਦਿੱਤੀ ਸਗੋਂ ਗ੍ਰਾਮੀਣ ਅਪਭ੍ਰੰਸ ਬੋਲੀਆਂ ਵਿਚ ਰਚੀਆਂ ਕਾਵਿ- ਰਚਨਾਵਾਂ ਬਾਰੇ ਵੀ ਇਸ਼ਾਰੇ ਕੀਤੇ ਹਨ।

ਤ੍ਰਿਵਿਕ੍ਰਮ ਨੇ ਪ੍ਰਾਕ੍ਰਿਤ 'ਸ਼ਬਦਾਨੁਸ਼ਾਸਨ' ਵਿਚ ਪ੍ਰਾਕ੍ਰਿਤਾਂ ਦੇ ਨਾਲ ਨਾਲ ਅਪਭ੍ਰੰਸ਼ ਨੂੰ ਵੀ ਵਿਚਾਰ- ਗੋਚਰੇ ਕੀਤਾ ਹੈ। ਤ੍ਰਿਵਿਕ੍ਰਮ ਦਾ ਸਮਾਂ ਕੋਈ ਤੇਰ੍ਹਵੀਂ ਸਦੀ ਈ. ਹੈ। ਇਹ ਦਿਗੰਬਰ ਜੈਨ ਸਨ ਅਤੇ ਦੱਖਣੀ ਭਾਰਤ ਦੇ ਜੰਮ-ਪਲ ਸਨ। ਇਸੇ ਤਰ੍ਹਾਂ ਸਿੰਹਰਾਜ ਦੇ ਪ੍ਰਾਕ੍ਰਿਤ ਰੂਪਾਵਤਾਰ, ਲਕਸ਼ਮੀਧਰ ਦੇ ਸ਼ਡਭਾਸ਼ਾ ਚੰਦ੍ਰਿਕਾ' ਅਤੇ ਅੱਪਯ ਦੀਕਸ਼ਿਤ ਦੇ 'ਪ੍ਰਾਕ੍ਰਿਤ ਮਣੀਦੀਪ' ਵਿਚ ਅਪਭ੍ਰੰਸ਼ ਦਾ ਵਰਣਨ ਹੋਇਆ ਹੈ। ਇਹ ਪੰਦਰ੍ਹਵੀਂ ਤੋਂ ਸੋਲ੍ਹਵੀਂ ਸਦੀ ਦੇ ਵਿਆਕਰਣਕਾਰ ਸਨ।

ਮਾਰਕੰਡੇਯ ਦੇ ਵਿਆਕਰਣ ਪ੍ਰਾਕ੍ਰਿਤ ਸਰਵਸ੍ਵ ਵਿਚ ਵੀ ਅਪਭ੍ਰੰਸ਼ ਭਾਸ਼ਾ ਦਾ ਵਿਵੇਚਨ ਹੋਇਆ ਹੈ। ਮਾਰਕੰਡੇਯ ਉੜੀਸਾ ਦੇ ਵਸਨੀਕ ਸਨ ਅਤੇ ਸੋਲ੍ਹਵੀਂ/ ਸਤਾਰ੍ਹਵੀਂ ਸਦੀ ਵਿਚ ਕ੍ਰਿਆਸ਼ੀਲ ਸਨ।

ਅਪਭ੍ਰੰਸ਼ ਦਾ ਵਿਸਤਾਰ

ਪ੍ਰਾਕ੍ਰਿਤ ਵਿਆਕਰਣਾਂ ਨਾਲੋਂ ਸੰਸਕ੍ਰਿਤ ਕਾਵਿ-ਸ਼ਾਸਤ੍ਰੀ ਗ੍ਰੰਥਾਂ ਵਿਚ ਅਪਭ੍ਰੰਸ਼ ਦੇ ਪ੍ਰਯੋਗ ਤੇ ਵਿਸਤਾਰ ਦੇ ਹਵਾਲੇ ਅਧਿਕ ਮਿਲਦੇ ਹਨ। ਭਰਤਮੁਨੀ (ਪਹਿਲੀ ਸਦੀ ਈ.) ਨੇ ਆਪਣੇ "ਨਾਟਯ ਸ਼ਾਸਤ੍ਰ" ਵਿਚ 'ਉਕਾਰ-ਬਹੁਲਾ' ਭਾਸ਼ਾ ਦਾ ਜ਼ਿਕਰ ਕੀਤਾ ਹੈ ਜਿਸ ਤੋਂ ਮੁਰਾਦ ਅਪਭ੍ਰੰਸ਼ ਹੀ ਹੈ। (ਉਕਾਰ ਦਾ ਭਾਵ ਹੈ ਊੜਾ ਅਰਥਾਤ ਔਂਕੜ) ਅਪਭ੍ਰੰਸ਼

* Tagare : *'Histrical Grammar of Apabhramsa'* p. 3

ਔਂਕੜ-ਅੰਤ ਵਾਲੀ ਭਾਸ਼ਾ ਪ੍ਰਸਿੱਧ ਹੈ, ਜਿਵੇਂ ਮੁੰਡੂ (ਮੁੰਡਾ) ਕੁੱਤੂ (ਕੁੱਤਾ) ਢੁੱਧੂ (ਢੁੱਧ). ਉਸ ਨੇ ਉਕਾਰ-ਬਹੁਲਾ ਭਾਸ਼ਾ ਦਾ ਪ੍ਰਯੋਗ ਹਿਮਵਤ, ਸਿੰਧੂ, ਸੋਵੀਰ ਅਤੇ ਇਨ੍ਹਾਂ ਦੇ ਆਸ਼ਰਿਤ ਲੋਕਾਂ ਲਈ ਕਰਨ ਦਾ ਆਦੇਸ਼ ਦਿੱਤਾ ਹੈ। ਇਹ ਤਿੰਨ ਇਲਾਕੇ ਹਿਮਾਲਾ ਪ੍ਰਦੇਸ਼, ਸਿੰਧ ਸੂਬਾ, ਸੌਵੀਰ ਦੱਖਣ-ਪੱਛਮੀ ਪੰਜਾਬ ਦੇ ਪੁਰਾਣੇ ਨਾਮ ਹਨ। ਜ਼ਾਹਰ ਹੈ ਕਿ ਭਰਤਮੁਨੀ ਦੇ ਸਮੇਂ ਅਪਭ੍ਰੰਸ਼ ਭਾਸ਼ਾ ਭਾਰਤ ਦੇ ਉੱਤਰ ਪੱਛਮੀ ਇਲਾਕਿਆਂ ਵਿਚ ਪ੍ਰਗਟ ਹੋ ਚੁਕੀ ਸੀ। ਇਸ ਤੋਂ ਬਾਅਦ ਰਾਜਸ਼ੇਖਰ (900 A.D.) ਆਪਣੇ ਕਾਵਿ-ਸ਼ਾਸਤ੍ਰੀ ਗ੍ਰੰਥ "ਕਾਵਯ ਮੀਮਾਂਸਾ" ਵਿਚ ਅਪਭ੍ਰੰਸ਼ ਦਾ ਵਿਸਤਾਰ ਖੇਤਰ ਮਰੂਭੂਮੀ, ਟੱਕ, ਅਤੇ ਭਾਦਾਨਕ ਦਸਦਾ ਹੈ। ਮਰੂ ਭੂਮੀ ਅੱਜ ਕੱਲ ਦਾ ਰਾਜਸਥਾਨ ਹੈ। ਮਰੂ ਨੂੰ ਅਸੀਂ ਮਾਰੂ ਕਰਕੇ ਬੋਲਦੇ ਹਾਂ- ਮਾਰੂ ਜ਼ਮੀਨ, ਸੇਂਜੂ ਤੋਂ ਉਲਟ ਮਾਰੂਪੇਤ, ਜਿਹੜੀ ਚਾਹੀ, ਜਾਂ ਨਹਿਰੀ ਨਾ ਹੋਵੇ) ਟੱਕ, ਬਿਆਸ ਨਦੀ ਤੇ ਸਿੰਧ ਨਦੀ ਦਾ ਦਰਮਿਆਨੀ ਇਲਾਕਾ ਹੈ। ਭਾਦਾਨਕ ਦੀ ਭਾਵੇਂ ਪਹਿਚਾਣ ਅਜੇ ਸਥਾਪਿਤ ਨਹੀ ਪਰ ਮੇਰੀ ਜਾਚੇ ਇਹ ਹੁਸਿਆਰਪੁਰ, ਜਲੰਧਰ ਦਾ ਦੁਆਬਾ ਹੈ। ਉਥੇ ਇਕ ਇਲਾਕੇ ਲਈ ਹੁਣ ਵੀ ਭੱਦਣ ਵਰਤਿਆ ਜਾਂਦਾ ਹੈ ਜੋ ਭਾਦਾਨਕ ਤੋਂ ਵਿਗੜਿਆ ਸ਼ਬਦ ਹੋ ਸਕਦਾ ਹੈ। ਡਾ. ਤਿਵਾਰੀ ਦਾ ਵੀ ਅਨੁਮਾਨ ਹੈ ਕਿ ਟੱਕ ਦੇ ਆਸ-ਪਾਸ ਦਾ ਇਲਾਕਾ ਭਾਦਾਨਕ ਹੋਵੇਗਾ। ਇਸ ਪ੍ਰਕਾਰ ਰਾਜਸ਼ੇਖਰ ਦੇ ਸਮੇਂ ਤਕ ਅਪਭ੍ਰੰਸ਼ ਦਾ; ਵਿਸਤਾਰ ਰਾਜਸਥਾਨ ਤੇ ਪੰਜਾਬ ਤਕ ਹੋ ਚੁੱਕਿਆ ਸੀ।

ਅਪਭ੍ਰੰਸ਼ ਦਾ ਜੋ ਸਾਹਿੱਤ ਹੁਣ ਉਪਲਬਧ ਹੈ ਉਸ ਦਾ ਰਚਨਾ-ਸਥਾਨ, ਰਾਜਸਥਾਨ ਗੁਜਰਾਤ, ਉੱਤਰ-ਪੱਛਮੀ ਭਾਰਤ (ਪੰਜਾਬ, ਸਿੰਧ, ਸੀਮਾਪ੍ਰਾਂਤ, ਪਾਕਿਸਤਾਨ), ਬੁੰਦੇਲਖੰਡ, ਬੰਗਾਲ, ਅਤੇ ਦੱਖਣ ਵਿਚ ਮਾਨਖੇਟ ਤਕ ਫੈਲਿਆ ਹੋਇਆ ਹੈ। ਇਸ ਤੋਂ ਗਿਆਤ ਹੁੰਦਾ ਹੈ ਕਿ ਗਿਆਰ੍ਹਵੀਂ ਸਦੀ ਤਕ ਅਪਭ੍ਰੰਸ਼ ਦਾ ਵਿਸਤਾਰ ਤੇ ਪ੍ਰਸਾਰ ਸਾਰੇ ਉੱਤਰ-ਭਾਰਤ ਤੇ ਦੱਖਣ ਤਕ ਹੋ ਗਿਆ ਸੀ। ਅਪਭ੍ਰੰਸ਼ ਇਨ੍ਹਾਂ ਸਾਰਿਆਂ ਪ੍ਰਾਂਤਾਂ ਦੀ ਜਨਭਾਸ਼ਾ ਸੀ। ਇਹ ਯਕੀਨੀ ਤੌਰ ਤੇ ਨਹੀਂ ਕਿਹਾ ਜਾ ਸਕਦਾ। ਪਰੰਤੂ ਇਨ੍ਹਾਂ ਪ੍ਰਾਂਤਾਂ ਦੀਆਂ ਬੋਲੀਆਂ ਉੱਤੇ ਅਪਭ੍ਰੰਸ਼ ਦਾ ਅਤੇ ਪ੍ਰਾਂਤਿਕ ਅਪਭ੍ਰੰਸ਼ ਉੱਤੇ ਇਨ੍ਹਾਂ ਬੋਲੀਆਂ ਦਾ ਪ੍ਰਭਾਵ ਜ਼ਰੂਰ ਪਿਆ ਹੋਵੇਗਾ। ਇਸ ਵਿਚ ਕੋਈ ਸ਼ੱਕ ਨਹੀਂ। [ਉਦਯਨਾਰਾਯਣ ਤਿਵਾਰੀ, 2112 ਵਿ: 123]

ਅਪਭ੍ਰੰਸ਼ ਤੇ ਅਹੀਰ-ਗੁੱਜਰ ਜਾਤੀ

ਅਪਭ੍ਰੰਸ਼ ਦਾ ਅਹੀਰ ਜਾਤੀ ਅਤੇ ਗੁੱਜਰ ਜਾਤੀ ਨਾਲ ਸੰਬੰਧ ਜੋੜਿਆ ਜਾਂਦਾ ਹੈ। ਅਹੀਰ ਨੂੰ ਤੇ ਗੁੱਜਰ ਨੂੰ ਸੰਸਕ੍ਰਿਤ ਵਿਚ ਆਭੀਰ ਤੇ ਗੁਰਜਰ ਕਿਹਾ ਜਾਂਦਾ ਹੈ। ਕਾਵਿਸ਼ਾਸਤ੍ਰੀ ਆਚਾਰੀਆ ਦੰਡੀ ਨੇ ਆਪਣੇ ਗ੍ਰੰਥ "ਕਾਵਯਾਦਰਸ਼" ਵਿਚ ਅਪਭ੍ਰੰਸ਼ ਨੂੰ "ਆਭੀਰਾਦਿਗਿਰ:" ਕਿਹਾ ਹੈ ਯਾਨੀ ਆਭੀਰਾਂ ਦੀ ਭਾਸ਼ਾ ਗਿਰਾ। ਗਿਰ, ਦਾ ਅਰਥ, ਬਾਣੀ, ਭਾਸ਼ਾ ਹੀ ਹੈ ਜਿਵੇਂ ਸਿੱਖ ਸਾਹਿਤ ਦੇ ਇਕ ਗ੍ਰੰਥ ਦਾ ਨਾਮ "ਗੁਰੂ ਗਿਰਾਰਥ ਕੋਸ਼" ਹੈ ਅਰਥਾਤ ਗੁਰੂ ਬਾਣੀ (ਗਿਰਾ) ਅਰਥ ਕੋਸ਼। ਡਾ. A. B. Keith ਦੇ ਅਨੁਸਾਰ ਵੱਲਭੀ ਦੇ ਰਾਜਾ ਗੁਹਸੇਨ [559-69 A.D.] ਵਲੋਂ ਆਪਣੇ ਇਕ ਸ਼ਿਲਾਲੇਖ ਵਿਚ ਤਿੰਨ ਭਾਸ਼ਾਵਾਂ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਵਿਚ ਕਵਿਤਾ ਰਚਨ ਦਾ ਸੰਕੇਤ ਕੀਤਾ ਹੈ। ਸੰਭਵ ਹੈ ਗੁਹਸੇਨ ਤੇ ਉਸ ਦੇ ਪਿਤਾ ਰਾਜਾ ਧਰਸੇਨ ਆਭੀਰ ਜਾਤੀ ਦੇ ਹੋਣ। ਪਤੰਜਲੀ ਦੇ "ਮਹਾਂਭਾਸ਼ਯ" ਵਿਚ ਅਤੇ ਮਹਾਭਾਰਤ ਵਿਚ ਆਭੀਰਾਂ ਦਾ ਸਪਸ਼ਟ ਉਲੇਖ ਹੈ। ਫਿਰ ਕੁਰੂਕਸ਼ੇਤ੍ਰ ਦੇ ਇਲਾਕੇ ਵਿਚ ਆਭੀਰਾਂ/ਆਹੀਰਾਂ ਦੇ ਨਿਵਾਸ ਦੇ ਹਵਾਲੇ ਮਿਲਦੇ ਹਨ [ਕੀਥ 1941 :

33] । ਹਰਿਯਾਣਾ ਨਾਮਕਰਣ ਆਭੀਰਾਯਣ ਆਹੀਰਾਯਣ ਦਾ ਤਦਭਵੀ ਰੂਪ ਲਗਦਾ ਹੈ (ਅਜਿਹੀ ਸ਼ਬਦ ਰਚਨਾ ਸੰਸਕ੍ਰਿਤ ਵਿਚ ਆਮ ਹੈ– ਬਾਦਰਾਯਣ ਸੂਤ੍ਰ, ਉੱਤਰਾਯਣ, ਦਕਸ਼ਿਣਾਯਣ, ਰਾਮਾਯਣ) ਗੁਰਜਰ ਜਾਤੀ ਦੀ ਧੁਨੀ ਤਾਂ ਮਾਡਰਨ ਗੁਜਰਾਤ ਦੇ ਨਾਮ ਤੋਂ ਸਪਸ਼ਟ ਮਿਲਦੀ ਹੈ । ਕਾਠੀਆਵਾੜ ਦੇ ਸ਼ਿਲਾਲੇਖਾਂ ਵਿਚ ਰੁਦ੍ਰਭੂਤੀ ਆਭੀਰ ਸੈਨਾਪਤੀ ਦਾ ਅਤੇ ਈਸ਼ਵਰਸੇਨ ਆਭੀਰ ਰਾਜਾ ਦਾ ਉਲੇਖ ਹੈ [ਤਿਵਾਰੀ 2012 ਵਿ : 124] । ਸੋ ਕੀਥ ਦਾ ਖਿਆਲ ਹੈ ਕਿ ਅਪਭ੍ਰੰਸ਼ ਅਹੀਰਾਂ ਦੀ ਬੋਲੀ ਸੀ । ਕੀਥ ਦਾ ਕਥਨ ਇਹ ਹੈ

"Apabhramsa originally was an effort to infuse into Prakrit a measure of their (Abhiras) vernacular [Keith 1941 : 34].

ਪਰੰਤੂ ਇਹ ਮਤ ਕਿ "ਅਪਭ੍ਰੰਸ਼ ਅਹੀਰਾਂ-ਗੁੱਜਰਾਂ ਦੀ ਭਾਸ਼ਾ ਸੀ "ਪ੍ਰਮਾਣ- ਪੁਸ਼ਟ ਨਹੀਂ ਹੈ ਅਤੇ ਨਾ ਹੀ ਸੰਭਵ ਜਾਪਦਾ ਹੈ । ਕੋਈ ਇਕ-ਮਾਮੂਲੀ ਜਾਤੀ ਜਾਂ ਟੋਲੀ ਸਾਰੇ ਦੇਸ ਵਿਚ ਆਪਣੀ ਬੋਲੀ ਇਸ ਤਰ੍ਹਾਂ ਸਥਾਪਿਤ ਕਰ ਲਵੇ ਕਿ ਉਹ ਰਾਸ਼ਟਰੀ ਭਾਸ਼ਾ ਜਾਂ ਜਨਭਾਸ਼ਾ ਦੀ ਹੈਸੀਅਤ ਵਿਚ ਲੋਕ-ਪ੍ਰਿਯਾ ਬਣ ਜਾਵੇ ਇਹ ਸੰਭਵ ਨਹੀਂ ਹੈ । ਪ੍ਰਾਕ੍ਰਿਤਾਂ ਦੀ ਗਤੀਰੋਧ, ਖੜੋਤ ਤੋਂ ਬਾਅਦ ਦੇਸੀ ਬੋਲੀਆਂ ਹੀ ਉਭਰੀਆਂ ਸਨ । ਪ੍ਰਾਕ੍ਰਿਤਾਂ ਵਿਚ ਦੇਸੀ ਬੋਲੀਆਂ ਦੇ ਮਿਸ਼ਰਨ ਨਾਲ ਜਿਹੜੀ ਬੋਲੀ ਰੂਪਮਾਨ ਹੋਈ, ਉਸ ਨੂੰ ਹੀ ਅਪਭ੍ਰੰਸ਼ ਕਿਹਾ ਗਿਆ ਹੋਵੇਗਾ ਜੋ ਭਿੰਨ ਭਿੰਨ ਇਲਾਕਿਆਂ ਵਿਚ ਭਿੰਨ ਭਿੰਨ ਉੱਚਾਰਣ ਕਰਕੇ ਭੇਦਾਂ ਉਪਭੇਦਾਂ ਵਿਚ ਵੰਡੀ ਗਈ ਹੋਵੇਗੀ । ਸ਼ੁਰੂ ਸ਼ੁਰੂ ਵਿਚ ਸੰਸਕ੍ਰਿਤ-ਪੱਖੀ ਤੇ ਪ੍ਰਾਕ੍ਰਿਤ-ਪੱਖੀ ਵਿਦਵਾਨਾਂ ਨੇ ਅਪਭ੍ਰੰਸ਼ ਵਰਗੇ ਭਾਸ਼ਾ ਮਿਸ਼ਰਨ ਦਾ ਖੰਡਨ ਕੀਤਾ ਪਰ ਲੋਕ-ਪ੍ਰਤਿਸ਼ਠਾ ਤੇ ਲੋਕ-ਸਵੀਕ੍ਰਿਤੀ ਨਾਲ ਅਪਭ੍ਰੰਸ਼ ਵੀ ਇਕ ਪ੍ਰਤਿਸ਼ਠਿਤ ਭਾਸ਼ਾ ਦੇ ਤੌਰ ਤੇ ਸਥਾਪਿਤ ਹੋ ਗਈ । ਫਲਸਰੂਪ ਵਿਆਕਰਣਕਾਰਾਂ, ਸਾਹਿਤਕਾਰਾਂ ਨੂੰ ਅਪਭ੍ਰੰਸ਼ ਸਵੀਕਾਰ ਕਰਨੀ ਪਈ ।

ਅਪਭ੍ਰੰਸ਼ੀ ਸਾਹਿਤ

ਆਰੀਆ ਭਾਸ਼ਾ ਵਿਚ ਪ੍ਰਾਪਤ ਅਪਭ੍ਰੰਸ਼ੀ ਸਾਹਿਤ ਦੋ ਕਿਸਮਾਂ ਵਿਚ ਮਿਲਦਾ ਹੈ । ਇਕ ਪਾਸੇ ਅਪਭ੍ਰੰਸ਼ ਵਿਚ ਲਿਖੇ ਫੁਟਕਲ ਸਾਹਿਤ ਦੀਆਂ ਵੰਨਗੀਆਂ ਵਿਆਕਰਣਾਂ ਅਤੇ ਕਾਵਿ ਸ਼ਾਸਤ੍ਰੀ ਗ੍ਰੰਥਾਂ ਵਿਚ ਮਿਲਦੀਆਂ ਹਨ ਅਤੇ ਦੂਜੇ ਅਪਭ੍ਰੰਸ਼ ਵਿਚ ਲਿਖੇ ਸੁਤੰਤਰ ਗ੍ਰੰਥਾਂ ਦੀ ਵੀ ਪ੍ਰਾਪਤੀ ਹੋਈ ਹੈ ।

ਅਪਭ੍ਰੰਸ਼ੀ ਸਾਹਿਤ ਦੀਆਂ ਟੂਕਾਂ ਭਰਤਮੁਨੀ ਦੇ 'ਨਾਟਯ ਸ਼ਾਸਤ੍ਰ' [300 ਈ. ਲਗਭਗ], ਭਾਮਹ ਦੇ 'ਕਾਵਿ-ਆਲੰਕਾਰ' [ਲਗਭਗ 600 ਈ.], ਦੰਡੀ ਦੇ 'ਕਾਵਿ ਆਦਰਸ਼' [ਛੇਵੀਂ ਸਦੀ ਈ.] ਰੁਦ੍ਰਟ ਦੇ 'ਕਾਵਿਆਲੰਕਾਰ' [800-850 ਈ.] ਨਮਿਸਾਧੁ [1069 ਈ.] ਦੇ ਟੀਕਾ-ਭਾਗ, ਰਾਜਸ਼ੇਖਰ ਦੇ 'ਕਾਵਯ-ਮੀਮਾਂਸਾ' [10ਵੀਂ ਸਦੀ ਈ.] ਧਨੰਜਯ ਦੇ 'ਦਸ਼ਰੂਪ' [974-94 ਈ.], ਵਾਗਭਟ ਦੇ 'ਵਾਗਭਟਾਲੰਕਾਰ' [1123-56 ਈ.], ਵਿਸ਼ਣੁ-ਧਰਮੋੱਤਰ ਜਿਨ ਦੱਤ ਦੇ 'ਵਿਵੇਕ-ਵਿਲਸਿਤ' ਅਤੇ ਅਮਰ ਚੰਦ੍ਰ ਦੇ 'ਕਾਵਯ ਕਲਪ-ਲਤਾ-ਵ੍ਰਿਤਿ' ਵਿਚ ਦਿੱਤੀਆਂ ਗਈਆਂ ਪ੍ਰਾਪਤ ਹੁੰਦੀਆਂ ਹਨ । ਪ੍ਰਾਕ੍ਰਿਤ-ਵਿਆਕਰਣਾਂ ਵਿਚ ਅਪਭ੍ਰੰਸ਼ ਦੀਆਂ ਵੰਨਗੀਆਂ ਉਪਲਬਧ ਹਨ । ਪਰੰਤੂ ਅਪਭ੍ਰੰਸ਼ ਦੀਆਂ ਸੁਤੰਤਰ ਸਾਹਿਤਕ- ਰਚਨਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ । [ਤਗਾਰੇ : 1948 : 11-12]

(1) *ਭਵਿਸੱਤ ਕਹਾ'* (ਭਵਿਸ਼ਯਤ ਕਥਾ), ਇਸ ਦਾ ਸੰਪਾਦਨ Hermann Jacobi ਨੇ ਜਰਮਨ ਭਾਸ਼ਾ ਵਿਚ ਕੀਤਾ ।

(2) ਕਾਨ੍ਹ ਅਤੇ ਸਰਹ ਦਾ 'ਦੋਹਾਕੋਸ਼' । ਐਮ. ਸ਼ਹੀਦੁੱਲਾ ਨੇ ਫ੍ਰਾਂਸੀਸੀ ਭਾਸ਼ਾ ਵਿਚ ਸੰਪਾਦਨ ਕੀਤਾ ਹੈ ।

(3) 'ਦਸ਼ਰੂਪ' ਵਿਚ ਅਪਭ੍ਰੰਸ਼ੀ ਕਾਵਿ । ਪੰ. ਸੁਦਰਸ਼ਨ ਸ਼ਾਸਤ੍ਰੀ ਦੁਆਰਾ ਸੰਪਾਦਿਤ ।

(4) 'ਹਰਿਵੰਸ਼ ਪੁਰਾਣ' Ludwig Alsdorf (Hamburg) ਵਲੋਂ ਜਰਮਨ ਭਾਸ਼ਾ ਵਿਚ ਸੰਪਾਦਿਤ ।

(5) 'ਜਸਹਰ ਚਰਿਉ', ਪੀ. ਐਲ. ਵੈਦਯ (ਪੂਨਾ, 1931) ਦੁਆਰਾ ਸੰਪਾਦਿਤ ।

(6) ਜਿਨਦੱਤ ਦਾ 'ਉਪਦੇਸ਼ ਰਸਾਯਣ' ਐਲ. ਬੀ. ਗਾਂਧੀ ਨੇ ਸੰਪਾਦਿਆ ਹੈ ।

(7) ਹੇਮ ਚੰਦ੍ਰ ਦਾ 'ਕੁਮਾਰ-ਪਾਲ ਚਰਿਤ' ਪਹਿਲਾਂ ਐਸ. ਪੀ. ਪੰਡਿਤ ਅਤੇ ਫਿਰ ਪੀ ਐਲ ਵੈਦਯ ਨੇ ਸੰਪਾਦਨ ਕੀਤਾ ।

(8) ਕਨਕਾਮਰ ਦਾ 'ਕਰਕੰਡ ਚਰਿਉ' ਐਚ. ਐਲ. ਜੈਨ (ਅਮਰਾਉਤੀ) ਦੁਆਰਾ ਸੰਪਾਦਿਤ ।

(9) ਸੋਮਪ੍ਰਭ ਦਾ 'ਕੁਮਾਰਪਾਲ ਪ੍ਰਤਿਬੋਧ' ।

(10) ਪੁਸਪਦੰਤ ਦਾ 'ਮਹਾ ਪੁਰਾਣ' ਪੀ. ਐਲ. ਵੈਦਯ ਦੁਆਰਾ ਸੰਪਾਦਿਤ ।

(11) R. Pischel ਦੁਆਰਾ ਜਰਮਨ ਵਿਚ ਸੰਗ੍ਰਹਿ ਕੀਤਾ ਸੰਕਲਨ Materialien Zur Kenntis des Apabhramsa.

(12) ਪੁਸ਼ਪਦੰਤ ਦਾ 'ਨਾਗ ਕੁਮਾਰ ਚਰਿਤ' ਐਚ. ਐਲ. ਜੈਨ ਦੁਆਰਾ ਸੰਪਾਦਿਤ ।

(13) ਰਾਮ ਸਿੰਹ ਦਾ 'ਪਾਹੁੜ ਦੋਹਾ' ।

(14) ਜੋਇੰਦੂ ਦਾ 'ਪਰਮਾਤਮ-ਪ੍ਰਕਾਸ਼' ਅਤੇ 'ਯੋਗ-ਸਾਰ' ।

(15) 'ਸਨਿਤ ਕੁਮਾਰ ਚਰਿਤ' ਜਰਮਨ ਭਾਸ਼ਾ ਵਿਚ ਜੈਕਾਬੀ ਨੇ ਸੰਗ੍ਰਹਿ ਤੇ ਸੰਪਾਦਨ ਕੀਤਾ ।

(16) ਦੇਵਸੇਨ ਦਾ 'ਸਾਵਯ-ਧੰਮ-ਦੋਹਾ' ।

(17) ਹੇਮ ਚੰਦ੍ਰ ਦਾ 'ਸਿੱਧ-ਹੇਮ' ।

(18) 'ਸੁਪਾਸ ਨਾਹ ਚਰਿਤ' ਵਿਚ ਅਪਭ੍ਰੰਸ਼ ਦੇ ਦੋਹੇ । ਇਸ ਨੂੰ ਐਚ ਟੀ ਸੇਠ ਨੇ ਐਡੀਸ਼ਨ ਤਿਆਰ ਕੀਤਾ ਹੈ ।

(19) ਮਹੇਸ਼ਵਰ ਦਾ 'ਸੰਜਮ-ਮੰਜਰੀ' ।

(20) 'ਦਾਕਾਰਣਵ-ਤੰਤ੍ਰ' ਐਨ. ਐਨ. ਚੌਧਰੀ ਦਾ ਐਡੀਸ਼ਨ ।

ਡਾ. ਤਗਾਰੇ ਨੇ ਸਾਰੇ ਅਪਭ੍ਰੰਸ਼ ਸਾਹਿਤ ਨੂੰ ਇਲਾਕਿਆਂ ਦੇ ਅਨੁਸਾਰ ਤਿੰਨ ਵਰਗਾਂ ਵਿਚ ਵੰਡਿਆ ਹੈ

(1) ਪੱਛਮੀ ਅਪਭ੍ਰੰਸ਼ : ਇਸ ਵਿਚ ਗੁਜਰਾਤੀ, ਰਾਜਸਥਾਨੀ ਅਤੇ ਹਿੰਦੀ ਬੋਲੀਆਂ ਦਾ ਇਲਾਕਾ ਸ਼ਾਮਲ ਹੈ ।

(2) ਦੱਖਣੀ ਅਪਭ੍ਰੰਸ਼ : ਇਸ ਵਿਚ ਮੁੱਖ ਤੌਰ ਤੇ ਮਹਾਰਾਸ਼ਟਰ, ਬਰਾਰ ਅਤੇ ਮੱਧ ਪ੍ਰਦੇਸ਼ ਤੇ ਆਂਧ੍ਰ ਦਾ ਮਰਾਠੀ ਬੋਲੀ ਵਾਲਾ ਇਲਾਕਾ ਸ਼ਾਮਲ ਹੈ ।

(3) ਪੂਰਬੀ ਅਪਭ੍ਰੰਸ਼ : ਇਸ ਵਿਚ ਬੰਗਾਲ, ਬਿਹਾਰ, ਉੜੀਸਾ ਪ੍ਰਾਂਤ ਦਾ ਮਾਗਧੀ ਪ੍ਰਾਕ੍ਰਿਤ ਤੋਂ ਉਤਪੰਨ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਾਲਾ ਖੇਤਰ ਸ਼ਾਮਲ ਹੈ ।

ਅਪਭ੍ਰੰਸ਼ ਦੇ ਭੇਦ

ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣਕਾਰਾਂ, ਅਤੇ ਅਲੰਕਾਰ-ਸ਼ਾਸਤ੍ਰੀਆਂ ਨੇ ਅਪਭ੍ਰੰਸ਼ ਦੇ ਭੇਦਾ-ਉਪਭੇਦਾ ਵਲ ਇਸ਼ਾਰੇ ਕੀਤੇ ਹਨ। ਰੁਦ੍ਰਟ ਨੇ ਨੌਵੀਂ ਸਦੀ ਵਿਚ ਅਪਭ੍ਰੰਸ਼ ਦੀਆਂ ਅਨੇਕ ਬੋਲੀਆਂ ਦੀ ਸੂਚਨਾ ਦਿਤੀ ਹੈ ਜਿਹੜੀ ਖ਼ਾਸ ਖ਼ਾਸ ਪ੍ਰਾਂਤਾਂ ਕਰਕੇ ਅਨੇਕ ਰੂਪਾਂ ਵਾਲੀ ਸੀ। ਉਸ ਤੋਂ ਪਿਛੋਂ ਮਾਰਕੰਡੇਯ ਨੇ ਆਪਣੇ 'ਪ੍ਰਾਕ੍ਰਿਤ ਸਰਵਸ੍ਵ' ਵਿਚ ਅਪਭ੍ਰੰਸ਼ ਦੇ ਨਾਗਰ, ਉਪਨਾਗਰ, ਵ੍ਰਾਚਡ ਤਿੰਨ ਭੇਦ ਕੀਤੇ ਹਨ। ਨਾਲ ਹੀ ਉਨ੍ਹਾਂ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਸੂਖਮ ਫ਼ਰਕ ਕਰਕੇ ਵਿਦਵਾਨ ਇਸ ਦੇ ਅਨੇਕ ਭੇਦ ਮੰਨਦੇ ਹਨ। ਇਨ੍ਹਾਂ ਭੇਦਾਂ ਦੀ ਗਿਣਤੀ 27 ਦਿਤੀ ਹੈ। ਜਿਵੇਂ :

ਵ੍ਰਾਚਡ, ਲਾਟ, ਵੈਦਰਭ, ਉਪਨਾਗਰ, ਨਾਗਰ,
ਬਾਰਬਰ, ਅਵੰਤਯ, ਮਾਗਧ, ਪਾਂਚਾਲ, ਟੱਕ
ਮਾਲਵ, ਕੈਕੇਯ,ਗੌੜ, ਔਢ੍ਰੀ, ਹੈਵਪਸ਼ਚਾਤ,
ਪਾਂਡਯ, ਕੌਂਤਲ, ਸੈਂਹਲ, ਕਾਲਿੰਗ, ਪ੍ਰਾਚਯਾ,
ਕਾਰਣਾਟ, ਕਾਚਯ, ਦ੍ਰਾਵਿੜ, ਗੌਰਜਰ, ਆਭੀਰ, ਮੱਧਦੇਸ਼ੀ, ਵੈਤਾਲ।

ਰਾਮ ਸ਼ਰਮਾ ਤਰਕ ਵਾਗੀਸ਼ ਨੇ 'ਪ੍ਰਾਕ੍ਰਿਤ-ਕਲਪਤਰੁ' ਵਿਚ ਅਪਭ੍ਰੰਸ਼ਾ ਦੇ 25 ਭੇਦ ਗਿਣੇ ਸਨ। ਅਪਭ੍ਰੰਸ਼ ਦੀ ਇਲਾਕਿਆਂ ਦੇ ਅਨੁਸਾਰ ਅਨੇਕਤਾ ਵਲ ਇਸ਼ਾਰੇ 'ਵਿਸ਼ਨੂ-ਧਰਮੋਤਰ ਪੁਰਾਣ', 'ਵਾਗ ਭਟਾਲੰਕਾਰ' ਆਦਿ ਗ੍ਰੰਥਾਂ ਵਿਚ ਵੀ ਹੋਏ ਹਨ। ਪਰ ਹੇਮਚੰਦ੍ਰ ਤਕ ਆ ਕੇ ਅਪਭ੍ਰੰਸ਼ ਨੇ ਆਪਣਾ ਮੁਕੰਮਲ ਟਕਸਾਲੀ ਰੂਪ ਅਖਤਿਆਰ ਕਰ ਲਿਆ ਸੀ ਅਤੇ ਇਹ ਸਭਿਆਚਾਰ ਤੇ ਸਾਹਿਤ ਦੀ ਪ੍ਰਮਾਣਿਕ ਭਾਸ਼ਾ ਸਥਾਪਿਤ ਹੋ ਗਈ ਸੀ। ਹੇਮਚੰਦ੍ਰ ਨੇ ਆਪਣੇ ਵਿਆਕਰਣ ਵਿਚ ਅਪਭ੍ਰੰਸ਼ ਦੇ ਇਲਾਕਾਈ ਤੋਂ ਜਨ ਭਾਸ਼ਾ-ਰੂਪਾਂ ਵਲ ਕੋਈ ਸੰਕੇਤ ਨਹੀਂ ਕੀਤਾ ਅਤੇ ਇਸ ਤੋਂ ਇਹ ਨਤੀਜਾ ਕੱਢਣਾ ਕਿ ਸੰਪੂਰਨ ਭਾਰਤ ਦੇਸ਼ ਵਿਚ ਇਕੋ ਹੀ ਅਪਭ੍ਰੰਸ਼ ਭਾਸ਼ਾ ਸੀ, ਖ਼ਤਰੇ ਤੋਂ ਖ਼ਾਲੀ ਨਹੀਂ ਹੈ।

ਅਸਲੀਅਤ ਇਹ ਹੈ ਕਿ ਉਸ ਸਮੇਂ ਅਪਭ੍ਰੰਸ਼ ਦੇ ਪ੍ਰਾਂਤਿਕ ਭਾਸ਼ਾਰੂਪ ਪ੍ਰਚਲਤ ਸਨ। ਪਰ ਹੇਮਚੰਦ੍ਰ ਵਰਗੇ ਸੰਸਕ੍ਰਿਤ ਵਿਆਕਰਣ ਪ੍ਰਣਾਲੀ ਦੇ ਅਨੁਯਾਈ ਹੋਣ ਕਰਕੇ ਆਮ ਗ੍ਰਾਮ-ਭਾਸ਼ਾਵਾਂ ਬਾਰੇ ਲਿਖਣਾ ਪਸੰਦ ਨਹੀਂ ਕਰਦੇ ਸਨ। ਅੱਜ ਸਾਡੀਆਂ ਆਧੁਨਿਕ ਹਿੰਦ, ਆਰੀਆਈ ਭਾਸ਼ਾਵਾਂ ਦਾ ਵਿਕਾਸ ਇਹ ਬਿਨਾਂ ਕਿਸੇ ਸ਼ੱਕ ਤੋਂ ਸਾਬਤ ਕਰ ਰਿਹਾ ਹੈ ਕਿ ਅਪਭ੍ਰੰਸ਼ ਦੀਆਂ ਭਿੰਨ ਭਿੰਨ ਇਲਾਕਾਈ ਬੋਲੀਆਂ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਤੇ ਇਲਾਕਿਆਂ ਵਿਚ ਮੌਜੂਦ ਸਨ ਜਿਨ੍ਹਾਂ ਤੋਂ ਇਹ ਆਧੁਨਿਕ ਭਾਸ਼ਾਵਾਂ ਉਪਜੀਆਂ ਹਨ।

ਆਧੁਨਿਕ ਭਾਸ਼-ਵਿਗਿਆਨੀਆਂ ਨੇ ਅਪਭ੍ਰੰਸ਼ ਸਾਹਿਤ ਦੀ ਇਲਾਕੇਵਾਰ ਪ੍ਰਾਪਤੀ ਦੇ ਆਸਰੇ 'ਤੇ ਅਪਭ੍ਰੰਸ਼ ਭਾਸ਼ਾ ਨੂੰ ਆਪਣੇ ਹਿਸਾਬ ਨਾਲ ਵੰਡਿਆ ਹੈ। ਸਨਤ ਕੁਮਾਰ ਚਰਿਓ ਦੀ ਭੂਮਿਕਾ ਵਿਚ ਡਾ. ਯਾਕੋਬੀ ਨੇ ਅਪਭ੍ਰੰਸ਼ ਨੂੰ ਉੱਤਰੀ,ਦੱਖਣੀ, ਪੂਰਬੀ ਅਤੇ ਪੱਛਮੀ ਭੇਦਾਂ ਵਿਚ ਵੰਡਿਆ ਹੈ। ਪਰੰਤੂ ਡਾ. ਤਗਾਰੇ ਨੇ ਯਾਕੋਬੀ ਦੇ ਮਤ ਦਾ ਖੰਡਨ ਕਰ ਕੇ ਅਪਭ੍ਰੰਸ਼ ਭਾਸ਼ਾ ਨੂੰ ਪੱਛਮੀ, ਦੱਖਣੀ ਅਤੇ ਪੂਰਬੀ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਤਗਾਰੇ, ਗ੍ਰੀਅਰਸਨ ਦੇ ਇਸ ਖਿਆਲ ਨਾਲ ਸਹਿਮਤ ਨਹੀਂ ਹਨ ਕਿ ਹਰੇਕ ਆਧੁਨਿਕ ਹਿੰਦ ਆਰੀਆਈ ਭਾਸ਼ਾ ਆਪੋ ਆਪਣੇ ਵਖਰੇ ਅਪਭ੍ਰੰਸ਼ ਰੂਪ ਵਿਚੋਂ ਨਿਕਲੀ ਹੈ। ਪਰ ਨਵੀਨ ਭਾਰਤੀ ਭਾਸ਼ਾਵਾਂ ਦੇ ਵਿਕਾਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਵਿਕਾਸ

ਅਪਭ੍ਰੰਸ਼ ਦੀਆਂ ਅੜ ਅੜ ਬੋਲੀਆਂ ਤੋਂ ਹੋਇਆ ਹੈ । ਡਾ. ਭੋਲਾਨਾਥ ਤਿਵਾਰੀ ਨੇ ਇਸ ਪ੍ਰਸ਼ਨ ਨੂੰ ਕਾਫੀ ਦੀਰਘ ਦ੍ਰਿਸ਼ਟੀ ਨਾਲ ਵਿਚਾਰ ਕੇ ਆਪਣਾ ਮਤ ਦ੍ਰਿੜ੍ਹਾਇਆ ਹੈ ਕਿ "ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਦੇ ਹੋਏ ਸ਼ੌਰਸੇਨੀ (ਪੱਛਮੀ ਹਿੰਦੀ, ਪਹਾੜੀ, ਰਾਜਸਥਾਨੀ, ਗੁਜਰਾਤੀ), ਮਹਾਰਾਸ਼ਟ੍ਰੀ (ਮਰਾਠੀ), ਅਰਧ-ਮਾਗਧੀ (ਪੂਰਬੀ ਹਿੰਦੀ), ਮਾਗਧੀ (ਬਿਹਾਰੀ, ਬੰਗਾਲੀ, ਉੜੀਆ, ਅਸਾਮੀ), ਕੇਕਯ (ਪੰਜਾਬੀ, ਲਹਿੰਦੀ) ਅਤੇ ਵ੍ਰਾਚੜ ਜਾਂ ਪੈਸ਼ਾਚੀ (ਸਿੰਧੀ) ਇਨ੍ਹਾਂ ਛੇ ਅਪਭ੍ਰੰਸ਼ਾਂ ਦੀ ਹੋਂਦ ਤਾਂ ਸਾਨੂੰ ਮੰਨਣੀ ਪਵੇਗੀ" [ਹਿੰਦੀ ਭਾਸ਼ਾ : ਪੰਨੇ 91-92] ।

ਹਵਾਲੇ, ਟੂਕਾਂ ਤੇ ਟਿਪੱਣੀਆਂ

(1) The contemptuous term "*Apabhramsa*" expresses the prejudice of Ancient Indian grammarians against all deviations from standard Sanskrit which was looked upon as divine speech. For example, Patanjali who does not use the word apabhramsa in its modern linguistic connotation, regards the Prakritic and dialectical forms of Sanskrit word "go" (a Cow) as Apabhramsa.

भूयांसो ऽ पशब्दाः, अल्पीयांसःशब्दाः एकैकस्य शब्दस्य बहवोऽपभ्रंशाः तद्यथा गौरित्यस्य शब्दस्य गावी, गोणी, गोता, गोपोतलिकेत्येवमादयोऽपभ्रंशाः- पतञ्जलिः "महाभाष्य" ।

Gajanan Vasudev Tagare, *Historical Grammar of Apabhramsa*, p. 1, 1948, Poona.

THE APABHRAMSA

(1-A) "The dialect called the Apbhramsa by the grammarians presents Indian speech in a further stage of decay, and occupies a middle position between the Prakrit and the modern vernaculars." (ਉਹੀ ਪੰਨਾ 4)

(2) The essential fact regarding Apabhranca is that it is the collective term employed to denote literary languages not Sanskrit or Prakrit. A.B. Keith, *A History of Sanskrit Literature*, p. 32,1941, London.

(3) Thus ਵਾਗਭੱਟ defines it (ਅਪਭ੍ਰੰਸ਼) as a pure form of provincial language.

अपभ्रंशस्तु यच्छुद्धं तत् तद्देशेषु भाषितम्-वाग्भटालंकार ।

According to ਵਿਸ਼ਣੂਧਰਮੋਤੱਰ, Apabhramsa is infinite as there is no end to provincialisms.

अपभ्रष्टं तृतीयं च तदनन्तं नराधिप ।

देश भाषा विशेषेण तस्यान्तो नहि विद्यते । विष्णु धर्मोत्तर ।

(4) ਪਿਸ਼ਲ, *'ਪ੍ਰਾਕ੍ਰਿਤ ਭਾਸ਼ਾਓਂ ਕਾ ਵਯਾਕਰਣ'* (ਹਿੰਦੀ ਰੂਪ), ਪੰ. 57.

(5) "Sukumar Sen, *A Comparative Grammar of Middle Indo-Aryan,*

(6) To Sum up :

(1) The term Ap. originally meant "a corrupt or deteriorated form' and was applied to usages not sanctioned by the School of Panini.

(2) In the 3rd cent. A.D., the word 'vibhrasta' was probably used in the sense of Ap. As a dilaect it was known as 'the speech of the

Abhiras' and as 'a dialect abounding in-u.'

(3) From the 6th cent. A.D., the term Ap. or *Avahamsa* or Avahatta designated a literary dialect in the works of grammarians and rhetoricians. Canda is the first Pk. grammarian to recongnise it as such and the copper-plate of Dharasena II of Valabhi is the first inscribed record of this term in this connotation.

(4) Upto 1100 A.D. Ap. connoted the literary form of provincial speeches or the speech of the elite, indicating thereby that the speech of sistas (शिष्ट) or the upper classes of the society had many features common with Ap.

(5) Lastly, like other Pk. dialects, this stage became crystallized in literature and grammar. In the 12th cent. A.D., and onwards Ap was a classical language like Sk. and Pk. As Hemacandra notes it, grmya-bhasha 'the language of the towns and villages or masses seems to be distinguished from Ap. by the end of the 12th cent. A.D."

G.V. Tagare, *Historical Grammar of Apabhramsa*, (Introduction) P.4

(7) ਆਚਾਰੀਆ ਮਾਰਕੰਡੇਯ, ਪ੍ਰਾਕ੍ਰਿਤ ਸਰਵਸ੍ਵ [27 ਅਪਭ੍ਰੰਸ਼-ਭੇਦਾਂ ਦੀ ਗਣਨਾ] ।

(8) ਭੋਲਾਨਾਥ ਤਿਵਾਰੀ, *ਹਿੰਦੀ ਭਾਸ਼ਾ* [ਪੰਨਾ 91-92].

(9) Pischel and Sir G. Grierson have given currency to the view that the term Apabhranca denotes the true vernaculars as opposed to literary Prakrits, and the later has constructed a scheme for the derivation of modern vernaculars from the various local Apabhrancas; thus from Shaurasena (or Nagara) Apabhranca came Western Hindi Rajasthani, and Gujarati; from Maharastra Apbhranca Marathi; from Magadha, Bengali, Bihari, Assamese, and Oriya; from Ardhamagadha, Eastern Hindi, from Vracada Sindhi; and from Kaikeya Lahnda. Unfortunately this theoretical scheme will not stand investigation for the evidence of texts and even of the literature proves clearly that Apabhranca has a different signification.

Keith, A.B. [1941]. *A History of Sanskrit Literature* p. 32, London

ਅਧਿਆਏ 5 : 2

ਅਪਭ੍ਰੰਸ਼ ਭਾਸ਼ਾ ਦੀ ਸੰਰਚਨਾ ਅਤੇ ਪੰਜਾਬੀ ਭਾਸ਼ਾ
(Structure of the Apabhramsa)

ਮੱਧ ਭਾਰਤੀ-ਆਰੀਆਂ ਭਾਸ਼ਾ ਦੇ ਪਾਲੀ-ਪ੍ਰਾਕ੍ਰਿਤ ਯੁਗ ਵਿਚ ਜਿਹੜੀਆਂ ਪਰਿਵਰਤਨ-ਸ਼ੀਲ ਪ੍ਰਵਿਰਤੀਆਂ ਅਤੇ ਪ੍ਰਕ੍ਰਿਆਵਾਂ ਉਭਰੀਆਂ ਸਨ ਉਹ ਅਪਭ੍ਰੰਸ਼ ਭਾਸ਼ਾ ਵਿਚ ਵੀ ਜਾਰੀ ਰਹੀਆਂ । ਭਾਸ਼ਾ ਪਰਿਵਰਤਨ ਦੀ ਪ੍ਰਕ੍ਰਿਆ ਵਿਚ ਸੰਸਕ੍ਰਿਤ-ਉਪਰੰਤ "ਸਰਲੀਕਰਣ" (simplification) ਦੀ ਜਿਹੜੀ ਪ੍ਰਵਿਰਤੀ ਕ੍ਰਿਆਸ਼ੀਲ ਹੋਈ ਸੀ, ਇਹ ਰੁਚੀ ਅਪਭ੍ਰੰਸ਼ ਯੁਗ ਵਿਚ ਹੋਰ ਵੀ ਤੇਜ਼ ਗਤੀ ਧਾਰਦੀ ਗਈ, ਫਲਸਰੂਪ ਅਪਭ੍ਰੰਸ਼ ਭਾਸ਼ਾ ਦੇ ਧੁਨੀ, ਰੂਪ, ਸ਼ਬਦ, ਨਾਂਵੀਂ ਰੂਪ, ਕ੍ਰਿਆਵੀ ਰੂਪ ਆਦਿ ਵਿਭਿੰਨ ਵਿਭਾਗਾਂ ਵਿਚ ਹੋਰ ਵੀ ਵਿਕਾਰ ਤੇ ਸੁਧਾਰ ਵਾਪਰਦਾ ਗਿਆ । ਹੁਣ ਅਪਭ੍ਰੰਸ਼ ਦੀ ਭਾਸ਼ਾਗਤ ਸੰਰਚਨਾ ਦੇ ਸੰਦਰਭ ਵਿਚ ਇਨ੍ਹਾਂ ਪਰਿਵਰਤਨਕਾਰੀ ਪ੍ਰਕ੍ਰਿਆਵਾਂ ਦਾ ਜਾਇਜ਼ਾ ਪੇਸ਼ ਕੀਤਾ ਜਾਂਦਾ ਹੈ ।

ਅਪਭ੍ਰੰਸ਼ ਦੇ ਜੋ ਮੂਲ-ਪਾਠ (ਟੈਕਸਟ) ਅਥਵਾ ਸਾਹਿੱਤ ਮਿਲਦਾ ਹੈ ਉਸ ਵਿਚ ਭਾਸ਼ਾਗਤ ਭੇਦ ਤੋਂ ਵਖਰੇਵੇਂ ਬਹੁਤ ਘਟ ਹਨ । ਅਪਭ੍ਰੰਸ਼ ਦਾ ਸਾਰਾ ਉਪਲਬਧ ਸਾਹਿਤ ਇਕੋ ਹੀ ਸਟੈਂਡਰਡ (ਟਕਸਾਲੀ) ਅਪਭ੍ਰੰਸ਼ ਵਿਚ ਸ਼ਬਦਬੱਧ ਹੋਇਆ ਹੈ । ਭਾਸ਼ਾ-ਚਿੰਤਕਾਂ, ਵਿਆਕਰਣਕਾਰਾਂ ਨੇ ਖਾਸ ਕਰਕੇ ਉੱਤਰਵਰਤੀ ਵਿਆਕਰਣਕਾਰਾਂ ਨੇ ਅਪਭ੍ਰੰਸ਼ ਦੇ ਵੱਖ ਵੱਖ ਇਲਾਕਿਆਂ ਦੇ ਅਨੁਸਾਰ ਅਨੇਕ ਭੇਦ ਦੱਸੇ ਹਨ ਪਰੰਤੂ ਇਨ੍ਹਾਂ ਅਪਭ੍ਰੰਸ਼ੀ ਭੇਦਾਂ-ਉਪਭੇਦਾਂ ਦਾ ਕੋਈ ਸੰਕੇਤ ਅਪਭ੍ਰੰਸ਼ ਸਾਹਿਤ ਦੀ ਭਾਸ਼ਾ ਵਿਚੋਂ ਉਜਾਗਰ ਨਹੀਂ ਹੁੰਦਾ । ਸਾਰਾ ਅਪਭ੍ਰੰਸ਼ੀ ਸਾਹਿਤ ਇਕੋ ਤਰ੍ਹਾਂ ਦੀ ਸਟੈਂਡਰਡ ਪ੍ਰਮਾਣਿਕ ਅਪਭ੍ਰੰਸ਼ ਭਾਸ਼ਾ ਵਿਚ ਹੀ ਅੰਕਿਤ ਹੋਇਆ ਹੈ । ਇਸ ਲਈ ਅਪਭ੍ਰੰਸ਼ ਦੀਆਂ ਵਿਭਿੰਨ ਉਪ-ਭਾਸ਼ਾਗਤ ਵੰਨਗੀਆਂ ਦੇ ਅਧਿਐਨ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਕੇਵਲ ਸਾਮਾਨਯ ਅਪਭ੍ਰੰਸ਼ ਦੇ ਸਾਮਾਨਯ ਅਭਿਲੱਛਣ ਹੀ ਪੇਸ਼ ਕੀਤੇ ਜਾਂਦੇ ਹਨ ।

ਧੁਨੀ-ਵਿਧਾਨ (Phonology)

ਅਪਭ੍ਰੰਸ਼ ਵਿਚ ਪ੍ਰਾਕ੍ਰਿਤ ਭਾਸ਼ਾ ਵਾਲੀਆਂ ਸਾਰੀਆਂ ਧੁਨੀਆਂ (phonemes) ਮੌਜੂਦ ਮਿਲਦੀਆਂ ਹਨ । ਇਸ ਵਿਚ ਹੇਠ ਲਿਖੇ ਸੁਰ ਤੇ ਵਿਅੰਜਨ ਪ੍ਰਾਪਤ ਹਨ :

ਸੁਰ : ਹ੍ਰਸਵ : /ਅ, ਇ, ਉ, ਏਂ, ਓਂ/

ਦੀਰਘ /ਆ, ਈ, ਊ, ਏ, ਓ/

ਸੰਸਕ੍ਰਿਤ ਸੁਰ-ਧੁਨੀ /ऋ/ ਬਹੁਤ ਵਿਰਲੀ ਧੁਨੀ ।

ਵਿਅੰਜਨ :

ਕੰਠੀ : /ਕ, ਖ, ਗ, ਘ/ (Velars)

ਤਾਲਵੀ : /ਚ, ਛ, ਜ, ਝ/ (Palatals and Palato-Alveolars)
ਮੂਰਧਨੀ : /ਟ, ਠ, ਡ, ਢ, ਣ/ (Retroflex)
ਦੰਤੀ : /ਤ, ਥ, ਦ, ਧ, ਨ/ (Dentals)
ਦੁਹੋਠੀ /ਪ, ਫ, ਬ, ਭ, ਮ/ (Bilibials)
ਅੰਤਸਥ : /ਰ, ਲ, ਵ/ : Semi-Vowels
ਊਸਮ : /ਸ਼, ਸ/ : Sibilants
ਸੁਰਤੰਤਰੀ /ਹ/ : glottal
ਮੂਰਧਨੀ /ਲ਼/ : Retroflex

ਟਿੱਪਣੀ : ਅਪਭ੍ਰੰਸ਼ ਦੀ ਆਰਥੋਗ੍ਰਾਫੀ ਦਾ ਪੈਟਰਨ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੇ ਅਨੁਸਾਰ ਹੀ ਰਿਹਾ ਹੈ। ਇਸ ਲਈ ਦੇਵਨਾਗਰੀ ਲਿਪੀ ਵਿਚ ਪ੍ਰਾਕ੍ਰਿਤ/ਅਪਭ੍ਰੰਸ਼ ਦੀਆਂ ਨਵੀਨ ਧੁਨੀਆਂ ਹ੍ਰਸ੍ਵ ਏੇਂ, ਓੋਂ ਦੇ ਪ੍ਰਤਿਨਿਧ ਕੋਈ ਲਿਪੀ ਚਿੰਨ੍ਹ ਚਾਲੂ ਨਹੀਂ ਮਿਲਦੇ। /ਏੇਂ/, /ਓੋ/ ਦੀਆਂ ਉੱਚਾਰਣ-ਕੀਮਤਾਂ ਨਾਗਰੀ ਦੇ (ए, ओ) ਅੱਖਰਾਂ ਦੁਆਰਾ ਹੀ ਅੰਕਿਤ ਕੀਤੀਆਂ ਜਾਂਦੀਆਂ ਰਹੀਆਂ ਹਨ, ਕੋਈ ਨਵੇਂ ਚਿੰਨ੍ਹ ਨਹੀਂ ਘੜੇ ਗਏ, । ਭਾਵੇਂ ਪ੍ਰਾਕ੍ਰਿਤ ਭਾਸ਼ਾਵਾਂ ਅਤੇ ਅਪਭ੍ਰੰਸ਼ ਬੋਲੀਆਂ ਵਿਚ ਮੌਖਿਕ ਉੱਚਾਰਣ ਦੀ ਰੀਤ ਮੁਤਾਬਕ ਹ੍ਰਸਵ /ਏੇਂ, ਓੋ/ ਅਵੱਸ਼ ਬੋਲੇ ਜਾਂਦੇ ਰਹੇ ਹਨ। ਜੈਨ ਅਪਭ੍ਰੰਸ਼ ਹਥ-ਲਿਖਤਾਂ ਵਿਚ ਇਨ੍ਹਾਂ ਹ੍ਰਸਵ ਧੁਨੀਆਂ ਨੂੰ ਚਿੰਨ੍ਹਤ ਕਰਨ ਦਾ ਜਤਨ ਅਵੱਸ਼ ਹੋਇਆ ਹੈ। ਪਰ ਅਧੂਰਾ ਹੈ। ਡਾ. ਵਿਦਿਆ ਭਾਸਕਰ 'ਅਰੁਣ' ਨੇ ਪੰਜਾਬੀ ਧੁਨੀ-ਵਿਉਂਤ ਅਤੇ ਧੁਨੀ-ਵਿਗਿਆਨ ਦੇ ਸੰਬੰਧ ਵਿਚ ਪੰਜਾਬੀ ਧੁਨੀ ਮਾਲਾ ਵਿਚ ਹ੍ਰਸਵ /ਏੇਂ, ਓੋ/ ਦਾ ਨਿਰਦੇਸ਼ ਕੀਤਾ ਹੈ (ਪੰਜਾਬੀ ਭਾਸ਼ਾ ਦਾ ਇਤਿਹਾਸ)। ਇਸ ਲਈ ਨਾਗਰੀ ਲਿਪੀ ਦੀ ਰੂੜ੍ਹੀਵਾਦੀ ਪਰੰਪਰਾ ਦੇ ਕਾਰਣ ਅਪਭ੍ਰੰਸ਼ ਧੁਨੀਆਂ (ਧੁਨੀਮਕ ਇਕਾਈਆਂ) ਦੀ ਜਾਣਕਾਰੀ ਹਾਸਲ ਕਰਨਾ ਦੁਸ਼ਵਾਰ ਕੰਮ ਹੈ।

ਅਪਭ੍ਰੰਸ਼ ਵਿਚ ਵੈਦਿਕ/ਸੰਸਕ੍ਰਿਤ ਦੇ ਸੰਧੀ-ਅਕਸ਼ਰ (diphthongs) /ਐ, ਔ/ ਲੁਪਤ ਹੋ ਗਏ ਹਨ ਅਤੇ ਇਨ੍ਹਾਂ ਦਾ ਰੂਪਾਂਤਰਣ /ਏ, ਓ/ ਹ੍ਰਸਵ /ਏੇਂ, ਓੋ/ ਵਿਚ ਉਪਲਬਧ ਹੁੰਦਾ ਹੈ। ਅਸਲ ਵਿਚ ਇਹ ਸੰਧੀ-ਅਕਸ਼ਰ ਤਾਂ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੇ ਸ਼ੁਰੂ ਵਿਚ ਹੀ ਲੋਪ ਹੋ ਗਏ ਸਨ।

ਅਪਭ੍ਰੰਸ਼ੀ ਧੁਨੀ-ਵਿਉਂਤ ਵਿਚ ਵਿਕਾਸਾਤਮਕ ਪਰਿਵਰਤਨ ਤੇ ਰੂਪਾਂਤਰ

ਪ੍ਰਾਕ੍ਰਿਤ ਭਾਸ਼ਾ-ਕਾਲ ਵਿਚ ਧੁਨੀਆਤਮਕ ਪਰਿਵਰਤਨ ਦੀਆਂ ਜਿਹੜੀਆਂ ਪ੍ਰਕ੍ਰਿਆਵਾਂ ਤੇ ਪ੍ਰਵਿਰਤੀਆਂ ਸ਼ੁਰੂ ਹੋਈਆਂ ਸਨ ਉਹ ਅਪਭ੍ਰੰਸ਼ ਵਿਚ ਵੀ ਵਡੇਰੀ ਮਾਤਰਾ ਵਿਚ ਜਾਰੀ ਰਹੀਆਂ। ਫਿਰ ਵੀ ਅਪਭ੍ਰੰਸ਼ ਦੇ ਪ੍ਰਮੁਖ ਧੁਨੀਆਤਮਕ ਪਰਿਵਰਤਨ ਅਤੇ ਰੂਪਾਂਤਰਣ ਦਾ ਵਰਣਨ ਤੇ ਵਿਵੇਚਨ ਪੇਸ਼ ਕੀਤਾ ਜਾਂਦਾ ਹੈ।

(1) ਅੰਤਿਮ ਸੁਰ ਦਾ ਲੋਪ ਜਾਂ ਹ੍ਰਸਵੀਕਰਣ :

ਸੰਸਕ੍ਰਿਤ		ਅਪਭ੍ਰੰਸ਼		ਪੰਜਾਬੀ
ਪ੍ਰਿਯਾ :	→	ਪਿਅ	→	ਪੀਆ (=ਪਿਆਰਾ)
ਸੰਧਯਾ (सन्ध्या)	→	ਸੰਝ	→	ਸਾਝ/ਸੰਝ (=ਸ਼ਾਮ)
ਵਰਯਾਤ੍ਰਾ	→	ਬਰਾਤ	→	ਬਰਾਤ (=ਜੰਞ, ਜੰਨ)
ਹਰੀਤਕੀ	→	ਹਰੀਡਇ	→	ਹਰੜ

(2) **ਆਦਿ ਉਚਾਰ-ਖੰਡ ਦੇ ਸੁਰ ਦੀ ਸੁਰੱਖਿਅਤਾ :**

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਗੰਭੀਰ :	→	ਗਹਿਰ	→	ਗਹਿਰਾ (=ਡੂੰਘਾ)
ਤੜਾਗ ·	→	ਤਲਾਉ	→	ਤਲਾ (=ਸਰੋਵਰ)
ਗ੍ਰਾਮ	→	ਗਾਮ	→	ਗ੍ਰਾਂ (=ਪਿੰਡ)
ਧ੍ਯਾਨ (ध्यान)	→	ਝਾਣ ~		ਧਿਆਨ ← ਧਯਾਨ

(3) **ਮੱਧਵਰਤੀ ਸੁਰ-ਸੰਧੀ :** ਅਰਥਾਤ ਸ਼ਬਦਾਂ ਦੇ ਮੱਧਵਰਤੀ ਵਿਅੰਜਨਾਂ ਦੇ ਲੋਪ ਹੋਣ ਪਿਛੋਂ ਵਿਕਸਿਤ ਹੋਏ ਸੁਰ ਸੰਯੁਕਤ ਹੋਕੇ ਸੰਧੀ-ਸੁਰਾਂ ਵਿਚ ਰੂਪਾਂਤਰ ਹੋਏ ਹਨ :

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਯਾਦ੍ਰਿਸ਼ (यादृश)	→	ਜਇਸ/ ਜੇਹ	→	ਜੇਹਾ/ਜਿਹਾ
ਸੁਖਕੇਲੀ	→	ਸੁਹੇਲ੍ਲੀ	→	ਸੁਹੇਲੀ
ਚਤੁਰਥੀ (चतुर्थी)	→	ਚੇਤ੍ਥੀ	→	ਚਉਥੀ → ਚੌਥੀ
ਸੁਵਰਣਕਾਰ	→	ਸੋਣਾਰ	→	ਸੁਨਾਰ/ਸੁਨਿਆਰ

(4) **/-ਮ-/ ਦਾ /-ਵੰ-/ ਵਿਚ ਰੂਪਾਂਤਰਣ :**

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਕਮਲ	→	ਕਵੰਲ	→	ਕਉਲ/ਕੌਲ
ਆਮਲਕ	→	ਆਵੰਲਾ	→	ਅਉਲਾ /ਔਲਾ
ਚਮਰ	→	ਚਵੰਰ	→	ਚਉਰ /ਚੌਰ
ਭ੍ਰਮਰ	→	ਭਵੰਰ	→	ਭਉਰਾ/ ਭਉਰਾ

(5) **ਮਹਾਂਪ੍ਰਾਣ ਵਿੰਅਜਨਾਂ ਦੀ ਥਾਂ /ਹ/ ਦਾ ਵਿਕਾਸ :**

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਸਖੀ	→	ਸਹੀ	→	ਸਹੀ+ =ਸਹੀਏ/ਸਹੇਲੀ
ਦੀਰਘ	→	ਦੀਹ		———
ਕਥਾ	→	ਕਹਾ ~		ਕਥਾ ← ਕਥਾ
ਅਧ੍ਸਤਾਤ੍(अधस्तात्)	→	ਅਹੁਣ੍ਣਈ	→	ਹੇਠਾਂ
ਮੁਕ੍ਤਾਫਲ	→	ਮੁਕ੍ਤਾਹਲ		ਮੁਕਤਾਹਲ (ਗੁਰੂ ਭਾਸ਼ਾ)
ਸ਼ੋਭਾ	→	ਸੋਹਾ	→	ਸ਼ੋਭਾ/ਸੋਭਾ

(6) **ਸੰਯੁਕਤ ਵਿੰਅਜਨ-ਧੁਨੀਆਂ** (Consonant clusters) **ਵਿਚ ਪਰਿਵਰਤਨ**

(–ष्ण) : /-ਸ਼੍ਣ-/	→	/-ਨ੍ਹ-/ :	ਕਾਨ੍ਹ ~ ਕਨ੍ਹਯਾ ।
(क्ष) : /ਕ੍ਸ਼-/	→	/-ਛ- ~ -ਖ-/	ਪਛ੍ਛੀ ~ ਪਖ੍ਖੀ (ਪੰਖੀ)

(7) **-/ਯ/ ਦਾ/ ਜ/ ਵਿਚ ਰੂਪਾਂਤਰਣ :** ਯੁਗਲ → **ਜੁਗਲ (=ਜੋੜੀ);**

ਯਾਤਿ	→	ਜਾਇ	→	ਜਾਇ (ਪ੍ਰਾਚੀਨ ਪੰਜਾਬੀ)
ਯਮਲ	→	ਜਮਲ —		———

(8) **ਆਦਿ-ਵਿਅੰਜਨ ਦਾ ਮਹਾਪ੍ਰਾਣੀਕਰਣ (Aspiration) :**

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਕੀਲਕ	→	ਖਿਲ੍ਲਯਇ		ਕਿੱਲ
ਜੁਲ੍	→	ਝਲੁਣ		— (ਝਿਲਮਿਲ, ਝਲਕ)

(9) **ਮੱਧਵਰਤੀ ਅੰਤਰ-ਸਵਰੀ ਵਿਅੰਜਨਾਂ ਦਾ ਲੋਪ**

ਸੰਸਕ੍ਰਿਤ		**ਅਪਭ੍ਰੰਸ਼**		**ਪੰਜਾਬੀ**
ਪਰਕੀਯਾ	→	ਪਰਾਇਯ	→	ਪਰਾਈ
ਯੋਗਿਨ	→	ਜੋਈ		ਜੋਗਨ
ਗੋਰੋਚਨ	→	ਗੋਰੋਅਣ		----
ਰਾਜਨ੍	→	ਰਾਅ	→	ਰਾਏ/ਰਾਜਾ
ਚਤੁਰਥ	→	ਚਉਤ੍ਥ	→	ਚਉਥ/ਚੌਥਾ

ਅਪਭ੍ਰੰਸ਼ ਰੂਪ-ਵਿਗਿਆਨ (Morphology)

ਡਾ. ਗਣੇਸ਼ ਵਾਸਦੇਵ ਤਗਾਰੇ [1948 : 21, 22] ਨੇ ਇਸ ਤੱਥ ਦਾ ਬਲਪੂਰਵਕ ਉਲੇਖ ਕੀਤਾ ਹੈ ਕਿ ਅਪਭ੍ਰੰਸ਼ ਦੇ ਧੁਨੀ-ਵਿਧਾਨ ਵਿਚ ਅਜਿਹੀਆ ਬਹੁਤ ਹੀ ਘੱਟ ਸੁਸਪਸ਼ਟ ਵਿਸ਼ੇਸ਼ਤਾਵਾਂ ਵਿਦੱਮਾਨ ਹਨ ਜੋ ਧੁਨੀਆਤਮਕ ਪੱਧਰ ਤੇ ਇਸ ਨੂੰ (ਅਪਭ੍ਰੰਸ਼ ਨੂੰ) ਮੱਧਕਾਲੀਨ ਭਾਰਤੀ ਆਰੀਆ ਭਾਸ਼ਾਵਾਂ ਦੀ ਫੋਨਾਲੋਜੀ ਤੋਂ ਨਿਖੇੜਦੀਆਂ ਹੋਣ* । ਇਸ ਦੇ ਵਿਪਰੀਤ ਇਹ ਅਪਭ੍ਰੰਸ਼ ਦਾ ਰੂਪ-ਵਿਗਿਆਨ ਹੀ ਹੈ ਜਿਸ ਦੇ ਕਾਰਣ ਅਪਭ੍ਰੰਸ਼ ਮੱਧ ਕਾਲ ਦੀਆਂ ਪੂਰਵ-ਉਕਤ ਪ੍ਰਾਕ੍ਰਿਤ ਬੋਲੀਆਂ ਤੋਂ ਅੱਡ ਨਿਖੜਦੀ ਹੈ । ਸੋ ਅਪਭ੍ਰੰਸ਼ ਦੀਆ ਨਿਜੀ ਨਵੇਕਲੀਆਂ ਵਿਸ਼ੇਸ਼ਤਾਵਾਂ ਉਸ ਦੇ ਸ਼ਬਦਾਤਮਕ ਵਿਧਾਨ ਵਿਚ ਹੀ ਉਪਲਬਧ ਹੁੰਦੀਆ ਹਨ। ਇਸ ਤਰ੍ਹਾਂ ਅਪਭ੍ਰੰਸ਼ ਦੇ ਭਾਸ਼ਾਗਤ ਵਿਸ਼ਲੇਸ਼ਣ ਦੀ ਅਹਿਮੀਅਤ ਧੁਨੀਆਤਮਕ ਅਧਿਐਨ ਨਾਲੋਂ ਰੂਪਾਤਮਕ ਅਧਿਐਨ 'ਤੇ ਵਧੇਰੇ ਨਿਰਭਰ ਪ੍ਰਾਪਤ ਹੁੰਦੀ ਹੈ । ਅਪਭ੍ਰੰਸ਼ ਸ਼ਬਦ-ਰੂਪ-ਵਿਧਾਨ ਪ੍ਰਾਕ੍ਰਿਤਾਂ ਤੋਂ ਅਗਲੀ ਉੱਤਰਵਰਤੀ ਸਥਿਤੀ ਦੀ ਪ੍ਰਤਿਨਿਧਤਾ ਕਰਦਾ ਹੈ ।

ਅਪਭ੍ਰੰਸ਼ ਸ਼ਬਦ-ਰਚਨਾ ਦੀ ਵਿਉਤਪੱਤੀ-ਮੂਲਕ (derivational) ਪ੍ਰਕ੍ਰਿਆ ਤਾਂ ਪ੍ਰਾਚੀਨ ਆਰੀਆ ਭਾਸ਼ਾ (ਵੈਦਿਕ/ਸੰਸਕ੍ਰਿਤ) ਅਤੇ ਮੱਧਕਾਲੀਨ ਆਰੀਆ ਭਾਸ਼ਾ (ਪ੍ਰਾਕ੍ਰਿਤਾਂ) ਦੀ ਤਰ੍ਹਾਂ ਹੀ ਕਾਰਜਸ਼ੀਲ ਹੁੰਦੀ ਹੈ ਪਰੰਤੂ ਅਪਭ੍ਰੰਸ਼ ਦੀ ਵਿਭਕਤੀ-ਮੂਲਕ (inflectional) ਰਚਨਾ-ਪ੍ਰਕ੍ਰਿਆ ਵਿਚ ਭਾਰੀ ਤਬਦੀਲੀਆਂ ਵਾਪਰਦੀਆਂ ਹਨ । ਵਿਭਕਤੀਮੂਲਕ ਸ਼ਬਦ-ਰੂਪਾਂ ਦੇ ਨਿਰਮਾਣ ਵਿਚ ਅਪਭ੍ਰੰਸ਼ ਨੇ ਪ੍ਰਾਕ੍ਰਿਤ ਭਾਸ਼ਾਵਾਂ ਦੀਆ ਸਰਲੀਕਰਣ (simplification) ਅਤੇ ਏਕੀਕਰਣ ਦੀਆਂ ਪ੍ਰਵਿਰਤੀਆਂ ਨੂੰ ਹੋਰ ਵੀ ਗਤੀ ਪ੍ਰਦਾਨ ਕੀਤੀ ਪਰ ਨਾਲੋਂ ਨਾਲ ਆਪਣੀਆਂ ਨਵੀਆਂ ਤੇ ਨਵੇਕਲੀਆਂ ਵਿਸ਼ੇਸ਼ਤਾਵਾਂ ਵੀ ਉਜਾਗਰ ਕੀਤੀਆਂ ਜਿਹੜੀਆਂ ਕਿ ਅੱਗੇ ਜਾਕੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਿਚ ਪੂਰੀ ਤਰ੍ਹਾਂ ਵਿਕਾਸ ਨੂੰ ਪ੍ਰਾਪਤ ਹੋ ਗਈਆਂ ਹਨ । ਯਥਾਰਥ ਸਥਿਤੀ ਇਹ ਹੈ ਕਿ ਅਪਭ੍ਰੰਸ਼ ਦੀਆ ਕੋਸ਼ੀ ਮਦਾਂ ਜਾਂ ਅਰਥੀਮ (lexical items or lexemes) (ਧੁਨੀਆਤਮਕ ਪਰਿਵਰਤਨ ਤੇ ਪਰਿਵਰਧਨ ਤੋਂ ਸਿਵਾਇ) ਸੰਸਕ੍ਰਿਤ ਤੇ ਪ੍ਰਾਕ੍ਰਿਤ ਸ਼ਬਦ-ਕੋਸ਼ ਦੀ ਤਰ੍ਹਾਂ ਹੀ ਬਦਸਤੂਰ ਕਾਇਮ ਰਹੇ ਪਰੰਤੂ ਅਪਭ੍ਰੰਸ਼

* There are practically very few clear-cut characteristics of Ap. Vocabulary, phonetically separating it from other MIA dialects.

G. V. Tagare, *Historical Grammar of Apabhramsa*, 1948, Poona.

ਦੀਆਂ ਸੰਰਚਨਾਤਮਕ ਮਦਾਂ ਜਾਂ ਕਾਰਜੀ ਸ਼ਬਦਾਂ (Non-lexical items or function words) ਵਿਚ ਢੇਰ ਪਰਿਵਰਤਨ ਵਾਪਰਦੇ ਗਏ, ਅਤੇ ਕਈ ਵਾਰ ਨਵੇਂ ਵਧੇਤਰ ਅਤੇ ਵਿਭਕਤੀ-ਪਿਛੇਤਰ (inflecting suffixes morphemes) ਵੀ ਉਭਰੇ ਜਿਨ੍ਹਾਂ ਨੇ ਆਰੀਆ ਭਾਸ਼ਾ ਦੀ ਸੰਜੋਗਾਤਮਕ ਪ੍ਰਕ੍ਰਿਤੀ ਨੂੰ ਤਿਆਗ ਕੇ ਵਿਜੋਗਾਤਮਕ (analytic) ਪ੍ਰਕ੍ਰਿਤੀ ਵਾਲੀ ਬੁਣਤਰ ਨੂੰ ਉਭਾਰਨ ਵਿਚ ਪਿੱਠਭੂਮੀ ਤਿਆਰ ਕੀਤੀ। ਇਸ ਲਈ ਕੋਸ਼ਾਤਮਕ ਰੂਪ-ਵਿਧਾਨ (Lexical or derivational morophology) ਨਾਲੋਂ ਵਿਭਕਤੀ-ਮੂਲਕ ਰੂਪ-ਵਿਧਾਨ(inflectional morphology) ਦਾ ਨਿਰੂਪਣ ਤੇ ਵਿਸ਼ਲੇਸ਼ਣ ਕਰਨਾ ਅਪਭ੍ਰੰਸ਼ ਭਾਸ਼ਾ ਦੇ ਸੰਦਰਭ ਵਿਚ ਵਧੇਰੇ ਆਵੱਸ਼ਕ ਤੇ ਜ਼ਰੂਰੀ ਹੈ।

ਅਪਭ੍ਰੰਸ਼ ਦਾ ਵਿਭਕਤੀ-ਮੂਲਕ ਰੂਪ-ਵਿਧਾਨ: Morphology

ਅਪਭ੍ਰੰਸ ਦੀ ਵਿਭਕਤੀ-ਮੁਖ ਸੰਰਚਨਾ ਵਿਚ ਨਾਂਵੀ ਵਿਭਕਤੀਕਰਣ (nominal inflection) ਅਤੇ ਕ੍ਰਿਆਵੀ ਵਿਭਕਤੀਕਰਣ (verbal inflection) ਇਹ ਦੋ ਤਰ੍ਹਾਂ ਦੀ ਵੰਡ ਕੀਤੀ ਜਾ ਸਕਦੀ ਹੈ। ਨਾਂਵੀ ਵਿਭਕਤੀਕਰਣ ਵਿਚ ਲਿੰਗ, ਪੁਰਸ, ਵਚਨ, ਕਾਰਕ-ਵਿਧਾਨ ਦਾ ਵਰਣਨ ਕੀਤਾ ਜਾਂਦਾ ਹੈ ਅਤੇ ਕ੍ਰਿਆਵੀ ਵਿਭਕਤੀਕਰਣ ਵਿਚ ਕ੍ਰਿਆ ਅਤੇ ਉਸ ਦੀਆਂ ਵਿਆਕਰਣਿਕ ਉਪ-ਸ਼ਰੇਣੀਆ (sub-classes) ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਅਪਭ੍ਰੰਸ ਵਿਚ *ਲਿੰਗ-ਵਿਧਾਨ* ਦੇ ਪਖੋਂ ਇਹ ਤੱਥ ਮਿਲਦਾ ਹੈ ਕਿ ਅਪਭ੍ਰੰਸ਼ ਵਿਚ ਪ੍ਰਮੁਖ ਤੌਰ ਤੇ ਦੋ-ਰੁਖਾ ਲਿੰਗ-ਵਿਰੋਧ (two way gender contrast) ਸਥਾਪਿਤ ਹੁੰਦਾ ਹੈ– ਅਰਥਾਤ ਪੁਲਿੰਗ ਅਤੇ ਇਸਤ੍ਰੀ ਲਿੰਗ। ਨਪੁੰਸਕ ਲਿੰਗ ਜੋ ਸੰਸਕ੍ਰਿਤ ਵਿਚ ਪੂਰੀ ਤਰ੍ਹਾਂ ਹੋਂਦਸ਼ੀਲ ਰਿਹਾ, ਉਹ ਪਾਲੀ ਤੇ ਪ੍ਰਾਕ੍ਰਿਤਾਂ ਵਿਚ ਲੁਪਤ ਹੁੰਦਾ ਗਿਆ ਅਤੇ ਅਪਭ੍ਰੰਸ਼ ਵਿਚ ਨਪੁੰਸਕ-ਲਿੰਗ ਦਾ ਸਦਾ ਲਈ ਲੋਪ ਹੋ ਗਿਆ। ਦਰਅਸਲ ਇਸਤ੍ਰੀ-ਲਿੰਗ ਸ਼ਬਦ-ਰੂਪ ਵੀ ਘਟਦੇ ਗਏ ਹਨ, ਅਤੇ ਆਖ਼ਰਕਾਰ ਪੁਲਿੰਗ ਦੀ ਹੀ ਪ੍ਰਧਾਨਤਾ ਹੋਈ ਹੈ।

ਅਪਭ੍ਰੰਸ਼ ਦੇ ਵਚਨ-ਵਿਧਾਨ ਵਿਚ ਵੀ ਦੋ-ਰੁਖਾ ਟਾਕਰਵਾਂ-ਵਿਰੋਧ ਮਿਲਦਾ ਹੈ– ਅਰਥਾਤ ਇਕ-ਵਚਨ ਤੇ ਬਹੁ-ਵਚਨ। ਸੰਸਕ੍ਰਿਤ ਵਾਲੇ ਦੁ-ਵਚਨ (dual number) ਦਾ ਲੋਪ ਪਾਲੀ ਤੇ ਪ੍ਰਾਕ੍ਰਿਤ ਵਿਚ ਹੀ ਹੋ ਗਿਆ ਸੀ, ਇਸ ਲਈ ਅਪਭ੍ਰੰਸ਼ ਵਿਚ ਵੀ ਦੁਵਚਨ ਲੁਪਤ ਹੀ ਰਿਹਾ। ਦੁਵਚਨ ਨੂੰ ਪ੍ਰਗਟ ਕਰਨ ਲਈ ਦੁਵਚਨੀ-ਵਿਭਕਤੀ-ਪਿਛੇਤਰ ਦੀ ਥਾਂ ਗਿਣਤੀ-ਵਾਚਕ ਸ਼ਬਦ "ਦੁਇ" ਜਾਂ "ਬੇ" ਆਦਿ ਹੀ ਅਪਭ੍ਰੰਸੀ ਸਬਦ-ਰੂਪਾਂ ਵਿਚ ਪ੍ਰਯੁਕਤ ਕੀਤੇ ਗਏ, ਮਸਲਨ: "ਧੇਨੁ ਦੁਇ" (ਦੋ ਗਊਆਂ) ਜਾਂ "ਮਹੁ ਕੰਤਹੋ ਬੇ ਦੋਸੜਾ" (ਮੇਰੇ ਕੰਤ ਦੇ ਦੋ ਦੋਸ਼ ਹਨ), ਆਦਿ। ਲਹਿੰਦੀ ਪੰਜਾਬੀ (ਪਾਕਿਸਤਾਨੀ ਪੰਜਾਬੀ) ਵਿਚ ਵੀ "ਬੇ" ਜਾਂ "ਬਿਆ" ਦੀ ਵਰਤੋਂ ਦੁਵਚਨ/ ਦੋ-ਵਾਚਕ ਗਿਣਤੀ ਲਈ ਕੀਤੀ ਜਾਂਦੀ ਹੈ ਜਿਵੇਂ *"ਬਿਆ ਦਰੁ ਨਾਹੀ ਕੈ ਦਰਿ ਜਾਉ"* (ਸ੍ਰੀ ਰਾਗ ਮ ਪਹਿਲਾ, ਆਦਿ ਗ੍ਰੰਥ)।

ਕਾਰਕ-ਵਿਧਾਨ: ਮੱਧ ਭਾਰਤੀ ਆਰੀਆ ਭਾਸ਼ਾ ਵਿਚ ਕਾਰਕ-ਵਿਭਕਤੀਆ ਦੇ ਪਤਨ ਤੇ ਖੀਣਤਾ ਦੀ ਜੋ ਪ੍ਰਵਿਰਤੀ ਪਾਲੀ ਭਾਸ਼ਾ ਤੋਂ ਸ਼ੁਰੂ ਹੋਈ ਸੀ ਉਹ ਅਪਭ੍ਰੰਸ਼ ਵਿਚ ਆ ਕੇ ਅੱਗੇ ਤੋਂ ਅੱਗੇ ਹੋਰ ਵਧਦੀ ਗਈ। ਅਪਭ੍ਰੰਸ਼ ਵਿਚ ਸਿਰਫ ਤਿੰਨ ਕਾਰਕ-ਸਮੂਹ ਹੀ ਬਚੇ ਹਨ ਜੋ ਵਿਸ਼ੇਸ਼ ਵਿਭਕਤੀ-ਪਿਛੇਤਰਾਂ ਦੁਆਰਾ ਵਾਕ-ਵਿਚਲੇ ਸ਼ਬਦਾਤਮਕ ਸੰਬੰਧਾਂ ਨੂੰ ਪ੍ਰਗਟ ਕਰਦੇ ਹਨ

(1) ਕਰਤਾ-ਕਰਮ-ਸੰਬੋਧਨ : Nominative-Accusative-Vocative
(2) ਕਰਣ-ਅਧਿਕਰਣ : Instrumental-locative
(3) ਸੰਪ੍ਰਦਾਨ-ਸੰਬੰਧ-ਅਪਾਦਾਨ : Dative-genitive-ablative

ਸੰਸਕ੍ਰਿਤ ਦੇ ਕਾਰਕ-ਵਿਧਾਨ ਵਿਚ ਜਿਹੜੇ ਅੱਠ ਤਰ੍ਹਾਂ ਦੇ ਕਾਰਕ ਕ੍ਰਿਆਸ਼ੀਲ ਸਨ ਉਨ੍ਹਾਂ ਨੂੰ ਪ੍ਰਗਟ ਕਰਨ ਲਈ ਸੰਸਕ੍ਰਿਤ ਵਿਚ ਅੱਠ ਤਰ੍ਹਾਂ ਦੇ ਵੱਖ ਵੱਖ ਵਿਭਕਤੀ-ਪਿਛੇਤਰ ਪ੍ਰਯੋਗ ਹੁੰਦੇ ਸਨ। ਇਸ ਲਈ ਵੱਖ ਵੱਖ ਵਿਭਕਤੀ-ਪਿਛੇਤਰ ਵੱਖ ਵੱਖ ਕਾਰਕ ਦਾ ਕਾਰਜ ਕਰਦੇ ਸਨ ਜਿਸ ਕਰਕੇ ਸੰਸਕ੍ਰਿਤ ਦੇ ਕਾਰਕ-ਵਿਧਾਨ ਵਿਚ ਕੋਈ ਭਰਮ-ਭਰਾਂਤੀ ਉਤਪੰਨ ਨਹੀਂ ਹੁੰਦੀ ਸੀ। ਪਰੰਤੂ ਕਾਰਕ-ਵਿਭਕਤੀ ਪਿਛੇਤਰਾਂ ਦੀ ਇਹ ਪੂਰਨ ਯੋਜਨਾ ਪਾਲੀ, ਅਸ਼ੋਕੀ ਪਾਲੀ ਅਤੇ ਪ੍ਰਾਕ੍ਰਿਤਾ ਦੇ ਯੁਗ ਵਿਚ ਘਟਦੀ ਗਈ ਅਤੇ ਕਈ ਕਾਰਕ-ਵਿਭਕਤੀਆ ਦੇ ਪਿਛੇਤਰੀ ਰੂਪ ਆਪਸ ਵਿਚ ਏਕਾਕਾਰ ਤੇ ਇਕ-ਰੂਪ ਹੁੰਦੇ ਗਏ। ਆਖ਼ਰਕਾਰ ਅਪਭ੍ਰੰਸ਼ ਭਾਸ਼ਾ-ਸਮੂਹ ਦੇ ਪੱਧਰ 'ਤੇ ਆ ਕੇ ਅੱਠ ਵਿਭਕਤੀ-ਪਿਛੇਤਰਾਂ ਦੀ ਥਾਂ ਸਿਰਫ਼ ਤਿੰਨ ਪਿਛੇਤਰੀ-ਰੂਪ ਹੀ ਅਵਸ਼ੇਸ਼ ਰਹਿ ਗਏ ਜਿਨ੍ਹਾਂ ਤੋਂ ਅੱਠ ਕਿਸਮ ਦੇ ਸ਼ਬਦਾਤਮਕ ਸੰਬੰਧਾਂ ਨੂੰ ਪ੍ਰਗਟ ਕਰਨ ਦਾ ਯਤਨ ਜਾਰੀ ਰਿਹਾ। ਲੇਕਿਨ ਇਹ ਭੁਲੇਖਾ-ਮੂਲਕ ਸਥਿਤੀ ਸੀ ਇਸ ਲਈ ਵਿਭਕਤੀ-ਪਿਛੇਤਰਾਂ ਦੇ ਨਾਲ ਨਾਲ ਸੁਤੰਤਰ ਸੰਬੰਧਕਾਂ (ਪਰਸਰਗਾਂ–post-position) ਦਾ ਉਦੈ ਹੋਣਾ ਸ਼ੁਰੂ ਹੋਇਆ, ਜਿਨ੍ਹਾਂ ਦਾ ਅੱਗੇ ਜਾ ਕੇ ਆਧੁਨਿਕ, ਭਾਰਤੀ ਆਰੀਆ ਭਾਸ਼ਾਵਾਂ ਵਿਚ ਪੂਰਨ ਵਿਕਾਸ ਉਪਲਬਧ ਹੁੰਦਾ ਹੈ। ਹੁਣ ਉਕਤ ਕਾਰਕ-ਸਮੂਹਾਂ ਦਾ ਉਦਾਹਰਣਾਂ ਸਹਿਤ ਵਰਣਨ ਕੀਤਾ ਜਾਂਦਾ ਹੈ :

(1) *ਕਰਤਾ-ਕਰਮ-ਸੰਬੋਧਨ* : ਸਮੂਹ ਦੇ ਇਕ ਵਚਨ ਵਿਚ ਆਮ ਤੌਰ ਤੇ ਸ਼ਬਦ ਦਾ ਮੂਲਾਂਸ਼ (stem) ਰੂਪ ਮਿਲਦਾ ਹੈ ਜੋ ਆਧੁਨਿਕ ਭਾਸ਼ਾਵਾਂ ਵਿਚ (direct) ਰੂਪ ਵਜੋਂ ਸਥਾਪਿਤ ਹੁੰਦਾ ਹੈ। ਅਪਭ੍ਰੰਸ਼ ਦੇ ਇਸ ਸਮੂਹ ਵਿਚ ਸ਼ਬਦ-ਰੂਪ ਅ-ਅੰਤਕ, ਉ-ਅੰਤਕ ਜਾਂ ਓ-ਅੰਤਕ ਮਿਲਦੇ ਹਨ, ਜਿਵੇਂ :

ਅ-ਅੰਤਕ : ਪੁੱਤ, ਦੇਵ (2) ਉ-ਅੰਤਕ ਪੁੱਤੁ, ਦੇਵੁ (3) ਓ-ਅੰਤਕ : ਪੁੱਤੋ। ਉ-ਅੰਤਕ ਇਕਵਚਨੀ ਸ਼ਬਦ-ਰੂਪ ਅਪਭ੍ਰੰਸ਼ ਦੀ ਪ੍ਰਮੁਖ ਵਿਸ਼ੇਸ਼ਤਾ ਹੈ। ਇਸੇ ਲਈ ਅਪਭ੍ਰੰਸ਼ ਨੂੰ ਉਕਾਰ-ਬਹੁਲਾ ਭਾਸ਼ਾ ਕਿਹਾ ਜਾਂਦਾ ਹੈ। ਪੰਜਾਬੀ ਵਿਚ ਉ-ਅੰਤਕ ਕਿਤੇ ਕਿਤੇ ਮਿਲ ਜਾਂਦੇ ਹਨ। ਸ਼ਿਮਲਵੀ/ਹਿਮਾਚਲੀ ਅਜੋਕੀਆਂ ਬੋਲੀਆਂ ਵਿਚ ਹੁਣ ਵੀ ਉ-ਅੰਤਕ ਰੂਪ ਆਮ ਹਨ, ਜਿਵੇਂ ਦੁੱਧੁ (ਦੁੱਧੁ) ਕੁੱਤੁ (ਕੁੱਤੁ) ਆਦਿ।

(2) *ਕਰਣ-ਅਧਿਕਰਣ ਸਮੂਹ* ਦੇ ਇਕ ਵਚਨ ਵਿਚ ਅਪਭ੍ਰੰਸ਼ ਨੇ (ਇੰ, -ਇ, -ਏ -ਏਂ, -ਅਹਿ,- ਏਹਿ, -ਏਹਿੰ, -ਇਣ -ਏਣ) ਵਿਭਕੀਆ ਦੀ ਵਰਤੋਂ ਕੀਤੀ ਹੈ। ਜਿਵੇਂ (1) ਪੁੱਤਿੰ (-ਇੰ), (2) ਪੁੱਤਿ (-ਇ), (3) ਦੇਵੇ (-ਏ) (4) ਦੇਵੇਂ (-ਏਂ), ਪੁੱਤਹਿ (-ਏਹਿ), (6) ਪੁੱਤੇਹਿੰ, (-ਏਹਿੰ) (7) ਪੁੱਤਿਣ (-ਇਣ), (8) ਪੁੱਤੇਣ (-ਏਣ)। ਸਾਰੇ ਅਪਭ੍ਰੰਸ਼ ਸਾਹਿੱਤ ਵਿਚ (-ਇੰ, -ਏਂ) ਰੂਪਾਂ ਦੀ ਬਹੁਲਤਾ ਹੈ। ਕਿਉਂਕਿ ਇਹ ਅਪਭ੍ਰੰਸ਼ ਦੇ ਆਪਣੇ ਨਿਜੀ ਰੂਪ ਹਨ।

(3) *ਸੰਪ੍ਰਦਾਨ-ਸੰਬੰਧ-ਅਪਾਦਾਨ* ਸਮੂਹ ਦੇ ਇਕ-ਵਚਨ ਦੇ ਰੂਪ ਮੁਖ ਤੌਰ ਤੇ (-ਹ, -ਹੇ,- ਹੁ,- ਹੋ) ਵਿਭਕਤੀ-ਪਿਛੇਤਰਾਂ ਦੇ ਯੋਗ ਨਾਲ ਸਿਰਜਿਤ ਹੁੰਦੇ ਹਨ ਜਿਵੇ : (1) ਦੇਵਹ (-ਹ), (2) ਦੇਵਹੇ (- ਹੇ,) (3) ਦੇਵਹੁ (-ਹੁ,) (4) ਦੇਵਹੋ (- ਹੋ)।

ਉਪਰੋਕਤ ਕਾਰਕ-ਵਿਭਕਤੀ ਰੂਪ ਪੁਲਿੰਗ ਇਕ-ਵਚਨ ਦੇ ਹੀ ਉਦਾਹਰਣ ਵਜੋਂ ਪੇਸ਼ ਹਨ ਲੇਕਿਨ ਇਨ੍ਹਾਂ ਤੋਂ ਇਲਾਵਾ ਬਹੁ-ਵਚਨ ਵਿਚ ਵਿਭਕਤੀਆਂ ਵਖਰੀਆ ਹਨ। ਪੁਲਿੰਗ ਤੋਂ ਬਿਨਾ ਇਸਤ੍ਰੀਲਿੰਗ ਦੇ ਵੀ ਆਪਣੇ ਵਿਭਕਤੀ ਰੂਪ ਅਪਭ੍ਰੰਸ਼ ਵਿਚ ਵਿਦੱਮਾਨ ਹਨ।

ਅਪਭ੍ਰੰਸ਼ ਵਿਚ ਸੰਬੰਧਕਾਂ (Post-positions : ਪਰਸਰਗ) ਦਾ ਉਦੈ

ਅਪਭ੍ਰੰਸ਼ ਭਾਸਾ ਵਿਚ ਵਿਭਕਤੀ-ਪਿਛੇਤਰਾਂ ਦੇ ਘਸ ਘਸ ਕੇ ਇਕ ਰੂਪ ਹੋਣ ਕਰਕੇ ਵਾਕ ਵਿਚ ਸਬਦਾਤਮਕ ਸੰਬੰਧਾਂ ਨੂੰ ਪ੍ਰਗਟ ਕਰਨ ਵਿਚ ਅਤੇ ਅਰਥ-ਬੋਧ ਪ੍ਰਾਪਤ ਕਰਨ ਵਿਚ ਔਕੜਾ ਉਤਪੰਨ ਹੋ ਰਹੀਆ ਸਨ। ਅਪਭ੍ਰੰਸ਼-ਯੁਗ ਵਿਚ ਕਿਤੇ ਕਿਤੇ ਸਬਦਾਂ ਦੇ ਨਿਰ-ਵਿਭਕਤੀ ਰੂਪ ਵੀ ਵਰਤੋਂ ਵਿਚ ਆ ਰਹੇ ਸਨ ਜਿਸ ਕਰਕੇ ਵਾਕਾਂ ਵਿਚ ਅਸਪਸ਼ਟਤਾ ਪੈਦਾ ਹੋ ਰਹੀ ਸੀ। ਪ੍ਰਾਕ੍ਰਿਤ ਵਿਆਕਰਣਕਾਰ ਹੇਮਚੰਦ੍ਰ ਨੇ ਆਪਣੇ ਵਿਆਕਰਣ, ਗ੍ਰੰਥ ਵਿਚ ਨਿਮਨ-ਲਿਖਤ ਅਪਭ੍ਰੰਸ਼ੀ ਦੂਹਾ ਉਧ੍ਰਿਤ ਕੀਤਾ ਹੈ ਜਿਸ ਵਿਚ ਕੁਝ ਕੁ ਸ਼ਬਦਾਂ ਨਾਲ ਕਿਸੇ ਵੀ ਵਿਭਕਤੀ-ਚਿੰਨ੍ਹ ਦਾ ਕੋਈ ਯੋਗ ਨਹੀਂ ਹੈ। ਦੋਹਾ ਹੈ

ਜਿਂਵ ਜਿਂਵ ਬੰਕਿਮ ਲੋਅਣਹ ਣਿਹੁ ਸਾਮਲਿ ਸਿੱਖੇਇ।
ਤਿਂਵ ਤਿਂਵ ਬੱਮਹੁ ਣਿਅਯ ਸਰ ਖਰ ਪੱਥਰਿ ਤਿੱਖੇਇ।

ਏਥੇ 'ਬੰਕਿਮ, ਸਾਮਲਿ, ਸਰ' ਨਿਰ-ਵਿਭਕਤਿਕ ਹਨ, ਇਹ ਮੂਲਾਂਸ਼ (stem) ਹੀ ਹਨ। "ਬੰਕਿਮ" ਨਾਲ ਕਰਮ-ਕਾਰਕ ਵਿਭਕਤੀ ਪਿਛੇਤਰ, "ਸਾਮਲਿ" ਨਾਲ ਕਰਤਾ, ਅਤੇ "ਸਰ" ਨਾਲ ਕਰਮ ਵਿਭਕਤੀ ਪਿਛੇਤਰ ਦਾ ਯੋਗ ਚਾਹੀਦਾ ਸੀ। ਪਰ ਵਿਭਕਤੀ-ਲੋਪ ਦੀ ਪ੍ਰਵਿਰਤੀ ਕਰਕੇ ਅਪਭ੍ਰੰਸ਼ ਵਿਚ ਨਿਰਵਿਭਕਤਿਕ ਰੂਪ ਉਭਰ ਰਹੇ ਸਨ। (ਬੰਕਿਮ=ਬਾਂਕੇ, ਲੋਇਨ-ਲੋਚਨ, ਨੈਣ), ਸਾਮਲਿ-ਸਾਂਵਲੀ (ਨਾਇਕਾ), ਸਰ-ਸੰ ਸ਼ਰ, ਤੀਰ) ਇਸ ਤਰ੍ਹਾਂ ਕਦੇ ਕਦੇ ਕਰਤਾ ਇਕ ਵਚਨ ਵਿਚ ਸਿਰਫ਼ ਵਿਭਕਤੀ ਵਾਲੇ ਰੂਪ ਦਾ ਪ੍ਰਯੋਗ ਹੋਣ ਲਗਾ।

ਸੋ ਲੁਪਤ ਵਿਭਕਤੀਆ ਕਰ ਕੇ ਅਤੇ ਵਿਭਕਤੀ-ਪਿਛੇਤਰਾਂ ਦੀ ਅਤਿਅੰਤ ਥੋੜ੍ਹੀ ਗਿਣਤੀ ਕਰਕੇ ਅਰਥ-ਬੋਧ ਵਿਚ ਜਿਹੜੀਆਂ ਔਕੜਾਂ ਪੈਦਾ ਹੋ ਰਹੀਆਂ ਸਨ ਉਨ੍ਹਾਂ ਨੂੰ ਦੂਰ ਕਰਨ ਲਈ ਅਪਭ੍ਰੰਸ਼ ਨੇ ਸੰਬੰਧਕਾਂ (ਪਰਸਰਗਾਂ) ਦਾ ਪ੍ਰਯੋਗ ਸ਼ੁਰੂ ਕੀਤਾ। ਸੰਬੰਧਕਾ ਦੀ ਹੋਂਦ ਤੇ ਹਸਤੀ ਦੇ ਚਿੰਨ੍ਹ ਭਾਵੇ ਸੰਸਕ੍ਰਿਤ ਭਾਸ਼ਾ ਵਿਚ ਵੀ ਮੌਜੂਦ ਹਨ ਅਤੇ ਬਹੁਤ ਅਲਪ ਮਾਤਰਾ ਵਿਚ, ਇਹ ਪ੍ਰਯੋਗ ਪਾਲੀ ਪ੍ਰਾਕ੍ਰਿਤ ਵਿਚ ਵੀ ਉਪਲਬਧ ਹੈ, ਪਰੰਤੂ ਇਹ ਪ੍ਰਯੋਗ ਏਥੇ ਅਚੇਤ ਪੱਧਰ 'ਤੇ ਸ਼ੈਲੀ-ਪ੍ਰਯੋਗ ਹੀ ਹਨ। ਲੇਕਿਨ ਅਪਭ੍ਰੰਸ਼ ਵਿਚ ਸੰਬੰਧਕ ਵਿਆਕਰਣਿਕ ਸ਼੍ਰੇਣੀ ਦੀ ਸ਼ਕਲ ਵਿਚ ਸਚੇਤ ਪੱਧਰ ਤੇ ਵਰਤੋਂ ਵਿਚ ਆਏ ਹਨ। ਇਸ ਲਈ ਸੰਬੰਧਕਾ ਦਾ ਵਾਸਤਵਿਕ ਆਰੰਭ ਅਪਭ੍ਰੰਸ਼-ਕਾਲ ਤੋਂ ਹੀ ਮੰਨਣਾ ਚਾਹੀਦਾ ਹੈ। ਸੰਬੰਧਕਾ ਦੀ ਵਿਆਕਰਣਿਕ ਪ੍ਰਣਾਲੀ ਭਾਰਤੀ ਆਰੀਆ ਭਾਸ਼ਾ ਵਿਚ ਇਕ ਕ੍ਰਾਂਤੀਕਾਰੀ ਘਟਨਾ ਸਿੱਧ ਹੁੰਦੀ ਹੈ ਜਿਸ ਨਾਲ ਆਰੀਆ ਭਾਸ਼ਾ ਦਾ ਵਾਕਾਤਮਕ ਗਠਨ ਹੀ ਤਬਦੀਲ ਹੋ ਜਾਂਦਾ ਹੈ ਅਤੇ ਆਰੀਆ ਭਾਸ਼ਾ ਸੰਜੋਗਾਤਮਕ ਗਠਨ 'ਚੋਂ ਨਿਕਲ ਕੇ ਵਿਜੋਗਾਤਮਕ ਗਠਨ ਵਿਚ ਪ੍ਰਵੇਸ਼ ਕਰ ਜਾਂਦੀ ਹੈ, ਇਸ ਗਠਨ-ਪਰਿਵਰਤਨ ਦੇ ਸਦਕਾ ਆਮ ਖੋਜੀ ਵਿਦਵਾਨ ਨੂੰ ਪ੍ਰਾਚੀਨ ਆਰੀਆ ਭਾਸ਼ਾ ਦਾ ਸਰੂਪ ਬਿਲਕੁਲ ਓਪਰਾ ਜਾਪਣ ਲੱਗ ਪੈਂਦਾ ਹੈ। ਆਰੀਆ ਭਾਸ਼ਾ ਦੇ ਇਤਿਹਾਸ ਵਿਚ ਸਰਲੀਕਰਣ ਦਾ ਇਹ ਦੌਰ ਹੈ ਜੋ ਅਜੋਕੀਆ ਭਾਸ਼ਾਵਾ ਵਿਚ ਪੂਰਨ ਵਿਕਾਸ ਨੂੰ ਪਹੁੰਚਦਾ ਹੈ। ਪੰਜਾਬੀ ਭਾਸ਼ਾ ਅਜੇ ਵੀ ਕਈ ਸੰਜੋਗਾਤਮਕ ਵਿਭਕਤੀ-

ਰੂਪ ਸੰਭਾਲ ਕੇ ਬੈਠੀ ਹੈ, ਲਹਿੰਦੀ-ਪੰਜਾਬੀ ਹੋਰ ਵੀ ਵੱਧ ਸੰਜੋਗਾਤਮਕ ਹੈ, ਸਿੰਧੀ ਵਿਚ ਵੀ ਇਹ ਗੁਣਾਤਮਕ ਵਿਸ਼ੇਸ਼ਤਾ ਮਿਲਦੀ ਹੈ । ਸੋ ਪੱਛਮੋਤਰੀ ਭਾਸ਼ਾਵਾਂ ਸਦਾ ਹੀ ਮੂਲ ਆਰੀਆ ਭਾਸ਼ਾ ਦੇ ਨੇੜੇ ਰਹਿਣ ਦਾ ਮਾਣ ਪ੍ਰਾਪਤ ਕਰਦੀਆਂ ਆ ਰਹੀਆਂ ਹਨ । ਇਨ੍ਹਾਂ ਵਿਚ ਪੰਜਾਬੀ ਪ੍ਰਮੁਖ ਹੈ । ਹੁਣ ਅਸੀਂ ਵਿਭਕਤੀ-ਚਿੰਨ੍ਹਾਂ ਦੀ ਬਜਾਏ ਸੰਬੰਧਕਾਂ ਦੀ ਨਵੀਨਤਮ ਵਰਤੋਂ-ਵਿਉਂਤ ਨੂੰ ਦ੍ਰਿਸ਼ਟੀਗੋਚਰ ਕਰਦੇ ਹਾਂ ।

ਅਪਭ੍ਰੰਸ਼ ਦੇ ਸੰਬੰਧਕਾਂ ਦਾ ਰੇਖਾ-ਚਿੱਤਰ

ਕਾਰਕ		*ਅਪਭ੍ਰੰਸ਼ ਦੇ ਸੰਬੰਧਕ*	*ਉਦਾਹਰਣ*
ਕਰਣ	:	ਸਹੁੰ, ਤਣ, ਸੋ	ਜਉ ਪਵਸੰਤੇ ਸਹੁੰ ਨ ਗਯਉ (= ਜੇਕਰ ਪ੍ਰਵਾਸੀ (ਕੰਤ) ਦੇ ਸਾਥ ਨ ਗਈ)
ਸੰਪ੍ਰਦਾਨ		ਰੇਸਿ, ਕੇਹਿ, ਕੇਹਿ	ਤਉ ਕੇਹਿੰ ਅੰਨਹਿ ਰੇਸਿ (ਹੇਮਚੰਦ੍ਰ)
ਅਪਾਦਾਨ		ਹੋਂਤਉ, ਹੋਂਤ, ਹੋਂਤਿ	(ਤਹਾਂ ਹੋਂਤਉ ਆਗਦੋ (ਹੇਮਚੰਦ੍ਰ) (ਅਹ ਹੋਂਤ ਨ ਸੱਖਦਿਉ (ਸਨਤਕੁਮਾਰ ਚਰਿਉ)
ਸੰਬੰਧ	:	ਕੇਰਅ, ਕੇਰ, ਕੇਰਾ/ਕੇਰੀ	ਰਾਯਹੋਂ ਕੇਰੀ (ਜਸਹਰ ਚਰਿਉ)
ਅਧਿਕਰਣ	:	ਮੱਝਿ, ਥਿਉ, ਮਜ੍ਝੇ ਮੱਝੇ	(ਚੰਪਯ ਕੁਸੁਮਹੋ ਮੱਝਿ (ਹੇਮਚੰਦ੍ਰ) (ਜੀਵਹਿੰ ਮੱਝੇ ਏਇ (ਹੇਮਚੰਦ੍ਰ) ("ਹਿਅਅ ਥਿਉ ਜਇ ਨੀਸਰਇ, ਜਾਣਉ ਮੁੰਜ ਸਰੋਸ"

ਉਪਰੋਕਤ ਰੇਖਾ-ਚਿਤਰ ਵਿਚ ਅਪਭ੍ਰੰਸ਼ ਭਾਸ਼ਾ-ਕਾਲ ਦੇ ਕੁਝ ਕੁ ਨਮੂਨੇ ਦੇ ਹੀ ਸੰਬੰਧਕ ਸੰਗ੍ਰਹਿ ਕੀਤੇ ਗਏ ਹਨ । ਇਨ੍ਹਾਂ ਤੋਂ ਇਲਾਵਾ ਹੋਰ ਵੀ ਅਪਭ੍ਰੰਸ਼ੀ ਸੰਬੰਧਕ ਇਸ ਦੇ ਟੈਕਸਟ-ਗ੍ਰੰਥਾਂ ਤੋਂ ਹੀ ਉਪਲਬਧ ਹੋ ਸਕਦੇ ਹਨ । ਇਹ ਸੰਬੰਧਕ ਨਿਰਸੰਦੇਹ ਸਾਡੀਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਿਚ ਵਿਵਿਧ ਰੂਪਾਂਤਰਾਂ ਅਤੇ ਵਿਕਾਰਾਂ ਸਹਿਤ ਵਿਕਾਸ ਪ੍ਰਾਪਤ ਕਰ ਗਏ ਹਨ । ਇਨ੍ਹਾਂ ਦੀ ਖੋਜ ਤੇ ਅਧਿਐਨ ਵੀ ਇਕ ਨਿਸ਼ਚੇ ਹੀ ਦਿਲਚਸਪ ਵਿਸ਼ੈ ਹੈ । ਪਰੰਤੂ ਏਥੇ ਕੁਝ ਇਣੇ-ਗਿਣੇ ਪੁਰਾਤਨ ਪੰਜਾਬੀ ਸੰਬੰਧਕ ਉਦਾਹਰਣਾਂ ਵਜੋਂ ਉਧ੍ਰਿਤ ਕੀਤੇ ਜਾਂਦੇ ਹਨ । ਇਹ ਪੁਰਾਤਨ ਪੰਜਾਬੀ ਸੰਬੰਧਕਾਂ ਦੀ ਉਪਲਬਧਤਾ ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਵਿਚੋਂ ਗ੍ਰਹਿਣ ਕੀਤੀ ਗਈ ਹੈ ।

ਅਪਭ੍ਰੰਸ਼ ਸੰਬੰਧਕਾਂ ਤੋਂ ਵਿਕਸਿਤ ਪੰਜਾਬੀ ਸੰਬੰਧਕਾਂ ਦੀ ਤਾਲਿਕਾ

ਅਪਭ੍ਰੰਸ਼ ਸੰਬੰਧਕ		*ਪੰਜਾਬੀ ਸੰਬੰਧਕ*		*ਅਰਥ*	*ਉਦਾਹਰਣ*
ਥਿਉ	→	ਥੀਂ, ਥੀ	:	ਤੋਂ (= ਸੇ)	'ਮਿਥਿਆ ਮੋਹ ਮਗਨ ਥੀ ਰਹਿਆ "(ਸੂਹੀ ਛੰਤ ਮ :5)
ਸਉ/ ਸਹੁੰ	→	ਸਉ	:	ਸਾਥ	ਪਾਖੰਡ ਧਰਮ ਪ੍ਰੀਤਿ ਨਹੀਂ ਹਰਿ ਸਿਉ (ਮਾਰੂ ਸੋਲਹੇ ਮ 1)
ਕੇਰਾ/ਕੇਰਅ	→	ਕੇਰਾ, ਕੇਰੀ	:	ਦਾ, ਦੀ (=ਕਾ)	(ਧਨੁ ਧੰਨੁ ਗੁਰੂ ਨਾਨਕ ਜਨ ਕੇਰਾ (ਗਉੜੀ ਮ 4)
		ਕੇਰੀ	:	ਦੀ	"ਕਲਰ ਕੇਰੀ ਕੰਧ ਜਿਉ" (ਸ੍ਰੀ ਰਾਗ ਮ : ੧)
ਮੱਝਿ (ਮਧ੍ਯ)	→	ਮਝਿ	:	ਵਿਚ, ਭੀਤਰ, ਅੰਦਰ	'ਮਨਮੁਖ ਭਰਮੇ ਮਝਿ ਗੁਬਾਰ (ਬਸੰਤ ਮ ੧)

ਨੋਟ : ਮਝਿ ਦੀ ਵਿਉਤਪੰਨ ਰੂਪਾਵਲੀ ਵੀ ਪੁਰਾਤਨ ਪੰਜਾਬੀ ਵਿਚ ਉਪਲਬਧ ਹੁੰਦੀ ਹੈ। ਰੂਪਾਵਲੀ ਹੈ :

ਮਝਿ ~ ਮਝਾਊ ~ ਮਝਾਹਿ ~ ਮਝਾਹੂ ~ ਮਝਾਂਹਿ ~ ਮਝਾਰਿ।

ਅਪਭ੍ਰੰਸ਼ ਦੇ ਪੜਨਾਂਵ (Pronouns)

ਅਪਭ੍ਰੰਸ਼ ਵਿਚ ਕਈ ਤਰ੍ਹਾਂ ਦੇ ਪੜਨਾਂਵ ਪ੍ਰਚਲਤ ਰਹੇ। ਇਹ ਪੜਨਾਂਵ ਅਪਭ੍ਰੰਸ਼ ਦੀ ਸ਼ਬਦ-ਰਚਨਾ ਦੇ ਅਨੁਸਾਰ ਵਿਭਕਤੀ-ਸਹਿਤ ਹੀ ਵਿਉਤਪੰਨ ਹੋਏ ਹਨ। ਇਨ੍ਹਾਂ ਦੀ ਬਹੁਤ ਸਾਰੀ ਰੂਪਾਵਲੀ ਦਾ ਆਧਾਰ ਸੰਸਕ੍ਰਿਤ ਤੇ ਪ੍ਰਾਕ੍ਰਿਤਾਂ ਦੇ ਪੜਨਾਂਵ ਹੀ ਹਨ। ਅਪਭ੍ਰੰਸ਼ੀ ਪੜਨਾਂਵ ਦੀਆਂ ਸ਼੍ਰੇਣੀਆਂ ਦੇ ਨਮੂਨੇ ਪੇਸ਼ ਹਨ :

ਨੇੜਵਰਤੀ/ਦੂਰਵਰਤੀ

ਨਿਸ਼ਚੇਵਾਚਕ ਪੜਨਾਂਵ	:	ਆਯ (ਇਹ), ਏਹ (ਇਹ), ਓਇ (ਉਹ)
ਸੰਬੰਧਵਾਚਕ	:	ਜੇ, ਜੋ, ਸੋ,
ਪ੍ਰਸ਼ਨਵਾਚਕ "	:	ਕਵਣ (ਕੌਣ), ਕਾਇ, ਆਦਿ
ਅਨਿਸ਼ਚੇਵਾਚਕ "	:	ਕੋਇ, ਕਿੰਪਿ, ਕੋਵਿ, ਕੁਇ, ਕੇਣਵਿ
ਨਿਜਵਾਚਕ "	:	ਅੱਪਣ (ਆਪਣਾ) "ਅੱਤ"
ਫੁਟਕਲ "	:	ਸੱਬ (ਸਾਰੇ), ਅਣ (ਔਰ, ਹੋਰ), ਇਯਰ
ਪਰਿਮਾਣਵਾਚਕ "	:	ਜੇਵਡੂ, ਜੇਤੁੱਲ, ਜੇਤਿਯ, ਜਿਤਿਉ
ਗੁਣਵਾਚਕ ਪੜਨਾਂਵ	:	ਏਸੋ ~ ਏਹੁ, ਜਇਸੋ ~ ਜੇਹੁ

ਅਪਭ੍ਰੰਸ਼ ਦੇ ਪੜਨਾਂਵਾਂ ਵਿਚੋਂ ਪੁਰਸ਼ਵਾਚਕ ਪੜਨਾਂਵਾਂ ਦੀਆਂ ਅਮੀਰ ਵਿਭਿੰਨ ਵੰਨਗੀਆਂ ਮਿਲਦੀਆਂ ਹਨ। ਇਸ ਲਈ ਪੁਰਸ਼ਵਾਚਕ ਪੜਨਾਂਵਾਂ ਦੀ ਰੂਪਾਵਲੀ (paradigm of personal pronouns) ਹਾਜ਼ਰ ਹੈ।

ਕਾਰਕ	ਪੁਰਸ਼ (ਪੁਲਿੰਗ)	ਇਕਵਚਨ	ਬਹੁਵਚਨ	ਪੰਜਾਬੀ ਰੂਪ
ਕਰਤਾ	ਉੱਤਮ ਪੁਰਸ਼	ਹਉਂ ~ਹੰਉ	ਅਮ੍ਹੇ, ਅਮ੍ਹੀ	ਮੈਂ/ਅਸੀਂ (= ਹਉ)
ਕਰਮ	" "	ਮਇਂ	ਅਮ੍ਹਇ	ਮੈਨੂੰ/ਅਸਾਨੂੰ
ਕਰਣ	" "	ਮਹੁ~ਮੱਝੁ	ਅਮ੍ਹੇਇਂ	ਮੈਂਤੇ/ਅਸਾਥੋਂ ~ ਸਾਥੋਂ
ਅਪਾਦਾਨ-ਸੰਬੰਧਕ	"	ਮਹੁ ਮੱਝੁ, ਮਝ, ਮਹ	ਅਮ੍ਹਾਹ, ਅੰਮਾਸੁ	ਮੈਂਡਾ~ਮੇਰਾ/ਅਸਾਡਾ~ਸਾਡਾ
ਕਰਤਾ	ਮੱਧਮ ਪੁਰਸ਼	ਤੁਹੁ	ਤੁਮ੍ਹੇ~ਤੁਮ੍ਹਾਇ	ਤੂੰ-ਤੁਮ/ਤੂੰ ਤੁਸੀਂ
ਕਰਮ-ਕਰਣ	"	ਤਇਂ	ਤੁਮ੍ਹੇਹਿਂ	ਤੈਨੂੰ/ਤੁਸਾਨੂੰ-ਤੁਹਾਨੂੰ
ਸੰਬੰਧ-ਸੰਪ੍ਰਦਾਨ -ਅਪਾਦਾਨ	"	ਤਉ~ਤੁੱਝ~ਤੁਧ	ਤੁੰਮਹ, ਤੁਮ੍ਹਾਸੁ	ਤੈਥੋਂ/ਤੁਹਾਥੋਂ
ਕਰਤਾ	ਅੱਨ ਪੁਰਸ਼	ਸੋ~ਸੁ	ਤੇ~ਤਿ	ਉਹ/ਉਹ
ਕਰਮ	"	ਤੰ	ਤਾਇਂ~ਤੇਂ	ਉਹਨੂੰ/ਉਨ੍ਹਾਂ
ਕਰਣ	"	ਤੇਣ, ਤੇ	ਤੇਹਿ	ਉਸ ਨੇ/ ਉਨ੍ਹਾਂ ਨੇ
ਸੰਪ੍ਰਦਾਨ-ਸੰਬੰਧ	"	ਤਸੁ~ਤਾਸੁ~ਤਹੋ	ਤਹ, ਤਹਂ, ਤਾਹਂ	ਉਸਦਾ/ਉਨ੍ਹਾਂ ਦਾ
ਅਪਾਦਾਨ	"	ਤਾਂ~ਤੋਂ~ਤਹਾਂ		ਉਹਤੋਂ/ਉਨ੍ਹਾਂ ਤੋਂ

ਅਪਭ੍ਰੰਸ਼ ਵਿਚ ਕ੍ਰਿਆਵੀ ਵਿਭਕਤੀਕਰਣ (Verbal inflection)

ਅਪਭ੍ਰੰਸ਼ ਵਿਚ ਕ੍ਰਿਆ-ਰੂਪਾਂ ਦੇ ਸਰਲੀਕਰਣ ਅਤੇ ਇਕਰੂਪੀਕਰਣ/ਏਕੀਕਰਣ

ਦੀ* ਪ੍ਰਕਿਰਿਆ ਬਹੁਤ ਤੇਜ਼ੀ ਨਾਲ ਹੋਰ ਅੱਗੇ ਵਧ ਗਈ। ਸੰਸਕ੍ਰਿਤ ਦੇ ਕ੍ਰਿਆਵੀ ਰੂਪਾਂ ਵਿਚ ਜੋ ਬਹੁ-ਰੂਪਤਾ ਅਤੇ ਜਟਿਲਤਾ ਸੀ ਉਹ ਅਪਭ੍ਰੰਸ਼ ਵਿਚ ਆ ਕੇ ਸਮਾਪਤ ਹੋਣ ਲਗੀ। ਸੰਸਕ੍ਰਿਤ ਦੀਆਂ ਕ੍ਰਿਆਵਾਂ ਦੇ ਪੈਟਰਨ ਅਨੇਕ ਤਰ੍ਹਾਂ ਦੇ ਮਾਡਲਾਂ ਤੇ ਸਿਰਜਿਤ ਹੁੰਦੇ ਸਨ, (ਜਿਵੇਂ ਗਣ, ਆਤਮਨੇਪਦ, ਲਕਾਰ, ਪਰਸਮੈਪਦ ਆਦਿ ਦੇ ਭੇਦ) ਉਹ ਅਪਭ੍ਰੰਸ਼ ਕਾਲ ਵਿਚ ਸਮਾਪਤ ਹੁੰਦੇ ਗਏ ਅਤੇ ਕੁਝ ਥੋੜ੍ਹੇ ਜਿਹੇ ਸੰਭਾਲਣ-ਯੋਗ ਕ੍ਰਿਆ-ਮਾਡਲ ਅਵਸ਼ੇਸ਼ ਰਹੇ ਜਿਨ੍ਹਾਂ ਨੂੰ ਮੁੱਖ ਰਖ ਕੇ ਕ੍ਰਿਆਵੀ ਰੂਪਾਵਲੀ ਦੀ ਉਸਾਰੀ ਸਰਲ ਤੇ ਸੌਖੀ ਹੁੰਦੀ ਗਈ।

ਡਾ. ਭੋਲਾ ਸ਼ੰਕਰ ਵਿਆਸ [1957 : 306] ਦਾ ਕਥਨ ਹੈ ਕਿ ਸੰਸਕ੍ਰਿਤ ਦੇ ਕ੍ਰਿਆਵੀ ਵਿਭਕਤੀ ਪਿਛੇਤਰ (verbal inflecting suffixes) ਜਿਨ੍ਹਾਂ ਦਾ ਥੋੜਾ ਬਹੁਤ ਬਕਾਇਆ ਪ੍ਰਾਕ੍ਰਿਤ-ਯੁਗ ਵਿਚ ਬਚ ਗਿਆ ਸੀ, ਅਪਭ੍ਰੰਸ਼ ਯੁਗ ਵਿਚ ਹੋਰ ਵੀ ਲੁਪਤ ਹੋ ਗਿਆ। ਕ੍ਰਿਆ-ਮੂਲਕ ਵਿਭਕਤੀ ਪਿਛੇਤਰਾਂ (ਤਿਙੰਤ ਵਿਭਕਤੀਆਂ) ਦੇ ਭਾਵ-ਬੋਧ ਦੇ ਵਾਸਤੇ ਅਪਭ੍ਰੰਸ਼ ਵਿਚ ਕ੍ਰਿਦੰਤ-ਪਿਛੇਤਰ (participles) ਵਰਤੇ ਜਾਣ ਲਗੇ। ਵਰਤਮਾਨ ਅਤੇ ਭਵਿਖਤ ਕਾਲ ਵਿਚ ਕ੍ਰਿਆਵੀ ਵਿਭਕਤੀਆਂ ਦੇ ਤਦਭਵ ਰੂਪਾਂ ਨੂੰ ਥੋੜਾ-ਬਹੁਤ ਸੰਭਾਲ ਕੇ ਰਖਿਆ ਗਿਆ ਲੇਕਿਨ ਬਾਕੀ ਸਥਿਤੀਆਂ ਵਿਚ ਕ੍ਰਿਦੰਤਾਂ ਤੋਂ ਹੀ ਕ੍ਰਿਆਵਾਂ ਦਾ ਕੰਮ ਲਿਆ ਜਾਣ ਲੱਗਾ। ਡਾ. ਤਿਵਾਰੀ [1955 : 135] ਉਪਰੋਕਤ ਕਥਨ ਨਾਲ ਸਹਿਮਤ ਹੁੰਦੇ ਹੋਏ ਵੀ ਇਕ ਹੋਰ ਤੱਥਾਤਮਕ ਸਥਿਤੀ ਦੀ ਚਰਚਾ ਕਰਦੇ ਹਨ। ਉਨ੍ਹਾਂ ਦੇ ਅਨੁਸਾਰ ਕ੍ਰਿਆਵੀ ਵਿਭਕਤੀਆਂ ਦੇ ਸਥਾਨ ਤੇ ਕ੍ਰਿਦੰਤ ਰੂਪਾਂ ਦਾ ਜਿਹੜਾ ਵਰਤੋਂ-ਵਿਹਾਰ ਅਪਭ੍ਰੰਸ਼ ਵਿਚ ਹੋਣ ਲਗਿਆ ਸੀ, ਉਹ ਭਾਵੇਂ ਵਰਤਮਾਨ ਤੇ ਭਵਿਖਤ ਕਾਲ ਨੂੰ ਛੱਡ ਕੇ ਬਾਕੀ ਸਾਰਿਆਂ ਕਾਲਾਂ ਤੇ ਕ੍ਰਿਆਭਾਵਾਂ ਵਿਚ ਚਾਲੂ ਹੋ ਰਿਹਾ ਸੀ। ਪਰ ਉਥੇ ਨਵੀਆਂ ਸਥਿਤੀਆਂ ਵਿਚ ਅਹਇ, ਅੱਛ ਜਿਹੀਆਂ ਸਹਾਇਕ ਕਿਆਵਾਂ (auxiliary) ਦਾ ਪ੍ਰਯੋਗ ਕੀਤਾ ਜਾਣ ਲੱਗਾ ਅਤੇ ਇਹ ਪ੍ਰਕਿਰਿਆ ਅੱਗੇ ਜਾ ਕੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਿਚ ਪੂਰਨ ਵਿਕਾਸ ਨੂੰ ਪ੍ਰਾਪਤ ਹੋ ਗਈ। ਮਿਸਾਲ ਵਜੋਂ ਪੰਜਾਬੀ ਕ੍ਰਿਆ ਰੂਪਾਵਲੀ ਵਿਚ /ਹੈ, ਹਨ, ਸੀ, ਸਨ/ ਅਤੇ ਗੁਜਰਾਤੀ-ਰਾਜਸਥਾਨੀ ਵਿਚ /ਛੇ, ਛੂੰ/ ਆਦਿ ਸਹਾਇਕ ਕ੍ਰਿਆ ਰੂਪ ਪ੍ਰਚਲਿਤ ਹੋਏ ਹਨ।

ਅਪਭ੍ਰੰਸ਼ ਵਿਚ ਨਿਮਨ- ਅੰਕਿਤ ਕ੍ਰਿਆਵੀ ਵਿਭਕਤੀ-ਰੂਪ ਮਿਲਦੇ ਹਨ

ਕਰ (← ਕ੍ਰਿ ਧਾਤੂ) ਦਾ ਵਰਤਮਾਨ ਕਾਲ :

Present indicative : Active voice (paradigm)

ਪੁਰਖ	ਇਕਵਚਨ	ਬਹੁਵਚਨ
ਅੱਨ ਪੁਰਖ	ਕਰਇ/ ਕਰੇਇ (ਕਰਦਾ ਹੈ =ਉਹ)	ਕਰਹਿੰ/ਕਰੰਤਿ (ਕਰਦੇ ਹਨ =ਉਹ)
ਮੱਧਮ ਪੁਰਖ	ਕਰਹਿ/ਕਰਸਿ (ਕਰਦਾ ਹੈਂ = ਤੂੰ)	ਕਰਹੁ/ਕਰਹ (ਕਰਦੇ ਹੋ = ਤੁਸੀਂ)
ਉੱਤਮ ਪੁਰਖ	ਕਰਉਂ/ਕਰਮਿ (ਕਰਦਾ ਹਾਂ = ਮੈਂ)	ਕਰਹੁੰ/ਕਰਿਮੁ (ਕਰਦੇ ਹਾਂ = ਅਸੀਂ)

* The verbal system in ਅਪਭ੍ਰੰਸ਼ is chiefly based on the phonological and morphological simplification of this system in OIA (ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ) and ਪ੍ਰਾਕ੍ਰਿਤs. As in declension (ਨਾਂਵੀ ਰੂਪਾਵਲੀ), the verbal system in Indo-Aryans shows a continuous process of simplification and modification, and conjugation in Ap. forms the medial stage between ਪ੍ਰਾਕ੍ਰਿਤs and New Indo-Aryans" Tagare, 1948 : 282

ਸਾਮਾਨਯ ਭਵਿਖਤ : Future

ਅੰਨ ਪੁਰਖ	: ਕਰੇਸਇ/ਕਰੇਹਇ	(ਕਰੇਗਾ = ਉਹ)	ਕਰੇਸਹਿੰ/ਕਰੇਹਿੰਤਿ	(ਕਰਨਗੇ =ਉਹ)
ਮੱਧਮ ਪੁਰਖ	: ਕਰੇਸਹਿ/ਕਰੇਸਸਿ	(ਕਰੇਂਗਾ = ਤੂੰ)	ਕਰੇਸਹੁ/ਕਰੇਸਹੋ	(ਕਰੋਂਗੇ =ਤੁਸੀਂ)
ਉੱਤਮ ਪੁਰਖ	: ਕਰੇਸਮਿ/ਕਰੀਹਿਮਿ	(ਕਰਾਂਗਾ = ਮੈਂ)	ਕਰੇਸਹੁੰ	(ਕਰਾਂਗੇ= ਅਸੀਂ)

"ਚਲ" ਧਾਤੂ ਦਾ ਵਰਤਮਾਨ ਕਾਲ Present indicative, Active voice

ਪ੍ਰਥਮ/ਅੰਨਪੁਰਖ	: ਚਲਇ	(ਚਲਦਾ ਹੈ = ਉਹ)	ਚਲਹਿੰ	(ਚਲਦੇ ਹਨ = ਉਹ)
ਮੱਧਮ ਪੁਰਖ	: ਚਲਹਿ	(ਚਲਦਾ ਹੈਂ = ਤੂੰ)	ਚਲਹੁ	(ਚਲਦੇ ਹੋ = ਤੁਸੀਂ)
ਉੱਤਮ ਪੁਰਖ	: ਚਲਉਂ	(ਚਲਦਾ ਹਾਂ = ਮੈਂ)	ਚਲਹੁੰ	(ਚਲਦੇ ਹਾਂ = ਅਸੀਂ)

Optative mood (Paradigm of the stem "ਕਰ")

ਅੰਨ ਪੁਰਖ :	ਕਰਿੱਜਉ	ਕਰਿੱਜਹੁੰ
ਮੱਧਮ ਪੁਰਖ :	ਕਰਿੱਜਇ/ਕਰਿੱਜਹਿ	ਕਰਿੱਜਹੁ
ਉੱਤਮ ਪੁਰਖ :	ਕਰਿੱਜਉਂ	ਕਿੱਜਉਂ

ਕਿਰਿਆਵੀ ਵਿਉਤਪੰਨ ਸ਼ਬਦ-ਰੂਪ (Verbal derivatives)

ਭਾਰਤੀ ਆਰੀਆ ਭਾਸ਼ਾ ਦੀ ਸ਼ਬਦ-ਰਚਨਾ-ਪ੍ਰਕ੍ਰਿਆ ਵਿਚ ਵਧੇਤਰਾਂ (affixes) ਦਾ ਪ੍ਰਮੁਖ ਯੋਗਦਾਨ ਹੈ। ਵਧੇਤਰਾਂ ਵਿਚੋਂ ਅਗੇਤਰਾਂ ਨਾਲੋਂ ਪਿਛੇਤਰਾਂ ਦੀ ਵਧੇਰੇ ਅਹਿਮੀਅਤ ਹੈ ਕਿਉਂਕਿ ਪਿਛੇਤਰ ਹੀ ਨਾਵੀਂ ਤੇ ਕ੍ਰਿਆਵੀ ਸ਼ਬਦ-ਸਮੂਹ ਦਾ ਨਿਰਮਾਣ ਕਰਕੇ ਅਰਥਵਾਨਤਾ ਪ੍ਰਦਾਨ ਕਰਦੇ ਹਨ। ਸੰਸਕ੍ਰਿਤ/ਪ੍ਰਾਕ੍ਰਿਤ ਭਾਸ਼ਾਵਾਂ ਦੀ ਤਰ੍ਹਾਂ ਅਪਭ੍ਰੰਸ਼ ਭਾਸ਼ਾ ਵਿਚ ਪਿਛੇਤਰਾਂ ਦਾ ਕਾਰਜ ਕ੍ਰਿਆਵਾਂ/ਕ੍ਰਿਆਮੂਲਾਂ ਦੇ ਯੋਗ ਤੇ ਸਹਿਯੋਗ ਨਾਲ ਹੀ ਸੰਪੰਨ ਹੁੰਦਾ ਹੈ। ਇਸੇ ਲਈ ਪਿਛੇਤਰ ਪ੍ਰਾਥਮਿਕ ਸ਼ਰੇਣੀ ਹਨ। ਇਨ੍ਹਾਂ ਪਿਛੇਤਰਾਂ ਨੂੰ ਸੰਸਕ੍ਰਿਤ ਤਕਨੀਕੀ ਸ਼ਬਦਾਵਲੀ ਵਿਚ "ਕ੍ਰਿਦੰਤ (ਕ੍ਰਿਤ + ਅੰਤ = ਜਿਨ੍ਹਾਂ ਦੇ ਅੰਤ ਤੇ ਕ੍ਰਿ, ਕ੍ਰਿਤ, ਅਕ, ਤ੍ਰਿ ਆਦਿ ਪਿਛੇਤਰ ਹੁੰਦੇ ਹਨ ਉਹ ਕ੍ਰਿਦੰਤ ਹਨ) ਕਿਹਾ ਜਾਂਦਾ ਹੈ। ਡਾ. ਤਗਾਰੇ (1948 : 314) ਨੇ ਕ੍ਰਿਦੰਤ ਪਿਛੇਤਰਾਂ ਵਿਚ ਹੇਠ ਲਿਖੇ ਮੰਨੇ ਹਨ ਜੋ ਅਪਭ੍ਰੰਸ਼ ਭਾਸ਼ਾ ਦੀਆ ਕ੍ਰਿਆਵਾਂ /ਕ੍ਰਿਆਮੂਲਾਂ ਨਾਲ ਸੰਜੁਗਤ ਹੁੰਦੇ ਹਨ :

1. Present Participles : ਵਰਤਮਾਨ ਕ੍ਰਿਦੰਤ
2. Past Passive Participles : ਭੂਤ ਕ੍ਰਿਦੰਤ
3. Future Participles : ਭਵਿੱਖ ਤੇ ਵਿਧੀ ਕ੍ਰਿਦੰਤ
4. Gerund : ਪੂਰਵ-ਕਾਲਿਕ ਕ੍ਰਿਆ-ਕ੍ਰਿਦੰਤ
5. Absolutives

ਵਰਤਮਾਨ ਕ੍ਰਿਦੰਤ : ਅਪਭ੍ਰੰਸ਼ ਵਿਚ ਵਰਤਮਾਨ ਕ੍ਰਿਦੰਤੀ ਪਿਛੇਤਰ /-ਅੰਤ, -ਅੰਤੀ,-ਮਾਣ/ਹਨ ਜਿਨ੍ਹਾਂ ਤੋਂ ਵਰਤਮਾਨ ਕ੍ਰਿਦੰਤੀ ਰੂਪਾਂ ਦੀ ਸਿਰਜਨਾ ਹੁੰਦੀ ਹੈ, ਜਿਵੇਂ :

ਪਵਸੰਤ (ਪਵਸ + ਅੰਤ), *ਜੋਅੰਤੀ* (ਜੋ + ਅੰਤੀ, ਇਸਤ੍ਰੀਲਿੰਗ), *ਵੱਟਮਾਣ* (ਵੱਟ ← ਵਰਤ + ਮਾਣ ਮਾਨ)

ਭੂਤ ਕ੍ਰਿਦੰਤ : ਅਪਭ੍ਰੰਸ਼ ਵਿਚ ਭੂਤ ਕ੍ਰਿਦੰਤੀ ਪਿਛੇਤਰ ਹਨ /-ਇਅ, -ਇਉ, -ਇਯ, -ਇਯੋ, -ਇਅਅ, -ਇਓ/ ਜਿਵੇਂ :

ਅਪ.	ਕਿਜ/ਕਿ	← ਸੰ.	ਕ੍ਰਿਤ	: ਪੰਜਾਬੀ	ਕੀਤਾ	ਹਿੰਦੀ : ਕਿਯਾ
ਅਪ.	ਭਣਿਯ	← ?	ਭਣਿਤ	: ਪੁਰਾਤਨ ਪੰ	ਭਣਿਤ	————
ਅਪ.	ਹੂਅ	← ਸੰ.	ਭੂਤ	ਪੰ	ਹੋਇਆ	ਹਿੰ : ਹੂਆ
ਅਪ	ਗਯ	← ਸੰ.	ਗਤ	: ਪੰ	ਗਿਆ/ਗਇਆ	ਹਿੰ : ਗਯਾ
ਅਪ.	ਦਿੱਣ	← ਸੰ.	ਦੱਤ	: ਪੰ.	ਦਿੱਤਾ	ਹਿੰਦੀ : ਦਿਯਾ
ਅਪ	ਮੁੱਕ	← ਸੰ.	ਮੁਕ੍ਤ	: ਪੰ	ਮੁੱਕਿਆ	ਹਿੰ : ਮੁਕਤ

ਭਵਿੱਖ ਤੇ ਵਿਧੀ ਕ੍ਰਿਦੰਤ : (Future and obligatory participles) ਅਪ੍ਰਭੰਸ਼ ਵਿਚ ਭਵਿਖਵਾਚੀ ਕ੍ਰਿਦੰਤ ਪਿਛੇਤਰ ਇਹ ਹਨ :

/-ਇਦੇਵੱਉਂ, -ਏਵੱਉਂ, -ਏਵਾ, -ਏਵੱ/ -

ਜਿਵੇਂ : ਕਰਿਏਵੱਉਂ, ਮੋਰੱਵਉਂ, ਦੇਖੇਵੱ, ਸੋਏਵਾ। ਕਰੇਵੱਉਂ,

ਪੂਰਵ-ਕਾਲਿਕ ਕ੍ਰਿਦੰਤ (Gerunds) : ਅਪਭ੍ਰੰਸ਼ ਵਿਚ ਪੂਰਵ-ਕਾਲਿਕ ਕ੍ਰਿਦੰਤ ਇਹ ਸਵੀਕ੍ਰਿਤ ਹਨ :-

/-ਇ, -ਇਉ, -ਇਵਿ, -ਅਵਿ, -ਏਪਿ, -ਏਪਿਣੁ, -ਏਵਿ, -ਏਵਿਣੁ/ ਆਦਿ।

ਜਿਵੇਂ : ਕਰਿ, ਕਰਿਉ, ਕਰਿਵਿ, ਕਰਵਿ, ਕਰੇਪਿ, ਕਰੇਪਿਣੁ, ਕਰੇਵਿ, ਕਰੇਵਿਣੁ।

ਪ੍ਰੇਰਣਾਰਥਕ ਕ੍ਰਿਆਰੂਪ (Causative) :

ਅਪਭ੍ਰੰਸ਼ ਵਿਚ ਧਾਤੂ ਦਾ ਪ੍ਰੇਰਣਾਰਥਕ ਰੂਪ /-ਅਵ-/ ਮਧੇਤਰ (infix) ਦੇ ਯੋਗ ਨਾਲ ਰਚਿਆ ਜਾਂਦਾ ਹੈ। ਜਿਵੇਂ "ਦਾਵਇ" (ਦੇਣ ਅਰਥਕ ਧਾਤੂ "ਦਾ" ਨਾਲ-ਅਵ-ਮਧੇਤਰ ਜੋੜਕੇ), "ਚਿੰਤਵਇ" (ਚਿੰਤ + ਅਵ), "ਠਾਵਇ" (ਸਥਾ + ਅਵ) ਅਤੇ ਕਈ ਵਾਰ /-ਆਵ-/ ਮਧੇਤਰ ਨਾਲ ਵੀ ਪ੍ਰੇਰਣਾਰਥਕ ਕ੍ਰਿਆਰੂਪ ਬਣਦੇ ਹਨ, ਜਿਵੇਂ "ਣੱਚਾਵਇ" ਨਰਤ → ਣਚ੍ਚ + ਆਵ "ਬੋਲ੍ਲਾਵਇ" (ਧਾਤੂ "ਬੋਲ੍ਲ" = ਬੋਲਣਾ ਤੋਂ /-ਆਵ/ ਮਧੇਤਰ ਦੇ ਯੋਗ ਨਾਲ ਰਚਿਤ) ਆਦਿ।

ਪੁਰਾਤਨ ਪੰਜਾਬੀ "ਗੁਰੂ ਭਾਸ਼ਾ" ਵਿਚ ਪ੍ਰੇਰਣਾਰਥਕ ਕ੍ਰਿਆ-ਰੂਪਾਂ ਦੀ ਰਚਨਾ-ਬਣਤਰ (formation) ਵੀ ਉਪਰੋਕਤ ਅਪਭ੍ਰੰਸ਼ੀ ਪ੍ਰੇਰਣਾਰਥਕ ਕ੍ਰਿਆਰੂਪ ਨਾਲ ਸਮਰੂਪਤਾ ਰਖਦੀ ਹੈ। "ਕਰਨਾ" ਕ੍ਰਿਆਵੀ ਆਧਾਰ ਤੋਂ ਪ੍ਰੇਰਣਾਰਥਕ "ਕਰਾਨਾ" ਤੇ "ਕਰਵਾਉਣਾ" ਤੇ ਕਰਾਵਣਹਾਰ, ਨਚਾਵਣਹਾਰ, ਬੋਲਾਵਹਿ (ਜਿਉਂ ਬੋਲਾਵਹਿ ਤਿਉ ਨਾਨਕ ਦਾਸੁ ਬੋਲੈ-ਆ. ਗ੍ਰੰਥ) ਖਾਵਹਿ, ਸੁਣਾਵਹਿ ਆਦਿ ਧਾਤੂ-ਕ੍ਰਿਆ-ਰੂਪ ਪੁਰਾਤਨ ਪੰਜਾਬੀ ਵਿਚ ਉਪਲਬਧ ਹਨ ਅਤੇ ਇਨ੍ਹਾਂ ਦੀ ਆਂਤਰਿਕ ਸੰਰਚਨਾ (internal structure) ਅਪ੍ਰਭੰਸ਼ੀ ਕ੍ਰਿਆਰੂਪ ਦਾ ਹੀ ਵਿਕਸਿਤ ਰੂਪ ਜਾਪਦਾ ਹੈ। ਇਸ ਪ੍ਰਕਾਰ ਅਪਭ੍ਰੰਸ਼ ਦੇ ਭਾਸ਼ਾਈ ਸੰਗਠਨ ਅਤੇ ਪੰਜਾਬੀ ਖਾਸ ਕਰਕੇ ਪੁਰਾਤਨ ਪੰਜਾਬੀ (ਮੱਧਯੁੱਗ ਦੀ ਗੁਰਬਾਣੀ, ਜਨਮ ਸਾਖੀਆ ਅਤੇ ਹੋਰ ਸਾਹਿਤਕ ਪੰਜਾਬੀ) ਦੀ ਭਾਸ਼ਾਗਤ ਸੰਰਚਨਾ ਵਿਚ ਬਹੁਤ ਹੀ ਹੈਰਾਨੀਜਨਕ ਤੁਲਨਾਤਮਕ ਸਮਾਨਤਾਵਾਂ ਤੇ ਸਾਂਝਾਂ ਪ੍ਰਾਪਤ ਹੁੰਦੀਆ ਹਨ ਜਿਨ੍ਹਾਂ ਦਾ ਵਰਣਨ ਵਿਸਤ੍ਰਿਤ ਅਧਐਨ ਦੀ ਮੰਗ ਕਰਦਾ ਹੈ।

ਸਾਰਾਂਸ਼ : ਅਪਭ੍ਰੰਸ਼ ਦੀਆਂ ਭਾਸ਼ਾਗਤ ਵਿਲੱਖਣਤਾਵਾਂ :

ਅਪਭ੍ਰੰਸ਼ ਦੇ ਸੰਖੇਪ ਭਾਸ਼ਾਗਤ ਪਰਿਚੈ ਤੋਂ ਇਹ ਸਪਸ਼ਟ ਤੌਰ ਤੇ ਜ਼ਾਹਰ ਹੁੰਦਾ ਹੈ

ਕਿ ਅਪਭ੍ਰੰਸ ਨੇ ਪ੍ਰਾਕ੍ਰਿਤ ਦੀਆ ਪ੍ਰਵਿਰਤੀਆਂ ਨੂੰ ਹੋਰ ਵਿਕਸਿਤ ਕਰਨ ਦੇ ਨਾਲ ਨਾਲ ਕੁਝ ਆਪਣੀਆ ਨਵੀਆ ਨਿਜੀ ਪ੍ਰਵਿਰਤੀਆਂ ਦਾ ਵੀ ਵਿਕਾਸ ਕੀਤਾ। ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ ਦੀ ਸੰਜੋਗਾਤਮਕ ਪ੍ਰਵਿਰਤੀਆ ਅਪਭ੍ਰੰਸ਼ ਵਿਚ ਆ ਕੇ ਪੂਰਨ ਵਿਕਾਸ ਨੂੰ ਪ੍ਰਾਪਤ ਹੋਈਆਂ। ਧੁਨੀਆਤਮਕ ਪਰਿਵਰਤਨ ਤੇ ਰੂਪਾਂਤਰਣ ਦੇ ਪੱਖ ਤੋਂ ਅਪਭ੍ਰੰਸ ਆਪਣੀ ਪੂਰਬਲੀ ਭਾਸ਼ਾ "ਪ੍ਰਾਕ੍ਰਿਤ" ਤੋਂ ਕੋਈ ਬਹੁਤੀ ਦੂਰ ਨਹੀਂ ਗਈ ਅਤੇ ਇਹ ਦੱਸਣਾ ਮੁਸ਼ਕਲ ਹੈ ਕਿ ਅਪਭ੍ਰੰਸ਼ ਨੇ ਕਿਹੜੇ ਨਵੇਂ ਧੁਨੀ ਵਿਕਾਰਾਂ ਦੀਆਂ ਪ੍ਰਵਿਰਤੀਆਂ ਨੂੰ ਜਨਮ ਦਿੱਤਾ। ਪਰੰਤੂ ਇਹ ਤੱਥ ਤਾਂ ਪ੍ਰਮਾਣਿਤ ਹੁੰਦਾ ਹੈ ਕਿ ਵਿਆਕਰਣ ਦੇ ਰੂਪਾਤਮਕ ਖੇਤਰ ਵਿਚ ਨਾਂਵੀਂ ਸ਼ਬਦ-ਰੂਪਾਂ ਅਤੇ ਕ੍ਰਿਆਵੀ ਸ਼ਬਦ-ਰੂਪਾਂ ਦੇ ਪੱਖ ਤੋਂ ਅਪਭ੍ਰੰਸ਼ ਪ੍ਰਾਕ੍ਰਿਤ ਦਾ ਪੱਲਾ ਛਡ ਕੇ ਆਪਣੇ ਸੁਤੰਤਰ ਰਾਹ ਤੇ ਤੁਰ ਪਈ। ਪ੍ਰਾਕ੍ਰਿਤ ਦੀ ਤੁਲਨਾ ਵਿਚ ਅਪਭ੍ਰੰਸ਼ ਦੀਆਂ ਇਹ ਵਿਸ਼ੇਸ਼ਤਾਵਾਂ ਉਲੇਖਯੋਗ ਹਨ :

(1) *ਵਿਭਕਤੀ-ਮੂਲਕ ਨਾਂਵੀ ਸ਼ਬਦ-ਰੂਪਾਂ ਵਿਚ ਸਰਲੀਕਰਣ* : ਅਪਭ੍ਰੰਸ਼ ਨੇ ਲਿੰਗ-ਭੇਦ ਮਿਟਾ ਕੇ ਸ਼ਬਦ-ਰੂਪਾਂ ਨੂੰ ਬਹੁਤ ਸਰਲ ਕਰ ਦਿੱਤਾ। ਨਪੁੰਸਕ ਲਿੰਗ ਦਾ ਲੋਪ ਹੋ ਗਿਆ ਅਤੇ ਇਸ ਲਈ ਲਿੰਗ-ਵਿਧਾਨ ਵਿਚ ਨਪੁੰਸਕ ਦੇ ਅਲਗ ਸ਼ਬਦ-ਰੂਪ ਅਪਭ੍ਰੰਸ਼ ਵਿਚ ਨਹੀਂ ਹਨ ਅਤੇ ਇਸਤ੍ਰੀ ਲਿੰਗ ਦੇ ਰੂਪ ਵੀ ਘਟ ਹਨ। ਇਸ ਲਈ ਪੁਲਿੰਗ ਰੂਪਾਂ ਦੀ ਪ੍ਰਧਾਨਤਾ ਸਥਾਪਿਤ ਹੋ ਗਈ। ਕਾਰਕ-ਵਿਧਾਨ ਵਿਚ ਵੀ ਕਾਰਕ-ਵਿਭਕਤੀਆਂ ਦੀ ਅੱਡਰਤਾ ਘਟ ਗਈ ਅਤੇ ਸ਼ਬਦ-ਰੂਪ ਦੀ ਦ੍ਰਿਸ਼ਟੀ ਤੋਂ ਅਪਭ੍ਰੰਸ਼ ਵਿਚ ਸਿਰਫ ਤਿੰਨ ਕਾਰਕ-ਸਮੂਹ ਰਹਿ ਗਏ : (1) ਕਰਤਾ-ਕਰਮ-ਸੰਬੋਧਨ ਸਮੂਹ, (2) ਕਰਣ-ਅਧਿਕਰਣ ਸਮੂਹ, ਅਤੇ (3) ਸੰਪ੍ਰਦਾਨ-ਅਪਾਦਾਨ-ਸੰਬੰਧ ਸਮੂਹ, ਅਤੇ ਇਨ੍ਹਾਂ ਵਿਚ ਵੀ ਆਪਸੀ ਮਿਸ਼ਰਨ ਸ਼ੁਰੂ ਹੋ ਗਿਆ, ਫਲਸਰੂਪ ਸ਼ਬਦ-ਰੂਪ ਬਹੁਤ ਸਰਲ ਅਤੇ ਥੋੜ੍ਹੇ ਰਹਿ ਗਏ।

(2) *ਵਿਭਕਤੀ-ਮੂਲਕ ਕ੍ਰਿਆਵੀ ਸ਼ਬਦ-ਰੂਪਾਂ ਵਿਚ ਸਰਲੀਕਰਣ* : ਅਪਭ੍ਰੰਸ਼ ਨੇ ਕ੍ਰਿਆਵੀ ਵਿਭਕਤੀ ਰੂਪਾਂ ਦਾ ਪ੍ਰਯੋਗ ਸੀਮਤ ਕਰ ਦਿੱਤਾ ਅਤੇ ਲੋੜ-ਪੂਰਤੀ ਲਈ ਕ੍ਰਿਦੰਤਾਂ ਤੋਂ ਬਣੇ ਰੂਪਾਂ ਦਾ ਵਰਤੋਂ-ਵਿਹਾਰ ਵਿਕਸਿਤ ਕੀਤਾ। Verbal formation ਦੀ ਥਾਂ 'ਤੇ nominal formation ਦੇ ਵਿਧਾਨ ਦੀ ਅਪਭ੍ਰੰਸ਼ ਵਿਚ ਸ਼ੁਰੂਆਤ ਸੀ ਜੋ ਅੱਗੇ ਜਾ ਕੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਿਚ ਪੂਰਨਤਾ ਤਕ ਸਥਾਪਿਤ ਹੋਈ ਹੈ। ਇਸ ਨਾਲ ਸੰਸਕ੍ਰਿਤ ਤੋਂ ਆ ਰਹੀ ਕਾਲ-ਰਚਨਾ ਦੀ ਜਟਿਲਤਾ ਤੇ ਔਖਿਆਈ ਸਮਾਪਤ ਹੋ ਗਈ।

(3) ਵਿਭਕਤੀਆਂ ਦੇ ਘਸ ਜਾਣ ਕਰਕੇ ਅਤੇ ਨਿਰ-ਵਿਭਕਤਿਕ ਸ਼ਬਦ-ਪਦਾਂ ਦੇ ਕਾਰਣ ਵਾਕ ਵਿਚ ਸ਼ਬਦਾਤਮਕ ਸੰਬੰਧਾਂ ਵਿਚ ਜਿਹੜੀ ਅਸਪਸ਼ਟਤਾ ਆਉਣ ਲਗੀ ਸੀ ਉਸ ਨੂੰ ਦੂਰ ਕਰਨ ਲਈ ਅਪ੍ਰਭੰਸ਼ ਨੇ "ਸੰਬੰਧਕਾਂ" (post-position) ਦੀ ਵਰਤੋਂ ਸ਼ੁਰੂ ਕੀਤੀ (ਤਿਵਾਰੀ : 1955 : 137)।

ਅਪਭ੍ਰੰਸ਼ ਭਾਸ਼ਾ ਦੀਆਂ ਨਮੂਨਾ-ਵੰਨਗੀਆਂ

ਅਪਭ੍ਰੰਸ਼ (ਪੱਛਮੀ) 600 ਈ. ਤੋਂ 1100 ਈ. ਤਕ)

(1) ਪੁੱਤੇ ਜਾਏ ਕਵਣ ਗੁਣ ਅਵਗੁਣ ਕਵਣ ਮੁਏਣ।
ਜਾ ਬੱਪੀਕੀ ਭੁੰਹੜੀ ਚੰਪਿਜਇ ਅਵਰੇਣ॥

ਅੰਗ੍ਰੇਜ਼ੀ ਅਨੁਵਾਦ : (What good if the son is born, and what harm

if he is dead, if the father's land attacked (seized) by another).

(ਹੇਮਚੰਦ੍ਰ)

पुत्ते जाए कवणुँ गुणुँ, अवगुणु कवणु मुएण।
जा बप्पीकी भुँहडी चंपिज्जइ अवरेण।।

ਸੰਸਕ੍ਰਿਤ ਰੂਪਾਂਤਰ : (पुत्रे जाते कः पुनर्गुणः, अवगुणः कः पुनर्मृतेन।
यत् पितुः (*वप्पु) भूमिः आक्रम्यते अपरेण।।)

ਹਿੰਦੀ ਅਨੁਵਾਦ : (ऐसे पुत्रके पैदा होनेसे क्या लाभ, और मरनेसे क्या हानि, (जिसके रहते हुए) पिता की भूमि दूसरा चाँप ले।)

ਪੰਜਾਬੀ ਅਨੁਵਾਦ : ਅਜਿਹੇ ਪੁੱਤ ਦੇ ਜਨਮ ਤੋਂ ਕੌਣ ਗੁਣ, ਅਤੇ ਮੂਏ ਤੋਂ ਕੌਣ ਅਉਗੁਣ, ਜਿਸ ਦੇ (ਹੁੰਦਿਆਂ) ਬਾਪੂ ਦੀ ਭੁਇੰ ਹੋਰ (ਅਵਰੇਣ) ਚਾਪ/ਹੜੱਪ ਲਵੇ।

(2) ਭੱਲਾ ਹੁਆ ਜੁ ਮਾਰਿਆ ਬਹਿਣਿ ਮਹਾਰਾ ਕੰਤੁ ।
ਲੱਜੇਜੰ ਤੁ ਵਅੰਸਿਅਹੁ ਜਇ ਭੱਗਾ ਘਰੁ ਏਂਤੁ । (ਹੇਮਚੰਦ੍ਰ)

ਅੰਗ੍ਰੇਜ਼ੀ ਅਨੁਵਾਦ : (It was well, O Sister, that my husband was killed : if he came home defeated, among friends I would feel shame).

अपभ्रंश (पश्चिमी) (६०० ई० से ११०० ई० तक)

भल्ला हुआ जु मारिआ, बहिणि महारा कंतु।
लज्जेज्जं तु वयंसिअहु जइ भग्गा घरु एंतु।।

ਸੰਸਕ੍ਰਿਤ ਰੂਪਾਂਤਰਣ : (भद्रं भूत यत् मारितः भगिनि मम कांतः
लज्जेयं तु वयस्याभ्यः यदि भग्नो गृहं एतः)

ਹਿੰਦੀ ਅਨੁਵਾਦ : (हे सखी, मेरा पति मारा गया, यह अच्छा हुआ। मगर कहीं भगा हुआ घर आता, तो मुझे सखियोंसे लजाना पड़ता।)

ਪੰਜਾਬੀ ਅਨੁਵਾਦ : ਹੇ ਭੈਣ ! ਇਹ ਭਲਾ ਹੋਇਆ ਜੋ ਮੇਰਾ ਕੰਤ ਮਾਰਿਆ (ਗਿਆ), ਜੇ (ਜਇ) ਭੱਜ ਕੇ (ਭੱਗਾ = ਭਾਗ ਕਰ) ਘਰ ਆਂਦਾ (ਏਂਤੁ) ਤਾਂ (ਤੁ) ਮੈਂ ਸਖੀਆਂ ਤੋਂ ਲਜਾਂਦੀ (ਲੱਜੇਜੰ) ।

(ਵਅੰਸਿਅਹੁ = ਵਯੰਸ = ਹਮ-ਉਮਰ ਸਹੇਲੀਆਂ + -ਅਹੁ = ਤੋਂ)

ਪੱਛਮੀ ਅਪਭ੍ਰੰਸ਼ ਦੀਆਂ ਹੋਰ ਵੰਨਗੀਆਂ

ਮੂਲ ਟੈਕਸਟ	ਸ਼ਬਦਾਰਥ
	3
3. ਜੀਵਿਉ ਕਾਸੁ ਨ ਵੱਲਹਉ ਧਣੁ ਪੁਣੁ ਕਾਸੁ ਨ ਇੱਠੁ । ਦੋਣਿ ਵਿ ਅਵਸਰਿ ਨਿਵੜਿਆਈ ਤਿਣ-ਗਣਆਈ ਵਿਸਿੱਠੁ । (To whom is not life beloved ? To whom again is wealth a desired thing ? When the two occasions arise, the superior man considers these two as a straw)	ਵੱਲਹਉ = ਵੱਲਭ, ਪਿਆਰਾ, ਧਣੁ = ਧਨ ਦੌਲਤ । ਪੁਣੁ = ਪੁਨਹ, ਫੇਰ ਇੱਠੁ = ਇਸ਼ਟ, ਇਛਤ ਹੈ। ਦੋਣਿ = ਦੋਵੇਂ । ਅਵਸਰ = ਮੌਕੇ । ਨਿਵੜਿਆਈ = ਨਿਬੜਨਾ । ਵਿਸਿਠ = ਸ੍ਰੇਸ਼ਠ । ਤਿਣ = ਤ੍ਰਿਣ, ਕੱਖ ਕਾਨ । ਗੁਣਆਈ = ਗਿਣਦੇ ਹਨ ।
	4
4. ਅਮ੍ਹੇ ਥੋਵਾ ਰਿਉ ਬਹੁਆ ਕਾਅਰ ਏਵੰ ਭਣੰਤਿ ।	ਅਮ੍ਹੇ = ਹਮ, ਅਸੀਂ । ਥੋਵਾ = ਥੋੜ੍ਹੇ । ਰਿਉ =

ਮੁੱਧੀ ਨਿਹਾਲਹਿ ਗਅਣਅਲੁ ਕਇ ਜਣ ਜੋਣ੍ਹ ਕਰੰਤਿ।
(We are few, our enemies are many-cowards talk like that : O foolish woman ! look at the spaces of sky : how many make moon light ?)

ਅਰਿ, ਦੁਸ਼ਮਨ। ਕਅਰ = ਕਾਇਰ। ਭਣੰਤਿ = ਭਾਖਦੇ ਹਨ। ਮੁੱਧੀ = ਹੇ ਮੁਗਧੇ, ਮੂਰਖੇ! ਗਅਣਅਲ = ਗਗਨਤਲ। ਕਇ = ਕੈ ਜਣੇ। ਜੋਣ੍ਹ = ਜਯੋਤਿ, ਜੋਤ।

5. ਜਇ ਣ ਸੁ ਆਵਇ ਦੂਇ ! ਘਰੁ ਕਾ ਅਹੋ ਮੁਹੁ ਤੁੱਝੁ ?
ਵਅਣੁ ਜੁ ਖੰਡਇ ਤਉ ਸਹਿਏ ਸੋ ਪਿਉ ਹੋਇ ਣ ਮੁੱਝ।
(O messenger ! (ਦੂਤੀ) If he does not come, why art those downcast ? If he breaks word, then, O friend ! he cannot be my beloved)

5

ਜਇ = ਜੇ। ਆਵਇ = ਆਵੇ। ਅਹੋ ਮੁਹ = ਅਧੋ ਮੁਖ, ਹੇਠਾਂ ਮੂੰਹ। ਵਅਣ = ਵਚਨ, ਬੈਣ। ਜੁ = ਜੋ ਖੰਡਇ = ਖੰਡਦਾ, ਤੋੜਦਾ ਹੈ। ਸੋ = ਉਹ। ਪਿਉ = ਪ੍ਰਿਅ, ਪਤੀ।

6. ਪਿਉ ਹਉ ਥੱਕਇਸ ਸਯਲੁ ਦਿਣੁ ਤੁਹ ਵਿਰਹੰਗਿ ਕਿਲੰਤ।
ਥੋੜਇ ਜਲਿ ਜਿਮ ਮੱਛਲਿਯ ਤੋਲੋਵਿੱਲਿ ਕਰੰਤ ॥

(ਸੋਮ ਪ੍ਰਭ)

6

ਪਿਉ = ਪ੍ਰਿਅ, ਪਿਆਰਾ। ਹਉ = ਮੈਂ। ਸਯਲੁ = ਸਕਲ, ਸਗਲ, ਸਾਰਾ। ਵਿਰਹੰਗਿ = ਹੇ ਬਿਰਹੋ - ਵਿਆਕੁਲ। ਥੋੜਇ = ਥੋੜ੍ਹੇ - ਜਲ ਵਿਚ ਮੱਛੀਆਂ

7. ਏ ਮਹੁ ਦਿੰਨਾ ਦਿਅਹੜਾ, ਦਇਏਂ ਪਵਸੰਤੇਣ।
ਤਾਣ ਗਣੰਤਿਏ ਅੰਗੁਲਿਉ ਜੱਜਰਿਆਉ ਨਹੇਣ ॥

(ਹੇਮਚੰਦ੍ਰ)

ਪੂਰਵੀ ਅਪਭ੍ਰੰਸ਼ (600 ਈ. ਤੋਂ 1100 ਈ. ਤਕ)

(1) ਆਅਮਵੇਦ ਪੁਰਾਣੇ ਪੰਡਿਆ ਮਾਣ ਵਹੰਤਿ।
ਪੱਕ ਸਿਰਿਫਲੇ ਅਲਿਅ ਜਿਮਿ ਬਾਹੇਰੀਅ ਭਮੰਤਿ। (ਕੱਣਹਪਾ)

ਪੰਜਾਬੀ ਅਨੁਵਾਦ : ਆਗਮ ਵੇਦ ਪੁਰਾਣਾਂ ਵਿਚ (ਪਾਠ ਕਰਕੇ) ਅਭਿਮਾਨ ਵਾਹਨ (ਧਾਰਣ) ਕਰਦੇ ਹਨ। ਜਿਵੇਂ (= ਜਿਮਿ) ਪੱਕੇ ਸ੍ਰੀਫਲ ਦੇ ਬਾਹਰ-ਵਾਰ ਹੀ ਭੌਰੇ (ਅਲਿਅ) ਭਉਂਦੇ (= ਭਮੰਤਿ) ਫਿਰਦੇ ਹਨ।

(2) ਪੰਡਿਅ ਸਅਲ ਸੱਥ ਵਕਖਾਣਇ।
ਦੇਹਹਿ ਬੁੱਧ ਵਸੰਤ ਣ ਜਾਣਇ।
ਅਵਣਾਗਮਣ ਣ ਤੇਣ ਵਿਖੰਡਿਅ।
ਤੋ ਵਿ ਣਿਲੱਜ ਭਣਇ ਹਉਂ ਪੰਡਿਅ। (ਸਰਹਪਾ)

ਪੰਜਾਬੀ ਅਨੁਵਾਦ : ਪੰਡਿਤ ਸਗਲ = ਸਅਲ ਸ਼ਾਸਤ੍ਰਾਂ (ਸੱਥ) ਨੂੰ ਬਖਾਣਦਾ ਹੈ, ਪਰ ਦੇਹ ਵਿਚ ਬੁੱਧ ਵਸਦਾ ਹੈ, ਇਸ ਨੂੰ ਨਹੀਂ ਜਾਣਦਾ। ਆਵਾਗਉਣ ਨੂੰ ਉਹ ਨ ਖੰਡਨ ਕਰ ਸਕਿਆ, ਤਾਂ ਵੀ ਨਿਰਲੱਜ ਭਣਇ ਬੋਲਦਾ ਹੈ, ਮੈਂ ਪੰਡਿਤ ਹਾਂ।

अपभ्रंश (पूर्वी) (६०० ई० से ११०० ई० तक)

(1) आअमवेद पुराणे पंडिआ माण वहंति।
पक्क-सिरिफले अलिअ जिमि बाहेरीअ भमति।। (कण्हपा)

ਸੰਸਕ੍ਰਿਤ ਅਨੁਵਾਦ : (आगमवेदपुराणेषु पंडिताः मानं वहंति।
पक्वश्रीफले अलयः यथा बहिरेव भ्रमन्ति)

ਹਿੰਦੀ ਅਨੁਵਾਦ : (पंडित लोग आगम, वेद तथा पुराणोंके अध्ययनसे ही मानी हो जाते हैं। पर यह तो वैसे है, जैसे भँवरे पके बेलके फलके

बाहर ही घूमा करते हैं।)

(2) पडिअ सअल सत्थ बक्खाणइ।
देहहि बुद्ध बसंत ण जाणइ
अवणागमण ण तेण विखंडिअ
तो वि णिलज्ज भणइ हउं पंडिअ।। (सरहपा)

ਸੰਸਕ੍ਰਿਤ ਰੂਪਾਂਤਰ (पंडित: सकलानि शास्त्राणि वर्णयति (*वक्ष्यति)
देहहिं बुद्ध बसंतं न जानाति
गमनागमनं न तेन विखंडितं
तदपि निर्लज्जो भणति अहं पंडित:।)

ਹਿੰਦੀ ਅਨੁਵਾਦ : (पंडित समस्त शास्त्रोंका बखान करता है, पर देहमें ही स्थित बुद्ध (आत्मा, ईश्वर) को नहीं जानता। अपने जन्म मरणको वह खंडित न कर सका, फिर भी निर्लज्ज कहता है- मैं पंडित हूं।)

ਔਂਤਿਕਾ

(iv) Third MIA. stage (Apabhransa) : c. 600 A.C. —1000 A.C. (Type—Western or Sauraseni Apabhransa). *Phonetic* : in the main, the state of things as in second MIA., but, there was further decay : weakening of final vowels— -a > -a, -e, -o > -i, -u; in many dialects, -s- -ss- of earlier periods became -h-; intervocal single -m- > nasalisod -v- or -w-; nasalisation of vowels commences. *Morphological* : all declensions practically reduced to one; survivals or relics of the feminine and neuter declensions in some places; typical case forms—nominative, singular -u, -i (?), and plural -a; instrumental— -em, -him; ablative — -ahu; genitive, singular— -aha, -aha, -assu, -a, plural -na, -ham; locaive— -i, -ahim, -ahu, -asu; establishment of inflected help-words to emphasise case relations—kara, kanna, kicca, maha, kneeha or kakkha, thama, sama, anta, antara, etc., generally added to the genitive or some other form; also of verb forms like (a) bauta, banda, thakkia, dia, etc.; these help-words become the inflections and post-positions of the next period. *Conjugation* : indicative present and future, passive present; optative tending to be less and less used; imperative; the other moods and tenses entirely lost; the use of the passive participle for the past tense establishes the passive and neuter constructions; employ of fortifying affixes, pleonastic, like -ill- or -all-, -d-; compound-verb constructions coming into use more prominently.

Use or rime in versification comes into being, wider use of jingles and onomatopoetic forms in ordinary language, noted already in the preceding stage. Loan-words (new tat-samas and semi-tat-samas) from Sanskrit; influence of both Sanskrit and the literary Prakrits of the earlier stage.

S.K. Chatterji, *Origin and Development of the Bengali Language*, Calcutta.

ਹਵਾਲੇ ਤੇ ਪਾਦ ਟਿੱਪਣੀਆਂ

ਸਰੋਤ ਪੁਸਤਕਾਂ

1. Gajanan Vasudev Tagare [1948] *Historical Grammar of Apabhransa*, Poona.
2. Pandurang Damodar Gune [1950] *An Introduction to Comparative Philology*, Oriental Book House, Poona-2
3. ਭੋਲਾ ਸ਼ੰਕਰ ਵਯਾਸ [1957] *ਸੰਸਕ੍ਰਿਤ ਕਾ ਭਾਸ਼ਾ-ਸ਼ਾਸਤ੍ਰੀਯ ਅਧਯਯਨ*, ਭਾਰਤੀਯ ਗਿਆਨਪੀਠ, ਕਾਸ਼ੀ ।
4. ਉਦਯ ਨਾਰਾਯਣ ਤਿਵਾਰੀ [1955] *ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ*, ਭਾਰਤੀ ਭੰਡਾਰ, ਪ੍ਰਯਾਗ ।
5. ਸੁਨੀਤਿ ਕੁਮਾਰ ਚੈਟਰਜੀ [1954] *ਭਾਰਤੀਯ ਆਰਯ ਭਾਸ਼ਾ ਔਰ ਹਿੰਦੀ*, ਰਾਜਕਮਲ ਪ੍ਰਕਾਸ਼ਨ, ਦਿੱਲੀ ।
6. ਪ੍ਰੇਮ ਪ੍ਰਕਾਸ਼ ਸਿੰਘ [1976] *ਪੰਜਾਬੀ ਭਾਸ਼ਾ ਦਾ ਮਿਢੇਕਰ*, ਪੈਪਸੂ ਬੁਕ ਡਿਪੋ, ਪਟਿਆਲਾ ।
7. S.M. Katre [1941] *Wilson's Philological Lectures*, Poona/Bombay.
8. भोलानाथ तिवारी, [1983] हिन्दीभाषा, पंचम संस्करण, इलाहाबाद

ਅਧਿਆਏ 5 . 3

ਸੰਕ੍ਰਾਂਤੀ ਕਾਲ ਅਤੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਉਦੈ

ਸੰਕ੍ਰਾਂਤੀਕਾਲੀਨ ਭਾਸ਼ਾ : ਅਵਹੱਟ

ਯਕੀਨੀ ਤੌਰ ਤੇ ਇਹ ਨਿਰਧਾਰਤ ਕਰ ਸਕਣ ਦਾ ਸਾਡੇ ਪਾਸ ਅਜੇ ਤਕ ਕੋਈ ਵਸੀਲਾ ਨਹੀਂ ਹੈ ਕਿ ਬੋਲਚਾਲੀ ਰੂਪ ਵਿਚ ਅਪਭ੍ਰੰਸ਼ ਭਾਸ਼ਾ ਕਦੋਂ ਤਕ ਬਣੀ ਰਹੀ ਅਤੇ ਕਦੋਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ (New Indo-Aryan) ਆਪਣੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਨਾਲ ਪਰਿਪੂਰਨ ਹੋ ਕੇ ਹੋਂਦਸ਼ੀਲ ਹੋ ਗਈਆਂ। ਇਸ ਲਈ ਅਪਭ੍ਰੰਸ਼ ਭਾਸ਼ਾ-ਯੁਗ ਦੀ ਸਮਾਪਤੀ ਅਤੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (N.I.A.) ਦੇ ਸਰੂਪ-ਗ੍ਰਹਿਣ ਕਰਨ ਦਾ ਦਰਮਿਆਨੀ ਕਾਲ-ਖੰਡ ਆਰੀਆ-ਭਾਸ਼ਾ ਦੀ ਵਿਕਾਸ-ਧਾਰਾ ਵਿਚ ਇਕ ਬਹੁਤ ਹੀ ਅਸਪਸ਼ਟ ਤੇ ਧੁੰਦਲਾ ਕਾਲ ਹੈ। ਇਸ ਪ੍ਰਕਾਰ ਬੋਲਚਾਲੀ ਰੂਪ ਵਿਚ ਅਪਭ੍ਰੰਸ਼ ਦੀ ਸਥਿਤੀ ਨਾ ਹੋਣ ਤੇ ਵੀ ਬਹੁਤ ਸਮੇਂ ਤੀਕਰ ਅਪਭ੍ਰੰਸ਼ ਵਿਚ ਸਾਹਿਤ-ਰਚਨਾ ਹੁੰਦੀ ਰਹੀ ਅਤੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀਆਂ ਪ੍ਰਾਚੀਨ ਰਚਨਾਵਾਂ ਵਿਚ ਵੀ ਅਪਭ੍ਰੰਸ਼ ਦੇ ਰੂਪਾਂ ਦੀ ਵਰਤੋਂ ਕੀਤੀ ਜਾਂਦੀ ਰਹੀ। ਬਾਰ੍ਹਵੀਂ ਸਦੀ ਈਸਵੀ ਵਿਚ ਆਚਾਰੀਆ ਹੇਮਚੰਦ੍ਰ ਵਲੋਂ ਅਪਭ੍ਰੰਸ਼ ਵਿਆਕਰਣ ਲਿਖਣਾ ਇਸ ਤੱਥ ਦਾ ਸਬੂਤ ਹੈ ਕਿ ਹੇਮਚੰਦ੍ਰ ਦੇ ਸਮੇਂ ਤਕ ਅਪਭ੍ਰੰਸ਼, ਸਾਹਿਤ-ਸੀਮਤ ਭਾਸ਼ਾ ਬਣ ਚੁਕੀ ਸੀ ਅਤੇ ਬੋਲਚਾਲੀ ਭਾਸ਼ਾ ਦਾ ਸਰੂਪ ਅਗਲੇ ਪੜਾਉ ਦੀ ਤਰਫ਼ ਗਤੀਸ਼ੀਲ ਹੋ ਚੁਕਿਆ ਸੀ। ਹੇਮਚੰਦ੍ਰ ਨੇ ਆਪਣੇ ਵਿਆਕਰਣ "ਸਿੱਧ ਹੈਮ ਸ਼ਬਦਾਨੁਸ਼ਾਸਨ" ਵਿਚ ਗ੍ਰਾਮ-ਅਪਭ੍ਰੰਸ਼ (ग्राम्यापभ्रंश) ਦਾ ਉਲੇਖ ਕੀਤਾ ਹੈ, ਜਿਸ ਤੋਂ ਮੁਰਾਦ ਉਸ ਵੇਲੇ ਦੀ ਤਤਕਾਲੀਨ ਬੋਲਚਾਲੀ ਭਾਸ਼ਾ ਤੋਂ ਹੀ ਹੋਵੇਗੀ।

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਲਿਖੀਆਂ ਹੋਈਆਂ ਖਾਲਸ ਸਾਹਿਤਕ ਰਚਨਾਵਾਂ ਪੰਦਰ੍ਹਵੀਂ-ਸੋਲ੍ਹਵੀਂ ਸਦੀ ਵਿਚ ਮਿਲਣ ਲਗਦੀਆਂ ਹਨ। ਇਨ੍ਹਾਂ ਆਰੰਭਿਕ ਰਚਨਾਵਾਂ ਵਿਚ ਭਾਸ਼ਾ ਦਾ ਜਿਹੜਾ ਸਰੂਪ ਮਿਲਦਾ ਹੈ ਉਹ ਅਪਭ੍ਰੰਸ਼ ਦੀਆਂ ਵਿਸ਼ੇਸ਼ਤਾਵਾਂ ਤੋਂ ਮੁਕਤ ਅਤੇ ਆਧੁਨਿਕ ਭਾ. ਆ. ਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਤੋਂ ਸੰਜੁਗਤ ਮਿਲਦਾ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਭਾਰਤੀ ਆਰੀਆ-ਭਾਸ਼ਾ ਪੰਦਰਵੀਂ ਸਦੀ ਤਕ ਆਧੁਨਿਕ ਭਾਸ਼ਾ-ਯੁਗ ਵਿਚ ਪ੍ਰਵੇਸ਼ ਕਰ ਚੁਕੀ ਸੀ ਅਤੇ ਆਚਾਰੀਆ ਹੇਮਚੰਦ੍ਰ ਤੋਂ ਬਾਅਦ ਤੇਰ੍ਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਉਦੈ-ਕਾਲ ਪੰਦਰ੍ਹਵੀਂ ਸਦੀ ਦੇ ਪਹਿਲੋਂ ਤਕ ਦਾ ਕਾਲ-ਖੰਡ ਸੰਕ੍ਰਾਂਤੀ-ਕਾਲ ਸੀ ਜਿਸ ਨੂੰ ਸੰਧੀ-ਕਾਲ ਵੀ ਕਿਹਾ ਜਾ ਸਕਦਾ ਹੈ। ਇਸੇ ਸੰਕ੍ਰਾਂਤੀ-ਕਾਲ ਦੇ ਦੌਰਾਨ ਭਾਰਤੀ ਆਰੀਆ-ਭਾਸ਼ਾ ਹੌਲੀ ਹੌਲੀ ਅਪਭ੍ਰੰਸ਼ ਦੀ ਸਥਿਤੀ ਨੂੰ ਛੱਡ ਕੇ ਆਧੁਨਿਕ-ਕਾਲ ਦੀਆਂ ਵਿਸ਼ੇਸ਼ਤਾਵਾਂ ਤੇ ਵਿਲੱਖਣਤਾਵਾਂ ਨੂੰ ਧਾਰਣ

ਕਰਦੀ ਜਾ ਰਹੀ ਸੀ। [ਤਿਵਾਰੀ : 1955, 141]। ਵਿਦਵਾਨਾ ਨੇ ਸੰਕ੍ਰਾਂਤੀ-ਕਾਲੀਨ ਆਰੀਆ ਭਾਸ਼ਾ ਨੂੰ "ਅਵਹੱਟ" ਦਾ ਨਾਮ ਦਿੱਤਾ ਹੈ। "ਅਵਹੱਟ" ਅਸਲ ਵਿਚ ਅਪਭ੍ਰੰਸ਼ ਤੇ ਆਧੁਨਿਕ ਭਾਸ਼ਾਵਾਂ ਦੇ ਵਿਚਕਾਰ ਇਕ ਤਰ੍ਹਾਂ ਦੀ ਕੜੀ ਹੈ ਜਿਸ ਵਿਚ ਇਕ ਪਾਸੇ ਅਪਭ੍ਰੰਸ਼ ਅਤੇ ਦੂਜੇ ਪਾਸੇ ਆਧੁਨਿਕ ਭਾਸ਼ਾਵਾਂ ਦੇ ਅੰਸ਼ ਸੰਮਿਲਤ ਰੂਪ ਵਿਚ ਉਪਲਬਧ ਹੁੰਦੇ ਹਨ। ਸੰਕ੍ਰਾਂਤੀ-ਕਾਲੀਨ ਭਾਸ਼ਾ ਦੇ ਅਧਿਐਨ ਲਈ ਅਜੇ ਤਕ ਕੁਝ ਕੁ ਗ੍ਰੰਥਾਂ ਦੀ ਸਕਲ ਵਿਚ ਸਰੋਤ-ਸਾਮਗ੍ਰੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਵਿਚ ਉਸ ਭਾਸ਼ਾ ਦੇ ਦਰਸ਼ਨ ਹੁੰਦੇ ਹਨ। ਸੰਕ੍ਰਾਂਤੀ-ਕਾਲੀਨ ਉਪਲਬਧ ਗ੍ਰੰਥਾਂ ਦਾ ਸੂਚੀਬੱਧ ਵੇਰਵਾ ਅੱਗੇ ਅੰਕਿਤ ਹੈ :

ਰਚਨਾ		ਲੇਖਕ	ਸਮਾਂ
1. ਸੰਦੇਸ਼ ਰਾਸਕ (ਸਨੇਹ ਰਾਸਾ)	:	ਅਬਦੁਲ ਰਹਿਮਾਨ, ਮੁਲਤਾਨ, ਪੰਜਾਬ (ਅੱਦਹਮਾਣ)	12ਵੀਂ ਸਦੀ
2. ਪ੍ਰਾਕ੍ਰਿਤ ਪੈਂਗਲਮ	:	ਪਿੰਗਲ, ਵਾਰਾਣਸੀ, ਯੂ. ਪੀ.	14ਵੀਂ ਸਦੀ
3. ਉਕਤਿ-ਵਯਕਤਿ ਪ੍ਰਕਰਣ	:	ਪੰ. ਦਾਮੋਦਰ, ਕਾਸ਼ੀ, ਯੂ. ਪੀ.	12ਵੀਂ ਸਦੀ
4. ਕੀਰਤਿ ਲਤਾ	:	ਵਿਦਿਆਪਤੀ, ਮਿਥਿਲਾ, ਬਿਹਾਰ	14ਵੀਂ ਸਦੀ
5. ਵਰਣ ਰਤਨਾਕਰ	:	ਜਯੋਤਿਰੀਸ਼ਵਰ, ਮਿਥਿਲਾ, ਬਿਹਾਰ	14ਵੀਂ ਸਦੀ
6. ਚਰਯਾਪਦ	:	ਸਿੱਧ ਤੇ ਨਾਥ, ਪੂਰਬੀ ਭਾਰਤ	14ਵੀਂ ਸਦੀ
7. ਗਿਆਨੇਸ਼ਵਰੀ	:	ਸੰਤ ਗਿਆਨੇਸ਼ਵਰ, ਦੱਖਣੀ ਭਾਰਤ	13ਵੀਂ ਸਦੀ
8. ਪੁਰਾਤਨ ਪ੍ਰਬੰਧ ਸੰਗ੍ਰਹਿ	:	(ਸੰ.) ਮੁਨਿ ਜਿਨ ਵਿਜਯ	12ਵੀਂ ਸਦੀ
9. ਰਾਉਲ ਬੇਲ	:		

"ਅਵਹੱਟ" ਸ਼ਬਦ ਦੀ ਵਰਤੋਂ ਦੇ ਪ੍ਰਸੰਗ

ਹੇਠ ਲਿਖੇ ਇਨ੍ਹਾਂ ਗ੍ਰੰਥਾਂ ਵਿਚ ਭਿੰਨ ਭਿੰਨ ਪ੍ਰਸੰਗਾਂ ਅੰਦਰ "ਅਵਹੱਠ/ਅਵਹੱਟ" ਸ਼ਬਦ ਦਾ ਪ੍ਰਯੋਗ ਹੋਇਆ ਹੈ।

ਸੰਦੇਸ਼ ਰਾਸਕ :

"ਅਵਹੱਟਯ —— ਸੱਕਯ ਪਾਇਯੰਮਿ ਪੇਸਾਇਯੰਮਿ ਭਾਸਾਯ।" (1.6.)
(ਅਰਥਾਤ ਅਵਹੱਟ, ਸੰਸਕ੍ਰਿਤ ਅਤੇ ਪੈਸਾਚੀ ਭਾਸ਼ਾਵਾ ਵਿਚ (ਪ੍ਰਬੀਨ)।)

ਪ੍ਰਾਕ੍ਰਿਤ ਪੈਂਗਲ ਦੇ ਟੀਕਾਕਾਰ *ਲਕਸ਼ਮੀਧਰ* ਦਾ ਕਥਨ

"ਪ੍ਰਥਮੰ ਭਾਸ਼ਾਯਾਹ **ਅਵਹੱਟ** ਭਾਸ਼ਾਯਾਸ ਤਰੰਡਹ"

ਵਰਣ ਰਤਨਾਕਾਰ

"ਪੁਨੁ ਕਈਸਨ ਭਾਟ, ਸੰਸਕ੍ਰਿਤ, ਪਰਾਕ੍ਰਿਤ, ਅਵਹੱਠ, ਪੈਸ਼ਾਚੀ, ਸੌਰਸੇਨੀ, ਮਾਗਧੀ, ਛਹ ਭਾਸ਼ਾ ਤੱਤਵੱਗ ਸ਼ਕਾਰੀ, ਆਭੀਰੀ, ਚਾਂਡਾਲੀ, ਸਾਵਲੀ, ਦ੍ਰਾਵਿਲੀ, ਔਤਕਲੀ ਵਿਜਾਤੀਯਾਂ ਸਾਤਹੁ ਉਪਭਾਸ਼ਕ ਕੁਸ਼ਲਹ (ਪੰਨਾ 55)

ਕੀਰਤਿਲਤਾ

ਸੱਕਅ ਵਾਣੀ ਬਹੁਅ ਨ ਭਾਵਇ।	(ਸੱਕਅ = ਸੰਸਕ੍ਰਿਤ)
ਪਾਉਅ ਰਸ ਕੋ ਮਰਮ ਨ ਪਾਵਇ।	(ਪਾਉਅ = ਪ੍ਰਾਕ੍ਰਿਤ)
ਦੇਸਿਲ ਬਅਨਾ ਸਬ ਜਨ ਮਿੱਠਾ।	(ਦੇਸਿਲ ਬਅਨਾ = ਦੇਸ਼ੀ ਬਚਨ, ਭਾਸ਼ਾ)
ਤੇਂ ਤੈਸਨ ਜੰਪਿਅ ਅਵਹੱਠਾ	(ਪ੍ਰਥਮ ਪੱਲਵ)

(ਸੰਸਕ੍ਰਿਤ ਬਾਣੀ ਬਹੁਤੀ ਨਹੀਂ ਭਾਉਂਦੀ, ਪ੍ਰਾਕ੍ਰਿਤ ਦਾ ਮਰਮ (ਰਹੱਸ) ਵੀ ਨਹੀਂ ਪ੍ਰਾਪਤ ਹੈ। ਦੇਸੀ ਭਾਸ਼ਾ ਸਾਰਿਆਂ ਲਈ ਮਿੱਠੀ ਹੈ। ਉਸੇ ਤਰ੍ਹਾਂ ਅਵਹੱਠ ਹੀ ਵਰਤੀ-ਬੋਲੀ ਹੈ)*

ਅਵਹੱਟ ਦਾ ਪ੍ਰਯੋਗ : ਸੰਧੀਕਾਲੀਨ ਭਾਸ਼ਾ

ਉਕਤ ਗ੍ਰੰਥਾ ਵਿਚ ਅਵਹੱਟ/ਅਵਹੱਠ ਸ਼ਬਦ ਦਾ ਪ੍ਰਯੋਗ ਅਵੱਸ਼ ਹੋਇਆ ਹੈ। ਪਰੰਤੂ ਇਸ ਤੋਂ ਇਹ ਸਾਬਤ ਕਰਨਾ ਕਾਫੀ ਔਖਾ ਹੋ ਰਿਹਾ ਹੈ ਕਿ ਅਵਹੱਟ ਸ਼ਬਦ ਸੰਸਕ੍ਰਿਤ 'ਅਪਭ੍ਰੰਸ਼' ਜਾਂ ਸੰ. 'ਅਪਭ੍ਰਸਟ' ਦਾ ਹੀ ਵਿਗੜਿਆ ਰੂਪ ਹੈ। ਏਸ ਲਈ ਅਵਹੱਟ ਤੇ ਅਪਭ੍ਰੰਸ਼ ਦੋਵੇਂ ਇਕੋ ਹੀ ਹਨ ਅਤੇ ਜਾਂ ਅਵਹੱਟ ਅਪਭ੍ਰੰਸ਼ ਤੋਂ ਅਲਹਿਦਾ ਅਗਲੀ ਭਾਸ਼ਾ ਦਾ ਨਾਉਂ ਹੈ, ਵਿਦਵਾਨ ਇਸ ਬਾਰੇ ਸਹਿਮਤ ਨਹੀਂ ਹਨ। ਡਾ. ਭੋਲਾ ਨਾਥ ਤਿਵਾਰੀ [ਹਿੰਦੀ ਭਾਸ਼ਾ, ਪੰਨਾ 92-94] ਨੇ ਬੜੇ ਸਮਰਥ ਸ਼ਬਦਾਂ ਵਿਚ ਇਹ ਸਿੱਧ ਕਰਨ ਦਾ ਜਤਨ ਕੀਤਾ ਹੈ ਕਿ ਅਵਹੱਟ ਅਪਭ੍ਰੰਸ਼ ਦਾ ਹੀ ਨਾਂ ਹੈ ਜਿਹੜੀ ਦੇਸੀ ਉਚਾਰਣ ਅਨੁਸਾਰ ਵਿਗੜ ਕੇ ਬਣਿਆ ਹੋਇਆ ਹੈ। ਪਰ ਉਹ ਇਹ ਵੀ ਮੰਨਦੇ ਹਨ ਕਿ ਅਪਭ੍ਰੰਸ਼ ਦੇ ਅਗਲੇ ਰੂਪ ਅਤੇ ਆਧੁਨਿਕ ਬੋਲੀਆਂ ਤੋਂ ਪਹਿਲੇ ਰੂਪ ਦੀ ਭਾਸ਼ਾ ਦੇ ਤੌਰ ਤੇ 'ਅਵਹੱਟ' ਭਾਸ਼ਾ ਦੀ ਮਾਨਤਾ ਭਾਸ਼ਾ ਵਿਗਿਆਨੀਆਂ ਵਿਚ ਚਲ ਪਈ ਹੈ। ਇਸ ਲਈ ਚਲਦੀ ਦਾ ਨਾਂ ਗੱਡੀ ਹੈ।

ਇਹ ਠੀਕ ਹੈ ਕਿ 'ਪ੍ਰਾਕ੍ਰਿਤ ਪੈਂਗਲ' ਦੇ ਟੀਕਾਕਾਰ ਲਕਸਮੀਧਰ ਨੇ ਆਪਣੀ ਟੀਕਾ ਵਿਚ ਅਵਹੱਠ ਦਾ ਅਰਥ ਅਪਭ੍ਰੰਸ਼ ਹੀ ਕੀਤਾ ਹੈ ਜਿਹੜਾ ਬਰੈਕਟ ਵਿਚ ਹੈ। ਆਮ ਤੌਰ ਤੇ ਅਪਭ੍ਰੰਸ਼ ਦੇ ਕਵੀਆ ਨੇ ਅਵਹੱਟ ਦੀ ਵਰਤੋਂ ਅਪਭ੍ਰੰਸ਼ ਵਾਸਤੇ ਹੀ ਕੀਤੀ ਲਗਦੀ ਹੈ। ਅਪਭ੍ਰੰਸ਼-ਕਵੀ ਸੰਸਕ੍ਰਿਤ ਨੂੰ *ਸੱਕਅ,* ਪ੍ਰਕ੍ਰਿਤ ਨੂੰ *ਪਾਉਅ* ਲਿਖਦੇ ਸਨ ਅਤੇ ਹੋ ਸਕਦਾ ਹੈ ਕਿ ਉਹ ਅਵਹੱਟ ਨੂੰ ਵੀ ਅਪਭ੍ਰੰਸ਼ ਦੇ ਅਰਥ ਵਿਚ ਪ੍ਰਯੁਕਤ ਕਰਦੇ ਸਨ। ਪਰ ਦੂਜੇ ਪਾਸੇ ਇਹ ਵੀ ਵੇਖਿਆ ਜਾ ਸਕਦਾ ਹੈ ਕਿ *ਕੀਰਤਿਲਤਾ* ਵਿਚ 'ਦੇਸਿਲ ਬਅਨਾ' (ਦੇਸੀ ਬੈਣ = ਬਚਨ, ਬੋਲ) ਵਲ ਵੀ ਇਸ਼ਾਰਾ ਹੈ ਅਰਥਾਤ ਦੇਸੀ ਬੋਲੀ। ਬਹੁਤ ਸਾਰੇ ਕਵੀ ਆਪਣੇ ਆਪਣੇ ਪ੍ਰਾਂਤ ਦੀਆਂ ਬੋਲੀਆਂ ਨੂੰ ਦੇਸੀ ਭਾਸ਼ਾ ਜਾਂ ਭਾਖਾ ਕਹਿੰਦੇ ਰਹੇ ਹਨ ਅਤੇ ਅਵਹੱਟ ਦੀ ਘਟ ਵਰਤੋਂ ਕੀਤੀ ਹੈ। ਡਾ. ਚੈਟਰਜੀ ਅਤੇ ਡਾ. ਸੇਨ ਨੇ ਪ੍ਰਾਚੀਨ ਅਪਭ੍ਰੰਸ਼ ਨੂੰ ਤਾਂ ਅਪਭ੍ਰੰਸ਼ ਕਿਹਾ ਹੈ ਪਰ ਮਗਰਲੇ ਸਮੇਂ ਦੀ ਅਪਭ੍ਰੰਸ਼ ਨੂੰ 'ਅਵਹੱਟ' ਦਾ ਨਾਂ ਦਿੱਤਾ ਹੈ। ਇਸ ਸਾਰੀ ਚਰਚਾ ਦਾ ਭਾਵ ਇਹ ਹੈ ਕਿ ਅਪਭ੍ਰੰਸ਼ ਆਪਣੇ ਸਮੇਂ ਅਰਥਾਤ 600 ਈ. ਤੋਂ 1000 ਈ. ਤਕ ਸਾਹਿਤਕ ਭਾਸ਼ਾ ਦੀ ਪਦਵੀ ਤੇ ਸੁਸ਼ੋਭਤ ਰਹੀ ਪਰ ਜਦੋਂ ਇਸ ਵਿਚ ਆਂਪੋ ਆਪਣੇ ਇਲਾਕਿਆਂ ਦੀਆ ਬੋਲੀਆਂ ਦੇ ਅੰਸ਼ ਜ਼ੋਰ ਫੜਨ ਲਗੇ ਤਾਂ ਇਹ ਤਬਦੀਲ ਹੋ ਕੇ ਦੇਸੀ ਭਾਸ਼ਾ, ਅਵਹੱਠ, ਅਵਹੰਸ, ਭਾਖਾ ਜਾਂ ਨਿਰੀ ਭਾਸ਼ਾ ਅਖਵਾਉਣ ਲਗੀ। ਕਵੀ ਆਪਣੀਆਂ ਖੇਤਰੀ ਬੋਲੀਆਂ ਦੇ ਅੰਸ਼ ਸਮੇ ਕੇ ਅਪਭ੍ਰੰਸ਼ ਦੀ ਵਰਤੋਂ ਕਰਦੇ ਰਹੇ ਅਤੇ ਇਸ ਤਰ੍ਹਾਂ ਅਪਭ੍ਰੰਸ਼ ਤੇ ਆਧੁਨਿਕ ਹਿੰਦ-ਆਰੀਆਈ ਭਾਸ਼ਾਵਾਂ ਦੇ ਉਦੈ-ਕਾਲ ਦੇ ਦਰਮਿਆਨੀ ਸਮੇਂ ਵਿਚ "ਅਵਹੱਟ" ਇਕ *ਸੰਧੀਕਾਲੀਨ* ਭਾਸ਼ਾ ਜਾਂ ਸੰਕ੍ਰਾਂਤੀ-ਕਾਲੀਨ ਭਾਸ਼ਾ ਦੇ ਰੂਪ ਵਿਚ ਮੰਨਣ-ਯੋਗ ਬਣ ਗਈ। ਡਾ. ਤਿਵਾਰੀ ਨੇ ਲਿਖਿਆ ਹੈ (ਪੰਨਾ

* ਵਿਦਯਾਪਤਿ ਨੇ ਜਿਸ ਨੂੰ "ਅਵਹੱਠ" ਕਹਿਆ ਹੈ ਉਹ ਅਪਭ੍ਰੰਸ਼ ਦਾ ਹੀ ਇਕ ਦੇਸ਼-ਭਾਸ਼ਾ ਮਿਲਿਆ ਨਵਾਂ ਰੂਪ ਸੀ" ਵੀ. ਬੀ. ਅਰੁਣ, *ਪੰਜਾਬੀ ਭਾਸ਼ਾ ਦਾ ਇਤਿਹਾਸ,* ਲੁਧਿਆਣਾ, 1956 : 33.

100) ਕਿ ਇਹ ਸੰਧੀਕਾਲੀਨ ਅਵਹੱਟ ਭਾਸਾ ਦਾ ਸਮਾਂ ਮੋਟੇ ਤੌਰ ਤੇ 900 ਤੋਂ 1100 ਈ. ਤਕ ਜਾ ਕੁਝ ਬਾਅਦ ਤਕ ਦਾ ਹੈ ਭਾਵੇਂ ਸਾਹਿਤ ਵਿਚ ਇਸ ਦਾ ਵਿਵਹਾਰ ਚੌਦ੍ਹਵੀਂ ਸਦੀ ਤਕ ਵੀ ਹੁੰਦਾ ਰਿਹਾ ਹੈ।

ਡਾ. ਉਦਯ ਨਾਰਾਯਣ ਤਿਵਾਰੀ [ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ, ਪੰਨਾ 141] ਨੇ ਸੰਕ੍ਰਾਂਤੀ ਕਾਲ ਦੀਆਂ ਅਵਹੱਟ ਰਚਨਾਵਾਂ ਵਿਚ ਵੱਖਰੇ ਵੱਖਰੇ ਇਲਾਕਿਆ ਦੀਆਂ ਬੋਲੀਆਂ ਦੇ ਭਾਸਾਈ ਰੂਪ ਵੇਖੇ ਹਨ, ਇਸ ਲਈ ਇਹ ਰਚਨਾਵਾ ਵੱਖਰੇ ਵੱਖਰੇ ਪ੍ਰਾਂਤਾਂ ਦੇ ਬੋਲੀ-ਰੂਪਾਂ ਦੀਆਂ ਪ੍ਰਤਿਨਿਧ ਰਚਨਾਵਾਂ ਹਨ.

ਗ੍ਰੰਥ		ਪ੍ਰਾਂਤਿਕ ਬੋਲੀਆ ਦੇ ਅੰਸ਼
ਸੰਦੇਸ਼ ਰਾਸ਼ਕ		
ਪ੍ਰਾਕ੍ਰਿਤ ਪੈਂਗਲ	:	(ਪੰਜਾਬ ਸਮੇਤ) ਉੱਤਰ-ਪੱਛਮੀ ਭਾਰਤੀ ਬੋਲੀਆਂ
ਪੁਰਾਤਨ ਪ੍ਰਬੰਧ ਸੰਗ੍ਰਹ		
ਉਕਤ-ਵਯਕਤਿ-ਪ੍ਰਕਰਣ		ਕੋਸਲੀ (ਹੁਣ ਅਵਧੀ ਖੇਤਰ)
ਵਰਣ ਰਤਨਾਕਰ		
ਕੀਰਤਿ ਲਤਾ		ਪੂਰਬੀ ਭਾਰਤੀ ਬੋਲੀਆਂ
ਚਰਯਾ ਪਦ		
ਗਿਆਨੇਸ਼ਵਰੀ		ਮਰਾਠੀ ਭਾਸ਼ਾ

ਭਾਸ਼ਾਗਤ ਵਿਲੱਖਣਤਾਵਾਂ

"ਅਵਹੱਟ" ਭਾਸ਼ਾ ਦੀਆਂ ਕੁਝ ਕੁ ਐਸੀਆਂ ਪ੍ਰਵਿਰਤੀਆਂ ਤੇ ਵਿਲੱਖਣਤਾਵਾਂ ਦ੍ਰਿਸਟੀਗੋਚਰ ਹੁੰਦੀਆ ਹਨ ਜਿਨ੍ਹਾਂ ਦਾ ਸੰਖੇਪ ਜ਼ਿਕਰ ਕਰਨਾ ਰੋਚਕ ਹੋਵੇਗਾ। ਅਵਹੱਟ ਦੀ ਧੁਨੀ-ਸੰਰਚਨਾ ਵਿਚ ਧੁਨੀਆਤਮਕ ਵਰਤਾਰਾ ਕੁਝ ਅਵੱਸ਼ ਵਿਲੱਖਣ ਹੈ।

ਪ੍ਰਾਕ੍ਰਿਤਾ ਤੇ ਅਪਭ੍ਰੰਸ਼ਾ ਦੀ ਸਟੇਜ ਤੇ ਅੰਤਰ-ਸਵਰੀ ਮੱਧਵਰਤੀ ਵਿਅੰਜਨਾਂ ਦੇ ਲੋਪ ਤੋਂ ਸੁਰ-ਧੁਨੀਆਂ ਦੀ ਜਿਹੜੀ ਸਥਿਤੀ ਸਥਾਪਨਾ ਪੈਦਾ ਹੋ ਗਈ ਸੀ ਅਤੇ ਨਿਰਸੰਧੀ ਸੁਰ ਮੌਜੂਦ ਚਲੇ ਆ ਰਹੇ ਸਨ ਉਹ ਅਵਹੱਟ ਵਿਚ ਆ ਕੇ ਸੰਧੀ ਯੁਕਤ ਹੋ ਕੇ ਰੂਪਾਂਤਰਤ ਹੁੰਦੇ ਹਨ ਅਤੇ ਇਹ ਪ੍ਰਵਿਰਤੀ ਸਾਡੀਆਂ ਆਧੁਨਿਕ ਬੋਲੀਆਂ ਵਿਚ ਪ੍ਰਬਲ ਰੂਪ ਵਿਚ ਉਭਰੀ ਹੈ। ਹੇਠਾਂ ਇਕ ਰੇਖਾ-ਚਿੱਤਰ ਵਿਚ ਸੁਰ-ਸੰਜੋਗਾਂ ਜਾਂ ਸੰਧੀ-ਸੁਰਾਂ ਦੇ ਉਦਾਹਰਣ ਅੰਕਿਤ ਹਨ :

ਸੰਸਕ੍ਰਿਤ			ਅਪਭ੍ਰੰਸ਼	:	ਅਵਹੱਟ	:	ਪੰਜਾਬੀ
ਚਤੁਸ਼ਕ	(चतुष्क)	:	ਚਉਅਕ		ਚੌਅਕ	:	ਚੌਕ
ਕਮਲ	(कमल)	:	ਕਵੰਲ/ਕਉਲ		ਕੌਲ	:	ਕੌਲ
ਗੌਰ	(गौर-वर्ण)	.	ਗਉਰ	:	ਗੌਰ		ਗੋਰਾ
ਰਜਨੀ	(रजनी)	:	ਰਇਣ	:	ਰੈਣ	.	ਰੈਣ (ਰਾਤ)
ਰਕ੍ਸ਼ਤਿ	(रक्षति)	:	ਰੱਖਇ		ਰਾਖੈ	:	ਰਾਖੈ (ਪੁਰਾ-ਪੰਜਾਬੀ
ਮਯੂਰ	(मयूर)	:	ਮਊਰ	:	ਮੋਰ	:	ਮੋਰ

ਹਾਨੀ-ਪੂਰਤੀ ਦੀ ਪ੍ਰਵ੍ਰਿਤੀ ਅਵਹੱਟ ਵਿਚ ਉੱਭਰੀ ਹੈ, ਜਿਵੇਂ :

ਸੰਸਕ੍ਰਿਤ	ਪ੍ਰਾਕ੍ਰਿਤ/ਅਪਭ੍ਰੰਸ਼	ਅਵਹੱਟ	ਆਧੁਨਿਕ ਬੋਲੀਆਂ/ਪੰਜਾਬੀ
ਕਰਮ	ਕਮ੍ਮ	ਕਾਮ	ਕੰਮ (ਹਿੰ. ਕਾਮ)
ਕਾਰਯ	ਕਯ੍ਯ/ਕਜ੍ਜ	ਕਾਜ	ਕਾਜ
ਮਿਤ੍ਰ	ਮਿਤ੍ਤ/ਮਿੱਤ	ਮੀਤ	ਮਿੱਤ/ਮਿਤਰ
ਭਕਤ (ਚੌਲ)	ਭਤ੍ਤ	ਭਾਤ	ਹਿੰ. ਭਾਤ, ਪੰ. ਭੱਤਾ

ਉੱਪਰ ਤਾਲਿਕਾ ਵਿਚ ਦਰਜ ਅਵਹੱਟ-ਰਚਨਾਵਾਂ ਦੇ ਭਾਸ਼ਾਗਤ ਅਧਿਐਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਇਨ੍ਹਾਂ ਦੀ ਭਾਸਾਗਤ ਸੰਰਚਨਾ ਵਿਚ ਅਪਭ੍ਰੰਸ਼ੀ ਲੱਛਣਾਂ ਦੇ ਨਾਲ ਨਾਲ ਨਵੀਆਂ ਖੇਤਰੀ ਤੇ ਪ੍ਰਾਂਤਿਕ ਬੋਲੀਆਂ ਦੇ ਲੱਛਣ ਵੀ ਮਿਲਦੇ ਹਨ ਅਤੇ ਇਨ੍ਹਾਂ ਦੀ ਭਾਸ਼ਾ ਨਵੀਆਂ ਬੋਲੀਆਂ ਦੇ ਅੰਸ਼ਾਂ ਵਲ ਝੁਕ ਰਹੀ ਹੈ। ਇਸ ਲਈ ਉਪਰੋਕਤ ਰਚਨਾਵਾਂ ਸੰਕ੍ਰਾਂਤੀ-ਕਾਲ ਦੀਆਂ ਰਚਨਾਵਾਂ ਹੀ ਮੰਨੀਆਂ ਜਾ ਸਕਦੀਆਂ ਹਨ। ਇਸ ਲਈ ਭਾਸ਼ਾਈ ਅਧਿਐਨ ਤੋਂ ਇਸ ਸੰਕ੍ਰਾਂਤੀ ਕਾਲੀਨ/ਸੰਧੀਕਾਲੀਨ ਭਾਸ਼ਾ ਨੂੰ "ਅਵਹੱਟ" ਕਿਹਾ ਜਾ ਸਕਦਾ ਹੈ।

ਸੰਦੇਸ਼ ਰਾਸਕ ਅਤੇ ਪੁਰਾਤਨ ਪੰਜਾਬੀ

ਏਥੇ ਇਹ ਤੱਥ ਉਲੇਖਯੋਗ ਹੈ ਕਿ ਪੂਰਵ-ਨਿਰਦਿਸ਼ਟ "ਸੰਦੇਸ਼-ਰਾਸਕ" (ਸਨੇਹਾ ਰਾਸਾ : ਅੱਦਹਮਾਣ) ਦੀ ਭਾਸ਼ਾ ਵਿਚ ਆਦਿ-ਕਾਲੀਨ ਪੁਰਾਤਨ ਪੰਜਾਬੀ ਦੇ ਦਰਸਨ ਹੁੰਦੇ ਹਨ, ਖ਼ਾਸ ਕਰ ਕੇ ਲਹਿੰਦੀ ਪੰਜਾਬੀ ਦੇ। ਸੰਦੇਸ਼ ਰਾਸਕ ਪੰਜਾਬ ਦੇ ਪ੍ਰਾਚੀਨ ਨਗਰ ਮੁਲਤਾਨ (ਮੂਲ ਸਥਾਨ) ਦੇ ਮੁਕਾਮ ਤੇ ਰਚੀ ਗਈ ਸਾਹਿਤਕ ਰਚਨਾ ਹੈ ਜਿਸ ਵਿਚ ਇਕ ਬਿਰਹਣ-ਨਾਇਕਾ ਕਿਸੇ ਮੁਸਾਫ਼ਰ ਦੇ ਹੱਥ, ਆਪਣੇ ਪਤੀ ਨੂੰ ਬਿਰਹੋਂ ਦੀ ਚੀਸ ਨਾਲ ਲਬਰੇਜ਼ ਸੰਦੇਸੜਾ ਭੇਜ ਰਹੀ ਹੈ ਅਤੇ ਇਸ ਸੰਦਰਭ ਵਿਚ ਹਿਜਰ-ਕੁੱਠੀ ਨਾਇਕਾ ਵਿਭਿੰਨ ਰੁੱਤਾਂ ਦੇ ਮਾਧਿਅਮ ਦੁਆਰਾ ਆਪਣੀ ਬ੍ਰਿਹੋਂ ਦੀ ਅਵਸਥਾ ਦਾ ਵਰਣਨ ਕਰਦੀ ਹੈ। ਇਕ ਵੰਨਗੀ ਹਾਜ਼ਰ ਹੈ :

ਸੰਦੇਸੋ ਸਵਿਥਰਉ ਸੋ ਮਇ ਕਹਣ ਨ ਜਾਇ।
ਜਉਂ ਕਾਲੰਗੁਲਿ ਮੁੱਦੜਉ ਸੋ ਬਾਹੜੀ ਸਮਾਇ।

ਸੰਦੇਸ-ਰਾਸਕ ਰਚਨਾ ਵਿਚ ਪ੍ਰਾਕ੍ਰਿਤ, ਅਪਭ੍ਰੰਸ਼, ਅਵਹੱਟ ਅਤੇ ਪੁਰਾਤਨ ਪੰਜਾਬੀ ਦੇ ਭਾਸ਼ਾਈ ਅੰਸ਼ ਵਿੱਦਮਾਨ ਦਿਖਾਈ ਦਿੰਦੇ ਹਨ। ਇਸ ਕਾਵਿ-ਕ੍ਰਿਤੀ ਦੇ ਰਚਨਾ-ਕਾਲ ਬਾਰੇ ਇਸ ਦੇ ਸੰਪਾਦਕ ਮੁਨੀ ਜਿਨ ਵਿਜਯ ਦਾ ਮਤ ਹੈ ਕਿ ਇਸ ਦੀ ਰਚਨਾ ਬਿਕ੍ਰਮ ਸੰਵਤ 1175-1229 ਦੇ ਸਮੇਂ ਵਿਚ ਹੋ ਗਈ ਹੋਵੇਗੀ। ਸਨੇਹਾ ਰਾਸਾ (ਸਨੇਹਯ ਰਾਸਯ) ਦੀ ਰਚਨਾ ਚੂੰਕਿ ਜਨ-ਸਾਧਾਰਣ ਵਾਸਤੇ ਹੋਈ, ਇਸ ਲਈ ਇਸ ਦੀ ਭਾਸ਼ਾ ਤਤਕਾਲੀਨ ਲੋਕ-ਭਾਸਾ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੈ। ਹਿੰਦੀ ਵਿਦਵਾਨ ਸੰਦੇਸ਼ ਰਾਸਕ ਨੂੰ ਪੁਰਾਣੀ ਹਿੰਦੀ ਦੀ ਰਚਨਾ ਸਿੱਧ ਕਰਨ ਲਈ ਦ੍ਰਿੜ੍ਹ-ਸੰਕਲਪ ਹਨ, ਪਰ ਹਕੀਕਤ ਇਹ ਹੈ ਕਿ ਇਸ ਰਚਨਾ ਵਿਚ ਉਦੈ ਹੋ ਰਹੀ ਪੁਰਾਤਨ ਪੰਜਾਬੀ ਦੇ ਅੰਸ਼ ਵੱਧ ਮਾਤਰਾ ਵਿਚ ਦ੍ਰਿਸ਼ਟਮਾਨ ਹੁੰਦੇ ਹਨ, ਭਾਵੇਂ ਇਸ ਵਿਚ ਮਾਰਵਾੜੀ ਰਾਜਸਥਾਨੀ ਦੇ ਪੁਰਾਤਨ ਅੰਸ ਵੀ ਮੌਜੂਦ ਹਨ। ਇਸ ਤਰ੍ਹਾਂ ਸੰਨੇਹਾ ਰਾਸਾ ਵਿਚ ਪ੍ਰਾਕ੍ਰਿਤ, ਅਪਭ੍ਰੰਸ਼ ਤੇ ਅਵਹੱਟ ਦੀ ਭਾਸਾ-ਤ੍ਰਿਵੇਣੀ ਦੀ ਜੋ ਧਾਰਾ ਵਹਿ ਰਹੀ ਹੈ ਉਸ ਵਿਚੋਂ ਅਤਿ ਪੁਰਾਤਨ ਪੰਜਾਬੀ ਦੇ ਅੰਸ਼

ਉਭਰਦੇ ਦਿਖਾਈ ਦਿੰਦੇ ਹਨ, ਇਹ ਇਕ ਮਹੱਤਵਪੂਰਣ ਇਤਿਹਾਸਿਕ ਘਟਨਾ ਹੈ ਜਿਹੜੀ ਕਿ ਭਾਸ਼ਾ-ਵਿਸ਼ਲੇਸ਼ਣ ਦੀ ਮੰਗ ਕਰਦੀ ਹੈ । ਇਸ ਪ੍ਰਕਾਰ ਉਪਰ-ਵਰਣਤ ਸੰਧੀਕਾਲੀਨ ਰਚਨਾਵਾਂ ਦੇ ਨਾਲ ਨਾਲ "ਸੰਦੇਸ਼ ਰਾਸਕ" ਵੀ ਇਕ ਉਲੇਖ ਯੋਗ ਰਚਨਾ ਹੈ ।

"ਅਵਹੱਟ" ਭਾਸ਼ਾ ਦੀਆਂ ਸਾਹਿਤਕ ਵੰਨਗੀਆਂ

(1) "ਪ੍ਰਾਕ੍ਰਿਤ-ਪੈਂਗਲ" ਵਿਚੋਂ ਉਧ੍ਰਿਤ :

ਪਅਭਰੁ ਦਰਭਰੁ ਧਰਣਿ ਤਰਣਿ ਰਹ ਧੁੱਲਿਅ ਝੰਪਿਅ
ਕਮਠ ਪਿੱਠ ਟਰਪਰਿਅ ਮੇਰੂ ਮੰਦਰ ਸਿਰ ਕੰਪਿਅ
ਕੋਹ ਚਲਿਅ ਹੱਮੀਰ ਵੀਰ ਗਅਜੂਹ ਸੰਜੁੱਤੇ
ਕਿਅਉ ਕੱਠ ਹਾਕੰਦ ਮੁੱਛਿ ਮੇੱਛਹਕੇ ਪੁੱਤੇ ।

ਅਰਥਾਤ : ਜਦੋਂ ਵੀਰ-ਹੱਮੀਰ ਹਾਥੀਆਂ ਦੀ ਸੈਨਾ ਨਾਲ ਸੰਜੁਗਤ ਹੋ ਕੇ ਕ੍ਰੋਧ ਨਾਲ ਚਲਿਆ ਤਾਂ ਪ੍ਰਿਥਵੀ ਪੈਰਾਂ ਦੇ ਭਾਰ ਨਾਲ ਦਬ ਗਈ ; ਸੂਰਜ ਦਾ ਰਥ ਧੂੜ ਨਾਲ ਢਕ ਗਿਆ, ਕਮਠ ਦੀ ਪਿੱਠ ਤਿੜਕ ਗਈ ਅਤੇ ਸੁਮੇਰ ਪਰਬਤ ਦੀ ਚੋਟੀ ਹਿਲ ਗਈ, ਮਲੇਛਾਂ ਦੇ ਪੁਤਰਾਂ ਨੇ ਮੂਰਛਿਤ ਹੋ ਕੇ ਆਕ੍ਰੰਦ (ਹਾਹਾਕਾਰ) ਕੀਤਾ । (ਪਅ = ਪਾਉ, ਪੈਰ, ਧਰਣਿ = ਧਰਤੀ, ਤਰਣਿ = ਸੂਰਜ, ਮੇਰੁ = ਸੁਮੇਰ ਪਰਬਤ, ਕੋਹ = ਕ੍ਰੋਧ, ਰਹ = ਰਥ, ਗਅਜੂਹ = ਗਜ ਯੂਥ, ਹਾਥੀਆਂ ਦਾ ਜਥਾ, ਯਾਨੀ ਝੁੰਡ, ਮੁਛਿੱ = ਮੂਰਛਿਤ, ਮੇ ਛੱਹਕੇ = ਮਲੇਛਾਂ ਦੇ, ਪੁੱਤੇ = ਪੁੱਤਰ, ਅਰਥਾਤ ਮੁਸਲਮਾਨੀ ਫੌਜ)

ਨਾਗਰੀ ਮੂਲ ਰੂਪ : अवहट्ठ (प्राकृतपैंगलं की परवर्ती अपभ्रंश)
(११०० ई० से १३०० ई० तक)

पअभरु दरमरु धरणि तरणि रह धुल्लिअ झंपिअ
कमठ पिट्ठ टरपरिअ मेरु मंदर सिर कंपिअ
कोह चलिअ हम्मीर वीर गअजूहसंजुत्ते
किअउ कट्ठ हाकंद मुच्छि मेच्छहके पुत्ते।।

(जब वीर हमीर हाथियोंकी सेना से युक्त होकर क्रोधके साथ चला, तो पृथ्वी पैरोंके बोझसे दब गई, सूर्यका रथ धूलसे ढंक गया, कमठ की पीठ तड़क गई और सुमेरु तथा मंदरकी चोटी हिल गई; म्लेच्छोंके पुत्रोंने (अर्ध) मूर्छित होकर कष्टके साथ आक्रंद किया।)

(2) ਅੱਦਹਮਾਣ ਕ੍ਰਿਤ "ਸੰਦੇਸ਼ ਰਾਸਕ" (ਸਨੇਹ ਰਾਸਅ) ਵਿਚੋਂ ਉਧ੍ਰਿਤ :

"ਪਿਯ ਵਿਰਹ ਵਿਐਏ, ਸੰਗਮ ਸੋਏ, ਦਿਵਸ ਰਯਣਿ ਝੂਰੰਤ ਮਣੇ,
ਣਿਰੁ ਅੰਗੁ ਸੁਯੰਤਹ, ਵਾਹ ਫੁਸੰਤਹ, ਅੱਪਰ ਣਿੱਦਯ ਕਿੰ ਧਿ ਭਣੇ,
ਤਸੁ ਸੁਯਣ ਣਿਵੇਸਿਯ, ਭਾਇਣ ਪੇਸਿਯ, ਮੋਹ ਵਸਣ ਵੋਲੰਤ ਖਣੇ,
ਮਹ ਸਾਇਯ ਵਖਰੁ, ਹਰਿ ਗਉ ਤੱਖਰੁ, ਜਾਏ ਸਰਣਿ ਕਸੁ ਪਹਿਯ ਭਣੇ ।"

(ਵਿਐਏ = ਵਿਜੋਗੋ, ਦਿਵਸ = ਦਿਨ, ਰਯਣਿ = ਰਜਨੀ = ਰਾਤ-ਰੈਣ, ਣਿੱਦਯ = ਨਿਰਦੈ, ਮੋਹ ਵਸਣ = ਮੋਹ ਵਸ ਹੋ ਕੇ, ਵੋਲੰਤ = ਬੋਲਦੀ, ਸੰਬੋਧਨ ਕਰਦੀ ਹਾਂ, ਤੱਖਰ = ਤਸਕਰ, ਚੋਰ)

ਅਰਥ : ਪੀਅ ਦੇ ਬ੍ਰਿਹੋਂ-ਵਿਯੋਗ ਨਾਲ ਮੈਂ ਰਾਤ ਦਿਨ ਝੂਰ ਰਹੀ ਹਾਂ, ਮੇਰੇ ਅੰਗ

ਸੁੱਕ ਰਹੇ ਹਨ, ਹੌਂਕੇ ਨਿਕਲ ਰਹੇ ਹਨ, ਮੈਂ ਆਪਣੇ ਨਿਰਦਈ ਪੀਆ ਨੂੰ ਕੀ ਕਹਾ (ਭਣੈ = ਕਹਿਣਾ, ਭਣਿਤਿ) ਪਰ (ਹੇ ਮੁਸਾਫਰ), ਉਸਨੂੰ ਕਹਿਣਾ ਕਿ ਹੇ ਪੀਆ ! ਤੈਨੂੰ ਦਿਲ ਵਿਚ ਰਖ ਕੇ ਮੈਂ ਤੈਨੂੰ ਸੰਬੋਧਨ ਕਰਦੀ ਹਾਂ ਕਿ ਮੇਰੇ ਪਿਆਰੇ ਦੀ "ਵੱਖਰ" (ਪਿਆਰ-ਵਸਤੂ) ਨੂੰ ਹਿਜਰਾ ਦੇ ਚੋਰ (ਤਸਕਰ = ਤੱਖਰ) ਚੁਰਾ ਰਹੇ ਹਨ । ਤੂੰ ਹੀ ਦੱਸ, ਹੇ ਪਹਿਯ, ਹੇ ਪਥਿਕ, (ਪਥਿਕ = ਪਾਂਧੀ, ਮੁਸਾਫਰ) ਪਹਾ = ਰਾਸਤਾ, ਰਾਹ, ਪਥ) ਮੈਂ ਕਿਸ ਦੀ ਸ਼ਰਨ ਜਾਵਾਂ ।

'ਸੰਦੇਸ਼ ਰਾਸਕ' (ਸਨੇਹ ਰਾਸਾ) ਵਿਚੋਂ ਹੋਰ ਵੰਨਗੀਆਂ

ਸੰਦੇਸੜਉ ਸਵਿੱਥਰਉ ਹਉ ਕਹਣਹ ਅਸਮਥ ।
ਭਣ ਪਿਯ ਇਕੱਤਿ ਬਲਿਯੜਇ ਬੇ ਵਿ ਸਮਾਣਾ ਹਥ (80).
ਸੰਦੇਸੜਉ ਸਵਿੱਥਰਉ ਪਰ ਮਇ ਕਹਣੁ ਨਾ ਜਾਇ ।
ਜੋ ਕਾਲੰਗੁਲਿ ਮੁੰਦੜਉ ਸੋ ਬਾਹੜੀ ਸਮਾਇ (81).

ਅਰਥ : ਮੇਰਾ ਸੰਦੇਸੜਾ ਵਿਸਥਾਰ ਵਾਲਾ ਹੈ, ਮੈਂ (ਹਉ) ਕਹਿਣ ਤੋਂ ਅਸਮਰਥ ਹਾਂ । ਬਸ, ਪਿਆਰੇ (ਪਿਯ) ਨੂੰ ਕਹਿਣਾ (ਭਣ) ਕਿ ਕੰਨਾ ਦੀ ਬਾਲੀ (ਬਲਿਯੜਇ) ਹੁਣ ਦੋਹਾਂ (ਬੇ) ਹੱਥਾਂ ਵਿਚ ਸਮਾਂ ਜਾਂਦੀ ਹੈ (80).

ਸੰਦੇਸੜਾ ਬੜਾ ਵਿਸਥਾਰ ਵਾਲਾ ਹੈ, ਮੈਥੋਂ ਕਹਿਆ ਨਹੀਂ ਜਾਂਦਾ, (ਇਹ ਕਹਿ ਦੇਣਾ ਹੇ ਰਾਹੀ,) ਚੀਚੀ ਉਂਗਲੀ (ਕਾਲੰਗੁਲਿ) ਦੀ ਮੁੰਦਰੀ (ਮੁੰਦੜਉ) ਹੁਣ ਬਾਂਹ (ਬਾਹੜੀ) ਵਿਚ ਸਮਾਉਂਦੀ ਹੈ (ਸਮਾਇ) ।

ਖੰਡ : ਛੇ

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਅਤੇ ਪੰਜਾਬੀ

ਅਧਿਆਏ 6 : 1

ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ : ਇਤਿਹਾਸਿਕ ਪਿੱਠ-ਭੂਮੀ

ਅਧਿਆਏ 6 : 2

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਸ਼ਰੇਣੀਕਰਣ, ਅਤੇ ਜਾਰਜ ਗ੍ਰੀਅਰਸਨ ਦਾ ਅੰਦਰਵਰਤੀ-ਬਾਹਰਵਰਤੀ ਭਾਸ਼ਾ-ਮਾਡਲ

ਅਧਿਆਏ 6 : 3

ਐਸ. ਕੇ. ਚੈਟਰਜੀ ਵਲੋਂ ਗ੍ਰੀਅਰਸਨ ਦੇ ਮਾਡਲ ਦਾ ਖੰਡਨ

ਅਧਿਆਏ 6 : 4

ਕੋਲਿਨ ਪੀ. ਮਸੀਕਾ ਦੁਆਰਾ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਉਪ-ਸ਼ਰੇਣੀਕਰਣ ਅਤੇ ਭਾਸ਼ਾਈ ਰੇਖਾ-ਚਿੱਤਰ

ਅਧਿਆਏ 6 : 5

ਆਧੁਨਿਕ ਭਾਰਤੀ ਆਰਿਆਈ ਭਾਸ਼ਾਵਾਂ ਦਾ ਵਿਕਾਸ

ਅਧਿਆਏ 6 : 6

ਸਿੰਧੀ, ਪਹਾੜੀ ਭਾਸ਼ਾ-ਵਰਗ ਅਤੇ ਪੰਜਾਬੀ

ਅਧਿਆਏ 6 : 7

ਹਿੰਦੀ, ਉਰਦੂ, ਬਿਹਾਰੀ ਭਾਸ਼ਾ ਵਰਗ ਅਤੇ ਪੰਜਾਬੀ

ਅਧਿਆਏ 6 : 8

ਰਾਜਸਥਾਨੀ, ਗੁਜਰਾਤੀ, ਮਰਾਠੀ, ਕੋਂਕਣੀ ਅਤੇ ਪੰਜਾਬੀ

ਅਧਿਆਏ 6 : 9

ਅਸਾਮੀ, ਬੰਗਾਲੀ, ਉੜੀਆ ਅਤੇ ਪੰਜਾਬੀ

ਅਧਿਆਏ 6 : 1

ਆਧੁਨਿਕ ਭਾਰਤੀ-ਆਰੀਆ ਭਾਸ਼ਾ : ਇਤਿਹਾਸਿਕ ਪਿੱਠ-ਭੂਮੀ

(1000 ਈ. ਤੋਂ ਹੁਣ ਤਕ)

ਇਤਿਹਾਸਿਕ ਸੰਦਰਭ

ਭਾਰਤੀ ਆਰੀਆ ਭਾਸ਼ਾ ਦੀ ਵਿਕਾਸ-ਪ੍ਰਕਿਰਿਆ ਵਿਚ ਜੋ ਜੋ ਵੀ ਭਾਸ਼ਕ ਰੂਪਾਂਤਰਣ ਵਾਪਰੇ ਹਨ ਉਨ੍ਹਾਂ ਦੀ ਸਵਿਸਥਾਰ ਚਰਚਾ ਅਸੀਂ ਪਿਛਲੇ ਅਧਿਆਵਾਂ ਵਿਚ ਕਰ ਆਏ ਹਾਂ। ਅਸੀਂ ਵੇਖਿਆ ਹੈ ਕਿ ਭਾਰਤੀ ਉਪ-ਮਹਾਦੀਪ (ਪਾਕਿਸਤਾਨ ਸਮੇਤ) ਦੀ ਭੂਮੀ ਵਿਚ ਮੂਲ/ਪੁਰਾ ਆਰੀਆ ਭਾਸ਼ਾ ਪਿਛਲੇ ਕੋਈ ਸਾਢੇ ਤਿੰਨ ਹਜ਼ਾਰ ਸਾਲਾਂ ਦੇ ਅਰਸੇ ਤੋਂ ਪ੍ਰਾਚੀਨ ਤੇ ਮੱਧਕਾਲੀਨ ਯੁਗਾਂ ਵਿਚ ਵੱਖ ਵੱਖ ਭੇਦਾਂ-ਪ੍ਰਭੇਦਾਂ ਵਿਚ ਰੂਪਾਂਤਰਿਤ ਹੁੰਦੀ ਹੋਈ ਆਧੁਨਿਕ ਯੁਗ ਤਕ ਪਹੁੰਚੀ ਹੈ। ਆਧੁਨਿਕ ਯੁਗ ਵਿਚ ਆਰੀਆ ਭਾਸ਼ਾ ਨੇ ਵਿਭਿੰਨ ਪ੍ਰਾਂਤਵਾਰ/ਇਲਾਕਾਵਾਰ ਭਾਸ਼ਾ-ਰੂਪ ਗ੍ਰਹਿਣ ਕੀਤੇ ਹਨ ਜੋ ਹੁਣ ਤਕ ਪ੍ਰਚਲਿਤ ਹਨ। ਆਰੀਆ ਭਾਸ਼ਾ ਦੀ ਸਮੁੱਚੀ ਗਗਨਮੁਖ (vertical) ਵਿਕਾਸ-ਰੇਖਾ ਨੂੰ ਹੇਠਾਂ ਰੇਖਾ-ਚਿਤਰ ਦੁਆਰਾ ਅੰਕਿਤ ਕੀਤਾ ਜਾਂਦਾ ਹੈ :

ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ

OIA : 1500 B. C. — 600 B.C.

ਮੱਧ ਭਾਰਤੀ-ਆਰੀਆ ਭਾਸ਼ਾ
- ਪਾਲੀ ਭਾਸ਼ਾ/ਅਸ਼ੋਕੀ ਪਾਲੀ
- ਸਾਹਿੱਤਕ ਪ੍ਰਾਕ੍ਰਿਤਾਂ
- ਅਪਭ੍ਰੰਸ਼ ਭਾਸ਼ਾਵਾਂ

MIA : 600 B. C. — 1000 A.D.

ਆਧੁਨਿਕ ਭਾਰਤੀ-ਆਰੀਆ ਭਾਸ਼ਾ

NIA : 1000 A.D. — Onwards

ਇਸ ਰੇਖਾ-ਚਿੱਤਰ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਪੁਰਾ-ਭਾਰਤੀ-ਆਰੀਆ ਭਾਸ਼ਾ-ਪਰਿਵਾਰ (Indic language family) ਪਿਛਲੇ ਤਿੰਨ/ਸਾਢੇ ਤਿੰਨ ਹਜ਼ਾਰ ਸਾਲਾਂ ਤੋਂ ਨਿਰੰਤਰ ਵਿਕਾਸ ਕਰਦਾ ਆ ਰਿਹਾ ਹੈ। ਆਰੀਆ ਭਾਸ਼ਾ ਦੀਆਂ ਪ੍ਰਮੁਖ ਧੁਨੀਆਤਮਕ, ਸ਼ਬਦ-ਰੂਪਾਤਮਕ, ਵਾਕਾਤਮਕ ਵਿਕਾਸ-ਪ੍ਰਵਿਰਤੀਆਂ ਨੂੰ ਧਿਆਨ ਵਿਚ ਰਖਕੇ ਇਸ ਪਰਿਵਾਰ ਦੀ ਇਤਿਹਾਸਿਕ ਵਿਕਾਸ-ਰੇਖਾ ਨੂੰ ਤਿੰਨ ਪੜਾਵਾਂ ਵਿਚ ਬੜੀ ਸਪਸ਼ਟਤਾ ਨਾਲ ਵੰਡਿਆ ਜਾ ਸਕਦਾ ਹੈ। ਉਹ ਪੜਾ ਹਨ।

(1) *ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ* : ਜਦੋਂ ਇਹ ਭਾਸ਼ਾ, ਧੁਨੀ-ਸਮੂਹ, ਸ਼ਬਦ ਰਚਨਾ ਤੇ ਵਿਆਕਰਣਿਕ ਰੂਪਾਂ ਵਿਚ ਬੜੀ ਅਮੀਰ ਤੇ ਸੰਪੰਨ ਸੀ।

(2) *ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ* : ਜਦੋਂ ਸੰਜੁਗਤ ਤੇ ਦੁੱਤ ਵਿਅੰਜਨਾਂ (consonantal clusters) ਨੂੰ ਸਰਲੀਕ੍ਰਿਤ ਕਰਨ ਦਾ ਅਤੇ ਰੂਪ-ਬਹੁਲ ਬਣਤਰਾਂ ਨੂੰ ਘਟ ਤੋਂ ਘਟ ਕਰਨ ਦਾ ਇਕ ਅੰਦੋਲਨ ਹੀ ਚਲ ਪਿਆ ਸੀ । ਮੱਧ ਭਾਰਤੀ ਆਰੀਆ ਭਾਸ਼ਾ-ਕਾਲ ਅਗੋਂ ਤਿੰਨ ਹੋਰ ਉਪ-ਅਵਸਥਾਵਾਂ ਵਿਚ ਵੰਡਿਆ ਜਾਂਦਾ ਹੈ । ਉਹ ਉਪ-ਅਵਸਥਾਵਾਂ ਹਨ : *ਪਾਲੀ, ਪ੍ਰਾਕ੍ਰਿਤ, ਅਤੇ ਅਪਭ੍ਰੰਸ਼* ।

(3) *ਆਧੁਨਿਕ ਭਾਰਤੀ ਆਰੀਆ ਭਾਸ਼ਾ* : ਆਧੁਨਿਕ ਭਾਸ਼ਾ-ਰੂਪ ਤਕ ਪਹੁੰਚਦਿਆਂ ਮੱਧ-ਕਾਲ ਤੋਂ ਕਾਰਜਸ਼ੀਲ ਸਰਲੀਕਰਣ ਦੀਆਂ ਰੁਚੀਆਂ ਆਪਣਾ ਕਾਰਜ ਕਰ ਚੁਕੀਆਂ ਸਨ ਅਤੇ ਵਿਭਕਤੀ-ਸਿਸਟਮ (inflectional system) ਦੇ ਹੰਢ ਚੁਕਣ ਤੋਂ ਬਾਅਦ ਕੁਝ ਹੀ ਵਿਭਕਤੀ-ਰੂਪ ਬਾਕੀ ਬਚੇ ਰਹਿ ਗਏ ਸਨ । ਵਾਕ ਵਿਚ ਸ਼ਬਦਾਤਮਕ ਸੰਬੰਧਾਂ ਦੀ ਅਭਿਵਿਅਕਤੀ ਦੀ ਥੁੜ੍ਹ ਨੂੰ ਪੂਰਾ ਕਰਨ ਲਈ ਆਧੁਨਿਕ ਭਾਸ਼ਾਵਾਂ ਵਿਚ ਸਹਾਇਕ ਤੱਤ /ਸੰਬੰਧਕ ਆਦਿ ਵਰਤੋਂ ਵਿਚ ਆ ਗਏ ਸਨ । ਇਸ ਵਿਕਾਸਾਤਮਕ ਪ੍ਰਕ੍ਰਿਆ ਵਿਚ ਆਰੀਆ ਭਾਸ਼ਾ ਦੇ ਜਿਵੇਂ ਬੁਨਿਆਦੀ ਲੱਛਣ ਹੀ ਬਦਲ ਗਏ ਸਨ । ਫਲਸਰੂਪ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਕੋਈ 1000 ਈ. ਦੇ ਆਸ-ਪਾਸ ਹੋਂਦ ਵਿਚ ਆ ਗਈਆਂ ਸਨ । ਇਸ ਪ੍ਰਕਾਰ ਸੰਨ 1000 ਈ. ਤੋਂ ਆਰੀਆ ਭਾਸ਼ਾ ਦੇ ਇਤਿਹਾਸਿਕ/ਕਾਲਕ੍ਰਮਿਕ ਵਿਕਾਸ ਦਾ ਇਕ ਨਵਾਂ ਦੌਰ ਸ਼ੁਰੂ ਹੁੰਦਾ ਹੈ ਜਿਸਨੂੰ "ਆਧੁਨਿਕ ਭਾਰਤੀ-ਆਰੀਆ ਭਾਸ਼ਾ-ਯੁਗ" ਕਿਹਾ ਜਾਂਦਾ ਹੈ ।

ਆਧੁਨਿਕ-ਭਾਰਤੀ-ਆਰੀਆ ਭਾਸ਼ਾ ਦਾ ਇਤਿਹਾਸਿਕ ਸੰਦਰਭ (historical context)

ਤੁਰਕਾਂ ਅਤੇ ਹੋਰ ਮੁਸਲਮਾਨ ਵਿਦੇਸ਼ੀ ਹਮਲਾਵਰਾਂ ਦੁਆਰਾ ਉੱਤਰੀ ਭਾਰਤ ਦੀ ਜਿੱਤ ਨੂੰ ਲੈ ਕੇ ਸੰਨ 1000 ਈਸਵੀ ਤੋਂ ਪਿਛੋਂ ਜਦੋਂ ਇਕ ਨਵਾਂ ਯੁਗ ਸ਼ੁਰੂ ਹੋਇਆ ਤਾਂ ਭਾਰਤੀ ਭਾਸ਼ਾਵਾਂ ਨੂੰ ਵੀ ਭਾਰਤੀ ਸਭਿਆਚਾਰ ਅਤੇ ਵਿਚਾਰਾਂ ਦੀਆਂ ਨਵੀਆਂ ਪ੍ਰਵਿਰਤੀਆਂ ਨੂੰ ਪ੍ਰਗਟ ਕਰਨ ਲਈ ਇਕ ਵਾਰ ਨਵੇਂ ਸਿਰੇ ਤੋਂ ਤਤਪਰ ਹੋਣਾ ਪਿਆ । ਪ੍ਰਾਕ੍ਰਿਤ ਭਾਸ਼ਾਵਾਂ ਦਾ ਯੁਗ ਬੀਤ ਚੁਕਿਆ ਸੀ ਅਤੇ ਪ੍ਰਾਕ੍ਰਿਤਾਂ, ਅਪਭ੍ਰੰਸ਼ ਭਾਸ਼ਾਵਾਂ ਦੀ ਮਾਰਫਤ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਸ਼ਕਲ ਵਿਚ ਰੂਪਾਂਤਰਿਤ ਹੋ ਚੁਕੀਆਂ ਸਨ । ਸੰਸਕ੍ਰਿਤ ਬਿਲਕੁਲ ਮ੍ਰਿਤਕ ਨਹੀਂ ਸੀ । ਉਹ ਅਜੇ ਵੀ ਪ੍ਰਾਚੀਨ ਤੇ ਨਵੀਨ ਸਾਹਿੱਤ ਦੇ ਮਾਧਿਅਮ ਦੀ ਸ਼ਕਲ ਵਿਚ ਜਾਰੀ ਸੀ ਅਤੇ ਵਿਦਵਾਨ ਅਜੇ ਵੀ ਗੰਭੀਰ ਤੇ ਮਨਨਸ਼ੀਲ ਸਾਹਿਤ-ਰਚਨਾ ਲਈ ਸੰਸਕ੍ਰਿਤ ਦਾ ਅਧਿਐਨ ਤੇ ਪ੍ਰਯੋਗ ਕਰ ਰਹੇ ਸਨ ।

ਪ੍ਰਾਕ੍ਰਿਤ ਤੋਂ ਬਾਅਦ ਸੌਰਸੈਨੀ, ਮਹਾਰਾਸ਼ਟ੍ਰੀ, ਮਾਗਧੀ, ਅਰਧ-ਮਾਗਧੀ ਆਦਿ ਅਪਭ੍ਰੰਸ਼ਾਂ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (ਸਿੰਧੀ, ਪੰਜਾਬੀ, ਹਿੰਦੀ, ਰਾਜਸਥਾਨੀ ਆਦਿ) ਨੂੰ ਜਨਮ ਦਿੱਤਾ । ਪ੍ਰਾਚੀਨ ਆਰੀਆ ਭਾਸ਼ਾ ਵਿਚ ਪਰਿਵਰਤਨ, ਰੂਪਾਂਤਰਣ ਅਤੇ ਪਤਨ ਦੀ ਜੋ ਪ੍ਰਕਿਰਿਆ ਮੱਧ-ਕਾਲ ਦੇ ਆਰੰਭ (ਲਗਭਗ 600 ਪੂ. ਈ.) ਵਿਚ ਚੱਲ ਰਹੀ ਸੀ ਉਹ ਆਧੁਨਿਕ ਭਾਸ਼ਾਵਾਂ ਵਿਚ ਆ ਕੇ ਪੂਰੀ ਹੋ ਗਈ । ਸ਼ੁਰੂ ਵਿਚ ਹੀ ਅਸੀਂ ਵੇਖਦੇ ਹਾਂ ਕਿ ਭਾਸ਼ਾ ਦੇ ਪਰਿਵਰਤਨ ਦੀ ਗਤੀ ਭਾਰਤ ਦੇ ਪੂਰਬੀ ਭਾਗ ਵਿਚ ਸਭ ਤੋਂ ਵੱਧ ਤਿਖੇਰੀ ਰਹੀ ਹੈ । ਇਸ ਦੇ ਉਲਟ ਉੱਤਰ-ਪੱਛਮੀ ਪ੍ਰਾਂਤਾਂ (ਸਿੰਧ, ਪੰਜਾਬ, ਸਰਹੱਦੀ ਸੂਬਾ) ਵਿਚ ਪਰਿਵਰਤਨ ਦੀ ਇਹ ਗਤੀ ਮੱਠੀ ਰਹੀ ਹੈ ਅਤੇ ਏਥੇ ਭਾਸ਼ਾ ਦਾ ਰੂਪ ਹੌਲੀ ਹੌਲੀ ਬਦਲਿਆ ਹੈ । ਮੱਧ ਦੇਸ਼ ਵਿਚ ਇਕ ਪਾਸੇ ਨਵੇਂ ਵਿਕਾਸ, ਪਰਿਵਰਤਨ ਹੋਏ ਅਤੇ

ਦੂਜੇ ਪਾਸੇ ਭਾਸ਼ਾ ਵਿਚ ਪੁਰਾਣੇ ਰੂਪ ਵੀ ਸੁਰੱਖਿਅਤ ਰਹੇ । ਇਹੋ ਤੱਥ ਆਧੁਨਿਕ ਭਾ ਆ ਭਾਸ਼ਾਵਾਂ ਵਿਚ ਵੀ ਭਾਸਦਾ ਹੈ । ਸਿੰਧੀ-ਪੰਜਾਬੀ ਵਿਚ ਆਰੀਆ ਭਾਸ਼ਾ ਦਾ ਮੱਧਕਾਲੀਨ ਰੂਪ ਬਹੁਤ ਕੁਝ ਸੁਰੱਖਿਅਤ ਹੈ, ਪਰੰਤੂ ਬਿਹਾਰੀ, ਬੰਗਾਲੀ, ਉੜੀਆ, ਆਸਾਮੀ ਆਦਿ ਵਿਚ ਮੱਧ-ਕਾਲੀਨ ਆਰੀਆ ਭਾਸ਼ਾ ਦਾ ਸਰੂਪ ਬਦਲ ਗਿਆ ਹੈ । ਗੁਜਰਾਤੀ ਪ੍ਰਾਚੀਨ ਵਿਆਕਰਣਿਕ ਮਦਾਂ (items) ਨੂੰ ਬਹੁਤ ਹੱਦ ਤਕ ਅਪਣਾ ਕੇ ਰਖ ਸਕੀ ਹੈ ਅਤੇ ਹਿੰਦੀ ਵੀ ਵਰਨਾਂ ਦੇ ਉਚਾਰਣ ਆਦਿ ਵਿਚ ਪ੍ਰਾਚੀਨ ਭਾਸ਼ਾ "ਸੰਸਕ੍ਰਿਤ" ਤੋਂ ਬਹੁਤ ਦੂਰ ਨਹੀਂ ਹੈ । [ਉਦਯ ਨਾਰਾਯਣ ਤਿਵਾਰੀ : 157-58].

ਪਰੰਤੂ ਜਿਵੇਂ ਜਿਵੇਂ ਬੋਲਚਾਲ ਦੀਆਂ ਬੋਲੀਆਂ ਸੰਸਕ੍ਰਿਤ ਮਾਨਦੰਡਾਂ (norms) ਤੋਂ ਦੂਰ ਹਟਦੀਆਂ ਗਈਆਂ, ਤਿਵੇਂ ਤਿਵੇਂ ਦੋਹਾਂ ਦੇ ਦਰਮਿਆਨ ਬਾਹਰੀ ਰੂਪ ਦਾ ਪਾੜਾ ਵਧਦਾ ਹੀ ਗਿਆ । ਪਰ ਦੇਸ਼ੀ ਭਾਸ਼ਾਵਾਂ ਦੇ ਸਾਹਮਣੇ ਤਤਕਾਲੀ ਜਨ-ਸਾਧਾਰਣ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਚੈਲੰਜ ਸੀ । ਡਾ. ਐਸ. ਕੇ. ਚੈਟਰਜੀ ਨੇ ਲਿਖਿਆ ਹੈ :

> *"ਜੇਕਰ ਭਾਰਤ ਉੱਤੇ ਤੁਰਕੀ ਮੁਸਲਮਾਨਾਂ ਦੀ ਵਿਜੈ ਨਾ ਹੋਈ ਹੁੰਦੀ, ਤਾਂ ਦੇਸੀ ਆਰੀਆ ਭਾਸ਼ਾਵਾਂ ਦੇ ਰਸਮੀ ਜਨਮ ਤੋਂ ਬਾਅਦ ਵੀ ਗੰਭੀਰ ਸਾਹਿਤਕ ਵਿਸ਼ਿਆਂ ਲਈ ਇਨ੍ਹਾਂ ਭਾਸ਼ਾਵਾਂ ਦੀ ਵਰਤੋਂ ਕੁਝ ਦੇਰੀ ਨਾਲ ਹੀ ਹੁੰਦੀ, ਕਿਉਂਕਿ ਭਾਰਤ ਵਿਚ ਭਾਸ਼ਾ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਭਾਰਤੀ ਜਨਤਾ ਦੀ ਰੁਚੀ ਹਮੇਸ਼ਾਂ ਤੋਂ ਨਵੀਆਂ ਵਸਤੂਆਂ ਵੱਲ ਨਾ ਹੋ ਕੇ ਕੁਝ ਪ੍ਰੌੜ ਜਾਂ ਪੁਰਾਤਨ ਤੱਤਾਂ ਦੀ ਤਰਫ਼ ਹੀ ਅਧਿਕ ਰੁਚਿਤ ਰਹੀ ਹੈ ।"*

ਆਧੁਨਿਕ ਭਾ ਆ ਭਾਸ਼ਾਵਾਂ ਦੇ ਪੂਰੀ ਤਰ੍ਹਾਂ ਪ੍ਰਫੁੱਲਤ ਤੇ ਵਿਕਸਿਤ ਹੋ ਜਾਣ ਤੋਂ ਬਾਅਦ ਵੀ ਅਪਭ੍ਰੰਸ਼ ਪਰੰਪਰਾ ਚਲਦੀ ਰਹੀ । ਇਉਂ ਇਕ ਤਰ੍ਹਾਂ ਦੀ ਅਰਧ-ਅਪਭ੍ਰੰਸ਼ ਤੇ ਅਰਧ-ਆਧੁਨਿਕ ਭਾਸ਼ਾ ਇਕ ਮਿਸ਼੍ਰਿਤ ਰੂਪ ਵਿਚ ਪ੍ਰਚਲਿਤ ਹੋ ਗਈ ਜਿਹੜੀ ਕਿ ਸਾਨੂੰ ਰਾਜਸਥਾਨ ਦੀ ਡਿੰਗਲ ਬੋਲੀ ਤਥਾ "ਪ੍ਰਿਥਵੀ ਰਾਜ ਰਾਸੋ" ਆਦਿ ਗ੍ਰੰਥਾਂ ਵਿਚ ਮਿਲਦੀ ਹੈ । ਅਪਭ੍ਰੰਸ਼ ਤੇ ਆਧੁਨਿਕ ਦੇਸੀ ਭਾਸ਼ਾਵਾਂ ਦਾ ਮਿਸ਼ਰਿਤ ਰੂਪ 1400 ਈ. ਤਕ ਚਲਦਾ ਰਿਹਾ, ਜਿਸ ਨੂੰ ਅਵਹੱਟ/ਅਵਹੱਠ (ਜਾਂ ਅਪਭ੍ਰਸ਼ਟ) ਕਿਹਾ ਗਿਆ ਸੀ । ਇਸ ਕਿਸਮ ਦੀ ਮਿਸ਼ਰਿਤ ਭਾਸ਼ਾ-ਪਰੰਪਰਾ ਦਾ ਜਿਊਂਦਾ-ਜਾਗਦਾ ਦ੍ਰਿਸ਼ਟਾਂਤ "ਪ੍ਰਾਕ੍ਰਿਤ ਪੈਂਗਲ" ਗ੍ਰੰਥ ਹੈ ਜੋ ਕਿ 15ਵੀਂ ਸਦੀ ਦੇ ਅੰਤ ਵਿਚ ਸੰਕਲਿਤ ਕੀਤਾ ਗਿਆ ਸੀ (ਚੈਟਰਜੀ, 99) ।

ਤੁਰਕਾਂ ਦੀ ਫਤਿਹ ਦੀਆਂ ਪਹਿਲੀਆਂ ਸਦੀਆਂ ਦੇ ਦਰਮਿਆਨ ਮੁਸਲਮਾਨੀ ਹੁਕਮਰਾਨਾਂ ਨੇ ਭਾਰਤੀ ਜਨਤਾ ਉੱਤੇ ਜੋ ਜ਼ੁਲਮ ਢਾਹੇ ਉਸ ਨਾਲ ਜਨਤਾ ਨੂੰ ਆਪਣੀ ਵਿਰਾਸਤ ਸੰਭਾਲਣ ਦਾ ਭਾਰੀ ਖਤਰਾ ਪੈਦਾ ਹੋ ਗਿਆ । ਇਸ ਨਿੱਘਰ ਰਹੀ ਹਾਲਤ ਵਿਚ ਭਾਰਤੀ ਜਨਤਾ ਨੇ ਆਪਣੇ ਅਧਿਆਤਮਿਕ ਤੇ ਸਭਿਆਚਾਰਿਕ ਵਿਚਾਰਾਂ ਦੇ ਪ੍ਰਸਾਰ ਲਈ ਭਾਰਤੀ ਲੋਕ-ਬੋਲੀਆਂ ਨੂੰ ਮਾਧਿਅਮ ਬਣਾਇਆ । ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਇਨ੍ਹਾਂ ਚੇਤੰਨ ਯਤਨਾਂ ਦੇ ਫਲਸਰੂਪ, ਢੇਰ ਸਾਹਿੱਤ ਉਤਪੰਨ ਹੋਇਆ, ਅਤੇ ਨਤੀਜੇ ਵਜੋਂ 1600 ਈ. ਤਕ ਭਿੰਨ ਭਿੰਨ ਪ੍ਰਾਂਤਾਂ ਦੀਆਂ ਆਧੁਨਿਕ ਬੋਲੀਆਂ ਵਿਚ ਕਈ ਅਤਿਅੰਤ ਮਹੱਤਵਪੂਰਣ ਗ੍ਰੰਥ ਰਚੇ ਗਏ ਜੋ ਹੁਣ ਵੀ ਉਪਲਬਧ ਹਨ । ਵੇਰਵਾ ਪੇਸ਼ ਹੈ

---

(1) ਮਰਾਠੀ ਵਿਚ "ਗਿਆਨੇਸ਼ਵਰੀ" ਅਤੇ "ਏਕਨਾਥੀ ਰਾਮਾਯਣ"

(2) ਬੰਗਲਾ ਵਿਚ "ਸ੍ਰੀ ਕ੍ਰਿਸ਼ਣ ਕੀਰਤਨ", "ਪਦਮ ਪੁਰਾਣ", "ਚੰਡੀ ਕਾਵਯ"

(3) ਅਸਾਮੀ ਵਿਚ : "ਸ਼ੰਕਰਦੇਵ ਕਾਵਿਯ"
(4) ਮੈਥਿਲੀ ਵਿਚ : ਜਯੋਤਿਰੀਸਵਰ ਠਾਕੁਰ ਦਾ "ਵਰਣ ਰਤਨਾਕਰ" ਵਿਦਯਾਪਤਿ ਦੇ "ਪਦਾਵਲੀ" ਤੇ "ਕੀਰਤਿਲਤਾ"
(5) ਉੜੀਆ ਵਿਚ : ਜਗਨਨਾਥ ਦਾਸ ਦਾ "ਭਾਗਵਤ ਪੁਰਾਣ"
(6) ਅਵਧੀ ਵਿਚ : ਤੁਲਸੀਦਾਸ ਜੀ ਦਾ "ਰਾਮਚਰਿਤ ਮਾਨਸ" ਤੇ "ਕਬੀਰ ਬਾਣੀ"
(7) ਪੱਛਮੀ ਹਿੰਦੀ ਵਿਚ : "ਪ੍ਰਿਥਵੀ ਰਾਜ ਰਾਸੋ"
(8) ਰਾਜਸਥਾਨੀ ਵਿਚ : ਮੀਰਾ ਬਾਈ ਦੇ ਭਜਨ
(9) ਗੁਜਰਾਤੀ ਵਿਚ : ਨਰਸਿੰਹ ਮੇਹਤਾ ਦੀਆ ਰਚਨਾਵਾਂ
(10) ਪੰਜਾਬੀ ਵਿਚ : ਨਾਥ-ਸਿੱਧ ਕਾਵਿ, ਫਰੀਦ ਬਾਣੀ, ਅਤੇ ਅੱਦਹਮਾਣ ਦਾ ਸੰਦੇਸ਼ ਰਾਸਕ
(11) ਬ੍ਰਜ ਭਾਸ਼ਾ ਵਿਚ : ਸੂਰਦਾਸ ਦਾ ਸੂਰ ਸਾਗਰ

ਇਸ ਤਰ੍ਹਾ ਤੇਰ੍ਹਵੀਂ-ਚੌਧਵੀਂ ਸਦੀ ਤਕ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan) ਜਨ-ਸੰਚਾਰ, ਲੋਕ-ਸਾਹਿਤ ਅਤੇ ਸਭਿਆਚਾਰ ਦੇ ਮਾਧਿਅਮ ਵਜੋਂ ਪੂਰੀ ਤਰ੍ਹਾ ਸਥਾਪਿਤ ਹੋ ਗਈਆਂ ਸਨ ।

ਅਧਿਆਏ 6 · 2

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਸ਼ਰੇਣੀਕਰਣ
(Schemes of NIA Sub-Classification)

ਮੱਧਕਾਲ ਦੇ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਪ੍ਰਾਕ੍ਰਿਤ ਤੇ ਅਪਭ੍ਰੰਸ਼ ਭਾਸ਼ਾਵਾਂ ਦਾ ਯਥਾਯੋਗ ਵਿਆਕਰਣ-ਗਤ ਵਰਣਨ ਕਰ ਕੇ ਉਨ੍ਹਾਂ ਦੇ ਪ੍ਰਾਂਤਿਕ ਭੇਦਾਂ-ਉਪਭੇਦਾਂ ਦਾ ਵੀ ਉਲੇਖ ਕੀਤਾ ਹੈ। ਪਰ ਅਜੋਕੇ ਯੁਗ ਦੀਆਂ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀ ਪ੍ਰਾਂਤਵਾਰ ਵੰਡ-ਵਿਧਾਨ ਜਾਂ ਉਨ੍ਹਾਂ ਦੇ ਵਿਸ਼ੇਸ਼ ਭਾਸ਼ਿਕ ਲੱਛਣਾਂ ਬਾਰੇ ਪਿਛਲੀਆਂ ਸਦੀਆਂ ਵਿਚ ਕੋਈ ਵੀ ਵਰਣਨ ਨਹੀਂ ਮਿਲਦਾ। ਅਪਭ੍ਰੰਸ਼ ਯੁਗ ਤੋਂ ਉਪਰੰਤ ਭਾਰਤੀ ਸਾਹਿਤਕ ਪੁਸਤਕਾਂ ਵਿਚ ਤਤਕਾਲੀ ਭਾਸ਼ਾ ਦੇ ਸੰਦਰਭ ਵਿਚ ਦੇਸ਼ਭਾਖਾ, ਦੇਸ਼ ਭਾਸ਼ਾ, ਭਾਸ਼ਾ, ਭਾਸਾ, ਆਦਿ ਨਾਵਾਂ ਦੇ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਭਾਵ ਸੁਦੇਸ਼ੀ ਭਾਸ਼ਾ ਅਥਵਾ vernacular ਹੀ ਹੈ। ਏਥੇ ਸੰਦਰਭ-ਟੂਕਾਂ ਅੰਕਿਤ ਹਨ :

ਅਪਭ੍ਰੰਸ਼ : ਣ ਸਕਯ ਪਾਯਉ ਦੇਸ ਭਾਸਾ।
ਣਉ ਸੱਦੁ ਵੱਣੁ ਜਾਣਮਿ ਸਮਾਸਾ। (ਲਕਸ਼ਮਣ ਦੇਵ : ਣੇਮਿਣਾਹ ਚਰਿਉ)*
(ਸੱਕਯ = ਸੰਸਕ੍ਰਿਤ, ਪਾਯਉ = ਪ੍ਰਾਕ੍ਰਿਤ, ਸੱਦੁ = ਸ਼ਬਦ, ਵੱਣ = ਵਰਣ)

ਪੁਰਾਤਨ ਹਿੰਦੀ : ਸੰਸਕਿਰਤ ਹੈ ਕੂਪ ਜਲ
ਭਾਸਾ ਬਹਤਾ ਨੀਰ। (ਸੰਤ ਕਬੀਰ : 12ਵੀਂ ਸਦੀ)
(ਕੂਪ = ਖੂਹ, ਭਾਸਾ = ਸੁਦੇਸੀ ਬੋਲਚਾਲੀ ਭਾਸ਼ਾ, ਬਹਤਾ ਨੀਰ = ਵਗਦਾ ਪਾਣੀ)

ਮਰਾਠੀ : ਯਾ ਲਾਗੀ ਅਮ੍ਹਾਂ ਪ੍ਰਾਕ੍ਰਿਤਾ। ਦੇਸ਼ੀ ਕਾਰੇ ਬੰਧੇ ਗੀਤਾ।
ਮਹਣਣੋ ਹੇ ਅਨੁਚਿਤਾ। ਕਾਰਣ ਨੋ ਹੇ।
(ਸੰਤ ਗਿਆਨੇਸ਼ਵਰ : *ਗਿਆਨੇਸਵਰੀ* XVIII, 1721 (13ਵੀਂ ਸਦੀ)

ਮੈਥਿਲੀ : ਸੱਕਅ ਬਾਣੀ ਬਹੁਅ ਨ ਭਾਵਇ। ਪਾਉਅ ਰਸ ਕੋ ਮਰਮ ਨ ਪਾਵਇ।
ਦੇਸਿਲ ਬਅਨਾ ਸਬ ਜਨ ਮਿੱਠਾ। ਤੈਂ ਤੈਸਨ ਜੰਪਿਅ ਅਵਹੱਠਾ।
(ਵਿਦਿਆਪਤਿ, ਕੀਰਤਿਲਤਾ, ਪ੍ਰਥਮ ਪੱਲਵ, 14ਵੀਂ ਸਦੀ)
(ਸੱਕਅ = ਸੰਸਕ੍ਰਿਤ, ਪਾਉਅ = ਪ੍ਰਾਕ੍ਰਿਤ, ਦੇਸਿਲ = ਦੇਸੀ ਬੋਲੀ, ਬਅਨਾ = ਬਚਨ, ਬੈਣ, ਜੰਪਿਅ = ਜਪਦੇ ਹਨ, ਬੋਲਦੇ ਹਨ).

ਅਵਧੀ (ਪੂਰਬੀ ਹਿੰਦੀ.) : "स्वान्त सुखाय तुलसी रघुनाथ गाथा

---

* ਲਕਸ਼ਮਣ ਦੇਵ : ਣੇਮਿਣਾਹ ਚਰਿਉ, ਅਰਥਾਤ ਲਕਸ਼ਮਣ ਦੇਵ ਰਚਿਤ "ਨੇਮੀਨਾਥ ਚਰਿਤ" ਕਾਵਿ।

ਭਾਸ਼ਾ ਨਿਬਨ੍ਧਮਤਿ ਮਞ੍ਜੁਲਮਾਤਨੋਤਿ।"

(ਤੁਲਸੀਦਾਸ, ਰਾਮਚਰਿਤਮਾਨਸ, ਬਾਲ ਕਾਂਡ, ਸ਼ਲੋਕ 7.)

ਅਰਥਾਤ: ਤੁਲਸੀਦਾਸ ਜੀ ਆਪਣੇ ਅੰਤਹਕਰਣ ਦੇ ਸੁਖ ਲਈ ਅਤਿਅੰਤ ਮਨੋਹਰ ਰਘੁਨਾਥ ਰਾਮਚੰਦ੍ਰ ਜੀ ਦੀ ਕਥਾ (ਗਾਥਾ) ਭਾਸ਼ਾ (vernacular) ਵਿਚ ਵਿਸਥਾਰਦੇ ਹਨ।

ਪੰਜਾਬੀ ਬ੍ਰਜੀ: "ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ"

(ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ, 17ਵੀਂ ਸਦੀ)

ਅਰਥਾਤ: ਭਾਗਵਤ ਪੁਰਾਣ ਦੇ ਕ੍ਰਿਸ਼ਨਾਵਤਾਰ ਦੀ ਕਥਾ (ਜੋ ਸੰਸਕ੍ਰਿਤ ਵਿਚ ਹੈ) ਉਹ ਭਾਖਾ ਯਾਨੀ ਦੇਸੀ ਬ੍ਰਜਭਾਖਾ ਵਿਚ ਰਚੀ ਹੈ।

ਇਸ ਤਰ੍ਹਾਂ ਆਧੁਨਿਕ ਸਾਹਿੱਤ ਦੇ ਆਦਿ ਕਾਲ ਵਿਚ ਪ੍ਰਾਪਤ ਭਾਖਾ, ਭਾਸ਼ਾ, ਦੇਸੀ ਭਾਖਾ, ਦੇਸ਼ੀ ਆਦਿ ਸ਼ਬਦਾਂ ਦੇ ਵੱਖ ਵੱਖ ਸੰਦਰਭਾਂ ਵਿਚ ਕੀਤੇ ਪ੍ਰਯੋਗਾਂ ਤੋਂ ਡਾ. ਤਗਾਰੇ (Tagare) ਇਸ ਸਿੱਟੇ ਤੇ ਅਪੜੇ ਹਨ ਕਿ ਦੇਸੀ ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਜਾਂਦੀ ਰਹੀ ਹੈ। "ਦੇਸੀ" ਦਾ ਇਕ ਅਰਥ ਉਹ ਸ਼ਬਦ ਹਨ ਜੋ ਸੰਸਕ੍ਰਿਤ ਤੋਂ ਵਿਗੜ ਕੇ ਤਦਭਵ ਬਣ ਗਏ ਹਨ ਅਤੇ ਦੂਜਾ ਅਰਥ ਹੈ ਕਿ ਕਿਸੇ ਖ਼ਾਸ ਪ੍ਰਾਂਤ/ਖੇਤਰ ਦੀਆਂ ਬੋਲਚਾਲੀ ਸੁਦੇਸ਼ੀ ਬੋਲੀਆਂ (vernaculars), ਉਹ ਭਾਵੇਂ ਪ੍ਰਾਕ੍ਰਿਤਾਂ ਹੋਣ, ਅਪਭ੍ਰੰਸ਼ਾਂ ਹੋਣ ਜਾਂ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan).

ਉਪਰੋਕਤ ਭਾਰਤੀ ਸਾਹਿੱਤ ਵਿਚ ਪ੍ਰਾਪਤ ਸਾਹਿਤਕ ਹਵਾਲਿਆਂ ਨੂੰ ਛੱਡ ਕੇ ਭਾਰਤ ਵਰਸ਼ ਦੀਆਂ ਆਧੁਨਿਕ ਭਾਸ਼ਾਵਾਂ ਦੇ ਸੰਦਰਭ ਵਿਚ ਹੋਰ ਕੋਈ ਗੰਭੀਰ ਅਧਿਐਨ ਨਹੀਂ ਮਿਲਦਾ। ਪਰੰਤੂ ਪਿਛਲੀਆਂ ਸਦੀਆਂ ਵਿਚ ਸੈਲਾਨੀਆਂ, ਖੋਜਕਾਰਾਂ, ਯੂਰਪੀ ਭਾਸ਼ਾ-ਵਿਗਿਆਨੀਆਂ ਨੇ NIA (ਆਰੀਆ ਭਾਸ਼ਾਵਾਂ) ਦਾ ਅਨੇਕ ਪੱਖਾਂ ਤੋਂ ਅਧਿਐਨ ਕੀਤਾ ਹੈ ਅਤੇ ਇਨ੍ਹਾਂ ਭਾਸ਼ਾਵਾਂ ਦੇ ਇਤਿਹਾਸਿਕ ਸੰਦਰਭ ਦੀ ਭਰਪੂਰ ਚਰਚਾ ਕੀਤੀ ਹੈ। ਪਰੰਤੂ ਸਭ ਤੋਂ ਪਹਿਲਾਂ ਤਾਂ ਆਰੀਆ ਭਾਸ਼ਾਵਾਂ (NIA) ਦੇ ਵਰਗੀਕਰਣ (sub-classification) ਦੀ ਸਮੱਸਿਆ ਹੈ ਜਿਸਦਾ ਏਥੇ ਵਰਣਨ ਤੇ ਵਿਸਥਾਰ ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਕਰਣ ਵਿਚ ਸਭ ਤੋਂ ਪਹਿਲਾ ਨਾਮ ਅਲਬੈਰੂਨੀ ਦਾ ਹੈ।

ਅਲਬੈਰੂਨੀ (1030 ਈ.)

ਅਲਬੈਰੂਨੀ ਨੇ ਆਪਣੇ ਸਮਕਾਲੀ ਭਾਰਤ ਦਾ ਵੇਰਵਾ ਤੇ ਵਰਣਨ ਪੇਸ਼ ਕਰਦਿਆਂ ਸਿਰਫ਼ ਸੰਸਕ੍ਰਿਤ ਦਾ ਜ਼ਿਕਰ ਕੀਤਾ ਹੈ। ਕੋਈ 1030 ਈ. ਦੇ ਆਸਪਾਸ ਭਾਰਤ ਦੀਆਂ ਪ੍ਰਚਲਤ ਭਾਸ਼ਾਵਾਂ (living languages) ਬਾਰੇ ਅਲਬੈਰੂਨੀ ਨੇ ਕੇਵਲ ਇਹੋ ਲਿਖਿਆ ਸੀ ਕਿ ਭਾਰਤ ਦੇਸ਼ ਵਿਚ ਭਾਸ਼ਾਵਾਂ ਦੇ ਦੋ ਵੱਡੇ ਵਰਗ ਹਨ। ਇਕ ਵਰਗ ਅਣਗੌਲੀਆਂ ਲੋਕ-ਬੋਲੀਆਂ ਦਾ ਹੈ ਜਿਨ੍ਹਾਂ ਨੂੰ ਆਮ ਲੋਕ ਵਰਤਦੇ ਹਨ ਅਤੇ ਦੂਜਾ ਭਾਸ਼ਾ-ਵਰਗ ਕਲਾਸੀਕਲ ਭਾਸ਼ਾਵਾਂ ਦਾ ਹੈ ਜਿਹੜੀਆਂ ਉੱਨਤ ਤੇ ਪ੍ਰਫੁਲਤ ਹਨ ਅਤੇ ਜਿਨ੍ਹਾਂ ਦਾ ਪ੍ਰਚਾਰ ਉੱਚ-ਵਰਗ ਦੇ ਪੜ੍ਹੇ-ਲਿਖੇ ਲੋਕਾਂ ਵਿਚ ਬਹੁਤ ਹੈ। ਅਲਬੈਰੂਨੀ ਨੇ ਪ੍ਰਾਕ੍ਰਤ ਭਾਸ਼ਾਵਾਂ ਦਾ ਕੋਈ ਖ਼ਾਸ ਜ਼ਿਕਰ ਨਹੀਂ ਕੀਤਾ।

ਅਮੀਰ ਖ਼ੁਸਰੋ (1317 ਈ.)

ਭਾਰਤ ਦੇ ਜੰਮਪਲ ਅਤੇ ਤੁਰਕ ਖ਼ਾਨਦਾਨੀ ਅਮੀਰ ਖ਼ੁਸਰੋ ਨੇ ਚੌਧਵੀਂ ਸਦੀ ਦੇ ਸ਼ੁਰੂ ਵਿਚ ਆਪਣੀ ਫ਼ਾਰਸੀ ਪੁਸਤਕ "ਨੂਹ ਸਿਪਿਹਰ" ਵਿਚ ਭਾਰਤ ਦੀਆਂ ਪ੍ਰਾਤਕ

ਬੋਲੀਆਂ ਬਾਰੇ ਪੂਰੀ ਜਾਣਕਾਰੀ ਦੇਣ ਦਾ ਹੀਆ ਕੀਤਾ ਹੈ ਅਤੇ ਇਹ ਸਪਸ਼ਟ ਕਿਹਾ ਹੈ ਕਿ ਇਸ ਵੇਲੇ (ਖੁਸਰੋ ਦੇ ਸਮੇਂ) ਭਾਰਤ ਦੇ ਹਰ ਪ੍ਰਾਂਤ ਦੀ ਆਪੋ ਆਪਣੀ ਵੱਖਰੀ ਖ਼ਾਸ ਜ਼ਬਾਨ ਹੈ। ਖੁਸਰੋ ਨੇ ਸਿੰਧੀ, ਕਸ਼ਮੀਰੀ, ਧੁਰ-ਸਮੁੰਦਰੀ, ਤਿਲੰਗੀ, ਲਾਹੌਰੀ, ਕਬਰੀ (ਕਾਵੇਰੀ), ਮਾਬਰੀ (ਤਮਿਲ), ਗੋੜੀ (ਉੱਤਰੀ ਬੰਗਾਲੀ) ਬੰਗਾਲੀ, ਅਵਧੀ ਦਾ ਉਲੇਖ ਕਰ ਕੇ ਲਿਖਿਆ ਹੈ ਕਿ ਦਿੱਲੀ ਅਤੇ ਇਸ ਦੇ ਆਲੇ-ਦੁਆਲੇ ਦੀ ਭਾਸ਼ਾ ਉਹੋ "ਹਿੰਦਵੀ" ਹੈ ਜੋ ਪੁਰਾਣੇ ਜ਼ਮਾਨੇ ਤੋਂ ਹੀ ਬੋਲੀ ਦੇ ਸਮੁੱਚੇ ਮੰਤਵਾਂ ਲਈ ਪ੍ਰਚਲਤ ਰਹੀ ਹੈ। ਇਉਂ ਅਮੀਰ ਖੁਸਰੋ ਨੇ ਸੱਤ ਪ੍ਰਮੁਖ ਭਾਸ਼ਾਵਾਂ, ਦੋ ਉਪ-ਭਾਸ਼ਾਵਾਂ ਅਤੇ ਤਿੰਨ ਮੁੱਖ ਦ੍ਰਾਵਿੜੀ ਭਾਸ਼ਾਵਾਂ ਦੀ ਸੂਚੀ ਪ੍ਰਸਤੁਤ ਕੀਤੀ ਹੈ। ਇਨ੍ਹਾਂ ਸੱਤ ਉੱਘੀਆਂ ਭਾਸ਼ਾਵਾਂ ਵਿਚ ਪੰਜਾਬ ਦੀ ਭਾਸ਼ਾ "ਲਾਹੌਰੀ" ਦਾ ਵੀ ਜ਼ਿਕਰ ਕੀਤਾ ਗਿਆ ਹੈ।

Wahid Mirza, *The Life and Works of Amir Khusro*, p. 185.

"Nuh Sipihr-III"

ਅਬੁਲ ਫ਼ਜ਼ਲ

"ਆਇਨੇ ਅਕਬਰੀ" ਦੇ ਰਚੈਤਾ ਅਬੁਲ ਫ਼ਜ਼ਲ ਨੇ ਵੀ ਆਪਣੇ ਸਮਕਾਲੀਨ ਭਾਰਤ ਦੀਆਂ ਪ੍ਰਾਂਤਕ ਭਾਸ਼ਾਵਾਂ ਦਾ ਉਲੇਖ ਕੀਤਾ ਹੈ। ਉਸ ਨੇ ਲਿਖਿਆ ਹੈ ਕਿ ਹਿੰਦੁਸਤਾਨ ਦੇ ਵਿਸ਼ਾਲ ਭੂ-ਭਾਗ ਵਿਚ ਕਈ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਜਿਹੜੀਆਂ ਕਿ ਵੱਖਰਾਪਣ ਰਖਦੀਆਂ ਹਨ ਅਤੇ ਆਪਸ ਵਿਚ ਸਮਝਣ-ਯੋਗ ਤੇ ਸੁਬੋਧ ਨਹੀਂ ਹਨ। ਅਬੁਲ ਫ਼ਜ਼ਲ ਦੇ ਅਨੁਸਾਰ ਭਾਸ਼ਾਵਾਂ ਇਹ ਹਨ :

ਦਿੱਲੀ ਦੀ ਭਾਸ਼ਾ (ਪੱਛਮੀ ਹਿੰਦੀ), ਬੰਗਾਲੀ (ਬੰਗਾਲ), ਪੱਛਮੀ ਪੰਜਾਬੀ (ਮੁਲਤਾਨ), ਮਾਰਵਾੜੀ (ਪੱਛਮੀ ਰਾਜਸਥਾਨ) ਗੁਜਰਾਤੀ (ਗੁਜਰਾਤ), ਤੇਲਗੂ (ਤੇਲੰਗਾਨਾ), ਮਰਾਠੀ (ਮਰਹੱਟਾ), ਕੰਨੜ (ਕਰਣਾਟਕ) ਸਿੰਧੀ (ਸਿੰਧ), ਪਸ਼ਤੋ (ਅਫ਼ਗਾਨ), ਬਲੋਚੀ (ਬਲੋਚਿਸਤਾਨ) ਅਤੇ ਕਸ਼ਮੀਰੀ (ਕਸ਼ਮੀਰ)।

ਇਨ੍ਹਾਂ ਤੋਂ ਇਲਾਵਾ ਪਿਛਲੇ ਤਿੰਨ ਸੌ ਸਾਲਾਂ ਦੇ ਦਰਮਿਆਨ ਯੂਰਪੀ ਤੇ ਭਾਰਤੀ ਵਿਦਵਾਨਾਂ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਗੰਭੀਰ ਅਧਿਐਨ ਕੀਤਾ ਹੈ। ਵਿਦੇਸ਼ੀ ਵਿਦਵਾਨਾਂ ਵਿਚ ਕਈ ਉੱਲੇਖਯੋਗ ਨਾਮ ਹਨ।

ਵਿਦੇਸ਼ੀ ਭਾਸ਼ਾ-ਵਿਦਵਾਨ

Edward Terry [1655 A.D.], Fryer [1673], Andreos Muller [1680], Beligatti & Amadutius [1771], Adelung's Mithridates [1806] ਆਦਿ ਵਿਦਵਾਨਾਂ ਨੇ ਭਾਰਤੀ ਭਾਸ਼ਾਵਾਂ ਅਤੇ ਲਿਪੀਆਂ ਬਾਰੇ ਸਾਮਗ੍ਰੀ ਤਾਂ ਇਕੱਤ੍ਰ ਕੀਤੀ ਹੈ ਪਰ ਭਾਸ਼ਾਵਾਂ ਦਾ ਕੋਈ ਵਿਗਿਆਨਿਕ ਅਧਿਐਨ ਪੇਸ਼ ਨਹੀਂ ਕੀਤਾ।

ਯੂਰਪੀ ਵਿਦਵਾਨਾਂ ਵਿਚੋਂ ਸਰ ਵਿਲੀਅਮ ਜੋਨਜ਼ [William Jones, 1786] ਪਹਿਲਾ ਭਾਸ਼ਾ-ਵਿਗਿਆਨੀ ਹੈ ਜਿਸ ਨੇ 1786 ਈ. ਵਿਚ ਭਾਰਤੀ ਭਾਸ਼ਾਵਾਂ ਦੀ ਪ੍ਰਮਾਣਿਕ ਜਾਣਕਾਰੀ ਦੇਣ ਦਾ ਸ੍ਰੀਗਣੇਸ਼ ਕੀਤਾ ਅਤੇ Indo-European Language Family (ਭਾਰੋਪੀ ਭਾਸ਼ਾ-ਪਰਿਵਾਰ) ਦੀ ਹੋਂਦ ਨੂੰ ਮਾਨਤਾ ਪ੍ਰਾਪਤ ਕਰਨ ਵਿਚ ਅਹਿਮ ਹਿੱਸਾ ਪਾਇਆ। ਸਰ ਜੋਨਜ਼ ਨੇ ਸੰਸਕ੍ਰਿਤ ਭਾਸ਼ਾ ਬਾਰੇ ਪਹਿਲੀ ਵਾਰ ਵਿਗਿਆਨਕ ਪਰਿਚੈ ਦੇ ਕੇ ਸਾਰੇ ਯੂਰਪ ਨੂੰ ਚਕ੍ਰਿਤ ਕਰ ਦਿੱਤਾ। ਉਸ ਨੇ ਲਿਖਿਆ ਹੈ :

"ਸੰਸਕ੍ਰਿਤ ਭਾਸ਼ਾ ਅਦਭੁਤ ਸੰਰਚਨਾ (ਬਣਤਰ) ਦੀ ਮਾਲਕ ਹੈ. ਇਹ ਗ੍ਰੀਕ ਭਾਸ਼ਾ ਤੋਂ ਵਧੇਰੇ ਪਰਿਪੂਰਨ ਅਤੇ ਲੈਟਿਨ ਭਾਸ਼ਾ ਤੋਂ ਵੀ ਵੱਧ ਅਮੀਰ ਤੇ ਧਨੀ (ਸੰਪੰਨ) ਹੈ, ਅਤੇ ਇਨ੍ਹਾਂ ਦੋਹਾਂ ਤੋਂ ਵਧੇਰੇ ਕਮਾਲ ਦੀ ਸੁਘੜ-ਸੁਨੱਖੀ ਹੈ। ਇਨ੍ਹਾਂ ਗ੍ਰੀਕ ਤੇ ਲੈਟਿਨ ਦੋਹਾਂ ਨਾਲ ਸੰਸਕ੍ਰਿਤ ਭਾਸ਼ਾ ਦੀ ਅਤਿਅੰਤ ਨੇੜੇ ਦੀ ਸਾਝ-ਸਮਾਨਤਾ ਹੈ. ਇਹ ਸਾਝ ਕੋਈ ਅਚਣਚੇਤੀ ਨਹੀਂ ਹੈ. ਇਨ੍ਹਾਂ ਸਾਰੀਆਂ ਦੀ ਜੜ ਜ਼ਰੂਰ ਕੋਈ ਇਕੋ ਮੂਲ-ਭਾਸ਼ਾ ਹੋਵੇਗੀ" (ਅੰਗ੍ਰੇਜ਼ੀ ਤੋਂ ਪੰਜਾਬੀ ਅਨੁਵਾਦ ਮੇਰਾ ਹੈ)।

ਇਸ ਤਰ੍ਹਾਂ ਜੋਨਜ਼ ਨੇ ਭਾਰਤੀ ਭਾਸ਼ਾਵਾਂ ਤੇ ਖ਼ਾਸ ਕਰਕੇ ਸੰਸਕ੍ਰਿਤ ਦਾ ਪਰਿਚੈ ਦਿੱਤਾ ਜਿਸ ਦੇ ਨਤੀਜੇ ਵਜੋਂ ਯੂਰਪੀ ਵਿਦਵਾਨ ਸੰਸਕ੍ਰਿਤ ਸਿੱਖਣ ਤੇ ਜਾਨਣ ਲਈ ਤੜਪ ਉਠੇ। ਜਰਮਨੀ ਦੇ Bopp, Grimm, Pott, Schleicher, Whitney, Brungmann, Meillet, Otto Jesperson ਆਦਿ ਭਾਰਤੀ ਭਾਸ਼ਾਵਾਂ ਦੇ ਅਧਿਐਨ ਵਲ ਰੁਚਿਤ ਹੋਏ।

ਆਧੁਨਿਕ ਭਾਰਤੀ ਭਾਸ਼ਾਵਾਂ ਦਾ ਪਹਿਲਾ ਨੇਮਬੱਧ ਸਰਵੇਖਣ William Carey, 1816 ਦਾ ਹੈ। ਕੇਰੇ ਦੇ ਅਧਿਐਨ ਵਿਚ ਹੇਠ ਲਿਖੀਆਂ ਭਾਰਤੀ ਭਾਸ਼ਾਵਾਂ ਦਾ ਸਰਵੇਖਣ ਹੈ– ਸੰਸਕ੍ਰਿਤ, ਬੰਗਾਲੀ, ਹਿੰਦੀ, ਕਸ਼ਮੀਰੀ, ਡੋਗਰੀ, ਪੰਜਾਬੀ, ਲਹਿੰਦੀ (ਉੱਚੀ), ਸਿੰਧੀ, ਕੂਚ, ਗੁਜਰਾਤੀ, ਕੋਂਕਣ, ਬ੍ਰਜ, ਬੁੰਦੇਲਖੰਡੀ, ਮਰਾਠੀ, ਮਾਗਧੀ, ਕੋਸ਼ਲੀ (ਅਵਧੀ), ਮੈਥਿਲੀ, ਨੇਪਾਲੀ, ਅਸਾਮੀ, ਉੜੀਆ (ਉਤਕਲੀ), ਤੈਲਿੰਗਾ, ਕਰਣਾਟਕੀ, ਪਸ਼ਤੋ (ਅਫ਼ਗਾਨੀ), ਬਲੋਚੀ, ਖੋਸੀ, ਬਰ੍ਹਮੀ। ਕੇਰੇ ਦੇ ਸਮੇਂ ਵਿਚ ਅਜੇ ਦ੍ਰਾਵਿੜੀ ਭਾਸ਼ਾ-ਪਰਿਵਾਰ ਦੀ ਪਛਾਣ ਨਹੀਂ ਕੀਤੀ ਗਈ ਸੀ, ਅਤੇ ਨਾ ਹੀ ਭਾਸ਼ਾ ਤੇ ਉਪਭਾਸ਼ਾ ਦੇ ਅੰਤਰ-ਵਖਰੇਵੇਂ ਦੀ ਸਥਾਪਨਾ ਹੋਈ ਸੀ। ਫਿਰ ਵੀ ਕੇਰੇ ਦਾ ਇਹ ਜਤਨ ਬੜਾ ਉਪਯੋਗੀ ਹੈ।

ਭਾਰਤ ਦੀਆਂ ਗ਼ੈਰ-ਆਰੀਆ ਭਾਸ਼ਾਵਾਂ ਬਾਰੇ ਪਹਿਲੀ ਵਾਰ ਜਾਣਕਾਰੀ ਦੇਣ ਦਾ ਸਿਹਰਾ B. H. Hodgson ਦੇ ਸਿਰ ਹੈ। ਸੰਨ 1828 ਦੇ ਆਸਪਾਸ ਉਸਨੇ ਭਾਰਤ-ਚੀਨੀ ਤੇ ਮੁੰਡਾ ਭਾਸ਼ਾਵਾਂ ਦੀ ਤੁਲਨਾਤਮਕ ਸ਼ਬਦਾਵਲੀ ਤਿਆਰ ਕੀਤੀ ਅਤੇ ਭਾਰਤ ਦੀਆਂ ਦੱਖਣੀ ਭਾਸ਼ਾਵਾਂ ਲਈ ਦ੍ਰਾਵਿੜੀ ਨਾਮਕਰਣ ਦਾ ਪ੍ਰਸਤਾਵ ਪੇਸ਼ ਕੀਤਾ। Hunter [1868] ਦੀ ਡਿਕਸ਼ਨਰੀ ਅਤੇ Bishop Caldwell ਦਾ ਦ੍ਰਾਵਿੜੀ ਗ੍ਰਾਮਰ ਉਲੇਖਯੋਗ ਹਨ। Robert Leech ਨੇ ਪੰਜਾਬੀ, ਬਲੋਚੀ, ਬ੍ਰਾਹੂਈ ਆਦਿ ਭਾਰਤੀ ਭਾਸ਼ਾਵਾਂ ਦੇ ਵਿਆਕਰਣ ਲਿਖੇ। Sir Erskine Perry ਨੇ 1853 ਈ. ਵਿਚ "ਭਾਰਤੀ ਭਾਸ਼ਾਵਾਂ ਦੀ ਭੂਗੋਲਿਕ ਵੰਡ" ਅੰਗ੍ਰੇਜ਼ੀ ਵਿਚ ਖੋਜ-ਪਤਰ ਲਿਖਿਆ। ਪੇਰੀ ਨੇ ਪੰਜਾਬੀ ਤੇ ਮੁਲਤਾਨੀ ਨੂੰ ਉਪ-ਭਾਸ਼ਾਵਾਂ ਦੀ ਸ਼੍ਰੇਣੀ ਵਿਚ ਰਖਿਆ ਹੈ।

·John Beams, 1872 ਦਾ ਵਿਆਕਰਣ "Comparative Grammar of the Modern Aryan Languages of India" ਵੀ ਮਹਤਵਪੂਰਣ ਹੈ। ਪਰੰਤੂ Dr. Hoernle ਦਾ ਤੁਲਨਾਤਮਕ ਵਿਆਕਰਣ "A Grammar of Eastern Hindi Compared with Other Gaudian Languages,* 1880 A.D." ਇਕ ਭਾਸ਼ਾ-ਵਿਗਿਆਨਿਕ ਸ਼ਾਹਕਾਰ ਗ੍ਰੰਥ ਹੈ ਜੋ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਉਦਭਵ ਅਤੇ ਉਨ੍ਹਾਂ ਦੇ ਅੰਤਰ-

---

* Gaudian ਗੌਂਡ ਜਾ ਗੌੜ ਦਾ ਵਿਸ਼ੇਸ਼ਣ ਹੈ। ਗੌੜ ਦਾ ਅਰਥ ਬੰਗਾਲ (ਮਾਗਧੀ ਭਾਸ਼ਾ/ਭਾਸ਼ਾਵਾਂ) ਹੈ। ਸੋ ਹਾਰਨਲੇ ਨੇ ਗੌਂਡ ਦੇ ਅੰਤਰਗਤ ਬੰਗਾਲੀ, ਉੜੀਆ, ਆਸਾਮੀ (ਮਾਗਧੀ-ਉਤਪੰਨ ਭਾਸ਼ਾਵਾਂ) ਭਾਸ਼ਾਵਾਂ ਰਖੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗਉੜੀ-ਰਾਗ "ਨਾਮ" ਦਾ ਇਹੋ ਭਾਵ ਹੈ।

ਸੰਬੰਧਾਂ ਦੀ ਖੋਜ ਦਾ ਇਕ ਆਧਾਰ-ਥੰਮ ਮੰਨਿਆ ਜਾਂਦਾ ਹੈ। ਹਾਰਨਲੇ ਦੇ ਅਧਿਐਨ ਦਾ ਸਾਰਾਂਸ਼ ਦਿੱਤਾ ਜਾਂਦਾ ਹੈ।

ਹਾਰਨਲੇ [1988] ਨੇ ਆਧੁਨਿਕ ਭਾ. ਆ. ਭਾਸ਼ਾਵਾਂ ਨੂੰ (ਜਿਨ੍ਹਾਂ ਬਾਰੇ ਉਹ ਜਾਣਕਾਰੀ ਰਖਦਾ ਸੀ) ਚਾਰ ਗਰੁਪਾਂ ਵਿਚ ਵਰਗਬੱਧ ਕੀਤਾ–(1) ਉੱਤਰੀ (ਨੇਪਾਲੀ, ਕੁਮਾਉਂਨੀ, ਗੜ੍ਹਵਾਲੀ), (2) ਪੱਛਮੀ (ਪੱਛਮੀ ਹਿੰਦੀ, ਮਾਰਵਾੜੀ, ਪੂਰਬੀ ਰਾਜਪੂਤਾਨੀ, ਮੁਲਤਾਨੀ ਸਮੇਤ ਪੰਜਾਬੀ, ਸਿੰਧੀ ਗੁਜਰਾਤੀ), (3) ਦੱਖਣੀ (ਕੋਂਕਣੀ ਸਮੇਤ ਮਰਾਠੀ), ਅਤੇ (4) ਪੂਰਬੀ (ਬੰਗਾਲੀ, ਉੜੀਆ, ਪੂਰਬੀ ਹਿੰਦੀ)। ਹਾਰਨਲੇ ਦੀ ਅਭਿਧਾਰਣਾ ਸੀ ਕਿ ਇਨ੍ਹਾਂ ਚਾਰ ਗਰੁਪਾਂ ਵਿਚੋਂ ਹਰ ਇਕ ਗਰੁਪ ਦੀ ਮੂਲ ਭਾਸ਼ਾ ਪੁਰਾਤਨ ਯੁਗ ਵਿਚ ਇਕੋ ਹੀ ਸੀ ਜਿਸ ਤੋਂ ਸੰਬੰਧਿਤ ਆਧੁਨਿਕ ਭਾਸ਼ਾਵਾਂ ਵਿਕਸਿਤ ਹੋਈਆਂ ਹਨ। ਇਸ ਤੋਂ ਅਤਿਰਿਕਤ ਹਾਰਨਲੇ ਦਾ ਇਹ ਵੀ ਮਤ-ਸੰਕਲਪ ਸੀ ਕਿ ਇਕ ਪਾਸੇ ਦੱਖਣੀ ਤੇ ਪੂਰਬੀ ਦੋਹਾਂ ਗਰੁਪਾਂ ਵਿਚਕਾਰ, ਅਤੇ ਦੂਜੇ ਪਾਸੇ ਉੱਤਰੀ ਤੇ ਪੱਛਮੀ ਗਰੁਪਾਂ ਵਿਚਕਾਰ ਉਪਲਬਧ ਭਾਸ਼ਾਗਤ ਸਾਂਝ-ਸਮਾਨਤਾਵਾਂ (affinities) ਇਸ ਤੱਥ ਦੀਆਂ ਸੂਚਕ ਹਨ ਕਿ ਹੋਰ ਪਿਛਲੇ ਪ੍ਰਾਚੀਨ ਯੁਗ ਵਿਚ ਇਹ ਚਾਰੇ ਗਰੁਪ ਹੋਰ ਘਟ ਕੇ ਅਸਲ ਵਿਚ ਸਿਰਫ ਦੋ ਹੀ ਭਾਸ਼ਾ-ਗਰੁਪ ਬਾਕੀ ਰਹਿ ਜਾਂਦੇ ਹਨ–ਇਕ ਹੈ ਉੱਤਰ-ਪੱਛਮੀ ਭਾਸ਼ਾ-ਗਰੁਪ ਜਿਸਨੂੰ ਉਸ ਨੇ "ਸ਼ੌਰਸੇਨੀ" ਭਾਸ਼ਾ-ਗਰੁਪ ਦਾ ਨਾਮ ਦਿੱਤਾ ਅਤੇ ਦੂਜਾ ਹੈ ਦੱਖਣ-ਪੂਰਬੀ ਭਾਸ਼ਾ-ਗਰੁਪ ਜਿਸਨੂੰ ਉਸ ਨੇ "ਮਾਗਧੀ" ਭਾਸ਼ਾ-ਗਰੁਪ ਕਹਿਣਾ ਪ੍ਰਸਤਾਵਿਤ ਕੀਤਾ। ਯਾਦ ਰਹੇ ਕਿ ਹਾਰਨਲੇ ਦੁਆਰਾ ਤਜਵੀਜ ਕੀਤੇ 'ਸ਼ੌਰਸੇਨੀ' ਤੇ "ਮਾਗਧੀ" ਭਾਸ਼ਾ-ਗਰੁਪਾਂ ਦਾ ਇਸ ਨਾਮ ਵਾਲੀਆਂ ਪ੍ਰਾਕ੍ਰਿਤ ਭਾਸ਼ਾਵਾਂ/ਅਪਭ੍ਰੰਸ਼ਾਂ ਨਾਲ ਕੋਈ ਸੰਬੰਧ ਨਹੀਂ ਹੈ। ਹਾਰਨਲੇ ਦੁਆਰਾ ਪ੍ਰਸਤੁਤ ਆਧੁਨਿਕ ਆਰੀਆ ਭਾਸ਼ਾਵਾਂ ਦੇ ਉਪ-ਸ਼੍ਰੇਣੀਕਰਣ (Sub-classification) ਦੀ ਰੂਪ-ਰੇਖਾ ਹੇਠਾਂ ਇਕ ਰੇਖਾ-ਚਿੱਤਰ ਵਿਚ ਅੰਕਿਤ ਕੀਤੀ ਜਾਂਦੀ ਹੈ।

ਇਸ ਸੰਦਰਭ ਵਿਚ ਡਾ. ਹਾਰਨਲੇ (Hoernle) ਨੇ ਆਰੀਆ ਭਾਸ਼ਾ-ਭਾਸ਼ੀ ਲੋਕਾਂ ਦੇ ਭਾਰਤ-ਪ੍ਰਵੇਸ਼ ਬਾਰੇ *ਦੋ-ਹਮਲਿਆਂ* ਦੀ ਪਰਿਕਲਪਨਾ (two-invasion hypothesis) ਪੇਸ਼ ਕੀਤੀ ਸੀ ਉਸ ਦਾ ਵਿਸ਼ੇਸ਼ ਵਰਣਨ ਅਗਲੇ ਪੰਨਿਆਂ 'ਤੇ ਅੰਕਿਤ ਕੀਤਾ ਗਿਆ ਹੈ। ਹਾਰਨਲੇ ਦੀ ਪਰਿਕਲਪਨਾ ਅਤੇ ਉਸਦੇ ਵਰਗੀਕਰਣ ਪ੍ਰਸਤਾਵ ਬਾਰੇ ਜਿਹੜੀ ਪ੍ਰਤਿਕਿਰਿਆ ਉਭਰਦੀ ਹੈ ਉਹ ਇਹ ਹੈ ਕਿ ਹਾਰਨਲੇ ਦੇ ਸਿਧਾਂਤ ਵਿਚ ਕਈ ਤਰੁਟੀਆਂ ਸਨ ਖ਼ਾਸ ਕਰਕੇ ਭਾਸ਼ਾਵਾਂ ਦੀ ਸਥਿਤੀ ਅਤੇ ਉਨ੍ਹਾਂ ਦੇ ਨਾਮਕਰਣ ਬਾਰੇ ਉਸਦੀ ਪ੍ਰਸਤੁਤੀ ਅਧੂਰੀ ਸੀ। ਇਸ ਕਰਕੇ ਹਾਰਨਲੇ ਦਾ ਸਿੱਧਾਂਤ ਮਕਬੂਲ ਨਾ ਹੋ ਸਕਿਆ ਲੇਕਿਨ ਇਸ ਸਿਧਾਂਤ ਨੇ ਇਕ ਪਰੰਪਰਾ ਸਥਾਪਿਤ ਕਰਨ ਵਿਚ ਨਿੱਗਰ ਯੋਗਦਾਨ ਪਾਇਆ ਹੈ।


ਜਾਰਜ ਗ੍ਰੀਅਰਸਨ ਦਾ ਅੰਦਰਵਰਤੀ-ਬਾਹਰਵਰਤੀ ਭਾਸ਼ਾ-ਮਾਡਲ
(Grierson's Inner-Outer Model)

ਇਸ ਤਰ੍ਹਾਂ ਵੱਖ ਵੱਖ ਭਾਸ਼ਾ-ਵਿਗਿਆਨੀਆਂ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan) ਦੇ ਅਧਿਐਨ ਅਤੇ ਉਨ੍ਹਾਂ ਦੇ ਵਰਗੀਕਰਣ ਦੇ ਕਈ ਉਪਰਾਲੇ ਕੀਤੇ। ਲੇਕਿਨ ਸਭ ਤੋਂ ਵੱਧ ਬਹੁ-ਚਰਚਿਤ ਯਤਨ Dr. G. A. Grierson ਦਾ ਹੈ। ਗ੍ਰੀਅਰਸਨ ਨੇ ਸਾਰੀਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਸੰਰਚਨਾਤਮਕ (structural), ਧੁਨੀਆਤਮਕ, ਰੂਪਾਤਮਕ ਅਤੇ ਵਾਕਾਤਮਕ ਅਧਿਐਨ ਕਰ ਕੇ ਇਨ੍ਹਾਂ ਭਾਸ਼ਾਵਾਂ ਨੂੰ ਵਿਭਿੰਨ

ਵਰਗਾਂ, ਸ਼ਾਖ਼ਾਵਾਂ, ਉਪ-ਸ਼ਾਖ਼ਾਵਾਂ ਵਿਚ ਵਰਗਬੰਧ ਕਰਨ ਦੇ ਆਧਾਰ ਪ੍ਰਸਤੁਤ ਕੀਤੇ ਹਨ ਅਤੇ ਅਖੀਰ ਵਿਚ ਆਪਣੀ ਸਿੱਧਾਂਤ-ਸਥਾਪਨਾ ਪੇਸ਼ ਕੀਤੀ ਹੈ।

ਗ੍ਰੀਅਰਸਨ ਨੇ ਆਪਣੀ ਸਿੱਧਾਂਤ-ਸਥਾਪਨਾ ਅਤੇ ਭਾਸ਼ਾ ਸੰਬੰਧੀ ਖੋਜਾਂ ਨੂੰ ਪਹਿਲਾਂ "Linguistic Survey of India" Part I, vol. I, page 116, 1927 ਵਿਚ ਅਤੇ ਬਾਅਦ ਵਿਚ Bulleton of the School of Oriental Studies, London Insitute, part I, vol. III, p. 32, 1930 ਵਿਚ ਬੜੇ ਵਿਸਤਾਰ ਨਾਲ ਕੀਤਾ ਹੈ। ਗ੍ਰੀਅਰਸਨ ਦਾ ਦੂਜਾ ਨਿਬੰਧ ਪਹਿਲੇ ਨਿਬੰਧ ਨਾਲੋਂ ਮੁਕਾਬਲਤਨ ਵੱਡਾ ਤੇ ਵਿਸਤ੍ਰਿਤ ਹੈ। ਉਸ ਦਾ ਸਾਰਾਂਸ਼ ਇਹ ਹੈ :

NIA subclassification according to Hoernle : ਹਾਰਨਲੇ ਦੇ ਵਰਗੀਕਰਣ ਦਾ ਰੇਖਾ-ਚਿਤਰ



ਗ੍ਰੀਅਰਸਨ ਦੁਆਰਾ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਵਰਗੀਕਰਣ ਅਤੇ ਉਸ ਦਾ ਆਧਾਰ

ਭਾਰਤ-ਯੂਰਪੀ (Indo-Europeans) ਆਰੀਆ ਲੋਕ ਆਪਣੇ ਜੱਦੀ ਘਰ ਤੋਂ ਖਿੰਡਰ ਕੇ ਈਰਾਨ (Persia) ਪਹੁੰਚ ਗਏ। ਇਨ੍ਹਾਂ ਆਰੀਆ ਵਿਚੋਂ ਇਕ ਟੋਲੀ ਪੂਰਬ ਵਲ ਵਧਦੀ ਗਈ ਅਤੇ ਉਹ ਭਾਰਤ ਦੇਸ਼ ਵਿਚ ਪਹੁੰਚ ਗਈ। ਇਹ ਕਹਿਣਾ ਔਖਾ ਹੈ ਕਿ ਆਰੀਆ ਦਾ ਇਹ ਭਾਰਤ-ਪ੍ਰਵੇਸ਼ ਇਕੋ ਹੀ ਵਾਰ ਹੋਇਆ। ਜਾਪਦਾ ਹੈ ਕਿ ਆਰੀਆ ਲੋਕ ਛੋਟੇ ਛੋਟੇ ਜੱਥਿਆਂ ਵਿਚ ਅਗੇ ਵਧਦੇ ਰਹੇ ਅਤੇ ਉਹ ਪਹਿਲਾਂ ਅਫ਼ਗਾਨਿਸਤਾਨ ਵਿਚ ਆ ਕੇ ਰੁਕੇ ਅਤੇ ਉਸ ਤੋਂ ਅਗੇ ਕਾਬੁਲ-ਘਾਟੀ ਰਾਹੀਂ ਹਿੰਦੁਸਤਾਨ ਵਿਚ ਦਾਖ਼ਲ ਹੋਏ। ਆਰੀਆ ਦੀ ਇਹ ਹੌਲੀ ਹੌਲੀ ਵਾਰੋ ਵਾਰੀ ਪੇਸ਼ਕਦਮੀ ਦੇ ਸੰਕੇਤ ਵੇਦਾਂ ਵਿਚ ਵੀ ਮਿਲਦੇ ਹਨ। ਜਰਮਨੀ ਦੇ ਪ੍ਰੋਫ਼ੈਸਰ Hillebrandt ਦੀ ਖੋਜ ਅਨੁਸਾਰ ਵੇਦਾਂ ਵਿਚ ਵਰਣਨ ਕੀਤਾ ਦਿਵੋਦਾਸ ਉਸ ਕੌਮ ਦਾ ਰਾਜਾ ਸੀ ਜਿਹੜਾ ਕੰਧਾਰ (Arachosia ਗ੍ਰੀਕ ਭਾਸ਼ਾ ਵਿਚ) ਦਾ ਵਸਨੀਕ ਸੀ ਅਤੇ ਇਸ ਦੇ ਉੱਤਰਾਧਿਕਾਰੀ ਸੁਦਾਸ ਦੇ ਸਮੇਂ ਉਸ ਕੌਮ ਦੀ ਸੰਤਾਨ ਸਿੰਧੂ ਨਦੀ ਦੇ ਕੰਢਿਆਂ ਤੇ ਵਸਦੀ ਮਿਲਦੀ ਹੈ। ਕੰਧਾਰ ਤੋਂ ਸਿੰਧੂ ਨਦੀ ਤਕ ਇਕ ਕੌਮ ਦੇ ਸਥਾਪਿਤ ਹੋਣ ਲਈ ਕਈਆਂ ਪੀੜ੍ਹੀਆਂ ਦਾ ਸਮਾ ਚਾਹੀਦਾ ਹੈ। ਇਹ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਜਿਸ ਸਮੇਂ ਇਤਿਹਾਸ ਵਿਚ ਸਾਨੂੰ ਭਾਰਤ ਬਾਰੇ

ਕੋਈ ਥਹੁ-ਪਤਾ ਲਗਦਾ ਹੈ ਤਾਂ ਸਪਸ਼ਟ ਹੈ ਕਿ ਉਸ ਸਮੇਂ ਪੰਜਾਬ ਪ੍ਰਦੇਸ਼ ਵਿਚ ਕਈ ਹਿੰਦ-ਆਰੀਆ ਜਾਤਾਂ ਵਸਦੀਆਂ ਸਨ ਜਿਹੜੀਆਂ ਕਿ ਭਿੰਨ ਭਿੰਨ ਬੋਲੀਆਂ ਬੋਲਦੀਆਂ ਸਨ ਅਤੇ ਜਿਹੜੀਆਂ ਆਪਸ ਵਿਚ ਲੜਦੀਆਂ ਵੀ ਰਹਿੰਦੀਆਂ ਸਨ। ਜਦੋਂ ਆਰੀਆ ਦੀ ਕੋਈ ਟੋਲੀ ਪੱਛਮ ਵੱਲੋਂ ਭਾਰਤ ਵਿਚ ਦਾਖ਼ਲ ਹੁੰਦੀ ਸੀ ਤਾਂ ਉਹ ਪਹਿਲੀਆਂ ਸਥਾਪਿਤ ਟੋਲੀਆਂ ਨੂੰ ਖਦੇੜ ਦਿੰਦੀ ਸੀ ਅਤੇ ਪਹਿਲੀਆਂ ਟੋਲੀਆਂ ਭਾਰਤ ਦੇ ਦੂਜਿਆਂ ਹਿੱਸਿਆਂ ਵਿਚ ਗੋਲ ਦਾਇਰੇ (ਮੰਡਲਾਕਾਰ) ਵਿਚ ਫੈਲ ਜਾਂਦੀਆਂ ਸਨ।

ਇਸ ਕਾਲ ਦੀ ਹਿੰਦ-ਆਰੀਆ ਭਾਸ਼ਾ ਦੇ ਪ੍ਰਾਚੀਨਤਮ ਪ੍ਰਮਾਣ ਅਤੇ ਹਵਾਲੇ ਸਾਨੂੰ ਵੇਦ-ਸੰਹਿਤਾਵਾਂ ਵਿਚੋਂ ਮਿਲਦੇ ਹਨ। ਵੇਦ-ਗ੍ਰੰਥਾਂ ਦੇ ਮੰਤ੍ਰ (hymns) ਕਿਸੇ ਇਕ ਥਾਂ ਜਾਂ ਇਕ ਸਮੇਂ ਨਹੀਂ ਉਚਾਰੇ ਗਏ ਸਗੋਂ ਭਿੰਨ ਭਿੰਨ ਸਥਾਨਾਂ ਵਿਚ ਅਤੇ ਭਿੰਨ ਭਿੰਨ ਸਮਿਆਂ ਵਿਚ ਭਿੰਨ ਭਿੰਨ ਰਿਸ਼ੀਆਂ ਨੇ ਰਚੇ ਸਨ। ਵੇਦਾਂ ਵਿਚ ਭਿੰਨ ਭਿੰਨ dialects (ਉਪ-ਭਾਸ਼ਾਵਾਂ) ਦੇ ਸੰਕੇਤ ਅਵੱਸ਼ ਮਿਲਦੇ ਹਨ ਪਰੰਤੂ ਇਹ ਇੰਨੇ ਅਲਪ, ਥੋੜ੍ਹੇ ਤੇ ਮਾਮੂਲੀ ਹਨ ਕਿ ਇਨ੍ਹਾਂ ਦੇ ਆਧਾਰ ਉੱਤੇ ਆਰੀਆ ਭਾਸ਼ਾ ਦੇ ਵਿਵਿਧ ਉਪ-ਰੂਪਾਂ ਨੂੰ ਸੰਕਲਿਤ ਨਹੀਂ ਕੀਤਾ ਜਾ ਸਕਦਾ।

ਇਸ ਗੱਲ ਦਾ ਨਿਤਾਰਾ ਕਰਨਾ ਤਾਂ ਅਸਲੋਂ ਔਖਾ ਹੈ ਕਿ ਆਰੀਆ ਦੀ ਕਿਹੜੀ ਟੋਲੀ ਕਦੋਂ ਤੇ ਕਿੱਥੋਂ ਦੀ ਆਈ ਅਤੇ ਉਨ੍ਹਾਂ ਦੀ ਭਾਸ਼ਾ ਦੂਜੀਆਂ ਹੋਰ ਟੋਲੀਆਂ ਦੀ ਭਾਸ਼ਾ ਨਾਲੋਂ ਕਿੰਦਾ ਵਖਰੀ ਸੀ। ਪਰ ਸਭ ਤੋਂ ਪਹਿਲੀ ਟੋਲੀ ਅਤੇ ਅਖ਼ੀਰਲੀ ਟੋਲੀ ਦੀ ਭਾਸ਼ਾ ਵਿਚ ਅੰਤਰ ਉਪਲਬਧ ਕਰਨਾ ਸੌਖਾ ਹੈ। ਸੰਨ 1880 ਵਿਚ ਡਾ. ਹਾਰਨਲੇ (Hoernle : Comparative Grammar of Gaudian Languages, p. XXXI) ਨੇ ਇਹ ਰਾਇ ਦਿੱਤੀ ਸੀ ਕਿ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਅਤੇ ਇਨ੍ਹਾਂ ਦੀਆਂ ਪੂਰਵਜ ਭਾਸ਼ਾਵਾਂ ਦੇ ਅਧਿਐਨ ਤੋਂ ਇਹ ਨਿਸ਼ਚਿਤ ਪ੍ਰਮਾਣ ਮਿਲਦੇ ਹਨ ਕਿ ਆਰੀਆ ਲੋਕਾਂ ਦਾ ਭਾਰਤ ਵਿਚ ਪ੍ਰਵੇਸ਼ ਦੋ ਟੋਲੀਆਂ (two Indo-Aryan invasions of India) ਵਿਚ ਹੋਇਆ, ਇਨ੍ਹਾਂ ਟੋਲੀਆਂ ਦੀਆਂ ਭਾਸ਼ਾਵਾਂ ਭਾਵੇਂ ਅਡੋ ਅਡ ਸਨ, ਪਰ ਇਨ੍ਹਾਂ ਦੀ ਕੋਈ ਇਕੋ ਮੂਲ-ਭਾਸ਼ਾ ਅਵੱਸ਼ ਸੀ।

ਡਾ. ਹਾਰਨਲੇ ਦਾ ਇਹ "ਦੋ ਹੱਲਿਆਂ" ਵਾਲਾ ਸਿੱਧਾਂਤ ਡਾ. ਗ੍ਰੀਅਰਸਨ ਨੇ ਪੂਰੇ-ਸੂਰੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਕਿਉਂਕਿ, ਗ੍ਰੀਅਰਸਨ ਦੇ ਅਨੁਸਾਰ "ਦੋ ਹਮਲਿਆਂ" ਦੀ ਕਲਪਨਾ ਕਰਕੇ ਭਾਸ਼ਾ ਦੇ ਅੰਤਰ ਨੂੰ ਸਪਸ਼ਟ ਕਰਨਾ ਅਸੰਭਵ ਦੇ ਅਣ-ਆਵੱਸ਼ਕ ਹੈ। ਗ੍ਰੀਅਰਸਨ ਨੇ ਇਸ ਦੇ ਨਾਲ ਮਿਲਦਾ ਜੁਲਦਾ ਇਕ ਹੋਰ ਸਿੱਧਾਂਤ ਪੇਸ਼ ਕੀਤਾ। ਉਸ ਦਾ ਇਹ ਵਿਚਾਰ ਹੈ ਕਿ ਆਰੀਆਂ ਦਾ ਫ਼ਾਰਸ ਤੋਂ ਆਗਮਨ ਵਾਰੋ ਵਾਰੀ ਕਈ ਕਾਫ਼ਲਿਆਂ ਦੀ ਸ਼ਕਲ ਵਿਚ ਬਹੁਤ ਲੰਮੇ ਅਰਸੇ ਤਕ ਹੁੰਦਾ ਰਿਹਾ ਜਿਸ ਕਾਰਣ ਉਨ੍ਹਾਂ ਆਰੀਆਂ ਦੀਆਂ ਟੋਲੀਆਂ ਦੀਆਂ ਭਾਸ਼ਾਵਾਂ ਵਿਚ ਫ਼ਰਕ ਪੈਦਾ ਹੋ ਜਾਣਾ ਸੰਭਵ ਸੀ। ਇਹ ਭਾਸ਼ਾਈ ਅੰਤਰ ਆਧੁਨਿਕ ਹਿੰਦ-ਆਰੀਆ ਭਾਸ਼ਾਵਾਂ ਵਿਚ ਮਿਲਦਾ ਹੈ। ਕਿਉਂਕਿ ਪੂਰਵ-ਵਰਤੀ (ਪਹਿਲਾਂ ਆਏ) ਆਰੀਆ ਇਕ ਖ਼ਾਸ ਤਰ੍ਹਾਂ ਦੀ ਆਰੀਆ-ਭਾਸ਼ਾ ਬੋਲਦੇ ਸਨ ਅਤੇ ਉੱਤਰ-ਵਰਤੀ (ਮਗਰੋਂ ਆਏ) ਆਰੀਆ ਦੂਜੀ ਤਰ੍ਹਾਂ ਦੀ ਆਰੀਆ ਭਾਸ਼ਾ ਵਰਤਦੇ ਸਨ।

ਹਾਰਨਲੇ ਨੇ ਆਪਣੇ ਸਿਧਾਂਤ ਦੀ ਵਿਆਖਿਆ ਕਰਦਿਆਂ ਇਹ ਸਿੱਧ ਕਰਨ ਦਾ

ਯਤਨ ਕੀਤਾ ਕਿ ਆਰੀਆ ਦਾ ਪਹਿਲਾ ਦਲ ਭਾਰਤ ਦੇ ਮੱਧ-ਦੇਸ਼ ਵਿਚ ਸਥਾਪਿਤ ਹੋ ਚੁਕਾ ਸੀ ਜਦੋਂ ਕਿ ਮਗਰਲੇ ਦਲ ਨੇ ਆ ਕੇ ਉਨ੍ਹਾਂ ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਚੁਤਰਫੇ ਖਿੰਡਾ ਦਿੱਤਾ। ਇਸ ਹਮਲੇ (ਆਕ੍ਰਮਣ) ਨੂੰ ਡਾ. ਹਾਰਨਲੇ ਨੇ Wedge Theory (ਫਾਨਾ ਸਿਧਾਂਤ) ਦਾ ਨਾਂ ਦਿੱਤਾ ਹੈ। ਪਹਿਲੇ ਵਸੇ ਹੋਏ ਆਰੀਆਂ ਦੇ ਦੇਸ਼ ਵਿਚ ਮਗਰਲੇ ਆਰੀਆ ਲੋਕ ਫਾਨੇ ਦੀ ਤਰ੍ਹਾਂ ਆ ਕੇ ਫਸ ਗਏ ਅਤੇ ਪਹਿਲੇ ਵਸੇ ਆਰੀਆ ਚੁਤਰਫੇ ਖਿੰਡਾ ਦਿੱਤੇ ਗਏ। ਪਰ ਡਾ. ਗ੍ਰਿਅਰਸਨ ਨੂੰ ਇਹ 'ਫਾਨਾ ਸਿਧਾਂਤ' ਵੀ ਪ੍ਰਵਾਨ ਨਹੀਂ ਹੈ। ਉਸ ਦੇ ਵਿਚਾਰ ਵਿਚ ਸਥਿਤੀ ਇਸ ਤੋਂ ਉਲਟ ਹੋ ਸਕਦੀ ਹੈ। ਮੱਧ ਦੇਸ਼ ਵਿਚ ਵਸੇ ਹੋਏ ਆਰੀਆ ਉਸੇ ਤਰ੍ਹਾਂ ਹੀ ਸਥਾਪਿਤ ਰਹੇ ਪਰ ਮਗਰਲੀ ਟੋਲੀ ਆ ਕੇ ਉਨ੍ਹਾਂ ਦੇ ਚਾਰੇ ਤਰਫ, ਸਿੰਧ, ਪੱਛਮ, ਦੱਖਣ ਤੇ ਪੂਰਬ ਵਲ ਵਧਦੀ ਗਈ ਅਤੇ ਮੰਡਲਾਕਾਰ ਵਿਚ ਵਸਦੀ ਗਈ। ਰਿਗਵੇਦ ਵਿਚ ਬਿਆਨ ਕੀਤੀ ਰਾਜਾ ਸੁਦਾਸ ਤੇ ਭਰਤਾਂ ਦੀ ਲੜਾਈ ਆਰੀਆਂ ਦੀਆਂ ਦੋ ਟੋਲੀਆਂ ਵਿਚਕਾਰ ਆਪਸੀ ਵਿਰੋਧ ਦਾ ਸੰਕੇਤ ਪੇਸ਼ ਕਰਦੀ ਹੈ। ਕੌਰਵਾਂ ਤੇ ਪਾਂਡਵਾਂ ਦਾ ਮਹਾਭਾਰਤ ਵਾਲਾ ਯੁਧ ਵੀ ਦੋ ਵਿਰੋਧੀ ਆਰੀਆ ਦਲਾਂ ਦਾ ਯੁੱਧ ਕਿਹਾ ਜਾ ਸਕਦਾ ਹੈ। ਮਹਾਭਾਰਤ ਮਹਾਕਾਵਿ ਜਿਥੇ ਪਾਂਡਵਾਂ ਨੂੰ ਨਾਇਕ ਮੰਨ ਕੇ ਉਨ੍ਹਾਂ ਦੀ ਪ੍ਰਸੰਸ਼ਾ ਦਾ ਗਾਇਨ ਕਰਦਾ ਹੈ ਉਥੇ 'ਸਿੰਧੂ' ਨਦੀ ਦੇ ਕੰਢਿਆਂ 'ਤੇ ਵਸੇ ਹੋਏ ਆਰੀਆ ਨੂੰ ਆਰੀਆ ਮੰਨਣ ਤੋਂ ਵੀ ਇਨਕਾਰੀ ਹੈ ਬਲਕਿ ਉਨ੍ਹਾਂ ਨੂੰ ਅਪਮਾਨ-ਜਨਕ 'ਮਲੇਛ' ਆਖ ਕੇ ਟੋਲੀਆ ਦੇ ਆਪਸੀ ਵੈਰ ਦੀ ਗਵਾਹੀ ਦਿੰਦਾ ਹੈ। ਇਸ ਤਰ੍ਹਾਂ ਦੇ ਵਿਚਾਰ ਮਿ. ਪਰਗੀਤਰ ਤੇ ਲਾਸਨ (Pargiter, Lasen) ਨੇ ਵੀ ਪ੍ਰਗਟਾਏ ਹਨ।

ਇਸ ਤਰ੍ਹਾਂ ਡਾ. ਗ੍ਰਿਅਰਸਨ ਨੇ ਭਾਸ਼ਾਈ ਤੇ ਪ੍ਰਾਚੀਨ ਸਾਹਿਤ ਦੇ ਉਪਲਬਧ ਪ੍ਰਮਾਣਾਂ ਤੋਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਭਾਰਤ-ਯੂਰਪੀ ਭਾਸ਼ਾ-ਪਰਿਵਾਰ ਦੇ ਹਿੰਦ-ਈਰਾਨੀ ਭਾਸ਼ਾ-ਸ਼ਾਖਾ ਦੇ ਬੁਲਾਰੇ ਆਰੀਆ ਲੋਕ ਈਰਾਨ (ਫਾਰਸ) ਵਿਚ ਜਦੋਂ ਨਿਵਾਸ ਕਰਨ ਲਗੇ ਤਾ ਇਥੋਂ ਇਨ੍ਹਾਂ ਵਿਚੋਂ ਕੁਝ ਦਲ ਹੌਲੀ ਹੌਲੀ ਭਾਰਤ ਵਿਚ ਦਾਖਲ ਹੁੰਦੇ ਗਏ। ਪਰ ਆਰੀਆਂ ਦੇ ਦਲਾ ਦਾ ਇਹ ਭਾਰਤ-ਪ੍ਰਵੇਸ਼ ਕੇਵਲ ਇਕੋ ਵਾਰ ਹੀ ਨਹੀਂ ਹੋਇਆ, ਸਗੋਂ ਬਹੁਤ ਲੰਮੇ ਅਰਸੇ ਤਕ ਕਈ ਦਲ ਇਕ ਦੂਜੇ ਤੋਂ ਬਾਅਦ ਦਾਖਲ ਹੁੰਦੇ ਗਏ। ਫਲਸਰੂਪ ਆਰੀਆ ਦੀ ਪ੍ਰਥਮ ਟੋਲੀ ਭਾਰਤ ਦੇ ਠੀਕ ਵਿਚਾਲੇ ਮੱਧ ਦੇਸ਼ ਵਿਚ ਸਥਾਪਿਤ ਹੋ ਗਈ ਅਤੇ ਸਭ ਤੋਂ ਮਗਰਲੀ ਟੋਲੀ ਮੱਧ ਦੇਸ਼ੀ ਟੋਲੀ ਦੇ ਆਲੇ-ਦੁਆਲੇ ਚਾਰ-ਚੁਫੇਰੇ ਪੱਛਮ, ਦੱਖਣ ਤੇ ਪੂਰਬ ਵਲ ਇਕ ਗੋਲ ਦਾਇਰੇ ਵਿਚ ਪਸਰਦੀ ਗਈ। ਆਧੁਨਿਕ ਹਿੰਦ-ਆਰੀਆ ਭਾਸ਼ਾਵਾ ਵਿਚ ਇਨ੍ਹਾਂ ਦੋ ਟੋਲੀਆ ਦੀਆ ਭਾਸ਼ਾਵਾਂ ਦੇ ਸਪਸ਼ਟ ਅੰਤਰ ਪ੍ਰਾਪਤ ਹੁੰਦੇ ਹਨ।

ਡਾ. ਗ੍ਰਿਅਰਸਨ ਦੇ ਅਨੁਸਾਰ ਇਹ ਮੰਨ ਲੈਣਾ ਬਹੁਤ ਤਰਕਸੰਗਤ ਹੈ ਕਿ ਆਰੀਆ ਦਾ 'ਕੇਂਦਰੀ ਦਲ' ਹੌਲੀ ਹੌਲੀ ਪਸਰਦਾ ਗਿਆ ਅਤੇ ਉਸ ਨੇ ਭਾਰਤ ਦਾ ਉਹ ਕੇਂਦਰੀ ਖੇਤਰ ਕਬਜ਼ੇ ਹੇਠ ਕਰ ਲਿਆ ਜਿਸ ਨੂੰ ਸੰਸਕ੍ਰਿਤ ਸਾਹਿਤ ਵਿਚ ਅਸਲੀ ਤੇ ਪਵਿੱਤਰ ਆਰਯਾਵਰਤ ਕਿਹਾ ਗਿਆ ਹੈ ਅਤੇ ਜਿਸ ਨੂੰ ਸਾਰਥਕ ਤੌਰ ਤੇ 'ਮਧਯ ਦੇਸ਼' (ਮਝਲਾ ਇਲਾਕਾ) ਦਾ ਨਾਮ ਦਿੱਤਾ ਗਿਆ ਹੈ। ਭਾਰਤ ਦਾ ਇਹ ਮੱਧ ਦੇਸ਼ ਉੱਤਰ ਵਿਚ ਹਿਮਾਲੇ ਤੋਂ ਲੈ ਕੇ ਦੱਖਣ ਵਿਚ ਵਿੰਧਯਾਚਲ ਤਕ ਅਤੇ ਪੱਛਮ ਵਾਲੇ ਪਾਸੇ ਸਰਹਿੰਦ (ਪੰਜਾਬ) ਤੋਂ ਲੈ ਕੇ ਪੂਰਬ ਵਿਚ ਗੰਗਾ-ਜਮਨਾ ਸੰਗਮ ਤਕ ਫੈਲਿਆ ਹੋਇਆ ਹੈ। ਇਹ ਇਕ ਦੰਦ-

ਕਥਾ ਹੈ ਕਿ ਇਸ ਮੱਧ ਦੇਸ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਵਿਚੋਂ ਵਿਚ ਪਵਿਤਰ ਸਰਸਵਤੀ ਨਦੀ ਵਹਿੰਦੀ ਹੈ ਜਿਹੜੀ ਕਿ ਮਨੁੱਖੀ ਅੱਖਾਂ ਤੋਂ ਅਦ੍ਰਿਸ ਹੈ।

ਮੱਧ ਦੇਸ਼ ਦੇ ਵਸਨੀਕ ਪ੍ਰਥਮ ਟੋਲੀ ਦੇ ਇਨ੍ਹਾਂ ਆਰੀਆ ਨੇ ਮਗਰਲੇ ਆਰੀਆਂ ਨੂੰ ਚੁਤਰਫੇ ਧਕੇਲ ਦਿੱਤਾ ਅਤੇ ਇਸ ਤਰ੍ਹਾਂ ਭਾਰਤ ਦੇਸ ਦੇ ਆਰੀਆਂ ਲੋਕਾਂ ਦੇ ਦੋ ਚੱਕਰ ਬਣ ਗਏ। ਡਾ. ਗ੍ਰੀਅਰਸਨ ਨੇ ਇਨ੍ਹਾਂ ਦੋ ਚੱਕਰਾ ਨੂੰ ਅੰਦਰਵਰਤੀ (inner circle) ਅਤੇ ਬਾਹਰਵਰਤੀ ਚੱਕਰ (outer circle) ਕਿਹਾ ਹੈ। ਇਸ ਵੰਡ ਅਨੁਸਾਰ ਹਿੰਦ-ਆਰੀਆ ਭਾਸ਼ਾਵਾਂ ਵੀ ਦੋ ਉਪ-ਸ਼ਾਖਾਵਾਂ ਵਿਚ ਵੰਡੀਆਂ ਗਈਆ। ਆਰੀਆ ਭਾਸ਼ਾ ਦੀ ਇਕ ਸ਼ਾਖਾ ਲਗਭਗ ਸਾਰੇ ਮੱਧ ਦੇਸ਼ ਵਿਚ ਬੋਲੀ ਜਾਂਦੀ ਰਹੀ ਅਤੇ ਦੂਜੀ ਉਪ-ਸ਼ਾਖਾ ਮੱਧ ਦੇਸ ਦੇ ਉਦਾਲੇ ਇਕ ਗੋਲ ਦਾਇਰੇ (ਮੰਡਲਾਕਾਰ) ਵਿਚ ਹਜ਼ਾਰਾ (ਜ਼ਿਲ੍ਹਾ ਪਿਸ਼ਾਵਰ, ਪਾਕਿਸਤਾਨ) ਤੋਂ ਲੈ ਕੇ ਪੱਛਮੀ ਪੰਜਾਬ, ਸਿੰਧ, ਮਹਾਰਾਸ਼ਟਰ, ਮੱਧ-ਭਾਰਤ, ਉੜੀਸਾ, ਬਿਹਾਰ, ਬੰਗਾਲ, ਅਤੇ ਆਸਾਮ ਵਿਚ ਪ੍ਰਚਲਤ ਹੋ ਗਈ। ਗੁਜਰਾਤ ਹੀ ਇਕ ਅਜਿਹਾ ਪ੍ਰਾਂਤ ਹੈ ਜਿਥੇ ਅੰਦਰਵਰਤੀ ਚਕ੍ਰ ਦੀ ਭਾਸ਼ਾ ਬਾਹਰਵਰਤੀ ਚਕ੍ਰ ਦੀ ਭਾਸ਼ਾ ਦੇ ਹੱਦ-ਬੰਨੇ ਤੋੜ ਕੇ ਪ੍ਰਚਲਿਤ ਹੋ ਗਈ ਸੀ।

ਇਸ ਤਰ੍ਹਾਂ ਡਾ. ਗ੍ਰੀਅਰਸਨ ਨੇ "ਦੋ ਟੋਲੀਆਂ ਦੇ ਸਿੱਧਾਂਤ" ਨੂੰ ਆਧਾਰ ਬਣਾਕੇ 'Inner Sub Branch' (ਅੰਦਰਵਰਤੀ ਭਾਸ਼ਾ) outer sub branch (ਬਾਹਰਵਰਤੀ-ਭਾਸ਼ਾ) ਨੂੰ ਵਰਗ-ਬੱਧ ਕਰਨ ਦੀ ਸਥਾਪਨਾ ਪੇਸ਼ ਕੀਤੀ ਹੈ। ਇਸ ਸਥਾਪਨਾ ਦੀ ਪੁਸ਼ਟੀ ਲਈ ਡਾ. ਗ੍ਰੀਅਰਸਨ ਨੇ ਭਾਸ਼ਾ-ਵਿਗਿਆਨਿਕ ਪ੍ਰਮਾਣ ਪ੍ਰਸਤੁਤ ਕਰਨ ਦੀ ਚੇਸ਼ਟਾ ਕੀਤੀ ਹੈ।

ਧੁਨੀ-ਵਿਗਿਆਨ : ਗ੍ਰੀਅਰਸਨ ਦਾ ਕਥਨ ਹੈ ਕਿ ਇਨ੍ਹਾਂ ਦੋਹਾਂ ਚਕ੍ਰਾਂ ਦੀਆਂ ਭਾਸ਼ਾਵਾਂ ਵਿਚ ਧੁਨੀ-ਵਿਗਿਆਨ ਦੇ ਪੱਖ ਤੋਂ ਸਪਸ਼ਟ ਅੰਤਰ ਹੈ। ਧੁਨੀ-ਉੱਚਾਰਣ ਦੇ ਪਖੋਂ ਇਨ੍ਹਾਂ ਵਿਚ ਬੜਾ ਫ਼ਰਕ ਹੈ। ਊਸ਼ਮ ਧੁਨੀਆਂ (sibilants : ਸ, ਸ਼, ਥ) ਇਸ ਪ੍ਰਸੰਗ ਵਿਚ ਖ਼ਾਸ ਤੌਰ ਤੇ ਉਲੇਖ-ਯੋਗ ਹਨ। Herodotus ਦੇ ਸਮੇਂ ਤੋਂ ਲੈ ਕੇ ਊਸ਼ਮ ਦੇ ਪ੍ਰਸੰਗ ਵਿਚ ਦੋਹਾਂ ਭਾਸ਼ਾ-ਵਰਗਾਂ ਵਿਚ ਵਿਸ਼ੇਸ਼ ਅੰਤਰ ਹੈ। ਅੰਦਰਵਰਤੀ ਭਾਸ਼ਾ ਵਰਗ ਵਿਚ /ਸ/ ਧੁਨੀ ਮੁਕੰਮਲ ਤੌਰ ਤੇ ਦੰਦੀ (dental) ਹੀ ਉਚਾਰੀ ਜਾਂਦੀ ਹੈ ਜਿਥੇ ਕਿ ਬਾਹਰਵਰਤੀ ਭਾਸ਼ਾ-ਵਰਗ (ਜਿਵੇਂ ਬੰਗਾਲੀ, ਮਹਾਰਾਸ਼ਟਰੀ) ਵਿਚ ਇਹ /ਸ/ ਧੁਨੀ /ਸ਼/ ਦੀ ਤਰ੍ਹਾਂ ਕੋਮਲ ਹੋ ਕੇ ਉਚਾਰੀ ਜਾਂਦੀ ਹੈ। ਇਹੋ ਦੰਤੀ ਸ-ਧੁਨੀ ਉੱਤਰ-ਪੱਛਮੀ ਸਰਹੱਦੀ ਸੂਬੇ (ਪਾਕਿਸਤਾਨ) ਤੇ ਕਸ਼ਮੀਰ ਵਿਚ /ਹ/ ਧੁਨੀ ਵਿਚ ਰੂਪਾਂਤਰ ਹੋ ਜਾਂਦੀ ਹੈ। /ਸ/ ਨੂੰ /ਹ/ ਵਿਚ ਰੂਪਾਂਤਰ ਕਰਨ ਦੀ ਰੁਚੀ ਯੂਨਾਨੀ ਸ਼ਹਿਨਸ਼ਾਹ ਸਿਕੰਦਰ ਦੇ ਆਕ੍ਰਮਣ ਤੋਂ ਲੈ ਕੇ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਯੂਨਾਨੀਆਂ ਨੇ ਭਾਰਤ ਦੇ ਪ੍ਰਥਮ ਤੇ ਪ੍ਰਸਿਧ ਦਰਿਆ "ਸਿੰਧੁ" ਨੂੰ Indus ਕਿਹਾ। ਇਥੇ ਉਨ੍ਹਾਂ ਨੇ /ਸਿ-/ ਨੂੰ ਕੋਮਲ ਕਰਕੇ ਪਹਿਲਾ /ਹਿ-/ ਤੇ ਫਿਰ /ਇ-/ ਹੀ ਰਹਿਣ ਦਿੱਤਾ। ਸ-ਧੁਨੀ ਨੂੰ ਹ-ਧੁਨੀ ਵਿਚ ਬਦਲਣ ਦੀ ਪ੍ਰਵਿਰਤੀ ਆਧੁਨਿਕ ਉੱਤਰੀ ਭਾਸ਼ਾਵਾਂ ਵਿਚ ਖਾਸ ਕਰਕੇ ਪੰਜਾਬੀ, ਡੋਗਰੀ, ਸਿਰਾਇਕੀ ਵਿਚ ਢੇਰ ਮਾਤਰਾ ਵਿਚ ਉਪਲਬਧ ਹੈ।

ਨਾਂਵ-ਰੂਪ (Declension)

ਇਸ ਤੋਂ ਅੱਗੇ ਡਾ. ਗ੍ਰੀਅਰਸਨ ਨੇ ਬਾਹਰਵਰਤੀ ਭਾਸ਼ਾ-ਵਰਗ ਅਤੇ ਅੰਦਰਵਰਤੀ

ਭਾਸ਼ਾ-ਵਰਗ ਦੇ ਨਾਵ-ਰੂਪਾਂ ਦਾ ਟਾਕਰਾ ਪੇਸ਼ ਕੀਤਾ । ਉਸ ਦੀ ਧਾਰਨਾ ਹੈ ਕਿ ਅੰਦਰਵਰਤੀ ਭਾਸ਼ਾ-ਵਰਗ ਦੇ ਨਾਵ-ਰੂਪਾਂ ਵਿਚ ਵਿਜੋਗਾਤਮਕ ਅਵਸਥਾ (analytic stage) ਵਿੱਦਮਾਨ ਹੈ । ਵਿਭਕਤੀਆਂ (inflections) ਲਗਭਗ ਲੋਪ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਥਾਂ ਸੰਬੰਧਕ (post-position : ਪਰਸਰਗ) ਵਰਤ ਕੇ ਵਿਆਕਰਣਿਕ/ਵਾਕਾਤਮਕ ਕਾਰਜ ਪੂਰੇ ਕੀਤੇ ਜਾਂਦੇ ਹਨ । ਸੰਬੰਧਕ ਅਜੇ ਮੂਲ ਸ਼ਬਦਾਂ ਦੇ ਹਿੱਸੇ/ਅੰਗ ਨਹੀਂ ਬਣੇ ਅਰਥਾਤ ਪਿਛੇਤਰ (suffixal) ਨਹੀਂ ਬਣੇ । ਮਿਸਾਲ ਵਜੋਂ ਹਿੰਦੀ (ਕਾ, ਕੀ, ਕੇ) ਜਾਂ ਪੰਜਾਬੀ ਦੇ ਸੰਬੰਧ-ਕਾਰਕੀ ਸੰਬੰਧਕ (ਦਾ, ਦੀ, ਦੇ) ਉਧ੍ਰਿਤ ਕੀਤੇ ਜਾ ਸਕਦੇ ਹਨ ।

ਇਸ ਤੋਂ ਵਿਪਰੀਤ ਬਾਹਰਲੇ ਸਰਕਲ ਦੀਆਂ ਭਾਸ਼ਾਵਾਂ ਭਾਸ਼ਾਗਤ ਵਿਕਾਸ ਦਾ ਇਕ ਹੋਰ ਅਗਲਾ ਪੜਾਉ ਪਾਰ ਕਰ ਚੁਕੀਆਂ ਹਨ । ਕਿਸੇ ਸਮੇਂ ਪ੍ਰਾਚੀਨ ਸੰਸਕ੍ਰਿਤ ਦੀ ਸ਼ਕਲ ਵਿਚ ਬਾਹਰਵਰਤੀ ਵਰਗ ਦੀਆਂ ਭਾਸ਼ਾਵਾਂ ਸੰਜੋਗਾਤਮਕ (synthetic) ਸਨ, ਫਿਰ ਵਿਜੋਗਾਤਮਕ ਅਵਸਥਾ ਵਿਚੋਂ ਲੰਘੀਆਂ ਸਨ ਅਤੇ ਹੁਣ ਮੁੜ ਕੇ ਫਿਰ ਉਹ ਸੰਜੋਗਾਤਮਕ ਹੋ ਰਹੀਆਂ ਹਨ, ਅਤੇ ਕਈ ਹੋ ਵੀ ਗਈਆਂ ਹਨ । ਉਨ੍ਹਾਂ ਦੀ ਸ਼ਬਦ-ਰਚਨਾ ਵਿਚ ਕਾਰਕੀ ਸੰਬੰਧਕ ਇਸ ਤਰ੍ਹਾਂ ਜੁੜ ਗਏ ਹਨ ਕਿ ਉਹ ਮੁੱਖ ਸ਼ਬਦ ਨਾਲ ਸੰਜੁਗਤ ਹੋ ਕੇ ਇਕ ਰੂਪ ਹੋ ਗਏ ਹਨ ਅਤੇ ਵਿਭਿੰਨ ਕਾਰਕਾਂ ਦੇ ਪ੍ਰਕਾਰਜ (functions) ਪੂਰੇ ਕਰਦੇ ਹਨ । ਬੰਗਾਲੀ ਭਾਸ਼ਾ ਦਾ ਸੰਬੰਧ ਕਾਰਕੀ ਪਿਛੇਤਰ (genitive suffixal element) /-ਏਰ/ ਇਸ ਸੰਜੋਗਾਤਮਕ ਅਵਸਥਾ ਦਾ ਢੁਕਵਾਂ ਉਦਾਹਰਣ ਹੈ । ਜਿਵੇਂ

ਨਟੇਰ ਪੂਜਾ = ਨਟ ਦੀ ਪੂਜਾ । ਰਾਮੇਰ ਬੋਈ = ਰਾਮ ਦੀ ਪੁਸਤਕ' ਬੰਗਾਲੀ ਦਾ /-ਏਰ/ ਵਿਭਕਤੀ (inflection) ਦੀ ਸ਼ਕਲ ਧਾਰਣ ਕਰ ਗਿਆ ਹੈ । ਪੰਜਾਬੀ ਵਿਚ ਵੀ ਸੰਜੋਗਾਤਮਕ ਕਾਰਕੀ ਪਿਛੇਤਰ ਉਪਲਬਧ ਹਨ । ਮਿਸਾਲ ਵਜੋਂ :

ਘਰੋਂ = ਘਰ ਤੋਂ । ਘਰੇ = ਘਰ ਵਿਚ

ਏਥੇ /-ਓਂ /ਅਪਾਦਾਨ ਕਾਰਕ ਦਾ ਚਿੰਨ੍ਹ ਹੈ ਅਤੇ /-ਏ /ਅਧਿਕਰਣ ਕਾਰਕ ਦਾ ਚਿੰਨ੍ਹ ਹੈ। ਇਹ ਦੋਵੇਂ ਕਾਰਕੀ ਪਿਛੇਤਰ ਮੂਲ ਸ਼ਬਦਾਂ ਨਾਲ ਸੰਜੁਗਤ ਹੋ ਕੇ ਵਿਭਕਤੀ-ਪਿਛੇਤਰਾਂ ਵਾਂਗ ਵਿਚਰ ਰਹੇ ਹਨ ।

ਕ੍ਰਿਆਰੂਪ (Conjugation)

ਆਪਣੇ ਦੋ-ਚੱਕਰੀ ਸਿਧਾਂਤ ਦੀ ਪੁਸ਼ਟੀ ਹਿਤ ਡਾ. ਗ੍ਰੀਅਰਸਨ ਨੇ ਇਸ ਤੋਂ ਅਗੇ ਬਾਹਰਵਰਤੀ ਤੇ ਅੰਦਰਵਰਤੀ ਚੱਕਰ ਦੀਆਂ ਭਾਸ਼ਾਵਾਂ ਦੇ ਕ੍ਰਿਆਰੂਪਾਂ (conjugation) ਦੀ ਵੀ ਤੁਲਨਾ ਕੀਤੀ ਹੈ । ਉਸ ਦੇ ਅਨੁਸਾਰ ਆਧੁਨਿਕ ਭਾਸ਼ਾਵਾਂ ਵਿਚ ਸੰਸਕ੍ਰਿਤ ਦੇ ਸਿਰਫ ਦੋ ਕਾਲ ਅਤੇ ਤਿੰਨ ਕ੍ਰਿਦੰਤੀ ਰੂਪ ਬਚੇ ਹਨ । ਉਹ ਹਨ : ਵਰਤਮਾਨ ਕਾਲ ਤੇ ਭਵਿਖਤ ਕਾਲ ਅਤੇ ਵਰਤਮਾਨ ਕਰਤਰੀ ਕ੍ਰਿਦੰਤ, ਭੂਤ ਤੇ ਭਵਿਖਵਾਚੀ ਕਰਮਣੀ ਕ੍ਰਿਦੰਤ । ਸੰਸਕ੍ਰਿਤ ਦਾ ਭੂਤ ਕਾਲ (past tense) ਉਕਾ ਹੀ ਲੋਪ ਹੋ ਗਿਆ ਹੈ । ਉਸ ਦੀ ਥਾਂ ਹਰੇਕ ਹਿੰਦ-ਆਰੀਆ ਭਾਸ਼ਾ ਵਿਚ ਭੂਤ-ਕ੍ਰਿਦੰਤ ਪ੍ਰਚਲਿਤ ਹੋਇਆ ਹੈ ਜਿਸ ਦੀ ਹੁਣ ਪਛਾਣ ਕਰਨੀ ਔਖੀ ਹੈ । ਭੂਤ ਕਾਲ ਨੂੰ ਵਿਆਕਰਣਿਕ ਤੌਰ ਤੇ ਪ੍ਰਗਟ ਕਰਨ ਦੀ ਪ੍ਰਵਿਰਤੀ ਨੂੰ ਮੁੱਖ ਰੱਖ ਕੇ ਡਾ. ਗ੍ਰੀਅਰਸਨ ਨੇ ਬਾਹਰਵਰਤੀ ਤੇ ਅੰਦਰਵਰਤੀ ਭਾਸ਼ਾਵਾਂ ਦਾ ਨਿਖੇੜਾ ਕੀਤਾ ਹੈ । ਉਸ ਦੇ ਅਨੁਸਾਰ ਬਾਹਰਵਰਤੀ ਚੱਕ੍ਰ ਦੀਆਂ ਭਾਸ਼ਾਵਾਂ ਵਿਚ ਭੂਤ-ਕ੍ਰਿਦੰਤ ਨਾਲ ਪੜਨਾਂਵੀ ਪਿਛੇਤਰ (enclitic pronouns) ਜੁੜੇ ਹੋਏ ਮਿਲਦੇ ਹਨ

1. In the outer sub-branch, the enclitic pronouns have generally become permanently fixed to the participle, and have developed into personal termination (p. 119).

ਜਦ ਕਿ ਅੰਦਰਵਰਤੀ ਭਾਸ਼ਾਵਾਂ ਵਿਚ ਇਹ ਪ੍ਰਵਿਰਤੀ ਉਤਪੰਨ ਨਹੀਂ ਹੋਈ। ਮਿਸਾਲ ਵਜੋਂ, ਬਾਹਰਵਰਤੀ ਭਾਸ਼ਾਵਾਂ ਵਿਚ, 'ਮਾਰਿਆ' (struck) ਭੂਤ ਕ੍ਰਿਦੰਤੀ ਕ੍ਰਿਆਰੂਪ ਨਾਲ ਪੜਨਾਵੀ ਪਿਛੇਤਰ ਸੰਜੁਗਤ ਹੋ ਕੇ 'ਮਾਰਿਉਸ' (ਉਸ ਮਾਰਿਆ), ਭਵਿਉਮ (ਮੈਂ ਭੌਂਵਿਆ) ਥੀਉਮ (ਮੈਂ ਹੋਇਆ) (ਲਹਿੰਦੀ ਪੰਜਾਬੀ ਵਿੱਚ) ਸੰਜੁਗਤ ਕ੍ਰਿਆਰੂਪ ਉਪਲਬਧ ਹਨ। ਇਥੇ ਕ੍ਰਿਦੰਤੀ ਰੂਪ ਨਾਲ ਲਘੂ ਪੜਨਾਂਵ ਪੱਕੇ ਤੌਰ ਤੇ ਸੰਜੁਗਤ ਹੋ ਗਿਆ ਹੈ ਜਿਹੜਾ ਪੜਨਾਂਵ ਹਰ ਵਾਰ ਬਦਲਕੇ ਕ੍ਰਿਆਰੂਪ ਦੇ ਕਰਤਾ ਕਾਰਕ ਦੀ ਤਬਦੀਲੀ ਨੂੰ ਨਿਰਸੰਦੇਹ ਸੂਚਿਤ ਕਰਨ ਦਾ ਪ੍ਰਕਾਰਜ ਕਰਦਾ ਹੈ। ਪਰੰਤੂ ਦੂਜੇ ਬੰਨੇ ਅੰਦਰਵਰਤੀ ਚੱਕਰ ਦੀਆ ਭਾਸ਼ਾਵਾਂ ਵਿਚ 'ਮਾਰਿਆ' ਹੀ ਰਹਿੰਦਾ ਹੈ। ਜਿਵੇਂ ਮੈਂ ਮਾਰਿਆ, ਤੂੰ ਮਾਰਿਆ, ਉਸ ਮਾਰਿਆ। ਏਥੇ ਹਰ ਸਥਿਤੀ ਵਿਚ ਮਾਰਿਆ ਹੀ ਰਹਿੰਦਾ ਹੈ :

2. In the Inner Sub-branch the bare participles are used for every person (first, second, third person) without change of form (p. 119).

ਡਾ. ਗ੍ਰੀਅਰਸਨ ਨੇ ਭੂਤ-ਕ੍ਰਿਦੰਤੀ ਕ੍ਰਿਆਰੂਪ (past participle) ਦੀ ਸੰਰਚਨਾ ਦੇ ਪੱਖ ਤੋਂ ਦੋਹਾਂ ਵਰਗਾਂ ਦੇ ਇਕ ਹੋਰ ਤੱਤ ਵਿਚ ਨਿਖੇੜਾ ਪੇਸ਼ ਕੀਤਾ ਹੈ। ਕੁਝ ਭਾਸ਼ਾਵਾਂ ਵਿਚ ਭੂਤਕਾਲੀ ਕ੍ਰਿਆ ਦੀ ਬਣਤਰ ਲਈ ਭੂਤ-ਕ੍ਰਿਦੰਤ ਨਾਲ (-ਲ) ਪਿਛੇਤਰ ਜੋੜਨ ਦੀ ਵਿਧੀ ਪ੍ਰਚਲਿਤ ਹੈ। ਇਹ "-ਲ" ਪਿਛੇਤਰ ਜਿਥੇ ਬਾਹਰਵਰਤੀ ਸ਼ਾਖ਼ਾ ਦੀਆ ਭਾਸ਼ਾਵਾਂ ਵਿਚ (ਮਸਲਨ ਸਿੰਧੀ, ਗੁਜਰਾਤੀ, ਮਰਾਠੀ, ਉੜੀਆ, ਬੰਗਾਲੀ, ਅਸਾਮੀ, ਬਿਹਾਰੀ) ਮੌਜੂਦ ਹੈ ਉਥੇ ਅੰਦਰਵਰਤੀ ਸ਼ਾਖ਼ਾ ਦੀਆਂ ਭਾਸ਼ਾਵਾਂ ਵਿਚ (ਮਸਲਨ ਪੰਜਾਬੀ, ਹਿੰਦੀ) ਇਸ (–ਲ) ਪਿਛੇਤਰ ਦੀ ਅਣਹੋਂਦ ਹੈ। ਮਿਸਾਲ ਵਜੋਂ

ਗੁਜਰਾਤੀ	:	ਮਾਰੇਲ
ਸਿੰਧੀ	:	ਮਾਰਯਲੁ
ਮਰਾਠੀ	:	ਮਾਰਇਲਾ
ਉੜੀਆ	:	ਮਾਰਿਲਾ
ਬੰਗਾਲੀ	:	ਮਾਰਿਲ
ਬਿਹਾਰੀ	:	ਮਾਰਲ*
ਅਸਾਮੀ		ਮਾਰਿਲ

ਪਰ ਪੰਜਾਬੀ ਵਿਚ 'ਮਾਰਿਆ' ਅਤੇ ਹਿੰਦੀ ਵਿਚ 'ਮਾਰਾ' ਹੀ ਪ੍ਰਚਲਿਤ ਹੈ।

ਇਸ ਤੁਲਨਾਤਮਕ ਅਧਿਐਨ ਦੇ ਆਧਾਰ ਤੇ ਡਾ. ਗ੍ਰੀਅਰਸਨ ਨੇ ਸਾਰੀਆ ਭਾਰਤੀ ਆਰੀਆ ਭਾਸ਼ਾਵਾਂ ਦੀ ਭੂਗੋਲਿਕ ਸਥਿਤੀ ਨੂੰ ਉਲੀਕਿਆ ਹੈ ਅਤੇ ਇਨ੍ਹਾਂ ਨੂੰ ਵਰਗਾਂ ਵਿਚ ਵੰਡਿਆ ਹੈ :

* ਟਿੱਪਣੀ : ਇਨ੍ਹਾਂ ਸਤਰਾਂ ਦਾ ਲੇਖਕ ਜਦੋਂ ਕਾਸ਼ੀ (ਬਨਾਰਸ, ਵਾਰਾਣਸੀ) ਪੜ੍ਹਿਆ ਕਰਦਾ ਸੀ, ਤਾਂ ਉਥੇ ਬਨਾਰਸੀ ਬੋਲੀ ਦਾ ਇਹ ਵਾਕ ਸੁਣਿਆ ਕਰਦਾ ਸੀ "ਗੰਦੇਲੀਆ ਕੀ ਬਗਲੀਆ ਮੇਂ ਇਕ ਮਹਿਰਰੂਆ ਰਹਿਲ" (ਮਹਿਰਰੂਆ = ਮਹਿਲਾ, ਇਸਤ੍ਰੀ। ਰਹਿਲ = ਰਹਤੀ ਥੀ, ਭੂਤਕਾਲ)

(A) ਉੱਤਰ-ਪੱਛਮੀ ਵਰਗ, ਦੱਖਣੀ ਵਰਗ, ਪੂਰਬੀ ਵਰਗ (ਬਾਹਰਵਰਤੀ ਸ਼ਾਖਾ)

(B) ਮੱਧਵਰਤੀ ਸ਼ਾਖਾ

(C) ਕੇਂਦਰੀ ਤੇ ਪਹਾੜੀ ਵਰਗ (ਅੰਦਰਵਰਤੀ ਸ਼ਾਖਾ)

ਇਸ ਤਰ੍ਹਾਂ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan) ਦੀ ਸੂਚੀ ਹੇਠ ਲਿਖੇ ਅਨੁਸਾਰ ਉਪਲਬਧ ਹੁੰਦੀ ਹੈ :

ਗ੍ਰਿਅਰਸਨ ਦੇ ਅਨੁਸਾਰ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਵਰਗੀਕਰਣ

A — **ਬਾਹਰਵਰਤੀ ਉਪ-ਸ਼ਾਖਾ** (Outer sub-branch)

I. ਉੱਤਰ-ਪੱਛਮੀ ਵਰਗ :

(1) ਲਹਿੰਦੀ ਜਾਂ ਪੱਛਮੀ ਪੰਜਾਬੀ

(2) ਸਿੰਧੀ

II. ਦੱਖਣੀ ਵਰਗ

(3) ਮਰਾਠੀ

III. ਪੂਰਬੀ ਵਰਗ :

(4) ਬਿਹਾਰੀ (ਮਗਹੀ, ਮੈਥਿਲੀ, ਭੋਜਪੁਰੀ)

(5) ਉੜੀਆ

(6) ਬੰਗਾਲੀ

(7) ਅਸਾਮੀ

B — **ਮੱਧਵਰਤੀ ਉਪ-ਸ਼ਾਖਾ** (Mediate sub-branch)

IV. ਮੱਧਵਰਤੀ ਵਰਗ :

(8) ਪੂਰਬੀ ਹਿੰਦੀ

C — **ਅੰਦਰਵਰਤੀ ਉਪ-ਸ਼ਾਖਾ** (Inner sub-branch)

V. ਕੇਂਦਰੀ ਵਰਗ :

(9) ਪੱਛਮੀ ਹਿੰਦੀ (ਖੜੀ ਬੋਲੀ, ਨਾਗਰੀ ਹਿੰਦੀ)

(10) ਪੰਜਾਬੀ

(11) ਗੁਜਰਾਤੀ

(12) ਭੀਲੀ

(13) ਖਾਨਦੇਸ਼ੀ

(14) ਰਾਜਸਥਾਨੀ

VI. ਪਹਾੜੀ ਵਰਗ :

(15) ਨੇਪਾਲੀ (ਪੂਰਬੀ ਪਹਾੜੀ, ਖਸਕੁਰਾ)

(16) ਕੇਂਦਰੀ ਪਹਾੜੀ (ਕੁਮਾਉਂਨੀ, ਗੜ੍ਹਵਾਲੀ)

(17) ਪੱਛਮੀ ਪਹਾੜੀ (ਜੌਨਸਰੀ, ਸਿਰਮੌਰੀ, ਕਿਉਂਥਲੀ, ਕੁਲੂਈ, ਚਮੇਆਲੀ)

ਅਧਿਆਏ 6.3

ਡਾ ਸੁਨੀਤੀ ਕੁਮਾਰ ਚੈਟਰਜੀ ਦੁਆਰਾ ਗ੍ਰੀਅਰਸਨ ਦੇ ਮਤ (ਮਾਡਲ) ਦਾ ਖੰਡਨ ਅਤੇ ਆਪਣੀ ਸਿਧਾਂਤ-ਸਥਾਪਨਾ

ਸੁਪ੍ਰਸਿੱਧ ਭਾਸ਼ਾ-ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਡਾ. ਗ੍ਰੀਅਰਸਨ ਦੇ ਵਰਗੀਕਰਣ ਦੀ ਆਲੋਚਨਾ ਆਪਣੀ ਖੋਜ-ਪੁਸਤਕ "The Origin and Development of the Bengali Language" 1926, Calcutta, (III ed. 1975) Appendix A, pp. 150-157." ਵਿਚ ਭਾਸ਼ਾ-ਵਿਗਿਆਨਿਕ ਪ੍ਰਮਾਣਾ ਦੇ ਆਧਾਰ ਤੇ ਕੀਤੀ ਹੈ। ਹੇਠਾ ਦੋਹਾਂ ਵਿਦਵਾਨਾ ਦੇ ਵਿਚਾਰ ਦਿੱਤੇ ਜਾਦੇ ਹਨ ਜਿਵੇ ਚੈਟਰਜੀ ਨੇ ਗ੍ਰੀਅਰਸਨ ਦੀਆ ਸਥਾਪਨਾਵਾਂ ਦਾ ਖੰਡਨ ਕੀਤਾ ਹੈ।

(1) *ਗ੍ਰੀਅਰਸਨ* : ਬਾਹਰੀ ਵਰਗ ਦੀਆਂ ਭਾਸ਼ਾਵਾ ਵਿਚ ਅੰਤਲਾ ਸੁਰ /-ਇ, -ਉ /ਵਰਤਮਾਨ ਹੈ ਪਰ ਅੰਦਰਲੇ ਵਰਗ (ਹਿੰਦੀ) ਵਿਚ ਅੰਤਿਮ ਸੁਰ ਲੋਪ ਹੋ ਗਏ ਹਨ–ਜਿਵੇ ਕਸ਼ਮੀਰੀ 'ਅਛਿ', ਸਿੰਧੀ 'ਅਖਿ', ਬਿਹਾਰੀ 'ਆਖਿ', ਪਰੰਤੂ ਹਿੰਦੀ 'ਆਂਖ', ਪੰਜਾਬੀ 'ਅੱਖ'।

ਚੈਟਰਜੀ : ਆਮ ਤੌਰ 'ਤੇ ਸਾਰੀਆ ਭਾਰਤੀ ਭਾਸ਼ਾਵਾ ਵਿਚ ਕਿਸੇ ਨਾ ਕਿਸੇ ਸਮੇਂ ਅੰਤਲੇ ਸੁਰ ਵਰਤਮਾਨ ਸਨ। ਹਿੰਦੀ ਦੀਆ ਬੋਲੀਆਂ ਬ੍ਰਜ ਭਾਸ਼ਾ ਤੇ ਕਨੌਜੀ ਵਿਚ ਹੁਣ ਵੀ ਅੰਤਿਮ ਸੁਰ /-ਇ, ਉ/ ਚਾਲੂ ਹਨ ਜਿਵੇਂ ਖਾਟ (= ਹਿੱਸਾ), ਮਾਲੁ (= ਧਨਮਾਲ), ਸਬੁ, ਅਕਾਲੁ, ਕੰਕਾਲ। ਤੁਲਸੀਦਾਸ ਜੀ ਦੇ "ਰਾਮਚਰਿਤ ਮਾਨਸ" ਵਿਚ ਕੋਸਲੀ (ਅਵਧੀ) ਦੇ ਅੰਤਿਮ /-ਇ, ਉ/ ਸੁਰਾ ਦੇ ਅਨੇਕ ਉਦਾਹਰਣ ਮਿਲ ਜਾਦੇ ਹਨ, ਜਿਵੇਂ ਸਾਚੁ, ਝੂਠੁ, ਹਾਥੁ, ਦਿਨੁ, ਅਗਹਨੁ (= ਅਸੂ)।

(2) *ਗ੍ਰੀਅਰਸਨ* : ਬਾਹਰੀ ਉਪਸਾਖਾ ਦੀਆਂ ਭਾਸ਼ਾਵਾ ਵਿਚ, ਖ਼ਾਸ ਕਰ ਕੇ ਬੰਗਲਾ ਵਿਚ, /-ਇ/ ਤੇ /-ਉ/ ਸ਼ਿਥਲ ਹੋ ਕੇ ਤਰਤੀਬਵਾਰ -ਏ ਤੇ -ਓ ਬਣੇ ਹਨ ਪਰ ਅੰਦਰਵਰਤੀ ਉਪਸ਼ਾਖਾ ਵਿਚ ਨਹੀਂ।

ਚੈਟਰਜੀ : ਪੂਰਬ ਦੀਆ ਭਾਸਾਵਾ ਵਿਚ -ਇ ਅਤੇ -ਉ ਸ਼ਿਥਲ ਸੁਰ ਹਨ ਪਰ ਅੰਦਰਵਰਤੀ ਭਾਸ਼ਾ ਹਿੰਦੀ ਵਿਚ ਇਹ ਪਰਿਵਰਤਨ ਮਿਲਦਾ ਹੈ ਜਿਵੇਂ ਬ੍ਰਜਭਾਸਾ ਵਿਚ ਮੁਹਿ ~ ਮੋਹਿ, ਤੁਹਿ ~ ਤੋਹਿ।

ਪੱਛਮੀ ਹਿੰਦੀ ਦੀਆ ਕ੍ਰਿਆਵਾ ਵਿਚ ਵੀ ਇਹ ਪ੍ਰਵਿਰਤੀ ਉਪਲਬਧ ਹੈ : ਬੋਲਨਾ-ਬੁਲਾਨਾ, ਦੇਖਨਾ-ਦਿਖਾਨਾ, ਏਕ-ਇਕੱਠਾ। ਸਪਸਟ ਹੈ ਕਿ ਏਥੇ /-ਇ, -ਉ/ ਸ਼ਿਥਲ ਹੋ ਕੇ ਤਰਤੀਬਵਾਰ /-ਏ,-ਓ/ ਬਣਦੇ ਰਹੇ ਹਨ।

(3) *ਗ੍ਰੀਅਰਸਨ* : ਇਸ ਤੋਂ ਇਲਾਵਾ /ਐ/ ਅਤੇ /ਔ/ਬਾਹਰਵਰਤੀ ਉਪਸ਼ਾਖਾ

ਦੀਆਂ ਪੂਰਬੀ ਭਾਸ਼ਾਵਾਂ ਵਿਚ /ਏ/ ਅਤੇ /ਓ/ ਵਿਚ ਬਦਲ ਗਏ ਹਨ ।

ਚੈਟਰਜੀ : /ਐ/ ਅਤੇ /ਔ/ ਦਾ ਏ ਅਤੇ ਓ ਵਿਚ ਖੁਲ੍ਹਾ ਉੱਚਾਰਨ ਕੇਵਲ ਪੂਰਬੀ ਭਾਸ਼ਾਵਾਂ ਦੀ ਵਿਸ਼ੇਸ਼ਤਾ ਨਹੀਂ ਹੈ ਬਲਕਿ ਇਹ ਰਾਜਸਥਾਨੀ, ਗੁਜਰਾਤੀ, ਸਿੰਧੀ, ਲਹਿੰਦੀ ਤੇ ਹੋਰ ਪੱਛਮੀ ਭਾਸ਼ਾਵਾਂ ਵਿਚ ਇਸੇ ਸ਼ਕਲ ਵਿਚ ਮੌਜੂਦ ਹੈ । ਅਜੋਕੀ ਹਿੰਦੀ ਵਿਚ ਵੀ ਇਹੋ ਉਚਾਰਨ ਹੈ ਜਿੱਥੇ /ਐ/ ਦਾ ਉੱਚਾਰਨ "ਅਈ" ਹੈ ਅਤੇ /ਔ/ ਦਾ ਉੱਚਾਰਨ "ਅਉ" ਹੈ, ਜਿਵੇਂ ਹੈਟ, ਮੈਨੇਜਰ, ਹੈਰੀਸਨ, ਡੌਟਰ/ਡਾਟਰ ।

(4) ਗ੍ਰੀਅਰਸਨ : ਸੰਸਕ੍ਰਿਤ ਦੇ /ਚ/ਅਤੇ /ਜ/ਬਾਹਰਵਰਤੀ ਉਪਸ਼ਾਖਾ ਦੀਆਂ ਪੂਰਬੀ ਭਾਸ਼ਾਵਾਂ ਵਿਚ ਤ੍ਸ (ਸ) ਅਤੇ ਦ੍ਜ਼ (ਜ਼) ਵਿਚ ਬਦਲ ਗਏ ਹਨ ।

ਚੈਟਰਜੀ : ਚ ਤੇ ਜ ਦਾ ਤਸ (ਸ) ਅਤੇ ਦਜ਼ (ਜ਼) ਵਿਚ ਪਰਿਵਰਤਨ ਸਿਰਫ਼ ਪੂਰਬੀ ਬੰਗਲਾ ਵਿਚ ਹੀ ਮਿਲਦਾ ਹੈ, ਪਰ ਪੱਛਮੀ ਬੰਗਲਾ ਤੇ ਬਿਹਾਰੀ ਵਿਚ ਇਸ ਦੀ ਅਣਹੋਂਦ ਹੈ ।

(5) ਗ੍ਰੀਅਰਸਨ : /ਰ/ ਤੇ /ਲ/ ਅਤੇ /ਡ/ ਤੇ /ੜ/ ਵਿਚ ਅੰਤਰ-ਵਟਾਂਦਰਾ ਬਾਹਰਵਰਤੀ ਤੇ ਅੰਦਰਵਰਤੀ ਭਾਸ਼ਾਵਾਂ ਨੂੰ ਨਿਖੇੜਦਾ ਹੈ ।

ਚੈਟਰਜੀ : ਲ ਦੀ ਥਾਂ ਰ ਅਤੇ ਡ ਦੀ ਥਾਂ ੜ ਪੱਛਮੀ ਹਿੰਦੀ ਵਿਚ ਉਸੇ ਤਰ੍ਹਾਂ ਮਿਲਦਾ ਹੈ ਜਿਸ ਤਰ੍ਹਾਂ ਸਿੰਧੀ ਤੇ ਬਿਹਾਰੀ ਵਿਚ । ਸੂਰਦਾਸ ਅਤੇ ਕਵੀ ਬਿਹਾਰੀ ਲਾਲ ਅਤੇ ਹੋਰ ਬ੍ਰਜ ਕਵੀਆਂ ਦੀਆਂ ਰਚਨਾਵਾਂ ਵਿਚ ਇਸ ਅੰਤਰ ਵਟਾਂਦਰਾ ਦੇ ਅਨੇਕ ਉਦਾਹਰਣ ਹਨ, ਜਿਵੇਂ :

ਬਰ/ਬਲ,	ਗਰ/ਗਲ,	ਜਰੈ/ਜਲੈ ~ ਜਲੇ
ਪਕਰੈ/ਪਕੜੈ,	ਲਰਿਹੌਂ/ਲੜੂੰਗਾ,	ਬਿਗਰੈ/ਬਿਗੜੈ
ਬੀਰਾ/ਬੀੜਾ,	ਕਿਵਾਰ/ਕਿਵਾੜ,	ਬਿਜੁਰੀ/ਬਿਜਲੀ

(6) ਗ੍ਰੀਅਰਸਨ : ਪੂਰਬ ਤੇ ਪੱਛਮ ਦੀਆਂ ਭਾਸ਼ਾਵਾਂ ਵਿਚ ਦ ਤੇ ਡ ਆਪਸ ਵਿਚ ਬਦਲੇ ਹਨ ਪਰ ਮੱਧ ਦੇਸ਼ ਦੀ ਭਾਸ਼ਾ ਹਿੰਦੀ ਵਿਚ ਇਸ ਦੀ ਅਣਹੋਂਦ ਹੈ । ਇਸ ਆਧਾਰ ਤੇ ਵੀ ਅੰਦਰਵਰਤੀ ਤੇ ਬਾਹਰਵਰਤੀ ਦੋ ਭਾਸ਼ਾ-ਚਕ੍ਰ ਬਣ ਜਾਂਦੇ ਹਨ ।

ਚੈਟਰਜੀ : ਮੱਧ ਦੇਸ਼ ਦੀ ਬ੍ਰਜ ਭਾਸ਼ਾ ਵਿਚ ਅਜਿਹੇ ਅਨੇਕ ਉਦਾਹਰਣ ਮਿਲਦੇ ਹਨ ਜਿਨ੍ਹਾਂ ਦੁਆਰਾ ਗ੍ਰੀਅਰਸਨ ਦੇ ਉਪਰੋਕਤ ਮਤ ਦਾ ਖੰਡਨ ਹੋ ਜਾਂਦਾ ਹੈ । ਜਿਵੇਂ :

ਡੀਠਿ ← ਦ੍ਰਿਸ਼ਟੀ, ਡਯੋਢੀ ← ਦੇਹਲੀ, ਆਦਿ । ਇਸੇ ਤਰ੍ਹਾਂ ਮਾਡਰਨ ਹਿੰਦੀ ਦੇ ਡਾਢੀ ← ਦੰਸ਼ਟ੍ਰਿਕਾ, ਡੰਸਨਾ ← ਦੰਸ਼ "root" ਤੋਂ ਵਿਉਤਪੰਨ, ਡੋਢ /ਬੰਗਲਾ ਦੇੜ, ਆਦਿ ਹੋਰ ਸ਼ਬਦ ਵੀ ਮਿਸਾਲਾਂ ਹਨ ।

(7) ਗ੍ਰੀਅਰਸਨ : ਬਾਹਰੀ ਉਪਸ਼ਾਖਾ ਦੀਆਂ ਭਾਸ਼ਾਵਾਂ ਵਿਚ "ੰਬ" ਨੂੰ "ਮ" ਅਤੇ ਅੰਦਰਲੀ ਉਪਸ਼ਾਖਾ ਵਿਚ ਬ ਹੋ ਜਾਂਦਾ ਹੈ ।

ਚੈਟਰਜੀ : ਪੱਛਮੀ ਹਿੰਦੀ ਤੇ ਬੰਗਲਾ ਵਿਚ ਜੋ ਮਿਸਾਲਾਂ ਮਿਲਦੀਆਂ ਹਨ ਉਨ੍ਹਾਂ ਤੋਂ ਗ੍ਰੀਅਰਸਨ ਦਾ ਉਪਰੋਕਤ ਸਿਧਾਂਤ ਖੰਡਿਤ ਹੋ ਜਾਂਦਾ ਹੈ ਜਿਵੇਂ ਪੱਛਮੀ ਹਿੰਦੀ ਵਿਚ ।

ਜਾਮਨ (← ਜੰਬੁ ਤੋਂ), ਅਤੇ ਨੀਮ (← ਨਿੰਬ ਤੋਂ) ਬਣੇ ਹਨ । ਬੋਲਚਾਲ ਦੀ ਬੰਗਲਾ ਵਿਚ ਆਮ/ਆਬ੍ਰ (← ਆਮ੍ਰ) ਅਤੇ ਤਾਮਾ/ਤਾਬਾ (← ਤਾਮ੍ਰ) ਦੋਵੇਂ ਹਨ ।

(8) ਗ੍ਰੀਅਰਸਨ : ਬਾਹਰੀ ਸਰਕਲ ਦੀਆਂ ਭਾਸ਼ਾਵਾਂ ਵਿਚ ਦੋ ਸੁਰਾਂ ਦੇ ਵਿਚਲਾ

/-ਰ-/ ਲੋਪ ਹੋ ਗਿਆ ਹੈ ਪਰ ਅੰਦਰਵਰਤੀ ਭਾਸ਼ਾਵਾਂ ਵਿਚ ਇਹ ਕਾਇਮ ਹੈ।

ਚੈਟਰਜੀ : ਪੱਛਮੀ ਹਿੰਦੀ ਵਿਚ ਵੀ ਇਹ ਰ ਲੋਪ ਹੋ ਗਿਆ ਹੈ, ਜਿਵੇਂ :

ਅਪਰ → ਅਵਰੁ → ਔਰ → ਔ

ਨਾਲੇ ਬਾਹਰੀ ਉਪਸ਼ਾਖਾ ਦੀ ਬੰਗਲਾ ਵਿਚ ਉਪਰੋਕਤ "ਰ" ਕਦੇ ਲੋਪ ਨਹੀਂ ਹੁੰਦਾ। ਇਸ ਲਈ ਗ੍ਰੀਅਰਸਨ ਦੁਆਰਾ ਵਰਗੀਕਰਣ ਦਾ ਇਹ ਆਧਾਰ ਸੰਦਿਗਧ ਹੈ।

(9) ਗ੍ਰੀਅਰਸਨ : ਬਾਹਰੀ ਉਪਸ਼ਾਖਾ ਦੀਆਂ ਭਾਸ਼ਾਵਾਂ ਵਿਚ ਸੁਰਾਂ ਦੀ ਮੱਧਵਰਤੀ ਸ-ਧੁਨੀ ਹ-ਧੁਨੀ ਵਿਚ ਬਦਲਦੀ ਹੈ।

ਚੈਟਰਜੀ : ਸ ਨੂੰ ਹ ਵਿਚ ਬਦਲਣ ਦੀ ਵਿਸ਼ੇਸ਼ਤਾ ਸਿਰਫ ਬਾਹਰਵਰਤੀ ਭਾਸ਼ਾਵਾਂ ਦੀ ਹੀ ਵਿਸ਼ੇਸ਼ਤਾ ਨਹੀਂ ਹੈ ਸਗੋਂ ਇਸ ਦੇ ਉਦਾਹਰਣ ਪੱਛਮੀ ਹਿੰਦੀ ਵਿਚ ਵੀ ਮਿਲਦੇ ਹਨ। ਜਿਵੇਂ :

ਤਾਹ ← ਤਾਸ ← ਤਸਸ ←ਤਸਯ (तस्य) = "ਉਸਦਾ" ਪੰਜਾਬੀ।

ਕਰਿਹਇ ← ਕਰਿਸਇ ← ਕਰਿੱਸਇ ← ਕਰਿਸ਼ਯਇ (करिष्यति)

ਇਸ ਤੋਂ ਇਲਾਵਾ ਬਾਹਰੀ ਉਪਸ਼ਾਖਾ ਦੀਆਂ ਪੱਛਮੀ ਭਾਸ਼ਾਵਾਂ ਵਿਚ ਤਾਂ 'ਸ' ਮੌਜੂਦ ਹੈ ਜਿਵੇਂ ਗੁਜਰਾਤੀ "ਕਰਸ਼ੇ", ਰਾਜਸਥਾਨੀ (ਜੈਪੁਰੀ) 'ਕਰਸੀ', ਲਹਿੰਦੀ ਪੰਜਾਬੀ 'ਕਰਸੀ'।

ਸੰਖਿਆਵਾਚੀ ਸ਼ਬਦਾਂ ਵਿਚ ਅਕਸਰ ਸ ਦਾ ਹ ਹੋ ਜਾਂਦਾ ਹੈ, ਜਿਵੇਂ ਗਿਆਰਹ ← ਏਕਾਦਸ, ਬਾਰਹ ← ਦ੍ਵਾਦਸ। ਬ੍ਰਜਭਾਸ਼ਾ ਵਿਚ ਜੋ "ਕੇਹਰਿ" ਹੈ ਉਹ ਕੇਸਰੀ (← ਕੇਸਰਿਨ) ਤੋਂ ਵਿਉਤਪੰਨ ਹੈ, ਜਿਥੇ ਸ ਦਾ ਹ ਵਿਚ ਰੂਪਾਂਤਰਣ ਹੈ। ਬੋਲਚਾਲ ਦੀ ਬੰਗਲਾ ਵਿਚ ਸ਼ਬਦਾਂ ਦੀ ਆਦਿ-ਸਥਿਤੀ ਦਾ /ਸ/ (= ਸ਼) "ਹ" ਵਿਚ ਬਦਲ ਜਾਂਦਾ ਹੈ, ਅਤੇ ਆਸਾਮੀ ਵਿਚ /ਸ/ ਖ਼ ਵਿਚ ਬਦਲਦਾ ਹੈ। ਸਿੰਹਲੀ ਤੇ ਕਸ਼ਮੀਰੀ ਵਿਚ ਵੀ ਇਹ ਇਸੇ ਤਰ੍ਹਾਂ ਬਦਲਦਾ ਹੈ। ਪਰ ਇਸ ਕਿਸਮ ਦਾ ਪਰਿਵਰਤਨ ਤਾਂ ਈਰਾਨੀ, ਗ੍ਰੀਕ, ਤੇ ਕੈਲਟਿਕ ਵਿਚ ਵੀ ਮਿਲਦਾ ਹੈ। ਇਸ ਲਈ ਇਸ ਪਰਿਵਰਤਨ ਦੇ ਆਧਾਰ ਉਤੇ ਬੰਗਲਾ ਤੇ ਕਸ਼ਮੀਰੀ ਵਿਚ ਬਾਹਰਲੇ ਸਰਕਲ ਦੀ ਭਾਸ਼ਾ ਵਜੋਂ ਸੰਬੰਧ ਸਥਾਪਿਤ ਕਰਨਾ ਸਹੀ ਨਹੀਂ ਹੋਵੇਗਾ।

(10) ਗ੍ਰੀਅਰਸਨ : ਮਹਾਪ੍ਰਾਣ ਧੁਨੀਆਂ ਅਤੇ ਅਲਪਪ੍ਰਾਣ ਧੁਨੀਆਂ ਵਿਚ ਪਰਿਵਰਤਨ ਨੂੰ ਆਧਾਰ ਮੰਨ ਕੇ ਵੀ ਅੰਦਰੂਨੀ ਤੇ ਬਾਹਰੀ ਉਪ-ਸ਼ਾਖਾਵਾਂ ਦਾ ਵਰਗੀਕਰਣ ਕੀਤਾ ਜਾ ਸਕਦਾ ਹੈ। ਬਾਹਰਵਰਤੀ ਸ਼ਾਖਾ ਵਿਚ ਮਹਾਪ੍ਰਾਣ ਧੁਨੀਆਂ, ਅਲਪਪ੍ਰਾਣ ਵਿਚ ਬਦਲਦੀਆਂ ਹਨ ਪਰ ਅੰਦਰਵਰਤੀ ਉਪਸ਼ਾਖਾ ਦੀ ਪੱਛਮੀ ਹਿੰਦੀ ਵਿਚ ਐਸਾ ਨਹੀਂ ਹੈ।

ਚੈਟਰਜੀ : /ਖ ਘ ਛ ਝ ਠ ਢ ਥ ਧ ਫ ਭ /ਆਦਿ ਮਹਾਪ੍ਰਾਣ (aspirated) ਧੁਨੀਆਂ ਬੰਗਲਾ ਵਿਚ ਅਲਪਪ੍ਰਾਣ ਧੁਨੀਆਂ ਵਿਚ ਬਦਲ ਜਾਂਦੀਆਂ ਹਨ। ਪਰੰਤੂ ਇਹ ਪਰਿਵਰਤਨ ਬਾਅਦ ਦੀ ਘਟਨਾ ਹੈ। ਮਹਾਪ੍ਰਾਣ ਦਾ ਅਲਪ-ਪ੍ਰਾਣੀਕਰਣ ਅਤੇ ਅਲਪਪ੍ਰਾਣ ਦਾ ਮਹਾਪ੍ਰਾਣੀਕਰਣ ਹੋਰ ਭਾਸ਼ਾਵਾਂ ਅਤੇ ਬੋਲੀਆਂ ਵਿਚ ਵੀ ਹੋਇਆ ਹੈ। ਜਿਵੇਂ

ਬਹਿਨ ← ਭਇਨੀ ← ਭਗਿਨਿ (compare Pbi ਭੈਣ, ਉੜੀਆ : ਭੈਣੀ). ਮੱਧ ਦੇਸ਼ ਦੀਆਂ ਬੋਲੀਆਂ ਵਿਚ ਇਸ ਦੀਆਂ ਮਿਸਾਲਾਂ ਘਟ ਹਨ। ਹਾਂ, ਇਸ ਦੇ ਉਲਟ ਅਲਪਪ੍ਰਾਣ ਤੋਂ ਮਹਾਪ੍ਰਾਣੀਕਰਣ ਦੀ ਪ੍ਰਵਿਰਤੀ ਮੱਧ ਦੇਸ਼ ਦੀਆਂ ਬੋਲੀਆਂ ਵਿਚ ਵਧੇਰੇ ਹੈ :

ਭੇਸ ← ਬੇਸ ← ਵੇਸ਼ (ਪੰਜਾਬੀ : ਭੇਖ)

ਭਭੂਤ ← ਬਿਭੂਤਿ ← ਵਿਭੂਤਿ (ਪੰ : ਭਭੂਤੀ /ਭਭੂਤ)

ਇਸ ਤਰ੍ਹਾਂ ਪ੍ਰਾਣਤਾ (aspiration) ਦਾ ਆਧਾਰ ਲੈ ਕੇ ਅੰਦਰਵਰਤੀ ਤੇ ਬਾਹਰਵਰਤੀ ਉਪ-ਸ਼ਾਖਾਵਾਂ ਦਾ ਵਰਗੀਕਰਣ ਨਹੀਂ ਹੋ ਸਕਦਾ।

ਡਾ. ਚੈਟਰਜੀ ਨੇ ਮਹਾਪ੍ਰਾਣ ਧੁਨੀਆਂ ਦੇ ਸੰਦਰਭ ਵਿਚ ਪੰਜਾਬੀ ਭਾਸ਼ਾ ਦੀ ਵਿਸ਼ਿਸ਼ਟਤਾ ਦਾ ਬੜੇ ਹੀ ਅਸਚਰਜਕਾਰੀ ਅੰਦਾਜ਼ ਨਾਲ ਉਲੇਖ ਕੀਤਾ ਹੈ। ਚੈਟਰਜੀ ਦਾ ਕਥਨ ਹੈ :

'The Punjabi change of the voiced aspirates gh, jh, dh, dh, bh to k, c, t, t, p, with accompanying low tone making up for the loss of aspiration and voice, is something unparalleled in New Indo-Aryan phonetics. (Chatterji, 1974 : 159, third edition).

ਅਰਥਾਤ ਪੰਜਾਬੀ ਭਾਸ਼ਾ ਦੀ ਧੁਨੀਆਤਮਕ ਸੰਰਚਨਾ ਵਿਚ ਸਘੋਸ਼ ਮਹਾਪ੍ਰਾਣ (voiced aspirates) ਧੁਨੀਆਂ /ਘ, ਝ, ਢ, ਧ, ਭ /ਨੂੰ ਅਘੋਸ਼ ਅਲਪਪ੍ਰਾਣ ਧੁਨੀਆਂ /ਕ, ਚ, ਟ, ਤ, ਪ/+ ਨੀਵੀਂ ਸੁਰ ਵਿਚ ਜੋ ਪਰਿਵਰਤਨ ਤੇ ਰੂਪਾਂਤਰਣ ਹੁੰਦਾ ਹੈ, ਇਹ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan) ਦੇ ਧੁਨੀ-ਵਿਗਿਆਨ ਵਿਚ ਇਕ ਬੇਮਿਸਾਲ ਪ੍ਰਪੰਚ ਹੈ। ਡਾ. ਚੈਟਰਜੀ ਦੀ ਇਹ ਵੀ ਧਾਰਨਾ ਹੈ ਕਿ ਪੰਜਾਬੀ ਵਿਚ ਉਪਰੋਕਤ ਸਘੋਸ਼ ਮਹਾਪ੍ਰਾਣ ਧੁਨੀਆਂ ਦਾ ਅਲਪਪ੍ਰਾਣ ਅਘੋਸ਼ ਧੁਨੀਆਂ ਵਿਚ ਜੋ ਪਰਿਵਰਤਨ ਹੁੰਦਾ ਹੈ ਉਸ ਦੀ ਹਾਨੀ ਦੀ ਪੂਰਤੀ ਲਈ ਅਰਥਾਤ ਮਹਾਪ੍ਰਾਣਤਾ ਤੇ ਸਘੋਸ਼ਤਾ ਦੀ ਕਮੀ ਨੂੰ ਪੂਰਾ ਕਰਨ ਲਈ ਸੁਰ (tone) ਪ੍ਰਣਾਲੀ ਦਾ ਵਿਧਾਨ ਸਹਿਜ ਰੂਪ ਵਿਚ ਉਭਰਿਆ ਹੈ।

(11) *ਗ੍ਰੀਅਰਸਨ* ਦੁੱਤ (ਦ੍ਵਿਤ੍ਵ) ਵਿਅੰਜਨ ਦੇ ਸਰਲੀਕਰਣ ਅਤੇ ਪੂਰਵਵਰਤੀ-ਸੁਰ ਧੁਨੀ ਦੇ ਦੀਰਘੀਕਰਣ (lengthening) ਦੇ ਆਧਾਰ ਉਤੇ ਵੀ ਅੰਦਰਵਰਤੀ ਤੇ ਬਾਹਰਵਰਤੀ ਉਪਸ਼ਾਖਾਵਾਂ ਦਾ ਵਰਗੀਕਰਣ ਕੀਤਾ ਜਾ ਸਕਦਾ ਹੈ।

ਚੈਟਰਜੀ : ਇਸ ਸੰਬੰਧ ਵਿਚ ਸਹੀ ਸਥਿਤੀ ਨੂੰ ਜਾਣ ਲੈਣਾ ਜ਼ਰੂਰੀ ਹੈ। ਪੂਰਬੀ ਭਾਸ਼ਾਵਾਂ (ਬੰਗਲਾ, ਅਸਾਮੀ, ਉੜੀਆ, ਮੈਥਿਲੀ, ਭੋਜਪੁਰੀ, ਪੂਰਬੀ ਹਿੰਦੀ) ਅਤੇ ਗੁਜਰਾਤੀ, ਰਾਜਸਥਾਨੀ ਤੇ ਮਰਾਠੀ ਭਾਸਾਵਾਂ ਦੁੱਤ ਵਿਅੰਜਨਾਂ ਦੇ ਸਰਲੀਕਰਣ ਅਤੇ ਪੂਰਵ ਸੁਰ ਦੇ ਦੀਰਘੀਕਰਣ ਵਿਚ ਮੱਧ ਦੇਸ ਦੀਆਂ ਭਾਸ਼ਾਵਾਂ (ਪੱਛਮੀ ਹਿੰਦੀ) ਨਾਲ ਸਾਂਝ ਰਖਦੀਆਂ ਹਨ। ਸਿਰਫ਼ ਪੂਰਬੀ ਮਾਗਧੀ (ਬਿਹਾਰੀ ਭਾਸ਼ਾ) ਵਿਚ 'ਇ' ਤੇ 'ਉ' ਦਾ ਦੀਰਘੀਕਰਣ ਨਹੀਂ ਹੁੰਦਾ। ਬਿਹਾਰੀ ਵਿਚ *ਭੀਖ* ਨੂੰ ਭਿਖ ਅਤੇ *ਪੂਤ* ਨੂੰ ਪੁਤ ਮਿਲਦਾ ਹੈ। ਅਸਲ ਵਿਚ ਹ੍ਰਸਵ ਇ ਤੇ ਉ ਉਤੇ ਸੰਸਕ੍ਰਿਤ ਦੇ *ਭਿਕਸ਼ਾ* ਤੇ *ਪੁਤ੍ਰ* ਦੀ ਸਪੈਲਿੰਗ-ਲਿਖਣਵਿਧੀ (orthography) ਦਾ ਅਸਰ ਹੈ। ਇਸ ਤਰ੍ਹਾਂ ਪੂਰਬੀ ਭਾਸ਼ਾਵਾਂ ਤੇ ਮੱਧ ਦੇਸ਼ੀ ਹਿੰਦੀ ਆਦਿ ਭਾਸ਼ਾਵਾਂ ਵਿਚ ਸਮਾਨਤਾ ਹੈ। ਪਰੰਤੂ ਪੱਛਮ ਦੀ ਸਿੰਧੀ, ਪੰਜਾਬੀ ਤੇ ਲਹਿੰਦੀ ਪੰਜਾਬੀ ਭਾਸ਼ਾਵਾਂ ਵਿਚ ਉਪਰੋਕਤ ਸਥਿਤੀ ਤੋਂ ਉਲਟ ਪ੍ਰਵਿਰਤੀ ਹੈ। ਏਥੇ ਦੁੱਤ ਵਿਅੰਜਨ ਦੁੱਤ ਹੀ ਰਹਿੰਦੇ ਹਨ, ਸਰਲੀਕਰਣ ਨਹੀਂ ਹੁੰਦਾ, ਅਰਥਾਤ ਇਕਹਿਰੇ ਨਹੀਂ ਹੁੰਦੇ ਜਿਵੇਂ ਭਿਖਿਆ, ਪੁੱਤਾ ਆਦਿ। ਸਿੰਧੀ-ਪੰਜਾਬੀ, ਕਸ਼ਮੀਰੀ ਭਾਸ਼ਾ ਨਾਲ ਮੇਲ ਰਖਦੀਆਂ ਹਨ।

ਮੱਧ ਦੇਸ ਦੀਆਂ ਭਾਸਾਵਾਂ ਵਿਚ ਅਨੇਕ ਅਜਿਹੇ ਉਦਾਹਰਣ ਮਿਲਦੇ ਹਨ ਜਿਥੇ ਦੁੱਤ ਵਿਅੰਜਨਾਂ ਦਾ ਸਰਲੀਕਰਣ ਹੋਇਆ ਹੈ ਪਰ ਪੂਰਵ-ਸੁਰ ਦੀਰਘ ਨਹੀਂ ਹੋਇਆ, ਉਹ ਹ੍ਰਸਵ ਹੀ ਰਹਿ ਗਿਆ ਹੈ। ਇਸ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ

ਹਿੰਦੀ ਆਦਿ ਮੱਧ ਦੇਸ਼ੀ ਬੋਲੀਆਂ ਨੂੰ ਪੰਜਾਬੀ ਆਦਿ ਉੱਤਰ-ਪੱਛਮੀ ਭਾਸ਼ਾਵਾਂ ਨੇ ਪ੍ਰਭਾਵਿਤ ਕੀਤਾ ਹੋਵੇਗਾ, ਅਤੇ ਫਿਰ ਉਥੋਂ ਇਹ ਸਬਦ ਪੂਰਬ, ਦੱਖਣ ਤੇ ਪੱਛਮ ਖੇਤਰਾਂ ਦੀਆਂ ਭਾਸ਼ਾਵਾਂ ਵਿਚ ਦਾਖ਼ਲ ਹੋ ਗਏ ਹੋਣਗੇ। ਜਿਵੇਂ

ਪੱਛਮੀ ਹਿੰਦੀ ਦੇ ਸੱਚ ਜਾਂ ਸਚ, ਕਲ, ਲਖ, ਸਬ ਆਦਿ ਸ਼ਬਦਾਂ ਦੇ ਪੂਰਵਵਰਤੀ ਸੁਰ ਹ੍ਰਸਵ ਹੀ ਹਨ। ਪੈਟਰਨ ਦੇ ਅਨੁਸਾਰ ਹਿੰਦੀ ਵਿਚ ਇਹ ਸਾਂਚ, ਕਾਲ, ਲਾਖ, ਸਾਬ ਹੋਣੇ ਚਾਹੀਦੇ ਸਨ।

ਰੂਪਾਤਮਕ (Morphological)

(12) *ਗ੍ਰੀਅਰਸਨ* : ਇਸਤ੍ਰੀ ਲਿੰਗ ਬਣਾਉਣ ਲਈ ਸ਼ਬਦਾਂਤ /-ਈ/ਬਾਹਰਵਰਤੀ ਉਪਸ਼ਾਖ਼ਾ ਦੀਆਂ ਪੱਛਮੀ ਤੇ ਪੂਰਬੀ ਭਾਸ਼ਾਵਾਂ, ਦੋਹਾਂ ਵਿਚ ਮਿਲਦੀ ਹੈ।

ਚੈਟਰਜੀ : ਸਹੀ ਸਥਿਤੀ ਇਹ ਹੈ ਕਿ ਸਾਰੀਆਂ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (N.I.A) ਵਿਚ ਇਸਤ੍ਰੀਲਿੰਗੀ ਪਿਛੇਤਰ ਦੇ ਰੂਪ ਵਿਚ /-ਈ /ਵਰਤਮਾਨ ਹੈ। ਸੰਸਕ੍ਰਿਤ ਦਾ ਪਿਛੇਤਰ -ਆ ਅਪਭ੍ਰੰਸ਼ ਵਿਚ ਲਘੂ (-ਅੱ) (= schwa) ਹੋ ਗਿਆ ਸੀ ਅਤੇ ਫਿਰ ਆਰੀਆ ਭਾਸ਼ਾਵਾਂ ਵਿਚ ਇਸ ਨੇ /-ਈ /ਦੀ ਸ਼ਕਲ ਧਾਰਣ ਕਰ ਲਈ। ਪੱਛਮੀ ਹਿੰਦੀ ਵਿਚ ਵੀ ਇਹ ਇਸਤ੍ਰੀ-ਲਿੰਗੀ ਪਿਛੇਤਰ ਦੇ ਤੌਰ ਤੇ ਪ੍ਰਚਲਿਤ ਹੈ। ਇਸ ਦੇ ਆਧਾਰ ਉਤੇ ਗ੍ਰੀਅਰਸਨ ਦੁਆਰਾ ਸੰਕਲਿਪਤ ਆਧੁਨਿਕ ਭਾ. ਆ. ਭਾਸ਼ਾਵਾਂ ਦਾ ਵਰਗੀਕਰਣ ਤਰਕ-ਸੰਗਤ ਨਹੀਂ ਹੈ।

(13) *ਗ੍ਰੀਅਰਸਨ* : ਬਾਹਰੀ ਉਪਸ਼ਾਖ਼ਾ ਦੀਆਂ ਭਾਸ਼ਾਵਾਂ (ਲਹਿੰਦੀ, ਪੰਜਾਬੀ, ਮਰਾਠੀ, ਬੰਗਾਲੀ, ਉੜੀਆ, ਅਸਾਮੀ) ਮੁੜ ਕੇ ਫਿਰ ਸੰਜੋਗਾਤਮਕ ਬਣ ਰਹੀਆਂ ਹਨ ਜਦ ਕਿ ਅੰਦਰਵਰਤੀ ਉਪਸ਼ਾਖ਼ਾ ਦੀਆਂ ਹਿੰਦੀ ਆਦਿ ਭਾਸ਼ਾਵਾਂ ਵਿਜੋਗਾਤਮਕ ਹੀ ਹਨ।

ਚੈਟਰਜੀ : ਅਸਲੀਅਤ ਇਹ ਹੈ ਕਿ ਪ੍ਰਾਚੀਨ ਸੰਸਕ੍ਰਿਤ ਕਾਰਕ-ਵਿਭਕਤੀਆਂ (case-endings) ਦੇ ਕੁਝ ਬਚੇ-ਖੁਚੇ ਰੂਪ ਸਾਰੀਆਂ ਆਧੁਨਿਕ ਭਾ. ਆ. ਭਾਸ਼ਾਵਾਂ ਵਿਚ ਮਿਲਦੇ ਹਨ। ਇਹ ਗੱਲ ਹੋਰ ਹੈ ਕਿ ਸਾਰੀਆਂ ਵਿਚ ਇਕੋ ਜਿਹੇ ਰੂਪ ਨਹੀਂ ਮਿਲਦੇ। ਇਹ ਵਿਭਕਤੀ-ਰੂਪ ਮੱਧ ਦੇਸ਼ ਦੀਆਂ ਭਾਸ਼ਾਵਾਂ ਵਿਚ ਤਿਰਛੇ ਰੂਪਾਂ (oblique) ਵਿਚ ਕਰਣ-ਕਾਰਕ ਤੇ ਸੰਬੰਧ-ਕਾਰਕ ਦੀ ਸ਼ਕਲ ਵਿਚ ਖ਼ਾਸ ਕਰ ਕੇ ਵੇਖੇ ਜਾ ਸਕਦੇ ਹਨ। ਜਿਵੇਂ ਪੱਛਮੀ ਹਿੰਦੀ ਵਿਚ /ਘੋੜੇ-ਕਾ/:

ਘੋੜੇਕਾ ← ਘੋੜਹਿਕਅ ← ਘੋਟਸਜ-ਕ੍ਰਿਤੇ (घोटस्यकृते). ਇਸ ਨਿਰੁਕਤੀ ਦੇ ਰਾਹੀਂ ਉਤਪੰਨ ਇਹ ਸੰਬੰਧ-ਕਾਰਕੀ ਰੂਪ (genitive case form) ਹੈ। ਹਿੰਦੀ ਦੇ ਸਮਰੂਪ ਬੰਗਲਾ ਵਿਚ /ਘੋੜਾਰ/ਰੂਪ "ਘੋਟਕ-ਕਰ" ਤੋਂ ਵਿਗਸਿਆ ਹੈ ਅਤੇ ਬਿਹਾਰੀ ਦਾ "ਘੋਰਾਕ" ਰੂਪ ਘੋਟਕ+ਕ੍ਰਿਤ ਜਾਂ ਘੋਟਕ+ਕ ਤੋਂ ਵਿਉਤਪੰਨ ਹੈ। ਬੰਗਲਾ, ਬਿਹਾਰੀ ਦੇ ਰੂਪ ਸਮਾਸ-ਉਤਪੰਨ (compounded) ਹਨ, ਵਿਭਕਤੀਆਂ ਦੇ ਅਵਸ਼ੇਸ਼ (ਬਕਾਇਆ) ਨਹੀਂ ਹਨ।

(14) *ਗ੍ਰੀਅਸਨ* : ਇਸ ਤੋਂ ਅੱਗੇ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਕ੍ਰਿਆਰੂਪਾਂ ਅਤੇ ਪ੍ਰਯੋਗਾਂ ਦੇ ਆਧਾਰ ਉਤੇ ਗ੍ਰੀਅਰਸਨ ਨੇ ਬਾਹਰਵਰਤੀ ਤੇ ਅੰਦਰਵਰਤੀ ਵਰਗੀਕਰਣ ਕੀਤਾ ਹੈ ਜਿਸ ਬਾਰੇ ਚੈਟਰਜੀ ਦੀ ਟਿੱਪਣੀ ਅੰਕਿਤ ਹੈ :

ਚੈਟਰਜੀ : ਪ੍ਰਾਚੀਨ ਸੰਸਕ੍ਰਿਤ ਦੇ ਕ੍ਰਿਆਵੀ ਵਿਭਕਤੀ-ਰੂਪਾਂ ਦੀ ਸਮਾਪਤੀ ਤੋਂ

ਬਾਅਦ, ਪ੍ਰਾਕ੍ਰਿਤ ਭਾਸ਼ਾਵਾਂ ਦੇ ਯੁਗ ਵਿਚ ਕ੍ਰਿਆਵਾਂ ਦੇ ਕ੍ਰਿਦੰਤੀ ਰੂਪਾਂ ਦੀ ਵਰਤੋਂ ਸ਼ੁਰੂ ਹੋ ਗਈ ਸੀ। ਇਨ੍ਹਾਂ ਵਿਚ ਸਕਰਮਕ ਕ੍ਰਿਆਵਾਂ ਵਿਚ ਕ੍ਰਿਆ ਦੇ ਕ੍ਰਿਦੰਤੀ ਰੂਪ ਵਿਸ਼ੇਸ਼ਣ ਤੌਰ ਤੇ ਕਰਮ ਨਾਲ ਮੇਲ (agree) ਸਥਾਪਿਤ ਕਰਦੇ ਹਨ ਅਤੇ ਇਨ੍ਹਾਂ ਵਿਚ ਕਰਤਾ (ਤੀਜੀ ਵਿਭਕਤੀ) ਕਰਣ ਕਾਰਕ ਦੇ ਰੂਪ ਵਿਚ (+ ਨੇ ਜੋੜ ਕੇ) ਵਰਤਿਆ ਜਾਂਦਾ ਹੈ। ਲਗਭਗ ਸਾਰੀਆਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੀਆਂ ਸਕਰਮਕ ਕ੍ਰਿਆਵਾਂ ਵਿਚ ਕਰਮਣੀ ਵਾਚ (passive voice construction) ਦੇ ਰੂਪ ਵਿਚ ਇਸ ਤਰ੍ਹਾਂ ਦੇ ਕ੍ਰਿਦੰਤੀ ਰੂਪਾਂ ਦੀ ਰੀਤ ਚਲ ਪਈ ਹੈ।*

ਪਰੰਤੂ ਲਹਿੰਦੀ ਪੰਜਾਬੀ, ਸਿੰਧੀ, ਗੁਜਰਾਤੀ, ਰਾਜਸਥਾਨੀ, ਮਰਾਠੀ ਵਿਚ ਕਰਮਣੀ-ਵਾਚ ਦੇ ਰੂਪ ਸੁਰੱਖਿਅਤ ਹਨ ਅਤੇ ਪੂਰਬੀ ਭਾਸ਼ਾਵਾਂ -ਭੋਜਪੁਰੀ, ਪੂਰਬੀ ਹਿੰਦੀ, ਮੈਥਿਲੀ, ਬੰਗਲਾ, ਉੜੀਆ ਵਿਚ ਇਹ ਕਰਮਣੀ ਵਾਚ, ਕਰਤਰੀ ਵਾਚ (active voice construction) ਵਲ ਰੁਚਿਤ ਹਨ।

ਪੱਛਮੋਤਰੀ ਭਾਸ਼ਾਵਾਂ (ਲਹਿੰਦੀ ਤੇ ਸਿੰਧੀ) ਦੇ ਕਰਮਣੀ ਵਾਚ ਦੇ ਰੂਪਾਂ ਵਿਚ ਪੜਨਾਵੀਂ ਪਿਛੇਤਰੀ ਰੂਪ ਜੋੜੇ ਗਏ ਹਨ, ਫਿਰ ਵੀ ਇਨ੍ਹਾਂ ਵਿਚ ਪ੍ਰਾਚੀਨ ਕਰਮਣੀ ਵਾਚ ਦੇ ਰੂਪ ਇਸ ਅਰਥ ਵਿਚ ਮੌਜੂਦ ਹਨ ਕਿ ਇਨ੍ਹਾਂ ਵਿਚ ਲਿੰਗ ਤੇ ਵਚਨ ਦਾ ਮੇਲ (agreement) ਕਰਮ ਨਾਲ ਹੁੰਦਾ ਹੈ। ਇਸ ਪ੍ਰਕਾਰ ਪੂਰਬੀ ਭਾਸ਼ਾਵਾਂ ਵਿਚ ਕਰਤਰੀ ਪ੍ਰਯੋਗ ਮਿਲਦਾ ਹੈ ਜਦਕਿ ਪੱਛਮੀ ਭਾਸ਼ਾਵਾਂ ਵਿਚ ਕਰਮਣੀ ਪ੍ਰਯੋਗ ਉਪਲਬਧ ਹੁੰਦਾ ਹੈ। ਹੇਠ ਲਿਖੇ ਉਦਾਹਰਣਾਂ ਤੋਂ ਇਹ ਰੀਤ ਸਪਸ਼ਟ ਹੋ ਜਾਂਦੀ ਹੈ

ਪੱਛਮੀ ਭਾਸ਼ਾਵਾਂ ਕਰਮਣੀ ਪ੍ਰਯੋਗ

ਪੱਛਮੀ ਹਿੰਦੀ	:	ਮੈਂ ਨੇ ਪੋਥੀ ਪਢੀ।
ਗੁਜਰਾਤੀ	:	ਮੇਂ ਪੋਥੀ ਬਾਂਚੀ।
ਮਰਾਠੀ	:	ਮੀਂ ਪੋਥੀ ਵਾਚਿਲੀ।
ਸਿੰਧੀ	:	(ਮੂੰ) ਪੋਥੀ ਪੜ੍ਹੀ-ਮੇ।
ਲਹਿੰਦੀ ਪੰਜਾਬੀ	:	(ਮੈਂ) ਪੋਥੀ ਪੜ੍ਹੀ-ਮ

ਪਹਾੜੀ ਭਾਸ਼ਾਵਾਂ, ਖਸਕੁਰਾ, ਗੜ੍ਹਵਾਲੀ, ਕਮਾਊਂਨੀ ਅਤੇ ਪੱਛਮੀ ਪਹਾੜੀ ਭਾਸ਼ਾਵਾਂ

* "The formation of the past tence of transitive roots with the help of the passive participle adjective, which qualified the object, the subject being in the instumental, came to be fixed in MIA. with the loss of the OIA. inflected, finite verb-forms. All NIA. languages inherited this passive construction for the past tense of the transitive verb from their respective source Apabhransas — Bengali and Bihari included. But while the passive construction is preserved in the Western and Southern 'outer' languages — Lahndi, Sindhi, Gujarati-Rajasthani, Marathi,— Eastern Hindi and the Magadhan speeches have now entirely given up the passsive form and have developed the active one. This is done by making the passive participle adjective a verb-form, and adding to it pronominal affixes for the 3 persons. The Western speeches (Lahndi, Sindhi) add pronominal affixes to the passive participle, but they fully retain the old passive idiom, in that the verb form agrees with the object in gender and number. The use of the pronominal affix is rendered necessary in the Western speeches from the fact that the agent case in them does not always retain the proper post-position (=< -ne > of W. Hindi), and is often merely the simple oblique form." [Chatterjee. Reprint 1975 : 165]

ਦਾ ਵੀ ਉਪਰੋਕਤ ਭਾਸ਼ਾਵਾਂ ਨਾਲ ਸੰਘਣਾ ਸੰਬੰਧ ਹੈ। ਇਸ ਲਈ ਇਨ੍ਹਾਂ ਦੇ ਕ੍ਰਿਆ ਰੂਪ ਉਪਰੋਕਤ ਪੱਛਮੀ ਭਾਸ਼ਾਵਾਂ ਵਾਂਗੂ ਹੀ ਹਨ।

ਪੂਰਬੀ ਭਾਸ਼ਾਵਾਂ-ਕਰਤਰੀ ਪ੍ਰਯੋਗ

ਪੂਰਬੀ ਹਿੰਦੀ	:	ਮੈਂ ਪੋਥੀ ਪੜ੍ਹਿਉਂ।
ਭੋਜਪੁਰੀਆ	:	ਹਮ ਪੋਥੀ ਪਢਲੀ।
ਮੈਥਿਲੀ	:	ਹਮ ਪੋਥੀ ਪਢਲਹੁੰ।
ਬੰਗਾਲਾ	:	ਆਮਿ ਪੁਥਿ ਪੜਿਲਾਮ (ਮੁਇ ਪੋਥੀ ਪੜਿਲਿ-ਲੁਮ)
ਉੜੀਆ	:	ਆਮੇ ਪੋਥਿ ਪਢਲੁਂ (ਮੁਁ ਪੋਥਿ ਪਢਿਲਿ)

(15) ਗ੍ਰੀਅਰਸਨ : ਬਾਹਰਵਰਤੀ ਕਈਆਂ ਭਾਸ਼ਾਵਾਂ ਵਿਚ ਵਿਸ਼ੇਸ਼ਣੀ ਪਿਛੇਤਰ /-ਲ/ ਮੌਜੂਦ ਹੈ ਪਰ ਮੱਧ ਦੇਸ਼ ਦੀਆਂ ਹਿੰਦੀ ਆਦਿ ਬੋਲੀਆਂ ਵਿਚ ਇਸ ਦੀ ਅਣਹੋਂਦ ਹੈ।

ਚੈਟਰਜੀ : 'ਲ' ਪਿਛੇਤਰ ਮੱਧ ਦੇਸ਼ੀ ਭਾਸ਼ਾਵਾਂ ਵਿਚ ਵੀ ਮੌਜੂਦ ਹੈ। ਮਰਾਠੀ ਵਿਚ ਇਸ ਦੁਆਰਾ ਭੂਤਕਾਲ ਬਣਦਾ ਹੈ ਅਤੇ ਗੁਜਰਾਤੀ ਤੇ ਸਿੰਧੀ ਵਿਚ ਇਸ ਦੀ ਸਹਾਇਤਾ ਨਾਲ ਕਰਮਣੀ ਵਾਚ ਦੇ ਕ੍ਰਿਦੰਤੀ ਰੂਪ ਸਿਰਜਿਤ ਹੁੰਦੇ ਹਨ। ਪੰਜਾਬੀ ਤੇ ਲਹਿੰਦੀ ਪੰਜਾਬੀ ਵਿਚ ਇਸ ਦੀ ਅਣਹੋਂਦ ਹੈ। ਪੱਛਮੀ ਹਿੰਦੀ ਵਿਚ ਵੀ ਲ-ਪਿਛੇਤਰ ਦੇ ਕਈ ਰੂਪ ਮਿਲਦੇ ਹਨ-ਜਿਵੇਂ ਲਜੀਲਾ, ਰੰਗੀਲਾ, ਕਟੀਲਾ, ਛੈਲਾ ਆਦਿ। ਪੂਰਬੀ ਹਿੰਦੀ ਵਿਚ ਇਸ ਦੇ ਉਦਾਹਰਣ ਮਿਲਦੇ ਹਨ।

ਇਸ ਤਰ੍ਹਾਂ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਗ੍ਰੀਅਰਸਨ ਦੇ ਵਰਗੀਕਰਣ ਦੀ ਤਰਕ-ਸੰਗਤ ਤੇ ਵਿਗਿਆਨਿਕ ਆਲੋਚਨਾ ਕਰ ਕੇ ਖ਼ੁਦ ਆਪ ਵੀ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ (New Indo-Aryan Languages) ਦਾ ਵਰਗੀਕਰਣ/ਉਪ-ਸ਼੍ਰੇਣੀਕਰਣ ਪੇਸ਼ ਕੀਤਾ ਹੈ।

ਡਾ. ਸੁਨੀਤਿ ਕੁਮਾਰ ਚੈਟਰਜੀ ਦੇ ਅਨੁਸਾਰ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੇ ਵਰਗੀਕਰਣ ਦਾ ਰੇਖਾ-ਚਿੱਤਰ

(ਕ) ਉੱਤਰੀ ਵਰਗ (उदीच्य वर्ग) :

1. ਸਿੰਧੀ
2. ਲਹਿੰਦੀ ਪੰਜਾਬੀ (ਪਾਕਿਸਤਾਨ)
3. ਪੂਰਬੀ ਪੰਜਾਬੀ (ਭਾਰਤ)

(ਖ) ਪੱਛਮੀ ਵਰਗ (प्रतीच्य वर्ग) :

4. ਗੁਜਰਾਤੀ
5. ਰਾਜਸਥਾਨੀ

(ਗ) ਮੱਧਦੇਸ਼ੀ ਵਰਗ (मध्यदेशीय) :

6. ਪੱਛਮੀ ਹਿੰਦੀ+ਪਹਾੜੀ ਬੋਲੀਆਂ

(ਘ) ਪੂਰਬੀ ਵਰਗ (प्राच्य वर्ग) :

7. ਪੂਰਬੀ ਹਿੰਦੀ ਜਾਂ ਕੋਸ਼ਲੀ
8. ਬਿਹਾਰੀ
9. ਉੜੀਆ
10. ਬੰਗਾਲਾ

11. ਅਸਾਮੀ/ਅਸਮੀਆ

(ਙ) ਦੱਖਣੀ (ਦਾਕ਼ਿਣਾਤ੍ਯ) :

12. ਮਰਾਠੀ ਤੇ ਕੋਂਕਣੀ

ਡਾ. ਚੈਟਰਜੀ "ਕਸ਼ਮੀਰੀ" ਨੂੰ ਦਾਰਦਿਕ ਵਰਗ ਵਿਚ ਰਖਦੇ ਹਨ ਅਤੇ ਦਾਰਦਿਕ ਵਰਗ ਵਿਚ ਕਸ਼ਮੀਰੀ ਤੋਂ ਇਲਾਵਾ ਸ਼ੀਣਾ, ਕੋਹਿਸਤਾਨੀ, ਚਿਤ੍ਰਾਲੀ, ਕਾਫ਼ਿਰ ਬੋਲੀਆਂ ਨੂੰ ਸ਼ਾਮਲ ਕਰਦੇ ਹਨ। ਇਸ ਵਰਗ ਦੀਆਂ ਭਾਸ਼ਾਵਾਂ ਦਾ ਸੰਬੰਧ ਪੈਸ਼ਾਚੀ ਪ੍ਰਾਕ੍ਰਿਤ ਨਾਲ ਮੰਨਿਆ ਹੈ।

ਆਧੁਨਿਕ ਭਾ. ਆ. ਭਾਸ਼ਾਵਾਂ ਦੇ ਉਪ-ਸ਼੍ਰੇਣੀਕਰਣ ਦੇ ਸਿੱਧਾਂਤ-ਨਿਰੂਪਣ ਦੀ ਨਿਰੰਤਰਤਾ ਵਿਚ ਡਾ. ਹਾਰਨਲੇ, ਡਾ. ਗ੍ਰੀਅਰਸਨ ਅਤੇ ਡਾ. ਚੈਟਰਜੀ ਤੋਂ ਬਾਅਦ ਡਾ. ਟਰਨਰ (Turner) ਦਾ ਉੱਲੇਖ ਕਰਨਾ ਅਤਿਅੰਤ ਜ਼ਰੂਰੀ ਹੈ। ਡਾ. ਟਰਨਰ ਨੇ ਗ੍ਰੀਅਰਸਨ ਤੇ ਚੈਟਰਜੀ ਤੋਂ ਉਲਟ ਕਸ਼ਮੀਰੀ ਅਤੇ ਬਾਕੀ "ਦਾਰਦਿਕ" ਭਾਸ਼ਾ-ਸਮੂਹ ਨੂੰ ਪਹਿਲੀ ਵਾਰ ਪੱਛਮੋਤਰੀ ਭਾ. ਆ. ਭਾਸ਼ਾ-ਵਰਗ ਵਿਚ ਸ਼ਾਮਲ ਕਰਨ ਦਾ ਪ੍ਰਸਤਾਵ ਰਖਿਆ ਸੀ ਜਿਸ ਦੀ ਹਰ ਪਾਸਿਉਂ ਪ੍ਰੌੜ੍ਹਤਾ ਹੋਈ ਹੈ। ਉਪਰੋਕਤ ਤੋਂ ਇਲਾਵਾ ਇਸ ਵਿਸ਼ੇ ਬਾਰੇ ਚਾਲੂ ਹੋਈ ਚਿੰਤਨ-ਸੰਗੋਸ਼ਠੀ ਵਿਚ ਯੋਗਦਾਨ ਪਾਉਣ ਵਾਲੇ ਹੇਠ ਲਿਖੇ ਹੋਰ ਵਿਦਵਾਨਾਂ ਦੇ ਨਾਮ ਵੀ ਵਰਣਨ-ਯੋਗ ਹਨ :

(1) S.M. Katre [1968], *Problem of Reconstruction in Indo-Aryan*, Simla, Indian Institute of Advanced Study.
(2) George Cardona [1974], *The Indo-Aryan Languages*, Encyclopaedia Britannica, 15th edn, 9 : 439-50.
(3) R.C. Nigam [1972], *Language Handbook on Mother Tongue in Census*, (Census of India 1971) New Delhi, G. O.I. (Census Centenary Monograph No. 10)

ਪਰੰਤੂ ਇਸ ਸੰਦਰਭ ਵਿਚ ਕੋਲਿਨ ਪੀ. ਮਸੀਕਾ [1991] ਦਾ ਨਾਮ ਖ਼ਾਸ ਤੌਰ ਤੇ ਜ਼ਿਕਰ-ਯੋਗ ਹੈ। ਗ੍ਰੀਅਰਸਨ ਦੇ "ਅੰਦਰਵਰਤੀ-ਬਾਹਰਵਰਤੀ ਪਰਿਕਲਪਨਾ ਮਾਡਲ" ਬਾਰੇ ਪ੍ਰਤਿਕ੍ਰਿਆ ਵਿਅਕਤ ਕਰਦਿਆਂ ਮਸੀਕਾ (Masica, 1991 : 460) ਨੇ ਲਿਖਿਆ ਹੈ ਕਿ ਸਾਨੂੰ ਇਸ ਤੱਥ ਤੋਂ ਭਲੀਭਾਂਤ ਜਾਣੂ ਹੋਣਾ ਚਾਹੀਦਾ ਹੈ ਕਿ ਗ੍ਰੀਅਰਸਨ ਦੇ ਭਾਸ਼ਾ-ਸਰਵੇਖਣ ਦੀ ਅਧਿਕਾਰਿਤ ਸਥਿਤੀ ਦੇ ਬਾਵਜੂਦ ਉਸ ਦੁਆਰਾ ਪ੍ਰਸਤੁਤ ਕੀਤੀ ਭਾਸ਼ਾ-ਵਰਗੀਕਰਣ ਦੀ ਵਿਉਂਤ-ਵਿਧੀ ਇਸ ਵਿਸ਼ੇ ਬਾਰੇ ਹਰਫ਼ੇ-ਆਖ਼ਿਰ ਨਹੀਂ ਕਹੀ ਜਾ ਸਕਦੀ। ਗ੍ਰੀਅਰਸਨ ਦੀ ਆਧਾਰ-ਭੂਤ ਸਾਮਗ੍ਰੀ ਖ਼ਾਸ ਕਰਕੇ ਫੋਨ੍ਹਾਲੋਜੀ ਬਹੁਤ ਅਧੂਰੀ ਹੈ। ਉਦੋਂ ਗ੍ਰੀਅਰਸਨ ਦੇ ਕਾਰਜ-ਕਾਲ ਵਿਚ ਧੁਨੀ-ਵਿਗਿਆਨ ਅਜੇ ਬਾਲ-ਅਵਸਥਾ ਵਿਚ ਹੀ ਵਿਚਰ ਰਿਹਾ ਸੀ, ਇਸ ਲਈ ਭਾਸ਼ਾ-ਸਾਮਗ੍ਰੀ ਦਾ ਇਕਤ੍ਰੀਕਰਣ ਉਦੋਂ ਵਿਸ਼ੇਸ਼ੱਗ ਧੁਨੀ-ਵਿਗਿਆਨੀਆਂ ਦੁਆਰਾ ਸੰਪੰਨ ਨਹੀਂ ਹੋਇਆ ਸੀ। ਗ੍ਰੀਅਰਸਨ ਦਾ ਭਾਸ਼ਾ-ਵਿਸ਼ਲੇਸ਼ਣ ਮੌਖਿਕ ਸਾਮਗ੍ਰੀ ਨਾਲੋਂ ਲਿਖਤੀ ਸਾਮਗ੍ਰੀ ਤੇ ਹੀ ਨਿਰਭਰ ਕੀਤਾ ਗਿਆ ਸੀ। ਨਾਲੇ ਧੁਨੀਆਤਮਕ ਲਿਪੀਅੰਤਰਣ ਦੀ ਅਣਹੋਂਦ ਕਰਕੇ "ਸਰਵੇ" ਦੀ ਸਾਰੀ ਸਾਮਗ੍ਰੀ ਸਥਾਨਿਕ ਲਿਪੀਆਂ ਵਿਚ ਹੀ ਲਿਪੀਬੱਧ ਕੀਤੀ ਗਈ ਸੀ। ਸਭ ਤੋਂ ਮਹਤਵਪੂਰਣ ਫੋਨੀਮਿਕ ਸਿੱਧਾਂਤ (Phonemic Principles) ਹੁੰਦੇ ਹਨ ਜਿਨ੍ਹਾਂ ਦੇ ਪ੍ਰਤੀ ਉਦੋਂ ਤਕ ਕੋਈ ਚੇਤਨਾ ਨਹੀਂ ਸੀ। ਇਸ ਪ੍ਰਕਾਰ ਇਨ੍ਹਾਂ

ਸੀਮਾਵਾਂ ਦੇ ਬਾਵਜੂਦ ਗ੍ਰੀਅਰਸਨ ਦਾ Linguistic Survey of India ਇਕ ਮਾਨਯੋਗ ਪ੍ਰਾਪਤੀ ਹੈ ਪਰ ਉਸ ਦਾ ਆਰੀਆ ਭਾਸ਼ਾਵਾਂ ਦਾ ਵਰਗੀਕਰਣ (taxonomy) ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ। ਇਸ ਵਿਚ ਅਨੇਕ ਖ਼ਾਮੀਆਂ ਹਨ। ਗ੍ਰੀਅਰਸਨ ਨੇ "ਬਿਹਾਰੀ" ਨੂੰ ਪੂਰਬੀ ਭਾਸ਼ਾ-ਵਰਗ (ਬੰਗਾਲੀ ਆਦਿ) ਦੇ ਅੰਤਰਗਤ ਸ਼ਾਮਲ ਕੀਤਾ ਸੀ ਪਰ ਅਜੋਕੇ ਵਿਸ਼ੇਸ਼ੱਗ ਵਿਦਵਾਨ Jeffers, Robert [1976] ਨੇ ਅੰਤਿਮ ਤੌਰ ਤੇ ਸਥਾਪਿਤ ਕਰ ਦਿੱਤਾ ਹੈ ਕਿ ਧੁਨੀਆਤਮਕ ਆਧਾਰਾਂ ਤੇ ਬਿਹਾਰੀ ਭਾਸ਼ਾ ਨੂੰ ਪੂਰਬੀ ਵਰਗ ਨਾਲ ਸੰਮਿਲਿਤ ਕੀਤਾ ਨਹੀਂ ਜਾ ਸਕਦਾ। ਏਸੇ ਤਰ੍ਹਾਂ ਕੌਰਵੀ ਬੋਲੀ (ਖੜੀ ਬੋਲੀ : ਜਿਸ ਉੱਤੇ ਹਿੰਦੀ-ਉਰਦੂ ਨਿਰਭਰ ਹਨ) ਹਿੰਦੀ ਡਾਇਲੈਕਟ ਨਹੀਂ ਬਲਕਿ ਪੰਜਾਬੀ ਡਾਇਲੈਕਟ ਹੈ, ਇਹ Norihoko Ucida ਨੇ ਪ੍ਰਸਤਾਵ ਕੀਤਾ ਹੈ। ਕਿਉਂਕਿ ਕੌਰਵੀ ਵਿਚ ਪੰਜਾਬੀ ਰੂਪ ਜਿਵੇਂ ਮੱਖਨ (makkhan : VCC) ਪ੍ਰਚਲਿਤ ਹੈ, ਮਾਖਨ ਰੂਪ (V : C) ਨਹੀਂ, ਜਿਵੇਂ ਕਿ ਬ੍ਰਜ ਤੇ ਅਵਧੀ ਹਿੰਦੀ ਬੋਲੀਆਂ ਵਿਚ "ਮਾਖਨ" ਰੂਪ ਹੈ। "ਮਾਖਨ" ਹੀ ਸ਼ੁਧ ਹਿੰਦੀ ਰੂਪ ਹੈ ਪਰੰਤੂ "ਮੱਖਨ" ਤਾਂ ਪੰਜਾਬੀ ਰੂਪ ਹੈ (ਕੋਲਿਨ ਮਸੀਕਾ ਦੁਆਰਾ Ucida ਦਾ ਕਥਨ ਉਧ੍ਰਿਤ ਹੈ)।

ਅਧਿਆਏ 6 · 4

ਕੋਲਿਨ ਮਸੀਕਾ ਦੁਆਰਾ ਆਧੁਨਿਕ ਭਾ ਆ ਭਾਸ਼ਾਵਾਂ ਦਾ ਉਪ-ਸ਼ਰੇਣੀਕਰਨ

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਵਰਗੀਕਰਣ (ਉਪ-ਸ਼ਰੇਣੀਕਰਣ) ਅਤੇ ਉਨ੍ਹਾਂ ਦੀ ਪਛਾਣ ਸਥਾਪਿਤ ਕਰਨ ਬਾਰੇ ਚਰਚਾ ਦੇ ਸੰਦਰਭ ਵਿਚ ਇਸ ਅਨੁਸ਼ਾਸਨ ਦੇ ਨਵੀਨ ਤੇ ਅਜੋਕੇ ਭਾਸ਼ਾ-ਵਿਗਿਆਨੀ ਡਾ. ਕੋਲਿਨ ਮਸੀਕਾ [Colin P. Masica, 1991, The Indo-Aryan Languages, Cambridge] ਦੀ ਖੋਜ ਤੇ ਸਿੱਧਾਂਤ-ਨਿਰੂਪਣ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਮਸੀਕਾ ਨੇ ਲਿਖਿਆ ਹੈ

> *"ਭਾਰਤੀ-ਆਰੀਆ ਭਾਸ਼ਾ-ਸਮੂਹ ਭਾਰੋਪੀ ਭਾਸ਼ਾ-ਪਰਿਵਾਰ ਦੀ ਇਕ ਉਪਸ਼ਾਖਾ ਹੈ। ਇਸ ਸਮੂਹ ਦੀਆਂ ਭਾਸ਼ਾਵਾਂ ਤੇ ਬੋਲੀਆਂ ਅੱਜ ਕਲ ਪ੍ਰਮੁਖ ਤੌਰ ਤੇ ਭਾਰਤਵਰਸ਼, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਸ੍ਰੀਲੰਕਾ, ਅਤੇ ਮਾਲਦੀਪ (Maldive island) ਵਿਚ ਬੋਲੀਆਂ ਜਾਂਦੀਆਂ ਹਨ। ਭਾਰਤੀ ਆਰੀਆ ਭਾਸ਼ਾਵਾਂ ਦੇ ਬੁਲਾਰਿਆਂ ਦੀ ਗਿਣਤੀ ਲਗਭਗ ਚੌਂਹਟ ਕਰੋੜ (640,000,000 ਮਰਦੁਮ ਸ਼ੁਮਾਰੀ 1981) ਹੈ।*
>
> *ਇਨ੍ਹਾਂ ਦੇਸ਼ਾਂ ਵਿਚ ਭਾਵੇਂ ਆਰੀਆ ਭਾਸ਼ਾਵਾਂ ਤੋਂ ਇਲਾਵਾ ਹੋਰ ਵੀ ਗ਼ੈਰ-ਆਰੀਆ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰੰਤੂ ਆਰੀਆ ਭਾਸ਼ਾਵਾਂ ਦੀ ਹੀ ਬਹੁ-ਸੰਖਿਆ ਹੈ। ਬੀਤੇ ਇਤਿਹਾਸ ਵਿਚ ਭਾ ਆ ਭਾਸ਼ਾਵਾਂ ਪੂਰਬੀ ਅਫ਼ਗਾਨਿਸਤਾਨ ਦੇ ਅੰਦਰ ਤਕ ਫੈਲੀਆਂ ਹੋਈਆਂ ਸਨ ਜਿਥੇ ਉਨ੍ਹਾਂ ਭਾਸ਼ਾਵਾਂ ਦੇ ਅਵਸ਼ੇਸ਼ ਹੁਣ ਵੀ ਅਲਗ-ਥਲਗ ਰੂਪ ਵਿਚ ਉਪਲਬਧ ਹੁੰਦੇ ਹਨ ਅਤੇ ਕੁਝ ਦੂਰ ਬੀਤੇ ਸਮੇਂ ਵਿਚ ਵੀ (ਈਸਵੀ ਸਨ ਦੀਆਂ ਪਹਿਲੀਆਂ ਸਦੀਆਂ ਵਿਚ) ਚੀਨੀ ਤੁਰਕਿਸਤਾਨ (Sinkiang) ਅੰਦਰ ਆਰੀਆ ਭਾਸ਼ਾਵਾਂ ਦਾ ਪ੍ਰਚਲਨ ਰਿਹਾ ਹੈ।"* [Masica, 1991 : 8]

ਮਸੀਕਾ ਨੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ (ਜਿਨ੍ਹਾਂ ਨੂੰ ਵਿਦਵਾਨਾਂ ਨੇ ਉਚਿਤ ਤੌਰ ਤੇ New Indo-Aryan–NIA ਕਿਹਾ ਹੈ) ਦੇ ਅੰਤਰਗਤ ਛੇ ਕਿਸਮ ਦੀਆਂ ਭਾਸ਼ਾ-ਵੰਨਗੀਆਂ ਨੂੰ ਪਰਿਭਾਸ਼ਿਤ ਕਰਕੇ ਉਨ੍ਹਾਂ ਨੂੰ ਮਾਨਤਾ ਪ੍ਰਦਾਨ ਕੀਤੀ ਹੈ। ਛੇ ਵੰਨਗੀਆਂ ਹਨ :

(1) *ਭਾਸ਼ਾ* : (ਅਰਥਾਤ ਵੱਖ ਵੱਖ ਬੋਲੀਆਂ ਉਪਬੋਲੀਆਂ-ਦਾ ਸਮੂਹ) ਜਿਵੇਂ ਪੰਜਾਬੀ, ਹਿੰਦੀ ਆਦਿ।

(2) *ਬੋਲੀ* (dialect) : ਕਿਸੇ ਵਿਸ਼ਾਲ-ਤਰ ਭਾਸ਼ਾ-ਹੱਦ ਦੀ ਖੇਤਰੀ ਉਪ-ਵੰਨਗੀ।

(3) *ਟਕਸਾਲੀ ਸਾਹਿਤਕ ਭਾਸ਼ਾ* : (ਸਾਹਿਤਕ ਤੌਰ ਤੇ ਸਥਾਪਿਤ ਟਕਸਾਲੀ ਪ੍ਰਮਾਣਿਕ ਭਾਸ਼ਾ)

(4) *ਪੂਰਵ-ਯੁਗੀਨ ਸਾਹਿਤਕ ਬੋਲੀ* : (ਅਜੋਕੇ ਯੁਗ ਤੋਂ ਪਹਿਲਾਂ ਸਾਹਿਤਕ ਮੰਤਵਾਂ ਲਈ ਸਿਰਜਿਤ ਖੇਤਰੀ ਬੋਲੀਆਂ ਜਿਵੇਂ ਅਵਧੀ ਤੇ ਬ੍ਰਜ ਭਾਸ਼ਾ)

(5) *ਸਾਹਿਤ ਸਿਰਜਨਾ ਲਈ ਯਤਨਸ਼ੀਲ ਬੋਲੀ* : (ਜਿਵੇਂ ਖੋਵਾਰ, ਪਾਕਿਸਤਾਨ ਦੇ ਸਰਹੱਦੀ ਸੂਬੇ ਦੇ ਚਿਤ੍ਰਾਲ ਦੀ ਬੋਲੀ)

(6) *ਮਾਨਤਾ ਲਈ ਯਤਨਸ਼ੀਲ ਪੂਰਵ ਵਰਤੀ ਸਾਹਿਤਕ ਬੋਲੀ* : (ਜਿਵੇਂ ਮੈਥਿਲੀ, ਬਿਹਾਰ ਪ੍ਰਾਂਤ ਦੀ ਇਕ ਲਘੂ ਬੋਲੀ)

ਮਸੀਕਾ ਨੇ ਉਪ-ਸ੍ਰੇਣੀਕਰਣ ਦੀ ਵਿਉਂਤ-ਵਿਧੀ ਦੇ ਸੰਦਰਭ ਵਿਚ ਮੁੱਖ ਮੁੱਖ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਤੇ ਬੋਲੀਆਂ ਦੀ ਪਛਾਣ-ਸਥਾਪਨਾ ਕੀਤੀ ਹੈ ਜਿਨ੍ਹਾਂ ਦਾ ਵੇਰਵਾ ਨਿਮਨ-ਲਿਖਿਤ ਹੈ :

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀ ਵਿਵਰਣ-ਤਾਲਿਕਾ

ਭਾਸ਼ਾ	ਖੇਤਰ	ਬੋਲੀਆਂ ਦਾ ਸਮੂਹ
1. ਹਿੰਦੀ	ਉੱਤਰ ਪ੍ਰਦੇਸ਼, ਉੱਤਰਾਖੰਡ ਰਾਜਸਥਾਨ, ਮੱਧ-ਪ੍ਰਦੇਸ਼, ਹਿਮਾਚਲ, ਹਰਿਆਣਾ, ਦਿੱਲੀ	ਕੌਰਵੀ, ਬ੍ਰਜ, ਕਨੌਜੀ, ਬੁੰਦੇਲੀ, ਅਵਧੀ, ਬਘੇਲੀ, ਛੱਤੀਸਗੜ੍ਹੀ, ਬਾਂਗਰੂ, (ਹਰਿਆਣਵੀ)
2. ਬਿਹਾਰੀ	ਬਿਹਾਰ ਪ੍ਰਦੇਸ਼	: ਮੈਥਿਲੀ, ਮਗਹੀ, ਭੋਜਪੁਰੀ ।
3. ਰਾਜਸਥਾਨੀ	: ਰਾਜਸਥਾਨ	: ਮਾਰਵਾੜੀ, ਮੇਵਾੜੀ, ਜੈਪੁਰੀ, ਹੜੌਤੀ, ਮਾਲਵੀ, ਨਿਮਾੜੀ
4. ਪਹਾੜੀ ਭਾਸ਼ਾਵਾਂ	ਗੜ੍ਹਵਾਲ, ਕੁਮਾਉਂ (ਉੱਤਰਾਖੰਡ ਯੂ ਪੀ) ਹਿਮਾਚਲ ਪ੍ਰਦੇਸ਼, ਨੇਪਾਲ, ਸਿੱਕਮ (ਹਿੱਸਾ)	ਗੜ੍ਹਵਾਲੀ, ਕੁਮਾਉਂਨੀ, ਜੌਨਸਰੀ, ਸਿਰਮੌਰੀ, ਬਘਾਟੀ, ਕਿਉਂਥਲੀ, : ਹੰਡੂਰੀ, ਕੁਲੂਈ, ਚਮਿਆਲੀ, ਭਰਮੌਰੀ, ਚੁਰਾਹੀ, ਪੰਗਵਾਲੀ, ਭਦ੍ਰਵਾਹੀ, ਨੇਪਾਲੀ
5. ਅਸਾਮੀ	: ਆਸਾਮ, ਨਾਗਾਲੈਂਡ	ਅਸਾਮੀ, ਨਾਗਾਮੀ-ਅਸਾਮੀ ਦਾ ਮਿਸ਼੍ਰਿਤ ਰੂਪ ।
6. ਬੰਗਾਲੀ	: ਪੱਛਮੀ ਬੰਗਾਲ, ਬੰਗਲਾਦੇਸ਼, ਤ੍ਰਿਪੁਰਾ	: ਸਾਧੂ ਬੰਗਲਾ, ਬੰਗਲਾ
7. ਮਨੀਪੁਰੀ	: ਮਨੀਪੁਰ, ਕਛਾਰ, ਤ੍ਰਿਪੁਰਾ ਸਿਲਹਟ (ਬੰਗਲਾਦੇਸ਼)	: ਬਿਸ਼ਨਪੁਰੀਆ, ਮਨੀਪੁਰੀ
8. ਉੜੀਆ	: ਉੜੀਸਾ, ਬਸਤਰ (ਸਾਬਕਾ ਰਿਆਸਤ, ਮੱਧ ਪ੍ਰਦੇਸ਼	: ਉੜੀਆ, ਭਤ੍ਰੀ
9. ਮਰਾਠੀ	: ਮਹਾਰਾਸ਼ਟ੍ਰ	: ਹਲਬੀ, ਮਰਾਠੀ
10. ਕੋਂਕਣੀ	: ਗੋਆ, ਕਨਾਰਾ (ਕਰਨਾਟਕ), ਕੋਚੀਨ (ਕੇਰਲ)	ਕੋਂਕਣੀ
11. ਭੀਲੀ (ਭਿਲੋੜੀ)	: ਰਾਜਸਥਾਨ, ਗੁਜਰਾਤ ਐਮ. ਪੀ. ਤੇ ਮਹਾਰਾਸ਼ਟ ਦਾ ਪਰਬਤੀ ਇਲਾਕਾ (ਇਰਾਵਲੀ ਪਰਬਤ)	ਅਹੀਰੀ, ਧਾਉਰੀ, ਧਾਨਕੀ, ਵਡੋਆ ਡੂੰਗਰੀ, ਰਾਠਵੀ, ਵਾਗੜੀ (ਲਗਭਗ 30 ਬੋਲੀਆਂ)

12. ਗੁਜਰਾਤੀ	: ਗੁਜਰਾਤ ਕਾਠੀਆਵਾੜ ਮੁੰਬਈ ਦਾ ਕੁਝ ਭਾਗ	: ਪਾਰਸੀ ਗੁਜਰਾਤੀ, ਪੱਟਣੀ, ਸੂਰਤੀ, ਕਾਠੀਆਵਾੜੀ।
13. ਸਿੰਧੀ	: ਸਿੰਧ ਸੂਬਾ (ਪਾਕਿਸਤਾਨ)	: ਸਿਰੈ, ਵਿਚੋਲ, ਲਾੜ।
14. ਪੱਛਮੀ ਪੰਜਾਬੀ (ਲਹਿੰਦੀ)	: ਪਾਕਿਸਤਾਨੀ ਪੰਜਾਬ	: ਸਿਰਾਇਕੀ, ਸ਼ਾਹਪੁਰੀ, ਪੋਠੋਹਾਰੀ, ਹਿੰਦਕੋ, ਧੰਨੀ, ਤਿਨਾਉਲੀ (ਮਾਨਸੇਹਰਾ), ਪੁਣਛੀ।
15. ਪੰਜਾਬੀ	: ਭਾਰਤੀ ਪੰਜਾਬ, ਪਾਕਿਸਤਾਨੀ ਪੰਜਾਬ	: ਮਾਝੀ, ਪੋਵਾਧੀ, ਮਲਵਈ, ਦੋਆਬੀ, ਭਟਿਆਣੀ ਰਾਠੀ,
16. ਡੋਗਰੀ	: ਜੰਮੂ	: ਡੋਗਰੀ, ਕਾਂਗੜੀ (=ਡੋਗਰੀ ਨਾਲ ਸਹਿ ਸੰਬੰਧਤ)
17. ਦਾਰਦਿਕ	: ਪੱਛਮੋਤਰ (ਲਹਿੰਦੀ ਤੇ ਕਸ਼ਮੀਰੀ) ਗਿਲਗਿਤ, ਕੋਹਿਸਤਾਨ, ਸਵਾਤ ਵਾਦੀ, ਚਿਤ੍ਰਾਲ	: ਸ਼ੀਣਾ, ਗਾਵਰੀ, ਖੋਵਾਰ, ਕਲਸ਼ ਗਵਾਰੀ ਬਾਟੀ, ਨਿਨਗਲਾਮੀ ਆਦਿ, ਪਸ਼ਈ
18. ਕਾਫਿਰੀ (ਨੂਰਿਸਤਾਨੀ)	: ਅਫ਼ਗਾਨ ਹਿੰਦੂ-ਕੁਸ਼ ਵਾਦੀਆ	: ਬਸ਼ਗਲੀ, ਕਾਮਵੀਰੀ, ਤ੍ਰਿਗਾਮੀ, ਪ੍ਰਸੁਨ, ਅਸ਼ਕੁਨ
19. ਸਿੰਹਲੀ	: ਸ੍ਰੀ ਲੰਕਾ	
20. ਮਾਲਦੀਵੀਅਨ	: ਮਾਲਦੀਵ ਗਣਰਾਜ	
21. ਸੌਰਾਸ਼ਟ੍ਰੀ	: ਮਦੁਰਾਈ (ਤਮਿਲ ਦੇਸ਼)	
22. ਉਰਦੂ ਤੇ ਦੱਖਣੀ	: ਉਰਦੂ ਦਾ ਇਲਾਕਾਈ ਆਧਾਰ ਨਹੀਂ। ਦੱਖਣੀ ਭਾਸ਼ਾ ਉਰਦੂ ਦਾ ਦੱਖਣੀ ਰੂਪ (ਹੈਦਰਾਬਾਦ : ਤੇਲਗੂ)	
23. ਗੋਜਰੀ	: ਜੇ ਐਂਡ ਕੇ, (ਪੁੰਛ), ਪਾਕਿਸਤਾਨੀ ਇਲਾਕਾ, ਅਫ਼ਗਾਨਿਸਤਾਨੀ ਇਲਾਕਾ	
24. ਰੋਮਨੀ (ਜਿਪਸੀ)	: ਪੂਰਬੀ ਯੂਰੋਪ (ਯੂਗੋਸਲਾਵੀਆ, ਪੂਰਬੀ ਸਲਵਾਕੀਆ)	
25. ਕਾਸ਼ਮੀਰੀ	: ਕਸ਼ਮੀਰ ਸਟੇਟ + (P.O.K.)	: ਕਸ਼ਟਵਾੜੀ, ਪੋਗੁਲੀ, ਡੋਡਾ ਸਿਰਾਜੀ, ਰਾਮਬਨੀ।

ਇਸ ਤਰ੍ਹਾਂ ਕੋਲਿਨ ਮਸੀਕਾ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਨਵੇਂ ਸਿਰੇ ਤੋਂ ਵਰਗਬੱਧ ਕਰਨ ਦਾ ਜਤਨ ਕੀਤਾ ਹੈ। ਲੇਕਿਨ ਮਸੀਕਾ ਦੀਆਂ ਸਿਧਾਂਤਕ ਸਥਾਪਨਾਵਾਂ ਬਾਰੇ ਵਿਦਵਾਨਾਂ ਵੱਲੋਂ ਅਜੇ ਪ੍ਰਤਿਕ੍ਰਿਆਵਾਂ ਪੈਦਾ ਹੋਣੀਆਂ ਹਨ ਅਤੇ ਚਰਚਾ ਦਾ ਵਿਸ਼ੇ ਬਣਨਾ ਹੈ।

ਪਰੰਤੂ ਦੂਜੇ ਪਾਸੇ ਡਾ. ਗ੍ਰੀਅਰਸਨ ਦੀ ਥਿਊਰੀ ਦੀ ਪ੍ਰਤਿਕ੍ਰਿਆ ਵਿਚ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਭੂਗੋਲਿਕ ਤੇ ਸੰਰਚਨਾਤਮਕ ਆਧਾਰਾਂ ਤੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਵਰਗੀਕਰਣ ਦਾ ਜੋ ਪ੍ਰਸਤਾਵ ਕੀਤਾ ਹੈ ਉਸ ਦਾ ਭਾਰਤੀ ਵਿਦਵਾਨਾਂ ਨੇ ਭਰਪੂਰ ਸਵਾਗਤ ਕੀਤਾ ਹੈ। ਇਸ ਮਤ ਦੇ ਸਮਰਥਕ ਵਿਦਵਾਨਾਂ ਵਿਚ ਡਾ. ਭੋਲਾ ਸ਼ੰਕਰ ਵਯਾਸ, ਡਾ. ਉਦਯ ਨਾਰਾਯਣ ਤਿਵਾਰੀ, ਡਾ. ਭੋਲਾਨਾਥ ਤਿਵਾਰੀ, ਡਾ. ਧੀਰੇਂਦ੍ਰ ਵਰਮਾ, ਡਾ. ਹਰਦੇਵ ਬਾਹਰੀ, ਡਾ. ਪੀ. ਡੀ. ਗੁਣੇ, ਡਾ. ਗਜਾਨਨ ਤਗਾਰੇ, ਡਾ. ਬਲਬੀਰ ਸਿੰਘ ਸੰਧੂ, ਡਾ. ਐਸ. ਐਸ. ਜੋਸ਼ੀ ਖ਼ਾਸ ਤੌਰ ਤੇ ਉਲੇਖਨੀ ਹਨ।

ਅਧਿਆਏ 6 : 5

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦਾ ਵਿਕਾਸ
(Development of New Indo-Aryan)

ਡਾ. ਐਸ. ਕੇ. ਚੈਟਰਜੀ ਦੇ ਭੂਗੋਲ-ਆਧਾਰਿਤ ਵਰਗੀਕਰਣ ਦੀ ਪ੍ਰੋੜ੍ਹਤਾ ਕਰਦੇ ਹੋਏ ਅਸੀਂ ਵੀ ਆਪਣੇ ਅਗਲੇ ਅਧਿਐਨ ਲਈ ਇਸ ਨੂੰ ਇਕ ਮਾਡਲ ਵਜੋਂ ਸਵੀਕਾਰ ਕਰਕੇ ਚੱਲਾਂਗੇ। ਪਰ ਏਥੇ ਇਕ ਗੱਲ ਕਹਿਣੀ ਜ਼ਰੂਰੀ ਬਣਦੀ ਹੈ ਕਿ ਭਾਰਤੀ ਭਾਸ਼ਾਵਾਂ ਦੇ ਵਿਦੇਸ਼ੀ ਵਿਦਵਾਨ ਜਾਰਜ ਗ੍ਰਿਅਰਸਨ ਨੇ ਜਿਸ ਡੂੰਘਾਈ ਤੇ ਵਿਆਪਕਤਾ ਨਾਲ ਬਾਹਰਵਰਤੀ ਤੇ ਅੰਦਰਵਰਤੀ ਭਾਸ਼ਾ-ਚਕ੍ਰ (ਸਰਕਲ) ਦੀ ਕਲਪਨਾ ਕਰਕੇ ਕਈ ਸਾਂਝੀਆਂ ਭਾਸ਼ਕ ਵਿਸ਼ੇਸ਼ਤਾਵਾਂ ਢੂੰਡ ਲੱਭੀਆਂ ਹਨ ਇਹ ਗ੍ਰਿਅਰਸਨ ਦੀ ਅੰਤਰ-ਦ੍ਰਿਸ਼ਟੀ ਦੇ ਨਤੀਜੇ ਹਨ। ਪਰੰਤੂ ਭਾਰਤੀ ਭਾਸ਼ਾਵਾਂ ਦੀ ਡੂੰਘੀ ਜਾਣਕਾਰੀ ਲਈ ਵਿਦੇਸ਼ੀ ਵਿਦਵਾਨ ਨਾਲੋਂ ਨੇਟਿਵ ਸੁਦੇਸ਼ੀ ਵਿਦਵਾਨ ਦੀ ਪਕੜ ਨਿਸ਼ਚੇ ਹੀ ਵਧੇਰੇ ਭਰੋਸੇਯੋਗ ਤੇ ਬਾਇਤਬਾਰ ਹੋ ਸਕਦੀ ਹੈ। ਭਾਸ਼ਾਗਤ ਜਾਣਕਾਰੀ ਦਾ ਇਹ ਸਤਰ (ਲੈਵਲ) ਡਾ ਗ੍ਰਿਅਰਸਨ ਦੀ ਸਿਧਾਂਤਕ ਪਹੁੰਚ ਵਿਚ ਸਮੂਹਿਕ ਤੌਰ ਤੇ ਉਪਲਬਧ ਨਹੀਂ ਹੁੰਦਾ। ਇਸ ਲਈ ਡਾ ਚੈਟਰਜੀ ਦਾ ਵਰਗੀਕਰਣ ਹੀ ਅਜੇ ਤਕ ਸਵੀਕ੍ਰਿਤ ਮੰਨਿਆ ਜਾਂਦਾ ਹੈ।

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੇ ਵਰਗੀਕਰਣ ਤੋਂ ਬਾਅਦ ਹੁਣ ਪ੍ਰਮੁਖ ਆਧੁਨਿਕ ਭਾਸ਼ਾਵਾਂ ਦਾ ਭਾਸ਼ਾਗਤ ਪਰਿਚੈ ਪੇਸ਼ ਕੀਤਾ ਜਾਂਦਾ ਹੈ. ਲੇਕਿਨ ਇਸ ਤੋਂ ਪਹਿਲਾਂ ਇਸ ਗੱਲ ਦਾ ਉਲੇਖ ਕਰਨਾ ਜ਼ਰੂਰੀ ਹੈ ਕਿ ਭਾਰਤ-ਪਾਕ ਦੇ ਇਸ ਉਪ-ਮਹਾਂਦੀਪ ਵਿਚ ਸਿਰਫ਼ ਆਰੀਆ ਭਾਸ਼ਾਵਾਂ ਹੀ ਪ੍ਰਚਲਿਤ ਨਹੀਂ ਹਨ ਬਲਕਿ ਏਥੇ ਗੈਰ-ਆਰੀਆ ਭਾਸ਼ਾ-ਪਰਿਵਾਰ ਵੀ ਉਪਲਬਧ ਹਨ ਜਿਨ੍ਹਾਂ ਵਿਚ ਕੁਝ ਕੁ ਬਹੁਤ ਸਥਾਪਿਤ ਤੇ ਵਿਕਸਿਤ ਹਨ। ਇਨ੍ਹਾਂ ਗੈਰ-ਆਰੀਆ ਭਾਸ਼ਾ-ਪਰਿਵਾਰਾਂ ਵਿਚ ਆਸਟ੍ਰਿਕ/ਆਸਟ੍ਰੋ-ਏਸ਼ੀਆਟਿਕ (Austroasiatic), ਦ੍ਰਾਵਿੜੀ, ਤਿੱਬਤੀ-ਬਰ੍ਹਮਨ (ਤਿੱਬਤ-ਚੀਨੀ) ਉਲੇਖ-ਯੋਗ ਪਰਿਵਾਰ ਹਨ। ਇਨ੍ਹਾਂ ਤੋਂ ਇਲਾਵਾ, Burushaski (Gilgit-Hunza in Pakistan), Tai-Khamti, ਨੂਰਿਸਤਾਨੀ ਭਾਸ਼ਾ ਪਰਿਵਾਰ (North Eastern Afghanistan) ਵੀ ਹੋਰ ਅਲਪ-ਗਿਆਤ ਗੈਰ-ਆਰੀਆ ਅਵਸ਼ੇਸ਼ ਹਨ। (Masica, 1991 : 42-43).

ਇਨ੍ਹਾਂ ਵਿਭਿੰਨ ਭਾਸ਼ਾ-ਪਰਿਵਾਰਾਂ ਨਾਲ ਸੰਬੰਧਿਤ ਸੈਂਕੜੇ ਬੋਲੀਆਂ ਅਜੋਕੇ ਭਾਰਤ-ਪਾਕ ਉਪ-ਮਹਾਂਦੀਪ ਵਿਚ ਬੋਲੀਆਂ ਜਾਂਦੀਆਂ ਹਨ। ਡਾ. ਜਾਰਜ ਗ੍ਰਿਅਰਸਨ ਨੇ ਆਪਣੇ ਭਾਸ਼ਾ-ਸਰਵੇਖਣ [LSI vol. I part 1, 1927, pp 26-27] ਵਿਚ ਸੰਯੁਕਤ ਭਾਰਤ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦੀ ਗਿਣਤੀ 179 ਅਤੇ ਉਪ-ਬੋਲੀਆਂ ਦੀ ਗਿਣਤੀ 544 ਦੱਸੀ ਹੈ। ਪਾਕਿਸਤਾਨ ਨੂੰ ਛੱਡ ਕੇ ਭਾਰਤ ਵਿਚ ਭਾਰਤੀ ਸੰਵਿਧਾਨ ਦੇ ਅੱਠਵੇਂ

ਸ਼ੈਡਿਊਲ ਵਿਚ ਕੇਵਲ 15 ਭਾਸ਼ਾਵਾਂ ਅਨੁਸੂਚਿਤ ਹਨ । ਇਨ੍ਹਾਂ ਵਿਚ 4 ਦ੍ਰਾਵਿੜੀਅਨ ਹਨ ਅਤੇ ਬਾਕੀ 11 ਭਾਸ਼ਾਵਾਂ ਆਰੀਆ-ਪਰਿਵਾਰ ਦੀਆਂ ਹਨ । ਵਿਵਰਣ ਇਹ ਹੈ :

ਭਾਰਤ ਵਿਚ ਦ੍ਰਾਵਿੜ ਭਾਸ਼ਾ-ਪਰਿਵਾਰ

ਭਾਸ਼ਾ ਦਾ ਨਾਮ		ਭਾਰਤੀ ਪ੍ਰਦੇਸ਼ ਦਾ ਨਾਮ
1. ਤਮਿਲ	:	ਤਮਿਲਨਾਡੂ
2. ਤੇਲਗੂ	:	ਆਂਧ੍ਰ ਪ੍ਰਦੇਸ਼
3. ਮਲਿਆਲਮ	:	ਕੇਰਲ ਪ੍ਰਦੇਸ਼
4. ਕੰਨੜ	:	ਕਰਣਾਟਕ
ਭਾਰਤੀ ਆਰੀਆ ਭਾਸ਼ਾ-ਪਰਿਵਾਰ		
5. ਹਿੰਦੀ	:	ਉੱਤਰ ਪ੍ਰਦੇਸ਼, ਦਿੱਲੀ, ਹਿਮਾਚਲ, ਹਰਿਆਣਾ, ਰਾਜਸਥਾਨ, ਮੱਧ-ਭਾਰਤ, ਬਿਹਾਰ
6. ਪੰਜਾਬੀ	:	ਪੰਜਾਬ
7. ਗੁਜਰਾਤੀ	:	ਗੁਜਰਾਤ
8. ਮਰਾਠੀ	:	ਮਹਾਰਾਸ਼ਟ੍ਰ
9. ਉੜੀਆ	:	ਉੜੀਸਾ (ਉਤਕਲ)
10. ਬੰਗਾਲੀ/ਬੰਗਲਾ	:	ਪੱਛਮੀ ਬੰਗਾਲ
11. ਅਸਾਮੀ/ਅਸਮਿਯਾ	:	ਆਸਾਮ
12. ਸਿੰਧੀ	:	ਸਿੰਧ (ਪਾਕਿਸਤਾਨ)
13. ਉਰਦੂ	:	No territorial base
14. ਸੰਸਕ੍ਰਿਤ	:	ਅਖਿਲ ਭਾਰਤ ਵਰਸ਼
15. ਕੋਂਕਣੀ	:	ਗੋਆ ਪ੍ਰਦੇਸ਼

ਸਮਕਾਲੀਨ ਭਾਰਤ ਦੀਆਂ ਮਾਨਤਾ-ਪ੍ਰਾਪਤ (recognised) ਭਾਸ਼ਾਵਾਂ ਨੂੰ ਪ੍ਰੋਤਸਾਹਨ ਪ੍ਰਦਾਨ ਕਰਨ ਹਿਤ ਸਥਾਪਿਤ "ਸਾਹਿਤਯ ਅਕਾਦਮੀ, ਕੇਂਦਰੀ ਸਰਕਾਰ, ਦਿੱਲੀ ਨੇ ਭਾਰਤੀ ਸੰਵਿਧਾਨ ਵਿਚ ਪ੍ਰਵਾਨਿਤ 14+1 ਭਾਸ਼ਾਵਾਂ ਸਮੇਤ ਹੇਠ-ਲਿਖੀਆਂ 22 ਭਾਸ਼ਾਵਾਂ/ਬੋਲੀਆਂ ਨੂੰ ਸਾਹਿਤਕ ਭਾਸ਼ਾਵਾਂ ਦੇ ਤੌਰ ਤੇ ਸਵੀਕ੍ਰਿਤ ਕੀਤਾ ਹੈ ਅਤੇ ਸਾਹਿਤਕ ਪੁਰਸਕਾਰ ਭੇਂਟ ਕਰਨ ਦੀ ਵਿਵਸਥਾ ਕੀਤੀ ਹੈ :

1. ਅਸਾਮੀ	6. ਹਿੰਦੀ	11. ਮਲਿਆਲਮ	16. ਪੰਜਾਬੀ	21. ਤੇਲੁਗੂ
2. ਬੰਗਾਲੀ	7. ਕੰਨੜ	12. ਮਨੀਪੁਰੀ	17. ਰਾਜਸਥਾਨੀ	22. ਉਰਦੂ
3. ਡੋਗਰੀ	8. ਕਸ਼ਮੀਰੀ	13. ਮਰਾਠੀ	18. ਸੰਸਕ੍ਰਿਤ	
4. ਅੰਗ੍ਰੇਜ਼ੀ	9. ਕੋਂਕਣੀ	14. ਨੇਪਾਲੀ	19. ਸਿੰਧੀ	
5. ਗੁਜਰਾਤੀ	10. ਮੈਥਿਲੀ	15. ਉੜੀਆ	20. ਤਮਿਲ	

ਹੁਣੇ ਹੁਣੇ ਹਿਮਾਚਲ ਪ੍ਰਦੇਸ਼ ਦੀ ਇਕ ਲੋਕ-ਭਾਸ਼ਾ "ਭੋਟੀ" ਨੂੰ ਵੀ ਸੰਵਿਧਾਨ ਵਿਚ ਸ਼ਾਮਲ ਕਰਕੇ ਉਚਿਤ ਮਾਨਤਾ ਪ੍ਰਦਾਨ ਕਰਨ ਲਈ ਲਾਹੌਲ ਸਭਿਆਚਾਰਕ ਵਿਕਾਸ ਸੈਮੀਨਾਰ ਵਲੋਂ ਪੁਰਜ਼ੋਰ ਮੰਗ ਪੇਸ਼ ਕੀਤੀ ਗਈ ਹੈ । ਕੱਲ ਨੂੰ ਬਾਗੜੂ (ਹਰਿਆਣਵੀ), ਕਾਂਗੜੀ (ਹਿਮਾਚਲੀ), ਭੋਜਪੁਰੀ, ਮਗਹੀ (ਬਿਹਾਰ), ਗੜ੍ਹਵਾਲੀ (ਉੱਤਰਾਖੰਡ), ਸੰਥਾਲੀ (ਪ੍ਰਾਚੀਨ ਆਸਟ੍ਰਿਕ ਜਾਤੀ ਦੀ ਬੋਲੀ, ਝਾਰਖੰਡ ਖੇਤਰ) ਆਦਿ ਹਰ ਲੋਕ-ਭਾਸ਼ਾਵਾਂ ਦੀ ਮਾਨਤਾ

ਲਈ ਵੀ ਮੰਗ ਪੈਦਾ ਹੋ ਸਕਦੀ ਹੈ । ਉਧਰ ਪਾਕਿਸਤਾਨ ਵਿਚ ਵੀ ਲੋਕ ਬੋਲੀਆਂ ਜਿਵੇਂ ਸਿਰਾਇਕੀ, ਹਿੰਦਕੋ ਆਦਿ ਲਈ ਵੀ ਲੋਕ-ਅਕਾਂਖਿਆ ਪ੍ਰਬਲ ਹੋ ਰਹੀ ਹੈ । ਨਿਕਟ ਭਵਿਖ ਵਿਚ ਅਜਿਹੀਆਂ ਲੋਕ-ਬੋਲੀਆਂ ਨੂੰ ਸੰਵਿਧਾਨਿਕ ਸਵੀਕ੍ਰਿਤੀ ਮਿਲ ਸਕਦੀ ਹੈ ।

ਇਸ ਤਰ੍ਹਾਂ ਆਧੁਨਿਕ ਭਾਰਤੀ ਉਪ-ਮਹਾਦੀਪ ਦਾ ਭਾਸ਼ਾ-ਵਿਗਿਆਨਿਕ ਸਰਵੇਖਣ ਕਰਨ ਤੋਂ ਉਪਰੰਤ ਹੁਣ ਭਾਰਤੀ ਰਾਸ਼ਟਰ ਦੀਆਂ ਉਨ੍ਹਾਂ ਆਰੀਆਂ ਭਾਸ਼ਾਵਾਂ ਦੀ ਭਾਸ਼ਾਗਤ ਜਾਣ-ਪਛਾਣ ਪੇਸ਼ ਕੀਤੀ ਜਾਂਦੀ ਹੈ ਜੋ ਪ੍ਰਮੁਖ ਤੌਰ ਤੇ ਉਭਰ ਕੇ ਸਾਹਮਣੇ ਆਈਆਂ ਹਨ ਅਤੇ ਸਥਾਪਿਤ ਹੋਈਆਂ ਹਨ ਤਾ ਜੋ ਬਹੁਭਾਸ਼ੀ ਤੇ ਬਹੁ-ਸਭਿਆਚਾਰਕ ਭਾਰਤ-ਵਰਸ਼ ਵਿਚ ਆਰੀਆ ਭਾਸ਼ਾਵਾਂ ਦੀ ਸਥਿਤੀ ਤੇ ਵਿਸਤਾਰ ਦਾ ਸਮਕਾਲੀਨ ਪਰਿਪੇਖ ਵਿਚ ਸੰਖੇਪ ਪਰ ਸਰਬਾਂਗੀ ਜਾਇਜ਼ਾ ਲਿਆ ਜਾ ਸਕੇ ਅਤੇ ਸਮਕਾਲੀਨ ਆਰੀਆ ਭਾਸ਼ਾਵਾਂ ਦੇ ਝੁਰਮਟ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ-ਸਥਾਪਨਾ ਅਤੇ ਵਿਲੱਖਣ ਹੋਂਦਸ਼ੀਲਤਾ ਦਾ ਸਚਿਤ੍ਰੀਕਰਣ ਉਜਾਗਰ ਕੀਤਾ ਜਾ ਸਕੇ ।

ਇਸ ਆਰੰਭਿਕ ਭੂਮਿਕਾ ਤੋਂ ਬਾਅਦ ਹੁਣ ਕੁਝ ਮੁੱਖ ਮੁੱਖ ਆਧੁਨਿਕ ਆਰੀਆ ਭਾਸ਼ਾਵਾਂ ਦਾ ਭਾਸ਼ਾਗਤ ਪਰਿਚੈ ਹਾਜ਼ਰ ਕੀਤਾ ਜਾਂਦਾ ਹੈ ਅਤੇ ਵਿਚ ਵਿਚ ਕਿਤੇ ਕਿਤੇ ਤੁਲਨਾਤਮਕ ਤੇ ਟਾਕਰਵੇਂ ਮਾਡਲ ਦੇ ਜ਼ੇਰੇ-ਨਜ਼ਰ ਇਨ੍ਹਾਂ ਸਮਕਾਲੀਨ ਭਾਸ਼ਾਵਾਂ ਨਾਲ ਪੰਜਾਬੀ ਦੀਆ ਸਾਝ-ਮੂਲਕ ਤੇ ਵਿਰੋਧ-ਮੂਲਕ ਭਾਸ਼ਕ ਸਥਿਤੀਆਂ ਦੇ ਅਵਸਰਾਂ ਦਾ ਹਵਾਲਾ ਵੀ ਥਾਉਂ-ਥਾਈਂ ਪੇਸ਼ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਹੁਣ ਆਧੁਨਿਕ ਭਾਸ਼ਾਵਾਂ ਦੀਆਂ ਸਾਂਝੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਦਾ ਵਰਣਨ ਕੀਤਾ ਜਾਂਦਾ ਹੈ ।

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀਆਂ ਸਾਂਝੀਆਂ (ਸਮਾਨਯ) ਭਾਸ਼ਾਗਤ ਵਿਸ਼ੇਸ਼ਤਾਵਾਂ

ਮੱਧਕਾਲੀਨ ਭਾ ਆ ਭਾਸ਼ਾ-ਕਾਲ (M.I.A.) ਵਿਚ ਭਾਸ਼ਿਕ ਰੂਪਾਂਤਰਣ ਦੀ ਜਿਹੜੀ ਪ੍ਰਕਿਰਿਆ ਜਾਰੀ ਹੋ ਗਈ ਸੀ ਉਸ ਨੇ ਆਧੁਨਿਕ ਭਾ ਆ ਭਾਸ਼ਾਵਾਂ ਦਾ ਸਰੂਪ ਹੀ ਬਦਲ ਕੇ ਰੱਖ ਦਿੱਤਾ । ਆਧੁਨਿਕ ਭਾਸ਼ਾਵਾਂ ਦੀ ਸ਼ਕਲ ਵਿਚ ਇਹ ਪ੍ਰਕਿਰਿਆ ਹੁਣ ਮੁਕੰਮਲ ਹੋ ਚੁਕੀ ਸੀ ਅਤੇ ਵਿਕਾਸ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ ਹੈ । ਇਸ ਨਾਲ ਸੁਰਾਂ ਤੇ ਵਿਅੰਜਨਾਂ ਵਿਚ ਅਨੇਕ ਪਰਿਵਰਤਨ ਹੋਏ ਹਨ ਅਤੇ ਵਿਆਕਰਣ ਵਿਚ ਸਰਲੀਕਰਣ ਤੇ ਵਿਕਾਰੀਕਰਣ ਉਭਰੀ ਹੈ । ਪਹਿਲਾਂ ਧੁਨੀਗਤ ਪਰਿਵਰਤਨ ਦੀਆ ਕੁਝ ਪ੍ਰਮੁਖ ਵਿਸ਼ੇਸ਼ਤਾਵਾਂ ਪੇਸ਼ ਕਰਦੇ ਹਾਂ ।

ਧੁਨੀਗਤ ਪਰਿਵਰਤਨ

ਭਾਰਤੀ ਆਰੀਆ ਭਾਸ਼ਾ ਬਾਰੇ ਇਹ ਤੱਥ ਉਲੇਖਯੋਗ ਹੈ ਕਿ ਇਸ ਦੇ ਇਤਿਹਾਸ ਵਿਚ ਦੀਰਘ ਸਮੇਂ ਤੋਂ ਰਿਕਾਰਡ-ਬੱਧ ਭਾਸ਼ਾਗਤ ਸਾਮਗ੍ਰੀ ਉਪਲਬਧ ਹੁੰਦੀ ਹੈ ਅਤੇ ਇਨ੍ਹਾ ਭਾਸ਼ਾਵਾ ਦੇ ਵਿਭਿੰਨ ਵਰਗਾ ਵਿਚ ਆਪਸੀ ਜੋ ਭਿੰਨਤਾਵਾ ਵਿੱਦਮਾਨ ਹਨ ਉਨ੍ਹਾ ਦਾ ਅਧਿਐਨ ਵੀ ਪ੍ਰਾਪਤ ਹੈ । ਇਸ ਲਈ ਇਨ੍ਹਾਂ ਭਾਸ਼ਾਵਾ ਦੀ ਇਤਿਹਾਸਿਕ ਫੋਨਾਲੋਜੀ ਅਤੇ ਇਤਿਹਾਸਿਕ ਮਾਰਫਾਲੋਜੀ ਦੀ ਪ੍ਰਮਾਣਿਕ ਜਾਣਕਾਰੀ ਲਈ ਕਾਫੀ ਸਾਰਾ ਰਿਕਾਰਡ ਦ੍ਰਿਸ਼ਟੀਗੋਚਰ ਹੁੰਦਾ ਹੈ । ਮਾਰਫਾਲੋਜੀ ਨੂੰ ਸਮਝਣ ਲਈ ਇਤਿਹਾਸਿਕ ਫੋਨਾਲੋਜੀ ਦਾ ਗਿਆਨ ਅਨਿਵਾਰੀ ਹੈ ਜਿਸ ਨਾਲ ਸੰਰਚਨਾਤਮਕ ਪੱਧਰ ਤੇ ਜੋ ਭਾਰੀ ਤਬਦੀਲੀਆ ਵਾਪਰੀਆ ਹਨ ਉਨ੍ਹਾਂ ਦੀ ਵਾਕਫੀ ਹਾਸਲ ਹੋ ਜਾਂਦੀ ਹੈ । ਏਥੇ ਇਕ ਗੱਲ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿ

ਆਧੁਨਿਕ ਭਾ. ਆ. ਭਾਸ਼ਾਵਾਂ ਵਿਚ ਪ੍ਰਾਚੀਨ ਆਰੀਆ ਭਾਸ਼ਾ ਦੇ ਸੰਦਰਭ ਵਿਚ ਉਨ੍ਹਾਂ ਦੀਆਂ ਧੁਨੀਮਾਲਾ (inventory of sounds) ਦੇ ਅੰਤਰਗਤ ਕੋਈ ਖ਼ਾਸ ਫ਼ਰਕ ਦ੍ਰਿਸ਼ਟੀਗੋਚਰ ਨਹੀਂ ਹੁੰਦਾ. ਇਹ ਫ਼ਰਕ ਜ਼ਿਆਦਾਤਰ ਧੁਨੀਆਂ ਦੀ ਵੰਡ-ਵਿਉਂਤ (distribution of sounds) ਵਿਚ ਹੀ ਉਭਰਦਾ ਹੈ [Masica, Colin, 1991 : 154] ।

ਏਥੇ ਇਕ ਵਾਰ ਫੇਰ ਇਸ ਗੱਲ ਨੂੰ ਬਲਪੂਰਵਕ ਕਿਹਾ ਜਾਂਦਾ ਹੈ ਕਿ ਆਧੁਨਿਕ ਭਾਸ਼ਾਵਾਂ ਦਾ ਭਾਸ਼ਾਗਤ ਅਧਿਐਨ ਅਸਲ ਵਿਚ ਉਨ੍ਹਾਂ ਭਾਸ਼ਾਈ ਤੱਤਾਂ ਦਾ ਹੀ ਅਧਿਐਨ ਹੈ ਜੋ ਇਨ੍ਹਾਂ ਨੂੰ ਵਿਰਸੇ ਵਿਚੋਂ ਮਿਲੇ ਹਨ, ਪਰ ਉਨ੍ਹਾਂ ਰਿਣਾਗਤ (borrowing) ਭਾਸ਼ਾ ਤੱਤਾਂ ਦਾ ਅਧਿਐਨ ਨਹੀਂ ਹੈ ਜਿਵੇਂ ਕਿ ਫ਼ਾਰਸੀ, ਤੁਰਕੀ, ਅਰਬੀ, ਅੰਗ੍ਰੇਜ਼ੀ ਜਾਂ ਹੁਣ ਸਮਕਾਲੀ ਯੁਗ ਵਿਚ ਪ੍ਰਾਚੀਨ ਸੰਸਕ੍ਰਿਤ ਸ਼ਬਦ-ਕੋਸ਼ (lexicon). ਇਸ ਲਈ ਇਤਿਹਾਸਿਕ ਫੋਨਾਲੋਜੀ (ਧੁਨੀ-ਵਿਧਾਨ) ਦਾ ਕੇਂਦਰੀ ਅਧਿਐਨ-ਬਿੰਦੂ ਉੱਤਰਾਧਿਕਾਰ ਵਿਚ ਪ੍ਰਾਪਤ ਭਾਸ਼ਾ ਤੱਤ ਹੀ ਸਥਾਪਿਤ ਕੀਤੇ ਜਾਂਦੇ ਹਨ ਜਿਸ ਦੇ ਸੰਦਰਭ ਵਿਚ ਹੀ ਸਮਾਨਜ ਵਿਸ਼ੇਸ਼ਤਾਵਾਂ ਪ੍ਰਸਤੁਤ ਹਨ ।

(1) ਪੰਜਾਬੀ-ਸਿੰਧੀ ਨੂੰ ਛੱਡ ਕੇ ਬਾਕੀ ਆਧੁਨਿਕ ਆਰੀਆ ਭਾਸ਼ਾਵਾਂ ਵਿਚ ਪ੍ਰਾਕ੍ਰਿਤ-ਕਾਲ ਦੇ ਦੁੱਤ-ਵਿਅੰਜਨ (geminates (-cc-)) ਇਕਹਿਰੇ ਵਿਅੰਜਨ ਬਣਦੇ ਗਏ ਅਤੇ ਹਾਨੀ-ਪੂਰਤੀ ਵਜੋਂ ਪੂਰਵ-ਵਰਤੀ ਦੀਰਘਤਾ (compensatory lengthening) ਹੋਂਦ ਵਿਚ ਆਉਂਦੀ ਗਈ । ਪਰੰਤੂ ਪੰਜਾਬੀ ਵਿਚ ਦੁੱਤ-ਵਿਅੰਜਨ ਬਰਕਰਾਰ ਹੀ ਰਹੇ ਹਨ ਅਤੇ ਹੁਣ ਵੀ ਜਾਰੀ ਹਨ । ਕੁਝ ਮਿਸਾਲਾਂ

ਆਧੁਨਿਕ ਭਾ. ਆ. ਭਾ. ਵਿਚ ਨਿਰ-ਦੁੱਤੀਕਰਣ ਦੀ ਤੁਲਨਾ ਸਾਰਣੀ

ਸੰਸਕ੍ਰਿਤ			ਪ੍ਰਾਕ੍ਰਿਤ		ਆਧੁਨਿਕ ਭਾਸ਼ਾਵਾਂ	ਪੰਜਾਬੀ ਰੂਪ
ਸਤ੍ਯ	(सत्य)	→	ਸਚ੍ਚ	→	ਸਾਚ/ਸਾਚ	: ਸੱਚ/ਸਚ੍ਚ
ਕਰ੍ਣ	(कर्ण)	→	ਕੱਨ੍ਨ	→	ਕਾਨ	. ਕੰਨ/ਕੰਨ
ਕਰ੍ਮ	(कर्म)	→	ਕਮ੍ਮ	→	ਕਾਮ	: ਕੰਮ/ਕੰਮ
ਅਸ਼੍ਟ	(अष्ट)	→	ਅਟ੍ਠ	→	ਆਠ	: ਅੱਠ/ਅਟ੍ਠ
ਅਦ੍ਯ	(अद्य)	→	ਅਜ੍ਜ	→	ਆਜ	: ਅੱਜ/ਅਜ੍ਜ
ਸਪ੍ਤ	(सप्त)	→	ਸਤ੍ਤ	→	ਸਾਤ (ਬੰਗਲਾ ਸਾਤ)	: ਸੱਤ/ਸਤ੍ਤ
ਦੁਗ੍ਧ	(दुग्ध)	→	ਦੁਦ੍ਧ	→	ਦੂਧ (ਬੰ. ਦੂਦ)	: ਦੁੱਧ/ਦੁਦ੍ਧ
ਤੀਕ੍ਸ਼ਣ	(तीक्ष्ण)	→	ਤਿਕ੍ਖ	→	ਤੀਖਾ (ਮਰਾਠੀ ਤੀਖ)	: ਤਿੱਖਾ/ਤਿਕ੍ਖਾ

(2) ਨਿਰਦੁੱਤੀਕਰਣ ਦੀ ਪ੍ਰਕਿਰਿਆ ਵਿਚ ਪੈਂਦਾ ਹੋਇਆ ਦੀਰਘ ਸੁਰ ਦਾ ਨਾਸਿਕੀਕਰਣ ਕਈ ਵਾਰ ਹੋ ਜਾਂਦਾ ਹੈ

ਅਕ੍ਸ਼ਿ	(अक्षि)	→	ਅਕਖਿ	→	ਆਖ (ਬੰ. ਆਖਿ)	: ਅੱਖ/ਅਕਖ
ਅਸ਼੍ਰੁ	(अश्रु)	→	ਅਸਸੁ/ਆਸੁ	→	ਆਸੂ (ਗੁਜਰਾਤੀ ਆਸ)	: ਅਸ਼ਰੂ/ਹੰਝੂ
ਉਸ਼੍ਟ੍ਰ	(उष्ट्र)	→	ਉਟ੍ਟ	→	ਊਂਟ (ਬੰ. ਉਟ)	: ਉੱਠ/ਊਠ
ਸਰ੍ਪ	(सर्प)	→	ਸਪ੍ਪ	→	ਸਾਂਪ	: ਸੱਪ/ਸਪ੍ਪ

(3) ਨਿਰ-ਦੁੱਤੀਕਰਣ ਦੇ ਅਮਲ ਵਿਚ ਅੰਤਿਮ ਸੁਰ ਵੀ ਕਈ ਆ. ਭਾ. ਆ. ਭਾਸ਼ਾਵਾਂ ਵਿਚ ਡਿਗ ਪਿਆ ਹੈ :

ਜਿਹ੍ਵਾ	(जिह्वा)	→	ਜਿਬ੍ਭਾ	→	ਜੀਭ (ਬੰ. ਜੀਬ)	: ਜੀਭ/ਜਿਹਬਾ
ਨਿਦ੍ਰਾ	(निद्रा)	→	ਨਿਦ੍ਦਾ	→	ਨੀਂਦ	: ਨੀਂਦ

ਸੰਸਕ੍ਰਿਤ			ਪ੍ਰਾਕ੍ਰਿਤ		ਆਧੁਨਿਕ ਭਾਸ਼ਾਵਾਂ	ਪੰਜਾਬੀ ਰੂਪ
ਰਾਤ੍ਰਿ	(रात्रि)	→	ਰਤ੍ਤਿ	→	ਰਾਤ	: ਰਾਤ
ਲਜ੍ਜਾ	(लज्जा)	→	ਲਜ੍ਜਾ	→	ਲਾਜ	: ਲਜਿਆ

(4) ਰਾਜਸਥਾਨੀ ਤੇ ਪੱਛਮੀ ਹਿੰਦੀ ਵਿਚ ਅਈ, ਅਊ (ਐ, ਔ) ਸੰਧੀ-ਸੁਰ (diphthongs) ਸੁੰਗੜ ਕੇ ਇਕਹਿਰੇ (monophthongs) ਸੁਰ ਐ, ਔ ਹੋ ਗਏ, ਪਰੰਤੂ ਪੂਰਬੀ ਭਾਸ਼ਾਵਾਂ ਵਿਚ ਸੰਧੀ ਸੁਰ ਜਾਰੀ ਹਨ। ਪੱਛਮੀ ਹਿੰਦੀ ਵਿਚ "ਕੈਸਾ" ਹੈ ਅਤੇ ਬਿਹਾਰੀ ਭਾਸ਼ਾ ਵਿਚ "ਕਈਸਾ" ਹੈ।

(5) ਸਿੰਧੀ ਤੇ ਲਹਿੰਦੀ ਪੰਜਾਬੀ ਵਿਚ implosive sounds (ਅੰਤਰ-ਸਫੋਟਕ ਧੁਨੀਆਂ) ਦਾ ਵਿਕਾਸ ਹੋਇਆ ਹੈ। ਬਾਕੀ ਆਧੁਨਿਕ ਭਾਸ਼ਾਵਾਂ ਵਿਚ ਬਾਹਰ-ਸਫੋਟਕ ਧੁਨੀਆਂ (explosive) ਹੀ ਹਨ। ਅੰਤਰ-ਸਫੋਟਕ ਧੁਨੀਆਂ ਇਹ ਹਨ : /ਗ, ਜ, ਡ, ਦ, ਬ/, ਗੁਰਮੁਖੀ ਵਰਣਮਾਲਾ ਵਿਚ ਇਨ੍ਹਾਂ ਧੁਨੀਆਂ ਨੂੰ ਲਿਪੀਬੱਧ ਕਰਨ ਲਈ ਲਿਪੀ-ਚਿੰਨ੍ਹ ਨਹੀਂ ਹਨ।

(6) ਫ਼ਾਰਸੀ-ਅਰਬੀ, ਅੰਗ੍ਰੇਜ਼ੀ ਆਦਿ ਵਿਦੇਸ਼ੀ ਭਾਸ਼ਾਵਾਂ ਦੀਆ ਵਿਦੇਸ਼ੀ ਧੁਨੀਆਂ /ਗ਼, ਜ਼, ਫ਼, ਖ਼, ਕ਼/ ਆਧੁਨਿਕ ਆਰੀਆ ਭਾਸ਼ਾਵਾਂ ਵਿਚ ਦਾਖਲ ਹੋਈਆ ਹਨ ਪਰੰਤੂ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿਚ ਇਨ੍ਹਾਂ ਧੁਨੀਆਂ ਦਾ ਵਰਤਾਰਾ ਤੇ ਵਿਕਾਸ ਵੱਖ ਵੱਖ ਹੋਇਆ ਹੈ।

(6-ਕ) ਮਰਾਠੀ ਵਿਅੰਜਨਾਂ ਦੇ ਉੱਚਾਰਣ ਵਿਚ ਨਵੀਨਤਾ ਆਈ। ਮਰਾਠੀ ਭਾਸ਼ਾ ਵਿਚ /ਚ, ਜ/ ਧੁਨੀਆਂ ਦਾ ਉੱਚਾਰਣ ਤਸ, ਦਜ਼ ਹੋ (ts, dz) ਹੋ ਗਿਆ ਹੈ।

(7) ਆਧੁਨਿਕ ਆਰੀਆ ਭਾਸ਼ਾਵਾਂ ਵਿਚ ਮਹਾਪ੍ਰਾਣ ਧੁਨੀਆਂ /ਘ, ਝ, ਢ, ਧ, ਭ/ ਅਤੇ ਪ੍ਰਾਣ-ਧੁਨੀ /ਹ/ ਦਾ ਬੜਾ ਅਜੀਬ ਵਿਕਾਸ ਹੋਇਆ ਹੈ। ਗ੍ਰਾਹਮ ਬੇਲੀ (Graham Bailey) ਨੇ ਸਭ ਤੋਂ ਪਹਿਲਾਂ ਪੰਜਾਬੀ ਦੇ ਸੰਦਰਭ ਵਿਚ ਮਹਾਪ੍ਰਾਣ ਧੁਨੀਆਂ ਦੇ ਪ੍ਰਪੰਚ ਦਾ ਅਧਿਐਨ ਕੀਤਾ ਸੀ। ਡਾ. ਚੈਟਰਜੀ ਨੇ ਵੀ ਪੂਰਬੀ ਬੰਗਾਲੀ ਦੇ ਸੰਬੰਧ ਵਿਚ ਅਜਿਹੀਆਂ ਧੁਨੀਆਂ ਦੀ ਨਿਰਖ-ਪਰਖ ਕੀਤੀ ਹੈ। ਇਉਂ ਜਾਪਦਾ ਹੈ ਕਿ ਬਹੁਤ ਸਾਰੀਆ ਆਧੁਨਿਕ ਆਰੀਆ ਭਾਸ਼ਾਵਾਂ ਰੂਪਾਂਤਰਣ ਪ੍ਰਕਿਰਿਆ ਦੇ ਰਾਹੀਂ /ਹ/ ਧੁਨੀ ਲਈ ਵਿਭਿੰਨ ਧੁਨੀਆਂ ਦਾ ਪ੍ਰਯੋਗ ਕਰਦੀਆਂ ਹਨ।

(ੳ) ਕਈਆਂ ਭਾਸ਼ਾਵਾਂ ਵਿਚ /ਹ/ ਸਿਰਫ ਸੁਰਤੰਤਰੀ ਧੁਨੀ (glottal stop) ਜਾਂ ਹਮਜ਼ਾ ਦੀ ਸ਼ਕਲ ਵਿਚ ਹੀ ਵਰਤਿਆ ਜਾਂਦਾ ਹੈ ਅਤੇ ਕਈਆਂ ਵਿਚ ਟੋਨ ਹੀ ਬਣ ਜਾਂਦਾ ਹੈ।

(ਅ) ਸਘੋਸ਼ ਮਹਾਪ੍ਰਾਣ ਧੁਨੀਆਂ (ਘ, ਝ, ਢ, ਧ, ਭ) ਵਿਚ ਹ-ਅੰਸ਼ ਦਾ ਵਰਤੋਂ-ਵਿਧਾਨ ਵੀ ਕਈਆਂ ਭਾਸ਼ਾਵਾਂ ਵਿਚ ਨਿਰਬਲ ਹੈ, ਫਲਸਰੂਪ ਕਿਤੇ ਸੁਰਾਤਮਕ ਹੋ ਗਿਆ ਹੈ। ਪੰਜਾਬੀ ਖ਼ਾਸ ਕਰਕੇ ਪੂਰਬੀ ਪੰਜਾਬੀ ਵਿਚ ਮਹਾਪ੍ਰਾਣ ਧੁਨੀਆਂ ਤਿੰਨ ਸੁਰਾਂ/ਟੋਨਾਂ ਵਿਚ ਰੂਪਾਂਤਰਿਤ ਹੋ ਕੇ ਕਾਰਜਸ਼ੀਲ ਹਨ : (1) ਉੱਚੀ ਸੁਰ (2) ਸਾਵੀਂ ਸੁਰ (3) ਨੀਵੀਂ ਸੁਰ।

(ੲ) ਪੱਛਮੀ ਹਿੰਦੀ, ਪੂਰਬੀ ਹਿੰਦੀ, ਅਤੇ ਬਿਹਾਰੀ ਭਾਸ਼ਾਵਾਂ ਵਿਚ ਮਹਾਪ੍ਰਾਣ ਧੁਨੀਆ ਰੂੜ੍ਹੀਬੱਧ (conservative) ਹੋ ਕੇ ਸੁਰੱਖਿਅਤ ਹਨ। ਅੰਤਲੀ /-ਹ/ ਧੁਨੀ ਦਾ ਵੀ ਸਪਸ਼ਟ ਤੇ ਮੁਕੰਮਲ ਮਹਾਪ੍ਰਾਣੀ ਉੱਚਾਰਣ ਹੁੰਦਾ ਹੈ। ਬਾਰਹ ਦਾ /-ਹ/ ਸਪਸ਼ਟ ਹੈ ਅਤੇ ਘਾਮ, ਬਾਘ, ਝਾੜੂ, ਸਾਝ, ਢੋਲ, ਧੋਨਾ, ਸ਼ੁਧ, ਭਾਈ, ਸਭਾ, ਲਾਭ ਜਿਹੇ ਆਦਿ, ਮੱਧ, ਅੰਤ

ਮਹਾਂਪ੍ਰਾਣ ਵਾਲੇ ਸ਼ਬਦਾਂ ਦਾ ਉੱਚਾਰਣ ਵੀ ਮਹਾਂਪ੍ਰਾਣੀ ਸਪਸ਼ਟ ਹੈ ।

(ਸ) ਪੱਛਮੀ ਬੰਗਲਾ ਵਿਚ ਸਘੋਸ਼ ਮਹਾਂਪ੍ਰਾਣ ਧੁਨੀਆਂ ਸ਼ਬਦਾਂ ਦੀ ਆਦਿ-ਸਥਿਤੀ, ਅੰਤਰ ਸਥਿਤੀ ਅਤੇ ਅੰਤ-ਸਥਿਤੀ ਵਿਚ ਆ ਕੇ ਵੱਖ ਵੱਖ ਉੱਚਾਰਣ ਧਾਰਣ ਕਰਦੀਆ ਹਨ । ਪੂਰਬੀ ਬੰਗਲਾ ਵਿਚ ਵੀ "ਹ" ਸੁਰਤੰਤਰੀ ਸਪਰਸ਼ ਵਿਚ ਬਦਲ ਜਾਂਦਾ ਹੈ [ਚੈਟਰਜੀ, 1940 : 106] ।

(ਹ) ਗੁਜਰਾਤੀ ਤੇ ਰਾਜਸਥਾਨੀ ਦੀਆਂ ਮਹਾਂਪ੍ਰਾਣ ਧੁਨੀਆਂ ਵਿਚ ਵੀ ਵਿਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ :

"ਬਹਿਨ, ਸ਼ਹਰ, ਰੈਹਟ, ਜ਼ਹਰ, ਬਹੁਤ "ਸ਼ਬਦਾਂ ਦਾ ਗੁਜਰਾਤੀ ਉੱਚਾਰਣ ਤਰਤੀਬ ਨਾਲ "ਬਹੇਨ, ਸਹੇਰ, ਜ਼ਹੇਰ, ਰਹੇਂਟ, ਜ਼ਹੇਰ, ਬਹੋਤ" ਮਿਲਦਾ ਹੈ ਜੋ ਮਹਾਂਪ੍ਰਾਣੀ ਵਿਕਾਰ ਦਾ ਸੂਚਕ ਹੈ ।

ਵਿਆਕਰਣਿਕ ਪਰਿਵਰਤਨ

(8) ਅਜੋਕੀਆਂ ਆਰੀਆ ਭਾਸ਼ਾਵਾਂ ਵਿਚ ਵਿਆਕਰਣਿਕ ਲੈਵਲ ਤੇ ਵੀ ਪਰਿਵਰਤਨ ਵਾਪਰੇ ਹਨ । ਪਹਿਲਾਂ ਲਿੰਗ-ਪਰਿਵਰਤਨ ਜ਼ਿਕਰ-ਯੋਗ ਹੈ । ਸੰਸਕ੍ਰਿਤ, (ਸਣੇ ਵੈਦਿਕ ਭਾਸ਼ਾ), ਪਾਲੀ ਭਾਸ਼ਾ, ਅਤੇ ਪ੍ਰਾਕ੍ਰਿਤ ਭਾਸ਼ਾਵਾਂ ਵਿਚ ਤਿੰਨ ਲਿੰਗ (ਪੁਲਿੰਗ, ਇਸਤ੍ਰੀਲਿੰਗ, ਨਪੁੰਸਕ ਲਿੰਗ) ਸਨ ਪਰ ਆਧੁਨਿਕ ਭਾਸ਼ਾਵਾਂ ਵਿਚ ਦੋ ਲਿੰਗ (ਪੁਲਿੰਗ, ਤੇ ਇਸਤ੍ਰੀਲਿੰਗ) ਹੀ ਰਹਿ ਗਏ ਹਨ । ਉਂਜ ਗੁਜਰਾਤੀ, ਮਰਾਠੀ ਤੇ ਕੋਂਕਣੀ ਵਿਚ ਅੱਜ ਵੀ ਤਿੰਨ ਲਿੰਗ ਹਨ ਜਿਨ੍ਹਾਂ ਵਿਚ ਨਪੁੰਸਕ ਲਿੰਗ ਦੀ ਹੋਂਦ ਵੀ ਵਿੱਦਮਾਨ ਹੈ [ਤਿਵਾਰੀ : 159, ਅਤੇ Masica :1991 : 220] ਬੰਗਾਲੀ, ਅਸਾਮੀ, ਤੇ ਉੜੀਆ ਵਿਚ ਲਿੰਗ-ਸਿਸਟਮ ਲੋਪ ਹੋ ਗਿਆ ਹੈ ।

(9) ਧੁਨੀ-ਵਟਾਂਦਰਾ ਅਤੇ ਅਵੇਸਲੇਪਣ ਕਰਕੇ ਸੰਸਕ੍ਰਿਤ ਦੇ ਅਨੇਕ ਪੁਲਿੰਗ ਤੇ ਨਪੁੰਸਕ ਲਿੰਗੀ ਸ਼ਬਦ ਆਧੁਨਿਕ ਭਾਸ਼ਾਵਾਂ ਵਿਚ ਇਸਤ੍ਰੀ ਲਿੰਗ ਵਿਚ ਬਦਲ ਗਏ ਹਨ । ਜਿਵੇਂ

ਸੰਸਕ੍ਰਿਤ			ਆਧੁਨਿਕ ਭਾਸ਼ਾਵਾਂ
ਅਗਨਿ	(ਪੁਲਿੰਗ)	(अग्नि) :	ਆਗ (ਹਿੰਦੀ)
			ਆਗਿ (ਬੰਗਲਾ, ਭੋਜਪੁਰੀ)
			ਅੱਗ (ਪੰਜਾਬੀ)
ਇਕ੍ਸ਼ੁ	(ਪੁਲਿੰਗ)	(इक्षु) :	ਈਖ (ਹਿੰਦੀ)
			ਊਸ (ਗੁਜਰਾਤੀ)
			ਊਸ (ਮਰਾਠੀ)
			ਇੱਖ (ਪੰਜਾਬੀ ਵਿਚ ਪੁਲਿੰਗ
ਦੇਹ	(ਪੁਲਿੰਗ)	(देह) :	ਦੇਹ (ਹਿੰਦੀ, ਪੰਜਾਬੀ, ਗੁਜਰਾਤੀ)
			ਦੇਹ (ਪੁਲਿੰਗ, ਮਰਾਠੀ)
ਦਧਿ	(ਪੁਲਿੰਗ/ਨਪੁੰ)	(दधि) :	ਦਹੀ ਇ ਲਿੰਗ (ਬਿਹਾਰੀ)
			ਡਹੀ ਇ ਲਿੰਗ (ਸਿੰਧੀ)
			ਦਹੀਂ ਪੁਲਿੰਗ (ਹਿੰਦੀ, ਪੰਜਾਬੀ)
			ਦਹੀ : ਨਪੁੰਸਕ (ਮਰਾਠੀ, ਗੁਜਰਾਤੀ)

(10) ਸ਼ਬਦਾਂਤ ਧੁਨੀ-ਪਰਿਵਰਤਨ ਦੇ ਸਿੱਟੇ ਵਜੋਂ ਸ਼ਬਦਾਂ ਦੇ ਵਿਭਕਤੀ-ਮੂਲਕ synthetic (ਸੰਜੋਗਾਤਮਕ) ਰੂਪ ਜੋ ਅਪਭ੍ਰੰਸ਼ਾਂ ਤਕ ਕੁਝ ਕੁਝ ਬਚੇ ਸਨ, ਉਨ੍ਹਾਂ ਦਾ ਵੀ

ਆਧੁਨਿਕ ਆਰੀਆ ਭਾਸ਼ਾਵਾਂ ਵਿਚ ਲੋਪ ਹੋ ਗਿਆ ਹੈ । ਦੋ-ਇਕ ਨੂੰ ਛੱਡ ਕੇ ਸੰਸਕ੍ਰਿਤ ਦੀਆਂ ਕਾਰਕ ਵਿਭਕਤੀਆਂ ਵੀ ਲੁਪਤ ਹੋ ਗਈਆਂ, ਅਤੇ ਇਸੇ ਤਰ੍ਹਾਂ ਕਈ ਕਾਰਕ ਵੀ ਲੋਪ ਹੋ ਗਏ । ਕਾਰਕਾਂ ਦੇ ਅਰਥ ਸਪਸ਼ਟ ਕਰਨ ਲਈ ਅਤੇ ਵਾਕ ਵਿਚ ਸ਼ਬਦਾਂ ਦੇ ਸੰਬੰਧ ਸੂਚਿਤ ਕਰਨ ਲਈ ਸੰਬੰਧਕਾਂ (post-positions : ਪਰਸਰਗ) ਦਾ ਉਦੈ ਹੋਇਆ ਅਤੇ ਸੰਬੰਧਕਾਂ ਦਾ ਹੀ ਅਕਸਰ ਪ੍ਰਯੋਗ ਹੋਣ ਲੱਗਾ । ਜੇ ਅਸੀਂ ਧਿਆਨ ਪੂਰਕ ਵੇਖੀਏ ਤਾਂ ਆਧੁਨਿਕ ਆਰੀਆ ਭਾਸ਼ਾਵਾਂ ਵਿਚ ਸਿਰਫ ਦੋ ਹੀ ਕਾਰਕੀ ਰੂਪ/ਕਾਰਕ ਮਾਰਕਰ ਰਹਿ ਗਏ ਹਨ–ਸਿੱਧਾ ਅਤੇ ਤਿਰਛੇ (direct & oblique). ਸੰਸਕ੍ਰਿਤ ਦੇ ਸੁਬੰਤ ਪ੍ਰਕਰਣ ਵਿਚ, ਸੰਬੋਧਨ ਸਮੇਤ 24 ਰੂਪ (paradigm) ਜਾਂ ਗਰਦਾਨਾਂ ਸਨ, ਅਤੇ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ-ਅਵਸਥਾ ਵਿਚ ਕੇਵਲ ਪੰਜ-ਛੇ ਰਹਿ ਗਏ ਸਨ, ਪਰ ਆਧੁਨਿਕ ਆਰੀਆ ਭਾਸ਼ਾਵਾਂ ਵਿਚ ਆਮ ਤੌਰ ਤੇ ਦੋ ਹੀ ਬਚੇ ਹਨ ।

(11) ਪੂਰਬੀ ਤੇ ਮੱਧਦੇਸ਼ੀ ਭਾਸ਼ਾਵਾਂ ਵਿਚ ਨਾਂਵ-ਸ਼ਬਦਾਂ ਦੇ ਬਹੁ-ਵਚਨ ਸਿਰਜਨ ਲਈ ਇਕ ਨਵੀਂ ਵਿਵਸਥਾ ਹੋਂਦ ਵਿਚ ਆਈ ਹੈ । ਕਿਸੇ ਨਾਂਵ/ਪੜਨਾਂਵ ਪਿਛੋਂ ਸੰਬੰਧ-ਕਾਰਕੀ ਵਿਭਕਤੀ ਦੇ ਨਾਲ ਇਕ ਹੋਰ ਸਮੂਹ-ਵਾਚਕ ਸ਼ਬਦਾਂਸ਼ ਜੋੜ ਕੇ ਬਹੁਵਚਨ ਰਚਿਆ ਜਾਂਦਾ ਹੈ । ਜਿਵੇਂ :

ਮੈਥਿਲੀ	:	ਹਮਰਾ ਸਬ (= ਹਮਰ = ਮੇਰਾ)
ਮੱਧ ਬੰਗਲਾ	:	ਆਮਿ-ਸਬ, ਆਮ੍ਹਾਰਾ-ਸਬ, ਤੋਮ੍ਹਾਰਾ-ਸਬ
ਭੋਜਪੁਰੀ	:	ਹਮਨੀਂ-ਕੀ, ਤੋਹਨੀ-ਕਾ
ਬੁੰਦੇਲੀ	:	ਹਮਾਰੇ, ਤਿਹਾਰੇ
ਪੂਰਬੀ ਹਿੰਦੀ	:	ਹਮ-ਲੋਕ, ਤੁਮ-ਲੋਕ
ਬੰਗਲਾ	:	ਲੋਕੇਰਾ-ਸਬ (=ਸਬ ਲੋਕਾਂ ਦਾ)
		ਮਾਯੇਰਾ-ਸਬ (=ਸਬ ਮਾਵਾਂ ਦਾ)

(12) ਆਧੁਨਿਕ ਆਰੀਆ ਭਾਸ਼ਾਵਾਂ ਦੇ ਕ੍ਰਿਆਰੂਪ ਸੁਤੰਤਰ ਤੌਰ ਤੇ ਵਿਕਸਿਤ ਹੋਏ ਹਨ । ਕਈਆਂ ਭਾਸ਼ਾਵਾਂ ਵਿਚ ਵਿਭਕਤੀ-ਸਾਧਿਤ ਭਵਿੱਖਵਾਚੀ ਰੂਪ ਵੀ ਬਚੇ ਹਨ :

ਬ੍ਰਜ ਭਾਸ਼ਾ	:	ਚਲਿਹੌਂ (ਮੈਂ ਚਲਾਂਗਾ)
ਗੁਜਰਾਤੀ	:	ਚਾਲੀਸ਼ (ਚਲੇਗਾ)
ਪੱਛਮੀ ਪੰਜਾਬੀ	:	ਚਲਸੀ (ਉਹ ਚਲੇਗਾ)

ਪਰ ਅਜਿਹੇ ਵਿਭਕਤੀ-ਸਾਧਿਤ ਰੂਪ ਬਹੁਤ ਥੋੜ੍ਹੇ ਹਨ । ਸਭ ਤੋਂ ਮਹੱਤਵਪੂਰਣ ਗੱਲ ਤਾਂ ਇਹ ਹੋਈ ਹੈ ਕਿ ਕੁਝ ਕ੍ਰਿਦੰਤ (participles) ਵੀ ਕਾਲ-ਰੂਪਾਂ ਦੇ ਆਧਾਰਾਂ ਵਜੋਂ ਸਥਾਪਿਤ ਹੋਏ ਹਨ । ਚੈਟਰਜੀ ਦਾ ਕਥਨ ਹੈ

"The most noteworthy fact has been the establishment of some of the participles as tense-bases." Chatterji, 1975 : 121.

ਮਸਲਨ :

ਸੰਸਕ੍ਰਿਤ :	ਕ੍ਰਿਤ	(कृत)	→ ਕਿਆ, ਕੀਨਾ, ਕੀਧਾ, ਕੀਤਾ (ਪੰਜਾਬੀ) ।
ਸੰ.	ਕ੍ਰਿਤ-ਐੱਲ		→ ਕੈਲ, ਕੇਲ਼
ਸੰ.	ਕੁਰਵੰਤ	(कुर्वन्त)	→ ਕਰਤਾਂ, ਕਰ (ਪੰ.) ਕਰਿਤ, ਕਰਤ ।
ਸੰ.	ਕਰਤਵਯ	(कर्तव्य)	→ ਕਰਿਬ, ਕਰਬ (ਬਿਹਾਰੀ ਭਾਸ਼ਾ ਵਰਗ) ।

ਸਿੰਧੀ, ਪਹਾੜੀ ਭਾਸ਼ਾ-ਵਰਗ ਅਤੇ ਪੰਜਾਬੀ

(1) ਸਿੰਧੀ

ਸਿੰਧੀ ਅਣਵੰਡੇ ਹਿੰਦੁਸਤਾਨ ਦੇ ਸਿੰਧ ਸੂਬੇ ਦੀ ਆਧੁਨਿਕ ਆਰੀਆ ਭਾਸ਼ਾ ਹੈ। ਸਿੰਧੀ ਦੇ ਇਕ ਪਾਸੇ ਬਲੋਚੀ, ਦੂਜੇ ਪਾਸੇ ਲਹਿੰਦੀ ਪੰਜਾਬੀ ਅਤੇ ਹੋਰ ਪਾਸੇ ਗੁਜਰਾਤੀ ਤੇ ਰਾਜਸਥਾਨੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਭੂਗੋਲਿਕ ਦ੍ਰਿਸ਼ਟੀ ਤੋਂ ਸਿੰਧ ਪ੍ਰਾਂਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ

1. ਸਿਰੋ (ਸਿੰਧ ਦਾ ਉੱਤਰੀ ਭਾਗ, ਸਿਰੋ ਭਾਗ)
2. ਵਿਚੋਲੇ (ਵਿਚਲਾ ਜਾਂ ਮੰਝਲਾ ਭਾਗ)
3. ਲਾੜ (ਲਟਕਿਆ ਹੋਇਆ, ਹਿਠਾੜ, ਹੇਠਲਾ)

ਕ੍ਰਿਸ਼ਣ ਚੰਦ੍ਰ ਜੈਤਲੀ ਦੀ ਰਾਇ ਹੈ ਕਿ ਲਾੜ ਦਾ ਅਰਥ ਲਟਕਿਆ ਨਹੀਂ ਹੈ, ਇਹ ਤਾਂ ਜਾਤੀ-ਵਾਚਕ ਹੈ ਜਿਸਨੂੰ "ਲਾੜਕ" ਕਿਹਾ ਗਿਆ ਹੈ। ਲਾੜਕ ਤੋਂ ਹੀ "ਲਾੜਕਾਣੋ" ਨਾਮ ਪਿਆ ਹੈ– "ਹੋ ਕੋਮ ਲਾੜਕਨਿਜੋ ਹਿਤਿੜੇ ਕਦੀਮੁ ਥਾਣੋ। ਪਿਓ ਨਾਉਂ ਹਿਨਤੇ ਲਾੜਕਤਾਂ ਲਾੜਕਾਣੋ" (ਇਕ ਸਿੰਧੀ ਗੀਤ)।

"ਸਿੰਧੀ" ਸ਼ਬਦ ਦਾ ਸੰਬੰਧ ਸੰਸਕ੍ਰਿਤ "ਸਿੰਧੁ" ਨਾਲ ਹੈ ਜਿਸ ਦਾ ਅਰਥ ਇਕ ਵਿਸ਼ੇਸ ਨਦੀ ਦਾ ਨਾਮ ਹੈ। ਵੈਦਿਕ ਯੁਗ ਵਿਚ ਹਰ ਨਦੀ ਨੂੰ ਸਿੰਧੁ ਕਿਹਾ ਜਾਂਦਾ ਸੀ ਜਿਵੇਂ ਸਪਤ ਸਿੰਧੂ (ਸੱਤ ਨਦੀਆਂ). ਸਿੰਧ ਦਾ ਅਰਥ ਸਾਗਰ, ਸਮੁੰਦਰ ਵੀ ਹੈ ਜਿਵੇਂ ਦਸ਼ਮ ਗ੍ਰੰਥ ਵਿਚ "ਕ੍ਰਿਪਾ ਸਿੰਧ ਕਾਲਤ੍ਰਯ ਦਰਸੀ"।

ਸਿੰਧੀ ਭਾਸ਼ਾ ਦੀ ਉਤਪੱਤੀ "ਵ੍ਰਾਚੜ" ਅਪਭ੍ਰੰਸ਼ ਤੋਂ ਹੋਈ ਹੈ। ਕ੍ਰਿਸ਼ਣ ਚੰਦ੍ਰ ਜੈਤਲੀ [ਸਿੰਧੀ ਭਾਸ਼ਾ ਕਾ ਸੰਕਸਿਪਤ ਪਰਿਚਯ, 1957 . 85] ਦੇ ਅਨੁਸਾਰ ਸਿੰਧੀ ਦੀਆਂ ਛੇ ਮੁੱਖ ਬੋਲੀਆ ਹਨ

ਸਿੰਧੀ ਭਾਸ਼ਾ ਦੀਆਂ ਬੋਲੀਆਂ

ਸਿਰਾਇਕੀ	ਵਿਚੋਲੀ	ਲਾੜੀ	ਥੜੇਲੀ	ਕੱਛੀ	ਲਾਸੀ

ਸਿੰਧ ਦੇ ਉੱਤਰੀ ਭਾਗ ਵਿਚ ਸਿਰਾਇਕੀ ਸਿੰਧੀ. ਬੋਲੀ ਜਾਂਦੀ ਹੈ। ਇਸ ਨੂੰ ਸਿਰੇਲੀ ਵੀ ਕਹਿੰਦੇ ਹਨ। ਵਿਚੋਲੀ ਸਿਰੋ ਤੇ ਲਾੜ ਦੇ ਦਰਮਿਆਨ ਬੋਲੀ ਜਾਂਦੀ ਹੈ। ਸਿੰਧ ਦੇ ਦੱਖਣੀ ਭਾਗ ਵਿਚ ਲਾੜੀ ਬੋਲੀ ਦਾ ਇਲਾਕਾ ਹੈ। ਸਿੰਧ ਦਰਿਆ ਦੇ ਪੂਰਬੀ ਕਿਨਾਰੇ ਦੇ ਖੇਤਰਾਂ ਵਿਚ ਥੜੇਲੀ ਪ੍ਰਚਲਿਤ ਹੈ ਜੋ ਮਾਰਵਾੜੀ ਤੇ ਸਿੰਧੀ ਦਾ ਮਿਸ਼ਰਣ ਹੈ। ਕੱਛੀ ਜਾਂ ਕੱਛਕੀ ਗੁਜਰਾਤ ਦੇ ਕੱਛ-ਪ੍ਰਦੇਸ਼ ਦੀ ਬੋਲੀ ਤੇ ਸਿੰਧੀ ਦਾ ਮਿਸ਼ਰਤ ਬੋਲੀ ਰੂਪ

ਹੈ । ਲਾਂਸੀ ਲਸਬੇਲਾ ਰਿਆਸਤ ਦੀ ਸਿੰਧੀ ਉਪਬੋਲੀ ਹੈ ।

ਡਾ. ਗ੍ਰੀਅਰਸਨ [1927 : 139] ਦੇ ਅਨੁਸਾਰ ਸਿੰਧੀ ਭਾਸ਼ਾ ਵਿਚ ਕਈ ਅਜਿਹੇ ਧੁਨੀਆਤਮਕ ਤੇ ਵਿਆਕਰਣਿਕ ਅੰਸ਼ ਉਪਲਬਧ ਹਨ ਜਿਹੜੇ ਕਿ ਹੋਰ ਆਰੀਆ ਭਾਸ਼ਾਵਾਂ ਵਿਚ ਲੁਪਤ ਹੋ ਗਏ ਹਨ । ਸਿੰਧੀ ਦੀਆ ਅੰਤਰ-ਸਫੋਟਕ (implosive) ਧੁਨੀਆਂ /ਗ ਜ ਬ ਡ ਦ/ ਇਸ ਦੇ ਖ਼ਾਸ ਪਛਾਣ-ਚਿੰਨ੍ਹ ਹਨ । ਸਿੰਧੀ ਵਿਚ ਟ-ਵਰਗੀ ਧੁਨੀਆਂ (retroflex) ਦੀ ਭਰਮਾਰ ਹੈ, ਇਹ ਵਿਸ਼ੇਸ਼ਤਾ ਮੁਲਤਾਨੀ ਤੇ ਸਿਰਾਇਕੀ ਲਹਿੰਦੀ ਵਿਚ ਵੀ ਹੈ । ਜਿਵੇਂ ਸਿੰਧੀ ਵਿਚ ਮੂਰਧਨੀਕਰਣ ਪ੍ਰਕ੍ਰਿਆ ਹੈ

ਦਿਨ → ਡੀਹੜਾ,, ਪੁਤ੍ਰ → ਪੁਟ੍ਰ, ਦੇ → ਡੇ, ਦਿਹਾਰ → ਡਿਹਾੜ

ਸਿੰਧੀ ਭਾਸ਼ਾ ਦੀ ਇਕ ਹੋਰ ਵਿਸ਼ੇਸ਼ਤਾ ਸ਼ਬਦਾਂ ਦੇ ਅੰਤ ਤੇ ਉ-ਧੁਨੀ (ਔਂਕੜ) ਦੀ ਵਰਤੋਂ ਹੈ ਜਿਵੇਂ :

ਅਚਣੁ (ਆਉਣਾ), ਵਵਣੁ (ਜਾਣਾ), ਖਾਇਣੁ (ਖਾਣਾ), ਪੀਅਣੁ (ਪੀਣਾ), ਰਾਮੁ, ਗੋਬਿੰਦੁ, ਕਿਸ਼ਨੁ

ਸਿੰਧੀ ਦੇ ਕਾਰਕੀ ਸੰਬੰਧਕ (case post-positions) ਇਸ ਦੇ ਪਛਾਣ-ਚਿੰਨ੍ਹ ਹਨ । ਵੇਰਵਾ ਹੇਠਾਂ ਦਰਜ ਹੈ :

ਸਿੰਧੀ ਦੇ ਕਾਰਕੀ ਸੰਬੰਧਕ

1. ਕਰਮ ਕਾਰਕ : ਖੇ (ਨੂੰ), ਦੇ (ਤਰਫ)	4. ਅਪਾਦਾਨ : ਖਾਂ, ਤਾਂ, ਮਾਂ (ਤੋਂ)
2. ਕਰਣ : ਸੇ (ਤੋਂ, ਦੁਆਰਾ)	5. ਸੰਬੰਧ ਜੋ, ਜੇ, ਜਾ ਜੀ ਜੂੰ (ਦਾ, ਦੇ, ਦੀ)
3. ਸੰਪ੍ਰਦਾਨ : ਖੇ, ਲਾਇ (ਲਈ)	6. ਅਧਿਕਰਣ : ਮੇਂ (ਵਿਚ), ਤੇ (ਉਤੇ)

ਸਿੰਧੀ ਵਿਚ ਵਿਭਕਤੀ-ਪਿਛੇਤਰ (inflecting suffixes) ਵੀ ਮੌਜੂਦ ਹਨ ਜਿਵੇਂ :

ਘਰਿ ← ਘਰ+ਿ (ਘਰ ਵਿਚ), ਪਟਿ ← ਪਟ+ਇ (ਜ਼ਮੀਨ ਤੇ), ਵੇਲੇ (ਵੇਲਾ ਸਿਰ), ਨਕਾਂ (ਨੱਕ ਤੋਂ),

ਸਿੰਧੀ ਵਿਚ ਅੰਤਰ-ਸੁਰੀ ਭੂਤ-ਕ੍ਰਿਦੰਤੀ /-ਤ/ ਲੁਪਤ ਨਹੀਂ ਹੁੰਦਾ । ਇਹ ਰੁਚੀ ਲਹਿੰਦੀ ਤੇ ਪੂਰਬੀ ਪੰਜਾਬੀ ਵਿਚ ਵੀ ਉਪਲਬਧ ਹੈ । ਵੰਨਗੀ :

ਸਿੰਧੀ	*ਲਹਿੰਦੀ*	*ਪੂ. ਪੰਜਾਬੀ*	*ਹਿੰਦੀ*
ਕੀਤੋ	ਕੀਤਾ	ਕੀਤਾ	ਕੀਯਾ
ਪੀਤੋ	ਪੀਤਾ	ਪੀਤਾ	ਪੀਯਾ

ਸਿੰਧੀ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੇ ਪੜਨਾਂਵੀ ਪਿਛੇਤਰ ਹਨ । ਇਹ ਪਿਛੇਤਰ ਸੰਸਕ੍ਰਿਤ, ਫ਼ਾਰਸੀ ਤੇ ਪਸ਼ਤ ਦੀ ਤਰ੍ਹਾਂ ਨਾਵਾਂ, ਕ੍ਰਿਆਵਾਂ ਦੇ ਅੰਤ ਉਤੇ ਲਗਦੇ ਹਨ । ਟਰੰਪ ਦਾ ਕਥਨ ਹੈ "The use of these suffixes constitutes quite a peculiar feature of the Sindhi Language and distinguishes it very advantageously from all the kindred idioms of India which are destitute of pronominal suffixes" (Trumpp, Sindhi Grammar : p. 225).

ਪੜਨਾਂਵੀ ਪਿਛੇਤਰਾਂ ਦੀਆਂ ਵੰਨਗੀਆਂ :

ਨਾਵਾਂ ਦੇ ਉਦਾਹਰਣ : ਦਾਦੁਮਿ (ਮੇਰਾ ਦਾਦਾ), ਦਾਦਮਿ (ਮੇਰੇ ਦਾਦੇ ਨੂੰ), ਦਾਦੁਇ (ਤੇਰਾ ਦਾਦਾ), ਦਾਦਸਿ (ਉਸਦਾ ਦਾਦਾ), ਭੇਣਮਿ (ਮੇਰੀ ਭੈਣ), ਪੁਟਉਂ (ਮੇਰੇ ਪੁੱਤਰ).

ਕ੍ਰਿਆਵਾਂ :

ਚਊਂ (ਅਸੀਂ ਕਹੀਏ) ਚਵੰਦੋਸਾਇ (ਮੈਂ ਤੈਨੂੰ ਕਹਾਂਗਾ)
ਚਵੰਦੋਸਾਵ (ਮੈਂ ਤੁਹਾਨੂੰ ਸਾਰਿਆ ਨੂੰ ਕਹਾਗਾ) ਮਾਰਿਆਈਂ (ਉਸ ਨੂੰ ਮਾਰਿਆ)
ਮਾਰਿਆਊਂ (ਉਨ੍ਹਾਂ ਸਾਰਿਆ ਨੂੰ ਮਾਰਿਆ)
ਮਾਰਿਓਮਾਂਸਿ (ਮੈਂ ਉਸ ਨੂੰ ਮਾਰਿਆ) ਮਾਰਿਆਈਮਿ (ਉਸ ਨੇ ਮੈਨੂੰ ਮਾਰਿਆ)

ਸਿੰਧ ਦੀ ਕਦੀਮੀ ਤਹਿਜ਼ੀਬ ਨੂੰ "ਮੋਇਓਂਜੋ ਦੜੋ" ਕਿਹਾ ਜਾਂਦਾ ਹੈ ਅਰਥਾਤ ਮੋਇਆਂ ਦਾ ਥੇਹ । ਮੋਇਓਂ = ਮੋਇਆਂ, ਜੋ = ਦਾ, ਦੜੋ = ਦੜਾ ਜਾਂ ਥੇਹ । ਅੰਗ੍ਰੇਜ਼ਾਂ ਨੇ ਇਸ ਨੂੰ ਗ਼ਲਤ ਲਿਖਿਆ ਹੈ "Mohinjo Daro". ਇਹ ਮੋਹਿੰਜੋਦਾਰੋ ਨਹੀਂ ਮੋਇਓਜੋਦੜੋ ਹੈ ।

ਸਿੰਧੀ ਦੀ ਪ੍ਰਸਿਧ ਸਾਹਿਤਕ ਰਚਨਾ "ਸ਼ਾਹ ਜੋ ਰਸਾਲੋ" ਹੈ । ਉਸ ਵਿਚੋਂ ਸਿੰਧੀ ਭਾਸ਼ਾ ਦੀ ਵੰਨਗੀ ਪੇਸ਼ ਹੈ :

ਮੁਹਿੰਜੋ ਸਡੁ ਸਰਿਤਊਂ ਭਲੀ ਕੇਚਿ ਥਿਅੜੋ ।
ਪਿਆਰੇ ਪੁੰਨਹਲਸਾਂ ਮੁਹਿੰਜੋ ਪੇਰੁ ਪਿਅੜੋ ।

ਅਨੁਵਾਦ : ਸਹੀਉ, ਮੇਰਾ ਸਾਕ ਭਾਵੇਂ ਕੇਚ ਵਿਚ ਹੋਇਆ, ਪਿਆਰੇ ਪੁੰਨੂੰ ਨਾਲ ਮੇਰਾ ਰਿਸ਼ਤਾ ਪਿਆ ਹੋਇਆ ਹੈ ।

ਢਾਟੀ ਜੇ ਢੋਲ ਮਿਲੇ ਤ ਢੋਲਾਏ ਕਹੀਜ ।
ਕਰਸਨੁ ਪਕੋ ਕਣੁ ਛਣਿਓ ਲਾਓ ਆਪ ਕਰੀਜ ।

ਅਨੁਵਾਦ : ਢਾਢੀ, ਜੇ ਢੋਲਾ ਮਿਲੇ ਤਾਂ ਢੋਲੇ ਨੂੰ ਕਹਿਣਾ, ਕਿਰਸਾਣੀ ਖੇਤੀ ਪਕ ਗਈ ਹੈ । ਅੰਨ ਕਣ ਡਿਗੇ ਹਨ, ਆਪਣਾ ਕਰਨ ਲਈ ਲਿਆਉ ।

ਸਿੰਧੀ ਤੇ ਪੰਜਾਬੀ

ਪੰਜਾਬੀ ਭਾਸ਼ਾ ਦੀ ਗੁਆਂਢੀ ਭਾਸ਼ਾ ਹੋਣ ਕਰਕੇ ਸਿੰਧੀ ਦੀ ਭਾਸ਼ਾ-ਵਿਗਿਆਨਿਕ ਜਾਣਕਾਰੀ, ਪੰਜਾਬੀ ਦੀ ਭਾਸ਼ਾਈ ਸੰਰਚਨਾ ਦੀ ਸਥਿਤੀ ਨੂੰ ਸਮਝਣ ਲਈ ਸਹਾਈ ਹੋ ਸਕਦੀ ਹੈ, ਕਿਉਂਕਿ ਸਿੰਧੀ ਤੇ ਪੰਜਾਬੀ ਖ਼ਾਸ ਕਰ ਕੇ ਲਹਿੰਦੀ-ਪੰਜਾਬੀ ਵਿਚ ਬਹੁਤ ਸਾਰੀਆਂ ਸਮਾਨਤਾਵਾ ਤੇ ਸਮਰੂਪਤਾਵਾਂ ਪ੍ਰਾਪਤ ਹਨ । ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਤੇ ਸਿੰਧੀ ਦਾ ਕਾਫੀ ਅਸਰ ਹੈ । ਬਹੁਤ ਸਾਰੇ ਪਦਿਆਂ ਵਿਚ ਸਿੰਧੀ ਦੇ ਨਾਂਵ, ਪੜਨਾਂਵ, ਸੰਬੰਧਕ ਅਤੇ ਸ਼ਬਦ-ਕੋਸ਼ ਵੇਖੇ ਜਾ ਸਕਦੇ ਹਨ । ਇਕ ਦੋ ਉਦਾਹਰਣ ਪੇਸ਼ ਹਨ :

ਤੂੰ ਚਉ ਸਜਨੁ ਮੈਡਿਆ ਡੇਈ ਸਿਸੁ ਉਤਾਰਿ
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ (1)
ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ
ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖ (2)
ਮਾਣਿਕੂ ਮੋਹਿ ਮਾਉ ਡਿੰਨਾ ਧਣੀ ਅਪਾਹਿ
ਹਿਆਉ ਮਹਿੰਜਾ ਠੰਢੜਾ ਮੁਖਹੁ ਸਚੁ ਅਲਾਇ । (12-2)
(ਆਦਿ ਗ੍ਰੰਥ, ਮਾਰੂ ਵਾਰ ਮ : 5 ਡਖਣੇ ਪੰਨਾ 1093)

ਸਿੰਧੀ ਦਾ ਸੰਬੰਧਕ /ਖੇ/ ਗੁਰਬਾਣੀ ਵਿਚ ਆਮ ਉਪਲਬਧ ਹੁੰਦਾ ਹੈ । ਜਿਵੇਂ "ਧੂੜੀ ਮਜਨ ਸਾਧ ਖੇ", "ਹਰਿ ਤਾਰੇ ਸੰਗ ਜਨ ਖੇ", "ਜੋ ਡੁੰਬਦੇ ਆਪ ਸੋ ਤਰਾਏ ਕਿੰਨ ਖੇ", ਦਾਮਿਨੀ ਚਮਤਕਾਰ ਤਿਉ ਵਰਤਾਰਾ ਜਗ ਖੇ" ਆਦਿ ।

ਸਿੰਧੀ ਤੇ ਪੰਜਾਬੀ ਦੇ ਸ਼ਬਦਕੋਸ਼ (lexicon) ਦੀ ਸਮਾਨਤਾ ਵੇਖਣ-ਯੋਗ ਹੈ, ਜਿਵੇਂ : ਸਾਝਰੁ (ਪੰਜਾਬੀ ਮਲਵਈ : ਸਾਝਰਾ, ਤੜਕਾ), ਨੌਂਢੋ (ਨੱਢਾ, ਮੁੰਡਾ), ਵਾਂਗੁਰਿ (ਵਾਂਗ, ਵਾਂਗਰ) ।

ਸਿੰਧੀ ਤੇ ਪੰਜਾਬੀ ਵਿਚ ਸਾਝੇ ਲੱਛਣਾ ਦੇ ਅੰਤਰਗਤ ਮੂਰਧਨੀਕਰਣ ਅਤੇ ਦੁੱਤੀਕਰਣ ਦੀ ਪ੍ਰਵਿਰਤੀ ਉਧ੍ਰਿਤ ਕੀਤੀ ਜਾ ਸਕਦੀ ਹੈ। ਤ-ਵਰਗੀ ਧੁਨੀਆਂ ਨੂੰ ਧੁਨੀਆਤਮਕ ਵਾਤਾਵਰਣ ਦੀ ਸਥਿਤੀ ਵਿਚ ਮੂਰਧਨੀਕਰਣ ਆਮ ਵਾਪਰਦਾ ਹੈ। ਅੰਤਰ-ਸ੍ਵਰੀ ਭੂਤ-ਕ੍ਰਿਦੰਤੀ /-ਤ/ ਨੂੰ ਕਾਇਮ ਰਖਣ ਦੀ ਰੁਚੀ ਦੋਹਾਂ ਵਿਚ ਸਾਂਝੀ ਹੈ ਖਾਸ ਕਰ ਕੇ ਲਹਿੰਦੀ ਪੰਜਾਬੀ ਵਿਚ। ਜਿਵੇਂ ਪੰਜਾਬੀ /ਕੀਤਾ, ਪੀਤਾ, ਸੁੱਤਾ, ਦਿੱਤਾ/ ਦੇ ਸਮਤੁੱਲ ਸਿੰਧੀ ਵਿਚ /ਕੀਤੇ, ਪੀਤੇ, ਸੁੱਤੇ, ਡਿਤੇ/ ਹਨ।

ਸਿੰਧੀ ਲਿਪੀ : ਸਿੰਧੀ ਲਿਪੀ ਤੇ ਸਿੰਧੂ ਲਿਪੀ ਵਿਚ ਅੰਤਰ ਹੈ। ਸਿੰਧੂ ਲਿਪੀ ਦਾ ਸੰਬੰਧ ਸਿੰਧੂ ਸਭਿਅਤਾ (Indus civilisation) ਨਾਲ ਹੈ ਜੋ ਮੋਹਿੰਜੋਦੜੋ ਤੇ ਹੜੱਪਾ ਦੀ ਸ਼ਕਲ ਵਿਚ ਪ੍ਰਗਟ ਹੋਈ ਹੈ। ਸਿੰਧੂ ਸਭਿਅਤਾ 2600 ਪੂ.ਈ. ਤੋਂ 1700 ਪੂ. ਈ. ਤਕ ਆਪਣੇ ਸਿਖਰਾਂ ਤੇ ਸੀ [ਗੁਣਾਕਰਮੁਲੇ, ਅਕਸ਼ਰ ਕਥਾ, 1972 : 149] ਸਿੰਧੂ ਸਭਿਅਤਾ ਦੇ ਵਿਭਿੰਨ ਟਿਕਾਣਿਆਂ ਤੋਂ ਕਈ ਤਰ੍ਹਾਂ ਦੀ ਸਾਮਗ੍ਰੀ ਮਿਲੀ ਹੈ ਜਿਨ੍ਹਾਂ ਉਤੇ ਸਿੰਧੂ ਲਿਪੀ ਖੁਦੀ ਹੋਈ ਜਾਂ ਉਕਰੀ ਹੋਈ ਹੈ ਲੇਕਿਨ ਇਹ ਲਿਪੀ ਅਜੇ ਤਕ ਪੜ੍ਹੀ ਨਹੀਂ ਗਈ। ਇਸ ਨੂੰ ਸਿੰਧੂ ਲਿਪੀ ਦਾ ਨਾਮ ਦਿੱਤਾ ਗਿਆ ਹੈ।

ਪਰ ਦੂਜੇ ਪਾਸੇ ਆਧੁਨਿਕ/ਇਤਿਹਾਸਿਕ ਸਿੰਧ ਸੂਬੇ ਦੀ ਲਿਪੀ ਨੂੰ ਸਿੰਧੀ ਲਿਪੀ ਕਿਹਾ ਜਾਂਦਾ ਹੈ। ਪਾਕਿਸਤਾਨ ਵਿਚ ਸਿੰਧੀ ਭਾਸ਼ਾ ਦੀ ਮੌਜੂਦਾ ਲਿਪੀ ਦਾ ਨਾਮ *ਅਰਬੀ-ਸਿੰਧੀ* ਹੈ। ਅਰਬੀ-ਸਿੰਧੀ ਲਿਪੀ ਤੋਂ ਪਹਿਲਾ ਸਿੰਧ ਵਿਚ ਹਿੰਦੂ ਦੇਵਨਾਗਰੀ ਲਿਪੀ ਤੇ ਵਪਾਰੀ *ਹਟਵਾਣਿਕੇ* ਲਿਪੀ ਵਰਤਦੇ ਸਨ। ਸੰਨ 1853 ਵਿਚ ਅੰਗ੍ਰੇਜ਼ੀ ਹਕੂਮਤ ਨੇ ਕੁਝ ਅਰਬੀ ਅੱਖਰ ਤੇ ਕੁਝ ਫ਼ਾਰਸੀ ਅੱਖਰ ਲੈ ਕੇ ਅਰਬੀ-ਸਿੰਧੀ ਲਿਪੀ ਬਣਾਈ। ਇਸ ਵਿਚ 51 ਅੱਖਰ ਜਾਂ ਹਰੂਫ਼ ਹਨ। ਸ੍ਵਰ ਲਿਪੀ-ਚਿੰਨ੍ਹ ਨਾ ਹੋਣ ਕਰਕੇ ਇਕੋ ਲਿਖਤੀ ਸ਼ਬਦ ਦੇ ਕਈ ਉਚਾਰ ਹੋ ਸਕਦੇ ਹਨ–ਮਟ, ਮਿਟ, ਮੁਟ, ਮਟੁ, ਮੁਟੁ, ਮਟਿ, ਮਿਟਿ, ਮੁਟਿ। ਇਹ ਅੱਠ ਉਚਾਰ-ਵਿਕਲਪ ਇਕੋ ਸ਼ਬਦ ਦੇ ਹਨ ਜੋ ਅਰਬੀ-ਸਿੰਧੀ ਲਿਪੀ ਵਿਚ ਅੰਕਿਤ ਹੈ [ਜੈਤਲੀ, 1957 : 166]। ਪਾਕਿਸਤਾਨ ਦੀ ਕਾਇਮੀ ਤੋਂ ਬਾਅਦ ਹਿੰਦੂ ਸਿੰਧੀ ਲੋਕ ਆਪਣੀ ਜਨਮ ਭੂਮੀ ਨੂੰ ਅਲਵਿਦਾ ਕਹਿ ਕੇ ਭਾਰਤ ਵਿਚ ਆ ਗਏ ਹਨ ਜੋ ਹੁਣ ਦੇਵਨਾਗਰੀ ਲਿਪੀ ਵਿਚ ਸਿੰਧੀ ਭਾਸ਼ਾ ਲਿਖ ਰਹੇ ਹਨ।

ਡਾ. ਜੌਨ ਬੀਮਜ਼ ਨੇ ਲਿਖਿਆ ਹੈ ਕਿ ਸਿੰਧੀ ਤੇ ਪੰਜਾਬੀ ਬੋਲੀ ਵਿਚ ਰੋਟੀ ਦੀ ਮਹਿਕ ਤੇ ਚੁੱਲ੍ਹਿਆਂ ਦੇ ਧੂਏਂ ਦੀ ਨਿੱਘ ਹੈ* ਡਾ. ਟਰੰਪ ਨੇ ਸਿੰਧੀ ਨੂੰ ਖਾਲਸ ਸੰਸਕ੍ਰਿਤ-ਮੂਲਕ ਭਾਸ਼ਾ ਕਿਹਾ ਹੈ ਜੋ ਵਿਦੇਸ਼ੀ ਅਸਰਾਂ ਤੋਂ ਮੁਕਤ ਹੈ**

* ਜਾਨ ਬੀਮਜ਼ ਵਰਗੇ ਅੰਗ੍ਰੇਜ਼ ਲਿਖਾਰੀਆ ਦੀ "ਪਾੜੋ ਤੇ ਰਾਜ ਕਰੋ" ਵਾਲੀ ਮੰਦ ਭਾਵਨਾ ਬਾਰੇ ਹੁਣੇ ਹੁਣੇ ਹਰੀਜੈਸਿੰਹ ਨੇ ਆਪਣੇ ਸੰਪਾਦਕੀ ਵਿਚ ਇਉਂ ਲਿਖਿਆ ਹੈ - "His (Grierson's) effort was directed at showing that India was not unified enough to be called a nation, linguistically speaking. THE TRIBUNE, Chandigarh, April 8, 1996.

** "There is a flavour of wheaten flour and a reek of cottage smoke about Punjabi and Sindhi, which is infinitely more natural and captivating than anything which the hide-bound Pandit-ridden languages of Eastern parts of India can show us." John Beames, 1872 (repr. 1970), *A Comparative Grammar of the Modern Aryan Languages of India*, N. Delhi : 51.

"The Sindhi is a pure Sanskritic language, more free from foreign elements than any other of the North Indian Vernaculars. It is much more closely related to the old Prakrit than the Marathi, Hindi, Punjabi and Bengali of our days and it has preserved an exuberance of grammatical forms for which all its sisters may well envy it."

Ernest Trumpp, 1970 (1872), *Grammar of the Sindhi Language*,

(2) ਪੰਜਾਬੀ ਭਾਸ਼ਾ

ਪੰਜਾਬੀ ਭਾਸ਼ਾ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਅਸੀਂ ਪੰਜਾਬੀ ਬੋਲਦੇ ਖੇਤਰਾਂ, ਇਸ ਦੇ ਗੁਆਚੇ ਇਲਾਕਿਆਂ, ਇਸ ਦੀ ਭਾਸ਼ਾਈ ਬਣਤਰ ਤੇ ਵਰਤੋਂ-ਵਿਹਾਰ, ਇਸ ਦੀਆਂ ਉਪ-ਬੋਲੀਆਂ, ਇਸ ਦੇ ਇਤਿਹਾਸ ਅਤੇ ਇਸ ਦੀ ਵਰਤਮਾਨ ਸਥਿਤੀ ਆਦਿ ਗੱਲਾਂ ਬਾਰੇ ਗਿਆਨ ਪ੍ਰਾਪਤ ਕਰੀਏ ਤਾਂ ਹੀ ਪੰਜਾਬੀ ਦੀ ਮਹਿਮਾ ਤੇ ਮਹੱਤਵ ਪਛਾਣਿਆ ਜਾ ਸਕਦਾ ਹੈ।

ਪੰਜਾਬੀ ਇਕ ਬਹੁਤ ਵੱਡੇ ਪੰਜਾਬੀ ਭਾਈਚਾਰੇ ਦੀ ਭਾਸ਼ਾ ਹੈ। ਅੱਜ ਕਲ੍ਹ ਦੀ ਗਿਣਤੀ ਮੁਤਾਬਕ ਪੰਜਾਬੀ ਭਾਸ਼ਾ ਨੂੰ ਬੋਲਣ ਵਾਲੇ ਕੋਈ ਅੱਠ ਕਰੋੜ* (81 ਮਿਲੀਅਨ) ਵਿਅਕਤੀ ਹਨ। ਪੰਜਾਬੀ-ਭਾਸ਼ੀ ਲੋਕ ਭਾਰਤੀ ਪੰਜਾਬ ਅਤੇ ਇਸ ਨਾਲ ਜੁੜਵੇਂ ਪਾਕਿਸਤਾਨੀ ਪੰਜਾਬ ਤੋਂ ਇਲਾਵਾ ਕਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਸਿੰਘਾਪੁਰ, ਮਲਾਇਆ, ਸਵੀਡਨ, ਥਾਈਲੈਂਡ, ਅਫ਼ਗਾਨਿਸਤਾਨ, ਅਫਰੀਕਾ ਆਦਿ ਦੇਸ਼ਾਂ ਵਿਚ ਵਸਦੇ-ਰਸਦੇ ਹਨ। ਪਰ ਮੁੱਖ ਤੌਰ ਤੇ ਪੰਜਾਬ ਹੀ ਪੰਜਾਬੀ ਭਾਸ਼ਾ ਦਾ ਜੱਦੀ ਘਰ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਇਕ ਬਹੁਤ ਵੱਡਾ ਵਿਸ਼ਾਲ ਪ੍ਰਾਂਤ ਸੀ ਅਤੇ ਸਾਰੇ ਵਿਸ਼ਾਲ ਪੰਜਾਬ ਵਿਚ ਪੰਜਾਬੀ ਬੋਲੀ ਬੋਲੀ ਜਾਂਦੀ ਸੀ। ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਦੇ ਅਟਕ ਦਰਿਆ ਤੋਂ ਲੈ ਕੇ ਦਿੱਲੀ ਨਾਲ ਘਸਰ ਕੇ ਲੰਘਦੀ ਜਮਨਾ ਨਦੀ ਤਕ ਵਿਸ਼ਾਲ ਪੰਜਾਬ ਦਾ ਪਸਾਰਾ ਸੀ। ਪੰਜਾਬ ਦੀ ਇਸ ਵਿਸ਼ਾਲਤਾ ਬਾਰੇ ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ ਵੀ ਲਿਖਿਆ ਹੈ :

"ਖੱਬੇ ਹੱਥ ਬਰਛੀ ਜਮਨਾ ਦੀ
ਸੱਜੇ ਹੱਥ ਖੜਗ ਅਟਕ ਦਾ ਹੈ।
ਪਿਛਵਾੜੇ ਬੰਧ ਚੱਟਾਨਾਂ ਦਾ
ਕੋਈ ਵੈਰੀ ਤੋੜ ਨਾ ਸਕਦਾ ਹੈ।"

ਇਸ ਤਰ੍ਹਾਂ ਇਹ ਮਹਾਂ ਪੰਜਾਬ ਸਰਹੱਦੀ ਸੂਬੇ ਤੋਂ ਲੈ ਕੇ ਦਿੱਲੀ ਤਕ ਅਤੇ ਤਿੱਬਤ ਤੋਂ ਲੈ ਕੇ ਸਿੰਧ (ਪਾਕਿਸਤਾਨ) ਤੱਕ ਫੈਲਿਆ ਹੋਇਆ ਸੀ ਅਤੇ ਦੂਰ ਦੂਰ ਤਕ ਪਿਸ਼ਾਵਰ, ਸ੍ਰੀ ਨਗਰ, ਸ਼ਿਮਲਾ, ਬੀਕਾਨੇਰ ਦੇ ਬਜ਼ਾਰਾਂ ਵਿਚ ਪੰਜਾਬੀ ਬੋਲੀ ਸੁਣੀ ਜਾਂਦੀ ਸੀ। ਪਰ ਹੁਣ ਪੰਜਾਬ ਟੋਟੇ ਟੋਟੇ ਹੋ ਕੇ ਵੰਡਿਆ ਜਾਂਦਾ ਰਿਹਾ ਹੈ। ਸਭ ਤੋਂ ਪਹਿਲਾਂ 1947 ਦੀ ਭਾਰਤ-ਪਾਕ ਵੰਡ ਵੇਲੇ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਅੱਧੇ ਤੋਂ ਵੱਧ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ ਅਤੇ ਬਾਕੀ ਅੱਧਾ ਪੰਜਾਬ ਭਾਰਤ ਨੂੰ ਮਿਲਿਆ। ਭਾਰਤੀ ਪੰਜਾਬ ਵਿਚ ਵੀ ਕਈ ਹੇਰ-ਫੇਰ ਹੋਏ ਹਨ। 1956 ਵਿਚ ਦੇਸੀ ਰਿਆਸਤਾਂ ਦਾ ਪੈਪਸੂ ਇਲਾਕਾ ਪੰਜਾਬ ਨਾਲ ਜੋੜ ਦਿੱਤਾ ਗਿਆ ਅਤੇ ਉਸ ਤੋਂ ਦਸ ਸਾਲਾਂ ਮਗਰੋਂ 1966 ਵਿਚ ਪੰਜਾਬ ਦੀ ਫਿਰ ਇਕ ਵਾਰ ਵੰਡ ਹੋਈ। ਇਸ ਵਾਰ ਪੰਜਾਬ ਦੇ ਤਿੰਨ ਟੋਟੇ ਹੋਏ। ਇਕ ਟੋਟਾ ਪਹਾੜੀ ਇਲਾਕਿਆਂ ਨਾਲ ਜੋੜ ਕੇ 'ਹਿਮਾਚਲ' ਪ੍ਰਦੇਸ਼ ਕਾਇਮ ਕੀਤਾ ਗਿਆ ਅਤੇ ਦੂਜੇ ਟੋਟੇ ਦੀ ਹਦਬੰਦੀ ਕਰਕੇ ਹਰਿਆਣਾ ਪ੍ਰਦੇਸ਼ ਬਣਾਇਆ ਗਿਆ। ਤੀਜੇ ਹਿੱਸੇ ਨਾਲ ਪੰਜਾਬੀ-ਭਾਸ਼ੀ ਨਵਾਂ ਸੂਬਾ ਸਥਾਪਿਤ ਕੀਤਾ ਗਿਆ। ਇਸ ਨਵੇਂ ਪੰਜਾਬ ਦੇ ਕੋਈ 21 ਜ਼ਿਲ੍ਹੇ ਹਨ ਜਿੱਥੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਇਸ ਤਰ੍ਹਾਂ ਪੰਜਾਬ ਦਾ ਭੂਗੋਲ ਬਦਲਦਾ ਰਿਹਾ ਹੈ ਅਤੇ ਪੰਜਾਬ ਵੰਡਿਆ ਜਾਂਦਾ ਰਿਹਾ ਹੈ। ਪਰ ਬੜੀ ਖੁਸ਼ੀ ਦੀ ਗੱਲ ਇਹ ਹੈ ਕਿ ਪੰਜਾਬੀ ਭਾਸ਼ਾ ਕਦੇ ਵੀ ਨਹੀਂ ਵੰਡੀ ਜਾਂਦੀ ਰਹੀ।

* Refer : The Canadian World Almanac, 1990, page 481.

ਪੰਜਾਬੀ ਭਾਸ਼ਾ ਕਿਸੇ ਨਾ ਕਿਸੇ ਸ਼ਕਲ ਵਿਚ ਵਿਸ਼ਾਲ ਪੰਜਾਬ ਵਿਚ ਜਿਉਂਦੀ-ਜਾਗਦੀ ਚਲਦੀ ਆ ਰਹੀ ਹੈ ।

ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਭਾਈਚਾਰਿਕ, ਸਭਿਆਚਾਰਿਕ, ਵਿਦਿਅਕ ਤੇ ਵਪਾਰਕ ਸਰਗਰਮੀਆਂ ਦਾ ਮਾਧਿਅਮ ਬਣੀ ਹੋਈ ਹੈ । ਸੰਨ 1966 ਵਿਚ ਭਾਰਤ ਸਰਕਾਰ ਨੇ ਪੰਜਾਬ ਭਾਸ਼ਾ ਐਕਟ ਪਾਸ ਕਰਕੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਰਾਜ-ਭਾਸ਼ਾ ਦੇ ਤੌਰ ਤੇ ਪ੍ਰਵਾਨ ਕਰ ਲਿਆ ਸੀ, ਇਸ ਲਈ ਪੰਜਾਬੀ ਹੁਣ ਸਰਕਾਰੀ ਦਫਤਰਾਂ, ਕਚਹਿਰੀਆਂ, ਅਦਾਲਤਾਂ, ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਵਰਤੀ ਜਾਂਦੀ ਹੈ । ਭਾਰਤੀ ਸੰਵਿਧਾਨ ਵਿਚ ਪੰਜਾਬੀ ਰਾਸ਼ਟਰੀ ਭਾਸ਼ਾ ਵਜੋਂ ਸੂਚੀ-ਬੱਧ ਕੀਤੀ ਗਈ ਹੈ ਅਤੇ ਇਸ ਦੇ ਵਿਕਾਸ ਤੇ ਉੱਨਤੀ ਲਈ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੋਵੇਂ ਵਚਨ-ਬੱਧ ਹਨ ।

ਉਧਰ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਨੂੰ ਭਾਵੇਂ ਰਾਜ-ਭਾਸ਼ਾ ਜਾਂ ਸਰਕਾਰੀ ਭਾਸ਼ਾ ਵਜੋਂ ਸਨਮਾਨ ਹਾਸਲ ਨਹੀਂ ਹੋਇਆ ਪਰ ਸਭਿਆਚਾਰਿਕ ਪ੍ਰੋਗ੍ਰਾਮਾਂ, ਸਾਹਿਤਿਕ ਰਚਨਾਵਾਂ ਅਤੇ ਨਿਤਾਪ੍ਰਤੀ ਬੋਲਚਾਲੀ ਕਾਰ-ਵਿਹਾਰ ਲਈ ਪੰਜਾਬੀ ਨੂੰ ਬੜੇ ਚਾਉ ਨਾਲ ਵਰਤਿਆ ਜਾਂਦਾ ਹੈ । ਸੰਨ 1951 ਅਤੇ 1961 ਦੀਆਂ ਮਰਦੁਮ ਸ਼ੁਮਾਰੀਆਂ (ਜਨ ਗਿਣਤੀਆਂ) ਵੇਲੇ ਪਾਕਿਸਤਾਨੀ ਪੰਜਾਬ ਦੇ 94 (ਚੁਰਾਨਵੇਂ) ਫੀ ਸਦੀ ਲੋਕਾਂ ਨੇ ਆਪਣੀ ਮਾਂ-ਬੋਲੀ 'ਪੰਜਾਬੀ' ਹੀ ਦਰਜ ਕਰਵਾਈ ਸੀ ।

ਇਸ ਤਰ੍ਹਾਂ ਅੱਜ ਪੰਜਾਬੀ ਰਾਜਨੀਤਿਕ ਹੱਦਾਂ ਟੱਪ ਕੇ ਬਹੁਤ ਵੱਡੇ ਭੂਖੰਡ ਵਿਚ ਬੋਲੀ ਜਾਂਦੀ ਹੈ । ਪੰਜਾਬੀ-ਬੋਲਦੇ ਇਲਾਕਿਆਂ ਦਾ ਵੇਰਵਾ ਹੇਠਾਂ ਦਰਜ ਹੈ :

ਸਾਰਾ ਭਾਰਤੀ ਪੰਜਾਬ ਪੰਜਾਬੀ ਭਾਸ਼ਾ ਦਾ ਖੇਤਰ ਹੈ ਜਿਸ ਵਿਚ ਐਸ ਵੇਲੇ 21 ਜ਼ਿਲ੍ਹੇ ਹਨ । ਹਰਿਆਣੇ ਵਿਚ ਤਹਿਸੀਲ ਸਰਸਾ ਦਾ ਚੋਖਾ ਭਾਗ, ਤਹਿਸੀਲ ਫ਼ਤਿਹਾ-ਬਾਦ ਦਾ ਅੱਧਾ ਹਿੱਸਾ, ਟੋਹਾਣਾ ਬਲਾਕ, ਸਦਰ ਥਾਣਾ ਅੰਬਾਲਾ, ਤਹਿਸੀਲ ਗੂਹਲਾ, ਅੱਧੀ ਕੈਥਲ ਤਹਿਸੀਲ, ਥਨੇਸਰ ਦਾ ਕੁਝ ਭਾਗ, ਅਤੇ ਕਰਨਾਲ ਦੇ ਕਈ ਪਿੰਡ ਪੰਜਾਬੀ ਬੋਲਦੇ ਇਲਾਕੇ ਹਨ । ਰਾਜਸਥਾਨ ਦੀ ਗੰਗਾਨਗਰ ਤਹਿਸੀਲ, ਹਿਮਾਚਲ ਰਾਜ ਦੇ ਕਾਂਗੜਾ, ਚੰਬਾ ਆਦਿ ਕਈ ਹੋਰ ਖੇਤਰਾਂ ਵਿਚ ਪੰਜਾਬੀ ਆਬਾਦੀ ਹੈ । ਜੰਮੂ-ਕਸ਼ਮੀਰ ਸਟੇਟ ਦੇ ਜੰਮੂ, ਪੁਣਛ, ਬਾਰਾਮੂਲਾ ਇਲਾਕਿਆਂ ਵਿਚ ਵੀ ਕਾਫੀ ਆਬਾਦੀ ਪੰਜਾਬੀ ਬੋਲਣ ਵਾਲੀ ਹੈ ।

ਪਾਕਿਸਤਾਨ ਵਿਚ ਸਾਰਾ ਪਾਕਿਸਤਾਨੀ ਪੰਜਾਬ, ਬਹਾਵਲਪੁਰ ਰਿਆਸਤ, ਜੰਮੂ ਤੇ ਪੁਣਛ ਦਾ ਪਾਕਿਸਤਾਨ ਅਧੀਨ ਖੇਤਰ, ਪਾਕਿਸਤਾਨੀ ਸਰਹੱਦੀ ਸੂਬੇ ਅਤੇ ਸੂਬੇ ਸਿੰਧ ਦਾ ਪੰਜਾਬ ਨਾਲ ਜੁੜਵਾਂ ਇਲਾਕਾ ਪੰਜਾਬੀ ਬੋਲਦਾ ਖੇਤਰ ਹੈ । ਦਿੱਲੀ ਮਹਾਂਨਗਰ ਵਿਚ ਵੀ ਪੰਜਾਬੀ ਬੋਲਦੇ ਲੋਕਾਂ ਦੀ ਕਾਫੀ ਵੱਡੀ ਗਿਣਤੀ ਆਬਾਦ ਹੈ ।

ਪੰਜਾਬੀ ਭਾਸ਼ਾ ਤੇ ਗੁਆਂਢੀ ਬੋਲੀਆਂ

ਬੰਸ-ਪਰੰਪਰਾ ਦੇ ਪਖੋਂ ਪੰਜਾਬੀ ਇਕ ਆਰੀਆ ਭਾਸ਼ਾ ਹੈ । ਪੰਜਾਬੀ ਦਾ ਸੰਬੰਧ ਆਰੀਆ ਭਾਸ਼ਾ-ਪਰਿਵਾਰ ਨਾਲ ਹੈ । ਆਰੀਆ ਭਾਸ਼ਾ-ਪਰਿਵਾਰ ਵਿਚ ਭਾਰਤ ਦੀਆਂ ਹਿੰਦੀ, ਸਿੰਧੀ, ਗੁਜਰਾਤੀ, ਰਾਜਸਥਾਨੀ, ਮਰਾਠੀ, ਬਿਹਾਰੀ, ਉੜੀਆ, ਬੰਗਾਲੀ, ਅਸਾਮੀ, ਨੇਪਾਲੀ ਆਦਿ ਪ੍ਰਾਂਤਿਕ ਭਾਸ਼ਾਵਾਂ ਗਿਣੀਆਂ ਜਾਂਦੀਆਂ ਹਨ । ਪਰ ਦੱਖਣੀ ਭਾਰਤ ਦੀਆਂ ਤਾਮਿਲ, ਕੰਨੜ, ਮਲਿਆਲਮ ਤੇ ਤੇਲਗੂ ਭਾਸ਼ਾਵਾਂ ਦ੍ਰਾਵਿੜ ਭਾਸ਼ਾਵਾਂ ਹਨ, ਆਰੀਆ ਭਾਸ਼ਾਵਾਂ ਨਹੀਂ ਹਨ । ਭਾਰਤੀ ਆਰੀਆ ਭਾਸ਼ਾਵਾਂ ਦੀ ਕਤਾਰ ਵਿਚ ਪੰਜਾਬੀ ਸਭ ਤੋਂ

ਪਹਿਲੀ ਤੇ ਮੋਹਰਲੀ ਭਾਸ਼ਾ ਹੈ ਜੋ ਭਾਰਤ-ਪਾਕਿਸਤਾਨ ਦੇ ਧੁਰ ਉੱਤਰ-ਪੱਛਮੀ ਸਿਰੇ ਤੇ ਬੋਲੀ ਜਾਂਦੀ ਹੈ ਅਤੇ ਬੰਗਾਲੀ ਇਸੇ ਕਤਾਰ ਦੀ ਅਖੀਰਲੀ ਭਾਸ਼ਾ ਹੈ ਜੋ ਭਾਰਤ ਦੇ ਉੱਤਰ-ਪੂਰਬੀ ਸਿਰੇ ਤੇ ਪ੍ਰਚਲਿਤ ਹੈ। ਪੰਜਾਬੀ ਦੇ ਆਲੇ-ਦੁਆਲੇ ਆਰੀਆ ਤੇ ਗੈਰ-ਆਰੀਆ ਭਾਸ਼ਾਵਾਂ ਨੇ ਇਕ ਝੁਰਮਟ ਪਾਇਆ ਹੋਇਆ ਹੈ।

ਪੰਜਾਬੀ ਦੇ ਪੂਰਬ ਵੱਲ ਬਾਗਰੂ (ਹਰਿਆਣਵੀ), ਦੱਖਣ ਵੱਲ ਬਾਗੜੀ ਤੇ ਰਾਜਸਥਾਨੀ, ਦੱਖਣ-ਪੱਛਮ ਵੱਲ ਸਿੰਧੀ, ਪੱਛਮ ਵੱਲ ਬਲੋਚੀ, ਪੱਛਮੋਤਰ ਵੱਲ ਪਸ਼ਤੋ ਤੇ ਕਸ਼ਮੀਰੀ ਅਤੇ ਉੱਤਰ-ਪੂਰਬ ਵੱਲ ਪਹਾੜੀ, ਤੇ ਹਿਮਾਚਲੀ ਬੋਲੀਆ ਹਨ। ਬੋਲੀਆਂ ਦੇ ਇਸ ਝੁਰਮਟ ਵਿਚ ਪੰਜਾਬੀ ਦੀ ਆਪਣੀ ਨਵੇਕਲੀ ਪਛਾਣ ਹੈ ਕਿਉਂਕਿ ਪੰਜਾਬੀ ਦੀ ਆਪਣੀ ਸੁਤੰਤਰ ਭਾਸ਼ਾਈ ਬਣਤਰ ਹੈ ਅਤੇ ਆਪਣੀ ਵਰਤੋਂ-ਪ੍ਰਣਾਲੀ ਹੈ। ਪੰਜਾਬੀ ਦੀ ਉੱਚਾਰਣ-ਵਿਧੀ ਅਤੇ ਰੂਪ-ਬਣਤਰ ਹੀ ਅਜਿਹੀ ਹੈ ਜੋ ਇਸ ਨੂੰ ਬਾਕੀ ਭਾਰਤੀ ਭਾਸ਼ਾਵਾਂ ਨਾਲੋਂ ਨਿਖੇੜਦੀ ਹੈ ਅਤੇ ਇਸ ਦੀ ਵੱਖਰੀ ਹੋਂਦ ਦ੍ਰਿੜ੍ਹ ਕਰਦੀ ਹੈ।

ਪੰਜਾਬੀ ਭਾਸ਼ਾ ਦੀ ਬਣਤਰ

ਪੰਜਾਬੀ ਭਾਸ਼ਾ ਦੀ ਬਣਤਰ ਪੰਜਾਬੀ ਧੁਨੀਆਂ ਤੇ ਨਿਰਭਰ ਹੁੰਦੀ ਹੈ। ਇਹੋ ਧੁਨੀਆਂ ਪੰਜਾਬੀ ਭਾਸ਼ਾ ਦੀਆਂ ਨੀਂਹਾ ਹਨ ਜਿਨ੍ਹਾ ਉੱਤੇ ਸਾਰੀ ਪੰਜਾਬੀ ਭਾਸ਼ਾ ਦੀ ਉਸਾਰੀ ਹੁੰਦੀ ਹੈ। ਪੰਜਾਬੀ ਵਿਚ ਕੁਲ 41 ਧੁਨੀਆਂ ਮੰਨੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਰੇਖਾ-ਚਿੱਤਰ ਵਿਚ ਵਿਖਾਇਆ ਜਾਂਦਾ ਹੈ। ਇਨ੍ਹਾਂ ਵਿਚ 10 ਸੁਰ ਤੇ 31 ਵਿਅੰਜਨ ਹਨ।

ਪੰਜਾਬੀ ਧੁਨੀ-ਸਮੂਹ

- ਖੰਡੀ ਧੁਨੀਆਂ
  - ਸੁਰ
  - ਵਿਅੰਜਨ
- ਅਖੰਡੀ ਧੁਨੀਆ
  - ਬਲ
  - ਨਾਸਿਕਤਾ
  - ਸੁਰ
  - ਸੰਗਮ

ਪੰਜਾਬੀ ਸੁਰਾ ਦੀ ਵਰਗ-ਵੰਡ

	ਮੂਹਰਲੇ	ਕੇਂਦਰੀ	ਮਗਰਲੇ
ਉੱਚੇ	ਈ	ਉ	ਊ
ਮੱਧ ਉੱਚੇ	ਇ		
ਮਝਲੇ	ਏ	ਅ	ਓ
ਮੱਧ-ਨੀਵੇਂ	ਐ		ਔ
ਨੀਵੇਂ	ਆ		

ਪੰਜਾਬੀ ਵਿਅੰਜਨਾ ਦੀ ਵਰਗ-ਵੰਡ (ਉੱਚਾਰਣ ਸਥਾਨ)

ਉਚਾਰਨ ਢੰਗ	ਡਕਵੇਂ/ਸਪਰਸ਼ੀ :	ਕੰਠੀ	ਤਾਲਵੀ	ਮੂਰਧਨੀ	ਦੰਤੀ	ਹੋਠੀ	ਸੁਰਯੰਤਰੀ
	ਨਾਦ ਰਹਿਤ ਅਲਪਪ੍ਰਾਣ	ਕ		ਟ	ਤ	ਪ	
	ਨਾਦ ਰਹਿਤ ਮਹਾਂ	ਖ		ਠ	ਥ	ਫ	
	ਨਾਦੀ ਅਲਪਪ੍ਰਾਣ ਪ੍ਰਾਣ	ਗ		ਡ	ਦ	ਬ	

(ਉਚਾਰਨ ਢੰਗ)

ਡੱਕਵੇਂ/ਸਪਰਸ਼ੀ :	ਕੰਠੀ	ਤਾਲਵੀ	ਮੂਰਧਨੀ	ਦੰਤੀ	ਹੋਠੀ	ਸੁਰਯੰਤਰੀ
ਸਪਰਸ਼-ਸੰਘਰਸ਼ੀ :						
ਨਾਦ ਰਹਿਤ ਅਲਪਪ੍ਰਾਣ		ਚ				
ਨਾਦ ਰਹਿਤ ਮਹਾਂ		ਛ				
ਨਾਦੀ ਅਲਪਪ੍ਰਾਣ ਪ੍ਰਾਣ		ਜ				
ਨਾਸਕੀ (ਨਾਦੀ	(ਙ)	(ਞ)	ਣ	ਨ	ਮ	
ਪਾਰਸ਼ਵਿਕ			ਲ਼	ਲ		
ਕੰਬਵਾਂ (ਟਰਿਲ)				ਰ		
ਫਟਕਵਾਂ (ਫਲੈਪ)			ੜ			
ਸੰਘਰਸ਼ੀ	ਖ਼ (ਗ਼)	ਸ਼	ਜ਼	ਸ	(ਫ਼)	
ਅਰਧ-ਸੁਰ (ਸੰਘਰਸ਼ਹੀਨ ਪ੍ਰਵਾਹੀ)			ਯ		ਵ	
ਸੁਰਯੰਤਰੀ						ਹ

ਅਖੰਡੀ ਧੁਨੀਆਂ (Supra-Segmental Phonemes)

ਪੰਜਾਬੀ ਭਾਸ਼ਾ ਵਿਚ ਬਲ, ਨਾਸਿਕਤਾ, ਸੰਗਮ ਤੇ ਸੁਰ ਅਖੰਡੀ ਸਾਰਥਕ ਧੁਨੀਮ ਹਨ। ਪਰੰਤੂ ਇਨ੍ਹਾਂ ਵਿਚੋਂ ਸੁਰ-ਪ੍ਰਣਾਲੀ ਦੀ ਖ਼ਾਸ ਵਿਲੱਖਣਤਾ ਹੈ। ਹੁਣ ਸੁਰ ਦਾ ਵਰਣਨ ਹੈ।

ਸੁਰ (Tone)

ਪੰਜਾਬੀ ਭਾਸ਼ਾ ਵਿਚ 'ਸੁਰ' (ਟੋਨ) ਦਾ ਬਹੁਤ ਜ਼ਿਆਦਾ ਮਹੱਤਵ ਹੈ। ਸੁਰ ਦੇ ਕਾਰਣ ਪੰਜਾਬੀ ਭਾਸ਼ਾ ਨੂੰ ਸੁਰ-ਭਾਸ਼ਾ ਜਾਂ ਸੁਰਾਤਮਕ ਭਾਸ਼ਾ ਕਿਹਾ ਜਾਂਦਾ ਹੈ।

ਸੁਰ ਕੀ ਹੈ ?

ਸੁਰ ਮਨੁੱਖੀ ਆਵਾਜ਼ ਨਾਲ ਸੰਬੰਧਿਤ ਹੈ। ਆਵਾਜ਼ ਮਨੁੱਖ ਦੇ ਮੂੰਹ-ਪੋਲ ਦੇ ਉਚਾਰਣੀ ਅੰਗਾਂ ਦੁਆਰਾ ਨਾਦ-ਤੰਦਾਂ ਦੀ ਥਰਥਰਾਹਟ ਵਿਚੋਂ ਪੈਦਾ ਹੁੰਦੀ ਹੈ। ਨਾਦ-ਤੰਦਾਂ ਦੀ ਥਰਥਰਾਹਟ ਜਾਂ ਕੰਬਣੀਆਂ ਵਿਚ ਗਤੀ ਦੇ ਉਤਾਰ-ਚੜ੍ਹਾਅ ਨਾਲ ਉਚੀਆਂ ਤੇ ਨੀਵੀਆਂ ਆਵਾਜ਼ਾਂ ਪੈਦਾ ਹੁੰਦੀਆਂ ਹਨ ਜਿਨ੍ਹਾਂ ਵਿਚੋਂ ਸੰਗੀਤਕ ਲੈਅ ਪੈਦਾ ਹੁੰਦੀ ਹੈ। ਇਹ ਨਾਦ-ਤੰਤਾਂ ਜਿੰਨੀ ਤੇਜ਼ੀ ਨਾਲ ਕੰਬਦੀਆ ਹਨ ਓਨੀ ਉੱਚੀ ਲੈਅ ਸੁਣਾਈ ਦਿੰਦੀ ਹੈ। ਨਾਦ-ਤੰਦਾਂ ਦੀਆਂ ਕੰਬਣੀਆਂ ਦੀ ਗਤੀ ਦਾ ਸਿੱਟਾ ਹੀ "ਸੁਰ" ਹੈ।

'ਸੁਰ' ਦਾ ਕਾਰਜ-ਭਾਰ ਸ਼ਬਦ ਦੀ ਪੱਧਰ ਤੇ ਹੁੰਦਾ ਹੈ ਪਰ ਜੇਕਰ ਇਹ ਕਾਰਜ-ਭਾਰ ਵਾਕ ਦੀ ਪੱਧਰ ਤੇ ਹੋਵੇ ਤਾਂ ਇਹ ਸੁਰ-ਲਹਿਰ ਬਣ ਜਾਂਦੀ ਹੈ। ਸੁਰ ਦਾ ਪ੍ਰਭਾਵ-ਘੇਰਾ ਸਿਰਫ਼ ਇਕ ਉਚਾਰ-ਖੰਡ ਹੀ ਹੁੰਦਾ ਹੈ। ਕਿਉਂਕਿ ਸੁਰ ਦਾ ਸਾਰਾ ਭਾਰ ਇਕ ਤੋਂ ਵਧ ਧੁਨੀਆਂ ਤੇ ਨਿਰਭਰ ਕਰਦਾ ਹੈ, ਇਸ ਲਈ 'ਸੁਰ' ਨੂੰ ਅਖੰਡੀ/ਅਧਿਖੰਡੀ ਫੋਨੀਮ ਕਿਹਾ ਜਾਂਦਾ ਹੈ।

ਪੰਜਾਬੀ ਵਿਚ ਸੁਰ ਦੀ ਪਛਾਣ : ਪੰਜਾਬੀ ਭਾਸ਼ਾ ਵਿਚ ਸੁਰ ਦੀ ਪਛਾਣ ਕਰਨ ਲਈ ਕੁਝ ਉਦਾਹਰਣ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਦੇ ਹੇਠ ਲਿਖੇ ਸ਼ਬਦ ਜੋ ਗੁਰਮੁਖੀ ਵਿਚ ਪਰੰਪਰਾਈ ਤੌਰ ਤੇ ਅੰਕਿਤ ਹਨ, ਇਸ ਪਖੋਂ ਵੇਖਣ-ਯੋਗ ਹਨ :

/ਘਰ, ਝਾੜੂ, ਢੋਲ, ਧਰਮ, ਭਰਮ/

ਇਹਨਾਂ ਸ਼ਬਦਾਂ ਦੇ ਮੁਢਲੇ ਅੱਖਰ "ਘ, ਝ, ਢ, ਧ, ਭ" ਹਨ। ਅੱਖਰਾਂ ਤੋਂ ਇਹ ਭੁਲੇਖਾ ਲਗਦਾ ਹੈ ਕਿ ਇਹ ਵੀ ਹਿੰਦੀ ਜਾਂ ਉਰਦੂ ਦੀਆਂ ਮਹਾਂਪ੍ਰਾਣੀ ਸਘੋਸ਼ ਧੁਨੀਆਂ ਵਾਂਗ ਹੀ ਉਚਾਰੇ ਜਾਂਦੇ ਹਨ। ਇਹ ਨਿਰਾ ਭੁਲੇਖਾ ਹੈ। ਇਹ ਤਾਂ ਤਰਤੀਬਵਾਰ /ਕ, ਚ, ਟ, ਤ, ਪ/ਧੁਨੀਆਂ ਹਨ ਜਿਨ੍ਹਾਂ ਨਾਲ ਨੀਵੀਂ 'ਸੁਰ' ਮਿਲੀ ਹੋਈ ਹੈ। ਉਦਾਹਰਣ ਲਈ ਸਬਦ ਇਹ ਹਨ

/ਸਿੰਘ, ਬੱਝ, ਸੰਢ, ਬੰਧ, ਲੱਭ/

ਇਹਨਾ ਸ਼ਬਦਾਂ ਦੇ ਅਖ਼ੀਰਲੇ ਵਿਅੰਜਨ/ਘ, ਝ, ਢ, ਧ, ਭ/ ਅਸਲ ਵਿਚ 'ਗ', ਜ, ਡ, ਦ, ਬ' ਹੀ ਹਨ ਜਿਨ੍ਹਾਂ ਦੇ ਸਵਰਾਂ ਨਾਲ ਉੱਚੀ ਸੁਰ ਮਿਲੀ ਹੋਈ ਹੈ।

ਪੰਜਾਬੀ ਦੀਆਂ ਇਹਨਾਂ ਸੁਰਾਤਮਕ ਧੁਨੀਆਂ ਨੂੰ ਗੁਰਮੁਖੀ ਅੱਖਰਾਂ ਨਾਲੋਂ ਜੇਕਰ ਅੰਤਰ-ਰਾਸ਼ਟਰੀ ਧੁਨੀਆਤਮਕ ਲਿਪੀ (I.P.A.) ਵਿਚ ਲਿਖਿਆ ਜਾਵੇ ਤਾਂ ਸੁਰ ਦੀ ਪਛਾਣ ਵਧੇਰੇ ਸਪਸ਼ਟ ਤੌਰ ਤੇ ਅਨੁਭਵ ਕੀਤੀ ਜਾ ਸਕਦੀ ਹੈ।

ਸੁਰ ਦੇ ਪ੍ਰਕਾਰ : ਹੁਣ ਤਕ ਜੋ ਖੋਜ ਹੋਈ ਹੈ ਉਸ ਦੇ ਨਤੀਜੇ ਵਜੋਂ ਪੰਜਾਬੀ ਵਿਚ ਤਿੰਨ ਤਰ੍ਹਾਂ ਦੀ 'ਸੁਰ' ਮੰਨੀ ਜਾਂਦੀ ਹੈ :

ਨੀਵੀਂ ਸੁਰ	(Low tone)
ਮੱਧਵਰਤੀ ਸੁਰ	(Level tone)
ਉੱਚੀ ਸੁਰ	(High tone)

ਨੀਵੀਂ ਸੁਰ : ਆਈ ਪੀ ਏ. ਵਿਚ ਨੀਵੀਂ ਸੁਰ ਦੀ ਨਿਸ਼ਾਨੀ/`/ ਇਹ ਹੈ। ਨੀਵੀਂ ਸੁਰ ਸਭ ਤੋਂ ਨੀਵੀਂ ਹੁੰਦੀ ਹੈ। ਸੁਰ ਵਾਲਾ ਉਚਾਰਖੰਡ ਕਾਫ਼ੀ ਲਮਕ ਜਾਂਦਾ ਹੈ। ਨੀਵੀਂ ਸੁਰ ਨੀਵੀਂ ਤਾਨ-ਲੈਅ ਤੇ ਸੁਣੀ ਜਾਂਦੀ ਹੈ। ਨੀਵੀਂ ਸੁਰ ਦੀ ਉਚਾਰ-ਮਾਤਰਾ ਦੂਜੀਆਂ ਸੁਰਾਂ ਨਾਲੋਂ ਜ਼ਰਾ ਕੁ ਲੰਬੀ ਹੁੰਦੀ ਹੈ। ਉਦਾਹਰਣ ਵਜੋਂ ਨਿਮਨ ਸ਼ਬਦਾਂ ਵਿਚ ਨੀਵੀਂ ਸੁਰ ਹੈ ਜੋ ਪਹਿਲੇ ਉਚਾਰਖੰਡ ਤੇ ਸੁਣਾਈ ਦਿੰਦੀ ਹੈ :

ਘਰ	(Kə̀r)
ਝਾੜੂ	(Càru)
ਢੋਲ	(tòl)
ਧਬੀ	(tòbi)
ਭਾਈ	(Pài)

ਮੱਧਵਰਤੀ ਜਾ ਮਝਲੀਸੁਰ : ਇਹ ਸੁਰ ਦੂਜੀਆ ਦੋਹਾ ਦੇ ਵਿਚਕਾਰ ਦਰਮਿਆਨੀ ਤਾਨ (ਪਿੱਚ) ਵਾਲੀ ਹੁੰਦੀ ਹੈ। ਮਝਲੀ ਸੁਰ ਵੇਲੇ ਸੁਰਾਤਮਕ ਉਚਾਰਖੰਡ ਦਰਮਿਆਨੀ ਲੰਬਾਈ ਦਾ ਹੁੰਦਾ ਹੈ। ਮਝਲੀ ਸੁਰ ਨੂੰ ਦੱਸਣ ਲਈ ਕੋਈ ਨਿਸ਼ਾਨੀ ਅੰਕਿਤ ਨਹੀਂ ਕੀਤੀ ਜਾਂਦੀ। ਕਈ ਵਾਰ ਸਾਂਵੀਂ-ਪੱਧਰੀ /-/ ਨਿਸ਼ਾਨੀ ਲਗਾਈ ਜਾਂਦੀ ਹੈ। ਇਸ ਦੇ ਉਚਾਰਣ ਵੇਲੇ ਕੋਈ ਖਿਚਾਅ ਜਾਂ ਕਸਾ ਮਹਿਸੂਸ ਨਹੀਂ ਹੁੰਦਾ। ਲੈਵਲ ਟੋਨ (ਮਝਲੀ ਸੁਰ) ਦਰਮਿਆਨੀ ਪਿੱਚ ਤੇ ਸੁਣੀ ਜਾਂਦੀ ਹੈ। ਮਿਸਾਲ ਵਜੋਂ ਹੇਠ ਲਿਖੇ ਸ਼ਬਦਾਂ ਵਿਚ ਮੱਧਵਰਤੀ ਸੁਰ ਹੈ

ਕੜੀ (ਕ ਅ ੜੀ)	:	ਸੰਗਲੀ ਦੀ ਕੜੀ।
ਕੋੜਾ (ਕ ਓ ੜਾ)	:	ਚਾਬੁਕ।
ਪਾੜਾ (ਪ ਆ ੜ)	:	ਵਿੱਥ।
ਕੜ (ਕ ਅ ੜ)	:	ਥੱਲਾ।

ਉੱਚੀ ਸੁਰ : ਇਸ ਦੀ ਨਿਸ਼ਾਨੀ ਇਹ ਹੈ । ਉੱਚੀ ਸੁਰ ਦੂਜੀਆਂ ਦੋਹਾਂ ਨਾਲੋਂ ਉੱਚੀ ਹੁੰਦੀ ਹੈ । ਸੁਰਾਤਮਕ ਉਚਾਰਖੰਡ, ਉੱਚੀ ਸੁਰ ਵੇਲੇ, ਦੂਜੀਆਂ ਦੋਹਾਂ ਸੁਰਾਂ ਨਾਲੋਂ ਛੋਟਾ ਹੁੰਦਾ ਹੈ । ਉੱਚੀ ਸੁਰ ਵਧੇਰੇ ਤੇਜ਼ ਤੇ ਤਿੱਖੀ ਹੁੰਦੀ ਹੈ । ਉੱਚੀ ਸੁਰ ਉੱਚਤਮ ਤਾਨ ਤੇ ਸੁਣੀ ਜਾਂਦੀ ਹੈ । ਉਦਾਹਰਣ ਲਈ ਹੇਠ ਲਿਖੇ ਸ਼ਬਦਾਂ ਵਿਚ ਉੱਚੀ ਸੁਰ ਮਿਲਦੀ ਹੈ ।

ਕੜੀ	(Kári)
ਕੋੜ੍ਹਾ	(Kóra)
ਪਾਹ	(Pá)
ਚਾਹ	(Cá)
ਲਾਭ	(lább)

ਸੁਰਾਂ ਦੀ ਸਥਾਪਨਾ : ਇਹ ਤਿੰਨੇ ਸੁਰਾਂ (ਟੋਨ) ਪੰਜਾਬੀ ਦੇ ਪ੍ਰਸੰਗ ਵਿਚ ਵਿਰੋਧੀ ਸਥਿਤੀਆਂ ਵਿਚ ਵਰਤੋਂ ਵਿਚ ਆਉਂਦੀਆਂ ਹਨ । ਅਰਥਾਤ ਜਿਸ ਪ੍ਰਸੰਗ ਜਾਂ ਵਾਤਾਵਰਣ ਵਿਚ ਜਿਹੜੀ ਇਕ ਸੁਰ ਆਉਂਦੀ ਹੈ, ਉਸ ਵਿਚ ਹੋਰ ਸੁਰ ਨਹੀਂ ਆ ਸਕਦੀ ਅਤੇ ਇਸ ਲਈ ਸੁਰਾਂ ਵਿਰੋਧੀ ਸਥਿਤੀ (contrastive) ਵਿਚ ਹਨ । ਵਿਰੋਧੀ ਸਥਿਤੀਆਂ ਵਿਚ ਤਿੰਨੇ ਸੁਰਾਂ ਦੀ ਸਥਾਪਨਾ ਹੇਠ ਲਿਖੇ ਉਦਾਹਰਣਾਂ ਵਿਚ ਵੇਖੀ ਜਾ ਸਕਦੀ ਹੈ :

ਨੀਵੀਂ ਸੁਰ	ਮੱਧਵਰਤੀ ਸੁਰ	ਉੱਚੀ ਸੁਰ
ਘੜ੍ਹ	ਕੜ	ਕੜ੍ਹ
ਝਾ	ਚਾ	ਚਾਹ
ਘੋੜਾ	ਕੋੜਾ	ਕੋਹੜਾ
ਘੜੀ	ਕੜੀ	ਕੜ੍ਹੀ
ਭਾ	ਪਾ	ਪਾਹ
ਘੰਡੀ	ਕੰਡੀ	ਕੰਢੀ
ਭਾੜਾਂ	ਪਾੜਾ	ਪਾੜ੍ਹਾ

ਸੁਰਾਂ ਦੀ ਵਰਤੋਂ ਵਿਉਂਤ : ਪੰਜਾਬੀ ਵਿਚ ਇਕ ਉਚਾਰ-ਖੰਡ (ਸਿਲੇਬਲ) ਵਿਚ ਇਕੋ ਹੀ 'ਸੁਰ' ਹੁੰਦੀ ਹੈ, ਪਰ ਸੁਰਵਾਲਾ (ਸੁਰਾਤਮਕ) ਉਚਾਰਖੰਡ ਬਲਵਾਲਾ (ਬਲਾਤਮਕ) ਹੁੰਦਾ ਹੈ । ਸੁਰ ਤੋਂ ਬਲ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ । ਸੁਰ ਤੇ ਬਲ ਦੋਵੇਂ ਇਕ ਦੂਜੇ ਵਿਚ ਮਿਲੇ ਹੁੰਦੇ ਹਨ । ਸੁਰ ਉਦੋਂ ਹੀ ਸਾਰਥਿਕ (ਫੋਨੇਮਿਕ) ਹੁੰਦੀ ਹੈ ਜਦੋਂ ਉਹ ਬਲ ਨਾਲ ਮਿਲੀ ਹੋਵੇ ।

ਪੰਜਾਬੀ ਵਿਚ ਸੁਰ ਦਾ ਸਥਾਨ, ਪਰੰਪਰਾ ਤੋਂ ਚਲੀ ਆ ਰਹੀ "ਪ੍ਰਾਣਤਾ" ਹੈ ਜੋ ਪੰਜਾਬੀ ਧੁਨੀ-ਵਿਧਾਨ ਵਿਚ ਕਈ ਸ਼ਕਲਾਂ ਰਾਹੀਂ ਉਭਰਦੀ ਹੈ ਅਤੇ ਗੁਰਮੁਖੀ ਚਿੰਨ੍ਹ ਪ੍ਰਬੰਧ ਦੇ ਕਈ ਅੱਖਰਾਂ ਵਿਚ ਅੰਕਿਤ ਹੁੰਦੀ ਹੈ । ਇਸ ਪ੍ਰਾਣਤਾ ਦਾ ਅਸਲੀ ਆਧਾਰ 'ਹ-ਧੁਨੀ' ਹੈ ਜੋ ਅੱਡਰੀ ਤੌਰ ਤੇ ਵੀ ਲਿਖੀ ਜਾਂਦੀ ਹੈ ਅਤੇ ਰਵਾਇਤੀ ਅੱਖਰਾਂ ਘ, ਝ, ਢ, ਧ, ਭ, ਵਿਚ ਵੀ ਮਿਲੀ ਰਹਿੰਦੀ ਹੈ, ਪਰ ਜੋ ਹੁਣ, ਕੁਝ ਹਾਲਤਾਂ ਨੂੰ ਛੱਡ ਕੇ ਬਾਕੀ ਥਾਵਾਂ ਤੇ ਸੁਰਾਤਮਕ ਹੋਂਦ ਵਿਚ ਬਦਲ ਗਈ ਹੈ । ਸੁਰਾਤਮਕ ਹੋਂਦ ਸਾਰਥਕ ਹੁੰਦੀ ਹੈ ਤਾਂ ਇਹ ਅਰਥਪੂਰਣ ਇਕਾਈ ਵਜੋਂ ਸਥਾਪਿਤ ਹੁੰਦੀ ਹੈ । ਇਹ ਸੁਰਾਤਮਕ ਇਕਾਈ ਲਿਖਤੀ ਪੰਜਾਬੀ ਵਿਚ ਹੇਠ ਲਿਖੇ ਪ੍ਰਸੰਗਾਂ ਤੇ ਚਿੰਨ੍ਹਾਂ ਵਿਚ ਪ੍ਰਗਟ ਹੁੰਦੀ ਹੈ :

(ੳ) ਪੰਜਾਬੀ ਸ਼ਬਦ-ਰੂਪਾਂ ਲਈ ਵਰਤੇ ਗੁਰਮੁਖੀ ਦੇ ਘ, ਝ, ਢ, ਧ, ਭ ਅੱਖਰ

ਜੋ ਕਿਸੇ ਨਾ ਕਿਸੇ ਸੁਰ ਦੇ ਸੂਚਕ ਹਨ ।

(ਅ) ਮੁਢਲੀ ਸਥਿਤੀ ਨੂੰ ਛੱਡ ਕੇ ਵਿਚਕਾਰਲੀ ਤੇ ਅਖੀਰਲੀ ਸਥਿਤੀ ਵਿਚ ਵਰਤਿਆ "ਹ" ਅੱਖਰ ਜੋ ਸੁਰ ਦੀ ਹੋਂਦ ਨੂੰ ਵਿਅਕਤ ਕਰਦਾ ਹੈ ।

(ੳ) ਹੇਠ ਲਿਖੇ ਪੰਜਾਬੀ ਸ਼ਬਦਾ ਦੇ ਮੁੱਢ ਵਿਚ ਘ, ਝ, ਢ, ਧ, ਭ ਅੱਖਰ ਲਿਖੇ ਗਏ ਹਨ : "ਘਰ, ਝਾੜੂ, ਢੋਲ, ਧਰ, ਭਰਮ"।

ਇਹਨਾਂ ਅੱਖਰਾ ਦੇ ਪਿੱਛੇ ਜੋ ਧੁਨੀਆ ਹਨ ਅਸਲ ਵਿਚ ਉਹ ਤਰਤੀਬਵਾਰ 'ਕ, ਚ, ਟ, ਤ, ਪ" ਹਨ ਜਿਨ੍ਹਾਂ ਵਿਚ ਨੀਵੀਂ ਸੁਰ ਮਿਲੀ ਹੋਈ ਹੈ । ਪਰ ਜਦੋਂ ਘ, ਝ, ਢ, ਧ, ਭ ਵਰਣ, ਸ਼ਬਦਾਂ ਦੀ ਵਿਚਕਾਰਲੀ ਤੇ ਅਖੀਰਲੀ ਸਥਿਤੀ ਵਿਚ ਆਉਂਦੇ ਹਨ ਤਾਂ ਇਹਨਾਂ ਦਾ ਉਚਾਰਣ ਅਸਲ ਵਿਚ "ਗ ਜ ਡ ਦ ਬ" ਹੁੰਦਾ ਹੈ ਜਿਨ੍ਹਾਂ ਨਾਲ ਉੱਚੀ ਸੁਰ ਮਿਲੀ ਹੋਈ ਹੈ । ਜਿਵੇਂ ਹੇਠ ਲਿਖੀਆਂ ਮਿਸਾਲਾਂ ਤੋਂ ਸਪਸ਼ਟ ਹੈ :

"ਸਿੰਘ, ਬੱਝ, ਸੰਢ, ਬੰਧ, ਲਭ"।

(ਅ) "ਹ" ਅੱਖਰ ਦੁਆਰਾ ਪ੍ਰਗਟਾਈ ਧੁਨੀ ਦਾ ਵੀ ਦੂਹਰਾ ਵਰਤਾਰਾ ਹੈ । ਇਕ ਪਾਸੇ 'ਹ' ਅੱਖਰ ਵਿਅੰਜਨ ਮਹਾਪ੍ਰਾਣ ਧੁਨੀ ਦਾ ਸੂਚਕ ਹੈ ਜਿਵੇਂ ਹਿਕਮਤ, ਹਾਥੀ, ਹੱਥ ਆਦਿ ਵਿਚ "ਹ" ਵਿਅੰਜਨ ਹੈ, ਪਰ ਦੂਜੇ ਪਾਸੇ "ਬਹੁਤ, ਕਹਿਰ, ਸਾਹ, ਸੋਹਣਾ ਚਾਹ" ਆਦਿ ਸ਼ਬਦਾ ਵਿਚ ਮੱਧਵਰਤੀ ਜਾ ਅੰਤਿਮ "ਹ" ਸੁਰ ਹੀ ਹੈ ਭਾਵੇਂ ਸਹੀ ਚਿੰਨ੍ਹ ਦੀ ਅਣਹੋਂਦ ਕਰਕੇ ਰਵਾਇਤੀ ਤੌਰ ਤੇ ਅਸੀਂ ਇਸ ਨੂੰ 'ਹ' ਨਾਲ ਹੀ ਲਿਖਦੇ ਆ ਰਹੇ ਹਾਂ । 'ਬਹੁਤ' ਅਸਲ ਵਿਚ bɔ́t ਹੀ ਹੈ । 'ਚਾਹ' ਅਸਲ ਵਿਚ Ca' ਹੀ ਹੈ । ਏਥੇ ਉੱਚੀ ਸੁਰ ਦੀ ਹੋਂਦ ਹੈ ।

ਨੀਵੀਂ ਤੇ ਉੱਚੀ ਸੁਰ ਤੋਂ ਇਲਾਵਾ ਮੱਧਵਰਤੀ ਸੁਰ ਦੀ ਹੋਂਦ ਬਲ ਤੇ ਤਾਨ ਵਾਲੀਆਂ ਸਥਿਤੀਆਂ ਵਿਚ ਪ੍ਰਾਪਤ ਹੁੰਦੀ ਹੈ । ਮਿਸਾਲ ਵਜੋਂ ਮੱਧਵਰਤੀ ਸੁਰ ਇਹਨਾਂ ਸ਼ਬਦਾਂ ਵਿਚ ਮਿਲਦੀ ਹੈ : ਚਲਾ, ਸਜਾ, ਕਮਾ । ਏਥੇ ਬਲਾਤਮਕ /-ਆ/ ਉੱਤੇ ਮੱਝਲੀ ਸੁਰ ਆਉਂਦੀ ਹੈ । ਪਰ "ਵਿਕਾਇਆ, ਪੁਚਕਾਰਿਆ" ਸ਼ਬਦਾ ਵਿਚ ਮੱਝਲੀ ਸੁਰ /-ਕਾ-/ ਉੱਤੇ ਮਿਲਦੀ ਹੈ । ਮੱਧਵਰਤੀ ਸੁਰ ਲਈ ਅੰਤਰ-ਰਾਸ਼ਟਰੀ ਧੁਨੀਆਤਮਕ ਲਿਪੀ ਵਿਚ ਵੀ ਕੋਈ ਚਿੰਨ੍ਹ ਨਹੀਂ ਨਿਸਚਿਤ ਕੀਤਾ ਗਿਆ । ਪੰਜਾਬੀ ਦੀ ਲਿਪੀ ਗੁਰਮੁਖੀ ਵਰਣਮਾਲਾ ਵਿਚ ਵੀ ਕੋਈ ਚਿੰਨ੍ਹ ਘੜਿਆ ਨਹੀਂ ਗਿਆ ।

ਏਥੇ ਇਹ ਵੀ ਉਲੇਖਨੀ ਹੈ ਕਿ ਉਪਰੋਕਤ ਜਿਨ੍ਹਾਂ ਤਿੰਨਾਂ ਸੁਰਾਂ ਦਾ ਵਿਸੇਸ਼ ਵਰਣਨ ਕੀਤਾ ਗਿਆ ਹੈ ਉਹਨਾਂ ਨੂੰ ਪੰਜਾਬੀ (ਗੁਰਮੁਖੀ) ਵਿਚ ਲਿਖਣ ਲਈ ਕੋਈ ਚਿੰਨ੍ਹ-ਪ੍ਰਬੰਧ ਨਹੀਂ ਹੈ, ਅਸੀਂ ਸੁਰਾਂ ਦਾ ਉਚਾਰਣ ਰਵਾਇਤੀ ਤੌਰ ਤੇ ਕਰਦੇ ਆ ਰਹੇ ਹਾਂ ਪਰ ਅੱਖਰਾਂ ਦੇ ਪੈਰੀਂ ਨਿਕਾ ਜਿਹਾ 'ਹਾਹਾ' ਲਿਖਣ ਦੀ ਜੋ ਰੀਤ ਰਹੀ ਹੈ, ਉਸ ਦਾ ਉਚਾਰਣ ਨਿਰਮਲ ਹੋਣ ਕਰਕੇ ਉਸ ਨੂੰ ਸੁਰ ਵਾਂਗੂੰ ਉਚਾਰਿਆ ਜਾਂਦਾ ਰਿਹਾ ਹੈ । ਪੈਰੀਂ ਹਾਹਾ, ਸੁਰ ਦਾ ਚਿੰਨ੍ਹ ਮੰਨਿਆ ਜਾ ਸਕਦਾ ਹੈ ।

ਇਸ ਪ੍ਰਕਾਰ ਇਹੋ ਧੁਨੀਆਂ ਪੰਜਾਬੀ ਭਾਸ਼ਾ ਦੀ ਸਾਰੀ ਬਣਤਰ ਲਈ ਮੁਢਲੀਆਂ ਨਿਖੇੜੂ ਇਕਾਈਆਂ ਹਨ । ਇਨ੍ਹਾ ਵਿਚ ਅਰਥ-ਨਿਖੇੜਨ ਦੀ ਵੀ ਸ਼ਕਤੀ ਹੈ । ਕਮਾਲ ਦੀ ਗੱਲ ਇਹ ਹੈ ਕਿ ਕਿਸੇ ਇਕੋ ਧੁਨੀ ਦੀ ਅਦਲਾ-ਬਦਲੀ ਨਾਲ ਜਾਂ ਅੱਗੇ-ਪਿੱਛੇ ਕਰਨ ਨਾਲ ਸਬਦਾ ਦੇ ਅਰਥ ਹੀ ਬਦਲ ਜਾਂਦੇ ਹਨ ਜਿਵੇਂ ਜਗ ਤੇ ਜੰਗ ਦੋ ਸ਼ਬਦ ਹਨ, ਇਨ੍ਹਾ

ਦੇ ਵੱਖਰੇ ਵੱਖਰੇ ਅਰਥ ਹਨ। ਇਨ੍ਹਾਂ ਦੋਹਾਂ ਵਿਚ ਟਿੱਪੀ ਦਾ ਹੀ ਫ਼ਰਕ ਹੈ। ਇਸੇ ਤਰ੍ਹਾਂ ਪਤਾ (ਸਿਰਨਾਵਾਂ ਤੇ ਪੱਤਾ (ਬਿਰਛ ਦਾ ਪੱਤਾ) ਵਿਚ ਸਿਰਫ਼ ਅਧਕ ਲਗਾਉਣ ਨਾਲ ਹੀ ਅਰਥ ਬਦਲ ਗਿਆ ਹੈ। ਇਸ ਪ੍ਰਕਾਰ ਪੰਜਾਬੀ ਦੀ ਹਰ ਇਕ ਧੁਨੀ ਵਿਚ ਅਰਥਭੇਦ ਦੀ ਸ਼ਕਤੀ ਹੈ।

ਇਨ੍ਹਾਂ ਪੰਜਾਬੀ ਧੁਨੀਆਂ ਦੇ ਜੋੜ-ਮੇਲ ਨਾਲ ਪਹਿਲਾਂ ਰੂਪੀਮ ਤੇ ਸ਼ਬਦ ਬਣਦੇ ਹਨ ਅਤੇ ਫਿਰ ਸ਼ਬਦਾਂ ਦੇ ਸੰਜੋਗ ਨਾਲ ਵਾਕਾਂਸ਼ ਤੇ ਵਾਕ ਰਚੇ ਜਾਂਦੇ ਹਨ ਜੋ ਮਨੁੱਖੀ ਭਾਈਚਾਰਕ ਤੇ ਸਮਾਜਿਕ ਵਰਤਾਰੇ ਲਈ ਅਰਥ ਸਿਰਜਦੇ ਹਨ। ਇਸ ਵਿਉਂਤ ਨਾਲ ਪੰਜਾਬੀ ਭਾਸ਼ਾ ਦਾ ਕਿੰਨਾ ਵੱਡਾ ਪ੍ਰਪੰਚ ਉਸਾਰਿਆ ਜਾਂਦਾ ਹੈ।

ਇਸ ਪ੍ਰਕਾਰ ਪੰਜਾਬੀ ਭਾਸ਼ਾ ਦੀ ਬਣਤਰ ਵਿਚ ਚਾਰ ਪਉੜੀਆਂ ਕੰਮ ਕਰਦੀਆਂ ਹਨ। ਪਹਿਲੀ ਪਉੜੀ ਧੁਨੀਆਂ ਦੀ ਹੈ, ਦੂਜੀ ਪਉੜੀ ਸ਼ਬਦ-ਰੂਪਾਂ ਦੀ ਹੈ, ਤੀਜੀ ਪਉੜੀ ਵਾਕਾਂ ਦੀ ਹੈ ਅਤੇ ਚੌਥੀ ਪਉੜੀ ਅਰਥਾਂ ਦੀ ਹੈ। ਇਨ੍ਹਾਂ ਚਾਰਾਂ ਦੇ ਉਚਿਤ ਸੰਜੋਗ ਨਾਲ ਪੰਜਾਬੀ ਭਾਸ਼ਾ ਤਿਆਰ ਹੁੰਦੀ ਹੈ।

ਪੰਜਾਬੀ ਭਾਸ਼ਾ ਦੇ ਪਛਾਣ-ਚਿੰਨ੍ਹ

ਪੰਜਾਬੀ ਭਾਸ਼ਾ ਦੇ ਮੁਹਾਂਦਰੇ ਦੀ ਪਛਾਣ ਕਰਨ ਲਈ ਭਾਵੇਂ ਬਹੁਤ ਸਾਰੀਆਂ ਬਰੀਕ ਗੱਲਾਂ ਹਨ ਪਰ ਮੋਟੇ ਤੌਰ ਤੇ ਪੰਜਾਬੀ ਭਾਸ਼ਾ ਦੇ ਪੰਜ ਪਛਾਣ ਚਿੰਨ੍ਹ ਹਨ ਜੋ ਇਸ ਨੂੰ ਗੁਆਂਢੀ ਬੋਲੀਆਂ ਨਾਲੋਂ ਨਿਖੇੜਦੇ ਹਨ।

(1) ਪਹਿਲਾ ਇਹ ਹੈ ਕਿ ਪੰਜਾਬੀ ਸੁਰਾਤਮਕ ਭਾਸ਼ਾ ਹੈ। ਸਾਡੇ ਪਾਸ ਦੋ ਸ਼ਬਦ ਹਨ 'ਚਾ' ਯਾਨੀ ਚਾਉ ਅਤੇ ਦੂਜਾ "ਚ੍ਹਾ" ਯਾਨੀ ਚਾਹ ਦੀ ਪੱਤੀ। ਚਾਹ ਦਾ ਹਾਹਾ ਅਸੀਂ ਪੂਰਾ ਨਹੀਂ ਬੋਲਦੇ। ਸਿਰਫ ਸੁਰ ਜਾਂ ਟੋਨ ਹੀ ਬੋਲਦੇ ਹਾਂ। ਇਸ ਲਈ ਚਾ ਤੇ ਚ੍ਹਾ ਵਿਚ ਜੋ ਅਰਥ ਦਾ ਫ਼ਰਕ ਹੈ ਉਹ ਸੁਰ ਜਾਂ ਟੋਨ ਕਰਕੇ ਹੈ। ਇਹ ਵਿਸ਼ੇਸ਼ਤਾ ਹੋਰ ਕਿਸੇ ਭਾਰਤੀ ਭਾਸ਼ਾ ਵਿਚ ਨਹੀਂ। ਸੋ ਪੰਜਾਬੀ ਸੁਰਾਤਮਕ (tonal) ਭਾਸ਼ਾ ਹੈ।

(2) ਪੰਜਾਬੀ ਵਿਚ ਦੁੱਤੀਕਰਣ ਦੀ ਭਰਮਾਰ ਹੈ। ਅਕਸਰ ਅਸੀਂ ਲਿਖਤ ਵਿਚ ਅੱਧਕ ਪਾ ਕੇ ਦੁੱਤ ਧੁਨੀਆਂ ਹੀ ਉਚਾਰਦੇ ਹਾਂ (ਕਈ ਇਸ ਨੂੰ ਜੁੱਟ ਵਿਅੰਜਨ ਕਹਿੰਦੇ ਹਨ) ਜਿਵੇਂ ਦੁੱਧ, ਪੁੱਤ, ਵੱਗ, ਸੱਦ, ਮੁੱਕ, ਪੱਤ, ਮੱਥਾ, ਵੱਥ, ਨੱਕ, ਅੱਖ, ਆਦਿ। ਹਿੰਦੀ-ਉਰਦੂ ਵਿਚ ਇਹ ਸ਼ਬਦ ਦੂਧ, ਪੂਤ, ਵਰਗ, ਸ਼ਬਦ, ਮੁਕਤ, ਪਤ੍ਰ, ਮਾਥਾ, ਵਸਤੂ, ਨਾਕ, ਆਖ ਆਦਿ ਬਣ ਜਾਂਦੇ ਹਨ। ਲਹਿੰਦੀ ਪੰਜਾਬੀ ਵਿਚ ਦੁੱਤੀਕਰਣ ਬਹੁਤ ਜ਼ਿਆਦਾ ਹੈ।

(3) ਪੰਜਾਬੀ ਆਮ ਤੌਰ ਤੇ ਵਿਜੋਗਾਤਮਕ ਭਾਸ਼ਾ ਹੈ। ਪੰਜਾਬੀ ਦਾ ਹਰ ਸ਼ਬਦ ਵੱਖਰਾ ਵੱਖਰਾ ਪਿਆ ਰਹਿੰਦਾ ਹੈ, ਜਿਵੇਂ

'ਮੋਹਨ ਤੇ ਸੋਹਨ ਘਰ ਨੂੰ ਜਾਂਦੇ ਹਨ।'

ਇਸ ਵਾਕ ਵਿਚ ਸੱਤ ਰੂਪ ਹਨ ਅਤੇ ਇਹ ਅੱਡੋ ਅੱਡ ਪਏ ਹੋਣ ਕਰ ਕੇ ਵਿਜੋਗਾਤਮਕ ਹਨ। ਪਰ ਕਿਤੇ ਕਿਤੇ ਪੰਜਾਬੀ ਸੰਜੋਗਾਤਮਕ ਹੋ ਜਾਂਦੀ ਹੈ, ਜਿਵੇਂ :

'ਮੋਹਨ ਤੇ ਸੋਹਨ ਘਰੋਂ ਆਏ ਹਨ।'

ਏਥੇ 'ਘਰੋਂ' ਵਿਚ ਦੋ ਰੂਪ ਹਨ 'ਘਰ' ਤੇ 'ਓਂ'। ਇਹ ਦੋਵੇਂ ਸੰਜੁਗਤ ਹਨ।

ਇਹ ਸੰਜੋਗਾਤਮਕ ਬਣਤਰ ਹੈ।

(4) ਪੰਜਾਬੀ ਪਿਛੇਤਰਾਤਮਕ ਭਾਸ਼ਾ ਹੈ। ਉਂਜ ਪੰਜਾਬੀ ਵਿਚ ਅਗੇਤਰ ਵੀ ਹਨ ਜਿਵੇਂ ਬੇਅਕਲ, ਬੇਈਮਾਨ, ਬੇਫਿਕਰ ਵਿਚ ਅਗੇਤਰ 'ਬੇ' ਹੈ। ਪਰ ਪਿਛੇਤਰ ਬਹੁਤ ਵੱਡੀ ਗਿਣਤੀ ਵਿਚ ਹਨ। ਪੰਜਾਬੀ ਦੀ ਇਕ ਕ੍ਰਿਆ ਦਾ ਰੂਪ ਹੈ 'ਕਰਨਗੀਆਂ'। ਇਸ ਵਿਚ ਚਾਰ ਪਿਛੇਤਰ ਹਨ ਜੋ "ਕਰ" ਨਾਲ ਜੁੜੇ ਹਨ। 'ਕਰ' ਮੂਲਾਂਸ਼ (stem) ਹੈ, ਇਸ ਨੂੰ ਧਾਤੂ (root) ਵੀ ਕਹਿ ਸਕਦੇ ਹਾਂ :

(1) ਅਨ (ਕ੍ਰਿਆ ਦਾ ਬਹੁਵਚਨ)
(2) ਗ (ਭਵਿੱਖਤ ਕਾਲ)
(3) ਈ (ਇਸਤ੍ਰੀ ਲਿੰਗ)
(4) ਆਂ (ਨਾਵੀਂ ਬਹੁਵਚਨ)

(5) ਪੰਜਾਬੀ ਦੀ ਬਹੁਤੀ ਸ਼ਬਦਾਵਲੀ ਤਦਭਵ ਹੈ। ਕਿਸੇ ਬੋਲੀ ਦੇ ਹੂ-ਬਹੂ, ਅਣਵਿਗੜੇ, ਮੂਲ ਸ਼ਬਦ ਤਾਂ ਤਤਸਮ ਹੁੰਦੇ ਹਨ ਅਰਥਾਤ ਮੂਲ ਭਾਸ਼ਾ ਵਰਗੇ। ਪਰ ਜਦੋਂ ਉਨ੍ਹਾਂ ਸ਼ਬਦਾਂ ਵਿਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਹ ਸ਼ਬਦ ਤਦਭਵ ਬਣ ਜਾਂਦੇ ਹਨ। ਪੰਜਾਬੀ ਬੋਲੀ ਦਾ ਇਹ ਆਮ ਸੁਭਾਅ ਹੈ ਕਿ ਉਹ ਮੂਲ ਭਾਸ਼ਾ ਦੇ ਸ਼ਬਦਾਂ ਨੂੰ ਆਪਣੇ ਅਨਕੂਲ ਬਦਲ ਕੇ ਵਰਤੋਂ ਵਿਚ ਲਿਆਉਂਦੀ ਹੈ। ਬਦਲੇ ਹੋਏ ਸ਼ਬਦ ਹੀ ਤਦਭਵ ਹੁੰਦੇ ਹਨ। ਪੰਜਾਬੀ ਵਿਚ ਅਜਿਹੇ ਤਦਭਵ ਸ਼ਬਦ ਢੇਰਾਂ ਦੇ ਢੇਰ ਹਨ। ਕੁਝ ਵੰਨਗੀਆਂ ਪੇਸ਼ ਹਨ :

ਮੂਲ ਤਤਸਮ ਸ਼ਬਦ		**ਪੰਜਾਬੀ ਤਦਭਵ ਸ਼ਬਦ**
ਨਿਦ੍ਰਾ, ਵਕਸ਼ਿ	:	ਨੀਂਦ, ਵੱਖੀ
ਹਸਤ, ਭ੍ਰਮ	:	ਹੱਥ, ਭਰਮ
ਹ੍ਰਿਦਯ, ਸ਼ੋਕ	:	ਹਿਰਦਾ, ਸੋਗ
ਸਟੇਸ਼ਨ, ਸਾਇਕਲ	:	ਟੇਸ਼ਣ, ਸੈਕਲ
ਸ਼ਾਪ, ਵਰਗ	:	ਸਰਾਪ, ਵੱਗ

ਪੰਜਾਬੀ ਦੀਆਂ ਉਪ-ਬੋਲੀਆਂ

ਪੰਜਾਬ ਦੇ ਵਖਰੇ ਵਖਰੇ ਇਲਾਕਿਆਂ ਦੇ ਅਨੁਸਾਰ ਪੰਜਾਬੀ ਭਾਸ਼ਾ ਦੇ ਵੀ ਵੱਖਰੇ ਵੱਖਰੇ ਰੂਪ ਹਨ ਜਿਨ੍ਹਾਂ ਨੂੰ ਉਪ-ਬੋਲੀਆਂ ਕਿਹਾ ਜਾਂਦਾ ਹੈ। "ਬੋਲੀ ਬਾਰ੍ਹੀਂ ਕੋਹੀਂ ਬਦਲ ਜਾਂਦੀ ਹੈ" ਇਸ ਕਹਾਵਤ ਅਨੁਸਾਰ ਪੰਜਾਬੀ ਪੜਾ-ਦਰ ਪੜਾ ਬਦਲਦੀ ਜਾਂਦੀ ਹੈ। ਭਾਵੇਂ ਪੰਜਾਬੀ ਦਾ ਲਿਖਤੀ ਟਕਸਾਲੀ ਰੂਪ ਇਕੋ ਹੈ ਪਰ ਪੰਜਾਬੀ ਦੇ ਬੋਲਚਾਲੀ ਰੂਪ ਇਲਾਕਿਆਂ ਮੁਤਾਬਕ ਵੱਖ-ਵੱਖ ਹਨ। ਇਸ ਕਾਰਣ ਪੰਜਾਬੀ ਦੀਆਂ ਕਈ ਉਪ-ਬੋਲੀਆਂ ਹਨ ਜਿਨ੍ਹਾਂ ਦੀ ਗਿਣਤੀ ਚੋਖੀ ਹੈ। ਸਹੂਲਤ ਵਾਸਤੇ ਪੰਜਾਬੀ ਉਪ-ਬੋਲੀਆਂ ਦੇ ਤਿੰਨ ਦਾਇਰੇ ਰਖੇ ਜਾ ਸਕਦੇ ਹਨ ਜੋ ਇਉਂ ਹਨ :

1. ਭਾਰਤੀ ਪੰਜਾਬੀ (ਪੂਰਬੀ ਪੰਜਾਬੀ) ਦੀਆਂ ਉਪ-ਬੋਲੀਆਂ :
ਮਾਝੀ, ਮਲਵਈ, ਦੁਆਬੀ, ਪੁਆਧੀ

2. ਪਾਕਿਸਤਾਨੀ ਪੰਜਾਬੀ (ਲਹਿੰਦੀ/ਪੱਛਮੀ ਪੰਜਾਬੀ) ਦੀਆਂ ਉਪ-ਬੋਲੀਆਂ :
ਮੁਲਤਾਨੀ, ਪੋਠੋਹਾਰੀ, ਹਿੰਦਕੋ। ਝਾਂਗੀ ਜਾਂ 'ਬਾਰ ਦੀ ਬੋਲੀ', ਧੰਨੀ, ਅਵਾਣਕਾਰੀ ਮੁਲਤਾਨੀ-ਪੋਠੋਹਾਰੀ ਦੇ ਅੰਤਰਗਤ ਹੀ ਹਨ। ਮੁਲਤਾਨੀ ਦੇ ਘੇਰੇ ਵਿਚ 'ਸਿਰਾਇਕੀ'

ਨਾਮ ਵੀ ਪ੍ਰਚਲਿਤ ਹੈ ।

3. ਪਹਾੜੀ ਪੰਜਾਬੀ ਦੀਆਂ ਉਪ-ਬੋਲੀਆਂ :

ਪੁਣਛੀ, ਕਾਂਗੜੀ, ਡੋਗਰੀ (ਜੰਮੂਆਲੀ) । ਡੋਗਰੀ ਨੂੰ ਪੰਜਾਬੀ ਦੀ ਉਪਭਾਸ਼ਾ ਨਾ ਮੰਨ ਕੇ ਵੱਖਰੀ ਭਾਸ਼ਾ ਮੰਨਿਆ ਜਾ ਰਿਹਾ ਹੈ ।

ਮਾਝੀ :

ਸੰਯੁਕਤ ਪੰਜਾਬ ਦੇ ਮੱਧ-ਵਿਚਕਾਰ ਹੋਣ ਕਰਕੇ ਮਾਝੀ ਨੂੰ ਕੇਂਦਰੀ ਪੰਜਾਬੀ ਬੋਲੀ ਮੰਨਿਆ ਜਾਂਦਾ ਹੈ । ਮਾਝੀ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਤੇ ਲਾਹੌਰ (ਪਾਕਿਸਤਾਨ) ਵਿਚ ਬੋਲੀ ਜਾਂਦੀ ਹੈ । ਲਿਖਤੀ ਤੇ ਟਕਸਾਲੀ ਪੰਜਾਬੀ ਦਾ ਮਾਝੀ ਬੋਲੀ ਹੀ ਆਧਾਰ ਹੈ ।

ਮਾਝੀ ਬੋਲੀ ਦੇ ਕਈ ਠੇਠ ਵੰਨਗੀ ਸ਼ਬਦ-ਰੂਪ ਵੇਖੇ ਜਾ ਸਕਦੇ ਹਨ ਜਿਵੇਂ :

ਅੱਖੀਂ ਡਿੱਠਾ, ਹੱਥੀਂ ਕੀਤਾ, ਕੋਠਿਓਂ ਢੱਠਾ
ਕੀ ਕਰਨ ਡਏ ਓ ? ਕਿੱਥੇ ਜਾਣ ਡਿਆ ਏ ?
ਕੀ ਆਖਿਆ ਈ ? ਕੀ ਆਖਿਆ ਜੇ ?
ਕੀ ਆਖਿਆ ਸੂ ? ਕੀ ਆਖਿਆ ਨੇ ?

ਮਲਵਈ :

ਮਲਵਈ ਮਾਲਵੇ ਦੇ ਇਲਾਕੇ ਦੀ ਬੋਲੀ ਹੈ । ਮਲਵਈ ਜ਼ਿਲ੍ਹਾ ਫੀਰੋਜ਼ਪੁਰ, ਫਰੀਦਕੋਟ, ਬਠਿੰਡਾ, ਲੁਧਿਆਣਾ, ਸੰਗਰੂਰ ਤੇ ਪਟਿਆਲੇ ਦੇ ਪੱਛਮੋਤਰੀ ਹਿੱਸੇ ਵਿਚ ਬੋਲੀ ਜਾਂਦੀ ਹੈ । ਪਹਿਲੋਂ ਪਹਿਲ ਅੰਗਰੇਜ਼ਾਂ ਨੇ ਮਲਵਈ ਬੋਲੀ ਨੂੰ ਹੀ ਕੇਂਦਰੀ ਪੰਜਬੀ ਮੰਨ ਕੇ ਇਸੇ ਵਿਚ ਹੀ ਆਪਣੀਆ ਕਿਤਾਬਾਂ ਛਾਪੀਆਂ ਸਨ । ਮਲਵਈ ਬੋਲੀ ਦੇ ਕਈ ਠੇਠ ਸ਼ਬਦ ਤੇ ਵਾਕ ਵੇਖੇ ਜਾ ਸਕਦੇ ਹਨ ਜਿਵੇਂ :

ਥੋਨੂੰ, ਥੁਆਤੋਂ, ਥੋਡੇ ਥੋਤੇ, ਥੁਆਡਾ (ਪੜਨਾਵ) ਜਮਾ ਈਂ, ਮਖਿਆ ਜਾਂ ਮਖ, ਬਗ ਗਿਆ (ਵਾਕਾਂਸ਼), ਬਚਨੇ ਕੇ ਘਰੇ, ਰਾਮੂ ਕਿਆਂ ਦਾ ਅਗਵਾੜ (ਕੇ, ਕੀ, ਕਿਆ, ਕੀਆਂ, ਸੰਬੰਧਕ ਹਨ । (ਬਹਿੜਕੇ ਦੀ ਬੱਖੀ ਵਿਚ ਬੱਟਾ ਮਾਰਿਆ (ਵਾਕ) ।

ਦੁਆਬੀ :

ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਵਿਚ ਬੋਲੀ ਜਾਂਦੀ ਹੈ । ਸਟੈਂਡਰਡ ਦੁਆਬੀ ਜਲੰਧਰ-ਹੁਸ਼ਿਆਰਪੁਰ ਦੇ ਆਲੇ-ਦੁਆਲੇ ਹੈ । ਬਾਹਰਲੇ ਘੇਰੇ ਦੀ ਦੁਆਬੀ ਉੱਤੇ ਮਾਝੀ, ਮਲਵਈ, ਪੁਆਧੀ, ਕਾਂਗੜੀ ਦਾ ਰਲਾ ਹੈ । ਚੋਈ, ਗੋੜਦਾ, ਘਿਰੜਾ, ਲੋਂਹਾਡਾ, ਖਰਕਾ, ਢੂਣਮਢੂਣੀ, ਘੇ, ਪੇ, ਸੇ ਆਦਿ ਦੁਆਬੀ ਦੇ ਠੇਠ ਸ਼ਬਦ-ਰੂਪ ਹਨ । ਬੋਲਦ, ਮਾਰਖੰਡਾ ਆ, ਰੰਗ ਗੋਰਾ ਆ, ਮੁੱਲ ਜਾਦਾ ਆ, ਦੁਆਬੀ ਬੋਲੀ ਦੇ ਠੇਠ ਵਾਕ ਹਨ ।

ਪੁਆਧੀ :

ਪੁਆਧੀ ਦਾ ਖੇਤਰ : ਜ਼ਿਲ੍ਹਾ ਰੋਪੜ, ਜ਼ਿਲ੍ਹਾ ਪਟਿਆਲਾ ਦਾ ਪੂਰਬੀ ਪਾਸਾ, ਰਾਜਪੁਰਾ ਤਹਿਸੀਲ, ਜ਼ਿਲ੍ਹਾ ਲੁਧਿਆਣਾ ਦੀ ਸਤਲੁਜ ਨਾਲ ਲੱਗਦੀ ਗੁੱਠ, ਤਹਿਸੀਲ ਨਾਰਾਇਣਗੜ੍ਹ ਤੇ ਜੀਂਦ ਦੇ ਕੁਝ ਪਿੰਡ ਹਨ । ਪੁਆਧੀ ਵਿਚ ਮਲਵਈ ਤੇ ਬਾਗੜੂ ਦਾ ਕਾਫੀ ਰਲਾ ਹੈ । ਪੁਆਧੀ ਦੀਆ ਵੰਨਗੀਆਂ : ਹਮੇਂ, ਥਮੇਂ, ਮਾਰ੍ਹੇ, ਥਾਰੇ, ਮਾਨੂੰ, ਥਮਾਨੂੰ, ਇਯੋਂ, ਇਬ, ਗੈਲ ਗੈਲ, ਬਿਚ ਮਾ (ਠੇਠ ਸ਼ਬਦ-ਰੂਪ), "ਹਾੜ ਕੀਆਂ ਫਸਲਾਂ ਜਦ ਪਕ ਚੁਕਾਂ ਤਾਂ ਇਯੋਂ ਮੇ ਲਾ ਭਰਾ ਅਰ ਇਸ ਮਾ ਆ ਕੇ ਸੁੱਖਣੇ ਤਾਰਾਂ" (ਵਾਕ ਵਰਤੋਂ) ।

ਮੁਲਤਾਨੀ : ਮੁਲਤਾਨੀ ਨੂੰ ਪਾਕਿਸਤਾਨੀ ਪੰਜਾਬੀ ਦਾ ਸਟੈਂਡਰਡ ਰੂਪ ਮੰਨਿਆ ਜਾਂਦਾ ਹੈ । ਮੁਲਤਾਨੀ ਨੂੰ ਤੇ ਹੋਰ ਪਾਕਿਸਤਾਨੀ ਪੰਜਾਬੀ ਉਪ-ਬੋਲੀਆਂ ਨੂੰ ਮਿਲਾ ਕੇ "ਲਹਿੰਦੀ" ਵੀ ਕਿਹਾ ਜਾਂਦਾ ਹੈ । ਮੁਲਤਾਨੀ ਦੇ ਕੋਈ 50 ਲੱਖ (ਪੰਜਾਹ ਲੱਖ) ਬੋਲਣ ਵਾਲੇ ਹਨ । [Smirnov : *The Lahnda Language*, Moscow] । ਜਟਕੀ, ਸਰਾਇਕੀ, ਝਾਂਗੀ, ਬਾਰ ਦੀ ਬੋਲੀ, ਸ਼ਾਹਪੁਰੀ, ਬਹਾਵਲਪੁਰੀ ਆਦਿ ਬੋਲੀਆਂ ਮੁਲਤਾਨੀ ਦੇ ਅੰਤਰਗਤ ਹੀ ਹਨ । ਮੁਲਤਾਨੀ ਉੱਤੇ ਸਿੰਧੀ ਦਾ ਅਸਰ ਹੈ । ਮੁਲਤਾਨੀ ਜ਼ਿਲ੍ਹਾ ਮੁਲਤਾਨ, ਮੁਜ਼ੱਫ਼ਰਗੜ੍ਹ, ਡੇਰਾ ਗਾਜ਼ੀ ਖਾਂ, ਝੰਗ, ਰਿਆਸਤ ਬਹਾਵਲਪੁਰ, ਸ਼ਾਹ ਪੁਰ ਵਿਚ ਬੋਲੀ ਜਾਂਦੀ ਹੈ । ਮੁਲਤਾਨੀ ਦੀਆਂ ਖ਼ਾਸ ਵਿਲੱਖਣਤਾਵਾਂ ਇਹ ਹਨ : ਮੈਂਡਾ, ਤੈਂਡਾ, ਮੈਕੂੰ, ਤੈਕੂੰ (ਪੜਨਾਂਵ) ਆਵਸਾ, ਆਵਸੀ, ਆਵਸਣ, ਮਾਰਿਉਸ, ਮਾਰਿਐਲੇ (ਕ੍ਰਿਆਰੂਪ), ਘਿਨ ਵੰਞ, ਕੇ ਕਰੇਂਦਾ ਈ (ਵਾਕ) ।

ਪੋਠੋਹਾਰੀ : ਪਾਕਿਸਤਾਨ ਦੇ ਪੋਠੋਹਾਰ ਇਲਾਕੇ ਦੀ ਬੋਲੀ ਹੈ । ਇਹ ਜਿਹਲਮ ਤੇ ਰਾਵਲਪਿੰਡੀ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ । ਧੰਨੀ, ਅਵਾਣਕਾਰੀ, ਘੇਬੀ ਇਸ ਦੀਆਂ ਹੋਰ ਨਿਮਨ ਬੋਲੀਆਂ ਹਨ । ਭਾਸ਼ਾਈ ਖ਼ਾਸ ਵਿਸ਼ੇਸ਼ਤਾਵਾਂ ਕਾਫ਼ੀ ਹਨ -- ਮਿੱਘੀ, ਤੁੱਘੀ, (ਮੈਨੂੰ, ਤੈਨੂੰ) ਮਾੜ੍ਹਾ, ਸਾੜ੍ਹਾ (ਮੇਰਾ, ਸਾਡਾ) ਵਖਰੇ ਪੜਨਾਂਵ ਹਨ । ਦਾ, ਦੀ, ਦੇ, ਥਾ ਨਾ, ਨੀ, ਨੇ ਸੰਬੰਧਕ ਹਨ । (ਮਹਿੰਦਰੇ ਨੀ ਰੋਟੀ), ਮੱਝੀਂ ਕੀ ਗੁਤਾਵਾ ਪਾ (ਮੱਝ ਨੂੰ ਗੁਤਾਵਾ ਪਾ) । ਅੱਧਕ ਦਾ ਬਹੁਤ ਪ੍ਰਚਲਨ ਹੈ : ਰੱਤਾ, ਪੱਤਾ/ਰਤਾ, ਪਤਾ) ਅਰਥਾਤ ਦੁੱਤੀਕਰਣ ਦੀ ਰੁਚੀ ਬਹੁਤ ਹੈ । ਹਾਹਾ ਜੋੜਨ ਦੀ ਰੁਚੀ – ਹਿਕ, ਹਿੱਥੇ, ਹਿੰਜ, ਹੁੱਸ, ਹਿੱਸ (ਇਕ, ਇਥੇ, ਇੰਜ, ਉਸ, ਇਸ) । ਕਨੌੜਾਂ ਦੀ ਵਰਤੋਂ ਨਾਂਹ-ਬਰਾਬਰ ਹੈ – ਪੋੜੀ, ਕੋਲੀ, ਚੋਲ (ਪੌੜੀ, ਕੌਲੀ, ਚੌਲ) ।

ਹਿੰਦਕੋ : ਪਾਕਿਸਤਾਨੀ ਪੰਜਾਬ ਦੇ ਪੱਛਮ-ਉੱਤਰੀ ਕਿਨਾਰੇ ਤੇ ਬੋਲੀ ਜਾਂਦੀ ਹੈ । ਪਸ਼ਤੋ ਦਾ ਰਲਾ ਹੈ ।

ਕਾਂਗੜੀ : ਪਹਾੜੀ ਪੰਜਾਬੀ ਦੀ ਕਾਂਗੜੀ ਬੋਲੀ ਜ਼ਿਲ੍ਹਾ ਕਾਂਗੜਾ (ਹਿਮਾਚਲ) ਵਿਚ ਬੋਲੀ ਜਾਂਦੀ ਹੈ ਅਤੇ *ਪੁਣਛੀ* ਕਸ਼ਮੀਰ ਵਾਦੀ ਦੇ ਪੁਣਛ ਇਲਾਕੇ ਵਿਚ ਚਾਲੂ ਹੈ । ਜੰਮੂਆਲੀ (ਡੋਗਰੀ) ਜੰਮੂ ਦੀ ਬੋਲੀ ਹੈ ਜਿਸ ਨੂੰ ਹੁਣ ਵੱਖਰੀ ਭਾਸ਼ਾ ਦੇ ਤੌਰ ਤੇ ਉੱਨਤ ਕੀਤਾ ਜਾ ਰਿਹਾ ਹੈ ।

ਇਸ ਤੋਂ ਇਲਾਵਾ *ਰਾਠੀ* ਤੇ *ਭਟਿਆਣੀ* ਪੰਜਾਬੀ ਦੀਆਂ ਦੋ ਹੋਰ ਉਪ-ਬੋਲੀਆਂ ਸਨ । ਪੁਆਧੀ ਦੇ ਦੱਖਣ ਵਲ, ਮਲਵਈ ਦੇ ਦੱਖਣੀ ਪਾਸੇ ਅਤੇ ਘੱਗਰ ਨਦੀ ਦੇ ਇਲਾਕੇ ਵਿਚ ਪੱਚਾਧੇ ਰਾਠ ਮੁਸਲਮਾਨਾਂ ਦੀ ਬੋਲੀ ਰਾਠੀ ਪੰਜਾਬੀ ਸੀ, ਪਰ ਹੁਣ ਰਾਠ ਪਾਕਿਸਤਾਨ ਚਲੇ ਗਏ । *ਭਟਿਆਣੀ* ਪੰਜਾਬੀ-ਬੋਲਦੇ ਭੱਟੀ ਮੁਸਲਮਾਨ ਰਾਜਪੂਤਾਂ ਦੀ ਬੋਲੀ ਸੀ । ਇਹ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਸਤਲੁਜ ਦੇ ਖੱਬੇ ਕੰਢੇ ਅਤੇ ਬੀਕਾਨੇਰ ਪੱਛਮੋਤਰ ਵਿਚ ਬੋਲੀ ਜਾਂਦੀ ਸੀ । ਹੁਣ ਰਾਠੀ ਤੇ ਭਟਿਆਣੀ ਦੋਵੇਂ ਪ੍ਰਚਲਿਤ ਨਹੀਂ ਹਨ ।

(3) ਪਹਾੜੀ ਭਾਸ਼ਾ-ਵਰਗ

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਪਹਾੜੀ ਭਾਸ਼ਾ-ਵਰਗ ਦੀਆਂ ਬੋਲੀਆਂ ਇਕ ਵਿਸ਼ਾਲ ਭੂ-ਖੰਡ ਵਿਚ ਬੋਲੀਆਂ ਜਾਂਦੀਆਂ ਹਨ । ਪਹਾੜਾਂ ਨਾਲ ਸੰਬੰਧਿਤ ਹੋਣ ਕਰਕੇ ਇਨ੍ਹਾਂ ਨੂੰ ਪਹਾੜੀ ਬੋਲੀਆਂ ਕਿਹਾ ਜਾਂਦਾ ਹੈ । ਹਿਮਾਲਾ ਪਰਬਤ ਦੇ ਲੰਮੇ-ਚੌੜੇ ਸਿਲਸਿਲੇ

ਦੀਆਂ ਤਲਹਟੀਆਂ ਵਿਚ ਇਨ੍ਹਾਂ ਬੋਲੀਆਂ ਦਾ ਪ੍ਰਚਾਰ ਤੇ ਪ੍ਰਸਾਰ ਹੈ । ਕਸ਼ਮੀਰ ਨਾਲ ਲਗਦੇ ਭਦ੍ਰਵਾਹ ਮੁਕਾਮ ਤੋਂ ਲੈ ਕੇ ਪੂਰਬ ਵਿਚ ਨੇਪਾਲ ਤਕ ਦੂਰ-ਦੂਰ ਪਹਾੜੀ ਬੋਲੀਆਂ ਫੈਲੀਆਂ ਹੋਈਆਂ ਹਨ । ਇਨ੍ਹਾਂ ਬੋਲੀਆਂ ਦਾ ਖੇਤਰ ਹਿਮਾਚਲ ਪ੍ਰਦੇਸ਼, ਉੱਤਰੀ ਯੂ. ਪੀ., ਅਤੇ ਨੇਪਾਲ ਦੇਸ਼ ਵਿਚ ਸਥਿਤ ਹੈ । ਇਨ੍ਹਾਂ ਇਲਾਕਿਆਂ ਵਿਚ ਬੇਸ਼ਕ ਗ਼ੈਰ-ਆਰੀਆ ਜ਼ੁਬਾਨਾਂ ਵੀ ਹਨ ਪਰੰਤੂ ਆਰੀਆ ਭਾਸ਼ਾਵਾਂ ਦੀਆਂ ਵੰਸ਼ਜ ਬੋਲੀਆਂ ਦੀ ਹੀ ਅਧਿਕ ਸਥਾਪਤੀ ਹੈ ।

ਜਾਰਜ ਗ੍ਰੀਅਰਸਨ ਦੀ ਅਭਿਧਾਰਣਾ ਹੈ ਕਿ ਇਨ੍ਹਾਂ ਪਹਾੜੀ ਇਲਾਕਿਆਂ ਵਿਚ ਸਭ ਤੋਂ ਪ੍ਰਾਚੀਨ ਕਬੀਲੇ "ਮੁੰਡਾ" ਭਾਸ਼ਾ-ਪਰਿਵਾਰ ਦੀਆਂ ਬੋਲੀਆਂ ਬੋਲਦੇ ਹੋਣਗੇ । ਬਾਅਦ ਵਿਚ ਤਿੱਬਤ-ਬਰਮੀ ਪਰਿਵਾਰ ਦਾ ਗ਼ਲਬਾ ਆਇਆ । ਅਜ ਕਲ ਤਿੱਬਤ-ਬਰਮੀ ਬੋਲੀਆਂ ਵੀ ਵਿੱਦਮਾਨ ਹਨ । ਉਸ ਮਗਰੋਂ ਆਰੀਆ ਭਾਸ਼ਾ ਬੋਲਣ ਵਾਲੇ ਜਨ-ਸਮੂਹ ਮੈਦਾਨੀ ਇਲਾਕਿਆਂ ਵਿਚੋਂ ਹਿਮਾਲਾ ਦੀਆਂ ਘਾਟੀਆਂ ਵਿਚ ਆ ਕੇ ਆਬਾਦ ਹੋ ਗਏ ਅਤੇ ਉਨ੍ਹਾਂ ਦੇ ਨਾਲ ਹੀ ਆਰੀਆ ਭਾਸ਼ਾ ਤੇ ਆਰੀਆ ਸਭਿਅਤਾ ਦਾ ਵੀ ਪ੍ਰਵੇਸ਼ ਹੋਇਆ ।

ਪਹਾੜੀ ਭਾਸ਼ਾ ਵਰਗ ਵਿਚ ਅਨੇਕਾਂ ਬੋਲੀਆਂ, ਉਪ-ਬੋਲੀਆਂ ਤੇ ਲਘੂ ਬੋਲੀਆਂ ਸ਼ਾਮਲ ਹਨ ਜਿਨ੍ਹਾਂ ਨੂੰ ਮੁੱਖ ਤਿੰਨ ਉਪ-ਵਰਗਾਂ ਵਿਚ ਵੰਡਿਆ ਜਾਂਦਾ ਹੈ :

(1) ਪੂਰਬੀ ਪਹਾੜੀ (2) ਮੱਧ ਪਹਾੜੀ (3) ਪੱਛਮੀ ਪਹਾੜੀ । ਇਨ੍ਹਾਂ ਬੋਲੀਆਂ ਦੀਆਂ ਅਗੋਂ ਕਈ ਹੋਰ ਉਪ-ਬੋਲੀਆਂ ਹਨ ਜਿਨ੍ਹਾਂ ਦਾ ਵੇਰਵਾ ਹੇਠਾਂ ਰੇਖਾ-ਚਿਤਰ ਵਿਚ ਅੰਕਿਤ ਹੈ :

ਪਹਾੜੀ ਭਾਸ਼ਾ-ਵਰਗ ਦਾ ਰੇਖਾ-ਚਿੱਤਰ

ਪੂਰਬੀ ਪਹਾੜੀ : (Eastern Pahari)
- ਨੇਪਾਲੀ
  - ਪਰਬਤੀਆ
  - ਗੋਰਖਾਲੀ
  - ਖਸਕੁਰਾ
- ਨੇਵਾਰੀ

ਮੱਧ ਪਹਾੜੀ : (Central Pahari)
- ਕੁਮਾਊਨੀ
  - ਖਸਪਰਜੀਆ
  - ਕੁਮੈਯਾਂ
  - ਫਲਦਕੋਟੀਆ
  - ਪਛਾਈ
  - ਚੌਗਰਖੀਆ
  - ਗੰਗੋਲਾ
  - ਦਾਨਪੁਰੀਆ
  - ਸੀਰਾਲੀ
  - ਸੋਰਿਆਲੀ
  - ਅਸਕੋਟੀ
  - ਜੋਹਾਰੀ
  - ਰਉਚੋਭੈਂਸੀ
  - ਭੋਟੀਆ
- ਗੜ੍ਹਵਾਲੀ
  - ਸ੍ਰੀਨਗਰੀਆ
  - ਰਾਠੀ
  - ਲੋਹਬਿਆ
  - ਦਸੌਲਿਆ
  - ਮਾਂਝਕੁਮੈਯਾ
  - ਨਾਗਪੁਰੀਆ
  - ਸਲਾਣੀ
  - ਟੇਹਰੀ

ਪਛਮੀ ਪਹਾੜੀ : (Western Pahari)
- ਜੌਨਸਰੀ
- ਸਿਰਮੌਰੀ
- ਬਘਾਟੀ
- ਕਿਉਂਥਲੀ
- ਸਤਲੁਜ ਬੋਲੀ
- ਕੁਲੂਈ
- ਮੰਡੋਆਲੀ
- ਚਮੇਆਲੀ
- ਪੰਗਵਾਲੀ
- ਭਦ੍ਰਵਾਹੀ

ਪੂਰਬੀ ਪਹਾੜੀ

ਪੂਰਬੀ ਪਹਾੜੀ ਵਿਚ ਬੋਲੀਆਂ ਦੇ ਦੋ ਘਰਾਣੇ ਮਸ਼ਹੂਰ ਹਨ-ਨੇਪਾਲੀ ਅਤੇ ਨੇਵਾਰੀ। ਨੇਪਾਲ ਦੀ ਭਾਸ਼ਾ ਨੇਪਾਲੀ ਹੈ। ਨੇਪਾਲੀ ਨੂੰ ਪਰਬਤੀਆ, ਗੋਰਖਾਲੀ, ਅਤੇ ਖਸਕੁਰਾ ਵੀ ਕਹਿੰਦੇ ਹਨ। ਪੂਰਬੀ ਪਹਾੜੀ ਜਾਂ ਨੇਪਾਲੀ ਦਾ ਠੇਠ ਟਕਸਾਲੀ ਰੂਪ ਕਾਠਮਾਂਡੂ ਦੀ ਘਾਟੀ ਵਿਚ ਬੋਲਿਆ ਜਾਂਦਾ ਹੈ। ਇਹ ਰਾਜ ਭਾਸ਼ਾ ਹੈ। ਯੂਰਪੀ ਵਿਦਵਾਨਾਂ ਨੇ ਨੇਪਾਲੀ ਭਾਸ਼ਾ ਉਤੇ ਕਾਫ਼ੀ ਕੰਮ ਕੀਤਾ ਹੈ। ਇਨ੍ਹਾਂ ਵਿਚ Turner ਦੀ ਨੇਪਾਲੀ ਡਿਕਸ਼ਨਰੀ ਬਹੁਤ ਮਸ਼ਹੂਰ ਹੈ। ਨੇਪਾਲੀ ਭਾਸ਼ਾ ਦੇਵਨਾਗਰੀ ਲਿਪੀ ਵਿਚ ਲਿਖੀ ਜਾਂਦੀ ਹੈ।

ਨੇਪਾਲ ਦੀ ਦੂਜੀ ਪ੍ਰਮੁਖ ਬੋਲੀ ਨੇਵਾਰੀ ਹੈ ਜਿਸ ਦਾ ਸੰਬੰਧ ਤਿੱਬਤ-ਬਰਮੀ ਪਰਿਵਾਰ ਨਾਲ ਹੈ। ਨੇਪਾਲ ਦੇਸ ਦੇ ਜਿਆਦਾਤਰ ਲੋਕ ਤਿੱਬਤ-ਬਰਮੀ ਬੋਲੀਆਂ ਬੋਲਦੇ ਹਨ ਪਰੰਤੂ ਨੇਪਾਲੀ ਹੀ ਆਰੀਆ ਭਾਸ਼ਾ ਹੈ ਜਿਸ ਨੇ ਪੁਰਾਤਨ ਤੇ ਸਨਾਤਨ ਅੰਸ਼ ਸੰਭਾਲ ਕੇ ਰਖੇ ਹਨ। ਭਾਰਤ ਤੋਂ ਬਾਹਰ ਹੋਣ ਕਰਕੇ ਨੇਪਾਲੀ ਦੇ ਅਧਿਐਨ ਵੱਲ ਭਾਰਤੀ ਵਿਦਵਾਨਾਂ ਦਾ ਧਿਆਨ ਘਟ ਗਿਆ ਹੈ। ਈਸਾਈ ਮਿਸ਼ਨਰੀਆਂ ਨੇ ਦਾਰਜਲਿੰਗ ਨੂੰ ਕੇਂਦਰ ਬਣਾ ਕੇ ਪੂਰਬੀ ਨੇਪਾਲੀ ਦਾ ਵਿਆਕਰਣ ਲਿਖਿਆ ਅਤੇ ਬਾਈਬਲ ਦਾ ਨੇਪਾਲੀ ਤਰਜਮਾ ਵੀ ਕੀਤਾ।

ਮੱਧ ਪਹਾੜੀ (ਕੇਂਦਰੀ ਪਹਾੜੀ ਉਪਵਰਗ)

ਪਹਾੜੀ ਭਾਸ਼ਾ-ਖੇਤਰ ਦੇ ਮੱਧ ਜਾਂ ਕੇਂਦਰ ਵਿਚ ਬੋਲੀ ਜਾਣ ਕਰਕੇ ਇਸ ਉਪਵਰਗ ਨੂੰ ਕੇਂਦਰੀ ਪਹਾੜੀ ਦਾ ਨਾਮ ਦਿੱਤਾ ਗਿਆ ਹੈ। ਮੱਧ ਪਹਾੜੀ ਕੁਮਾਊਂ ਤੇ ਗੜ੍ਹਵਾਲ ਦੇ ਦੱਖਣ-ਪੂਰਬ ਵਿਚ ਬਰਮਦੇਵ ਤੋਂ ਲੈ ਕੇ ਉੱਤਰ-ਪੱਛਮ ਵਿਚ ਚਕਰਾਤਾ ਦੇ ਉੱਤਰੀ ਭਾਗ ਤਕ ਬੋਲੀ ਜਾਂਦੀ ਹੈ। ਇਸ ਦੀਆਂ ਕਈ ਲਘੂ ਬੋਲੀਆਂ ਹਨ (ਵੇਰਵਾ ਉਪਰੋਕਤ ਰੇਖਾ ਚਿਤਰ ਵਿਚ)। ਇਨ੍ਹਾਂ ਵਿਚੋਂ ਕੁਮਾਊਂਨੀ ਤੇ ਗੜ੍ਹਵਾਲੀ ਪ੍ਰਮੁਖ ਹਨ। ਕੁਮਾਊਨੀ, ਕੁਮਾਊਂ ਕਮਿਸ਼ਨਰੀ ਦੇ ਨੈਨੀਤਾਲ (ਉੱਤਰੀ ਭਾਗ), ਅਲਮੋੜਾ, ਪਿਰੋਰਾਗੜ੍ਹ, ਚਮੋਲੀ, ਅਤੇ ਉੱਤਰਕਾਸ਼ੀ ਜ਼ਿਲ੍ਹਿਆਂ ਵਿਚ ਬੋਲੀ ਜਾਂਦੀ ਹੈ। ਇਸ ਦੇ ਚੁਤਰਫੇ ਗੜ੍ਹਵਾਲੀ, ਤਿੱਬਤੀ, ਨੇਪਾਲੀ, ਅਤੇ ਪੱਛਮੀ ਹਿੰਦੀ ਬੋਲੀਆਂ ਸਥਿਤ ਹਨ। ਕੁਮਾਊਂਨੀ ਉਤੇ ਰਾਜਸਥਾਨੀ ਭਾਸ਼ਾ ਦਾ ਬਹੁਤ ਪ੍ਰਭਾਵ ਹੈ। ਅਜ਼ ਕਲ ਏਥੇ ਹਿੰਦੀ ਹੀ ਵਿਦਿਆ (ਸਿਖਿਆ) ਤੇ ਪ੍ਰਸ਼ਾਸਨ ਦਾ ਮਾਧਿਅਮ ਹੈ। ਕੁਮਾਊਂਨੀ ਦੇ ਕੁਝ ਭਾਸ਼ਾਗਤ ਅੰਸ਼ ਨਵੇਕਲੇ ਤੇ ਵਿਲੱਖਣ ਹਨ।

ਕੁਮਾਊਂਨੀ ਵਿਚ ਕਾਰਕਾਂ ਦੇ ਸੰਬੰਧਕੀ ਰੂਪ

1. ਕਰਤਾ	-ਲੇ, -ਲੇ (ਪੰਜਾਬੀ ਨੇ)
2. ਕਰਮ	-ਕਨ, -ਕੰ, -ਕਹਿ, -ਕੈ (ਪੰ ਨੂੰ)
3. ਕਰਣ	-ਲੇ, -ਲ (ਪੰ ਨੇ, ਦੁਆਰਾ, ਰਾਹੀਂ)
4 ਸੰਪ੍ਰਦਾਨ	-ਕਨ, -ਕਹਿ, -ਕਨਿ, -ਕੈ (ਪੰ ਲਈ, ਵਾਸਤੇ)
5. ਅਪਾਦਾਨ	-ਐ, -ਹੇ, ਵਟੇ, -ਬੈ, -ਹੈ-ਬੈਂ, -ਬੈ (ਪੰਜਾਬੀ : ਤੋਂ)
6. ਸੰਬੰਧ	-ਕੋ, -ਕਾ, -ਕੀ, -ਕ, -ਆ, -ਅ, -ਏ (ਪੰ ਦਾ, ਦੀ, ਦੇ)
7. ਅਧਿਕਰਣ	-ਪਰ, -ਮੇਂ, -ਮੈਂ, -ਮੋਂ, -ਲੋਂ (ਪੰ ਤੇ, ਉਤੇ, ਵਿਚ)

ਸਹਾਇਕ ਕ੍ਰਿਆ ਰੂਪ (ਵਰਤਮਾਨ ਕਾਲ) :

	ਇ. ਵ.	ਬ. ਵ.
ਉੱਤਮ ਪੁਰਖ	: ਛੂੰ, ਛੁੰ	ਛੂੰ
ਮੱਧਮ ਪੁਰਖ	: ਛੈ, ਛਾਂ	ਛੌਂ, ਛਾ
ਅੱਨ ਪੁਰਖ	: ਛ, ਛਾ, ਛੈ	ਛਨ

ਗੜ੍ਹਵਾਲੀ

ਗੜ੍ਹਵਾਲੀ ਬੋਲੀ ਦਾ ਖੇਤਰ ਗੜ੍ਹਵਾਲ ਹੈ । ਪਹਿਲਾ ਇਸ ਖੇਤਰ ਦੇ ਨਾਮ ਕੇਦਾਰਖੰਡ, ਉੱਤਰਾਖੰਡ ਆਦਿ ਹਨ । ਇਹ ਗੜ੍ਹਵਾਲੀ ਬੋਲੀ ਗੜ੍ਹਵਾਲ, ਟੇਹਰੀ, ਅਲਮੋੜਾ, ਦੇਹਰਾਦੂਨ (ਉੱਤਰੀ ਭਾਗ), ਸਹਾਰਨਪੁਰ (ਉੱਤਰੀ ਭਾਗ), ਬਿਜਨੌਰ (ਉੱਤਰੀ ਭਾਗ) ਅਤੇ ਮੁਰਾਦਾਬਾਦ (ਉੱਤਰੀ ਭਾਗ) ਆਦਿ ਦੇ ਕੁਝ ਹਿੱਸਿਆਂ ਵਿਚ ਬੋਲੀ ਜਾਂਦੀ ਹੈ । ਗੜ੍ਹਵਾਲੀ ਦੀਆਂ ਕਈ ਲਘੂ ਬੋਲੀਆ ਹਨ (ਵੇਰਵਾ ਉੱਪਰ ਅੰਕਿਤ) ਸ੍ਰੀਨਗਰੀਆ ਗੜ੍ਹਵਾਲੀ ਦਾ ਸਟੈਂਡਰਡ ਰੂਪ ਹੈ । ਉਸ ਤੋਂ ਬਾਅਦ **ਸਲਾਣੀ** ਬੋਲੀ ਮਹੱਤਵਪੂਰਣ ਮੰਨੀ ਜਾਂਦੀ ਹੈ ।

ਡਾ. ਸ੍ਰੀਧਰ ਪ੍ਰਸਾਦ ਨੇ ਆਪਣੇ ਸੋਧ ਪ੍ਰਬੰਧ (A Descriptive Grammar of Salani, 1986, Punjabi University, Patiala) ਵਿਚ ਸਲਾਣੀ (ਗੜ੍ਹਵਾਲੀ ਦੀ ਪ੍ਰਤਿਨਿਧ ਬੋਲੀ) ਦੀ ਧੁਨੀਆਤਮਕ ਸੰਰਚਨਾ ਅਤੇ ਵਿਆਕਰਣਿਕ ਪੈਟਰਨ ਦਾ ਅਧਿਐਨ ਕੀਤਾ ਹੈ । ਸਲਾਣੀ (ਗੜ੍ਹਵਾਲੀ), ਖਸਕੁਰਾ (ਨੇਪਾਲੀ), ਰਾਜਸਥਾਨੀ, ਮਰਾਠੀ, ਗੁਜਰਾਤੀ, ਮੁੰਡਾ ਬੋਲੀਆਂ ਅਤੇ ਤਿੱਬਤ-ਬਰਮੀ ਬੋਲੀਆਂ ਦਾ ਮਿਸਰਤ ਰੂਪ ਹੈ । ਕ੍ਰਿਆ ਦੇ ਭਵਿਖਤ ਕਾਲ ਲਈ (-ਲ) ਪਿਛੇਤਰੀ ਮਾਰਫੀਮ ਦੀ ਵਰਤੋਂ ਨੇਪਾਲੀ, ਕੁਮਾਊਂਨੀ, ਤੇ ਗੜ੍ਹਵਾਲੀ (ਸਲਾਣੀ) ਵਿਚ ਸਾਂਝੀ ਹੈ । ਡਾ. ਸ੍ਰੀਧਰ ਨੇ ਦੁਵੱਲੀ ਵਿਰੋਧ-ਪ੍ਰਣਾਲੀ (binary opposition) ਦੇ ਆਧਾਰ 'ਤੇ ਸਲਾਣੀ ਵਿਚ 10 ਸੁਰਾਂ ਨੂੰ ਸਥਾਪਿਤ ਕੀਤਾ ਹੈ । ਸੁਰ ਤੇ ਵੰਡ ਦਾ ਨਕਸ਼ਾ ਅੰਕਿਤ ਹੈ :

ਉੱਚੇ	*ਇ*		*ਉ*
ਮੱਧ-ਉੱਚੇ	*ਈ*		*ਊ*
ਮਧਲੇ	*ਏ*	*ਅ*	*ਓ*
ਨੀਵੇਂ	*ਐ*	*ਆ*	*ਔ*

ਗੜ੍ਹਵਾਲੀ (ਸਲਾਣੀ) ਦੇ ਵਿਅੰਜਨ-ਫੋਨੀਮ

	ਦੁਹੋਠੀ	*ਦੰਤੀ*	*ਮੂਰਧਨੀ*	*ਤਾਲਵੀ*	*ਕੰਠੀ*	*ਸੁਰਯੰਤ੍ਰੀ*
	ਪ	ਤ	ਟ	ਚ	ਕ	
	ਫ	ਥ	ਠ	ਛ	ਖ	
	ਬ	ਦ	ਡ	ਜ	ਗ	
	ਭ	ਧ	ਢ	ਝ	ਘ	
ਨਾਸਿਕੀ	ਮ	ਨ	ਣ			
ਉਤਖਿਪਤ/ਕਾਂਬਵਾਂ/	ਰ	ੜ				
ਪਾਸੇਦਾਰ		ਲ	ਲ਼			
ਸਿਘਰਸ਼ੀ :		ਸ				ਹ
ਅਰਧ-ਸੁਰ	ਵ			ਯ		

ਸਲਾਣੀ (ਗੜ੍ਹਵਾਲੀ) ਦੀਆਂ ਕੁਝ ਪ੍ਰਮੁਖ ਭਾਸ਼ਾਈ ਵਿਸ਼ੇਸ਼ਤਾਵਾਂ ਉਲੇਖ-ਯੋਗ ਹਨ :

(1) ਭਵਿਖਵਾਚੀ ਕ੍ਰਿਆ ਦਾ ਪਿਛੇਤਰ (ਮਾਰਕਰ) "ਲ" ਹੈ ਜੋ ਗੜ੍ਹਵਾਲੀ ਦਾ ਖ਼ਾਸ ਪਛਾਣ-ਚਿੰਨ੍ਹ ਹੈ। ਵੰਨਗੀ ਵੇਖ

	ਗੜ੍ਹਵਾਲੀ		ਪੰਜਾਬੀ ਰੂਪ
(ੳ)	ਹਮ ਜੌਲਾ	:	ਅਸੀਂ ਜਾਵਾਂਗੇ
(ਅ)	ਵਾ ਚਿਠੀ ਲਿਅਖਲੀ	:	ਉਹ (ਇਸਤ੍ਰੀ) ਚਿੱਠੀ ਲਿਖੇਗੀ
(ੲ)	ਹਮ ਸਬੀ ਇਸਕੂਲ ਚਲਲਾ	:	ਅਸੀਂ ਸਾਰੇ ਸਕੂਲ ਜਾਵਾਂਗੇ
(ਸ)	ਵੂ ਆਜ ਇਕ ਆਲੋ	:	ਉਹ ਅਜ ਏਥੇ ਆਵੇਗਾ

(2) ਸਲਾਣੀ (ਗੜ੍ਹਵਾਲੀ) ਵਿਚ ਦੰਤੀ /ਲ/ ਅਤੇ ਮੂਰਧਨੀ /ਲ਼/ ਦੋਵੇਂ ਮੌਜੂਦ ਹਨ। ਪੰਜਾਬੀ ਵਿਚ ਵੀ ਦੋਵੇਂ ਹਨ। ਪਰ ਹਿੰਦੀ ਵਿਚ ਸਿਰਫ ਦੰਤੀ /ਲ/ ਹੀ ਹੈ।

(3) ਸਲਾਣੀ ਸ਼ਬਦਾਂ ਦੀ ਆਦਿ-ਸਥਿਤੀ, ਤੇ ਅੰਤ-ਸਥਿਤੀ ਵਿਚ ਉਚੇ ਮੂਹਰਲੇ ਤੇ ਮਗਰਲੇ ਸੁਰਾਂ ਦਾ ਕਾਰਜੀ-ਭਾਰ ਬਹੁਤ ਘਟ ਹੈ।

(4) ਕ੍ਰਿਆਵੀ-ਨਾਂਵਾਂ (ਸੰਗਿਆਵਾਂ) ਦੇ ਅੰਤ ਵਿਚ /-ਣ/ ਪਿਛੇਤਰ ਜੁੜਦਾ ਹੈ। ਜਿਵੇਂ ਪੰਜਾਬੀ ਵਿਚ ਹੈ। ਪਰ ਹਿੰਦੀ ਦੇ ਕ੍ਰਿਆਵੀ ਨਾਂਵ /ਨ/ ਵਿਚ ਅੰਤ ਹੁੰਦੇ ਹਨ। ਸਪਸ਼ਟ ਹੈ ਕਿ ਸਲਾਣੀ (ਗੜ੍ਹਵਾਲੀ) ਵਿਚ /ਣ/ ਦੀ ਵਰਤੋਂ ਮਾਤਰਾ (ਕਾਰਜੀਭਾਰ) /ਨ/ ਨਾਲੋਂ ਕਿਤੇ ਵਧੇਰੇ ਹੈ।

(5) ਸਘੋਸ਼ ਮਹਾਪ੍ਰਾਣ-ਧੁਨੀਆਂ ਅਤੇ ਸੁਰਯੰਤਰੀ ਧੁਨੀ /ਹ/ ਦਾ ਵਰਤਾਰਾ ਪੰਜਾਬੀ ਦੀ ਟੋਨ-ਜੁਗਤ ਨਾਲ ਮਿਲਦਾ ਹੈ।

(6) ਸਲਾਣੀ (ਗੜ੍ਹਵਾਲੀ) ਬੋਲੀ-ਸਮੂਹ ਆਮ ਤੌਰ ਤੇ ਵਿਭਕਤੀ-ਮੂਲਕ ਹੈ। ਕਾਰਕਾਂ ਦੇ ਸੂਚਕ (ਮਾਰਕਰ) ਪਿਛੇਤਰੀ-ਚਿੰਨ੍ਹ ਆਮ ਤੌਰ ਤੇ ਨਾਂਵਾਂ ਤੇ ਪੜਨਾਂਵਾਂ ਦੇ ਨਾਲ ਹੀ ਵਿਲੀਨ ਹੁੰਦੇ ਹਨ। ਹਿੰਦੀ ਵਿਚ ਇਸ ਤੋਂ ਉਲਟ ਪਰਸਰਗਾਂ (post-positions = ਸੰਬੰਧਕ) ਨੂੰ ਕਾਰਕੀ-ਚਿੰਨ੍ਹਾਂ ਵਾਂਗੂ ਵਰਤਿਆ ਜਾਂਦਾ ਹੈ।

[Shridhar Prasad, *A Descriptive Grammar of Salani*, 1986, Patiala]

ਪੱਛਮੀ ਪਹਾੜੀ

ਪੱਛਮੀ ਪਹਾੜੀ ਬੋਲੀਆਂ ਦਾ ਭੂਗੋਲਿਕ ਵਿਸਤਾਰ ਹਿਮਾਚਲ ਪ੍ਰਦੇਸ਼ ਦੇ ਭਦ੍ਰਵਾਹ, ਚੰਬਾ, ਮੰਡੀ, ਜੌਨਸਰ, ਸ਼ਿਮਲਾ, ਚਕਰਾਤਾ ਆਦਿ ਤਕ ਉਪਲਬਧ ਹੈ। ਪੱਛਮੀ ਪਹਾੜੀ ਉਪਵਰਗ ਦੀਆਂ ਬੋਲੀਆਂ ਦਾ ਵਿਵਰਣ ਰੇਖਾ-ਚਿਤਰ ਵਿਚ ਦਰਜ ਹੈ। ਹਿਮਾਚਲ ਸਟੇਟ ਦੀ ਸਰਕਾਰੀ ਭਾਸ਼ਾ ਹਿੰਦੀ ਹੈ ਪਰ ਪਹਾੜੀ ਬੋਲੀਆਂ ਦਾ ਆਪਣਾ ਗੌਰਵ ਹੈ। ਏਥੇ ਲਿਪੀ ਟਾਕਰੀ ਹੈ ਜਿਸ ਦੇ ਲੰਡੇ, ਸਿਰਮੌਰੀ-ਟਾਕਰੀ ਤੇ ਬਸੋਹਰੀ-ਟਾਕਰੀ ਲਿਪੀ-ਭੇਦ ਹਨ। ਪੱਛਮੀ ਪਹਾੜੀ ਦੀਆਂ ਲਘੂ ਬੋਲੀਆਂ ਦਾ ਸੰਖੇਪ ਪਰਿਚੈ ਪੇਸ਼ ਹੈ।

ਜੌਨਸਾਰੀ ਬੋਲੀ ਨੂੰ ਗ੍ਰੀਅਰਸਨ ਨੇ ਪੱਛਮੀ ਪਹਾੜੀ ਉਪਵਰਗ ਵਿਚ ਰਖਿਆ ਹੈ, ਪਰ ਕਈ ਇਸ ਨੂੰ ਗੜ੍ਹਵਾਲੀ ਬੋਲੀ ਦੇ ਅੰਤਰਗਤ ਰਖਦੇ ਹਨ। ਸਿਰਮੌਰੀ ਜ਼ਿਲ੍ਹਾ ਸਿਰਮੌਰ ਦੀਆਂ ਨਾਹਨ, ਪਾਵਟਾ, ਰੈਣੁਕਾ, ਤੇ ਪੱਛਾਦ ਤਹਿਸੀਲਾਂ ਵਿਚ ਬੋਲੀ ਜਾਂਦੀ ਹੈ। ਪਾਵਟਾ ਦੀ ਸਿਰਮੌਰੀ ਉਤੇ ਅੰਬਾਲਵੀ ਬੋਲੀ ਦਾ ਪ੍ਰਭਾਵ ਹੈ। ਸਿਰਮੌਰੀ ਦੀ ਵੰਨਗੀ :

"ਠਾਡਾਂ ਪਾਣੀ ਬੂੜੀ ਚਾਨਣੀ ਰਾ ਪਾਥਰੋ ਰਾ ਨਾਲਾ। ਤੇਰੀ ਗੋਰੀਏ ਸੁਕਦਾ ਲਾਗਾ ਰੋਯ ਹਾਡੋ ਰੋ ਮਾਲਾ।" ਬਘਾਟੀ ਬੋਲੀ ਸੋਲਨ, ਕੰਡਾਘਾਟ, ਸਪੂਰਨ, ਧਰਮਪੁਰ,

ਕਸੌਲੀ, ਡਗਸ਼ਈ, ਸਪਾਠੂ ਤੇ ਕਾਲਕਾ ਵਿਚ ਪ੍ਰਚਲਿਤ ਹੈ । ਪੁਰਾਣੀ ਰਿਆਸਤ ਬਘਾਟ ਕਰਕੇ ਇਸ ਦਾ ਨਾਮ ਬਘਾਟੀ ਹੈ । *ਕੁਲੂਈ* ਬੋਲੀ ਦਾ ਕੇਂਦਰ ਕੁਲੂ ਇਲਾਕਾ ਹੈ । ਇਸ ਵਿਚ ਬਾਹਰੀ ਸਿਰਾਜੀ, ਅੰਦਰਲੀ ਸਿਰਾਜੀ, ਸੈਂਜੀ, ਕਨਾਸ਼ੀ (ਮਲਾਨਾ ਗਾਉਂ) ਤੇ ਖ਼ਾਸ ਕੁਲੂ ਦੀ ਬੋਲੀ ਸ਼ਾਮਲ ਹੈ । ਕੁਲੂ ਬੋਲੀ ਦੇ ਤਿੰਨ ਰੂਪ ਤਿੰਨ ਵਾਦੀਆ-ਰੂਪੀਵਾਦੀ, ਊਝੀਵਾਦੀ, ਲਗਵਾਦੀ-ਦੇ ਆਧਾਰ ਤੇ ਹਨ । ਊਝੀ ਵਾਦੀ ਦੀ ਬੋਲੀ ਪ੍ਰਤਿਨਿਧ ਕੁਲੂਈ ਹੈ । ਉਚਾਰਣ ਕਾਫੀ ਵਿਲੱਖਣ ਹੈ । /ਚ/ ਤਾਲਵੀ ਤੇ /ਚ਼/ ਊਸ਼ਮ ਦੋ ਧੁਨੀਮ ਚਾਂਬਣਾ (ਪਤੀਲਾ) ਤੇ ਚ਼ਾਂਬੜਾ (ਚਮੜਾ) ਵਿਚ ਵਿਰੋਧ ਰਖਦੇ ਹਨ । ਭਵਿਖਵਾਚੀ ਪਿਛੇਤਰ (-ਣਾ ~ ਣੀ) ਅਤੇ (-ਲ~ਲੀ) ਹਨ-ਯਥਾ : ਮੂੰ ਖਾਣਾ ~ ਕੁਣ ਜਾਲਾ =ਕੌਣ ਜਾਵੇਗਾ । *ਕਿਉਂਥਲੀ* ਸ਼ਿਮਲਾ ਖੇਤਰ ਦੀ ਪ੍ਰਮੁਖ ਬੋਲੀ ਹੈ । ਪੂਰਬ ਵਿਚ ਕੋਟੀ, ਛੱਪਰੌਤ, ਫਾਗੂ, ਮਧਾਣ, ਠਯੋਗ, ਤੇ ਮਤਯਾਣਾ, ਦੱਖਣ ਵਿਚ ਚੈਲ, ਸਕਰੌਲੀ ਤੇ ਤਹਿਸੀਲ ਕੁਸੁਮਟੀ ਦਾ ਹਿੱਸਾ, ਪੱਛਮ ਵਿਚ ਕੁੰਨਹਾਰ, ਮਾਂਗਲ, ਵਿੱਜਾ, ਭਠੋਹੜ, ਤਹਿਸੀਲ ਸੋਲਨ ਤੇ ਸ਼ਿਮਲੇ ਦਾ ਕੁਝ ਹਿੱਸਾ, ਤੇ ਉੱਤਰ ਵਿਚ ਭਰੌਲੀ ਤੇ ਤਹਿਸੀਲ ਸੁੰਨੀ ਦਾ ਕੁਝ ਹਿੱਸਾ ਕਿਉਂਥਲੀ ਦਾ ਖੇਤਰ ਹੈ । ਕਿਉਂਥਲੀ ਦੀ ਵੰਨਗੀ : "ਰਾਮਾ ਰਾਜਾ ਬਣਯਾ ਰੇ । ਕੁਛੇ ਦਿਣੇ ਬਾਦ ਇਣ ਰਾਮੇ ਆਪਣੇ ਔਰ ਸੀਤਾ ਰੇ ਬਾਰੇ ਕੁਛਕ ਗੱਲਾਂ ਸੁਣੀ । ਇਸ਼ਾ ਗੱਲਾਂ ਕੋਈ ਧੋਬੀ ਗਲਾਣ ਲਗੇ ਰੇ"।

ਮੰਡਿਆਲੀ-ਕਾਂਗੜੀ ਬੋਲੀ ਵਿਚ ਜ਼ਿਲ੍ਹਾ ਮੰਡੀ, ਜ਼ਿਲ੍ਹਾ ਬਿਲਾਸਪੁਰ ਦੀ ਕਹਲੂਰੀ ਬੋਲੀ ਅਤੇ ਕਾਂਗੜੇ ਦੀ ਬੋਲੀ ਸ਼ਾਮਲ ਹੈ । ਕਹਲੂਰੀ ਵਿਚ ਉ-ਅੰਤਕ (ਔਂਕੜ-ਅੰਤਕ) ਸ਼ਬਦਾਂ ਦੀ ਬਹੁਲਤਾ ਪਾਈ ਜਾਂਦੀ ਹੈ ਅਤੇ ਮੰਡਿਆਲੀ ਵਿਚ ਇ-ਅੰਤਕ/ਈ-ਅੰਤਕ ਸ਼ਬਦ ਅਧਿਕ ਹਨ-ਜਿਵੇਂ ਮੰਡਿਆਲੀ "ਕੇਥੀ ਚਲੀਰਾ ਤੂੰ", ਕਹਲੂਰੀ "ਕੁਥੂ ਚਲੂ ਰਾ ਤੂ" (ਪੰਜਾਬੀ· ਤੂੰ ਕਿਥੇ ਚਲਿਆ ਏਂ) *ਕਾਂਗੜੀ* ਨੂੰ ਗ੍ਰੀਅਰਸਨ ਨੇ ਪੰਜਾਬੀ ਦੀ ਉਪ-ਬੋਲੀ ਹੀ ਮੰਨਿਆ ਸੀ । *ਚੰਬਿਆਲੀ* ਜਾਂ ਚੰਮੇਆਲੀ ਚੰਬਾ ਦੇ ਆਸਪਾਸ ਬੋਲੀ ਜਾਂਦੀ ਹੈ । ਚੰਬਿਆਲੀ ਦੇ ਉੱਤਰ ਵਿਚ ਤਿੱਬਤੀ ਤੇ ਲਾਹੁਲੀ-ਕਿਰਾਤੀ, ਪੂਰਬ ਵਿਚ ਕੁਲੂਈ, ਦੱਖਣ ਵਿਚ ਕਾਂਗੜੀ, ਅਤੇ ਪੱਛਮ ਵਿਚ ਡੋਗਰੀ ਬੋਲੀ ਹੈ । ਚੰਬਾ ਇਲਾਕੇ ਵਿਚ ਉਰਦੂ, ਹਿੰਦੀ, ਕਸ਼ਮੀਰੀ ਤਿੱਬਤੀ ਦੀ ਵਰਤੋਂ ਹੁੰਦੀ ਹੈ । ਚੰਬਾ ਦੀਆਂ ਪ੍ਰਮੁੱਖ ਉਪ-ਬੋਲੀਆਂ ਹਨ—ਚੰਬਿਆਲੀ ਖ਼ਾਸ (proper) ਚੰਬਾ-ਗੱਦੀ (ਭਰਮੋਰੀ), ਚੁਰਾਹੀ, ਪੰਗਵਾਲੀ, ਭਟਿਆਲੀ । ਚੰਬਿਆਲੀ ਲਈ ਟਾਕਰੀ ਲਿਪੀ ਦਾ ਪ੍ਰਯੋਗ ਹੁੰਦਾ ਰਿਹਾ ਹੈ । ਚੰਬਿਆਲੀ ਉਤੇ ਪੰਜਾਬੀ, ਡੋਗਰੀ, ਕਾਂਗੜੀ ਦਾ ਬਹੁਤ ਪ੍ਰਭਾਵ ਹੈ । ਨਮੂਨਾ ਪ੍ਰਸਤੁਤ ਹੈ :

"ਕਪੜੇ ਧੋਣਾ ਨਾਲੇ ਛਮਛਮ ਰੋਵਾਂ ਕੁੰਜੂਆ, ਵਿਚ ਵਟਨ ਨਿਸ਼ਾਨੀ ਓ" (ਲੋਕ ਗੀਤ)

ਭਦ੍ਰਵਾਹੀ : ਚੰਬਾ ਤੇ ਪਾਂਗੀ ਦੇ ਉੱਤਰ-ਪੱਛਮ ਵਿਚ ਭਦ੍ਰਵਾਹੀ ਦਾ ਖੇਤਰ ਹੈ । ਇਸ ਤੋਂ ਪਾਰ ਕਸ਼ਮੀਰੀ ਸ਼ੁਰੂ ਹੁੰਦੀ ਹੈ । ਭਦ੍ਰਵਾਹੀ ਬੋਲੀ ਚੰਬਿਆਲੀ ਤੇ ਕਾਸਮੀਰੀ ਦੇ ਸੰਨ੍ਹ ਵਿਚ ਸਥਿਤ ਹੋਣ ਕਰਕੇ ਸੰਕ੍ਰਾਂਤੀ ਬੋਲੀ ਦਾ ਰੂਪ ਧਾਰਣ ਕਰਦੀ ਹੈ । ਭਦ੍ਰਵਾਹੀ ਬੋਲੀ-ਵਰਗ ਵਿਚ ਖ਼ਾਸ ਭਦ੍ਰਵਾਹੀ, ਭਲੇਸੀ, ਤੇ ਪਾਡਰੀ ਲਘੂ-ਬੋਲੀਆਂ ਸ਼ਾਮਲ ਹਨ ।

ਪਹਾੜੀ-ਬੋਲੀਆਂ ਤੇ ਪੰਜਾਬੀ

ਪਹਾੜੀ ਬੋਲੀਆ ਦੀ ਪੰਜਾਬੀ ਨਾਲ ਕਾਫੀ ਡੂੰਘੀ ਸਾਂਝ ਹੈ । ਭੂਗੋਲਿਕ ਤੌਰ ਤੇ ਪੰਜਾਬੀ ਦਾ ਖੇਤਰ ਪਹਾੜੀ ਬੋਲੀ ਖੇਤਰਾਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ । ਇਤਿਹਾਸਿਕ ਤੇ ਰਾਜਨੀਤਿਕ ਤੌਰ ਤੇ ਵੀ ਪੰਜਾਬੀਆਂ ਤੇ ਪਹਾੜੀ-ਲੋਕਾਂ ਦਾ ਮੇਲ ਜੋਲ ਹੁੰਦਾ ਰਿਹਾ

ਹੈ । ਪਹਿਲਾਂ ਪੰਜਾਬ ਦੀ ਰਾਜਨੀਤਿਕ ਸੀਮਾਬੰਦੀ ਸ਼ਿਮਲੇ ਤੋਂ ਅਗਾਹ ਤਕ ਪਸਰੀ ਹੋਈ ਸੀ । ਇਸ ਤੋਂ ਪਹਿਲਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬਹੁਤ ਸਾਰਾ ਪਹਾੜੀ ਇਲਾਕਾ ਸ਼ਾਮਲ ਸੀ । ਪੰਜਾਬੀਆਂ ਦੀਆ ਧਾਰਮਿਕ ਭਾਵਨਾਵਾਂ ਵੀ ਪਹਾੜੀ ਜਨ-ਜੀਵਨ ਨਾਲ ਜੁੜੀਆਂ ਹੋਈਆ ਹਨ ਕਿਉਂਕਿ ਬਹੁਤ ਸਾਰੇ ਪੰਜਾਬੀ ਹਿੰਦੂ ਸਰਧਾਲੂ ਮੰਦਰਾਂ ਦੇ ਦਰਸ਼ਨ-ਅਰਥ ਪਹਾੜੀ ਇਲਾਕਿਆ ਵਿਚ ਤੀਰਥ-ਯਾਤਰਾ ਲਈ ਜਾਂਦੇ ਰਹਿੰਦੇ ਹਨ । ਸਿਖ ਪੰਜਾਬੀ ਵੀ ਪਾਉਂਟਾ ਸਾਹਿਬ ਅਤੇ ਆਨੰਦਪੁਰ ਸਾਹਿਬ ਯਾਤਰਾ ਕਰਦੇ ਹਨ । ਜੀਵਨ-ਸ਼ੈਲੀ ਤਰਜ਼ੇ-ਜ਼ਿੰਦਗੀ ਵਿਚ ਪੰਜਾਬੀਆ ਤੇ ਪਹਾੜੀ ਲੋਕਾਂ ਦੀ ਕਾਫ਼ੀ ਸਾਂਝ ਹੈ ।

ਸਭ ਤੋਂ ਵੱਧ ਸਾਂਝ ਲਿਪੀ ਤੇ ਭਾਸ਼ਾ-ਪ੍ਰਯੋਗਾਂ ਵਿਚ ਮਿਲਦੀ ਹੈ । ਟਾਕਰੀ ਤੇ ਗੁਰਮੁਖੀ ਲਿਪੀ ਦਾ ਲਿਪੀ-ਸ੍ਰੋਤ ਸ਼ਾਰਦਾ ਲਿਪੀ ਹੈ । ਟਾਕਰੀ ਤੇ ਗੁਰਮੁਖੀ ਦੇ ਬਹੁਤੇ ਸਾਰੇ ਅੱਖਰ ਸਮਾਨ ਹਨ । ਭਾਸ਼ਾਤਮਕ ਪਖੋਂ ਪਹਾੜੀ ਬੋਲੀਆਂ ਦੀਆ ਵਿਵਿਧ ਸੰਰਚਨਾਵਾ ਵਿਚ ਪੰਜਾਬੀ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ । ਪੰਜਾਬੀ ਦੇ ਬਹੁਤ ਸਾਰੇ ਸ਼ਬਦਾਂ ਦਾ ਨਿਰਮਾਣ ਤੇ ਪ੍ਰਯੋਗ ਪਹਾੜੀ ਬੋਲੀਆਂ ਦੀ ਭਾਸ਼ਾਤਮਕ ਰਚਨਾ ਵਿਧੀ-ਵਿਉਂਤ ਅਨੁਸਾਰ ਹੋਇਆ ਹੈ ।

ਡਾ. ਗ੍ਰੀਅਰਸਨ (ਭਾਰਤੀ ਭਾਸ਼ਾ ਸਰਵੇਖਣ) ਕਾਂਗੜੀ ਤੇ ਡੋਗਰੀ ਨੂੰ ਪੰਜਾਬੀ ਦੀਆਂ ਉਪ-ਬੋਲੀਆਂ ਹੀ ਮੰਨਦਾ ਹੈ । ਹੁਣ ਡੋਗਰੀ ਨੂੰ ਸੁਤੰਤਰ ਭਾਸਾ ਦੇ ਤੌਰ ਤੇ ਕੇਂਦਰੀ ਸਾਹਿਤ੍ਯ ਅਕਾਦਮੀ ਦਿੱਲੀ ਸਵੀਕਾਰ ਕਰਦੀ ਹੈ । ਇਸ ਦੇ ਬਾਵਜੂਦ ਦੋਹਾ ਵਿਚ ਨਿਕਟ-ਨੇੜਤਾ ਵੇਖਣਯੋਗ ਹੈ । ਪੱਛਮੀ ਪਹਾੜੀ ਖ਼ਾਸ ਕਰਕੇ ਕਾਂਗੜੀ ਤੇ ਪੰਜਾਬੀ ਵਿਚ ਸਘੋਸ਼ ਮਹਾਪ੍ਰਾਣ ਧੁਨੀਆਂ /ਘ, ਝ, ਢ, ਧ, ਭ/ ਦਾ ਉੱਚਾਰਣ ਕਾਫੀ ਸਮਾਨ ਹੈ । ਵਿਅੰਜਨ ਦੇ ਦੁੱਤੀਕਰਣ (clustering of identical consonants) ਦੀ ਪ੍ਰਵਿਰਤੀ ਵੀ ਦੋਹਾ ਵਿਚ ਕਾਫੀ ਮਿਲਦੀ ਹੈ । ਮਿਸਾਲ ਵਜੋਂ :

ਸੰਸਕ੍ਰਿਤ ਧ੍ਵਜਾ (ਧ਼ਜਾ) → ਕਿਉਂਥਲੀ, ਧਜ੍ਜਾ ਪੰਜਾਬੀ ਧੱਜੀ (ਧੱਜੀ ਉਡਾਈ)
ਸੰ. ਅਦਯ (ਅਦ੍ਯ) → ਚੰਬਿਆਲੀ, ਮਟਿਆਲੀ, ਭਰਮੌਰੀ, ਪੰਗਵਾਲੀ, ਅਜ੍ਜ (ਪੰਜਾਬੀ : ਅੱਜ)

ਸ਼ਬਦ-ਆਦਿ ਸਥਿਤੀ ਵਿਚ ਸੁਰਾਂ ਦੇ ਲੋਪੀਕਰਣ ਦਾ ਵਰਤਾਰਾ ਪੰਜਾਬੀ ਤੇ ਪਹਾੜੀ (ਡੋਗਰੀ, ਕਾਂਗੜੀ) ਵਿਚ ਸਮਾਨ ਹੈ, ਜਿਵੇਂ : ਨਾਜ (ਅਨਾਜ), ਖਰੋਟ/ਖੋਟ (ਅਖਰੋਟ), ਲੈਚੀ/ਲਾਚੀ (ਇਲਾਇਚੀ), ਹਾੜ/ਹਾਢ (ਆਸ਼ਾਢ), ਮਸੋਸ/ਫਸੋਸ (ਅਫਸੋਸ), ਆਦਿ । /ਲ/ ਤੇ /ਲ਼/ ਦਾ ਵਿਰੋਧ (ਫੋਨੇਮਿਕ) ਪੰਜਾਬੀ ਤੇ ਪਰਬਤੀ ਬੋਲੀਆਂ ਵਿਚ ਬਹੁਤ ਹੀ ਮੇਲ ਰਖਦਾ ਹੈ । ਦੋਹਾਂ ਵਿਚ /ਣ/ ਦੀ ਅਧਿਕਤਾ ਹੈ– "ਪਾਣੀ" (ਪਹਾੜੀ, ਪੰਜਾਬੀ), ਪਰ ਹਿੰਦੀ "ਪਾਨੀ" । ਦੋਹਾ ਵਿਚ ਕ੍ਰਿਆਵੀ ਕ੍ਰਿਆ-ਮੂਲ ਣ-ਅੰਤਕ ਹਨ–ਚੂੰਟਣਾ (ਟੁੱਟਣਾ), ਭੋਲਣਾ (ਭੁੱਲਣਾ), ਵੇਸ਼ਣਾ (ਬੈਠਣਾ) ਸਾਰੇ ਇਕੋ ਪੈਟਰਨ ਵਿਚ ਣ-ਅੰਤਕ ਹਨ । ਕਾਂਗੜੀ ਆਦਿ ਪਹਾੜੀ ਬੋਲੀਆਂ ਅਤੇ ਪੰਜਾਬੀ ਵਿਚ ਵਰਤਮਾਨ ਕ੍ਰਿਦੰਤੀ ਰੂਪ ਮਿਲਦੇ ਹਨ ਜਿਵੇ 'ਗਲਾਂਦਾ' (ਕਹਿੰਦਾ), ਬਢਦਾ (ਕੱਟਦਾ), ਖੰਘਦਾ, ਖੁਣਦਾ (ਖੇਦਦਾ), ਲੁਕਿਦਾ (ਲੁਕਦਾ), ਗੱਲ ਕੀ, ਜੇਕਰ ਪੰਜਾਬੀ ਤੇ ਪਹਾੜੀ ਬੋਲੀਆ ਖਾਸ ਕਰ ਕੇ ਪੱਛਮੀ ਪਹਾੜੀ ਬੋਲੀਆਂ ਦੀਆਂ ਭਾਸ਼ਕ ਪਰਤਾ ਦਾ ਅਧਿਐਨ ਕੀਤਾ ਜਾਵੇ ਤਾਂ ਦੋਹਾਂ ਦੇ ਵਿਕਾਸ ਅਤੇ ਭਾਸ਼ਕ ਬਣਤਰਾਂ ਵਿਚ ਜਿਥੇ ਡੂੰਘੀ ਸਾਂਝ ਉਪਲਬਧ ਹੋ ਸਕਦੀ ਹੈ ਉਥੇ ਬਹੁਤ ਸਾਰੀਆ ਭਾਸ਼ਾਗਤ ਸਮੱਸਿਆਵਾਂ ਵੀ ਸੁਲਝ ਸਕਦੀਆਂ ਹਨ ।

ਅਧਿਆਏ 6 7

ਹਿੰਦੀ, ਉਰਦੂ, ਬਿਹਾਰੀ ਭਾਸ਼ਾ-ਵਰਗ ਅਤੇ ਪੰਜਾਬੀ

(1) ਹਿੰਦੀ

ਹਿੰਦੀ ਸ਼ਬਦ ਕਿਸ ਤਰ੍ਹਾਂ ਭਾਸ਼ਾ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ, ਇਸ ਦਾ ਵੀ ਇਕ ਲੰਮਾ ਇਤਿਹਾਸ ਹੈ। ਪ੍ਰਾਚੀਨ ਸਮੇਂ ਵਿਚ ਉੱਤਰੀ ਭਾਰਤ ਨੂੰ "ਭਾਰਤਖੰਡ" ਤੇ "ਜੰਬੂਦੀਪ" ਕਿਹਾ ਜਾਂਦਾ ਸੀ। ਪਰ ਸਾਡੇ ਦੇਸ਼ ਦਾ "ਹਿੰਦ" ਨਾਮ ਵਾਸਤਵ ਵਿਚ "ਸਿੰਧੂ" ਦਾ ਹੀ ਬਦਲਿਆ ਰੂਪ ਹੈ। ਇਰਾਨ ਤੇ ਫਾਰਸ ਦੇ ਨਿਵਾਸੀ ਸਿੰਧ ਨਦੀ ਦੇ ਕੰਢਿਆਂ ਦੇ ਵਸਨੀਕਾਂ ਨੂੰ ਹਿੰਦੂ ਅਤੇ ਉਨ੍ਹਾਂ ਇਲਾਕਿਆਂ ਨੂੰ "ਹਿੰਦ" ਕਹਿੰਦੇ ਸਨ ਕਿਉਂਕਿ ਫ਼ਾਰਸੀ ਵਿਚ 'ਸ' ਧੁਨੀ ਨੂੰ 'ਹ' ਵਿਚ ਬਦਲ ਦਿੱਤਾ ਜਾਂਦਾ ਹੈ। ਗ੍ਰੀਕ ਲੋਕਾਂ ਨੇ ਸਿੰਧੂ ਨਦੀ ਨੂੰ ਇੰਦੋਸ (Indos), ਏਥੋਂ ਦੇ ਨਿਵਾਸੀਆਂ ਨੂੰ ਇੰਦੋਈ (Indoi) ਅਤੇ ਇਲਾਕੇ ਨੂੰ ਇੰਦਿਕੇ ਜਾਂ ਇੰਦਿਕਾ (Indica) ਨਾਵਾਂ ਨਾਲ ਸੰਬੋਧਨ ਕੀਤਾ। ਇਹੋ Indos ਗ੍ਰੀਕ ਉਚਾਰਨ ਅੱਗੇ ਜਾ ਕੇ ਲੈਟਿਨ ਭਾਸ਼ਾ ਵਿਚ ਇੰਡੀਆ (India) ਬਣ ਗਿਆ। ਇਥੇ ਇਕ ਗੱਲ ਵਰਣਨਯੋਗ ਹੈ ਕਿ ਸ਼ੁਰੂ ਸ਼ੁਰੂ ਵਿਚ, ਕੋਈ ਪੰਜਵੀਂ-ਛੇਵੀਂ ਪੂਰਵ ਈਸਵੀ ਵਿਚ (ਢਾਈ ਹਜ਼ਾਰ ਸਾਲ ਪਹਿਲਾ) ਪੰਜਾਬ ਤੇ ਸਰਹੱਦੀ ਸੂਬੇ (ਹੁਣ ਜੋ ਪਾਕਿਸਤਾਨ ਵਿਚ ਹੈ) ਨੂੰ ਹੀ India ਕਿਹਾ ਜਾਂਦਾ ਸੀ। ਪਰ ਹੌਲੀ ਹੌਲੀ ਇਸ ਦੇ ਅਰਥ ਦਾ ਵਿਸਤਾਰ ਹੋਇਆ ਅਤੇ ਉਹ ਸੰਪੂਰਨ ਦੇਸ਼ ਲਈ ਵਰਤਿਆ ਜਾਣ ਲੱਗਾ।

ਸਿੰਧੂ ਦੇ ਵਿਦੇਸ਼ੀ ਉੱਚਾਰਣ ਨਾਲ ਬਣੇ 'ਹਿੰਦ' ਸ਼ਬਦ ਤੋਂ ਹੀ ਹਿੰਦੀ ਨਾਮ ਚਾਲੂ ਹੋਇਆ ਹੈ। ਸ਼ੁਰੂ ਸ਼ੁਰੂ ਵਿਚ ਹਿੰਦੀ ਸ਼ਬਦ ਦਾ ਇਕ ਅਰਥ "ਹਿੰਦ ਦੇਸ਼ ਦੇ ਨਿਵਾਸੀ" ਵੀ ਰਿਹਾ ਹੈ। ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ ਨੇ ਹਿੰਦੀ ਸਬਦ ਨੂੰ ਹਿੰਦਵਾਸੀ ਦੇ ਅਰਥ ਵਿਚ ਪ੍ਰਯੁਕਤ ਕੀਤਾ ਹੈ

"ਆਓ, ਹਿੰਦੀਓ ਰਲ ਛੋਹੀਏ ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ"।

ਇਉਂ ਵਿਦੇਸ਼ੀ ਮੁਸਲਮਾਨਾਂ ਨੇ ਸਾਡੇ ਇਸ ਦੇਸ਼ ਨੂੰ ਹਿੰਦ ਕਿਹਾ ਜਿਸ ਤੋਂ ਅੱਗੇ ਚਲ ਕੇ ਏਥੋਂ ਦੀ ਭਾਸ਼ਾ ਦਾ ਨਾਮ ਵੀ 'ਹਿੰਦੀ' ਜਾਰੀ ਹੋ ਗਿਆ। ਹਿੰਦੀ ਨਾਮਕਰਣ ਮੁਸਲਮਾਨਾਂ ਦੀ ਦੇਣ ਹੈ। ਇਹ ਬੜੀ ਦਿਲਚਸਪ ਗੱਲ ਹੈ ਕਿ ਅੱਜ ਵੀ ਪਾਕਿਸਤਾਨੀ ਪੰਜਾਬ ਦੇ ਉੱਤਰ ਪਛਮੀ ਸਰਹੱਦੀ ਇਲਾਕੇ ਵਿਚ ਪੰਜਾਬੀ ਦੀ ਇਕ ਬੋਲੀ "ਹਿੰਦਕੋ" ਬੋਲੀ ਜਾਂਦੀ ਹੈ। ਹਿੰਦੀ ਭਾਸ਼ਾ ਦੇ "ਹਿੰਦੀ" ਤੋਂ ਇਲਾਵਾ ਹੋਰ ਵੀ ਕਈ ਨਾਮ ਪ੍ਰਚਲਿਤ ਰਹੇ ਹਨ ਜਿਵੇਂ ਹਿੰਦੂਈ, ਹਿੰਦਵੀ, ਦੱਖਣੀ ਜਾਂ ਦੱਕਨੀ, ਹਿੰਦੁਸਥਾਨੀ, ਹਿੰਦੋਸਤਾਨੀ, ਰੇਖਤਾ, ਉਰਦੂ, ਖੜੀ ਬੋਲੀ ਆਦਿ।

ਹਿੰਦੀ : ਹਿੰਦੀ ਸ਼ਬਦ ਦੇ ਪ੍ਰਚਾਰ ਵਿਚ ਈਰਾਨੀਆਂ, ਯੂਨਾਨੀਆਂ, ਅਰਬੀਆਂ ਅਤੇ ਹੋਰ ਮੁਸਲਮਾਨਾਂ ਦਾ ਯੋਗਦਾਨ ਹੈ। ਪ੍ਰਾਚੀਨਤਾ ਦੀ ਦ੍ਰਿਸ਼ਟੀ ਤੋਂ ਹਿੰਦੀ ਭਾਸ਼ਾ ਦਾ ਇਹ

ਨਾਮ ਬੜਾ ਮਹੱਤਵਪੂਰਣ ਹੈ । ਭਾਰਤ ਦੇ ਇਤਿਹਾਸ ਵਿਚ ਗੰਗਾ-ਜਮਨਾ ਦਾ ਦੁਆਬ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ । ਹਿਮਾਲਾ ਤੇ ਵਿੰਧਿਆਚਲ ਪਰਬਤਾਂ ਦੇ ਦਰਮਿਆਨ ਦੀ ਧਰਤੀ ਨੂੰ ਭਾਰਤੀ ਇਤਿਹਾਸ ਵਿਚ "ਆਰਯਾਵਰਤ" ਕਿਹਾ ਗਿਆ ਹੈ । ਇਸ ਦੇ ਵਿੱਚ ਹੀ ਮੱਧ ਦੇਸ਼ ਹੈ ਜੋ ਭਾਰਤੀ ਸਭਿਅਤਾ ਤੇ ਸਭਿਆਚਾਰ ਦਾ ਕੇਂਦਰ ਹੈ । ਇਸੇ ਇਲਾਕੇ ਵਿਚ ਵਿਭਿੰਨ ਯੁਗਾਂ ਅੰਦਰ ਸੰਸਕ੍ਰਿਤ, ਪਾਲੀਭਾਸ਼ਾ, ਸੌਰਸੈਨੀ ਪ੍ਰਾਕ੍ਰਿਤ ਅਤੇ ਸ਼ੌਰਸ਼ੈਨੀ ਅਪਭ੍ਰੰਸ਼ ਭਾਸ਼ਾਵਾਂ ਤਰਤੀਬਵਾਰ ਪ੍ਰਫੁਲਤ ਹੋਈਆਂ ਹਨ । ਬੋਲਚਾਲ ਦੀ ਸ਼ੌਰਸੈਨੀ ਅਪਭ੍ਰੰਸ਼ ਭਾਸ਼ਾ ਹੀ ਅੱਗੇ ਚਲ ਕੇ ਹਿੰਦੀ ਦੇ ਰੂਪ ਵਿਚ ਰੂਪਾਂਤਰਿਤ ਹੋ ਗਈ ਹੈ । ਹਿੰਦੀ ਉੱਤੇ ਪੰਜਾਬੀ ਦਾ ਵੀ ਕਾਫ਼ੀ ਪ੍ਰਭਾਵ ਹੈ । [ਉਦੈ ਨਾਰਾਯਣ ਤਿਵਾਰੀ, 184] ਹਿੰਦੀ, ਹਿੰਦੂਆਂ ਤੇ ਮੁਸਲਮਾਨਾ ਦਾ ਸਾਂਝਾ ਵਿਰਸਾ ਹੈ । ਆਰਯ ਸਮਾਜ ਦੇ ਬਾਨੀ ਮਹਾਂਰਿਸ਼ੀ ਦਯਾਨੰਦ ਸਰਸਵਤੀ ਨੇ ਇਸੇ ਭਾਸ਼ਾ ਨੂੰ ਆਰਯ-ਭਾਸ਼ਾ ਦਾ ਨਾਮ ਦਿੱਤਾ ਹੈ ।

ਹਿੰਦਵੀ ਜਾਂ ਹਿੰਦੁਈ : ਹਿੰਦਵੀ ਦਿੱਲੀ ਦੇ ਆਸ-ਪਾਸ ਦੀ ਭਾਸ਼ਾ ਸੀ ਜਿਸ ਨੂੰ ਹਿੰਦੂ ਕਾਰ-ਵਿਵਹਾਰ ਵਿਚ ਵਰਤਦੇ ਸਨ ਅਤੇ ਜਿਸ ਵਿਚ ਫ਼ਾਰਸੀ-ਅਰਬੀ ਦੇ ਸ਼ਬਦਾਂ ਦੀ ਅਣਹੋਂਦ ਸੀ । ਭਾਸ਼ਾ ਦੇ ਅਰਥ ਵਿਚ ਹਿੰਦਵੀ ਸ਼ਬਦ ਹਿੰਦੀ ਤੋਂ ਪੁਰਾਣਾ ਹੈ । ਅਮੀਰ ਖੁਸਰੋ ਦੇ ਕਲਾਮ ਵਿਚ ਹਿੰਦਵੀ ਸ਼ਬਦ ਮਿਲਦਾ ਹੈ "ਤੁਰਕ ਹਿੰਦੁਸਤਾਨੀਯਮ ਮਨ ਹਿੰਦਵੀ ਗੋਯਮ ਜਵਾਬ" (ਮੈਂ ਹਿੰਦੁਸਤਾਨੀ ਤੁਰਕ ਹਾਂ, ਹਿੰਦੁਈ ਵਿਚ ਜਵਾਬ ਦੇਂਦਾ ਹਾਂ (ਤਰਜਮਾ) ।

ਦੱਖਿਨੀ, ਦੱਖਨੀ ਜਾਂ ਦਕਨੀ : ਇਨ੍ਹਾਂ ਦੇ ਦੋ ਅਰਥ ਹਨ, ਇਕ ਅਰਥ ਹੈ ਦੱਖਣ-ਨਿਵਾਸੀ ਮੁਸਲਮਾਨ ਅਤੇ ਦੂਜਾ ਅਰਥ ਹੈ ਦੱਖਣੀ ਭਾਸ਼ਾ । ਹਾਬਸਨ-ਜਾਬਸਨ ਡਿਕਸ਼ਨਰੀ [1886 ਈ.] ਵਿਚ ਲਿਖਿਆ ਹੈ ਕਿ ਦੇਕਨੀ ਹਿੰਦੁਸਤਾਨ ਦੀ ਇਕ ਅਦਭੁੱਤ ਭਾਸ਼ਾ ਹੈ ਜਿਸ ਨੂੰ ਦੱਖਣੀ ਮੁਸਲਮਾਨ ਬੋਲਦੇ ਹਨ । ਦੱਖਣੀ, ਹਿੰਦੀ ਦੀ ਹੀ ਇਕ ਸ਼ੈਲੀ ਹੈ ।

ਹਿੰਦੋਸਤਾਨੀ : ਹਿੰਦੋਸਤਾਨੀ ਨਾਮ ਯੂਰਪੀ ਲੋਕਾਂ ਦੀ ਦੇਣ ਹੈ । ਇਸ ਦੇ ਤਿੰਨ ਅਰਥ ਪ੍ਰਚਲਿਤ ਰਹੇ–ਪਹਿਲਾ ਹਿੰਦੁਸਤਾਨ ਦੇ ਵਾਸੀ, ਦੂਜਾ ਹਿੰਦੀ ਭਾਸ਼ਾ ਅਤੇ ਤੀਜਾ ਉਰਦੂ ਭਾਸ਼ਾ । ਸ਼ੁਰੂ ਸ਼ੁਰੂ ਵਿਚ *ਹਿੰਦੋਸਤਾਨੀ* ਦਾ ਭਾਂਵ ਹਿੰਦੁਸਤਾਨ ਦੀ ਭਾਸ਼ਾ ਜਾਂ ਹਿੰਦੀ ਹੀ ਸੀ । ਪੰ. ਲਲਿਤਾ ਪ੍ਰਸਾਦ ਸ਼ੁਕਲ ਨੇ ਆਪਣੇ ਪ੍ਰਸਿੱਧ ਲੇਖ "ਯਹ ਬਦਨਾਮ ਹਿੰਦੁਸਤਾਨੀ" ਵਿਚ ਇਹ ਸਪਸ਼ਟ ਕੀਤਾ ਹੈ ਕਿ ਜਦੋਂ ਬਾਬਰ ਨੇ ਦੌਲਤ ਖਾਂ ਲੋਦੀ ਉੱਤੇ ਫਤਿਹ ਹਾਸਲ ਕੀਤੀ ਅਤੇ ਜਦੋਂ ਲੋਧੀ ਨੂੰ ਬਾਬਰ ਦੇ ਸਾਹਮਣੇ ਪੇਸ਼ ਕੀਤਾ ਤਾਂ ਇਕ ਦੁਭਾਸ਼ੀਏ ਰਾਹੀਂ ਹਿੰਦੁਸਤਾਨੀ ਜ਼ਬਾਨ ਵਿਚ ਬਾਬਰ ਨੇ ਲੋਦੀ ਨੂੰ ਸਮਝਾਇਆ । (Memoirs of Babur, Lucas). ਇਸ ਦਾ ਮਤਲਬ ਹੈ ਕਿ ਤੁਰਕਾਂ ਤੇ ਈਰਾਨੀਆਂ ਦੇ ਯੁਗ ਵਿਚ ਹਿੰਦੁਸਤਾਨ ਦੀ ਭਾਸ਼ਾ ਦੇ ਅਰਥ ਵਿਚ ਹਿੰਦੁਸਤਾਨੀ ਜਾਂ ਹਿੰਦੋਸਤਾਨੀ ਨਾਮ ਪ੍ਰਚਲਿਤ ਹੋ ਚੁਕਿਆ ਸੀ । ਸ਼ੁਰੂ ਵਿਚ ਹਿੰਦੋਸਤਾਨੀ ਨਾਮ ਹਿੰਦੀ ਦਾ ਸਮਾਨਾਰਥਕ ਸੀ ਪਰ 19ਵੀਂ ਸਦੀ ਵਿਚ ਇਹ ਉਰਦੂ-ਵਾਚਕ ਬਣ ਗਿਆ । ਅੰਗ੍ਰੇਜ਼ਾਂ ਨੇ ਹਿੰਦੂ-ਮੁਸਲਮਾਨਾ ਵਿਚ ਪਾੜਾ ਪੈਦਾ ਕਰਨ ਦੇ ਰਾਜਨੀਤਿਕ ਉਦੇਸ਼ ਨਾਲ ਉਰਦੂ ਨੂੰ ਬਢਾਵਾ ਦੇਣਾ ਸ਼ੁਰੂ ਕੀਤਾ ਅਤੇ ਹਿੰਦੀ-ਉਰਦੂ ਦੀ ਸਮਸਿਆ ਨੂੰ ਹੋਰ ਤਿਖੇਰਾ ਕਰਨ ਲਈ ਚਾਲਾਂ ਚੱਲੀਆ । ਭਾਰਤ ਵਿਚ ਸਥਾਪਿਤ ਯੂਰਪੀਅਨ ਸਕੂਲਾਂ ਤੇ ਕਾਲਜਾਂ, ਮਿਸ਼ਨਰੀਆਂ, ਕਚਹਿਰੀਆਂ ਤੇ ਹੋਰ ਅਦਾਰਿਆਂ ਵਿਚ ਅੰਗ੍ਰੇਜ਼ਾਂ ਨੇ ਉਰਦੂ ਨੂੰ ਹੀ ਪ੍ਰੋਤਸਾਹਨ ਦਿੱਤਾ । ਡਾ. ਗ੍ਰੀਅਰਸਨ (Linguistic Survey of India,

Vol. 1X, Part 1, p-4) ਨੇ ਵੀ ਉਰਦੂ-ਹਿੰਦੀ ਦੇ ਇਸ ਫ਼ਰਕ ਨੂੰ ਸਵੀਕਾਰ ਕਰਕੇ ਦੋਹਾਂ ਦੀ ਵੱਖ-ਵੱਖ ਪਰਿਭਾਸ਼ਾ ਪੇਸ਼ ਕੀਤੀ। ਅਗੇ ਚਲ ਕੇ ਮਹਾਤਮਾ ਗਾਂਧੀ ਨੇ ਕਾਂਗ੍ਰਸ ਵਿਚ ਹਿੰਦੂ-ਮੁਸਲਮਾਨਾਂ ਦਾ ਸਾਂਝਾ ਸਹਿਯੋਗ ਮਜ਼ਬੂਤ ਕਰਨ ਦੇ ਮਨੋਰਥ ਨਾਲ ਹਿੰਦੀ ਤੇ ਉਰਦੂ ਦੀ ਥਾਂ ਹਿੰਦੋਸਤਾਨੀ ਨੂੰ ਸਵੀਕਾਰਿਆ ਤੇ ਪ੍ਰਚਾਰਿਆ। ਪਰੰਤੂ, ਹਿੰਦੀ-ਉਰਦੂ ਦਾ ਇਹ ਪਾੜ੍ਹਾ ਵਧਦਾ ਹੀ ਗਿਆ ਅਤੇ ਹਿੰਦੀ ਲਈ "ਰਾਸ਼ਟਰ ਭਾਸ਼ਾ ਪ੍ਰਚਾਰ ਸਮਿਤੀ" ਅਤੇ ਉਰਦੂ ਲਈ "ਅੰਜੁਮਨ ਤਰੱਕੀਏ ਉਰਦੂ" ਸਥਾਪਿਤ ਹੋ ਗਈਆਂ।

ਰੇਖ਼ਤਾ : ਮੂਲ ਰੂਪ ਵਿਚ ਇਹ ਸ਼ਬਦ ਫ਼ਾਰਸੀ ਦੇ 'ਰੇਖ਼ਤਨ' ਮਸਦਰ ਤੋਂ ਬਣਿਆ ਹੈ ਜਿਸ ਦਾ ਅਰਥ ਰਚਣਾ, ਬਣਾਉਣਾ, ਦੋ ਧਾਤਾਂ ਨੂੰ ਮਿਲਾਉਣਾ, ਆਦਿ ਹੁੰਦਾ ਹੈ। ਸੰਸਕ੍ਰਿਤ ਦੀ 'ਰਿਚ' ਧਾਤੂ ਅਤੇ ਫ਼ਾਰਸੀ ਦਾ 'ਰੇਖ਼ਤਨ' ਮਸਦਰ ਮੁੱਢੋਂ ਇਕ ਹਨ। ਰਿਚ ਦਾ ਅਰਥ ਡੇਗਣਾ, ਅਲਗਾਨਾ ਆਦਿ ਹੁੰਦਾ ਹੈ। ਲੈਟਿਨ, ਗ੍ਰੀਕ ਆਦਿ ਕਲੈਸੀਕਲ ਭਾਸ਼ਾਵਾਂ ਵਿਚ ਇਹ ਧਾਤੂ ਹੈ। ਰੇਖ਼ਤਾ ਦਾ ਫ਼ਾਰਸੀ ਵਿਚ ਅਰਥ ਡਿਗਿਆ ਹੋਇਆ ਜਾਂ ਡੇਗ ਕੇ ਬਣਾਇਆ ਹੋਇਆ ਢੇਰ ਆਦਿ ਹੈ। ਭਾਰਤ ਵਿਚ ਰੇਖ਼ਤਾ ਸ਼ਬਦ ਦਾ ਪ੍ਰਯੋਗ ਪਹਿਲਾਂ ਛੰਦ ਤੇ ਸੰਗੀਤ ਤੇ ਖੇਤਰ ਵਿਚ ਹੋਇਆ। ਇਨ੍ਹਾਂ ਦੋਹਾਂ ਖੇਤਰਾਂ ਵਿਚ ਇਸ ਵਿਚ ਮਿਲਣ ਜਾਂ ਮਿਸ਼੍ਰਣ ਦਾ ਭਾਵ ਹੈ। ਫ਼ਾਰਸੀ ਅਤੇ ਭਾਰਤੀ ਪੱਧਤੀ ਨੂੰ ਮਿਲਾਕੇ ਇਨ੍ਹਾਂ ਨੂੰ ਬਣਾਇਆ ਗਿਆ।

ਨਾਲ ਹੀ ਅਜਿਹੇ ਛੰਦਾਂ ਨੂੰ ਵੀ ਰੇਖ਼ਤਾ ਕਿਹਾ ਗਿਆ ਜਿਸ ਵਿਚ ਕੁਝ ਅੰਸ਼ ਫ਼ਾਰਸੀ ਦਾ ਅਤੇ ਕੁਝ ਹਿੰਦੀ ਦਾ ਹਵੇ ਜਿਵੇਂ ਖੁਸਰੋ ਦੀ ਪ੍ਰਸਿੱਧ ਪੰਗਤੀ ਹੈ :

"ਜ਼ਹਾਲ ਮਸਕੀਂ ਮਕੁਨ ਤਗ਼ਾਫ਼ੁਲ,
ਦੁਰਾਯ ਨੈਨਾ ਬਨਾਯ ਬਤਿਯਾਂ।
ਸਖੀ ਪੀਆ ਕੋ ਮੈਂ ਨ ਦੇਖੂੰ,
ਤੋ ਕੈਸੇ ਕਾਟੂੰ ਘੇ ਕਾਲੀ ਰਤਿਯਾਂ।"

ਅੱਗੇ ਚਲਕੇ ਮਿਸ਼੍ਰਣ ਦੇ ਲਿਹਾਜ਼ ਨਾਲ 1700 ਤੋਂ ਕੁਝ ਪਹਿਲਾਂ ਅਤੇ 1800 ਤੋਂ ਕੁਝ ਬਾਅਦ ਦੀ ਉਰਦੂ ਦੀ ਕਾਵਿ-ਭਾਸ਼ਾ ਨੂੰ 'ਰੇਖ਼ਤਾ' ਕਿਹਾ ਗਿਆ। ਇਸ ਵਿਚ ਹਿੰਦੀ ਵਿਆਕਰਣ ਵਿਚ ਅਰਬੀ-ਫ਼ਾਰਸੀ ਸ਼ਬਦਾਂ ਦਾ ਮਿਸ਼੍ਰਣ ਸੀ। ਗ਼ਾਲਿਬ ਅਤੇ ਉਨ੍ਹਾਂ ਦੇ ਪਹਿਲੋਂ ਦੇ ਬਹੁਤੇ ਕਵੀਆਂ ਨੇ ਇਸੇ ਅਰਥ ਵਿਚ 'ਰੇਖ਼ਤਾ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਹਿੰਦੀ ਦੇ ਵੀ ਬਹੁਤ ਸਾਰੇ ਕਵੀਆਂ ਨੇ ਰੇਖ਼ਤਾ ਦਾ ਪ੍ਰਯੋਗ ਮਿਸ਼੍ਰਣ ਛੰਦ, ਮਿਸ਼੍ਰਿਤ ਭਾਸ਼ਾ ਜਾਂ ਮਿਸ਼੍ਰਿਤ ਰਾਗ ਦੇ ਅਰਥ ਵਿਚ ਕੀਤਾ (ਜਿਵੇਂ ਆਲਮ, ਪਲਟੂ, ਤੁਲਸੀ, ਬੁਲਾ ਸਾਹਿਬ, ਗੁਲਾਲ, ਗਰੀਬ ਦਾਸ, ਦਰਿਆ ਦਾਸ, ਭੀਖਾ ਦਾਸ) ਰੇਖ਼ਤਾ ਦੇ ਆਧਾਰ ਤੇ ਹੀ ਔਰਤਾਂ ਦੀ ਭਾਸ਼ਾ ਰੇਖ਼ਤੀ ਅਖਵਾਈ। (ਭੋਲਾ ਨਾਥ ਤਿਵਾਰੀ "ਭਾਸ਼ਾ ਵਿਗਿਆਨ ਕੋਸ਼" [ਪੰਨਾ 567]। ਭਾਈ ਕਾਹਨ ਸਿੰਘ ਨੇ ਲਿਖਿਆ ਹੈ– ਰੇਖ਼ਤਾ (ਫ਼ਾਰਸੀ ਰੇਖ਼ਤਹ) ਪ੍ਰਾਕ੍ਰਿਤ ਭਾਸ਼ਾ ਦੀ ਕਵਿਤਾ ਖ਼ਾਸ ਕਰਕੇ ਫ਼ਾਰਸੀ ਹਿੰਦੀ ਪਦ ਵਿਚ ਛੰਦ ਵਿਚ ਮਿਲੇ ਹੋਣ ਉਸ ਦੀ ਇਹ ਸੰਗਯਾ ਹੈ। ਇਸੇ ਨੇਮ ਅਨੁਸਾਰ ਪਹਿਲੋ ਚੰਡੀ ਚਰਿਤ੍ਰ ਦੇ ਕਬਿੱਤ (ਮਨਹਰ) ਨੂੰ ਰੇਖ਼ਤਾ ਲਿਖਿਆ ਹੈ, ਯਥਾ

ਕਹੀ ਹੈ ਹਕੀਕਤ ਮਾਲੂਮ ਖ਼ੁਦ ਦੇਵੀ ਸੇਤੀ
ਲੀਆ ਮਹਿਖਾਸਰ ਹਮਾਰਾ ਛੀਨ ਧਾਮ ਹੈ।

ਕੀਜੈ ਸੋਈ ਮਾਤ ਬਾਤ ਤੁਮਕੋ ਸੁਹਾਤ, ਸਭ
ਸੇਵਕ ਕਦੀਮ ਤਕ ਆਏ ਤੇਰੀ ਸਾਮ ਹੈ ।

(ਭਾਈ ਕਾਹਨ ਸਿੰਘ : ਮਹਾਨ ਕੋਸ਼)

ਹਿੰਦੀ ਦਾ ਖੇਤਰ

ਆਧੁਨਿਕ ਭਾਰਤੀ-ਆਰੀਆ ਭਾਸਾਵਾਂ ਵਿਚ ਹਿੰਦੀ ਇਕ ਪ੍ਰਮੁਖ ਭਾਸ਼ਾ ਹੈ । ਭਾਰਤੀ ਸੰਵਿਧਾਨ ਦੇ ਅਨੁਸਾਰ ਹਿੰਦੀ Lingua Franca (ਰਾਸ਼ਟਰੀ ਭਾਸਾ) ਹੈ । ਹਿੰਦੀ ਭਾਸ਼ਾ ਦੇ ਖੇਤਰ ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ, ਦਿੱਲੀ, ਉੱਤਰ ਪ੍ਰਦੇਸ, ਮੱਧ ਪ੍ਰਦੇਸ਼ ਅਤੇ ਬਿਹਾਰ ਪ੍ਰਾਂਤ ਹਨ । ਜਾਰਜ ਗ੍ਰੀਅਰਸਨ ਨੇ ਬਿਹਾਰੀ, ਰਾਜਸਥਾਨੀ ਅਤੇ ਹਿਮਾਚਲੀ ਆਦਿ ਪਹਾੜੀ ਬੋਲੀਆਂ ਨੂੰ ਸੁਤੰਤਰ ਰੂਪ ਵਿਚ ਵਰਣਨ ਕੀਤਾ ਹੈ ਅਤੇ ਕੇਂਦਰੀ ਸਾਹਿਤਯ ਅਕਾਦਮੀ ਦਿੱਲੀ ਨੇ ਰਾਜਸਥਾਨੀ, ਮੈਥਿਲੀ (ਬਿਹਾਰੀ) ਭਾਸ਼ਾਵਾਂ ਦੇ ਸਾਹਿਤਕਾਰਾਂ ਨੂੰ ਪੁਰਸਕ੍ਰਿਤ ਕਰਨ ਲਈ ਆਪਣਾ ਵਿਧਾਨ ਵੀ ਬਣਾਇਆ ਹੈ ਪਰ ਉਪਰੋਕਤ ਸੱਤ ਰਾਜਾਂ ਵਿਚ ਹਿੰਦੀ ਹੀ ਰਾਜ ਭਾਸ਼ਾ ਵਜੋਂ ਪ੍ਰਵਾਣਿਤ ਹੈ ।

ਇਸ ਵਿਸਾਲ ਖੇਤਰ ਵਿਚ ਹਿੰਦੀ ਦੀਆਂ ਪੰਜ ਉਪ-ਭਾਸਾਵਾ ਹਨ ਅਤੇ 17 ਲਘੂ ਬੋਲੀਆਂ ਹਨ

ਹਿੰਦੀ ਦੀਆ ਉਪ-ਭਾਸ਼ਾਵਾ ਤੇ ਬੋਲੀਆ

ਉਪ-ਭਾਸ਼ਾਵਾਂ	*ਬੋਲੀਆਂ*
1. ਪੱਛਮੀ ਹਿੰਦੀ	1. ਖੜੀ ਬੋਲੀ ਜਾਂ ਕੌਰਵੀ
	2. ਬ੍ਰਜ ਭਾਸ਼ਾ
	3. ਹਰਿਆਣਵੀ
	4. ਬੁੰਦੇਲੀ
	5. ਕੰਨੌਜੀ
2. ਪੂਰਬੀ ਹਿੰਦੀ	1. ਅਵਧੀ
	2. ਬਘੇਲੀ
	3. ਛੱਤੀਸਗੜ੍ਹੀ
3. ਰਾਜਸਥਾਨੀ	1. ਪੱਛਮੀ ਰਾਜਸਥਾਨੀ (ਮਾਰਵਾੜੀ)
	2. ਪੂਰਬੀ ਰਾਜਸਥਾਨੀ (ਜੈਪੁਰੀ)
	3. ਉੱਤਰੀ ਰਾਜਸਥਾਨੀ (ਮੇਵਾੜੀ)
	4. ਦਕਸ਼ਿਣੀ ਰਾਜਸਥਾਨੀ (ਮਾਲਵੀ)
4. ਪਹਾੜੀ	1. ਪੱਛਮੀ ਪਹਾੜੀ
	2. ਮੱਧਵਰਤੀ ਪਹਾੜੀ (ਕੁਮਾਊਂਨੀ, ਗੜ੍ਹਵਾਲੀ)
5. ਬਿਹਾਰੀ	1. ਭੋਜਪੁਰੀ
	2. ਮਗਹੀ
	3. ਮੈਥਿਲੀ

ਹਿੰਦੀ ਦੀਆਂ ਬੋਲੀਆਂ ਦਾ ਹੁਣ ਸੰਖੇਪ ਪਰਿਚਯ ਦਿਤਾ ਜਾਂਦਾ ਹੈ :

ਖੜੀ ਬੋਲੀ ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਕੀਤੀ ਜਾਂਦੀ ਹੈ । ਇਕ ਤਾਂ ਸਾਹਿਤਿਕ ਹਿੰਦੀ ਦੇ ਅਰਥ ਵਿਚ ਦੂਜੇ ਦਿੱਲੀ-ਮੇਰਠ ਦੇ ਆਸਪਾਸ ਦੀ ਲੋਕ ਬੋਲੀ ਦੇ ਅਰਥ ਵਿਚ । ਇਸ ਨੂੰ (high Hindi) ਅਤੇ ਕੌਰਵੀ ਵੀ ਕਿਹਾ ਜਾਂਦਾ ਹੈ । ਇਸ

ਇਲਾਕੇ ਦਾ ਪ੍ਰਾਚੀਨ ਨਾਮ "ਕੁਰੂ" ਸੀ। ਕੁਰੂ ਤੋਂ ਹੀ (ਤੱਧਿਤ ਪ੍ਰਤਿਐ ਜੋੜ ਕੇ) ਕੌਰਵੀ ਨਾਮ ਸੁਝਾਇਆ ਗਿਆ ਹੈ। ਹਿੰਦੀ, ਉਰਦੂ ਹਿੰਦੋਸਤਾਨੀ ਤੇ ਦੱਖਣੀ ਉਰਦੂ ਕੁਝ ਹਦ ਤਕ ਇਸੇ ਲੋਕ ਬੋਲੀ "ਖੜੀ ਬੋਲੀ" 'ਤੇ ਆਧਾਰਿਤ ਹਨ।

ਬ੍ਰਜ ਭਾਸ਼ਾ : ਬ੍ਰਜ ਪ੍ਰਦੇਸ਼ ਦੀ ਬੋਲੀ ਹੈ। ਇਹ ਮਥੁਰਾ, ਆਗਰਾ, ਅਲੀਗੜ੍ਹ, ਧੌਲਪੁਰ, ਮੈਨਪੁਰੀ, ਏਟਾ, ਬਦਾਯੂੰ, ਬਰੇਲੀ ਤੇ ਨੇੜੇ ਤੇੜੇ ਦੇ ਖੇਤਰਾਂ ਵਿਚ ਬੋਲੀ ਜਾਂਦੀ ਹੈ। ਇਸ ਵਿਚ ਬਹੁਤ ਸਾਹਿੱਤ ਹੈ। ਸੂਰਦਾਸ, ਨੰਦਦਾਸ, ਰਹੀਮ, ਰਸਖਾਨ, ਬਿਹਾਰੀ, ਦੇਵ, ਰਤਨਾਕਰ ਆਦਿ ਇਸ ਦੇ ਪ੍ਰਮੁਖ ਕਵੀ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਦਸ਼ਮ ਗ੍ਰੰਥ ਦੀ ਪ੍ਰਮੁਖ ਭਾਸ਼ਾ ਬ੍ਰਜਭਾਸ਼ਾ ਹੀ ਹੈ। ਭਾਈ ਸੰਤੋਖ ਸਿੰਘ ਦੇ ਵਡ-ਆਕਾਰੀ ਮਹਾਕਾਵਿ "ਸੂਰਜ ਪ੍ਰਕਾਸ਼" "ਨਾਨਕ ਪ੍ਰਕਾਸ਼" ਬ੍ਰਜ ਭਾਸ਼ਾ ਦੀਆਂ ਅਦੁਤੀ ਕ੍ਰਿਤੀਆਂ ਹਨ। ਰਿਆਸਤ ਪਟਿਆਲਾ, ਰਿਆਸਤ ਨਾਭਾ ਦੇ ਬਹੁਤ ਸਾਰੇ ਦਰਬਾਰੀ ਕਵੀ ਬ੍ਰਜ ਭਾਸ਼ਾ ਵਿਚ ਹੀ ਲਿਖਦੇ ਰਹੇ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਬ੍ਰਜ ਭਾਸ਼ਾ ਵਿਚ ਹੀ ਰਚੀ ਗਈ ਹੈ।

ਹਿੰਦੀ ਸਾਹਿੱਤ ਦੇ ਇਤਿਹਾਸ ਵਿਚ ਬ੍ਰਜਭਾਸ਼ਾ ਅਤੇ ਖੜੀ ਬੋਲੀ (ਹਿੰਦੀ) ਦੇ ਦਰਮਿਆਨ ਕਾਫ਼ੀ ਚਿਰ ਤਕ ਵਾਦ-ਵਿਵਾਦ ਚਲਦਾ ਰਿਹਾ ਹੈ।

ਬਾਂਗਰੂ (ਹਰਿਆਣਵੀ) : ਹਰਿਆਣਾ ਪ੍ਰਾਂਤ ਦੀ ਲੋਕ ਭਾਸ਼ਾ ਹੈ। ਇਸ ਵਿਚ ਲੋਕ ਸਾਹਿੱਤ ਹੈ।

ਬੁੰਦੇਲੀ : ਬੁੰਦੇਲੀ ਭੂ-ਖੰਡ ਦੀ ਲੋਕ ਬੋਲੀ ਹੈ। ਝਾਂਸੀ, ਛਤਰਪੁਰ ਸਾਗਰ ਆਦਿ ਦੇ ਲਾਗੇ ਚਾਗੇ ਦੇ ਇਲਾਕੇ ਨੂੰ ਬੁੰਦੇਲਖੰਡ ਕਹਿੰਦੇ ਹਨ। ਬੁੰਦੇਲੀ ਬੋਲੀ ਦੇ ਖੇਤਰ ਵਿਚ ਝਾਂਸੀ, ਜਾਲੌਨ, ਹਮੀਰਪੁਰ, ਗਵਾਲੀਅਰ, ਭੂਪਾਲ, ਓਰਛਾ, ਸਾਗਰ ਨਰਸਿੰਘ ਪੁਰ, ਸਿਵਨੀ, ਹੋਸ਼ੰਗਾਬਾਦ ਸ਼ਾਮਿਲ ਹਨ। ਬੁੰਦੇਲੀ ਦੇ ਲੋਕ ਸਾਹਿਤ ਵਿਚ "ਇਸੁਰੀ ਕੇ ਫਾਗ" ਬਹੁਤ ਮਸ਼ਹੂਰ ਹਨ। ਲੋਕ ਗਾਥਾ "ਆਲ੍ਹਹਾ" ਬੁੰਦੇਲੀ ਦੀ ਲਘੂ ਬੋਲੀ "ਬਲਾਫਰੀ" ਵਿਚ ਹੀ ਪਹਿਲਾਂ ਲਿਖੀ ਗਈ ਸੀ।

ਕੰਨੌਜੀ : ਇਟਾਵਾ, ਫਰੁਖ਼ਾਬਾਦ, ਸ਼ਾਹਜਹਾਂਪੁਰ, ਕਾਨ੍ਹਪੁਰ, ਹਰਦੋਈ, ਪੀਲੀਭੀਤ ਆਦਿ ਵਿਚ ਬੋਲੀ ਜਾਂਦੀ ਹੈ। ਇਹ ਬ੍ਰਜ-ਭਾਸ਼ਾ ਨਾਲ ਬਹੁਤ ਮਿਲਦੀ ਹੈ। ਇਸ ਦਾ ਕੇਂਦਰ ਕੰਨੌਜ ਹੈ।

ਅਵਧੀ : ਅਵਧੀ ਦਾ ਕੇਂਦਰ ਅਯੋਧਿਆ ਹੈ। ਇਸ ਖੇਤਰ ਦਾ ਨਾਮ ਅਵਧ ਹੋਣ ਕਰਕੇ ਬੋਲੀ ਦਾ ਨਾਮ ਅਵਧੀ ਹੈ। ਇਹ ਲਖਨਊ, ਇਲਾਹਾਬਾਦ, ਫਤੇਹਪੁਰ, ਮਿਰਜ਼ਾਪੁਰ, ਉਨੱਾਵ, ਰਾਇਬਰੇਲੀ, ਸੀਤਾਪੁਰ, ਫੈਜ਼ਾਬਾਦ, ਗੋਂਡਾ, ਬਸਤੀ, ਬਹਰਾਇਚ, ਸੁਲਤਾਨਪੁਰ, ਪ੍ਰਤਾਪਗੜ੍ਹ, ਬਾਰਾਬਾਂਕੀ ਆਦਿ ਵਿਚ ਬੋਲੀ ਜਾਂਦੀ ਹੈ। ਤੁਲਸੀ ਦਾਸ ਜੀ ਦੀ "ਰਾਮਚਰਿਤ ਮਾਨਸ" (ਤੁਲਸੀ ਰਾਮਾਇਣ) ਅਵਧੀ ਵਿਚ ਹੀ ਲਿਖੀ ਹੈ।

ਬਘੇਲੀ : ਬਘੇਲੇ ਰਾਜਪੂਤਾਂ ਦੀ ਬੋਲੀ ਹੈ ਜੋ ਰੀਵਾਂ, ਨਾਗੋਦ, ਸ਼ਹਡੋਲ, ਸਤਨਾ, ਮੈਹਰ ਦੇ ਆਸ-ਪਾਸ ਬੋਲੀ ਜਾਂਦੀ ਹੈ।

ਛੱਤੀਸਗੜ੍ਹੀ : ਸਰਗੁਜਾ, ਕੋਰਿਯਾ, ਬਿਲਾਸਪੁਰ, ਰਾਇਗੜ੍ਹ, ਖੈਰਾਗੜ੍ਹ, ਰਾਇਪੁਰ, ਦੁਰਗ, ਕਾਂਕੇਰ ਆਦਿ ਵਿਚ ਬੋਲੀ ਜਾਂਦੀ ਹੈ। ਪ੍ਰਧਾਨ ਖੇਤਰ ਛੱਤੀਸਗੜ੍ਹ ਹੈ।

ਰਾਜਸਥਾਨੀ, ਪਹਾੜੀ ਭਾਸ਼ਾਵਾਂ, ਬਿਹਾਰੀ ਭਾਸ਼ਾਵਾਂ ਦਾ ਭਾਸ਼ਾਤਮਕ ਪਰਿਚਯ ਵੱਖਰੇ ਤੌਰ ਤੇ ਦਿੱਤਾ ਗਿਆ ਹੈ।

ਹਿੰਦੀ ਦੀ ਉਤਪੱਤੀ : ਰੇਖਾ-ਚਿਤਰ

ਸੰਸਕ੍ਰਿਤ ਕਾਲ (ਪੱਛਮੋਤਰੀ, ਮਝਲੀ, ਪੂਰਬੀ ਭਾਸ਼ਾਵਾਂ)
ਪਾਲੀ ਕਾਲ (ਪੱਛਮੋਤਰੀ, ਮਝਲੀ, ਪੂਰਬੀ, ਦੱਖਣੀ ਭਾਸ਼ਾਵਾਂ)
ਪ੍ਰਾਕ੍ਰਿਤ ਕਾਲ + ਅਪਭ੍ਰੰਸ਼ ਕਾਲ

ਵ੍ਰਾਚੜ · ਕੇਕੇਯੀ ਟੱਕ ਸ਼ੌਰਸੇਨੀ ਮਹਾਰਾਸ਼ਟ੍ਰੀ ਅਰਧ-ਮਾਗਧੀ ਮਾਗਧੀ
ਸਿੰਧੀ ਲਹਿੰਦੀ ਪੰਜਾਬੀ ਪੂਰਬੀ ਪੰਜਾਬੀ ਮਰਾਠੀ ਪੂਰਬੀ ਹਿੰਦੀ
ਗੁਜਰਾਤੀ, ਰਾਜਸਥਾਨੀ, ਹਿੰਦੀ, (ਪੱਛਮੀ) ਪਹਾੜੀ
ਬਿਹਾਰੀ, ਬੰਗਾਲੀ, ਉੜੀਆ, ਅਸਾਮੀ

ਉਪਰਲੇ ਰੇਖਾ-ਚਿਤਰ ਤੋਂ ਸਪੱਸ਼ਟ ਹੈ ਕਿ ਹਿੰਦੀ, ਸ਼ੌਰਸੇਨੀ ਅਪਭ੍ਰੰਸ਼ ਕੁਝ ਅੰਸ਼ਾਂ ਵਿਚ ਮਾਗਧੀ ਤੇ ਅਰਧ-ਮਾਗਧੀ ਅਪਭ੍ਰੰਸ਼) ਤੋਂ 1000 ਈ ਦੇ ਨੇੜੇ ਤੇੜੇ ਉਤਪੰਨ ਹੋਈ ਹੈ ।

ਹਿੰਦੀ ਦੀ ਭਾਸ਼ਿਕ ਸੰਰਚਨਾ ਅਤੇ ਪੰਜਾਬੀ

ਹਿੰਦੀ ਧੁਨੀਆਂ :

ਸਵਰ 10 ਹਨ /ਅ, ਆ, ਇ, ਈ, ਉ, ਊ, ਏ, ਐ, ਓ, ਔ (ਕਈ ਔਂ ਮੰਨਦੇ ਹਨ)

ਵਿਅੰਜਨ . 42 ਹਨ /ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ਸ ਸ਼ ਹ /

/ੜ ਢ਼ ਨ੍ਹ ਮ੍ਹ ਲ੍ਹ ਕ਼ ਖ਼ ਗ਼ ਜ਼ ਫ਼/

/ਔਂ/ ਦੀ ਵਰਤੋਂ ਡੌਂਕਟਰ, ਕੌਂਫੀ ਆਦਿ ਅੰਗ੍ਰੇਜ਼ੀ ਸ਼ਬਦਾ ਵਿਚ ਹੈ । /ਨ੍ਹ ਮ੍ਹ ਲ੍ਹ/ ਸੰਯੁਕਤ ਵਰਣ ਨਾ ਹੋ ਕੇ ਮਹਾਪ੍ਰਾਣ ਵਰਣ (ਵਿਅੰਜਨ) ਹਨ । ਕ਼ ਖ਼ ਗ਼ ਜ਼ ਫ਼ ਅਰਬੀ-ਫ਼ਾਰਸੀ ਦੇ ਰਿਣ ਸ਼ਬਦਾ ਵਿਚ ਹਨ । ਇਹ ਧੁਨੀਆਂ ਲਿਖਣ ਵਿਚ ਹਨ ਪਰ ਉੱਚਾਰਣ ਵਿਚ ਨਹੀਂ /क्ष, त्र, ज्ञ/ ਸੰਯੁਕਤ ਵਿਅੰਜਨ ਹਨ । ('ज्ञ') ਦਾ ਉੱਚਾਰਣ ਆਮ ਕਰਕੇ 'ਗਿਅ' ਹੀ ਹੈ, ਹੁਣ (ਜਞ) ਬੋਲਣ ਲਈ ਸਚੇਤ ਯਤਨ ਹੈ ।

ਪੰਜਾਬੀ ਅਤੇ ਮਾਡਰਨ ਹਿੰਦੀ (ਖੜੀ ਬੋਲੀ) ਦੋਵੇਂ ਆਰਿਆਂਤਕ ਭਾਸ਼ਾਵਾਂ ਹਨ ਜਿਵੇਂ 'ਘੋੜਾ' ਘੜਾ, ਬਕਰਾ ਆਦਿ ਦੋਂਹਾਂ ਵਿਚ ਸਾਂਝੇ ਹਨ । ਪਰ ਦੋਹਾਂ ਵਿਚ ਅੰਤਰ ਹੈ । ਧੁਨੀਆਤਮਕ ਲੈਵਲ ਤੇ ਹਿੰਦੀ ਧੁਨੀਆਂ ਪੰਜਾਬੀ ਨਾਲੋਂ ਜਿਆਦਾ ਹਨ । ਪੰਜਾਬੀ ਵਿਚ ਸਘੋਸ਼ ਮਹਾਪ੍ਰਾਣ ਧੁਨੀਆਂ /ਘ ਝ ਢ ਧ ਭ/ ਵਾਸਤਵ ਵਿਚ ਨਹੀਂ ਹਨ ਭਾਵੇਂ ਗੁਰਮੁਖੀ ਲਿਪੀ ਵਿਚ ਇਹ ਚਿੰਨ੍ਹ ਜਾਰੀ ਹਨ । ਹਿੰਦੀ ਵਿਚ aspirated ਨਾਸਿਕ ਹਨ ਪਰ ਪੰਜਾਬੀ ਵਿਚ ਨਹੀਂ ਹਨ : ਹਿੰਦੀ ਕੁਮ੍ਹਾਰ, ਪਰ ਪੰਜਾਬੀ ਘੁਮਿਆਰ । ਏਸੇ ਤਰ੍ਹਾਂ aspirated retroflex flap ਹਿੰਦੀ ਵਿਚ ਹੈ ਪੰਜਾਬੀ ਵਿਚ ਨਹੀਂ ਹੈ । ਹਿੰਦੀ ਵਿਚ ਲ ਤੇ ਲ੍ਹ ਦੋਵੇਂ laterals ਹਨ ਪੰਜਾਬੀ ਵਿਚ ਸਿਰਫ ਲ ਹੈ । ਪੰਜਾਬੀ ਦੀ ਸੁਰ-ਪ੍ਰਣਾਲੀ (tone-system) ਇਕ ਵਿਲੱਖਣ ਲੱਛਣ ਹੈ ਜਿਸ ਦੀ ਹਿੰਦੀ ਵਿਚ ਉੱਕਾ ਹੀ ਅਣਹੋਂਦ ਹੈ । consonant length (ਦੀਰਘਤਾ) ਭਾਵੇਂ ਹਿੰਦੀ ਵਿਚ ਹੈ ਪਰ ਪੰਜਾਬੀ ਦਾ ਇਹ

ਇਕ ਅਤਿ ਵਿਸ਼ੇਸ਼ ਲੱਛਣ ਹੈ । [V.B. Arun, *A Comparative Phonology of Hindi & Punjabi*, 1961 : 40-45]

ਸ਼ਬਦ ਰੂਪ ਸੰਰਚਨਾ ਦੇ ਲੈਵਲ ਤੇ ਹਿੰਦੀ ਤੇ ਪੰਜਾਬੀ ਦੀਆਂ ਬਹੁਤ ਸਾਰੀਆ ਵਿਸ਼ੇਸ਼ਤਾਵਾਂ ਸਮਾਨ ਹਨ । ਸ਼ਬਦ-ਰਚਨਾ ਵਿਚ ਧਾਤੂ, ਅਗੇਤਰ, ਪਿਛੇਤਰ ਆਦਿ ਰਚਨਾਤਮਕ ਇਕਾਈਆ ਦੋਹਾ ਵਿਚ ਕਾਰਜਸ਼ੀਲ ਹਨ । ਸ਼ਬਦਾਂ ਦੇ ਵਾਕਾਤਮਕ ਸੰਬੰਧ ਪ੍ਰਗਟਾਉਣ ਲਈ ਦੋਹਾਂ ਵਿਚ ਸੰਬੰਧਕ (ਪਰਸਰਗ) ਉਪਲਬਧ ਹਨ । ਸ਼ਬਦਾ ਦੇ paradigm (ਰੂਪਾਵਲੀ) ਵਿਚ ਵਿਕਾਰੀ ਤੇ ਅਵਿਕਾਰੀ (direct ਅਤੇ oblique) ਰੂਪ ਇਕ ਪੈਟਰਨ ਤੇ ਢਲਦੇ ਤੇ ਬਦਲਦੇ ਹਨ । ਕ੍ਰਿਆਵਾਂ ਦਾ ਵਿਕਾਸ ਕ੍ਰਿਦੰਤਾਂ ਤੇ ਆਧਾਰਿਤ ਹੈ । ਪਰ ਦੋਹਾ ਵਿਚ ਕਾਫ਼ੀ ਅੰਤਰ ਹੈ ।

• (2) ਉਰਦੂ

ਹਿੰਦੀ ਭਾਸ਼ਾ ਦੇ ਸੰਦਰਭ ਵਿਚ "ਉਰਦੂ" ਭਾਸਾ ਦਾ ਵਰਣਨ ਵੀ ਇੱਛਤ ਹੈ । ਦੋਹਾ ਦਾ ਮੂਲ ਸੋਮਾ ਅਤੇ ਵਿਆਕਰਣ ਤਾਂ ਭਾਵੇਂ ਇਕੋ ਹੈ ਪਰੰਤੂ ਦੋਹਾਂ ਦੇ ਵੱਖ ਵੱਖ ਧਰਮ ਸੰਪ੍ਰਦਾਵਾਂ ਨਾਲ ਸੰਬੰਧ ਜੁੜ ਜਾਣ ਕਰਕੇ ਦੋਹਾਂ ਦੇ ਪ੍ਰਯੋਗਾਂ ਤੇ ਪ੍ਰਚਾਰ-ਖੇਤਰਾਂ ਵਿਚ ਇਕ ਸਪੱਸ਼ਟ ਅੰਤਰ ਉਪਸਥਿਤ ਹੋ ਗਿਆ ਹੈ । ਸਿਟੇ ਵਜੋਂ ਹੁਣ ਉਰਦੂ ਪਾਕਿਸਤਾਨ ਦੀ ਰਾਸਟਰ ਭਾਸ਼ਾ ਹੈ ਅਤੇ ਹਿੰਦੀ "ਹਿੰਦੁਸਤਾਨ" (ਭਾਰਤ) ਦੀ ਰਾਸਟਰ ਭਾਸ਼ਾ ਹੈ :

Hindi and Urdu are essentially the same language Hindustani. As the official language of Pakistan it is written in a modified Arabic script and called Urdu. As the official language of India it is written in Devnagri and called Hindi. "*The Canadian World Almanac*, 1990, TORONTO.

ਉਰਦੂ ਸ਼ਬਦ ਦਾ ਮੂਲ ਕਈ ਵਿਦਵਾਨ ਤੁਰਕੀ ਤੇ ਕਈ ਚੀਨੀ ਮੰਨਦੇ ਹਨ । ਇਸ "ਉਰਦੂ" ਸ਼ਬਦ ਦੇ ਕਈ ਅਰਥ ਰਹੇ ਹਨ ਜਿਵੇਂ ਤੰਬੂ, ਖ਼ੇਮਾ, ਫ਼ੌਜੀ ਪੜਾਉ, ਛਾਉਣੀ, ਲਸ਼ਕਰੀ ਬਾਜ਼ਾਰ, ਆਦਿ । ਡਾ. ਤਿਵਾਰੀ ਦੇ ਅਨੁਸਾਰ ਉਰਦੂ ਸ਼ਬਦ ਚੀਨ ਤੋਂ ਚੱਲ ਕੇ ਮੰਗੋਲੀਆ ਅਤੇ ਤੁਰਕੀ ਤੋਂ ਹੁੰਦਾ ਹੋਇਆ ਤੁਰਕਾਂ ਦੇ ਨਾਲ ਭਾਰਤ ਵਿਚ ਆਇਆ । ਬਾਬਰ ਦੇ ਯੁੱਗ ਵਿਚ ਫ਼ੌਜੀ ਪੜਾਵਾ ਵਿਚ ਰਹਿਣ ਵਾਲੇ ਫ਼ੌਜੀਆਂ ਨੇ ਦਿੱਲੀ ਦੀ ਲੋਕ ਭਾਸਾ (ਖੜੀ ਭਾਸਾ) ਨੂੰ ਅਪਣਾਇਆ ਪਰ ਨਾਲ ਹੀ ਹਰਿਆਉਣੀ, ਪੂਰਬੀ ਪੰਜਾਬ ਦੀ ਭਾਸ਼ਾ ਦਾ ਵੀ ਪ੍ਰਭਾਵ ਉਸ ਤੇ ਸੀ । ਇਸ ਤਰ੍ਹਾਂ ਮੁਗਲ ਬਾਦਸ਼ਾਹਾਂ ਦੇ ਨਾਲ ਰਹਿਣ ਵਾਲਿਆਂ ਦੀ ਭਾਸਾ ਉਹ ਸੀ ਜਿਸ ਦੇ ਸਬਦ-ਭੰਡਾਰ ਵਿਚ ਅਰਬੀ-ਫ਼ਾਰਸੀ-ਤੁਰਕੀ ਸ਼ਬਦ ਕਾਫ਼ੀ ਸਨ ਪਰੰਤੂ ਜਿਸ ਦਾ ਵਿਆਕਰਣ ਮੂਲ ਰੂਪ ਵਿਚ ਖੜੀ ਬੋਲੀ ਦਾ ਸੀ ਪਰ ਨਾਲ ਹੀ ਜਿਹੜੀ ਪੰਜਾਬੀ, ਹਰਿਆਣਵੀ, ਬ੍ਰਜ ਭਾਸਾ ਆਦਿ ਤੋਂ ਵੀ ਪ੍ਰਭਾਵਿਤ ਸੀ [ਤਿਵਾਰੀ, *ਭਾਸ਼ਾ ਵਿਗਿਆਨ ਕੋਸ਼*, ਪੰਨਾ 117] ।

ਉਰਦੂ ਦਾ ਜਨਮ

ਸੰਨ 1886 ਵਿਚ ਪ੍ਰਕਾਸ਼ਿਤ *ਹਾਬਸਨ-ਜਾਬਸਨ ਡਿਕਸ਼ਨਰੀ* ਵਿਚ "ਉਰਦੂ" ਦੀ ਐਂਟਰੀ ਦਰਜ ਹੈ । ਉਥੇ ਉਰਦੂ ਦਾ ਇਹ ਵੇਰਵਾ ਦਿੱਤਾ ਹੈ ।

ਉਰਦੂ : (ਨਾਂਵ) ਹਿੰਦੋਸਤਾਨੀ ਭਾਸ਼ਾ ; ਤੁਰਕੀ ਸ਼ਬਦ "ਉਰਦੂ" ਦਾ ਭਾਵ ਹੈ ਤਾਤਾਰਖਾਨ ਦਾ ਕੈਂਪ (ਪੜਾ) ਜਾਂ ਤੰਬੂ (ਖ਼ੇਮਾ) । ਵਾਸਤਵ ਵਿਚ ਅੰਗ੍ਰੇਜ਼ੀ ਸ਼ਬਦ Horde

ਅਤੇ ਰੂਸੀ ਸ਼ਬਦ Orda ਇਸੇ ਤੋਂ ਪੈਦਾ ਹੋਏ ਹਨ । ਵੋਲਗਾ ਨਦੀ ਦੇ ਕੰਢਿਆਂ ਤੇ ਸਥਿਤ Golden Horde ਤੋਂ ਅਕਸਰ ਲੋਕ ਤਾਤਾਰ ਦੇ ਇਕ ਖ਼ਾਸ ਕਬੀਲੇ ਦਾ ਅਰਥ ਲੈ ਲੈਂਦੇ ਹਨ ਲੇਕਿਨ ਇਸ ਦਾ ਸਹੀ ਮਤਲਬ ਹੈ ਸਰਾਇ ਸਥਿਤ ਬਾਤੂ ਖ਼ਾਨਦਾਨ ਦੇ ਖ਼ਾਨ ਦਾ ਸ਼ਾਹੀ ਪੜਾ ਜਾਂ ਭਵਨ । ਤੁਰਕਿਸਤਾਨ ਦੇ ਸਥਾਨ ਤਾਸ਼ਕੰਦ ਤੇ ਖੋਕੰਦ ਵਿਚ ਉਰਦੂ ਦਾ ਅਰਥ ਕਿਲਾ (citadel) ਹੈ । ਸ਼ਾਹੀ ਪੜਾ ਜਾਂ ਫੌਜੀ ਛਾਉਣੀ ਦੇ ਮਾਇਨਿਆਂ ਵਿਚ ਉਰਦੂ ਭਾਰਤ ਵਿਚ ਬਾਦਸ਼ਾਹ ਬਾਬਰ ਦੇ ਨਾਲ ਦਾਖ਼ਲ ਹੋਇਆ ਅਤੇ ਦਿੱਲੀ ਦਾ ਸ਼ਾਹੀ ਰਿਹਾਇਸ਼ੀ ਭਵਨ 'ਉਰਦੂ-ਏ-ਮੁਅੱਲਾ' (ਅਰਥਾਤ ਬਹੁਤ ਵੱਡੀ ਛਾਉਣੀ) ਅਖਵਾਉਣ ਲੱਗਾ । ਸ਼ਾਹੀ ਦਰਬਾਰ ਅਤੇ ਸ਼ਾਹੀ ਰਿਹਾਇਸ਼ੀ ਸਥਾਨ ਵਿਚ ਇਕ ਮਿਲੀ-ਜੁਲੀ ਮਿਸ਼ਰਿਤ ਭਾਸ਼ਾ ਦਾ ਜਨਮ ਹੋਇਆ ਜਿਹੜੀ ਕਿ "ਜ਼ਬਾਨੇ-ਉਰਦੂ" ਅਖਵਾਈ । ਜ਼ਬਾਨੇ ਉਰਦੂ ਦਾ ਮਾਇਨਾ ਹੈ camp language, ਛਾਉਣੀ ਦੀ ਜ਼ਬਾਨ । ਇਸੇ ਦਾ ਸੰਖੇਪ ਰੂਪ ਅੱਗੇ ਚਲ ਕੇ 'ਉਰਦੂ' ਮਸ਼ਹੂਰ ਹੋ ਗਿਆ । ਪਿਸ਼ਾਵਰ ਦੀ ਸਰਹੱਦ ਉਤੇ ਅੱਜ ਵੀ (1996 ਵਿਚ) ਉਰਦੂ ਲਫ਼ਜ਼ ਮੈਦਾਨੇਜੰਗ ਦੇ ਫੌਜੀਆਂ ਦੀ ਛਾਉਣੀ ਦੇ ਅਰਥ ਵਿਚ ਵਰਤਿਆ ਜਾਂਦਾ ਹੈ [ਹੈਨਰੀ ਯੂਲ ਐਂਡ ਕੋਕ ਬਰਨੇਲ, ਹਾਬਸਨ-ਜਾਬਸਨ, 1886, ਪੰਨਾ 488] ।

ਮੀਰ ਅਮਨ ਦੇਹਲਵੀ ਨੇ 'ਬਾਗੋ-ਬਹਾਰ' ਦੀ ਭੂਮਿਕਾ ਵਿਚ ਲਿਖਿਆ ਹੈ :

> *'ਹਕੀਕਤ ਉਰਦੂ ਕੀ ਜ਼ਬਾਨ ਦੀ ਬਜ਼ੁਰਗੋਂ ਕੇ ਮੂੰਹ ਸੇ ਯੋਂ ਸੁਨੀ ਹੈ ਕਿ ਦਿੱਲੀ ਸ਼ਹਰ ਹਿੰਦੂਓਂ ਕੇ ਨਜ਼ਦੀਕ ਚੌਜੁਗੀ ਹੈ । ਉਨਹੀ ਕੇ ਰਾਜਾ-ਪ੍ਰਜਾ ਕਦੀਮ ਸੇ ਵਹਾਂ ਰਹਤੇ ਥੇ ਔਰ ਅਪਨੀ ਅਪਨੀ ਭਾਖਾ ਬੋਲਤੇ ਥੇ । ਹਜ਼ਾਰ ਬਰਸ ਸੇ ਮੁਸਲਮਾਨੋਂ ਕਾ ਅਮਲ ਹੁਆ । ਸੁਲਤਾਨ ਮਹਿਮੂਦ ਗਜ਼ਨਵੀ ਆਯਾ । ਫਿਰ ਗ਼ੌਰੀ ਔਰ ਲੋਦੀ ਬਾਦਸ਼ਾਹ ਹੂਏ । ਇਸ ਆਮਦ-ਰਫ਼ਤ ਕੇ ਬਾਇਸ ਕੁਛ ਜ਼ਬਾਨੋਂ ਨੇ ਹਿੰਦ-ਮੁਸਲਮਾਨੋਂ ਕੀ ਆਮੇਜ਼ਿਸ਼ ਪਾਈ । ਆਖ਼ਿਰ, ਅਮੀਰ ਤੈਮੂਰ ਨੇ, ਜਿਨਕੇ ਘਰਾਨੇ ਮੇਂ ਅਬ ਤਕ ਨਾਮਨਿਹਾਦ ਸਲਤਨਤ ਕਾ ਚਲਾ ਆਤਾ ਹੈ, ਹਿੰਦੋਸਤਾਨ ਕੋ ਲਿਯਾ । ਉਨ ਕੇ ਆਨੇ ਔਰ ਰਹਨੇ ਸੇ ਲਸ਼ਕਰ ਕਾ ਬਾਜ਼ਾਰ ਸ਼ਹਰ ਮੇਂ ਦਾਖ਼ਲ ਹੁਆ । ਇਸ ਵਾਸਤੇ ਸ਼ਹਰ ਦਾ ਬਾਜ਼ਾਰ ਉਰਦੂ ਕਹਲਾਯਾ । ਜਬ ਅਕਬਰ ਬਾਦਸ਼ਾਹ ਤਖ਼ਤ ਪਰ ਬੈਠੇ, ਤਬ ਚਾਰੋਂ ਤਰਫ਼ ਕੇ ਮੁਲਕੋਂ ਸੇ ਸਬ ਕੌਮ ਕਦਰਦਾਨੀ ਔਰ ਫ਼ੈਜ਼ ਰਸਾਨੀ ਇਸ ਖ਼ਾਨਦਾਨ ਲਾਸਾਨੀ ਕੀ ਸੁਨਕ ਹਜ਼ੂਰ ਮੇਂ ਆਕਰ ਜਮਾਂ ਹੁਏ । ਲੇਕਿਨ ਹਰ ਏਕ ਕੀ ਗੋਯਾਈ ਔਰ ਬੋਲੀ ਜੁਦਾ-ਜੁਦਾ ਥੀ । ਇਕੱਠੇ ਹੋਨੇ ਸੇ ਆਪਸ ਮੇਂ ਲੇਨ-ਦੇਨ, ਸੌਦਾ-ਸੁਲਫ਼, ਸਵਾਲ-ਜਵਾਬ ਕਰਤੇ-ਕਰਤੇ ਏਕ ਜ਼ਬਾਨ ਉਰਦੂ ਕੀ ਮੁਕੱਰਰ ਹੁਈ । ਸ਼ਾਹਜਹਾ ਸਾਹਬੇ ਕੇਰਾਨ ਕਿਲਾ ਮੁਬਾਰਕ ਨੇ ਖ਼ੁਸ਼ ਹੋਕਰ ਜ਼ਸ਼ਨ ਫ਼ਰਮਾਯਾ ਔਰ ਸ਼ਹਰ ਕੋ ਅਪਨਾ ਦਾਰੁਲ ਖ਼ਿਲਾਫ਼ਤ (ਰਾਜਧਾਨੀ) ਬਨਾਯਾ ਤਬ ਸੇ ਸ਼ਾਹਜਹਾਨਾਬਾਦ ਮਸ਼ਹੂਰ ਹੁਆ । ਔਰ ਵਹਾ ਕੇ ਸ਼ਹਰ ਕੋ ਉਰਦੂ-ਏ-ਮੁਅੱਲਾ ਖ਼ਿਤਾਬ ਦੀਯਾ ।"*

T. Grahm Bailey ਦੇ ਅਨੁਸਾਰ ਉਰਦੂ ਦੀ ਉਤਪੱਤੀ ਦਿੱਲੀ ਦੇ ਆਸ-ਪਾਸ ਨਹੀਂ ਸਗੋਂ ਪੰਜਾਬ (ਲਾਹੌਰ) ਵਿਚ ਹੋਈ । ਮਹਿਮੂਦ ਗਜ਼ਨੀ ਨੇ ਸੰਨ 1087 ਈ. ਵਿਚ ਪੰਜਾਬ ਨੂੰ ਜਿੱਤਿਆ ਅਤੇ ਲਾਹੌਰ ਵਿਚ ਆਪਣੀ ਫੌਜ ਤੈਨਾਤ ਰੱਖੀ । ਸੰਨ 1187 ਤਕ ਇਹ ਸ਼ਹਿਰ ਗਜ਼ਨੀ ਬੰਸ ਦੇ ਅਧੀਨ ਰਿਹਾ । ਉਸ ਤੋਂ ਮਗਰੋਂ ਮੁਹੰਮਦ ਗੌਰੀ ਨੇ ਉਸ ਤੇ ਅਧਿਕਾਰ ਕਰ ਲਿਆ । ਉਸਨੇ ਆਪਣੇ ਨੁਮਾਇੰਦੇ ਕੁਤੁੱਬਦੀਨ ਐਬਕ ਨੂੰ ਜਿੱਤਿਆ ਸੂਬਾ ਸੌਂਪ ਦਿੱਤਾ । ਐਬਕ ਨੇ ਸੰਨ 1193 ਈ. ਵਿਚ ਦਿੱਲੀ ਨੂੰ ਆਪਣੇ ਅਧਿਕਾਰ ਵਿਚ ਲੈ

ਲਿਆ ਅਤੇ ਮਾਲਿਕ ਬਣ ਬੈਠਾ। ਇਸ ਵੇਲੇ ਤੋਂ ਵਿਦੇਸ਼ੀ ਫੌਜਾਂ ਦਾ ਆਉਣ-ਜਾਣ ਸ਼ੁਰੂ ਹੋਇਆ। ਇਸ ਲਈ ਭਾਸ਼ਾ ਦਾ ਕਰਮ-ਪ੍ਰਤਿਕਰਮ ਲਾਹੌਰ ਤੋਂ ਹੀ ਸ਼ੁਰੂ ਹੋ ਗਿਆ ਸੀ। ਲਾਹੌਰ ਵਿਚ ਉਸ ਸਮੇਂ ਪੁਰਾਣੀ ਖੜੀ ਬੋਲੀ ਪ੍ਰਚਲਿਤ ਸੀ। ਵਿਦੇਸ਼ੀਆਂ ਨੇ ਉਸੇ ਨੂੰ ਹੀ ਆਪਣੇ ਕਾਰ-ਵਿਹਾਰ ਦੀ ਭਾਸ਼ਾ ਬਣਾਇਆ। ਇਸ ਤਰ੍ਹਾਂ ਫੌਜ ਦੀ ਭਾਸ਼ਾ, ਜੋ ਬਾਅਦ ਵਿਚ ਉਰਦੂ ਅਖਵਾਈ, ਖੜੀ ਬੋਲੀ ਤੋਂ ਉਤਪੰਨ ਹੋਈ ਹੈ।

ਜਾਰਜ ਗ੍ਰੀਅਰਸਨ ਬੋਲਚਾਲ ਦੀ ਠੇਠ ਹਿੰਦੋਸਤਾਨੀ ਤੋਂ ਹੀ ਸਾਹਿਤਿਕ ਉਰਦੂ ਤੇ ਹਿੰਦੀ ਦੀ ਉਤਪੱਤੀ ਮੰਨਦੇ ਹਨ।

ਸ੍ਰੀ ਬ੍ਰਜਮੋਹਨ ਦੱਤਾਤ੍ਰੇਯ ਕੈਫ਼ੀ ਨੇ ਓਰੀਐਂਟਲ ਕਾਨਫ੍ਰੰਸ ਲਖਨਊ (ਅਕਤੂਬਰ 1951) ਦੀ ਇਕਤ੍ਰਤਾ ਵਿਚ ਕਿਹਾ ਕਿ "ਸ਼ੌਰਸੇਨੀ" ਪ੍ਰਾਕ੍ਰਿਤ ਵਿਚ ਵਿਦੇਸ਼ੀ ਸ਼ਬਦਾਂ ਦੇ ਮਿਸ਼ਰਣ ਨਾਲ ਉਰਦੂ ਦੀ ਉਤਪੱਤੀ ਹੋਈ ਜਿਸਨੂੰ ਹਿੰਦੋਸਤਾਨੀ ਵੀ ਕਿਹਾ ਜਾ ਸਕਦਾ ਹੈ। ਕਈ ਭਾਸ਼ਾ-ਵਿਗਿਆਨੀ ਖੜੀ ਬੋਲੀ ਵਿਚ ਫਾਰਸੀ ਸ਼ਬਦਾਂ ਦੇ ਮਿਸ਼ਰਣ ਤੋਂ ਹੀ ਉਰਦੂ ਦੀ ਉਤਪੱਤੀ ਮੰਨਦੇ ਹਨ। ਖੜੀ ਬੋਲੀ ਦਿੱਲੀ ਦੇ ਆਸ-ਪਾਸ ਦੀ ਬੋਲੀ ਹੈ। ਪੰਜਾਬੀ ਵਿਚ ਸ਼ੌਰਸੇਨੀ ਦੇ ਜੋ ਬਕਾਇਆ ਰੂਪ ਵਰਤਮਾਨ ਹਨ ਉਹ ਉਰਦੂ ਵਿਚ ਮਿਲਦੇ ਹਨ।"

ਸ੍ਰੀ ਚੰਦ੍ਰਬਲੀ ਪਾਂਡੇਯ ਨੇ ਆਪਣੀ ਪੁਸਤਕ "ਉਰਦੂ ਕੀ ਜ਼ਬਾਨ" ਵਿਚ ਸੱਯਦ ਇਨਸ਼ਾ ਅੱਲਾ ਦੇ ਦਰਿਯਾਏਲਤਾਫ਼ਤ ਵਿਚੋਂ ਇਕ ਟੂਕ ਦਿੱਤੀ ਹੈ, ਜੋ ਇਉਂ ਹੈ

"ਯਹਾ ਸ਼ਾਹਜਹਾਨਾਬਾਦ ਕੇ ਖ਼ੁਸ਼ਬਯਾਨੋਂ (ਸੁੰਦਰ ਵਕਤਿਆ) ਨੇ ਮੁੱਤਫ਼ਿਕ ਹੋਕਰ ਮੁਤਾਦਿਕ (ਇਣੀਆਂ-ਗਿਣੀਆਂ) ਜ਼ਬਾਨੋਂ ਸੇ ਅੱਛੇ ਅੱਛੇ ਲਫ਼ਜ਼ ਨਿਕਾਲੇ ਔਰ ਬਾਜ਼ੀ ਇਬਾਰਤੋਂ (ਵਾਕਾਂ) ਔਰ ਅਲਫ਼ਾਜ਼ (ਸ਼ਬਦ) ਮੇਂ ਤਸਰਰੁਫ਼ (ਤਬਦੀਲੀ) ਕਰਕੇ ਔਰ ਜ਼ਬਾਨੋਂ ਸੇ ਅਲਗ ਏਕ ਨਈਂ ਜ਼ਬਾਨ ਪੈਦਾ ਕੀ ਜਿਸਕਾ ਨਾਮ ਉਰਦੂ ਰਖਾ।"

ਹਾਫ਼ਜ਼ ਮਹਿਮੂਦ ਸ਼ੀਰਾਨੀ ਨੇ ਆਪਣੀ ਉਰਦੂ ਪੁਸਤਕ "ਪੰਜਾਬ ਮੇਂ ਉਰਦੂ" (1949 ਈ.) ਵਿਚ ਉਰਦੂ ਦੀ ਉਤਪੱਤੀ ਦਾ ਬੜਾ ਵਿਸਤਾਰ ਪੂਰਵਕ ਵਿਸ਼ਲੇਸ਼ਣ ਕਰਕੇ ਲਿਖਿਆ ਹੈ :

"ਉਰਦੂ ਸਿਰਫ਼ ਸ਼ਾਹਜਹਾਂ ਕੇ ਜ਼ਮਾਨੇ ਸੇ ਸ਼ੁਰੂ ਨਹੀਂ ਹੁਈ ਜੈਸਾ ਕਿ ਆਮ ਨੱਕਾਦ ਲਿਖਤੇ ਚਲੇ ਆਏ ਹੈਂ। ਔਰ ਨਾ ਇਸਕਾ ਤਅਲੁਕ ਬ੍ਰਜਭਾਸ਼ਾ ਸੇ ਹੈ ਬਲਕਿ ਇਸ ਜ਼ਬਾਨ ਕਾ ਵਜੂਦ ਉਸ ਜ਼ਮਾਨੇ ਸੇ ਹੈ ਜਬ ਮੁਸਲਮਾਨ ਹਿੰਦੋਸਤਾਨ ਮੇਂ ਆਬਾਦ ਹੁਏ। ਉਰਦੂ ਦੇਹਲੀ ਕੀ ਕਦੀਮ ਜ਼ਬਾਨ ਨਹੀਂ ਹੈ, ਬਲਕਿ ਵੁਹ ਮੁਸਲਮਾਨੋਂ ਕੇ ਸਾਥ ਦੇਹਲੀ ਮੇਂ ਜਾਤੀ ਹੈ... ਉਰਦੂ ਜ਼ਬਾਨ ਅਪਨੀ ਸਰਫ਼ ਮੇਂ ਮੁਲਤਾਨੀ ਜ਼ਬਾਨ (ਪੱਛਮੀ ਪੰਜਾਬੀ) ਕੇ ਬਹੁਤ ਕਰੀਬ ਹੈ। ਪੰਜਾਬੀ ਔਰ ਉਰਦੂ ਮੇਂ ਸਾਠ ਫ਼ੀਸਦੀ ਅਲਫ਼ਾਜ਼ ਕਾ ਇਸ਼ਤਰਾਕ ਹੈ।

"ਉਰਦੂ ਉਸ ਵਕਤ ਬਨਨੀ ਸ਼ੁਰੂ ਹੋ ਗਈ ਥੀ ਜਬ ਮਹੰਮਦ ਬਿਨ ਕਾਸਮ ਨੇ ਸਿੰਧ ਪਰ ਹਮਲਾ ਕੀਆ ਔਰ ਸ਼ਮਾਲ-ਮਗਰਬੀ ਸਰਹਦ ਸੇ ਮੁਖ਼ਤਲਿਫ਼ ਕੌਮੇਂ ਹਿੰਦੋਸਤਾਨ ਮੇਂ ਦਾਖ਼ਲ ਹੋਨੇ ਲਗੀਂ। ਉਨਹੋਂ ਨੇ ਇਸ ਮੁਲਕ ਕੀ ਉਸ ਜ਼ਬਾਨ ਮੇਂ ਜੋ ਪੰਜਾਬ ਮੇਂ ਬੋਲੀਜਾਤੀ ਥੀ, ਅਪਨੀ ਜ਼ੁਬਾਨੋਂ ਕੇ ਅਲਫ਼ਾਜ਼ ਦਾਖ਼ਲ ਕੀਏ ਔਰ ਵੁਹ ਚੂੰਕਿ ਮੁਲਤਾਨੀ ਔਰ ਲਹਿੰਦਾ ਥੀ ਇਸ ਲੀਏ ਉਰਦੂ ਜ਼ਬਾਨ ਬੁਨਯਾਦੀ ਇਅਤਬਾਰ ਸੇ ਪੰਜਾਬੀ ਹੀ ਹੈ ਜਿਸ ਕੋ ਦਿਹਲੀ ਪਹੁੰਚ ਕੋਰ ਸਰਕਾਰ ਵ ਦਰਬਾਰ ਤੁਅੱਲੁਕ ਕੀ ਵਜਹ

ਸੇ ਮੌਜੂਦਾ ਸ਼ਕਲ ਨਸੀਬ ਹੁਈ ।"

ਡਾ. ਉਦਯ ਨਾਰਾਯਣ ਤਿਵਾਰੀ ਨੇ ਲਿਖਿਆ ਹੈ

"ਉਰਦੂ ਕੀ ਜ਼ਬਾਨ ਵਸਤੁਤਹ ਏਕ ਵਰਗ ਵਿਸ਼ੇਸ਼ ਕੀ ਭਾਸ਼ਾ ਹੈ ਔਰ ਯਹ ਨਿਤਾਂਤ ਕ੍ਰਿਤ੍ਰਿਮ ਢੰਗ ਸੇ ਹਿੰਦੁਸਤਾਨੀ ਅਥਵਾ ਠੇਠ ਹਿੰਦੀ ਯਾ ਖੜੀ ਬੋਲੀ ਮੇਂ ਅਰਬੀ-ਫ਼ਾਰਸੀ ਸ਼ਬਦੋਂ ਤਥਾ ਮੁਹਾਵਰੋਂ ਕਾ ਸੰਮਿਸ਼੍ਰਣ ਕਰਕੇ ਬਨਾਈ ਗਈ । ਯਹ ਕਾਰਯ ਭੀ ਦਿੱਲੀ ਮੇਂ ਹੀ ਕਿਲਾ ਮੁਅੱਲਾ ਮੇਂ ਸੰਪੱਨ ਹੁਆ । ਯਹੀ ਕਾਰਣ ਹੈ ਕਿ ਇਸਕਾ ਨਾਮ ਜ਼ਬਾਨੇ -ਉਰਦ-ਏ-ਮੁਅੱਲਾ "ਪੜਾ" [ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ. 1955 : 205] ਹੁਣ ਸਵਾਲ ਇਹ ਹੈ ਕਿ ਭਾਸ਼ਾ ਦੇ ਅਰਥ ਵਿਚ "ਉਰਦੂ" ਦਾ ਇਸਤਿਮਾਲ ਕਦ ਤੋਂ ਸ਼ੁਰੂ ਹੋਇਆ । ਡਾ. ਬੇਲੀ ਦੇ ਅਨੁਸਾਰ ਇਸ ਅਰਥ ਵਿਚ ਇਸ ਦਾ ਪ੍ਰਯੋਗ ਮਸਹਫ਼ੀ (ਮ੍ਰਿਤੂ ਸੰਨ 1824 ਈ.) ਦਾ ਹੈ । ਮਸਹਫ਼ੀ ਦਾ ਸ਼ਿਅਰ ਹੈ :

"ਖ਼ੁਦਾ ਰਖੇ ਜ਼ੁਬਾਂ ਹਮਨੇ ਸੁਨੀ ਹੈ ਮੀਰ ਵੋ ਮਿਰਜ਼ਾ ਕੀ,
ਕਹੇਂ ਕਿਸ ਮੂੰਹ ਸੇ ਹਮ ਐ ਮਸਹਫ਼ੀ ਉਰਦੂ ਹਮਾਰੀ ਹੈ" ।

ਅੰਗ੍ਰੇਜ਼ਾਂ ਦੇ ਜ਼ਮਾਨੇ ਤੋਂ ਉਰਦੂ-ਹਿੰਦੀ ਦਾ ਜੋ ਵਾਦ-ਵਿਵਾਦ ਤੁਰਿਆ ਸੀ ਉਹ ਸੰਪ੍ਰਦਾਇਕ ਲੀਹਾਂ ਤੇ ਚਲਦਾ ਰਿਹਾ । ਹੁਣ ਉਰਦੂ ਤੇ ਹਿੰਦੀ ਦੋ ਵੱਖ ਵੱਖ ਸ਼ੈਲੀਆਂ ਬਣ ਚੁੱਕੀਆਂ ਹਨ । (ਭਾਵੇਂ ਦੋਹਾਂ ਵਿਚ ਵੰਡ ਦੀ ਲਕੀਰ ਖਿੱਚਣੀ ਕਠਣੀ ਅਸੰਭਵ ਹੈ) ਉਰਦੂ ਫ਼ਾਰਸੀ ਲਿਪੀ ਵਿਚ ਲਿਖੀ ਜਾਂਦੀ ਹੈ ਅਤੇ ਹਿੰਦੀ ਦੇਵਨਾਗਰੀ ਲਿਪੀ ਵਿਚ । ਲਿਪੀ-ਭੇਦ ਕਰਕੇ ਵੀ ਇਨ੍ਹਾਂ ਵਿਚ ਪਾੜਾ ਹੋਰ ਵਧ ਗਿਆ ਹੈ । ਪਰ ਬੋਲਚਾਲੀ ਪੱਧਰ ਤੇ ਦੋਵੇਂ ਆਪਸ ਵਿਚ ਸਮਝੀਆਂ ਸਮਝਾਈਆਂ ਜਾਂਦੀਆਂ ਹਨ ।

ਉਰਦੂ ਬਤੌਰ ਪਿਜਿਨ/ਕ੍ਰਿਓਲ ਭਾਸ਼ਾ

ਸਮਾਜ ਭਾਸ਼ਾ-ਵਿਗਿਆਨਿਕ ਦ੍ਰਿਸ਼ਟੀ ਤੋਂ "ਉਰਦੂ ਜ਼ੁਬਾਨ ਬਹੁ-ਭਾਸ਼ਿਕ ਪਰਸਥਿਤੀਆਂ ਦੇ ਦਬਾਉ ਹੇਠ ਇਕ ਪਿਜਿਨ* (pidgin) ਭਾਸ਼ਾ-ਵੰਨਗੀ ਦੇ ਤੌਰ ਤੇ ਸ਼ੁਰੂ ਹੁੰਦੀ ਹੈ । ਜਦੋਂ ਤੁਰਕੀ-ਫ਼ਾਰਸੀ-ਅਰਬੀ-ਭਾਸ਼ੀ ਵਿਦੇਸ਼ੀ ਮੁਸਲਮਾਨ ਹਿੰਦੁਸਤਾਨ 'ਤੇ ਫਤਿਹ ਪਾ ਕੇ ਰਹਿਣ ਲੱਗੇ ਤਾਂ ਹਿੰਦੁਸਤਾਨੀ ਭਾਸ਼ਾ ਉਨ੍ਹਾਂ ਲਈ ਓਪਰੀ ਸੀ । ਉਹ ਭਾਰਤ ਦੇ ਜੱਦੀ ਵਸਨੀਕਾਂ ਦੇ ਸੰਪਰਕ ਵਿਚ ਆਏ ਅਤੇ ਆਪਸੀ ਭਾਵ-ਸੰਚਾਰ ਲਈ ਮਿਸ਼ਰਿਤ ਜ਼ੁਬਾਨ ਦੀ ਵਰਤੋਂ ਕਰਨ ਲਗੇ ਜਿਸ ਵਿਚ ਫਾਰਸੀ-ਅਰਬੀ ਇਕ ਪਾਸੇ ਅਤੇ ਹਿੰਦੁਸਤਾਨੀ ਭਾਸ਼ਾ ਦੂਜੇ ਪਾਸੇ ਇਨ੍ਹਾਂ ਦੋਹਾਂ ਦਾ ਮਿਸ਼ਰਨ ਸੀ । ਅਜਿਹੀ ਦੁਭਾਸ਼ਿਕ ਤੇ ਬਹੁਭਾਸ਼ਿਕ ਸਥਿਤੀਆਂ ਦੇ ਦਬਾਉ ਅਧੀਨ ਦੋ ਅਜਨਬੀ ਭਾਸ਼ਾ-ਕਮਿਊਨਿਟੀਆਂ (ਸਮੁਦਾਇਆਂ) ਦੇ ਮੇਲ-ਜੋਲ ਨਾਲ ਜਿਹੜੀ ਤੀਸਰੀ ਸੰਚਾਰ-ਭਾਸ਼ਾ ਦੇ ਤੌਰ ਤੇ ਉਭਰੀ, ਉਹੋ ਜ਼ੁਬਾਨ ਹੀ "ਉਰਦੂ" ਨਾਮ ਹੇਠ ਪ੍ਰਸਿਧ ਹੋਈ ਅਤੇ ਇਸ ਉਰਦੂ ਨੂੰ ਪਿਜਿਨ-ਵੰਨਗੀ ਕਿਹਾ ਜਾ ਸਕਦਾ ਹੈ । ਲੇਕਿਨ ਅਗਲੀਆਂ ਪੀੜ੍ਹੀਆਂ ਨੇ ਜਦੋਂ ਇਸ ਪਿਜਿਨ-ਕਿਸਮ ਉਰਦੂ ਨੂੰ ਬਤੌਰ ਮਾਤ-ਭਾਸ਼ਾ ਗ੍ਰਹਿਣ ਕਰ ਲਿਆ ਤਾਂ ਇਹ ਕ੍ਰੀਓਲ (creole) ਭਾਸ਼ਾ-ਵੰਨਗੀ ਦੇ ਤੌਰ ਤੇ ਸਥਾਪਿਤ ਹੋ ਗਈ। ਪਰ ਅਸਲੀਅਤ ਏਹੋ ਹੈ ਕਿ ਉਰਦੂ ਬੁਨਿਆਦੀ ਤੌਰ ਤੇ ਇਕ ਗ਼ੈਰ-ਭਾਰਤੀ ਮਿਸ਼ਰਿਤ ਭਾਸ਼ਾ ਹੈ ।'

---

* "A Pidgin is a variety specially created for the purpose of communicating with some other group... Pidgins are created by two speech-Communities attempting to communicate. " R.A. Hudson, *Sociolinguistics*, p.61

ਇਹ ਹਕੀਕਤ ਹੈ ਕਿ ਭਾਵੇਂ ਪਾਕਿਸਤਾਨ ਵਿਚ ਉਰਦੂ ਨੂੰ ਰਾਸ਼ਟਰੀ ਭਾਸ਼ਾ ਦੇ ਤੌਰ ਤੇ ਪ੍ਰਵਾਨ ਕੀਤਾ ਗਿਆ ਹੈ, ਪਰ ਦਿਲਚਸਪ ਗੱਲ ਇਹ ਹੈ ਕਿ ਉੱਥੇ ਵੀ ਕੋਈ ਸੂਬਾ ਜੱਦੀ ਤੌਰ ਤੇ (natively) ਉਰਦੂ-ਭਾਸ਼ੀ ਨਹੀਂ ਹੈ। ਇਸ ਲਈ ਉਰਦੂ ਪਾਕਿਸਤਾਨ ਵਿਚ ਕੋਈ ਜੱਦੀ ਜ਼ੁਬਾਨ ਨਹੀਂ ਹੈ, ਨਾ ਹੀ ਭਾਰਤ ਵਿਚ ਕੋਈ ਪ੍ਰਾਂਤ ਜਾਂ ਖੇਤਰ ਉਰਦੂ-ਭਾਸ਼ੀ ਨਿਸ਼ਚਿਤ ਹੈ। ਇਸ ਸੰਦਰਭ ਵਿਚ Dr. Colin P. Masica [1991 : 217] ਦਾ ਕਥਨ ਉਲੇਖਯੋਗ ਹੈ ਕਿ ਉਰਦੂ ਦੀ ਮਹੱਤਤਾ ਤੇ ਪਦਵੀ ਦੇ ਬਾਵਜੂਦ ਉਰਦੂ ਨੂੰ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਵਿਚ ਸ਼ਾਮਲ ਨਹੀਂ ਕੀਤਾ ਗਿਆ ਕਿਉਂਕਿ ਉਰਦੂ ਦਾ ਕੋਈ ਇਲਾਕਾਈ ਆਧਾਰ ਨਹੀਂ ਹੈ ਅਤੇ ਦੂਜੀ ਗੱਲ ਇਹ ਵੀ ਹੈ ਕਿ ਉਰਦੂ ਦਾ ਭਾਸ਼ਾਗਤ ਵਿਸ਼ਲੇਸ਼ਣ ਅਸਲ ਵਿਚ ਹਿੰਦੀ ਦੇ ਭਾਸ਼ਾਈ ਵਿਸ਼ਲੇਸ਼ਣ ਦਾ ਦੁਹਰਾਉ ਮਾਤ੍ਰ ਹੈ।*

(3) ਬਿਹਾਰੀ ਭਾਸ਼ਾ

ਆਧੁਨਿਕ ਭਾਰਤ ਦੇਸ਼ ਦੇ ਪ੍ਰਾਂਤ "ਬਿਹਾਰ" ਦੀ ਲੋਕ-ਭਾਸ਼ਾ ਦਾ ਨਾਮ ਬਿਹਾਰੀ ਹੈ। ਅਸਲ ਵਿਚ ਬਿਹਾਰੀ ਇਕ ਭਾਸ਼ਾ ਨਾ ਹੋ ਕੇ ਵਿਭਿੰਨ ਬੋਲੀਆਂ ਦਾ ਸਮੂਹ ਹੈ। ਬਿਹਾਰੀ ਭਾਸ਼ਾ-ਵਰਗ ਨੂੰ ਭਾਰਤੀ ਸੰਵਿਧਾਨ ਵਿਚ ਕੋਈ ਮਾਨਤਾ ਪ੍ਰਾਪਤ ਨਹੀਂ ਹੋਈ ਅਤੇ ਫਲਸਰੂਪ ਬਿਹਾਰ ਪ੍ਰਾਂਤ ਦੀ ਰਾਜ-ਭਾਸ਼ਾ ਹਿੰਦੀ ਹੀ ਹੈ। ਭਾਸ਼ਾ-ਵਿਗਿਆਨਕ ਤੌਰ ਤੇ ਡਾ ਜਾਰਜ ਗ੍ਰਿਅਰਸਨ, ਡਾ ਐਸ ਕੇ ਚੈਟਰਜੀ, ਡਾ ਉਦਯ ਨਾਰਾਯਣ ਤ੍ਰਿਵਾਰੀ ਆਦਿ ਭਾਸ਼ਾ-ਵਿਗਿਆਨੀਆਂ ਨੇ ਬਿਹਾਰੀ ਦਾ ਹਿੰਦੀ ਤੋਂ ਵੱਖਰਾ ਵਰਣਨ ਤੇ ਵਿਸ਼ਲੇਸ਼ਣ ਕੀਤਾ ਹੈ। ਭਾਰਤੀ ਭਾਸ਼ਾਵਾਂ ਦੇ ਵਿਕਾਸ ਲਈ ਪ੍ਰਤਿਬੱਧ ਕੇਂਦਰੀ ਸਾਹਿਤਯ ਅਕਾਡਮੀ ਦਿੱਲੀ ਨੇ ਬਿਹਾਰੀ ਦੀ ਇਕ ਭਾਸ਼ਾ "ਮੈਥਿਲੀ" ਨੂੰ ਉਸ ਭਾਸ਼ਾ-ਸੂਚੀ ਵਿਚ ਸ਼ਾਮਲ ਕੀਤਾ ਹੈ ਜਿਸ ਦੇ ਸਾਹਿਤ ਨੂੰ ਪੁਰਸਕ੍ਰਿਤ ਕੀਤਾ ਜਾਂਦਾ ਹੈ।

ਬਿਹਾਰ ਪ੍ਰਾਂਤ ਪਿਛਲੀਆਂ ਕਈਆਂ ਸਦੀਆਂ ਤੋਂ ਰਾਜਨੀਤਿਕ ਤੌਰ ਤੇ ਉੱਤਰ-ਪ੍ਰਦੇਸ਼ ਆਦਿ ਪੱਛਮੀ ਪ੍ਰਦੇਸ਼ਾਂ ਨਾਲ ਹੀ ਸੰਬੰਧਿਤ ਰਿਹਾ ਹੈ ਭਾਵੇਂ ਭਾਸ਼ਾਈ ਤੌਰ ਤੇ ਇਹ (ਬਿਹਾਰ) ਪੂਰਬੀ ਭਾਸ਼ਾ-ਵਰਗ (ਬੰਗਾਲੀ, ਉੜੀਆ, ਅਸਾਮੀ) ਨਾਲ ਜੁੜਦਾ ਹੈ। ਬਿਹਾਰੀ ਲੋਕਾਂ ਦਾ ਆਉਣ-ਜਾਣ ਅਧਿਕਤਰ ਪੱਛਮੀ ਪ੍ਰਾਂਤਾਂ ਨਾਲ ਹੀ ਵਧੇਰੇ ਹੁੰਦਾ ਹੈ, ਇਸ ਲਈ ਇਹ ਆਮ ਤੌਰ ਤੇ ਮਨੋਮਨੀ ਮੰਨਿਆ ਜਾਂਦਾ ਹੈ ਕਿ ਬਿਹਾਰੀ ਭਾਸ਼ਾ "ਹਿੰਦੀ" ਦੀ ਇਕ ਸ਼ਾਖ਼ਾ ਹੈ।

ਬਿਹਾਰੀ, ਮਾਗਧੀ ਅਪਭ੍ਰੰਸ਼ ਦੀ ਸਿੱਧੀ ਸੰਤਾਨ ਹੈ ਅਤੇ ਬੰਗਾਲੀ, ਉੜੀਆ ਤੇ ਅਸਾਮੀ ਭਾਸ਼ਾਵਾਂ ਮਾਗਧੀ ਦੀਆਂ ਸਹਿ-ਸੰਤਾਨਾਂ ਹਨ। ਬਿਹਾਰੀ ਬਾਕੀ ਸਹਿ-ਸੰਤਾਨਾਂ ਨਾਲੋਂ ਇਕ ਤੱਥ ਨੂੰ ਲੈ ਕੇ ਨਿਖੜਵੀਂ ਹੈ ਕਿ ਇਸ ਵਿਚ ਉਸ਼ਮ-ਧੁਨੀਆਂ /ਸ, ਸ਼/ ਨੂੰ (sh) ਨਹੀਂ ਹੁੰਦਾ ਬਲਕਿ ਹਿੰਦੀ-ਪੰਜਾਬੀ ਵਾਂਗੂ "ਸ" (s) ਵੀ ਰਹਿੰਦਾ ਹੈ ਭਾਵੇਂ ਬਿਹਾਰੀ

---

* Urdu is the sole official language of Pakistan but it is not the mother- tongue of other than a small minority in that country mostly migrants from North India concentrated in Karachi." Colin p. Masica [1991] *The Indo-Aryan Languages*, Combridge, p 2, Introduction.

"Despite its importance and official status, Urdu is not included because (1) it lacks a clearly-defined territorial base and (2) for our purpose here, it would be simply replicate Hindi. [Masica :217].

(ਮੈਥਿਲੀ) ਦੀ ਲਿਪੀ "ਕੈਥੀ" ਵਿਚ ਸ਼ ਲਿਪੀ ਚਿੰਨ੍ਹ ਹੀ ਉਪਲਬਧ ਹੈ।

ਬਿਹਾਰੀ ਦੀਆਂ ਭਾਸ਼ਾਈ ਸਰਹੱਦਾਂ ਸਪੱਸ਼ਟ ਹਨ। ਬਿਹਾਰੀ ਦੇ ਪੂਰਬ ਵੱਲ ਬੰਗਾਲੀ, ਉੱਤਰ ਵੱਲ ਪਹਾੜੀ ਬੋਲੀਆਂ (Himalyan tongues) ਪੱਛਮ ਵੱਲ ਪੂਰਬੀ ਹਿੰਦੀ ਬੋਲੀਆਂ ਅਤੇ ਦੱਖਣ ਵਾਲੇ ਪਾਸੇ ਉੜੀਆ ਸਥਿਤ ਹੈ।

ਡਾ. ਉਦਯ ਨਾਰਾਯਣ ਤਿਵਾਰੀ [1955 : 294] ਨੇ ਪੱਛਮੀ-ਮਾਗਧੀ ਬੋਲੀਆਂ- ਮਗਹੀ, ਮੈਥਿਲੀ, ਭੋਜਪੁਰੀ- ਦੇ ਸਮੂਹ ਨੂੰ ਬਿਹਾਰੀ ਦਾ ਨਾਮ ਦਿੱਤਾ ਹੈ। ਡਾ. ਤਿਵਾਰੀ ਅਨੁਸਾਰ ਬਿਹਾਰੀ ਨਾਮਕਰਣ ਦੇ ਹੇਠਾਂ ਲਿਖੇ ਕਾਰਣ ਸਨ :

(1) ਪੂਰਬੀ ਹਿੰਦੀ ਤੇ ਬੰਗਲਾ ਤੋਂ ਵੱਖ ਬਿਹਾਰੀ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ ਜੋ ਉਪਰੋਕਤ ਤਿੰਨੋਂ ਬਿਹਾਰੀ ਬੋਲੀਆਂ ਵਿਚ ਇਕਸਾਰ ਪ੍ਰਾਪਤ ਹਨ।

(2) ਇਤਿਹਾਸਿਕ ਦ੍ਰਿਸ਼ਟੀ ਤੋਂ ਇਹ ਨਾਮਕਰਣ ਉਚਿਤ ਹੈ। ਬੋਧ ਵਿਹਾਰਾਂ (ਮੱਠਾਂ) ਦੇ ਨਾਮ ਤੇ ਹੀ ਇਸ ਪ੍ਰਾਂਤ ਦਾ ਨਾਮ "ਬਿਹਾਰ" ਪਿਆ। ਪ੍ਰਾਚੀਨ ਬਿਹਾਰੀ ਭਾਸ਼ਾ ਹੀ ਅਸਲ ਵਿਚ ਮੁਢਲੇ ਬੋਧਾਂ ਤੇ ਜੈਨਾਂ ਦੀ ਭਾਸ਼ਾ ਸੀ।

(3) ਭਾਸ਼ਾ ਦੇ ਅਰਥ ਵਿਚ ਈ-ਪਿਛੇਤਰ ਵਾਲਾ ਬਿਹਾਰੀ ਸ਼ਬਦ ਉਸੇ ਤਰ੍ਹਾਂ ਰਚਿਆ ਗਿਆ ਹੈ ਜਿਵੇਂ ਗੁਜਰਾਤ ਤੋਂ ਗੁਜਰਾਤੀ, ਪੰਜਾਬ ਤੋਂ ਪੰਜਾਬੀ ਆਦਿ।

(4) ਬਿਹਾਰੀ ਵਿਚ ਸਾਹਿਤ ਭਾਵੇਂ ਅਲਪ ਹੈ। ਪਰ ਅਣਹੋਂਦ ਨਹੀਂ ਹੈ। ਮੈਥਿਲੀ ਵਿਚ ਪ੍ਰਾਚੀਨ ਸਾਹਿੱਤ ਉਪਲਬਧ ਹੈ।

ਡਾ. ਤਿਵਾਰੀ ਨੇ ਹਿੰਦੀ ਅਤੇ ਬਿਹਾਰੀ ਦੇ ਸੰਬੰਧਾਂ ਦੀ ਚਰਚਾ ਕਰਨ ਦੇ ਸਿਲਸਿਲੇ ਵਿਚ ਲਿਖਿਆ ਹੈ ਕਿ ਬਿਹਾਰ ਵਿਚ ਭਾਵੇਂ ਹਿੰਦੀ ਸਾਹਿਤਿਕ ਭਾਸ਼ਾ ਦੇ ਤੌਰ ਤੇ ਸਥਾਪਿਤ ਹੈ ਪਰ ਫੇਰ ਵੀ ਬਿਹਾਰੀ ਲੋਕਾਂ ਦੀ ਆਪੋ ਆਪਣੀਆਂ ਬੋਲੀਆਂ ਪ੍ਰਤੀ ਬਹੁਤ ਵਧੇਰੇ ਮਮਤਾ ਹੈ। ਬਿਹਾਰੀ ਬੋਲੀਆਂ ਦੀਆਂ ਜੜ੍ਹਾਂ ਬਿਹਾਰ ਦੀ ਜਨਤਾ ਦੇ ਦਿਲਾਂ ਵਿਚ ਬਹੁਤ ਦੂਰ ਤਕ ਚਲੀਆਂ ਗਈਆਂ ਹਨ ਅਤੇ ਇਹ ਆਸ ਕਰਨਾ ਕਿ ਨਿਕਟ ਭਵਿਖ ਵਿਚ ਹਿੰਦੀ, ਬੋਲਚਾਲੀ ਭਾਸ਼ਾ ਦਾ ਸਥਾਨ ਲੈ ਲਵੇਗੀ, ਇਕ ਕੋਰੀ ਕਲਪਨਾ ਮਾਤ੍ਰ ਹੈ।

ਹੁਣ ਅਸੀਂ ਬਿਹਾਰੀ ਭਾਸ਼ਾ-ਸਮੂਹ ਦੀਆਂ ਤਿੰਨੇ ਬੋਲੀਆਂ ਦਾ ਵਾਰੋ ਵਾਰੀ ਭਾਸ਼ਾਤਮਕ ਪਰਿਚੈ ਪੇਸ਼ ਕਰਦੇ ਹਾਂ। ਸਭ ਤੋਂ ਪਹਿਲਾਂ ਮੈਥਿਲੀ ਦੀ ਭਾਸ਼ਾ-ਸੰਰਚਨਾ ਦਾ ਸੰਖੇਪ ਵਰਣਨ ਕਰਦੇ ਹਾਂ।

ਮੈਥਿਲੀ : ਮੈਥਿਲੀ ਦਾ ਭੂਗੋਲਿਕ ਖੇਤਰ ਉਹ ਪ੍ਰਦੇਸ਼ ਹੈ ਜਿਸ ਨੂੰ ਪ੍ਰਾਚੀਨ ਸਮੇਂ ਵਿਚ ਪਹਿਲਾਂ 'ਵਿਦੇਹ' ਫਿਰ ਤਿਰਹੁਤ (ਤੀਰ ਭੁਕਤੀ) ਅਤੇ ਬਾਅਦ ਵਿਚ ਮਿਥਿਲਾ ਕਿਹਾ ਗਿਆ ਹੈ। ਮੈਥਿਲੀ ਨੂੰ ਤਿਰਹੁਤੀਆ ਵੀ ਕਿਹਾ ਜਾਂਦਾ ਹੈ। ਇਸ ਦੇ ਖੇਤਰ ਵਿਚ ਤਿਰਹੁਤ, ਚੰਪਾਰਨ ਦਾ ਹਿੱਸਾ, ਮਧੁਵੰਨੀ, ਪੂਰਬੀ ਮੁੰਗੇਰ, ਬੇਗੂ ਸਰਾਇ, ਭਾਗਲਪੁਰ, ਪੱਛਮੀ ਪੂਰਣੀਆ, ਦਰਭੰਗਾ ਸ਼ਾਮਲ ਹਨ। 1971 ਦੀ ਮਰਦਮ ਸ਼ੁਮਾਰੀ ਦੇ ਅਨੁਸਾਰ ਮੈਥਿਲੀ ਭਾਸ਼ੀਆਂ ਦੀ ਗਿਣਤੀ ਕੋਈ 2,29,98,000 ਹੁੰਦੀ ਹੈ [ਗੋਵਿੰਦ ਝਾ : 4]

ਗ੍ਰੀਅਰਸਨ ਨੇ ਮੈਥਿਲੀ ਭਾਸ਼ਾ ਦੀਆਂ ਛੇ ਉਪ-ਬੋਲੀਆਂ ਮੰਨੀਆਂ ਹਨ : 1. ਸਟੈਂਡਰਡ ਮੈਥਿਲੀ, 2. ਦੱਖਣੀ ਸਟੈਂਡਰਡ ਮੈਥਿਲੀ, 3. ਪੂਰਬੀ ਮੈਥਿਲੀ, 4. ਛਿਕਾ ਛਿਕਾ ਬੋਲੀ, 5. ਪੱਛਮੀ ਮੈਥਿਲੀ, 6. ਜੋਲਹਾ ਬੋਲੀ (ਜੁਲਾਹਾ ਬੋਲੀ)। ਪਿਛਲੇ ਦਹਾਕੇ ਵਿਚ ਮੈਥਿਲੀ ਦੀਆਂ ਦੋ ਉਪ-ਬੋਲੀਆਂ (ਛਿਕਾਛਿਕੀ ਅਤੇ ਪੱਛਮੀ) ਦੇ ਅੰਗਿਕਾ

ਅਤੇ ਬੱਜਿਕਾ ਨਵੇਂ ਨਾਮਕਰਣ ਹੋਏ ਹਨ। ਮੈਥਿਲੀ ਦਾ ਕੇਂਦਰ-ਸਥਾਨ ਭਾਗਲਪੁਰ ਪੌਰਾਣਿਕ ਯੁਗ ਵਿਚ ਅੰਗ ਜਨਪਦ ਦੀ ਰਾਜਧਾਨੀ ਸੀ, ਇਸ ਲਈ ਅੰਗ ਦੇ ਆਧਾਰ ਤੇ ਇਸ ਦੀ ਭਾਸ਼ਾ ਦਾ ਨਾਮ ਅੰਗਿਕਾ ਰੱਖਿਆ ਗਿਆ ਹੈ। ਬੱਜੀਆਂ ਤੇ ਲਿੱਛਵੀਆਂ ਦੇ ਇਤਿਹਾਸਿਕ ਨਾਮ ਕਰਕੇ ਪੱਛਮੀ ਮੈਥਿਲੀ ਦਾ ਨਾਮ ਹੁਣ ਬੱਜਿਕਾ ਪ੍ਰਚਲਿਤ ਕੀਤਾ ਜਾ ਰਿਹਾ ਹੈ। [ਗੋਵਿੰਦ ਝਾ : 50]

ਧੁਨੀ ਸਾਰਣੀ

ਮੈਥਿਲੀ ਵਿਚ ਕੁਲ ਮਿਲਾ ਕੇ 50 ਧੁਨੀਆਂ ਹਨ ਜਿਨ੍ਹਾਂ ਵਿਚੋਂ 8 ਸੁਰ ਤੇ 32 ਵਿਅੰਜਨ ਹਨ। ਵਿਅੰਜਨਾਂ ਵਿਚ 5 ਸੰਯੁਕਤ ਵਿਅੰਜਨ ਹਨ :

/ਨ੍ਹ, ਮ੍ਹ, ਙ੍ਹ, ਰ੍ਹ, ਲ੍ਹ/

ਮੈਥਿਲੀ ਵਿਚ ਮਾਤ੍ਰਾ (quantity = ਹ੍ਰਸਵ ਜਾਂ ਦੀਰਘ) ਧੁਨੀਮਕ (ਅਰਥ-ਨਿਖੇੜੂ) ਨਹੀਂ ਹੈ। ਕਿਉਂ ਕਿ ਮੈਥਿਲੀ ਵਿਚ ਇ ਤੇ ਈ, ਉ ਤੇ ਊ ਵੱਖ ਵੱਖ ਧੁਨੀਆਂ ਨਹੀਂ ਹਨ ਬਲਕਿ ਉਪ-ਧੁਨੀਆਂ ਹਨ। ਇ ਦੀ ਥਾਂ ਈ ਰੱਖਣ ਨਾਲ ਅਰਥਾਂ ਵਿਚ ਕੋਈ ਫਰਕ ਨਹੀਂ ਪੈਂਦਾ ਹੁੰਦਾ–ਸੁਨਹ (ਸੁਣੋ), ਸੂਨਹ (ਸੁਣੋ), ਥਿਕ (ਹੈ), ਥੀਕ (ਹੈ) ਦੋਵੇਂ ਜੁੱਟ ਸਮਾਨਾਰਥਕ ਹਨ।

ਬਿਹਾਰੀ ਭਾਸ਼ਾਵਾਂ ਖਾਸ ਕਰਕੇ ਮੈਥਿਲੀ ਵਿਚ ਐ ਤੇ ਔ ਦਾ ਉੱਚਾਰਣ ਵਿਲੱਖਣ ਹੈ। ਇਹ ਉੱਚਾਰਣ ਵੈਦਿਕ ਸੰਸਕ੍ਰਿਤ ਨਾਲ ਮਿਲਦਾ ਹੈ। ਐ ਤ ਔ ਦੋਵੇਂ ਦੁਸੰਧੀ ਸੁਰ (diphthong) ਹਨ, ਹਿੰਦੀ ਜਾਂ ਪੰਜਾਬੀ ਵਾਂਗ ਇਕਹਿਰੇ (monopthong) ਸੁਰ ਨਹੀਂ ਹਨ। ਮਿਸਲ ਵਜੋਂ ਐ ਤੇ ਔ ਦਾ ਉੱਚਾਰਣ ਦਿੱਤਾ ਜਾਂਦਾ ਹੈ :

ਐ (ਅ + ਇ = ਐ) : ਔ (ਅ + ਉ = ਔ) :

ਐ ਦਾ ਉਚਾਰਣ "ਆਇ" ਹੈ ਅਤੇ ਔ ਦਾ ਅਉ" ਹੈ।

ਮੈਥਿਲੀ ਉਚਾਰਣ	*ਪੰਜਾਬੀ ਉਚਾਰਣ*	*ਸੰਸਕ੍ਰਿਤ*
ਕਾਇਲਾਸ	ਕੈਲਾਸ਼	कैलाश
ਵਇਦੇਹੀ	ਵੈਦੇਹੀ	वैदेही
ਗਉਤਮ	ਗੌਤਮ	गौतम
ਜਉਬਨ	ਜੋਬਨ (ਯੌਵਨ)	यौवन

ਊਸ਼ਮ ਧੁਨੀਆਂ /ਸ, ਸ਼, 'ਸ਼'/ ਦਾ ਮੈਥਿਲੀ ਵਿਚ ਜੋ ਵਰਤਾਰਾ ਹੈ ਉਹ ਬਾਕੀ ਮਾਗਧੀ-ਉਤਪੰਨ ਬੰਗਲਾ, ਅਸਾਮੀ, ਉੜੀਆ ਨਾਲੋਂ ਨਿਰਾਲਾ ਹੈ। ਇਸੇ ਪੱਖ ਵਿਚ ਮੈਥਿਲੀ ਪੱਛਮੀ ਹਿੰਦੀ, ਪੰਜਾਬੀ ਨਾਲ ਮੇਲ ਖਾਂਦੀ ਹੈ। ਸ਼ ਦਾ ਆਮ ਉੱਚਾਰਣ 'ਸ' ਹੈ ਅਤੇ "ष" ਦਾ ਉਚਾਰਣ "ਖ" ਹੈ : ਦੋਖ (दोष) ਰਿਖੀ (ऋषि)।

ਮੈਥਿਲੀ ਪੜਨਾਂਵ

ਪ੍ਰਕਾਰ	*ਕਰਤਾਕਾਰਕ*	*ਤਿਰਛੇ*	*ਸੰਬੰਧਕਾਰਕ*
ਉੱਤਮਪੁਰਸ਼	ਹਮ,ਮਏ, ਹਮੇ ਮੋਏ	ਹਮਰਾ, ਮੋਹਿ	ਹਮਰ, ਮੋਰ
ਮੱਧਮ ਪੁਰਸ਼	ਤੋ, ਤੋਹੇਂ	ਤੋਹਰਾ, ਤੋਰਾ, ਤੋਹਿ	ਤੋਹਰ, ਤੋਰ

ਪ੍ਰਕਾਰ	*ਕਰਤਾਕਾਰਕ*	*ਤਿਰਛੇ*	*ਸੰਬੰਧਕਾਰਕ*

ਅੱਨ ਪੁਰਸ਼	ਸੇ	ਤਨਿਕਾ, ਤਨਿ, ਤਾਹਿ, ਤਕਰਾ	ਤਨਿਕ, ਤਕਰ, ਤਨਿਕਰ
ਨਿਕਟਵਰਤੀ	ਈ :	ਹਿਨਕਾ, ਇਨਿ, ਏਹਿ, ਏਕਰਾ	ਹਿਨਕ, ਏਕਰ, ਹਿਨਕਰ
ਦੂਰਵਰਤੀ	ਓ, ਹੁਨਿ	ਹੁਨਕਾ, ਹੁਨਿ ਓਹਿ, ਓਕਰਾ	ਹੁਨਕ, ਹੁਨਕਰ, ਓਕਰ
ਸੰਬੰਧਵਾਚਕ	ਜੇ	ਜਨਿਕਾ, ਜਕਾ, ਜਾਹਿ	ਜਨਿਕ, ਜਨਿਕਾਰ, ਜਕਰ
ਪ੍ਰਸ਼ਨਵਾਚਕ	ਕੇ,ਕੀ,ਕਥੀ	ਕਨਿਕਾ, ਕਕਰਾ, ਕਾਹਿ, ਕੋਨ	ਕਨਿਕ, ਕਨਿਕਰ, ਕਕਰ, ਕਥੀਕ ।

ਕਾਰਕ :

ਬਾਕੀ ਆਰੀਆ ਭਾਸ਼ਾਵਾਂ ਦੀ ਤਰਾਂ ਮੈਥਿਲੀ ਵਿਚ ਵਿਭਕਤੀਆਂ ਤੇ ਕਾਰਕੀ ਚਿੰਨ੍ਹ ਦੋਵੇਂ ਹੀ ਪ੍ਰਚਲਿਤ ਹਨ । ਸਾਰਣੀ ਇਹ ਹੈ :

ਕਰਤਾ	:	ਘਰ	
ਕਰਮ	:	ਘਰ ਕੋਂ	
ਕਰਣ	:	ਹਾਥ, ਹਾਥੇਂ	ਹਾਥ ਸੌਂ
ਸੰਪ੍ਰਦਾਨ	:	ਘਰ, ਘਰ ਕੋਂ	
ਅਪਾਦਾਨ	:	ਘਰ ਸੌਂ	
ਸੰਬੰਧ	:	ਘਰਕ, ਘਰ ਕੇਰ	
ਅਧਿਕਰਣ	:	ਘਰ ਮੇਂ	

ਕ੍ਰਿਆਰੂਪ : ਵਰਤਮਾਨ ਕਾਲ :

ਪੁਰਸ਼		ਇਕਵਚਨ	ਬਹੁਵਚਨ
ਉੱਤਮ ਪੁਰਸ਼	:	ਚਲਇਤ ਛੀ	ਚਲਇਤ ਛੌਂ
ਪੁਰਸ਼		ਇਕਵਚਨ	ਬਹੁਵਚਨ
ਮੱਧਮ ਪੁਰਸ਼	:	ਚਲਇਤ ਛੇ	ਚਲਇਤ ਛਹ
ਅੱਨ ਪੁਰਸ਼	:	ਚਲਇਤ ਅਛਿ	ਚਲਇਤ ਛਥਿ

ਭੂਤਕਾਲੀ ਕ੍ਰਿਆਰੂਪ :

ਉੱਤਮ ਪੁਰਸ਼	:	ਚਲਲੀ	ਚਲਲਹੁੰ
ਮੱਧਮ ਪੁਰਸ਼	:	ਚਲਲੇਂ	ਚਲਲਹ
ਅਨ ਪੁਰਸ਼	:	ਚਲਲ	ਚਲਲਾਹ

ਭਵਿਖਕਾਲੀ ਕ੍ਰਿਆਰੂਪ :

ਉੱਤਮ ਪੁਰਸ਼	:	ਚਲਬ	ਚਲਬੋਂ
ਮੱਧਮ ਪੁਰਸ਼	:	ਚਲਬੇਂ	ਚਲਬਹ
ਅਨ ਪੁਰਸ਼	:	ਚਲਤ	ਚਲਤਾਹ

ਮੈਥਿਲੀ ਨਾਂਵ (noun) ਦੇ ਤਿੰਨ ਰੂਪ ਹਨ–ਹ੍ਰਸਵ, ਦੀਰਘ, ਅਤਿਰਿਕਤ (short, long, redundant) ।

ਹ੍ਰਸਵ ਦੀਰਘ ਅਤਿਰਿਕਤ

ਘੋੜਾ	ਘੋੜਵਾ	ਘੋੜਉਆ
ਘਰ	ਘਰਵਾ	ਘਰਉਆ

ਸਮੂਹਵਾਚਕ ਸ਼ਬਦਾਂ ਦੇ ਸੰਜੋਗ ਨਾਲ ਬਹੁਵਚਨ ਬਣਾਇਆ ਜਾਂਦਾ ਹੈ- ਸਭ, ਲੋਕਨਿ ਆਦਿ।

ਨੇਨਾ ਸਭ । ਨੇਨਾ ਲੋਕਨਿ (ਮੁੰਡੇ ਸਾਰੇ)

ਮੈਥਿਲੀ	ਪੰਜਾਬੀ
ਗਾਏ ਘਾਸ ਖਾਏ ਰਹਨ ਅਛਿ	ਗਾਂ ਘਾਹ ਰਹੀ ਹੈ ।
ਈ ਕਾਜ ਤੋਂ ਕਰਬਹ, ਕੀ ਹਮ ਕਰ	ਇਹ ਕੰਮ ਤੂੰ ਕਰੇਂਗਾ ਜਾਂ ਮੈਂ ਕਰਾਂ ।
ਸ੍ਰੋਤਾ ਲੋਕਨਿ ਏਕ-ਏਕ ਕਏ ਉਠੈਤ ਗੇਲਾਹ	ਸ੍ਰੋਤੇ ਇਕ-ਇਕ ਕਰਕੇ ਉਠਦੇ ਗਏ ।
ਹਮਰ ਛੋਟੀ ਬੇਟੀ ਬੜਿ ਬੁਧਿਆਰਿ ਅਛਿ	ਸਾਡੀ ਛੋਟੀ ਧੀ ਬੜੀ ਸਮਝਦਾਰ ਹੈ।

ਮੈਥਿਲੀ ਦਾ ਭਾਸ਼ਾ-ਖੇਤਰ 'ਮਿਥਿਲਾ' ਪ੍ਰਦੇਸ਼ ਭਾਰਤੀ ਇਤਿਹਾਸ ਵਿਚ ਸੁਪ੍ਰਸਿੱਧ ਹੈ। ਭਗਵਾਨ ਰਾਮਚੰਦ੍ਰ ਜੀ ਦੇ ਸੁਸਰਾਲ, 'ਮਿਥਿਲਾ' ਵਿਚ ਹੀ ਸਨ। ਮਿਥਿਲਾ ਦਾ ਰਾਜਾ ਜਨਕ ਸੀ ਜਿਸ ਨੂੰ ਮਿਥਲਾ-ਪਤਿ ਕਿਹਾ ਜਾਂਦਾ ਸੀ, ਸੀਤਾ ਮਿਥਿਲਾ ਦੀ ਰਾਜਕੁਮਾਰੀ ਸੀ, ਇਸ ਲਈ ਭਗਵਤੀ ਸੀਤਾ ਨੂੰ ਮੈਥਿਲੀ ਕਿਹਾ ਜਾਂਦਾ ਸੀ। ਆਧੁਨਿਕ ਹਿੰਦੀ ਦੇ ਰਾਸ਼ਟਰ ਕਵੀ ਮੈਥਿਲੀਸ਼ਰਣ ਗੁਪਤ ਦੇ ਨਾਮ ਵਿਚ ਵੀ ਇਹੋ ਭਾਵਨਾ ਹੈ। ਮਿਥਿਲਾ ਨੂੰ ਵਿਦੇਹ ਕਿਹਾ ਜਾਂਦਾ ਸੀ, ਇਸ ਲਈ ਸੀਤਾ ਮਾਤਾ ਨੂੰ "ਵੈਦੇਹੀ" ਵੀ ਕਿਹਾ ਜਾਂਦਾ ਹੈ। ਮੈਥਿਲ-ਕੋਕਲ ਰਸ-ਸਿੱਧ ਕਵੀ ਵਿਦਿਆਪਤੀ (विद्यापति) ਦੀ ਕਵਿਤਾ ਵਿਚੋਂ ਇਕ ਵੰਨਗੀ ਹਾਜ਼ਰ ਹੈ :

ਸੈਸ਼ਵ ਯੌਵਨ ਦੁਹੁੰ ਮਿਲਿ ਗੇਲ,
ਸ੍ਰਵਣਕ ਪਥ ਦੁਹੁੰ ਲੋਚਨ ਲੇਲ,
ਬਚਨਕ ਚਾਤੁਰਿ ਲਹੁ ਲਹੁਹਾਸ,
ਘਰਣਿਕ ਚਾਂਦ ਕਰਤ ਪਰਕਾਸ਼ ।
ਮੁਕੁਰ ਲੇਈ ਅਬ ਕਰਤ ਸਿੰਗਾਰ,
ਸਖਿ ਸੇ ਪੂਛਇ ਕਇਸੇ ਸੁਰਤ ਵਿਹਾਰ ।
ਨਿਰਜਨੇ ਉਰਜ ਹੇਰਇ ਕਤ ਬੇਰਿ,
ਹਾਸਤ ਅਪਨ ਪਯੋਧਰ ਹੇਰਿ ।

[ਡਾ. ਵਿਦਿਆਨੰਦ ਬ੍ਰਹਮਚਾਰੀ, ਹਿੰਦੀ ਅਧਿਆਪਕ, ਅਨੁਗ੍ਰਹ ਨਾਰਾਯਣ ਵਿਦਿਆਪਤੀ, ਪਲੀਦ, ਸਿੰਹਭੂਮ, ਬਿਹਾਰ, ਦੁਆਰਾ, ਪ੍ਰਾਪਤ, 27. 9. 86]

ਮਗਹੀ ਬੋਲੀ

ਮਗਹੀ ਬਿਹਾਰੀ ਭਾਸ਼ਾ ਵਰਗ ਦੀ ਇਕ ਬੋਲੀ ਹੈ। ਮਗਹੀ ਦਾ ਪ੍ਰਚਲਨ ਦੱਖਣੀ ਬਿਹਾਰ ਦੇ ਇਲਾਕੇ ਵਿਚ ਹੈ। ਇਹ ਹਜ਼ਾਰੀ ਬਾਗ, ਪਟਨਾ, ਗਯਾ, ਮੁੰਗੇਰ ਤੇ ਭਾਗਲਪੁਰ ਜ਼ਿਲ੍ਹਿਆਂ ਦੇ ਕੁਝ ਹਿੱਸੇ ਵਿਚ ਅਤੇ ਮਨਭੂਮ, ਰਾਂਚੀ ਜ਼ਿਲ੍ਹੇ ਦੇ ਦੱਖਣ-ਪੂਰਬੀ ਭਾਗ ਵਿਚ, ਮਯੂਰਭੰਜ ਦੇ ਕੁਝ ਭਾਗ ਵਿਚ ਅਤੇ ਸਿੰਘ ਭੂਮ ਜ਼ਿਲ੍ਹੇ ਦੇ ਉੱਤਰ ਵਿਚ ਬੋਲੀ ਜਾਂਦੀ ਹੈ।

ਮਗਹੀ ਪ੍ਰਾਚੀਨ ਮਗਧ ਪ੍ਰਾਂਤ ਦੀ ਆਧੁਨਿਕ ਆਰੀਆ ਭਾਸ਼ਾ ਹੈ, ਅਜੋਕਾ ਜ਼ਿਲ੍ਹਾ ਪਟਨਾ ਅਤੇ ਜ਼ਿਲ੍ਹਾ ਗਯਾ ਦਾ ਉੱਤਰੀ ਭਾਗ ਪ੍ਰਾਚੀਨ ਮਗਧ ਦੀ ਪ੍ਰਤਿਨਿਧਤਾ ਕਰਦਾ ਹੈ। ਏਥੇ ਹੀ ਮਾਗਧੀ ਅਪਭ੍ਰੰਸ਼ ਦਾ ਪ੍ਰਚਲਨ ਸੀ। ਮਗਹੀ ਦੇ ਪ੍ਰਦੇਸ਼ ਨਾਲ ਜਰਾਸੰਧ (ਮਹਾਭਾਰਤ)

ਬਿੰਬੀਸਾਰ (ਛੇਵੀਂ ਸਦੀ ਪੂ. ਈ.)। ਅਸ਼ੋਕ (ਤੀਜੀ ਸਦੀ ਪੂ.ਈ.) ਆਦਿ ਮਹਾਨ ਇਤਿਹਾਸਿਕ ਵਿਅਕਤੀਆਂ ਦੇ ਨਾਮ ਜੁੜੇ ਹੋਏ ਹਨ। ਏਥੇ ਹੀ ਅਸ਼ੋਕ ਨੇ ਆਪਣੇ ਵਿਸ਼ਾਲ ਰਾਜ ਦੀ ਰਾਜਧਾਨੀ ਪਾਟਲੀਪੁਤ੍ਰ (ਆਧੁਨਿਕ ਪਟਨਾ) ਦੀ ਸਥਾਪਨਾ ਕੀਤੀ ਸੀ। ਮਗਹੀ ਭਾਸ਼ਾ ਬਾਰੇ ਦੋਹਾ ਪ੍ਰਸਿੱਧ ਹੈ

ਮਗਹ ਦੇਸ਼ ਹੈ ਕੰਚਨਪੁਰੀ।
ਦੇਸ ਭਲਾ ਪੈ ਭਾਖਾ ਬੁਰੀ।
ਹਹਲੂੰ ਮੰਗਹਾ ਕਹਲੂੰ ਹੈਂ।
ਤੇਕਰਾਲਾ ਥਾ ਮਰਥੇ ਹੈਂ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਬੀਰ ਬਾਣੀ ਅੰਦਰ "ਮਗਹਰ" ਸ਼ਬਦ ਦਾ ਪ੍ਰਯੋਗ ਹੋਇਆ ਹੈ - "ਤੇਰੇ ਭਰੋਸੇ ਮਗਹਰ ਬਸਿਓ ਮੇਰੇ ਮਨ ਕੀ ਤਪਤ ਬੁਝਾਈ" ਪੰਨਾ ੯੬੯. ਆਚਾਰੀਆ ਪਰਸ਼ੂਰਾਮ ਚਤੁਰਵੇਦੀ ਅਨੁਸਾਰ "ਮਗਹਰ" ਸੰਸਕ੍ਰਿਤ ਸ਼ਬਦ 'ਮਗਧ' ਦਾ ਰੂਪਾਂਤਰ ਹੈ [ਕਬੀਰ ਕੋਸ਼ 1973 : 319, ਇਲਾਹਾਬਾਦ]। ਮਗਹਰ ਜਾਂ ਮਗਹ ਮਗਧ ਦਾ ਆਧੁਨਿਕ ਰੂਪ ਹੈ ਅਤੇ ਮਗਹ ਜਾਂ ਮਗਹਰ ਦੀ ਬੋਲੀ ਮਗਹੀ ਹੈ। ਸੋ ਮਗਹੀ ਨਾਮਕਰਣ ਪੁਰਾਤਨ ਮਗਧ ਦੀ ਭਾਸ਼ਾ ਦਾ ਸੂਚਕ ਹੈ।

ਭੋਜਪੁਰੀ

ਭੋਜਪੁਰੀ ਭਾਰਤੀ-ਆਰੀਆ ਭਾਸ਼ਾ ਪਰਿਵਾਰ ਦੇ ਮਾਗਧੀ (ਬਿਹਾਰੀ) ਵਰਗ ਦੀ ਧੁਰ-ਪੱਛਮ (western-most) ਦੀ ਬੋਲੀ ਹੈ। ਬਿਹਾਰੀ ਭਾਸ਼ਾ-ਵਰਗ ਦੀਆਂ, ਗ੍ਰੀਅਰਸਨ ਦੇ ਅਨੁਸਾਰ, ਭੋਜਪੁਰੀ, ਮਗਹੀ ਤੇ ਮੈਥਿਲੀ ਤਿੰਨ ਬੋਲੀਆਂ ਹਨ। ਇਨ੍ਹਾਂ ਵਿਚੋਂ ਭੋਜਪੁਰੀ ਦਾ ਭਾਸ਼ਾ-ਖੇਤਰ ਸਭ ਤੋਂ ਵੱਧ ਵਿਸ਼ਾਲ ਹੈ। ਹਿਮਾਲਾ ਦੇ ਤਲ ਤੋਂ ਲੈ ਕੇ ਉੱਤਰ ਪ੍ਰਦੇਸ਼ ਵਿਚ ਸਰਗੁਜਾ ਨਦੀ ਤਕ ਭੋਜਪੁਰੀ ਦਾ ਖੇਤਰ ਹੈ। ਬਿਹਾਰ ਦੇ ਜ਼ਿਲ੍ਹਾ ਸ਼ਾਹਬਾਦ, ਸਾਰਨ, ਚੰਪਾਰਨ ਰਾਂਚੀ, ਜਾਸਪੁਰ ਅਤੇ ਮੁਜ਼ੱਫਰਪੁਰ ਦੀ ਉੱਤਰ ਪੱਛਮੀ ਕੋਣ ਵਿਚ ਭੋਜਪੁਰੀ ਬੋਲੀ ਜਾਂਦੀ ਹੈ। ਇਹ ਉੱਤਰ ਪ੍ਰਦੇਸ਼ ਦੇ ਵਾਰਾਣਸ਼ੀ, ਗਾਜ਼ੀਪੁਰ, ਬਲੀਆ, ਜੌਨਪੁਰ ਤੇ ਮਿਰਜ਼ਾਪੁਰ ਦੇ ਵਡੇਰੇ ਭਾਗ ਅਤੇ ਗੋਰਖਪੁਰ, ਆਜ਼ਮਗੜ੍ਹ, ਤੇ ਬਸਤੀ ਵਿਚ ਵੀ ਪ੍ਰਚਲਿਤ ਹੈ। ਇਸ ਪ੍ਰਕਾਰ ਭੋਜਪੁਰੀ ਦਾ ਰਕਬਾ ਕੋਈ 43,000 ਮੁਰੱਬਾ ਮੀਲ ਹੈ। [U.N. Tiwari, *Origin and Development of Bhojpuri*, 1960 p. xxxii]

ਭੋਜਪੁਰੀ ਭਾਸ਼ਾ ਦਾ ਨਾਮਕਰਣ ਭੋਜਪੁਰੀ ਪਰਗਨਾ ਤੇ ਆਧਾਰਿਤ ਹੈ। ਲਗਭਗ 2 ਕਰੋੜ ਵਿਅਕਤੀਆਂ ਦੀ ਭਾਸ਼ਾ ਭੋਜਪੁਰੀ ਦੇ ਖੇਤਰ ਵਿਚ ਪ੍ਰਸਿੱਧ ਪ੍ਰਾਚੀਨ ਸਥਾਨ, ਕਾਸ਼ੀ, ਮੱਲਾ, ਝਾੜਖੰਡ, (ਹੁਣ ਛੋਟਾ ਨਾਗਪੁਰ) ਸ਼ਾਮਲ ਹਨ। ਇਸ ਸਾਰੇ ਭੂਗੋਲਿਕ ਖੇਤਰ ਦੀ ਬੋਲੀ ਦਾ ਨਾਮ ਇਕ ਸਥਾਨ ਦੇ ਨਾਮ ਉੱਤੇ ਜਾਰੀ ਹੋਇਆ ਹੈ। ਇਹ ਇਕ ਦਿਲਚਸਪ ਤੱਥ ਹੈ। ਕਈ ਲੇਖਕ ਭੋਜਪੁਰੀ ਨੂੰ ਭੋਜਪੁਰੀਆ ਵੀ ਕਹਿੰਦੇ ਹਨ। ਪਰ Beames, Hoernle, Grierson ਭਾਸ਼ਾ ਵਿਗਿਆਨੀਆਂ ਨੇ ਭੋਜਪੁਰੀ ਹੀ ਲਿਖਿਆ ਹੈ, ਭੋਜਪੁਰੀਆ ਨਹੀਂ। ਕਈ ਦਫਾ ਭੋਜਪੁਰੀ ਇਲਾਕੇ ਦੇ ਲੋਕਾ ਨੂੰ ਪੂਰਬੀਆਂ ਅਤੇ ਉਨ੍ਹਾਂ ਦੀ ਬੋਲੀ ਨੂੰ ਪੂਰਬੀ ਬੋਲੀ ਕਿਹਾ ਜਾਂਦਾ ਹੈ। ਪਰ ਪੂਰਬੀਆ ਸ਼ਬਦ ਅਨਿਸ਼ਚਤ, ਪੇਤਲਾ ਹੈ। ਡਾ ਤਿਵਾਰੀ ਦਾ ਕਥਨ ਹੈ ਕਿ ਭਾਵੇਂ ਭੋਜਪੁਰੀ ਇਲਾਕੇ ਵਿਚ ਵਿਦਿਆ ਦਾ ਮਾਧਿਅਮ ਖੜੀ ਬੋਲੀ ਹਿੰਦੀ ਤੇ ਉਰਦੂ ਹੈ ਪਰ ਭੋਜਪੁਰੀ ਦੀ ਆਪਣੀ ਵਿਸ਼ੇਸ਼ ਪ੍ਰਤਿਸ਼ਠਾ ਤੇ ਮਹਿਮਾ

ਹੈ। ਅਸਲ ਵਿਚ ਭੋਜਪੁਰੀ ਭੋਜਪੁਰ ਖੇਤਰ ਦੀ ਸੰਸਕ੍ਰਿਤੀ, ਧਰਮ, ਲੋਕਯਾਨ ਤੇ ਲੋਕ ਸੰਵਾਦਾਂ ਦਾ ਮਾਧਿਅਮ ਹੈ। [p. XXV].

ਭੋਜਪੁਰੀ ਭਾਸ਼ਾ ਦੇ ਚਾਰ ਉਪ-ਭਾਸ਼ਾਈ ਮੰਡਲ ਹਨ– ਉੱਤਰੀ ਟਕਸਾਲੀ ਭੋਜਪੁਰੀ, ਦੱਖਣੀ ਟਕਸਾਲੀ, ਪੱਛਮੀ ਟਕਸਾਲੀ ਅਤੇ ਨਾਗਪੁਰੀਆ।

ਭੋਜਪੁਰੀ ਭਾਸ਼ਾ ਵਿਚ ਬਹੁਤਾ ਸਾਹਿੱਤ ਨਹੀਂ ਰਚਿਆ ਗਿਆ, ਲੋਕਗੀਤ, ਵੀਰ ਗਾਥਾ ਤੇ ਕੁਝ ਨਾਟਕ (ਬਿਦੇਸੀਆਂ) ਮਿਲਦੇ ਹਨ। ਕਬੀਰ ਦੀ ਬਾਣੀ ਵਿਚ ਚੋਖਾ ਭੋਜਪੁਰੀ ਅੰਸ਼ ਹੈ। ਸਾਹਿਤਿਕ ਪਛੜੇਵੇਂ ਦਾ ਕਾਰਣ ਇਹ ਹੈ ਕਿ ਭੋਜਪੁਰੀ ਦੇ ਬ੍ਰਾਹਮਣ ਵਿਦਵਾਨਾਂ ਦਾ ਵਿਦਿਅਕ ਕੇਂਦਰ ਨੇੜਲੀ ਪਵਿਤਰ ਨਗਰੀ ਕਾਸ਼ੀ (ਵਾਰਾਣਸੀ) ਹੋਣ ਕਰਕੇ ਉਹ ਆਪਣੀ ਮਾਤ-ਬੋਲੀ ਪ੍ਰਤੀ ਅਵੇਸਲੇ ਹੀ ਰਹੇ। ਭੋਜਪੁਰੀ ਬ੍ਰਾਹਮਣਾਂ ਦੀ ਸਾਰੀ ਪ੍ਰਤਿਭਾ ਸੰਸਕ੍ਰਿਤ ਦੀ ਉੱਨਤੀ ਵਿਚ ਹੀ ਖ਼ਰਚ ਹੁੰਦੀ ਰਹੀ। ਰਾਹੁਲ ਸਾਂਕ੍ਰਿਤਿਆਇਨ ਦੀ ਇਹੋ ਤਾਂਘ ਸੀ ਕਿ ਭੋਜਪੁਰੀ ਜਨਤਾ ਦੀ ਸਿਖਿਆ-ਦੀਖਿਆ ਭੋਜਪੁਰੀ ਭਾਸ਼ਾ ਵਿਚ ਹੀ ਹੋਣੀ ਚਾਹੀਦੀ ਹੈ। ਲੋਕ-ਭਾਵਨਾ ਦੇ ਸਤਿਕਾਰ ਵਜੋਂ ਮੈਥਿਲੀ ਨੂੰ ਤਾਂ ਕੇਂਦਰੀ ਸਾਹਿਤ ਅਕਾਦਮੀ ਦਿੱਲੀ ਦੁਆਰਾ ਮਾਨਤਾ ਮਿਲ ਗਈ ਹੈ ਪਰੰਤੂ ਭੋਜਪੁਰੀ ਅਜੇ ਉਡੀਕਵਾਨ ਹੈ।

ਧੁਨੀਆਂ (Phonology)

ਭੋਜਪੁਰੀ ਦੀਆ ਧੁਨੀਆਂ ਬਾਕੀ ਪੂਰਬੀ ਭਾਸ਼ਾਵਾਂ ਵਾਂਗ ਹਨ ਪਰੰਤੂ ਇਸ ਵਿਚ ਕੁਝ ਵਿਸੇਸਤਾਵਾਂ ਹਨ। ਭੋਜਪੁਰੀ ਦੀਆਂ ਧੁਨੀਆਂ /ਐ, ਔ/ diphthongs : ਦੁਸੰਧੀ ਸੁਰ ਹਨ, monophthongs ਨਹੀਂ ਹਨ ਜਿਵੇਂ ਕਿ ਹਿੰਦੀ ਵਿਚ ਹੈ। ਕੈਲਾਸ਼ ਭੋਜਪੁਰੀ ਵਿਚ 'ਕਅਈਲਾਸ' ਹੈ। ਭੋਜਪੁਰੀ ਵਿਚ (ਮਗਹੀ ਤੇ ਮੈਥਿਲੀ ਸਮੇਤ) ਤਾਲਵੀ "ਸ਼" ਦੀ ਅਣਹੋਂਦ ਹੈ ਜਦ ਕਿ ਬੰਗਲਾ, ਉੜੀਆਂ, ਅਸਮੀਆ ਆਦਿ ਪੂਰਬੀ ਭਾਸ਼ਾਵਾਂ ਵਿਚ "ਸ਼" ਦਾ ਪ੍ਰਯੋਗ ਵਿਸ਼ੇਸ਼ ਲੱਛਣ ਵਜੋਂ ਉਪਲਬਧ ਹੈ। ਸ /ਨੂੰ/ ਸ ਬੋਲਣਾ ਭੋਜਪੁਰੀ ਦਾ ਪਛਾਣ-ਚਿੰਨ੍ਹ ਹੈ। ਭਾਸ਼ਾ, ਕੋਸ਼, ਸ਼ਿਵ ਦਾ, ਭੋਜਪੁਰੀ ਉਚਾਰਣ ਭਾਸਾ, ਕੋਸ, ਸਿਵ ਹੈ। ਭੋਜਪੁਰੀ ਦੀ ਲਿਪੀ "ਕੈਥੀ" ਵਿਚ 'ਸ' ਦਾ ਲਿਪੀ-ਚਿੰਨ੍ਹ ਤਾ ਹੈ ਸ਼ਾਇਦ ਪ੍ਰਾਚੀਨ ਭੋਜਪੁਰੀ ਵਿਚ ਸ਼ ਦਾ ਪ੍ਰਚਲਨ ਹੋਵੇਗਾ। ਮੂਰਧਨੀ (ष) ਦਾ ਭੋਜਪੁਰੀ ਉਚਾਰਣ 'ਖ' ਹੈ ਜਿਵੇਂ ਕਿ ਪੰਜਾਬੀ ਵਿਚ ਪ੍ਰਚਲਿਤ ਰਿਹਾ ਹੈ ਜਿਵੇਂ ਪੰਜਾਬੀ ਵਿਚ ਪੁਰਖ, ਮਨੁੱਖ, ਵਰਖਾ (पुरुष, मनुष्य, वर्षा) ਹੈ। ਭੋਜਪੁਰੀ ਦੀ /ਸ/ ਨੂੰ "ਹ" ਵਿਚ ਬਦਲਣ ਦੀ ਰੁਚੀ ਪੰਜਾਬੀ ਨਾਲ ਕਾਫੀ ਮਿਲਦੀ ਹੈ-ਭੋਜਪੁਰੀ ਵਿਚ ਸੋਹਾਗ (ਸੰ: ਸੌਭਾਗਯ), ਗਦਹਾ (ਗਰਦਭ), ਗਹੀਰ (ਗੰਭੀਰ) ਪੰਜਾਬੀ ਦੇ ਸਮਾਨ ਹਨ- ਸੁਹਾਗ, ਗਦਹਾ/ਗਧਾ, ਗਹਿਰ।

ਡਾ. ਕ੍ਰਿਪਾਸ਼ੰਕਰ ਸਿੰਹ [1973 : 41-42] ਨੇ ਭੋਜਪੁਰੀ ਦੇ 46 segmental phonemes (ਖੰਡੀ ਧੁਨੀਮ) ਅਤੇ 3 suprasegmental phonemes (ਅਖੰਡੀ ਧੁਨੀਆਂ) ਮੰਨੇ ਹਨ :

ਵਿਅੰਜਨ : ਪ ਫ ਬ ਭ ਮ ਮ੍ਹ, ਤ ਥ ਦ ਧ ਨ ਨ੍ਹ, ਟ ਠ ਡ ਢ, ਚ ਛ ਜ ਝ,
ਕ ਖ ਗ ਘ ਙ ਙ੍ਹ, ਲ ਲ੍ਹ ੜ ੜ੍ਹ ਰ ਰ੍ਹ ਸ ਹ ਯ ਵ

ਸਵਰ : ਈ ਇ ਏ ਉ ਊ ਓ ਅ ਆ ਅਇ ਅਉ

ਅਖੰਡੀ : ਨਾਸਿਕਤਾ, ਮਾਤ੍ਰਾ, Juncture (ਸੰਗਮ)

ਆਧੁਨਿਕ ਭੋਜਪੁਰੀ ਦੀ ਵੰਨਗੀ

1. ਤੂ ਦੋਸਤ ਹਉਵਾ । ਰਾਮੂ ਲਹਿਕਾ ਹੈ । ਸੀਤਾ ਲਇਕੀ ਹੈ ।
2. ਤੁ ਬੜਕਾ ਹਉਵਾ । ਲਇਕਾ ਨੀਕ ਹੈ ।
3. ਕਉਨੋ ਜਾਤ ਰਹਲ । ਕਉਨੋ ਬਇਠਲ ਰਹਲ ।
4. ਕੇ ਕਹਤ ਰਹਲ ਹ ? ਰਾਮੂ ਕਹਵਾ ਹ ? ਤੂ ਕਬ ਜਇਬਾ ?
5. ਉ ਘਰੇ ਗਇਲ । ਖਰਿਹਾਨੇ ਜੌ ।
6. ਉ ਕਹਲਸ ' ਹਮ ਜਾਤ ਹਈ । ਹਮ ਬਜਾਰੇ ਨਾ ਜਾਤ ਹਈ ।

(ਕ੍ਰਿਪਾ ਸ਼ੰਕਰ ਸਿੰਹ, ਭਾਸ਼ਾ ਵਿਗਿਆਨ ਔਰ ਭੋਜਪੁਰੀ, 1973 : 42)

ਪੰਜਾਬੀ ਰੂਪਾਂਤਰ

1. ਤੂੰ ਦੋਸਤ ਹੈਂ । ਰਾਮੂ ਲੜਕਾ ਹੈ । ਸੀਤਾ ਲੜਕੀ ਹੈ ।
2. ਤੁਸੀਂ ਵੱਡੇ ਹੋ । ਲੜਕਾ ਚੰਗਾ ਹੈ ।
3. ਕੋਈ ਜਾ ਰਿਹਾ ਸੀ, ਕੋਈ ਬੈਠਾ ਹੋਇਆ ਹੈ ।
4. ਕੌਣ ਕਹਿ ਰਿਹਾ ਸੀ ? ਰਾਮੂ ਕਿੱਥੇ (ਕਹਾਂ) ਹੈ ? ਤੁਸੀਂ ਕਦੋਂ ਜਾਉਗੇ ?
5. ਉਹ ਘਰੇ ਗਿਆ । ਖਲਿਹਾਣ (ਪਿੜ) ਜਾਉ ।
6. ਉਸਨੇ ਕਿਹਾ ' ਮੈਂ ਜਾ ਰਿਹਾ ਹਾਂ ' । ਮੈਂ ਬਜ਼ਾਰ ਨਹੀਂ ਜਾ ਰਿਹਾ ਹਾਂ ।

ਪ੍ਰਾਚੀਨ ਭੋਜਪੁਰੀ ; ਕਬੀਰ ਸ਼ਬਦਾਵਲੀ

ਕੌਨੇ ਠਗਵਾ ਨਗਰੀਆ ਲੂਟਲ ਹੋ ।
ਚੰਦਨ ਕਾਠ ਕਇ ਬਨਲ ਖਟੋਲਨਾ ਤਾਪਰ ਦੁਲਹਿਨ ਸੂਤਲ ਹੋ ।
ਉਠੋ ਰੀ ਸਖੀ ਮੋਰੀ ਮਾਂਗ ਸਾਵਾਰੋ ਦੁਲਹਾ ਮੋਸੇ ਰੂਸਲ ਹੋ ।
ਆਯੇ ਜਮਰਾਜ ਪਲੰਗ ਚੜ੍ਹਿ ਬਈਠੇ ਨਈਨੈਨ ਆਂਸੂ ਟੂਟਲ ਹੋ ।
ਕਹਤ ਕਬੀਰ ਸੁਨੋ ਭਾਈ ਸਾਧੋ ਜਗ ਸੇ ਨਾਤਾ ਛੂਟਲ ਹੋ ।

ਅਧਿਆਏ 6 - 8

ਰਾਜਸਥਾਨੀ, ਗੁਜਰਾਤੀ, ਮਰਾਠੀ, ਕੋਂਕਣੀ ਅਤੇ ਪੰਜਾਬੀ

(1) ਰਾਜਸਥਾਨੀ

ਪੰਜਾਬੀ ਦੇ ਠੀਕ ਦੱਖਣ ਵਿਚ ਰਾਜਸਥਾਨੀ ਭਾਖਾ ਦਾ ਖੇਤਰ ਹੈ। ਪੁਰਾਣੇ ਜ਼ਮਾਨੇ ਤੋਂ ਹੀ ਮੱਧ ਦੇਸ਼ ਨਾਲ ਨੇੜੇ ਦਾ ਸੰਬੰਧ ਹੋਣ ਕਰਕੇ ਰਾਜਸਥਾਨੀ ਭਾਸ਼ਾ ਉੱਤੇ ਮੱਧਦੇਸ਼ ਦੀ ਸ਼ੌਰਸੇਨੀ ਪ੍ਰਾਕ੍ਰਿਤ ਦੀ ਪੂਰੀ ਛਾਪ ਹੈ। ਰਾਜਸਥਾਨੀ ਵਿਚ ਇਹ ਬੋਲੀਆਂ ਹਨ

(ੳ) *ਮਾਰਵਾੜੀ ਜਾਂ ਪੱਛਮੀ ਰਾਜਸਥਾਨੀ* : ਮੇਵਾੜੀ ਤੇ ਸ਼ੇਖਾਵਟੀ ਇਸੇ ਦੇ ਅੰਤਰਗਤ ਹਨ। ਇਹ ਮਾਰਵਾੜ, ਜੋਧਪੁਰ, ਬੀਕਾਨੇਰ, ਜੈਸਲਮੇਰ ਤੇ ਉਦੈਪੁਰ ਵਿਚ ਬੋਲੀ ਜਾਂਦੀ ਹੈ।

(ਅ) ਪੂਰਬੀ ਮੱਧ ਰਾਜਸਥਾਨੀ : ਜੈਪੁਰੀ (ਅਜਮੇਰੀ ਤੇ ਹਾੜੌਟੀ ਸਮੇਤ) ਇਸਦੇ ਅੰਤਰਗਤ ਹੈ। ਇਹ ਜੈਪੁਰ, ਕੋਟਾ ਤੇ ਬੂੰਦੀ ਵਿਚ ਬੋਲੀ ਜਾਂਦੀ ਹੈ।

(ੲ) *ਉੱਤਰ-ਪੂਰਬੀ ਰਾਜਸਥਾਨੀ* : ਇਸ ਵਿਚ ਮੇਵਾਤੀ ਤੇ ਅਹੀਰਵਾਟੀ ਬੋਲੀਆਂ ਹਨ।

(ਸ) *ਮਾਲਵੀ* : ਮਾਲਵਾ ਪ੍ਰਦੇਸ਼ ਦਾ ਇੰਦੌਰ ਰਾਜ ਇਸ ਦਾ ਕੇਂਦਰ ਹੈ। ਪੰਜਾਬ ਤੇ ਕਸ਼ਮੀਰ ਦੀ ਗੂਜਰੀ ਵੀ ਇਸੇ ਵਿਚ ਸ਼ਾਮਲ ਹੈ।

ਇਸ ਤਰ੍ਹਾਂ ਰਾਜਸਥਾਨੀ ਦੀਆਂ ਕੋਈ 20 ਬੋਲੀਆਂ (dialects) ਹਨ। ਪਰੰਤੂ ਇਨ੍ਹਾਂ ਸਾਰੀਆਂ ਵਿਚੋਂ ਪ੍ਰਮੁਖ ਤੇ ਮਹੱਤਵਪੂਰਣ ਬੋਲੀ *ਮਾਰਵਾੜੀ* ਹੀ ਹੈ। ਥਲੀ, ਬੀਕਾਨੇਰੀ, ਬਾਗੜੀ ਇਸੇ ਦੀਆਂ ਕਿਸਮਾਂ ਹਨ।

ਪ੍ਰਾਚੀਨ ਮਾਰਵਾੜੀ ਨੂੰ "ਡਿੰਗਲ" ਕਿਹਾ ਜਾਂਦਾ ਸੀ, ਇਸ ਵਿਚ ਪ੍ਰਾਚੀਨ ਸਾਹਿੱਤ ਅੰਕਿਤ ਹੋਇਆ ਹੈ। ਸਾਹਿਤਿਕ ਭਾਸ਼ਾ ਨੂੰ "ਪਿੰਗਲ" ਕਿਹਾ ਗਿਆ ਹੈ ਜਿਸ ਵਿਚ "ਪ੍ਰਿਥਵੀ ਰਾਜ ਰਾਸੋ" ਦੀ ਰਚਨਾ ਹੋਈ ਹੈ। ਇਸ ਮਹਾਕਾਵਿ ਦੀ ਬਹੁਤੀ ਭਾਸ਼ਾ ਪੱਛਮੀ ਹਿੰਦੀ ਮੰਨੀ ਜਾਂਦੀ ਹੈ ਫਿਰ ਵੀ ਇਸ ਵਿਚ ਰਾਜਪੂਤਾਨੇ ਦਾ ਸਮ੍ਰਿਧ ਇਤਿਹਾਸ ਸਮੋਇਆ ਹੋਇਆ ਹੈ। ਰਾਜਸਥਾਨ ਭਾਵੇਂ ਰਾਜਸਥਾਨੀ ਭਾਸ਼ਾ ਦਾ ਪ੍ਰਦੇਸ਼ ਹੈ ਪਰ ਇਸ ਦੀ ਰਾਜ-ਭਾਸ਼ਾ ਹਿੰਦੀ ਹੀ ਹੈ। ਉਂ ਸਾਹਿਤਯ ਅਕਾਦਮੀ (ਕੇਂਦਰੀ ਸਰਕਾਰ) ਦਿੱਲੀ ਨੇ ਰਾਜਸਥਾਨੀ ਨੂੰ ਮਾਨਤਾ-ਪ੍ਰਾਪਤ ਭਾਰਤੀ ਭਾਸ਼ਾਵਾਂ ਵਿਚ ਸ਼ਾਮਲ ਕੀਤਾ ਹੈ। ਰਾਜਸਥਾਨੀ ਸਾਹਿਤਕਾਰਾਂ ਨੂੰ ਇਨਾਮ ਮਿਲਦੇ ਹਨ।

ਰਾਜਸਥਾਨੀ ਦੇ ਪੂਰਬ ਵਿਚ ਬ੍ਰਜਭਾਸ਼ਾ ਤੇ ਬੁੰਦੇਲਖੰਡੀ (ਪੱਛਮੀ ਹਿੰਦੀ ਦੀਆਂ ਬੋਲੀਆਂ) ਹਨ, ਦੱਖਣ ਵਲ ਬੁੰਦੇਲੀ, ਮਰਾਠੀ, ਭੀਲੀ, ਖਾਨਦੇਸ਼ੀ ਤੇ ਗੁਜਰਾਤੀ ਹਨ। ਪੱਛਮ ਵੱਲ ਸਿੰਧੀ ਅਤੇ ਲਹਿੰਦੀ-ਪੰਜਾਬੀ ਹਨ ਅਤੇ ਉੱਤਰ ਦੀ ਤਰਫ਼ ਲਹਿੰਦੀ, ਪੰਜਾਬੀ ਤੇ ਉੱਤਰ-ਪੂਰਬ ਵੱਲ ਬਾਂਗਰੂ ਭਾਸ਼ਾਵਾਂ ਹਨ।

ਗ੍ਰੀਅਰਸਨ ਦੇ ਅਨੁਸਾਰ ਗੁਜਰਾਤੀ ਤੇ ਸਿੰਧੀ ਭਾਸ਼ਾਵਾਂ ਦੀ ਤਰ੍ਹਾਂ ਰਾਜਸਥਾਨੀ ਵਿਚ ਵੀ /ਟ, ਠ, ਡ, ਢ, ਣ/ ਮੂਰਧਨੀ ਧੁਨੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ :

"Rajasthani agrees with Gujrati and Sindhi in having a strong preference for cerebral letters," [Grierson, p. 5].

ਰਾਜਸਥਾਨੀ ਦੀਆਂ ਮਾਲਵੀ, ਜੈਪੁਰੀ ਮਾਰਵਾੜੀ ਬੋਲੀਆਂ ਵਿਚ genitive ਕਾਰਕ ਦੇ postpostions ਰੋ, ਰਾ, ਰੀ (ਕੋ, ਕਾ, ਕੀ) ਪ੍ਰਚਲਿਤ ਹਨ । ਮੇਵਾਤੀ ਵਿਚ ਕੋ, ਕਾ, ਕੀ ਹੀ ਚਾਲੂ ਹਨ । ਪੜਨਾਂਵ (ਪ੍ਰਥਮ ਪੁਰਸ਼) ਦੇ genitive ਮਾਰੋ, ਮਹਾਰੋ; ਦੂਤੀਆ ਪੁਰਸ ਦੇ ਥਾਰੋ, ਤੇਰੋ ਵਿਸ਼ੇਸ਼ ਹਨ । ਥਾਣੋ, ਥਾਂਕੋ (ਬਹੁਵਚਨ) ਵੀ ਚਾਲੂ ਹਨ ।

ਕ੍ਰਿਆ (conjugation) :

		ਇਕਵਚਨ	ਬਹੁਵਚਨ
ਵਰਤਮਾਨ ਕਾਲ :	1.	ਚਲ਼ਉਂ	ਚਲ਼ਾਂ
	2.	ਚਲ਼ਇ	ਚਲ਼ੋ
	3.	ਚਲ਼ਇ	ਚਲ਼ੈ
imperative :		ਚਲ਼	ਚਲ਼ੋ
ਭਵਿਖਤ ਕਾਲ	1.	ਚਲ਼ਸਿਊਂ/ਚਲ਼ਹੂੰ	ਚਲ਼ਸਿਆਂ/ਚਲ਼ਹਾਂ
	2.	ਚਲਸੀ/ਚਲਹੀ	ਚਲ਼ਸਿਓ/ਚਲ਼ਹੋ
	3.	ਚਲਸੀ/ਚਲਹੀ	ਚਲ਼ਸੀ/ਚਲ਼ਹੀ
periphrastic present :		ਮੈਂ ਚਲਊਂ ਛੂੰ	ਮ੍ਹੇ ਚਲ਼ਾਂ ਛਾਂ
		ਤੂ ਚਲ਼ਇ ਛਇ	ਥੇ ਚਲ਼ੋ ਛੋ ।
		ਵੋ ਚਲ਼ਇ ਛਇ	ਵਈ ਚਲੈ ਛੈ (ਜੈਪੁਰੀ)

(1) ਬ੍ਰਜ : ਹੌਂ ਚਲਤੁ ਹੌਂ । (4) ਬੁੰਦੇਲੀ : ਮੈਂ ਚਲਤ ਤੋ ।

(2) ਮੇਵਾਤੀ : ਮੈਂ ਚਲ਼ਈ ਹੋ । (5) ਮਾਲਵੀ ਹੂੰ ਚਲ਼ਤੋ ਥੋ ।

(3) ਜੈਪੁਰੀ : ਮੈਂ ਚਲੈ ਛੋਂ । (6) ਮਾਰਵਾੜੀ ਹੂੰ ਚਲ਼ਤੋ ਹੋ/ਚਲਈ ਹੌਂ।

ਮਾਰਵਾੜੀ ਦੀ ਵੰਨਗੀ ਵਜੋਂ ਇਕ ਗੀਤ ਪ੍ਰਸਤੁਤ ਹੈ-

ਅਮਲਾ-ਮੈ ਆਛਾ ਲਾਗੋ ਮਹਾਰਾ ਰਾਜ, ਪੀਵੋ-ਨੀ ਦਾਰੂ-ੜੀ ।
ਸੂਰਜ ਥਾ-ਨੈ ਪੂਜਸਯਾਂ-ਜੀ ਭਰ ਮੋਤਿਆਂ-ਰੋ ਥਾਲ ।
ਘੜੋਕ ਮੋੜਾ ਊਗਜੋ-ਜੀ ਪਿਯਾ-ਜੀ ਮ੍ਹਾਰੋ ਪਾਸ ।
ਜਾ ਏ ਦਾਸੀ ਬਾਗ-ਮੈ ਓਰ ਸੁਣ ਰਾਜਨ ਰੀ ਬਾਤ
ਕਦੇਕ ਮਹੱਲ ਪਧਾਰਸੀ ਤੋ ਮਤਵਾਲੋ ਧਣਰਾਜ । ਪੀਵੋ-ਨੀ ਦਾਰੂੜੀ ।
(ਮਾਰਵਾੜੀ ਪੂਰਬੀ, ਜ਼ਿਲ੍ਹਾ ਅਜਮੇਰ)

ਰਾਜਸਥਾਨੀ ਤੇ ਪੰਜਾਬੀ

ਰਾਜਸਥਾਨੀ ਭ੍ਰਾਸ਼ਾ ਦਾ ਪੰਜਾਬੀ ਨਾਲ ਕਾਫੀ ਸੰਘਣਾ ਸੰਬੰਧ ਹੈ । ਈਸਾ ਦੀਆਂ ਪਹਿਲੀਆਂ ਸਦੀਆਂ ਵਿਚ ਪੰਜਾਬੀ ਦੀਆਂ ਮਾਲਵ, ਗੁਰਜਰ (ਗੁੱਜਰ), ਆਭੀਰ (ਅਹੀਰ) ਆਦਿ ਜਾਤੀਆਂ ਰਾਜਸਥਾਨ, ਮਾਲਵਾ ਵੱਲ ਹੀ ਰਵਾਨਾ ਹੋਈਆਂ ਸਨ ਜਿਨ੍ਹਾਂ ਦੀਆਂ ਇਤਿਹਾਸਿਕ ਸਾਂਝਾਂ ਹੁਣ ਵੀ ਗੁਜਰਾਤ, ਉਜੈਨ-ਮਾਲਵਾ ਆਦਿ ਸ਼ਬਦਾ ਤੋਂ ਮਿਲਦੀਆ ਹਨ । ਰਾਜਸਥਾਨੀ

ਭਾਸ਼ਾ ਦੀ ਮੂਰਧਨੀ ਵਰਣਾਂ ਨੂੰ ਤਰਜੀਹੀ ਤੌਰ ਤੇ ਵਰਤਣ ਦੀ ਪ੍ਰਵਿਰਤੀ ਪੰਜਾਬੀ ਭਾਸ਼ਾ ਨਾਲ ਮੇਲ ਰਖਦੀ ਹੈ ਪੰਜਾਬੀ ਦੇ ਕਈ ਦੇਸ਼ੀ ਸ਼ਬਦ ਜਿਵੇਂ ਟੱਬਰ (ਰਾਜ : ਟਾਬਰ), ਟਿੱਬਾ (ਰਾਜ : ਟੀਬਾ) ਗੀਗਾ (ਰਾਜ :ਗੀਗਾ =ਮੁੰਡਾ) ਰਾਜਸਥਾਨੀ ਵਿਚ ਪ੍ਰਚਲਿਤ ਹਨ । ਪੱਛਮੀ ਹਿੰਦੀ ਬੋਲੀਆਂ ਵਿਚ ਇਹ ਨਹੀਂ ਹਨ । ਪੰਜਾਬ ਦੀ ਮਲਵਈ ਉਪ-ਭਾਸ਼ਾ ਵਿਚ ਹੋਰ ਵੀ ਰਾਜਸਥਾਨੀ (ਬੀਕਾਨੇਰੀ, ਜੈਪੁਰੀ, ਮਾਰਵਾੜੀ) ਸ਼ਬਦ ਇਕ ਦੂਜੀ ਵਿਚ ਉਪਲਬਧ ਹਨ । ਗਵਾੜ, ਅਗਵਾੜ (ਬੀਕਾਨੇਰੀ, ਅਗਵਾੜ) ।

ਪੰਜਾਬੀ ਲੋਕਭਾਸ਼ਾ ਵਿਚ ਖੁਸ਼ਕ (unirrigated) ਭੂਮੀ ਲਈ "ਮਾਰੂ" ਸ਼ਬਦ ਹੈ ਅਤੇ ਇਸ ਤੋਂ ਵਿਪਰੀਤ ਸੇਂਜੂ (= ਸਿੰਚਿਤ) ਹੈ, ਮਾਰੂ "ਮਰੂ" ਦਾ ਪੰਜਾਬੀ ਰੂਪ ਹੈ । *ਮਰੂਭਮੀ* ਮਾਰਵਾੜ ਨੂੰ ਕਿਹਾ ਜਾਂਦਾ ਹੈ ।

ਗੁਰਬਾਣੀ ਵਿਚ ਇਕ ਰਾਗ ਦਾ ਨਾਮ "ਮਾਰੂ ਰਾਗ" ਹੈ ਜੋ ਰਾਜਸਥਾਨ ਦੇ ਪ੍ਰਾਚੀਨ ਮਰੂਪ੍ਰਦੇਸ਼ ਦੀ ਯਾਦ ਦਿਲਾਂਦਾ ਹੈ ।

ਪੰਜਾਬੀ ਪ੍ਰੀਤ ਸਾਹਿਤ ਵਿਚ ਢੋਲਾ ਸ਼ਬਦ ਪ੍ਰੀਤਮ ਲਈ ਬਹੁਤ ਹੀ ਪ੍ਰਿਯ ਪ੍ਰਤੀਕ ਹੈ । ਇਸ ਦਾ ਸ੍ਰੋਤ ਰਾਜਸਥਾਨ ਦੀ ਅਤਿਅੰਤ ਪ੍ਰਸਿਧ ਪ੍ਰੀਤ ਕਥਾ "ਢੋਲਾ ਮਾਰੂ" ਹੈ । ਜਿਸ ਦਾ ਕਾਵਿ ਰੂਪ "ਢੋਲਾ ਮਾਰੂ ਰਾ ਦੋਹਾ" ਹੈ । ("ਸਦਰੰਗ ਢੋਲਾ" ਸੂਹੀ ਰਾਗ ਮਹਲਾ ਪਹਿਲਾ) ।

ਪੰਜਾਬੀ ਵਿਚ ਮੂਰਧਨੀ ਵਰਣਾਂ (ਟ, ਠ, ਡ, ਢ, ਣ) ਅਤੇ ਕੋਮਲ retroflex ਲ਼ (ਪੈਰੀਂ ਬਿੰਦੀ ਸਹਿਤ ਲ਼) ਦੀ ਬਹੁਲਤਾ ਹੈ । ਰਾਜਸਥਾਨੀ ਵਿਚ ਮੂਰਧਨੀ ਧੁਨੀਆਂ ਹਨ ਅਤੇ ਖ਼ਾਸ ਕਰਕੇ /ਲ਼/ ਬਹੁਤ ਹੈ । ਇਸ /ਲ਼/ ਦਾ ਅਧਿਕ ਪ੍ਰਚਲਨ ਮਲਵਈ ਪੰਜਾਬੀ ਵਿਚ ਉਪਲਬਧ ਹੈ ।

ਮੈਨੂੰ ਤਾਂ ਇਉਂ ਲਗਦਾ ਹੈ ਕਿ ਪੰਜਾਬੀ ਦਾ ਭਾਸ਼ਿਕ ਮੁਹਾਣ ਹਰਿਆਣਵੀ, ਹਿੰਦੀ, ਪੂਰਬੀ ਨਾਲੋਂ ਰਾਜਸਥਾਨੀ ਵਲ ਵਧੇਰੇ ਰਵਾਂ ਹੈ ।

(2) ਗੁਜਰਾਤੀ

ਸਿੰਧੀ ਭਾਸ਼ਾ ਦੇ ਗੁਆਂਢ ਵਿਚ ਗੁਜਰਾਤੀ ਭਾਸ਼ਾ ਦਾ ਪ੍ਰਦੇਸ਼ ਹੈ । ਗੁਜਰਾਤੀ ਅਜੋਕੇ ਗੁਜਰਾਤ ਪ੍ਰਦੇਸ਼ ਦੀ ਰਾਜ-ਭਾਸ਼ਾ ਹੈ । ਹੁਣ ਦੇ ਗੁਜਰਾਤ ਵਿਚ ਹੀ ਪਹਿਲੀਆਂ ਬੜੌਦਾ ਆਦਿ ਰਿਆਸਤਾਂ ਲੀਨ ਹੋ ਗਈਆਂ ਹਨ । ਗੁਜਰਾਤੀ ਤੇ ਰਾਜਸਥਾਨੀ ਭਾਸ਼ਾ ਦੀ ਉਤਪੱਤੀ ਇਕ ਹੀ ਸਾਂਝੀ ਸ੍ਰੋਤ-ਭਾਸ਼ਾ ਤੋਂ ਮੰਨੀ ਜਾਂਦੀ ਹੈ । ਗ੍ਰੀਅਰਸਨ [1927, I, ਪੰਨਾ 176] ਦਾ ਕਥਨ ਹੈ ਕਿ ਝਲੋਰ ਦੇ ਕਿਸੇ ਕਵੀ ਨੇ 1455-56 ਵਿਚ ਕਾਨ੍ਹੜ ਦੇਵ ਪ੍ਰਬੰਧ ਨਾਮਕ ਕਾਵਿ ਲਿਖਿਆ ਸੀ ਜੋ ਰਾਜਸਥਾਨੀ-ਗੁਜਰਾਤੀ ਦੀ ਸ੍ਰੋਤ ਭਾਸ਼ਾ (mother-tongue) ਵਿਚ ਹੀ ਲਿਖਿਆ ਹੈ ਕਿ ਬਾਅਦ ਵਿਚ ਇਹ ਦੋ ਸ਼ਾਖਾਵਾਂ ਵਿਚ ਵਿਕਸਿਤ ਹੋ ਗਈ, ਡਾ ਚੈਟਰਜੀ ਨੇ ਲਿਖਿਆ ਹੈ ਕਿ

"...but it has been found out that w. Rajasthani and Gujrati are derived from the one and same source dialect to which the name western Rajasthani has been given [L.P. Tessitori, Notes on the Grammar of old western Rajasthani\ Ant, 1914-1916 : Introduction].

ਗੁਜਰਾਤੀ ਦੇ ਪੱਛਮ ਵਲ ਅਰਬ ਸਮੁੰਦਰ, ਪੱਛਮ-ਉੱਤਰ ਵਿਚ ਸਿੰਧੀ, ਉੱਤਰ ਵਿਚ ਮਾਰਵਾੜੀ, ਪੂਰਬ ਵਿਚ ਪਹਾੜੀ ਭੀਲੀ ਤੇ ਖਾਨਦੇਸ਼ੀ ਅਤੇ ਧੁਰ ਦੱਖਣ ਵਲ ਮਰਾਠੀ

ਬੋਲੀ ਜਾਂਦੀ ਹੈ । ਗੁਜਰਾਤੀ ਭਾਸ਼ਾ ਦਾ ਇਤਿਹਾਸ ਬੜਾ ਸਪੱਸ਼ਟ ਤੇ ਸੰਗਠਿਤ ਹੈ । ਲੜੀਵਾਰ ਅਜਿਹੀਆਂ ਲਿਖਤਾਂ ਮਿਲਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਗੁਜਰਾਤੀ ਦੀ ਜਨਨੀ ਅਪਭ੍ਰੰਸ਼ ਦਾ ਪਤਾ ਲਗਦਾ ਹੈ । ਪ੍ਰਸਿੱਧ ਪ੍ਰਾਕ੍ਰਿਤ ਵਿਆਕਰਣਕਾਰ ਹੇਮਚੰਦ੍ਰ ਗੁਜਰਾਤੀ ਸਨ ਜਿਸ ਨੇ ਬਾਰ੍ਹਵੀਂ ਸਦੀ ਵਿਚ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ ਦੇ ਵਿਆਕਰਣ ਦੀ ਰਚਨਾ ਕੀਤੀ । ਗੁਜਰਾਤੀ ਦੀ ਸਥਿਤੀ ਸਮੁੰਦਰੀ ਤੱਟ ਤੇ ਹੋਣ ਕਰਕੇ ਏਥੇ ਦੇਸ-ਵਿਦੇਸ਼ ਦੀਆਂ ਅਨੇਕ ਜਾਤੀਆਂ ਦੇ ਲੋਕ ਆ ਕੇ ਵਸਦੇ ਰਹੇ ਹਨ–ਗ੍ਰੀਕ, ਬੈਕਟ੍ਰੀਅਨ, ਹੂਣ, ਸਿਥੀਅਨ, ਗੁਰਜਰ, ਕਾਠੀ, ਅਰਬ ਤੇ ਯੂਰਪੀ ਆਦਿ। ਪ੍ਰਸਿੱਧ ਤੇ ਪ੍ਰਾਚੀਨ ਗੁਜਰਾਤੀ ਕਵੀ ਨਰਸਿੰਹ ਮੇਹਤੇ (15ਵੀਂ ਸਦੀ) ਹੈ ਜਿਸ ਦਾ ਕਾਵਿ ਗੁਜਰਾਤ ਵਿਚ ਬਹੁਤ ਲੋਕ-ਪ੍ਰਿਆ ਹੈ ਪਰ ਉਸ ਦੇ ਕਾਵਿ ਦੀ ਭਾਸ਼ਾ ਸਮੇਂ ਦੇ ਗੇੜ ਵਿਚ interpolated ਬਣਦੀ ਗਈ ਹੈ । ਰਾਜਸਥਾਨ ਤੇ ਗੁਜਰਾਤ ਦੀਆਂ ਬੋਲੀਆਂ ਉੱਤੇ ਸ਼ੁਰੂ ਤੋਂ ਹੀ ਮੱਧ ਦੇਸ ਦੀ ਭਾਸ਼ਾ ਪ੍ਰਭਾਵੀ ਰਹੀ ਹੈ । ਸ਼ੌਰਸੇਨੀ ਪ੍ਰਾਕ੍ਰਿਤ ਤੇ ਸ਼ੌਰਸੇਨੀ ਅਪਭ੍ਰੰਸ਼ ਨੇ ਗੁਜਰਾਤੀ ਤੇ ਰਾਜਸਥਾਨੀ ਨੂੰ ਪ੍ਰਭਾਵਿਤ ਕੀਤਾ ਹੈ ।

ਗੁਜਰਾਤੀ ਭਾਸ਼ਾ ਦੀ ਲਿਪੀ ਪਹਿਲਾਂ ਤਾਂ ਨਾਗਰੀ ਹੀ ਰਹੀ ਹੈ, ਪਰ ਹੁਣ ਨਾਗਰੀ ਦਾ ਹੀ ਪਰਵਰਤਿਤ ਰੂਪ "ਕੈਥੀ" ਲਿਪੀ ਗੁਜਰਾਤੀ ਲਈ ਮਖ਼ਸੂਸ ਹੈ । ਸਰਕਾਰੀ ਪੱਧਰ ਤੇ ਗੁਜਰਾਤੀ ਕੈਥੀ ਵਿਚ ਹੀ ਲਿਖੀ ਜਾਂਦੀ ਹੈ । ਕੈਥੀ ਦੇ ਅੱਖਰਾਂ ਦੇ ਸਿਰਾਂ ਉੱਤੇ ਗੁਰਮੁਖੀ ਜਾਂ ਨਾਗਰੀ ਦੀ ਤਰ੍ਹਾਂ ਲਕੀਰ ਨਹੀਂ ਪੈਂਦੀ । ਅਹਿਮਦਾਬਾਦ, ਮਹੀਕੰਥ, ਪਲਨਪੁਰ, ਕੱਛ, ਕਾਠਿਆਵਾੜ, ਕੈਰਾ, ਪੰਚ ਮਹਿਲ, ਰੀਵਾ ਕੰਥ, ਬੜੌਚ, ਸੂਰਤ, ਬੜੋਦਾ, ਗੁਜਰਾਤੀ-ਭਾਸ਼ੀ ਪ੍ਰਸਿੱਧ ਨਗਰ/ਜ਼ਿਲ੍ਹੇ ਆਦਿ ਹਨ । ਗੁਜਰਾਤੀ ਦੀਆਂ ਪ੍ਰਮੁਖ ਭਾਸ਼ਿਕ ਵਿਸ਼ੇਸ਼ਤਾਵਾਂ ਪੱਛਮੀ ਹਿੰਦੀ ਤੇ ਰਾਜਸਥਾਨੀ ਨਾਲ ਸਾਂਝੀਆਂ ਹਨ । ਗੁਜਰਾਤੀ, ਸੰਬੰਧ ਕਾਰਕ (genitive) ਤੇ ਸੰਪ੍ਰਦਾਨ ਕਾਰਕ (dative) ਦੇ ਪੱਖ ਤੋਂ ਪੱਛਮੀ ਰਾਜਸਥਾਨੀ ਨਾਲ ਮਿਲਦੀ ਹੈ । ਇਹ ਦੋਵੇਂ ਕਾਰਕ ਗੁਜਰਾਤੀ ਵਿਚ ਸੰਜੋਗਾਤਮਕ (synthetic) ਹਨ । ਗੁਜਰਾਤੀ (genitive) "ਘੋੜਾਨੋ" (ਘੋੜੇ ਦਾ) ਹੈ ਇਹ "ਘੋੜ-ਤਣਉ" ਤੋਂ ਵਿਕਸਿਤ ਹੋਇਆ ਹੈ : ਘੋੜਅ-ਤਣਉ → ਘੋੜਅਣਉ → ਘੋੜਾਨੋ । ਘੋੜਾਨੋ ਇਕੋ ਹੀ ਸ਼ਬਦ ਹੈ 'ਨੋ' ਅੰਤ-ਵਿਭਕਤੀ (termination) ਹੈ, ਸੰਬੰਧਕ (ਪਰਸਰਗ : post-position) ਨਹੀਂ । ਰਾਜਸਥਾਨੀ ਦਾ ਸੰਬੰਧ-ਕਾਰਕ ਘੋੜਾਰੋ ਹੈ, ਘੋੜਾਰੋ ਵੀ inflectional one-word ਹੈ । (ਬੰਗਾਲੀ ਦਾ genitive ਘੋੜਾਰ ਹੈ) ।

ਗੁਜਰਾਤੀ ਉੱਚਾਰਣ

ਗੁਜਰਾਤੀ ਦੀਆਂ ਉਚਾਰਣ-ਗਤ ਵਿਲੱਖਣਤਾਵਾਂ ਹਨ । ਦ੍ਵਿਤ ਵਿਅੰਜਨ ਸਰਲ ਹੋ ਕੇ ਪੂਰਵ ਸੁਰ ਦੀਰਘ ਹੋ ਜਾਂਦਾ ਹੈ । ਹਿੰਦੀ ਮੱਖਨ : ਗੁ ਮਾਖਣ । ਅਪਭ੍ਰੰਸ਼ੀ ਮਾਰਿੱਸਉ, ਗੁਜਰਾਤੀ ਵਿਚ ਮਾਰੀਸ਼ ਹੋ ਜਾਂਦਾ ਹੈ । ਹਿੰਦੁਸਤਾਨੀ /ਐ, ਔ/ ਗੁਜਰਾਤੀ ਵਿਚ /ਏ, ਓ/ ਹੋ ਜਾਂਦੇ ਹਨ

ਹਿੰ : ਬੈਠਾ, ਗੁ : ਬੇਠੋ, ਹਿੰ. ਲੌਂਡੀ ਗੁ. ਲੋਂਡੀ

ਹਿੰਦੁਸਤਾਨੀ /ਇ/ ਗੁਜਰਾਤੀ ਵਿਚ 'ਅ' ਉਚਾਰੀ ਜਾਂਦੀ ਹੈ :

ਹਿੰ : ਬਿਗਾੜਨਾ, ਗੁ : ਬਗਾੜਵੂੰ : ਹਿੰ ਲਿਖਣਾ, ਗੁ ਲਖਵੂੰ

ਹਿੰ. ਮਿਲਨਾ, ਗੁ : ਮਲਵੂੰ : ਹਿੰ. ਅਧਿਕ, ਗੁ ਅਧਕੁ

ਰਾਜਸਥਾਨੀ, ਪੰਜਾਬੀ, ਸਿੰਧੀ ਤੇ ਮਰਾਠੀ ਭਾਸ਼ਾਵਾਂ ਵਾਂਗੂ ਗੁਜਰਾਤੀ ਵਿਚ ਮੂਰਧਨੀ

ਵਿਅੰਜਨਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ । 'ਡ' ਤੇ, ਢ ' ਲਿਖਤ ਵਿਚ ਹਨ ਪਰ ਮੌਖਿਕ ਪੱਧਰ ਤੇ ਇਹ ੜ, ੜ੍ਹ ਬੋਲੇ ਜਾਂਦੇ ਹਨ । ਣ, ਲ, ਗੁਜਰਾਤੀ ਵਿਚ ਆਮ ਹਨ । ਦੰਤੀ ਧੁਨੀਆਂ ਨੂੰ ਮੂਰਧਨੀ ਬਣਾਉਣ ਦੀ ਪ੍ਰਵਿਰਤੀ ਵੀ ਕਾਫ਼ੀ ਹੈ, ਮਾਤੇ: ਮਾਟੇ, ਦੀਖੇ : ਦੀਠੋ (ਡਿੱਠਾ), ਡਾਹਦੋ : ਦਹਾੜੋ (ਦਿਨ) । ਚ, ਛ ਨੂੰ ਸ ਉੱਚਾਰਣ ਦੀ ਪ੍ਰਵਿਰਤੀ ਹੈ : ਪਾਂਚ : ਪਾਂਸ, ਉੱਚੋ : ਉਸੋ, ਚਾਰਵੂੰ : ਸਾਰਵੂੰ (ਚਾਰਨਾ), ਛੋਰੂੰ : ਸੋਰੂੰ (ਛੋਕਰਾ) ਬੋਲਚਾਲੀ ਗੁਜਰਾਤੀ ਵਿਚ ਸ਼, ਸ ਵਿਅੰਜਨ 'ਹ' ਬਣਦੇ ਹਨ–ਮਾਣਹ (ਮਾਣਸ,ਮਨੁੱਖ), ਹੋ (ਸੋ, ਸ਼ੋ) ਹੂਰਜ (ਸੂਰਜ), ਦੇਹ (ਦੇਸ਼) ।

ਗੁਜਰਾਤੀ ਵਿਚ ਤਿੰਨ ਲਿੰਗ ਹਨ : ਪੁਲਿੰਗ, ਇਸਤ੍ਰੀ ਲਿੰਗ ਅਤੇ ਨਪੁੰਸਕ (neutral) । ਛੋਕਰੋ (ਪਲਿੰਗ) ਛੋਕਰੀ (ਇ ਲਿੰਗ), ਛੋਕਰੂੰ (ਨਪੁੰਸਕ ਲਿੰਗ, neuter gender) ਦੇਵਦੱਤਨੋ ਛੋਕਰੋ (ਪੁ.), ਦੇਵਦੱਤਨੀ ਮਾਤਾ (ਇ. ਲਿੰਗ), ਦੇਵਦੱਤਨੂੰ ਪੁਸਤਕ (ਨਪੁੰਸਕ) । ਕੁਕੜੋ (ਕੁੱਕੜ), ਬਿਲਾਡੀ (ਬਿੱਲੀ), ਗਧੇੜੂੰ (ਗਧਾ), -ਡੋ, -ਡੀ, -ਡੂੰ ਤਿੰਨ ਪਿਛੇਤਰ ਹਨ । ਗੁਜਰਾਤੀ ਦੇ ਕ੍ਰਿਆ ਰੂਪਾਂ ਵਿਚ "ਛੂੰ" ਸਹਾਇਕ ਕ੍ਰਿਆ ਵਜੋਂ ਵਿਲੱਖਣ ਹੈ । ਭਵਿਖਤਵਾਚੀ ਕ੍ਰਿਆਵਾਂ ਵਿਚ /-ਸ-,ਸ਼-/ ਦਾ ਆਗਮ ਹੁੰਦਾ ਹੈ ਪਰ ਹਿੰਦੀ ਵਿਚ ਸ ਆਗਮ ਹ ਬਣਦਾ ਹੈ । ਗੁਜਰਾਤੀ ਕ੍ਰਿਆ ਦੇ ਪ੍ਰਮੁੱਖ ਰੂਪ ਇਹ ਹਨ :

ਭੂਤਕਾਲ : ਮਾਰਯੋ,ਮਾਰੇ, ਮਾਰੇਲੋ, ਮਾਰੇਲ (struck) ਗਏਲਾ (gone)

ਵਰਤਮਾਨ ਕਾਲ : ਮਾਰੂੰਛੂੰ, ਮਾਰੇ ਛੇ, ਜਾਉਂ ਛੂੰ ।

ਭਵਿਖਤ ਕਾਲ : ਮਾਰੀਸ਼, ਮਾਰੀਸ਼ੂੰ, ਮਾਰਸ਼ੇ, ਮਾਰਸ਼ੋ (ਹੁੰ ਜਈਸ਼ → ਜਸ਼ੋ)

(3) ਮਰਾਠੀ

ਭਾਰਤ ਦੇ ਦੱਖਣ ਵਿਚ ਮਹਾਰਾਸ਼ਟ੍ਰੀ ਪ੍ਰਾਕ੍ਰਿਤ ਤੇ ਮਹਾਰਾਸ਼ਟਰੀ ਅਪਭ੍ਰੰਸ਼ ਤੋਂ ਉਤਪੰਨ ਮਰਾਠੀ ਭਾਸ਼ਾ ਦਾ ਖੇਤਰ ਹੈ । ਮਰਾਠੀ ਅਜੋਕੇ "ਮਹਾਰਾਸ਼ਟਰ" ਪ੍ਰਦੇਸ਼ ਦੀ ਰਾਜ-ਭਾਸ਼ਾ ਹੈ । ਭਾਰਤ ਦੇ ਪੱਛਮੀ ਕਿਨਾਰੇ ਦੇ ਦਮਣ ਗ੍ਰਾਮ ਤੋਂ ਦੱਖਣ ਦੀ ਤਰਫ਼ ਗੋਮੰਤਕ ਅਤੇ ਉੱਤਰ ਵਿਚ ਨਾਗਪੁਰ ਦਾ ਇਲਾਕਾ ਮਹਾਰਾਸ਼ਟਰ ਹੈ । ਮਰਾਠੀ ਦੇ ਪੱਛਮ ਵੱਲ ਗੁਜਰਾਤੀ, ਉੱਤਰ ਵੱਲ ਰਾਜਸਥਾਨੀ, ਉੱਤਰ-ਪੂਰਬ ਵੱਲ ਹਿੰਦੀ, ਪੂਰਬ ਵਲ ਉੜੀਸਾ ਅਤੇ ਦੱਖਣ ਵੱਲ ਦ੍ਰਾਵਿੜੀ ਭਾਸ਼ਾ ਤੇਲੁਗੂ ਹਨ । ਮਰਾਠੀ ਆਮ ਤੌਰ ਤੇ ਨਾਗਰੀ ਅੱਖਰਾਂ ਵਿਚ ਲਿਖੀ ਜਾਂਦੀ ਹੈ, ਕਈ ਅੱਖਰ ਨਵੇਂ ਬਣਾਏ ਹਨ । ਪਰ ਮੋੜੀ (twisted) ਲਿਪੀ ਵੀ ਵਰਤੀ ਜਾਂਦੀ ਹੈ ।

ਗ੍ਰੀਅਰਸਨ [ਪੰਨਾ, 142] ਦੇ ਅਨੁਸਾਰ ਮਰਾਠੀ ਵਿਚ ਵੈਦਿਕ ਯੁਗ ਦਾ ਸੁਰਾਘਾਤ (phonetic pitch-tone) ਉਪਲਬਧ ਹੈ ਜੋ ਅੰਗ੍ਰੇਜ਼ੀ ਭਾਸ਼ਾ ਦੇ stress accent ਤੋਂ ਵਿਲੱਖਣ ਹੈ । ਮਰਾਠੀ ਸੁਰਾਘਾਤ weak stress-accent ਬਣ ਗਿਆ ਹੈ । ਬਾਕੀ ਸਾਰੀਆਂ ਹਿੰਦ-ਆਰੀਆ ਭਾਸ਼ਾਵਾ ਵਿਚ ਇਹ ਪ੍ਰਾਚੀਨ ਟੋਨ ਲੁਪਤ ਹੋ ਗਈ ਹੈ ।

ਮਰਾਠੀ ਦੀਆ ਤਿੰਨ ਉਪ-ਭਾਸ਼ਾਵਾਂ ਹਨ– ਦੇਸ਼ੀ, ਸਟੈਂਡਰਡ ਕੋਂਕਣੀ, ਸਟੈਂਡਰਡ ਮਰਾਠੀ । ਬਸਤਰ ਦੀ ਹਲਬੀ ਵੀ ਮਰਾਠੀ ਦੇ ਅੰਤਰਗਤ ਹੈ । ਮਰਾਠੀ ਦੇ ਖੇਤਰ ਵਿਚ ਪੂਨਾ (ਪੁਣੇ) ਬੰਬਈ, ਥਾਨਾ, ਗੋਆ, ਦਮਨ, ਹੈਦਰਾਬਾਦ, ਨਾਗਪੁਰ ਸੋਗਰ ਆਦਿ ਨਗਰ ਸਥਾਨ ਪ੍ਰਸਿੱਧ ਹਨ । ਪਿਛਲੇ ਸੱਤ ਸੌ ਸਾਲਾਂ ਤੋਂ ਮਰਾਠੀ ਦਾ ਟਕਸਾਲੀ ਕੇਂਦਰ ਬਦਲਦਾ ਰਿਹਾ ਹੈ । ਤੇਰ੍ਹਵੀਂ ਸਦੀ ਵਿਚ ਇਹ ਨਾਗਪੁਰ ਦੇ ਪਾਸ ਸੀ, ਸੋਲ੍ਹਵੀਂ ਸਦੀ ਵਿਚ

(ਏਕਨਾਥ ਯੁਗ ਵਿਚ) ਪੈਠਣ ਦੀ ਤਰਫ ਚਲਾ ਗਿਆ । ਸੰਤ ਤੁਕਾਰਾਮ ਤੇ ਰਾਮਦਾਸ ਦੇ ਸਮੇਂ ਵਿਚ ਬੰਬਈ ਰਾਜ ਵਿਚ ਜਾ ਪਹੁੰਚਿਆ । ਅਜੌਕਾ ਕੇਂਦਰ ਪੂਨੇ (ਪੁਣੇ) ਦੇ ਆਸਪਾਸ ਹੈ । John Beams ਨੇ ਲਿਖਿਆ ਹੈ

Marathi is one of those languages which may be called playful. It delights in all sorts of Jingling formations, and has struck out a larger quantity of secondary and tertiary words, diminutives and the like than any of the cognate tongues.

ਅਨੇਕਾਂ ਸਦੀਆਂ ਦੇ ਦੌਰਾਨ ਅਲਗ-ਥਲਗ (isolation) ਰਹਿਣ ਕਰਕੇ ਮਰਾਠੀ ਦੀ ਸੁਤੰਤਰ ਹਸਤੀ ਸਥਾਪਿਤ ਹੋਈ ਹੈ । ਮਰਾਠੀ ਦਾ ਸ਼ਬਦ-ਕੋਸ਼ ਪ੍ਰਮੁੱਖ ਤੌਰ ਤੇ ਤਦਭਵ ਹੈ ਅਤੇ ਫ਼ਾਰਸੀ ਦੇ ਉਧਾਰੇ ਸਬਦ ਮੁਕਾਬਲਤਨ ਮਹੱਤਵਪੂਰਣ ਨਹੀਂ ਹਨ । ਪਰੰਤੂ ਹੁਣ ਮਰਾਠੀ ਵਿਚ ਤਦਭਵ ਸ਼ਬਦਾਂ ਦਾ ਤਤਸਮੀਕਰਣ ਹੋ ਰਿਹਾ ਹੈ । ਹੁਣ ਪਸਾਯ ਦੀ ਥਾਂ ਪ੍ਰਸਾਦ (= ਕ੍ਰਿਪਾ), ਗਹੀਰੁ ਦੀ ਥਾਂ ਗੰਭੀਰ (= ਡੂੰਘਾ) ਨਾਹ ਦੀ ਥਾਂ "ਨਾਥ" ਹੋ ਰਹੇ ਹਨ ।

ਉੱਚਾਰਣ ਵਿਸੇਸ਼ਤਾ ਮਰਾਠੀ ਵਿਚ ਹਰ ਇਕ ਵਿਅੰਜਨ (ਕ,ਖ,ਗ ਆਦਿ) ਦੇ ਉੱਚਾਰਣ ਸਮੇਂ ਹ੍ਰਸਵ 'ਅ' (inherent) ਵਿੱਦਮਾਨ ਰਹਿੰਦਾ ਹੈ ਬਸਰਤਿ ਕਿ ਹੋਰ ਕੋਈ ਸਵਰ ਉਸ ਵਿਅੰਜਨ ਨਾਲ ਸੰਜੁਗਤ ਨਾ ਹੋਵੇ -"ਘਰ" ਨੂੰ "ਘਰਅ"(ghara) ਕਰਕੇ ਉਚਾਰਿਆ ਜਾਂਦਾ ਹੈ । ਪੰਜਾਬੀ, ਹਿੰਦੀ, ਉਰਦੂ ਵਿਚ ghar ਬੋਲਿਆ ਜਾਂਦਾ ਹੈ ghara ਨਹੀਂ । ਹ੍ਰਸਵ ਅ ਨੂੰ ਉਚਾਰਣ ਦੀ ਪ੍ਰਵਿਰਤੀ ਸ਼ਾਇਦ ਦ੍ਰਾਵਿੜੀ ਗੁਆਂਢੀ ਭਾਸ਼ਾਵਾਂ ਦਾ ਅਸਰ ਹੈ । ਕੋਲ੍ਹਾਪੁਰ ਵਿਚ ਤਾਂ ਇਹ ਪ੍ਰਵਿਰਤੀ ਹੋਰ ਵੀ ਬਲਵਾਨ ਹੈ ਜਿਵੇਂ ਦੋਨ (done =ਦੋ) । Penultimate ਸਥਿਤੀ ਵਿਚ ਮਕਤਾ-ਅੰਤਕ ਸ਼ਬਦਾਂ ਵਿਚ ਇ ਤੇ ਉ ਸੁਰ ਦੀਰਘ ਰਹਿੰਦੇ ਹਨ ਮਾਰੀਤ (=ਮਾਰਨਾ), ਲਾਕੂਡ (ਲੱਕੜ) ਊਂਸ (ਉਖ, ਇੱਖ) । /ਏ/ ਅਕਸਰ ਯੇ ਕਰਕੇ ਬੋਲੀ ਜਾਂਦੀ ਹੈ-ਯੇਕ/ਏਕ (=ਇਕ), ਯੇਣੇ (=ਆਉਣਾ) ਯੇਥੇਂ, ਏਥੇਂ (=ਇੱਥੇ) ਤੇ/ਤਯਾ ਵੇਲ਼ੇਸ (ਉਸ ਵੇਲੇ) (at that time) ।

ਕਵਰਗੀ, ਤਵਰਗੀ ਤੇ ਪਵਰਗੀ ਧੁਨੀਆਂ ਦਾ ਉਚਾਰਣ ਸੰਸਕ੍ਰਿਤ ਵਾਂਗੂ ਹੀ ਹੈ । ਮਰਾਠੀ ਵਿਚ ਤਾਲਵੀ ਧੁਨੀਆਂ (palatal sounds) ਦਾ ਉੱਚਾਰਣ ਵਿਸ਼ੇਸ਼ ਹੈ । ਚ, ਛ, ਜ, ਝ, ਨੂੰ ts, tsh, dz, dsh, ਕਰਕੇ ਤਰਤੀਬਵਾਰ ਉਚਾਰਿਆ ਜਾਂਦਾ ਹੈ । ਇਹ ਉਚਾਰਣ alveolar affricate ਹੈ । ਚਾਕਰ (ਨੌਕਰ) ਦਾ ਉਚਾਰਣ tsakar ਹੈ । ਮੂਰਧਨੀ ਵਿਅੰਜਨ (retroflex) ਸੰਸਕ੍ਰਿਤ ਦੀ ਤਰ੍ਹਾਂ ਹਨ ਪਰੰਤੂ ਡ ਅਤੇ ਲ ਅੰਤਰ-ਵਟਾਂਦਰਾ ਕਰ ਲੈਂਦੇ ਹਨ ।

ਕੋਂਕਣੀ ਵਿਚ ਣ ਦਾ ਅਧਿਕ ਪ੍ਰਚਲਨ ਹੈ । ਮਰਾਠੀ ਵਿਚ ਮੂਰਧਨੀ ਲ਼ ਅਤੇ ਦੰਤੀ ਲ ਦੋਵੇਂ ਹਨ ਜਿਵੇਂ ਪੰਜਾਬੀ (ਖ਼ਾਸ ਕਰਕੇ ਮਲਵਈ ਪੰਜਾਬੀ) ਵਿਚ ਲ ਤੇ ਲ਼ ਦੋਵੇਂ ਪ੍ਰਚਲਿਤ ਹਨ, ਪਰ ਮਹਾਂਰਾਸ਼ਟਰ ਦੇ ਕਈਆਂ ਇਲਾਕਿਆਂ ਵਿਚ (ਥਾਨਾ ਤੋਂ ਰਾਜਪੁਰ) ਦੰਤੀ ਲ ਹੀ ਹੈ ਅਤੇ ਕਈ ਵਾਰ 'ਲ' ਦੀ ਥਾਂ 'ਰ' ਜਾਂ ਯ ਬੋਲਿਆ ਜਾਂਦਾ ਹੈ । -ਮਾਲ਼ੀ, ਮਾਲੀ, ਮਾਰੀ ਅਤੇ ਮਾਯੀ (=ਮਾਲੀ, gardener) ।

ਮਰਾਠੀ ਵਿਚ ਦੰਤੀ ਸ ਅਤੇ ਤਾਲਵੀ ਸ਼ ਦੋਵੇਂ ਹਨ ਸੀਲ (ਸਿਲਾ =ਪੱਥਰ) ਸੇਤ (ਖੇਤ) ਸ਼ਯਾਮ (ਕਾਲਾ) । ਮੂਰਧਨੀ ਸ(ਸ਼) ਨਵੇਂ ਆਏ ਸੰਸਕ੍ਰਿਤ ਸ਼ਬਦਾਂ (ਜਿਵੇਂ

ਸੋਸ, ਸੋਸਣੇਂ) ਵਿਚ ਰਖਿਆ ਜਾਂਦਾ ਹੈ ਪਰ ਉਚਾਰਣ ਸ ਹੀ ਹੁੰਦਾ ਹੈ।

ਕਈ ਮਹਾਪ੍ਰਾਣ ਵਰਣ ਅਪਲਪ੍ਰਾਣ ਬਣ ਜਾਂਦੇ ਹਨ ਹਾਤ- (ਹੱਥ) ਮਾਜ (ਮੱਝ, ਮੱਧ)। ਸੰਸਕ੍ਰਿਤ (ਗ਼) ਧੁਨੀ ਦਾ ਉੱਚਾਰਣ ਕੋਂਕਣੀ ਵਿਚ ਗਯ (gy) ਹੈ ਬਾਕੀ ਮਰਾਠੀ ਬੋਲੀਆ ਵਿਚ dny ਹੈ। ਸੰ ਗ਼ਾਨ, ਮਰਾਠੀ : dnyan, ਕੋਕਣੀ : gyan ਗਿਆਨ।

ਮਰਾਠੀ ਵਿਆਕਰਣ :

ਲਿੰਗ : ਮਰਾਠੀ ਵਿਚ ਪੁਲਿੰਗ, ਅਤੇ ਇਸਤਰੀ ਲਿੰਗ ਅਤੇ ਨਪੁੰਸਕ ਤਿੰਨ ਲਿੰਗ ਹਨ ਜਦੋਂ ਕਿ ਪੰਜਾਬੀ, ਹਿੰਦੀ ਵਿਚ ਦੋ ਹੀ ਹਨ ਨਪੁੰਸਕ ਨਹੀਂ ਹੈ। ਆ-ਅੰਤਕ ਸ਼ਬਦ ਪੁਲਿੰਗ, ਈ -ਅੰਤਕ ਇਸਤ੍ਰੀ ਲਿੰਗ ਅਤੇ ਏ-ਅੰਤਕ ਨਪੁੰਸਕ ਹਨ। ਜਿਵੇਂ ਮੁਲਗਾ (ਮੁੰਡਾ), ਮੁਲਗੀ (ਕੁੜੀ), ਮੁਲਗੇ (ਬੱਚਾ = ਮੁੰਡਾ ਜਾਂ ਕੁੜੀ)।

ਵਚਨ : ਮਰਾਠੀ ਵਿਚ ਵਚਨ ਦੋ ਹਨ - ਇਕ ਵਚਨ, ਬਹੁ ਵਚਨ।

ਕਾਰਕ : ਕਾਰਕੀ ਪਿਛੇਤੇਰ ਜਾਂ ਸੰਬੰਧਕ (post-positions) ਜੋੜ ਕੇ ਵਿਭਿੰਨ ਕਾਰਕ ਪ੍ਰਗਟ ਕੀਤੇ ਜਾਂਦੇ ਹਨ। ਸੰਬੋਧਨ ਨੂੰ ਛੱਡ ਕੇ ਬਾਕੀ ਕਾਰਕ ਤਿਰਛੇ ਰੂਪਾਂ (oblique forms) ਨਾਲ ਸੰਬੰਧਕ ਜੋੜ ਕੇ ਹੀ ਰਚੇ ਜਾਂਦੇ ਹਨ। ਕਾਰਕੀ ਪਿਛੇਤਰ (genitive case-endings) "ਚਾ, ਚੀ, ਚੇ" ਵਿਲੱਖਣ ਹਨ ਜਿਵੇਂ " ਬਾਪਚਾ" ਅਰਥਾਤ ਬਾਪ ਦਾ।

ਪੜਨਾਂਵ : ਤੋ (he : ਉਹ), ਤੀ (she : ਉਹ), ਤੇ (neutral ਨਪੁੰਸਕ) ਮੀ ਜਾਂ ਮੀਂ (I : ਮੈਂ), ਆਮ੍ਹੀ (we : ਅਸੀਂ), ਤੁਮ੍ਹੀਂ (you : ਤੁਸੀਂ)।

ਮਰਾਠੀ ਕ੍ਰਿਆ "ਉਠ" = ਉਠਣਾ

	ਵਰਤਮਾਨ ਕਾਲ	*ਭੂਤ ਕਾਲ*	*ਭਵਿਖਤ ਕਾਲ*
	1. ਉਠਤੋਂ, -ਤੇਂ, ਤੈ	ਉਠਲੋ, -ਲੇਂ, -ਲੇ	ਉਠੇਨ
ਇਕਵਚਨ	2. ਉਠਤੋਸ, ਤੇਸ, ਤੇਂਸ	ਉਠਲਸ, -ਲੀਸ, -ਲੇਂਸ	ਉਠਸ਼ੀਲ
	3. ਉਠਤੋ	ਉਠਲ, -ਲੀਂ, ਉਠਲੇਂ	ਉਠੇਲ
	1. ਉਠਤੋਂ	ਉਠਲੋਂ	ਉਠੂੰ
ਬਹੁਵਚਨ	2. ਉਠਤਾਂ	ਉਠਲਾਂ	ਉਠਾਲ
	3. ਉਠਤਾਤ	ਉਠਲੇਂ	ਉਠਤੀਲ
ਸਹਾਇਕ	1. ਹੋਯ	ਹੋਤੋਂ	
ਕ੍ਰਿਆ	2. ਹੋਸ	ਹੋਤਾਂਸ	
	3. ਹੋਯ	ਹੋਤਾ	

ਮਰਾਠੀ ਕ੍ਰਿਆ ਤੇ ਕ੍ਰਿਦੰਤਾਂ ਦੇ ਵਿਭਿੰਨ ਰੂਪ :

verbal nouns (ਕ੍ਰਿਆਵੀਂ ਨਾਂਵ)	: ਕਰਣੇ (ਪੰਜਾਬੀ : ਕਰਨਾ)
future (ਭਵਿਖ)	: ਮੀ ਕਰੀਨ (ਪੰਜਾਬੀ : ਮੈਂ ਕਰਾਂਗਾ)
imperative (ਅਗਿਆਰਥਕ)	: ਕਰ (ਪੰਜਾਬੀ : ਕਰ, do)
present (ਵਰਤਮਾਨ ਕਾਲ)	: ਮੀ ਉਠਤੋਂ (ਪੰ : ਮੈਂ ਉਠਦਾ ਹਾਂ)
past (ਭੂਤਕਾਲ)	: ਮੀ ਉਠਲੋਂ (ਪੰ : ਮੈਂ ਉਠਿਆ)
present conjunctive	: ਮੀ ਉਠਾਵਾ (ਮੈਨੂੰ ਉਧਠਣਾ ਚਾਹੀਏ)
present participle	ਤੋ ਕਰਤੋ (he does) ਤੀ ਕਰਤੇ (she does)

past participle	ਮੀ ਉਅਲੋਂ (ਮੈਂ ਉਠਿਆ)
passive (ਕਰਮਣੀ ਵਾਚ)	ਮੁਲਗਯਾਨੇ ਪੋਥੀ ਵਾਚਿਲੀ (ਲੜਕੇ ਨੇ ਪੋਥੀ ਵਾਚ ਲਈ)
impersonal construction (ਭਾਵੇ ਪ੍ਰਯੋਗ)	ਮਯਾ ਤੁਯਾਲਾ ਮਾਰਿਲੇਂ
ਮਰਾਠੀ phrase	ਨੇਣਣੇਂ (ਸੰਸ. "ਨ ਜਾਨਾਮਿ" ਪੰਜਾਬੀ "ਨੈ ਜਾਣੀਏ")

ਮਰਾਠੀ ਦਾ ਪ੍ਰਾਚੀਨਤਮ ਸਾਹਿੱਤ ਵੈਸ਼ਣਵ ਧਾਰਾ ਦੇ ਗਿਆਨੇਸਵਰ, ਨਾਮਦੇਵ [1270-1350 ਈ.] ਏਕਨਾਥ [1533-1599] ਤੁਕਾਰਾਮ ਦੀਆਂ ਕ੍ਰਿਤੀਆਂ (ਤੇਰ੍ਹਵੀਂ ਸਦੀ ਦਾ ਅੰਤ) ਤੋਂ ਸ਼ੁਰੂ ਹੁੰਦਾ ਹੈ। ਸੁਪ੍ਰਸਿੱਧ ਸਾਹਿਤਕਾਰ ਤੁਕਾਰਾਮ ਹਨ ਜੋ ਸ਼ਿਵਾਜੀ ਦੇ ਸਮਕਾਲੀ ਹਨ (ਪੂਰਵਾਰਧ ਸੋਲ੍ਹਵੀਂ ਸਦੀ)। ਭਗਵਾਨ ਵਿਠੋਬਾ ਨੂੰ ਸਮਰਪਿਤ ਤੁਕਾਰਾਮ ਜੀ ਦੇ "ਅਭੰਗ" ਮਰਾਠਾ ਦੇਸ ਦੇ ਘਰ ਘਰ ਵਿਚ ਗਾਏ ਜਾਂਦੇ ਹਨ। ਮੋਰੋਪਾਂਤ (1720 ਈ.) ਇਨ੍ਹਾਂ ਦੇ ਉੱਤਰਾਧਿਕਾਰੀ ਸਨ। ਇਸ ਤੋਂ ਪਹਿਲਾਂ ਗਿਆਨੇਸ਼ਵਰ ਦੀ ਭਗਵਦ-ਗੀਤਾ ਦੀ ਕਾਵਿਬੱਧ ਟੀਕਾ 'ਗਿਆਨੇਸ਼ਵਰੀ' ਬਹੁਤ ਲੋਕਪ੍ਰਿਆ ਰਚਨਾ ਹੈ। ਪੰਜਾਬੀਆਂ ਦਾ ਨਾਮਦੇਵ ਦੀ ਕਾਵਿ-ਬਾਣੀ ਦੁਆਰਾ ਮਰਾਠੀ ਨਾਲ ਪਰਿਚੈ ਪ੍ਰਾਪਤ ਹੋਇਆ ਹੈ। ਨਾਮਦੇਵ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਨਾਮਦੇਵ ਦੀ ਮੂਲ ਬਾਣੀ ਦਾ ਗੁਰੂ ਗ੍ਰੰਥ ਵਿਚ ਦਰਜ ਬਾਣੀ ਨਾਲੋਂ ਥੋੜ੍ਹਾ ਅੰਤਰ ਹੈ। ਪਦੇ ਅੰਕਿਤ ਹਨ :

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ (ਰਾਗ ਆਸਾ, ਨਾਮਦੇਵ, 485) 'ਪਹਿਲ ਪੁਰੀਏ ਪੁੰਡਰਕ ਵਨਾ। ਤਾਚੇ ਹੰਸਾ ਸਗਲੇ ਜਨਾਂ। ਕ੍ਰਿਸਨਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ। ਪਹਿਲ ਪੁਰਸਾਬਿਰਾ। ਅਥੋਨ ਪੁਰਸਾਦਮਰਾ। (ਧਨਾਸਰੀ ਪੰਨਾ 693)

ਮਰਾਠੀ (ਵੰਨਗੀ , ਜ਼ਿਲ੍ਹਾ ਪੂਨਾ)

ਮਰਾਠੀ : ਕੋਣੇ ਏਕਾ ਮੁਨੁਸ਼ਯਾਸ ਦੋਨ ਪੁਤ੍ਰ ਹੋਤੇ। ਤਯਾਂਤੀਲ ਧਾਕਟਾ ਬਾਪਾਲਾ ਮ੍ਹਣਾਲਾ, ਬਾਬਾ, ਜੋ ਮਾਲਮੱਤੇਚਾ ਵਾਟਾ ਮਲਾ ਯਾਵਯਾਚਾ ਤੋ ਦੇ। ਮਗ ਤਯਾਨੇਂ ਤਯਾਸ ਸੰਪੱਤਿ ਵਾਟੂਨ ਦਿਲੀ।

ਪੰਜਾਬੀ : ਕੋਈ ਇਕ ਮਨੁੱਖ ਨੂੰ ਦੋ ਪੁੱਤਰ ਸਨ। ਉਨ੍ਹਾਂ ਵਿਚੋਂ ਨਿਕੇ ਨੇ ਪਿਓ ਨੂੰ ਕਿਹਾ ਬਾਬਾ ਜੀ, ਜੋ ਮਾਲਮੱਤੇ ਦੀ ਵੰਡ ਮੈਨੂੰ ਆਉਂਦੀ ਹੈ ਉਹ ਦੇ। ਤਾਂ ਉਸ ਨੇ ਉਸਨੂੰ ਸੰਪੱਤੀ ਵੰਡ ਕੇ ਦਿੱਤੀ।

(4) ਕੋਂਕਣੀ

ਆਧੁਨਿਕ ਭਾਰਤੀ ਆਰੀਆ ਭਾਸ਼ਾ ਪਰਿਵਾਰ ਵਿਚ ਕੋਂਕਣੀ ਹੁਣੇ ਹੁਣੇ ਮਾਨਤਾ ਪ੍ਰਾਪਤ ਭਾਸ਼ਾ ਦੇ ਤੌਰ ਤੇ ਸਥਾਪਿਤ ਹੋਈ ਹੈ ਅਤੇ (ਕੋਂਕਣੀ) ਗੋਆ ਪ੍ਰਦੇਸ਼ ਦੀ ਰਾਜ- ਭਾਸ਼ਾ ਵਜੋਂ ਸਵੀਕ੍ਰਿਤ ਕੀਤੀ ਗਈ ਹੈ। ਹੁਣ ਤਕ ਕੋਂਕਣੀ ਨੂੰ ਮਰਾਠੀ ਭਾਸ਼ਾ ਦੀ ਇਕ ਉਪ-ਭਾਸ਼ਾ ਮੰਨਿਆ ਜਾਂਦਾ ਸੀ, ਪਰੰਤੂ ਗੋਆ ਪ੍ਰਦੇਸ਼ ਵਿਚ ਕੋਂਕਣੀ ਦੀਆਂ ਵੱਖਰੀਆਂ ਭਾਸ਼ਾਈ ਵਿਸ਼ੇਸਤਾਵਾਂ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ 30 ਮਈ 1987 ਨੂੰ ਕੇਂਦਰ-ਪ੍ਰਸ਼ਾਸਿਤ ਗੋਆ ਨੂੰ ਰਾਜ ਦਾ ਦਰਜਾ ਦੇ ਕੇ ਕੋਂਕਣੀ ਨੂੰ ਗੋਆ ਰਾਜ ਦੀ ਰਾਜ-ਭਾਸ਼ਾ ਸਥਾਪਿਤ ਕਰ ਦਿੱਤਾ ਹੈ। ਹੁਣ ਗੋਆ ਭਾਰਤੀ ਰਾਸ਼ਟਰ ਦਾ 25ਵਾਂ ਰਾਜ ਬਣ ਗਿਆ ਹੈ।

ਗ੍ਰੀਅਰਸਨ (L. S. I. vol. I part I, p. 145) ਨੇ ਲਿਖਿਆ ਹੈ ਕਿ ਕੋਂਕਣ/ਕੋਂਕਣੀ ਸਟੈਂਡਰਡ ਦੇਸੀ ਮਰਾਠੀ (ਪੂਣੇ ਨਗਰ ਦੇ ਆਲੇ-ਦੁਆਲੇ ਦੀ ਮਰਾਠੀ) ਦੀ ਇਕ ਕਿਸਮ ਹੈ ਜੋ ਦਮਨ ਤੋਂ ਰਤਨਗਿਰੀ ਦੇ ਪਰ੍ਹੇ ਤਕ ਅਤੇ ਕੋਂਕਣ ਦੇ ਉੱਤਰੀ ਭਾਗ ਵਿਚ ਬੋਲੀ ਜਾਂਦੀ ਹੈ। ਗੋਆ ਦੇ ਆਸ-ਪਾਸ ਸ਼ੁੱਧ ਕੋਂਕਣੀ ਪ੍ਰਚਲਿਤ ਹੈ। ਗ੍ਰੀਅਰਸਨ ਨੇ ਵੀ ਇਹ ਮੰਨਿਆ ਸੀ ਕਿ ਕੋਂਕਣੀ ਮਰਾਠੀ ਦੀ ਕੇਵਲ ਵਿਗੜੀ ਹੋਈ ਬੋਲੀ ਨਹੀਂ ਹੈ ਇਹ ਇਕ ਸ਼ੁੱਧ ਉਪ-ਭਾਸ਼ਾ ਹੈ। ਕੋਂਕਣੀ ਉੱਤਰ ਵਿਚ ਮਲਵਾਨ ਤੋਂ ਲੈ ਕੇ ਦੱਖਣ ਵਿਚ ਕਰਵਾਰ ਤਕ ਬੋਲੀ ਜਾਂਦੀ ਹੈ ਅਤੇ ਗੋਆ ਦੀ ਪੁਰਤਗਾਲੀ ਬਸਤੀ ਦੀ ਭਾਸ਼ਾ ਹੈ। ਸੰਨ 1497 ਵਿਚ ਪੁਰਤਗਾਲੀ ਯਾਤਰੀ ਵਾਸਕੋ-ਡੀ-ਗਾਮਾ ਦੱਖਣੀ ਭਾਰਤ ਦੇ ਕਾਲੀਕਟ ਸਥਾਨ ਤੇ ਉਤਰਿਆ ਸੀ। ਉਸਦੇ ਮਾਰਗ-ਦਰਸ਼ਨ ਕਾਰਣ ਪੁਰਤਗਾਲੀਆਂ ਨੇ 1510 ਵਿਚ ਗੋਆ/ਗੋਵਾ ਉੱਤੇ ਆਪਣਾ ਕਬਜ਼ਾ ਕਰਕੇ ਇਸ ਨੂੰ ਭਾਰਤ ਵਿਚ ਪੁਰਤਗਾਲੀ ਬਸਤੀ ਬਣਾ ਲਿਆ। ਹੌਲੀ ਹੌਲੀ ਗੋਆ ਦੇ ਜੱਦੀ ਲੋਕ ਈਸਾਈ ਬਣਦੇ ਗਏ ਅਤੇ ਪੁਰਤਗਾਲੀ ਭਾਸ਼ਾ ਦਾ ਪ੍ਰਵੇਸ਼ ਹੁੰਦਾ ਰਿਹਾ। ਅਨੇਕ ਗਿਰਜਾਘਰ ਉਸਾਰੇ ਗਏ। ਗੋਆ ਦੇ ਗਿਰਜਾਘਰਾਂ ਵਿਚ ਪ੍ਰਾਰਥਨਾ ਸਭਾਵਾਂ ਪਹਿਲਾਂ ਪੁਰਤਗਾਲੀ (Portuguese) ਭਾਸ਼ਾ ਵਿਚ ਹੀ ਸੰਬੋਧਨ ਕੀਤੀਆਂ ਜਾਂਦੀਆਂ ਸਨ, ਪਰ ਬਾਅਦ ਵਿਚ ਕੋਂਕਣੀ ਵੀ ਵਰਤੀ ਜਾਣ ਲੱਗੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਨ 1961 ਵਿਚ ਗੋਆ ਪ੍ਰਦੇਸ਼ ਨੂੰ 410 ਸਾਲਾਂ ਦੇ ਪੁਰਤਗਾਲੀ ਸ਼ਾਸਨ ਤੋਂ ਮੁਕਤ ਕੀਤਾ ਗਿਆ ਅਤੇ ਦਮਨ ਤੇ ਦਿਊ ਸਮੇਤ ਗੋਆ ਨੂੰ ਕੇਂਦਰ-ਪ੍ਰਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ ਸੀ।

ਪੁਰਤਗਾਲੀ ਵਿਦੇਸੀ ਹਕੂਮਤ ਦਾ ਪ੍ਰਭਾਵ ਇਹ ਹੈ ਕਿ ਹੁਣ ਗੋਆ ਰਾਜ ਦੀ ਕੋਂਕਣੀ, ਮਰਾਠੀ, ਕੰਨੜ ਤੇ ਅੰਗ੍ਰੇਜ਼ੀ ਭਾਸ਼ਾਵਾਂ ਤੋਂ ਇਲਾਵਾ ਪੁਰਤਗੇਜ਼ੀ/ਪੁਰਤਗਾਲੀ ਵੀ ਇਕ ਬਹੁ-ਪ੍ਰਚਲਿਤ ਭਾਸ਼ਾ ਹੈ। ਕੋਕਣੀ ਦੀ ਆਪਣੀ ਕੋਈ ਲਿਪੀ ਨਹੀਂ, ਇਹ ਨਾਗਰੀ, ਕੰਨੜ ਲਿਪੀ ਅਤੇ ਰੋਮਨ ਲਿਪੀ ਵਿਚ ਲਿਖੀ ਜਾਂਦੀ ਹੈ। ਈਸਾਈ ਕੋਂਕਣੀ ਨੂੰ ਰੋਮਨ ਲਿਪੀ ਵਿਚ ਅਤੇ ਹਿੰਦੂ ਨਾਗਰੀ ਲਿਪੀ ਵਿਚ ਲਿਖਦੇ ਹਨ। ਗੋਆ ਦੇ ਪ੍ਰਮੁਖ ਨਗਰਾਂ ਜਿਵੇਂ ਪਣਜੀ, ਮਰਗਾਉਂ ਮਾਪੁਸਾ, ਵਾਸਕੋ-ਡੀ-ਗਾਮਾ ਵਿਚ ਆਮ ਲੋਕ ਕੋਂਕਣੀ ਬੋਲਦੇ ਹਨ। ਕੋਂਕਣੀ ਤੋਂ ਬਿਨਾ ਅੰਗਰੇਜ਼ੀ, ਪੁਰਤਗੇਜ਼ੀ, ਮਰਾਠੀ ਤੇ ਕੰਨੜ ਭਾਸ਼ਾ ਵੀ ਬੋਲੀ ਜਾਂਦੀ ਹੈ।

ਗੋਆ ਵਿਚ ਕੋਂਕਣੀ ਨੂੰ ਆਮ ਤੌਰ ਤੇ Goanese ਕਿਹਾ ਜਾਂਦਾ ਹੈ। ਇਸ ਦੇ ਹੋਰ ਵੀ ਕਿੰਨੇ ਸਥਾਨਿਕ ਨਾਮ ਹਨ ਜੋ ਇਸ ਬੋਲੀ ਦੇ ਵਿਭਿੰਨ ਸਥਾਨਿਕ ਭੇਦਾਂ ਨੂੰ ਜ਼ਾਹਰ ਕਰਦੇ ਹਨ। ਮਰਾਠੀ ਦੀ ਤਰ੍ਹਾਂ ਕੋਂਕਣੀ ਵੀ ਮਹਾਰਾਸ਼ਟਰੀ ਪ੍ਰਾਕ੍ਰਿਤ ਤੋਂ ਉਤਪੰਨ ਹੋਈ ਹੈ ਪਰ ਕੋਂਕਣੀ ਪੁਰਾਤਨ ਯੁਗ ਵਿਚ ਹੀ ਮਰਾਠੀ ਭਾਸ਼ਾ ਤੋਂ ਅੱਡ ਹੋ ਗਈ ਸੀ, ਇਸ ਦੇ ਨਤੀਜੇ ਵਜੋਂ ਕੋਂਕਣੀ ਵਿਚ ਪੂਣੇ (Poona) ਦੀ ਠੇਠ ਮਰਾਠੀ ਨਾਲੋਂ ਕਾਫ਼ੀ ਵੱਖਰਤਾਵਾਂ ਉਪਲਬਧ ਹਨ। ਅਸਲ ਵਿਚ, ਕੁਝ ਪੱਖਾਂ ਵਿਚ ਕੋਂਕਣੀ ਨੇ ਧੁਨੀਆਤਮਕ ਵਿਕਾਸ ਤੇ ਰੂਪਾਂਤਰਣ ਦੀ ਪੁਰਾਤਨਮੁਖ ਅਵਸਥਾ ਨੂੰ ਸੰਭਾਲ ਕੇ ਰਖਿਆ ਹੈ ਇਸ ਲਈ ਕੋਂਕਣੀ ਵਿਚ ਕ੍ਰਿਆਵੀ ਰੂਪਾਂ ਦੀ ਬਹੁਤ ਵੰਨ-ਸੁਵੰਨਤਾ ਹੈ।

ਕੋਂਕਣੀ ਵਿਚ ਕੋਈ ਸੁਦੇਸ਼ੀ ਸਾਹਿਤ ਨਹੀਂ ਬਚਿਆ। ਪੁਰਾਣੇ ਕੋਂਕਣੀ ਗ੍ਰੰਥ ਪੁਰਤਗਾਲੀ ਹਮਲਿਆਂ ਵਿਚ ਤਬਾਹ ਹੋ ਗਏ। ਪਰ ਪੁਰਤਗਾਲੀ ਮਿਸ਼ਨਰੀਆਂ ਦੀ

ਪ੍ਰੇਰਣਾ ਨਾਲ ਈਸਾਈ ਧਰਮ ਦਾ ਕੋਂਕਣੀ ਸਾਹਿਤ ਅਵੱਸ਼ ਪੈਦਾ ਹੋਇਆ ਹੈ। ਥਾਮਸ ਸਟੀਫਨਜ਼ (Thomas Stephens) ਨਾਮੀ ਅੰਗ੍ਰੇਜ਼ (1579-1619 ਤਕ ਨਿਵਾਸ) ਨੇ ਪਹਿਲਾ ਕੋਂਕਣੀ ਵਿਆਕਰਣ ਲਿਖਿਆ ਸੀ ਅਤੇ New Testament ਦਾ ਵੀ ਕਾਵਿਬੱਧ ਅਨੁਵਾਦ ਕੀਤਾ ਸੀ ਜੋ ਹੁਣ ਤਕ ਬਹੁਤ ਲੋਕਪ੍ਰਿਆ ਹੈ। ਪਰ ਆਧੁਨਿਕ ਯੁਗ ਵਿਚ ਸੈਕੂਲਰ ਤੇ ਸਮਕਾਲੀਨ ਸਮਾਜਿਕ ਵਿਸ਼ਿਆਂ ਤੇ ਲਿਖਿਆ ਹੋਇਆ ਕੋਂਕਣੀ ਸਾਹਿੱਤ ਪ੍ਰਫੁਲਤ ਹੋ ਰਿਹਾ ਹੈ।

ਅਧਿਆਏ 6 : 9

ਅਸਾਮੀ, ਬੰਗਾਲੀ, ਉੜੀਆ ਅਤੇ ਪੰਜਾਬੀ

(1) ਅਸਾਮੀ

ਆਧੁਨਿਕ ਭਾਰਤੀ ਆਰੀਆ ਭਾਸ਼ਾ "ਅਸਾਮੀ" ਅਜੋਕੇ ਅਸਾਮ ਪ੍ਰਦੇਸ ਦੀ ਰਾਜ-ਭਾਸ਼ਾ ਹੈ । ਅਸਾਮੀ ਤੋਂ ਇਲਾਵਾ ਅਸਾਮ ਵਿਚ ਕਈ ਗੈਰ-ਆਰੀਆ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ । ਅਸਾਮੀ ਪ੍ਰਾਂਤ ਨੂੰ *ਅਸਮ* ਜਾਂ *ਅਹੋਮ* ਅਤੇ ਅਸਾਮੀ ਭਾਸ਼ਾ ਨੂੰ ਅਸਮਿਯਾ ਜਾਂ ਆਹਮਿਯਾ ਵੀ ਆਖਿਆ ਜਾਂਦਾ ਹੈ । ਅਸਾਮੀ ਸਰਬ ਭਾਰਤੀ ਭਾਸ਼ਾਵਾਂ ਵਿਚੋਂ ਦੂਰ ਪੂਰਬੀ ਕਿਨਾਰੇ ਦੀ ਭਾਸ਼ਾ ਹੈ । ਇਸ ਦੀ ਪੱਛਮੀ ਦਿਸ਼ਾ ਵਿਚ ਬੰਗਾਲੀ ਬੋਲਦਾ ਪ੍ਰਾਂਤ ਹੈ । ਇਸ ਦੇ ਚੁਗਿਰਦੇ ਅਨਾਰੀਆ ਭਾਸ਼ਾਵਾਂ ਦਾ ਝੁਰਮਟ ਹੈ ਜਿਨ੍ਹਾਂ ਵਿਚੋਂ ਤਿੱਬਤ-ਬਰਮੀ ਤੇ ਖੱਸੀ ਪਰਿਵਾਰ ਪ੍ਰਮੁਖ ਹਨ ।

ਕੀ ਅਸਾਮੀ ਬੰਗਾਲੀ ਦੀ ਉਪ-ਬੋਲੀ ਹੈ ? ਇਹ ਪ੍ਰਸ਼ਨ ਕਾਫ਼ੀ ਦੇਰ ਤਕ ਚਰਚਿਤ ਰਿਹਾ ਹੈ । ਪਰ ਅਸਾਮੀ ਵਿਆਕਰਣ ਦੇ ਪ੍ਰਥਮ ਰਚੈਤਾ Nicholl ਨੇ ਲਿਖਿਆ ਹੈ ਕਿ ਅਸਾਮੀ ਇਕ ਸੁਤੰਤਰ ਭਾਸ਼ਾ ਹੈ ਬੰਗਾਲਾ ਦੀ ਉਪ-ਭਾਸ਼ਾ ਨਹੀਂ ਹੈ ।*

ਅਸਾਮ ਦਾ ਸਭ ਤੋਂ ਪੁਰਾਤਨ ਨਾਮ "ਪ੍ਰਾਗਜਯੋਤਿਸ਼" ਸੀ । ਫੇਰ ਕਾਮਰੂਪ ਨਾਮ ਪਿਆ ਅਤੇ ਅਜੋਕਾ ਨਾਮ *ਅਸਮ* ਹੈ. ਅਸਮ ਦਾ ਅੰਗ੍ਰੇਜ਼ੀਕਰਣ ਅਸਾਮ ਹੈ । ਈਸਾ ਦੀ ਤੇਰ੍ਹਵੀਂ ਸਦੀ ਵਿਚ ਨਿਸਾਦ ਜਾਤੀ ਦੇ ਇਕ ਕਬੀਲੇ ਨੇ (Tai = ਸ਼ਾਨ) ਬਰਮਾ ਤੋਂ ਆ ਕੇ ਅਸਾਮ ਦੇ ਪੂਰਬੀ ਅੰਚਲ ਵਿਚ Tai ਰਾਜ ਸਥਾਪਿਤ ਕੀਤਾ । Tai ਜਾਂ ਸ਼ਾਨ ਕਬੀਲੇ ਦੇ ਰਾਜ ਵਿਚ 'ਕਾਮਰੂਪ' ਦਾ ਨਾਮ ਬਦਲ ਕੇ 'ਆਹੋਮ' ਕਿਹਾ ਜਾਣ ਲੱਗਾ ਜਿਸ ਤੋਂ ਹੀ ਉਪਰੰਤ ਅਸਮ ਨਾਮ ਪ੍ਰਚਲਿਤ ਹੋਇਆ ਅਤੇ ਅਸਮ ਦੀ ਭਾਸ਼ਾ ਦਾ ਨਾਮ ਅਸਮੀਆ (ਅਸਮਿਯਾ) ਜਾਰੀ ਹੋਇਆ ਜੋ ਹੁਣ ਅਸਾਮੀ ਹੈ । ਅਸਾਮੀ ਬ੍ਰਹਮਪੁਤ੍ਰ ਘਾਟੀ ਦੇ ਛੇ ਜ਼ਿਲ੍ਹਿਆਂ ਵਿਚ ਪ੍ਰਧਾਨ ਤੌਰ ਤੇ ਬੋਲੀ ਜਾਂਦੀ ਹੈ ।

ਸੱਤਵੀਂ ਸਦੀ ਈ. ਵਿਚ ਚੀਨੀ-ਯਾਤ੍ਰੀ ਹਿਊਨਸਾਂਗ ਕਾਮਰੂਪ ਦੇ ਤਤਕਾਲੀ ਸ਼ਾਸਕ ਭਾਸਕਰ ਵਰਮਨ ਦੇ ਨਿਮੰਤ੍ਰਣ ਤੇ ਅਸਾਮ ਵਿਚ ਆਇਆ ਸੀ । ਉਸ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ ਕਿ ਉਸ ਸਮੇਂ ਅਸਾਮ (ਕਾਮਰੂਪ) ਪ੍ਰਾਂਤ ਦੀ ਭਾਸ਼ਾ ਮੱਧਦੇਸ ਦੀ ਭਾਸ਼ਾ ਨਾਲੋਂ ਵੱਖਰੀ ਸੀ । ਸ਼ਾਰਾਂਸ਼ ਇਹ ਹੈ ਕਿ 7ਵੀਂ ਸਦੀ ਵਿਚ ਅਸਾਮੀ ਅਰਧ-ਮਗਧੀ ਅਪਭ੍ਰੰਸ਼ ਤੋਂ ਵੱਖਰੀ ਭਾਸ਼ਾ ਦੇ ਤੌਰ ਤੇ ਪਨਪ ਰਹੀ ਸੀ । ਕੁਮਾਰ ਭਾਸਕਰ ਵਰਮਨ ਦੇ

* "Assamese is not, as many suppose, a corrupt dialect of Bengali, but a distinct and co-ordinate tongue having with Bengali a common source of current vocabulary. Its Sanskrit did not come to it from Bengal but from the upper province of India, this all who carefully examine the matter will readily admit". Nicholl, *Assamese Grammar*.

ਯੁਗ ਤਕ ਕਾਮਰੂਪ ਵਿਚ ਆਰੀਆ ਸੰਸਕ੍ਰਿਤੀ ਦਾ ਪ੍ਰਭਾਵ ਤੇ ਸਿੱਕਾ ਜੰਮ ਚੁਕਾ ਸੀ ਅਤੇ ਅਨਾਰੀਆ ਜਾਤੀਆਂ ਦਾ ਆਰੀਆਈਕਰਣ ਹੋਣ ਲਗ ਪਿਆ ਸੀ। ਸੰਨ 600 ਈ. ਤੋਂ 1000 ਦੇ ਦਰਮਿਆਨ ਬੋਧਾਂ ਦੇ ਹੀਨਯਾਨ-ਮਹਾਯਾਨ ਸੰਪ੍ਰਦਾਏ ਦੇ ਸਿੱਧਾਂ ਦੁਆਰਾ "ਚਰਯਾਪਦ" ਰਚੇ ਗਏ ਸਨ ਜਿਨ੍ਹਾਂ ਪਦਿਆਂ ਵਿਚ ਪ੍ਰਾਚੀਨ ਅਸਾਮੀ ਭਾਸ਼ਾ ਦੇ ਲੱਛਣ ਉਪਲਬਧ ਹਨ। (ਹਿੰਦੀ ਸਾਹਿਤਯ ਕੋਸ਼)

ਡਾ. ਗ੍ਰੀਅਰਸਨ ਨੇ ਅਸਾਮੀ ਦੀਆਂ ਚਾਰ ਉਪ-ਭਾਸ਼ਾਵਾਂ ਮੰਨੀਆਂ ਹਨ-- (1) ਪੂਰਬੀ ਅਸਾਮੀ, (2) ਪੱਛਮੀ ਅਸਾਮੀ, (3) ਮਯਾਂਗ Mayang, ਅਤੇ (4) ਝਰਵਾ Jharwa। ਝਰਵਾ ਇਕ ਵਪਾਰਕ ਬੋਲੀ ਹੈ ਜਿਸ ਵਿਚ ਅਸਾਮੀ, ਬੰਗਾਲੀ ਤੇ ਗਾਰੋ ਦਾ ਮਿਸ਼ਰਣ ਹੈ, ਇਸ ਲਈ socio-linguistically ਝਰਵਾ ਇਕ pidgin ਬੋਲੀ-ਵੰਨਗੀ ਹੈ।

ਭਾਵੇਂ ਅਸਾਮੀ ਭਾਸ਼ਾ ਦੀ ਉਤਪੱਤੀ ਅਤੇ ਅਸਾਮੀ ਲਿਪੀ ਦੇ ਵਿਕਾਸ ਵਿਚ ਆਰੀਆ ਭਾਸ਼ਾ ਦਾ ਪੂਰਾ ਪੂਰਾ ਯੋਗ ਰਿਹਾ ਹੈ ਤਾਂ ਵੀ ਆਪਣੇ ਇਲਾਕੇ ਦੀਆਂ ਗੈਰ-ਆਰੀਆ ਭਾਸ਼ਾਵਾਂ ਦੇ ਅਸਰ-ਅੰਦਾਜ਼ ਹੋਣ ਤੋਂ ਅਸਾਮੀ ਮੁਕਤ ਨਹੀਂ ਰਹਿ ਸਕੀ।

ਅਸਾਮੀ ਧੁਨੀਆਂ ਦਾ ਉੱਚਾਰਣ ਤੇ ਵਰਤਾਰਾ

ਅਸਾਮੀ ਦੀਆਂ ਸਾਰੀਆਂ ਧੁਨੀਆ ਕੋਮਲ ਹਨ। ਦੁੱਤ-ਵਰਣਾਂ ਦਾ ਵੀ ਓਨਾ ਕਠੋਰ ਉਚਾਰਣ ਨਹੀਂ ਹੁੰਦਾ। ਮੂਰਧਨੀ ਤੇ ਦੰਤੀ ਵਰਣਾਂ ਦੇ ਲਿਖਤੀ ਰੂਪਾ ਵਿਚ ਫ਼ਰਕ ਹੋਣ ਦੇ ਬਾਵਜੂਦ ਉੱਚਾਰਣ ਵਿਚ ਫਰਕ ਜਾਂ ਭੇਦ ਮਲੂੰਮ ਨਹੀਂ ਹੁੰਦਾ। ਉਨ੍ਹਾਂ ਦਾ ਉੱਚਾਰਣ ਇਕਸਾਰ ਹੀ ਹੈ ਅਤੇ ਉਹ ਵਰਤਸੀ (alveolar=teeth-ridge) ਹੁੰਦੇ ਹਨ। ਅਸਾਮੀ ਦਾ ਬੰਗਾਲੀ ਭਾਸ਼ਾ ਨਾਲ ਟਾਕਰਾ ਕਰਨ ਤੋਂ ਸਪੱਸ਼ਟ ਹੁੰਦਾ ਹੈ ਕਿ ਉੱਚਾਰਣ ਵਿਚ ਅਸਾਮੀ ਬੰਗਾਲੀ ਨਾਲੋਂ ਕਾਫ਼ੀ ਭਿੰਨ ਹੈ। ਬੰਗਾਲੀ ਵਾਂਗ ਅ-ਧੁਨੀ ਦਾ ਉਚਾਰਣ glory ਦੇ 'O' ਵਾਂਗੂ ਹੈ। ਦੀਰਘ ਤੇ ਹ੍ਰਸਵ ਸ੍ਵਰਾਂ ਵਿਚ ਬਹੁਤ ਅੰਤਰ ਨਹੀਂ ਰਖਿਆ ਜਾਂਦਾ। ਚ ਤੇ ਛ ਵਿਅੰਜਨਾਂ ਦਾ ਕ੍ਰਮ-ਪੂਰਵਕ ਉੱਚਾਰਣ ਸ (ਜਿਵੇਂ sin) ਅਤੇ ਜ਼ (ਜਿਵੇਂ azure) ਵਾਂਗੂ ਕੀਤਾ ਜਾਂਦਾ ਹੈ। ਸ-ਵਿਅੰਜਨ ਦਾ ਉੱਚਾਰਣ ਕੰਠੀ 'ਖ' ਵਾਂਗੂ ਹੁੰਦਾ ਹੈ (velar "kh")।

ਸ਼ਬਦ ਰਚਨਾ ਵਿਚ ਵੀ ਅਸਾਮੀ ਦੂਜੀਆਂ ਭਾਰਤੀ ਭਾਸ਼ਾਵਾਂ ਨਾਲੋਂ ਫਰਕ ਰੱਖਦੀ ਹੈ। ਕਿਸੇ ਵਸਤੂ ਦੇ ਗੁਣਾ ਨੂੰ ਵਿਸ਼ੇਸ਼ ਰੂਪ ਵਿਚ ਦਰਸਾਉਣ ਲਈ ਸ਼ਬਦ ਦੁੱਤ ਕਰਨ ਦੀ ਰੁਚੀ ਹੈ। ਅਨਾਰੀਆ ਭਾਸ਼ਾਵਾਂ ਵੀ ਤਰ੍ਹਾਂ ਸ਼ਬਦ ਦੀ ਦੂਜੀ ਧੁਨੀ ਤੇ ਬਲ (stress) ਦੇਣਾ ਵੀ ਅਸਾਮੀ ਦੀ ਵਿਲੱਖਣਤਾ ਹੈ। ਪੁਰਸ਼-ਭੇਦ ਨਾਲ ਪਿਛੇਤਰਾਂ ਵਿਚ ਵੀ ਭੇਦ ਹੋ ਜਾਂਦਾ ਹੈ। ਸਮੂਹ ਦੀ ਜਾਣਕਾਰੀ ਦੇਣ ਲਈ ਸ਼ਬਦ ਤੋਂ ਅੱਗੇ ਜਿਹੜੇ ਪਿਛੇਤਰ ਲਗਦੇ ਹਨ (marker for all) ਉਹ ਅਨਾਰੀਆ ਮੂਲ ਦੇ ਸਮਝੇ ਜਾਂਦੇ ਹਨ। ਨਾਂਹਵਾਚਕ ਪਿਛੇਤਰ ਕ੍ਰਿਆਵੀ ਸ਼ਬਦ ਤੋਂ ਪਹਿਲਾ ਲਗਦਾ ਹੈ ਅਤੇ ਉਸ ਨਾਲ ਅਨਿੱਖੜ ਰਹਿੰਦਾ ਹੈ। ਵਾਕ-ਵਿਉਂਤ ਆਮ ਭਾਰਤੀ ਭਾਸ਼ਾਵਾਂ ਵਾਂਗ 'SOV' ਹੈ ਕਰਤਾ, ਕਰਮ ਤੇ ਕ੍ਰਿਆ ਦਾ ਸ਼ਬਦ-ਕ੍ਰਮ ਹੈ (word-order as SOV in Assamese) ਡਾ. ਕ੍ਰਿਸ਼ਣ ਨਾਰਾਯਣ ਪ੍ਰਸਾਦ "ਮਗਧ" (*ਸ਼ੰਕਰਦੇਵ ਸਾਹਿਤਯਕਾਰ ਔਰ ਵਿਚਾਰਕ*, ਪੰਜਾਬੀ ਯੂਨੀਵਰਸਿਟੀ, ਪਟਿਆਲਾ 1976) ਨੇ ਭੂਮਿਕਾ ਵਿਚ ਲਿਖਿਆ ਹੈ ਕਿ ਆਧੁਨਿਕ ਅਸਮੀਆ ਭਾਸ਼ਾ ਦੇ ਨਿਰਮਾਣ ਵਿਚ ਸੰਸਕ੍ਰਿਤ ਤੋਂ ਇਲਾਵਾ ਨੀਗ੍ਰੋ, ਦ੍ਰਵਿੜ, ਨਿਸ਼ਾਦ (ਆਸਟ੍ਰਿਕ) ਅਤੇ ਕਿਰਾਤ (ਮੰਗੋਲ-

ਇਡ) ਭਾਸ਼ਾਵਾਂ ਦਾ ਕਾਫੀ ਯੋਗਦਾਨ ਰਿਹਾ ਹੈ। ਇਨ੍ਹਾਂ ਵਿਚੋਂ ਵੀ ਨਿਸ਼ਾਦ ਤੇ ਕਿਰਾਤ ਦਾ ਪ੍ਰਭਾਵ ਵਧੇਰੇ ਹੈ। ਕਿਰਾਤੀ ਪ੍ਰਭਾਵ ਤਾਂ ਪਛਾਣੇ ਜਾ ਸਕਦੇ ਹਨ। ਡਾ. ਮਾਗਧ ਦੇ ਅਨੁਸਾਰ ਅਸਮੀਆ ਭਾਸ਼ਾ ਦੇ ਅਸਮੀ ਲਿਪੀ ਵਿਚ ਲਿਖਣ ਤੇ ਉਚਾਰਣ ਦੀਆਂ ਕੁਝ ਧੁਨੀਆਤਮਕ ਵਿਸ਼ੇਸ਼ਤਾਵਾਂ ਹਨ :

(1) ਸ਼ਬਦ ਦੇ ਮੁੱਢ ਵਿਚ ਵਰਤੇ ਹੋਏ ਯ-ਵਿਅੰਜਨ ਨੂੰ ਜ ਉਚਾਰਿਆ ਜਾਂਦਾ ਹੈ-ਯਾਵੇ, ਯਦਿ, ਯੋਤਿਯਾ ਨੂੰ ਜਾਵੇ, ਜਦਿ, ਜੋਤਿਯਾ ਬੋਲਿਆ ਜਾਂਦਾ ਹੈ।

(2) ਚ ਤੇ ਛ ਦਾ ਉੱਚਾਰਣ ਸ ਵਰਗਾ ਹੁੰਦਾ ਹੈ।

(3) ਨ ਤੇ ਣ ਦੇ ਉੱਚਾਰਣ ਵਿਚ ਕੋਈ ਖ਼ਾਸ ਫਰਕ ਨਹੀਂ। ਦੋਵੇਂ ਨ ਹੀ ਬੋਲੇ ਜਾਂਦੇ ਹਨ।

(4) ਰ ਦਾ ਉੱਚਾਰਣ ੜ ਵਾਂਗ ਹੁੰਦਾ ਹੈ - ਕਛਾਰ ਨੂੰ ਕਾਛਾੜ।

(5) ਦੰਤੀ / ਤ, ਥ, ਦ, ਧ/ ਅਤੇ ਮੂਰਧਨੀ /ਟ, ਠ, ਡ, ਢ/ ਧੁਨੀਆਂ ਵਿਚ ਫਰਕ ਨਹੀਂ ਰਹਿੰਦਾ। ਦੋਹਾ ਦਾ ਉੱਚਾਰਣ ਦੰਦਮੂਲ (ਵਰਤਸੀ) ਜਿਹਾ ਹੁੰਦਾ ਹੈ-ਭਾਰਤੀਯ ਨੂੰ ਭਾਰਟੀਯ, ਧਾਰਣਾ ਨੂੰ ਢਾਰਣਾ ਬੋਲਿਆ ਜਾਂਦਾ ਲਗਦਾ ਹੈ।

(6) ਊਸਮ ਧੁਨੀਆਂ /ਸ, ਸ਼, 'ਖ'/ ਦਾ ਉੱਚਾਰਣ ਸ਼ਬਦ ਦੇ ਆਦਿ ਵਿਚ ਹ ਅਤੇ ਖ ਦੇ ਵਿਚਾਲੇ ਦੀ ਧੁਨੀ ਵਰਗਾ ਹੁੰਦਾ ਅਤੇ ਹੋਰ ਸਥਿਤੀਆਂ ਵਿਚ ਹ-ਵਾਂਗ ਜਿਵੇਂ ਵਿਸ਼ਯ, ਨੂੰ ਵਿਖਯ, ਸਹਤਾ ਨੂੰ ਹੀਤਾ, ਰੇਸ਼ਮ ਨੂੰ ਰੇਛਮ। ਲੋੜ ਅਨੁਸਾਰ ਊਸ਼ਮ ਧੁਨੀਆਂ ਨੂੰ 'ਚ' ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਸਰਕਾਰ-ਚਰਕਾਰ, ਸਿਟੀ ਨੂੰ ਚਿਟਿ। ਸੰਯੁਕਤ cluster ਸਥਿਤੀ ਵਿਚ ਊਸ਼ਮਾਂ ਦਾ ਉੱਚਾਰਣ ਠੀਕ ਹੁੰਦਾ ਹੈ। ਜਿਵੇਂ ਸ੍ਰਿੰਗ, ਸ੍ਰਮ, ਸਥਾਨ (स्थान), ਸਕੂਲ (स्कूल), ਰਾਸਤਾ (रास्ता) ਏਥੇ ਸ੍ਥ, ਸ੍ਕ, ਸ੍ਤ clusters ਹਨ।

(7) ਸੰਸਕ੍ਰਿਤ (क्ष) ਦਾ ਉਚਾਰਣ ਕਖ ਜਾਂ ਖ ਹੁੰਦਾ ਹੈ। ਜਿਵੇਂ ਚਕਸ਼ੁ ਨੂੰ ਚੱਖੁ (= ਅੱਖ) ਪਰੀਕਸ਼ਾ ਨੂੰ ਪਰੀਖਾ ਬੋਲਿਆ ਜਾਂਦਾ ਹੈ।

ਅਸਾਮੀ ਦੀ ਵੰਨਗੀ :

> "*ਮੁਕਤਿਤ ਨਿਸ਼ਪ੍ਰਿਹ ਜੀਟੋ ਸੇਹੀ ਭਕਤਕ ਨਮੋ।*
> *ਰਸਮਈ ਮਾਗੋਹੋ ਭਕਤਿ ਸਮਸਤ ਮਸਤਕ ਮਣੀ।*
> *ਨਿਜ ਭਕਤਰ ਵਸ਼ਿਯ ਭਜੋ ਹੇਨ ਦੇਵ ਯਦੁਪਤੀ।*"
>
> (ਸੰਤ ਮਾਧਵ ਦੇਵ 1489-1569 ਈ. "ਨਾਮ-ਘੋਸ਼ਾ" ਵਿਚੋਂ ਉਧ੍ਰਿਤ)

ਪੰਜਾਬੀ ਅਨੁਵਾਦ : ਮੈਂ ਉਸ ਭਗਤ ਨੂੰ ਨਮੋ-ਨਮਸਕਾਰ ਕਰਦਾ ਹਾਂ ਜੋ ਮੁਕਤੀ ਦੀ ਚਾਹਨਾ ਨਹੀਂ ਕਰਦਾ। ਮੈਂ ਰਸਮਈ ਭਗਤੀ ਮੰਗਦਾ ਹਾਂ ਜੋ ਸਾਰਿਆਂ (ਸਮਸਤ) ਦੀ ਮਸਤਕ ਮਣੀ ਹੈ (ਸਿਰੋਮਣੀ ਹੈ) ਜੋ ਭਗਵਾਨ ਭਗਤਾਂ ਦੇ ਵਸ ਹੈ ਉਸ ਦਾ ਭਜਨ ਕਰਦਾ ਹਾਂ।

ਅਸਾਮੀ ਸਾਹਿਤ : ਸ਼ੰਕਰਦੇਵ ਅਸਾਮੀ ਸਾਹਿੱਤ ਦੇ ਕਲੈਸੀਕਲ ਪ੍ਰਮੁਖ ਕਵੀ ਹਨ। ਸ਼ੰਕਰਦੇਵ ਦੀ ਪ੍ਰਮੁਖ ਰਚਨਾ "ਕੀਰਤਨਘੋਸਾ" ਹੈ। ਦੂਜਾ ਪ੍ਰਸਿੱਧ ਕਵੀ ਮਾਧਵ ਦੇਵ ਹੈ। ਜਿਸ ਦੀ ਮਹੱਤਵਪੂਰਣ ਰਚਨਾ "ਨਾਮਘੋਸ਼ਾ" ਹੈ। ਅਸਾਮੀ ਦਾ ਸਾਹਿਤ ਬੁਰੰਜੀ ਸਾਹਿਤ ਹੈ ਜਿਸ ਦਾ ਅਰਥ ਹੈ ਅਗਿਆਤ ਕਥਾਵਾਂ ਦਾ ਭੰਡਾਰ।

(2) ਬੰਗਾਲੀ (ਬੰਗਲਾ ਭਾਸ਼ਾ)

ਬੰਗਾਲੀ ਇਕ ਆਧੁਨਿਕ ਭਾਰਤੀ ਆਰੀਆ ਭਾਸ਼ਾ ਹੈ। ਭਾਰੋਪੀ (ਭਾਰਤ-ਯੋਰਪੀ Indo-European) ਭਾਸ਼ਾ-ਪਰਿਵਾਰ ਦੇ ਭਾਸ਼ਾ ਖੇਤਰ ਦੇ ਸੁਦੂਰ ਪੂਰਬ (eastern most) ਦੀ ਭਾਸ਼ਾ, ਬੰਗਾਲੀ (ਸਣੇ ਅਸਾਮੀ ਦੇ) ਹੈ ਅਤੇ ਸੁਦੂਰ-ਪੱਛਮ (western most) ਦੀਆਂ ਭਾਸ਼ਾਵਾਂ Celtic, Irish ਅਤੇ Germanic Icelandic ਹਨ [ਚੈਟਰਜੀ : Introduction I]। ਬੰਗਾਲੀ ਪਿਛਲੀਆਂ ਦਸ ਸਦੀਆਂ ਤੋਂ ਇਕ ਸੁਤੰਤਰ ਭਾਸ਼ਾ ਦੇ ਤੌਰ ਤੇ (ਵਿਸ਼ੇਸ ਕਰਕੇ ਭਾਸ਼ਾ ਸਮੂਹ ਵਜੋਂ) ਹੋਂਦਸ਼ੀਲ ਹੈ।

ਭਾਰਤ ਦੀਆਂ ਸਮੂਹ ਭਾਸ਼ਾਵਾਂ ਅਤੇ ਬੋਲੀਆਂ ਵਿਚੋਂ ਬੰਗਾਲੀ ਦੇ ਬੋਲਾਰੇ ਸਭ ਤੋਂ ਵੱਧ ਹਨ। ਸੰਨ 1921 ਦੀ ਮਰਦੁਮ ਸ਼ੁਮਾਰੀ ਮੁਤਾਬਕ ਬੰਗਾਲ ਅਤੇ ਬੰਗਾਲ ਤੋਂ ਬਾਹਰ ਬੰਗਾਲੀ ਬੋਲਣ ਵਾਲਿਆਂ ਦੀ ਗਿਣਤੀ 4,92,94,000 ਦੱਸੀ ਗਈ ਸੀ। (ਹਿੰਦੀ ਸਾਹਿਤ੍ਯ ਕੋਸ਼)।

ਬੰਗਾਲੀ, ਭਾਰਤ ਦੇ ਪੱਛਮੀ ਬੰਗਾਲ ਦੀ ਰਾਜ-ਭਾਸ਼ਾ ਹੈ। ਭਾਰਤ ਤੋਂ ਬਾਹਰ ਹਿੰਦੂ ਵਸੋਂ ਅਤੇ ਬੰਗਲਾਦੇਸ਼ ਦੀ ਮੁਸਲਮਾਨੀ ਵਸੋਂ ਨੇ ਬੰਗਲਾਦੇਸ਼ ਅਤੇ ਬੰਗਲਾ ਲਿਪੀ ਨੂੰ ਸਾਂਝੇ ਰੂਪ ਵਿਚ ਪ੍ਰਵਾਨ ਕੀਤਾ ਹੈ ਜਦ ਕਿ ਭਾਰਤੀ ਪੰਜਾਬ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਤਰਤੀਬਵਾਰ ਰਾਜ ਭਾਸ਼ਾ ਅਤੇ ਘਰੇਲੂ ਭਾਸ਼ਾ ਦੇ ਤੌਰ ਤੇ ਪ੍ਰਵਾਨਿਤ ਹੈ। ਪਰੰਤੂ ਦੋਹਾ ਖਿੱਤਿਆਂ ਵਿਚ ਪੰਜਾਬੀ ਦੀ ਲਿਪੀ ਅਡੋ ਅਡ ਹੈ ਜਿਸ ਦੇ ਕਾਰਣ ਦੋ ਵੱਖ ਵੱਖ ਸ਼ੈਲੀਆਂ ਉਭਰ ਰਹੀਆਂ ਹਨ। ਬੰਗਾਲੀ ਪੱਛਮ ਵਾਲੇ ਪਾਸੇ, ਬਿਹਾਰੀ (ਮਗਹੀ, ਮੈਥਿਲੀ) ਭਾਸ਼ਾਵਾਂ ਵਿਚ ਲੀਨ ਹੋ ਜਾਂਦੀ ਹੈ ਅਤੇ ਉੱਤਰ-ਪੂਰਬ ਵੱਲ ਅਸਾਮੀ ਵਿਚ ਲੀਨ ਹੋ ਜਾਂਦੀ ਹੈ। ਇਸ ਦੀ ਉੱਤਰ ਦਿਸ਼ਾ ਵਿਚ ਹਿਮਾਲਾ ਦੀਆਂ ਤਿਬਤ-ਬਰਮੀ ਭਾਸ਼ਾਵਾ ਹਨ, ਦੱਖਣ-ਪੱਛਮ ਵਿਚ ਉੜੀਆ ਹੈ। ਦੱਖਣ ਵੱਲ ਬੰਗਾਲ ਦੀ ਖਾੜੀ ਦੀ ਸਰਹੱਦ ਹੈ।

ਗ੍ਰੀਅਰਸਨ ਨੇ ਬੰਗਾਲੀ ਦੀਆਂ ਦੋ ਪ੍ਰਮੁਖ ਸ਼ਾਖਾਵਾਂ (ਬੋਲੀਆਂ) ਮੰਨੀਆਂ ਹਨ– *ਪੱਛਮੀ ਬੰਗਾਲੀ ਤੇ ਪੂਰਬੀ ਬੰਗਾਲੀ*। ਕਲਕੱਤਾ ਤੇ ਹੁਗਲੀ ਦੇ ਆਸ-ਪਾਸ ਮਿਆਰੀ ਪੂਰਬੀ ਬੰਗਾਲੀ ਦਾ ਕੇਂਦਰ ਹੈ। ਬੰਗਾਲੀ ਦੀਆ ਸਰਹੱਦਾਂ ਤੇ ਕਈ ਤਰ੍ਹਾਂ ਦੀਆਂ ਅਨਾਰੀਆ ਭਾਸ਼ਾਵਾਂ ਤੇ ਬੋਲੀਆਂ ਹਨ। ਪੱਛਮੀ ਸਰਹੱਦ ਤੇ ਮੁੰਡਾ ਭਾਸ਼ਾ (ਆਸਟ੍ਰਿਕ ਭਾਸ਼ਾ-ਪਰਿਵਾਰ) ਅਤੇ ਦ੍ਰਾਵਿੜੀ ਪਰਿਵਾਰ ਦੀਆਂ ਮਾਲਟੋ ਤੇ ਕੁੜੁਖ ਬੋਲੀਆਂ, ਉੱਤਰੀ ਤੇ ਪੂਰਬੀ ਸਰਹੱਦ ਤੇ ਤਿੱਬਤ-ਚੀਨੀ ਪਰਿਵਾਰ ਦੀਆਂ ਬੋਲੀਆਂ, ਉੱਤਰੀ ਸਰਹੱਦ ਤੇ ਭੂਟਾਨੀ ਤੇ ਤਿੱਬਤੀ ਬੋਲੀਆਂ, ਉੱਤਰ ਤੇ ਉੱਤਰ-ਪੂਰਬ ਵਾਲੀ ਸਰਹੱਦ ਤੇ ਨਾਗਾ-ਪਰਿਵਾਰ ਦੀਆਂ ਬੋਲੀਆਂ ਅਤੇ ਪੂਰਬੀ ਸਰਹੱਦ ਉਤੇ ਮੋਨ-ਖਮੇਰ ਦੀ ਖੱਸੀ ਬੋਲੀ ਆਦਿ ਪ੍ਰਚਲਿਤ ਹਨ।

ਬੰਗਾਲੀ ਦੀ ਉਤਪੱਤੀ 'ਮਾਗਧੀ' ਅਪਭ੍ਰੰਸ਼ ਤੋਂ ਹੋਈ ਹੈ। ਅਸਾਮੀ, ਉੜੀਆ, ਬੰਗਾਲੀ ਅਤੇ ਬਿਹਾਰੀ ਬੋਲੀਆਂ ਦਾ ਸਾਂਝਾ ਉਤਪੱਤੀ-ਸ੍ਰੋਤ ਮਾਗਧੀ ਹੀ ਹੈ। ਪਿਛਲੇਰੇ "ਪ੍ਰਾਚੀਨ ਭਾਰਤੀ ਆਰੀਆ" ਅਤੇ 'ਮੱਧ ਭਾਰਤੀ ਆਰੀਆ' ਭਾਸ਼ਾ ਕਾਲ ਵਿਚ ਅਰਧ-ਮਾਗਧੀ ਤੇ ਮਾਗਧੀ ਸਮੇਤ ਪੂਰਬ ਦੇ ਭਾਸ਼ਾ ਸਮੂਹ ਨੂੰ ਪ੍ਰਾਚ੍ਯ (प्राच्य) ਕਿਹਾ ਜਾਂਦਾ ਸੀ।

ਮਾਗਧੀ ਦੇ ਪ੍ਰਮੁਖ ਭਾਸ਼ਾਤਮਕ ਲੱਛਣ ਇਨ੍ਹਾਂ ਉੱਤਰਾਧਿਕਾਰੀ ਭਾਸ਼ਾਵਾਂ ਵਿਚ ਢੂੰਡੇ ਜਾ ਸਕਦੇ ਹਨ। ਮਾਗਧੀ ਅਪਭ੍ਰੰਸ਼ ਦੇ ਨਮੂਨੇ ਅਤੇ ਅਵਸ਼ੇਸ਼ ਅੱਜ ਉਪਲਬਧ ਨਹੀਂ ਹਨ

ਪਰੰਤੂ ਆਧੁਨਿਕ ਭਾਸ਼ਾਵਾਂ ਅਤੇ ਸ਼ੌਰਸੇਨੀ ਪੱਛਮੀ ਅਪਭ੍ਰੰਸ਼ ਦੀ ਤੁਲਨਾ ਤੋਂ ਮਾਗਧੀ ਅਪਭ੍ਰੰਸ਼ ਦੀ ਰੂਪ-ਰੇਖਾ ਉਲੀਕੀ ਜਾ ਸਕਦੀ ਹੈ। ਮਾਗਧੀ ਸਮੇਤ "ਪ੍ਰਾਚਯ", ਭਾਸ਼ਾ, ਬਾਕੀ ਭਾਰਤੀ ਆਰੀਆ ਭਾਸ਼ਾਵਾਂ ਤੋਂ ਧੁਨੀ-ਸੰਰਚਨਾ ਤੇ ਰੂਪ-ਸੰਰਚਨਾ ਦੇ ਪੱਖ ਤੋਂ ਕਾਫ਼ੀ ਅੰਤਰ ਰਖਦੀ ਹੈ।

ਬੰਗਾਲੀ ਸ਼ੁਰੂ ਤੋਂ ਹੀ ਸੰਸਕ੍ਰਿਤ-ਪ੍ਰਧਾਨ ਭਾਸ਼ਾ ਰਹੀ ਹੈ। ਆਚਾਰੀਆ ਰਾਜਸ਼ੇਖਰ ਨੇ "ਕਾਵਯ ਮੀਮਾਂਸਾ" ਵਿਚ ਲਿਖਿਆ ਵੀ ਹੈ ਕਿ ਗੌਡ ਅਥਵਾ ਬੰਗਾਲ-ਦੇਸ਼ ਵਿਚ ਲੋਕ ਸੰਸਕ੍ਰਿਤ ਵਿਚ ਅਧਿਕ ਰੁਚੀ ਰਖਦੇ ਹਨ। Beames ਨੇ ਸਵੀਕਾਰ ਕੀਤਾ ਹੈ ਕਿ ਗੌੜੀ ਭਾਸ਼ਾਵਾਂ ਵਿਚ ਮਰਾਠੀ ਤੇ ਬੰਗਲਾ ਹੀ ਸੰਸਕ੍ਰਿਤ ਦੇ ਬਹੁਤ ਨੇੜੇ ਹਨ। ਗੌੜ ਦੇਸ਼ ਦੀ ਪ੍ਰਾਕ੍ਰਿਤ ਦਾ ਉੱਲੇਖ ਅਚਾਰੀਆ ਦੰਡੀ ਨੇ "ਕਾਵਯਾਦਰਸ਼" ਵਿਚ ਕੀਤਾ ਹੈ।

ਬੰਗਾਲ ਦਾ ਪ੍ਰਾਚੀਨ ਨਾਮ "ਵੰਗ" ਸੀ। ਮੁਸਲਮਾਨੀ ਹਕੂਮਤ ਵੇਲੇ ਇਸ ਨੂੰ "ਜ਼ਬਾਨ-ਏ ਬੰਗਾਲਹ" ਕਿਹਾ ਅਤੇ ਪੁਰਤਗਾਲੀਆਂ ਨੇ ਇਸ ਨੂੰ Idioma Bengalla ਕਿਹਾ। ਬੰਗਾਲਵਾਸੀ ਆਪਣੀ ਬੋਲੀ ਨੂੰ ਸਿਰਫ਼ "ਭਾਸ਼ਾ" ਕਹਿੰਦੇ ਸਨ ਜਿਸ ਤੋਂ ਮੁਰਾਦ ਬੋਲਚਾਲੀ ਚਾਲੂ ਬੋਲੀ (current speech) ਸੀ। 'ਭਾਸ਼ਾ' ਨਾਮਕਰਣ ਸੰਸਕ੍ਰਿਤ ਦੇ ਮੁਕਾਬਲੇ ਤੇ ਬੋਲਿਆ ਜਾਂਦਾ ਸੀ ਅਰਥਾਤ vernacular speech, ਬੰਗਲਾ ਦੇਸ਼ ਲਈ ਗੌੜ ਸ਼ਬਦ ਵੀ ਵਰਤਿਆ ਜਾਂਦਾ ਸੀ। ਇਸ ਲਈ ਸਰਬ ਪ੍ਰਥਮ ਬੰਗਾਲੀ ਭਾਸ਼ਾ ਦਾ ਸੁਦੇਸ਼ੀ ਨਾਮਕਰਣ "ਗੌੜ-ਭਾਸ਼ਾ" ਪਿਆ। 16ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤਕ ਗੌੜ ਭਾਸ਼ਾ ਜਾਰੀ ਰਿਹਾ ਫਿਰ ਗੌੜ ਭਾਸ਼ਾ ਦੇ ਨਾਲੋਂ ਨਾਲ "ਬੰਗਲਾ ਭਾਸ਼ਾ" ਪ੍ਰਚਲਿਤ ਹੋਇਆ। ਰਾਜਾ ਰਾਮ ਮੋਹਨ ਰਾਯ ਨੇ ਆਪਣੇ ਗ੍ਰਮਰ ਦਾ ਨਾਮ "ਗੌੜੀਯ ਵਯਾਕਰਣ" (1833 ਈ.) ਰਖਿਆ ਸੀ। ਕਵੀ ਮਧੁਸੂਦਨ ਦੱਤ ਬੰਗਾਲ ਵਾਸੀਆਂ ਨੂੰ ਗੌੜ-ਜਨ ਲਿਖਦਾ ਹੈ। ਬਾਅਦ ਵਿਚ ਬਾਂਗਲਾ, ਬਾਂਙਲਾ, ਬਾਂਗਾਲੀ ਨਾਮ ਪ੍ਰਚਲਿਤ ਹੋਏ। ਅਜ ਕਲ ਬਾਂਗਲਾ ਭਾਸ਼ਾ, ਬਾਙਲਾ, ਬਾਂਗਲੀ ਨਾਮ ਬੰਗਾਲੀ ਵਾਸਤੇ ਪ੍ਰਯੁਕਤ ਹੁੰਦੇ ਹਨ। ਬੰਗਾਲ ਵਾਸੀ ਆਪਣੀ ਭਾਸ਼ਾ ਨੂੰ ਬਾਂਗਲਾ ਆਖਦੇ ਹਨ ਪਰ ਅਸੀਂ ਬੰਗਾਲੀ ਕਹਿੰਦੇ ਹਾਂ।

ਬੰਗਾਲੀ ਧੁਨੀ-ਵਿਗਿਆਨ

ਬੰਗਾਲੀ ਵਿਚ ਬਹੁਤੀਆਂ ਧੁਨੀਆਂ ਦੀ ਪ੍ਰਕ੍ਰਿਤੀ ਤੇ ਵਿਉਂਤ ਬਾਕੀ ਹੋਰ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੀਆਂ ਧੁਨੀਆਂ ਵਾਂਗ ਹੈ। ਪਰ ਕੁਝ ਧੁਨੀਆਂ ਬੰਗਾਲੀ ਦੀਆਂ ਹੀ ਵਿਸ਼ੇਸ਼ ਧੁਨੀਆਂ ਹਨ। ਡਾ. ਗ੍ਰੀਅਰਸਨ ਅਤੇ ਡਾ. ਚੈਟਰਜੀ ਨੇ ਬੰਗਾਲੀ ਦੀਆਂ ਵਿਸ਼ੇਸ਼ ਧੁਨੀਆਂ ਦਾ ਵਿਵਰਣ ਪੇਸ਼ ਕੀਤਾ ਹੈ। ਬੰਗਾਲੀ ਦੀਆਂ ਉਚਰਿਤ ਤੇ ਲਿਖਤੀ ਧੁਨੀਆਂ ਵਿਚ ਕਾਫ਼ੀ ਅੰਤਰ ਹੈ। ਬੰਗਾਲੀ ਲਿਪੀ ਵਾਸਤਵਿਕ ਸ਼ੁੱਧ ਬੰਗਾਲੀ ਧੁਨੀਆਂ ਨੂੰ ਅੰਕਿਤ ਨਹੀਂ ਕਰਦੀ। ਇਸ ਲਈ ਲਿਖਣ ਤੇ ਪੜ੍ਹਨ ਵਿਚ ਅੰਤਰ ਹੈ।

ਸੂਰਾਂ ਵਿਚ ਅ-ਧੁਨੀ ਤਿੰਨ ਪ੍ਰਕਾਰ ਦੀ, ਏ-ਧੁਨੀ ਦੋ ਪ੍ਰਕਾਰ ਦੀ ਅਤੇ ਓ-ਧੁਨੀ ਤਿੰਨ ਪ੍ਰਕਾਰ ਦੀ ਹੈ, ਪਰੰਤੂ ਇਨ੍ਹਾਂ ਸਾਰੀਆਂ ਧੁਨੀਆਂ ਨੂੰ ਲਿਖਣ ਲਈ ਲਿਪੀ ਦੇ ਚਾਰ ਸੂਰ-ਚਿੰਨ੍ਹ ਹਨ।

ਓ ਸੂਰ-ਧੁਨੀ ਦਾ ਖੁਲ੍ਹਾ ਉੱਚਾਰਣ ਹੈ ਪਰ ਅ-ਅੰਤਰ ਸ਼ਬਦਾਂ ਦੇ ਅੰਤ ਉਤੇ 'ਅ' ਦਾ ਓ ਵਾਂਗ ਉੱਚਾਰਣ ਕੀਤਾ ਜਾਂਦਾ ਹੈ :

ਲਿਖਤੀ ਬੰਗਾਲੀ ਸ਼ਬਦ	ਉਚਾਰਿਤ ਬੰਗਾਲੀ ਸ਼ਬਦ

ਖੋਸਾ	(husk)	ਖੋਸ਼
ਛਿਲ	(ਉਹ ਸੀ)	ਛਿਲੋ
ਦੇਖ	(ਵੇਖ)	ਦੇਖੋ
ਬਾਕਯ	(ਵਾਕ)	ਬਾਕਯੋ
ਬਨ	(ਵਣ)	ਬਨੋ

"The sound which I call ŏ is the commonest sound in the language (Bangali). It is the sound of the o in ' hot'. It is respresented by the letter 'ਅ' when not at the end of a word."

Thus ਅਨਲ (ਅਗਨੀ) is pronounced ਓਨੋਲ (Grierson, vol v, part 1, p. 31) । ਬੰਗਾਲੀ ਯ-ਧੁਨੀ ਅਕਸਰ ਜ ਵਾਂਗੂ ਬੋਲੀ ਜਾਂਦੀ ਹੈ, ਇਸੇ ਤਰ੍ਹਾਂ ਵ-ਧੁਨੀ ਬ ਵਾਂਗੂ ਉਚਾਰੀ ਜਾਂਦੀ ਹੈ : (ਵਰਣ (ਰੰਗ, ਵੰਨ) = ਬੋਰਨੋ । ਊਸ਼ਮ ਧੁਨੀਆਂ /ਸ, ਸ਼, 'ਥ'/ ਤਾਲਵੀ ਸ਼ ਵਾਂਗੂ ਹੀ ਬੋਲੀਆਂ ਜਾਂਦੀਆਂ ਹਨ ।* ਸੰਸਕ੍ਰਿਤ ਸ਼ਬਦ "ਪ੍ਰਸ਼ਨ" ਦਾ ਬੰਗਾਲੀ ਉਚਾਰਣ "ਪ੍ਰੋਸ਼ਨੋ" ਵਰਗਾ ਹੈ । ਸੰਸਕ੍ਰਿਤ /ਗ਼/ ਨੂੰ gya ਦੀ ਤਰ੍ਹਾਂ ਅਤੇ ਸੰਸਕ੍ਰਿਤ ਧੁਨੀ (ਕ੍ਸ਼) ਨੂੰ khy: /ਖਜ/ ਦੀ ਤਰ੍ਹਾਂ ਬੋਲਿਆ ਜਾਂਦਾ ਹੈ ।

ਵਿਆਕਰਣ

ਬੰਗਾਲੀ ਵਿਚ ਸੱਤ (ਸੰਬੋਧਨ ਸਮੇਤ ਅੱਠ) ਕਾਰਕ ਹਨ ਜਿਹੜੇ ਕਿ ਵਿਭਕਤੀਆਂ ਤੇ ਸੰਬੰਧਕ (inflections & post-positions) ਜੋੜ ਕੇ ਬਣਾਏ ਜਾਂਦੇ ਹਨ । ਆਧੁਨਿਕ ਬੰਗਾਲੀ ਦੇ ਨਾਵਾਂ (nouns) ਨਾਲ ਹੇਠਾਂ ਲਿਖੇ ਕਾਰਕੀ ਪਿਛੇਤਰ ਜੋੜੇ ਜਾਂਦੇ ਹਨ । ਇਹ ਕਾਰਕੀ ਪਿਛੇਤਰ ਵਿਭਕਤੀਆਂ ਦੀ ਤਰ੍ਹਾਂ ਨਾਂਵਰੂਪਾਂ ਨਾਲ ਇਕਰੂਪ (organic) ਹੋਏ ਹੁੰਦੇ ਹਨ ਅਤੇ ਜੋ ਸੰਬੰਧਕੀ ਸ਼ਬਦਾਂ ਦੀ ਤਰ੍ਹਾਂ ਸ਼ਬਦਾਂ ਤੋਂ ਅੱਡ ਕਰਕੇ ਨਿਖੇੜੇ ਨਹੀਂ ਜਾ ਸਕਦੇ । ਬੰਗਾਲੀ ਸੰਬੰਧ ਕਾਰਕ ਦੇ ਚਿੰਨ੍ਹ (-ਰ ~ ਏਰ) ਵਿਲੱਖਣ ਹਨ ਜਿਵੇਂ "ਨਟੇਰ ਪੂਜਾ" ਅਰਥਾਤ ਨਟ ਦੀ ਪੂਜਾ ।

ਲਿੰਗ ਵਿਵਸਥਾ

ਬੰਗਾਲੀ ਸਮੇਤ ਪੂਰਬੀ ਭਾਸ਼ਾਵਾਂ ਵਿਚ ਵਿਆਕਰਣਿਕ ਲਿੰਗ-ਵਿਵਸਥਾ ਚੌਦ੍ਹਵੀਂ ਸਦੀ ਤਕ, ਲਗਪਗ ਸਮਾਪਤ ਹੋ ਗਈ ਸੀ, ਕੇਵਲ ਸਹਜ ਲਿੰਗਭੇਦ ਹੀ ਬਾਕੀ ਬਚਿਆ ਸੀ [Beams : 1871 : 179] ਬੰਗਾਲੀ ਤੇ ਉੜੀਆਂ ਦੋਹਾਂ ਭਾਸ਼ਾਵਾਂ ਵਿਚ ਕ੍ਰਿਆ ਦੇ ਕ੍ਰਿਦੰਤੀ ਰੂਪ ਉਪਲਬਧ ਨਹੀਂ ਹਨ ਹਾਲਾਂ ਕਿ ਬਾਕੀ ਆਰੀਆ ਭਾਸ਼ਾਵਾਂ ਵਿਚ ਪ੍ਰਾਚੀਨ ਸੰਜੋਗਾਤਮਕ ਕਾਲਵਾਚੀ ਕ੍ਰਿਆਵਾਂ ਦੀ ਥਾਂ ਕ੍ਰਿਦੰਤੀ ਰੂਪ ਹੀ ਪ੍ਰਚਲਿਤ ਹੋ ਗਏ ਸਨ । ਇਸ ਲਈ ਕ੍ਰਿਦੰਤੀ ਰੂਪਾਂ ਦੀ ਅਣਹੋਂਦ ਕਰਕੇ ਬੰਗਾਲੀ ਤੇ ਉੜੀਆਂ ਵਿਚ ਲਿੰਗ-ਪ੍ਰਯੋਗ ਦੀ ਜ਼ਰੂਰਤ ਵੀ ਨਹੀਂ ਰਹੀ ਸੀ ।

ਕ੍ਰਿਆਰੂਪ

ਬੰਗਾਲੀ ਵਿਚ ਭਵਿਖਵਾਚੀ ਕ੍ਰਿਆਰੂਪ ਵਿਲੱਖਣ ਹੈ ਜੋ ਅਸਾਮੀ, ਉੜੀਆ ਤੇ ਬਿਹਾਰੀ ਬੋਲੀਆਂ ਨਾਲ ਸਮਤਾ ਰਖਦਾ ਹੈ । ਬੰਗਾਲੀ ਵਿਚ ਭਵਿਖਤ ਕਾਲ ਦਾ ਕ੍ਰਿਦੰਤੀ

---

* ਬੰਗਾਲੀ ਦੇ ਸ਼ ਉਚਾਰਣ ਬਾਰੇ ਪੰਜਾਬੀ ਵਿਦਵਾਨਾਂ ਵਿਚ ਇਕ ਵਿਅੰਗ ਮਸ਼ਹੂਰ ਹੈ । ਨਵੇਂ ਸਾਲ ਦੀ ਮੁਬਾਰਕ ਦੇਣ ਲਈ ਇਕ ਬੰਗਾਲੀ ਨੂੰ ਅੰਗ੍ਰੇਜ਼ੀ ਵਿਚ ਕਿਹਾ : Happy New Year, ਇਸ ਦਾ ਉੱਤਰ ਸੀ, "ਸ਼ੇਮ ਟੂ ਯੂ " (Same to you) ਸੇਮ ਦਾ ਅਰਥ "ਓਹੀ " ਹੈ ਪਰ ਸ਼ੇਮ Shame ਦਾ ਅਰਥ ਹੈ ਲਾਹਨਤ, ਧ੍ਰਿਕਾਰ ।

ਰੂਪ, /-ਇਬ/ ਪਿਛੇਤਰ ਨਾਲ ਸੰਪੰਨ ਹੁੰਦਾ ਹੈ ਜਿਵੇਂ ਚਲਿਬ, ਮਾਰਿਬ (ਮੈਂ ਚਲਾਂਗਾ, ਮਾਰਾਂਗਾ) ਇਨ੍ਹਾਂ ਨਾਲ ਪੜਨਾਵੀਂ ਪਿਛੇਤਰ ਸੰਜੁਗਤ ਹੋ ਜਾਂਦੇ ਹਨ। ਬੰਗਾਲੀ ਵਿਚ ਮਾਰਿਬ ਦਾ ਬੰਗਾਲੀ ਉੱਚਾਰਣ 'ਮਾਰਿਬੋਂ' ਹੈ। ਬਿਹਾਰੀ ਭਾਸ਼ਾਵਾਂ, ਮੈਥਿਲੀ, ਮਗਹੀ, ਭੋਜਪੁਰੀ ਤੇ ਅਵਧੀ ਵਿਚ ਵੀ '-ਬ' ਜਾਂ -ਇਬ ਜੋੜ ਕੇ ਭਵਿਖਤ ਕ੍ਰਿਆਰੂਪ ਸਿਰਜਿਆ ਜਾਂਦਾ ਹੈ। ਪੱਛਮੀ ਪੰਜਾਬੀ, ਸਿੰਧੀ, ਗੁਜਰਾਤੀ, ਰਾਜਸਥਾਨੀ ਵਿਚ -ਸ ਜੋੜ ਕੇ ਭਵਿਖਤ ਕ੍ਰਿਆ ਦੀ ਰਚਨਾ ਹੁੰਦੀ ਹੈ। ਬੰਗਾਲੀ ਵਿਚ ਭਵਿਖਤ ਕਾਲ ਦੇ ਰੂਪ ਇਉਂ ਹਨ :

	ਇਕ ਵਚਨ	ਬਹੁਵਚਨ
ਮੈਂ ਮਾਰਾਂਗਾ	1. ਮਾਰਿਬ	ਅਸੀਂ ਮਾਰਾਂਗੇ : ਮਾਰਿਬ
ਤੂੰ ਮਾਰੇਂਗਾ	2. ਮਾਰਿਬ	ਤੁਸੀਂ ਮਾਰੋਗੇ : ਮਾਰਬੇ
ਉਹ ਮਾਰੇਗਾ	3. ਮਾਰਿਬੇ	ਉਹ ਮਾਰਨਗੇ : ਮਾਰਿਬੇਨ

ਭੂਤ-ਕਾਲ : "ਕਰ" ਕ੍ਰਿਆ-ਮੂਲ

1. ਕਰਿਲਾਮ	
2. ਕਰਿਲੇ	
3. ਕਰਿਲ	ਕਰਿਲੇਨ

ਬੰਗਾਲੀ ਤੇ ਪੰਜਾਬੀ : ਸਾਹਿਤਕ ਸੰਦਰਭ

ਬੰਗਾਲੀ ਭਾਸ਼ਾ ਦੇ ਪੁਰਾਣੇ ਨਮੂਨੇ ਕਈ ਸਾਹਿਤਿਕ ਗ੍ਰੰਥਾਂ ਵਿਚ ਉਪਲਬਧ ਹਨ। ਸਭ ਤੋਂ ਪ੍ਰਾਚੀਨ "ਚਰਯਾ ਪਦ" ਹਨ ਜੋ ਸਹਜੀਆ ਸੰਪ੍ਰਦਾਇ ਦੇ ਸਿੱਧਾਂ ਦੀ ਰਚਨਾ ਹੈ। ਹਰ ਪ੍ਰਸਾਦ ਸ਼ਾਸਤ੍ਰੀ ਨੇ ਇਨ੍ਹਾਂ ਦਾ ਪ੍ਰਕਾਸ਼ਨ "ਬੌਧ ਗਾਨ ਓ ਦੋਹਾ" ਸਿਰਲੇਖ ਦੇ ਅੰਤਰਗਤ ਕੀਤਾ ਹੈ। ਇਸ ਦਾ ਸਮਾ ਕੋਈ 12ਵੀਂ ਸਦੀ ਹੈ। ਇਸ ਸੰਕਲਨ ਵਿਚ ਦੋਹਾਕੋਸ਼ ਅਤੇ ਦਾਕਾਰਣਵ ਵੀ ਸ਼ਾਮਲ ਹਨ।

ਜਯਦੇਵ (12ਵੀਂ ਸਦੀ) ਦੇ ਦੋ ਬੰਗਾਲੀ ਪਦੇ ਸਿੱਖਾਂ ਦੇ ਆਦਿ ਗ੍ਰੰਥ ਵਿਚ ਸ਼ਾਮਲ ਹਨ। ਜਯਦੇਵ ਦਾ ਸੰਸਕ੍ਰਿਤ ਭਕਤੀ-ਕਾਵਿ "ਗੀਤ ਗੋਵਿੰਦ" ਵੀ ਬਹੁਤ ਪ੍ਰਸਿੱਧ ਹੈ। ਬੰਗਾਲੀ ਕਵੀ ਚੰਡੀਦਾਸ ਦਾ "ਸ੍ਰੀ ਕ੍ਰਿਸ਼ਣ ਕੀਰਤਨ" ਬੜਾ ਹੀ ਹਰਮਨ ਪਿਆਰਾ ਗ੍ਰੰਥ ਹੈ ਜੋ ਸਮਕਾਲੀਨ ਬੰਗਾਲੀ ਵਿਚ ਰਚਿਆ ਗਿਆ ਹੈ। ਚੰਡੀ ਦਾਸ ਦਾ ਇਹ ਗੀਤ ਬਹੁਤ ਪ੍ਰਸਿੱਧ ਹੈ :

"ਏ ਘੋਰ ਰਜਨੀ ਮੇਘ ਘਟਾ ਬੰਧੂ ਕੇਮਨੇ ਆਈਲਾ ਬਾਟੇ।
ਆਗਨਾਰ ਕੋਨੇ ਬੰਧੂਆ ਤਿਤਿਛੇ ਦੇਖਿਆਂ ਪ੍ਰਾਨ ਫਾਟੇ।"

(ਪੰਜਾਬੀ ਰੂਪ) – ਹਨੇਰੀ ਰਾਤ ਹੈ, ਘਨਘੋਰ ਘਟਾ ਹੈ, ਪ੍ਰੇਮੀ ਏਨੀ ਦੂਰ ਚਲਾ ਆਇਆ। ਆਂਗਣ ਦੇ ਕੋਨੇ ਵਿਚ ਪ੍ਰੀਤਮ ਕਸ਼ਟ ਝਲ ਰਿਹਾ ਹੈ, ਦੇਖ ਕੇ ਕਲੇਜਾ ਫਟਿਆ ਜਾਂਦਾ ਹੈ) ਰਾਬਿੰਦ੍ਰ ਨਾਥ ਟੈਗੋਰ, ਬੰਕਿਮ ਚੰਦ੍ਰ, ਮਾਈਕਲ ਮਧੁਸੂਦਨ, ਨਜ਼ਰੁਲ ਇਸਲਾਮ, ਆਦਿ ਪ੍ਰਸਿੱਧ ਸਾਹਿਤਕਾਰ ਹਨ। ਡਾ. ਸੁਨੀਤਿ ਕੁਮਾਰ ਚੈਟਰਜੀ ਨੇ ਬੰਗਾਲੀ ਭਾਸ਼ਾ ਦੇ ਵਿਕਾਸ ਨੂੰ ਤਿੰਨ ਦੌਰਾਂ ਵਿਚ ਵੰਡਿਆ ਹੈ। ਪ੍ਰਾਚੀਨ ਬੰਗਾਲੀ ਯੁਗ [950-1200 A.C.], ਮੱਧਕਾਲੀਨ ਬੰਗਾਲੀ ਯੁਗ [1200-1800], ਆਧੁਨਿਕ ਬੰਗਾਲੀ ਯੁਗ (1800–ਚਲਦਾ)। ਇਸ ਤਰ੍ਹਾਂ ਬੰਗਾਲੀ ਭਾਸ਼ਾ ਬੜੀ ਸਮ੍ਰਿਧ ਤੇ ਵਿਕਾਸਸ਼ੀਲ ਭਾਸ਼ਾ ਹੈ।

ਨਮੂਨਾ : Standard Bengali or Banga Bhasha

ਕੋਨੋ ਅਕ ਬਿਅਕਤਿਰ ਦੁ-ਟੀ ਪੁਤ੍ਰੋ ਛਿਲੋ । ਤੌਨ ਮਧਯੇ ਕੋਨਿਸ਼ਠੋ-ਟੀ ਤਾਹਾਰ ਪਿਤਾ-ਕੇ ਕਹਿਲੋ, ਪਿਤੋ, ਬਿਸ਼ੋਯੇਰ ਜੇ ਅੰਗਸ਼ੋ ਆਮਾਰ ਪ੍ਰਾਪਯੇ ਤਾਹਾ ਆਮਾਕੇ ਦਿਨ ।

ਪੰਜਾਬੀ ਭਾਸ਼ਾ ਦੇ ਐਨ ਮੁਕਾਬਲੇ ਤੇ ਬੰਗਾਲੀ ਦਾ ਖੇਤਰ ਹੈ । ਭਾਰਤ ਦੇ ਉੱਤਰ-ਪੱਛਮੀ ਸਿਰੇ ਤੇ ਪੰਜਾਬੀ ਅਤੇ ਪੂਰਬੀ ਸਿਰੇ ਤੇ ਬੰਗਾਲੀ ਸਥਿਤ ਹੈ । ਭਾਰਤੀ ਆਰੀਆ ਭਾਸ਼ਾਵਾਂ ਦੇ ਵਿਕਾਸ ਵਿਚ ਸਭ ਤੋਂ ਪੁਰਾਣੀ ਕੜੀ ਪੰਜਾਬੀ ਅਤੇ ਸਭ ਤੋਂ ਨਵੀਂ ਕੜੀ ਬੰਗਾਲੀ ਹੈ । ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਵਿਚ ਬਾਣੀ ਦਰਜ ਹੈ । "ਗਉੜੀ" ਸ਼ਬਦ ਗੌੜ ਦਾ ਅਪਭ੍ਰੰਸ਼ੀ ਰੂਪ ਹੈ । ਗੌੜ ਬੰਗਾਲ ਦੇਸ਼ ਨੂੰ ਕਿਹਾ ਜਾਂਦਾ ਸੀ । ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਜਯਦੇਵ ਦੇ ਪਦੇ ਵੀ ਬੰਗਾਲ ਦੀ ਦੇਣ ਹਨ । ਇਹ ਪਦੇ (ਸ਼ਬਦ) ਪ੍ਰਾਕ੍ਰਿਤ ਭਾਸ਼ਾ ਵਿਚ ਹਨ । ਦੋ ਪੰਗਤੀਆਂ ਅੰਕਿਤ ਹਨ : *"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ। ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮ ਨਿਰਬਾਣੁ ਲਿਵਲੀਣੁ ਪਾਇਆ (ਰਾਗ ਮਾਰੂ ਪੰਨਾ 1106) ।*

(3) ਉੜੀਆ

ਉੜੀਆ ਆਧੁਨਿਕ ਆਰੀਆ (New Indo-Aryan) ਭਾਸ਼ਾ ਹੈ ਜੋ ਅਜੋਕੇ ਉੜੀਸਾ ਪ੍ਰਾਂਤ ਵਿਚ ਬੋਲੀ ਜਾਂਦੀ ਹੈ । *ਉੜੀਆ ਹੁਣ ਉੜੀਸਾ ਦੀ ਰਾਜ-ਭਾਸ਼ਾ ਵੀ ਹੈ ।* ਉੜੀਆ ਨੂੰ ਓਡ੍ਰੀ ਜਾਂ ਉਤਕਲੀ ਵੀ ਕਿਹਾ ਜਾਂਦਾ ਹੈ ਉੜੀਆ ਦੀ ਪ੍ਰਾਚੀਨ ਅਪਭ੍ਰੰਸ਼ ਨੂੰ ਮਾਰਕੰਡੇਯ ਨੇ ਆਪਣੇ ਪ੍ਰਾਕ੍ਰਿਤ ਵਿਆਕਰਣ "ਪ੍ਰਾਕ੍ਰਿਤ ਸਰਵਸ੍ਵ" ਵਿਚ ਓਡ੍ਰੀ ਅਪਭ੍ਰੰਸ਼ ਕਿਹਾ ਹੈ । ਇਸ ਤੋਂ ਪਹਿਲਾਂ ਕ੍ਰਿਸ਼ਣ ਪੰਡਿਤ (12ਵੀਂ ਸਦੀ) ਨੇ "ਪ੍ਰਾਕ੍ਰਿਤ ਚੰਦ੍ਰਿਕਾ" ਵਿਚ 27 ਪ੍ਰਕਾਰ ਦੀਆ ਅਪਭ੍ਰੰਸ਼ਾਂ ਵਿਚ ਓਡ੍ਰੀ ਅਪਭ੍ਰੰਸ਼ ਦਾ ਉਲੇਖ ਕੀਤਾ ਹੈ । ਓਡ੍ਰੀ ਭਾਸ਼ਾ ਦਾ ਨਾਮਕਰਣ ਓਡ ਜਾਤੀ ਤੇ ਆਧਾਰਿਤ ਹੈ । ਓਡ ਦਾ ਸੰਸਕ੍ਰਿਤੀ-ਕ੍ਰਿਤ ਰੂਪ ਓਡ੍ਰੀ ਹੈ । (ਵੰਡ ਪੂਰਵ ਪੰਜਾਬ ਵਿਚ ਓਡ ਕਬੀਲੇ ਜੋ ਮੁਸਲਮਾਨ ਹੁੰਦੇ ਸਨ ਪਿੰਡਾਂ ਦੇ ਬਾਹਰਵਾਰ ਆ ਕੇ ਡੇਰੇ ਲਾਉਂਦੇ ਸਨ ਅਤੇ ਬਕਰੀਆਂ ਭੇਡਾਂ ਦੇ ਚਰਵਾਹੇ ਹੁੰਦੇ ਸਨ । ਹੋ ਸਕਦਾ ਹੈ ਇਹ ਓਡ ਕਬੀਲੇ ਵੀ ਪੂਰਬੀ ਭਾਰਤ ਦੀ ਇਸੇ ਓਡ ਨਸਲ ਦੇ ਸਾਕ ਸਨਬੰਧੀ ਹੋਣ।) ਪਰੰਤੂ ਉੜੀਆਂ ਵਿਚ ਇਸਨੂੰ ਓੜੀਆ ਕਹਿੰਦੇ ਹਨ ਅਤੇ ਦੇਸ਼ ਨੂੰ ਓੜਿਸਾ ।

ਉੜੀਆ ਦੇ ਉੱਤਰ ਵੱਲ ਬੰਗਾਲੀ, ਉੱਤਰ ਪੱਛਮ ਦੀ ਤਰਫ ਬਿਹਾਰੀ, ਪੱਛਮ ਵੱਲ, ਜ਼ਿਲ੍ਹਾ ਮਿਦਨਾਪੁਰ, ਜ਼ਿਲ੍ਹਾ ਸਿੰਘ ਭੂਮ, ਛੋਟਾ ਨਾਗਪੁਰ, ਸਾਂਬਲਪੁਰ, ਗੰਜਮ ਜ਼ਿਲ੍ਹੇ ਦਾ ਉੱਤਰੀ ਭਾਗ ਜੈਪੁਰ ਆਦਿ ਨਗਰਾ ਤੇ ਇਲਾਕਿਆਂ ਵਿਚ ਪ੍ਰਚਲਿਤ ਹੈ ।

ਉੜੀਆ ਦੀ ਉਤਪੱਤੀ ਪ੍ਰਾਚੀਨ ਮਾਗਧੀ ਅਪਭ੍ਰੰਸ਼ ਤੋਂ ਮੰਨੀ ਜਾਂਦੀ ਹੈ । ਬੰਗਾਲੀ ਵੀ ਮਾਗਧੀ ਅਪਭ੍ਰੰਸ਼ ਤੋਂ ਉਤਪੰਨ ਹੈ । ਸਾਂਝਾ ਸੋਮਾ ਹੋਣ ਕਰਕੇ ਉੜੀਆ ਤੇ ਬੰਗਾਲੀ ਵਿਚ ਬਹੁਤ ਸਾਝੀਆਂ ਵਿਸ਼ੇਸਤਾਵਾ ਹਨ । ਕਿਸੇ ਵੇਲੇ ਵਿਦਵਾਨ ਉੜੀਆ ਨੂੰ ਬੰਗਾਲੀ ਦੀ ਡਾਇਲੈਕਟ ਮੰਨਦੇ ਸਨ, ਪਰ ਅਸਲੀਅਤ ਇਹ ਹੈ ਕਿ ਉੜੀਆ ਬੰਗਾਲੀ ਦੀ sister language ਹੀ ਹੈ । ਬੰਗਾਲੀ ਦੀ ਤਰ੍ਹਾਂ ਉੜੀਆ ਵਿਚ ਵੀ "ਬਹੁਵਚਨ" ਬਣਾਉਣ ਲਈ ਹੋਰ ਸਮੂਹਵਾਚਕ ਸ਼ਬਦ (ਜਿਵੇਂ ਲੋਗ, ਜਨ ਗਣ, ਹਿੰਦੀ : ਹਮਲੋਗ, ਪੰਜਾਬੀ : ਬਸੰਤ ਸਿੰਘ ਹੋਰੀਂ ਜਾਂ ਹੋਣੀ ਆਦਿ) ਨਾਲ ਜੋੜਨਾ ਪੈਂਦਾ ਹੈ । ਪੰਜਾਬੀ, ਹਿੰਦੀ ਵਿਚ ਪਿਛੇਤਰ ਜੋੜਕੇ ਬਹੁਵਚਨ ਪਰਗਟਾਇਆ ਜਾਂਦਾ ਹੈ- ਘੋੜਾ ਇ. ਵ. ਅਤੇ ਘੋੜੇ ਬ. ਵ., ਉੜੀਆ

ਵਿਚ ਪ੍ਰਥਮ ਪੁਰਸ਼ ਤੇ ਤ੍ਰਿਤੀਆ ਪੁਰਸ਼ ਦੇ ਇਕਵਚਨੀ ਕ੍ਰਿਆਰੂਪ ਨੂੰ ਨਿਰਾਦਰਵਾਚੀ ਮੰਨਿਆ ਜਾਂਦਾ ਹੈ । ਉੜੀਆ "ਜੇਹਾ ਲਿਖੇ ਤੇਹਾ ਬੋਲੇ" ਦੀ ਕਹਾਵਤ ਮੁਜਬ ਚਲਦੀ ਹੈ । ਇਸ ਦੇ ਸਵਰ ਤੇ ਵਿਅੰਜਨ ਸਪੱਸ਼ਟ ਤੌਰ ਤੇ ਉਚਾਰੇ ਜਾਂਦੇ ਹਨ ।

"In the best Oriya every syllable is distinctly pronounced and the accent is put on the penultimate syllable if it is long one [Grierson, p. 147].

ਉੜੀਆ ਕ੍ਰਿਆ ਸਿਸਟਮ ਵੀ ਸਰਲ ਤੇ ਸੰਪੂਰਨ ਹੈ । ਇਸ ਦ੍ਰਿਸ਼ਟੀ ਤੋਂ ਉੜੀਆ ਦਾ ਵਿਆਕਰਣ ਵਿਕਾਸ ਦੀ ਸੰਪੂਰਨ ਅਵਸਥਾ ਵਿਚ ਸਥਿਤ ਹੈ । ਉੜੀਆ ਵਿਚ ਕਈ ਪ੍ਰਾਚੀਨ ਅੰਸ਼ ਹਨ । ਉੜੀਆ ਦੀ ਇਹ ਪ੍ਰਾਚੀਨ-ਮੁਖ ਪ੍ਰਕ੍ਰਿਤੀ ਜੋ ਰੂਪਾਵਲੀ ਤੇ ਸ਼ਬਦਾਵਲੀ ਵਿਚ ਉਪਲਬਧ ਹੈ, ਇਸ ਭਾਸ਼ਾ ਦੀ ਭੂਗੋਲਿਕ ਸਥਿਤੀ ਦਾ ਨਤੀਜਾ ਹੈ । ਭੂਗੋਲਿਕ ਤੌਰ ਤੇ ਉੜੀਸਾ ਅਲਗ-ਥਲਗ ਪ੍ਰਦੇਸ਼ ਹੈ । ਪੂਰਬ ਵਿਚ ਸਮੁੰਦਰ, ਪੱਛਮ ਵੱਲ ਪਰਬਤੀ ਇਲਾਕਾ ਹੈ ਜਿਥੇ ਭਿੰਨ ਭਾਸ਼ਾ-ਭਾਖੀ ਆਦਿਵਾਸੀ ਰਹਿੰਦੇ ਹਨ, ਦੱਖਣ ਵੱਲ ਦ੍ਰਾਵਿੜੀ ਭਾਸ਼ਾ ਹੈ ਜੋ ਬਿਲਕੁਲ ਅਡਰੇ ਪਰਿਵਾਰ ਦੀ ਭਾਸ਼ਾ ਹੈ, ਉੱਤਰ ਵੱਲ ਬੰਗਾਲ ਹੈ ਜਿਸ ਨਾਲ ਉੜੀਸਾ ਦਾ ਰਾਜਨੀਤਿਕ ਗਠਬੰਧਨ ਕਦੇ ਸ਼ਾਦਰ-ਨਾਦਰ ਹੀ ਹੋਇਆ ਹੈ । ਭਾਵੇਂ ਉੜੀਸਾ ਉੱਤੇ ਕਲਿੰਗ ਰਾਜਿਆਂ ਦਾ ਰਾਜ ਰਿਹਾ ਹੈ ਅਤੇ ਨਾਗਪੁਰ ਦੇ ਭੌਂਸਲੇ ਰਾਜ ਕਰਦੇ ਰਹੇ ਹਨ ਫੇਰ ਵੀ ਉੜੀਆ ਉਤੇ ਤੇਲਗੂ ਤੇ ਮਰਾਠੀ ਅਤੇ ਫਿਰ ਬਾਅਦ ਵਿਚ ਫ਼ਾਰਸੀ ਦਾ ਨਾ-ਮਾਤਰ ਪ੍ਰਭਾਵ ਹੀ ਹੈ ।

ਉੜੀਆ ਦਾ ਪ੍ਰਾਚੀਨਤਮ ਨਮੂਨਾ (earliest specimens) ਰਾਜਾ ਨ੍ਰਿਸਿੰਹ ਦੇਵ ਚੌਥਾ ਦੇ ਤਾਂਬਾ-ਪਤ੍ਰ ਅਨੁਦਾਨ ਹਨ ਜੋ ਲਗਭਗ 1395 ਈ. ਦੀਆ ਲਿਖਤਾਂ ਹਨ। ਇਸ ਵਿਚ ਉੜੀਆ ਦੇ ਸ਼ਬਦ ਉਪਲਬਧ ਹਨ । ਜ਼ਾਹਰ ਹੈ ਕਿ ਉੜੀਆ ਭਾਸ਼ਾ ਇਸ ਤੋਂ ਪਹਿਲਾ ਹੋਂਦ ਵਿਚ ਆ ਚੁਕੀ ਸੀ, ਇਸ ਤੋਂ ਉਪਰੰਤ ਪੁਰੀ ਤੇ ਭੁਵਨੇਸ਼ਵਰ ਮੰਦਿਰਾਂ ਵਿਚ 1436 ਤੋਂ 1542 ਤਕ ਦੇ ਪ੍ਰਲੇਖ ਹਨ ਜੋ ਉੜੀਆ ਲਿਪੀ ਤੇ ਉੜੀਆ ਭਾਸ਼ਾ ਵਿਚ ਲਿਖੇ ਗਏ ਹਨ । ਇਨ੍ਹਾ ਪ੍ਰਲੇਖਾਂ ਦੀ ਭਾਸ਼ਾ ਤੋਂ ਦੋ ਨੁਕਤੇ ਸਪੱਸ਼ਟ ਹੁੰਦੇ ਹਨ ਜੋ ਉਚਾਰਣ ਨਾਲ ਸੰਬੰਧਿਤ ਹਨ

1) ਸੰਸਕ੍ਰਿਤ ਧੁਨੀ (ज्ञ) ਦਾ ਉੜੀਆ ਉੱਚਾਰਣ (ਗਜ) ਹੈ । ਅਤੇ ਸੰਸਕ੍ਰਿਤ (ऋ) ਦਾ ਉੱਚਾਰਣ ਰੁ ਹੈ । ਆਗਜਾ = ਆਗਿਆ (आज्ञा), ਗ੍ਰਿਵਰਿ ਦਾ ਉਚਾਰਣ ਗਰੁਵਰਿ ਹੈ । ਪੰਜਾਬੀ ਵਿਚ ਵੀ ਇਹੋ ਰੁਚੀ ਹੈ-ਆਗਿਆ ਤੇ ਰੁੱਤ ਜਾਂ ਰੁੱਖ [Chatterji, 1971 : 109].

ਗ੍ਰੀਅਰਸਨ (V part II, p .369) ਦੇ ਅਨੁਸਾਰ, ਕਟਕ, ਖੁਰਦਾ (ਪੁਰੀ) ਗੁਮਸਰ (ਗੰਜਮ) ਇਹ ਤਿੰਨ ਸਥਾਨ ਹਨ ਜਿਥੇ ਵਿਸ਼ੁੱਧ ਠੇਠ ਉੜੀਆ ਬੋਲੀ ਜਾਂਦੀ ਹੈ । ਇਹ ਬੜੀ ਵਿਚਿਤ੍ਰ ਘਟਨਾ ਹੈ ਕਿ ਉੜੀਆ ਦੀਆ ਕੋਈ ਨਿਸ਼ਚਿਤ ਉਪ-ਭਾਸ਼ਾਵਾਂ ਨਹੀਂ ਹਨ । "ਬੋਲੀ ਬਾਰੀ ਕੋਹੀਂ ਬਦਲਦੀ ਹੈ" ਇਹ ਕਹਾਵਤ ਏਥੇ ਸਾਰਥਕ ਨਹੀਂ ਹੁੰਦੀ ਪਰ 'ਭਤ੍ਰੀ' (Bhatri) ਉੜੀਆ ਦੀ ਅਸਲੀ ਉਪ-ਬੋਲੀ ਹੈ । 'ਭਤ੍ਰੀ' ਬਸਤਰ ਸਟੇਟ ਦੇ ਉੱਤਰ ਪੂਰਬ ਵਿਚ ਬੋਲੀ ਜਾਂਦੀ ਹੈ ਅਤੇ ਇਹ ਟਕਸਾਲੀ ਉੜੀਆ ਤੇ ਹਲਬੀ (ਮਰਾਠੀ ਬੋਲੀ) ਦੇ ਦਰਮਿਆਨ ਸੰਪਰਕ ਸੂਤ੍ਰ ਦਾ ਕੰਮ ਕਰਦੀ ਹੈ ।

ਉੱਚਾਰਣ ਸਤਰ

ਸੁਰ : ਉੜੀਆ ਦੀਆ ਸੁਰ-ਧੁਨੀਆਂ ਦਾ ਉੱਚਾਰਣ ਆਮ ਤੌਰ ਤੇ ਬੰਗਾਲੀ ਵਾਂਗ ਹੀ ਹੈ । ਹ੍ਰਸਵ ਅ ਬੰਗਾਲੀ ਵਾਂਗੂ 'ਓ' ਉਚਾਰਿਆ ਜਾਂਦਾ ਹੈ ਜਿਵੇਂ ਅੰਗ੍ਰੇਜ਼ੀ "hot" ਵਿਚ । ਸੰ. (਋) ਦਾ ਉਚਾਰਣ ਉੜੀਆ ਵਿਚ 'ਰੁ' ਪਰ ਬੰਗਾਲੀ ਵਿਚ 'ਰਿ' ਹੈ । ਉੜੀਆ ਦੀ ਵਿਲੱਖਣਤਾ ਇਹ ਹੈ ਕਿ ਸ਼ਬਦਾਂਤਕ 'ਅ' ਪੂਰਨ ਤੌਰ ਤੇ ਉੱਚਰਿਤ ਹੁੰਦਾ ਹੈ । ਉੜੀਆ ਵਿਚ /ਘਰ/ ਦਾ ਉਚਾਰਣ ghara ਹੈ ghar ਨਹੀਂ, ਇਹ ghara, gharo ਦੀ ਤਰ੍ਹਾਂ ਹੈ ।

ਵਿਅੰਜਨ : ਉੜੀਆ ਵਿਚ (ਚ, ਛ, ਜ, ਝ,) tsa, tsha, dza, dzh, ਉਚਾਰੇ ਜਾਂਦੇ ਹਨ । ਮੂਰਧਨੀ (retroflex) ਧੁਨੀਆਂ ਦਾ ਉੱਚਾਰਣ ਸ਼ੁੱਧ ਤੇ ਮੁਕੰਮਲ ਹੈ । ਪੁਰੀ ਵਿਚ ਪਡਿਬ ਅਤੇ ਕਟਕ ਵਿਹ ਪੜਿਬ ਹੋ ਜਾਂਦਾ ਹੈ । 'ਣ' ਦਾ ਉਚਾਰਣ ਸੰਸਕ੍ਰਿਤ -ਨੁਮਾ ਹੈ । ਮੂਰਧਨੀ /ਲ਼/ ਉਪਲਬਧ ਹੈ । ਸੰ.(ਕ੍ਸ਼), (ਗ) ਤਰਤੀਬਵਾਰ : ਖਜ ਤੇ 'ਗਜ' ਬੋਲੇ ਜਾਂਦੇ ਹਨ ।

ਵਿਆਕਰਣ : ਉੜੀਆ ਵਿਚ ਇਕਵਚਨ ਤੇ ਬਹੁਵਚਨ ਹਨ । ਬਹੁਵਚਨਤਾ ਲਈ ਇਕਵਚਨੀ ਸ਼ਬਦ ਨਾਲ- ਮਾਨੇ ਜੋੜਿਆ ਜਾਂਦਾ ਹੈ । ਮਾਨੇ ਤੋਂ ਅਤਿਰਿਕਤ ਹੋਰ ਸਮੂਹਵਾਚੀ ਰਚਨਾਤੱਤ ਜਿਵੇਂ-ਦਲ, ਲੋਕ, ਬਹੁਵਚਨ ਬਣਾਉਣ ਲਈ ਜੋੜ ਦਿਤੇ ਜਾਂਦੇ ਹਨ । ਉੜੀਆ ਵਿਚ ਨਾਵਾਂ (ਸੰਗਿਆ) ਦੀਆਂ ਦੋ ਸ਼ਰੇਣੀਆ ਹਨ rational ਤੇ irrational. ਇਨ੍ਹਾਂ ਦੋਹਾਂ ਲਈ ਅਲਗ ਅਲਗ ਕਾਰਕੀ ਪਿਛੇਤਰ ਜਾਂ ਸੰਬੰਧਕ (post-postitions) ਹਨ । ਹੇਠਾਂ ਤਾਲਿਕਾ ਦਰਜ ਹੈ ।

	ਇਕਵਚਨ	ਬਹੁਵਚਨ		ਇਕਵਚਨ	ਬਹੁਵਚਨ
1. ਕਰਤਾ	ਪੁਰੁਸ਼,	ਪੁਰੁਸ਼-ਮਾਨੇ	5. ਅਪਾਦਾਨ	:	ਪੁਰੁਸ਼-ਠਾਰੁ, ਪੁਰਸ਼ ਮਾਨੰਕ-ਠਾਰੁ
2. ਕਰਮ :	ਪੁਰੁਸ਼ਕੁ	ਪੁਰੁਸ਼ ਮਾਨੰਕ	6. ਸੰਬੰਧ		ਪੁਰੁਸ਼-ਰ, ਪੁਰੁਸ਼-ਮਾਨੰਕ-ਰ
3. ਕਰਣ :	ਪੁਰੁਸ਼ਦ੍ਵਾਰਾ,	ਪੁਰੁਸ਼-ਮਾਨੰਕਦ੍ਵਾਰਾ	7. ਅਧਿਕਰਣ	:	ਪੁਰੁਸ਼-ਠਾਰੇ, ਪੁਰਸ਼-ਮਾਨੰਕ-ਠਾਰੇ
4. ਸੰਪ੍ਰਦਾਨ :	ਪੁਰੁਸ਼-ਕੁ,	ਪੁਰੁਸ਼ ਮਾਨੰਕੁ	8. ਸੰਬੋਧਨ		ਹੇ ਪੁਰੁਸ਼, ਹੇ ਪੁਰੁਸ਼-ਮਾਨੇ ।

ਪੜਨਾਂਵ : ਬਹੁਤੇ ਪੜਨਾਂਵ inferior ਤੇ superior ਦੋ ਸ਼ਰੇਣੀਆਂ ਵਿਚ ਵੰਡੇ ਜਾਂਦੇ ਹਨ

inferior	superior	inferior	superior
ਮੁ ਮੂੰ (ਮੈਂ)	ਆਭੇ (ਅਸੀਂ)	ਤੁ ਤੂੰ (ਤੂੰ)	ਤੁੰਭੇ (ਤੁਸੀਂ)

ਕ੍ਰਿਆਰੂਪ

	ਵਰਤਮਾਨ ਕਾਲ		ਭੂਤਕਾਲ		ਭਵਿਖਤ ਕਾਲ	
	ਇਕਵਚਨ	ਬਹੁਵਚਨ	ਇਕਵਚਨ	ਬਹੁਵਚਨ	ਇਕਵਚਨ	ਬਹੁਵਚਨ
ਉੱਤਮ	: ਦੇਖੇ/ਦੇਖੀ	ਦੇਖੂੰ	ਦੇਖਿਲਿ	ਦੇਖਿਲੂੰ	ਦੇਖਿਬਿ/ ਦੇਖਿਮਿ	ਦੇਖਿਬੰ/ ਦੇਖਿਬਾ
ਮੱਧਮ	: ਦੇਖੁ	ਦੇਖ	ਦੇਖਿਲੁ	ਦੇਖਿਲ	ਦੇਖਿਬੁ	ਦੇਖਿਬ
ਅੱਨ	: ਦੇਖੇ/ਦੇਖਈ	ਦੇਖੰਤਿ	ਦੇਖਿਲਾ	ਦੇਖਿਲੇ	ਦੇਖਿਬ	ਦੇਖਿਬ

ਸਹਾਇਕ ਕ੍ਰਿਦੰਤ :

present definite : ਦੇਖੁ ਅਛਿ imperfect : ਦੇਖੁਥਿਲਿ

	(ਮੈਂ ਵੇਖ ਰਿਹਾ ਹਾਂ)		(ਮੈਂ ਵੇਖ ਰਿਹਾ ਸੀ)
habitual imperfect :	ਦੇਖਥਾਏ	future conditioned :	ਦੇਖੁਥਿਲਿ
	(ਮੈਂ ਦੇਖਿਆ ਕਰਦਾ ਸੀ)		(ਮੈਂ ਵੇਖ ਰਿਹਾ ਹੋਵਾਂਗਾ)
imperfect :	ਦੇਖਿ ਅਛਿ	pluperfect :	ਦੇਖਿਥਿਲਿ
	(ਮੈਂ ਵੇਖ ਲਿਆ ਹੈ)		(ਮੈਂ ਵੇਖ ਲਿਆ ਸੀ)

ਉੜੀਆ ਸਾਹਿੱਤ

ਉੜੀਆ ਵਿਚ ਅੱਛਾ ਖ਼ਾਸਾ ਸਾਹਿੱਤ ਉਪਲਬਧ ਹੈ। ਆਦਿ ਕਾਲ ਤੋਂ ਲੈ ਕੇ ਆਧੁਨਿਕ ਯੁਗ ਤਕ ਉੜੀਆ ਸਾਹਿਤ ਦੀ ਧਾਰਾ ਪ੍ਰਵਾਹਿਤ ਹੁੰਦੀ ਹੈ। ਆਦਿ ਯੁਗ ਵਿਚ "ਬੌਧਗਾਨ ਔਂ ਦੋਹਾ" ਨੂੰ ਉੜੀਆ ਦਾ ਪਹਿਲਾ ਸਾਹਿੱਤ ਮੰਨਿਆ ਜਾਂਦਾ ਹੈ। ਸਾਰਲਾ ਦਾਸ ਉੜੀਆ ਦਾ ਪਹਿਲਾ ਕੌਮੀ ਕਵੀ ਹੈ ਜਿਸਨੇ ਵਿਲੰਕਾ ਰਾਮਾਯਣ, ਮਹਾਭਾਰਤ, ਚੰਡੀਪੁਰਾਣ ਤਿੰਨ ਕ੍ਰਿਤੀਆਂ ਦੀ ਰਚਨਾ ਕੀਤੀ। ਧਾਰਮਿਕ ਸਾਹਿੱਤ ਦੇ ਨਾਲ ਰੀਤੀ ਕਾਵਿ ਵੀ ਰਚਿਆ ਗਿਆ। ਉਪੇਂਦ੍ਰਭੰਜ ਰੋਮਾਂਟਿਕ ਰੀਤੀ-ਕਾਵਿ ਦੇ ਪ੍ਰਤਿਨਿਧ ਕਵੀ ਸਨ। ਆਧੁਨਿਕ ਯੁਗ ਵਿਚ ਰਾਧਾ ਨਾਥ ਰਾਯ, ਉਪਨਿਆਸਕਾਰ ਗੋਪੀਨਾਥ ਮਹਾਂਤਿ ਆਦਿ ਪ੍ਰਤਿਸ਼ਠਿਤ ਸਾਹਿਤਕਾਰ ਹਨ।

ਲਿਪੀ : ਉੜੀਆ ਦੀ ਆਪਣੀ ਲਿਪੀ ਹੈ ਜਿਸਨੂੰ ਪੜ੍ਹਨਾ ਕਾਫ਼ੀ ਦੁਸ਼ਵਾਰ ਹੁੰਦਾ ਹੈ। ਉਂ ਇਹ ਬ੍ਰਾਹਮੀ ਲਿਪੀ ਤੋਂ ਵਿਕਸਿਤ ਹੋਈ ਹੈ। ਇਸ ਲਿਪੀ ਦੇ ਅੱਖਰ ਵਲੇਂਵੇ-ਦਾਰ, ਵਿੰਗੇ ਤੇ ਵਕ੍ਰਾਕਾਰ ਵਾਲੇ ਹੁੰਦੇ ਹਨ। ਅਣਜਾਣ ਪਾਠਕ ਲਈ ਇਹ ਅੱਖਰ ਮੋੜਦਾਰ ਲਕੀਰਾਂ ਹੀ ਪ੍ਰਤੀਤ ਹੁੰਦੀਆਂ ਹਨ (At first sight an Oriya book seems to be all curves)

ਡਾ. ਚੈਟਰਜੀ ਦੇ ਅਨੁਸਾਰ, ਉੜੀਆ ਬਾਕੀ ਸਾਰੀਆਂ ਮਾਗਧੀ ਉਤਪੰਨ ਆਧੁਨਿਕ ਆਰੀਆ ਭਾਸ਼ਾਵਾਂ (ਬਿਹਾਰੀ, ਬੰਗਾਲੀ, ਅਸਾਮੀ) ਵਿਚੋਂ ਸਭ ਤੋਂ ਵੱਧ ਪੁਰਾਤਨਵਾਦੀ (conservative) ਭਾਸ਼ਾ ਹੈ ਅਤੇ ਇਸ ਤੋਂ ਵਿਪਰੀਤ ਬੰਗਾਲੀ ਸਭ ਤੋਂ ਵੱਧ ਪ੍ਰਗਤੀਸ਼ੀਲ ਹੈ।* ਜਾਨ ਬੀਮਜ਼ ਨੇ ਉੜੀਆ ਤੇ ਬੰਗਾਲੀ ਨੂੰ ਉਨ੍ਹਾਂ ਬਾਲਗ ਬੱਚਿਆਂ ਨਾਲ ਉਪਮਾਇਆ ਹੈ ਜਿਹੜੇ ਮਾਂ ਦੀ ਛਾਤੀ ਚੁੰਘਣ ਲਈ ਮੁੜ ਮੁੜ ਚਿੰਬੜੇ ਰਹਿੰਦੇ ਹਨ ਜਦ ਕਿ ਆਪਣੇ ਆਪ ਸ੍ਵੈ-ਨਿਰਭਰ ਹੋਣ ਲਈ ਉਨ੍ਹਾਂ ਨੂੰ ਕਿਸੇ ਹੋਰ ਭੋਜਨ-ਸਾਮਗ੍ਰੀ ਦੀ ਸਹਾਇਤਾ ਲੈਣੀ ਚਾਹੀਦੀ ਹੈ।**

ਹਵਾਲੇ ਤੇ ਪਾਦ-ਟਿੱਪਣੀਆਂ

ਸਰੋਤ (Source) :

1. Colin P. Masica [1991] *The Indo-Aryan Languages*, Cambridge.
2. S.K. Chatterji [1926] *The origin and Development of Bengali Language*, Calcutta.

* Oriya is the most conservative of Magadhan languages, and Bengali is the most advanced or farthest removed." S.K. Chatterjee, O. D. B.L. Vol. I, p. 96).

** Bengali and Oriya are like overgrown children always returning to suck the mother's breast when they ought to be supporting themselves on other food.

John Beams, *A Comparative Grammar of the Modern Aryan Languages of India*, second reprint, 1970, p. 53.

3. G. Grierson [1925] *Linguistic Survey of India*. Part I Volume I.
4. John Beams [1970] *A Comparative Grammar of the Modern Aryan Languages*, second reprint.
5. कृष्ण चन्द्र जैतली [1957] सिन्धी भाषा का संक्षिप्त परिचय।
6. U.A. Smirnov [1975] *The Lahndi Language*, Moscow.
7. ਅਮਰਜੀਤ ਸਿੰਘ (Ed.) ਪੰਜਾਬੀ ਦਾ ਭਾਸ਼ਾ-ਸੰਸਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (1979)
8. Shridhar Prasad [1986] *A Descriptive Grammar of SALANI* (Garhwali), Punjabi, University, Patiala, Thesis.
9. सप्त-सिन्धु (उपभाषा अंक) भाषा विभाग, पंजाब, पटियाला.
10. V. B. Arun [1961] *A Comparative Phonology of Hindi & Punjabi*, Ludhiana.
11. ਹਾਫਜ਼ ਮਹਮੂਦ ਸ਼ੀਰਾਨੀ ਪੰਜਾਬ ਮੇਂ ਉਰਦੂ, ਲਾਹੌਰ।
12. U.N. Tiwari [1960] *Origin & Development of Bhojpuri*, Allahabad.

ਖੰਡ : ਸੱਤ

ਪੰਜਾਬੀ ਭਾਸ਼ਾ ਦਾ ਜਣਨਿਕ ਸਰੋਤ

(Genetic Source of Punjabi Language)

ਅਧਿਆਏ 7 : 1

ਜੈਨੇਟਿਕ/ਜਣਨਿਕ ਸਰੋਤ-ਸਥਾਪਨਾ ਦੇ ਵਿਭਿੰਨ ਮਾਡਲ

ਅਧਿਆਏ 7 : 2

ਆਧੁਨਿਕ ਭਾਰਤੀ ਆਰੀਆ-ਭਾਸ਼ਾਵਾਂ ਦੇ ਜਨਮ-ਸਰੋਤ (ਗ੍ਰੀਅਰਸਨ ਦਾ ਪੰਜਾਬੀ ਬਾਰੇ ਦੁਫਾੜ-ਸਿੱਧਾਂਤ)

ਅਧਿਆਏ 7 : 3

ਹਰਦੇਵ ਬਾਹਰੀ ਦੁਆਰਾ ਗ੍ਰੀਅਰਸਨ ਦੇ ਦੁਫਾੜਵਾਦ ਦਾ ਖੰਡਨ

ਅਧਿਆਏ 7 : 4

ਗ੍ਰੀਅਰਸਨ ਦਾ ਪੈਸ਼ਾਚੀਵਾਦ

ਅਧਿਆਏ 7 : 5

ਗ੍ਰੀਅਰਸਨ ਦਾ ਸ਼ੌਰਸੇਨੀਵਾਦ

ਅਧਿਆਏ 7 : 6

ਪੰਜਾਬੀ ਦੀਆ ਪ੍ਰਾਕ੍ਰਿਤਾਂ : ਕੈਕੇਈ ਪ੍ਰਾਕ੍ਰਿਤ (ਅਪਭ੍ਰੰਸ਼) ਅਤੇ ਪੰਜਾਬੀ

ਅਧਿਆਏ 7 : 7

ਪੰਜਾਬ ਦੀਆਂ ਪ੍ਰਾਕ੍ਰਿਤਾਂ : ਟੱਕ ਪ੍ਰਾਕ੍ਰਿਤ (ਅਪਭ੍ਰੰਸ਼) ਅਤੇ ਪੰਜਾਬੀ

ਅਧਿਆਏ 7 : 8

ਪੰਜਾਬੀ ਦੀਆਂ ਅਣਗੌਲੀਆ ਲਘੂ ਪ੍ਰਾਕ੍ਰਿਤਾਂ : ਮਦ੍ਰ, ਬਾਹਲੀਕੀ, ਉਪਨਾਗਰ

ਅਧਿਆਏ 7 : 9

ਪੰਜਾਬੀ ਭਾਸ਼ਾ ਦਾ ਪ੍ਰਜਨਨ-ਸਰੋਤ : ਪਾਕਿਸਤਾਨੀ ਨਜ਼ਰੀਆ

ਅਧਿਆਏ 7 · 1

ਜੈਨੇਟਿਕ ਸਰੋਤ-ਸਥਾਪਨਾ ਦੇ ਵਿਭਿੰਨ ਮਾਡਲ

ਪੰਜਾਬੀ ਭਾਸ਼ਾ ਦਾ ਪੂਰਾ ਇਤਿਹਾਸ (pre-history of Punjabi)

ਪੰਜਾਬੀ ਭਾਸ਼ਾ ਦੇ ਜਣਨਿਕ ਸਰੋਤ ਦੀ ਪਛਾਣ-ਸਥਾਪਨਾ ਦੇ ਸੰਦਰਭ ਵਿਚ ਅਸੀਂ ਪਿਛਲੇ ਅਧਿਆਵਾਂ ਵਿਚ ਪ੍ਰਾਚੀਨ, ਮੱਧਕਾਲੀਨ ਤੇ ਸਮਕਾਲੀਨ ਭਾਰਤੀ-ਆਰੀਆ ਭਾਸ਼ਾਵਾਂ ਦੀਆਂ ਅਵਸਥਾਵਾਂ ਤੇ ਉਪ-ਅਵਸਥਾਵਾਂ (sub-stages) ਨਾਲ ਆਧੁਨਿਕ ਪੰਜਾਬੀ ਭਾਸ਼ਾ ਦਾ ਇਤਿਹਾਸਿਕ/ਡਾਇਆਕ੍ਰੋਨਿਕ ਮਾਡਲ ਤੇ ਆਧਾਰਿਤ ਤੁਲਨਾਤਮਕ ਤੇ ਟਾਕਰਾਤਮਕ (contrastive = ਵਿਤਰੇਕੀ) ਪਹੁੰਚ-ਵਿਧੀ ਦੁਆਰਾ ਅਧਿਐਨ ਤੇ ਵਿਸ਼ਲੇਸ਼ਣ ਸਵਿਸਥਾਰ ਪੇਸ਼ ਕੀਤਾ ਹੈ । ਇਸ ਅਧਿਐਨ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਦੂਰਵਰਤੀ ਪੂਰਾ-ਭਾਸ਼ਾਵਾਂ (ਵੈਦਿਕ, ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼) ਦੀਆਂ ਭਾਸ਼ਾਤਮਕ ਬਣਤਰਾਂ/ਸੰਰਚਨਾਤਮਕ ਤੱਤਾਂ ਵਿਚ ਅਤੇ ਕੋਸ਼ੀਮਦਾਂ ਤੇ ਵਿਆਕਰਣਿਕ ਮਦਾਂ ਵਿਚ ਪੰਜਾਬੀ ਦੇ ਭਾਸ਼ਾਈ ਸਿਸਟਮ ਨਾਲ ਜੋ ਜੋ ਸਮਾਨਤਾਵਾਂ ਤੇ ਸਮਰੂਪਤਾਵਾਂ (similarities & correspondences) ਉਪਲਬਧ ਹੁੰਦੀਆਂ ਹਨ ਉਨ੍ਹਾਂ ਵਿਚ ਪੰਜਾਬੀ ਭਾਸ਼ਾ ਦੇ ਬੀਜ-ਰੂਪ ਅਣੂ ਤੇ ਜੀਵਾਣੂ ਸਮਾਏ ਹੋਏ ਦ੍ਰਿਸ਼ਟੀਗੋਚਰ ਹੁੰਦੇ ਹਨ । ਇਹ ਠੀਕ ਹੈ ਕਿ ਪੰਜਾਬੀ ਦਾ ਦਸਤਾਵੇਜ਼ੀ ਇਤਿਹਾਸ 900-1000 ਈਸਵੀ ਤੋਂ ਹੀ ਮਿਲਣਾ ਸ਼ੁਰੂ ਹੁੰਦਾ ਹੈ ਲੇਕਿਨ ਪੰਜਾਬੀ ਦੇ ਪੂਰਾ-ਇਤਿਹਾਸ (pre-history) ਦੀ, ਇਸ ਤੋਂ ਪਹਿਲਾ ਸਿੰਘਾਵਲੋਕਨ ਰੀਤ ਦੁਆਰਾ, ਵੈਦਿਕ ਭਾਸ਼ਾ ਦੇ ਯੁਗ ਤਕ, ਮੁੜ-ਸਿਰਜਨਾ (reconstruction) ਕਰ ਸਕਦੇ ਹਾਂ । ਪਰੰਤੂ ਜਿਵੇਂ-ਜਿਵੇਂ ਅਸੀਂ ਪਿਛਲੇ ਬੀਤੇ ਸਮੇਂ ਵੱਲ ਹੋਰ ਦੂਰ ਤੁਰੇ ਜਾਂਦੇ ਹਾਂ, ਤਿਉਂ ਤਿਉਂ ਪੰਜਾਬੀ ਭਾਸ਼ਾ ਦਾ ਸਰੂਪ-ਨਿਖਾਰ ਘਟਦਾ ਤੁਰਿਆ ਜਾਂਦਾ ਹੈ । ਫਿਰ ਵੀ ਪੰਜਾਬੀ ਭਾਸ਼ਾ ਦਾ ਪੂਰਾ-ਇਤਿਹਾਸ ਜਣਨਿਕ ਆਧਾਰ ਮੁਹਈਆ ਕਰਨ ਦੀ ਦਿਸ਼ਾ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ ।

ਪੰਜਾਬੀ ਦੇ ਪੂਰਾ-ਇਤਿਹਾਸਿਕ ਅਧਿਐਨ ਤੋਂ ਕਮਾਲ ਦੀ ਇਹ ਗੱਲ ਝਲਕਦੀ ਹੈ ਕਿ ਉਪਰੋਕਤ ਭਾਰਤੀ-ਆਰੀਆ-ਪੂਰਾ-ਭਾਸ਼ਾਵਾਂ ਦੇ ਅਰਥਾਤਮਕ ਤੱਤਾਂ/ਅਰਥੀਮਾਂ (lexems) ਅਤੇ ਆਧੁਨਿਕ ਭਾ.ਆ. ਭਾਸ਼ਾਵਾਂ ਦੇ ਅਰਥੀਮਾਂ ਵਿਚ (ਸਣੇ ਪੰਜਾਬੀ ਅਰਥੀਮਾਂ ਦੇ) ਬਹੁਤ ਹੀ ਸੰਘਣੀ ਆਪਸੀ ਸਾਂਝ ਸਥਾਪਿਤ ਹੁੰਦੀ ਹੈ, ਚਾਹੇ ਉਨ੍ਹਾਂ ਪ੍ਰਾਚੀਨ ਭਾਸ਼ਾਵਾਂ ਦੇ ਅਰਥੀਮਾਂ ਦੇ ਵਿਰਾਸਤੀ ਰੂਪਾਂ ਵਿਚ, ਵੱਖ ਵੱਖ ਇਲਾਕਿਆਂ ਦੇ ਅਨੁਸਾਰ ਧੁਨੀਆਤਮਕ ਪੱਧਰ ਤੇ ਵੱਖ ਵੱਖ ਪਰਿਵਰਤਨ ਤੇ ਰੂਪਾਂਤਰਣ ਵਾਪਰੇ ਹਨ । ਪੰਜਾਬੀ ਦੇ ਬੁਨਿਆਦੀ ਅਰਥੀਮਕ ਭੰਡਾਰ (basic lexical elements) ਬਾਰੇ ਵੀ ਇਹੋ ਸਿੱਧਾਂਤ-ਸਥਾਪਨਾ ਲਾਗੂ ਹੁੰਦੀ ਹੈ । ਪਰੰਤੂ ਅਰਥੀਮਕ ਸ਼ਬਦ-ਰਾਸ਼ੀ ਨੂੰ ਛੱਡ ਕੇ ਆਧੁਨਿਕ ਭਾ.ਆ. ਭਾਸ਼ਾਵਾਂ ਵਿਚ

ਜਿਹੜੇ ਗੈਰ-ਅਰਥੀਮਕ ਅੰਸ਼ (non-lexical elements– ਜਿਵੇਂ function words, ਸਹਾਇਕ ਕ੍ਰਿਆਵਾਂ, ਸੰਬੰਧਕ, ਪਿਛੇਤਰ ਆਦਿ) ਹਨ, ਉਨ੍ਹਾਂ ਵਿਚ ਨਿਸਚੇ ਹੀ ਢੇਰ ਤਬਦੀਲੀਆਂ ਵਾਪਰੀਆਂ ਹਨ ਅਤੇ ਕਈ ਵਾਰ ਇਨ੍ਹਾਂ ਤਬਦੀਲੀਆਂ ਦੇ ਸਦਕਾ ਪ੍ਰਾਚੀਨ ਭਾ. ਆਰੀਆ ਭਾਸ਼ਾਵਾਂ ਅਤੇ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਆਪਸੀ ਵਿਰਾਸਤੀ ਸੰਬੰਧ ਬੇਪਛਾਣ ਹੋ ਨਿਬੜਦੇ ਹਨ।

ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਪੂਰਾ-ਇਤਿਹਾਸ ਅਤੇ ਇਸ ਦੇ ਸੰਰਚਨਾਤਮਕ ਅਧਿਐਨ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਪੰਜਾਬੀ ਆਪਣੀਆਂ ਪੂਰਾ-ਪੂਰਬਲੀਆਂ ਪ੍ਰਾਚੀਨ ਤੇ ਮੱਧਕਾਲੀਨ ਭਾ.ਆ. ਭਾਸ਼ਾਵਾਂ ਦੇ ਪੂਰਵ-ਰੂਪਾਂ (proto-forms) ਅੰਦਰ ਬੀਜ-ਰੂਪ ਦੀ ਸ਼ਕਲ ਵਿਚ ਹਾਜ਼ਰ ਹੁੰਦੀ ਹੋਈ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਲਈ ਵੈਦਿਕ ਭਾਸ਼ਾ (ਸਮੇਤ ਕਲੈਸੀਕਲ ਸੰਸਕ੍ਰਿਤ), ਪ੍ਰਾਕ੍ਰਿਤਾਂ, ਤੇ ਅਪਭ੍ਰੰਸ਼ਾਂ ਦੀ ਕਿਸੇ ਨਾ ਕਿਸੇ ਭਾਸ਼ਕ ਧਾਰਾ ਵਿਚ ਪੰਜਾਬੀ ਦੀਆਂ ਜੜ੍ਹਾਂ ਡੂੰਘੀਆਂ ਉਤਰੀਆਂ ਹਨ ਜਿਵੇਂ ਕਿ ਪਿਛਲੇ ਅਧਿਆਵਾਂ ਵਿਚ ਡਾਇਆਕ੍ਰੌਨਿਕ/ਤੁਲਨਾਤਮਕ ਮਾਨਦੰਡਾਂ ਦੇ ਆਧਾਰ 'ਤੇ ਪੰਜਾਬੀ ਅਤੇ ਪੂਰਬਲੀਆਂ ਭਾਸ਼ਾਵਾਂ ਦੇ ਸਹਿ-ਸੰਬੰਧਾਂ ਦੀ ਚਰਚਾ ਦੇ ਸਿੱਟੇ ਵਜੋਂ ਇਹ ਤੱਥ ਉਜਾਗਰ ਹੋਏ ਹਨ।

ਹੁਣ ਅਸੀਂ ਪੰਜਾਬੀ ਭਾਸ਼ਾ ਦੇ ਪੂਰਾ-ਇਤਿਹਾਸ ਤੋਂ ਅਗੇ ਪੰਜਾਬੀ ਦੇ ਜਨਮ ਤੇ ਉਦੈ ਦੀ ਪ੍ਰਕਿਰਿਆ ਵਿਚ ਕਾਰਜਸ਼ੀਲ ਪ੍ਰਜਨਨ-ਸਰੋਤਾਂ ਦੀ ਪਛਾਣ ਕਰਨ ਦੇ ਉਦੇਸ਼ ਨਾਲ ਅਗਲਾ ਅਧਿਐਨ ਜਾਰੀ ਰਖਾਂਗੇ ਜਿਨ੍ਹਾਂ ਦੀ ਬਦੌਲਤ ਪੰਜਾਬੀ ਭਾਸ਼ਾ ਦਾ ਉਦੈ ਸੰਭਵ ਹੋਇਆ ਹੈ।

ਸਿਧਾਂਤਕ ਪਹੁੰਚ-ਵਿਧੀਆਂ

ਕਿਸੇ ਭਾਸ਼ਾ ਦੇ ਜਣਨਿਕ ਸਰੋਤਾਂ ਦੀ ਪਛਾਣ ਤੇ ਅਧਿਐਨ ਕਰਨ ਲਈ ਬੁਨਿਆਦੀ ਤੌਰ ਤੇ ਦੋ ਹੀ ਪਹੁੰਚ-ਵਿਧੀਆਂ (approaches) ਸਵੀਕਾਰ ਕੀਤੀਆਂ ਜਾਂਦੀਆਂ ਹਨ–ਇਕ ਹੈ *ਸੰਰਚਨਾਤਮਕ ਪਹੁੰਚ-ਵਿਧੀ* (structural approach) ਅਤੇ ਦੂਜੀ ਹੈ *ਜੈਨੇਟਿਕ ਪਹੁੰਚ-ਵਿਧੀ* (genetic approach) ਇਹ ਦੋ ਹੀ ਆਧਾਰ-ਬਿੰਦੂ ਹਨ ਜਿਨ੍ਹਾਂ ਨੂੰ ਜਣਨਿਕ ਸਰੋਤਾਂ ਦੀ ਸਥਾਪਨਾ ਲਈ, ਡਾਇਆਕ੍ਰੌਨਿਕ ਭਾਸ਼ਾ-ਵਿਗਿਆਨੀ ਪ੍ਰਵਾਨ ਕਰਦੇ ਹਨ। ਸੰਰਚਨਾਤਮਕ ਸਿਸਟਮ ਅਜਿਹਾ ਆਧਾਰ-ਸੰਕਲਪ ਹੈ ਜਿਹੜਾ ਭਾਸ਼ਾਈ ਬਣਤਰੀ ਲੱਛਣਾਂ ਦੇ ਪਰਿਪੇਖ ਵਿਚ ਜਨਨੀ ਭਾਸ਼ਾ ਅਤੇ ਵੰਸ਼ਜ ਜਾਈ ਭਾਸ਼ਾ ਦੇ ਜੈਨੇਟਿਕ ਸਹਿ-ਸੰਬੰਧਾਂ/ਅੰਤਰ-ਸੰਬੰਧਾਂ ਦੀ ਸਥਾਪਨਾ ਲਈ ਕ੍ਰਿਆਸ਼ੀਲ ਹੁੰਦਾ ਹੈ। ਸੰਰਚਨਾਤਮਕ ਸਿਸਟਮ ਉਨ੍ਹਾਂ ਹੀ ਭਾਸ਼ਾਵਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਨ ਲਈ ਜਤਨਸ਼ੀਲ ਹੁੰਦਾ ਹੈ ਜਿਨ੍ਹਾਂ ਭਾਸ਼ਾਵਾਂ ਵਿਚ ਫੋਨਾਲੋਜੀ ਦਾ ਸਿਸਟਮ, ਸ਼ਬਦ-ਰਚਨਾ ਦੇ ਨੇਮ ਤੇ ਪੈਟਰਨ ਅਤੇ ਵਾਕਾਤਮਕ ਸ਼ਬਦ-ਕ੍ਰਮ ਆਦਿ ਸਾਂਝੇ ਮਿਲਦੇ ਹਨ। Theodora Bynon [1977 : 262] ਇਸ ਸੰਰਚਨਾਤਮਕ/ਬਣਤਰੀ ਸਿਸਟਮ ਦੀ ਵਿਆਖਿਆ "ਸੰਰਚਨਾ ਦਾ ਸਮਰੂਪਵਾਦ" (isomorphism of structure) ਨੂੰ ਮੰਨਦੀ ਹੈ ਅਰਥਾਤ ਵੱਖ ਵੱਖ ਵੰਸ਼ਜ ਭਾਸ਼ਾਵਾਂ ਦੇ ਦਰਮਿਆਨ ਸੰਰਚਨਾਤਮਕ ਸਾਂਝਾਂ ਅਤੇ ਸਮਰੂਪਤਾਵਾਂ ਦਾ ਸਿਧਾਂਤਕ ਆਧਾਰ ਹੀ "ਸਮਰੂਪਵਾਦ" ਹੈ।

ਦੂਜੀ ਪਹੁੰਚ-ਵਿਧੀ ਜੈਨੇਟਿਕ ਹੈ। ਜੈਨੇਟਿਕ ਜਾਂ ਜਣਨਿਕ ਪਹੁੰਚ-ਵਿਧੀ ਖੋਜ-ਅਧੀਨ ਭਾਸ਼ਾ ਦੇ ਪੂਰਾ-ਇਤਿਹਾਸ (pre-history) ਦਾ ਵਰਣਨ ਕਰ ਕੇ ਉਸ ਦੀ ਸਰੋਤ-ਭਾਸ਼ਾ ਦੀ ਪਛਾਣ ਕਰਨ ਲਈ ਜਤਨਸ਼ੀਲ ਹੁੰਦੀ ਹੈ। ਇਸ ਦੀ ਸਭ ਤੋਂ ਪ੍ਰਮੁਖ ਵਿਧੀ

ਤੁਲਨਾਤਮਕ ਤੇ ਟਾਕਰਾਤਮਕ (comparative, contrastive) ਹੈ ਜੋ ਵਿਭਿੰਨ ਸਾਂਝਾ, ਤੁੱਲਤਾਵਾਂ ਦੇ ਜ਼ੇਰੇ-ਨਜ਼ਰ ਮੂਲ ਭਾਸ਼ਾ ਦੀਆ ਸੰਰਚਨਾਵਾਂ ਨੂੰ ਮੁੜ-ਉਸਾਰ ਕੇ ਪ੍ਰਮਾਣਿਤ ਕਰਦੀ ਹੈ। ਕਈਆ ਪੂਰਵ-ਭਾਸ਼ਾਵਾਂ (proto-languages) ਦੇ ਲਿਖਤੀ ਟੈਕਸਟ (ਪਾਠ) ਉਪਲਬਧ ਨਹੀਂ ਹੁੰਦੇ, ਇਸ ਲਈ ਬਹੁਤ ਸਾਰੀਆਂ ਪ੍ਰਾਚੀਨ ਭਾਸ਼ਾਵਾਂ ਦੇ ਇਤਿਹਾਸ ਅਤੇ ਸਟ੍ਰਕਚਰਲ ਰੂਪ ਦੀ ਮੁੜ-ਸਿਰਜਨਾ (reconstruction) ਕਰਨੀ ਪੈਂਦੀ ਹੈ ਅਤੇ ਇਸ ਦਿਸ਼ਾ ਵਿਚ ਤੁਲਨਾਤਮਕ ਭਾਸ਼ਾ ਵਿਗਿਆਨ ਹੀ ਯੋਗ ਅਗਵਾਈ ਕਰਨ ਵਿਚ ਸਫਲ ਹੋਇਆ ਹੈ।

ਜੈਨੇਟਿਕ ਪਹੁੰਚ-ਵਿਧੀ ਅਥਵਾ ਸਿਸਟਮ ਦੇ ਅਨੁਸਾਰ ਜਿਹੜੀ ਭਾਸ਼ਾ ਕਿਸੇ ਜੱਦੀ ਪੈਤ੍ਰਿਕ ਪ੍ਰਾਚੀਨ ਭਾਸ਼ਾ ਤੋਂ ਇਤਿਹਾਸਕ ਵਿਕਾਸ-ਧਾਰਾ ਵਿਚ ਵਿਕਸਿਤ ਹੋਈ ਹੈ, ਉਸ ਨੂੰ ਉਸ ਜੱਦੀ ਭਾਸ਼ਾ ਨਾਲ ਜਣਨਿਕ ਤੌਰ ਤੇ ਸਕੀ-ਸਹੋਦਰ (cognate) ਮੰਨਿਆ ਜਾ ਸਕਦਾ ਹੈ ਅਤੇ ਉਹੋ ਉਸ ਦੀ ਜੈਨੇਟਿਕ ਸਰੋਤ-ਭਾਸ਼ਾ ਵਜੋਂ ਪ੍ਰਵਾਨਤ ਹੋ ਸਕਦੀ ਹੈ। ਜੈਨੇਟਿਕ ਪਹੁੰਚ ਦੇ ਅੰਤਰਗਤ ਪੂਰਵ ਪ੍ਰਾਚੀਨ ਭਾਸ਼ਾ ਅਤੇ ਆਧੁਨਿਕ ਸਮਕਾਲੀ ਭਾਸ਼ਾ ਦੇ ਅੰਤਰ-ਸੰਬੰਧਾਂ ਨੂੰ ਜੋੜਨ ਲਈ ਇਤਿਹਾਸਿਕ/ਕਾਲਕ੍ਰਮਿਕ ਭਾਸ਼ਾ ਵਿਗਿਆਨ ਵਿਚ ਤਿੰਨ ਕਿਸਮ ਦੇ ਮਾਡਲ ਸਵੀਕਾਰ ਕੀਤੇ ਗਏ ਹਨ। ਉਹ ਹਨ : (1) *ਫੈਮਲੀ ਮਾਡਲ* (2) *ਵੰਸ਼-ਬ੍ਰਿਛ ਮਾਡਲ*, ਅਤੇ (3) *ਲਹਿਰ ਸਿੱਧਾਂਤ ਮਾਡਲ*।

ਵਿਭਿੰਨ ਮਾਡਲ : ਫੈਮਲੀ ਮਾਡਲ

ਜੀਵ-ਵਿਗਿਆਨ (biology) ਦੀ ਚਿੱਨ੍ਹਕਾਰੀ-ਪਰੰਪਰਾ ਦੀ ਅਨੁਸਾਰਤਾ ਵਿਚ ਭਾਸ਼ਾ-ਚਿੰਤਨ ਦੇ ਖੇਤਰ ਵਿਚ ਫੈਮਲੀ ਜਾ *ਪਰਿਵਾਰ* ਦਾ ਮਾਡਲ ਇਕ ਮੈਟਾਫਰ (ਰੂਪਕ) ਦੀ ਸ਼ਕਲ ਵਿਚ ਚਾਲੂ ਹੋਇਆ ਹੈ। ਇਸ ਮੈਟਾਫਰ ਦੇ ਅਨੁਸਾਰ ਭਾਸ਼ਾ ਇਕ ਜੀਵੰਤ ਹੋਂਦ (organism) ਹੈ। ਇਸ ਮਾਨਤਾ ਕਰਕੇ ਭਾਸ਼ਾ ਦਾ ਇਕ ਫੈਮਲੀ ਦੀ ਤਰ੍ਹਾਂ ਵਿਕਾਸ ਹੁੰਦਾ ਹੈ। ਭਾਸ਼ਾ ਦੇ ਸੰਦਰਭ ਵਿਚ ਫੈਮਲੀ ਦਾ ਮੈਟਾਫਰ ਇਕ ਮਾਡਲ ਵਜੋਂ ਕਾਰਜਸ਼ੀਲ ਹੁੰਦਾ ਹੈ। ਮਾਡਲ ਦਾ ਸੰਕਲਪ ਆਮ ਨਿਚੋੜ ਤੋਂ ਸਾਰਾਂਸ਼ ਪੇਸ਼ ਕਰਨ ਲਈ ਇਕ ਸੁਖੈਨ ਤੇ ਸਚਿਤਰ ਮਾਧਿਅਮ ਵਜੋਂ ਸਥਾਪਿਤ ਹੁੰਦਾ ਹੈ। ਇਸ ਲਈ ਇਤਿਹਾਸਿਕ ਭਾਸ਼ਾਗਤ ਵਿਕਾਸ ਵਿਚ ਪਹਿਲਾ ਤੇ ਪ੍ਰਾਥਮਿਕ ਮਾਡਲ ਫੈਮਲੀ (ਪਰਿਵਾਰ) ਨੂੰ ਹੀ ਮੰਨਿਆ ਜਾਂਦਾ ਰਿਹਾ ਹੈ। ਪਰਿਵਾਰ ਦੇ ਸੰਕਲਪ ਵਿਚ ਜਿਹੜੀ ਰਿਸ਼ਤੇਦਾਰੀ ਤੇ ਨਾਤੇਦਾਰੀ ਜੁੜੀ ਹੋਈ ਹੈ ਉਸ ਦੀ ਰੀਸ ਤੇ ਵਿਰਾਸਤ, ਮਾਤ੍ਰੀ ਭਾਸ਼ਾ, ਸਿਸਟਰ/ਸਕੀ ਭਾਸ਼ਾ, ਸੰਤਾਨ-ਭਾਸ਼ਾ ਆਦਿ ਪਰਿਵਾਰਿਕ ਸ਼ਬਦਾਵਲੀ ਵਰਤੀ ਜਾਂਦੀ ਹੈ। ਇਸ ਫੈਮਲੀ ਮਾਡਲ ਵਿਚ cognate, related ਆਦਿ ਰਿਸ਼ਤੇਵਾਚਕ ਸ਼ਬਦਾਂ ਦੀ ਵੀ ਵਰਤੋਂ ਹੁੰਦੀ ਰਹੀ ਹੈ। ਇਸ ਤਰ੍ਹਾਂ *ਫੈਮਲੀ ਮਾਡਲ* ਵੱਖ ਵੱਖ ਭਾਸ਼ਾਵਾਂ ਦੇ ਅੰਤਰ-ਸੰਬੰਧਾ ਦੀ ਸੂਚਨਾ ਪ੍ਰਾਪਤ ਕਰਨ ਲਈ ਇਕ ਲਾਭਦਾਇਕ ਵਿਧੀ ਸਵੀਕਾਰੀ ਜਾਂਦੀ ਰਹੀ ਹੈ। ਲੇਕਿਨ ਸਮੱਸਿਆ ਇਹ ਹੈ ਕਿ ਵੰਸ਼ਜ ਅਤੇ ਸਕੀਆਂ ਭਾਸ਼ਾਵਾਂ ਦਾ ਇਕੋ ਸਰੋਤ-ਭਾਸ਼ਾ ਤੋਂ ਵਿਕਾਸ ਫੈਮਲੀ ਦੀ ਸੰਤਾਨ ਦੀ ਤਰ੍ਹਾਂ ਨਹੀਂ ਵਿਚਰਦਾ, ਕਿਉਂਕਿ ਕਈ ਪੁਰਾਤਨ ਵਡੇਰੀਆਂ ਭਾਸ਼ਾਵਾਂ ਬ੍ਰਿਧ/ਪ੍ਰਾਚੀਨ ਹੋਣ ਦੇ ਬਾਵਜੂਦ ਮ੍ਰਿਤੂ-ਗ੍ਰਸਤ ਨਹੀਂ ਹੁੰਦੀਆਂ ਜਿਵੇਂ ਕਿ ਮਾਨਵੀ ਪਰਿਵਾਰਾਂ ਵਿਚ ਮੌਤ ਦੀ ਘਟਨਾ ਅਵੱਸ਼ ਵਾਪਰਦੀ ਹੈ। ਇਸ ਲਈ ਫੈਮਲੀ ਮਾਡਲ ਦੇ ਪ੍ਰਤਿ ਉਨ੍ਹੀਵੀਂ ਸਦੀ ਦੇ ਅੰਤਿਮ ਚਰਣ ਵਿਚ ਸ਼ੰਕਾਵਾਂ ਪੈਦਾ ਹੋਣ ਲਗੀਆ, ਅਤੇ ਫਲਸਰੂਪ ਨਵੇਂ ਮਾਡਲ ਦਾ

ਆਵਿਸ਼ਕਾਰ ਹੋਇਆ ਜਿਸਨੂੰ *ਵੰਸ਼-ਬ੍ਰਿਛ ਮਾਡਲ* (family tree model) ਕਿਹਾ ਜਾਂਦਾ ਹੈ।

ਵੰਸ਼ ਬ੍ਰਿਛ ਮਾਡਲ (family tree model)

ਡਾਰਵਿਨ ਦੇ ਵਿਕਾਸਵਾਦੀ ਸਿੱਧਾਂਤ ਤੋਂ ਪ੍ਰਭਾਵਿਤ ਹੋ ਕੇ ਜੀਵ-ਤੇ-ਭਾਸ਼ਾ-ਵਿਗਿਆਨੀ August Schleicher ਨੇ ਵੰਸ਼-ਬ੍ਰਿਛ ਮਾਡਲ ਦੀ ਧਾਰਣਾ ਪੇਸ਼ ਕੀਤੀ। ਉਸ ਨੇ ਬ੍ਰਿਛ ਤੇ ਉਸਦੀਆ ਬਾਂਚਾਂ ਦੀ ਤਰ੍ਹਾਂ ਮੂਲ-ਭਾਸ਼ਾ ਅਤੇ ਉਸ ਦੀਆਂ ਸ਼ਾਖ਼ਾਂ-ਪਤਸ਼ਾਖ਼ਾਂ ਵਿਚ ਰਿਸ਼ਤੇ ਤੇ ਸਾਂਝ ਦੀ ਕਲਪਨਾ ਕੀਤੀ। ਭਾਸ਼ਾਵਾ ਦਾ ਵਿਕਾਸ ਬ੍ਰਿਛ ਤੇ ਉਸ ਦੀਆਂ ਟਹਿਣੀਆਂ ਦੀ ਤਰ੍ਹਾਂ ਹੁੰਦਾ ਹੈ। ਬ੍ਰਿਛ ਦੇ ਮੈਟਾਫਰ ਵਾਂਗੂ ਅੱਜ ਭਾਸ਼ਾ-ਵਿਗਿਆਨੀ ਬ੍ਰਿਛਵਾਚੀ ਸੰਕੇਤਾਵਲੀ ਦਾ ਪ੍ਰਯੋਗ ਕਰਦੇ ਹਨ। ਪੰਜਾਬੀ, ਹਿੰਦੀ ਜ਼ੁਬਾਨਾਂ "ਪ੍ਰਾਕ੍ਰਿਤ" ਭਾਸ਼ਾ ਤੋਂ ਸ਼ਾਖਾ ਦੀ ਤਰ੍ਹਾਂ ਫੁੱਟੀਆਂ ਹਨ ਅਤੇ ਪ੍ਰਾਕ੍ਰਿਤ ਵੀ ਖ਼ੁਦ ਆਪ ਵੈਦਿਕ ਸੰਸਕ੍ਰਿਤ ਦੀ ਇਕ ਸ਼ਾਖਾ ਹੈ। ਇਸੇ ਤਰ੍ਹਾਂ ਅੰਗ੍ਰੇਜ਼ੀ ਬੋਲੀ ਮੂਲ-ਜਰਮੈਨਿਕ ਦੀ ਇਕ ਸ਼ਾਖਾ ਹੈ ਅਤੇ ਫੇਰ ਜਰਮੈਨਿਕ ਵੀ ਭਾਰੋਪੀ ਮੂਲ-ਭਾਸ਼ਾ (Indo-European) ਦੀ ਇਕ ਸ਼ਾਖ਼ਾ ਹੈ।

ਫੈਮਲੀ ਮਾਡਲ ਤੇ ਬ੍ਰਿਛ ਮਾਡਲ ਦੋਵੇਂ ਇਹ ਮੰਨ ਕੇ ਚਲਦੇ ਹਨ ਕਿ ਭਾਸ਼ਾ ਇਕ ਜੀਵੰਤ ਹੋਂਦ living entity ਹੈ। ਇਸ ਭਾਸ਼ਾ-ਰੂਪੀ ਜੀਵੰਤ ਹੋਂਦ ਨਾਲ ਭਾਸ਼ਾ-ਵਿਗਿਆਨੀ, ਇਕ ਜੀਵ-ਵਿਗਿਆਨੀ ਦੀ ਤਰ੍ਹਾਂ ਵਰਤਾਰਾ ਕਰਦੇ ਹਨ। ਪਰ ਭਾਸ਼ਾ ਦੀ ਸੁਤੰਤਰ ਹਸਤੀ ਨਹੀਂ ਹੈ, ਜਿਵੇਂ ਕਿ ਕਿਸੇ ਜੀਵ/ਪ੍ਰਾਣੀ ਦੀ ਹੁੰਦੀ ਹੈ। ਭਾਸ਼ਾ ਤਾਂ ਫੈਸ਼ਨ, ਖੇਡਾਂ, ਪਹਿਨ-ਪਹਿਰਾਵਾ, ਅਤੇ ਹੋਰ ਮਨੁੱਖੀ ਵਰਤਾਰੇ ਦੀ ਤਰ੍ਹਾਂ ਸਮਾਜਿਕ ਰੂੜ੍ਹੀਆਂ ਦਾ ਸੰਗ੍ਰਹਿ-ਮਾਤਰ ਹੁੰਦੀ ਹੈ। ਭਾਸ਼ਾ ਵਿਚ ਜੋ ਪਰਿਵਰਤਨ ਵਾਪਰਦੇ ਹਨ ਉਹ ਭਾਸ਼ਾ ਦੇ ਬੋਲਾਰਿਆਂ ਵਲੋਂ ਪੈਦਾ ਕੀਤੇ ਜਾਂਦੇ ਹਨ ਖ਼ੁਦ ਭਾਸ਼ਾ ਵਿਚ ਪਰਿਵਰਤਨ ਸਹਿਜ-ਸੁਭਾ ਨਹੀਂ ਵਿਚਰਦੇ। ਭਾਸ਼ਾ-ਵਿਗਿਆਨੀ ਇਸ ਧਾਰਣਾ 'ਤੇ ਚਿੰਤਤ ਹਨ। ਇਹ ਜ਼ਰੂਰੀ ਨਹੀਂ ਕਿ ਭਾਸ਼ਾ ਦਾ ਵਿਕਾਸ ਰੇਖਾਤਮਕ ਹੋਵੇ, ਸਥਿਤੀ ਇਸ ਤੋਂ ਉਲਟ ਵੀ ਹੋ ਸਕਦੀ ਹੈ। ਕਾਲਗਤ ਲੜੀਵਾਰ ਵਿਕਾਸ ਦੀ ਥਾਂ ਸਥਾਨਗਤ ਵਿਕਾਸ ਵੀ ਹੋ ਸਕਦਾ ਹੈ। ਵੰਸ਼-ਬ੍ਰਿਛ ਮਾਡਲ ਭਾਸ਼ਾ ਦੇ ਰੇਖਾਤਮਕ ਲੜੀਦਾਰ ਵਿਕਾਸ ਉਤੇ ਬਜ਼ਿਦ ਹੈ। ਅਜਿਹੀਆਂ ਊਣਤਾਈਆ ਦੇ ਮੱਦੇ-ਨਜ਼ਰ ਜਨਮਵਾਦੀ ਵਿਕਾਸਾਤਮਕ ਇਤਿਹਾਸ ਵਿਚ ਤੀਸਰੇ ਮਾਡਲ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੈ ਜੋ ਲਹਿਰ-ਸਿੱਧਾਂਤ ਮਾਡਲ ਕਰ ਕੇ ਜਾਣਿਆ ਜਾਂਦਾ ਹੈ।

ਲਹਿਰ ਸਿੱਧਾਂਤ ਮਾਡਲ (wave theory model)

ਲਹਿਰ ਸਿੱਧਾਂਤ ਨੂੰ 1872 ਵਿਚ Schmidt ਨੇਂ ਪੇਸ਼ ਕੀਤਾ ਸੀ। ਲਹਿਰ ਮਾਡਲ ਦੇ ਅਨੁਸਾਰ ਵੱਖ ਵੱਖ ਭਾਸ਼ਾਵਾ ਸੰਬੰਧਿਤ ਇਲਾਕੇ ਵਿਚ ਇਕੋ ਵੇਲੇ ਨਾਲੋਂ ਨਾਲ ਵਿਕਸਿਤ ਹੋ ਸਕਦੀਆ ਹਨ ਅਤੇ ਬੋਲੀਆਂ ਜਾ ਸਕਦੀਆਂ ਹਨ। ਅਜਿਹੀਆਂ ਭਾਸ਼ਾਵਾਂ ਇਕੋ ਕਾਲ-ਬਿੰਦੂ ਤੇ ਤਬਦੀਲੀਆਂ ਨਾਲ ਪ੍ਰਭਾਵਿਤ ਹੋ ਸਕਦੀਆਂ ਹਨ। ਇਹ ਭਾਸ਼ਾਗਤ ਤਬਦੀਲੀਆਂ ਸਰੋਵਰ ਦੀਆਂ ਲਹਿਰਾਂ ਵਾਂਗੂ ਇਕ-ਦੂਜੇ ਨਾਲ ਅੰਤਰ-ਕ੍ਰਿਆਵਾਂ ਕਰਦੀਆਂ ਹੋਈਆ ਫੈਲਦੀਆਂ ਹਨ ਅਤੇ ਭੂਗੋਲਿਕ ਹਦਬੰਦੀ ਵਿਚ ਸੀਮਤ ਨਹੀਂ ਹੁੰਦੀਆਂ। Hans Henrich Hock [1991 : 454] ਨੇ ਲਿਖਿਆ ਹੈ ਕਿ ਭਾਸ਼ਾਈ ਨਵੀਨੀਕਰਣ ਜਾ ਪਰਿਵਰਤਨ ਤਰੰਗਾਂ ਦੀ ਤਰ੍ਹਾਂ ਪਸਰਦਾ ਹੈ। ਮੂਲ ਪਾਠ ਏਥੇ ਉਧ੍ਰਿਤ ਕੀਤਾ ਜਾਂਦਾ ਹੈ

"Here the term 'wave' refers to the fact that linguistic innovations

spread like waves created by a stone thrown into a pond, from their point of origination to the periphery, slowly losing their momentum and intersecting with the waves created by other innovations." (*Principles of Historical, Linguistics* : 454).

ਇਸ ਤਰ੍ਹਾਂ ਇਤਿਹਾਸਿਕ ਪੱਧਰ 'ਤੇ ਭਾਸ਼ਾਗਤ ਪਰਿਵਰਤਨਾਂ ਦੇ ਅਧਿਐਨ ਦੀ ਦਿਸ਼ਾ ਵਿਚ ਫੈਮਲੀ-ਮਾਡਲ, ਵੰਸ਼-ਬ੍ਰਿਛ ਮਾਡਲ ਅਤੇ ਲਹਿਰ ਸਿੱਧਾਂਤ ਮਾਡਲ ਸਥਾਪਿਤ ਹੋਏ ਹਨ। ਏਥੇ ਇਹ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਇਹ ਤਿੰਨੋਂ ਇਕ ਦੂਜੇ ਦੇ ਅਨੁਪੂਰਕ complementary ਹਨ।

ਸਾਂਝ-ਕਸੌਟੀਆਂ

ਇਨ੍ਹਾਂ ਉਪਰੋਕਤ ਤਿੰਨੋਂ ਮਾਡਲਾਂ ਦੇ ਆਧਾਰ ਤੇ ਜੈਨੇਟਿਕ ਅਪ੍ਰੋਚ ਸਹਿ-ਸੰਬੰਧਿਤ ਭਾਸ਼ਾਵਾਂ ਦੇ ਅੰਤਰ-ਸੰਬੰਧਾਂ ਨੂੰ ਸਥਾਪਿਤ ਕਰਨ ਵੱਲ ਗਤੀਸ਼ੀਲ ਹੁੰਦੀ ਹੈ। ਇਸ ਸੰਦਰਭ ਵਿਚ Hans Hock [1991 : 557] ਦਾ ਕਥਨ ਵੀ ਉਲੇਖਯੋਗ ਹੈ। ਹਾਂਸ ਨੇ ਲਿਖਿਆ ਹੈ ਕਿ ਇਤਿਹਾਸਿਕ ਪਰਿਪੇਖ ਵਿਚ ਅਸੀਂ ਹੁਣ ਜੈਨੇਟਿਕ ਸੰਬੰਧਾਂ ਦੀ ਸਥਾਪਨਾ ਦੇ ਉਦੇਸ਼ ਨਾਲ ਤੁਲਨਾਤਮਕ/ਸੰਰਚਨਾਤਮਕ ਪਹੁੰਚ-ਵਿਧੀ ਦੇ ਮਾਡਲ ਦੁਆਰਾ ਇਹ ਤੱਥ ਪੇਸ਼ ਕਰਾਂਗੇ ਕਿ ਪੈਤ੍ਰਿਕ ਤੇ ਜੈਨੇਟਿਕ ਤੌਰ ਤੇ ਸਹਿ-ਸੰਬੰਧਿਤ ਭਾਸ਼ਾਵਾਂ ਵਿਚ ਆਪਸੀ ਸਾਂਝ-ਸਮਾਨਤਾਵਾਂ ਉਪਲਬਧ ਹੁੰਦੀਆਂ ਹਨ, ਪਰ ਇਹ ਜਣਨਿਕ ਸਾਂਝਾਂ ਨਾ ਤਾਂ ਅਚਨਚੇਤੀ ਸਮਾਨਤਾਵਾਂ (chance similarities) ਹੁੰਦੀਆਂ ਹਨ ਅਤੇ ਨਾ ਹੀ ਇਹ ਕਿਸੇ ਹੋਰ ਓਪਰੀ ਭਾਸ਼ਾ ਦੇ ਸੰਪਰਕ (contact) ਦੇ ਸਿੱਟੇ ਹੁੰਦੀਆਂ ਹਨ। ਸਪਸ਼ਟ ਹੈ ਕਿ ਅਜਿਹੀਆਂ ਜਣਨਿਕ ਸਾਂਝਾਂ ਦਾ ਸਪਸ਼ਟੀਕਰਣ ਇਸ ਮਨੌਤ ਤੇ ਨਿਰਭਰ ਕਰਦਾ ਹੈ ਕਿ ਇਹ ਭਾਸ਼ਾਵਾਂ ਕਿਸੇ ਸਾਂਝੀ ਪੂਰਵਜ ਪੈਤ੍ਰਿਕ ਭਾਸ਼ਾ ਦੀਆਂ ਹੀ ਸੰਤਾਨ ਹਨ।

ਜੈਨੇਟਿਕ ਸਾਂਝ-ਸਥਾਪਨਾ ਲਈ ਕਸੌਟੀ ਇਹ ਹੁੰਦੀ ਹੈ ਕਿ ਅਜਿਹੀਆਂ ਪੈਤ੍ਰਿਕ ਸਮਾਨਤਾਵਾਂ ਤੇ ਸਮਰੂਪਤਾਵਾਂ ਕੁਝ ਹੀ ਕੋਸ਼ੀ ਮਦਾਂ ਦੇ ਆਪਸੀ ਰਿਸ਼ਤਿਆਂ ਤਕ ਮਹਿਦੂਦ ਨਹੀਂ ਹੁੰਦੀਆਂ ਬਲਕਿ ਇਹ ਬਾਕੀ ਭਾਸ਼ਾਈ ਤੱਤਾਂ/ਇਕਾਈਆਂ ਦੇ ਕਾਫੀ ਵਿਸ਼ਾਲ ਵਰਗਾਂ ਵਿਚ ਵਾਰ ਵਾਰ ਲਾਗੂ ਹੁੰਦੀਆਂ ਹਨ। ਇਸ ਤੋਂ ਇਲਾਵਾ ਜੈਨੇਟਿਕ ਰਿਸ਼ਤਿਆਂ ਦੀ ਪਛਾਣ ਕਰਨ ਲਈ ਇਹ ਜ਼ਰੂਰੀ ਨਹੀਂ ਹੈ ਕਿ ਇਹ ਸਮਰੂਪਤਾਵਾਂ ਆਂਸ਼ਿਕ ਤੌਰ 'ਤੇ ਇਕਸਾਰ ਹੋਣ ਜਾਂ ਵੱਖਰੀਆਂ ਹੋਣ ਕਿਉਂਕਿ ਭਾਸ਼ਾਈ ਅਦਲਾ-ਬਦਲੀਆਂ ਸੁਤੰਤਰ ਤੌਰ 'ਤੇ ਅਤੇ ਵੱਖ ਵੱਖ ਦਿਸ਼ਾਵਾਂ ਵਿਚ ਵੀ ਕਾਰਜਸ਼ੀਲ ਹੁੰਦੀਆਂ ਹਨ ਜਿਨ੍ਹਾਂ ਦੇ ਕਾਰਣ ਜਣਨਿਕ ਤੌਰ ਤੇ ਸੰਬੰਧਿਤ ਭਾਸ਼ਾਵਾਂ ਦੇ ਦਰਮਿਆਨ ਵੀ ਵਖਰੇਵੇਂ ਪੈਦਾ ਹੋ ਜਾਂਦੇ ਹਨ।

ਸਾਂਝਾਂ ਤੇ ਸਮਾਨਤਾਵਾਂ ਦੀ ਤਲਾਸ਼ ਕਰਨ ਦੀ ਪ੍ਰਕਿਰਿਆ ਵਿਚ ਅਸੀਂ ਚਾਣ-ਚੱਕ ਮਿਲਦੀਆਂ-ਜੁਲਦੀਆਂ ਸਮਰੂਪਤਾਵਾਂ 'ਤੇ ਇਤਬਾਰ ਨਹੀਂ ਕਰ ਸਕਦੇ ਅਤੇ ਨਾ ਹੀ ਛੋਟੇ-ਮੋਟੇ ਮੇਲ ਰਖਦੇ ਹੋਏ ਭਾਸ਼ਕ ਅੰਸ਼ਾਂ ਨੂੰ ਕੋਈ ਅਹਿਮੀਅਤ ਦਿੱਤੀ ਜਾ ਸਕਦੀ ਹੈ। ਕਈ ਵਾਰ ਆਵਾਜ਼ਾਂ ਦੀ ਨਕਲ ਵਾਲੇ ਸ਼ਬਦ (onomatopoea) ਅਣ-ਸੰਬੰਧਿਤ ਜ਼ੁਬਾਨਾਂ ਵਿਚ ਵੀ ਇਕੋ ਜਿਹੇ ਮਿਲ ਜਾਂਦੇ ਹਨ, ਪਰ ਜੈਨੇਟਿਕ ਸੰਬੰਧਾਂ ਦੀ ਪਛਾਣ ਲਈ ਅਜਿਹੇ ਨਕਲੀ ਸਾਂਝੇ ਸ਼ਬਦ ਭਰੋਸੇ-ਯੋਗ ਨਹੀਂ ਹੋ ਸਕਦੇ ਅਤੇ ਇਹ ਤਾਂ ਨਿਰਾ ਭੁਲੇਖਾ ਸਿਰਜਦੇ ਹਨ। ਕਿਸੇ ਆਰੋਪਿਤ ਓਪਰੀ ਭਾਸ਼ਾ/ਭਾਸ਼ਾਵਾਂ ਦੇ ਸੰਪਰਕ (ਭਾਰਤ ਦੇ ਪ੍ਰਸੰਗ ਵਿਚ ਜਿਵੇਂ

ਪਹਿਲਾਂ ਅਰਬੀ-ਫ਼ਾਰਸੀ ਦਾ ਸੰਪਰਕ ਅਤੇ ਫੇਰ ਅੰਗ੍ਰੇਜ਼ੀ ਦਾ ਸੰਪਰਕ) ਦੇ ਨਤੀਜੇ ਵਜੋਂ ਜਿਹੜੀਆਂ ਭੁਲੇਖਾ-ਪਾਊ ਸਮਾਨਤਾਵਾਂ ਪੈਦਾ ਹੋ ਜਾਂਦੀਆਂ ਹਨ ਉਹ ਵੀ ਪੈਤ੍ਰਿਕ ਸਾਂਝ-ਸਥਾਪਨਾ ਲਈ ਨਿਰਾ ਵਿਰੋਧਾਭਾਸ ਪੈਦਾ ਕਰਦੀਆਂ ਹਨ, ਇਸ ਲਈ ਆਧਾਰ-ਬਿੰਦੂ ਨਹੀਂ ਬਣ ਸਕਦੀਆਂ ।

ਆਖ਼ਰਕਾਰ ਜੈਨੇਟਿਕ ਸੰਬੰਧਾਂ ਦੇ ਪਛਾਣਕਾਰੀ ਸੰਭਵ ਪ੍ਰਮਾਣਾਂ/ਸਬੂਤਾਂ ਵਿਚ ਅਜਿਹੀਆਂ ਸਾਂਝਾਂ ਤੇ ਸਮਾਨਤਾਵਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ ਜੋ ਕਿਸੇ ਭਾਸ਼ਾ ਦੇ ਸਮੁੱਚੇ ਸ਼ਬਦ ਕੋਸ਼ (lexicon) ਵਿਚ, ਖ਼ਾਸ ਕਰ ਕੇ ਬੁਨਿਆਦੀ ਸ਼ਬਦ-ਕੋਸ਼ ਵਿਚ ਲਾਗੂ ਹੋਣ । ਕਿਉਂਕਿ ਸ਼ਬਦ ਕੋਸ਼ ਜਾਂ ਸ਼ਬਦਾਵਲੀ (lexicon, vocabulary) ਭਾਸ਼ਾ ਦਾ ਅਜਿਹਾ ਠੋਸ ਤੇ ਸਥਾਈ ਹਿੱਸਾ ਹੈ ਜਿਹੜਾ ਕਿ ਬਾਹਰਲੇ ਆਰੋਪਿਤ ਸੰਪਰਕ ਦੇ ਵਾਪਰਣ ਸਮੇਂ ਅਸਰ-ਅੰਦਾਜ਼ ਨਹੀਂ ਹੁੰਦਾ ਅਤੇ ਵਿਰੋਧੀ ਹਾਲਤਾਂ ਵਿਚ ਵੀ ਸਥਿਰ ਰਹਿੰਦਾ ਹੈ । ਪਰ ਸ਼ਬਦ ਕੋਸ਼ ਤੋਂ ਛੁੱਟ ਜਿਹੜੇ ਹੋਰ ਵਿਉਤਪੱਤੀ-ਮੂਲਕ ਅਤੇ ਜਾਂ ਵਿਭਕਤੀ-ਮੂਲਕ ਪਿਛੇਤਰੀ ਮਾਰਫ਼ੀਮ/ਰੂਪੀਮ ਹਨ ਅਤੇ ਜਾਂ ਹੋਰ function words ਜਾਂ ਵਿਆਕਰਣਿਕ ਮਦਾਂ (items) ਹਨ ਉਹ ਬੇਗਾਨੇ ਸੰਪਰਕ ਤੋਂ ਛੇਤੀ ਹੀ ਪ੍ਰਭਾਵਿਤ ਹੋ ਜਾਂਦੀਆਂ ਹਨ । ਇਸ ਲਈ ਤੁਲਨਾਤਮਕ ਭਾਸ਼ਾ-ਵਿਗਿਆਨ ਦੇ ਸੰਦਰਭ ਵਿਚ ਜੈਨੇਟਿਕ ਭਾਸ਼ਾਈ ਸਾਂਝ-ਸਥਾਪਨਾ ਲਈ ਸ਼ਬਦ-ਕੋਸ਼ ਜਾਂ ਸ਼ਬਦਾਵਲੀ ਹੀ ਸਭ ਤੋਂ ਵੱਧ ਬਾਇਤਬਾਰ ਆਧਾਰ-ਬਿੰਦੂ ਹੈ ।

ਇਸ ਸਿਧਾਂਤਕ ਪਰਿਪੇਖ ਵਿਚ ਹੁਣ ਅਸੀਂ ਜੈਨੇਟਿਕ ਮਾਡਲ ਦੀ ਅਨੁਸਾਰਤਾ ਕਰਦੇ ਹੋਏ ਪੰਜਾਬੀ ਭਾਸ਼ਾ ਦੇ ਜਣਨਿਕ ਸਰੋਤ ਦੀ ਪਛਾਣ ਤੇ ਸਥਾਪਨਾ ਕਰਨ ਲਈ ਅਗਲਾ ਅਧਿਐਨ ਪੇਸ਼ ਕਰਦੇ ਹਾਂ ।

ਅਧਿਆਏ 7 : 2

ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਜਨਮ-ਸਰੋਤ

ਗ੍ਰੀਅਰਸਨ ਦਾ ਪੰਜਾਬੀ ਬਾਰੇ ਦੁਫਾੜ ਸਿੱਧਾਂਤ

ਪਿਛਲੇ ਅਧਿਆਏ ਵਿਚ ਅਸੀਂ ਵਿਭਿੰਨ ਪਹੁੰਚ ਵਿਧੀਆਂ ਅਤੇ ਮਾਡਲਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਵਿਚੋਂ ਜੈਨੇਟਿਕ ਅਪ੍ਰੋਚ ਇਕ ਅਜਿਹਾ ਮਾਧਿਅਮ ਹੈ ਜੋ ਬਹੁ-ਪਾਸਾਰੀ ਹੋਣ ਕਰ ਕੇ ਪੂਰਵ-ਭਾਸ਼ਾਵਾਂ (proto-languages) ਅਤੇ ਆਧੁਨਿਕ ਭਾਸ਼ਾਵਾਂ ਦੇ ਜਣਨਿਕ ਰਿਸ਼ਤਿਆਂ ਦੀ ਨਿਸ਼ਾਨਦੇਹੀ ਕਰਨ ਵਿਚ ਭਰਪੂਰ ਯੋਗਦਾਨ ਪਾ ਸਕਦਾ ਹੈ। ਇਸ ਲਈ ਉਪਰੋਕਤ ਜੈਨੇਟਿਕ ਮਾਡਲ ਦੇ ਪਰਿਪੇਖ ਵਿਚ ਪੰਜਾਬੀ ਭਾਸ਼ਾ ਦੇ ਜਨਮ-ਸਰੋਤ ਦੀ ਸਥਾਪਤੀ ਲਈ ਜਿਹੜੀ ਖੋਜ-ਪ੍ਰਕਿਰਿਆ ਕਾਰਜਸ਼ੀਲ ਹੁੰਦੀ ਹੈ ਉਸ ਵਿਚ ਜਣਨਿਕ ਪਹੁੰਚ ਹੀ ਭਾਵੇਂ ਪ੍ਰਮੁਖ ਆਧਾਰ-ਬਿੰਦੂ ਹੈ ਲੇਕਿਨ ਉਸ ਦੇ ਨਾਲ ਨਾਲ ਸਟ੍ਰਕਚਰ-ਆਧਾਰਿਤ ਪਹੁੰਚ-ਵਿਧੀ ਵੀ ਕਿਰਿਆ-ਸ਼ੀਲ ਹੋ ਸਕਦੀ ਹੈ। ਜੈਨੇਟਿਕ ਦ੍ਰਿਸ਼ਟੀ ਤੋਂ ਪੰਜਾਬੀ ਇਕ ਆਧੁਨਿਕ ਭਾਰਤੀ-ਆਰੀਆ ਭਾਸ਼ਾ (New Indo-Aryan) ਹੈ ਜਿਹੜੀ ਭਾਰਤੀ-ਆਰੀਆ ਭਾਸ਼ਾ ਦੀ ਇਕ ਉੱਘੀ ਮੈਂਬਰ ਹੈ।

ਭਾਰਤੀ ਆਰੀਆ ਭਾਸ਼ਾ-ਪਰਿਵਾਰ ਕਾਲਗਤ ਤੇ ਸਥਾਨਗਤ ਦੋ ਪਾਸਾਰਾਂ ਦੇ ਮੱਦੇ-ਨਜ਼ਰ ਬਹੁਤ ਮਹੱਤਵਪੂਰਣ ਹੈ। ਆਰੀਆ ਭਾਸ਼ਾ-ਪਰਿਵਾਰ ਦਾ ਕਾਲਗਤ ਪਾਸਾਰ ਪਿਛਲੀਆਂ ਕੋਈ ਪੈਂਤੀ (35) ਸਦੀਆਂ ਦੇ ਸੁਦੀਰਘ ਕਾਲ-ਖੰਡ ਵਿਚ ਫੈਲਿਆ ਹੋਇਆ ਹੈ। ਇਸ ਪਰਿਵਾਰ ਦਾ ਸਥਾਨਗਤ ਪਾਸਾਰ ਵੀ ਭਾਰਤੀ ਉਪ-ਮਹਾਦੀਪ ਦੇ ਆਰ ਪਾਰ ਵਿਸ਼ਾਲ ਭੂ-ਖੰਡ ਵਿਚ ਪਸਰਿਆ ਹੋਇਆ ਹੈ। ਅਜਿਹੇ ਦੀਰਘ ਕਾਲਗਤ ਪਾਸਾਰ ਦੇ ਨਤੀਜੇ ਵਜੋਂ ਆਰੀਆ ਭਾਸ਼ਾ-ਪਰਿਵਾਰ ਤਿੰਨ ਵਿਕਾਸ-ਯੁਗਾਂ ਨੂੰ ਪਾਸ ਕਰਦਾ ਹੈ। ਇਸ ਤਰ੍ਹਾਂ ਆਰੀਆ-ਭਾਸ਼ਾ ਦੀ ਵਿਕਾਸ-ਪ੍ਰਕਿਰਿਆ ਵਿਚ ਤਿੰਨ ਕਿਸਮ ਦੇ ਭਾਸ਼ਾਗਤ ਰੂਪਾਂਤਰਣ ਹੋਂਦਸ਼ੀਲ ਹੋਏ ਹਨ ਜਿਸ ਦੇ ਨਤੀਜੇ ਵਜੋਂ ਆਰੀਆ ਭਾਸ਼ਾ ਦੀਆਂ ਕਈ ਦਰਜਨ ਮੈਂਬਰ ਭਾਸ਼ਾਵਾ ਅਤੇ ਬੋਲੀਆਂ ਵਿਕਸਿਤ ਹੋਈਆਂ ਹਨ। ਆਰੀਆ ਭਾਸ਼ਾ ਦੇ ਵਿਕਾਸਤਮਕ ਯੁਗਾਂ ਦਾ ਵੇਰਵਾ ਹੇਠਾਂ ਅੰਕਿਤ ਹੈ

ਰੇਖਾ ਚਿੱਤਰ / Indo-Aryan Family / ਭਾਰਤੀ ਆਰੀਆ ਭਾਸ਼ਾ ਪਰਿਵਾਰ	
ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ Old Indo-Aryan (OIA).	ਵੈਦਿਕ ਭਾਸ਼ਾ/ਵੈਦਿਕ ਸੰਸਕ੍ਰਿਤ ਕਲੈਸੀਕਲ ਸੰਸਕ੍ਰਿਤ/ਲੌਕਿਕ ਸੰਸਕ੍ਰਿਤ
ਮੱਧ ਕਾਲੀਨ ਭਾਰਤੀ-ਆਰੀਆ ਭਾਸ਼ਾ Middle Indo-Aryan (MIA).	ਪਾਲੀ ਪ੍ਰਾਕ੍ਰਿਤ, ਅਸ਼ੋਕੀ ਪਾਲੀ ਸਾਹਿਤਕ ਪ੍ਰਾਕ੍ਰਿਤ ਭਾਸ਼ਾਵਾ, ਅਪਭ੍ਰੰਸ਼ ਭਾਸ਼ਾਵਾ
ਆਧੁਨਿਕ ਭਾਰਤੀ-ਆਰੀਆ ਭਾਸ਼ਾ New Indo-Aryan (NIA).	ਸਿੰਧੀ, ਪੰਜਾਬੀ, ਹਿੰਦੀ, ਗੁਜਰਾਤੀ, ਮਰਾਠੀ, ਕੋਂਕਣੀ, ਰਾਜਸਥਾਨੀ, ਬੰਗਾਲੀ, ਉੜੀਆ, ਅਸਾਮੀ, ਬਿਹਾਰੀ, ਪਹਾੜੀ ਆਦਿ ਆਦਿ।

ਇਸ ਰੇਖਾ-ਚਿਤਰ ਤੋਂ ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਪੰਜਾਬੀ-ਭਾਸ਼ਾ ਭਾਰਤੀ-ਆਰੀਆ ਭਾਸ਼ਾ-ਪਰਿਵਾਰ ਦੀ ਇਕ ਮੈਂਬਰ-ਭਾਸ਼ਾ ਹੈ ਜਿਸ ਦੀ ਹੋਂਦ ਤੇ ਹਸਤੀ ਦਾ ਉਦੈ ਲਗਭਗ 1000 ਈਸਵੀ ਤੋਂ ਸ਼ੁਰੂ ਹੋ ਜਾਂਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦਾ ਕਿਹੜਾ ਜਣਨਿਕ ਸਰੋਤ ਸਥਾਪਿਤ ਹੁੰਦਾ ਹੈ।

ਪੰਜਾਬੀ ਭਾਸ਼ਾ ਦੇ ਜਣਨਿਕ ਸਰੋਤ ਬਾਰੇ ਉਪਰੋਕਤ ਪ੍ਰਸ਼ਨ ਦੇ ਦੋ ਪਹਿਲੂ ਹਨ। ਇਕ ਹੈ ਪੰਜਾਬੀ ਭਾਸ਼ਾ ਦਾ ਪੂਰਾ-ਇਤਿਹਾਸ (pre-history of Punjabi) ਅਤੇ ਦੂਜਾ ਪਹਿਲੂ ਹੈ ਪੰਜਾਬੀ ਦਾ ਦਸਤਾਵੇਜ਼ੀ ਇਤਿਹਾਸ (documented history of Punjabi)। ਇਸ ਪ੍ਰਸੰਗ ਵਿਚ ਜਿਹੜੀ ਟਿੱਪਣੀ ਤੇ ਵਿਆਖਿਆ Thomas Pyles & John Algeo [1993 : 14] ਨੇ ਅੰਗ੍ਰੇਜ਼ੀ ਭਾਸ਼ਾ ਦੇ ਪੂਰਾ-ਇਤਿਹਾਸ ਦੇ ਸੰਬੰਧ ਵਿਚ ਪ੍ਰਸਤੁਤ ਕੀਤੀ ਹੈ ਉਹ ਪੰਜਾਬੀ ਭਾਸ਼ਾ ਦੇ ਪੂਰਾ-ਇਤਿਹਾਸ ਤੇ ਵੀ ਲਾਗੂ ਹੁੰਦੀ ਹੈ। ਉਨ੍ਹਾਂ ਨੇ ਲਿਖਿਆ ਹੈ

> *"ਅੰਗ੍ਰੇਜ਼ੀ ਭਾਸ਼ਾ ਦਾ ਦਸਤਾਵੇਜ਼ਾਂ ਦੁਆਰਾ ਪ੍ਰਮਾਣਿਤ ਇਤਿਹਾਸ ਲਗਭਗ 700 ਈਸਵੀ ਤੋਂ ਸ਼ੁਰੂ ਹੁੰਦਾ ਹੈ। ਪਰ ਅਸੀਂ ਇਸ ਭਾਸ਼ਾ (ਅੰਗ੍ਰੇਜ਼ੀ) ਦਾ ਕੁਝ ਨਾ ਕੁਝ ਪੂਰਾ-ਇਤਿਹਾਸ ਇਸ ਸਮੇਂ ਤੋਂ ਪਹਿਲਾਂ ਲਗਭਗ 4000 ਪੂਰਵ-ਈਸਵੀ (4000 B.C.) ਤਕ ਵੀ ਮੁੜ ਉਸਾਰ ਸਕਦੇ ਹਾਂ"**

ਪੰਜਾਬੀ ਦੇ ਪੂਰਾ-ਇਤਿਹਾਸ ਬਾਰੇ ਵਿਸਤ੍ਰਿਤ ਟਿੱਪਣੀ ਅਸੀਂ ਪਿਛਲੇ ਅਧਿਆਏ ਵਿਚ ਅੰਕਿਤ ਕਰ ਆਏ ਹਾਂ। ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਦੀਆਂ ਜੜ੍ਹਾਂ ਤਾਂ ਪੰਜਾਬੀ ਦੇ ਪੂਰਾ-ਇਤਿਹਾਸ ਵਿਚ ਮੌਜੂਦ ਹਨ ਅਰਥਾਤ ਪੰਜਾਬੀ ਦੇ ਬੀਜਾਣੂ ਵੈਦਿਕ ਭਾਸ਼ਾ, ਕਲੈਸੀਕਲ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ, ਸਾਹਿਤਕ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ੀ ਭਾਸ਼ਾਵਾਂ ਦੇ ਵਿਭਿੰਨ ਰੂਪਾਂ ਵਿਚ ਵਿੱਦਮਾਨ ਹਨ ਕਿਉਂਕਿ ਇਨ੍ਹਾਂ ਉੱਪਰ-ਵਰਣਿਤ ਪੂਰਾ-ਭਾਸ਼ਾਵਾਂ ਦੇ ਬਹੁਤ ਸਾਰੇ ਭਾਸ਼ਾਈ ਤੱਤਾਂ ਅਤੇ ਅੰਸ਼ਾਂ ਵਿਚ ਆਧੁਨਿਕ ਪੰਜਾਬੀ ਦੀਆਂ ਭਾਸ਼ਾਗਤ ਸਮਾਨਤਾਵਾਂ ਤੇ ਸਾਂਝਾਂ ਭਲੀ-ਪ੍ਰਕਾਰ ਝਲਕਦੀਆਂ ਦਿਖਾਈ ਦਿੰਦੀਆਂ ਹਨ। ਇਨ੍ਹਾਂ ਸਾਂਝਾਂ ਤੇ ਸਮਰੂਪਤਾਵਾਂ ਦਾ ਪ੍ਰਮਾਣਿਕ ਵਿਸਤਾਰ ਅਸੀਂ ਪ੍ਰਾਚੀਨ ਭਾਰਤੀ-ਆਰੀਆ ਭਾਸ਼ਾ-ਖੰਡ ਅਤੇ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ-ਖੰਡ ਵਿਚ ਤੁਲਨਾਤਮਕ ਤਾਲਿਕਾਵਾਂ ਵਿਚ ਪੇਸ਼ ਕਰ ਆਏ ਹਾਂ। ਇਨ੍ਹਾਂ ਪੂਰਾ-ਭਾਸ਼ਾਵਾਂ ਦੇ ਹਮਸ਼ਕਲ ਭਾਸ਼ਾਈ ਤੱਤਾਂ ਵਿਚ ਪੰਜਾਬੀ ਦੇ ਅਣੂ-ਪਰਮਾਣੂ ਸਮਾਏ ਹੋਏ ਨਿਸ਼ਚੇ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਇਹ ਕਹਿਣਾ ਬਾਦਲੀਲ ਤੇ ਤਰਕ-ਪੂਰਨ ਹੈ ਕਿ ਪੰਜਾਬੀ ਭਾਸ਼ਾ ਦਾ ਪੂਰਾ-ਇਤਿਹਾਸ (pre-history) ਪੰਜਾਬੀ ਭਾਸ਼ਾ ਦੇ ਸ੍ਰੋਤ-ਮੂਲਕ ਜਣਨਿਕ ਆਧਾਰ ਮੁਹਈਆ ਕਰਨ ਵਿਚ ਮਹਤੱਵਪੂਰਣ ਭੂਮਿਕਾ ਅਦਾ ਕਰਦਾ ਹੈ।

ਪੰਜਾਬੀ ਦੀ ਪੂਰਾ-ਇਤਿਹਾਸਿਕ ਖਾਮੋਸ਼ ਹੋਂਦ ਤੋਂ ਇਲਾਵਾ ਪੰਜਾਬੀ ਦੀ ਇਤਿਹਾਸਿਕ ਹੋਂਦ ਦੇ ਪ੍ਰਜਨਨ-ਸਰੋਤ ਨਾਲ ਜੁੜਿਆ ਸਮੱਸਿਆ ਦਾ ਦੂਜਾ ਕੇਂਦਰੀ ਪਹਿਲੂ ਹੈ। ਇਸ ਸਮੱਸਿਆ ਦੇ ਸਮਾਧਾਨ ਬਾਰੇ ਵਿਦਵਾਨਾਂ ਨੇ ਨਿੱਠ ਕੇ ਅਜੇ ਤੀਕਰ ਕੋਈ ਖੋਜ-ਪ੍ਰਕਿਰਿਆ ਜਾਰੀ ਨਹੀਂ ਕੀਤੀ। ਪਰ ਫੇਰ ਵੀ ਜੋ ਵੀ ਹੁਣ ਤਕ ਨਿਰਦੇਸ਼, ਹਵਾਲੇ, ਟਿੱਪਣੀਆਂ, ਮਤ-ਸਥਾਪਨਾਵਾਂ ਅਤੇ ਸਿੱਧਾਂਤ-ਨਿਰੂਪਣ ਕੀਤੇ ਗਏ ਹਨ ਉਨ੍ਹਾਂ ਦੀ ਰੋਸ਼ਨੀ ਵਿਚ ਇਸ ਸਮੱਸਿਆ

* "The documented history of the English Language begins about A. D. 700 with the oldest written records. We can reconstruct some of the pre-history before that time to as early as about 4000 B.C." Pyles & Algeo, *The Origins and Development of the English Language*, 4th ed. 1993. New York.

ਦਾ ਹਲ ਤਲਾਸ ਕਰਨ ਦੇ ਉਦੇਸ਼ ਨਾਲ ਅਗਲਾ ਵਰਣਨ ਤੇ ਵਿਵੇਚਨ ਪੇਸ਼ ਕੀਤਾ ਜਾਂਦਾ ਹੈ।

ਆਧੁਨਿਕ ਭਾਰਤੀ-ਆਰੀਆ ਭਾਸ਼ਾਵਾ ਦੇ ਜਣਨਿਕ ਸਰੋਤ

ਪੰਜਾਬੀ ਸਮੇਤ ਆਧੁਨਿਕ ਭਾਰਤੀ-ਆਰੀਆ ਭਾਸਾਵਾਂ ਦੇ ਉਦਭਵ-ਸਰੋਤ ਦੇ ਵਿਸ਼ੈ ਨੂੰ ਲੈ ਕੇ ਵੱਖ ਵੱਖ ਵਿਦਵਾਨਾ ਨੇ ਵੱਖ ਵੱਖ ਸਿੱਧਾਂਤ ਪੇਸ ਕੀਤੇ ਹਨ। ਇਨ੍ਹਾਂ ਵਿਦਵਾਨਾਂ ਵਿਚ ਡਾ. ਸੁਨੀਤੀ ਕੁਮਾਰ ਚੈਟਰਜੀ, ਜਾਰਜ ਗ੍ਰਿਅਰਸਨ, ਬੀਮਜ਼, ਡਾ. ਹਾਰਨਲੇ, ਡਾ. ਹਰਦੇਵ ਬਾਹਰੀ, ਡਾ. ਉਦੈ-ਨਾਰਾਇਣ ਤਿਵਾਰੀ ਦੇ ਨਾਮ ਖ਼ਾਸ ਤੌਰ ਤੇ ਉਲੇਖਣੀ ਹਨ। ਭਾਰਤ ਦੀਆਂ ਆਧੁਨਿਕ ਆਰੀਆ ਭਾਸ਼ਾਵਾਂ ਦੇ ਸੰਦਰਭ ਵਿਚ ਉਨ੍ਹਾਂ ਦੇ ਜਣਨਿਕ ਸਰੋਤਾਂ ਬਾਰੇ ਡਾ. ਚੈਟਰਜੀ ਦੀ ਸਥਾਪਨਾ ਪਹਿਲ-ਪ੍ਰਥਮੇ ਪੇਸ਼ ਕੀਤੀ ਜਾਂਦੀ ਹੈ। ਡਾ. ਚੈਟਰਜੀ ਨੇ ਆਧੁਨਿਕ ਭਾ.ਆ. ਭਾਸ਼ਾਵਾਂ ਦੀਆਂ ਵੱਖ ਵੱਖ ਸਰੋਤ-ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦਾ ਆਪਣੀ ਪੁਸਤਕ ਵਿਚ ਇਕ ਨਕਸ਼ੇ ਰਾਹੀਂ ਉੱਲੇਖ ਕੀਤਾ ਹੈ। (ਹਵਾਲਾ : S. K. Chatterji [1927], *Origin and Development of Bengali Language*, Calcutta). ਡਾ. ਚੈਟਰਜੀ ਦੀ ਸਥਾਪਨਾ ਦਾ ਸਾਰਾਂਸ਼ ਹੇਠਾਂ ਅੰਕਿਤ ਕੀਤਾ ਜਾਂਦਾ ਹੈ :

ਡਾ. ਚੈਟਰਜੀ ਦੇ ਅਨੁਸਾਰ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਪ੍ਰਜਨਨ-ਸਰੋਤ

ਸਰੋਤ ਭਾਸ਼ਾ : ਪ੍ਰਾਕ੍ਰਿਤ/ਅਪਭ੍ਰੰਸ਼	ਆਧੁਨਿਕ ਭਾਰਤੀ ਆਰੀਆ-ਭਾਸ਼ਾ	
ਵ੍ਰਾਚਡ ਅਪਭ੍ਰੰਸ਼ →	ਸਿੰਧੀ	
ਕੈਕੇਈ, ਮਦ੍ਰ, ਟੱਕ ਆਦਿ :	ਪੂਰਬੀ ਪੰਜਾਬੀ	
	ਲਹਿੰਦੀ ਬੋਲੀਆਂ (ਪੱਛਮੀ ਪੰਜਾਬੀ)	
ਮਹਾਰਾਸ਼ਟ੍ਰੀ ਪ੍ਰਾਕ੍ਰਿਤ/ਅਪਭ੍ਰੰਸ਼ :	ਮਰਾਠੀ	
	ਕੋਂਕਣੀ	
ਮਾਗਧੀ ਪ੍ਰਾਕ੍ਰਿਤ/ਅਪਭ੍ਰੰਸ਼ :	ਅਸਾਮੀ	
	ਬੰਗਾਲੀ	
	ਉੜੀਆ	
	ਮੈਥਿਲੀ	ਬਿਹਾਰੀ ਬੋਲੀਆ
	ਮਗਹੀ	ਬਿਹਾਰੀ ਬੋਲੀਆ
	ਭੋਜਪੁਰੀ	ਬਿਹਾਰੀ ਬੋਲੀਆ
ਅਰਧ ਮਾਗਧੀ ਪ੍ਰਾਕ੍ਰਿਤ/ਜੈਨ ਅਰਧ ਮਾਗਧੀ/ਅਰਧ ਮਾਗਧੀ ਅਪਭ੍ਰੰਸ	ਅਵਧੀ	ਪੂਰਬੀ ਹਿੰਦੀ
	ਬਘੇਲੀ	ਪੂਰਬੀ ਹਿੰਦੀ
	ਛੱਤੀਸਗੜ੍ਹੀ	ਪੂਰਬੀ ਹਿੰਦੀ
ਸ਼ੌਰਸੈਨੀ ਪ੍ਰਾਕ੍ਰਿਤ/ਅਪਭ੍ਰੰਸ਼ :	ਬੁੰਦੇਲੀ	ਪੱਛਮੀ ਹਿੰਦੀ
	ਕੰਨੌਜੀ	ਪੱਛਮੀ ਹਿੰਦੀ
	ਬ੍ਰਜਭਾਸ਼ਾ	ਪੱਛਮੀ ਹਿੰਦੀ
	ਹਰਿਆਣਵੀ : ਬਾਂਗਰੂ	ਪੱਛਮੀ ਹਿੰਦੀ
	ਹਿੰਦੁਸਤਾਨੀ ਹਿੰਦੀ ਉਰਦੂ	ਪੱਛਮੀ ਹਿੰਦੀ

ਸ਼ੌਰਸੈਨੀ ਪ੍ਰਭਾਵਿਤ ਲਾਟੀ, ਸੌਰਾਸ਼ਟ੍ਰੀ, ਆਭੀਰੀ, ਆਵੰਤੀ ਨਾਗਰ-ਅਪਭ੍ਰੰਸ	ਮਾਲਵੀ, ਨਿਮਾੜੀ ਮੇਵਾਤੀ, ਗੁਜਰੀ ਜੈਪੁਰੀ, ਹਾਰੌਟੀ ਪੱਛਮੀ ਰਾਜਸਥਾਨੀ	ਰਾਜਸਥਾਨੀ
	ਮਾਰਵਾੜੀ ਗੁਜਰਾਤੀ	ਗੁਜਰਾਤੀ
ਖਸ਼/ਖਸ ਅਪਭ੍ਰੰਸ਼ : ਮੂਲ ਖਸ਼-ਦਰਦ ਉੱਤੇ ਆਰੀਆ ਭਾਸ਼ਾ ਦੀ ਪਰਤ	ਪੂਰਬੀ ਪਹਾੜੀ : (ਨੇਪਾਲੀ ਖਸ਼ਕੁਰਾ) ਮੱਧ ਪਹਾੜੀ : (ਗੜ੍ਹਵਾਲੀ, ਕੁਮਾਊਂਨੀ) ਪੱਛਮੀ ਪਹਾੜੀ : (ਚਮਿਆਲੀ, ਮੰਡਿਆਲੀ, ਕੁਲੂਈ ਕਿਉਂਥਲੀ, ਸਿਰਮੌਰੀ)	
ਦਾਰਦਿਕ/ਪੈਸ਼ਾਚੀ ਪ੍ਰਾਕ੍ਰਿਤ	ਕਾਸ਼ਮੀਰੀ, ਸ਼ੀਣਾ ਕੋਹਿਸਤਾਨੀ, ਚਿਤ੍ਰਾਲੀ, ਕਾਫ਼ਿਰ ਬੋਲੀਆ	

ਗ੍ਰੀਅਰਸਨ ਦੇ ਅਨੁਸਾਰ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀ ਵਿਕਾਸ-ਪ੍ਰਕਿਰਿਆ

ਗ੍ਰੀਅਰਸਨ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੀ ਵਿਕਾਸ-ਪ੍ਰਕਿਰਿਆ ਬਾਰੇ ਆਪਣਾ ਇਹ ਨਿਰਣਾ ਪੇਸ਼ ਕਰਦਿਆਂ ਲਿਖਿਆ ਹੈ ਕਿ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਉਦੈ ਤੇ ਵਿਕਾਸ ਦੇ ਸਰੋਤ ਢੂੰਡਣ ਲਈ "ਸਾਹਿਤਕ ਪ੍ਰਾਕਿਤਾਂ" ਜਾਂ ਫਿਰ ਸੰਸਕ੍ਰਿਤ ਭਾਸ਼ਾ ਨੂੰ ਛੱਡ ਕੇ ਸਿਰਫ "ਅਪਭ੍ਰੰਸ਼" ਵੱਲ ਹੀ ਤੱਕਣਾ ਪਵੇਗਾ, ਕਿਉਂਕਿ ਇਹ ਅਪਭ੍ਰੰਸ਼ ਹੀ ਹੈ ਜਿਸ ਤੋਂ ਕਿ ਆਧੁਨਿਕ ਭਾ. ਆ. ਭਾਸ਼ਾਵਾਂ ਦਾ ਜਨਮ ਤੇ ਵਿਕਾਸ ਦਾ ਸਪਸ਼ਟੀਕਰਣ ਉਪਲਬਧ ਹੋ ਸਕਦਾ ਹੈ। ਸੰਸਕ੍ਰਿਤ ਭਾਸ਼ਾ ਅਤੇ ਸਾਹਿਤਕ ਪ੍ਰਾਕ੍ਰਿਤਾ ਸਾਡੀ ਖੋਜ-ਪੜਤਾਲ ਬਾਰੇ ਕੁਝ ਵਧੀਕ ਚਾਨਣਾ ਪਾ ਸਕਦੀਆ ਹਨ ਲੇਕਿਨ ਸਾਡੀ ਤਲਾਸ਼ ਅਤੇ ਅਨੁਸੰਧਾਨ ਦੀ ਤੁਰਤ-ਫੁਰਤ ਉਪਲਬਧ ਬੁਨਿਆਦ ਅਪਭ੍ਰੰਸ਼ ਭਾਸ਼ਾ ਹੀ ਹੋ ਸਕਦੀ ਹੈ। ਇਹ ਤਾਂ ਨਿਰਸੰਦੇਹ ਸੱਚ ਹੈ ਕਿ ਪੱਛਮੀ ਭਾਰਤ ਵਿਚ ਪ੍ਰਚਲਿਤ ਅਪਭ੍ਰੰਸ਼ ਦਾ ਇਕੋ ਸਾਹਿਤਕ ਰੂਪ "ਨਾਗਰ ਅਪਭ੍ਰੰਸ਼" ਹੀ ਸੀ ਜੋ ਕਿ ਸਾਹਿਤਕ ਰਚਨਾਵਾਂ ਵਿਚ ਸੁਰੱਖਿਅਤ ਮਿਲਦਾ ਹੈ। ਪਰੰਤੂ ਪ੍ਰਾਕ੍ਰਿਤ ਵਿਆਕਰਣਾਂ ਦੀ ਮਦਦ ਨਾਲ ਵਿਭਿੰਨ ਸਥਾਨਿਕ ਅਪਭ੍ਰੰਸ਼ਾਂ ਦੇ ਮੁੱਖ ਮੁੱਖ ਭਾਸ਼ਾਈ ਲੱਛਣਾਂ ਨੂੰ ਮੁੜ-ਉਸਾਰਨਾ ਕੋਈ ਔਖਾ ਕੰਮ ਨਹੀਂ ਹੈ। ਇਹ ਸਥਾਨਿਕ ਅਪਭ੍ਰੰਸ਼ਾਂ ਹੀ ਹਨ ਜਿਨ੍ਹਾਂ ਤੋਂ ਪ੍ਰਾਂਤਵਾਰ ਸਾਡੀਆ ਅਜੋਕੀਆਂ ਆਰੀਆ ਭਾਸ਼ਾਵਾਂ ਵੰਸ਼ਜ ਰੂਪ ਵਿਚ ਵਿਉਤਪੰਨ ਹੋਈਆਂ ਹਨ। ਜਾਰਜ ਗ੍ਰੀਅਰਸਨ ਦੇ ਅਨੁਸਾਰ ਹੁਣ ਏਥੇ ਵੱਖ ਵੱਖ ਸਥਾਨਿਕ ਅਪਭ੍ਰੰਸ਼ਾਂ ਦੀ ਸੂਚੀ ਪ੍ਰਦਾਨ ਕਰਨਾ ਕਾਫੀ ਹੋਵੇਗਾ ਜਿਨ੍ਹਾਂ ਨਾਲ ਸਾਡੀਆ ਆਧੁਨਿਕ ਭਾ. ਆ. ਭਾਸ਼ਾਵਾਂ ਦੀਆਂ ਵਿਲੱਖਣ ਸਾਂਝਾਂ ਤੇ ਸਮਾਨਤਾਵਾਂ ਉਪਲਬਧ ਹੁੰਦੀਆਂ ਹਨ ਅਤੇ ਜਿਨ੍ਹਾਂ ਤੋਂ ਆਧੁਨਿਕ ਭਾਸ਼ਾਵਾਂ ਵਿਕਸਿਤ ਹੋਈਆ ਹਨ।

ਗ੍ਰੀਅਰਸਨ ਦੇ ਅਨੁਸਾਰ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਪ੍ਰਜਨਨ-ਸਰੋਤ

ਪ੍ਰਾਕ੍ਰਿਤ/ਅਪਭ੍ਰੰਸ਼ ਦਾ ਨਾਮ		ਸਬੰਧਿਤ ਆਧੁਨਿਕ ਭਾ. ਆਰੀਆ ਭਾਸ਼ਾ
ਵ੍ਰਾਚੜ ਅਪਭ੍ਰੰਸ਼	:	ਸਿੰਧੀ
ਕੇਕਯ ਦੇਸ਼ ਦੀ ਪ੍ਰਾਕ੍ਰਿਤ	:	ਲਹਿੰਦੀ ਪੰਜਾਬੀ (ਕੇਕੋਯਾ ਦਾ ਪੰਜਾਬ)

ਪ੍ਰਾਕ੍ਰਿਤ/ਅਪਭ੍ਰੰਸ਼ ਦਾ ਨਾਮ	ਸਬੰਧਿਤ ਆਧੁਨਿਕ ਭਾ. ਆਰੀਆ ਭਾਸ਼ਾ
ਮਹਾਰਾਸ਼ਟ੍ਰੀ ਅਪਭ੍ਰੰਸ਼	ਮਰਾਠੀ
ਔਡ੍ਰ/ਉਤਕਲ ਅਪਭ੍ਰੰਸ਼	ਉੜੀਆ (ਉਤਕਲੀ)
ਮਾਗਧ ਅਪਭ੍ਰੰਸ਼	ਬਿਹਾਰੀ ਬੋਲੀਆਂ
ਗੌੜ/ਪ੍ਰਾਚਯਾ	ਬੰਗਾਲੀ, ਅਸਾਮੀ, ਉੜੀਆ
ਅਰਧ ਮਾਗਧੀ	ਪੂਰਬੀ ਹਿੰਦੀ
ਸ਼ੌਰਸੇਨ ਅਪਭ੍ਰੰਸ਼	ਪੱਛਮੀ ਹਿੰਦੀ
ਨਾਗਰ/ਗੌਰਜਰ ਅਪਭ੍ਰੰਸ਼	ਗੁਜਰਾਤੀ
ਟੱਕ ਅਪਭ੍ਰੰਸ਼/ਉਪਨਾਗਰ	ਪੰਜਾਬੀ ਬੋਲੀਆਂ
ਅਪਭ੍ਰੰਸ਼	ਪੂਰਬੀ ਪੰਜਾਬੀ
ਆਵੰਤਯ ਅਪਭ੍ਰੰਸ਼	ਰਾਜਸਥਾਨੀ
ਦਾਰਦਿਕ, ਖਸ਼,	
ਤਿੱਬਤ-ਬਰਮੀ,	ਪਹਾੜੀ ਬੋਲੀਆਂ
ਟੱਕ ਅਪਭ੍ਰੰਸ਼ ਪ੍ਰਭਾਵ	

[ਹਵਾਲਾ : George Grierson [1927], *Linguistic Survey of India*, volume I, part I, p. 126]

ਇਨ੍ਹਾਂ ਰੇਖਾ-ਚਿਤਰਾਂ ਵਿਚ ਆਧੁਨਿਕ ਭਾ. ਆ. ਭਾਸ਼ਾਵਾਂ (NIA) ਦੇ ਜਨਮ-ਸਰੋਤ ਸੰਬੰਧੀ ਪ੍ਰਸ਼ਨ ਨੂੰ ਲੈ ਕੇ ਵੱਖ ਵੱਖ ਸਰੋਤ-ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਨੂੰ ਨਿਸ਼ਚਿਤ ਕੀਤਾ ਗਿਆ ਹੈ, ਪਰੰਤੂ ਪੰਜਾਬੀ ਦੀ ਸਰੋਤ-ਪ੍ਰਾਕ੍ਰਿਤ ਬਾਰੇ ਕੋਈ ਸਰਬ-ਸੰਮਤ ਸਥਾਪਨਾ ਉਪਲਬਧ ਨਹੀਂ ਹੁੰਦੀ । ਆਧੁਨਿਕ ਭਾ. ਆ. ਭਾਸ਼ਾਵਾਂ ਦੀ ਵਿਕਾਸਾਤਮਕ ਭੂਮਿਕਾ ਵਿਚ ਪੰਜਾਬੀ ਭਾਸ਼ਾ ਦੇ ਪ੍ਰਜਨਨ-ਸਰੋਤ ਬਾਰੇ ਡਾ. ਚੈਟਰਜੀ ਅਤੇ ਡਾ. ਗ੍ਰੀਅਰਸਨ ਦੇ ਸਿੱਧਾਂਤ ਵਿਰੋਧੀ ਧਰਾਤਲ ਤੇ ਖੜੇ ਦਿਸਦੇ ਹਨ । ਡਾ. ਚੈਟਰਜੀ ਨੇ ਪੂਰਬੀ ਪੰਜਾਬੀ ਅਤੇ ਲਹਿੰਦੀ ਪੰਜਾਬੀ ਦੋਹਾਂ ਨੂੰ ਇਕੋ ਉਦਭਵ-ਸਰੋਤ ਨਾਲ ਜੋੜ ਕੇ ਦੋਹਾਂ ਨੂੰ ਇਕੋ ਟਕਸਾਲੀ ਭਾਸ਼ਾ ਦੀਆਂ ਦੋ ਸ਼ਾਖਾਵਾਂ ਸਿੱਧ ਕੀਤਾ ਹੈ । ਡਾ ਚੈਟਰਜੀ ਇਸ ਸਗਲ-ਪੰਜਾਬੀ ਦੀਆਂ ਸਰੋਤ-ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਨੂੰ ਕੈਕੇਈ, ਟੱਕੀ, ਮਦ੍ਰ ਪ੍ਰਾਕ੍ਰਿਤ/ਅਪਭ੍ਰੰਸ਼ ਦਾ ਨਾਮ ਦਿੰਦਾ ਹੈ ।

ਲੇਕਿਨ ਡਾ. ਗ੍ਰੀਅਰਸਨ ਨੇ ਸਗਲ-ਪੰਜਾਬੀ (pan-Panjabi) ਨੂੰ ਲਹਿੰਦਾ (ਲਹਿੰਦੀ) ਤੇ ਪੰਜਾਬੀ ਵਿਚ ਵੰਡ ਕੇ ਇਨ੍ਹਾਂ ਨੂੰ ਦੋ ਵੱਖਰੀਆਂ ਭਾਸ਼ਾਵਾਂ ਦੇ ਤੌਰ ਤੇ ਸਥਾਪਿਤ ਕਰਨ ਦਾ ਦਵੈਤਵਾਦੀ ਸਿੱਧਾਂਤ ਪ੍ਰਸਤੁਤ ਕੀਤਾ ਹੈ । ਗ੍ਰੀਅਰਸਨ ਅਨੁਸਾਰ ਲਹਿੰਦਾ ਬਾਹਰਲੇ ਚੱਕਰ (outer circle) ਦੀ ਭਾਸ਼ਾ ਹੈ ਜਦ ਕਿ ਪੰਜਾਬੀ ਅੰਦਰਲੇ ਚੱਕਰ (inner circle) ਦੀ ਭਾਸ਼ਾ ਹੈ । ਇਸ ਤਰ੍ਹਾਂ ਵੱਖ ਵੱਖ ਪੰਜਾਬੀ-ਭਾਸ਼ਾਵਾਂ ਕਾਇਮ ਹੁੰਦੀਆਂ ਹਨ, ਅਤੇ ਇਸ ਲਈ ਦੋਹਾਂ ਪੰਜਾਬੀ-ਭਾਸ਼ਾਵਾਂ ਦੀਆਂ ਸ੍ਰੋਤ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਵੀ ਵੱਖ ਵੱਖ ਪੇਸ਼ ਹੁੰਦੀਆਂ ਹਨ । ਇਸ ਖੋਜ-ਪ੍ਰਕ੍ਰਿਆ ਅਧੀਨ ਪੰਜਾਬੀ ਭਾਸ਼ਾ ਦੀ ਸਰੋਤ-ਸੰਬੰਧੀ ਵਿਕਾਸ-ਸਥਿਤੀ ਦੇ ਸੰਦਰਭ ਵਿਚ ਡਾ. ਗ੍ਰੀਅਰਸਨ ਨੇ ਪ੍ਰਾਚੀਨ ਸੰਜੁਗਤ ਪੰਜਾਬ ਦੀ ਭਾਸ਼ਾਈ-ਇਤਿਹਾਸਿਕ ਸਥਿਤੀ ਦਾ ਨਿਰਾਲਾ ਵਿਸ਼ਲੇਸ਼ਣ ਪੇਸ਼ ਕੀਤਾ ਹੈ । ਪ੍ਰਾਚੀਨ ਪੰਜਾਬ ਵਿਚ ਜਿਹੜੀਆਂ ਜਿਹੜੀਆਂ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਵਧੀਆਂ-ਫੁੱਲੀਆਂ ਅਤੇ ਲੋਪ ਹੋ ਗਈਆਂ ਉਨ੍ਹਾਂ ਸਾਰੀਆਂ ਬਾਰੇ ਗ੍ਰੀਅਰਸਨ ਦਾ ਇਹ ਹੇਠਾਂ ਅੰਕਿਤ ਉਲੇਖ ਵੇਖਣ-ਯੋਗ ਹੈ :

"ਇਹ ਸਾਰਾ ਪੰਜਾਬ ਇਕ ਅਜਿਹਾ ਪ੍ਰਾਂਤ ਰਿਹਾ ਹੈ ਜਿਥੇ ਬਿਲਕੁਲ ਵੱਖੋ-ਵੱਖਰੀਆ ਦੋ ਭਾਰਤੀ ਆਰੀਆ ਭਾਸ਼ਾਵਾਂ ਦਾ ਆ ਕੇ ਸੁਮੇਲ ਹੋਇਆ ਹੈ । ਇਕ ਪਾਸੇ ਦਾਰਦਿਕ (ਪੈਸ਼ਾਚੀ) ਭਾਸ਼ਾ ਦੁਆਰਾ ਪੂਰੀ ਤਰ੍ਹਾਂ ਪ੍ਰਭਾਵਿਤ ਪ੍ਰਾਚੀਨ ਬਾਹਰਵਰਤੀ (outer circle) ਭਾਸ਼ਾ ਸੀ ਜਿਸ ਦਾ ਸਿੰਧ-ਵਾਦੀ ਤੋਂ ਚਲ ਕੇ ਪੂਰਬੀ ਭਾਰਤ ਵੱਲ ਵਿਸਤਾਰ ਹੋਇਆ ਅਤੇ ਦੂਜੇ ਪਾਸੇ ਆਧੁਨਿਕ ਪੱਛਮੀ ਹਿੰਦੀ ਦੀ ਜਨਨੀ (ਸ਼ੌਰਸੈਨੀ) ਪ੍ਰਾਚੀਨ ਮੱਧਦੇਸ਼ੀ ਭਾਸ਼ਾ ਸੀ ਜਿਸ ਦਾ ਯਮੁਨਾ ਵਾਦੀ ਤੋਂ ਚਲ ਕੇ ਪੱਛਮ (ਪੱਛਮੀ ਪੰਜਾਬ) ਵੱਲ ਵਿਸਤਾਰ ਹੋਇਆ। ਇਸ ਤਰ੍ਹਾਂ ਪੁਰਾਣੀਆਂ ਭਾਸ਼ਾਵਾਂ ਦੀਆਂ ਇਹ ਦੋਵੇਂ ਲਹਿਰਾਂ ਪੰਜਾਬ ਵਿਚ ਆ ਕੇ ਇਕ ਦੂਜੀ ਨਾਲ ਘੁਲਮਿਲ ਗਈਆਂ । ਪੂਰਬੀ ਪੰਜਾਬੀ ਵਿਚ ਪ੍ਰਾਚੀਨ ਲਹਿੰਦਾ ਸਮੇਤ ਪੈਸ਼ਾਚੀ (ਦਾਰਦਿਕ) ਭਾਸ਼ਾ ਦੀ ਲਹਿਰ ਖ਼ਤਮ ਹੋਈ ਅਤੇ ਪ੍ਰਾਚੀਨ ਪੱਛਮੀ ਹਿੰਦੀ ਦਾ ਗ਼ਲਬਾ ਸਥਾਪਿਤ ਹੋਇਆ । ਇਸ ਸੁਮੇਲ ਦੇ ਨਤੀਜੇ ਵਜੋਂ ਜਿਹੜੀ ਭਾਸ਼ਾ ਹੋਂਦ ਵਿਚ ਆਈ ਉਹ ਪੰਜਾਬੀ (ਪੂਰਬੀ ਪੰਜਾਬੀ) ਸੀ । ਦੂਜੇ ਬੰਨੇ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਿਚ ਪ੍ਰਾਚੀਨ ਪੱਛਮੀ ਹਿੰਦੀ ਦੀ ਲਹਿਰ ਲਗਭਗ ਖ਼ਤਮ ਹੋਈ ਅਤੇ ਪ੍ਰਾਚੀਨ ਲਹਿੰਦਾ ਭਾਸ਼ਾ ਦਾ ਗ਼ਲਬਾ ਸਥਾਪਿਤ ਹੋਇਆ । ਇਸ ਸੁਮੇਲ ਦੇ ਨਤੀਜੇ ਵਜੋਂ ਜਿਹੜੀ ਭਾਸ਼ਾ ਹੋਂਦ ਵਿਚ ਆਈ ਉਹ ਆਧੁਨਿਕ ਲਹਿੰਦਾ (ਪੱਛਮੀ ਪੰਜਾਬੀ ਭਾਸ਼ਾ) ਸੀ । ਲਹਿੰਦਾ ਬਾਹਰਵਰਤੀ ਘੇਰੇ ਦੀ ਭਾਸ਼ਾ ਹੈ ਜਿਸ ਉੱਤੇ ਪੈਸ਼ਾਚੀ (ਦਾਰਦਿਕ) ਦਾ ਬਹੁਤ ਜ਼ਿਆਦਾ ਪ੍ਰਭਾਵ ਹੈ ਅਤੇ ਜਿਸ ਵਿਚ ਪ੍ਰਾਚੀਨ ਪੱਛਮੀ ਹਿੰਦੀ ਦੇ ਨਿਸ਼ਾਨ ਵੀ ਉਪਲਬਧ ਹਨ । ਵਾਸਤਵ ਵਿਚ, ਲਹਿੰਦਾ (ਪੱਛਮੀ ਪੰਜਾਬੀ) ਇਕ ਪੈਸ਼ਾਚੀ (ਦਾਰਦਿਕ) ਭਾਸ਼ਾ ਹੀ ਕਹੀ ਜਾ ਸਕਦੀ ਹੈ ਜਿਸ ਵਿਚ ਪੱਛਮੀ ਹਿੰਦੀ ਦਾ ਲਾਗ-ਲਗਾਉ ਹੈ ਅਤੇ ਪੰਜਾਬੀ, ਪੱਛਮੀ ਹਿੰਦੀ ਦਾ ਰੂਪ ਹੈ ਜਿਸ ਵਿਚ ਦਾਰਦਿਕ (ਪੈਸ਼ਾਚੀ) ਦਾ ਅਸਰ ਹੈ । ਇਸ ਵਿਵਰਣ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਕਿਸੇ ਸਮੇਂ ਸਾਰੇ ਪੰਜਾਬ ਵਿਚ ਇਕ ਮਿਸ਼ਰਿਤ ਭਾਸ਼ਾ, ਆਂਸ਼ਿਕ ਤੌਰ ਤੇ ਪੈਸ਼ਾਚੀ (ਦਾਰਦਿਕ) ਛਾਈ ਹੋਈ ਸੀ, ਪਰ ਕਿਸੇ ਦਬਾਉ ਹੇਠ ਜਾ ਹੋਰ ਕਿਸੇ ਕਾਰਣ ਕਰਕੇ ਮੱਧਦੇਸ਼ ਦੇ ਨਿਵਾਸੀਆਂ ਨੇ ਹੌਲੀ ਹੌਲੀ ਪੰਜਾਬ ਨੂੰ ਆਪਣੇ ਅਧੀਨ ਕਰ ਲਿਆ ਅਤੇ ਉਨ੍ਹਾਂ ਉੱਤੇ ਆਪਣੀ ਭਾਸ਼ਾ ਥੋਪ ਦਿੱਤੀ । ਇਸ ਘਟਨਾ-ਤੱਥ ਨੂੰ ਛੱਡ ਕੇ ਹੋਰ ਕਿਸੇ ਵੀ ਢੰਗ ਨਾਲ ਪੂਰਬੀ ਪੰਜਾਬ ਦੀ ਮਿਸ਼ਰਿਤ ਭਾਸ਼ਾ ਦੇ ਮੁਹਾਦਰੇ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ । ਇਸ ਮਿਸ਼ਰਣ ਦਾ ਇਕ ਨਤੀਜਾ ਤਾਂ ਇਹ ਹੈ ਕਿ ਲਹਿੰਦਾ ਤੇ ਪੰਜਾਬੀ ਦੇ ਦਰਮਿਆਨ ਕੋਈ ਨਿਸ਼ਚਿਤ ਵੰਡ-ਲਕੀਰ ਖਿੱਚਣੀ ਅਸਲੋਂ ਹੀ ਅਸੰਭਵ ਹੈ । ਹਾਂ, ਸਹੂਲਤ ਲਈ, 74 ਡਿਗਰੀ ਪੂਰਬੀ ਲਾਂਗੀਚਿਊਡ ਨੂੰ ਹੀ ਤਕਰੀਬਨ ਰਵਾਇਤੀ ਸਰਹੱਦ ਮਿਥਿਆ ਜਾ ਸਕਦਾ ਹੈ । ਇਕ ਹੋਰ ਵੀ ਤੱਥ ਸਾਫ਼ ਸਾਫ਼ ਜ਼ਿਆਹਿਰ ਹੁੰਦਾ ਹੈ ਕਿ ਬਹੁਤ ਸਾਰੀ ਲਹਿੰਦਾ ਭਾਸ਼ਾ ਪੂਰਬੀ ਪੰਜਾਬ ਵਲ ਮਿਲਦੀ ਹੈ ਅਤੇ ਏਸੇ ਤਰ੍ਹਾਂ ਬਹੁਤ ਸਾਰੀ ਪੰਜਾਬੀ ਭਾਸ਼ਾ ਪੱਛਮੀ ਪੰਜਾਬ ਵਲ ਵੀ ਉਪਲਬਧ ਹੁੰਦੀ ਹੈ ।" [ਗ੍ਰੀਅਰਸਨ : 1927 : 118]

ਗ੍ਰੀਅਰਸਨ ਦੀ ਇਸ ਥਿਊਰੀ ਨੇ ਪੰਜਾਬੀ ਭਾਸ਼ਾ ਨੂੰ ਦੋ ਅਲਗ ਅਲਗ ਟੋਟਿਆਂ ਵਿਚ ਵੰਡ ਦਿੱਤਾ । ਇਕ "ਟੋਟਾ" ਲਹਿੰਦਾ ਬਣ ਗਿਆ ਅਤੇ ਦੂਜਾ "ਟੋਟਾ" ਪੰਜਾਬੀ ਬਣਾ ਦਿੱਤਾ । ਇਸ ਦੇ ਕਾਰਣ ਪੱਛਮੀ ਪੰਜਾਬੀ (ਲਹਿੰਦਾ) ਖ਼ਾਸ ਪੰਜਾਬੀ ਤੋਂ ਤਾਂ ਗ਼ੈਰ ਤੇ ਓਪਰੀ ਹੋ ਗਈ ਅਤੇ ਉਹ ਉੜੀਆ, ਅਸਾਮੀ, ਬੰਗਾਲੀ ਦੀ ਸਿੱਧੀ ਭੈਣ ਬਣ ਗਈ। ਪੰਜਾਬੀ ਤੇ ਪੱਛਮੀ ਪੰਜਾਬੀ ਦੇ ਦਰਮਿਆਨ ਵੰਡ-ਰੇਖਾ ਸਥਾਪਿਤ ਕਰਨ ਵਾਲਾ ਗ੍ਰੀਅਰਸਨ ਦਾ ਇਹੋ ਦਵੈਤਵਾਦੀ ਸਿੱਧਾਂਤ ਹੈ ।

ਸ਼ੁਰੂ ਸ਼ੁਰੂ ਵਿਚ ਕਈਆ ਭਾਸ਼ਾ-ਵਿਦਵਾਨਾਂ ਨੇ ਗ੍ਰੀਅਰਸਨ ਦੇ ਇਸ ਦੁਫਾੜ-ਵਾਦੀ ਦਵੈਤ-ਸਿੱਧਾਤ ਦੀ ਪੁਸ਼ਟਤਾ ਕੀਤੀ। ਇਨ੍ਹਾਂ ਵਿਦਵਾਨਾਂ ਵਿਚ ਬਾਬੂ ਰਾਮ ਸਕਸੇਨਾ (ਹਿੰਦੀ), ਪੀ ਡੀ ਗੁਣੇ (ਮਰਾਠੀ), ਡਾ. ਬਨਾਰਸੀਦਾਸ ਜੈਨ ਤੇ ਡਾ. ਵਿਦਿਆ ਭਾਸਕਰ ਅਰੁਣ (ਪੰਜਾਬੀ) ਜ਼ਿਕਰਯੋਗ ਹਨ। ਪਰੰਤੂ ਆਮ ਤੌਰ ਤੇ ਗ੍ਰੀਅਸਨ ਦੇ ਇਸ ਦਵੈਤ-ਆਧਾਰਿਤ ਪੰਜਾਬੀ-ਲਹਿੰਦਾ ਦੁਫਾੜ ਦੀ ਬੜੀ ਤਿਖੀ ਪ੍ਰਤਿਕਿਰਿਆ ਹੋਈ ਅਤੇ ਅਨੇਕ ਵਿਦਵਾਨਾਂ ਨੇ ਸਮਰਥ ਸ਼ਬਦਾਂ ਵਿਚ ਗ੍ਰੀਅਰਸਨ ਦੀ ਇਸ ਮਤ-ਸਥਾਪਨਾ ਦਾ ਸਸ਼ਕਤ ਖੰਡਨ ਕੀਤਾ।

ਸਭ ਤੋਂ ਪਹਿਲਾ ਵਿਸ਼ਵ-ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ (ਬੰਗਾਲੀ) ਨੇ ਗ੍ਰੀਅਰਸਨ ਦੇ ਦੋ ਭਾਸ਼ਾ-ਚਕ੍ਰਾਂ ਦੀ ਕਲਪਨਾ ਨੂੰ ਰੱਦ ਕਰਕੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੇ ਸ਼੍ਰੇਣੀਕਰਣ ਦੇ ਸਿਲਸਿਲੇ ਵਿਚ ਲਹਿੰਦਾ (ਲਹਿੰਦੀ) ਤੇ ਪੂਰਬੀ ਪੰਜਾਬੀ ਨੂੰ ਇੱਕੋ ਹੀ ਉੱਤਰੀ ਵਰਗ (ਉਦੀਚਜ ਵਰਗ) ਵਿਚ ਸ਼ਾਮਲ ਕਰਕੇ ਦੋਹਾਂ ਪੰਜਾਬੀਆ ਦੀ ਮੌਲਿਕ ਸਾਂਝ ਸਥਾਪਿਤ ਕੀਤੀ। ਚੈਟਰਜੀ ਦੀ ਸਿਧਾਂਤਕ ਚਰਚਾ ਦਾ ਵਰਣਨ ਪਿਛਲੇ ਅਧਿਆਵਾਂ ਵਿਚ ਪੇਸ਼ ਕੀਤਾ ਜਾ ਚੁਕਾ ਹੈ। ਇਸ ਤੋਂ ਬਾਅਦ ਅਨੇਕ ਮੰਨੇ-ਪ੍ਰਮੰਨੇ ਭਾਸ਼ਾ-ਚਿੰਤਕਾਂ ਨੇ ਗ੍ਰੀਅਰਸਨ ਦੇ ਇਸ ਦਵੈਤ-ਸੰਕਲਪ ਦੇ ਵਿਰੋਧ ਵਿਚ ਆਪਣੀਆਂ ਸਾਰਥਿਕ ਟਿੱਪਣੀਆਂ ਪ੍ਰਦਾਨ ਕੀਤੀਆਂ ਹਨ। ਇਨ੍ਹਾਂ ਦੇ ਹਵਾਲੇ ਏਥੇ ਪੇਸ਼ ਕੀਤੇ ਜਾਂਦੇ ਹਨ :

(1) *ਡਾ. ਭਾਈ ਜੋਧ ਸਿੰਘ* : "ਲਹਿੰਦੀ ਤੇ ਪੰਜਾਬੀ ਇਕ ਰੁਖ ਦੀਆ ਦੋ ਟਾਹਣੀਆਂ ਹਨ ਜਿਨ੍ਹਾਂ ਉਤੇ ਚੁਗਿਰਦੇ ਦੇ ਅਸਰ ਪੈਣ ਕਰਕੇ ਕੁੱਝ ਫਖੇਵੇਂ ਪ੍ਰਤੀਤ ਹੁੰਦੇ ਹਨ"। ਮੁਖਬੰਧ–ਦੁਨੀ ਚੰਦ੍ਰ : ਪੰਜਾਬੀ ਭਾਸਾ ਦਾ ਵਿਕਾਸ, 1959, ਚੰਡੀਗੜ੍ਹ।

(2) *ਪ੍ਰਿ. ਤੇਜਾ ਸਿੰਘ* : "ਕਈ ਲੋਕ ਗ੍ਰੀਅਰਸਨ ਦੇ ਪਿੱਛੇ ਲਗ ਕੇ ਲਹਿੰਦੇ ਪਾਸੇ ਦੀ ਬੋਲੀ ਨੂੰ ਪੰਜਾਬੀ ਵਿਚੋਂ ਕਢ ਦਿੰਦੇ ਹਨ, ਪਰ ਇਹ ਠੀਕ ਨਹੀਂ। ਲਹਿੰਦੀ, ਪੰਜਾਬੀ ਦਾ ਨਿੱਗਰ ਅੰਗ ਹੈ" "ਸਾਹਿਤ-ਦਰਸ਼ਨ" ਪੰਨਾ 20-21.

(3) *ਡਾ. ਮੋਹਨ ਸਿੰਘ* ਦੀਵਾਨਾ ਦੇ ਅਨੁਸਾਰ ਪੰਜਾਬੀ ਇਕ ਦੇਸ ਭਾਖਿਆ ਜਾਂ ਦੇਸ਼ੀ ਭਾਖਾ ਹੈ ਜੋ ਸਿੰਧ ਤੋਂ ਲੈ ਕੇ ਜਮੁਨਾ ਤਕ ਫੈਲੀ ਹੋਈ ਹੈ। "*A History of Punjabi Literature*, p 111.

(4) *ਹਾਫਿਜ਼ ਮਹਮੂਦ ਸ਼ੀਰਾਨੀ* : "ਮਗਰ ਅਹਲੇ-ਪੰਜਾਬ (ਪੰਜਾਬਵਾਸੀ) ਯਿਹ ਫਰਕ ਤਸਲੀਮ ਨਹੀਂ ਕਰਤੇ। ਉਨਕਾ ਬਯਾਨ ਹੈ ਕਿ ਪੰਜਾਬੀ ਔਰ ਲਹੰਦਾ ਏਕ ਹੀ ਚੀਜ਼ ਹੈ। ਮਗਰਬੀ (ਪੱਛਮੀ) ਔਰ ਮਸ਼ਰਕੀ (ਪੂਰਬੀ) ਜ਼ਬਾਨ ਮੇਂ ਜੋ ਫ਼ਰਕ ਹੈ ਵੁਹ ਅਸੂਲੀ ਨਹੀਂ ਹੈ ਬਲਕਿ ਜ਼ਿਲ੍ਹਾ ਜ਼ਿਲ੍ਹਾ ਕੀ ਮੁਕਾਮੀ ਖ਼ਸੂਸੀਆਤ (ਸਥਾਨਕ ਵਿਸ਼ੇਸ਼ਤਾਵਾ) ਕੀ ਬਿਨੌਂ (ਆਧਾਰ) ਪਰ ਹੋਤਾ ਚਲਾ ਗਯਾ ਹੈ। ਔਰ ਯਹ ਤਕਸੀਮ ਹਰ ਹਾਲ ਮੇਂ ਨਾਜਾਇਜ਼ ਹੈ।"

"ਪੰਜਾਬ ਮੇਂ ਉਰਦੂ" ਸਫਾ 81, ਲਾਹੌਰ [1956].

(5) *ਡਾ. ਹਰਕੀਰਤ ਸਿੰਘ* : "ਪਰ ਅਜਿਹੇ ਫਰਕ ਹੁੰਦਿਆਂ ਹੋਇਆਂ ਵੀ ਇੰਨੀ ਸਾਂਝ ਮੌਜੂਦ ਹੈ ਕਿ ਇਨ੍ਹਾ ਨੂੰ ਇਕੋ ਭਾਸ਼ਾ (ਪੰਜਾਬੀ) ਦੇ ਦੋ ਰੂਪ (ਅਥਵਾ ਦੋ ਉਪ-ਭਾਸਾਵਾਂ) ਮੰਨਣਾ ਵਿਗਿਆਨਿਕ ਪੱਖ ਤੋਂ ਵੀ ਬਿਲਕੁਲ ਠੀਕ ਹੈ।" *ਭਾਸ਼ਾ ਤੇ ਭਾਸ਼ਾ-ਵਿਗਿਆਨ* [1974], ਪੰਨਾ 173, ਦਿੱਲੀ।

(6) *ਪਿਆਰਾ ਸਿੰਘ ਪਦਮ* : "ਲਹਿੰਦੇ ਦੀਆਂ ਉਪ-ਭਾਖਾਵਾਂ ਜ਼ਰੂਰ ਪੰਜਾਬੀ ਦਾ ਅੰਗ ਹਨ ਕਿਉਂਕਿ ਉਨ੍ਹਾਂ ਦਾ ਸ਼ਬਦ-ਭੰਡਾਰ ਪੰਜਾਬੀ ਨਾਲ ਰਲਦਾ ਹੈ, ਕੇਵਲ ਉੱਚਾਰਣ ਨੇ ਉਨ੍ਹਾਂ ਦਾ ਮੁਹਾਂਦਰਾ ਬਦਲਿਆ ਹੈ" *ਪੰਜਾਬੀ ਬੋਲੀ ਦਾ ਇਤਿਹਾਸ*, ਪੰਨਾ 321

ਹਵਾਲੇ ਤੇ ਟਿੱਪਣੀਆਂ

1. "The whole Panjab is the meeting ground of two entirely distinct Indo-Aryan languages, –viz., the old Outer language strongly influenced by Dardic, if not actually Dardic, which expanded from the Indus Valley eastwards, and the old Midland language, the parent of modern western Hindi, which expanded from the Jamna Valley westwards. In the Panjab they overlapped. In the eastern Panjab, the wave of Dardic with old Lahnda had nearly exhausted itself, and the old western Hindi had the mastery, the resulting language being the modern Lahnda. The latter language is therefore in the main an Outer language, strongly influenced by Dardic, but bearing traces of the old western Hindi. Such traces are much more numerous, and of much greater inportance, in Panjabi. Lahnda may almost be described as a Dardic language infected by western Hindi, while Panjabi is a form of western Hindi infected by Dardic. This linguistic condition leads us to the conclusion that a mixed language, mainly Outer, but partly Dardic, once extended over the whole Panjab, and that the inhabitants of the Midland, through pressure of population or for some other reason, gradually took possession of the Panjab, and partly imposed their own language on the inhabitants. In no other way can the nature of the mixed language of the eastern Panjab be explained. One result of this mixture is that it is quite impossible to mark any definite boundary line between Panjabi and Lahnda, and if, for convenience sake, we take the degree of 74° east longitude as an approximate conventional frontier, it is to be clearly understood that much that is very like Lahnda will be found to its east, and much that is very like Panjabi to its west."
(Grierson, G. (1927), *Linguisic Survey of India*, Vol I, part I, page 126, Reprint 1977, N. Delhi)

ਅਧਿਆਏ 7 : 3

ਹਰਦੇਵ ਬਾਹਰੀ ਦੁਆਰਾ ਗ੍ਰੀਅਰਸਨ ਦੇ ਦੁਫਾੜਵਾਦ ਦਾ ਖੰਡਨ

ਲਹਿੰਦੀ ਤੇ ਪੰਜਾਬੀ ਦੇ ਵੰਡ-ਵਿਤਕਰੇ ਵਾਲੀ ਚਰਚਾ ਵਿਚ ਪ੍ਰਮੁਖ ਨਾਮ ਡਾ. ਹਰਦੇਵ ਬਾਹਰੀ ਦਾ ਹੈ। ਡਾ. ਬਾਹਰੀ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜੰਮਪਲ, ਲਹਿੰਦੀ ਦੇ ਸਥਾਪਿਤ ਭਾਸ਼ਾ-ਵਿਗਿਆਨੀ ਅਤੇ ਦੇਸ-ਵੰਡ ਉਪਰੰਤ ਪੂਰਬੀ ਪੰਜਾਬੀ ਦੇ ਵਿਦਵਾਨ ਹਨ। ਡਾ. ਬਾਹਰੀ ਨੇ ਗ੍ਰੀਅਰਸਨ ਦੇ ਦੁਫਾੜਵਾਦੀ ਸਿਧਾਂਤ ਨੂੰ ਰੱਦ ਕਰਕੇ ਲਹਿੰਦੀ ਤੇ ਪੰਜਾਬੀ ਦੀਆਂ ਮੌਲਿਕ ਸਾਂਝਾਂ ਨੂੰ ਪ੍ਰਮਾਣਿਤ ਕਰਨ ਦੇ ਉਦੇਸ਼ ਨਾਲ ਦੋਹਾਂ ਦਾ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ। ਡਾ. ਬਾਹਰੀ ਦਾ ਸੰਰਚਨਾਤਮਕ ਅਧਿਐਨ ਸਵਿਸਥਾਰ ਪੇਸ਼ ਹੈ [ਹਵਾਲਾ : ਬਾਹਰੀ ਦਾ ਲੇਖ "*ਪੰਜਾਬੀ ਤੇ ਲਹਿੰਦੀ*" ਲੇਖਕ ਸੈਮੀਨਾਰ ਪਟਿਆਲਾ 1958].

ਲਹਿੰਦੀ ਕਿ ਲਹਿੰਦਾ : ਨਾਮਕਰਣ

ਸਭ ਤੋਂ ਪਹਿਲਾਂ ਡਾ. ਬਾਹਰੀ ਨੇ ਗ੍ਰੀਅਰਸਨ ਵਲੋਂ ਵਰਤੇ ਗਏ ਪੱਛਮੀ ਪੰਜਾਬੀ ਦੇ ਨਾਮਕਰਣ "ਲਹਿੰਦਾ" ਨੂੰ ਗਲਤ ਕਰਾਰ ਦਿੱਤਾ ਹੈ ਅਤੇ ਲਹਿੰਦਾ ਦੀ ਥਾਂ ਲਹਿੰਦੀ ਨਾਮ ਠੀਕ ਮੰਨਿਆ ਹੈ ਕਿਉਂਕਿ ਲਹਿੰਦੀ ਸ਼ਬਦ ਭਾਸ਼ਾ ਦਾ ਵਿਸ਼ੇਸ਼ਣ ਹੈ, ਇਸ ਲਈ ਇਹ ਇਸਤ੍ਰੀ ਲਿੰਗ ਵਿਚ "ਲਹਿੰਦੀ" ਹੀ ਬਣਦਾ ਹੈ, ਲਹਿੰਦਾ ਨਹੀਂ। Colin Masica [1991-18] ਨੇ ਵੀ ਕਿਹਾ ਹੈ ਕਿ ਹੁਣ ਭਾਸ਼ਾ-ਵਿਗਿਆਨੀ ਵੀ ਲਹਿੰਦਾ ਨਾਲੋਂ ਲਹਿੰਦੀ ਨੂੰ ਤਰਜੀਹ ਦਿੰਦੇ ਹਨ। ਇਕ ਹੋਰ ਪੱਛਮ ਦੇ ਭਾਸ਼ਾ-ਵਿਗਿਆਨੀ C. Shackle [1980] ਨੇ ਵੀ ਗ੍ਰੀਅਰਸਨ ਵਲੋਂ ਪ੍ਰਸਤੁਤ "ਲਹਿੰਦਾ" ਨਾਮ ਨੂੰ ਵੰਗਾਰਿਆ ਹੈ ਅਤੇ ਲਹਿੰਦੀ ਨਾਮ ਨੂੰ ਸਹੀ ਦੱਸਿਆ ਹੈ। ਰੂਸੀ ਭਾਸ਼ਾ-ਵਿਗਿਆਨੀ ਡਾ. ਸਮਿਰਨੋਵ (U.A. Smirnov, 1970, Moscow) ਨੇ ਵੀ ਗ੍ਰੀਅਰਸਨ ਦੀ ਰੀਸ ਨਾ ਕਰਕੇ The Lahndi Language ਹੀ ਲਿਖਿਆ ਹੈ। ਪਰੰਤੂ ਕਈ ਜ਼ਿਆਦਾਤਰ ਯੂਰਪੀ ਵਿਦਵਾਨ (Grahm Bailey; A. Jukes) ਲਹਿੰਦੀ ਨਾ ਕਹਿ ਕੇ ਪੱਛਮੀ ਪੰਜਾਬੀ ਹੀ ਲਿਖਦੇ ਹਨ।

ਧੁਨੀਆਤਮਕ ਸੰਰਚਨਾ : ਲਹਿੰਦੀ ਤੇ ਪੰਜਾਬੀ ਦੀ ਸਾਂਝ

(1) ਸ਼, ਸ, ਹ ਦਾ ਵਿਕਾਸ : ਲਹਿੰਦੀ ਤੇ ਪੰਜਾਬੀ ਦੋਹਾਂ ਵਿਚ ਸੰਸਕ੍ਰਿਤ ਦੇ /ਸ਼, ਸ/ ਦਾ ਰੂਪਾਤਰਣ ਪਹਿਲਾਂ "ਹ" ਹੋਇਆ ਹੈ ਅਤੇ ਫੇਰ ਸੁਰ (tone) ਵਿਚ ਬਦਲਿਆ ਹੈ। ਲੇਕਿਨ "ਹਿੰਦੀ" ਵਿਚ ਇਹ /ਸ/ ਕਾਇਮ ਹੈ, ਜਿਵੇਂ

ਲਹਿੰਦੀ ਤੇ ਪੰਜਾਬੀ	*ਹਿੰਦੀ*
ਘਾਹ,ਸਾਹ, ਹਾੜ,ਵੀਹ,ਪੰਜਾਹ	ਘਾਸ, ਸਾਂਸ, ਅਸਾੜ,ਬੀਸ,ਪੱਚਾਸ
ਪੀਹਣਾ, ਕੋਹ, ਬਾਹਠ, ਚਾਲ੍ਹੀ	ਪੀਸਨਾ, ਕੋਸ, ਬਾਸਠ, ਚਾਲੀਸ

(2) ਸੰਯੁਕਤ ਵਿਅੰਜਨਾਂ ਦਾ ਦੁੱਤੀਕਰਣ (ਵਿਅੰਜਨ-ਦੀਰਘਤਾ)

ਲਹਿੰਦੀ ਤੇ ਪੰਜਾਬੀ ਵਿਚ ਸੰਸਕ੍ਰਿਤ/ਪ੍ਰਾਕ੍ਰਿਤ ਦੇ ਸੰਯੁਕਤ-ਵਿਅੰਜਨਾਂ (cluster of unidentical elements, consonants) ਦਾ ਅਕਸਰ ਦੁੱਤੀਕਰਣ ਹੋ ਜਾਂਦਾ ਹੈ, ਪਰ ਸੰਯੁਕਤ ਜਾਂ ਦੁੱਤ-ਵਿਅੰਜਨਾਂ ਤੋਂ ਪਹਿਲਾਂ ਹ੍ਰਸਵ ਸਵਰ ਲਹਿੰਦੀ/ਪੰਜਾਬੀ ਵਿਚ ਕਾਇਮ ਰਹਿੰਦਾ ਹੈ, ਪਰ ਹਿੰਦੀ ਵਿਚ ਦੀਰਘ ਹੋ ਜਾਂਦਾ ਹੈ, ਜਿਵੇਂ :

ਪ੍ਰਾਕ੍ਰਿਤ	*ਲਹਿੰਦੀ*	*ਪੰਜਾਬੀ*	*ਹਿੰਦੀ*	*ਸੰਸਕ੍ਰਿਤ*
ਮਥਆ	ਮੱਥਾ	ਮੱਥਾ	ਮਾਥਾ	(मस्तक) ਮਸਤਕ
ਨੱਕ	ਨੱਕ	ਨੱਕ	ਨਾਕ	(नक्र) ਨਕ੍ਰ
ਕਣ	ਕੰਨ	ਕੰਨ	ਕਾਨ	(कर्ण) ਕਰਣ
ਅੱਖਿ	ਅੱਖ	ਅੱਖ	ਆਖ	(अक्षि) ਅਕਸ਼ਿ
ਭੱਤ	ਭੱਤ	ਭੱਤਾ	ਭਾਤ	(भक्त) ਭਕਤ
ਦੁੱਧ	ਦੁੱਧ	ਦੁੱਧ	ਦੂਧ	(दुग्ध) ਦੁਗਧ
ਹੱਥ	ਹੱਥ	ਹੱਥ	ਹਾਥ	(हस्त) ਹਸਤ
ਸੱਪ	ਸੱਪ	ਸੱਪ	ਸਾਂਪ	(सर्प) ਸਰਪ
ਰਿਛ	ਰਿੱਛ	ਰਿੱਛ	ਰੀਛ	(रिक्ष) ਰਿਕਸ਼

(3) ਲਹਿੰਦੀ ਤੇ ਪੰਜਾਬੀ ਵਿਚ ਮੂਰਧਨੀ-ਧੁਨੀਆ (retroflex) ਦੀ ਬਹੁਲਤਾ ਹੈ। ਦੋਹਾ ਵਿਚ ਜਿੱਥੇ ਮੂਰਧਨੀ ਧੁਨੀਆਂ ਕਾਇਮ ਰਹਿੰਦੀਆਂ ਹਨ ਉਥੇ ਹਿੰਦੀ ਵਿਚ /ੜ/ ਵਿਚ ਰੂਪਾਂਤਰ ਹੋ ਜਾਂਦੀਆਂ ਹਨ, ਜਿਵੇਂ :

ਲਹਿੰਦੀ ਤੇ ਪੰਜਾਬੀ		*ਹਿੰਦੀ*
ਵੱਡਾ/ਥੱਡਾ, ਕੌਡੀ, ਉੱਡ ਛਡ, ਗਡੀ	:	ਬੜਾ, ਕੌੜੀ, ਉੜ, ਛੋੜ ਗਾੜੀ
ਡੈਢ/ਡੂਢ, ਢਾਈ, ਸਾਢੇ, ਟੇਢਾ	:	ਡੇਢ੍ਹ, ਅੜ੍ਹਾਈ, ਸਾੜ੍ਹੇ, ਟੇੜ੍ਹਾ

(4) ਲਹਿੰਦੀ ਤੇ ਪੰਜਾਬੀ ਵਿਚ /ਵ/ ਸਥਿਰ ਹੈ, ਪਰ ਹਿੰਦੀ ਵਿਚ ਇਸ ਦਾ ਰੂਪਾਂਤਰ /ਬ/ ਹੈ, ਹੁਣ ਆਧੁਨਿਕ ਹਿੰਦੀ ਵਿਚ "ਵ" ਸੁਰਜੀਤ ਹੋ ਰਿਹਾ ਹੈ। ਉਦਾਹਰਣ :

ਲਹਿੰਦੀ ਤੇ ਪੰਜਾਬੀ (ਟਕਸਾਲੀ)		*ਹਿੰਦੀ*
ਵੱਟਾ, ਵੇਲਾ, ਵੇਲ, ਵੱਸਣਾ,	:	ਬੱਟਾ, ਬੇਲਾ,ਬੇਲ, ਬਸਨਾ
ਵਿਆਹ, ਵਾਛਾਂ, ਵਿਸਾਖ, ਵਸਾਹ	:	ਬਿਆਹ, ਬਾਛੇ,ਬੈਸਾਖ, ਬਿਸ਼ਵਾਸ
ਵਾੜ, ਵੀਹ, ਵਹੀਖਾਤਾ, ਵਿਕਣਾ	:	ਬਾੜ, ਬੀਸ, ਬਹੀਖਾਤਾ, ਬਿਕਨਾ
ਵਿਚ, ਵੱਜਣਾ, ਵਰਤ, ਵਾਣ, ਵਾਲ	:	ਬੀਚ, ਬਜਨਾ, ਬਰਤ, ਬਾਨ, ਬਾਲ

(5) ਸੰਸ. /ਪ੍ਰਾਕਿਤਾਂ ਦੇ ਘੋਸ਼ ਵਿਅੰਜਨ (unvoiced) ਲਹਿੰਦੀ ਪੰਜਾਬੀ ਵਿਚ ਖਾਸ ਵਾਤਾਵਰਣ ਅਧੀਨ ਸਘੋਸ਼ ਬਣ ਜਾਂਦੇ ਹਨ ਪਰ ਹਿੰਦੀ ਵਿਚ ਅਘੋਸ਼ ਵਿਅੰਜਨ ਕਾਇਮ ਰਹਿੰਦੇ ਹਨ : ਜਿਵੇਂ

ਪੰਜਾਬੀ		*ਹਿੰਦੀ*
ਕ → ਗ : ਭਗਤੀ, ਜੁਗਤੀ, ਸਾਗ, ਵਿੰਗਾ	:	ਭਕਤਿ, ਯੁਕਤਿ,ਸ਼ਾਕ, ਬਾਂਕਾ
ਚ → ਜ : ਚੁੰਜ, ਮੰਜਾ,	:	ਚੋਂਚ, ਮੰਚ
ਟ → ਡ : ਕੰਡਾ, ਵੰਡ	:	ਕਾਂਟਾ, ਬਾਂਟ
ਤ → ਦ : ਤੰਦ, ਸੰਗ੍ਰਾਂਦ, ਸਾਂਦ, ਜੰਦਰਾ	:	ਤੰਤੂ, ਸੰਕ੍ਰਾਂਤਿ, ਸ਼ਾਂਤਿ, ਯੰਤ੍ਰ
ਪ → ਬ : ਕਬੂਤਰ	:	ਕਪੋਤ/ਕਬੂਤਰ

ਰੂਪਾਤਮਕ ਸਾਂਝ

ਸ਼ਬਦ-ਨਿਰਮਾਣ ਦੀ ਵਿਧੀ-ਵਿਉਂਤ ਵਿਚ ਕਾਰਜਸ਼ੀਲ ਰੂਪ-ਰਚਨਾਤਮਕ (morphological) ਪਿਛੇਤਰਾਂ ਦਾ ਜੇਕਰ ਵਿਵੇਚਨ ਕਰੀਏ ਤਾਂ ਵੀ ਲਹਿੰਦੀ ਤੇ ਪੰਜਾਬੀ ਵਿਚ ਨੇੜ੍ਹਤਾ ਸਾਬਤ ਹੁੰਦੀ ਹੈ। ਭਾਵ-ਵਾਚਕ ਪਿਛੇਤਰਾਂ ਦਾ ਸਰੂਪ ਤੇ ਵਰਤੋਂ ਲਹਿੰਦੀ ਤੇ ਪੰਜਾਬੀ ਵਿਚ ਸਾਂਝੀ ਹੈ, ਲੇਕਿਨ ਹਿੰਦੀ ਵਿਚ ਰੂਪਾਂਤਮਕ ਵਿਉਂਤ ਦੋਹਾਂ ਤੇ ਨਿਖੜਵੀਂ ਹੈ। ਕੁਝ ਮਿਸਾਲਾਂ ਪੇਸ਼ ਹਨ :

	ਲਹਿੰਦੀ ਤੇ ਪੰਜਾਬੀ	*ਹਿੰਦੀ*
(6)	{-ਇਆਈ} : ਵਡਿਆਈ, ਚੰਗਿਆਈ, ਸਚਿਆਈ (-ਆਈ) :	ਬੜਾਈ, ਚੰਗਾਈ, ਸੱਚਾਈ
	{ਤਣ} : ਕੁੜੱਤਣ, ਪੀਲੱਤਣ, ਕਾਲਤੱਣ (-ਪਨ) :	ਕੜਵਾਪਨ, ਪੀਲਾਪਨ, ਕਾਲਾਪਨ

ਵਿਸ਼ੇਸ਼ਣੀ ਪਿਛੇਤਰ

(7)	{-ਲਾ} : ਬਾਹਰਲਾ, ਅੰਦਰਲਾ, ਉਪਰਲਾ, ਪਰਲਾ	ਬਾਹਰੀ, ਅੰਦਰਕਾ, ਊਪਰੀ, ਪਰੇਕਾ,
	ਵਿਚਕਾਰਲਾ, ਲਾਗਲਾ, ਅਖੀਰਲਾ	ਬੀਚ ਕਾ, ਨਜੀਕਕਾ, ਅਖੀਰੀ

ਵਿਆਕਰਣਿਕ ਸਾਂਝ

(8) ਵਰਤਮਾਨ ਕ੍ਰਿਦੰਤ : ਲਹਿੰਦੀ ਤੇ ਪੰਜਾਬੀ ਵਿਚ ਵਰਤਮਾਨ ਕ੍ਰਿਦੰਤ ਦਾ-ਅੰਤਕ ਹੈ ਪਰ ਹਿੰਦੀ ਵਿਚ ਤਾ/ਤ-ਅੰਤਕ ਹੈ, ਜਿਵੇਂ :

ਪੰਜਾਬੀ-ਕਰਦਾ, ਖਾਂਦਾ, ਜਾਂਦਾ, ਪੀਂਦਾ

ਹਿੰਦੀ-ਕਰਤਾ, ਖਾਤਾ, ਜਾਤਾ, ਪੀਤਾ (ਜਾਤ, ਕਰਤ ਆਦਿ)

(9) ਭੂਤ-ਕ੍ਰਿਦੰਤ : (ੳ) ਲਹਿੰਦੀ ਪੰਜਾਬੀ ਵਿਚ ਭੂਤ- ਕ੍ਰਿਦੰਤ ਇਆ-ਅੰਤਕ ਹੈ ਜਦ ਕਿ ਹਿੰਦੀ ਵਿਚ ਆ-ਅੰਤਕ ਹੈ :

ਪੰਜਾਬੀ : ਆਇਆ, ਲਿਖਿਆ, ਜਾਗਿਆ, ਪੜ੍ਹਿਆ

ਹਿੰਦੀ : ਆਯਾ, ਲਿਖਾ, ਜਾਗਾ, ਪੜ੍ਹਾ

(ਅ) ਲਹਿੰਦੀ ਤੇ ਪੰਜਾਬੀ ਵਿਚ ਭੂਤ-ਕ੍ਰਿਦੰਤ ਸੰਸਕ੍ਰਿਤ ਦੀ ਤਰ੍ਹਾਂ ਤ-ਅੰਤਕ ਬਹੁਤ ਵੱਡੀ ਮਾਤਰਾ ਵਿਚ ਹਨ ਖ਼ਾਸ ਕਰਕੇ ਲਹਿੰਦੀ ਵਿਚ, ਪਰ ਹਿੰਦੀ ਵਿਚ ਤ-ਅੰਤਕ ਦੀ ਅਣਹੋਂਦ ਹੈ, ਜਿਵੇਂ

ਪੰਜਾਬੀ : ਲਹਿੰਦੀ-ਕੀਤਾ, ਸੁੱਤਾ, ਪੀਤਾ, ਦਿੱਤਾ, ਨ੍ਹਾਤਾ

ਹਿੰਦੀ : ਕੀਯਾ, ਸੋਯਾ, ਪੀਯਾ, ਦੀਯਾ, ਨ੍ਹਾਯਾ

ਸੰਸਕ੍ਰਿਤ : कृतः, सुप्तः, पीतः, दत्तः, स्नातः

(10) ਲਹਿੰਦੀ ਤੇ ਪੰਜਾਬੀ ਦੇ ਵਿਸ਼ੇਸ਼ਣ ਵਾਕਾਤਮਕ ਪ੍ਰਯੋਗ ਵਿਚ ਵਿਸ਼ੇਸ਼ਾਂ ਦੇ ਲਿੰਗ, ਵਚਨ ਅਨੁਸਾਰ ਚਲਦੇ ਹਨ ਜਦ ਕਿ ਹਿੰਦੀ ਵਿਚ ਇਹ ਪ੍ਰਵਿਰਤੀ ਨਹੀਂ ਹੈ, ਹਾਂ ਸੰਸਕ੍ਰਿਤ ਦੀ ਵਾਕਾਤਮਕ ਰਚਨਾ ਵਿਚ ਵਿਸ਼ੇਸ਼ਣ, ਵਿਸ਼ੇਸ਼ ਦੇ ਅਨੁਸਾਰੀ ਹੁੰਦੇ ਹਨ, ਜਿਵੇਂ

ਲਹਿੰਦੀ ਤੇ ਪੰਜਾਬੀ		*ਹਿੰਦੀ*	
ਇ. ਵ.	ਬ. ਵ.	ਇ. ਵ.	ਬ. ਵ.
ਨਿੱਕੀ ਕੁੜੀ	ਨਿੱਕੀਆਂ ਕੁੜੀਆਂ	ਛੋਟੀ ਲੜਕੀ	ਛੋਟੀ ਲੜਕਿਯਾਂ
ਨਿੱਕੇ ਮੁੰਡੇ ਨੂੰ	ਨਿੱਕਿਆਂ ਮੁੰਡਿਆਂ ਨੂੰ	ਛੋਟੇ ਲੜਕੇ ਕੋ	ਛੋਟੇ ਲੜਕੋਂ ਕੋ

ਲਹਿੰਦੀ ਤੇ ਪੰਜਾਬੀ ਦੇ ਵਖਰੇਵੇਂ

ਲਹਿੰਦੀ ਤੇ ਪੰਜਾਬੀ ਵਿਚ ਕੁਝ ਭੇਦ ਤੇ ਵਖਰੇਵੇਂ ਵੀ ਹਨ ਜੋ ਬਹੁਤਾ ਕਰਕੇ ਉਪ-ਭਾਸ਼ਾਈ ਵਖਰੇਵੇਂ ਹੀ ਕਹੇ ਜਾ ਸਕਦੇ ਹਨ। ਪ੍ਰਮੁਖ ਭੇਦ ਇਹ ਹਨ– (1) ਸਘੋਸ਼ ਮਹਾਂਪ੍ਰਾਣ ਧੁਨੀਆਂ ਲਹਿੰਦੀ ਵਿਚ ਕਾਇਮ ਹਨ, ਜਦੋਂ ਕਿ ਇਹ ਪੰਜਾਬੀ ਵਿਚ ਸੁਰਾਤਮਕ ਹੋ ਗਈਆਂ ਹਨ। (2) ਪੰਜਾਬੀ ਵਿਚ ਮੱਧਵਰਤੀ ਸੁਰ ਨੂੰ ਨਾਸਿਕੀ ਕੀਤਾ ਜਾਂਦਾ ਹੈ ਅਤੇ ਲਹਿੰਦੀ ਵਿਚ ਵਿਚਕਾਰਲਾ ਸੁਰ ਨਿਰਨਾਸਿਕ ਰਹਿੰਦਾ ਹੈ : ਜਿਵੇਂ ਪੰਜਾਬੀ : ਸੰਘ, ਪੀਂਘ, ਲੰਘ, ਕੰਘੀ ਅਤੇ ਲਹਿੰਦੀ : ਸਘ, ਪੀਘ, ਲਘ, ਕਘੀ। (3) ਸੰਸਕ੍ਰਿਤ ਦਾ "ਤ੍ਰ" ਲਹਿੰਦੀ ਵਿਚ ਅਮੂਮਨ ਕਾਇਮ ਹੈ ਪਰ ਪੰਜਾਬੀ ਵਿਚ "ਰ" ਦਾ ਲੋਪ ਹੋ ਜਾਂਦਾ ਹੈ ਜਿਵੇਂ : ਲਹਿੰਦੀ - ਮੂਤਰ, ਪੋਤਰਾ, ਪੈਂਤਰੀ, ਤਰੇਹ, ਬੱਤਰੀ। ਪੰਜਾਬੀ -ਮੂਤ, ਪੋਤਾ, ਪੈਂਤੀ, ਤੇਹ, ਬੱਤੀ। (4) ਲਹਿੰਦੀ ਵਿਚ ਆਦਿ-ਸੁਰ ਨਾਲ "ਹ" ਦਾ ਆਗਮ ਹੁੰਦਾ ਹੈ, ਇਸ ਨੂੰ epenthesis ਕਿਹਾ ਜਾਂਦਾ ਹੈ ਪਰ ਪੰਜਾਬੀ ਵਿਚ ਆਦਿਸੁਰਾਗਮ ਨਹੀਂ ਹੁੰਦਾ, ਮਸਲਨ--ਹਿੱਕ, ਹਿੰਜ, ਹਿੱਥੇ, ਹਿਕੱਲਾ। ਪਰ ਪੰਜਾਬੀ -ਇੱਕ, ਇੰਜ, ਇਥੇ, ਇਕੱਲਾ। (5) ਲਹਿੰਦੀ ਦੇ ਭਵਿਖਤ-ਕਾਲੀ ਰੂਪ ਪੰਜਾਬੀ ਨਾਲੋਂ ਵਖਰੇ ਹਨ, ਜਿਵੇਂ ਲਹਿੰਦੀ-ਕਰਸਾਂ, ਕਰਸੀ, ਕਰਸਨ। ਪੰਜਾਬੀ –ਕਰਾਂਗਾ ਕਰੇਗਾ, ਕਰਨਗੇ।

ਬਾਹਰੀ ਦੀ ਸਥਾਪਨਾ

ਲਹਿੰਦੀ ਅਤੇ ਪੰਜਾਬੀ ਦੀ ਭਾਸ਼ਾਤਮਕ ਸਾਂਝ ਦੇ ਵਰਣਨ ਤੇ ਵਿਵੇਚਨ ਤੋਂ ਇਹ ਤੱਥ ਉਭਰਦਾ ਹੈ ਕਿ ਅਸੀਂ ਪੰਜਾਬੀ ਤੇ ਲਹਿੰਦੀ ਬੋਲਣ ਵਾਲੇ ਜਾਣਦੇ ਹਾਂ ਕਿ ਪੰਜਾਂ ਦਰਿਆਵਾਂ ਦੇ ਇਸ ਭੂ-ਖੰਡ ਦੀ ਭਾਸ਼ਾ ਇਕੋ ਹੈ, ਦੋ ਭਾਸ਼ਾਵਾਂ ਦਾ ਵਿਚਾਰ ਕਰਨਾ ਹਕੀਕਤ ਤੋਂ ਬਹੁਤ ਦੂਰ ਹੈ। ਇਸ ਤੋਂ ਉੱਤੇ ਹੋਰ ਕੀ ਪ੍ਰਮਾਣ ਦਿੱਤਾ ਜਾ ਸਕਦਾ ਹੈ ਕਿ ਲਹਿੰਦੀ ਤੇ ਪੂਰਬੀ ਪੰਜਾਬੀ ਵਿਚ ਬੋਲੀ (ਉਪ-ਬੋਲੀ) ਦਾ ਭੇਦ ਤਾਂ ਹੈ ਪਰ ਇਹ ਕਹਿਣਾ ਅਤਿਆਚਾਰ ਦੇ ਬਰਾਬਰ ਹੋਵੇਗਾ ਕਿ ਇਹ ਦੋਵੇਂ ਵਖੋ ਵਖ ਭਾਸ਼ਾਵਾਂ ਹਨ [ਬਾਹਰੀ : 1958]। ਲਹਿੰਦੀ ਵੀ ਤਾਂ ਪੰਜਾਬੀ ਹੈ, ਤੇ ਮੈਂ ਸਦਾ ਇਹੋ ਮੰਨਦਾ ਤੇ ਕਹਿੰਦਾ ਆ ਰਿਹਾ ਹਾਂ... ਲਹਿੰਦੀ ਪੰਜਾਬੀ ਦੀ ਇਕ ਉਪ-ਭਾਸ਼ਾ ਹੈ। ਲਹਿੰਦੀ ਤੇ ਪੂਰਬੀ ਪੰਜਾਬੀ ਦਾ ਘਣਾ ਮੇਲ ਹੈ। ਦੋਵੇਂ ਪੰਜਾਬੀ ਦੇ ਰੂਪ ਹਨ ਤੇ ਇਹਨਾਂ ਵਿਚ ਜੋ ਅੰਤਰ ਹੈ ਉਹ ਐਨਾ ਹੈ ਜਿੰਨਾ ਕਿਸੇ ਵੀ ਭਾਸ਼ਾ ਦੀਆਂ ਦੋ ਬੋਲੀਆਂ ਵਿਚ ਹੋ ਸਕਦਾ ਹੈ। ਲਹਿੰਦੀ ਤੇ ਪੰਜਾਬੀ ਦਾ ਭੇਦ ਬਹੁਤ ਕੁਝ ਉੱਚਾਰਣ ਦਾ ਹੈ। ਲਹਿੰਦੀ ਬੋਲਣ ਵਾਲਾ ਪੰਜਾਬੀ ਬੋਲਣ ਵਾਲੇ ਨਾਲ ਗੱਲ-ਕੱਥ ਕਰਕੇ ਅਨੁਭਵ ਕਰਦਾ ਹੈ ਜੋ ਸਾਡੀਆਂ ਬੋਲੀਆਂ ਦਾ ਮੁਖ ਭੇਦ ਲਹਿਜੇ ਮਾਤਰ ਦਾ ਹੈ। ਪੰਜਾਬੀ ਸਾਹਿੱਤ ਦਾ ਆਰੰਭ ਲਹਿੰਦੀ ਵਿਚ ਹੋਇਆ। ਉਸ ਜ਼ਮਾਨੇ ਵਿਚ ਲਹਿੰਦੀ ਦੀ ਹੱਦ ਸਾਇਦ ਦਿੱਲੀ ਤਕ ਸੀ। ਲਹਿੰਦੀ ਵੀ ਪੰਜਾਬੀ ਜਾਂ ਪੰਜ ਦਰਿਆਵਾਂ ਦੀ ਬੋਲੀ ਸੀ ਜਿਸ ਨੂੰ ਅੱਜ ਅਸੀਂ ਪੰਜਾਬੀ ਆਖਦੇ ਹਾਂ ਉਸ ਦਾ ਜਨਮ ਹਾਲੀਂ ਨਹੀਂ ਹੋਇਆ ਸੀ। ਪੰਜਾਬੀ ਅਸਲੋਂ ਲਹਿੰਦੀ ਉਪਰ ਪਏ ਖੜੀ ਬੋਲੀ ਦੇ ਪ੍ਰਭਾਵ ਦੀ ਉਪਜ ਹੈ ਜੋ ਧੀਰੇ ਧੀਰੇ

ਵਧਦਾ-ਫੈਲਦਾ ਰਿਹਾ ਹੈ ਤੇ ਲਹਿੰਦੀ ਨੂੰ ਪੱਛਮ ਵਲ ਧਕੇਲਦਾ ਰਿਹਾ ਹੈ।

ਇਸ ਮਾਮਲੇ ਵਿਚ ਮੇਰਾ ਵਿਚਾਰ ਇਹ ਹੈ ਕਿ ਲਹਿੰਦੀ ਤੇ ਖੜੀ ਬੋਲੀ (ਹਿੰਦੁਸਤਾਨੀ) ਦੇ ਮੇਲ ਨਾਲ ਪੰਜਾਬੀ ਦੀ ਪਵਾਧੀ ਬੋਲੀ, ਲਹਿੰਦੀ ਤੇ ਰਾਜਸਥਾਨੀ ਦੇ ਮੇਲ ਨਾਲ ਭਟਿਆਣੀ ਬੋਲੀ, ਲਹਿੰਦੀ ਤੇ ਪਹਾੜੀ ਦੇ ਮੇਲ ਨਾਲ ਡੋਗਰੀ, ਕਾਂਗੜੀ ਆਦਿ, ਲਹਿੰਦੀ ਤੇ ਬਾਂਗਰੂ ਦੇ ਮੇਲ ਨਾਲ ਮਲਵਈ ਬੋਲੀ ਦਾ ਵਿਕਾਸ ਹੋਇਆ। [ਬਾਹਰੀ 1958, 1979, ਪਟਿਆਲਾ]

ਇਸ ਤਰ੍ਹਾਂ ਡਾ. ਹਰਦੇਵ ਬਾਹਰੀ ਨੇ ਗ੍ਰੀਅਰਸਨ ਦੇ ਇਸ ਸਿਧਾਂਤ ਦਾ ਖੰਡਨ ਬੜੇ ਹੀ ਤਰਕਪੂਰਣ ਢੰਗ ਨਾਲ ਕੀਤਾ ਕਿ ਪੂਰਬੀ ਪੰਜਾਬੀ ਤੇ ਲਹਿੰਦੀ (ਪੱਛਮੀ ਪੰਜਾਬੀ) ਦੋ ਅਲਗ ਅਲਗ ਭਾਸ਼ਾਵਾਂ ਹਨ, ਬਲਕਿ ਹਕੀਕਤ ਇਹ ਹੈ ਕਿ ਇਨ੍ਹਾਂ ਦੋਹਾਂ ਨੂੰ ਇਕੋ ਭਾਸ਼ਾ ਦੇ ਦੋ ਰੂਪ ਅਥਵਾਂ ਦੋ ਉਪ-ਭਾਸ਼ਾਵਾਂ ਮੰਨਣਾ ਵਿਗਿਆਨਕ ਪੱਖ ਤੋਂ ਬਿਲਕੁਲ ਠੀਕ ਹੈ।

ਅਧਿਆਏ 7 : 4

ਗ੍ਰਿਅਰਸਨ ਦਾ ਪੈਸ਼ਾਚੀਵਾਦ

ਗ੍ਰਿਅਰਸਨ ਦੇ ਦਵੈਤਵਾਦੀ ਦ੍ਰਿਸ਼ਟੀ-ਬਿੰਦੂ ਦੇ ਖੰਡਿਤ ਹੋ ਜਾਣ ਤੋਂ ਬਾਅਦ, ਉਸ ਦੀ (ਗ੍ਰਿਅਰਸਨ) ਦੀ ਇਹ ਸਿਧਾਂਤਕ ਧਾਰਨਾ ਵੀ ਸੱਕੀ ਤੇ ਸੰਦਿਗਧ ਹੋ ਨਿਬੜਦੀ ਹੈ ਕਿ ਲਹਿੰਦੀ (ਪੱਛਮੀ ਪੰਜਾਬੀ) ਦਾ ਨਿਕਾਸ ਪੈਸ਼ਾਚੀ ਪ੍ਰਾਕ੍ਰਿਤ ਤੋਂ ਹੋਇਆ ਹੈ ਅਤੇ ਪੂਰਬੀ ਪੰਜਾਬੀ ਦਾ ਜਨਮ ਸ਼ੌਰਸੇਨੀ ਪ੍ਰਾਕ੍ਰਿਤ ਤੋਂ ਹੋਇਆ ਹੈ। ਜਿਵੇਂ ਕਿ ਪਿਛਲੇ ਪੰਨਿਆ 'ਤੇ ਚਰਚਾ ਕੀਤੀ ਗਈ ਹੈ, ਜਾਰਜ ਗ੍ਰਿਅਰਸਨ ਨੇ ਆਪਣੇ ਮਹਾਂਗ੍ਰੰਥ "ਲਿੰਗੁਇਸਟਿਕ ਸਰਵੇ ਆਫ ਇੰਡੀਆ" ਵਿਚ ਪੰਜਾਬੀ ਨੂੰ ਪੂਰਬੀ ਪੰਜਾਬੀ ਅਤੇ ਲਹਿੰਦੀ ਵਿਚ ਵੰਡਣ ਦਾ ਦਵੈਤ-ਪ੍ਰਸਤਾਵ ਪੇਸ਼ ਕੀਤਾ ਅਤੇ ਫੇਰ ਇਨ੍ਹਾਂ ਦੋਹਾਂ ਦੀਆਂ ਵੱਖ ਵੱਖ ਸਰੋਤ-ਭਾਸ਼ਾਵਾਂ ਦਾ ਜ਼ਿਕਰ ਕੀਤਾ ਹੈ। ਗ੍ਰਿਅਰਸਨ ਦੀ ਦਵੈਤਵਾਦੀ ਦ੍ਰਿਸ਼ਟੀ ਦੇ ਅਨੁਸਾਰ ਲਹਿੰਦਾ/ਲਹਿੰਦੀ (ਪੱਛਮੀ ਪੰਜਾਬੀ) ਇਕ ਦਾਰਦਿਕ ਭਾਸ਼ਾ ਹੈ, ਘਟੋ ਘਟ ਪੰਜਾਬੀ ਦਾ ਤਲ ਦਾਰਦਿਕ ਹੈ, ਜਿਸ ਉਤੇ ਮੱਧ ਦੇਸ਼ ਦੀ ਸ਼ੌਰਸੇਨੀ ਪ੍ਰਾਕ੍ਰਿਤ ਦਾ ਪ੍ਰਭਾਵ ਹੈ। ਦਾਰਦਿਕ ਤੋਂ ਮੁਰਾਦ ਪੈਸ਼ਾਚੀ (ਦਰਦ ਭਾਸ਼ਾ) ਹੈ। ਸੋ ਗ੍ਰਿਅਰਸਨ ਦੀ ਸਥਾਪਨਾ ਹੈ ਕਿ ਲਹਿੰਦੀ ਦੀ ਸਰੋਤ-ਭਾਸ਼ਾ ਪੈਸ਼ਾਚੀ ਹੈ ਜਦ ਕਿ ਪੂਰਬੀ ਦੀ ਸਰੋਤ-ਭਾਸ਼ਾ ਸ਼ੌਰਸੇਨੀ ਪ੍ਰਾਕ੍ਰਿਤ ਹੈ ਜਿਸ ਉਤੇ ਦਾਰਦਿਕ ਪ੍ਰਭਾਵ ਹੈ [L.S.I. vol. I, part I, 1967 Reprint, p. 135]।

ਪਰ ਗ੍ਰਿਅਰਸਨ ਜਦੋਂ ਪ੍ਰਾਕ੍ਰਿਤਾਂ ਦੀ ਅਗਲੀ ਸਟੇਜ "ਅਪਭ੍ਰੰਸ਼ ਭਾਸ਼ਾਵਾਂ" ਦੀ ਗੱਲ ਕਰਦਾ ਹੈ ਤਾਂ ਪੰਜਾਬੀ ਦੇ ਪੱਛਮੀ ਤੇ ਪੂਰਬੀ ਰੂਪਾਂ ਨੂੰ ਵੱਖ ਵੱਖ ਅਪਭ੍ਰੰਸ਼ਾਂ ਨਾਲ ਜੋੜਦਾ ਹੈ। ਉਸ ਦੇ ਅਨੁਸਾਰ ਲਹਿੰਦੀ ਤੇ ਸਿੰਧੀ ਦੀ ਸਰੋਤ-ਭਾਸ਼ਾ "ਵ੍ਰਾਚੜ" ਅਪਭ੍ਰੰਸ਼ ਹੈ ਅਤੇ ਪੂਰਬੀ ਪੰਜਾਬੀ ਦੀਆਂ ਅਪਭ੍ਰੰਸ਼ਾਂ ਵਿਚ ਸ਼ੌਰਸੇਨੀ-ਅਪਭ੍ਰੰਸ਼ ਦੇ ਨਾਲ ਨਾਲ ਟੱਕ ਅਪਭ੍ਰੰਸ਼ ਤੇ ਉਪਨਾਗਰ ਅਪਭ੍ਰੰਸ਼ ਨੂੰ ਵੀ ਸ਼ਾਮਲ ਕਰਦਾ ਹੈ (ਉਹੀ ਪੰਨੇ 125-26)[1]। ਇਸ ਤਰ੍ਹਾਂ ਗ੍ਰਿਅਰਸਨ ਪੈਸ਼ਾਚੀ ਨੂੰ ਇਕ ਪਾਸੇ ਲਹਿੰਦੀ ਦੀ ਸਰੋਤ-ਭਾਸ਼ਾ/ਜਣਨਿਕ ਭਾਸ਼ਾ ਤਸੱਵਰ ਕਰਦਾ ਹੈ ਅਤੇ ਦੂਜੇ ਪਾਸੇ ਪੂਰਬੀ ਪੰਜਾਬੀ ਉਤੇ ਪੈਸ਼ਾਚੀ ਦਾ ਪ੍ਰਭਾਵ ਕਬੂਲ ਕਰਦਾ ਹੈ। ਪਰੰਤੂ ਗ੍ਰਿਅਰਸਨ ਦਾ ਇਹ ਪੈਸ਼ਾਚੀਵਾਦ ਚਰਚਾ ਤੇ ਚਿੰਤਨ ਦਾ ਵਿਸ਼ੈ ਹੈ।

ਸੁਪ੍ਰਸਿੱਧ ਭਾਸ਼ਾ-ਵਿਗਿਆਨੀ ਡਾ. ਹਰਦੇਵ ਬਾਹਰੀ ਨੇ ਗ੍ਰਿਅਰਸਨ ਦੀ ਇਸ ਥਿਊਰੀ ਨੂੰ "*ਕਿ ਪੱਛਮੀ ਪੰਜਾਬੀ (ਲਹਿੰਦੀ) ਇਕ ਦਾਰਦਿਕ ਭਾਸ਼ਾ ਹੈ*" ਚੈਲੰਜ ਕੀਤਾ ਹੈ ਅਤੇ ਇਸ ਦੇ ਵਿਰੁੱਧ ਤੀਖਣ ਪ੍ਰਤਿਕਿਰਿਆ ਜ਼ਾਹਰ ਕਰ ਕੇ ਆਪਣੀ ਜਿਹੜੀ ਵਿਗਿਆਨਿਕ ਤੇ ਤਾਰਕਿਕ ਟਿੱਪਣੀ ਪੇਸ਼ ਕੀਤੀ ਹੈ, ਉਸ ਨੂੰ ਹੇਠਾਂ ਮੂਲ ਰੂਪ ਵਿਚ ਉਧ੍ਰਿਤ ਕੀਤਾ ਜਾਂਦਾ ਹੈ :

ਲਹਿੰਦੀ ਤੇ ਦਰਦ (ਪੈਸ਼ਾਚੀ)

"ਜਾਰਜ ਗ੍ਰਿਅਰਸਨ ਨੇ ਪੰਜਾਬੀ ਤੇ ਲਹਿੰਦੀ ਨੂੰ ਵਖੋ ਵਖ ਭਾਸ਼ਾ ਮੰਨਿਆ ਹੈ, ਉਨ੍ਹਾਂ ਦਾ

ਕਹਿਣਾ ਹੈ ਕਿ ਲਹਿੰਦੀ ਲਗਭਗ ਦਰਦ (ਕਸ਼ਮੀਰੀ) ਭਾਸ਼ਾ ਹੈ, ਜਿਸ ਉੱਤੇ ਪੱਛਮੀ ਹਿੰਦੀ ਦਾ ਪਰਭਾਵ ਪੈ ਗਿਆ ਤੇ ਪੰਜਾਬੀ ਪੱਛਮੀ ਹਿੰਦੀ ਦਾ ਇਕ ਰੂਪ ਹੈ ਜਿਸ ਉੱਤੇ ਦਰਦ ਭਾਸ਼ਾ ਦਾ ਪਰਭਾਵ ਪਿਆ ਹੈ।"[2]

ਪੈਸ਼ਾਚੀ ਦਰਦ ਭਾਸ਼ਾ ਆਰੀਜ ਭਾਸ਼ਾ ਦੀ ਉਹ ਸ਼ਾਖ ਸੀ ਜਿਸ ਤੋਂ ਕਸ਼ਮੀਰੀ ਦਾ ਵਿਕਾਸ ਹੋਇਆ ਹੈ। ਇਹ ਹਿੰਦ ਆਰੀਜ ਭਾਸ਼ਾ ਤੋਂ ਅਲਗ ਸ਼ਾਖ ਸੀ ਜਿਸ ਤਰ੍ਹਾਂ ਈਰਾਨੀ।

ਗ੍ਰੀਅਰਸਨ ਇਹ ਮੰਨਦੇ ਜਾਪਦੇ ਹਨ ਜੋ ਲਹਿੰਦੀ ਤੇ ਕਸ਼ਮੀਰੀ ਭੈਣਾਂ ਹਨ ਤੇ ਲਹਿੰਦੀ ਤੇ ਪੰਜਾਬੀ ਮਹਜ਼ ਗਵਾਂਢਣਾ ਪਰ ਤਮਾਸ਼ਾ ਇਹ ਹੈ ਕਿ ਖ਼ੁਦ ਉਨ੍ਹਾਂ ਨੇ ਹੀ ਕਸ਼ਮੀਰੀ ਨੂੰ ਦਰਦ ਜਾਂ ਪਿਸ਼ਾਚੀ ਆਖਿਆ ਤੇ ਲਹਿੰਦੀ ਨੂੰ ਹਿੰਦ ਆਰੀਯ ਭਾਸ਼ਾਵਾਂ ਦੇ ਨਾਲ ਗਿਣਿਆ। ਅਗਰ ਲਹਿੰਦੀ ਦਰਦ ਭਾਸ਼ਾ ਦਾ ਇਕ ਰੂਪ ਹੈ ਤਾਂ ਇਹਨੂੰ ਪਿਸ਼ਾਚੀ ਪਰਿਵਾਰ ਦੀ ਭਾਸ਼ਾ ਮੰਨਣ ਤੋਂ ਕਿਉਂ ਸੰਕੋਚ ਹੋਇਆ?

ਲਹਿੰਦੀ ਨੂੰ ਕਸ਼ਮੀਰੀ ਦੀ ਸਾਥਣ ਮੰਨਣ ਦਾ ਆਧਾਰ ਉਨ੍ਹਾਂ ਨੇ ਇਕੋ ਜਿਹੇ ਸ਼ਬਦਾਂ ਦੀ ਬਹੁਤਾਇਤ ਦੱਸਿਆ ਹੈ।[3] ਪਰ ਉਨ੍ਹਾਂ ਨੇ ਕੋਈ ਸ਼ਬਦ-ਸੂਚੀ ਆਪਣੇ ਮਤਿ-ਪਰਮਾਣ ਲਈ ਨਹੀਂ ਦਿਤੀ।

ਗ੍ਰੀਅਰਸਨ ਸਾਹਿਬ ਦੇ ਹੀ ਕਸ਼ਮੀਰੀ ਕੋਸ਼ ਦੇ ਇਕ ਇਕ ਸ਼ਬਦ ਨੂੰ ਵੇਖ ਪੜ੍ਹ ਕੇ ਕਿਸੇ ਲਹਿੰਦੀ ਬੋਲਣ ਵਾਲੇ ਨੂੰ ਗ੍ਰੀਅਰਸਨ ਸਾਹਿਬ ਦੀ ਸਚਾਈ ਦਾ ਸਬੂਤ ਨਹੀਂ ਮਿਲਦਾ। ਉਸ ਕੋਸ਼ ਵਿਚੋਂ ਜੇ ਅਰਬੀ ਫ਼ਾਰਸੀ ਦੇ ਸ਼ਬਦ ਕੱਢ ਦਿਤੇ ਜਾਣ ਤਾਂ ਬਾਕੀ ਸ਼ਬਦਾਂ ਵਿਚੋਂ ਘੱਟੋ ਘਟ ਮੈਨੂੰ ਤਾਂ ਕੱਖ ਪਲੇ ਨਹੀਂ ਪੈਂਦਾ ਤੇ ਮੈਂ ਲਹਿੰਦੀ ਬੋਲਣ ਵਾਲਾ ਹਾਂ। ਕਸ਼ਮੀਰੀਆਂ ਨੂੰ ਆਪੋ ਵਿਚ ਗੱਲ ਕਰਦਿਆਂ ਸੁਣਕੇ ਵੀ ਕੁਝ ਸਮਝ ਨਹੀਂ ਆਉਂਦੀ। ਪੰਜਾਬੀ ਕੋਸ਼ ਨਾਲ ਮਿਲਾਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਸੌ ਵਿਚੋਂ ਅੱਸੀ ਨੱਵੇ ਸ਼ਬਦ ਦੋਹਾਂ ਦੇ ਸਾਂਝੇ ਹਨ। ਲਹਿੰਦੀ ਬੋਲਣ ਵਾਲਾ ਪੰਜਾਬੀ ਬੋਲਣ ਵਾਲੇ ਨਾਲ ਗੱਲ-ਕਥ ਕਰਕੇ ਅਨੁਭਵ ਕਰਦਾ ਹੈ ਜੋ ਸਾਡੀਆਂ ਬੋਲੀਆਂ ਦਾ ਮੁਖ ਭੇਦ ਲਹਿਜੇ ਮਾਤਰ ਹੈ।

ਇਸ ਮਾਮਲੇ ਤੇ ਜ਼ਰਾ ਗੌਰ ਕਰਨ ਦੀ ਲੋੜ ਹੈ ਕਿ ਸ਼ਬਦਾਂ ਦੀ ਸਾਂਝ ਕੋਈ ਖ਼ਾਸ ਸਾਂਝ ਨਹੀਂ ਹੈ। ਫ਼ਾਰਸੀ ਜਾ ਅੰਗਰੇਜ਼ੀ ਦੇ ਸੈਂਕੜੇ ਸ਼ਬਦ ਭਾਰਤ ਦੀਆਂ ਭਾਸ਼ਾਵਾਂ ਵਿਚ ਰਲ ਮਿਲ ਗਏ ਹਨ। ਇਨ੍ਹਾਂ ਦੇ ਆਧਾਰ ਤੇ ਇਹਨਾਂ ਭਾਸ਼ਾਵਾਂ ਨੂੰ ਅਸੀਂ ਫ਼ਾਰਸੀ ਜਾਂ ਅੰਗ੍ਰੇਜ਼ੀ ਦੀਆਂ ਧੀਆਂ-ਭੈਣਾਂ ਮੰਨਣ ਲੱਗ ਪਈਏ ਤਾਂ ਭਾਸ਼ਾ ਵਿਗਿਆਨ ਦਾ ਬੇੜਾ ਪਾਰ ਹੋਇਆ।

ਉਹ ਮੇਰਾ ਮਿਤ੍ਰ ਸੀ, ਉਹ ਮੇਰਾ ਯਾਰ ਸੀ, ਤੇ ਉਹ ਮੇਰਾ ਫਰੈਂਡ ਸੀ ਸਭ ਪੰਜਾਬੀ ਬੋਲੀ ਹੈ। ਯਾਰ ਸ਼ਬਦ ਆਉਣ ਨਾਲ ਉਹ ਫ਼ਾਰਸੀ ਨਹੀਂ ਹੋ ਗਈ ਤੇ ਨਾ ਫਰੈਂਡ ਸ਼ਬਦ ਲਾਉਣ ਨਾਲ ਅੰਗਰੇਜ਼ੀ। ਗ੍ਰੀਅਰਸਨ ਸਾਹਬ ਦੇ ਸਿਧਾਂਤ ਨੂੰ ਮੰਨੀਏ ਤਾਂ ਉਰਦੂ ਨੂੰ ਫ਼ਾਰਸੀ-ਅਰਬੀ ਦੀ ਸ਼ਾਖ਼ ਮੰਨਣਾ ਪਵੇਗਾ ਤੇ ਲਹਿੰਦੀ ਨੂੰ ਪਸ਼ਤੋ ਜਾਂ ਬਲੋਚੀ ਦੀ ਇਕ ਸ਼ਾਖ ਮੰਨਣਾ ਹੋਰ ਵੀ ਠੀਕ ਹੋਵੇਗਾ। ਨੈਪਾਲੀ ਭਾਰਤ ਦੇ ਆਰੀਯ ਭਾਸ਼ਾ-ਪਰਿਵਾਰ ਵਿਚੋਂ ਹੈ ਪਰ ਇਸ ਵਿਚ ਵਧੇਰੇ ਚੀਨੀ ਤਿੱਬਤੀ ਸ਼ਬਦ ਹਨ ਜਿਹੜੇ ਉਨ੍ਹਾਂ ਭਾਸ਼ਾਵਾਂ ਵਿਚ ਵੀ ਅੱਜ ਨਹੀਂ ਮਿਲਦੇ ਪਰ ਨੈਪਾਲੀ ਵਿਚ ਕਾਇਮ ਹਨ। ਗੱਲ ਇਹ ਹੈ ਕਿ ਕਿਸੇ ਵੀ ਭਾਸ਼ਾ ਤੇ ਆਸ-ਪਾਸ ਦੀਆ ਬੋਲੀਆਂ ਦਾ ਅਸਰ ਤਾਂ ਜ਼ਰੂਰ ਪਵੇਗਾ। ਉਸ

ਅਸਰ ਨੂੰ ਅਸਰ ਹੀ ਮੰਨਣਾ ਚਾਹੀਦਾ ਹੈ। ਕੋਈ ਹੋਰ ਸੰਬੰਧ ਜੋੜਨ ਦਾ ਯਤਨ ਕਰਨਾ ਠੀਕ ਨਹੀਂ ਹੈ।

ਲਹਿੰਦੀ ਵਿਆਕਰਣ ਤੇ ਕਸ਼ਮੀਰੀ ਵਿਆਕਰਣ ਦਾ ਪ੍ਰਭਾਵ ਦਸਦਿਆਂ ਹੋਇਆਂ ਗ੍ਰਿਅਰਸਨ ਹੇਠ ਲਿਖੀਆ ਵਿਸ਼ੇਸ਼ਤਾਵਾਂ ਦਸਦੇ ਹਨ। [ਜਿਲਦ 8, ਭਾਗ 1, 1929 ਸਫ਼ਾ 235 ਤੋਂ 237]।

1. *ਲਹਿੰਦੀ ਵਿਚ ਮਹਾਪਰਾਣ ਘ, ਝ, ਧ, ਢ, ਤੇ ਭ ਅਵਾਜ਼ਾਂ ਅਲਪ ਪਰਾਣ ਹੋ ਜਾਂਦੀਆਂ ਹਨ। ਜਿਸ ਤਰ੍ਹਾਂ ਡੇਰ੍ਹਾਵਾਲੀ ਵਿਚ ਭੁਖ ਦੀ ਥਾਂ ਬੁਖ, ਤੇ ਗਿਦ੍ਹਾ ਦੀ ਥਾ ਗਿੱਧਾ।*
2. *ਕੋਮਲ ਅੱਖਰ ਕੜੇ ਹੋ ਜਾਂਦੇ ਹਨ ਡਿੱਢ ਦੀ ਥਾਂ ਹਜ਼ਾਰਾ ਦੀ ਬੋਲੀ ਵਿਚ ਟਿਢ ਤੇ ਘਿੱਦਾ ਦੀ ਥਾਂ ਕੋਹਮਰੀ ਦੀ ਬੋਲੀ ਵਿਚ ਖਿੱਧਾ।*
3. *ਸ਼ਬਦਾਂ ਦੇ ਵਿਚ ਈ, ਊ, ਸੁਰ ਪੈਂਦਾ ਹੈ, ਜਿਸ ਤਰ੍ਹਾਂ--ਕੁਕੁੜ, ਕੁਕਿੜ, ਵਹੁੜ, ਵਹਿੜ।*
4. *ਕਸ਼ਮੀਰੀ ਵਿਚ ਤੁਹੀ ਤੇ ਤੁਸ ਸਰਵਨਾਮ ਹਨ ਉਨ੍ਹਾਂ ਦਾ ਹੀ ਰੂਪ ਤੁਸੀਂ ਅਸੀਂ ਲਹਿੰਦੀ ਵਿਚ ਚਲਦਾ ਹੈ।*
5. *ਕਸ਼ਮੀਰੀ ਤੇ ਲਹਿੰਦੀ ਵਿਚ ਸਰਵਨਾਮੀ ਪਰਤਯ (suffixes) ਹਨ, ਜਿਹੜੇ ਪੰਜਾਬੀ ਵਿਚ ਲਗਭਗ ਨਹੀਂ ਹਨ। ਜਿਸ ਤਰ੍ਹਾਂ ਗਿਆਈ, ਮਾਰਿਓਮ, ਦਿਤਾਸੁ।*
6. *ਵਰਤਮਾਨ ਕਿਰਦੰਤ (present participle) ਲਹਿੰਦੀ ਵਿਚ "ਨਾ" ਰੂਪ ਵਿਚ ਹੈ। ਕਸ਼ਮੀਰੀ ਵਿਚ ਵੀ "ਨਾ" ਹੈ। ਪੰਜਾਬੀ ਵਿਚ "ਦ" ਹੈ।*
7. *ਸਹਾਇਕ ਕਿਰਿਆ ਕਸ਼ਮੀਰੀ ਵਿਚ ਹੈ, ਅਸੁ, ਓਸੁ, ਲਹਿੰਦੀ ਵਿਚ ਵੀ 'ਆਸਾ' ਹੈ*
8. *ਕਸ਼ਮੀਰੀ ਤੇ ਲਹਿੰਦੀ ਦੇ ਵਿਚਲੇ ਵਯੰਜਨ ਦੋਹਰੇ ਹੁੰਦੇ ਹਨ, ਜਿਸ ਤਰ੍ਹਾਂ-ਸੱਚਾ, ਭੱਤ, ਰਿੱਛ, ਦੁੱਧ ਆਦਿ।*

ਇਨ੍ਹਾਂ ਗੱਲਾਂ ਦੀ ਪਰਖ ਕਰਨੀ ਚਾਹੀਦੀ ਹੈ।

(1) ਡੇਰ੍ਹਾਵਾਲੀ ਬੋਲੀ ਵਿਚ ਬੁੱਖ, ਗਿੱਧਾ ਤਾਂ ਹੈਨ ਪਰ ਭੁੱਲ, ਭਾ, ਭੈਣ ਯਾਂ ਘੱਟ ਘਿਉ, ਘਿੱਨ ਨੂੰ ਬੁਲ੍ਹ, ਬਾ ਬੈਣ ਯਾਂ ਗੁਟ, ਗਿਉ, ਗ੍ਹਿਨ ਤਾ ਨਹੀਂ ਆਖਦੇ ਜਿਸ ਤਰ੍ਹਾਂ ਕਸ਼ਮੀਰੀ ਬੋਲਣ ਵਾਲੇ ਦੇ ਉਚਾਰਣ ਵਿਚ ਹੋਵੇਗਾ। ਅਸਲੀ ਕਾਰਣ ਇਹ ਹੈ ਕਿ ਬੁਖਾ, ਗਿਧਾ ਵਿਚ ਦੋ ਦੋ ਮਹਾ ਪਰਾਣ ਸਨ। ਬੋਲਣ ਦੀ ਸਹੂਲਤ ਕਰਕੇ ਇਕ ਮਹਾਪਰਾਣ ਦਬ ਜਾਂਦਾ ਹੈ। ਹਿੰਦੀ ਵਿਚ ਵੀ ਭੂਕਾ, ਧੋਕਾ, ਧੁੰਦ ਆਦਿ ਸ਼ਬਦ ਮਿਲਦੇ ਹਨ। ਫਿਰ ਬੁਖੁ ਤੇ ਗਿੱਧਾ, ਪੋਠੋਹਾਰੀ, ਧੱਨੀ, ਸ਼ਾਹਪੁਰੀ ਆਵਾਣਕਾਰੀ ਅਨੇਕ ਬੋਲੀਆਂ ਵਿਚ ਨਹੀਂ ਮਿਲਦੇ। ਇਹ ਲਹਿੰਦੀ ਦੀ ਵਿਆਪਕ ਵਿਸ਼ੇਸ਼ਤਾ ਨਹੀਂ ਹਨ।

(2) ਹਜ਼ਾਰਾ ਯਾ ਕੋਹਮਰੀ ਦੀ ਬੋਲੀ ਵਿਚ ਟਿਢ, ਖਿਧਾ ਹੋਣਗੇ, ਕੁਝ ਪਤਾ ਨਹੀਂ। ਮਰੀ ਤੇ ਕੋਹਾਲਾ ਕਸ਼ਮੀਰ ਦੇ ਨਾਲ ਲਗਦੇ ਹਨ ਤੇ ਉਧਰੋਂ ਹਜ਼ਾਰੇ ਦਾ ਜ਼ਿਲ੍ਹਾ ਵੀ। ਹੋ ਸਕਦਾ ਹੈ ਇਹ ਅਸਰ ਇਕ ਦੋ ਸ਼ਬਦਾਂ ਵਿਚ ਆ ਹੀ ਗਿਆ ਹੋਵੇ ਪਰ ਇਸ ਨੂੰ ਵੀ ਵਿਆਪਕ ਨਿਯਮ ਨਹੀਂ ਬਣਾਇਆ ਜਾ ਸਕਦਾ। ਮੈਦਾਨ ਦੀ ਕਿਸੇ ਲਹਿੰਦੀ ਬੋਲੀ ਵਿਚ ਟਿਢ ਜਾਂ ਖਿਧਾ ਨਹੀਂ ਆਖਦੇ।

(3) ਮੁਲਤਾਨੀ ਵਿਚ ਕੁਕੁੜ ਤੇ ਕੁਕਿੜ, ਵਹੁੜ ਤੇ ਵਹਿੜ ਆਦਿ ਰੂਪ ਜ਼ਰੂਰ ਹਨ ਪਰ ਇਹ ਤਾਂ ਪੁਲਿੰਗ ਇਸਤਰੀ ਲਿੰਗੀ ਦਾ ਭੇਦ ਦਸਣ ਲਈ ਇਕ ਤਰੀਕਾ ਹੈ।

ਹੋਰਨਾਂ ਲਹਿੰਦੀ ਬੋਲੀਆਂ ਵਿਚ ਕੁਕੜ, ਕੁਕੜੀ ਆਦਿ ਰੂਪ ਬਣਦੇ ਹਨ ਜਿਹੜੇ ਪੰਜਾਬੀ ਵਿਚ ਵੀ ਹੂਬਹੂ, ਉਹੋ ਹੀ ਹਨ, ਉਨ੍ਹਾਂ ਤੇ ਕਸ਼ਮੀਰੀ ਪ੍ਰਭਾਵ ਕਿਉਂ ਨਹੀਂ ਹੈ। ਕੀ ਹਿੰਦੀ ਵਿਚ ਸਾਇਕਲ ਦੀ ਥਾ ਸਾਈਕਲ ਤੇ ਪੰਖੜੀ ਦੀ ਥਾਂ ਪੰਖੁੜੀ ਆਦਿ ਰੂਪ ਬਣਾਉਣ ਵਿਚ ਵੀ ਕਸ਼ਮੀਰੀ ਦਾ ਹੱਥ ਹੈ ? ਬ੍ਰਿਜਭਾਸ਼ਾ ਵਿਚ ਵੀ ਈ, ਊ ਲਗੇ ਸ਼ਬਦ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਤੁਲਸੀ ਰਾਮਾਇਣ ਵਿਚ ਇਹੋ ਜਿਹੇ ਬਹੁਤੇਰੇ ਸ਼ਬਦ ਪਾਏ ਜਾਂਦੇ ਹਨ।

(4) ਅਸੀਂ ਤੁਸੀਂ ਸਰਵਨਾਮ ਪੰਜਾਬੀ ਵਿਚ ਵੀ ਹਨ। ਪੰਜਾਬੀ ਤੇ ਲਹਿੰਦੀ ਦੇ ਮੇਲ ਵੀ ਜ਼ਿਆਦਾ ਹੈ। ਕਸ਼ਮੀਰੀ ਦਾ ਬੜਾ ਘੱਟ।

(5) ਸਰਵਨਾਮੀ ਪਰਤਯ ਪੰਜਾਬੀ ਵਿਚ ਵੀ ਹਨ ਜਿਸ ਤਰ੍ਹਾਂ -ਕੀਤਾ ਸੀ, ਕੀਤਾ ਸੂ। ਮੁਲਤਾਨੀ ਵਿਚ ਉੱਤਮ ਪੁਰਸ਼ ਦੇ ਪਰਤਯ ਵਧੀਕ ਹਨ ਜਿਹੜੇ ਪੰਜਾਬੀ ਵਿਚ ਨਹੀਂ। ਇਹ ਪਰਤਯ ਪੋਠੋਹਾਰੀ, ਧੱਨੀ ਆਦਿ ਬੋਲੀਆਂ ਵਿਚ ਵੀ ਨਹੀਂ ਹਨ।

(6) ਲਹਿੰਦੀ ਦੀਆ ਕੁਝ ਬੋਲੀਆਂ ਵਿਚ 'ਨ' ਹੈ ਕੁਝ ਵਿਚ 'ਦ'। ਮੁਲਤਾਨੀ, ਸ਼ਾਹਪੁਰੀ, ਧੱਨੀ ਆਦਿ ਵਿਚ 'ਦ' ਚਲਦਾ ਹੈ। ਪੁਠੋਹਾਰੀ ਆਵਾਣਕਾਰੀ ਵਿਚ 'ਨ' ਹੈ। [ਜਿਲਦ 1, ਭਾਗ ਖ, ਸਫ਼ਾ 138] । ਹੋ ਸਕਦਾ ਹੈ ਜੋ ਕਸ਼ਮੀਰੀ ਤੇ ਲਹਿੰਦੀ ਦੋਨਾਂ ਪ੍ਰਾਕ੍ਰਿਤ ਦੇ ਪ੍ਰਭਾਵ ਨੂੰ ਗ੍ਰਹਿਣ ਕੀਤਾ ਹੋਵੇ।

(7) ਲਹਿੰਦੀ ਦੀਆਂ ਕੁਝ ਬੋਲੀਆ ਵਿਚ 'ਸਾ' 'ਆਸਾ' ਹੈ ਤੇ ਕੁਝ ਵਿਚ 'ਆਹ' ਯਾ ਹਾ ਪਰ ਸਾਹ ਸੀ ਤਾਂ ਪੰਜਾਬੀ ਵਿਚ ਵੀ ਹੈ। ਇਸ ਗੱਲ ਪਿਛੇ ਵੀ ਪੰਜਾਬੀ ਤੇ ਲਹਿੰਦੀ ਨੂੰ ਅਡੋ ਅੱਡ ਕਹਿਣਾ ਉਚਿਤ ਨਹੀਂ ਹੈ।

(8) ਦੋਹਰੇ ਵਯੰਜਨ ਤਾਂ ਪ੍ਰਾਕ੍ਰਿਤ ਤੋਂ ਆਏ ਹਨ। ਪੰਜਾਬੀ ਤੇ ਲਹਿੰਦੀ ਵਿਚ ਇਸ ਗੱਲ ਦਾ ਕੋਈ ਫ਼ਰਕ ਨਹੀਂ ਹੈ। ਇਸ ਦੀ ਵਿਆਖਿਆ ਅੱਗੇ ਚੱਲ ਕੇ ਕੀਤੀ ਜਾਵੇ ਗੀ। ਇਕ ਮੋਟੀ ਜਿਹੀ ਗੱਲ ਏਥੇ ਦੱਸ ਦੇਣੀ ਜ਼ਰੂਰੀ ਹੈ। ਪ੍ਰਾਕ੍ਰਿਤ ਦੇ ਵਿਆਕਰਣਾ ਵਿਚ ਪਿਸ਼ਾਚੀ ਯਾ ਦਰਦ ਭਾਸ਼ਾ ਦੇ ਜੋੜ੍ਹੇ ਲੱਛਣ ਦੱਸੇ ਗਏ ਹਨ ਉਨ੍ਹਾਂ 'ਚੋਂ ਤਿੰਨ ਬਹੁਤ ਪਰਮੁਖ ਹਨ, ਯਾਨੀ :

1. *ਦੋ ਸੁਰਾਂ ਦੇ ਵਿਚਕਾਰਲੇ ਅਲਪ ਪਰਾਣ ਸਪਰਸ਼ ਵਯੰਜਨਾ ਦਾ ਲੋਪ ਨਹੀਂ ਹੁੰਦਾ।*
2. *ਸਘੋਸ਼ ਅਲਪ ਪਰਾਣ ਸਪਰਸ਼ ਵਯੰਜਨਾਂ ਦੀ ਥਾਂ ਤੇ ਅਘੋਸ਼ ਸਪਰਸ਼ ਵਯੰਜਨ ਹੋ ਜਾਂਦੇ ਹਨ ਜਿਵੇਂ ਨਗਰਂ ਦਾ ਨਕਰ, ਗਗਨ ਦਾ ਗਕਨ, ਰਾਜਾ ਦਾ ਰਾਚਾ ਜਾਂ ਦਾਮੋਦਰ ਦਾ ਦਾਮੋਤਰ।*
3. *ਟਵਰਗ ਧੁਨੀਆਂ ਆਮ ਤੌਰ ਤੇ 'ਤ' ਵਰਗ ਵਿਚ ਬਦਲ ਜਾਂਦੀਆਂ ਹਨ। ਜਿਵੇਂ ਕੁਟੁੰਬ ਦਾ ਕੁਤੁੰਬ, ਨਸ਼ਟ ਦਾ ਨਥੁ ਤੇ ਗੁਣ ਦਾ ਗੁਨ।*

ਦੂਜੇ ਤੇ ਤੀਜੇ ਲੱਛਣ ਤੇ ਕੁਝ ਕਹਿਣ ਦੀ ਲੋੜ ਨਹੀਂ। ਲਹਿੰਦੀ ਬੋਲਣ ਵਾਲੇ ਇਹ ਸ਼ਬਦ ਸੁਣ ਕੇ ਹੀ ਹੱਸ ਪੈਣਗੇ। ਜਿਹੜੀਆਂ ਉਦਾਹਰਣਾਂ ਉਪਰ ਦਿਤੀਆਂ ਗਈਆਂ ਹਨ ਜਾ ਜਿਹੜੇ ਨਿਯਮ ਦੱਸੇ ਗਏ ਹਨ, ਲਹਿੰਦੀ ਵਿਚ ਇਨ੍ਹਾਂ ਦਾ ਨਾਂ-ਨਿਸ਼ਾਨ ਨਹੀਂ ਮਿਲਦਾ, ਸਗੋਂ ਲਹਿੰਦੀ ਵਿਚ ਤਾਂ ਪੰਜਾਬੀ ਤੇ ਹਿੰਦੀ ਦੀ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ। ਲਹਿੰਦੀ ਨੂੰ 'ਟ' ਵਰਗ ਧੁਨੀਆਂ ਨਾਲ ਪਿਆਰ ਹੈ। ਉਦਾਹਰਣ :

ਵਟਣਾ (ਸੰ. ਉਦਵਰਤਨ), ਡਡੂ (ਸੰ. ਦਰਦੁਰ), ਡੋਲਾ (ਸੰ. ਦੋਲਾ), ਕੰਢ (ਸੰ

ਸਕੰਧ), ਸਾਢੇ (ਸੰ. ਸਾਰਧ), ਗੰਢ (ਸੰ. ਗਰੰਥਿ), ਚੁਣ (ਸੰ. ਚਿਨੋਤਿ), ਭੈਣ (ਸੰ. ਭਗਿਨੀ), ਨਿਨਾਣ (ਸੰ. ਨਿਨਾਂਦੀ), ਆਦਿ ਆਦਿ ਸੈਂਕੜੇ ਸ਼ਬਦ ਗਿਣਾਏ ਜਾ ਸਕਦੇ ਹਨ।

ਹੇਠ ਲਿਖੇ ਸ਼ਬਦ ਉਦਾਹਰਣ ਸਰੂਪ ਦਿਤੇ ਜਾਂਦੇ ਹਨ। ਇਹ ਦੱਸਣ ਲਈ ਪਈ ਲਹਿੰਦੀ ਵਿਚ ਪ੍ਰਾਚੀਨ 'ਟ' ਵਰਗ ਧੁਨੀਆਂ ਕਾਇਮ ਹਨ। ਘੜਾ (ਸੰ. ਘਟ), ਨਠ (ਸੰ. ਨਸ਼ਟ), ਦਾੜ੍ਹ (ਸੰ. ਦੰਸ਼ਟ੍ਰਾ), ਟਟੀਰੀ (ਸੰ. ਟਿੱਟਿਭ), ਤੁਟ ਯਾ ਟ੍ਰੁੱਟ (ਸੰ. ਤਰੁਟ), ਪੀੜ (ਸੰ. ਪੀੜਾ), ਖੇਡ (ਸੰ. ਕ੍ਰੀੜਾ), ਗੁੜ੍ਹਾ (ਸੰ. ਗੂਢ), ਗਿਣ (ਸੰ. ਗਣ)।

ਪਹਿਲੀ ਤੇ ਦੂਜੀ ਗੱਲ ਲਗਭਗ ਇਕੋ ਕੁਝ ਹੈ। ਹੇਠਾਂ ਕੁਝ ਉਦਾਹਰਣ ਦਿੱਤੇ ਜਾਂਦੇ ਹਨ ਜਿਨ੍ਹਾਂ ਤੋਂ ਦਿਸ ਪਵੇਗਾ ਕਿ ਲਹਿੰਦੀ ਵਿਚ ਵਿਚਕਾਰਲੇ ਅਲਪ ਪਰਾਣ ਸਪਰਸ਼ ਵਯੰਜਨ ਦਾ, ਟ ਵਰਗ ਨੂੰ ਛਡ ਕੇ, ਲੋਪ ਹੋ ਜਾਂਦਾ ਹੈ :

ਸੂਰ (ਸੰ. ਸ਼ੂਕਰ), ਭੈਣ (ਸੰ. ਭਗਿਨੀ), ਵੈਣ (ਸੰ. ਵਚਨ) ਕੌਡੀ (ਸੰ. ਕਪਰਦਿਕਾ)। ਇਹਨਾਂ ਸ਼ਬਦਾਂ ਵਿਚ ਕ, ਗ, ਚ, ਤੇ ਪ, ਦਾ ਲੋਪ ਹੋ ਗਿਆ ਹੈ। ਇਹੋ ਜਿਹੇ ਕਈ ਠੇਠ ਲਹਿੰਦੀ ਦੇ ਸ਼ਬਦ ਹਨ ਜਿਨ੍ਹਾਂ ਵਿਚ ਪਿਸ਼ਾਚੀ ਦਾ ਲੱਛਣ ਨਹੀਂ ਮਿਲਦਾ। ਕੋਈ ਵਿਰਲੇ ਉਰਲੇ ਸ਼ਬਦ ਹੋਣਗੇ ਜਿਹੜੇ ਹਿੰਦੁਸਤਾਨ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਵੇਖੇ ਜਾ ਸਕਦੇ ਹਨ ਪਰ ਉਨ੍ਹਾਂ ਤੇ ਕੋਈ ਨਿਯਮ ਨਹੀਂ ਬਣਾਇਆ ਜਾ ਸਕਦਾ। ਇਹੋ ਜਿਹੇ ਅਪਵਾਦ ਕਹਿਲਾਂਦੇ ਹਨ। ਅਸਾਂ ਨੇ ਇਨ੍ਹਾਂ ਤੋਂ ਉਲਟੀਆਂ ਉਦਾਹਰਣਾਂ ਇਸ ਉਦੇਸ਼ ਨਾਲ ਦਿਤੀਆਂ ਹਨ ਕਿ ਇਹ ਚੰਗੀ ਤਰ੍ਹਾਂ ਪਰਮਾਣਿਤ ਕੀਤਾ ਜਾ ਸਕੇ ਜੋ ਲਹਿੰਦੀ ਦਾ ਮੇਲ ਪਿਸ਼ਾਚੀ ਜਾਂ ਦਰਦ ਨਾਲ ਨਹੀਂ ਹੈ ਬਲਕਿ ਪੰਜਾਬੀ ਨਾਲ ਹੀ ਹੈ।

ਉਪਰ ਦੀਆਂ ਗੱਲਾਂ ਤੋਂ ਸਾਬਤ ਹੁੰਦਾ ਹੈ ਕਿ ਕਸ਼ਮੀਰੀ ਦੀ ਨਿਸਬਤ ਪੰਜਾਬੀ ਨਾਲ ਲਹਿੰਦੀ ਦਾ ਮੇਲ ਬਹੁਤ ਜ਼ਿਆਦਾ ਹੈ। ਜਿਹੜੀਆਂ ਗੱਲਾ ਪੰਜਾਬੀ ਤੋਂ ਅੱਡ ਹਨ ਤੇ ਕਸ਼ਮੀਰੀ ਨਾਲ ਮਿਲਦੀਆਂ ਹਨ ਉਹ ਲਹਿੰਦੀ ਦੀ ਇਕ ਅੱਧ ਸਰਹੱਦੀ ਬੋਲੀ ਵਿਚ ਪਾਈਆ ਜਾਂਦੀਆਂ ਹਨ। ਤੇ ਦੋ ਚਾਰ ਛੇ ਸ਼ਬਦਾਂ ਵਿਚ ਹੀ ਕੋਈ ਵਿਆਪਕ ਨਿਯਮ ਨਹੀਂ ਹਨ। ਗ੍ਰੀਅਰਸਨ ਦੀ ਕਮਜ਼ੋਰੀ ਇਹ ਹੈ ਕਿ ਉਨ੍ਹਾਂ ਦਾ ਗਿਆਨ ਕਸ਼ਮੀਰੀ ਦਾ ਤਾਂ ਕੁਝ ਗਹਿਰਾ ਸੀ ਪਰ ਪੰਜਾਬੀ ਤੇ ਲਹਿੰਦੀ ਦਾ ਬਹੁਤ ਘੱਟ ਸੀ। [ਹਵਾਲਾ : ਹਰਦੇਵ ਬਾਹਰੀ, ਗੋਸ਼ਟੀ ਪੇਪਰ "ਪੰਜਾਬੀ ਤੇ ਲਹਿੰਦੀ" ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1958-59]

ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣਾਂ ਵਿਚ ਖ਼ਾਸ ਕਰਕੇ ਹੇਮਚੰਦ੍ਰ ਦੇ "ਸਿੱਧ-ਹੈਮ-ਸ਼ਬਦਾਨੁਸ਼ਾਸਨਮ੍" (12 ਵੀਂ ਸਦੀ) ਵਿਚ ਪੈਸ਼ਾਚੀ ਪ੍ਰਾਕ੍ਰਿਤ ਦੀਆਂ ਜੋ ਵਿਲੱਖਣਤਾਵਾ ਵਰਣਨ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਸਮਰੂਪਤਾ ਤੇ ਤੁਲਨਾ ਪੰਜਾਬੀ ਭਾਸ਼ਾ ਵਿਚ ਉਪਲਬਧ ਨਹੀਂ ਹੁੰਦੀ। ਮਿਸਾਲ ਵਜੋਂ, ਪੈਸ਼ਾਚੀ ਦੀ ਧੁਨੀਆਤਮਕ ਸੰਰਚਨਾ ਪੰਜਾਬੀ/ਲਹਿੰਦੀ ਨਾਲੋਂ ਨਿਖੜਵੀਂ ਹੈ। ਪੈਸ਼ਾਚੀ ਵਿਚ ਜਿੱਥੇ ਸ਼ਬਦਾਤਮਕ ਸਥਿਤੀਆ ਦੇ ਅੰਤਰਗਤ /ਕ, ਚ, ਟ, ਤ, ਪ/ ਧੁਨੀਆਂ ਦਾ ਪੈਟਰਨ ਪ੍ਰਾਪਤ ਹੁੰਦਾ ਹੈ ਉਥੇ ਪੰਜਾਬੀ /ਲਹਿੰਦੀ ਵਿਚ /ਗ, ਜ, ਡ, ਦ, ਬ/ ਦਾ ਵਰਤੋਂ-ਵਿਧਾਨ ਉਪਲਬਧ ਹੁੰਦਾ ਹੈ। ਰੇਖਾ-ਚਿਤਰ ਵੇਖੋ :

ਪੈਸ਼ਾਚੀ :	ਤਮੋਤਰ	ਨਕਰ	ਪਾਲਕ	ਮਤਨ	ਤਟਾਕ
ਪੰਜਾਬੀ :	ਦਮੋਦਰ	ਨਗਰ	ਬਾਲਕ	ਮਦਨ	ਤੜਾਕ (ਤਲਾਉ)

ਇਸੇ ਤਰ੍ਹਾਂ ਵਰਰੁਚੀ, ਮਾਰਕੰਡੇਯ, ਅਤੇ ਤ੍ਰਿਵਿਕ੍ਰਮ ਆਦਿ ਦੇ ਪ੍ਰਾਕ੍ਰਿਤ ਵਿਆਕਰਣਾਂ ਵਿਚ ਵੀ ਪੈਸ਼ਾਚੀ ਦਾ ਭਾਸ਼ਾਗਤ ਪਰਿਚੈ ਪ੍ਰਾਪਤ ਹੁੰਦਾ ਹੈ। ਤ੍ਰਿਵਿਕ੍ਰਮ ਦੇਵ ਦੇ ਪ੍ਰਾਕ੍ਰਿਤ

ਵਿਆਕਰਣ "ਪ੍ਰਾਕ੍ਰਿਤ ਸ਼ਬਦਾਨੁਸ਼ਾਸਨ" ਦੇ ਤੀਜੇ ਅਧਿਆਏ ਦੇ ਦੂਜੇ ਪਾਦ ਵਿਚ ਪੈਸ਼ਾਚੀ ਦੀ ਭਾਸ਼ਾਗਤ ਰੂਪ-ਰੇਖਾ ਦਾ ਦਿਗਦਰਸ਼ਨ ਪੇਸ਼ ਕੀਤਾ ਹੈ। ਤ੍ਰਿਵਿਕ੍ਰਮ ਨੇ ਪੈਸ਼ਾਚੀ ਦੀਆਂ ਖ਼ਾਸ ਖ਼ਾਸ ਵਿਸ਼ੇਸ਼ਤਾਵਾਂ ਦਾ ਕਥਨ ਕਰ ਕੇ ਸੂਤ੍ਰ 62 ਵਿਚ ਇਹ ਲਿਖ ਦਿੱਤਾ ਹੈ ਕਿ ਪੈਸ਼ਾਚੀ ਦੀ ਬਾਕੀ ਰੂਪ-ਰੇਖਾ ਸ਼ੌਰਸੇਨੀ ਪ੍ਰਾਕ੍ਰਿਤ ਵਾਂਗੂ ਹੈ। ਇਸ ਆਧਾਰ 'ਤੇ ਹੁਣ ਕੁਝ ਹੋਰ ਪੈਸ਼ਾਚੀ ਦੀਆਂ ਖ਼ਾਸ ਭਾਸ਼ਾਈ ਵਿਲੱਖਣਤਾਵਾਂ ਅੰਕਿਤ ਕੀਤੀਆਂ ਜਾਂਦੀਆਂ ਹਨ ਤਾਂ ਜੋ ਪੰਜਾਬੀ ਤੇ ਪੈਸ਼ਾਚੀ ਦੇ ਆਪਸੀ ਭੇਦਕਾਰੀ ਲੱਛਣਾਂ ਦਾ ਜਾਇਜ਼ਾ ਲਿਆ ਜਾ ਸਕੇ।

ਪੈਸ਼ਾਚੀ ਦੀਆਂ ਪ੍ਰਮੁਖ ਵਿਲੱਖਣਤਾਵਾਂ

(1) /ਣ/ ਦਾ /ਨ/ ਵਿਚ ਰੂਪਾਂਤਰਣ : (ਟ-ਵਰਗ ਧੁਨੀਆਂ ਆਮ ਤੌਰ ਤੇ ਤ-ਵਰਗ ਵਿਚ ਬਦਲਦੀਆਂ ਹਨ।

ਪੈਸ਼ਾਚੀ : ਪਨਮਤ (ਸੰਸਕ੍ਰਿਤ : ਪ੍ਰਣਮਤਿ), ਗੁਨਗਨ ਜੁੱਤੋ (ਸੰ. ਗੁਣਗਣ ਯੁਕ੍ਤਃ), ਗੁਨੇਨ (ਸੰ. ਗੁਣੇਨ), ਕੁਤੁੰਬ. (ਸੰ. ਕੁਟੁੰਬ)

ਪੰਜਾਬੀ : ਪ੍ਰਣਵਤਿ (ਗੁਰਬਾਣੀ), ਕੁਟੰਬ, ਗੁਣਗਣ ਜੁਗਤ, ਗੁਣ.

ਨੋਟ : ਪੰਜਾਬੀ ਵਿਚ ਪੈਸ਼ਾਚੀ ਤੋਂ ਉਲਟ ਣ ਨੂੰ ਨ ਆਮ ਕਰ ਕੇ ਨਹੀਂ ਹੁੰਦਾ ਬਲਕਿ ਪੰਜਾਬੀ ਵਿਚ /ਣ/ (retroflex) ਦੀ ਬਹੁਲਤਾ ਹੈ।

(2) **ਧੁਨੀ-ਸੰਜੋਗ** (cluster of consonants) :

ਪੈਸ਼ਾਚੀ : ਕੰਞਕਾ	ਪੰਜਾਬੀ : ਕੰਨਿਆ/ਕੰਜਕਾ	ਸੰਸ : ਕਨ੍ਯਕਾ
ਪੈਸ਼ਾਚੀ : ਅਭਿਮੰਞੁ	ਪੰਜਾਬੀ : ਅਭਿਮਨਿਊ	ਸੰਸ : ਅਭਿਮਨ੍ਯੁ
ਪੈਸ਼ਾਚੀ : ਪੁੰਞ ਕੰਮੋ	ਪੰਜਾਬੀ : ਪੁੰਨ ਕਰਮ/ਕੰਮ	ਸੰਸ : ਪੁਣ੍ਯ ਕਰ੍ਮ

(3) ਸਘੋਸ਼ਾਂ ਦਾ ਅਘੋਸ਼ੀਕਰਣ :

	ਪੈਸ਼ਾਚੀ	*ਸੰਸਕ੍ਰਿਤ*	*ਪੰਜਾਬੀ*
ਗ → ਕ :	ਨਕਰ	ਨਗਰ	ਨਗਰ
ਜ → ਚ :	ਰਾਚਾ,	ਰਾਜਾ, ਜੀਮੂਤ ਵਾਹਨ	ਰਾਜਾ
	ਚੀਮੂਤ ਵਾਹਨ	(ਪਾਤ੍ਰ ਦਾ ਨਾਂ)	ਜੀਮੂਤ ਵਾਹਨ
ਡ → ਟ :	ਤਟਾਕ	ਤੜਾਕ (ਤਲਾਉ, ਟੋਭਾ)	ਤਲਾਉ/ਤਲਾ ← ਤੜਾਅ
ਦ → ਤ :	ਮਤਨੋ	ਮਦਨ (ਕਾਮਦੇਵ)	ਮਦਨ (ਕੁਮਾਰ) : ਇਕ ਨਾ
ਬ → ਪ :	ਪਾਲਕੋ	ਬਾਲਕ	ਬਾਲਕ/ਬਾਲ

ਪੈਸ਼ਾਚੀ ਵਿਚ /ਗ, ਜ, ਡ, ਦ, ਬ/ ਦਾ /ਕ, ਚ, ਟ, ਤ, ਪ/ ਵਿਚ ਰੂਪਾਂਤਰਣ/ਪਰਿਵਰਤਨ ਹੁੰਦਾ ਹੈ ਜਦ ਕਿ ਪੰਜਾਬੀ ਵਿਚ ਇਸ ਤੋਂ ਵਿਪਰੀਤ /ਕ, ਚ, ਟ, ਤ, ਪ/ ਦਾ /ਗ, ਜ, ਡ, ਦ, ਬ/ ਵਿਚ ਰੂਪਾਂਤਰਣ ਹੁੰਦਾ ਹੈ। ਅਘੋਸ਼ਾਂ ਦਾ ਸਘੋਸ਼ੀਕਰਣ ਵਾਲੀ ਇਹ ਧੁਨੀਆਤਮਕ ਪ੍ਰਵਿਰਤੀ ਪੰਜਾਬੀ ਵਿਚ ਬਹੁਤ ਹੀ ਵੱਡੀ ਮਾਤਰਾ ਵਿਚ ਉਪਲਬਧ ਹੁੰਦੀ ਹੈ ਜੋ ਕਿ ਪੈਸ਼ਾਚੀ ਤੋਂ ਬਿਲਕੁਲ ਉਲਟ ਹੈ।

(4) ਪੈਸ਼ਾਚੀ ਵਿਚ /ਘ, ਝ, ਢ, ਧ, ਭ/ ਦਾ ਤਰਤੀਬਵਾਰ /ਖ, ਛ, ਠ, ਥ, ਫ/ ਵਿਚ ਰੂਪਾਂਤਰਣ :

	ਪੈਸ਼ਾਚੀ	*ਸੰਸਕ੍ਰਿਤ*	*ਪੰਜਾਬੀ*
ਘ → ਖ :	ਮੇਖ, ਖਨੋ	ਮੇਘ, ਘਨ	ਮੇਘ/ਮੇਘਲਾ/ਮੇਹ, ਘਨ/ਘਨੀਅਰ

ਝ → ਛ : ਣਿੱਛਲੈ	ਨਿਰ੍ਝਰ	ਝਰਨਾ,
ਢ → ਠ : ਠੱਕ	ਢਕਾ	ਢਕ
ਧ → ਥ : ਮਥਲੰ, ਥਾਲਾ	ਮਧੁਰੰ, ਧਾਰਾ	ਮਧੁਰ, ਧਾਰਾ
ਭ → ਫੰ : ਲੰਫਾ, ਫਕਵਤੀ	ਰੰਭਾ, ਭਗਵਤੀ	ਰੰਭਾ (ਦੇਵੀ), ਭਗਵਤੀ/ਭਗਉਤੀ

ਪੈਸ਼ਾਚੀ ਦੀਆਂ ਇਨ੍ਹਾਂ ਧੁਨੀਆਤਮਕ ਵਿਲੱਖਣਤਾਵਾਂ ਤੋਂ ਇਲਾਵਾ ਹੋਰ ਵੀ ਰੂਪਾਤਮਕ, ਸ਼ਬਦਾਤਮਕ ਤੇ ਵਿਆਕਰਣਿਕ ਵਿਲੱਖਣਤਾਵਾਂ ਵੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੇ ਤੁਲਨਾਤਮਕ ਅਧਿਐਨ ਤੋਂ ਪੰਜਾਬੀ ਤੇ ਪੈਸ਼ਾਚੀ ਦੀ ਵੱਖਰਤਾ ਤੇ ਅੱਡਰਤਾ ਜ਼ਾਹਰ ਹੁੰਦੀ ਹੈ। ਪੈਸ਼ਾਚੀ ਦੇ ਪੰਜਾਬੀ ਨਾਲੋਂ ਭੇਦਕਾਰੀ ਲੱਛਣਾਂ ਤੋਂ ਇਹੋ ਪ੍ਰਗਟ ਹੁੰਦਾ ਹੈ ਕਿ ਪੈਸ਼ਾਚੀ, ਪੰਜਾਬੀ/ਪੱਛਮੀ ਪੰਜਾਬੀ ਦੀ ਸਰੋਤ-ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਪ੍ਰਮਾਣਿਤ ਨਹੀਂ ਹੋ ਸਕਦੀ। ਇਹ ਤਾਂ ਸੰਭਵ ਪ੍ਰਤੀਤ ਹੁੰਦਾ ਹੈ ਕਿ ਕਸ਼ਮੀਰੀ ਆਦਿ ਦਾਰਦਿਕ ਭਾਸ਼ਾ-ਸਮੂਹ ਦੀ ਜਨਨੀ ਸਰੋਤ ਪ੍ਰਾਕ੍ਰਿਤ ਹੋਣ ਦੇ ਨਾਤੇ ਪੈਸ਼ਾਚੀ, ਇਕ ਗੁਆਂਢੀ ਪ੍ਰਾਕ੍ਰਿਤ ਹੋਣ ਕਰਕੇ ਪੰਜਾਬੀ ਉੱਤੇ ਅਵੱਸ਼ ਅਸਰ-ਅੰਦਾਜ਼ ਹੋ ਸਕੀ ਹੈ ਜਿਸ ਦੀਆਂ ਵੰਨਗੀਆਂ ਮੌਜੂਦਾ ਪੰਜਾਬੀ ਭਾਸ਼ਾ ਦੇ ਸੰਰਚਨਾਤਮਕ ਅਧਿਐਨ ਤੋਂ ਸਿੱਧ ਹੁੰਦੀਆਂ ਹਨ।

ਇਸ ਤੋਂ ਇਲਾਵਾ ਪ੍ਰਾਚੀਨ ਪੰਜਾਬ ਦੇ ਇਤਿਹਾਸਿਕ ਹਵਾਲਿਆਂ ਤੋਂ ਵੀ ਇਹੋ ਤੱਥ ਉਭਰਦਾ ਦਿਖਾਈ ਦਿੰਦਾ ਹੈ ਕਿ ਪੈਸ਼ਾਚੀ, ਗ੍ਰੀਅਰਸਨ ਦੀ ਧਾਰਣਾ ਦੇ ਮੁਤਾਬਕ, ਪੰਜਾਬੀ/ਲਹਿੰਦੀ ਪੰਜਾਬੀ ਦੀ ਸਰੋਤ-ਪ੍ਰਾਕ੍ਰਿਤ ਸਿੱਧ ਨਹੀਂ ਹੁੰਦੀ। ਸਭ ਤੋਂ ਪਹਿਲਾਂ ਜਦੋਂ ਅਸੀਂ ਇਹ ਵੇਖਦੇ ਹਾਂ ਕਿ ਪ੍ਰਾਚੀਨ ਪੰਜਾਬ (ਅਰਥਾਤ ਸਪਤ ਸਿੰਧੂ ਪ੍ਰਦੇਸ) ਉਹ ਭੂ-ਖੰਡ ਹੈ ਜਿਥੇ ਵੈਦਿਕ ਭਾਸ਼ਾ ਦਾ ਪ੍ਰਕਾਸ਼ ਤੇ ਪ੍ਰਸਾਰ ਹੋਇਆ ਸੀ। ਪਰ ਏਥੇ ਕਾਬਲੇ-ਗ਼ੌਰ ਨੁਕਤਾ ਇਹ ਹੈ ਕਿ ਵੈਦਿਕ ਭਾਸ਼ਾ (ਵੈਦਿਕ ਸੰਸਕ੍ਰਿਤ) ਦਾ ਪੈਸ਼ਾਚੀ ਨਾਲ ਕੋਈ ਵੀ ਰਿਸ਼ਤਾ-ਨਾਤਾ ਕਿਸੇ ਵੀ ਥਾਂ ਉਧ੍ਰਿਤ ਕੀਤਾ ਹੋਇਆ ਨਹੀਂ ਮਿਲਦਾ। ਵੈਦਿਕ ਭਾਸ਼ਾ ਤੋਂ ਤਾਂ ਪਾਲੀ-ਪ੍ਰਾਕ੍ਰਿਤ ਦਾ ਹੀ ਵਿਕਾਸ ਹੋਇਆ ਹੈ।

ਪ੍ਰਾਚੀਨ ਪੰਜਾਬ ਦੇ ਗਾਂਧਾਰ-ਰਾਸ਼ਟ੍ਰ (ਹੁਣ ਕੰਧਾਰ, ਕਾਬਲ) ਦੇ ਤਕਸ਼ਸ਼ਿਲਾ (ਹੁਣ ਪਾਕਿਸਤਾਨ) ਵਿਚ ਪਾਣਿਨੀ ਰਿਸ਼ੀ ਨੇ ਕਲੈਸੀਕਲ/ਲੌਕਿਕ ਸੰਸਕ੍ਰਿਤ ਦੇ ਵਿਆਕਰਣ "ਅਸ਼ਟਾਧਿਆਈ" ਦੀ ਰਚਨ ਕੀਤੀ ਸੀ। ਅਸ਼ਟਾਧਿਆਈ ਵਿਆਕਰਣ ਦੀ ਆਧਾਰ-ਭਾਸ਼ਾ ਤਤਕਾਲੀਨ ਪੰਜਾਬ ਦੀ ਹੀ ਕੋਈ ਪ੍ਰਚਲਿਤ ਲੋਕ-ਭਾਸ਼ਾ-ਵੰਨਗੀ ਹੋਵੇਗੀ ਜਿਸ ਵਿਚੋਂ ਪਾਣਿਨੀ ਨੇ ਅਨੇਕਾਂ ਮਿਸਾਲਾਂ ਤੇ ਦ੍ਰਿਸ਼ਟਾਂਤ ਗ੍ਰਹਿਣ ਕਰਕੇ ਭਾਸ਼ਾਗਤ ਪੈਟਰਨ ਲੱਭੇ ਅਤੇ ਵਿਆਕਰਣਿਕ ਸਿੱਧਾਂਤ-ਸੂਤ੍ਰ ਸਥਾਪਿਤ ਕੀਤੇ। ਕਲੈਸੀਕਲ ਸੰਸਕ੍ਰਿਤ ਦਾ ਕੋਈ ਸਿੱਧਾ ਸੰਬੰਧ ਯਕੀਨਨ ਪੈਸ਼ਾਚੀ ਪ੍ਰਾਕ੍ਰਿਤ ਨਾਲ ਨਹੀਂ ਜੁੜਦਾ।

ਇਤਿਹਾਸ ਅੱਗੇ ਤੁਰਦਾ ਹੈ। ਇਤਿਹਾਸਿਕ ਯੁਗ ਦੀ ਈਸਾ-ਪੂਰਵ ਤੀਜੀ ਸਦੀ ਵਿਚ ਮਹਾਰਾਜਾ ਅਸ਼ੋਕ ਦੇ ਸ਼ਿਲਾਲੇਖ ਪ੍ਰਾਚੀਨ ਪੰਜਾਬ (ਹੁਣ ਪਾਕਿਸਤਾਨ) ਦੇ ਜ਼ਿਲ੍ਹਾ ਹਜ਼ਾਰਾ ਤੇ ਪਿਸ਼ਾਵਰ ਵਿਚ ਮਿਲਦੇ ਹਨ ਜਿਨ੍ਹਾਂ ਦੀ ਭਾਸ਼ਾ ਨੂੰ ਕਿਸੇ ਵੀ ਸਥਾਪਿਤ ਵਿਦਵਾਨ ਨੇ ਪੈਸਾਚੀ ਭਾਸ਼ਾ ਘੋਸ਼ਿਤ ਨਹੀਂ ਕੀਤਾ। ਅਸ਼ੋਕੀ ਸ਼ਿਲਾਲੇਖਾਂ ਦੀ ਭਾਸ਼ਾ ਤਾਂ ਸ਼ੁਧ ਪਾਲੀ ਪ੍ਰਾਕ੍ਰਿਤ ਦਾ ਅਗਲਾ ਵਿਕਸਿਤ ਰੂਪ ਹੈ ਜਿਸ ਨੂੰ ਪੈਸ਼ਾਚੀ ਨਹੀਂ ਮੰਨਿਆ ਜਾਂਦਾ। ਗ੍ਰੀਅਰਸਨ ਦੇ ਅਨੁਸਾਰ ਅਸ਼ੋਕੀ ਸ਼ਿਲਾਲੇਖਾਂ ਦੀ ਭਾਸ਼ਾ ਵਿਚ ਪੈਸ਼ਾਚੀ ਦਾ ਅਸਰ ਅਵੱਸ਼ ਦ੍ਰਿਸ਼ਟੀਗੋਚਰ

ਹੁੰਦਾ ਹੈ । ਅਸਰ-ਅੰਦਾਜ਼ ਹੋਣਾ ਇਕ ਹੋਰ ਮੁੱਦਾ ਹੈ ।[4]

ਕਵੀ ਗੁਣਾਢਯ ਦੀ ਲਿਖੀ ਹੋਈ ਬ੍ਰਿਹਤਕਥਾ "ਵੱਡਕਹਾ" ਪੈਸਾਚੀ ਭਾਸ਼ਾ ਵਿਚ ਲਿਖੀ ਹੋਈ ਦੱਸੀ ਜਾਂਦੀ ਹੈ । ਵੱਡਕਹਾ ਦਾ ਪ੍ਰਚਾਰ ਤੇ ਪ੍ਰਚਲਨ ਕਸ਼ਮੀਰ ਪ੍ਰਦੇਸ਼ ਵਿਚ ਹੀ ਹੋਇਆ ਹੈ । ਸਪਤਸਿੰਧੂ ਜਾ ਪੰਚਨਦ (ਪ੍ਰਾਚੀਨ ਪੰਜਾਬ) ਦੇ ਗਾਂਧਾਰ, ਕੈਕੇਯ, ਮਦ੍ਰਦੇਸ਼ ਆਦਿ ਖੇਤਰਾਂ ਵਿਚ ਗੁਣਾੱਢ ਦੀ ਪੈਸ਼ਾਚੀ ਵਿਚ ਰਚਿਤ ਵੱਡਕਹਾ ਦਾ ਕੋਈ ਨਿਰਦੇਸ਼ ਜਾਂ ਉੱਲੇਖ ਨਹੀਂ ਮਿਲਦਾ ।

ਇਨ੍ਹਾਂ ਇਤਿਹਾਸਿਕ ਤੱਥਾਂ ਦੀ ਰੌਸ਼ਨੀ ਵਿਚ ਨਤੀਜਾ ਇਹ ਨਿਕਲਦਾ ਹੈ ਕਿ ਪੈਸ਼ਾਚੀ ਦਾ ਵੈਦਕਾਲੀਨ ਪੰਜਾਬ, ਕਲੈਸੀਕਲ ਪੰਜਾਬ, ਅਤੇ ਅਸ਼ੋਕ-ਕਾਲੀਨ ਪੰਜਾਬ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸੰਪਰਕ ਜਾਂ ਸੰਜੋਗ ਹੋਇਆ ਨਹੀਂ ਮਿਲਦਾ । ਇਸ ਲਈ ਇਸ ਅਧਿਐਨ ਦੇ ਪਰਿਪੇਖ ਵਿਚ ਗ੍ਰਿਅਰਸਨ ਦੀ ਪੈਸ਼ਾਚੀਵਾਦੀ ਧਾਰਣਾ ਦਾ ਖੰਡਨ ਹੋ ਜਾਂਦਾ ਹੈ ਅਤੇ ਇਸ ਦੇ ਫਲਸਰੂਪ ਗ੍ਰਿਅਰਸਨ ਦੀ ਪੰਜਾਬੀ ਸੰਬੰਧੀ ਦੁਫਾੜਵਾਦ ਦੀ ਕਲਪਨਾ ਵੀ ਸਾਰਹੀਣ ਹੋ ਨਿਬੜਦੀ ਹੈ ।

ਹਵਾਲੇ ਤੇ ਟਿੱਪਣੀਆਂ

1 The Apabhramsa of the country round the lower Indus was known as Vrachada. This we can directly connect with the modern Sindhi and Lahnda, the latter being spoken in the ancient country of the Kaikeyas, although the tracts in which these two languages are now vernacular must once have had, as part of their population, a considerable number of speakers of Daradic languages, who have left behind them on the existing forms of speech traces of their former existence.

'Closely connected with it were the Takka Apabhramsa of the North-Central Panjab and the Upanagare Apabhramsa, probably of the Southern Panjab, which were the parents of the verious dialects of Panjabi.

[Grierson, L.S.I., part I, vol., I, pp. 126].

2 In the Eastern Punjab the wave of Dardic with the old Lahnda had nearly exhausted itself, and the old western Hindi had the mastery, the resultant language being Punjabi while in the western Panjab, the old western Hindi had nearly exhausted itself, the resultant language being modern Lahnda. [*Linguistic Survey*, vol. I, part I. p 168.].

3 I have been guided mainly by the vocabulary [L.S.I., vol. IX. part I. p. 608].

Lahnda differs widely from the latter known Panjabi in Vocabulary, more nearly approaching Sindhi in this respect. Some of its words are also found in Kashmiri-a Dardic Language and it contains even words once used in that form of speech but now no longer current. [Ibid, p 608].

4 This (the language of the Asokan inscription) was a dialectic form of Pali, distinguished by possessiong many phonetic peculiarities that are still observable in the Dardic languages and in Lahnda and Sindhi" [Grierson 1927 : 136].

ਅਧਿਆਏ 7 : 5

ਗ੍ਰੀਅਰਸਨ ਦਾ ਸ਼ੌਰਸੇਨੀਵਾਦ

ਗ੍ਰੀਅਰਸਨ ਨੇ ਜਿਥੇ ਪੱਛਮੀ ਪੰਜਾਬੀ (ਲਹਿੰਦੀ) ਨੂੰ ਪੈਸ਼ਾਚੀ-ਮੂਲਕ ਦਾਰਦਿਕ ਭਾਸ਼ਾ ਮੰਨਿਆ ਹੈ ਉਥੇ ਪੂਰਬੀ ਪੰਜਾਬੀ ਨੂੰ ਸ਼ੌਰਸੇਨੀ-ਮੂਲਕ ਸਵੀਕਾਰਿਆ ਹੈ। ਗ੍ਰੀਅਰਸਨ ਨੇ ਲਿਖਿਆ ਹੈ : *"ਇਹ ਸਾਰਾ ਪੰਜਾਬ (ਸੰਜੁਗਤ ਹਿੰਦ-ਪਾਕ ਪੰਜਾਬ) ਇਕ ਅਜਿਹਾ ਸੰਗਮ-ਸਥਾਨ ਹੈ ਜਿਥੇ ਬਿਲਕੁਲ ਅਡਰੀਆਂ ਦੋ ਭਾਰਤੀ ਆਰੀਆ ਭਾਸ਼ਾਵਾਂ ਦਾ ਸੁਮੇਲ ਹੋਇਆ ਹੈ। (1) ਇਕ ਬੰਨੇ ਦਾਰਦਿਕ ਭਾਸ਼ਾ ਦੁਆਰਾ ਪੂਰੀ ਤਰ੍ਹਾਂ ਪ੍ਰਭਾਵਿਤ (ਜੇਕਰ ਉਹ ਅਸਲੀ ਤੌਰ ਤੇ ਦਾਰਦਿਕ ਨਹੀਂ ਹੈ) ਪ੍ਰਾਚੀਨ ਬਾਹਰਵਰਤੀ ਭਾਸ਼ਾ ਸੀ ਜਿਸ ਦਾ ਵਿਸਤਾਰ ਸਿਧੂ ਵਾਦੀ ਤੋਂ ਚਲ ਕੇ ਪੂਰਬੀ ਭਾਰਤ ਦੀ ਤਰਫ ਹੋਇਆ, ਅਤੇ (2) ਦੂਜੇ ਬੰਨੇ ਆਧੁਨਿਕ ਪੱਛਮੀ ਹਿੰਦੀ ਦੀ ਜਨਨੀ ਪ੍ਰਾਚੀਨ ਮੱਧ-ਦੇਸ਼ੀ ਭਾਸ਼ਾ (ਸ਼ੌਰਸੇਨੀ) ਸੀ ਜਿਸ ਦਾ ਵਿਸਤਾਰ ਯਮੁਨਾ ਨਦੀ ਤੋਂ ਪੱਛਮ ਵੱਲ ਹੋਇਆ। ਪੰਜਾਬ ਵਿਚ ਆ ਕੇ ਇਹ ਦੋਵੇਂ ਲਹਿਰਾਂ ਇਕ-ਦੂਜੀ ਵਿਚ ਰਚਮਿਚ ਗਈਆਂ"* [ਗ੍ਰੀਅਰਸਨ, ਰੀਪ੍ਰਿੰਟ 1977 :135]।*

ਨਤੀਜਾ ਇਹ ਹੋਇਆ ਕਿ ਪੈਸ਼ਾਚੀ (ਦਾਰਦਿਕ) ਪ੍ਰਾਕ੍ਰਿਤ ਤੋਂ (ਜਾਂ ਦਾਰਦਿਕ ਪ੍ਰਭਾਵਿਤ ਪ੍ਰਾਚੀਨ ਭਾਸ਼ਾ ਤੋਂ) ਪਛੱਮੀ ਪੰਜਾਬੀ (ਲਹਿੰਦੀ) ਦਾ ਅਤੇ ਪ੍ਰਾਚੀਨ ਮੱਧ-ਦੇਸ਼ੀ (ਸ਼ੌਰਸੇਨੀ) ਤੋਂ ਪੂਰਬੀ ਪੰਜਾਬੀ ਦਾ ਜਨਮ ਹੋਇਆ। ਇਸ ਤਰ੍ਹਾਂ ਗ੍ਰੀਅਰਸਨ ਦੇ ਮੁਤਾਬਕ ਪੱਛਮੀ ਪੰਜਾਬੀ (ਲਹਿੰਦੀ) ਦੀ ਸਰੋਤ-ਭਾਸ਼ਾ ਪੈਸ਼ਾਚੀ (ਦਾਰਦਿਕ ਭਾਸ਼ਾ) ਹੈ ਜਦ ਕਿ ਪੂਰਬੀ-ਪੰਜਾਬੀ ਦੀ ਸਰੋਤ-ਭਾਸ਼ਾ ਸ਼ੌਰਸੇਨੀ (ਪ੍ਰਾਚੀਨ ਮੱਧ ਦੇਸ਼ੀ) ਪ੍ਰਾਕ੍ਰਿਤ ਹੈ। ਪੈਸ਼ਾਚੀ ਤੇ ਪੰਜਾਬੀ ਦੇ ਸੰਬੰਧਾਂ ਬਾਰੇ ਅਸੀਂ ਹੁਣੇ ਹੀ ਪੈਸ਼ਾਚੀਵਾਦ ਦੇ ਅੰਤਰਵਤ ਚਰਚਾ ਕਰ ਆਏ ਹਾਂ, ਅਤੇ ਹੁਣ ਅਸੀਂ ਗ੍ਰੀਅਰਸਨ ਦੇ ਸ਼ੌਰਸੇਨੀਵਾਦ ਬਾਰੇ ਵਿਚਾਰ-ਵਿਮਰਸ਼ ਤੇ ਬਹਿਸ ਪੇਸ਼ ਕਰਦੇ ਹਾਂ।

ਇਸ ਤਰ੍ਹਾਂ ਗ੍ਰੀਅਰਸਨ ਦੀ ਵਿਉਂਤਬੰਦੀ ਦੇ ਅਨੁਸਾਰ ਪੂਰਬੀ ਪੰਜਾਬੀ ਦੀ ਸਰੋਤ-ਭਾਸ਼ਾ ਪ੍ਰਾਚੀਨ ਮੱਧ-ਦੇਸ਼ੀ ਭਾਸ਼ਾ (old midland language) ਹੈ ਜਿਸ ਤੋਂ ਹੀ ਆਧੁਨਿਕ ਪੱਛਮੀ ਹਿੰਦੀ ਦਾ ਜਨਮ ਹੋਇਆ ਹੈ। ਗ੍ਰੀਅਰਸਨ ਨੇ ਜਿਸ ਪ੍ਰਾਚੀਨ ਮੱਧ-ਦੇਸ਼ੀ ਭਾਸ਼ਾ ਦਾ ਜ਼ਿਕਰ ਕੀਤਾ ਹੈ ਉਸ ਤੋਂ ਉਸ ਦੀ ਮੁਰਾਦ ਸ਼ੌਰਸੇਨੀ ਪ੍ਰਾਕ੍ਰਿਤ ਹੀ ਹੈ ਕਿਉਂ ਕਿ ਗ੍ਰੀਅਰਸਨ

* The whole Panjab is the meeting ground of two entirely distinct Indo-Aryan languages- viz., (1) the old Outer language strongly influenced by Dardic, if not actually Dardic which expanded from the Indus Valley eastwards, and (2) the old midland language, the parent of modern western Hindi, which expanded from Jamuna Valley westwards. In the Panjab they overlapped... Lahnda may almost be described as a Dardic language infected by eastern Hindi, while Panjabi is a form of western Hindi infected by Dardic. [Grierson 1927, reprint 1977 : 135]

ਨੇ ਆਪਣੇ ਇਸ ਉੱਦੇਸ਼ ਨੂੰ ਅੱਗੇ ਸਪਸ਼ਟ ਸ਼ਬਦਾਂ ਵਿਚ ਇਉਂ ਅੰਕਿਤ ਕੀਤਾ ਹੈ :

"Amongest them was the Shaursena Apabhramsa of the middle Doabe." [Grierson, Page 126] ।

ਜ਼ਾਹਰ ਹੈ ਕਿ ਗ੍ਰੀਅਰਸਨ ਪ੍ਰਾਚੀਨ ਮੱਧ-ਦੇਸ਼ੀ ਭਾਸ਼ਾ ਨੂੰ ਸ਼ੌਰਸੇਨੀ ਪ੍ਰਾਕ੍ਰਿਤ ਆਖਦਾ ਹੈ । ਇਸ ਤਰ੍ਹਾਂ ਗ੍ਰੀਅਰਸਨ ਸ਼ੌਰਸੇਨੀ ਪ੍ਰਾਕ੍ਰਿਤ ਨੂੰ ਪੂਰਬੀ-ਪੰਜਾਬੀ ਦੀ ਸਰੋਤ-ਭਾਸ਼ਾ ਵਜੋਂ ਸਵੀਕਾਰ ਕਰਦਾ ਹੈ । ਕਈ ਵਿਦਵਾਨ ਗ੍ਰੀਅਰਸਨ ਦੀ ਰੀਸ ਕਰਦੇ ਹੋਏ ਸ਼ੌਰਸੇਨੀ ਪ੍ਰਾਕ੍ਰਿਤ ਤੋਂ ਹੀ ਪੂਰਬੀ ਪੰਜਾਬੀ ਨੂੰ ਜਨਮੀ ਹੋਈ ਮੰਨਦੇ ਹਨ । ਇਨ੍ਹਾਂ ਵਿਚੋਂ ਪ੍ਰਮੁਖ ਹਨ :

ਪੀ ਡੀ ਗੁਣੇ : *"ਪੰਜਾਬੀ ਤੇ ਪੱਛਮੀ ਹਿੰਦੀ ਸ਼ੌਰਸੇਨ ਅਪਭ੍ਰੰਸ਼ ਤੋਂ ਹੀ ਵਿਕਸਿਤ ਹੋਈਆ ਮੰਨੀਆਂ ਜਾਂਦੀਆਂ ਹਨ"* [*An Introduction to the Comparative Philology*, 1955 : 223, Poona].

ਧੁਨੀ ਚੰਦ੍ਰ : *ਸ਼ੌਰਸੇਨੀ ਅਪਭ੍ਰੰਸ਼ ਤੋਂ ਆਧੁਨਿਕ ਪੱਛਮੀ ਹਿੰਦੀ ਤੇ ਪੰਜਾਬੀ ਨਿਕਲੀਆਂ ਹਨ. ਪੰਜਾਬੀ ਦਾ ਕੈਕੇਯ ਨਾਲ ਘਨਿਸ਼ਠ ਸੰਬੰਧ ਹੈ ।"*

[*ਹਿੰਦੀ ਔਰ ਪੰਜਾਬੀ ਕਾ ਭਾਸ਼ਾ-ਵਿਗਿਆਨ, ਪੰਨਾ* 5].

ਤਾਰਾਪੁਰ ਵਾਲਾ : *"ਜਿਸ ਭਾਸ਼ਾ ਤੋਂ ਲਹਿੰਦਾ ਤੇ ਪੰਜਾਬੀ ਨਿਕਲੀਆਂ ਹਨ ਉਸ ਭਾਸ਼ਾ ਦਾ ਪ੍ਰਾਕ੍ਰਿਤ ਤੇ ਸੰਸਕ੍ਰਿਤ ਸਾਹਿਤ ਵਿਚ ਕੋਈ ਵਰਣਨ ਨਹੀਂ ਹੈ ਪਰ ਫਿਰ ਵੀ ਇਨ੍ਹਾਂ ਉੱਤੇ ਸ਼ੌਰਸੇਨੀ ਦਾ ਪ੍ਰਭਾਵ ਅਵੱਸ਼ ਹੈ ।"*

[*Elements of the Science of Language*, p. 52].

ਵਿ ਭਾ. ਅਰੁਣ : *"ਪੰਜਾਬੀ ਨੂੰ ਜਨਮ ਦੇਣ ਵਿਚ ਜਿੱਥੇ ਪੁਰਾਣੀ ਪਛੱਮੀ ਹਿੰਦੀ ਯਾ ਸ਼ੌਰਸੇਨੀ ਅਪਭ੍ਰੰਸ਼ ਦਾ ਬਹੁਤ ਹੱਥ ਹੈ, ਉੱਥੇ ਖੜੀ ਬੋਲੀ ਦੇ ਵਿਕਾਸ ਵਿਚ ਪੰਜਾਬੀ ਨੇ ਬਹੁਤ ਯੋਗ ਦਿੱਤਾ ਹੈ"*

[*ਪੰਜਾਬੀ ਭਾਸ਼ਾ ਦਾ ਇਤਿਹਾਸ*, 1956 : 45].

ਪਰੰਤੂ ਗ੍ਰੀਅਰਸਨ ਵਲੋਂ ਪੇਸ਼ ਕੀਤਾ ਸ਼ੌਰਸੇਨੀਵਾਦ ਦਾ ਪ੍ਰਸਤਾਵ-ਮਤਾ ਸ਼ੱਕੀ ਤੇ ਸੰਦਿਗਧ ਹੈ । ਗੰਗਾ-ਜਮਨਾ ਦੋਆਬ ਵਾਲੇ ਮੱਧ-ਦੇਸ਼ ਦੀ ਪ੍ਰਮੁਖ ਪ੍ਰਾਕ੍ਰਿਤ ਹੋਣ ਦੇ ਕਾਰਣ ਸ਼ੌਰਸੇਨੀ ਪ੍ਰਾਕ੍ਰਿਤ/ਅਪਭ੍ਰੰਸ਼ ਨੇ ਪੰਜਾਬ ਦੀ ਭਾਸ਼ਾ ਨੂੰ ਜ਼ਰੂਰ ਪ੍ਰਭਾਵਿਤ ਕੀਤਾ ਹੈ. ਇਸ ਕਾਰਣ ਕਰਕੇ ਸ਼ੌਰਸੇਨੀ ਦੀਆ ਕਈ ਵਿਲੱਖਣਤਾਵਾਂ ਪੰਜਾਬੀ ਵਿਚ ਮਿਲਦੀਆਂ ਹਨ, ਅਤੇ ਪੰਜਾਬੀ ਤੇ ਸ਼ੌਰਸੇਨੀ ਦੀਆਂ ਕਈ ਸਾਂਝਾਂ ਤੇ ਸਮਾਨਤਾਵਾਂ ਵੀ ਉਪਲਬਧ ਹੁੰਦੀਆ ਹਨ । ਪਰ ਇਹ ਵੀ ਹੁਣ ਸਾਫ਼-ਸਪਸ਼ਟ ਹੈ ਕਿ ਪ੍ਰਾਚੀਨ ਪੰਜਾਬ ਦੇ ਦੂਰਵਰਤੀ ਠੇਠ ਇਲਾਕੇ ਵਿਚ ਸ਼ੌਰਸੇਨੀ ਨੂੰ ਛੱਡ ਕੇ ਹੋਰ ਕੋਈ ਨਾ ਕੋਈ ਪ੍ਰਾਕ੍ਰਿਤ /ਅਪਭ੍ਰੰਸ਼ ਭਾਸ਼ਾ/ ਭਾਸ਼ਾਵਾ ਅਵੱਸ਼ ਪ੍ਰਚਲਿਤ ਰਹੀਆ ਹੋਣਗੀਆ, ਨਹੀਂ ਤਾਂ ਸ਼ੌਰਸੇਨੀ ਤੋਂ ਸਿੱਧੇ ਤੌਰ ਤੇ ਜਨਮੀ ਉਸ ਦੀ ਵੰਸ਼ਜ ਆਧੁਨਿਕ ਪੱਛਮੀ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਮੁਕਾਬਲਤਨ ਉੱਘੀਆਂ ਤੇ ਉਗ੍ਰ ਕਿਸਮ ਦੀਆਂ ਵੱਖਰਤਾਵਾਂ ਤੇ ਭਿੰਨਤਾਵਾ ਪ੍ਰਗਟ ਨਾ ਹੁੰਦੀਆ ।

ਉਪਰੋਕਤ ਤਰਕ-ਪ੍ਰਣਾਲੀ ਦੀ ਪ੍ਰੌੜ੍ਹਤਾ ਦੇ ਸੰਦਰਭ ਵਿਚ ਡਾ ਧੀਰੇਂਦ੍ਰ ਵਰਮਾ ਦਾ ਇਹ ਕਥਨ ਬੜਾ ਹੀ ਮਹੱਤਵਪੂਰਣ ਹੈ । ਡਾ ਵਰਮਾ ਨੇ ਸ਼ੌਰਸੇਨੀ ਦੇ ਪ੍ਰਸਤਾਵ ਬਾਰੇ ਸ਼ੰਕਾ ਜ਼ਾਹਰ ਕਰਦਿਆ ਲਿਖਿਆ ਹੈ : *"ਸ਼ੌਰਸੇਨੀ ਪ੍ਰਾਕ੍ਰਿਤ ਤਥਾ ਅਪਭ੍ਰੰਸ਼ ਤੋਂ ਆਧੁਨਿਕ ਪੰਜਾਬੀ, ਰਾਜਸਥਾਨੀ, ਗੁਜਰਾਤੀ ਅਤੇ ਪੱਛਮੀ ਹਿੰਦੀ ਨਿਕਲੀਆਂ ਹੋਣ ਇਹ ਸਮਝ ਵਿਚ*

ਨਹੀਂ ਆਉਂਦਾ । ਸ਼ੌਰਸੇਨੀ ਪ੍ਰਾਕ੍ਰਿਤ ਤਥਾ ਅਪਭ੍ਰੰਸ਼ ਸੂਰਸੇਨ ਪ੍ਰਦੇਸ਼ ਅਰਥਾਤ ਅੱਜ ਕੱਲ ਦੇ ਬ੍ਰਜ ਪ੍ਰਦੇਸ਼ (ਮਥੁਰਾ, ਬ੍ਰਿੰਦਾਬਨ ਆਦਿ) ਦੀਆਂ ਉਸ ਵਕਤ ਦੀਆਂ ਬੋਲੀਆਂ ਦੇ ਆਧਾਰ ਤੇ ਬਣੀਆ ਹੋਈਆਂ ਸਾਹਿਤਕ ਭਾਸ਼ਾਵਾਂ ਰਹੀਆਂ ਹੋਣਗੀਆਂ । ਪਰ ਇਸ ਤੋਂ ਬਿਨਾਂ ਉਸੇ ਸਮੇਂ ਵਿਚ ਹੋਰ ਇਲਾਕਿਆਂ ਵਿਚ ਵੀ ਅਜੇਹੀਆਂ ਭਾਸ਼ਾਵਾਂ ਤੇ ਉਪ-ਭਾਸ਼ਾਵਾਂ ਦੇ ਪੂਰਵ-ਰੂਪ (proto-forms) ਪ੍ਰਚਲਿਤ ਰਹੇ ਹੋਣਗੇ ਜਿਨ੍ਹਾਂ ਦੀ ਵਰਤੋਂ- ਪ੍ਰਯੋਗ ਸਾਹਿਤ ਵਿਚ ਨਾ ਹੋਣ ਕਰਕੇ ਉਨ੍ਹਾਂ ਦੇ ਬਾਕੀ ਬਚੇ ਅੰਸ਼ (ਅਵਸ਼ੇਸ਼) ਹੁਣ ਸਾਨੂੰ ਨਹੀਂ ਮਿਲ ਸਕਦੇ । ਠੀਕ ਅੱਜ ਕੱਲ ਅਜਿਹੀ ਹੀ ਹਾਲਤ ਹੈ ।"[1]

[ਧੀਰੇਂਦ੍ਰ ਵਰਮਾ [1958], *ਹਿੰਦੀ ਭਾਸ਼ਾ ਕਾ ਇਤਿਹਾਸ*, ਫੁਟ ਨੋਟ, ਪੰਨਾ 50, ਪ੍ਰਯਾਗ, ਯੂ.ਪੀ.].

ਡਾ. ਵਰਮਾ ਦੇ ਉਪਰੋਕਤ ਕਥਨ ਦਾ ਸਾਰ-ਤੱਤ ਇਹ ਹੈ ਕਿ ਜਿਵੇਂ ਗੁਜਰਾਤ ਦੀ ਲਘੂ ਪ੍ਰਾਕ੍ਰਿਤ/ਅਪਭ੍ਰੰਸ਼ ਲਾਟੀ, ਅਤੇ ਆਵੰਤੀ ਆਦਿ ਲਘੂ ਪ੍ਰਾਕ੍ਰਿਤਾਂ ਦਾ ਵਰਣਨ ਸਾਹਿਤ ਵਿਚ ਨਾ ਹੋਣ ਕਰਕੇ ਇਸ ਦੇ ਨਮੂਨੇ ਹੁਣ ਉਪਲਬਧ ਨਹੀਂ ਹਨ । ਫੇਰ ਵੀ ਅਜੋਕੀ ਖੋਜ ਤੋਂ ਇਨ੍ਹਾਂ ਪ੍ਰਾਕਿਤਾਂ ਦੇ ਲੋਕ-ਪ੍ਰਚਲਿਤ ਹੋਣ ਦੇ ਸਬੂਤ ਮਿਲਦੇ ਹਨ । ਏਸੇ ਤਰ੍ਹਾਂ ਪੰਜਾਬ ਦੀਆਂ ਲਘੂ ਤੇ ਗੌਣ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦਾ ਸਾਹਿਤ ਵਿਚ ਭਾਵੇਂ ਨਿਰੂਪਣ ਨਹੀਂ ਮਿਲਦਾ , ਲੇਕਿਨ ਉਨ੍ਹਾਂ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਨਿਸ਼ਚੇ ਹੀ ਪੰਜਾਬ, ਗੁਜਰਾਤ, ਰਾਜਸਥਾਨ ਦੀਆਂ ਪ੍ਰਾਕ੍ਰਿਤਾਂ ਸ਼ੌਰਸੇਨੀ ਪ੍ਰਾਕ੍ਰਿਤ/ਅਪਭ੍ਰੰਸ਼ ਤੋਂ ਵੱਖਰੀਆਂ ਸਨ । ਏਸੇ ਤਰ੍ਹਾਂ ਗ੍ਰਿਅਰਸਨ ਦੇ ਸ਼ੌਰਸੇਨੀਵਾਦ ਦੇ ਖੰਡਨ-ਮੰਡਨ ਵਿਚ ਭਾਰਤੀ ਭਾਸ਼ਾ ਅਤੇ ਧੁਨੀ-ਵਿਗਿਆਨ ਦੇ ਧੁਰੰਧਰ ਵਿਦਵਾਨ ਲੇਟ ਡਾ. ਬਲਬੀਰ ਸਿੰਘ ਸੰਧੂ ਨੇ ਸਿਨਕ੍ਰਾਨਿਕ /ਕੰਟ੍ਰਾਸਟਿਵ ਮਾਡਲ ਦੇ ਆਧਾਰ ਤੇ ਜਿਹੜੀ ਅਹਿਮ ਤੇ ਸਾਰ-ਗਰਭਿਤ ਟਿੱਪਣੀ ਪੇਸ਼ ਕੀਤੀ ਹੈ ਉਹ ਏਥੇ ਦਰਸ਼ਨੀ ਹੈ । ਟਿੱਪਣੀ ਇਹ ਹੈ :

"ਅਸੀਂ ਕਹਿ ਸਕਦੇ ਹਾਂ ਕਿ ਮਹਾਂਪ੍ਰਾਣਤਾ (aspirated sounds) ਦੀ ਤਰਫ ਅਰੁਚੀ ਦੀ ਸਾਂਝੀ ਪ੍ਰਵਿਰਤੀ ਹੋਣ ਕਰਕੇ ਅਜੋਕੀ ਪੰਜਾਬੀ, ਰਾਜਸਥਾਨੀ, ਅਤੇ ਪਹਾੜੀ ਬੋਲੀਆਂ ਦੀ ਕੋਈ ਸਰਬ-ਸਾਂਝੀ ਪੈਤ੍ਰਿਕ ਸਰੋਤ-ਭਾਸ਼ਾ ਰਹੀ ਹੋਵੇਗੀ । ਲੇਕਿਨ ਹਿੰਦੀ ਦੀ ਸਰੋਤ-ਭਾਸ਼ਾ ਇਨ੍ਹਾਂ ਉਪਰ-ਗਿਣੀਆਂ ਭਾਸ਼ਾਵਾਂ ਤੋਂ ਜ਼ਰੂਰੀ ਵੱਖਰੀ ਰਹੀ ਹੋਵੇਗੀ ਜਿਸ (ਸਰੋਤ ਭਾਸ਼ਾ) ਵਿਚ ਭਾਰੋਪੀ ਭਾਸ਼ਾ ਦੀਆਂ ਪੁਰਾਤਨ ਮਹਾਂਪ੍ਰਾਣ ਧੁਨੀਆਂ ਸੁਰੱਖਿਅਤ ਹਨ । ਪੰਜਾਬੀ ਦੀ ਸਰੋਤ-ਭਾਸ਼ਾ ਢੱਕੀ (ਟੱਕੀ) ਜਾਂ ਕੈਕੇਈ (ਪ੍ਰੇਮ ਪ੍ਰਕਾਸ਼) ਹੈ ਅਤੇ ਉਹ ਪ੍ਰਾਕ੍ਰਿਤ/ਪੈਤ੍ਰਿਕ ਭਾਸ਼ਾ (ਸ਼ੌਰਸੇਨੀ) ਨਹੀਂ ਹੈ ਜਿਸ ਤੋਂ ਹਿੰਦੀ ਅਤੇ ਹੋਰ ਭਾਸ਼ਾਵਾ ਜਨਮੀਆਂ ਹਨ ਜਿਨ੍ਹਾਂ ਵਿੱਚ ਮਹਾਂਪ੍ਰਾਣ ਧੁਨੀਆਂ ਸੁਰੱਖਿਅਤ ਹਨ । ਪਰ ਦੂਜੇ ਪਾਸੇ ਪੰਜਾਬੀ ਭਾਸ਼ਾ ਵਿਚ ਮਹਾਂਪ੍ਰਾਣ ਧੁਨੀਆਂ ਗਾਇਬ ਹਨ ਕਿਉਂਕਿ ਉਨ੍ਹਾਂ ਵਿਚ ਮਹਾਂਪ੍ਰਾਣ ਧੁਨੀਆ ਦੀ ਥਾਂ ਸੁਰ-ਪ੍ਰਣਾਲੀ (ਟੋਨ ਸਿਸਟਮ) ਦਾ ਵਿਕਾਸ ਹੋ ਗਿਆ ਹੈ, ਪੰਜਾਬੀ ਸੁਰਾਤਮਕ ਭਾਸ਼ਾ ਹੋ ਨਿਬੜੀ ਹੈ)" (ਪੰਜਾਬੀ ਅਨੁਵਾਦ ਮੇਰਾ ਹੈ)[2]

ਇਸ ਤਰ੍ਹਾਂ ਗ੍ਰਿਅਰਸਨ ਦੀ ਧਾਰਣਾ ਦੇ ਅਨੁਯਾਈ ਇਕ ਪਾਸੇ ਅਤੇ ਸੰਕਾਵਾਦੀ ਦੂਜੇ ਪਾਸੇ, ਇਨ੍ਹਾਂ ਦੋਵੇਂ ਕਿਸਮਾਂ ਦੇ ਵਿਦਵਾਨਾਂ ਦੇ ਕਥਨਾ ਦੇ ਚਾਨਣੇ ਵਿਚ ਹੁਣ ਅਸੀਂ ਗ੍ਰਿਅਰਸਨ ਦੀ ਇਸ ਪਰਿਕਲਪਨਾ ਦੀ ਸਮੀਖਿਆ ਪੇਸ਼ ਕਰਦੇ ਹਾਂ ਕਿ ਪੰਜਾਬੀ ਦੀ ਸਰੋਤ-ਭਾਸ਼ਾ ਸ਼ੌਰਸੇਨੀ ਹੈ ।

ਗ੍ਰੀਅਰਸਨ ਨੇ ਆਪਣੇ ਮਹਾਗ੍ਰੰਥ "ਲਿੰਗੁਇਸਟਿਕ ਸਰਵੇ ਆਫ ਇੰਡੀਆ" ਵਿਚ ਮੱਧਕਾਲੀਨ ਭਾਰਤ ਦੀ ਭਾਸਾਈ ਸਥਿਤੀ ਦਾ ਸਰਵੇਖਣ ਕਰਦਿਆਂ ਲਿਖਿਆ ਹੈ ਕਿ ਮੱਧ ਕਾਲ (ਮੱਧਕਾਲੀਨ ਭਾ ਆਰੀਆ ਭਾਸਾ-ਕਾਲ) ਦੇ ਪ੍ਰਾਕ੍ਰਿਤ ਯੁਗ ਵਿਚ ਦੋ ਕਿਸਮ ਦੀਆਂ ਪ੍ਰਾਕ੍ਰਿਤਾਂ ਦੀ ਪ੍ਰਮੁਖਤਾ ਨੋਟ ਕੀਤੀ ਜਾ ਸਕਦੀ ਹੈ. ਇਕ ਪੱਛਮੀ ਪ੍ਰਾਕ੍ਰਿਤ ਹੈ ਅਤੇ ਦੂਜੀ ਪੂਰਬੀ ਪ੍ਰਾਕ੍ਰਿਤ ਹੈ। ਪੱਛਮੀ ਪ੍ਰਾਕ੍ਰਿਤ ਦੇ ਪ੍ਰਮੁਖ ਭੇਦ ਨੂੰ "ਸ਼ੋਰਸੇਨੀ" ਕਿਹਾ ਜਾਂਦਾ ਹੈ ਅਤੇ ਪੂਰਬੀ ਪ੍ਰਾਕ੍ਰਿਤ ਦੀ ਪ੍ਰਮੁਖ ਵੰਨਗੀ ਨੂੰ "ਮਾਗਧੀ" ਕਿਹਾ ਜਾਂਦਾ ਹੈ। ਮਾਗਧੀ ਮਗਧ ਦੇਸ਼ ਦੀ ਭਾਸ਼ਾ ਹੈ ਜਿਹੜਾ ਕਿ ਅੱਜ ਕੱਲ ਦੱਖਣੀ ਬਿਹਾਰ ਪ੍ਰਾਂਤ ਹੈ। ਇਨ੍ਹਾਂ ਦੇ ਦਰਮਿਆਨ ਅਤੇ ਆਸੇ-ਪਾਸੇ ਅਰਧ-ਮਾਗਧੀ ਤੇ ਮਹਾਰਾਸ਼ਟਰੀ ਪ੍ਰਾਕ੍ਰਿਤਾਂ ਸਨ। ਪਰ ਦੂਜੀ ਤਰਫ ਸੰਜੁਗਤ ਭਾਰਤ ਦੇ ਧੁਰ ਉੱਤਰ-ਪੱਛਮੀ ਖੂੰਜੇ ਵਿਚ ਈਰਾਨੀ ਬੋਲੀਆਂ ਦੀਆਂ ਸਰਹੱਦਾਂ ਤਕ ਪਹੁੰਚਦੀ ਹੋਈ (ਜੋ ਹੁਣ ਅਫ਼ਗਾਨਿਸਤਾਨ ਤੇ ਬਲੋਚਿਸਤਾਨ ਹੈ) ਕੋਈ ਬੋਲੀ ਅਵੱਸ਼ ਮੌਜੂਦ ਸੀ ਪਰ ਜੋ ਕਿ ਬੇਨਾਮ (unnamed) ਸੀ. ਲੇਕਿਨ ਜਿਸ ਦੀ ਹੋਂਦ ਤੇ ਸ਼ਨਾਖਤ ਪ੍ਰਾਕ੍ਰਿਤ ਦੀ ਅਗਲੀ ਸਟੇਜ ਤੋਂ ਤਸਦੀਕ ਹੁੰਦੀ ਹੈ. ਇਹ ਬੇਨਾਮ ਪੱਛਮੋਤਰੀ ਬੋਲੀ ਸਿੰਧੂ ਨਦੀ ਦੇ ਕੰਢਿਆਂ ਤੇ ਬੋਲੀ ਜਾਣ ਵਾਲੀ ਪ੍ਰਾਚੀਨ ਸੰਸਕ੍ਰਿਤ (ਵੈਦਿਕ ਭਾਸ਼ਾ ?) ਦੀ ਕਿਸੇ ਖ਼ਾਸ ਉਪ-ਭਾਸ਼ਾ ਤੋਂ ਵਿਕਸਿਤ ਹੋਈ ਸੀ" [ਗ੍ਰੀਅਰਸਨ v.I., p.I. p. 123].[3]

ਗ੍ਰੀਅਰਸਨ ਦੇ ਉਪਰੋਕਤ ਕਥਨ ਵਿਚ ਪ੍ਰਸਤੁਤ ਪ੍ਰਾਚੀਨ ਪੰਜਾਬ ਦੇ ਪੱਛਮੋਤਰੀ ਅੰਚਲ ਦੀ ਇਹ ਬੇਨਾਮ ਲੋਕ-ਬੋਲੀ ਉਹੋ ਪੰਜਾਬੀ ਹੀ ਜਾਪਦੀ ਹੈ ਜਿਸ ਨੂੰ ਆਧਾਰ ਮਿੱਥ ਕੇ ਪਾਣਿਨੀ ਨੇ ਪੰਜਵੀਂ-ਚੌਥੀ ਸਦੀ ਪੂਰਵ-ਈਸਵੀ ਵਿਚ ਆਪਣਾ ਸੰਸਕ੍ਰਿਤ ਗ੍ਰਾਮਰ ਅਸ਼ਟਾਧਿਆਈ (ਅਸ਼੍ਟਾਧ੍ਯਾਯੀ) ਰਚਿਆ ਸੀ ਅਤੇ ਇਸੇ ਪ੍ਰਾਚੀਨ ਲੋਕ-ਪੰਜਾਬੀ ਡਾਇਲੈਕਟ ਦੇ ਭਾਸ਼ਾਈ ਲੱਛਣ ਅਗੇ ਜਾਕੇ ਤੀਜੀ ਸਦੀ ਪ੍ਰੂ ਈ ਵਿਚ ਅਸ਼ੋਕ ਦੇ ਸ਼ਿਲਾਲੇਖੀ ਅਭਿਲੇਖਾਂ ਦੀ ਭਾਸ਼ਾ ਵਿਚ ਪ੍ਰਤਿਬਿੰਬਤ ਹੁੰਦੇ ਹਨ ਜਿਹੜੇ ਸ਼ਿਲਾਲੇਖ ਜ਼ਿਲ੍ਹਾ ਹਜ਼ਾਰਾ ਤੇ ਜ਼ਿਲ੍ਹਾ ਪਿਸ਼ਾਵਰ ਦੇ ਪਿੰਡਾਂ ਵਿਚ ਪੱਥਰਾਂ ਤੇ ਉੱਕਰੇ ਹੋਏ ਹੁਣ ਵੀ ਮੌਜੂਦ ਖੜੇ ਹਨ (ਅਰਥਾਤ ਢਾਈ ਹਜ਼ਾਰ ਸਾਲ ਹੋ ਗਏ ਹਨ)।

ਪ੍ਰਾਚੀਨ ਪੰਜਾਬ ਦੀ ਇਹ ਬੇਨਾਮ ਲੋਕ ਬੋਲੀ. ਜਿਸ ਦਾ ਜ਼ਿਕਰ ਗ੍ਰੀਅਰਸਨ ਨੇ ਉਪੱਰ ਕੀਤਾ ਹੈ. ਵੈਦਿਕ ਭਾਸ਼ਾ/ਸੰਸਕ੍ਰਿਤ ਦੇ ਯੁਗ ਤੋਂ ਤੁਰਤ ਬਾਅਦ ਚਾਲੂ ਰਹੀ ਹੋਵੇਗੀ ਅਤੇ ਜਿਸ ਨੂੰ ਲਕਸ਼ ਕਰਕੇ ਉੱਤਰ-ਵੈਦਿਕ ਰਾਸ਼ਟਰ-ਵਿਆਪੀ ਪਾਲੀ ਭਾਸ਼ਾ ਦਾ ਪੰਜਾਬੀ ਸੰਸਕਰਣ (version) ਪੱਛਮੋਤਰੀ ਪ੍ਰਾਚੀਨ ਪੰਜਾਬ ਦੇ ਸਿਲਾਲੇਖ ਸਥਾਪਿਤ ਕਰਨ ਲਈ ਅਸੋਕ ਦੇ ਹੱਥੋਂ ਤਿਆਰ ਹੋਇਆ ਹੋਵੇਗਾ। ਇਸੇ ਪ੍ਰਾਚੀਨ ਪੰਜਾਬੀ ਬੋਲੀ ਨੂੰ ਬਦਲਦੇ ਪਰਿਪੇਖ ਵਿਚ *ਗਾਂਧਾਰੀ ਪੰਜਾਬੀ ਪ੍ਰਾਕ੍ਰਿਤ, ਕੈਕੇਈ ਪੰਜਾਬੀ ਪ੍ਰਾਕ੍ਰਿਤ. ਮਦ੍ਰ ਪੰਜਾਬੀ ਪ੍ਰਾਕ੍ਰਿਤ. ਬਾਹਲੀਕੀ,* ਆਦਿ ਵੱਖ ਵੱਖ ਇਲਾਕੇਵਾਰ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਰਿਹਾ ਹੋਵੇਗਾ।

ਵਿਚਾਰਾਧੀਨ ਗ੍ਰੀਅਰਸਨ ਦੇ ਪ੍ਰਸਤਾਵ ਦੀ ਇਸ ਭੂਮਿਕਾ ਵਿਚ ਦੋ ਕਿਸਮ ਦੇ ਤੱਥ (facts) ਉੱਭਰ ਕੇ ਸਾਹਮਣੇ ਆਉਂਦੇ ਹਨ। (1) ਇਕ ਤਾਂ ਇਹ ਹੈ ਕਿ ਵੈਦਿਕ ਭਾਸ਼ਾ/ਕਲੈਸੀਕਲ ਸੰਸਕ੍ਰਿਤ ਤੋਂ ਬਾਅਦ ਮੱਧਕਾਲੀਨ ਭਾਰਤੀ-ਆਰੀਆ ਭਾਸ਼ਾ (ਪ੍ਰਾਕ੍ਰਿਤ ਯੁਗ) ਕਾਲਖੰਡ ਦੇ ਸ਼ੁਰੂ ਵਿਚ ਉੱਤਰੀ ਭਾਰਤ ਵਿਚ ਦੋ ਹੀ ਪ੍ਰਮੁਖ ਪ੍ਰਾਕ੍ਰਿਤ ਭਾਸ਼ਾ-ਮੰਡਲ ਸਨ। ਇਕ ਸ਼ੌਰਸੇਨੀ ਪ੍ਰਾਕ੍ਰਿਤ ਭਾਸ਼ਾ-ਮੰਡਲ ਅਤੇ ਦੂਜਾ ਮਾਗਧੀ ਪ੍ਰਾਕ੍ਰਿਤ ਭਾਸ਼ਾ-ਮੰਡਲ।

ਸ਼ੌਰਸੇਨੀ ਮੰਡਲ ਭਾਰਤ ਦੇ ਗੰਗਾ ਘਾਟੀ ਮੱਧ ਦੇਸ਼ ਤੋਂ ਲੈ ਕੇ ਸਮੂਹ ਪੰਜਾਬ, ਗਾਂਧਾਰ, ਸਿੰਧੂ ਪ੍ਰਾਂਤ ਤਕ ਫੈਲਿਆ ਹੋਇਆ ਸੀ। ਇਸ ਲਈ ਪੰਜਾਬ-ਪੱਛਮੀ ਤੇ ਪੂਰਬੀ ਦੇ ਇਲਾਕੇ ਭਾਵੇਂ ਕੇਂਦਰੀ ਸ਼ੌਰਸੇਨੀ ਪ੍ਰਾਕ੍ਰਿਤ ਦੇ ਖੇਤਰ ਤੋਂ ਦੂਰ ਸਨ, ਪਰੰਤੂ ਸਾਹਿਤਕ ਟਕਸਾਲੀ ਸਟੈਂਡਰਡ ਭਾਸ਼ਾ ਹੋਣ ਦੇ ਨਾਤੇ ਸ਼ੌਰਸੇਨੀ ਪ੍ਰਾਕ੍ਰਿਤ/ਅਪਭ੍ਰੰਸ਼ ਦਾ ਅਸਰ-ਰਸੂਖ ਪੰਜਾਬੀ ਭਾਸ਼ਾ ਉਤੇ ਅਵੱਸ਼ ਪ੍ਰਭਾਵੀ ਹੋਇਆ ਹੈ।

(2) ਦੂਜਾ ਤੱਥ ਇਹ ਉਭਰਦਾ ਹੈ ਕਿ ਸਰਬ-ਪ੍ਰਾਂਤੀ ਰਾਸ਼ਟਰੀ ਪਾਲੀ ਭਾਸ਼ਾ ਦੇ ਪਤਨ ਦੇ ਸਿੱਟੇ ਵਜੋਂ ਸ਼ੌਰਸੇਨੀ ਦੀ ਭਾਵੇਂ ਸੁਤੰਤਰ ਭਾਸ਼ਕ ਹੋਂਦ ਸਥਾਪਿਤ ਹੋਈ ਹੈ ਲੇਕਿਨ ਸ਼ੌਰਸੇਨੀ ਦੇ ਨਾਲ ਨਾਲ ਪ੍ਰਾਚੀਨ ਪੰਜਾਬ ਵਿਚ ਸਮਾਨਾਂਤਰ ਤੌਰ ਤੇ ਪੰਜਾਬੀ ਲੋਕ-ਬੋਲੀਆਂ ਦੀ ਧਾਰਾ ਨਿਰੰਤਰ ਜਾਰੀ ਰਹੀ ਹੈ ਜਿਨ੍ਹਾਂ ਵੱਲ ਡਾ. ਧੀਰੇਂਦ੍ਰ ਵਰਮਾ ਨੇ ਉਪਰ ਇਸ਼ਾਰਾ ਕੀਤਾ ਹੈ। ਇਸ ਲਈ ਗ੍ਰਿਅਰਸਨ ਦਾ ਇਹ ਕਹਿਣਾ ਕਿ ਪੰਜਾਬੀ ਦੀ ਸਰੋਤ-ਭਾਸ਼ਾ ਸ਼ੌਰਸੇਨੀ ਹੈ ਸ਼ੰਕਾ-ਗ੍ਰਸਤ ਹੋ ਜਾਂਦਾ ਹੈ।

ਹੁਣ ਅਸੀਂ ਗ੍ਰਿਅਰਸਨ ਦੇ ਸ਼ੌਰਸੇਨੀਵਾਦ ਦੀ ਤੁਲਨਾਤਮਕ/ਟਾਕਰਾਤਮਕ ਵਿਧੀ-ਵਿਉਂਤ ਦੁਆਰਾ ਚਰਚਾ ਕਰਨ ਵੱਲ ਮੁੜਦੇ ਹਾਂ।

ਪੰਜਾਬੀ ਅਤੇ ਸ਼ੌਰਸੇਨੀ ਦਾ ਤੁਲਨਾਤਮਕ ਅਧਿਐਨ

ਹੁਣ ਅਸੀਂ ਡਾਇਕ੍ਰੋਨਿਕ/ਕੰਪੈਰੇਟਿਵ (ਕਾਲਕ੍ਰਮਿਕ, ਤੁਲਨਾਤਮਕ) ਅਪ੍ਰੋਚ ਦੇ ਆਧਾਰ ਤੇ ਪੰਜਾਬੀ ਅਤੇ ਸ਼ੌਰਸੇਨੀ ਦੇ ਭਾਸ਼ਾਗਤ ਸਿਸਟਮ ਦਾ ਅਧਿਐਨ ਕਰਾਂਗੇ ਤਾਂ ਜੋ ਦੋਹਾਂ ਦੀ ਸੰਬੰਧ-ਸਥਾਪਨਾ ਅਤੇ ਅੰਤਰ-ਭਿੰਨਤਾ ਦੇ ਪ੍ਰਸ਼ਨ ਨੂੰ ਪਰਿਭਾਸ਼ਤ ਕਰ ਕੇ ਪੰਜਾਬੀ ਤੇ ਸ਼ੌਰਸੇਨੀ ਦੇ ਤੁਲਨਾਤਮਕ ਰਿਸ਼ਤੇ ਨੂੰ ਸਪਸ਼ਟ ਕੀਤਾ ਜਾ ਸਕੇ। ਤੁਲਨਾਤਮਕ ਭਾਸ਼ਾ-ਵਿਗਿਆਨ ਦਾ ਮੁੱਖ ਮੰਤਵ ਦੋ ਭਾਸ਼ਾਵਾਂ ਦੇ ਜਣਨਿਕ ਰਿਸ਼ਤਿਆਂ ਦੀ ਸਥਾਪਨਾ ਕਰਨਾ ਹੁੰਦਾ ਹੈ [Hans Hock, 1991 : 557]। ਭਾਸ਼ਾਵਾਂ ਦੀ ਤੁਲਨਾ ਦੁਆਰਾ ਮਿਲਦੇ-ਜੁਲਦੇ ਸਾਂਝੇ ਸਮਰੂਪ ਭਾਸ਼ਾਈ ਤੱਤ ਨਿਖੇੜੇ ਵੀ ਜਾ ਸਕਦੇ ਹਨ ਅਤੇ ਨਿਸ਼ਚਿਤ ਵੀ ਕੀਤੇ ਜਾ ਸਕਦੇ ਹਨ [Anthony Arlotto, 1991 : 10]।

ਤੁਲਨਾਤਮਕ ਭਾਸ਼ਾ-ਵਿਗਿਆਨ ਦੀ ਇਸ ਭੂਮਿਕਾ ਵਿਚ ਜਦੋਂ ਅਸੀਂ ਪ੍ਰਾਚੀਨ ਭਾਸ਼ਾ "ਸ਼ੌਰਸੇਨੀ-ਪ੍ਰਾਕ੍ਰਿਤ" ਦਾ ਇਕ ਪਾਸੇ ਅਤੇ ਨਵੀਨ ਭਾਸ਼ਾ "ਪੰਜਾਬੀ" ਦਾ ਦੂਜੇ ਪਾਸੇ ਵਰਣਨ ਕਰਨ ਲਈ ਤਿਆਰ ਹੁੰਦੇ ਹਾਂ ਤਾਂ ਅਸੀਂ ਇਨ੍ਹਾਂ ਦੋਹਾਂ ਬਾਰੇ ਇਹ ਸੋਚਣ ਲਈ ਸੁਤੇ-ਸਿੱਧ ਹੀ ਤਤਪਰ ਹੋ ਜਾਂਦੇ ਹਾਂ ਕਿ ਇਹ ਦੋਵੇਂ ਯੂਨਿਟ ਅਰਥਾਤ ਪ੍ਰਾਚੀਨ ਭਾਸ਼ਾ "ਸ਼ੌਰਸੇਨੀ" ਅਤੇ ਨਵੀਨ ਭਾਸ਼ਾ "ਪੰਜਾਬੀ" ਸਵੈ-ਸੰਪੂਰਨ ਹਨ ਅਤੇ ਭੂਗੋਲਿਕ ਤੌਰ ਤੇ ਸਪਸ਼ਟ ਹੱਦਾਂ-ਬੰਨਿਆਂ ਵਾਲੇ ਹਨ। ਪਰ ਇਹ ਧਾਰਣਾ ਭੁਲੇਖਾ-ਪਾਊ ਹੈ ਕਿਉਂਕਿ ਕਿਸੇ ਵੀ ਭਾਸ਼ਾ ਦੀਆਂ ਦੇਸਗਤ ਤੇ ਕਾਲਗਤ ਸਰਹੱਦਾਂ (ਸੀਮਾ ਰੇਖਾਵਾਂ), ਭਰਮਾਊ ਤੇ ਮਸ਼ਕੂਕ ਹੁੰਦੀਆਂ ਹਨ ਅਤੇ ਅਜਿਹੀਆਂ ਨਹੀਂ ਹੁੰਦੀਆਂ ਜਿਵੇਂ ਕਿ ਅਸੀਂ ਸ਼ੁਰੂ ਸ਼ੁਰੂ ਵਿਚ ਪਹਿਲੀ ਨਜ਼ਰੇ ਸੋਚਦੇ ਹੁੰਦੇ ਹਾਂ। ਇਉਂ ਹਰ ਭਾਸ਼ਾ ਦੇਸ਼ ਤੇ ਕਾਲ ਦੀ ਨਿਰੰਤਰਤਾ ਵਿਚ ਸੰਥਿਤ ਰਹਿੰਦੀ ਹੈ ਅਤੇ ਦੇਸਗਤ ਤੇ ਕਾਲਗਤ ਪਸਾਰਾਂ ਵਿਚ ਬੱਝੀ ਰਹਿੰਦੀ ਹੈ।[1] ਪੰਜਾਬੀ ਤੇ ਸ਼ੌਰਸੇਨੀ ਦਾ ਕਾਲਗਤ ਪਾਸਾਰ ਦੂਰਵਰਤੀ ਹੈ, ਪਹਿਲੀ ਆਧੁਨਿਕ ਹੈ ਅਤੇ ਦੂਜੀ ਪ੍ਰਾਚੀਨ ਹੈ ਪਰ ਇਨ੍ਹਾਂ ਦੋਹਾਂ ਦਾ ਸਥਾਨਗਤ ਪਾਸਾਰ ਨਿਕਟਵਰਤੀ ਹੈ। ਪੰਜਾਬੀ ਤੇ ਸ਼ੌਰਸੇਨੀ ਦੀ ਭੂਗੋਲਿਕ ਨੇੜਤਾ ਨਿਰਵਿਵਾਦ ਹੈ। ਇਸ ਲਈ ਇਨ੍ਹਾਂ ਦੋਹਾਂ ਦੀ ਤੁਲਨਾ ਪੇਸ਼ ਕਰਨ

ਸਮੇਂ ਇਨ੍ਹਾਂ ਦੋਹਾਂ ਦੀਆਂ ਦੇਸ਼ਗਤ ਤੇ ਕਾਲਗਤ ਸਰਹੱਦਾਂ ਦਾ ਧਿਆਨ ਰਖਣਾ ਜ਼ਰੂਰੀ ਹੈ। ਇਸ ਸੰਦਰਭ ਵਿਚ ਹੁਣ ਅਸੀਂ ਪੰਜਾਬੀ ਤੇ ਸ਼ੌਰਸੇਨੀ ਦੀਆਂ ਤੁਲਨਾਤਮਕ ਸਮਾਨਤਾਵਾਂ ਅਤੇ ਜਾਂ ਵੱਖਰਤਾਵਾਂ ਦਾ ਜ਼ਿਕਰ ਕਰਦੇ ਹਾਂ ਤਾਂ ਜੋ ਦੋਹਾਂ ਦੇ ਜਣਨਿਕ ਰਿਸ਼ਤੇ ਦੀ ਹੋਂਦ ਜਾਂ ਅਣਹੋਂਦ ਦਾ ਜਾਇਜ਼ਾ ਲਿਆ ਜਾ ਸਕੇ।

ਤੁਲਨਾਤਮਕ ਅਧਿਐਨ ਕਰਨ ਲਈ ਜ਼ੇਰੇ-ਬਹਿਸ ਭਾਸ਼ਾ/ਭਾਸ਼ਾਵਾਂ ਦੇ ਧੁਨੀ-ਵਿਧਾਨਿਕ, ਵਿਆਕਰਣਿਕ ਅਤੇ ਸ਼ਬਦਕੋਸ਼ੀ ਅੰਸ਼ਾ/ਅੰਗਾਂ ਦਾ ਵਰਣਨ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਪੰਜਾਬੀ ਤੇ ਸ਼ੌਰਸੇਨੀ ਦੀ ਧੁਨੀ-ਵਿਧਾਨ ਜਾਂ ਧੁਨੀ-ਵਿਉਂਤ (phonology) ਦੀ ਤੁਲਨਾ ਪੇਸ਼ ਕਰਦੇ ਹਾਂ।

ਸ਼ੌਰਸੇਨੀ ਤੇ ਪੰਜਾਬੀ ਦੀ ਧੁਨੀਆਤਮਕ ਧੁਨੀ-ਮਾਲਾ (inventory) ਵਿਚ ਗਿਣਤੀ ਦੇ ਪਖੋਂ ਘਾਟਾ-ਵਾਧਾ ਜ਼ਰੂਰ ਹੈ ਪਰ ਇਕ ਦ੍ਰਿਸ਼-ਪ੍ਰਪੰਚ ਦੋਹਾਂ ਵਿਚ ਪ੍ਰਮੁਖ ਤੌਰ ਤੇ ਅਵੱਸ਼ ਸਾਝਾ ਹੈ। ਸ਼ੌਰਸੇਨੀ ਦੀ ਫੋਨਾਲੋਜੀ ਵਿਚ ਧੁਨੀਆਤਮਕ ਪੱਧਰ ਤੇ ਜਿਹੜਾ ਪਰਿਵਰਤਨ ਤੇ ਰੂਪਾਂਤਰਣ ਵਾਪਰਦਾ ਹੈ ਉਹ ਪੰਜਾਬੀ ਵਿਚ ਵੀ ਭਲੀਭਾਂਤ ਉਪਲਬਧ ਹੈ। ਸ਼ੌਰਸੇਨੀ ਵਿਚ ਅਘੋਸ਼ (ਨਾਦ-ਰਹਿਤ, unvoiced) ਵਿਅੰਜਨਾਂ ਦਾ ਅੰਤਰ-ਸਵਰੀ ਵਾਤਾਵਰਣ ਵਿਚ ਸਘੋਸ਼ੀਕਰਣ ਹੁੰਦਾ ਹੈ [Woolner, *An Introduction to Prakrit*, p. 13]। ਇਹੋ ਧੁਨੀਆਤਮਕ ਪਰਿਵਰਤਨ ਪੰਜਾਬੀ ਭਾਸ਼ਾ ਵਿਚ ਉਪਲਬਧ ਹੁੰਦਾ ਹੈ। ਤੁਲਨਾ-ਸਾਰਣੀ ਪੇਸ਼ ਕੀਤੀ ਜਾਂਦੀ ਹੈ :

ਪੰਜਾਬੀ ਤੇ ਸ਼ੌਰਸੇਨੀ ਵਿਚ ਅਘੋਸ਼ ਵਿਅੰਜਨਾ ਦਾ ਸਘੋਸ਼ੀਕਰਣ

ਅਘੋਸ਼		*ਸਘੋਸ਼*	*ਸੰਸਕ੍ਰਿਤ*			*ਸ਼ੌਰਸੇਨੀ*	*ਪੰਜਾਬੀ*
/ਕ/	→	/ਗ/ :	ਯੁਕ੍ਤਿ	(युक्ति)	→	ਜੁਗ੍ਤਿ	ਜੁਗਤੀ
			ਭਕ੍ਤਿ	(भक्ति)	→	ਭਗ੍ਤਿ	ਭਗਤੀ
/ਚ/	→	/ਜ/ :	ਪਞ੍ਚ	(पञ्च)	→	ਪਞ੍ਜ	ਪੰਜ
			ਚੁਞ੍ਚੁ	(चुञ्चु)	→	ਚੁਞ੍ਜ	ਚੁੰਜ
			ਮਞ੍ਚ	(मञ्च)	→	ਮਞ੍ਜ	ਮੰਜਾ
/ਤ/	→	/ਦ/ :	ਅਭ੍ਯੰਤਰ	(अभ्यन्तर)	→	ਅਨ੍ਦਰ	ਅੰਦਰ
			ਭਵਤਿ	(भवति)	→	ਭੋਦਿ	ਹੁੰਦਾ (ਹੈ)
/ਟ/	→	/ਡ/ :	ਕਟਕ	(कटक)	→	ਕਟ	ਕੜਾ
/ਪ/	→	/ਬ/ :	ਕਪੋਤ	(कपोत)	→		ਕਬੂਤਰ
			ਕਮ੍ਪਨ	(कम्पन)	→	ਕੰਮ੍ਬ	ਕੰਬਣਾ

(2) ਏਸੇ ਤਰ੍ਹਾਂ ਸ਼ੌਰਸੇਨੀ ਪ੍ਰਾਕ੍ਰਿਤ ਵਿਚ ਸੰਸਕ੍ਰਿਤ ਧੁਨੀ /ਯ/ ਨੂੰ/ਜ/ ਧੁਨੀ ਵਿਚ ਰੂਪਾਂਤਰਿਤ ਕਰਨ ਦੀ ਰੁਚੀ ਵੀ ਪੰਜਾਬੀ ਨਾਲ ਸਾਝੀ ਮਿਲਦੀ ਹੈ। ਮਿਸਾਲ ਵਜੋਂ ਕੁਝ ਵੰਨਗੀਆ ਪੇਸ਼ ਹਨ :

ਸੂਰਯ	(सूर्य)	→	ਸੂਰਜ	~ ਸੂਰ (ਪੁਰਾਤਨ ਪੰਜਾਬੀ)
ਯੁਗ	(युग)	→	ਜੁਗ	~ ਯੁਗ (ਨਵੀਨ ਪੰਜਾਬੀ)
ਸੰਯਮ	(संयम)	→	ਸੰਜਮ	

(3) ਸ਼ੌਰਸੇਨੀ ਵਿਚ ਸੰਸਕ੍ਰਿਤ ਦੀਆਂ /ਸ਼, ਸ, 'ਸ਼'/ ਤਿੰਨ ਊਸ਼ਮ ਧੁਨੀਆ ਵਿਚੋਂ ਸਿਰਫ /ਸ/ ਦੰਤੀ-ਧੁਨੀ ਹੀ ਬਚੀ ਹੈ, ਬਾਕੀ ਦੋ ਧੁਨੀਆਂ ਵੀ /ਸ/ ਧੁਨੀ ਵਿਚ

ਰੂਪਾਂਤਰਿਤ ਹੋ ਜਾਂਦੀਆ ਹਨ । ਸ਼ੌਰਸੈਨੀ ਦੀ ਇਹੋ ਰੁਚੀ ਪੰਜਾਬੀ ਵਿਚ ਵੀ ਹੁਣ ਕਾਰਜਸ਼ੀਲ ਰਹੀ ਹੈ ਭਾਵੇਂ ਹੁਣ ਨਵੀਆਂ ਮੂਲਵਾਦੀ ਪ੍ਰਵਿਰਤੀਆ ਦੇ ਨਤੀਜੇ ਵਜੋਂ ਤਾਲਵੀ /ਸ਼/ ਧੁਨੀ ਦਾ ਵੀ ਪੁਨਰ-ਜਨਮ ਹੋ ਰਿਹਾ ਹੈ ।

ਉਦਾਹਰਣ :

ਸ਼ੋਕ	(शोक)	→	ਸੋਗ	~ ਸ਼ੋਕ (ਨਵੀਨ ਪੰਜਾਬੀ)
ਦੋਸ਼	(दोष)	→	ਦੋਸ	~ ਦੋਸ਼ (ਨਵੀਨ ਪੰਜਾਬੀ)
ਸ਼੍ਰੁਤਿ	(श्रुति)	→	ਸੁਰਤਿ	~ ਸੁਰਤ

ਇਸ ਪ੍ਰਕਾਰ ਉਪਰਕੋਤ ਸੰਖੇਪ ਤੁਲਨਾ-ਸਾਰਣੀ ਤੋਂ ਸ਼ੌਰਸੈਨੀ ਪ੍ਰਾਕ੍ਰਿਤ ਅਤੇ ਆਧੁਨਿਕ ਪੰਜਾਬੀ ਭਾਸ਼ਾ ਦੇ ਦਰਮਿਆਨ ਅਜਿਹੇ ਕੁਝ ਕੁ ਧੁਨੀਗਤ ਸਾਂਝੇ ਉਪਲੱਛਣ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਤੋਂ ਸਾਨੂੰ ਪਹਿਲੀ ਨਜ਼ਰੇ ਇਹ ਸੰਸਕਾਰ ਮਿਲਦਾ ਹੈ ਕਿ ਸ਼ੌਰਸੈਨੀ ਤੇ ਪੰਜਾਬੀ ਵਿਚ ਕੋਈ ਨਿਕਟੀ ਜਣਨਿਕ ਰਿਸ਼ਤਾ ਅਵੱਸ਼ ਸਥਾਪਿਤ ਹੁੰਦਾ ਜਾਪਦਾ ਹੈ । ਪਰੰਤੂ ਇਨ੍ਹਾਂ ਤੋਂ ਇਲਾਵਾ ਪੰਜਾਬੀ ਵਿਚ ਹੋਰ ਵੀ ਕੁਝ ਅਜਿਹੀਆ ਭਾਸ਼ਾਗਤ ਮੌਲਿਕ ਵਿਲੱਖਣਤਾਵਾਂ ਮੌਜੂਦ ਹੁੰਦੀਆ ਮਿਲਦੀਆਂ ਹਨ ਜਿਨ੍ਹਾਂ ਦੇ ਵਿਵੇਚਨ ਤੋਂ ਪੰਜਾਬੀ ਤੇ ਸ਼ੌਰਸੈਨੀ ਦਾ ਜਣਨਿਕ ਸਰੋਤ ਪ੍ਰਸ਼ਨ-ਚਿੰਨ੍ਹਤ ਹੋ ਨਿਬੜਦਾ ਹੈ । ਪਰ ਇਸ ਦੌਰਾਨ ਇਹ ਸੰਭਵ ਪ੍ਰਤੀਤ ਹੁੰਦਾ ਹੈ ਕਿ ਪੰਜਾਬੀ ਦੀ ਭਾਸ਼ਾਗਤ ਸੰਰਚਨਾ ਉਤੇ ਸ਼ੌਰਸੈਨੀ ਪ੍ਰਾਕ੍ਰਿਤ/ਅਪਭ੍ਰੰਸ਼ ਦਾ ਕੁਝ ਨਾ ਕੁਝ ਅਤੇ ਕਿਤੇ ਨਾ ਕਿਤੇ ਆਵੱਸ਼ਕ ਪ੍ਰਭਾਵ ਦ੍ਰਿਸ਼ਟੀ-ਗੋਚਰ ਹੁੰਦਾ ਹੈ । ਹੁਣ ਪੰਜਾਬੀ ਤੇ ਸ਼ੌਰਸੈਨੀ ਵਿਚਕਾਰ ਸਾਂਝ-ਮੂਲਕ ਵਿਲੱਖਣਤਾਵਾਂ ਤੋਂ ਅੱਗੇ ਵਿਰੋਧ-ਮੂਲਕ ਵਿਲੱਖਣਤਾਵਾਂ ਦਾ ਵਰਣਨ ਕੀਤਾ ਜਾਂਦਾ ਹੈ ।

ਪੰਜਾਬੀ ਤੇ ਸ਼ੌਰਸੈਨੀ ਵਿਚ ਵਿਰੋਧ-ਮੂਲਕ ਵਖਰੇਵੇਂ

ਪੰਜਾਬੀ ਭੂਤ-ਕ੍ਰਿਦੰਤੀ ਰੂਪ

ਪੰਜਾਬੀ ਭਾਸ਼ਾ ਵਿਚ ਸ਼ੌਰਸੈਨੀ ਪ੍ਰਾਕ੍ਰਿਤ/ਅਪਭ੍ਰੰਸ਼ ਦੇ ਮੁਕਾਬਲੇ ਵਿਚ ਜਿਹੜੀਆਂ ਵਿਰੋਧ-ਮੂਲਕ ਵੱਖਰਤਾਵਾਂ ਉਪਲਬਧ ਹੁੰਦੀਆਂ ਹਨ ਉਨ੍ਹਾਂ ਵਿਚ ਪੰਜਾਬੀ ਕ੍ਰਿਦੰਤ-ਰੂਪਾਂ ਦਾ ਸ਼ਬਦ-ਰਚਨਾਤਮਕ ਵਿਧਾਨ ਸਭ ਤੋਂ ਅਹਿਮ ਹੈ । ਪੰਜਾਬੀ ਦਾ ਇਹ ਕ੍ਰਿਦੰਤੀ ਸ਼ਬਦ-ਵਿਧਾਨ (formation of participles) ਸ਼ੌਰਸੈਨੀ ਅਤੇ ਸ਼ੌਰਸੈਨੀ ਤੋਂ ਸਿੱਧੇ ਜਨਮੀਆ ਹਿੰਦੀ ਬੋਲੀਆਂ ਦੇ ਕ੍ਰਿਦੰਤ-ਰੂਪਾਂ ਤੋਂ ਬਿਲਕੁਲ ਅੱਡਰਾ ਤੇ ਨਿਆਰਾ ਹੈ ਅਤੇ ਬਲਕਿ ਪੰਜਾਬੀ ਦਾ ਇਹ ਕ੍ਰਿਦੰਤੀ ਰੂਪ-ਵਿਧਾਨ ਸੰਸਕ੍ਰਿਤ ਦੀ ਰੂਪਾਤਮਕ ਰਚਨਾ-ਵਿਧੀ ਨਾਲ ਵੱਧ ਸਮਾਨਤਾ ਰਖਦਾ ਹੈ । ਪੰਜਾਬੀ ਭਾਸ਼ਾ ਦੀ ਇਹ ਪ੍ਰਾਚੀਨ-ਮੁਖਤਾ ਨਿਸ਼ਚੇ ਹੀ ਇਸ ਦੀ ਅਦਭੁਤ ਵਿਸ਼ੇਸ਼ਤਾ ਹੈ ।

ਹੁਣ ਅਸੀਂ ਪੰਜਾਬੀ, ਸ਼ੌਰਸੈਨੀ-ਉਤਪੰਨ ਭਾਸ਼ਾ, ਅਤੇ ਸੰਸਕ੍ਰਿਤ ਵਿਚ ਪ੍ਰਾਪਤ ਭੂਤ ਕ੍ਰਿਦੰਤੀ ਰੂਪਾਂ ਦੀ ਤੁਲਨਾਤਮਕ ਤਾਲਕਾ ਪੇਸ਼ ਕਰਦੇ ਹਾਂ । ਇਸ ਤੁਲਨਾ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਪੰਜਾਬੀ ਭੂਤ-ਕ੍ਰਿਦੰਤੀ ਰੂਪ ਦਾ ਪਿਛੇਤਰ-ਮਾਰਫੀਮ ਜਿੱਥੇ ਬਹੁਤਾ ਕਰਕੇ ਤ-ਅੰਤਕ ਜਾਂ (-ਤ) ਦਾ ਰੂਪਾਤਰਣ (ਧ, -ਥ, -ਠ, -ਨ) ਉਪਲਬਧ ਹੁੰਦਾ ਹੈ ਉਥੇ ਸ਼ੌਰਸੈਨੀ-ਉਤਪੰਨ ਹਿੰਦੀ (ਉਰਦੂ) ਬੋਲੀਆਂ ਵਿਚ /-ਤ/ ਦਾ ਲੋਪ ਹੈ ਅਤੇ ਉਸ ਦੀ ਥਾਂ ਬਹੁਤਾ ਕਰ ਕੇ (-ਅ, -ਯਾ, -ਇਯਾ) ਵਿਕਸਿਤ ਹੋਇਆ ਹੈ । ਇਹ ਵੀ ਵਰਣਨ-ਯੋਗ ਤੱਥ ਹੈ ਕਿ ਪੰਜਾਬੀ ਦਾ ਇਹ ਭੂਤ-ਕ੍ਰਿਦੰਤੀ ਪਿਛੇਤਰ (-ਤ) ਅਥਵਾ ਇਸ ਦੇ ਵਿਭਿੰਨ ਰੂਪਾਂਤਰਣ

ਸੰਸਕ੍ਰਿਤ ਦੇ ਮੂਲ ਰੂਪ ਨਾਲ ਬਹੁਤ ਹੱਦ ਤਕ ਮਿਲਦੇ-ਜੁਲਦੇ ਹਨ ਜਿਹੜੇ ਕਿ ਪੰਜਾਬੀ ਦੇ ਸੰਸਕ੍ਰਿਤ-ਮੂਲਕ ਇਤਿਹਾਸ ਦੀ ਸੂਚਨਾ ਪ੍ਰਦਾਨ ਕਰਦੇ ਹਨ। ਏਥੇ ਇਕ ਹੋਰ ਤੱਥ ਦੇ ਪ੍ਰਤੀ ਧਿਆਨ ਦੇਣਾ ਵੀ ਜ਼ਰੂਰੀ ਬਣਦਾ ਹੈ। ਅਸੀਂ ਪੂਰਬੀ ਪੰਜਾਬੀ ਖੇਤਰ ਤੋਂ ਚਲ ਕੇ ਪੱਛਮੀ ਪੰਜਾਬੀ ਖੇਤਰ ਵੱਲ ਜਿਵੇਂ ਜਿਵੇਂ ਅੱਗੇ ਤੋਂ ਅੱਗੇ ਚਲੇ ਜਾਂਦੇ ਹਾਂ ਤਿਵੇਂ ਤਿਵੇਂ ਪੰਜਾਬੀ ਦਾ ਇਹ ਭੂਤ-ਕ੍ਰਿਦੰਤੀ ਪਿਛੇਤਰ-ਮਾਰਫੀਮ (-ਤ) ਜਾਂ ਇਸ ਦੇ ਵੱਖ ਵੱਖ ਵਿਕਾਰੀ ਰੂਪਾਂਤਰਣ ਜ਼ਿਆਦਾ ਤੋਂ ਜ਼ਿਆਦਾ ਮਿਕਦਾਰ ਵਿਚ ਪ੍ਰਯੁਕਤ ਹੁੰਦੇ ਜਾਂਦੇ ਹਨ। ਇਸ ਦਾ ਇਹ ਭਾਵ ਵੀ ਨਿਕਲਦਾ ਹੈ ਕਿ ਪੰਜਾਬੀ-ਬੋਲਦਾ ਖੇਤਰ ਜਿਉਂ ਜਿਉਂ ਸ਼ੌਰਸੇਨੀ ਅਤੇ ਜਾ ਸ਼ੌਰਸੇਨੀ-ਉਤਪੰਨ ਬੋਲੀਆ ਦੇ ਪ੍ਰਭਾਵ ਤੋਂ ਦੂਰ ਹੁੰਦਾ ਚਲਾ ਜਾਂਦਾ ਹੈ ਤਿਉਂ ਤਿਉਂ ਪੰਜਾਬੀ ਦੇ ਵਿਲੱਖਣ ਭਾਸ਼ਕ ਲੱਛਣ ਪ੍ਰਗਟ ਹੋ ਕੇ ਸਥਾਪਿਤ ਹੁੰਦੇ ਵੇਖੇ ਜਾਂਦੇ ਹਨ।

ਇਸ ਪ੍ਰਸੰਗ ਵਿਚ ਜਾਰਜ ਗ੍ਰੀਅਰਸਨ ਦਾ ਇਹ ਉੱਲੇਖ ਵੀ ਵੇਖਣ-ਯੋਗ ਹੈ ਜਿਹੜਾ ਕਿ ਸਾਡੀ ਉਪਰਕੋਤ ਮਤ-ਸਥਾਪਨ ਦੀ ਪੁਸ਼ਟੀ ਕਰਦਾ ਹੈ। ਗ੍ਰੀਅਰਸਨ ਨੇ ਲਿਖਿਆ ਹੈ ਕਿ

> *"ਪੂਰਬੀ ਪੰਜਾਬ ਦੀ ਪੰਜਾਬੀ ਭਾਸ਼ਾ, ਉਸਦੇ ਅੰਦਰਵਰਤੀ-ਬਾਹਰਵਰਤੀ ਮਾਡਲ ਦੇ ਮੁਤਾਬਕ ਭਾਵੇਂ ਕੇਂਦਰੀ-ਵਰਗ ਨਾਲ ਸੰਬੰਧ ਰਖਦੀ ਹੈ, ਪਰ ਜਿਵੇਂ ਜਿਵੇਂ ਅਸੀਂ ਪੱਛਮੀ ਪੰਜਾਬ ਦੀ ਤਰਫ ਜਾਂਦੇ ਹਾ ਪੱਛਮੀ ਪੰਜਾਬੀ (ਲਹਿੰਦੀ) ਦੇ ਚਿੰਨ੍ਹ ਪ੍ਰਗਟ ਹੋਣ ਲਗ ਪੈਂਦੇ ਹਨ। ਗ੍ਰੀਅਰਸਨ ਪੱਛਮੀ ਪੰਜਾਬੀ ਨੂੰ ਜਿਸਨੂੰ ਉਹ ਲਹਿੰਦਾ ਨਾਮ ਦਿੰਦਾ ਹੈ, ਬਾਹਰਵਰਤੀ ਗਰੁਪ ਦੀ ਭਾਸਾ ਸਵੀਕਾਰ ਕਰਦਾ ਹੈ ਜੋ ਕਿ ਉਸ ਦੇ ਅਨੁਸਾਰ ਪੂਰਬੀ ਪੰਜਾਬੀ ਤੋਂ ਵੱਖਰੀ ਹੈ। ਪਰ ਨਾਲੋ ਨਾਲ ਗ੍ਰੀਅਰਸਨ ਇਹ ਵੀ ਮੰਨਦਾ ਹੈ ਕਿ ਲਹਿੰਦਾ/ਲਹਿੰਦੀ ਨਾਲ ਮਿਲਦੀ-ਜੁਲਦੀ, ਪ੍ਰਾਚੀਨ ਹਿੰਦੀ ਭਾਸਾ ਕਿਸੇ ਸਮੇਂ ਸਾਰੇ ਸੰਯੁਕਤ ਪੰਜਾਬ (ਅਜੋਕਾ ਹਿੰਦ-ਪਾਕ ਪੰਜਾਬ) ਵਿਚ ਬੋਲੀ ਜਾਂਦੀ ਸੀ, ਪਰ ਇਸ ਦੇ ਪੂਰਬੀ ਹਿੱਸੇ ਦੀ ਬੋਲੀ ਉੱਤੇ ਅਰਥਾਤ ਪੂਰਬੀ ਪੰਜਾਬੀ ਉੱਤੇ ਗੰਗਾ-ਦੋਆਬ ਦੀ ਕਿਸੇ ਬੋਲੀ ਨੇ ਪ੍ਰਭਾਵ ਪਾਇਆ ਸੀ ਜਿਸ ਕਰਕੇ ਪੂਰਬੀ-ਪੰਜਾਬੀ ਉੱਤੇ ਮੱਧ-ਦੇਸ਼ੀ ਪੂਰਬੀ ਭਾਸ਼ਾ ਦਾ ਇਕ ਤਰ੍ਹਾਂ ਦਾ ਰੰਗ ਚੜ੍ਹਿਆ ਹੋਇਆ ਹੈ। ਲੇਕਿਨ ਪੰਜਾਬੀ ਭਾਸ਼ਾ ਦੇ ਤਲ ਵਿਚ ਮੌਜੂਦ ਪ੍ਰਾਚੀਨ ਪੱਛਮੀ ਪੰਜਾਬੀ/ਲਹਿੰਦੀ ਦੇ ਭਾਸ਼ਕ ਚਿੰਨ੍ਹ ਜਾਂ ਅਵਸ਼ੇਸ਼ ਅੱਜ ਵੀ ਪੂਰਬੀ ਪੰਜਾਬੀ ਭਾਸ਼ਾ ਵਿਚੋਂ ਉਜਾਗਰ ਹੁੰਦੇ ਮਿਲਦੇ ਹਨ ਜਦੋਂ ਅਸੀਂ ਪੂਰਬੀ ਪੰਜਾਬੀ ਦੇ ਖੇਤਰ ਵਲੋਂ ਪੱਛਮੀ ਪੰਜਾਬ (ਹੁਣ ਪਾਕਿਸਤਾਨ) ਵਲ ਸਫਰ ਕਰਦੇ ਹਾਂ।"*[4]

ਗ੍ਰੀਅਰਸਨ ਦੇ ਇਸ ਕਥਨ ਦਾ ਸਮੁੱਚਾ ਭਾਵ ਇਹ ਹੈ ਕਿ ਸ਼ੌਰਸੇਨੀ ਦੇ ਅਸਰ ਤੋਂ ਮੁਕਤ ਪੂਰਬੀ ਪੰਜਾਬੀ ਦੇ ਵਿਲੱਖਣ ਖ਼ਾਸ ਖ਼ਾਸ ਅੰਸ਼ (ਜਿਨ੍ਹਾਂ ਵਿਚ ਭੂੱਤ-ਕ੍ਰਿਦੰਤੀ /-ਤ/ ਦੀ ਹੋਂਦ ਵੀ ਸ਼ਾਮਲ ਹੈ) ਸਾਨੂੰ ਵੱਧ ਤੋਂ ਵਧ ਉਪਲਬਧ ਹੁੰਦੇ ਜਾਂਦੇ ਹਨ ਜਦੋਂ ਅਸੀਂ ਪੱਛਮੀ ਪੰਜਾਬ ਵੱਲ ਜਾਂਦੇ ਹਾਂ ਅਤੇ ਇਹ ਵਿਲੱਖਣ ਪੰਜਾਬੀ ਅੰਸ਼ ਹੋਰ ਵਧੇਰੇ ਮਿਲਦੇ ਜਾਂਦੇ ਹਾ ਜਿਵੇਂ ਜਿਵੇਂ ਅਸੀਂ ਪੱਛਮੀ ਪੰਜਾਬੀ ਦੇ ਖੇਤਰ ਵੱਲ ਹੋਰ ਅਗੇ ਪ੍ਰਸਥਾਨ ਕਰਦੇ ਹਾਂ। ਗ੍ਰੀਅਰਸਨ ਦਾ ਮੂਲ ਕਥਨ ਫੁਟਨੋਟ ਵਿਚ ਉਧ੍ਰਿਤ ਕੀਤਾ ਜਾਂਦਾ ਹੈ। ਹੁਣ ਪੰਜਾਬੀ ਭੂਤ-ਕ੍ਰਿਦੰਤਾਂ ਦੀ ਤੁਲਨਾ-ਸਾਰਣੀ ਪੇਸ਼ ਕੀਤੀ ਜਾਂਦੀ ਹੈ :

ਪੰਜਾਬੀ ਭੂਤ-ਕ੍ਰਿਦੰਤੀ ਰੂਪਾਂ ਦੀ ਤੁਲਨਾ-ਸਾਰਨੀ

ਪੰਜਾਬੀ ਭੂਤ ਕ੍ਰਿਦੰਤ		ਸੰਸਕ੍ਰਿਤ ਮੂਲ ਰੂਪ		ਸ਼ੌਰਸੈਨੀ-ਉਤਪੰਨ ਹਿੰਦੀ ਰੂਪ	
ਦਿੱਤਾ/ਡਿੱਤਾ	←	ਦਤ੍ਤਃ	(दत्तः)	ਦਿਯਾ	(दिया)
ਕੀਤਾ	←	ਕ੍ਰਿਤਃ	(कृतः)	ਕਿਯਾ	(किया)
ਸੁੱਤਾ	←	ਸੁਪ੍ਤਃ	(सुप्तः)	ਸੋਯਾ	(सोया)
ਪੀਤਾ	←	ਪੀਤਃ	(पीतः)	ਪਿਯਾ	(पिया)
ਨ੍ਹਾਤਾ	←	ਸਨਾਤਃ	(स्नातः)	ਨਹਾਯਾ	(नहाया)
ਸੀਤਾ	←	ਸ੍ਯੂਤਃ	(स्यूत)	ਸਿਯਾ	(सिया)
ਧੋਤਾ		″	″	ਧੋਯਾ	(धोया)
ਖੜ੍ਹੋਤਾ/ਖਲੋਤਾ		″	″	ਖੜਾ	(खड़ा)
ਜਾਤਾ/ਜਾਣਿਆ	←	ਸਜ੍ਞਾਤਃ	(सज्ञातः)	ਜਾਨਾ	(जाना)
ਜੁੱਤਾ/ਜੋਤਾ	←	ਯੁਕ੍ਤਃ	(युक्तः)	ਜੁਤਾ ਹੂਆ	(जुता हुआ)
ਵੰਞਾਤਾ		″	″	″	″
ਸਿਞਾਤਾ/ਸਿਆਤਾ	←	ਸਜ੍ਞਾਤ :	(सज्ञातः)	= ਪਹਚਾਨਾ	(पहचाना)
ਕਮਾਤਾ		″	″	ਕਮਾਯਾ	(कमाया)
ਪਹੁਤਾ		″	″	ਪਹੁੰਚਾ	(पहुँचा)
ਚਾਤਾ/ਚੁਕਿਆ		″	″	ਚੁਕਾਯਾ	(चुकाया)
ਝੋਤਾ		″	″	″	″
ਪੋਤਾ		″	″	″	″
ਝੁੰਤਾ/ਝੁਣਿਆ		″	″	″	″

ਭੂਤ ਕ੍ਰਿਦੰਤੀ /-ਤ/ ਦਾ /-ਧ/ ਵਿਚ ਰੂਪਾਂਤਰਣ

ਘਿੱਧਾ		″	″	″	″
ਖਾਧਾ	←	ਖਾਦਿਤਃ	(खादितः)	ਖਾਯਾ	(खाया)
ਰੁੱਧਾ/ਰੁੱਝਾ (=ਰੁਝਿਆ)			″	″	″
ਰਿੱਧਾ		″	″	ਰੀਂਧਾ	(रीन्धा)
ਯੱਧਾ	←	ਯਬ੍ਧਃ	(यब्धः)		
ਬੱਧਾ	←	ਬਦ੍ਧਃ	(बद्धः)	ਬਾਂਧਾ	(बाँधा)
ਲੱਧਾ/ਲੱਭਿਆ	←	ਲਬ੍ਧਃ	(लब्धः)		
ਗੁੱਧਾ/ਗੁੰਨ੍ਹਿਆ		″	″	ਗੂੰਧਾ	(गूँधा)

ਭੂਤ-ਕ੍ਰਿਦੰਤੀ /-ਤ/ ਦਾ /-ਥ/ ਵਿਚ ਰੂਪਾਂਤਰਣ

ਘੁੱਥਾ/ਘੁੱਸਿਆ		″	″	ਘੁਸਾ	(घुसा)
ਲੱਥਾ		″	″		
ਫਾਥਾ	←	ਪਾਸ਼ਿਤਃ	(पाशित)	ਫਾਂਸਾ	(फांसा)
ਖੁੱਥਾ		″	″	″	
ਖੋਥਾ/ਖੋਹਿਆ		″	″	″	
ਵਾਥਾ/ਵਹਾਇਆ	←	ਵ੍ਰਿਸ਼ਟ :	(वृष्टः)	ਬਰਸਾ	(बरसा)

ਭੂਤ-ਕ੍ਰਿਦੰਤੀ /-ਤ/ ਦਾ /-ਠ/ ਵਿਚ ਰੂਪਾਂਤਰਣ

ਬੈਠਾ	←	ਉਪ+ਵਿਸ਼ਟ:	(उपविष्ट)	ਬੈਠਾ	(बैठा)
ਪੀਠਾ	←	ਪਿਸ਼ਟ	(पिष्ट:)	ਪੀਠਾ	(पीठा)
ਕੁੱਠਾ		''	''	''	
ਢੱਠਾ/ਢਹਿਆ		''	''	''	
ਨੱਠਾ		''	''	''	
ਵੁੱਠਾ/ਵਸਿਆ (=ਵਰ੍ਹਿਆ)	←	ਵ੍ਰਿਸ਼ਟ:	(वृष्ट)	ਬਰਸਾ	(बरसा)
ਡਿੱਠਾ	←	ਦ੍ਰਿਸ਼ਟ:	(दृष्ट)	ਦੇਖਾ	(देखा)
ਧ੍ਰੂਠਾ/ ਧਰੂਹਿਆ		''	''	''	
ਮੁੱਠਾ/ਮੋਹਿਆ	←	ਮੋਹਿਤ/ਮੁਗਧ	(मोहित, मुग्ध)	ਮੋਹਿਤ	(मोहित)
ਮੁੱਠਾ/ਮੁੱਸਿਆ		''	''	''	
ਫੋਠਾ/ਫੋਹਿਆ		''	''	''	
ਰੁੱਠਾ/ਰੁੱਸਿਆ	←	ਰੁਸ਼ਟ:	(रुष्ट:)		ਰੁਠਾ (रूठा)
ਤੁੱਠਾ	←	ਤੁਸ਼ਟ:	(तुष्ट:)		

ਭੂਤ-ਕ੍ਰਿਦੰਤੀ /-ਤ/ ਦਾ /-ਨ/ ਵਿਚ ਰੂਪਾਤਰਣ :

ਭੱਨਾ/ਭਜਿਆ	←	ਭਗ੍ਨ:	(भग्न)	ਭਾਗਾ	(भागा)
ਭੁੰਨਾ/ਭੁੱਜਿਆ				ਭੂਨਾ	(भूना)
ਪੁੰਨਾ/ਪੁਜਿਆ (=ਪਹੁੰਚਿਆ)		ਪੂਰ੍ਣ:	(पूर्ण)		
ਬੰਨ੍ਹਾ/ਬੱਧ	←	ਬਦ੍ਧ:	(बद्ध)	ਬਾਂਧਾ	(बाँधा)
ਭੰਨਾ/ਭਜਿਆ	←	ਭਗ੍ਨ:	(भग्न:)		
ਵਿਕਾਣਾ/ਵਿਕਿਆ	←	ਵਿਕ੍ਰੀਤ:	(विक्रीत:)	ਬਿਕਾਯਾ	(बिकाया)

ਦੁੱਤੀਕਰਣ (Gemination)

ਪੰਜਾਬੀ (ਪੂਰਬੀ-ਪੱਛਮੀ) ਦੀ ਭਾਸ਼ਕ ਸੰਰਚਨਾ ਦੀਆਂ ਨਵੇਕਲੀਆਂ ਵਿਲੱਖਣਤਾਵਾਂ ਵਿਚ ਧੁਨੀਆਤਮਕ ਪੱਧਰ ਤੇ ਦੁੱਤੀਕਰਣ ਦਾ ਵਰਤਾਰਾ ਉੱਲੇਖਯੋਗ ਹੈ। ਸ਼ੌਰਸੇਨੀ ਤੋਂ ਜਨਮੀਆਂ ਹਿੰਦੀ ਆਦਿ ਬੋਲੀਆਂ ਦੇ ਮੁਕਾਬਲੇ ਵਿਚ, ਪੰਜਾਬੀ ਭਾਸ਼ਾ ਦੀ ਜਿਹੜੀ ਨਿਖੜਵੀਂ ਵਿਸ਼ੇਸ਼ਤਾਂ ਉਭਰਦੀ ਹੈ ਉਹ ਹੈ *ਦੁੱਤੀਕਰਣ ਦੀ ਪ੍ਰਕਿਰਿਆ*। ਇਸ ਦੁੱਤੀਕਰਣ ਦੀ ਪ੍ਰਵਿਰਤੀ ਨਾਲ ਪੰਜਾਬੀ ਵਿਚ ਨਵੇਕਲਾ ਧੁਨੀ-ਪੈਟਰਨ ਉਭਰਦਾ ਹੈ ਜਿਹੜਾ ਕਿ ਪੰਜਾਬੀ ਦਾ ਖ਼ਾਸ ਪਛਾਣ-ਚਿੰਨ੍ਹ ਬਣ ਨਿਬੜਿਆ ਹੈ। ਪੰਜਾਬੀ ਦਾ ਇਹ ਧੁਨੀਆਤਮਕ ਦੁੱਤੀਕਰਣ ਸੰਸਕ੍ਰਿਤ ਤੋਂ ਬਾਅਦ ਪਾਲੀ ਭਾਸ਼ਾ ਦੇ ਯੁਗ ਤੋਂ ਵਾਪਰਣਾ ਸ਼ੁਰੂ ਹੋ ਜਾਂਦਾ ਹੈ। ਸ਼ਬਦਾਂ ਦੇ ਅੰਤਰਗਤ ਸੰਜੁਗਤ ਧੁਨੀਆਂ ਦੇ ਧੁਨੀ-ਖੰਡ ਸਮੀਕਰਣ ਦੀ ਪ੍ਰਕਿਰਿਆ ਰਾਹੀਂ ਰੂਪਾਂਤਰਤ ਹੋਕੇ ਦੁੱਤੀਕਰਣ ਦੀ ਅਵਸਥਾ ਤਕ ਅਪੜਦੇ ਹਨ।

ਸਮੀਕਰਣ ਦੇ ਸਿੱਟੇ ਵਜੋਂ ਸ਼ਬਦਾਂ ਦੇ ਅੰਤਰਗਤ ਜਿਹੜੇ ਵੱਖ ਵੱਖ ਫੋਨੀਮਾਂ ਦੇ ਗੁੱਛੇ (clusters) ਹੁੰਦੇ ਹਨ ਉਹ ਬਿਨ-ਕਾਰਣ ਜਾਂ ਸਕਾਰਣ ਦਬਾਉ ਅਧੀਨ ਤਬਦੀਲ ਹੋ ਕੇ ਸਮਰੂਪ ਫੋਨੀਮਾਂ ਦੇ ਗੁੱਛੇ ਬਣ ਨਿਬੜਦੇ ਹਨ। ਸਮਾਨ ਫੋਨੀਮਾਂ ਦੇ ਗੁੱਛੇ ਜਾਂ ਸੰਜੋਗ ਹੀ ਦੁੱਤੀਕਰਣ ਦੀ ਸ਼ਕਲ ਅਖਤਿਆਰ ਕਰ ਜਾਂਦੇ ਹਨ। ਪੰਜਾਬੀ ਵਿਚਲੀ ਦੁੱਤੀਕਰਣ ਦੀ ਪ੍ਰਕਿਰਿਆ ਦਾ ਸਰੋਤ-ਬਿੰਦੂ ਪਾਲੀ ਭਾਸ਼ਾ (ਪ੍ਰਾਕ੍ਰਿਤ) ਦਾ ਧੁਨੀਆਤਮਕ ਪਰਿਵਰਤਨ ਹੈ। ਪਾਲੀ ਪ੍ਰਾਕ੍ਰਿਤ ਵਿਚ ਦੁੱਤੀਕਰਣ ਦਾ ਵਰਤਾਰਾ ਬਹੁਤ ਚੋਖੀ ਮਾਤਰਾ ਵਿਚ ਸ਼ੁਰੂ ਹੋ

ਗਿਆ ਸੀ ਅਤੇ ਇਹੋ ਧੁਨੀਗਤ ਪ੍ਰਵਿਰਤੀ ਸਿਰਫ ਪੰਜਾਬੀ ਜ਼ੁਬਾਨ ਵਿਚ ਢੇਰਾਂ ਦੀ ਢੇਰ ਮਿਲਦੀ ਹੈ। ਇਹ ਕੇਵਲ ਪੰਜਾਬੀ ਹੀ ਹੈ ਜਿਸ ਨੇ ਪਾਲੀ ਭਾਸ਼ਾ ਦੀ ਇਸ ਧੁਨੀ-ਪਰੰਪਰਾ ਨੂੰ ਵਿਰਸੇ ਵਿਚ ਸੰਭਾਲੀ ਰਖਿਆ ਹੈ। ਕਈ ਵਾਰ ਧੁਨੀਆਤਮਕ ਦੁੱਤੀਕਰਣ ਦੇ ਇਸ ਪ੍ਰਪੰਚ ਨੂੰ ਹੀ ਸਰਲੀਕਰਣ (simplification) ਦੀ ਪ੍ਰਵਿਰਤੀ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਦੁੱਤੀਕਰਣ ਦੀ ਇਹ ਘਟਨਾ ਪੰਜਾਬੀ ਭਾਸ਼ਾ ਦਾ ਖ਼ਾਸ ਪਛਾਣ-ਚਿੰਨ੍ਹ ਬਣ ਨਿਬੜਿਆ ਹੈ। ਮਜ਼ੇ ਦੀ ਗੱਲ ਇਹ ਹੈ ਕਿ ਦੁੱਤ-ਧੁਨੀਆਂ ਦੀ ਹੋਂਦ ਪੰਜਾਬੀ ਤੋਂ ਸਿਵਾਏ (ਕੁਝ ਹਦ ਤਕ ਸਿੰਧੀ ਭਾਸ਼ਾ ਵਿਚ ਹੈ) ਹੋਰ ਕਿਸੇ ਮਾਡਰਨ ਭਾਰਤੀ ਆਰੀਆ ਭਾਸ਼ਾ ਵਿਚ ਉੱਕਾ ਹੀ ਨਹੀਂ ਮਿਲਦੀ, ਹਾਂ ਕਿਤੇ ਕਿਤੇ ਵਿਰਲੀ ਮਿਲਦੀ ਹੈ। ਏਥੇ ਇਕ ਹੋਰ ਤੱਥ ਦਾ ਇਜ਼ਹਾਰ ਕਰਨਾ ਵੀ ਅਸੰਗਤ ਨਹੀਂ ਹੋਵੇਗਾ। ਜਿਵੇਂ ਜਿਵੇਂ ਅਸੀਂ ਪੂਰਬੀ ਪੰਜਾਬੀ ਵਲੋਂ ਪੱਛਮੀ ਪੰਜਾਬੀ ਵੱਲ ਜਾਂਦੇ ਹਾਂ, ਇਹ ਦੁੱਤ-ਪ੍ਰਧਾਨ ਉੱਚਾਰਣ-ਬਿਰਤੀ ਵਧਦੀ ਹੀ ਤੁਰੀ ਜਾਂਦੀ ਹੈ। ਮੁਲਤਾਨੀ/ਪੋਠੋਹਾਰੀ ਵਿਚ ਤਾਂ ਕਈ ਵਾਰ ਦੁੱਤ ਲਿਪੀ-ਚਿੰਨ੍ਹ "ਅਧਕ :—ੱ ਨੂੰ" ਪੋਠੋਹਾਰਨ ਹੀ ਕਹਿ ਦਿੱਤਾ ਜਾਂਦਾ ਹੈ ਕਿਉਂਕਿ ਪੋਠੋਹਾਰੀ ਉੱਚਾਰਣ ਵਿਚ ਦੁੱਤ-ਉੱਚਾਰਣ "ਅਧਕ" ਦੀ ਬਿਰਤੀ ਬਹੁਤਾਇਤ ਮਿਕਦਾਰ ਵਿਚ ਮਿਲਦੀ ਹੈ ਜਿਸ ਦੀ ਕਈ ਵਾਰ ਕੋਈ ਵਜ੍ਹਾ ਵੀ ਨਹੀਂ ਹੁੰਦੀ। "ਕਿਲਾ" ਨੂੰ ਅਧੱਕ-ਸਹਿਤ "ਕਿੱਲਾ" ਕਹਿਣਾ ਪੋਠੋਹਾਰੀ ਉੱਚਾਰਣ ਵਿਚ ਆਮ ਹੈ", ਭਾਵੇਂ ਇਸ ਦਾ ਕੋਈ ਇਤਿਹਾਸਕ ਕਾਰਣ ਮੌਜੂਦ ਨਹੀਂ ਹੈ।

ਡਾ. ਜਾਰਜ ਗ੍ਰੀਅਰਸਨ ਨੇ ਵੀ ਪੰਜਾਬੀ ਦੀ ਇਸ ਨਿਖੜਵੀਂ ਦੁੱਤ-ਬਿਰਤੀ ਦੀ ਪਛਾਣ ਸਥਾਪਿਤ ਕੀਤੀ ਹੈ। ਉਸ ਦਾ ਉੱਲੇਖ ਹੈ ਕਿ ਆਧੁਨਿਕ ਭਾ. ਆ. ਭਾਸ਼ਾਵਾਂ ਦੀਆਂ ਸਰੋਤ-ਪ੍ਰਾਕ੍ਰਿਤਾਂ ਵਿਚ ਸੰਯੁਕਤ/ਦੂਹਰੇ ਵਿਅੰਜਨਾਂ ਦੀ ਹੋਂਦ ਇਕ ਆਮ ਜਿਹੀ ਗੱਲ ਹੈ। ਮਿਸਾਲ ਵਜੋਂ ਅਸੀਂ ਸੰਸਕ੍ਰਿਤ ਸ਼ਬਦ "ਭਕ੍ਤ" : ਬਾਰੇ ਚਰਚਾ ਕਰ ਸਕਦੇ ਹਾਂ ਜੋ ਕਿ ਪ੍ਰਾਕ੍ਰਿਤ-ਪਾਲੀ ਵਿਚ "ਭਤ੍ਤੁ" ਬਣ ਜਾਂਦਾ ਹੈ ਜਿਸ ਵਿਚ ਸੰਯੁਕਤ ਵਿਅੰਜਨ ਧੁਨੀ-ਖੰਡ /ਕ੍ਤ-/ ਦਾ ਦੁੱਤ ਵਿਅਜੰਨ-ਖੰਡ /ਤ੍ਤ-/ ਵਿਚ ਰੂਪਾਂਤਰਿਤ ਹੋ ਜਾਂਦਾ ਹੈ। ਬਹੁਤ ਸਾਰੀਆਂ ਆਧੁਨਿਕ ਭਾ. ਆ. ਭਾਸ਼ਾਵਾਂ ਵਿਚ (ਖ਼ਾਸ ਕਰਕੇ ਪੱਛਮੀ ਹਿੰਦੀ ਤੇ ਗੁਜਰਾਤੀ ਵਿਚ) ਇਨ੍ਹਾਂ ਦੁੱਤ-ਵਿਅਜੰਨਾਂ ਦਾ ਮੁੜ ਸਰਲੀਕਰਣ ਹੋ ਕੇ ਇਨ੍ਹਾਂ ਦੋਹਾਂ ਵਿਅੰਜਨਾਂ ਵਿਚੋਂ ਇਕ ਵਿਅਜੰਨ ਲੁਪਤ ਹੋ ਜਾਂਦਾ ਹੈ ਅਤੇ ਲੋਪ ਹੋਏ ਵਿਅਜੰਨ ਦੀ ਹਾਨੀ-ਪੂਰਤੀ ਵਜੋਂ ਪੂਰਵਵਰਤੀ ਸ੍ਵਰ ਦਾ ਦੀਰਘੀਕਰਣ ਹੋ ਜਾਂਦਾ ਹੈ। ਫਲਸਰੂਪ ਸਰਵ-ਵਿਆਪਕ ਤੌਰ 'ਤੇ, ਇਸ ਪ੍ਰਾਕ੍ਰਿਤ ਰੂਪ /ਭਤ੍ਤੁ/ ਤੋਂ ਅੱਗੇ ਆਧੁਨਿਕ ਭਾਸ਼ਾਵਾਂ ਵਿਚ /ਭਾਤ/ ਦਾ ਵਿਕਾਸ ਹੋ ਜਾਂਦਾ ਹੈ। ਇਸ ਵਿਕਾਸ-ਪ੍ਰਕਿਰਿਆ ਨੂੰ ਇਕ ਡਾਇਆਗ੍ਰਾਮ ਦੀ ਸ਼ਕਲ ਵਿਚ ਇਸ ਪ੍ਰਕਾਰ ਚਿਤਰਿਤ ਕੀਤਾ ਜਾ ਸਕਦਾ ਹੈ :

ਸੰਸਕ੍ਰਿਤ　ਪਾਲੀ-ਪ੍ਰਾਕ੍ਰਿਤ　ਆਧੁਨਿਕ ਭਾ. ਆ. ਭਾਸ਼ਾਵਾਂ

ਭਕ੍ਤਃ (भक्तः) → ਭਤ੍ਤੁ(भत्तु) → ਭਾਤ = ਰਿੰਨ੍ਹੇ ਹੋਏ ਚੌਲ

ਪਰੰਤੂ ਲਹਿੰਦੀ ਤੇ ਪੰਜਾਬੀ ਵਿਚ ਉਪਰਕੋਤ ਵਿਕਾਸ-ਪ੍ਰਕਿਰਿਆ ਇਸ ਤਰ੍ਹਾਂ ਨਹੀਂ ਵਾਪਰਦੀ। ਪੱਛਮੀ/ਪੂਰਬੀ ਪੰਜਾਬੀ ਭਾਸ਼ਾ ਦੇ ਸ਼ਬਦਾਂ ਵਿਚਲੇ ਦੁੱਤ-ਵਿਅੰਜਨ ਸੁਰੱਖਿਅਤ ਰਹਿੰਦੇ ਹਨ ਅਤੇ ਪੂਰਵ-ਵਰਤੀ ਸ੍ਵਰ ਹ੍ਰਸਵ ਹੀ ਰਹਿੰਦਾ ਹੈ ਅਤੇ ਉਸੇ ਤਰ੍ਹਾਂ ਦੀਰਘ ਨਹੀਂ ਹੁੰਦਾ ਜਿਵੇਂ ਹਿੰਦੀ ਆਦਿ ਵਿਚ ਹੁੰਦਾ ਹੈ। ਇਹ ਸੰਭਵ ਹੈ ਕਿ ਸਿੰਧੀ, ਦਾਰਦਿਕ

ਭਾਸ਼ਾਵਾਂ ਵਿਚ ਅਤੇ ਕਦੇ ਲਹਿੰਦੀ ਵਿਚ ਵੀ ਅਜਿਹੇ-ਵਿਅੰਜਨ-ਸੰਯੋਗ ਦਾ ਸਰਲੀਕਰਣ ਹੋ ਜਾਂਦਾ ਹੈ ਅਤੇ ਜਿਸ ਕਰਕੇ ਨਤੀਜੇ ਵਜੋਂ ਦੋ ਦੁੱਤ-ਵਿਅੰਜਨਾ ਵਿਚੋਂ ਇਕ ਵਿਅਜੰਨ ਦਾ ਲੋਪ ਹੋ ਕੇ ਬਾਕੀ ਇਕ ਬਚ ਜਾਂਦਾ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਭਾਸ਼ਾਵਾਂ ਵਿਚ ਪੂਰਵ-ਵਰਤੀ ਸੁਰ ਲਗਭਗ ਹਮੇਸ਼ਾਂ ਹ੍ਰਸਵ ਹੀ ਰਹਿੰਦਾ ਹੈ. ਉਥੇ ਹਾਨੀ-ਪੂਰਤੀ ਲਈ ਦੀਰਘੀਕਰਣ ਨਹੀਂ ਹੁੰਦਾ। ਇਸ ਤਰ੍ਹਾਂ ਸਿੰਧੀ ਵਿਚ ਇਹ /ਭਤੁ/ ਹੈ /ਭਾਤ/ ਨਹੀਂ ਹੈ ਜਿਵੇਂ ਕਿ ਦੀਰਘ ਹੋਣ ਦੀ ਆਸ ਕੀਤੀ ਜਾਂਦੀ ਹੈ ਅਤੇ ਦਾਰਦਿਕ ਕਸ਼ਮੀਰੀ ਵਿਚ ਵੀ /ਬਤ/ ਹੀ ਹੈ, /ਬਾਤ/ ਨਹੀਂ ਬਣਦਾ।

ਹਾਨੀ-ਪੂਰਤੀ ਵਜੋਂ ਹੋਣ ਵਾਲੇ ਦੀਰਘੀਕਰਣ ਦੀ ਇਹ ਅਣਹੋਂਦ, ਪੱਛਮੋਤੱਰੀ ਆਰੀਆ ਭਾਸ਼ਾਵਾਂ (ਸਿੰਧੀ, ਪੱਛਮੀ ਪੰਜਾਬੀ, ਪੂਰਬੀ ਪੰਜਾਬੀ) ਦੇ ਵਿਚਕਾਰ ਅਤੇ ਬਾਕੀ ਹੋਰ ਸਮੂਹ ਭਾਰਤੀ ਆਰੀਆ ਭਾਸ਼ਾਵਾਂ ਦੇ ਦਰਮਿਆਨ ਇਕ ਬਹੁਤ ਮਹੱਤਵਪੂਰਣ ਨਿਆਰਾਪਣ ਹੈ[6]। ਇਹ ਭਾਸ਼ਕ ਪ੍ਰਵਿਰਤੀ ਪੰਜਾਬੀ ਨੂੰ ਬਾਕੀ ਆਧੁਨਿਕ ਭਾ. ਆ. ਭਾਸ਼ਾਵਾਂ ਨਾਲੋਂ ਨਿਖੇੜਦੀ ਹੈ, ਇਸ ਪ੍ਰਵਿਰਤੀ ਦੇ ਆਧਾਰ ਤੇ ਭਾ. ਆ. ਭਾਸ਼ਾਵਾਂ ਦੋ ਅੱਡੋ ਅੱਡ ਵਰਗਾਂ ਵਿਚ ਵੰਡੀਆਂ ਜਾਂਦੀਆਂ ਹਨ। ਪੰਜਾਬੀ ਆਦਿ ਪੱਛਮੋਤਰੀ ਭਾਸ਼ਾਵਾਂ ਵਿਚ ਇਹ ਦੁੱਤ-ਵਿਅਜੰਨ ਜਾ ਤਾਂ ਸੁਰੱਖਿਅਤ ਬਰਕਰਾਰ ਰਹਿੰਦਾ ਹੈ ਅਤੇ ਜਾ ਫਿਰ ਜੇਕਰ ਸਰਲੀਕ੍ਰਿਤ ਹੋ ਵੀ ਜਾਵੇ ਤਾਂ ਵੀ ਉਥੇ ਪੂਰਵਰਤੀ ਸੁਰ ਨੂੰ ਪ੍ਰਭਾਵਿਤ ਨਹੀਂ ਕਰਦਾ ਅਰਥਾਤ ਦੀਰਘ ਨਹੀਂ ਕਰਦਾ ਬਲਕਿ ਹ੍ਰਸਵ ਸੁਰ ਹੀ ਕਾਇਮ ਰਹਿੰਦਾ ਹੈ। ਪਰੰਤੂ ਇਸ ਦੇ ਉਲਟ ਪੰਜਾਬੀ ਨੂੰ ਛੱਡ ਕੇ ਬਾਕੀ ਸਾਰੀਆਂ ਭਾ. ਆ. ਭਾਸ਼ਾਵਾਂ ਵਿਚ ਇਹ ਦੁੱਤ-ਵਿਅੰਜਨ ਲਗਭਗ ਹਮੇਸ਼ਾਂ ਹਰ ਥਾਂ ਸਰਲੀਕ੍ਰਿਤ ਹੋ ਕੇ ਆਪਣੇ ਪੂਰਵਵਰਤੀ ਸੁਰ-ਧੁਨੀ ਨੂੰ ਅਵੱਸ਼ ਦੀਰਘ ਬਣਾ ਦਿੰਦਾ ਹੈ, ਜਿਵੇਂ ਕਿ ਅਸੀਂ ਹੁਣੇ ਹੀ ਡਾਇਆਗ੍ਰਾਮ ਰਾਹੀਂ /ਭਕਤ → ਭਤਤੁ → ਭਾਤ/ ਦੀ ਮਿਸਾਲੀ ਵੰਨਗੀ ਪੇਸ਼ ਕਰ ਆਏ ਹਾਂ। ਗ੍ਰੀਅਰਸਨ ਦੀ ਮੂਲ-ਉਕਤੀ ਫੁਟਨੋਟ ਵਿਚ ਦਰਜ ਹੈ।

ਹੁਣ ਅਸੀਂ ਟਾਕਰਾਮੂਲਕ ਅਤੇ ਤੁਲਨਾਮੂਲਕ ਅਪ੍ਰੋਚ ਦੀ ਅਨੁਸਾਰਤਾ ਕਰਦੇ ਹੋਏ ਪੰਜਾਬੀ ਵਿਚ ਉਪਲਬਧ ਦੁੱਤੀਕਰਣ (gemination) ਦੀਆਂ ਕੁਝ ਕੁ ਵੰਨਗੀ-ਮਿਸਾਲਾਂ ਇਕ ਰੇਖਾ-ਚਿਤਰ ਦੁਆਰਾ ਹਾਜ਼ਰ ਕਰਦੇ ਹਾਂ ਜਿਨ੍ਹਾਂ ਦੇ ਅਧਿਐਨ ਤੋਂ ਪੰਜਾਬੀ ਅਤੇ ਸ਼ੌਰਸੇਨੀ-ਉਤਪੰਨ ਹਿੰਦੀ ਦੀਆਂ ਆਪਸੀ ਵੱਖਰਤਾਵਾ ਦਾ ਜਾਇਜ਼ਾ ਲਿਆ ਜਾ ਸਕਦਾ ਹੈ।

ਦੁੱਤੀਕਰਣ ਦੀ ਤੁਲਨਾ-ਸਾਰਣੀ

ਸੰਸਕ੍ਰਿਤ			*ਪਾਲੀ-ਪ੍ਰਾਕ੍ਰਿਤ*			*ਪੰਜਾਬੀ*	*ਸ਼ੌਰਸੇਨੀ-ਪ੍ਰਸੂਤ ਪੱਛਮੀ ਹਿੰਦੀ*
ਦਰ੍ਭਹ	(दर्भः)	→	ਦਬ੍ਭ	(दब्भु)	→	ਦੱਭ	ਦਾਭ
ਉਚ੍ਚਕ	(उच्चकः)	→	ਉਚ੍ਚਏ	(उच्चउ)	→	ਉੱਚਾ	ਊਂਚਾ
ਸਤ੍ਯ	(सत्यः)	→	ਸਚ੍ਚੁ	(सच्चु)	→	ਸੱਚ	ਸਾਁਚ/ਸਚ
ਰਿਕ੍ਸ਼	(ऋक्षः)	→	ਰਿਚ੍ਛੁ	(रिच्छु)	→	ਰਿੱਛ	ਰੀਛ
ਸ਼ਬ੍ਦ	(शब्दः)	→	ਸਦ੍ਦੁ	(सद्दु)	→	ਸੱਦ	
ਦੁਗ੍ਧਮ੍	(दुग्धम्)	→	ਦੁਦ੍ਧੁ	(दुद्धु)	→	ਦੁੱਧ	ਦੂਧ
ਸੰਸਕ੍ਰਿਤ			*ਪਾਲੀ-ਪ੍ਰਾਕ੍ਰਿਤ*			*ਪੰਜਾਬੀ*	*ਸ਼ੌਰਸੇਨੀ-ਪ੍ਰਸੂਤ*

							ਪੱਛਮੀ ਹਿੰਦੀ
ਅਗ੍ਰੇ	(अग्रे)	→	ਅਗ੍ਗਹਿ	(अग्गहि)	→	ਅੱਗੇ	ਆਗੇ
ਅਦ੍ਯ	(अद्य)	→	ਅਜ੍ਜੁ	(अज्जु)	→	ਅੱਜ	ਆਜ
ਤਰਕਯਤਿ	(तर्कयति)	→	ਤਕ੍ਕੇਇ	(तक्केइ)	→	ਤੱਕ	ਤਾਕ
ਕਰ੍ਮ	(कर्म)	→	ਕਮ੍ਮੁ	(कम्मु)	→	ਕੰਮ/ਕੰਮ	ਕਾਮ
ਚਰ੍ਮ	(चर्म)	→	ਚਮ੍ਮੁ	(चम्मु)	→	ਚੰਮ/ਚੰਮ	ਚਾਮ
ਕਰ੍ਣ	(कर्णः)	→	ਕਣ੍ਣੁ	(कण्णु)	→	ਕੰਨ/ਕੰਨ	ਕਾਨ
ਸਰ੍ਪ	(सर्पः)	→	ਸਪ੍ਪੁ	(सप्पु)	→	ਸੱਪ	ਸਾਪ
ਸ੍ਵਸ਼੍ਰੂ	(श्वश्रू)	→	ਸਸ੍ਸੁ	(सस्सु)	→	ਸੱਸ	ਸਾਸ
ਰਕ੍ਤਕ	(रक्तकः)	→	ਰਤ੍ਤਉ	(रत्तऊ)	→	ਰੱਤਾ	ਰਾਤਾ
ਹਸ੍ਤ	(हस्तः)	→	ਹਤ੍ਥੁ	(हत्थु)	→	ਹੱਥ	ਹਾਥ
ਪ੍ਰਿਸ਼ਠਮ੍	(पृष्ठम्)	→	ਪਿਟ੍ਠੁ	(पिट्ठु)	→	ਪਿੱਠ	ਪੀਠ
ਮਸ੍ਤਕ	(मस्तक)	→	ਮਤ੍ਥਕ	(मत्थक)	→	ਮੱਥਾ	ਮਾਥਾ
ਜਨਮ	(जन्म)	→	ਜਮ੍ਮੁ	(जम्मु)	→	ਜੰਮ/ਜੰਮ	ਜਨਮ
ਲਬ੍ਧ	(लब्ध)	→	ਲਦ੍ਧ	(लद्ध)	→	ਲੱਭਾ	
ਗ੍ਰੀਸ਼੍ਮ	(ग्रीष्म)	→	ਗਿਮ੍ਹ	(गिम्ह)	→	ਗ੍ਰੰਮ	
ਸਰ੍ਵ	(सर्व)	→	ਸਬ੍ਬ	(सब्ब)	→	ਸੱਭ	
ਵਿਦ੍ਯੁਤ	(विद्युत्)	→	ਵਿਜ੍ਜੁ	(विज्जु)	→	ਬਿੱਜ	ਬਿਜਲੀ
ਬੁਦ੍ਬੁਦ	(बुद्बुद्)	→	ਬੁਬੁਲ	(बुब्बुल)	→	ਬੁਲਬੁਲਾ	ਬੁਲਬੁਲਾ
ਚਕ੍ਰਮ੍	(चक्रम्)	→	ਚਕ੍ਕੁ	(चक्कु)	→	ਚੱਕਾ	ਚਾਕ/ਚਕ੍
ਸ਼ੁਸ਼੍ਕਕ	(शुष्ककः)	→	ਸੁਕ੍ਖਉ	(सुक्खउ)	→	ਸੁੱਕਾ	ਸੂਖਾ/ਖੁਸ਼ਕ
ਭਕ੍ਤਮ	(भक्तम्)	→	ਭਤ੍ਤੁ	(भत्तु)	→	ਭੱਤਾ	ਭਾਤ
ਕਰ੍ਤਯਤਿ	(कर्तयति)	→	ਕਟ੍ਟੇਇ	(कट्टेइ)	→	ਕੱਟ	ਕਾਟ
ਅਗ੍ਨਿ	(अग्नि)	→	ਅਗ੍ਗਿ	(अग्गि)	→	ਅੱਗ	ਆਗ
ਅਕ੍ਸ਼ਿ	(अक्षि)	→	ਅਕ੍ਖਿ	(अक्खि)	→	ਅੱਖ	ਆਖ
ਸਪ੍ਤ	(सप्त)	→	ਸਤ੍ਤ	(सत्त)	→	ਸੱਤ	ਸਾਤ
ਅਸ਼੍ਟ	(अष्ट)	→	ਅਟ੍ਠ	(अट्ठ)	→	ਅੱਠ	ਆਠ
ਸ਼੍ਰਿੰਗ	(श्रृङ्ग)	→	ਸਿङ੍ਗ	(सिङ्ग)	→	ਸਿੰਗ	ਸੀਂਗ

ਪੰਜਾਬੀ ਦੀ ਸੁਰ-ਪ੍ਰਣਾਲੀ ਅਤੇ ਸ਼ੌਰਸੇਨੀ

(2) ਸ਼ੌਰਸੇਨੀ ਜਾਂ ਸ਼ੌਰਸੇਨੀ-ਉਤਪੰਨ ਆਧੁਨਿਕ ਭਾ. ਆ. ਭਾਸ਼ਾਵਾਂ ਅਤੇ ਪੰਜਾਬੀ ਦੇ ਦਰਮਿਆਨ ਜਿਹੜਾ ਇਕ ਹੋਰ ਉੱਘਾ ਵਖਰੇਵਾਂ ਹੈ ਉਸ ਦਾ ਉਦਾਹਰਣ ਪੰਜਾਬੀ ਦੀ ਸੁਰ-ਪ੍ਰਣਾਲੀ (ਟੋਨ-ਸਿਸਟਮ) ਹੈ । ਇਹ ਸੁਰ-ਪ੍ਰਣਾਲੀ ਪੰਜਾਬੀ ਤੋਂ ਛੁੱਟ, ਡੋਗਰੀ, ਪਹਾੜੀ ਬੋਲੀਆਂ ਅਤੇ ਰਾਜਸਥਾਨੀ ਬੋਲੀਆਂ ਵਿਚ ਵੀ ਮੌਜੂਦ ਹੈ, ਲੇਕਿਨ ਸੁਰ ਦੀ ਸਾਰਥਕ ਤੇ ਫੋਨੀਮਕ ਹੋਂਦ ਜਿਸ ਜ਼ੋਰ ਅਤੇ ਪ੍ਰਬਲਤਾ ਨਾਲ ਪੰਜਾਬੀ ਵਿਚ ਕਾਰਜ ਕਰਦੀ ਹੈ ਉਹ ਬਾਕੀ ਆਧੁਨਿਕ ਭਾ. ਆ. ਭਾਸ਼ਾਵਾਂ ਵਿਚ ਉੱਕਾ ਹੀ ਨਹੀਂ ਮਿਲਦੀ । ਇਨ੍ਹਾਂ ਅਰਥਾਂ ਵਿਚ ਸੁਰ-ਪ੍ਰਣਾਲੀ ਪੰਜਾਬੀ ਭਾਸ਼ਾ ਦਾ ਅਤਿ ਵਿਸ਼ੇਸ਼ ਪਛਾਣ-ਚਿੰਨ੍ਹ ਹੈ ਜਿਸ ਦਾ ਸ਼ੌਰਸੇਨੀ ਜਾਂ ਸ਼ੌਰਸੇਨੀ-ਉਤਪੰਨ ਹਿੰਦੀ ਬੋਲੀਆਂ ਵਿਚ ਅਭਾਵ ਹੈ ।

ਡੇਵਿਡ ਕ੍ਰਿਸਟਲ [1986 : 309] ਦੇ ਅਨੁਸਾਰ ਟੋਨ ਫੋਨਾਲੋਜੀ ਦਾ ਇਕ ਪਾਰਿਭਾਸ਼ਕ ਸ਼ਬਦ ਹੈ ਜਿਸ ਦਾ ਭਾਵ ਹੈ ਉਚਾਰ-ਖੰਡ (ਸਿਲੇਬਲ) ਦੀ ਪਿੱਚ ਦੇ ਲੈਵਲ ਦਾ ਸਾਰਥਕ ਤੇ ਨਿਖੇੜੂ ਹੋਣਾ। ਇਸ ਤਰ੍ਹਾਂ ਟੋਨ ਉਚਾਰ-ਖੰਡ ਦੀ ਤਾਨ-ਸਿਖਰ ਹੈ। ਇਉਂ ਟੋਨ ਇਕ ਅਖੰਡੀ, ਅਰਥਾਤਮਕ, ਨਿਖੇੜੂ, ਫੋਨੀਮਕ ਇਕਾਈ ਹੈ ਜੋ ਅਰਥ-ਭੇਦਕ ਸ਼ਕਤੀ ਰਖਦੀ ਹੈ ਅਤੇ ਜਿਸ ਸ਼ਬਦਾਤਮਕ ਉਚਾਰਖੰਡ 'ਤੇ ਟੋਨ ਹੋ ਦਸੀਲ ਹੁੰਦੀ ਹੈ, ਉਸ ਦਾ ਅਰਥ ਬਦਲ ਦਿੰਦੀ ਹੈ। ਇਸ ਲਈ ਟੋਨ ਦਾ ਪੰਜਾਬੀ ਵਿਚ ਬਹੁਤ ਹੀ ਮਹੱਤਵ ਹੈ।

ਸੁਰ ਦੇ ਕਾਰਣ ਪੰਜਾਬੀ ਨੂੰ ਸੁਰ-ਭਾਸ਼ਾ ਜਾਂ ਸੁਰਾਤਮਕ ਭਾਸ਼ਾ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਬਾਕੀ ਭਾਰਤੀ ਭਾਸ਼ਾਵਾਂ ਨਾਲੋਂ ਨਿਖੇੜਨ ਵਾਲਾ ਜੇ ਕੋਈ ਇਕੋ ਇਕ ਭਾਸ਼ਾਈ ਤੱਤ ਹੈ ਤਾਂ ਉਹ ਸੁਰ (ਟੋਨ) ਹੈ, ਇਸ ਲਈ ਟੋਨ ਦਾ ਪੰਜਾਬੀ ਵਿਚ ਅਤਿ ਮਹੱਤਵ ਹੈ। ਉਦਾਹਰਣ ਦੇ ਤੌਰ ਤੇ ਪੰਜਾਬੀ ਦੇ ਦੋ ਕਾਰਜੀ ਸ਼ਬਦ ਲੈਂਦੇ ਹਾਂ /ਕੜ/ ਅਤੇ /ਕੜ੍ਹ/, ਪਹਲੇ "ਕੜ" ਦਾ ਅਰਥ ਥੱਲਾ ਜਾਂ ਤਲਾ ਹੈ, ਅਤੇ ਦੂਜੇ "ਕੜ੍ਹ" ਦਾ ਅਰਥ ਕੜ੍ਹਨਾ, ਉਬਾਲਣਾ ਹੈ। ਦੋਹਾਂ ਸ਼ਬਦਾਂ ਦੀਆਂ ਬਾਕੀ ਹਾਲਤਾਂ ਇਕ-ਸਮਾਨ ਹਨ, ਫ਼ਰਕ ਸਿਰਫ਼ ਸੁਰ ਦਾ ਹੈ ਜਿਸ ਦੇ ਕਾਰਣ ਦੋਹਾਂ ਸ਼ਬਦਾਂ ਦੇ ਅਰਥ ਵਿਚ ਅੰਤਰ ਉਪਸਥਿਤ ਹੋਇਆ ਹੈ। ਇਸ ਤਰ੍ਹਾਂ ਹੋਰ ਵੀ ਅਨੇਕਾਂ ਵਿਰੋਧੀ ਜੋੜੇ ਪੰਜਾਬੀ ਵਿਚ ਉਪਲਬਧ ਹਨ ; ਯਥਾ :

ਕੋੜਾ	:	ਕੋੜ੍ਹਾ	(ਕੁਸ਼ਟੀ)
ਕੜੀ	:	ਕੜ੍ਹੀ	
ਚਾਹ	:	ਚਾਹ	(ਪੌੜੀ)
ਪਾ	:	ਪਾਹ	
ਕੰਡੀ		ਕੰਢੀ	
ਪਾੜਾ		ਪਾੜ੍ਹਾ	(ਪੜ੍ਹਨਵਾਲਾ)

(ਹਵਾਲਾ Harjit Sing Gill & H.A. Gleason Jr. [1969], *A Reference Grammar of Punjabi*, Pbi University, Patiala, pp. 25-26.

ਪੰਜਾਬੀ ਵਿਚ ਤਿੰਨ ਤਰ੍ਹਾਂ ਦੀ ਟੋਨ ਮੰਨੀ ਜਾਂਦੀ ਹੈ : (1) ਉੱਚੀ ਸੁਰ, (2) ਮਝਲੀ ਜਾਂ ਸਾਵੀ ਸੁਰ, (3) ਨੀਵੀ ਸੁਰ।

ਉੱਚੀ ਸੁਰ : ਸਿੰਘ, ਬੱਝ, ਸੰਢ, ਬੰਧ, ਲੱਭ।

ਨੀਵੀਂ ਸੁਰ : ਘਰ, ਝਾੜੂ, ਢੋਲ, ਧਰਮ, ਭਰਮ।

ਪੰਜਾਬੀ ਵਿਚ ਸੁਰ ਦੀ ਸਥਿਤੀ ਤੇ ਸਥਾਪਨਾ ਵਿਰੋਧੀ ਲਘੂ ਜੋੜਿਆਂ ਦੀ ਵਿਧੀ ਦੁਆਰਾ ਸਥਾਪਿਤ ਹੋ ਜਾਂਦੀ ਹੈ। ਹੇਠ ਲਿਖੇ ਵਿਰੋਧੀ ਜੋੜਿਆਂ ਦੀ ਸਾਰਣੀ ਪੇਸ਼ ਹੈ ਜਿੱਥੇ ਸੁਰਾਂ ਦੇ ਕੱਟੜ ਵਿਰੋਧਾਤਮਕ, ਕੰਟ੍ਰਾਸਟਿਵ, ਵਿਪਰੀਤ-ਅਰਥਕ ਸਿੱਧ ਹੁੰਦੇ ਹਨ :

ਨੀਵੀਂ ਸੁਰ	ਮੱਧਵਰਤੀ ਸੁਰ	ਉੱਚੀ ਸੁਰ
ਘੋੜਾ	ਕੋੜਾ	ਕੋੜ੍ਹਾ/ਕੋਹੜਾ
ਝਾ	ਚਾ	ਚਾਹ/ਚ੍ਹਾ
ਭਾ	ਪਾ	ਪਾਹ
ਘੰਡੀ	ਕੰਡੀ	ਕੰਢੀ
ਭਾੜਾ	ਪਾੜਾ	ਪਾੜ੍ਹਾ

ਇਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਸੁਰ-ਪ੍ਰਣਾਲੀ ਪੰਜਾਬੀ ਧੁਨੀ-ਮਾਲਾ ਦਾ ਇਕ

ਅਤਿਅੰਤ ਮਹੱਤਵਪੂਰਣ ਯੂਨਿਟ ਹੈ । ਪਰੰਤੂ ਤੁਲਨਾਤਮਕ ਤੌਰ 'ਤੇ ਜੇ ਵੇਖੀਏ ਤਾਂ ਸ਼ੌਰਸੇਨੀ ਪ੍ਰਾਕ੍ਰਿਤ-ਅਪਭ੍ਰੰਸ਼ ਵਿਚ ਅਤੇ ਜਾਂ ਸ਼ੌਰਸੇਨੀ ਤੋਂ ਜਨਮੀਆਂ ਹਿੰਦੀ ਆਦਿ ਬੋਲੀਆਂ ਵਿਚ ਸੁਰ-ਪ੍ਰਕਿਆ ਦੀ ਕਤਈ ਕੋਈ ਸਥਿਤੀ ਨਹੀਂ ਮਿਲਦੀ । ਇਉਂ ਸ਼ੌਰਸੇਨੀ ਨਾਲੋਂ ਪੰਜਾਬੀ ਦਾ ਸੁਰਾਂ ਦੇ ਪਿੜ ਵਿਚ ਉਘੜਵਾਂ ਵਖਰੇਵਾਂ ਜਣਨਿਕ ਰਿਸ਼ਤਿਆਂ ਨੂੰ ਪ੍ਰਸ਼ਨ-ਚਿੰਨ੍ਹਿਤ ਕਰਦਾ ਹੈ ।

ਪੰਜਾਬੀ ਵਿਚ /ਸ/ ਅਤੇ /ਹ/ ਦਾ ਵਰਤਾਰਾ

ਡਾ. ਹਰਦੇਵ ਬਾਹਰੀ [1958, ਲੇਖ "*ਲਹਿੰਦੀ ਤੇ ਪੰਜਾਬੀ ਦੇ ਸੰਬੰਧ*"] ਨੇ ਲਿਖਿਆ ਹੈ ਕਿ ਲਹਿੰਦੀ ਤੇ ਪੰਜਾਬੀ ਵਿਚ ਸੰਸਕ੍ਰਿਤ ਦੇ 'ਸ਼' 'ਸ' ਦੀ ਥਾਂ ਪਹਿਲੋਂ "ਹ" ਹੋਇਆ ਤੇ ਫਿਰ ਇਕ ਲਹਿਜਾ (tone) ਹੋ ਗਿਆ । ਹਿੰਦੀ ਵਿਚ "ਸ" ਕਾਇਮ ਹੈ । ਕੁਝ ਉਦਾਹਰਣ ਪੇਸ਼ ਹਨ :

ਪੰਜਾਬੀ		*ਹਿੰਦੀ*	
ਘਾਹ/ਘਾ	(ਟੋਨਸਮੇਤ)	ਘਾਸ	(ਸ ਸਮੇਤ)
ਵੀਹ	"	ਬੀਸ	"
ਚਾਲ੍ਹੀ	"	ਚਾਲੀਸ	"
ਪੀਹਣਾ	"	ਪੀਸਣਾ	"
ਕੋਹ	"	ਕੋਸ	

ਇਨ੍ਹਾਂ ਮਿਸਾਲਾਂ ਤੋਂ ਸਪਸ਼ਟ ਹੁੰਦਾ ਹੈ ਪੰਜਾਬੀ ਦੀ ਟੋਨ-ਪ੍ਰਣਾਲੀ ਦੀ ਆਧਾਰ-ਭੂਮੀ /ਸ, ਹ/ ਮੂਲ-ਧੁਨੀਆਂ ਹਨ ਜਿਹੜੀਆਂ ਕਿ ਬਦਲਦੀ ਪੰਜਾਬੀ ਉੱਚਾਰਣ-ਰੀਤ ਅਨੁਸਾਰ ਟੋਨ ਵਿਚ ਰੂਪਾਂਤਰਿਤ ਹੋ ਗਈਆਂ ਜਦ ਕਿ ਸ਼ੌਰਸੇਨੀ-ਪ੍ਰਸੂਤ ਹਿੰਦੀ ਆਦਿ ਵਿਚ "ਸ" ਤੇ "ਹ" ਵਿਚ ਕੋਈ ਰੂਪਾਂਤਰਣ ਨਹੀਂ ਵਾਪਰਦਾ । ਜ਼ਾਹਰ ਹੈ ਕਿ ਪੰਜਾਬੀ ਦੀ ਸਰੋਤ-ਪ੍ਰਾਕ੍ਰਿਤ ਉਹ ਨਹੀਂ ਹੈ ਜਿਸ ਵਿਚ /ਸ, ਹ, ਘ, ਝ, ਢ, ਧ, ਭ/ ਮਹਾਪ੍ਰਾਣ ਧੁਨੀਆਂ ਕਾਇਮ ਰਹੀਆਂ ਹਨ ਬਲਕਿ ਉਹ ਸਰੋਤ-ਭਾਸ਼ਾ ਹੈ ਜਿਸ ਵਿਚ /ਸ, ਹ, ਘ, ਝ, ਢ, ਧ, ਭ/ ਦਾ ਰੂਪਾਂਤਰਣ ਟੋਨ ਵਿਚ ਹੋ ਜਾਂਦਾ ਹੈ ।

ਪੰਜਾਬੀ ਵਿਚ ਮੂਰਧਨੀ ਪਾਰਸ਼ਵਿਕ ਧੁਨੀ /ਲ਼/

ਪੰਜਾਬੀ ਵਿਚ ਮੂਰਧਨੀ ਪਾਰਸ਼ਵਿਕ /ਲ਼/ ਧੁਨੀ ਸ਼ੌਰਸੇਨੀ ਜਾਂ ਸ਼ੌਰਸੇਨੀ-ਪ੍ਰਸੂਤ ਬੋਲੀਆਂ ਨਾਲੋਂ ਨਵੇਕਲੀ ਹੈ । ਇਹ ਧੁਨੀ ਵੈਦਿਕ ਸੰਸਕ੍ਰਿਤ ਵਿਚ ਪ੍ਰਚਲਿਤ ਰਹੀ ਹੈ, ਪਰ ਉਸ ਤੋਂ ਬਾਅਦ ਕਲੈਸੀਕਲ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ ਵਿਚ ਇਸ ਦਾ ਉੱਕਾ ਹੀ ਅਭਾਵ ਹੈ । ਹਿੰਦੀ ਵਿਚ ਇਸ ਦੀ ਕੋਈ ਹੋਂਦ ਨਹੀਂ, ਪਰੰਤੂ ਰਾਜਸਥਾਨੀ, ਮਰਾਠੀ ਵਿਚ ਇਸ ਦਾ ਪ੍ਰਚਲਨ ਹੈ । ਪੱਛਮੋਤਰੀ ਪ੍ਰਦੇਸ਼ ਪੰਜਾਬ (ਹਿੰਦ-ਪਾਕ) ਵਿਚ /ਲ਼/ ਦਾ ਨਿਰੰਤਰ ਪ੍ਰਚਲਨ ਇਸ ਤੱਥ ਵਲ ਸੰਕੇਤ ਕਰਦਾ ਹੈ ਕਿ ਇਸ ਭੂ-ਖੰਡ ਵਿਚ ਕੋਈ ਅਜਿਹੀ ਪ੍ਰਾਕ੍ਰਿਤ, ਅਪਭ੍ਰੰਸ਼ ਪ੍ਰਚਲਿਤ ਰਹੀ ਹੋਵੇਗੀ ਜਿਸ ਵਿਚ ਪਾਰਸ਼ਵਿਕ ਮੂਰਧਨੀ /ਲ਼/ ਧੁਨੀ, ਕਾਇਮ ਸੀ ਜਿਸ ਤੋਂ ਪੰਜਾਬੀ ਨੇ ਵਿਰਸੇ ਵਿਚ ਇਹ ਧੁਨੀ ਹਾਸਲ ਕੀਤੀ ਹੈ । ਪੱਛਮੋਤਰੀ ਅੰਚਲ ਦੀ ਇਹ ਪ੍ਰਾਕ੍ਰਿਤ ਨਿਸ਼ਚੇ ਹੀ ਸ਼ੌਰਸੇਨੀ ਤੋਂ ਵੱਖਰੀ ਹੋਵੇਗੀ, ਕਿਉਂਕਿ ਸ਼ੌਰਸੇਨੀ ਵਿਚ /ਲ਼/ ਦਾ ਉੱਕਾ ਹੀ ਅਭਾਵ ਹੈ ।

ਹਵਾਲੇ ਤੇ ਟਿੱਪਣੀਆਂ

(1) "शौरसेनी प्राकृत तथा अपभ्रंश से आधुनिक पंजाबी, राजस्थानी, गुजराती तथा पश्चिमी हिन्दी निकली हो, यह समझ में नही आता। शौरसेनी प्राकृत तथा अपभ्रंश शूरसेन प्रदेश अर्थात् आजकल के ब्रज प्रदेश की उस समय की बोलियों के आधार पर बनी हुई साहित्यिक भाषाएँ रही होंगी। साथ ही उस काल में अन्य प्रदेशों में भी आजकल की भाषाओं तथा बोलियों के पूर्व-रूप प्रचलित रहे होंगे जिनका प्रयोग साहित्य में न होने के कारण उन के अवशेष अब हमें नहीं मिल सकते।" -धीरेन्द्र वर्मा, *हिन्दी भाषा का इतिहास*, 1958, प्रयाग, पृष्ठ 50.

(2) Because of their common tendency to dislike aspiration, we can say that the modern Panjabi, Rajasthani, and Pahari dialects, might have had a common ancestral language. Hindi, however, may have had a different ancestral language which kept the old sounds of Indo-European intact. Panjabi's ancestral language may be Dhaki or Kekai (Prem Prakash) but it is not that Prakrit which gave birth to Hindi and the langurage which preseves the aspirates." Balbir S. Sandhu, *The Tonal System of the Panjabi Language* (article). pp-25-26. Compiled in 'Parakh' Panjab University Chandigarh issue one No. 11, year 1968.

(3) "On the other hand, in the extreme North-West of India, bordering on the Eranian tongues which are now Afghanistan and Blochistan, there must have been an unnamed speech, whose existence is vouched for by the next stage of the Prakrit... and which was a development of the particular dialect of the old Sanskrit spoken on the banks of Indus." [Grierson 1927 : 123].

(4) "The phenomenon of human language usally exists in what we may look upon as a space-time continuum". Anthony Arlotto, [1991], *Introduction to Historical Linguistics*, p 22.

(5) In the Eastern Panjab the language is an almost pure member of the Central Group, but as we go west traces of Lahnda influence grow stronger and stronger, till, at last, Lahnda is finally established in supersession of Panjabi in the Districts of Jhang and Multan. It is evident from the phoentic condtions that some language akin to the modern Lahnda was once spoken over the whole of the modern Panjab, but that, in the east, it has been superseded by a language hailing from the Gangetic. Doab, though traces of its former existence, stronger and stronger as we go westwards, are still observable."

George Grierson [1927], *Linguistic Survey of India*, vol. IX, part I, p 223.

(6) This absence of compensatory lengthening is a most important distinction between the Aryan languages of the North-West, and those of the rest of India. It separates them at once as, two definitely distinct groups. In the North-West a double letter is either preserved or is simplified without affecting the preceding vowel. In the rest of India it is nearly always simplified and the preceding vowel is then always lengthened.
G. Grierson [1927], *Linguistic Survey of India*, vol. IX, part I, p. 224 reprint 1977, N. Delhi.

ਅਧਿਆਏ 7 : 6

ਪੰਜਾਬ ਦੀਆਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ : (1) : ਕੈਕੇਈ

ਜਾਰਜ ਗ੍ਰੀਅਰਸਨ ਨੇ ਆਪਣੇ ਲਹਿੰਦੀ ਤੇ ਪੰਜਾਬੀ ਸੰਬੰਧੀ ਦਵੈਤਵਾਦੀ ਸਿੱਧਾਂਤ ਦੀ ਸੇਧ ਵਿਚ (ਅੰਦਰਵਰਤੀ-ਬਾਹਰਵਰਤੀ ਮਾਡਲ 'ਤੇ ਆਧਾਰਿਤ) ਪੱਛਮੀ ਪੰਜਾਬੀ ਅਤੇ ਪੂਰਬੀ ਪੰਜਾਬੀ ਦੀ ਸਰੋਤ-ਭਾਸ਼ਾ ਵਜੋਂ "ਪੈਸ਼ਾਚੀ, ਪ੍ਰਾਕ੍ਰਿਤ ਅਤੇ ਸੌਰਸੇਨੀ" ਦਾ ਜਿਹੜਾ ਪ੍ਰਸਤਾਵ ਪੇਸ਼ ਕੀਤਾ ਸੀ ਉਸ ਦਾ ਵਿਦਵਾਨਾਂ ਨੇ ਤਰਕ-ਵਿਤਰਕ ਦੀਆਂ ਜੁਗਤਾਂ ਨਾਲ ਪੂਰੀ ਤਰ੍ਹਾਂ ਖੰਡਨ ਕੀਤਾ ਹੈ । ਇਸ ਲਈ ਹੁਣ ਅਸੀਂ ਪੰਜਾਬ ਦੇ ਜਣਨਿਕ ਸਰੋਤਾਂ ਦੀ ਪਛਾਣ ਸਥਾਪਿਤ ਕਰਨ ਦੇ ਉਦੇਸ਼ ਨਾਲ (ਪੈਸ਼ਾਚੀ ਤੇ ਸੌਰਸੇਨੀ ਦੀ ਜਣਨਿਕ ਸੰਭਾਵਨਾ ਨੂੰ ਇਕ ਪਾਸੇ ਰਖ ਕੇ) ਪੰਜਾਬ ਦੀਆਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦੇ ਇਤਿਹਾਸਕ, ਵਿਆਕਰਣਿਕ ਅਤੇ ਭਾਸ਼ਾਤਮਕ ਸੰਦਰਭ ਪੇਸ਼ ਕਰਨ ਦਾ ਉਪਰਾਲਾ ਕਰਦੇ ਹਾਂ ।

ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਜਿਨ੍ਹਾਂ ਪ੍ਰਮੁਖ ਪ੍ਰਾਕ੍ਰਿਤਾਂ ਦਾ ਨਿਰੂਪਣ ਕੀਤਾ ਹੈ ਉਹਨਾਂ ਵਿਚ ਸੌਰਸੇਨੀ, ਮਾਗਧੀ, ਅਰਧ-ਮਾਗਧੀ, ਮਹਾਰਾਸ਼ਟਰੀ ਤੇ ਪੈਸ਼ਾਚੀ ਹਨ । ਪਰੰਤੂ ਇਹਨਾਂ ਤੋਂ ਇਲਾਵਾ ਪ੍ਰਾਕ੍ਰਿਤਾਂ ਦੇ ਹੋਰ ਵੀ ਬਹੁਤ ਸਾਰੇ ਭੇਦ-ਉਪਭੇਦ ਪ੍ਰਚਲਿਤ ਹੁੰਦੇ ਸਨ ਜਿਹਨਾਂ ਦਾ (ਪ੍ਰਾਕ੍ਰਿਤਾਂ ਦਾ) ਸਾਹਿਤਕਾਰਾਂ ਤੇ ਵਿਆਕਰਣਿਕਾਰਾਂ ਨੇ ਕੋਈ ਉਭਰਵਾਂ ਵਰਣਨ ਨਹੀਂ ਕੀਤਾ । ਕਿਤੇ ਕਿਤੇ ਚਲਦੇ ਚਲਦੇ ਇਸ਼ਾਰੇ ਮਾਤਰ ਵੇਰਵੇ ਮਿਲਦੇ ਹਨ । ਹੁਣੇ ਹਾਲ ਵਿਚ ਹੀ ਇਨ੍ਹਾਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ ਦੀ ਖੋਜ ਵਲ ਵਿਦਵਾਨਾਂ ਦਾ ਧਿਆਨ ਗਿਆ ਹੈ । ਅਣਗੌਲੀਆਂ ਹੋਣ ਕਰਕੇ ਪੰਜਾਬ ਦੀਆਂ ਪ੍ਰਾਕ੍ਰਿਤਾਂ ਬਹੁ-ਚਰਚਿਤ ਵੀ ਨਹੀਂ ਹੋਈਆਂ ।* ਪ੍ਰਾਕ੍ਰਿਤ ਗ੍ਰੰਥਾਂ ਅਤੇ ਵਿਆਕਰਣਾਂ ਵਿਚ ਸਿੱਧੇ 'ਤੇ ਅਸਿੱਧੇ ਤੌਰ ਤੇ ਇਨ੍ਹਾਂ ਦੇ ਉਲੇਖ ਅਵੱਸ਼ ਹੋਏ ਹਨ । ਇਸ ਭੂਮਿਕਾ ਵਿਚ ਪੰਜਾਬ ਦੀਆਂ ਹੇਠ ਲਿਖੀਆਂ ਪ੍ਰਾਕ੍ਰਿਤਾਂ ਦੀ ਪਹਿਚਾਣ ਸਥਾਪਿਤ ਕੀਤੀ ਜਾ ਸਕਦੀ ਹੈ :

1. ਕੈਕੇਈ (ਕੈਕੇਯੀ) ਪ੍ਰਾਕ੍ਰਿਤ
2. ਟੱਕ ਪ੍ਰਾਕ੍ਰਿਤ
3. ਮਦ੍ਰ ਪ੍ਰਾਕ੍ਰਿਤ,
4. ਬਾਹਲੀਕੀ,
5. ਉਪਨਾਗਰ

ਕੈਕੇਈ ਪ੍ਰਾਕ੍ਰਿਤ/ ਅਪਭ੍ਰੰਸ਼ ਦਾ ਇਤਿਹਾਸਿਕ ਸੰਦਰਭ

ਇਨ੍ਹਾਂ ਸਥਾਨਿਕ ਪ੍ਰਾਕ੍ਰਿਤਾਂ ਵਿਚੋਂ ਕਾਲਕ੍ਰਮ ਅਨੁਸਾਰ ਸਭ ਤੋਂ ਵਧ ਪੰਜਾਬ ਨਾਲ ਲੰਮੇ ਅਰਸੇ ਤਕ ਸੰਬੰਧਿਤ ਕੈਕੇਈ ਪ੍ਰਾਕ੍ਰਿਤ ਹੈ ਇਸ ਲਈ ਸਭ ਤੋਂ ਪਹਿਲਾਂ ਕੈਕੇਈ

* "And we still miss a North-Western [Punjab] representative in the set (ਸਾਹਿਤਕ ਪ੍ਰਾਕ੍ਰਿਤਾਂ) possibly by accidental non-survival of its records. Even there we have at the beginning Kushan & other inscriptions, the Khrosthi Dhammpada, and the Niya documents." Colin Masica, *The Indo-Aryan Languages*, 1991 : 167.

ਪ੍ਰਾਕ੍ਰਿਤ ਦਾ ਹੀ ਵਰਣਨ ਕਰਦੇ ਹਾਂ।

ਇਸ ਵਿਚ ਰੱਤੀ ਭਰ ਵੀ ਸਕ ਨਹੀਂ ਕਿ ਕੈਕੇਈ ਦਾ ਰਿਸਤਾ ਪੰਜਾਬ ਤੇ ਪੰਜਾਬੀ ਨਾਲ ਹੀ ਸਿੱਧ ਹੁੰਦਾ ਹੈ। ਕੈਕੇਈ ਦਾ ਸੰਬੰਧ ਪ੍ਰਾਚੀਨ ਕੈਕੇਸ਼ ਜਾਤੀ ਅਤੇ ਕੇਕਯ ਪ੍ਰਦੇਸ਼ ਨਾਲ ਵੀ ਯਕੀਨੀ ਹੈ ਕਿਉਂਕਿ ਸ਼ਬਦ-ਬਣਤਰ ਦੇ ਲਿਹਾਜ਼ ਨਾਲ ਕੇਕਯ ਤੋਂ ਹੀ ਕੈਕੇਈ ਜਾਂ ਕੈਕੇਯੀ ਅਤੇ ਕੈਕੇਯ ਰੂਪ ਵਿਉਤਪੰਨ ਹੁੰਦੇ ਹਨ ਜਿਵੇਂ ਸੂਰਸੇਨ ਤੋਂ ਸ਼ੌਰਸੇਨੀ, ਮਗਧ ਤੋਂ ਮਾਗਧੀ, ਪਿਸ਼ਾਚ ਤੋਂ ਪੈਸ਼ਾਚੀ ਆਦਿ। ਹੁਣ ਅਸੀਂ ਕੇਕਯ ਪ੍ਰਦੇਸ਼, ਕੈਕੇਯ ਜਾਤੀ ਅਤੇ ਕੈਕੇਈ ਪ੍ਰਾਕ੍ਰਿਤ ਨੂੰ ਪਰਿਭਾਸ਼ਿਤ ਤੇ ਪ੍ਰਮਾਣਿਤ ਕਰਨ ਦੇ ਉਦੇਸ਼ ਨਾਲ ਢੁਕਵੇਂ ਪ੍ਰਮਾਣਾਂ ਹਵਾਲਿਆ, ਟੂਕਾਂ, ਟਿੱਪਣੀਆਂ, ਸੂਤਰਾਂ ਤੇ ਕਥਨਾਂ ਦਾ ਉਲੇਖ ਕਰਦੇ ਹਾਂ।

ਵੈਦਿਕ ਸਾਹਿੱਤ ਵਿਚ ਕੈਕਯ [1500 ਪੂ. ਈ. – 1000 ਪੂ. ਈ.]

ਰਿਗਵੇਦ ਦੇ ਸਮੇਂ ਵਿਚ ਕੇਕਯ ਦਾ ਨਿਰਦੇਸ ਹੋਇਆ ਹੈ। ਭਾਰਤੀ ਸੰਸਕ੍ਰਿਤੀ ਦੇ ਵਿਦਵਾਨ ਏ. ਡੀ. ਪੁਸਲਕਰ ਨੇ ਲਿਖਿਆ ਹੈ ਕਿ ਆਰੀਆ ਲੋਕਾਂ ਦੇ ਵੱਖ ਵੱਖ ਕਬੀਲੇ ਭਾਰਤ ਦੀ ਸਰਜਮੀਨ ਤੇ ਆ ਕੇ ਆਬਾਦ ਹੋ ਗਏ ਸਨ ਜਿਨ੍ਹਾਂ ਦਾ ਥਹੁ-ਪਤਾ ਸਾਨੂੰ ਰਿਗਵੇਦ ਵਿਚ ਮਿਲਦੇ ਹਵਾਲਿਆਂ ਤੋਂ ਲੱਗਦਾ ਹ। ਮੋਟੇ ਤੌਰ ਤੇ ਉੱਤਰ-ਪੱਛਮੀ ਪੁਰ ਸਰਹੱਦੀ ਪ੍ਰਦੇਸ਼ ਵਿਚ ਗੰਧਾਰੀ, ਪਕਥ, ਅਲਿਨ, ਭਲਾਨਸ ਅਤੇ ਵਿਸਾਣੀ ਆਰੀਆ ਕਬੀਲੇ ਰਹਿੰਦੇ ਸਨ ਅਤੇ ਸਿੰਧ ਤੇ ਪੰਜਾਬ ਵਿਚ ਸ਼ਿਵ, ਪਰਸੂ, ਕੇਕਯ, ਵ੍ਰਿਚੀਵੰਤ, ਯਦੂ, ਅਨੂ, ਤਰਵਸ ਤੇ ਦਰੁਹਯੂ ਕਬੀਲੇ ਨਿਵਾਸ ਕਰਦੇ ਸਨ। ਰਿਗਵੈਦਿਕ ਯੁਗ ਵਿਚ ਪੰਜਾਬ ਦੀ ਧਰਤੀ ਨਾਲ ਕੇਕਯ ਜਾਂ ਕੈਕਯ ਜਾਤੀ ਦਾ ਜੋ ਸੰਬੰਧ ਬਿਆਨ ਕੀਤਾ ਗਿਆ ਹੈ ਉਹ ਇਤਿਹਾਸਿਕ ਦ੍ਰਿਸਟੀ ਤੋਂ ਬੜਾ ਮਹਤਵਪੂਰਣ ਹੈ।

ਬ੍ਰਾਹਮਣ ਗ੍ਰੰਥਾਂ ਤੇ ਉਪਨਿਸ਼ਦਾਂ ਵਿਚ ਕੇਕਯ

ਰਿਗਵੇਦ ਤੋਂ ਬਾਅਦ ਵੈਦਿਕ ਯਗ ਦੇ ਬ੍ਰਾਹਮਣ ਗ੍ਰੰਥਾਂ ਤੇ ਉਪਨਿਯਦ ਗ੍ਰੰਥਾਂ ਵਿਚ ਵੀ ਕੈਕੇਯ ਜਾਤੀ ਦਾ ਜਿਕਰ ਆਉਂਦਾ ਹੈ। ਸਤਪਥ ਬ੍ਰਾਹਮਣ ਅਤੇ ਛਾਂਦੋਗਯ ਉਪਨਿਸਦ ਵਿਚ ਲਿਖਿਆ ਹੈ ਕਿ ਕੇਕਯ ਦੇਸ ਦਾ ਰਾਜਾ ਅਸਵਪਤੀ ਬੜਾ ਵਿਦਵਾਨ ਸੀ ਜਿਸ ਦੇ ਪਾਸ ਵਿਦਵਾਨ ਬ੍ਰਾਹਮਣ ਵਿਦਿਆ ਪੜ੍ਹਨ ਆਉਂਦੇ ਸਨ। ਛਾਂਦੋਗਯ ਉਪਨਿਸ਼ਦ ਵਿਚ ਕਥਾ ਹੈ ਕਿ ਪੰਜ ਮਹਾਸ਼ੋਤ੍ਰੀਯ ਵਿਦਿਆ ਦੇ ਜਿਗਿਆਸੂ (ਔਪਮਨਯਵ, ਪੌਲੁਸ਼ੀ, ਇੰਦ੍ਰ ਦਯੁਮਨ, ਜਨਸ਼ਾਰ, ਕਰਾਕਸ਼, ਬੁਡਿਲ) ਆਪਣੇ ਅਧਿਆਤਮਿਕ ਪ੍ਰਸਨਾ ਦੇ ਜਵਾਬ ਲੱਭਣ ਲਈ ਮਹਾਰਿਸੀ ਉੱਦਾਲਕ ਆਰੁਣੀ ਦੇ ਪਾਸ ਪਹੁੰਚੇ ਸਨ। ਲੇਕਿਨ ਆਰੁਣੀ ਉਨ੍ਹਾਂ ਪ੍ਰਸ਼ਨਾਂ ਦਾ ਸਹੀ ਜਵਾਬ ਦੇਣ ਤੋਂ ਅਸਮਰਥ ਰਹੇ। ਇਸ ਲਈ ਮਹਾਰਿਸ਼ੀ ਆਰੁਣੀ ਉਨ੍ਹਾਂ ਪੰਜਾ ਜਿਗਿਆਸੂਆਂ ਨੂੰ ਨਾਲ ਲੈ ਕੇ ਕੇਕਯ ਦੇਸ ਦੇ ਪ੍ਰਸਿੱਧ ਵਿਦਵਾਨ ਰਾਜੇ ਅਸਵਪਤੀ ਕੋਲ ਆਪਣੀ ਜਿਗਿਆਸਾ ਸਾਂਤ ਕਰਨ ਲਈ ਆਏ ਸਨ।

ਪਾਣਿਨੀ-ਕਾਲ ਵਿਚ ਕੇਕਯ (ਚੌਥੀ ਸਦੀ ਪੂ. ਈ.)

ਪੰਜਾਬ ਦੇ ਪ੍ਰਾਚੀਨ ਇਤਿਹਾਸ ਤੇ ਸਭਿਆਚਾਰ ਦੀ ਭਰਪੂਰ ਸਾਮਗ੍ਰੀ ਦਾ ਅਮੀਰ ਭੰਡਾਰ ਸਭ ਤੋਂ ਪਹਿਲਾਂ ਰਿਗਵੇਦ ਹੈ ਅਤੇ ਉਸ ਤੋਂ ਬਾਅਦ ਪਾਣਿਨੀ ਦੁਆਰਾ ਲਿਖਿਆ ਹੋਇਆ ਸੰਸਕ੍ਰਿਤ ਵਿਆਕਰਣ "ਅਸ਼ਟਾਧਿਆਈ" ਹੈ। ਪਾਣਿਨੀ ਪੰਜਾਬ ਦੇ ਜੰਮ-ਪਲ ਸਨ ਅਤੇ ਉਨ੍ਹਾਂ ਦਾ ਜਨਮ-ਸਥਾਨ ਕਾਬਲ (ਕੁਭਾ ਨਦੀ) ਅਤੇ ਸਿੰਧੂ ਦੀ ਖੂੰਜ ਵਿਚ ਸੀ ਜਿੱਥੇ ਪ੍ਰਾਚੀਨ ਗੰਧਾਰ ਦੇਸ ਦੀ ਰਾਜਧਾਨੀ ਤਕਸ਼ਸ਼ਿਲਾਂ ਵਾਕਿਆ ਸੀ। ਪਾਣਿਨੀ ਨੇ ਜਿਹੜਾ

ਵਿਆਕਰਣ ਗ੍ਰੰਥ ਰਚਿਆ ਸੀ ਉਸ ਵਿਚ ਪ੍ਰਾਚੀਨ ਪੰਜਾਬ ਦੀ ਭਾਸ਼ਾ, ਸਭਿਆਚਾਰ, ਪਹਿਨ-ਪਹਿਰਾਵਾ, ਭੂਗੋਲ, ਜਨ-ਜੀਵਨ, ਸ਼ਾਸਨ-ਵਿਵਸਥਾ ਤੇ ਪ੍ਰਾਕ੍ਰਿਤਿਕ ਦ੍ਰਿਸ਼ ਉਪਲਬਧ ਹਨ ।

ਪਾਣਿਨੀ ਨੇ ਅਸ਼ਟਾਧਿਆਈ ਦੇ ਸੂਤ੍ਰ 7-3-2 ਵਿਚ ਕੇਕੇਯ ਜਨਪਦ (ਰੀਪਬਲਿਕ) ਦੀ ਸੂਚਨਾ ਅੰਕਿਤ ਕੀਤੀ ਹੈ ਜਿਥੇ ਸੇਂਧਾ ਨਿਮਕ ਦਾ ਪਹਾੜ ਸੀ ਅਤੇ ਜਿਹੜਾ ਇਲਾਕਾ ਅੱਜ ਕਲ ਜਿਹਲਮ, ਗੁਜਰਾਤ ਅਤੇ ਸਾਹਪੁਰ (ਪਾਕਿਸਤਾਨ) ਜ਼ਿਲ੍ਹਿਆਂ ਦਾ ਕੇਂਦਰ ਹੈ । ਕੇਕਯ ਇਲਾਕੇ ਦੇ ਵਸਨੀਕਾਂ ਨੂੰ ਕੈਕੇਯ ਆਖਿਆ ਜਾਂਦਾ ਸੀ । ਪਾਣਿਨੀ ਦੇ ਭਰਗਾਦਿ ਗਣ ਵਿਚ ਕੇਕਯ ਦਾ ਪਾਠ ਹੈ ।[3]

ਮਹਾਭਾਰਤ ਵਿਚ ਕੇਕਯ (ਛੇਵੀਂ ਸਦੀ ਪੂ. ਈ.)

ਮਹਾਭਾਰਤ ਵਿਚ ਕੇਕਯ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਹਵਾਲੇ ਮਿਲਦੇ ਹਨ । ਕੇਕਯ ਨੂੰ ਇਕ ਜਨਪਦ ਕਿਹਾ ਗਿਆ ਹੈ । ਕੈਕੇਯ ਉਨ੍ਹਾਂ ਪੰਜ ਰਾਜਕੁਮਾਰਾਂ ਲਈ ਵੀ ਵਰਤਿਆ ਗਿਆ ਹੈ ਜੋ ਮਹਾਭਾਰਤ ਯੁੱਧ ਵਿਚ ਪਾਂਡਵਾਂ ਦੇ ਪੱਖ ਵਿਚ ਸ਼ਾਮਲ ਹੋਏ ਸਨ । ਬਾਕੀ ਕੇਕੇਯ ਰਾਜਕੁਮਾਰ ਕੌਰਵਾਂ ਦੇ ਪੱਖ ਵਿਚ ਲੜੇ ਸਨ । ਕੇਕਯ ਦੇਸ਼ ਦੇ ਰਾਜਕੁਮਾਰਾਂ ਬਾਰੇ ਮਹਾਭਾਰਤ ਵਿਚ ਲਿਖਿਆ ਹੈ ਕਿ ਉਹ ਯੁਧਿਸ਼ਠਿਰ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ । ਉਨ੍ਹਾਂ ਨੇ ਯੁਧਿਸ਼ਠਿਰ ਨੂੰ ਬਹੁਤ ਸਾਰੀ ਧਨ-ਦੌਲਤ ਅਰਪਣ ਕੀਤੀ ਸੀ । ਕੇਕਯ- ਦੇਸ਼ ਦੇ ਕੈਕੇਯ ਰਾਜਕੁਮਾਰ ਧ੍ਰਿਤਰਾਸ਼ਟਰ ਦੇ ਪੁੱਤਰਾਂ (ਕੌਰਵਾਂ) ਦੀ ਨਿੰਦਾ ਕਰਦੇ ਹੋਏ ਪਾਂਡਵਾਂ ਨੂੰ ਮਿਲਣ ਲਈ ਜੰਗਲਾਂ ਵਿਚ ਆਏ ਸਨ । ਜਦੋਂ ਪਾਂਡਵਾਂ ਨੇ ਰਾਜਸੂਯ ਯੱਗ ਕੀਤਾ ਸੀ ਉਦੋਂ ਕੈਕੇਯ ਰਾਜਕੁਮਾਰਾਂ ਨੂੰ ਵੀ ਨਿਮੰਤ੍ਰਣ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੇ ਪਾਂਡਵਾਂ ਨਾਲ ਮੁਲਾਕਾਤ ਕੀਤੀ ਸੀ । ਸ੍ਰੀ ਕ੍ਰਿਸ਼ਣ ਜੀ ਨੇ ਇਨ੍ਹਾਂ ਰਾਜਕੁਮਾਰਾਂ ਦੀ ਸੂਰਮਗਤੀ ਦੀ ਪ੍ਰਸੰਸਾ ਕੀਤੀ ਸੀ । ਦਰੋਪਦੀ ਨੇ ਵੀ ਕਿਹਾ ਸੀ ਕਿ ਕੈਕੇਯ ਉਸਦੀ ਰੱਖਿਆ ਕਰਨਗੇ । ਦਰੋਪਦੀ ਦੇ ਪਿਤਾ ਦਰੁਪਦ-ਰਾਜ ਜਨਕ ਨੇ ਪਾਂਡਵਾਂ ਨੂੰ ਸਲਾਹ ਦਿੱਤੀ ਸੀ ਕਿ ਉਹ ਕੇਕਯ ਦੇਸ਼ ਦੇ ਰਾਜਕੁਮਾਰਾਂ ਨੂੰ ਸੱਦਾ ਭੇਜਣ ਕਿਉਂ ਜੋ ਉਹ ਪਾਂਡਵਾਂ ਦੀ ਜਿੱਤ ਦੇ ਅਭਿਲਾਸ਼ੀ ਸਨ । ਜਦੋਂ ਜਯਦਰਥ ਨੇ ਦਰੋਪਦੀ ਦਾ ਅਪਹਰਣ ਕੀਤਾ ਤਾਂ ਕੈਕੇਯਾਂ ਨੇ ਜਯਦਰਥ ਦਾ ਪਿੱਛਾ ਕੀਤਾ ਸੀ । ਅਖ਼ੀਰ ਵਿਚ ਦਰੋਣਾਚਾਰੀਆਂ ਨੇ ਇਨ੍ਹਾਂ ਨੂੰ ਮਾਰਿਆ ਸੀ ।

ਕੇਕਯ, ਕੈਕੇਯ ਆਦਿ ਨਾਵਾਂ ਤੋਂ ਬਿਨਾਂ, ਮਹਾਭਾਰਤ ਵਿਚ ਕੈਕੇਯੀ ਦਾ ਵੀ ਸੰਕੇਤ ਮਿਲਦਾ ਹੈ । ਕੇਕਯ ਦੇਸ਼ ਦੇ ਰਾਜੇ ਦੀ ਪੁੱਤਰੀ ਕੈਕੇਯੀ ਸੀ ਜਿਹੜੀ ਸਰਵਭੌਮ ਦੀ ਪਤਨੀ ਸੀ ਅਤੇ ਜਯਤਸੇਨ ਦੀ ਮਾਂ ਸੀ । ਮਹਾਭਾਰਤ ਵਿਚ ਸੁਦੇਸ਼ਣਾਂ ਨੂੰ ਵੀ ਕੈਕੇਯੀ ਕਿਹਾ ਗਿਆ ਹੈ ਜਿਹੜੀ ਵਿਰਾਟ ਦੀ ਪਤਨੀ ਸੀ ।[4]

ਇਸ ਤਰ੍ਹਾਂ ਕੇਕਯ ਦੇਸ਼, ਕੈਕੇਯ ਰਾਜਕੁਮਾਰ ਅਤੇ ਕੈਕੇਈ ਬਾਰੇ ਮਹਾਭਾਰਤ ਵਿਚ ਅਨੇਕਾਂ ਹਵਾਲੇ ਆਏ ਹਨ ।

ਬਾਲਮੀਕੀ-ਰਾਮਾਇਣ ਵਿਚ ਕੇਕਯ (ਪੰਜਵੀਂ-ਛੇਵੀਂ ਸਦੀ ਪੂ. ਈ.)

ਭਾਰਤੀ ਇਤਿਹਾਸ ਦੇ ਰਾਮਾਇਣ ਕਾਲ ਵਿਚ ਵੀ ਕੇਕਯ ਪ੍ਰਦੇਸ਼ ਦਾ ਜ਼ਿਕਰ ਹੋਇਆ ਹੈ । ਬਾਲਮੀਕੀ ਰਾਮਾਇਣ (ਸੰਸਕ੍ਰਿਤ) ਦੇ ਅਨੁਸਾਰ ਮਹਾਰਾਜਾ ਦਸ਼ਰਥ ਦੀਆਂ ਤਿੰਨ ਪਟਰਾਣੀਆਂ ਸਨ–ਕੌਸ਼ਲਿਆ, ਸੁਮਿਤ੍ਰਾ, ਅਤੇ ਕੈਕੇਈ । ਕੈਕੇਈ ਕੇਕਯ (ਪ੍ਰਦੇਸ਼)-

ਨਰੇਸ਼ ਦੀ ਰਾਜਕੁਮਾਰੀ ਸੀ ਅਤੇ ਕੇਕਯਾ ਰਾਜ ਦੇ ਨਾਮ ਦੇ ਅਨੁਸਾਰ ਉਥੋਂ ਦੀ ਰਾਜਕੁਮਾਰੀ ਨੂੰ ਕੈਕੇਈ ਕਿਹਾ ਗਿਆ ਸੀ ।

ਕੇਕਯ ਦੇਸ਼ ਵਿਚ ਰਾਜਾ ਦਸਰਥ ਦੇ ਸਹੁਰੇ ਸਨ । ਦਸ਼ਰਥ ਨੇ ਜਦੋਂ ਅਸ਼ਵਮੇਧ ਯੱਗ ਕੀਤਾ ਸੀ ਤਾਂ ਉਸਨੇ ਕੇਕਯ-ਰਾਜੇ ਅਤੇ ਉਸਦੇ ਪੁੱਤਰ ਨੂੰ ਵੀ ਸੱਦਾ-ਪੱਤਰ ਭੇਜਿਆ ਸੀ । ਰਾਮਾਇਣ ਵਿਚ ਇਹ ਵੀ ਲਿਖਿਆ ਹੈ ਕਿ ਕੇਕਯ ਦੇ ਰਾਜੇ ਦਾ ਨਾਂ ਅਸਵਪਤੀ ਸੀ। ਬ੍ਰਹਮਾ ਜੀ ਦੇ ਵਰ ਨਾਲ ਅਸ਼ਵਪਤੀ ਨੇ ਪਸ਼ੂ-ਪੰਛੀਆਂ ਦੀ ਬੋਲੀ ਬੁੱਝਣ ਤੇ ਸਮਝਣ ਦਾ ਗਿਆਨ ਪ੍ਰਾਪਤ ਕੀਤਾ ਸੀ । ਰਾਜੇ ਦਸਰਥ ਦੀ ਮੌਤ ਸਮੇਂ ਉਨ੍ਹਾਂ ਦੇ ਦੋ ਰਾਜਕੁਮਾਰ ਭਰਤ ਤੇ ਸਤਰੂਘਨ ਆਪਣੇ ਨਾਨਕੇ ਕੇਕਯ ਦੇਸ ਵਿਚ ਹੀ ਰਹਿ ਰਹੇ ਸਨ ਜਿਥੇ ਉਨ੍ਹਾ ਨੂੰ ਬੁਲਾਉਣ ਲਈ ਅਯੋਧਿਆ ਤੋਂ ਦੂਤ ਭੇਜੇ ਗਏ ਸਨ । ਅਯੋਧਿਆ ਤੋਂ ਚਲ ਕੇ ਉਨ੍ਹਾਂ ਦੂਤਾ ਨੇ ਮਾਲਿਨੀ ਨਦੀ ਨੂੰ ਪਾਰ ਕੀਤਾ, ਅਤੇ ਫਿਰ ਗੰਗਾ ਨੂੰ ਪਾਰ ਕਰਕੇ ਉਹ ਕੁਰੂ ਅਤੇ ਪਾਂਚਾਲ ਦੇਸਾ ਨੂੰ ਲੰਘ ਕੇ ਸਰਦੰਡਾ ਨਦੀ ਦੇ ਕਿਨਾਰੇ ਤੇ ਆਏ । ਫਿਰ ਉਹ ਦੂਤ ਕੁਲਿੰਗਾ ਨਦੀ ਤੇ ਇਕਸੁਮਤੀ ਨਦੀ ਪਾਰ ਕਰਕੇ ਬਾਹਲੀਕ ਦੇਸ਼ ਵਿਚ ਪਹੁੰਚੇ ਅਤੇ ਉਥੇ ਬਿਆਸਾ ਨਦੀ ਨੂੰ ਲੰਘ ਕੇ ਕੇਕਯ ਦੇਸ਼ ਦੇ ਪ੍ਰਮੁੱਖ ਨਗਰ ਗਿਰੀਵ੍ਰਜ (ਰਾਜਗ੍ਰਿਹ) ਵਿਚ ਆ ਕੇ ਭਰਤ ਤੇ ਸ਼ਤਰੂਘਨ ਨੂੰ ਮਿਲੇ ਸਨ । ਕੇਕਯ ਦੇਸ ਦੇ ਰਾਜਾ, ਭਰਤ ਦੇ ਨਾਨਾ ਸਨ । ਵਾਪਸੀ ਤੇ ਭਰਤ ਸਮੇਤ ਉਹ ਦੂਤ ਦੂਜੇ ਰਾਸਤੇ ਰਾਹੀਂ ਆਏ । ਇਸ ਲਈ ਉਨ੍ਹਾਂ ਨੂੰ ਸਤਲੁਜ ਦਰਿਆ ਪਾਰ ਕਰਨਾ ਪਿਆ ਸੀ । ਬਾਲਮੀਕੀ ਰਾਮਾਇਣ ਦੇ ਅਯੋਧਿਆ ਕਾਂਡ ਦੇ ਅਧਿਆਇ 68 ਤੇ 69 ਵਿਚ ਇਹ ਸਾਰਾ ਬ੍ਰਿਤਾਂਤਕ ਵਰਣਨ ਉਪਲਬਧ ਹੈ ।[6]

ਪੁਰਾਣਾਂ ਵਿਚ ਕੇਕਯ

ਡਾ. ਐਸ. ਐਮ. ਅਲੀ ਨੇ ਪੁਰਾਣਾ ਵਿਚ ਉਪਲਬਧ ਨਾਵਾਂ-ਥਾਂਵਾਂ ਦਾ ਭੂਗੋਲਿਕ ਅਧਿਐਨ ਪ੍ਰਸਤੁਤ ਕੀਤਾ ਹੈ । ਉਸਨੇ ਵਿਭਿੰਨ ਪੁਰਾਣਾਂ ਦੇ ਹਵਾਲਿਆ ਨਾਲ ਕੇਕਯ ਬਾਰੇ ਪ੍ਰਮਾਣਿਕ ਸੂਚਨਾ ਇਕੱਤਰ ਕੀਤੀ ਹੈ ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਪੌਰਾਣਿਕ ਯੁਗ ਵਿਚ ਵੀ ਕੇਕਯ ਇਕ ਮਸ਼ਹੂਰ ਰੀਪਬਲਿਕ (ਜਨਪਦ) ਤੇ ਖੇਤਰ ਸੀ । ਡਾ. ਅਲੀ ਦੀ ਖੋਜ ਦੇ ਅਨੁਸਾਰ ਕੇਕਯ ਜਨਪਦ ਜਿਹਲਮ-ਚਨਾਬ ਦਰਿਆਵਾਂ ਦੇ ਦੋਆਬ ਵਿਚ ਸਥਿਤ ਸੀ ਜਿਸ ਦੀ ਰਾਜਧਾਨੀ ਰਾਜਗ੍ਰਹਿ ਜਾ ਗਿਰੀਵ੍ਰਜ ਸੀ । ਕਨਿੰਘਮ ਨੇ ਇਸ ਦੀ ਪਛਾਣ ਜਿਹਲਮ ਦੇ ਕੰਢੇ ਤੇ ਵਾਕਿਆ ਜਲਾਲਪੁਰ ਨਾਲ ਕੀਤੀ ਹੈ । ਕੇਕਯ ਪ੍ਰਦੇਸ ਦੇ ਲੋਕਾਂ ਨੂੰ ਕੈਕੇਯ ਕਿਹਾ ਜਾਂਦਾ ਸੀ । ਉਦੀਚ ਦੇਸ਼ਾ (ਉੱਤਰ ਪੱਛਮੀ ਭਾਰਤ) ਵਿਚ ਵਾਹਲੀਕ, ਗੰਧਾਰ, ਸਿੰਧੂ, ਸੌਵੀਰ, ਮਦ੍ਰ ਦੇ ਨਾਲ ਨਾਲ 'ਕੈਕੇਯ' ਦਾ ਵੀ ਉਲੇਖ ਹੋਇਆ ਹੈ । ਇਨ੍ਹਾ ਖੇਤਰਾਂ ਦੇ ਲੋਕ ਕਾਫੀ ਖੁਸ਼ਹਾਲ ਸਨ ਅਤੇ ਤਰੱਕੀ-ਯਾਫਤਾ ਉੱਨਤ ਸਮਾਜ ਨਾਲ ਸੰਬੰਧ ਰਖਦੇ ਸਨ । ਇਨ੍ਹਾਂ ਦੇ ਸੁਤੰਤਰ ਰਾਜ ਤੇ ਰੀਪਬਲਿਕਾ ਸਨ ।

ਬੋਧ ਸਾਹਿੱਤ ਵਿਚ ਕੇਕਯ

ਬੁੱਧ ਜਾਤਕਾ ਦੇ ਅਨੁਸਾਰ ਕੇਕਯਾਂ ਦੇ ਰਾਜ ਅਤੇ ਰਾਜਧਾਨੀ ਨੂੰ ਕੇਕਯਾਂ ਦੇ ਮਗਰ "ਕੇਕਕ" ਕਿਹਾ ਜਾਦਾ ਸੀ । (ਇਹ ਕੇਕਕ ਨਾਮ ਕੇਕਯ ਦਾ ਪਾਲੀ ਪ੍ਰਾਕ੍ਰਿਤ ਰੂਪ ਜਾਪਦਾ ਹੈ) ਅਤੇ ਇਹ ਕੇਕਕ ਰਾਜਧਾਨੀ ਜੰਬੂਦੀਪ ਦੀਆਂ ਤਿੰਨ ਪ੍ਰਮੁਖ ਨਗਰੀਆ ਵਿਚੋਂ ਇਕ ਸੀ। ਕੇਕਯਾਂ ਦੀ ਇਕ ਸ਼ਾਖਾ ਦੱਖਣ ਵਿਚ ਮਾਹਿਸ਼ਮਤੀ ਦੇ ਕੰਢੇ ਤੇ ਆਬਾਦ ਹੋਈ ਸੀ ।[7]

ਚੀਨੀ ਯਾਤ੍ਰੀਆਂ ਦਾ ਕੇਕਯ

ਕਨਿੰਘਮ[1] ਦੇ ਅਨੁਸਾਰ ਹਿਊਨਸਾਂਗ (629-645 A.D.) ਨੇ ਆਪਣੇ ਸਫਰਨਾਮੇ ਵਿਚ ਭਾਰਤ ਦੀ ਯਾਤਰਾ ਦੌਰਾਨ ਜਿਨਾਂ ਥਾਵਾਂ ਦਾ ਵਰਣਨ ਕੀਤਾ ਹੈ ਉਨ੍ਹਾਂ ਵਿਚ ਫਾ-ਲਾ-ਨਾ/ਫਲਨਾ (fa-la-na) ਦਾ ਵੀ ਉਲੇਖ ਹੈ। ਹਿਊਨਸਾਂਗ ਇਸ ਫਾਲਨਾ ਜਾਂ ਫ-ਲ-ਨਾ ਨੂੰ ਗਜ਼ਨੀ ਦੇ ਦੱਖਣ-ਪੂਰਬੀ ਪਾਸੇ ਵਲ ਆਬਾਦ ਹੋਇਆ ਦੱਸਦਾ ਹੈ। ਕਨਿੰਘਮ ਨੇ ਫਾਲਨਾ ਦੀ ਪਛਾਣ ਬੰਨੂ ਨਾਲ ਕੀਤੀ ਹੈ। ਇਸ ਬੰਨੂ ਦੇ ਇਕ ਜਿਲ੍ਹੇ ਨੂੰ ਹਿਊਨਸਾਂਗ ਨੇ Ki-Kiangna ਕਿ-ਕਿਆਂਗ-ਨਾ ਜਾਂ ਕੀ ਕਿਆਂਨਾ ਦਾ ਨਾਂ ਦਿੱਤਾ ਹੈ। ਪਰ ਇਹ ਕਿੱਥੇ ਵਾਕਿਆ ਹੈ ਇਸ ਗੱਲ ਦਾ ਫੈਸਲਾ ਅਜੇ ਤਕ ਨਹੀਂ ਹੋਇਆ। ਮਿਸਟਰ ਮਾਰਤਿਨ (M. Vivien de St. Martin) ਅਤੇ ਸਰ ਐਚ ਇਲੀਅਟ (H. Elliot) ਨੇ ਇਸ ਦੀ ਪਛਾਣ ਸਿੰਧ ਦੇ ਅਰਬ ਇਤਿਹਾਸਕਾਰਾਂ ਦੁਆਰਾ ਵਰਣਿਤ ਕੈਕਨਾਂ (Kaikanan) ਜਾਂ ਕੀਕਨਾ (Kikan) ਨਾਲ ਕੀਤੀ ਹੈ ਪਰ ਇਸ ਦੀ ਸਥਿਤੀ ਅਜੇ ਵੀ ਅਨਿਸ਼ਚਿਤ ਹੈ।

ਕਨਿੰਘਮ ਦਾ ਖਿਆਲ ਹੈ ਕਿ ਕੈਕਨਾਂ ਦੀ ਪਛਾਣ ਪਿਸ਼ਨ ਵਾਦੀ (Valley of Pishin) (ਪਿਸ਼ਨ ਵਾਦੀ ਅਜੋਕੇ ਬਲੋਚਿਸਤਾਨ ਦੀ ਰਾਜਧਾਨੀ ਕੁਏਟਾ (ਪਾਕਿਸਤਾਨ) ਦੇ ਨੇੜੇ ਅਫਗਾਨਿਸਤਾਨ ਵਾਲੇ ਪਾਸੇ ਵਲਾ ਦੇ ਮਸ਼ਹੂਰ ਨਗਰ "ਚਮਨ" ਦੇ ਨੇੜੇ ਸਥਿਤ ਹੈ) ਨਾਲ ਕੀਤੀ ਜਾ ਸਕਦੀ ਹੈ। ਬਿਲਾਦੁਰੀ (Biladuri) ਨੇ ਅਰਬੀ ਵਿਚ ਕੈਕਾਨ ਦੀ ਜੋ ਸਥਿਤੀ ਬਿਆਨ ਕੀਤੀ ਹੈ ਉਹ ਇਸ ਨਾਲ ਮੇਲ ਖਾਦੀਂ ਹੈ। ਬਿਲਾਦੁਰੀ ਲਿਖਦਾ ਹੈ ਕਿ ਕੈਕਾਨ ਖੁਰਾਸਾਨ ਦੇ ਪਾਸੇ ਵੱਲ ਸਿੰਧ ਦਾ ਇਕ ਹਿੱਸਾ ਸੀ। ਇਸ ਦੀ ਅਗੇ ਇਸ ਵਰਣਨ ਤੋਂ ਹੋਰ ਵੀ ਪੁਸ਼ਟੀ ਹੋ ਜਾਂਦੀ ਹੈ ਕਿ ਕੈਕਾਨ ਜਾਂ ਕੈਕਨ ਮੁਲਤਾਨ ਤੋਂ ਕਾਬੁਲ ਵਲ ਜਾਂਦੀ ਸੜਕ ਤੇ ;ਸਥਿਤ ਸੀ। ਇਹ ਕੈਕਾਨ ਜਾਂ ਕੈਕਨ 'ਕੈਕੇਯ' ਦਾ ਹੀ ਅਪ੍ਰਭੰਸ਼ੀ ਰੂਪ ਹੈ ਜੋ ਮੂਲ ਨਾਲੋਂ ਵਿਗੜ ਕੇ ਪ੍ਰਚਲਿਤ ਹੋਇਆ ਹੋਵੇਗਾ।

ਪ੍ਰਾਚੀਨ ਭੂਗੋਲ ਵਿਚ ਕੇਕਯ

(ੳ) "ਲਿੰਗੁਇਸਟਿਕ ਸਰਵੇ ਆਫ ਇੰਡੀਆ" ਦੇ ਰਚੈਤਾ ਅੰਗਰੇਜ਼ ਭਾਸ਼ਾ-ਵਿਗਿਆਨੀ ਡਾ. ਗ੍ਰੀਅਰਸਨ ਨੇ ਲਿਖਿਆ ਹੈ ਕਿ ਪੱਛਮੀ ਪੰਜਾਬ ਤੇ ਸਿੰਧ ਨੂੰ ਮਿਲਾ ਕੇ ਇਸ ਦੇਸ਼ ਵਿਚ ਤਿੰਨ ਰਾਜ ਸਥਾਪਿਤ ਸਨ –ਧੁਰ ਉੱਤਰ ਵਿਚ ਗਾਂਧਾਰ, ਸਿੰਧ ਦਰਿਆ ਦੇ ਹੇਠਲੇ ਪਾਸੇ ਕੇਕਯ ਅਤੇ ਹੋਰ ਹੇਠਾਂ ਵੱਲ ਸਿੰਧੂ-ਸੌਵੀਰ। ਉਹਨਾ ਪੁਰਾਣਿਆਂ ਸਮਿਆਂ ਵਿਚ ਕੇਕਯ ਦੀ ਧਰਤੀ ਆਪਣੀ ਵਿਦਿਆ ਤੇ ਵਿਦਵਤਾ ਕਰਕੇ ਮਸ਼ਹੂਰ ਸੀ।[2]

(ਅ) ਪ੍ਰਾਚੀਨ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਅਤੇ ਸੰਸਕ੍ਰਿਤ ਵਿਦਵਾਨ ਡਾ. ਬੁੱਧ ਪ੍ਰਕਾਸ਼ ਨੇ ਕੇਕਯ ਦੀ ਭੂਗੋਲਿਕ ਸਥਿਤੀ ਦਾ ਵਰਣਨ ਕਰਦਿਆਂ ਲਿਖਿਆ ਹੈ :

> *"ਬ੍ਰਾਹਮਣ-ਗ੍ਰੰਥਾਂ ਤੇ ਉਪਨਿਸ਼ਦ ਗ੍ਰੰਥਾਂ (ਵੈਦਿਕ-ਸਾਹਿੱਤ) ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਉੱਤਰ-ਪੱਛਮੀ ਭਾਰਤ ਦੀਆ ਪ੍ਰਮੁਖ ਰਿਆਸਤਾਂ (ਸਟੇਟਸ) ਤਿੰਨ ਸਨ –ਗਾਂਧਾਰ, ਕੇਕਯ ਅਤੇ ਮਦ੍ਰ। ਗਾਂਧਾਰ ਖੇਤਰ ਵਿਚ ਪੱਛਮੀ ਪੰਜਾਬ ਦਾ ਰਾਵਲਪਿੰਡੀ ਜ਼ਿਲ੍ਹਾ ਅਤੇ ਸਰਹੱਦੀ ਸੂਬੇ ਦਾ ਪਿਸ਼ਾਵਰ ਜ਼ਿਲ੍ਹਾ ਸ਼ਾਮਲ ਸਨ। ਕੇਕਯ ਦੇਸ਼ ਜਿਹਲਮ ਤੇ ਚਿਨਾਬ ਦਰਿਆਵਾਂ ਦੇ ਸੰਨ (ਦੁਆਬ) ਵਿਚ ਵਾਕਿਆ ਸੀ ਅਤੇ ਉਹੀ ਇਲਾਕਾ ਵੀ ਇਸ ਵਿਚ ਸ਼ਾਮਲ ਸੀ ਜਿਸ ਉੱਤੇ ਸਿਕੰਦਰ ਦੇ ਹਮਲੇ ਸਮੇਂ ਪੋਰਸ ਦਾ ਕਬਜ਼ਾ ਸੀ। ਕੇਕਯ ਦੇ ਪ੍ਰਮੁਖ ਸ਼ਹਿਰ ਰਾਜਗ੍ਰਿਹ ਜਾਂ ਗਿਰੀਵ੍ਰਜ (ਜਿਸ ਦਾ ਹਵਾਲਾ ਬਾਲਮੀਕੀ ਰਾਮਾਇਣ ਵਿਚ*

ਮਿਲਦਾ ਹੈ) ਦੀ ਪਛਾਣ ਕਨਿੰਘਮ ਨੇ ਜਿਹਲਮ ਉੱਤੇ ਸਥਿਤ ਗਿਰਜਕ ਜਾਂ ਜਲਾਲਪੁਰ ਨਾਲ ਕੀਤੀ ਹੈ ਅਤੇ ਜਿਸ ਦੇ ਪਾਸ ਹੀ ਸਿਕੰਦਰ ਨੇ ਛਾਉਣੀ ਪਾਈ ਸੀ ।

ਕੇਕਯ ਦੇਸ ਦੇ ਹੇਠਾ ਕਰਕੇ ਮਦ੍ਰ ਲੋਕ ਆਬਾਦ ਸਨ । ਉਨ੍ਹਾਂ ਦੇ ਰਾਜ ਦੀ ਰਾਜਧਾਨੀ "ਸਾਕਲ" ਸੀ ਜਿਹੜੀ ਅੱਜ ਕਲ੍ਹ ਸਿਆਲਕੋਟ ਨਾਂ ਨਾਲ ਮਸਹੂਰ ਹੈ । ਇਹ ਸ਼ਾਕਲ ਨਗਰੀ ਖਿਨਾਬ ਤੇ ਰਾਵੀ ਦੇ ਦਰਮਿਆਨ ਸਥਿਤ ਸੀ ।[10]

(ੲ) ਏ. ਏ. ਮੈਕਡਾਨਲ ਅਤੇ ਏ. ਬੀ. ਕੀਥ[11] ਨੇ ਵੈਦਿਕ ਸਾਹਿੱਤ ਦੇ ਨਾਵਾਂ ਤੇ ਵਿਸ਼ਿਆਂ ਦੀ ਅਨੁਕ੍ਰਮਣਿਕਾ ਤਿਆਰ ਕੀਤੀ ਹੈ । ਉਸ ਵਿਚ ਉਨ੍ਹਾਂ ਨੇ ਵੈਦਿਕ ਕਾਲ ਦੇ ਭਾਰਤ-ਵਰਸ਼ ਦਾ ਨਕਸ਼ਾ ਦਿੱਤਾ ਹੈ । ਇਸ ਨਕਸ਼ੇ ਵਿਚ "ਕੇਕਯ" ਦੀ ਸਥਿਤੀ ਪ੍ਰਾਚੀਨ ਸਿੰਧੂ ਨਦੀ ਅਤੇ ਵਿਤਸਤਾ ਨਦੀ ਦੇ ਦੋਆਬ ਵਿਚ ਦਿਖਾਈ ਗਈ ਹੈ ਜੋ ਅੱਜ ਕਲ ਪਾਕਿਸਤਾਨੀ ਪੰਜਾਬ ਵਿਚ ਸਥਿਤ ਹੈ । ਵਿਤਸਤਾ ਅੱਜ ਕਲ ਦੇ ਜਿਹਲਮ ਦਰਿਆ ਨੂੰ ਕਿਹਾ ਗਿਆ ਹੈ ।

(ਸ) ਇਸ ਤੋਂ ਇਲਾਵਾ ਐਚ. ਸੀ. ਰੇਯ ਚੌਧਰੀ[12] ਨੇ "*Political History of Ancient India.*" ਵਿਚ ਪ੍ਰਾਚੀਨ ਭਾਰਤਵਰਸ ਦਾ ਨਕਸਾ ਪੇਸ਼ ਕੀਤਾ ਹੈ । ਇਸ ਨਕਸ਼ੇ ਵਿਚ "ਕੇਕਯ" ਪ੍ਰਦੇਸ਼ ਨੂੰ ਭਾਰਤ ਵਰਸ਼ ਦੇ ਉੱਤਰ-ਪੱਛਮੀ ਹਿੱਸੇ ਵਿਚ ਅੰਕਿਤ ਕੀਤਾ ਗਿਆ ਹੈ । ਇਸ ਦੇ ਅਨੁਸਾਰ ਕੇਕਯ ਦੇਸ਼ ਪ੍ਰਾਚੀਨ ਭਾਰਤ ਦੇ ਸਪਤ ਸਿੰਧੂ ਪ੍ਰਾਂਤ ਦੀ ਵਿਤਸਤਾਂ ਨਦੀ (ਜਿਹਲਮ) ਅਤੇ ਚੰਦ੍ਰਭਾਗਾ (ਚਨਾਬ) ਨਦੀ ਦੇ ਦਰਮਿਆਨ ਵਾਕਿਆ ਸੀ । ਪ੍ਰਾਚੀਨ ਕੇਕਯ ਦੇਸ਼ ਦਾ ਇਲਾਕਾ ਅੱਜ ਕਲ ਪਾਕਿਸਤਾਨੀ ਪੰਜਾਬ ਵਿਚ ਸ਼ਾਮਲ ਹੈ ਅਤੇ ਇਹ ਜਿਹਲਮ ਤੇ ਚਨਾਬ ਦਰਿਆਵਾਂ ਦੇ ਦੋਆਬ ਨਾਲ ਪਛਾਣਿਆ ਜਾਂਦਾ ਹੈ । ਕੇਕਯ ਦੇਸ ਤੋਂ ਉੱਤਰ ਵੱਲ ਤਕਸ਼ਸ਼ਿਲਾ ਤੇ ਗਾਧਾਰ ਹਨ ਅਤੇ ਹੇਠਾ ਵਲ ਮਦਰ ਦੇਸ਼ ਅਤੇ ਯੌਧੇਯ ਹਨ ।

ਸ਼ਬਦ ਕੋਸ਼ਾਂ ਵਿਚ ਕੇਕਯ/ਕੈਕੇਈ

ਮਹਾਨ ਕੋਸ਼[13] ਵਿਚ ਲਿਖਿਆ ਹੈ ਕਿ ਪੌਰਾਣਿਕ ਪਰੰਪਰਾ ਵਿਚ ਤ੍ਰਿਸ਼ੰਕੁ ਨੇ ਕੇਕਯ ਵੰਸ਼ ਦੇ ਰਾਜਾ ਦੀ ਤਪਤਰਖਾ ਨਾਮਕ ਕੰਨਯਾ (ਕੰਨਿਆ) ਨਾਲ ਵਿਆਹ ਕੀਤਾ ਜਿਸ ਤੋਂ ਸਤਯਵ੍ਰਤੀ ਰਾਜਾ ਹਰਿਸ਼ਚੰਦ੍ਰ ਜਨਮਿਆ ।

ਮਾਨਕ ਹਿੰਦੀ ਕੋਸ਼[14] ਦੇ ਅਨੁਸਾਰ ਕੈਕਯ ਕਸਮੀਰ ਅਤੇ ਉਸ ਦੇ ਆਸ ਪਾਸ ਦੇ ਇਲਾਕੇ ਦਾ ਪ੍ਰਾਚੀਨ ਨਾਮ ਸੀ । ਉਕਤ ਇਲਾਕੇ ਦੇ ਵਸਨੀਕਾਂ ਨੂੰ ਵੀ ਕੇਕਯ ਕਿਹਾ ਜਾਂਦਾ ਸੀ ।

ਬ੍ਰਿਹਤ ਹਿੰਦੀ ਕੋਸ਼[15] ਵਿਚ ਇਹ ਇੰਦਰਾਜ ਦਿੱਤੇ ਹਨ :

ਕੇਕਯ : ਇਕ ਪ੍ਰਾਚੀਨ ਜਨਪਦ, ਅਜੋਕਾ ਕੱਕਾ (ਕਸ਼ਮੀਰ)
ਕੇਕਯੀ : ਕੇਕਯ ਦੇਸ਼ ਦੀ ਇਸਤ੍ਰੀ, ਦਸ਼ਰਥ ਦੀ ਪਤਨੀ ਤੇ ਭਰਤ ਦੀ ਮਾਤਾ।
ਕੈਕਯ : ਕੇਕਯ ਦਾ ਰਾਜਾ ।
ਕੈਕੇਯ : ਕੇਕਯ-ਨਰੇਸ਼ ਦੀ ਸੰਤਾਨ ।
ਕੈਕੇਯੀ : ਕੇਕਯ-ਨਰੇਸ਼ ਦੀ ਪੁੱਤਰੀ, ਭਰਤ ਦੀ ਮਾਤਾ ।
ਕੱਕਾ : ਕੇਕਯ ਦੇਸ਼ ।

ਸੰਸਕ੍ਰਿਤ ਸ਼ਬਦਾਰਥ ਕੌਸਤੁਭ[16] ਵਿਚ ਇਹ ਇੰਦਰਾਜ ਹਨ :

ਕੇਕਯ : ਇਕ ਪ੍ਰਾਚੀਨ ਜਨਪਦ ।
ਕੈਕਯ : ਕੇਕਯ ਦੇਸ਼ ਦਾ ਰਾਜਾ ।
ਕੈਕਯ : ਕੇਕਯ ਦਾ ਰਾਜਾ ਜਾਂ ਰਾਜਕੁਮਾਰ ।
ਕੈਕਯ : ਮਹਾਰਾਜਾ ਦਸ਼ਰਥ ਦੀ ਛੋਟੀ ਰਾਣੀ, ਭਰਤ ਦੀ ਜਨਨੀ ।

ਪਾਇਅ ਸੱਦ ਮਹੱਣਵੋ[7] (ਪ੍ਰਾਕ੍ਰਿਤ ਸ਼ਬਦ ਮਹਾਰਣਵ) ਦੇ ਅਨੁਸਾਰ

ਕੇਕਯ : ਇਕ ਖ਼ਾਸ ਦੇਸ਼, ਇਹ ਪ੍ਰਾਚੀਨ ਵਾਹਲੀਕ ਪ੍ਰਦੇਸ਼ ਦੇ ਦੱਖਣ ਦੀ ਤਰਫ਼ ਅਤੇ ਸਿੰਧੂ ਦੇਸ਼ ਦੀ ਸਰਹੱਦ ਉੱਤੇ ਸਥਿਤ ਹੈ ।

ਅਜੋਕੀ ਪੰਜਾਬੀ ਵਿਚ ਕੇਕਯ/ਕੈਕੇਯ

ਖੋਜੀਆਂ ਨੇ "ਕੇਕਯ" ਨਾਲ ਸੰਬੰਧਿਤ ਦੋ ਸ਼ਬਦਾਂ ਦਾ ਜ਼ਿਕਰ ਕੀਤਾ ਜਿਹੜੇ ਇਸ ਪ੍ਰਕਰਣ ਵਿਚ ਬਹੁਤ ਮਹੱਤਵਪੂਰਣ ਹਨ । ਇਕ ਹੈ "ਕੱਕਾ" ਅਤੇ ਦੂਜਾ ਹੈ "ਕੀਕਨਾ" ਜਾਂ ਕੀਕਣਾ । ਬ੍ਰਿਹਤ ਹਿੰਦੀ ਕੋਸ਼ ਵਿਚ ਕੇਕਯ ਨੂੰ "ਕੱਕਾ" ਵੀ ਕਿਹਾ ਹੈ ਅਤੇ "ਪ੍ਰਾਕ੍ਰਿਤ ਸ਼ਬਦ ਮਹਾਰਣਵ" ਵਿਚ ਲਿਖਿਆ ਹੈ ਕਿ ਕੱਕਾ ਨਾਂ ਦਾ ਇਲਾਕਾ ਕਸ਼ਮੀਰ ਦੇਸ਼ ਵਿਚ ਸਥਿਤ ਸੀ । ਇਸ ਤੋਂ ਇਲਾਵਾ ਬਾਲਮੀਕੀ ਰਾਮਾਇਣ (ਸੰਸਕ੍ਰਿਤ) ਦੇ ਹਿੰਦੀ ਅਨੁਵਾਦਕ ਜਾਨਕੀ ਨਾਥ ਸ਼ਰਮਾ ਨੇ 'ਨਿਵੇਦਨ' ਵਿਚ ਲਿਖਿਆ ਹੈ ਕਿ ਕੇਕਯ ਦੇਸ ਕਈ ਲੋਕ ਗਜ਼ਨੀ ਨੂੰ ਅਤੇ ਕਈ ਜਿਹਲਮ ਤੇ ਕੀਕਨਾ ਨੂੰ ਕਹਿੰਦੇ ਹਨ । ਇਉਂ ਜਾਪਦਾ ਹੈ ਕਿ ਰਾਮਾਇਣ - ਕਾਲ ਤੋਂ ਮਹਾਭਾਰਤ-ਕਾਲ ਵਿਚ ਪੁਰਾਣੇ ਵਿਸ਼ਾਲ ਪੰਜਾਬ ਦੇ ਇਕ ਖ਼ਾਸ ਇਲਾਕੇ ਦਾ ਜਿਹੜਾ ਨਾਮ ਕੇਕਯ/ਕੈਕੇਯ ਪ੍ਰਚਲਿਤ ਸੀ ਉਹ ਬੋਲ-ਚਾਲ ਦੀ ਜ਼ਬਾਨ ਵਿਚ ਹੌਲੀ ਹੌਲੀ ਬਦਲਦਾ ਹੋਇਆ ਕੱਕਾ ਤੇ ਕੀਕਨਾ ਬਣ ਗਿਆ ।

ਇਹ ਦੋਵੇਂ ਸ਼ਬਦ ਅਜੋਕੀ ਪੰਜਾਬੀ ਵਿਚ, ਵਿਸ਼ੇਸ਼ ਕਰਕੇ ਬੋਲ-ਚਾਲ ਦੀ ਬੋਲੀ ਵਿਚ ਬੋਲੇ ਜਾਂਦੇ ਤੇ ਸਾਂਭੇ ਹੋਏ ਹਨ । 'ਕੱਕਾ' ਦਾ ਮੌਜੂਦਾ ਅਰਥ ਭੂਰਾ, ਗੋਰਾ, ਸੈਨ-ਵੰਨਾ ਆਦਿ ਹੈ । ਪੰਜਾਬੀ ਸਾਹਿੱਤਕਾਰ ਬਲਵੰਤ ਗਾਰਗੀ ਦੇ ਨਾਵਲ ਦਾ ਨਾਂ "ਕੱਕਾ ਰੇਤਾ" ਹੈ । ਦੂਜਾ ਸ਼ਬਦ ਕੀਕਨਾ ਜਾਂ ਕੀਕਣਾ ਵੀ ਬੋਲ-ਚਾਲ ਵਿਚ ਵਰਤਿਆ ਜਾਂਦਾ ਹੈ । ਬਠਿੰਡੇ ਦੀ ਮਲਵਈ ਪੰਜਾਬੀ ਵਿਚ ਇਸ ਦੀ ਵਰਤੋਂ ਆਮ ਹੁੰਦੀ ਹੈ । ਮਲਵੈਣ ਇਸਤ੍ਰੀਆਂ ਦੇ ਮੂੰਹ ਤੇ ਇਹ ਸ਼ਬਦ ਚੜ੍ਹਿਆ ਹੋਇਆ ਆਮ ਸੁਣਿਆ ਜਾਂਦਾ ਹੈ । ਮੇਰੀ ਪਕੜ ਅਨੁਸਾਰ ਮਾਲਵੇ ਵਿਚ ਕੀਕਣਾ ਉਸ ਬੰਦੇ ਨੂੰ ਕਿਹਾ ਜਾਂਦਾ ਹੈ ਜਿਹੜਾ ਕੰਜੂਸ ਹੋਵੇ, ਚੰਦਰੀ ਤੇ ਭੁੱਖੀ ਨੀਤ ਵਾਲਾ ਹੋਵੇ, ਅਤੇ ਸਭ ਕੁੱਝ ਦੇ ਹੁੰਦਿਆਂ ਸੁੰਦਿਆਂ ਭੁੱਖ ਵਿਖਾਉਂਦਾ ਹੋਵੇ । 'ਪੰਜਾਬੀ-ਪੰਜਾਬੀ ਕੋਸ਼' ਵਿਚ ਕੀਕਨ/ਕੀਕਨੇ ਦੀ ਐਂਟਰੀ ਦਰਜ ਕਰਕੇ ਲਿਖਿਆ ਹੈ ਕਿ ਇਹ ਇਕ ਅਨਾਰੀਆ ਜਾਤੀ ਤੇ ਟੱਪਰੀਵਾਸ ਕਬੀਲਾ ਹੈ ਜੋ ਜ਼ੁਰਾਇਮ-ਪੇਸ਼ਾ ਹੈ ।[18]

ਹੁਣ ਇਹ ਤਾਂ ਪ੍ਰਤੱਖ ਹੈ ਕਿ ਕੱਕਾ ਤੇ ਕੀਕਣਾ ਦੋਵੇਂ ਲਫ਼ਜ਼ ਸਾਡੀ ਬੋਲੀ ਵਿਚ ਕਾਇਮ ਹਨ । ਪਰ ਸਵਾਲ ਇਹ ਹੈ ਕਿ ਇਨ੍ਹਾਂ ਦਾ ਕੇਕਯ, ਕੈਕੇਯ ਜਾਂ ਕੈਕੇਈ ਨਾਲ ਭਾਵ ਤੇ ਧੁਨੀ ਪੱਖ ਤੋਂ ਕਿਵੇਂ ਸੰਬੰਧ ਜੁੜਦਾ ਹੈ । ਇਸ ਦਾ ਉੱਤਰ ਦੋ ਤਰ੍ਹਾਂ ਦਾ ਹੋ ਸਕਦਾ ਹੈ । ਭੂਗੋਲਿਕ ਤੌਰ ਤੇ ਕੇਕਯ ਦੇਸ਼ ਵਿਚ ਦਰਿਆਵਾਂ ਦੀ ਕਾਫ਼ੀ ਦਾ ਭੂਰੇ-ਰੰਗਾ ਰੇਤੜ ਬਹੁਤਾਇਤ ਵਿਚ ਹੋਵੇਗਾ ਜਾਂ ਫਿਰ ਜਿਹਲਮ, ਝਨਾਬ ਤੇ ਰਾਵੀ ਦੇ ਦੋਆਬਿਆਂ ਦੀ ਧਰਤੀ ਦੀ ਮਿੱਟੀ ਭੂਰੇ ਰੰਗ ਵਾਲੀ ਮਸ਼ਹੂਰ ਹੋਵੇਗੀ ਜਿਸ ਕਰਕੇ ਵਿਸ਼ਾਲ ਪੰਜਾਬ ਦੇ ਬਾਕੀ ਇਲਾਕਿਆਂ ਦੇ ਲੋਕ ਕੈਕਯ ਇਲਾਕੇ ਨੂੰ ਕੱਕਾ ਕਹਿਣ ਲਗ ਪਏ ਹੋਣਗੇ । ਕੱਕਾ

ਲਫ਼ਜ਼ ਕੈਕੇਯ ਤੋਂ ਪੰਜਾਬੀ ਉੱਚਾਰਣ ਤੇ ਧੁਨੀ-ਦੁਹਰਾਓ ਦੀ ਰੀਤ ਨਾਲ ਵਿਉਤਪੰਨ ਹੋਇਆ ਜਾਪਦਾ ਹੈ। ਇਸੇ ਤਰ੍ਹਾਂ ਕੀਕਣਾ ਸ਼ਬਦ ਵੀ ਕੈਕਯ ਦਾ ਅਪਭ੍ਰੰਸ਼ੀ ਰੂਪ ਜਾਪਦਾ ਹੈ। ਹੋ ਸਕਦਾ ਹੈ ਕਿ ਵਿਸ਼ਾਲ ਪੰਜਾਬ ਦੇ ਲੋਕ ਕੈਕੇਯ-ਪੰਜਾਬ ਦੇ ਵਸਨੀਕਾਂ ਦੀ ਨਿਖੇਧੀ ਵਿਚ ਕੈਕੇਯ ਨੂੰ ਵਿਗਾੜ ਕੇ ਘਟੀਆ ਅਰਥਾਂ ਵਿਚ ਕੀਕਣਾ ਕਹਿਣ ਲੱਗ ਪਏ ਹੋਣਗੇ ਜਿਹੜਾ ਹੁਣ ਤਕ ਸਾਡੀ ਬੋਲੀ ਵਿਚ ਹੈ। ਕੇਕਯ ਤੋਂ ਕੀਕਣਾ ਬਣਨ ਦਾ ਸਫ਼ਰ ਕਾਫ਼ੀ ਲੰਮਾ ਹੈ। ਬੁੱਧ ਜਾਤਕਾਂ ਦਾ "ਕੇਕਕ" ਵੀ ਕੇਕਯ ਦੇ ਅਪਭ੍ਰੰਸ਼ੀ ਸ਼ਬਦ ਰੂਪਾਂ ਦੀ ਵਿਕਾਸ-ਲੜੀ ਵਿਚ ਸ਼ਾਮਲ ਹੁੰਦਾ ਹੈ।

ਸਾਰਾਂਸ਼ : ਉਪਰਲੇ ਹਵਾਲਿਆਂ ਤੋਂ ਇਹ ਨਿਰਸੰਦੇਹ ਸਾਬਤ ਹੁੰਦਾ ਹੈ ਕਿ ਕੇਕਯ, ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਦਾ ਇਕ ਇਲਾਕਾ ਸੀ ਅਤੇ ਉਸ ਇਲਾਕੇ ਜਾਂ ਦੇਸ਼ ਵਿਚ ਰਹਿਣ ਵਾਲੀ ਜਾਤੀ ਜਾਂ ਕਬੀਲਾ ਕੈਕੇਯ/ਕੇਕਯ ਅਖਵਾਉਂਦਾ ਸੀ। ਕੇਕਯ ਜਾਂ ਕੈਕੇਯ ਜਾਤੀ ਸੂਚਕ ਤੇ ਦੇਸ਼-ਸੂਚਕ ਸ਼ਬਦ ਹਨ। ਇਹ ਦੱਸਣਾ ਤਾਂ ਅਜੇ ਔਖਾ ਹੈ ਕਿ ਕੇਕਯ ਨਾਮਵਾਚੀ ਕਬੀਲੇ ਕਰਕੇ ਇਸ ਇਲਾਕੇ ਦਾ ਨਾਮ ਕੇਕਯ ਮਸ਼ਹੂਰ ਹੋਇਆ ਜਾਂ ਇਸ ਤੋਂ ਉਲਟ ਇਲਾਕੇ ਦੇ ਨਾਮ ਕਰਕੇ ਇਸ ਇਲਾਕੇ ਦੇ ਵਸਨੀਕਾਂ ਨੂੰ ਕੈਕੇਯ ਕਿਹਾ ਜਾਣ ਲੱਗਾ। ਪਰ ਇਹ ਤਾਂ ਜ਼ਾਹਰ ਹੈ ਕਿ ਕੇਕਯ ਤੇ ਕੈਕੇਯ ਜਾਤੀਵਾਚਕ ਤੇ ਦੇਸ਼ ਵਾਚਕ ਸ਼ਬਦ ਹਨ।

ਕੈਕੇਈ ਭਾਸ਼ਾ : ਇਸ ਤੋਂ ਅਗੇ ਕੇਕਯ ਦੇਸ਼ ਅਤੇ ਕੈਕੇਯ ਜਾਤੀ ਦੇ ਸੰਸਰਗ-ਸੰਪਰਕ ਨਾਲ ਏਥੋਂ ਦੀ ਬੋਲੀ ਨੂੰ ਵੀ ਕੈਕੇਯੀ ਕਿਹਾ ਜਾਂਦਾ ਸੀ। ਕੈਕੇਯੀ ਭਾਸ਼ਾ-ਵਾਚਕ ਸ਼ਬਦ ਵੀ ਹੈ। ਪ੍ਰਾਕ੍ਰਿਤ ਤੇ ਅਪਭ੍ਰੰਸ਼ ਭਾਸ਼ਾ ਦੇ ਤੌਰ ਤੇ ਕੈਕੇਈ ਦੇ ਉਲੇਖ ਪੁਰਾਤਨ ਗ੍ਰੰਥਾਂ ਖ਼ਾਸ ਕਰਕੇ ਪ੍ਰਾਕ੍ਰਿਤ ਵਿਆਕਰਣਾਂ ਵਿਚ ਸਪਸ਼ਟ ਮਿਲਦੇ ਹਨ।

ਕੈਕੇਈ ਪ੍ਰਾਕ੍ਰਿਤ/ਅਪਭ੍ਰੰਸ਼ ਦਾ ਵਿਆਕਰਣਿਕ ਸੰਦਰਭ

ਹੁਣ ਤਕ ਉਪਲਬਧ ਹੋਏ ਪ੍ਰਾਕ੍ਰਿਤ ਵਿਆਕਰਣ-ਗ੍ਰੰਥਾਂ ਦਾ ਵੇਰਵਾ ਹੇਠਾਂ ਦਰਜ ਹੈ :

ਵਿਆਕਰਣਕਾਰ	*ਵਿਆਕਰਣ*	*ਵਿਆਕਰਣਕਾਰ*	*ਵਿਆਕਰਣ*
ਭਰਤਮੁਨੀ	: ਨਾਟਯ ਸ਼ਾਸਤ੍ਰ (ਪਹਿਲੀ ਸਦੀ)	ਚੰਡ	ਪ੍ਰਾਕ੍ਰਿਤ ਲਕਸ਼ਣ (ਤੀਜੀ-ਚੌਥੀ ਸਦੀ)
ਵਰ ਰੁਚੀ	: ਪ੍ਰਾਕ੍ਰਿਤ ਪ੍ਰਕਾਸ਼ (ਛੇਵੀਂ ਸਦੀ)	ਪੁਰਸ਼ੋਤਮ	: ਪ੍ਰਾਕ੍ਰਿਤ ਅਨੁਸ਼ਾਸਨ (11ਵੀਂ ਸਦੀ)
ਰਾਮਸ਼ਰਮਾ ਤਰਕ-ਵਾਗੀਸ਼	: ਪ੍ਰਾਕ੍ਰਿਤ ਕਲਪਤਰੂ	ਤ੍ਰਿਵਿਕ੍ਰਮ	: ਪ੍ਰਾਕ੍ਰਿਤ ਸ਼ਬਦਾਨੁਸ਼ਾਸਨ
ਸਿੰਹ ਰਾਜ	ਪ੍ਰਾਕ੍ਰਿਤ ਰੂਪਾਵਤਾਰ	ਹੇਮ ਚੰਦ੍ਰ (1088-1172)	ਸਿੱਧ ਹੇਮ ਸ਼ਬਦਾਨੁਸ਼ਾਸਨ
ਲਕਸ਼ਮੀਧਰ	: ਸ਼ਡ ਭਾਸ਼ਾ ਚੰਦ੍ਰਿਕਾ	ਮਾਰਕੰਡੇਯ	: ਪ੍ਰਾਕ੍ਰਿਤ ਸਰਵਸ੍ਵ (15ਵੀਂ ਸਦੀ)
ਅੱਪਯ ਦੀਕਸ਼ਿਤ	: ਪ੍ਰਾਕ੍ਰਿਤ ਮਣੀ ਦੀਪ	ਕਾਤਿਆਇਨ	: ਪ੍ਰਾਕ੍ਰਿਤ ਮੰਜਰੀ

ਮੱਧ ਯੁਗ ਦੇ ਇਨ੍ਹਾਂ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਮੱਧ-ਯੁਗੀਨ ਪ੍ਰਾਕ੍ਰਿਤਾਂ ਦਾ ਵਿਆਕਰਣਾਤਮਕ ਵਿਸ਼ਲੇਸ਼ਣ ਪੇਸ਼ ਕਰਨ ਦਾ ਪ੍ਰਸ਼ੰਸਨੀ ਕਾਰਜ ਕੀਤਾ ਹੈ। ਅਸਲ ਵਿਚ

ਇਹ ਵਿਆਕਰਣ-ਬੱਧ ਪ੍ਰਾਕ੍ਰਿਤ-ਭਾਸ਼ਾਵਾਂ ਉਹੀ ਹਨ ਜਿਨ੍ਹਾਂ ਦਾ ਤਤਕਾਲੀ ਸਾਹਿੱਤ-ਰਚਨਾ ਵਿਚ ਵਰਤੋਂ-ਵਿਹਾਰ ਹੁੰਦਾ ਸੀ । ਸੰਸਕ੍ਰਿਤ ਨਾਟਕਾਂ/ ਰੂਪਕਾਂ ਵਿਚ ਨਾਟਕੀ ਪਾਤਰ ਵੱਖ ਵੱਖ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਬੋਲਦੇ ਦਿਖਾਏ ਗਏ ਹਨ । ਪ੍ਰਾਕ੍ਰਿਤ ਭਾਸ਼ਾਵਾਂ ਦਾ ਪਾਤਰਾਂ ਦੇ ਅਨੁਕੂਲ ਵੱਖ ਵੱਖ ਪ੍ਰਾਕ੍ਰਿਤਾਂ ਬੋਲਣ ਦਾ ਵਿਧਾਨ ਵੀ ਉਸ ਯੁਗ ਦੇ ਸੰਸਕ੍ਰਿਤ/ਪ੍ਰਾਕ੍ਰਿਤ ਸਾਹਿੱਤ ਦੀ ਵਰਣਨਯੋਗ ਵਿਸ਼ੇਸ਼ਤਾ ਹੈ । ਇਸ ਲਈ ਉਪਰੋਕਤ ਵਿਆਕਰਣ-ਗ੍ਰੰਥਾਂ ਵਿਚ ਪਰਿਭਾਸ਼ਿਤ ਵੱਖ ਵੱਖ ਪ੍ਰਾਕ੍ਰਿਤ ਭਾਸ਼ਾਵਾਂ ਨੂੰ "ਸਾਹਿਤਕ ਪ੍ਰਾਕ੍ਰਿਤਾਂ" ਵੀ ਕਿਹਾ ਜਾਂਦਾ ਸੀ । ਇਹ ਕਹਿਣਾ ਅਜੇ ਔਖਾ ਹੈ ਕਿ ਇਹ ਪ੍ਰਾਕ੍ਰਿਤ ਭਾਸ਼ਾਵਾਂ ਆਪਣੇ ਸਮੇਂ ਦੇ ਲੋਕ-ਸਮੂਹ ਦੀ ਅਸਲੀ ਬੋਲਚਾਲੀ ਬੋਲੀ ਦੀ ਸਹੀ ਪ੍ਰਤਿਨਿਧਤਾ ਕਰਦੀਆਂ ਸਨ ਕਿ ਨਹੀਂ ? ਪਰੰਤੂ ਇਕ ਗੱਲ ਤਾਂ ਨਿਸ਼ਚਿਤ ਹੈ ਕਿ ਇਨ੍ਹਾਂ ਚਰਚਿਤ ਪ੍ਰਾਕ੍ਰਿਤਾਂ ਦੀ ਆਧਾਰ ਭਾਸ਼ਾ ਕੋਈ ਨਾ ਕੋਈ ਸਥਾਨਿਕ ਮੂੰਹ-ਜ਼ਬਾਨੀ ਬੋਲੀ ਜ਼ਰੂਰ ਰਹੀ ਹੋਵੇਗੀ ।

ਇਹ ਵੀ ਇਕ ਹੋਰ ਮਜ਼ੇਦਾਰ ਅਸਲੀਅਤ ਹੈ ਕਿ ਪ੍ਰਾਕ੍ਰਿਤਾਂ ਨਾਲ ਸਬੰਧਿਤ ਸਾਰੇ ਦੇ ਸਾਰੇ ਉਪਰੋਕਤ ਵਿਆਕਰਣ-ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਹੀ ਰਚੇ ਗਏ ਹਨ ਅਤੇ ਸੰਸਕ੍ਰਿਤ ਨੂੰ ਹੀ ਕੇਂਦਰੀ ਸਥਿਤੀ ਵਿਚ ਰਖ ਕੇ ਪ੍ਰਾਕ੍ਰਿਤਾਂ ਦਾ ਭਾਸ਼ਾਗਤ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ । *ਇਹ ਪ੍ਰਾਕ੍ਰਿਤ ਵਿਆਕਰਣ-ਗ੍ਰੰਥ ਯਕੀਨਨ ਆਧੁਨਿਕ ਤੁਲਨਾਤਮਕ ਭਾਸ਼ਾ-ਵਿਗਿਆਨ ਦੇ ਆਰੰਭ-ਬਿੰਦੂ ਹਨ ।*

ਇਹ ਵੀ ਖੁਸ਼ਕਿਸਮਤੀ ਦੀ ਗੱਲ ਹੈ ਕਿ ਪ੍ਰਾਕ੍ਰਿਤਾਂ ਸਮੇਤ ਸਾਰੀਆਂ ਭਾਰਤੀ ਆਰੀਆ ਭਾਸ਼ਾਵਾਂ ਦੇ ਇਤਿਹਾਸ ਮੁਕਾਬਲਤਨ ਚੰਗੀ ਤਰ੍ਹਾਂ ਤਸਦੀਕ-ਸ਼ੁਦਾ ਉਪਲਬਧ ਹੁੰਦੇ ਹਨ ਕਿਉਂਕਿ ਇਨ੍ਹਾਂ ਭਾਸ਼ਾਵਾਂ ਦੇ ਦਸਤਾਵੇਜ਼ ਅਤੇ ਲਿਖਤੀ ਟੈਕਸਟ (ਪਾਠ) ਲਗਾਤਾਰ ਮਿਲਦੇ ਹਨ । ਇਹੋ ਕਾਰਣ ਹੈ ਕਿ ਇਨ੍ਹਾਂ ਅਤੇ ਖ਼ਾਸ ਕਰਕੇ ਪ੍ਰਾਕ੍ਰਿਤਾਂ ਦੀ ਭਾਸ਼ਾਗਤ ਰੂਪ-ਰੇਖਾ ਦਾ ਚਿਤ੍ਰਣ ਸੰਭਵ ਹੋ ਸਕਿਆ ਹੈ । ਕੋਲਿਨ ਪੀ. ਮਸੀਕਾ [1991 : 4-5] ਨੇ ਠੀਕ ਕਿਹਾ ਹੈ ਕਿ ਨਾ ਸਿਰਫ਼ ਭਾਰਤੀ ਆਰੀਆ ਭਾਸ਼ਾਵਾਂ ਦਾ ਇਤਿਹਾਸ ਦਸਤਾਵੇਜ਼ਾਂ ਦੁਆਰਾ ਪ੍ਰਮਾਣਿਤ ਹੈ ਸਗੋਂ ਗ਼ੈਰ-ਆਰੀਆ ਭਾਸ਼ਾਵਾਂ ਅਤੇ ਉਨ੍ਹਾਂ ਦੀ ਲਿਖਤੀ ਵਸਤੂ-ਸਾਮਗ੍ਰੀ ਵੀ ਕਾਫ਼ੀ ਹਦ ਤਕ ਡਾਕਿਊਮੈਂਟਿਡ ਹੈ ।

ਇਸ ਤਰ੍ਹਾਂ ਆਰੀਆ ਭਾਸ਼ਾਵਾਂ ਦੇ ਰਿਕਾਰਡ-ਬੱਧ ਇਤਿਹਾਸ ਅਤੇ ਤਸਦੀਕ-ਸ਼ੁਦਾ ਦਸਤਾਵੇਜ਼ੀ ਟੈਕਸਟਾਂ ਦਾ ਸ਼ੁਭ ਨਤੀਜਾ ਇਹ ਹੈ ਕਿ ਪ੍ਰਾਚੀਨ ਤੇ ਮੱਧਕਾਲੀਨ ਆਰੀਆ ਭਾਸ਼ਾਵਾਂ ਦੀ ਇਤਿਹਾਸਕ ਫੌਨਾਲੋਜੀ ਅਤੇ ਇਤਿਹਾਸਕ ਮਾਰਫ਼ਾਲੋਜੀ ਬਾਰੇ ਢੇਰਾਂ ਦੀ ਢੇਰ ਸੂਚਨਾ ਅਤੇ ਜਾਣਕਾਰੀ ਹਾਸਲ ਹੁੰਦੀ ਹੈ । ਇਸ ਲਈ ਪੰਜਾਬੀ ਆਦਿ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਲਈ ਇਹ ਅਤੀ ਜ਼ਰੂਰੀ ਹੈ ਕਿ ਮੱਧਕਾਲੀਨ ਪ੍ਰਾਕ੍ਰਿਤ-ਭਾਸ਼ਾਵਾਂ ਦੀ ਫੌਨਾਲੋਜੀ ਖ਼ਾਸ ਕਰਕੇ ਇਤਿਹਾਸਿਕ ਫੌਨਾਲੋਜੀ (historical phonology) ਦੀ ਬੁਨਿਆਦੀ ਜਾਣਕਾਰੀ ਦੀ ਅੰਤਰ-ਯੋਖ ਕੀਤੀ ਜਾਵੇ ।

ਇਨ੍ਹਾਂ ਵਿਆਕਰਣਾਂ ਵਿਚ ਜਿਨ੍ਹਾਂ ਪ੍ਰਾਕ੍ਰਿਤ-ਭਾਸ਼ਾਵਾਂ ਦਾ ਵਿਆਕਰਣਾਤਮਕ ਵਰਣਨ ਦਰਜ ਕੀਤਾ ਗਿਆ ਹੈ ਉਨ੍ਹਾਂ ਦੀ ਗਿਣਤੀ-ਮਿਣਤੀ ਬਾਰੇ ਮਤ-ਭੇਦਾਂ ਦੇ ਬਾਵਜੂਦ ਛੇ ਪ੍ਰਾਕ੍ਰਿਤਾਂ ਨੂੰ ਪ੍ਰਮੁਖ ਦਰਜਾ ਪ੍ਰਦਾਨ ਕੀਤਾ ਗਿਆ ਹੈ । ਉਹ ਪ੍ਰਾਕ੍ਰਿਤਾਂ ਹਨ :

(1) ਮਹਾਰਾਸ਼ਟ੍ਰੀ (2) ਸ਼ੌਰਸੇਨੀ (3) ਮਾਗਧੀ
(4) ਅਰਧ ਮਾਗਧੀ (5) ਪੈਸ਼ਾਚੀ (6) ਅਪਭ੍ਰੰਸ਼

ਇਨ੍ਹਾ ਛੇ ਪ੍ਰਮੁਖ ਪ੍ਰਾਕ੍ਰਿਤਾ ਤੋਂ ਇਲਾਵਾ ਕਈ ਹੋਰ ਖੇਤਰੀ/ਇਲਾਕਾਈ ਜਾਂ ਲਘੂ ਪ੍ਰਾਕ੍ਰਿਤਾਂ ਵੀ ਹਨ ਜਿਨ੍ਹਾਂ ਦਾ ਵੱਖ ਵੱਖ ਸੰਦਰਭਾਂ ਵਿਚ ਉਲੇਖ ਮਿਲਦਾ ਹੈ। ਪਹਿਲੇ ਪ੍ਰਾਕ੍ਰਿਤਕਾਰਾਂ ਨੇ ਭਾਵੇਂ ਕੈਕੇਈ, ਟੱਕ ਦਾ ਸੰਕੇਤ ਨਹੀਂ ਕੀਤਾ ਪਰ ਇਹਨਾਂ ਵਿਚੋਂ ਪੁਰੁਸ਼ੋਤਮ, ਰਾਮ ਸ਼ਰਮਾ ਤਰਕ-ਵਾਗੀਸ਼ ਅਤੇ ਮਾਰਕੰਡੇਯ ਤਿੰਨ ਅਜਿਹੇ ਪ੍ਰਾਕ੍ਰਿਤ-ਵਿਆਕਰਣਕਾਰ ਹਨ ਜਿਨ੍ਹਾਂ ਨੇ ਕੈਕੇਈ, ਟੱਕ ਆਦਿ ਖੇਤਰੀ ਸਥਾਨਿਕ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦਾ ਵਰਣਨ ਤੇ ਵਿਵਰਣ ਪੇਸ਼ ਕੀਤਾ ਹੈ। ਇਹ ਤਿੰਨੋਂ ਪੂਰਬੀ ਵਿਆਕਰਣ ਸੰਪ੍ਰਦਾਇ ਨਾਲ ਸੰਬੰਧ ਰਖਦੇ ਹਨ ਅਤੇ ਇਨ੍ਹਾਂ ਤਿੰਨਾਂ ਦੀ ਰਚਨਾ-ਵਿਧੀ ਵੀ ਮਿਲਦੀ-ਜੁਲਦੀ ਹੈ। ਹੁਣ ਇਨ੍ਹਾਂ ਤਿੰਨਾਂ ਦੀ ਸੰਖੇਪ ਜਾਣ-ਪਛਾਣ ਪੇਸ਼ ਕੀਤੀ ਜਾਂਦੀ ਹੈ।

ਪੁਰੁਸ਼ੋਤੱਮ (ਗਿਆਰ੍ਹਵੀਂ ਸਦੀ)

ਪੁਰੁਸ਼ੋਤੱਮ (ਗਿਆਰ੍ਹਵੀਂ ਸਦੀ) ਪ੍ਰਾਕ੍ਰਿਤ ਦਾ ਵਿਆਕਰਣ-ਆਚਾਰੀਆ ਹੈ ਜਿਸ ਨੇ ਆਪਣੇ ਗ੍ਰੰਥ "ਪ੍ਰਾਕ੍ਰਿਤ ਅਨੁਸ਼ਾਸਨ" ਵਿਚ ਕੈਕੇਯੀ ਪ੍ਰਾਕ੍ਰਿਤ ਦਾ ਵਰਣਨ ਪੇਸ਼ ਕੀਤਾ ਹੈ। ਆਚਾਰੀਆ ਪੁਰੁਸ਼ੋਤੱਮ ਨੇ ਕੈਕੇਈ ਦਾ ਅਪਭ੍ਰੰਸ਼ ਦੇ ਤੌਰ ਤੇ ਅਤੇ ਫੇਰ ਪੈਸ਼ਾਚੀ ਪ੍ਰਾਕ੍ਰਿਤ ਦੇ ਇਕ ਭੇਦ ਵਜੋਂ ਦੋ ਸੰਦਰਭਾਂ ਵਿਚ ਉਲੇਖ ਕੀਤਾ ਹੈ। ਅਪਭ੍ਰੰਸ਼ ਵਰਗ ਦੀਆਂ ਸਥਾਨਿਕ ਲਘੂ ਅਪਭ੍ਰੰਸ਼ਾਂ ਦੀ ਸੂਚੀ ਵਿਚ ਪੁਰੁਸ਼ੋਤੱਮ ਕੈਕੇਈ ਨੂੰ ਵੀ ਸ਼ਾਮਲ ਕਰਦਾ ਹੈ। ਪੁਰੁਸ਼ੋਤੱਮ ਦੀ ਅਪਭ੍ਰੰਸ਼-ਵਰਗ ਦੀ ਇਹ ਸੂਚੀ ਮਾਰਕੰਡੇਯ ਦੀ ਸੂਚੀ ਤੋਂ ਛੋਟੀ ਹੈ। ਪਰ ਕੈਕੇਈ ਅਪਭ੍ਰੰਸ਼ ਦਾ ਜਿਹੜਾ ਸੂਤ੍ਰ-ਬੱਧ ਲੱਛਣ ਦਿੱਤਾ ਹੈ ਉਹ ਮਾਰਕੰਡੇਯ ਦੇ ਅਧਿਐਨ ਦਾ ਮਾਡਲ ਬਣਦਾ ਹੈ। ਪ੍ਰਾਕ੍ਰਿਤਾਂ ਦੇ ਚੌਥੇ ਵਰਗ "ਪੈਸ਼ਾਚਿਕਾ" ਦੇ ਸੰਬੰਧ ਵਿਚ ਵੀ ਪੁਰੁਸ਼ੋਤੱਮ, ਮਾਰਕੰਡੇਯ ਦਾ ਮਾਡਲ ਹੈ ਅਤੇ ਕੈਕਯ, ਸ਼ੌਰਸੇਨ ਤੇ ਪਾਂਚਾਲ ਇਹ ਤਿੰਨ ਮੁੱਖ ਭੇਦ ਸਵੀਕਾਰ ਕਰਦਾ ਹੈ। ਆਚਾਰੀ ਪੁਰੁਸ਼ੋਤੱਮ ਨੇ ਇਨ੍ਹਾਂ ਭਾਸ਼ਾ-ਭੇਦਾਂ ਦਾ ਵਿਸ਼ੇਸ਼ ਵਰਣਨ ਨਾ ਕਰ ਕੇ ਲਿਖ ਦਿੱਤਾ ਹੈ ਕਿ ਪਾਂਚਾਲ ਆਦਿ ਪੈਸ਼ਾਚੀ-ਭੇਦਾਂ ਦਾ ਬੋਧ ਸਥਾਨਿਕ ਲੋਕ ਵਰਤੋਂ ਤੋਂ ਪ੍ਰਾਪਤ ਕਰਨਾ ਚਾਹੀਦਾ ਹੈ। (ਪਾਂਚਾਲਾਦਯ: ਸੂਲਪਭੇਦਾ: ਲੋਕਤ:)

ਆਚਾਰੀਆ ਮਾਰਕੰਡੇਯ ਦੀ ਧਾਰਣਾ ਹੈ ਕਿ ਕੈਕੇਈ ਦਾ ਜਨਮ ਸੰਸਕ੍ਰਿਤ ਤੇ ਸ਼ੌਰਸੇਨੀ ਪ੍ਰਾਕ੍ਰਿਤ ਦੇ ਮਿਸ਼ਰਣ ਦਾ ਨਤੀਜਾ ਹੈ। ਕੈਕੇਈ ਦੇ ਜਿਹੜੇ ਭਾਸ਼ਕ ਪੈਟਰਨ ਪੁਰੁਸ਼ੋਤੱਮ ਨੇ ਉਲੀਕੇ ਹਨ, ਮਾਰਕੰਡੇਯ ਲਗਭਗ ਉਨ੍ਹਾਂ ਦੀ ਅਨੁਸਾਰਤਾ ਕਰਦਾ ਹੈ।

ਰਾਮ ਸ਼ਰਮਾ ਤਰਕ-ਵਾਗੀਸ਼

ਰਾਮ ਸ਼ਰਮਾ ਅਗਲਾ ਆਚਾਰੀਆ ਹੈ ਜਿਸ ਨੇ ਆਪਣੇ ਪ੍ਰਾਕ੍ਰਿਤ ਵਿਆਕਰਣ "ਪ੍ਰਾਕ੍ਰਿਤ ਕਲਪਤਰੂ" ਵਿਚ ਕੈਕੇਈ ਦਾ ਅਪਭ੍ਰੰਸ਼ ਭਾਸ਼ਾ ਦੇ ਤੌਰ ਤੇ ਅਤੇ ਫੇਰ ਪੈਸ਼ਾਚੀ ਦੀ ਇਕ ਕਿਸਮ ਦੇ ਤੌਰ ਤੇ ਦੋ ਪ੍ਰਕਰਣਾਂ ਵਿਚ ਵਿਸ਼ਲੇਸ਼ਣ ਕੀਤਾ ਹੈ। ਰਾਮ ਸ਼ਰਮਾ ਆਮ ਤੌਰ ਤੇ ਮਾਰਕੰਡੇਯ ਦੀ ਤਰ੍ਹਾਂ ਪ੍ਰਾਕ੍ਰਿਤਾਂ ਨੂੰ (1) ਭਾਸ਼ਾ (2) ਵਿਭਾਸ਼ਾ (3) ਅਪਭ੍ਰੰਸ਼ ਤੇ (4) ਪੈਸ਼ਾਚਿਕਾ ਵਰਗਾਂ ਵਿਚ ਵੰਡਦਾ ਹੈ। ਆਚਾਰੀਆ ਰਾਮ ਸ਼ਰਮਾ ਨੇ ਕੈਕੇਈ ਦਾ ਅਪਭ੍ਰੰਸ਼ ਵਰਗ ਵਿਚ ਉਲੇਖ ਕੀਤਾ ਪਰੰਤੂ ਪੈਸ਼ਾਚੀ ਵਰਗ ਬਾਰੇ ਰਾਮ ਸ਼ਰਮਾ ਆਚਾਰੀਆ ਮਾਰਕੰਡੇਯ ਤੋਂ ਵੱਖਰੀ ਵੰਡ-ਵਿਧੀ ਅਪਣਾਉਂਦਾ ਹੈ। ਇਸ ਨੇ ਪੈਸ਼ਾਚੀ ਪ੍ਰਾਕ੍ਰਿਤ ਦੀ ਸ਼ੁਧ ਅਤੇ ਸੰਕੀਰਣ (ਮਿਸ਼ਰਣ) ਦੋ ਵਰਗਾਂ ਵਿਚ ਵੰਡ ਕਰਕੇ ਸ਼ੁਧ ਸ਼੍ਰੇਣੀ ਵਿਚ ਹੇਠ ਲਿਖੇ ਸੱਤ ਪੈਸ਼ਾਚੀ ਭੇਦਾਂ ਦਾ ਉਲੇਖ ਕੀਤਾ ਹੈ :

ਕੈਕੇਯੀ, ਸ਼ੌਰਸੇਨ, ਪਾਂਚਾਲ, ਗੌੜ, ਮਾਗਧ, ਵ੍ਰਾਚਡ।

ਆਚਾਰੀਆ ਰਾਮ ਸਰਮਾ ਕੈਕੇਈ ਨੂੰ ਸੰਸਕ੍ਰਿਤ ਤੇ ਸੌਰਸੇਨੀ ਦਾ ਮਿਸ਼ਰਣ ਸਵੀਕਾਰ ਕਰਦਾ ਹੈ ।

ਆਚਾਰੀਆ ਮਾਰਕੰਡੇਯ (1490-1565 ਈ.)

ਮਾਰਕੰਡੇਯ ਹੀ ਸਭ ਤੋਂ ਵੱਧ ਸੁਪ੍ਰਸਿੱਧ ਪ੍ਰਾਕ੍ਰਿਤ-ਵਿਗਿਆਨ ਹੈ ਜਿਸ ਨੇ ਆਪਣੇ ਸੰਸਕ੍ਰਿਤ ਵਿਚ ਲਿਖੇ ਪ੍ਰਾਕ੍ਰਿਤ ਭਾਸ਼ਾ ਦੇ ਵਿਆਕਰਣ ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਵਿਚ ਕੈਕੇਈ ਦਾ ਅਪਭ੍ਰੰਸ਼ ਦੇ ਤੌਰ ਤੇ ਅਤੇ ਪੈਸਾਚੀ ਦੇ ਤੌਰ ਤੇ (ਅਤੇ ਟੱਕੀ ਦਾ ਵੀ) ਵਿਸਤਾਰ-ਪੂਰਵਕ ਵਰਣਨ ਕੀਤਾ ਹੈ । "ਪ੍ਰਾਕ੍ਰਿਤ ਸਰਵਸ੍ਵ" ਸੰਪਾਦਕ ਡਾ. ਕ੍ਰਿਸ਼ਣ ਚੰਦ੍ਰ ਆਚਾਰਯ ਦੀ ਖੋਜ ਦੇ ਅਨੁਸਾਰ ਆਚਾਰੀਆ ਮਾਰਕੰਡੇਯ, ਮੰਗਲ ਦੇਵ ਦੇ ਪੁੱਤਰ ਅਤੇ ਕਸਯਪ ਬ੍ਰਾਹਮਣ ਸੀ । ਮਾਰਕੰਡੇਯ ਨੇ ਇਹ ਗ੍ਰੰਥ ਉੜੀਸਾ (ਔਡ੍ਰ-ਪ੍ਰਦੇਸ਼) ਦੇ ਅੰਤਲੇ ਸੁਤੰਤਰ ਹਿੰਦੂ ਰਾਜਾ ਮੁਕੁੰਦ ਦੇਵ ਦੇ ਸਾਸਨ-ਕਾਲ ਵਿਚ ਪੂਰਾ ਕੀਤਾ । ਸੰਪਾਦਕ ਨੇ ਆਚਾਰੀਆ ਮਾਰਕੰਡੇਯ ਦਾ ਜੀਵਨ-ਕਾਲ 1490-1565 ਈ. ਨਿਰਧਾਰਿਤ ਕੀਤਾ ਹੈ । ਇਸ ਤੋਂ ਵਿਦਿਤ ਹੁੰਦਾ ਹੈ ਕਿ ਮਾਰਕੰਡੇਯ ਪੰਦਰ੍ਹਵੀਂ ਸਦੀ ਦੇ ਪ੍ਰਾਕ੍ਰਿਤ-ਵਿਗਿਆਨੀ ਆਚਾਰੀਆ ਸਨ । ਮਾਰਕੰਡੇਯ ਦਾ ਉਪਰੋਕਤ ਵਿਆਕਰਣ ਇਤਿਹਾਸਕ ਤੇ ਵਿਆਕਰਣਿਕ ਨੁਕਤੇ ਤੋਂ ਅਤਿ ਮਹਤਵਪੂਰਣ ਹੈ ।[੪]

ਆਚਾਰੀਆ ਮਾਰਕੰਡੇਯ ਨੇ ਆਪਣੇ ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਵਿਚ ਮੱਧਯੁਗੀਨ ਭਾਰਤੀ ਆਰੀਆ ਭਾਸ਼ਾ (Middle Indo-Aryan) ਅਰਥਾਤ ਭਾਰਤ-ਵਿਆਪੀ ਰਾਸ਼ਟਰੀ ਭਾਸ਼ਾ "ਪ੍ਰਾਕ੍ਰਿਤ" ਨੂੰ ਚਾਰ ਵਰਗਾਂ ਵਿਚ ਵੰਡਿਆ ਹੈ :

ਮਾਰਕੰਡੇਯ ਦੇ ਅਨੁਸਾਰ ਪ੍ਰਾਕ੍ਰਿਤ ਦੀ ਵਰਗ-ਵੰਡ

ਪ੍ਰਾਕ੍ਰਿਤ

ਭਾਸ਼ਾ | ਵਿਭਾਸ਼ਾ | ਅਪਭ੍ਰੰਸ਼ | ਪੈਸ਼ਾਚਿਕਾ

ਮਾਰਕੰਡੇਯ ਨੇ ਭਾਸ਼ਾ ਦੇ ਅੰਤਰਗਤ ਮਹਾਰਾਸ਼ਟਰੀ, ਸੌਰਸੇਨੀ, ਪ੍ਰਾਚਯਾ, ਆਵੰਤੀ ਤੇ ਮਾਗਧੀ ਇਹ ਪੰਜ ਪ੍ਰਾਕ੍ਰਿਤਾਂ ਸਾਮਲ ਕੀਤੀਆਂ ਹਨ । ਇਸੇ ਤਰ੍ਹਾਂ ਵਿਭਾਸ਼ਾ ਵਿਚ ਸ਼ਾਕਾਰੀ, ਚਾਂਡਾਲੀ, ਸਾਬਰੀ, ਆਭੀਰੀ ਅਤੇ ਟਾਕੀ (ਟੱਕੀ) ਗਿਣੀਆਂ ਹਨ । ਪਰ ਰਾਮ ਸ਼ਰਮਾ ਟੱਕੀ ਸਮੇਤ ਨੌਂ ਵਿਭਾਸ਼ਾਵਾਂ ਸਵੀਕਾਰ ਕਰਦਾ ਹੈ । ਪੁਰਸੋਤਮ ਟੱਕੀ ਸਮੇਤ ਸਿਰਫ਼ ਚਾਰ ਵਿਭਾਸ਼ਾਵਾਂ ਦਾ ਹੀ ਵਰਣਨ ਕਰਦਾ ਹੈ । ਅਪਭ੍ਰੰਸ਼ ਵਰਗ ਦੇ ਅੰਤਰਗਤ ਮਾਰਕੰਡੇਯ ਤੇ ਰਾਮ ਸ਼ਰਮਾ ਤਰਕ ਵਾਗੀਸ਼ ਨੇ ਤਿੰਨ ਪ੍ਰਮੁੱਖ ਅਪਭ੍ਰੰਸ਼ਾਂ–ਨਾਗਰ, ਉਪਨਾਗਰ, ਵ੍ਰਾਚਡ–ਦਾ ਉਲੇਖ ਕਰਕੇ ਅਪਭ੍ਰੰਸ਼ ਵਰਗ ਦੀਆਂ ਬਾਕੀ ਇੱਕੀ ਗੌਣ ਅਪਭ੍ਰੰਸ਼ਾਂ ਦੀ ਗਿਣਤੀ ਕੀਤੀ ਹੈ ਅਤੇ ਉਨ੍ਹਾਂ ਦੇ ਮਹਤਵਪੂਰਣ ਭਾਸ਼ਿਕ ਲੱਛਣ ਵੀ ਸੂਤ੍ਰ-ਸ਼ੈਲੀ ਵਿਚ ਅੰਕਿਤ ਕੀਤੇ ਹਨ । ਇਨ੍ਹਾਂ ਵਿਚ "ਕੈਕੇਯੀ" ਅਪਭ੍ਰੰਸ਼/ਪ੍ਰਾਕ੍ਰਿਤ ਵੀ ਸਾਮਲ ਹੈ । ਇੱਕੀ ਤਰ੍ਹਾਂ ਦੀਆਂ (minor) ਗੌਣ ਅਪਭ੍ਰੰਸ਼-ਪ੍ਰਾਕ੍ਰਿਤਾਂ ਦਾ ਵੇਰਵਾ ਨਿਮਨ ਅੰਕਿਤ ਹੈ :

1.	ਟੱਕ	5.	ਲਾਟੀ
2.	ਮਾਲਵੀ	6.	ਔਡ੍ਰੀ
3.	ਪਾਂਚਾਲੀ	7.	ਕੈਕੇਈ
4.	ਵੈਦਰਭੀ	8.	ਗੌੜੀ

9.	ਕੌਂਤਲੀ	15.	ਕਾਰਣਾਟੀ
10.	ਪਾਡਯਾ	16.	ਮੱਧਯ ਦੇਸ਼ੀਯਾ
11.	ਸੈਂਹਲੀ	17.	ਗੌਰਜਰੀ
12.	ਕਾਲਿੰਗੀ	18.	ਪਾਸ਼ਚਾਤਯਾ
13.	ਪ੍ਰਾਚਯਾ	19.	ਦ੍ਰਾਵਿੜੀ
14.	ਆਭੀਰੀ	20.	ਵੈਤਾਲਿਕੀ
		21.	ਕਾਂਚੀ

ਮਾਰਕੰਡੇਯ ਦੁਆਰਾ ਦਿੱਤਾ ਗਿਆ ਕੈਕੇਈ ਅਪਭ੍ਰੰਸ਼ ਦਾ ਲੱਛਣ-ਸੂਤ੍ਰ ਇਹ ਹੈ– ਸਵੀਪਸਾ ਕੈਕੇਯੀ । ਵੀਪਸਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਵਾਰ-ਵਾਰ ਦੁਹਰਾਓ, ਪੁਨਰ-ਆਵ੍ਰਿਤੀ । ਮਾਰਕੰਡੇਯ ਦੀ ਖੋਜ ਅਨੁਸਾਰ ਗਾਂਧਾਰ ਅਤੇ ਕੇਕਯ ਇਲਾਕੇ ਦੀ ਅਪਭ੍ਰੰਸ਼ ਨੂੰ ਬੋਲਣ ਵਾਲੇ ਲੋਕਾਂ ਦੀ ਇਹ ਆਦਤ ਸੀ ਕਿ ਉਹ ਬੋਲਣ ਸਮੇਂ ਦੁਹਾਰਾਉ ਕਰਦੇ ਸਨ । ਇਨ੍ਹਾਂ 24 ਕਿਸਮਾਂ ਦੀ ਅਪਭ੍ਰੰਸ਼ ਵਿਚ ਕੈਕੇਯੀ ਦੇ ਨਾਲ ਨਾਲ ਟੱਕੀ ਦਾ ਵੀ ਉਲੇਖ ਕੀਤਾ ਹੈ ।

ਮਾਰਕੰਡੇਯ [1490-1565] ਦੁਆਰਾ ਦਿੱਤੀ ਗਈ ਅਪਭ੍ਰੰਸ਼ ਦੀਆਂ ਕਿਸਮਾਂ ਦੀ ਸੂਚੀ ਨਾਲ ਮਿਲਦੀ-ਜੁਲਦੀ ਰਾਮ ਸ਼ਰਮਾ ਤਰਕਵਾਗੀਸ਼ ਨੇ ਵੀ ਆਪਣੀ ਸੂਚੀ ਦਿੱਤੀ ਹੈ । ਉਸ ਵਿਚ ਵੀ ਕੈਕੇਯੀ ਤੇ ਟੱਕੀ ਦਾ ਉਲੇਖ ਹੈ । ਪੁਰਸ਼ੋਤਮ ਨੇ ਵੀ ਅਪਭ੍ਰੰਸ਼ ਬੋਲੀਆਂ ਦੇ ਅੰਤਰਗਤ ਕੈਕੇਯੀ ਤੇ ਟੱਕਭਾਸ਼ਾ ਦੀ ਗਿਣਤੀ ਕੀਤੀ ਹੈ । ਪੁਰਸ਼ੋਤਮ ਦੀ ਸੂਚੀ ਮਾਰਕੰਡੇਯ ਅਤੇ ਰਾਮ ਸ਼ਰਮਾ ਨਾਲੋਂ ਥੋੜ੍ਹੇ ਫਰਕ ਵਾਲੀ ਹੈ ।

ਇਸ ਤੋਂ ਬਾਅਦ ਮਾਰਕੰਡੇਯ ਨੇ ਪ੍ਰਾਕ੍ਰਿਤ ਦੇ ਚੌਥੇ ਵਰਗ ਦੀ ਜਿਸ ਨੂੰ ਉਸ ਨੇ 'ਪੈਸ਼ਾਚੀ' ਕਿਹਾ ਹੈ, ਚਰਚਾ ਕੀਤੀ ਹੈ । ਪੈਸ਼ਾਚੀ ਵਰਗ ਨੂੰ ਉਸ ਨੇ ਮੁੱਖ ਤੌਰ ਤੇ ਤਿੰਨਾਂ ਕਿਸਮਾਂ ਵਿਚ ਵਿਭਾਜਿਤ ਕੀਤਾ ਹੈ । ਅਰਥਾਤ (1) ਕੇਕਯ, (2) ਸ਼ੌਰਸੇਨ ਤੇ (3) ਪਾਂਚਾਲ । ਆਪਣੇ ਗ੍ਰੰਥ 'ਪ੍ਰਾਕ੍ਰਿਤ ਸਰਵਸ੍ਵ' ਦੀ ਭੂਮਿਕਾ ਵਿਚ ਮਾਰਕੰਡੇਯ ਨੇ ਕਿਸੇ ਵਿਰੋਧੀ ਮਤ ਦਾ ਜ਼ਿਕਰ ਕੀਤਾ ਹੈ ਜਿਸ ਦੇ ਅਨੁਸਾਰ ਪੈਸ਼ਾਚੀ ਗਿਆਰਾਂ ਤਰ੍ਹਾਂ ਦੀ ਹੈ । ਗਿਆਰਾਂ ਪੈਸ਼ਾਚੀ-ਭੇਦ ਇਹ ਹਨ :

(1) ਕਾਂਚੀਦੇਸ਼ੀਯਾ	(2) ਪਾਡਯ	(3) ਪਾਂਚਾਲ
(4) ਗੌੜ	(5) ਮਾਗਧ	(6) ਵ੍ਰਾਚਡ
(7) ਦਾਕਸ਼ਣਾਤਯ	(8) ਸ਼ੌਰਸੇਨ	(9) ਕੇਕਯ
(10) ਸ਼ਬਰ	(11) ਦ੍ਰਾਵਿੜ	

ਵਿਰੋਧੀਮਤ ਦੇ ਇਸ ਵਿਦਵਾਨ ਨੇ ਵੀ ਪੈਸ਼ਾਚੀ-ਭੇਦਾਂ ਵਿਚ ਕੇਕਯ ਦਾ ਨਿਰਦੇਸ਼ ਕੀਤਾ ਹੈ । ਮਾਰਕੰਡੇਯ ਦੀ ਤਰ੍ਹਾਂ ਪੁਰਸ਼ੋਤਮ ਨੇ ਵੀ ਪ੍ਰਾਕ੍ਰਿਤ ਦੇ ਪੈਸ਼ਾਚੀ-ਵਰਗ ਵਿਚ ਸਿਰਫ਼ ਤਿੰਨ ਭੇਦ (ਕਿਸਮਾਂ) ਹੀ ਸਵੀਕਾਰ ਕੀਤੇ ਹਨ ਅਰਥਾਤ ਕੇਕਯ, ਸ਼ੌਰਸੇਨ, ਪਾਂਚਾਲ, ਪਰੰਤੂ ਰਾਮ ਸ਼ਰਮਾ ਇਨ੍ਹਾਂ ਨਾਲ ਸਹਿਮਤ ਨਾ ਹੋ ਕੇ ਪੈਸ਼ਾਚੀ-ਵਰਗ ਦੇ ਸ਼ੁੱਧ ਤੇ ਸੰਕੀਰਣ ਪਹਿਲਾ ਦੋ ਵੱਡੇ ਭਾਗ ਨਿਰਧਾਰਿਤ ਕਰਦਾ ਹੈ ਅਤੇ ਫਿਰ ਸ਼ੁੱਧ ਭਾਗ ਦੇ ਇਹ ਸੱਤ ਭੇਦ ਨਿਸ਼ਚਿਤ ਕਰਦਾ ਹੈ –ਕੈਕੇਯ, ਸ਼ੌਰਸੇਨ, ਪਾਂਚਾਲ, ਗੌੜ, ਮਾਗਧ, ਵ੍ਰਾਚਡ ਅਤੇ ਬੇਨਾਮ ਪੈਸ਼ਾਚੀ ਭੇਦ । ਇਉਂ ਰਾਮ ਸ਼ਰਮਾ ਤਰਕ ਵਾਗੀਸ਼ ਨੇ ਵੀ ਕੈਕਯ ਨੂੰ ਪ੍ਰਾਕ੍ਰਿਤ ਸਵੀਕਾਰ

ਕੀਤਾ ਹੈ ।

ਇਸ ਤਰ੍ਹਾਂ ਸਮੁੱਚੇ ਤੌਰ ਤੇ, ਮਾਰਕੰਡੇਯ ਦੁਆਰਾ ਪ੍ਰਸਤਾਵਿਤ ਕੀਤਾ "ਪ੍ਰਾਕ੍ਰਿਤ" ਦੇ ਭੇਦਾਂ-ਉਪਭੇਦਾਂ ਦਾ ਵੇਰਵਾ ਹੇਠ-ਲਿਖੇ ਰੇਖਾ-ਚਿਤਰਾਂ ਦੇ ਰਾਹੀਂ ਦਰਜ ਕੀਤਾ ਜਾਂਦਾ ਹੈ :

ਮਾਰਕੰਡੇਯ ਦੁਆਰਾ ਪ੍ਰਸਤਾਵਿਤ "ਪ੍ਰਾਕ੍ਰਿਤ" ਦੇ ਵਰਗਾਂ-ਉਪ-ਵਰਗਾਂ ਦਾ

ਰੇਖਾ-ਚਿਤਰ

"ਪ੍ਰਾਕ੍ਰਿਤ" ਦੇ ਪ੍ਰਮੁਖ ਵਰਗ : ਭਾਸ਼ਾ, ਵਿਭਾਸ਼ਾ, ਅਪਭ੍ਰੰਸ਼, ਪੈਸਾਚਿਕਾ ।

(1) ਭਾਸ਼ਾ ਦੇ ਭੇਦ : ਮਹਾਰਾਸ਼ਟਰੀ, ਸੌਰਸੈਨੀ, ਪ੍ਰਾਚਯਾ, ਆਵੰਤੀ, ਮਾਗਧੀ ।

(2) ਵਿਭਾਸ਼ਾ ਦੇ ਭੇਦ : ਸ਼ਾਕਾਰੀ, ਚਾਂਡਾਲੀ, ਸ਼ਾਬਰੀ, ਆਭੀਰੀ, ਟਾਕੀ (ਟੱਕੀ,ਟੱਕ) ।

(3) *ਅਪਭ੍ਰੰਸ਼ ਦੇ ਭੇਦ* :

(ੳ) *ਪ੍ਰਮੁੱਖ ਅਪਭ੍ਰੰਸ਼* : ਨਾਗਰ, ਉਪਨਾਗਰ, ਵ੍ਰਾਚਡ

(ਅ) *ਗੌਣ ਜਾਂ ਨੀਮ ਅਪਭ੍ਰੰਸ਼* : ਟੱਕ, ਮਾਲਵੀ, ਪਾਂਚਾਲੀ, ਵੈਦਰਭੀ, ਲਾਟੀ, ਔਡ੍ਰੀ, ਕੈਕੇਯੀ, ਗੌੜੀ, ਕੌਂਤਲੀ, ਪਾਂਡਯਾ, ਸੈਂਹਲੀ, ਕਾਲਿੰਗੀ, ਪ੍ਰਾਚਯਾ, ਆਭੀਰੀ, ਕਰਣਾਟੀ, ਮੱਧਯਦੇਸ਼ੀਯਾ, ਗੌਰਜਰੀ, ਪਾਸ਼ਚਾਤਯਾ, ਦ੍ਰਾਵਿੜੀ, ਵੈਤਾਲਿਕੀ, ਕਾਂਚੀ ।

(4) *ਪੈਸ਼ਾਚੀ/ਪੈਸ਼ਾਚਿਕਾ ਦੇ ਭੇਦ* :

(ੳ) *ਮੁੱਖ ਪੈਸ਼ਾਚੀ ਭੇਦ* : ਕੇਕਯ, ਸੌਰਸੇਨ, ਪਾਂਚਾਲ

(ਅ) *ਗੌਣ ਪੈਸ਼ਾਚੀ ਭੇਦ* : ਕਾਂਚੀਦੇਸੀਯ, ਪਾਡਯ, ਪਾਂਚਾਲ, ਗੌੜ, ਮਾਗਧ, ਵ੍ਰਾਚਡ, ਦਾਕਸ਼ਣਾਤਯਾ, ਸ਼ੌਰਸੇਨ, ਕੇਕਯ, ਸ਼ਬਰ, ਦ੍ਰਾਵਿੜ ।

ਮਾਰਕੰਡੇਯ ਦੇ "ਪ੍ਰਾਕ੍ਰਿਤ ਸਰਵਸ੍ਵ" ਵਿਚ ਕੇਕਯ ਪੈਸ਼ਾਚੀ-ਭੇਦ ਦਾ ਉਨੀਵੇਂ ਪਾਦ ਦੇ ਕੇਵਲ 20 ਸੂਤ੍ਰਾਂ ਵਿਚ ਵਰਣਨ ਕੀਤਾ ਗਿਆ ਹੈ । ਮਾਰਕੰਡੇਯ ਦੇ ਅਨੁਸਾਰ ਸੰਸਕ੍ਰਿਤ ਤੇ ਸ਼ੌਰਸੇਨੀ ਦੇ ਮਿਸ਼ਰਣ ਤੋਂ ਹੀ ਕੈਕਯ ਜਾਂ ਕੇਕਯ ਦਾ ਵਿਕਾਸ ਹੋਇਆ ਹੈ । (ਸੰਸਕ੍ਰਿਤੇ ਸ਼ੌਰਸੇਨਯਾਂ ਚ ਸਿੱਧਮਯੇਵਾਤ੍ਰ ਵਿਕ੍ਰਿਯਾ) 20 ਸੂਤ੍ਰਾਂ ਵਿਚ ਨਿਯਮ ਤੇ ਉਦਾਹਰਣ ਦੱਸਣ ਤੋਂ ਬਾਅਦ ਲਿਖ ਦਿੱਤਾ ਹੈ ਕਿ "ਸ਼ੇਸ਼ੰ ਸ਼ੌਰਸੇਨੀਵਤ =ਬਾਕੀ ਸ਼ੌਰਸੇਨੀ ਵਾਂਗੂ ਹੈ । (ਸੂਤ੍ਰਾਂ ਦਾ ਵੇਰਵਾ-ਵਿਸਥਾਰ ਅਗੇ ਅੰਕਿਤ ਹੈ) ।

ਆਧੁਨਿਕ ਭਾਸ਼ਾ-ਵਿਗਿਆਨੀ : ਕੈਕਈ ਦਾ ਭਾਸ਼ਕ ਸੰਦਰਭ

ਡਾ. ਸੁਨੀਤੀ ਕੁਮਾਰ ਚੈਟਰਜੀ[1] ਨੇ ਵੀ ਆਪਣੀ ਪੁਸਤਕ "*Origin and Development of the Bengali Language*" ਵਿਚ ਹਿੰਦ-ਆਰੀਆ ਭਾਸ਼ਾਵਾਂ ਦੇ ਭਿੰਨ ਭਿੰਨ ਵਰਗਾਂ ਦੇ ਅੰਤਰ-ਸੰਬੰਧਾਂ ਨੂੰ ਇਕ ਨਕਸ਼ੇ ਰਾਹੀਂ ਅੰਕਿਤ ਕੀਤਾ ਹੈ । ਇਸ ਵਿਚ ਕੁਲ ਹਿੰਦ ਆਰੀਆ ਭਾਸ਼ਾਵਾਂ ਨੂੰ ਪੰਜ ਪ੍ਰਧਾਨ ਵਰਗਾਂ-ਉਦੀਚਯ, (ਉੱਤਰੀ), ਪ੍ਰਤੀਚਯ (ਪੱਛਮੀ), ਮੱਧ ਦੇਸ਼ੀਯ, ਪ੍ਰਾਚਯ (ਪੂਰਬੀ), ਦਾਕਸ਼ਿਣਾਤਯ (ਦੱਖਣੀ)-ਵਿਚ ਵੰਡ ਕੇ ਪੰਜਾਬੀ ਨੂੰ ਉਦੀਚਯ ਵਰਗ ਵਿਚ ਸ਼ਾਮਲ ਕੀਤਾ ਹੈ । ਚੈਟਰਜੀ ਦੇ ਅਨੁਸਾਰ, ਉਦੀਚਯ ਭਾਸ਼ਾ ਤੋਂ ਕੇਕਯ, ਮਦ੍ਰ, ਤੇ ਟੱਕ ਪ੍ਰਾਕ੍ਰਿਤਾਂ ਦਾ ਵਿਕਾਸ ਹੁੰਦਾ ਹੈ ਅਤੇ ਇਨ੍ਹਾਂ ਤੋਂ ਸ਼ੌਰਸੇਨੀ ਪ੍ਰਭਾਵਿਤ ਪੂਰਬੀ ਪੰਜਾਬੀ ਅਤੇ ਲਹਿੰਦੀ ਪੰਜਾਬੀ ਦੀ ਉਤਪੱਤੀ ਹੁੰਦੀ ਹੈ ।

ਇਸ ਵਿਚ ਡਾ. ਚੈਟਰਜੀ ਨੇ ਵੀ ਕੇਕਯ ਦੇਸ਼ ਦੀ ਬੋਲੀ ਕੈਕੇਈ ਪ੍ਰਾਕ੍ਰਿਤ ਤੋਂ ਪੰਜਾਬੀ (ਲਹਿੰਦੀ ਤੇ ਪੂਰਬੀ) ਦੀ ਉਤਪੱਤੀ ਹੋਈ ਦੱਸੀ ਹੈ।

ਡਾ. ਪਾਡੂਰੰਗ ਦਾਮੋਦਰ ਗੁਣੇ[21] ਨੇ ਵੀ ਲਹਿੰਦੀ ਦਾ ਵਰਣਨ ਕਰਦਿਆਂ ਕੇਕਯ ਦਾ ਜ਼ਿਕਰ ਕੀਤਾ ਹੈ ਅਤੇ ਦਸਿਆ ਹੈ ਕਿ ਲਹਿੰਦੀ ਉਹ ਭਾਸ਼ਾ ਹੈ ਜਿਹੜੀ ਸਿੰਧ ਦਰਿਆ ਦੇ ਉਪਰਲੇ ਪਾਸੇ ਦੇ ਨਾਲ ਨਾਲ ਪੱਛਮੀ ਪੰਜਾਬ ਵਿਚ ਬੋਲੀ ਜਾਂਦੀ ਹੈ। ਕਈ ਸਕਾਲਰ ਇਸ ਨੂੰ ਮੁਲਤਾਨੀ ਆਖਦੇ ਹਨ ਅਤੇ ਇਸ ਨੂੰ ਪੰਜਾਬੀ ਦੀਆਂ ਉਪ-ਭਾਸ਼ਾਵਾਂ ਵਿਚ ਵਰਗ-ਬੱਧ ਕਰਦੇ ਹਨ। ਇਸ ਭਾਸ਼ਾ ਦੀ ਧਰਤੀ ਉਹ ਇਲਾਕਾ ਹੈ ਜਿੱਥੇ ਪੁਰਾਣੇ ਕੈਕੇਯ ਲੋਕ ਵਸਦੇ ਸਨ।

ਡਾ. ਉਦਯ ਨਾਰਾਯਣ ਤਿਵਾਰੀ ਨੇ ਲਹਿੰਦੀ ਤੇ ਪੂਰਬੀ ਪੰਜਾਬੀ ਬਾਰੇ ਲਿਖਿਆ ਹੈ ਕਿ "ਲਹਿੰਦਾ ਦੇ ਪੱਛਮੀ ਪੰਜਾਬੀ, ਹਿੰਦਕੀ, ਜਟਕੀ, ਮੁਲਤਾਨੀ, ਚਿਭਾਲੀ, ਪੋਠੋਹਾਰੀ ਆਦਿ ਕਈ ਹੋਰ ਨਾਉਂ ਵੀ ਹਨ। ਇਸ ਇਲਾਕੇ ਵਿਚ ਪ੍ਰਾਚੀਨ ਕੈਕਯ ਦੇਸ਼ ਸੀ ਜਿਸ ਦੇ ਨਾਂ ਤੇ ਇਥੋਂ ਦੀ ਪ੍ਰਾਕ੍ਰਿਤ ਦਾ ਨਾਂ ਵੀ ਪਿਆ। ਲਹਿੰਦੀ ਦਾ ਸੰਬੰਧ ਅਸਲ ਵਿਚ ਇਸੇ ਪ੍ਰਾਕ੍ਰਿਤ/ਅਪਭ੍ਰੰਸ਼ (ਕੈਕੇਈ) ਨਾਲ ਹੈ। "ਪੂਰਬੀ ਪੰਜਾਬੀ ਹਿੰਦੀ ਦੇ ਪੱਛਮ-ਉੱਤਰ ਵਿਚ ਬੋਲੀ ਜਾਂਦੀ ਹੈ –ਇਸ ਦੀ ਉਤਪੱਤੀ "ਟੱਕ" ਅਪਭ੍ਰੰਸ਼ ਤੋਂ ਹੋਈ ਹੈ ਪਰ ਇਸ ਉਤੇ ਸ਼ੌਰਸੇਨੀ (ਪ੍ਰਾਕ੍ਰਿਤ) ਦਾ ਕਾਫੀ ਪ੍ਰਭਾਵ ਪਿਆ ਹੈ।"[22]

ਡਾ. ਧੀਰੇਂਦ੍ਰ ਵਰਮਾ ਨੇ ਲਿਖਿਆ ਹੈ ਕਿ "*ਲਹਿੰਦਾ ਲਈ ਇਕ ਕੇਕਯ ਅਪਭ੍ਰੰਸ਼ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਹ ਵ੍ਰਾਚੜ ਅਪਭ੍ਰੰਸ਼ ਨਾਲ ਮਿਲਦੀ-ਜੁਲਦੀ ਰਹੀ ਹੋਵੇਗੀ। ਪੰਜਾਬੀ ਦਾ ਸੰਬੰਧ ਵੀ ਕੇਕਯ ਅਪਭ੍ਰੰਸ਼ ਨਾਲ ਹੀ ਮੰਨਿਆ ਜਾਂਦਾ ਹੈ ਪਰ ਮਗਰੋਂ ਇਸ ਉਤੇ ਸ਼ੌਰਸੇਨੀ ਅਪਭ੍ਰੰਸ਼ ਦਾ ਪ੍ਰਭਾਵ ਪਿਆ ਹੈ।*"

ਇਹ (ਲਹਿੰਦਾ) ਪੱਛਮੀ ਪੰਜਾਬ ਦੀ ਭਾਸ਼ਾ ਹੈ - ਇਸ ਪ੍ਰਦੇਸ਼ ਵਿਚ ਪ੍ਰਾਚੀਨ ਕੇਕਯ ਦੇਸ਼ ਪੈਂਦਾ ਹੈ ਜਿਥੇ ਪੈਸ਼ਾਚੀ ਪ੍ਰਾਕ੍ਰਿਤ ਤੇ ਕੇਕਯ ਅਪਭ੍ਰੰਸ਼ ਬੋਲੀਆਂ ਜਾਂਦੀਆਂ ਸਨ।[23]

ਡਾ. ਭੋਲਾ ਨਾਥ ਤਿਵਾਰੀ ਨੇ ਆਪਣੀ ਭਾਸ਼ਾ-ਵਿਗਿਆਨਿਕ ਪੁਸਤਕਾਂ ਵਿਚ ਕੈਕਯੀ ਬਾਰੇ ਕਈ ਥਾਂ ਹਵਾਲੇ ਦਿੱਤੇ ਹਨ। ਇਨ੍ਹਾਂ ਦਾ ਵੇਰਵਾ ਇਉਂ ਹੈ :

> *"ਗਾਂਧਾਰ, ਪੰਜਾਬ ਤੇ ਸਰਹੱਦੀ ਸੂਬਾ (ਸੀਮਾਂਤ ਪ੍ਰਾਂਤ ਪਾਕਿਸਤਾਨ) ਦੀਆਂ ਸੰਸਕ੍ਰਿਤ ਤੋਂ ਨਿਕਲੀਆਂ ਬੋਲੀਆਂ ਤੋਂ ਤਿੰਨ ਪ੍ਰਾਕ੍ਰਿਤਾਂ ਦਾ ਵਿਕਾਸ ਹੋਇਆ। ਇਨ੍ਹਾਂ ਵਿਚੋਂ ਪਹਿਲੀ ਖੇਤਾਨੀ - ਦੂਜੀ ਪ੍ਰਾਕ੍ਰਿਤ ਬੇਨਾਮ (ਨਾਮ-ਹੀਣ) ਹੈ। ਇਸ ਦੇ ਬੋਲਣ ਵਾਲੇ ਸਿੰਧ ਵਿਚ ਸਨ, ਇਸ ਤੋਂ ਹੀ ਵ੍ਰਾਚੜ ਅਪਭ੍ਰੰਸ਼ ਦਾ ਜਨਮ ਹੋਇਆ। ਤੀਜੀ ਪ੍ਰਾਕ੍ਰਿਤ ਕੇਕਯ ਹੈ। ਟੱਕ, ਤੇ ਮਦ੍ਰ ਪ੍ਰਾਕ੍ਰਿਤ ਵੀ ਇਸੇ ਦੀਆਂ ਸ਼ਾਖਾਂ ਹਨ। ਇਨ੍ਹਾਂ ਸਾਰਿਆਂ ਦਾ ਖੇਤਰ ਪੱਛਮੀ ਪੰਜਾਬ ਸੀ।*
>
> *ਕੇਕਯ ਅਪਭ੍ਰੰਸ਼ ਤੋਂ ਪੱਛਮੀ ਪੰਜਾਬ (ਪਾਕਿਸਤਾਨ) ਦੀ ਭਾਸ਼ਾ ਪੱਛਮੀ ਪੰਜਾਬੀ ਜਾਂ ਲਹਿੰਦਾ ਦਾ ਵਿਕਾਸ ਹੋਇਆ ਹੈ। ਇਸ ਉਤੇ ਦਰਦ ਭਾਸ਼ਾ (ਪੈਸ਼ਾਚੀ) ਦਾ ਪ੍ਰਭਾਵ ਜ਼ਿਆਦਾ ਪਿਆ ਹੈ।*
>
> *ਪੂਰਬੀ ਪੰਜਾਬੀ ਜਾਂ ਪੰਜਾਬੀ, ਮੱਧ ਪੰਜਾਬ ਦੀ ਭਾਸ਼ਾ ਹੈ। ਕੇਕਯ ਤੋਂ ਇਸ ਦੀ ਵੀ ਪੈਦਾਇਸ਼ ਹੈ ਪਰ ਸ਼ੌਰਸੇਨੀ ਦਾ ਪ੍ਰਭਾਵ ਵਧੇਰੇ ਪਿਆ ਹੈ। ਕੁਝ ਵਿਦਵਾਨ ਇਸ ਦੀ*

ਉਤਪੱਤੀ "ਟੱਕ" ਅਪਭ੍ਰੰਸ਼ ਤੋਂ ਮੰਨਦੇ ਹਨ। ਦਰਦ (ਪੈਸ਼ਾਚੀ) ਦਾ ਵੀ ਇਸ ਉਤੇ ਕੁਝ ਪ੍ਰਭਾਵ ਹੈ।

ਪੰਜਾਬ-ਸਿੰਧ ਆਦਿ ਦੀ ਭਾਸ਼ਾ ਵਾਸਤੇ ਪੈਸ਼ਾਚੀ ਜਾਂ ਕੇਕਯ ਦੀ ਕਲਪਨਾ ਵੀ ਪੂਰੀ ਤਰ੍ਹਾਂ ਬੇਬੁਨਿਆਦ ਨਹੀਂ ਕਹੀ ਜਾ ਸਕਦੀ - ਇਨ੍ਹਾਂ ਸਾਰੀਆਂ ਗੱਲਾਂ ਨੂੰ ਵੇਖਦਿਆਂ ਸੌਰਸੇਨੀ, ਮਹਾਰਾਸ਼ਟਰੀ, ਅਰਧ-ਮਾਗਧੀ, ਮਾਗਧੀ, ਕੇਕਯ (ਪੰਜਾਬੀ ਲਹਿੰਦਾ) ਅਤੇ ਵ੍ਰਾਚੜ ਜਾਂ ਪੈਸ਼ਾਚੀ (ਸਿੰਧੀ)। ਇਨ੍ਹਾਂ ਛੇ ਅਪਭ੍ਰੰਸ਼ਾਂ ਦੀ ਖੇਤਰੀ ਹੋਂਦ ਨੂੰ ਤਾਂ ਮੰਨਣਾ ਹੀ ਪਵੇਗਾ।[24]

ਪੰਜਾਬੀ ਅਤੇ ਹਿੰਦੀ ਦੇ ਭਾਸ਼ਾ-ਵਿਗਿਆਨੀ ਡਾ. ਹਰਦੇਵ ਬਾਹਰੀ ਨੇ ਭਾਰਤੀ ਮਹਾਂਦੀਪ (ਸਮੇਤ ਪਾਕਿਸਤਾਨ) ਦੇ ਵਿਭਿੰਨ ਖੇਤਰਾਂ ਅਨੁਸਾਰ[25] ਆਧੁਨਿਕ ਹਿੰਦ-ਆਰੀਆ ਭਾਸ਼ਾਵਾਂ ਦੀ ਵਿਕਾਸ-ਪ੍ਰਕ੍ਰਿਆ ਦਾ ਵਰਣਨ ਕਰਦਿਆ ਕੈਕੇਈ ਪ੍ਰਾਕ੍ਰਿਤ ਬਾਰੇ ਵੇਰਵਾ ਦੇਕੇ ਇਸ ਤਰ੍ਹਾਂ ਸਮਝਾਇਆ ਹੈ ਕਿ ਲਹਿੰਦੀ ਪੰਜਾਬੀ ਅਤੇ ਪੂਰਬੀ ਪੰਜਾਬੀ ਦੇ ਮੱਧਕਾਲੀ ਇਤਿਹਾਸਕ ਵਿਕਾਸ ਦੇ ਚਾਰ ਪੜਾਉ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਨ੍ਹਾਂ ਨੂੰ ਪੂਰਵ-ਮੱਧ ਕਾਲ, ਉੱਤਰ-ਮੱਧਕਾਲ, ਨਿਰਮਾਣ-ਕਾਲ ਅਤੇ ਆਧੁਨਿਕ-ਕਾਲ ਵਿਚ ਵੰਡਿਆ ਹੈ। ਡਾ. ਬਾਹਰੀ ਨੇ ਦਸਿਆ ਹੈ ਕਿ ਲਹਿੰਦੀ ਦੀ ਪੂਰਵ-ਮੱਧ ਕਾਲ ਦੀ ਪ੍ਰਾਕ੍ਰਿਤ ਕੈਕੇਈ (ਕੇਕਯ) ਹੈ, ਉੱਤਰ ਮੱਧ ਕਾਲ ਦੀ ਪ੍ਰਾਕ੍ਰਿਤ ਵੀ ਕੈਕੇਈ ਹੈ ਪਰ ਨਿਰਮਾਣ ਕਾਲ ਦੀਆਂ ਪ੍ਰਭਾਵਕਾਰੀ ਭਾਸ਼ਾਵਾਂ ਵ੍ਰਾਚੜ, ਪੈਸ਼ਾਚੀ ਤੇ ਟੱਕ ਪ੍ਰਾਕ੍ਰਿਤਾਂ ਹਨ। ਇਸ ਪ੍ਰਕ੍ਰਿਆ ਨਾਲ ਲਹਿੰਦਾ ਦਾ ਨਿਕਾਸ ਕੈਕਈ ਪ੍ਰਾਕ੍ਰਿਤ ਤੋਂ ਹੋਇਆ ਹੈ। ਇਸ ਤਰ੍ਹਾਂ ਪੂਰਬੀ ਪੰਜਾਬੀ ਦੀ ਪੂਰਵ-ਮੱਧਕਾਲ ਦੀ ਪ੍ਰਾਕ੍ਰਿਤ ਟੱਕ ਹੈ। ਉੱਤਰ-ਮੱਧਕਾਲ ਦੀ ਪ੍ਰਾਕ੍ਰਿਤ ਵੀ ਟੱਕ (ਟੱਕੀ) ਹੈ ਪਰ ਬਣਤਰੀ-ਕਾਲ ਦੀਆਂ ਪ੍ਰਭਾਵਕਾਰੀ ਭਾਸ਼ਾਵਾਂ ਕੈਕੇਈ ਪ੍ਰਾਕ੍ਰਿਤ ਤੇ ਸ਼ੌਰਸੇਨੀ ਪ੍ਰਾਕ੍ਰਿਤ ਹਨ। ਇਸ ਤਰ੍ਹਾਂ ਡਾ. ਬਾਹਰੀ ਅਨੁਸਾਰ ਪੱਛਮੀ ਪੰਜਾਬੀ ਦਾ ਨਿਕਾਸ ਕੈਕੇਈ ਪ੍ਰਾਕ੍ਰਿਤ ਤੋਂ ਅਤੇ ਪੂਰਬੀ ਪੰਜਾਬੀ ਦਾ ਨਿਕਾਸ ਟੱਕੀ ਪ੍ਰਾਕ੍ਰਿਤ ਤੋਂ ਹੁੰਦਾ ਹੈ ਪਰ ਪੰਜਾਬੀ ਦੀ ਬਣਤਰ ਵਿਚ ਕੈਕੇਈ ਤੇ ਸ਼ੌਰਸੇਨੀ ਪ੍ਰਾਕ੍ਰਿਤਾਂ ਦਾ ਪ੍ਰਭਾਵ ਹੈ।

ਮੂਲ ਰੂਪ ਵਿਚ ਵੇਰਵਾ ਇਉਂ ਹੈ

ਪੂਰਵ ਮੱਧਕਾਲ ਦੀ ਪ੍ਰਾਕ੍ਰਿਤ ਭਾਸ਼ਾ	ਉੱਤਰ ਮੱਧ ਕਾਲ ਦੀ ਪ੍ਰਾਕ੍ਰਿਤ ਭਾਸ਼ਾ	ਨਿਰਮਾਣ ਕਾਲ ਦੀ ਪ੍ਰਭਾਵਕਾਰੀ ਭਾਸ਼ਾ	ਆਧੁਨਿਕ ਭਾਰਤੀ ਆਰੀਆ ਭਾਸ਼ਾ
ਕੈਕਯ (ਕੈਕਈ) ਟੱਕ	ਕੈਕੇਯ ਟੱਕ	ਪੈਸ਼ਾਚੀ, ਵ੍ਰਾਚੜ, ਟੱਕ ਕੈਕੇਯ, ਸ਼ੌਰਸੇਨੀ	ਲਹਿੰਦੀ ਪੰਜਾਬੀ (ਪੂਰਬੀ)

ਕੈਕੇਈ ਅਤੇ ਪੰਜਾਬੀ ਦੇ ਜਣਨਿਕ ਸੰਬੰਧ : ਤੁਲਨਾਤਮਕ ਪੁਨਰ-ਉਸਾਰੀ

genetic relationship of Kekai and Punjabi : comparative reconstruction

ਕੈਕੇਈ, ਟੱਕੀ, ਮਦ੍ਰ, ਬਾਹਲੀਕੀ ਆਦਿ ਪੰਜਾਬ ਦੀਆਂ ਅਣਗੌਲੀਆਂ ਲਘੂ ਲੋਕ-ਪ੍ਰਾਕ੍ਰਿਤ ਬੋਲੀਆਂ ਨਾਲ ਅਜੋਕੀ ਪੰਜਾਬੀ (ਟਕਸਾਲੀ, ਤੇ ਪੰਜਾਬੀ ਉਪ-ਬੋਲੀਆਂ) ਦੇ ਜੈਨੇਟਿਕ ਰਿਸ਼ਤਿਆਂ ਦੀ ਪਛਾਣ ਕਰਨ ਦੇ ਜਤਨ ਵਿਚ ਜਦੋਂ ਅਸੀਂ ਤੁਲਨਾਤਮਕ ਪੁਨਰ-ਸਿਰਜਨਾ ਜਾਂ ਟਾਕਰਾਤਮਕ ਅਧਿਐਨ-ਮਾਡਲ ਪੇਸ਼ ਕਰਨ ਦੀ ਗੱਲ ਤੋਰਨੀ ਹੈ ਤਾਂ ਇਸ ਮੌਕੇ ਤੇ ਕੁਝ ਕੁ ਜ਼ਰੂਰੀ ਇਤਿਹਾਸਕ ਤੱਥਾਂ ਵੱਲ ਧਿਆਨ ਕਰਨਾ ਲੋੜੀਂਦਾ ਹੈ।

ਏਥੇ ਇਸ ਸਿਲਸਿਲੇ ਵਿਚ ਸਭ ਤੋਂ ਪਹਿਲਾ ਇਸ ਇਤਿਹਾਸਕ ਤੱਥ ਉੱਤੇ ਨਜ਼ਰਸਾਨੀ ਕਰਨੀ ਜ਼ਰੂਰੀ ਹੈ ਕਿ ਮੱਧ ਯੁਗ ਵਿਚ ਜਿੰਨੇ ਵੀ ਪ੍ਰਾਕ੍ਰਿਤ-ਭਾਸ਼ਾਵਾਂ ਸੰਬੰਧੀ ਵਿਆਕਰਣ-ਗ੍ਰੰਥ ਰਚੇ ਗਏ ਹਨ (ਜਿਹੜੇ ਕਿ ਛੇਵੀਂ ਸਦੀ ਈ. ਤੋਂ ਰਚੇ ਜਾਣੇ ਸ਼ੁਰੂ ਹੋ ਗਏ ਸਨ) ਉਨ੍ਹਾਂ ਵਿਚੋਂ ਆਚਾਰੀਆ ਪੁਰਸ਼ੋਤੱਮ, ਰਾਮ ਸ਼ਰਮਾ ਤਰਕ-ਵਾਗੀਸ਼, ਅਤੇ ਮਾਰਕੰਡੇਯ ਦੁਆਰਾ ਰਚਿਤ ਪ੍ਰਾਕ੍ਰਿਤ-ਵਿਆਕਰਣ ਹੀ ਅਜਿਹੇ ਹਨ ਜਿਨ੍ਹਾਂ ਵਿਚ ਵਿਸ਼ਾਲ ਸੰਜੁਗਤ ਪ੍ਰਾਚੀਨ ਪੰਜਾਬ ਦੀਆਂ ਕੈਕੇਈ, ਟੱਕੀ ਆਦਿ ਬੋਲਚਾਲੀ ਲੋਕ-ਪ੍ਰਾਕ੍ਰਿਤ ਬੋਲੀਆਂ ਦਾ ਕਥਨ ਤੇ ਵਰਣਨ ਹੋਇਆ ਮਿਲਦਾ ਹੈ। ਪਰ ਇਨ੍ਹਾਂ ਤੋਂ ਬਿਨਾ ਬਾਕੀ ਦੇ ਪੂਰਵਵਰਤੀ ਵਿਆਕਰਣ-ਆਚਾਰੀਆ-ਗਣ ਇਨ੍ਹਾਂ ਲੋਕ-ਸੀਮਤ ਲਘੂ ਪ੍ਰਾਕ੍ਰਿਤਾਂ ਬਾਰੇ ਖ਼ਾਮੋਸ਼ ਹੋਏ ਲਭਦੇ ਹਨ। ਇਸ ਲਈ ਲੋਕ-ਕੰਠਾਂ ਵਿਚ ਬਿਰਾਜਮਾਨ ਇਨ੍ਹਾਂ ਲੋਕ-ਪ੍ਰਾਕ੍ਰਿਤ/ਅਪਭ੍ਰੰਸ਼ਾਂ ਦੀ ਹਸਤੀ-ਹੋਂਦ ਨੂੰ ਪਛਾਣਨ ਅਤੇ ਉਭਾਰਨ ਦਾ ਸਿਹਰਾ ਇਨ੍ਹਾਂ ਤ੍ਰੈਵੇ ਪ੍ਰਾਕ੍ਰਿਤ-ਵਿਗਿਆਨੀ ਵਿਆਕਰਣ-ਆਚਾਰੀਆ ਦੇ ਸਿਰਾਂ 'ਤੇ ਹੀ ਬੱਝਦਾ ਹੈ, ਇਸ ਵਿਚ ਕੋਈ ਸ਼ੱਕ ਨਹੀਂ ਹੈ।

ਪੁਰਸ਼ੋਤੱਮ, ਰਾਮ ਸ਼ਰਮਾ, ਅਤੇ ਮਾਰਕੰਡੇਯ ਦੇ ਪ੍ਰਾਕ੍ਰਿਤ-ਵਿਆਕਰਣ ਇਕ ਤਰ੍ਹਾਂ ਨਾਲ ਤਸਦੀਕ-ਸ਼ੁਦਾ ਦਸਤਾਵੇਜ਼ੀ ਟੈਕਸਟ ਹਨ ਜੋ ਕਿ ਇਤਿਹਾਸਕ ਭਾਸ਼ਾਈ ਤੱਥ-ਸਾਮਗ੍ਰੀ ਮੁਹਈਆ ਕਰਨ ਵੱਲ ਮਦਦਗਾਰ ਸਾਬਤ ਹੁੰਦੇ ਹਨ। ਪਰ ਇਹ ਦਸਤਾਵੇਜ਼ ਤੇ ਪਾਠਗਤ ਟੈਕਸਟ ਸਮਸਿਆ-ਗ੍ਰਸਤ ਵੀ ਹਨ, ਕਿਉਂਕਿ ਸਭ ਤੋਂ ਵੱਡੀ ਸਮਸਿਆ ਤਾਂ ਇਹ ਹੈ ਕਿ ਇਨ੍ਹਾਂ ਹਵਾਲਾ-ਅਧੀਨ ਵਿਆਕਰਣਾਂ ਵਿਚ ਜਿਨ੍ਹਾਂ ਭਾਸ਼ਾਵਾਂ/ਵਿਭਾਸ਼ਾਵਾਂ ਦੇ ਵਿਆਕਰਣਿਕ ਵੇਰਵੇ ਤੇ ਵਰਣਨ ਉਲੀਕੇ ਗਏ ਹਨ ਉਹ (ਭਾਸ਼ਾਵਾਂ, ਵਿਭਾਸ਼ਾਵਾਂ) ਆਪਣੀਆਂ ਪੂਰਬਲੀਆਂ ਅਸਲੀ ਬੋਲਚਾਲ ਦੀਆਂ ਜ਼ਬਾਨੀ (spoken) ਬੋਲੀਆਂ ਦੀਆਂ ਸਮਕਾਲੀ ਪ੍ਰਤਿਨਿਧ ਭਾਸ਼ਾਵਾਂ ਨਹੀਂ ਹਨ। ਇਨ੍ਹਾਂ ਵਿਆਕਰਣ-ਬੱਧ ਦਸਤਾਵੇਜ਼ੀ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦੇ, ਅਤੇ ਇਨ੍ਹਾਂ ਦੀਆਂ ਆਧਾਰ-ਰੂਪ ਤਤਕਾਲੀ ਪ੍ਰਚਲਿਤ ਮੌਖਿਕ ਲੋਕ ਪ੍ਰਾਕ੍ਰਿਤ ਬੋਲੀਆਂ ਦੇ ਦਰਮਿਆਨ ਸਦੀਆਂ-ਬੱਧੀ ਵਕਫ਼ੇ ਅਤੇ ਅੰਤਰਾਲ ਪੈਦਾ ਹੋਏ ਹਨ। ਫੇਰ ਵੀ ਵਿਦਵਾਨਾਂ ਨੇ ਇਨ੍ਹਾਂ ਹੋ-ਬੀਤੀਆਂ ਪ੍ਰਾਕ੍ਰਿਤਾਂ-ਅਪਭ੍ਰੰਸ਼-ਭਾਸ਼ਾਵਾਂ ਨੂੰ ਸੰਸਕ੍ਰਿਤ ਨਾਟਕਾਂ ਅਤੇ ਵਿਆਕਰਣਾਂ ਵਿਚ ਸੰਭਾਲ ਕੇ ਰੱਖਣ ਦਾ ਪ੍ਰਸ਼ੰਸਨੀ ਕਾਰਨਾਮਾ ਸਰਅੰਜਾਮ ਦਿੱਤਾ ਹੈ।

ਕੋਲਿਨ ਮਸੀਕਾ [1911 : 60] ਨੇ ਇਸ ਇਤਿਹਾਸਕ ਤੱਥ ਨੂੰ ਵਾਰ ਵਾਰ ਦੁਹਰਾਇਆ ਹੈ ਅਤੇ ਲਿਖਿਆ ਹੈ, ਕਿ ਭਾਰਤੀ ਆਰੀਆ ਪ੍ਰਾਕ੍ਰਿਤ-ਭਾਸ਼ਾਵਾਂ ਆਦਿ ਦੇ ਲਿਖਤੀ ਦਸਤਾਵੇਜ਼ ਕਈ ਵਾਰ ਆਪਣੀਆਂ ਅਸਲੀ ਬੋਲਚਾਲੀ ਲੋਕ-ਪ੍ਰਾਕ੍ਰਿਤਾਂ ਨਾਲੋਂ ਸੈਂਕੜੇ ਸਾਲਾਂ ਦੀ ਵਿਥ 'ਤੇ ਹੀ ਮਗਰੋਂ ਰਿਕਾਰਡ-ਬੱਧ ਹੋਏ ਹਨ। ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦੇ ਟੈਕਸਟ ਅਧਿਐਨ ਕਰਨ ਦੇ ਅਮਲ ਵਿਚ ਇਹ ਇਕ ਭਾਰੀ ਕਾਲ-ਦੋਸ਼ (anachronism) ਮੰਨਿਆ ਜਾਂਦਾ ਹੈ ਜੋ ਕਿ ਸਾਡੇ ਹਥਲੇ ਖੋਜ-ਕਾਰਜ ਵਿਚ ਵੀ ਮੌਜੂਦ ਹੈ।

ਆਚਾਰੀਆ ਮਾਰਕੰਡੇਯ ਆਪਣੇ ਪ੍ਰਾਕ੍ਰਿਤ-ਵਿਆਕਰਣ "ਪ੍ਰਾਕ੍ਰਿਤ ਸਰਵਸ੍ਵ" ਦੀ ਰਚਨਾ ਉਸ ਸਮੇਂ ਕਰ ਰਿਹਾ ਸੀ ਜਦੋਂ ਪ੍ਰਾਕ੍ਰਿਤ ਪੈਸਾਚੀ ਅਤੇ ਅਪਭ੍ਰੰਸ਼ ਦੇ ਪ੍ਰਚਲਨ-ਯੁਗ ਨੂੰ ਸਮਾਪਤ ਹੋਏ ਕੋਈ 500 ਸਾਲ ਬੀਤ ਚੁਕੇ ਸਨ ਅਤੇ ਜਦੋਂ ਸਾਡੀਆਂ ਅਜੋਕੀਆਂ ਭਾਰਤੀ ਭਾਸ਼ਾਵਾਂ ਆਪਣੀ ਆਪਣੀ ਵਿਲੱਖਣ ਪਛਾਣ ਬਣਾਉਣ ਵਿਚ ਸਮਰਥ ਹੋ ਚੁੱਕੀਆਂ ਸਨ। ਪਰ ਫੇਰ ਵੀ ਮਾਰਕੰਡੇਯ ਨੇ ਮੱਧਕਾਲੀ ਪ੍ਰਾਕ੍ਰਿਤ-ਯੁਗ ਦੇ ਵਿਭਿੰਨ ਭਾਸ਼ਕ ਪੱਧਰਾਂ ਦਾ ਵਰਣਨ ਕੀਤਾ ਹੈ ਅਤੇ ਪ੍ਰਾਕ੍ਰਿਤ ਦੇ ਚੌਮੁਖੀ ਭਾਸ਼ਕ ਸੰਕਲਪਾਂ ਦੇ ਅਧੀਨ (ਅਰਥਾਤ

ਭਾਸ਼ਾ, ਵਿਭਾਸ਼ਾ, ਅਪਭ੍ਰੰਸ਼, ਪੈਸ਼ਾਚਿਕਾ) ਅਨੇਕ ਪ੍ਰਮੁਖ ਪ੍ਰਾਕ੍ਰਿਤਾਂ ਦੇ ਅਤੇ ਹੋਰ ਲਘੂ ਸਥਾਨਿਕ ਪ੍ਰਾਕ੍ਰਿਤ-ਬੋਲੀਆਂ ਦੇ ਭੇਦਾਂ-ਪ੍ਰਭੇਦਾਂ ਦੀ ਭਾਸ਼ਾਗਤ ਜਾਣਕਾਰੀ ਦੇਣ ਦੀ ਸਫਲ ਕੋਸ਼ਿਸ਼ ਕੀਤੀ ਹੈ ।

ਇਕ ਹੋਰ ਬਿਖਮ ਸਮੱਸਿਆ ਇਹ ਵੀ ਹੈ ਕਿ ਵਿਆਕਰਣ, ਕਾਵਿ-ਸਾਹਿਤ ਅਤੇ ਹੋਰ ਦਸਤਾਵੇਜ਼ੀ ਲਿਖਤ-ਬੱਧ ਕਰਨ ਦੀ ਜਿਹੜੀ ਲੜੀਬੱਧ ਪਰੰਪਰਾ ਜਾਰੀ ਰਹੀ ਸੀ ਉਹ ਪਿਛਲੇਰੇ ਅਪਭ੍ਰੰਸ਼-ਕਾਲ ਅਤੇ ਮੁਢਲੇਰੇ ਆਧੁਨਿਕ ਭਾ. ਆ. ਭਾਸ਼ਾ-ਕਾਲ ਦੇ ਦੌਰਾਨ ਗੁੰਮ ਹੋਈ ਦਿੱਸਦੀ ਹੈ । ਇਸ (later MIA—earlier NIA) ਸੰਕ੍ਰਾਂਤੀ-ਕਾਲ ਵਿਚ ਕਈਆਂ ਭਾਰਤੀ ਆਧੁਨਿਕ ਭਾਸ਼ਾਵਾਂ ਵਿਚ ਕੋਈ ਮੂਲ-ਟੈਕਸਟ ਜਾਂ ਕੋਈ ਲਿਖਤ ਨਮੂਨੇ ਵਜੋਂ ਉੱਕਾ ਹੀ ਨਹੀਂ ਮਿਲਦੀ, ਅਤੇ ਭਾਰਤ ਦੇ ਪੱਛਮੋਤਰੀ ਅੰਚਲ ਪੰਜਾਬ-ਸਿੰਧ ਦੀਆਂ ਭਾਸ਼ਾਵਾਂ ਵਿਚ ਤਾਂ ਖ਼ਾਸ ਕਰ ਕੇ, ਇਹੋ ਦਰਮਿਆਨੀ ਕਾਲ-ਖੰਡ ਨਿਰਾ ਸੁੰਨਾ ਸੁੰਨਾ ਤੇ ਬਾਂਝ ਹੀ ਪ੍ਰਤੀਤ ਹੁੰਦਾ ਹੈ ।*

ਇਸ ਤਰ੍ਹਾਂ 800 ਈ. ਤੋਂ 1200 ਈ. ਦੇ ਵਕਫ਼ੇ ਦੇ ਦੌਰਾਨ ਆਦਿ-ਪੰਜਾਬੀ ਜਾਂ ਪੁਰਾਤਨ ਪੰਜਾਬੀ ਵਿਚ ਰਚੀ ਹੋਈ ਕੋਈ ਉੱਘੀ ਤਸਦੀਕੀ ਦਸਤਾਵੇਜ਼ੀ ਰਚਨਾ ਨਹੀਂ ਮਿਲਦੀ ਜਿਸ ਤੋਂ ਉਦੈ ਹੋ ਰਹੀ ਮੁਢਲੀ ਪੰਜਾਬੀ ਬੋਲੀ ਦੀ ਸਨਾਖ਼ਤੀ ਪਛਾਣ ਕੀਤੀ ਜਾ ਸਕੇ ਅਤੇ ਉਸਦੀ ਸਰੋਤ-ਭਾਸ਼ਾ ਦਾ ਕੋਈ ਇਤਿਹਾਸਕ ਸੁਰਾਗ ਉਪਲਬਧ ਹੋ ਸਕੇ । ਇਨ੍ਹਾਂ ਹਾਲਤਾਂ ਵਿਚ ਸਾਨੂੰ ਮੁੜ-ਘਿੜ ਕੇ ਮਾਰਕੰਡੇਯ, ਰਾਮ ਸ਼ਰਮਾ, ਪੁਰਸ਼ੋਤਮ ਆਦਿ ਭਾਸ਼ਾ-ਵਿਆਕਰਣੀਆਂ ਦੁਆਰਾ ਪ੍ਰਦਾਨ ਕੀਤੀ ਤੱਥ-ਸਾਮਗ੍ਰੀ ਉੱਤੇ ਹੀ ਨਿਰਭਰ ਹੋਣਾ ਪੈਂਦਾ ਹੈ ।

ਇਸ ਲਈ ਇਨ੍ਹਾਂ ਤਿੰਨਾਂ ਪੂਰਵੋਕਤ ਵਿਆਕਰਣ-ਆਚਾਰੀਆਂ ਦੀਆਂ ਲਿਖਤਾਂ ਦੀ ਇਕ ਨਿਵੇਕਲੀ ਮਹੱਤਤਾ ਹੈ । ਅਜਿਹੇ ਕਿੱਲਤ-ਭਰੇ ਵਾਤਾਵਰਣ ਵਿਚ ਤੁਲਨਾਤਮਕ-ਪੁਨਰ ਨਿਰਮਾਣ (comparative reconstruction) ਦਾ ਮਾਡਲ ਹੀ ਕਾਰਗਰ ਸਾਬਤ ਹੋ ਸਕਦਾ ਹੈ । ਇਨ੍ਹਾਂ ਪ੍ਰਾਕ੍ਰਿਤ ਵਿਆਕਰਣਾਂ ਵਿਚ ਤਤਕਾਲੀਨ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਦੀ ਇਤਿਹਾਸਕ ਫੋਨਾਲੋਜੀ ਅਤੇ ਇਤਿਹਾਸਕ ਮਾਰਫਾਲੋਜੀ (historical phonology and morphology) ਦਾ ਹੀ ਵਿਵੇਚਨ ਕੀਤਾ ਗਿਆ ਹੈ, ਜਿਸ ਵਿਚ ਪ੍ਰਾਚੀਨ ਕਲੈਸੀਕਲ ਭਾਸ਼ਾ ਸੰਸਕ੍ਰਿਤ ਨੂੰ ਆਧਾਰ ਬਣਾ ਕੇ ਪ੍ਰਾਕ੍ਰਿਤਾਂ ਦੇ ਧੁਨੀਆਤਮਕ ਤੇ ਸ਼ਬਦ-ਰੂਪਾਤਮਕ ਰੂਪਾਂਤਰਣ ਉਧ੍ਰਿਤ ਕੀਤੇ ਗਏ ਹਨ । ਇਸ ਭੂਮਿਕਾ ਵਿਚ ਮਾਰਕੰਡੇਯ ਆਦਿ ਆਚਾਰੀਆਂ ਵਲੋਂ ਕੈਕੇਈ ਪ੍ਰਾਕ੍ਰਿਤ-ਅਪਭ੍ਰੰਸ਼ ਅਤੇ ਕੈਕੇਈ ਪੈਸ਼ਾਚਿਕਾ ਬਾਰੇ ਕੀਤੇ ਗਏ ਵਰਤਾਰੇ ਨੂੰ ਸਮਝਣਾ ਚਾਹੀਦਾ ਹੈ । ਇਸ ਵਰਤਾਰੇ ਵਿਚ ਪ੍ਰਾਚੀਨ ਭਾ. ਆ. ਭਾਸ਼ਾ, ਮੱਧਕਾਲੀਨ ਭਾ. ਆ. ਭਾਸ਼ਾ ਅਤੇ ਆਧੁਨਿਕ ਭਾ. ਆ. ਭਾਸ਼ਾ (ਪੰਜਾਬੀ ਭਾਸ਼ਾ ਦੀ ਸ਼ਕਲ ਵਿਚ) ਇਹ ਤਿੰਨ ਭਾਸ਼ਾਈ ਧਾਰਾਵਾਂ ਇਸ ਤੁਲਨਾਤਮਕ ਅਧਿਐਨ ਵਿਚ ਸ਼ਾਮਲ ਹੁੰਦੀਆਂ ਹਨ । ਮੁੱਦਾ ਇਹ ਹੈ ਕਿ ਇਸ ਬਹੁਭਾਸ਼ਕ ਅਧਿਐਨ ਦੁਆਰਾ ਪੰਜਾਬੀ ਦੀ ਸਰੋਤ-ਭਾਸ਼ਾ ਦੇ ਕਿਸੇ ਰਾਜ਼ (ਰਹੱਸਯ) ਦਾ ਪਰਦਾ ਹਟਾ ਕਰਕੇ ਇਸ ਦੇ (ਪੰਜਾਬੀ ਦੇ) ਜਣਨਿਕ ਸੋਮਿਆਂ ਦੀ ਸਮਸਿਆ

---

* "The most serious obstacle in the path of Indo-Aryan historical linguistics, however, is the paucity of data pertaining to the late MIA and early NIA periods, and the transition between them ... for several major languages (Punjabi, Sindhi) there is no data at all from the early NIA period." Masica P. Colin, 1991 : 54.

ਹੱਲ ਕੀਤੀ ਜਾ ਸਕੇ ।

ਏਥੇ ਇਹ ਵੀ ਜ਼ਿਕਰ-ਯੋਗ ਹੈ ਕਿ ਮਾਰਕੰਡੇਯ ਨੇ ਆਪਣੇ ਵਿਆਕਰਣ-ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਵਿਚ ਕੈਕੇਈ ਅਪਭ੍ਰੰਸ਼ ਜਾਂ ਕੈਕੇਈ ਪੈਸ਼ਾਚੀ ਪ੍ਰਾਕ੍ਰਿਤ ਦੀਆਂ ਧੁਨੀਆਂ ਦੀ ਮਹਜ਼ ਗਿਣਤੀ-ਸੂਚੀ ਨਹੀਂ ਦਿੱਤੀ ਬਲਕਿ ਧੁਨੀਆਂ ਦੇ ਇਤਿਹਾਸਕ ਰੂਪਾਂਤਰਣ/ਪਰਿਵਰਤਨ ਦੀ ਕਿਰਿਆ ਹੀ ਪੇਸ਼ ਕੀਤੀ ਹੈ, ਅਤੇ ਉਹ ਵੀ ਅਤਿ ਸੰਖੇਪ ਸੂਤ੍ਰ-ਸ਼ੈਲੀ ਵਿਚ ।

ਕੈਕੇਈ ਭਾਸ਼ਾ ਇਕ ਅਪਭ੍ਰੰਸ਼ ਦੇ ਤੌਰ 'ਤੇ

ਜਿਵੇਂ ਕਿ ਪਿਛਲੇ ਪੰਨਿਆਂ ਤੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਆਚਾਰੀਆ ਮਾਰਕੰਡੇਯ ਨੇ ਕੈਕੇਈ (ਕੈਕੇਯੀ) ਨੂੰ ਪ੍ਰਾਕ੍ਰਿਤ ਦੇ ਦੋ ਵਰਗਾਂ ਵਿਚ ਸ਼ਾਮਲ ਕੀਤਾ ਹੈ, ਇਕ ਅਪਭ੍ਰੰਸ਼-ਵਰਗ ਹੈ ਅਤੇ ਦੂਜਾ ਪੈਸ਼ਾਚੀ ਵਰਗ ਹੈ । "ਪ੍ਰਾਕ੍ਰਿਤ ਸਰਵਸ੍ਵ" ਨਾਮਕ ਪ੍ਰਾਕ੍ਰਿਤ ਵਿਆਕਰਣ ਗ੍ਰੰਥ ਵਿਚ ਮਾਰਕੰਡੇਯ ਨੇ ਅਪਭ੍ਰੰਸ਼-ਵਰਗ ਦੇ ਅੰਤਰਗਤ ਇੱਕੀ (21) ਲੋਕ-ਅਪਭ੍ਰੰਸ਼-ਬੋਲੀਆਂ ਦੇ ਖ਼ਾਸ ਖ਼ਾਸ ਲੱਛਣ, ਫਾਰਮੂਲਿਆਂ ਵਾਂਗੂ ਸੂਤ੍ਰ ਰੂਪ ਵਿਚ ਨਿਰੂਪਣ ਕੀਤੇ ਹਨ [7] ਜੋ ਕਿ ਸੰਬੰਧਿਤ ਅਪਭ੍ਰੰਸ਼ ਦੇ ਪਛਾਣ-ਚਿੰਨ੍ਹ ਬਣ ਨਿਬੜੇ ਹਨ । ਇਸ ਵਿਚ ਕੈਕੇਈ ਅਪਭ੍ਰੰਸ਼ ਨੂੰ ਵੀ ਸ਼ਾਮਲ ਕੀਤਾ ਹੈ । ਵੱਖ ਵੱਖ ਅਪਭ੍ਰੰਸ਼ਾਂ ਦੇ ਸੂਤ੍ਰਾਤਮਕ ਲੱਛਣਾਂ ਦਾ ਵੇਰਵਾ ਹੇਠਾਂ ਇਕ ਰੇਖਾ-ਚਿਤਰ ਵਿਚ ਦਰਜ ਕੀਤਾ ਜਾਂਦਾ ਹੈ ।

ਮਾਰਕੰਡੇਯ ਦੇ ਅਨੁਸਾਰ ਅਪਭ੍ਰੰਸ਼ ਬੋਲੀਆਂ ਦੇ ਸੂਤ੍ਰਮਈ ਲੱਛਣਾਂ ਦਾ ਵੇਰਵਾ

(1) ਟੱਕੀ	: (ੳ) ਟੱਕ ਭਾਸ਼ਾ ਨਾਗਰ ਅਪਭ੍ਰੰਸ਼ ਤੇ ਉਪ-ਨਾਗਰ ਅਪਭ੍ਰੰਸ਼ ਦਾ ਸੁਮੇਲ ਹੈ । (ਅ) ਇਸ ਟੱਕ ਭਾਸ਼ਾ ਵਿਚ ਸੰਸਕ੍ਰਿਤ ਦੀ ਆਮਿਜ਼ਸ਼ ਹੈ ।
(2) ਮਾਲਵੀ	: ਮਾਲਵੀ "ਤੁ" ਬਹੁਤਾਇਤ ਵਾਲੀ ਅਪਭ੍ਰੰਸ਼ ਹੈ ।
(3) ਪਾਂਚਾਲੀ	: ਪਾਂਚਾਲੀ ਵਾੜੀ-ਪ੍ਰਧਾਨ ਭਾਸ਼ਾ ਹੈ ।
(4) ਵੈਦਰਭੀ	: ਵੈਦਰਭੀ ਅਪਭ੍ਰੰਸ਼ ਵਿਚ /-ਉੱਲ/ਦੀ ਪ੍ਰਧਾਨਤਾ ਹੈ ।
(5) ਲਾਟੀ	: ਲਾਟੀ ਵਿਚ ਸੰਬੋਧਨ ਦੀ ਬਹੁਲਤਾ ਹੈ ।
(6) ਔਡ੍ਰੀ	: ਔਡ੍ਰੀ ਅਪਭ੍ਰੰਸ਼ ਵਿਚ /ਈ, ਊ/ ਦੀ ਬਹੁਤਾਇਤ ਹੈ ।
(7) ਕੈਕੇਈ	: ਕੈਕੇਯੀ "ਵੀਪਸਾ" ਵਾਲੀ ਅਪਭ੍ਰੰਸ਼ ਹੈ ।
(8) ਗੌਡੀ	: ਗੌਡੀ ਜਾਂ ਗੌੜੀ ਸਮਾਸ-ਪ੍ਰਧਾਨ ਅਪਭ੍ਰੰਸ਼ ਹੈ ।
(9) ਕੌਂਤਲੀ	: ਕੌਂਤਲੀ ਵਿਚ ਡ-ਧੁਨੀ ਦੀ ਪ੍ਰਧਾਨਤਾ ਹੈ ।
(10) ਪਾਂਡਯਾ	: ਪਾਂਡਯਾ ਅਪਭ੍ਰੰਸ਼ "ਏਕਾਰਿਣੀ" ਹੈ ।
(11) ਕਾਲਿੰਗੀ	: ਕਾਲਿੰਗੀ "ਹਿ"-ਯੁਕਤ ਭਾਸ਼ਾ ਹੈ ।
(12) ਪ੍ਰਾਚਯਾ	: ਪ੍ਰਾਚਯਾ ਜਾਂ ਪੂਰਬੀ ਅਪਭ੍ਰੰਸ਼ ਵੱਖ ਵੱਖ ਇਲਾਕਿਆਂ ਦੀਆਂ ਬੋਲੀਆਂ ਤੋਂ ਪ੍ਰਭਾਵਿਤ ਹੈ ।
(13) ਆਭੀਰੀ	: ਆਭੀਰੀ ਜਾਂ ਅਹੀਰਾਂ ਦੀ ਅਪਭ੍ਰੰਸ਼ ਵਿਚ ਭੱਟ ਆਦਿ ਬੋਲੀਆਂ ਦੀ ਭਰਮਾਰ ਹੈ ।
(14) ਕਾਰਣਾਟੀ	: ਕਰਣਾਟਕ ਦੀ ਅਪਭ੍ਰੰਸ਼ "ਕਾਰਣਾਟੀ" ਵਿਚ ਵਰਣ-ਵਟਾਂਦਰਾ ਬਹੁਤ ਹੈ ।
(15) ਮਧਯਦੇਸ਼ੀਯਾ	: ਮੱਧਦੇਸ਼ੀਯਾ ਅਪਭ੍ਰੰਸ਼ ਵਿਚ ਵੱਖ ਵੱਖ ਇਲਾਕਾਈ ਜ਼ਬਾਨਾਂ ਦੇ ਅੰਸ਼ ਪ੍ਰਧਾਨ ਹਨ ।
(16) ਗੌਰਜਰੀ	: ਗੁਰਜਰਾਂ ਦੀ ਅਪਭ੍ਰੰਸ਼ "ਗੌਰਜਰੀ" ਸੰਸਕ੍ਰਿਤ-ਬਹੁਲਾ ਹੈ /ਸੰਸਕ੍ਰਿਤ ਬਹੁਲਤਾ

ਵਾਲੀ ਹੈ ।

(17) ਪਾਸ਼ਚਾਤਯਾ : ਪੱਛਮੀ ਅਪਭ੍ਰੰਸ਼ "ਪਾਸ਼ਚਾਤਯਾ" ਵਿਚ /ਰ, ਲ, ਹ, ਭ/ ਦਾ ਉਲਟ-ਫੇਰ ਪ੍ਰਧਾਨ ਹੈ ।

(18) ਦ੍ਰਾਵਿੜੀ : ਦ੍ਰਾਵਿੜੀ ਵਿਚ "ਰ" ਦਾ ਉਲਟ-ਫੇਰ ਹੁੰਦਾ ਹੈ ।

(19) ਵੈਤਾਲਿਕੀ : ਵੇਤਾਲਾ ਦੀ ਅਪਭ੍ਰੰਸ "ਵੈਤਾਲਿਕੀ" ਵਿਚ /ਤ/ ਦੀ ਬਹੁਲਤਾ ਹੈ ।

(20) ਕਾਂਚੀ : ਕਾਂਚੀ ਅਪਭ੍ਰੰਸ਼ ਵਿਚ /ਏ, ਓ/ ਦੀ ਬਹੁਤਾਇਤ ਹੈ ।*

ਉਪਰੋਕਤ ਵਿਵਰਣ ਤੋਂ ਸਪਸ਼ਟ ਹੈ ਕਿ ਮਾਰਕੰਡੇਯ ਨੇ ਕੈਕੇਈ ਭਾਸ਼ਾ ਨੂੰ ਪਹਿਲਾ ਇਕ ਅਪਭ੍ਰੰਸ਼ ਦੇ ਤੌਰ ਤੇ (ਖ਼ਾਸ ਕਰਕੇ ਇਲਾਕਾਈ ਲਘੂ ਅਪਭ੍ਰੰਸ਼ ਦੇ ਤੌਰ ਤੇ) ਸ਼ਾਮਲ ਕੀਤਾ ਹੈ । ਕੈਕੇਈ ਨੂੰ ਬਤੌਰ ਲਘੂ ਅਪਭ੍ਰੰਸ਼ ਸ਼ਾਮਲ ਕਰਕੇ, ਇਸ (ਕੈਕੇਈ) ਦੀ ਪ੍ਰਮੁਖ ਵਿਲੱਖਣ ਭਾਸ਼ਕ ਵਿਸ਼ੇਸ਼ਤਾ ਦਾ ਬਿਆਨ ਇਕ ਸੂਤ੍ਰ ਵਿਚ ਕੀਤਾ ਹੈ । ਸੂਤ੍ਰ ਇਹ ਹੈ :

"ਸਵੀਪਸਾ ਕੈਕੇਜੀ" (ਪ੍ਰਾਕ੍ਰਿਤ ਸਰਵਸ੍ਵ, ਅਠਾਰ੍ਹਵਾਂ ਪਾਦ)=(ਸਵੀਪ੍ਸਾ ਕੈਕੇਈ) ਨਿਰੁਕਤੀ ਦੇ ਪੱਖ ਤੋਂ (etymologcially), "ਸਵੀਪਸਾ" ਵਿਚ ਦੋ ਸ਼ਬਦੀ ਇਕਾਈਆਂ ਦਾ ਮੇਲ ਹੈ। ਇਕਾਈਆਂ ਦਾ ਅੰਗ-ਨਿਖੇੜ ਇਉਂ ਹੈ :

(ਸਵੀਪਸਾ = ਸ +ਵੀਪਸਾ, ਅਰਥਾਤ ਵੀਪਸਾ ਸਹਿਤ = ਸਵੀਪਸਾ)

ਅਗੋਂ 'ਵੀਪਸਾ' ਸੰਸਕ੍ਰਿਤ ਸ਼ਬਦ ਹੈ ਜਿਸ ਦਾ ਅਰਥ ਹੈ ਦੁਹਰਾਉ, ਉਕਤੀ ਦਾ ਦੁਹਰਾਉ, ਦੁਹਰੁਕਤੀ, ਜਾਂ ਮੁੜ-ਮੁੜ ਉੱਚਾਰਣਾ, repetition, reduplication, ਆਦਿ। ਮੋਨੀਅਰ ਵਿਲੀਅਮਸ ਦੇ ਅਨੁਸਾਰ "ਵੀਪਸਾ ਦਾ ਇਕ ਅਰਥ repetition ਹੈ । ਮੂਲ ਟੈਕਸਟ ਪੇਸ਼ ਹੈ :

*(1) ਟੱਕੀ : ਟੱਕ ਦੇਸ਼ ਅਰਥਾਤ ਪੂਰਬੀ ਪੰਜਾਬ (2) ਮਾਲਵੀ : ਮੱਧ ਭਾਰਤ ਸਟੇਟ ਵਾਲਾ ਮਾਲਵਾ ਪ੍ਰਾਂਤ । (3) ਪਾਂਚਾਲੀ : ਪੰਚਾਲ ਪ੍ਰਦੇਸ਼ "ਕੁਰੂ ਪਾਂਚਾਲ" ਪ੍ਰਸਿੱਧ ਹੈ, ਦਰੋਪਦੀ ਨੂੰ ਪਾਂਚਾਲੀ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਪਿਤਾ ਦਰੁਪਦ ਪੰਚਾਲ ਦੇਸ਼ ਦੇ ਰਾਜਾ ਸਨ । (4) ਵੈਦਰਭੀ : ਵਿਦਰਭ ਪ੍ਰਦੇਸ ਵਿੰਧਿਆਚਲ ਦੇ ਦੱਖਣ ਵਿਚ ਗੋਦਾਵਰੀ ਨਦੀ ਤੋਂ ਉੱਤੇ ਵਲ ਅਤੇ ਔਰੰਗਾਬਾਦ ਤੋਂ ਪੂਰਬ ਦਾ ਦੇਸ ਜੋ ਅੱਜ ਕਲ ਬਰਾਰ ਹੈ । (5) ਲਾਟੀ : ਲਾਟ ਦੇਸ਼ ਪ੍ਰਾਚੀਨ ਗੁਜਰਾਤ ਪ੍ਰਾਂਤ ਵਿਚ । (6) ਔਡ੍ਰੀ : ਪ੍ਰਾਚੀਨ ਉੜੀਸਾ ਦਾ ਨਾਮ ਓਡ੍ਰ ਦੇਸ । (7) ਕੈਕੇਈ : ਪ੍ਰਾਚੀਨ ਪੱਛਮੀ ਪੰਜਾਬ ਦਾ ਨਾਮ ਕੈਕੇਯ ਦੇਸ਼ । (8) ਗੌੜੀ : ਬੰਗਾਲ ਦਾ ਇਕ ਹਿੱਸਾ ਗੌੜ ਹੈ, ਆਦਿ ਗ੍ਰੰਥ ਵਿਚ ਇਕ ਰਾਗ ਦਾ ਨਾਮ ਗਉੜੀ ਹੈ । (9) ਕੌਂਤਲੀ : ਕੁੰਤਲ ਪ੍ਰਦੇਸ਼ ਦੀ ਬੋਲੀ, ਮਦਰਾਸ ਹਾਤੇ ਦਾ ਇਕ ਭਾਗ ਕੁੰਤਲ ਹੈ । (10) ਪਾਂਡਯਾ : ਮਦਰਾਸ ਦੇ ਇਰਦ-ਗਿਰਦ ਵਸੇ ਪ੍ਰਾਚੀਨ ਪਾਂਡਯ ਰਾਜ ਦੀ ਬੋਲੀ । ਪਾਂਡਯ ਤੇ ਚੋਲ ਨੇੜੇ ਨੇੜੇ ਰਾਜ ਸਨ, ਮਲਯ ਪਰਬਤ ਇਸ ਵਿਚ ਸੀ । (11) ਕਾਲਿੰਗੀ : ਕਾਲਿੰਗ ਪ੍ਰਦੇਸ ਦੀ ਬੋਲੀ, ਕਲਿੰਗ ਉੜੀਸਾ ਦੇ ਦੱਖਣ ਵੱਲ ਸੀ, ਸਮੁੰਦਰੀ ਕਿਨਾਰੇ ਦੇ ਨੇੜੇ ਕਲਿੰਗ ਨਗਰ ਸੀ । (12) ਪ੍ਰਾਚਯਾ : ਪ੍ਰਾਚੀ ਦਿਸ਼ਾ ਅਰਥਾਤ ਪੂਰਬ ਵਿਚ ਹੋਣ ਵਾਲੀ ਭਾਸ਼ਾ, ਜਿਵੇਂ ਬਿਹਾਰ ਪ੍ਰਾਚੀਨ ਮਗਧ ਦੇਸ ਆਦਿ । (13) ਆਭੀਰੀ : ਆਭੀਰਾਂ ਯਾਨੀ ਅਹੀਰਾਂ ਦੀ ਅਪਭ੍ਰੰਸ (14) ਕਾਰਣਾਟੀ : ਅਜੋਕੇ ਕਰਣਾਟਕ ਪ੍ਰਾਂਤ ਦੀ ਅਪਭ੍ਰੰਸ ਕਾਰਣਾਟੀ । (15) ਮਧਯਦੇਸ਼ੀਯਾ : ਗੰਗਾ-ਜਮੁਨਾ ਦੇ ਦੁਆਬ ਨੂੰ, ਮੱਧ ਦੇਸ਼ ਕਿਹਾ ਜਾਂਦਾ ਹੈ, ਉਸ ਦੀ ਅਪਭ੍ਰੰਸ਼ ਭਾਸ਼ਾ । (16) ਗੌਰਜਰੀ : ਗੁਰਜਰਾਂ ਅਰਥਾਤ ਗੁੱਜਰਾਂ ਦੀ ਪ੍ਰਾਕ੍ਰਿਤ-ਅਪਭ੍ਰੰਸ਼, ਗੁਰਜਰ ਜਾਤੀ ਤੋਂ ਹੀ ਗੁਜਰਾਤ ਪ੍ਰਾਂਤ ਦਾ ਨਾਮਕਰਣ ਜਾਰੀ ਹੋਇਆ ਹੈ। (17) ਪਾਸ਼ਚਾਤਯਾ : ਪੱਛਮ ਦੀ ਅਪਭ੍ਰੰਸ ਭਾਸ਼ਾ, ਪੱਛਮ ਵਿਚ ਗੁਜਰਾਤ, ਸੌਰਾਸ਼ਟ੍ਰ, ਮਹਾਰਾਸ਼ਟ੍ਰ ਆਉਂਦੇ ਹਨ । (18) ਦ੍ਰਾਵਿੜੀ : ਦ੍ਰਵਿੜ ਦੇਸ ਦੀ ਭਾਸ਼ਾ, ਦੱਖਣੀ ਭਾਰਤ ਨੂੰ ਦ੍ਰਵਿੜ ਜਾਂ ਦ੍ਰਾਵਿੜ ਦੇਸ਼ ਕਿਹਾ ਜਾਂਦਾ ਹੈ । (19) ਵੈਤਾਲਿਕੀ : (20) ਕਾਂਚੀ : ਦ੍ਰਵਿੜ ਦੇਸ ਦੀ ਪ੍ਰਾਚੀਨ ਰਾਜਧਾਨੀ, ਅਜੋਕਾ ਨਾਂ ਕਾਂਜੀਵਰਮ ਹੈ (21) ਸੈਂਹਲੀ : ਸਿੰਹਲਦੀਪ (ਸ੍ਰੀਲੰਕਾ) ਦੀ ਪ੍ਰਾਕ੍ਰਿਤ-ਅਪਭ੍ਰੰਸ਼ ।

ਹੋਰ ਤਿੰਨ ਮੁੱਖ ਅਪਭ੍ਰੰਸ਼ਾਂ ਹਨ । (1) ਨਾਗਰ (2) ਉਪ-ਨਾਗਰ, (3) ਵ੍ਰਾਚੜ । ਨਾਗਰ ਅਪਭ੍ਰੰਸ਼ ਨਾਗਰ ਬ੍ਰਾਹਮਣਾਂ ਦੀ ਅਪਭ੍ਰੰਸ਼ ਹੈ ਜੋ ਗੁਜਰਾਤ ਪ੍ਰਾਂਤ ਵਿਚ ਅਧਿਕ ਹਨ । ਉਪਨਾਗਰ ਦੱਖਣੀ ਪੰਜਾਬ ਤੇ ਉੱਤਰੀ ਰਾਜਪੂਤਾਨਾ ਵਿਚ ਪ੍ਰਚਲਤ ਰਹੀ । ਵ੍ਰਾਚੜ ਅਪਭ੍ਰੰਸ਼ ਦਾ ਇਲਾਕਾ ਸਿੰਧ ਪ੍ਰਾਂਤ ਹੈ ।

"Repetition (esp. repetition of words to imply continuous or successive action); e.g. ਵ੍ਰਿਕਸ਼ੰ ਵ੍ਰਿਕਸ਼ੰ ਸਿੰਚਤਿ =(ਬ੍ਰਿਛ ਬ੍ਰਿਛ ਨੂੰ ਸਿੰਜਦਾ ਹੈ), he waters tree after tree; ਮੰਦੰ ਮੰਦੰ ਵਹਿਤ ਪਵਨਃ = (ਮੰਦ ਮੰਦ ਪੌਣ ਵਹਿੰਦੀ ਹੈ) gently gently breathes the wind."

Monier Williams, *Sanskrit=English Dictionary*, page 1005, Oxford, first edition 1899, reprint, New Delhi, 1994. ਇਸੇ ਤਰ੍ਹਾਂ ਡਾ ਗ੍ਰੀਅਰਸਨ ਨੇ ਕੈਕੇਈ ਅਪਭ੍ਰੰਸ਼ ਦੇ ਸੰਦਰਭ ਬਾਰੇ ਇਸ ਤਰ੍ਹਾਂ ਲਿਖਿਆ ਹੈ :

"Little is known about the linguistic ancestry of these languages..... We have no evidence as to the particular form of Apabhramsa spoken in the Lahnda area, except that Markandeya tells us that people who employed literary Apabhramsa in that locality, —the ancient Gandhara and Kekya— were fond of using a word twice over in order to indicate repetition or continuance." George Grierson, L.S.I. vol I, part I, page 136, N. Delhi 1967.

ਇਸ ਤਰ੍ਹਾ ਮਾਰਕੰਡੇਯ ਨੇ ਕੈਕੇਈ ਅਪਭ੍ਰੰਸ਼ ਦੀ ਜਿਹੜੀ ਸਭ ਤੋਂ ਵੱਡੀ ਉਚਾਰਣ-ਗਤ ਵਿਸ਼ੇਸ਼ਤਾ ਦਰਜ ਕੀਤੀ ਹੈ ਉਹ ਇਹ ਸੀ ਕਿ ਗਾਂਧਾਰ ਤੇ ਕੈਕਯ (ਪ੍ਰਾਚੀਨ ਪੰਜਾਬ) ਇਲਾਕਿਆਂ ਦੇ ਲੋਕਾਂ ਦੀ ਆਦਤ ਸੀ ਕਿ ਉਹ ਬੋਲਣ ਸਮੇਂ ਸ਼ਬਦਾਂ ਅਤੇ ਸ਼ਬਦਾਂਸ਼ਾਂ ਦਾ ਦੁਹਾਰਾਉ ਕਰਦੇ ਸਨ । ਦਸ-ਬਾਰਾਂ ਸਦੀਆਂ ਪਹਿਲੋਂ ਦੀ ਪੰਜਾਬ ਦੀ ਅਪਭ੍ਰੰਸ਼ ਦੀ ਜਿਹੜੀ ਵਿਲੱਖਣਤਾ ਪ੍ਰਸਿੱਧ ਸੀ ਉਹ ਅੱਜ ਵੀ ਪੰਜਾਬੀ (ਪੂਰਬੀ ਤੇ ਪੱਛਮੀ) ਦੇ ਉਚਾਰਣ ਵਿਚ ਝਲਕਦੀ ਹੈ । ਅੱਜ ਵੀ ਪੰਜਾਬੀ ਦੇ ਉਚਾਰਣ ਪੱਧਰ 'ਤੇ ਦੁਹਰੁਕਤੀ ਦੀ ਇਹ ਰੁਚੀ ਆਮ ਮਿਲਦੀ ਹੈ । "isomorphism of structrue" ਦੇ ਪੱਖ ਤੋਂ ਕੈਕੇਈ ਅਪਭ੍ਰੰਸ਼ ਦੀ ਉਚਾਰਗਤ ਸੰਰਚਨਾ ਦੀ ਸਮਰੂਪਤਾ ਪੰਜਾਬੀ ਉਚਾਰਣ ਵਿਚ ਢੇਰ ਸਾਰੀ ਮਾਤਰਾ ਵਿਚ ਉਪਲਬਧ ਹੁੰਦੀ ਹੈ ।

ਪੰਜਾਬੀ ਭਾਸ਼ਾ ਦੀ ਦੁਹਰੁਕਤੀ-ਮੂਲਕ ਉਚਾਰਨੀ ਪ੍ਰਵਿਰਤੀ ਦੇ ਸੰਬੰਧ ਵਿਚ ਪ੍ਰੋ. ਵੇਦ ਅਗਨੀਹੋਤਰੀ ਨੇ ਆਪਣੇ ਇਕ ਲੇਖ "ਪੰਜਾਬੀ ਵਿਚ ਦੁਹਰੁਕਤੀ" ਵਿਚ ਵਿਗਿਆਨਿਕ ਵਿਵੇਚਨ ਪੇਸ਼ ਕੀਤਾ ਹੈ । ਸ੍ਰੀ ਅਗਨੀਹੋਤਰੀ ਨੇ ਲਿਖਿਆ ਹੈ :

> *"ਦੁਹਰੁਕਤੀ ਇਕ ਨਿਵੇਕਲੀ ਕਿਸਮ ਦੀ ਰੂਪ-ਵਿਗਿਆਨਕ ਪ੍ਰਕਿਰਿਆ ਹੈ ਜੋ ਵਧੇਤਰ (affix) ਦਾ ਕਾਰਜ ਕਰਦੀ ਹੋਈ ਸੰਬੰਧਿਤ ਸ਼ਬਦ ਨੂੰ ਨਵੇਂ ਵਿਆਕਰਣਕ ਪਸਾਰ ਪ੍ਰਦਾਨ ਕਰਦੀ ਹੈ । (ਪੰਜਾਬੀ ਅਤੇ ਹੋਰ ਆਰੀਆ ਭਾਸ਼ਾਵਾਂ ਵਿਚ ਦੁਹਰੁਕਤੀ ਦਾ ਲੱਛਣ ਪ੍ਰਾਪਤ ਹੈ) ਪਰ ਹੋਰ ਆਰੀਆ ਭਾਸ਼ਾਵਾਂ ਦੇ ਟਾਕਰੇ ਉੱਤੇ ਪੰਜਾਬੀ ਵਿਚ ਦੁਹਰੁਕਤੀ ਚੋਖੀ ਜਟਿਲਤਾ ਵਾਲੀ ਅਤੇ ਵਿਸਤਰਿਤ ਹੈ । ਪੰਜਾਬੀ ਵਿਚ ਦੁਹਰੁਕਤੀ ਦੋ ਪਰਕਾਰ ਦੀ ਹੈ. (1) ਪੂਰਨ ਦੁਹਰੁਕਤੀ ਉਹ ਹੈ ਜਿਸ ਦੇ ਦੋਵੇਂ ਅੰਗ ਆਪਣੇ ਆਪ ਵਿਚ ਸੁਤੰਤਰ/ਸਾਰਥਕ ਸ਼ਬਦ ਹਨ ਜਿਵੇਂ ਪਿੰਡ-ਪਿੰਡ, ਮਣ-ਮਣ, ਚੋਰੀ-ਚੋਰੀ । ਮਸਲਨ "ਪਿੰਡ-ਪਿੰਡ ਨੂੰ ਸੜਕ ਜਾਂਦੀ ਹੈ" ।, "ਪਿੰਡ ਦਾ ਪਿੰਡ ਉਠੱ ਕੇ ਤੁਰ ਪਿਆ । ਬੂਹਾ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ।"*

ਅਰਥਮੁਖ ਦੁਹਰੁਕਤੀ ਅਸਲ ਵਿਚ ਸ਼ਬਦਾਂ ਦੀ ਥਾਂ ਅਰਥਾਂ ਦੀ ਦੁਹਰੁਕਤੀ ਹੈ.

ਮਸਲਨ, ਕਾਗਜ਼-ਪੱਤਰ, ਦੋਸਤ-ਮਿਤਰ, ਗੱਲ-ਬਾਤ, ਖੇਲ-ਤਮਾਸ਼ਾ, ਸ਼ਰਮ-ਹਯਾ, ਨਫ਼ਾ-ਨੁਕਸਾਨ, ਰੋਟੀ-ਪਾਣੀ, ਚਾਹ-ਪਾਣੀ। ਇਹ ਦੋਵੇਂ ਸ਼ਬਦ ਇਕ ਦੂਜੇ ਦਾ ਅਨੁਵਾਦ ਹੀ ਕਰਦੇ ਹਨ।

ਅਪੂਰਣ ਦੁਹਰੁਕਤੀ ਵਿਚ ਕੋਈ ਧੁਨੀ ਜਾਂ ਸਵਰ ਦਾ ਵਾਧਾ ਹੋ ਕੇ ਸ਼ਬਦ ਨੂੰ ਦੁਹਰਾਉਂਦਾ ਹੈ ਜਿਵੇਂ ਮਾਲੋ-ਮਾਲ, ਘਰੋ-ਘਰੀ, ਰਾਤੋ-ਰਾਤ, ਬੂੰਦਾ ਬਾਂਦੀ ਆਦਿ। ਅਪੂਰਣ ਦੁਹਰੁਕਤੀ ਦਾ ਇਕ ਹੋਰ ਪਹਿਲੂ ਵੀ ਹੈ, ਧੁਨੀ ਦੀ ਬਦਲੀ, ਜਾਂ ਅਦਲਾ-ਬਦਲੀ। ਇਕੋ ਸ਼ਬਦ ਦਾ ਦੁਹਰਾਉ ਵੀ ਹੁੰਦਾ ਹੈ ਪਰ ਕਿਸੇ ਸਵਰ ਜਾ ਵਿਅੰਜਨ ਦੀ ਬਦਲੀ ਵੀ ਹੁੰਦੀ ਹੈ, ਮਸਲਨ, ਰੋਟੀ-ਰਾਟੀ,ਚਾਹ-ਚੂਹ, ਪਾਣੀ-ਪੂਣੀ, ਸਾਗ-ਸੂਗ, ਦਾਲ-ਦੂਲ, ਭਾਜੀ-ਭੂਜੀ, ਪਿੰਡ-ਪੁੰਡ। ਪੰਜਾਬੀ ਭਾਈਚਾਰੇ ਦੀ ਅਜਿਹੀ ਉੱਚਾਰਨ-ਆਦਤ ਤਾਂ ਬਹੁਤ ਜ਼ਿਆਦਾ ਹੀ ਹੈ। ਗ਼ੈਰ-ਰਸਮੀ ਗੱਲਬਾਤ ਵਿਚ ਹਰ ਪੰਜਾਬੀ ਕਿਤੇ ਨਾ ਕਿਤੇ ਧੁਨੀ-ਬਦਲਵੀਂ ਦੁਹਰੁਕਤੀ ਕਰ ਹੀ ਜਾਂਦਾ ਹੈ "ਯਾਰ, ਕੋਈ ਪਾਣੀ-ਪੂਣੀ ਤਾਂ ਪਿਆ"। ਧੁਨੀ-ਬਦਲਵੀਂ ਦੁਹਰੁਕਤੀ ਦਾ ਇਕ ਹੋਰ ਪੈਟਰਨ ਵੀ ਹੈ ; ਮੁੱਕੋਮੁੱਕੀ, ਹੱਥੋ-ਹੱਥੀ, ਘਰੋਘਰੀ. । ਕਈ ਵਾਰ ਮਧਿਆਗਮ ਵਿਅੰਜਨ ਧੁਨੀ ਦਾ ਵਾਧਾ ਵੀ ਹੁੰਦਾ ਹੈ : ਧੱਕਮ ਧੱਕਾ, ਕਿਰਣਮ-ਕਿਰਣੀਂ, ਕੱਲਮ ਕੱਲਾ (ਪਨੰਹਾਰੀ : ਘੱਲਮ ਘੱਲਾ) (ਹਵਾਲਾ : *ਵੇਦ ਅਗਨੀਹੋਤਰੀ, "ਪੰਜਾਬੀ ਵਿਚ ਦੁਹਰੁਕਤੀ" (ਲੇਖ), ਡਾ ਜੇ. ਐਸ., ਪੁਆਰ ਦੁਆਰਾ ਸੰਪਾਦਿਤ "ਭਾਸ਼ਾ-ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ"* ਵਿਚ ਸ਼ਾਮਲ, ਜਲੰਧਰ 1988)।

ਇਸ ਤਰ੍ਹਾਂ ਆਚਾਰੀਆ ਮਾਰਕੰਡੇਯ ਨੇ ਪ੍ਰਾਚੀਨ ਪੰਜਾਬ ਦੇਸ ਦੀ ਕੈਕੇਈ ਅਪਭ੍ਰੰਸ਼ ਨੂੰ ਇਕ ਅਣਗੌਲੀ ਸਥਾਨਕ ਬੋਲੀ ਵਜੋਂ ਸਮਝ ਕੇ ਉਸ ਬਾਰੇ ਚਲਦੀ-ਚਲਦੀ ਪਛਾਣ-ਗਤ ਟਿੱਪਣੀ ਮਾਤਰ ਉਲੀਕ ਦਿੱਤੀ ਹੈ, ਲੇਕਿਨ ਕੈਕੇਈ ਅਪਭ੍ਰੰਸ਼ ਦਾ ਇਹ ਸੂਤ੍ਰਮਈ ਉਪਲੱਛਣ ਅਜੋਕੀ ਪੰਜਾਬੀ ਦੀ ਕੇਂਦਰੀ ਭਾਸ਼ਕ ਵਿਲੱਖਣਤਾ ਨਾਲ ਗਹਨ-ਗੰਭੀਰ ਸਾਂਝ-ਸਮਾਨਤਾ ਦਾ ਸੂਚਕ ਹੋ ਨਿਬੜਿਆ ਹੈ।

ਪਰ ਕੈਕੇਈ ਅਪਭ੍ਰੰਸ਼ ਦੇ ਟਾਕਰੇ ਉੱਤੇ ਮਾਰਕੰਡੇਯ ਨੇ ਕੈਕੇਈ ਪੈਸ਼ਾਚੀ ਦਾ ਵਿਸਤਰਿਤ ਵਰਣਨ ਕੀਤਾ ਹੈ ਅਤੇ ਇਸ ਕਾਰਣ ਪੈਸ਼ਾਚੀ ਵਰਗ ਵਿਚ ਕੈਕਈ ਨੂੰ ਪਹਿਲਤਾ ਪ੍ਰਦਾਨ ਕੀਤੀ ਹੈ। ਇਸ ਲਈ ਮਾਰਕੰਡੇਯ ਵਲੋਂ ਇਕ ਪੈਸ਼ਾਚੀ ਦੀ ਵੰਨਗੀ ਦੇ ਤੌਰ ਉੱਤੇ ਪੇਸ਼ ਕੀਤਾ ਗਿਆ ਕੈਕੇਈ ਪ੍ਰਾਕ੍ਰਿਤ ਦਾ ਵਿਆਕਰਣਿਕ ਵਿਵੇਚਨ ਹੁਣ ਹਾਜ਼ਰ ਕੀਤਾ ਜਾਂਦਾ ਹੈ।

ਕੈਕੇਈ, ਪੈਸ਼ਾਚੀ ਦੀ ਵੰਨਗੀ ਦੇ ਤੌਰ 'ਤੇ

ਮਾਰਕੰਡੇਯ ਨੇ ਆਪਣੇ ਵਿਆਕਰਣ-ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਵਿਚ ਕੈਕੇਈ ਦਾ ਬਤੌਰ ਅਪਭ੍ਰੰਸ਼ ਵਰਣਨ ਕਰਨ ਤੋਂ ਬਾਅਦ ਕੈਕੇਈ ਪ੍ਰਾਕ੍ਰਿਤ ਨੂੰ ਪੈਸ਼ਾਚੀ ਪ੍ਰਾਕ੍ਰਿਤ ਦੀ ਇਕ ਵੰਨਗੀ ਵਜੋਂ ਵੀ ਪਰਿਭਾਸ਼ਤ ਕੀਤਾ ਹੈ। ਮਾਰਕੰਡੇਯ ਨੇ ਪ੍ਰਾਕ੍ਰਿਤ ਦੇ ਜਿਹੜੇ ਚਾਰ ਵਰਗ ਬਣਾਏ ਹਨ ਉਨ੍ਹਾਂ ਵਿਚੋਂ ਚੌਥੇ ਵਰਗ ਵਿਚ ਪੈਸ਼ਾਚਿਕਾ ਦੀ ਚਰਚਾ ਕੀਤੀ ਹੈ (ਚਾਰ ਵਰਗਾਂ ਲਈ ਵੇਖ ਪਿਛਲਾ ਅਧਿਆਏ)। ਉਸ ਨੇ ਫੇਰ ਪੈਸ਼ਾਚਿਕਾ ਨੂੰ ਵੀ ਹੇਠ ਲਿਖੇ ਤਿੰਨ ਉਪ-ਵਰਗਾਂ ਜਾਂ ਕਿਸਮਾਂ ਵਿਚ ਵੰਡਿਆ ਹੈ : (1) ਕੇਕਯ, (2) ਸ਼ੌਰਸੇਨ, (3) ਪਾਂਚਾਲ। ਆਪਣੇ ਗ੍ਰੰਥ ਦੀ ਭੂਮਿਕਾ ਵਿਚ ਮਾਰਕੰਡੇਯ ਨੇ ਕਿਸੇ ਵਿਰੋਧੀ ਮਤ ਦਾ ਜ਼ਿਕਰ ਕੀਤਾ ਹੈ ਜਿਸ ਦੇ ਅਨੁਸਾਰ ਪੈਸ਼ਾਚੀ ਜਾ ਪੈਸ਼ਾਚਿਕਾ ਗਿਆਰਾਂ ਤਰ੍ਹਾਂ ਦੀ ਹੈ। ਗਿਆਰਾਂ ਭੇਦ ਇਹ ਹਨ :

(1) ਕਾਂਚੀਦੇਸ਼ੀਜ (2) ਪਾਂਡਯ (3) ਪਾਂਚਾਲ
(4) ਗੌੜ (5) ਮਗਧ (6) ਵ੍ਰਾਚਡ
(7) ਦਾਕਸਿਣਾਤਯ (8) ਸ਼ੌਰਸੇਨ (9) ਕੇਕਯ
(10) ਸ਼ਬਰ (11) ਦ੍ਰਾਵਿੜ।

ਪੈਸ਼ਾਚੀ/ਪੈਸ਼ਾਚਿਕਾ ਦੇ ਵਰਣਨ ਵਿਚ ਵੀ ਮਾਰਕੰਡੇਯ ਨੇ ਕੈਕੇਈ ਨੂੰ ਪਹਿਲਾ ਸਥਾਨ ਦੇ ਕੇ ਇਸਨੂੰ ਪ੍ਰਮੁਖਤਾ ਪ੍ਰਦਾਨ ਕੀਤੀ ਹੈ।

ਇਸ ਤਰ੍ਹਾਂ ਪੈਸ਼ਾਚੀ ਵਰਗ ਦੇ ਅੰਤਰਗਤ ਕੈਕੇਈ (ਕੇਕਯ) ਦਾ ਉਨ੍ਹੀਵੇਂ ਪਾਦ ਦੇ ਕੋਈ 20 ਸੂਤ੍ਰਾਂ ਵਿਚ ਵਰਣਨ ਕੀਤਾ ਗਿਆ ਹੈ। ਹੁਣ ਇਨ੍ਹਾਂ ਵਿਆਕਰਣਕ ਸੂਤ੍ਰਾਂ ਦਾ ਵਿਸਤਾਰ ਪੰਜਾਬੀ ਵਿਚ ਦਿੱਤਾ ਜਾਂਦਾ ਹੈ। ਉੱਲੇਖਯੋਗ ਇਹ ਹੈ ਕਿ ਮਾਰਕੰਡੇਯ ਦੇ ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਵਿਚ ਕੈਕੇਈ ਸੰਬੰਧੀ ਇਹ ਉਪਰੋਕਤ ਸੂਤ੍ਰ ਸੰਸਕ੍ਰਿਤ ਵਿਚ ਲਿਖੇ ਗਏ ਹਨ, ਭਾਵੇਂ ਉਦਾਹਰਣ ਤੇ ਮਿਸਾਲਾਂ ਪੈਸ਼ਾਚੀ ਆਦਿ ਪ੍ਰਾਕ੍ਰਿਤਾਂ ਵਿਚੋਂ ਹਨ। ਸੂਤ੍ਰਾਂ ਦਾ ਪੰਜਾਬੀ ਰੂਪਾਂਤਰਣ ਹਾਜ਼ਰ ਹੈ

ਕੈਕੇਈ ਪੈਸ਼ਾਚਿਕਾ ਸੰਬੰਧੀ ਮਾਰਕੰਡੇਯ ਦੇ ਵਿਆਕਰਣ-ਸੂਤ੍ਰਾਂ ਦਾ ਪੰਜਾਬੀ ਰੂਪਾਂਤਰਣ

ਸੂਤ੍ਰ (19.1) : ਮਾਰਕੰਡੇਯ ਦੇ ਅਨੁਸਾਰ ਸੰਸਕ੍ਰਿਤ ਤੇ ਸ਼ੌਰਸੇਨੀ ਦੇ ਰੂਪਾਂਤਰ ਤੋਂ ਹੀ ਕੈਕੇਈ ਦੀ ਸਿੱਧੀ ਹੁੰਦੀ ਹੈ। (ਕੈਕੇਈ ਬਾਰੇ ਮਾਰਕੰਡੇਯ ਨੇ ਸੂਤ੍ਰ, ਵ੍ਰਿਤੀ, ਤੇ ਉਦਾਹਰਣ ਦਿੱਤੇ ਹਨ ਜਿਨ੍ਹਾ ਵਿਚ ਮੁੱਖ ਤੌਰ ਤੇ ਇਤਿਹਾਸਕ ਧੁਨੀ ਵਿਗਿਆਨ (historical phonology) ਦਾ ਹੀ ਵਰਣਨ ਕੀਤਾ ਗਿਆ ਹੈ। ਕੁਲ 20 ਸੂਤ੍ਰ ਹਨ ਜਿਨਾਂ ਦਾ ਅਨੁਵਾਦ ਤੇ ਵਿਆਖਿਆ ਪੇਸ਼ ਕੀਤੀ ਜਾਂਦੀ ਹੈ)।

ਸੂਤ੍ਰ (19.2) : ਕੈਕੇਈ ਪੈਸਾਚੀ ਵਿਚ ਪੰਜ ਵਰਗਾਂ (ਕ-ਵਰਗ, ਚ-ਵਰਗ, ਟ-ਵਰਗ, ਤ-ਵਰਗ, ਪ-ਵਰਗ) ਦੇ ਤੀਜੇ-ਚੌਥੇ ਵਰਣਾਂ (ਧੁਨੀਆਂ) ਦੀ ਥਾਂ ਪਹਿਲੇ ਦੂਜੇ ਵਰਣ ਪਰਿਵਰਤਨ ਹੁੰਦੇ ਹਨ।

ਮਸਲਨ ਕੈਕੇਈ ਪੈਸਾਚੀ ਵਿਚ ਵਰਣ-ਪਰਿਵਰਤਨ/ ਵਰਣ-ਵਟਾਂਦਰਾ ਹੇਠ ਲਿਖੇ ਅਨੁਸਾਰ ਹੁੰਦਾ ਹੈ : (ਯਾਦ ਰਹੇ ਕਿ ਪ੍ਰਾਕ੍ਰਿਤ-ਵਿਆਕਰਣ-ਕਾਰਾਂ ਨੇ ਸੰਸਕ੍ਰਿਤ ਭਾਸ਼ਾ ਦੀਆਂ ਧੁਨੀਆਂ ਅਤੇ ਹੋਰ ਵਿਆਕਰਣਿਕ-ਮਦਾਂ ਨੂੰ ਮੂਲ-ਆਧਾਰ ਮਿਥ ਕੇ ਹੀ ਪ੍ਰਾਕ੍ਰਿਤਾਂ ਵਿਚ ਹੋਣ ਵਾਲੇ ਧੁਨੀ-ਪਰਿਵਰਤਨਾਂ ਆਦਿ ਦਾ ਬਿਉਰਾ ਪੇਸ਼ ਕੀਤਾ ਹੈ)।

ਧੁਨੀ-ਪਰਿਵਰਤਨ ਕੈ. ਪੈ.	ਉਦਾਹਰਣ ਕੈ. ਪੈ.	ਸੰਸਕ੍ਰਿਤ	ਪੰਜਾਬੀ
ਗ → ਕ :	ਕੰਕਾ	ਗੰਗਾ	ਗੰਗਾ
ਘ → ਖ :	ਮੇਖੋ	ਮੇਘ	ਮੇਘ = ਬੱਦਲ
ਜ → ਚ :	ਚਲੰ	ਜਲੰ	ਜਲ = ਪਾਣੀ
ਝ → ਛ :	ਛੰਛਾਨਿਲੋ	ਝੰਝਾਨਿਲ	ਝੰਝਾ = ਝੱਖੜ, ਅਨਿਲ = ਹਵਾ
ਡ → ਟ :	ਟਿੰਟਮੋ	ਡਿੰਡਮ	-----
ਢ → ਠ	ਕਾਠੰ	ਗਾਢੰ	ਗਾੜ੍ਹਾ
ਦ → ਤ	ਤਧਿ	ਦਧਿ	ਦਹੀ
ਧ → ਥ	ਤਥਿ	ਦਧਿ	ਦਹੀ
ਭ → ਫ :	ਫਿਫਾਵਰੀ	ਵਿਭਾਵਰੀ	ਰਾਤ, ਰਾਤ੍ਰੀ

ਸੂਤ੍ਰ (19 3) : ਕੈਕੇਈ ਪੈਸਾਚੀ ਵਿਚ ਸ, ਸ਼ ਨੂੰ ਸ ਹੁੰਦਾ ਹੈ ; ਜਿਵੇਂ

ਸ
→ ਸ ਪਿਸੇਸੋ (ਸੰ. ਵਿਸ਼ੇਸ਼)
ਸ਼

ਸੂਤ੍ਰ (19.4) ਕੈਕੇਈ ਪੈਸ਼ਾਚੀ ਵਿਚ ਣ ਨੂੰ ਨ ਹੋਵੇ, ਜਿਵੇਂ ਨਾਰਾਅਨੋ (ਸੰ.ਨਾਰਾਯਣ)

ਸੂਤ੍ਰ (19.5) ਰ੍ਯ ਨੂੰ ਰਿਅ ਹੋਵੇ, ਅਤੇ ਪੂਰਵਵਰਤੀ ਸ੍ਵਰ ਹ੍ਰਸਵ ਵੀ ਹੋ ਜਾਂਦਾ ਹੈ : ਜਿਵੇਂ ਭਾਰਿਆ ਜਾਂ ਭਰਿਆ (ਸੰ ਭਾਰਯਾ = ਪੰਜਾਬੀ : ਇਸਤ੍ਰੀ, ਵਹੁਟੀ).

ਸੂਤ੍ਰ (19.6) ਕੈਕੇਈ ਪੈ. ਵਿਚ ਕਾਰਯ ਨੂੰ ਕਚ੍ਚ ਆਦੇਸ਼ ਹੋ ਜਾਂਦਾ ਹੈ. ਜਿਵੇਂ ਕਾਰਯ ਕਚ੍ਚ (ਪੰ ਕੱਚ), ਜਾਂ ਕਾਰਿਅੰ, ਕਰਿਅੰ ।

ਸੂਤ੍ਰ (19.7) : ਸੰਯੁਕਤ ਵਰਣਾਂ ਵਿਚ ਪਹਿਲਾਂ ਸ੍ਵਰ ਆਗਮ ਹੁੰਦਾ ਹੈ ਜਿਵੇਂ :
ਕਸਟੰ ← ਸੰ ਕਸ਼ਟੰ (कष्टं) ਪੰ. ਕਸ਼ਟ
ਸਨਾਨੰ ← ਸੰ ਸਨਾਨ (स्नान) ਪੰ ਅਸਨਾਨ ~ ਨ੍ਹਾਨ
ਧਰਮ ਪਤਨੀ ← ਸੰ. ਧਰਮ ਪਤਨੀ (धर्मपत्नी) ਪੰ.ਧਰਮ ਪਤਨੀ

ਸੂਤ੍ਰ (19.8) ਕੈਕੇਈ ਪੈ. ਵਿਚ ਗ੍ਰਿਹ ਨੂੰ ਕਿਹ ਹੋ ਜਾਂਦਾ ਹੈ : ਕਿਹੰ (ਸੰ. ਗ੍ਰਿਹੰ).

ਸੂਤ੍ਰ (19.9) ਕੈ. ਪੈ. ਵਿਚ ਕ੍ਰਿਚਿਤ ਨੂੰ ਕੁਪਚਿ ਆਦੇਸ਼ ਹੁੰਦਾ ਹੈ । ਗੁਣਾਢ੍ਯ ਦੀ ਪੈਸ਼ਾਚੀ ਪੁਸਤਕ "ਵੱਡਕਹਾ" ਵਿਚੋਂ ਉਦਾਹਰਨ ਹੈ "ਕੁਪਚਿ ਪਿਸਾਲੰ" (ਸੰ ਕ੍ਰਿਚਿਤ ਵਿਸ਼ਾਲੰ) (क्वचित् विशालम्)

ਸੂਤ੍ਰ (19.10) ਕੈ. ਪੈ. ਵਿਚ ਪ੍ਰਿਥਿਵੀ ਦਾ ਪ੍ਰਿਥੁਨੀ ਆਦੇਸ ਹੁੰਦਾ ਹੈ. ਜਿਵੇਂ "ਪ੍ਰਿਥੁਨੀਨਾਥ" (ਸੰ ਪ੍ਰਿਥਿਵੀਨਾਥ) (ਪੰ ਪ੍ਰਿਥਵੀ ਨਾਥ).

ਸੂਤ੍ਰ (19.11) ਕੈ. ਪੈ. ਵਿਚ ਹ੍ਰਿਦਯ ਦੀ ਥਾਂ ਹਿਤਪਕੰ ਆਗਮ ਹੁੰਦਾ ਹੈ : ਜਿਵੇਂ "ਹਿਤਪਕੰ ਕੰਪਤਿ" (ਸੰ. ਹ੍ਰਿਦਯੰ ਕੰਪਤਿ) (ਪੰ ਹਿਰਦਾ ਕੰਬਦਾ ਹੈ)

ਸੂਤ੍ਰ (19.12) ਪਕਸ਼ਮ ਦੀ ਥਾਂ ਪਖਮ ਦਾ ਆਗਮ ਹੁੰਦਾ ਹੈ. ਜਿਵੇਂ "ਪਖਮਲਨਅਨਾ" (ਸੰ ਪਕਸ਼ਮ ਨਯਨਾ) (ਪੰ ਨੈਣਾਂ ਦੀਆਂ ਪਲਕਾਂ)

ਸੂਤ੍ਰ (19.13) ਕੈ ਪੈ. ਵਿਚ ਸੂਕਸ਼ਮ ਨੂੰ ਸੁਖਮ ਹੁੰਦਾ ਹੈ. ਜਿਵੇਂ "ਸੁਖਮਤਰਿਸੀ"

ਸੂਤ੍ਰ (19.14) ਕੈ. ਪੈ. ਵਿਚ ਵਿਸਮਯ ਦੀ ਥਾਂ ਪਿਸੁਮਅ : ਆਦੇਸ਼ ਹੁੰਦਾ ਹੈ; ਜਿਵੇਂ "ਕਰੁਕੋ ਮੇ ਪਿਸੁਮਓ" = ਮੈਨੂੰ ਵਿਸਮੈ (ਅਸ਼ਚਰਜ) ਹੈ

ਸੂਤ੍ਰ (19.15) ਕੈ. ਪੈ. ਵਿਚ ਪ੍ਰਥਮ ਨੂੰ ਪ੍ਰਿਥੁਮ ਆਗਮ ਹੁੰਦਾ ਹੈ. ਜਿਵੇਂ "ਪ੍ਰਿਥੁਮਸਿਨੇ -ਹੋ" (ਸੰ ਪ੍ਰਥਮਸਨੇਹ) (ਪੰ. ਪਹਿਲਾ ਨੇਹੁ)

ਸੂਤ੍ਰ (19.16) ਕੈ. ਪੈ. ਵਿਚ ਇਵ ਦੀ ਥਾ ਪਿਵ ਦਾ ਆਗਮ ਹੁੰਦਾ ਹੈ, ਜਿਵੇਂ 'ਚੰਦੋ ਪਿਵ" "ਸੰ. ਚੰਦ੍ਰ ਇਵ) (ਪੰ. ਚੰਦਰਮਾ ਦੀ ਤਰ੍ਹਾ)"

ਸੂਤ੍ਰ (19.17) ਕੈ. ਪੈ. ਵਿਚ ਕਤਵਾ ਦੀ ਥਾਂ ਤੂਨੰ ਹੋਵੇ, ਜਿਵੇਂ "ਹਸਿਤੂਨੰ" (ਸੰ. ਹਸਿਤ੍ਵਾ) (ਪੰ. ਹੱਸ ਹੱਸ ਕੇ)

ਸੂਤ੍ਰ (19.18) ਕੈ ਪੈ. ਵਿਚ -ਨ੍ਯ, -ਞ੍ਯ, -ਜ੍ਞ ਦੀ ਥਾ-ਞ੍ਞ ਦਾ ਆਦੇਸ਼ ਹੁੰਦਾ ਹੈ. ਕਞ੍ਞਕਾ ~ ਕਨ੍ਨਕਾ (ਸੰ. ਕਨ੍ਯਕਾ) (ਪੰ ਕੰਜਕਾਂ)

ਸਰਞ੍ਹੰ ~ ਸਰਨ੍ਹੰ (ਸੰ. ਸ਼ਰਣਮ੍)
ਪਿਞ੍ਹਾਤੰ ~ ਪਿਨ੍ਹਾਤੰ

ਸੂਤ੍ਰ (19.19) : ਕੈ. ਪੈ. ਵਿਚ ਹੇਠ ਲਿਖੇ ਵਿਭਕਤੀ-ਮੂਲਕ ਮਾਰਫੀਮਕ ਵਿਭਕਤੀ-ਰੂਪਾਂ ਵਿਚ ਪਰਿਵਰਤਨ ਹੋ ਜਾਂਦਾ ਹੈ :

(1) /ਜਞ/ /ਞ/ ਨੂੰ "ਚਿ" ਹੁੰਦਾ ਹੈ

(2) ਤੀਜੀ ਵਿਭਕਤੀ ਇ.ਵ. ਵਿਚ "-ਨਾ" ਦਾ ਆਦੇਸ਼, ਪੰਜਵੀਂ ਵਿਭਕਤੀ ਅਤੇ ਛੇਵੀਂ ਵਿਭਕਤੀ ਇ.ਵ. ਵਿਚ "-ਨੋ" ਦਾ ਅਤੇ ਸੱਤਵੀਂ ਵਿਭਕਤੀ ਇ.ਵ. ਵਿਚ "-ਨਿ" ਦਾ ਆਦੇਸ਼ ਹੋ ਜਾਂਦਾ ਹੈ। ਇਹ ਸਾਰੇ ਇਕ-ਵਚਨ ਵਿਚ ਲਾਗੂ ਹੁੰਦੇ ਹਨ।

ਉਦਾਹਰਣ : ਕੈਕੇਈ-ਪੈਸ਼ਾਚੀ ਵਿਭਕਤੀ-ਰੂਪਾਂ ਦਾ ਬਿਉਰਾ

ਤੀਜੀ	ਵਿਭਕਤੀ, ਇ. ਵ.	(instrumental):	ਰਾਚਿਨਾ ~ ਰਨ੍ਹਾ	(ਸੰਸਕ੍ਰਿਤ : ਰਾਜ਼ਾ)
ਪੰਜਵੀਂ	ਵਿਭਕਤੀ, ਇ.ਵ.	(ablative) :	ਰਾਚਿਨੋ ~ ਰਨ੍ਹੋ	(ਸੰ. ਰਾਜ਼ਃ)
ਛੇਵੀਂ	ਵਿਭਕਤੀ, ਇ.ਵ. :	(genitive) :	ਰਾਚਿਨੋ ~ ਰਨ੍ਹੋ	(ਸੰ. ਰਾਜ਼ਃ)
ਸੱਤਵੀਂ	ਵਿਭਕਤੀ, ਇ ਵ.	(locative) :	ਰਾਚਿਨਿ ~ ਰਨ੍ਹਿ	(ਸੰ. ਰਾਜ਼ਿ)

ਸੂਤ੍ਰ (19.20) ਕੈਕੇਈ ਪੈਸ਼ਾਚੀ ਦੇ ਉੱਪਰ ਕਥਨ ਕੀਤੇ ਵਖਰੇਵਿਆਂ ਨੂੰ ਛੱਡ ਕੇ ਬਾਕੀ ਸਾਰੇ ਭਾਸ਼ਾਗਤ ਸੰਰਚਨਾਤਮਕ ਲੱਛਣ ਸ਼ੌਰਸੇਨੀ ਦੀ ਤਰ੍ਹਾਂ ਹਨ।

(ਇਹ ਸ਼ੇਸ਼ੰ ਸ਼ੌਰਸੇਨੀ ਵਤ)

ਇਤਿ ਸ਼੍ਰੀ ਮਾਰਕੰਡੇਯ ਕਵੀਂਦ੍ਰ ਕ੍ਰਿਤੌ ਪ੍ਰਾਕ੍ਰਿਤ-ਸਰਵਸ੍ਵੇ ਕੇਕਯ-ਪੈਸ਼ਾਚਿਕੀ ਅਨੁਸ਼ਾਸਨੰ। ਊਨਵਿੰਸ਼ : (19) ਪਾਦ:

ਪੰਜਾਬੀ ਅਤੇ ਕੈਕੇਈ-ਪੈਸ਼ਾਚੀ ਦੀ ਤੁਲਨਾ

ਇਸ ਤਰ੍ਹਾਂ ਆਚਾਰੀਆ ਮਾਰਕੰਡੇਯ ਨੇ ਕੈਕੇਈ-ਪੈਸ਼ਾਚੀ ਦਾ ਉਪਰੋਕਤ ਵਿਆਕਰਣਿਕ ਵੇਰਵਾ ਪੇਸ਼ ਕੀਤਾ ਹੈ। ਪਰ ਉਸ ਤੋਂ ਸਾਨੂੰ ਬਹੁਤ ਥੋੜ੍ਹੀ ਤੇ ਨਾਕਾਫੀ ਤੱਥ-ਸਾਮਗਰੀ ਉਪਲਬਧ ਹੁੰਦੀ ਹੈ। ਲੇਕਿਨ ਫਿਰ ਵੀ ਇਸ ਤੱਥ-ਸਾਮਗਰੀ ਤੋਂ ਕੈਕੇਈ ਪ੍ਰਾਕ੍ਰਿਤ ਦੀ ਭਾਸ਼ਾਗਤ ਰੂਪ-ਰੇਖਾ ਦੇ ਕੁਝ ਕੁ ਇਸ਼ਾਰੇ ਜ਼ਰੂਰ ਮਿਲਦੇ ਹਨ ਜਿਹੜੇ ਕਿ ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਦੀ ਭਾਸ਼ਕ ਸਥਿਤੀ ਦਾ ਜਾਇਜ਼ਾ ਲੈਣ ਲਈ ਸਹਾਈ ਸਿੱਧ ਹੋ ਸਕਦੇ ਹਨ।

ਮਾਰਕੰਡੇਯ ਦੁਆਰਾ ਕੈਕੇਈ-ਪੈਸ਼ਾਚੀ ਸੰਬੰਧੀ ਦਰਜ ਕੀਤੀ ਵਿਆਕਰਣਿਕ ਰੂਪ-ਰੇਖਾ ਦੀ ਅਜੋਕੀ ਪੰਜਾਬੀ ਨਾਲ ਜਦੋਂ ਅਸੀਂ ਤੁਲਨਾ ਕਰਦੇ ਹਾਂ ਤਾਂ ਇਸ ਵਿਚ ਸਾਂਝ-ਮੂਲਕ ਸਮਾਨਤਾਵਾਂ ਦੇ ਮੁਕਾਬਲੇ ਵਿਚ ਵਖਰੇਵੇਂ ਜ਼ਿਆਦਾ ਦਿਖਾਈ ਦਿੰਦੇ ਹਨ। ਪਰ ਫਿਰ ਵੀ ਜਿਹੜੀਆਂ ਸਾਂਝਾਂ ਤੇ ਸਮਾਨਤਾਵਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਉਹ ਕੈਕੇਈ ਤੇ ਪੰਜਾਬੀ ਦੇ ਭਾਸ਼ਾਗਤ ਸਾਂਝ-ਸੰਬੰਧਾਂ ਦੀ ਗਵਾਹੀ ਭਰਦੀਆਂ ਹਨ। ਪੰਜਾਬੀ ਤੇ ਕੈਕੇਈ ਅਪਭ੍ਰੰਸ਼/ਪ੍ਰਾਕ੍ਰਿਤ ਦੀਆਂ ਸਾਂਝਾਂ ਦੇ ਕੁਝ ਕੁ ਜ਼ਿਕਰ-ਯੋਗ ਨਮੂਨੇ ਹੇਠਾਂ ਅੰਕਿਤ ਹਨ :

(1) ਪ੍ਰਾਚੀਨ ਵੈਦਿਕ ਭਾਸ਼ਾ/ਸੰਸਕ੍ਰਿਤ ਦੀਆਂ ਤਾਲਵੀ ਤੇ ਮੂਰਧਨੀ ਧੁਨੀਆਂ /ਸ਼, ਸ/ ਦਾ ਕੈਕੇਈ ਤੇ ਪੰਜਾਬੀ ਦੋਹਾਂ ਵਿਚ ਦੰਤੀ /ਸ/ ਵਿਚ ਰੂਪਾਂਤਰ ਹੋ ਜਾਂਦਾ ਹੈ (ਸੂਤ੍ਰ 19.3) : ਮਸਲਨ :

ਸੰਸਕ੍ਰਿਤ	*ਕੈਕੇਈ-ਪੈਸ਼ਾਚੀ*	*ਪੰਜਾਬੀ*
ਵਿਸ਼ੇਸ਼ (विशेष)	ਪਿਸੇਸ	ਬਿਸੇਖ ~ ਬਿਸੇਸ ~ ਵਿਸ਼ੇਸ਼
ਸ਼ਾਕ	.....	ਸਾਗ
ਸ਼ੋਕ	......	ਸੋਗ

(2) ਸੂਤ੍ਰ (19.5) ਦੇ ਅਨੁਸਾਰ ਸੰਸਕ੍ਰਿਤ ਧੁਨੀ-ਸੰਜੋਗ (cluster) /ਰਯ/ ਦਾ "ਰਿਅ" ਵਿਚ ਪਰਿਵਰਤਨ-ਵਿਕਾਸ ਹੋ ਜਾਂਦਾ ਹੈ। ਪੰਜਾਬੀ ਵਿਚ ਵੀ ਇਹ ਰੁਚੀ ਪ੍ਰਚਲਿਤ ਹੈ ਅਰਥਾਤ /ਯ → ਇਅ/ ਵਿਚ ਬਦਲ ਜਾਂਦਾ ਹੈ :

ਸਹਾਯਤਾ → ਸਹਾਇਤਾ; ਉਪਾਯ → ਉਪਾਇ ~ ਉਪਾਏ

(3) ਸੂਤ੍ਰ (19.7) ਵਿਚ ਕੈਕੇਈ ਦੀਆਂ ਸੰਯੁਕਤ ਧੁਨੀਆਂ ਦੇ ਦਰਮਿਆਨ ਸ੍ਵਰਾਂ ਦਾ ਆਗਮ ਹੁੰਦਾ ਹੈ। ਇਹ ਰੁਚੀ ਪੰਜਾਬੀ ਵਿਚ ਬਹੁਤ ਮਿਕਦਾਰ ਵਿਚ ਉਪਲਬਧ ਹੈ :

ਸੰਸਕ੍ਰਿਤ	*ਕੈਕੇਈ ਪੈਸ਼ਾਚੀ*	*ਪੰਜਾਬੀ*
ਕਸ਼ਟ (कष्ट)	: ਕਸਟ (-ਸ਼ਟ → ਸ ਅ ਟ = ਸਟ)	ਕਸਟ ~ ਕਸ਼ਟ
ਸਨਾਨ (स्नान)	: ਸਨਾਨ (-ਸਨਾ- → ਸਅਨਾ = ਸਨਾ)	ਅਸਨਾਨ ~ ਨ੍ਹਾਨ

(4) ਸੂਤ੍ਰ (19.12) ਅਤੇ ਸੂਤ੍ਰ (19.13) ਦੇ ਅਨੁਸਾਰ "ਪਕਸ਼" ਤੇ "ਸੂਕਸ਼ਮ" ਦੀ ਧੁਨੀ /ਕਸ਼/ (क्ष) ਨੂੰ "ਖ" ਵਿਚ ਰੂਪਾਂਤਰ ਹੁੰਦਾ ਹੈ। ਇਹ ਪਰਿਵਰਤਨ-ਕਾਰੀ ਝੁਕਾ ਪੰਜਾਬੀ ਵਿਚ ਆਮ ਹੈ, ਮਸਲਨ :

ਸੰਸਕ੍ਰਿਤ	:	*ਪੰਜਾਬੀ*
ਵਕ੍ਸ਼ (वक्ष)	→	ਵੱਖੀ
ਕੁਕ੍ਸ਼ਿ (कुक्षि)	→	ਕੁੱਖ
ਲਕ੍ਸ਼ (लक्ष)	→	ਲੱਖ

(5) ਸੂਤ੍ਰ (19.15) ਵਿਚ ਸੰਸਕ੍ਰਿਤ "ਪ੍ਰਥਮ" ਨੂੰ ਕੈ.ਪੈ. ਵਿਚ "ਪ੍ਰਿਥਮ" ਰੂਪ-ਪਰਿਵਰਤਨ ਹੁੰਦਾ ਹੈ। ਕੈਕੇਈ "ਪ੍ਰਿਥੁਮ" ਪੰਜਾਬੀ ਦੇ, ਖ਼ਾਸ ਕਰਕੇ ਗੁਰਬਾਣੀ ਪੰਜਾਬੀ ਦੇ ਬਹੁਤ ਨੇੜੇ ਹੈ, ਜਿਥੇ "ਪ੍ਰਿਥਮ" ਮਿਲਦਾ ਹੈ : "ਪ੍ਰਿਥਮ ਭਗਉਤੀ ਸਿਮਰਿ ਕੈ"।

(6) ਕੈਕੇਈ-ਪੈਸ਼ਾਚੀ ਵਿਚ (ਸੂਤ੍ਰ 19.18) /-ਨਯ-, -ਣ੍ਯ-, -ਜ੍ਞ-/ ਦੇ ਧੁਨੀ-ਸੰਯੋਗ ਦਾ ਰੂਪਾਂਤਰ /-ਞ੍ਞ-, -ਨ੍ਨਾ/ ਵਿਚ ਹੁੰਦਾ ਹੈ। ਧੁਨੀ-ਪਰਿਵਰਤਨ ਦੀ ਇਹ ਪ੍ਰਵਿਰਤੀ ਪੰਜਾਬੀ ਵਿਚ ਆਮ ਹੈ, ਮਸਲਨ :

ਸੰਸਕ੍ਰਿਤ			*ਪੰਜਾਬੀ*
ਕਨ੍ਯਕਾ	(कन्यका)	→	ਕੰਞਕਾ ~ ਕੰਜਕਾ ~ ਕੰਜ-ਕੁਆਰੀ
ਯਜ੍ਞ	(यज्ञ)	→	ਜੰਞ ~ ਜੰਜ ~ ਜੰਨ (ਬਾਰਾਤ)
ਅਜ੍ਞ	(अज्ञ)	→	ਅੰਞਾਣਾ ~ ਅੰਜਾਣਾ ~ ਨਿਆਣਾ
ਸਜ੍ਞਾਨ	(सज्ञान)	→	ਸਿੰਞਾਣਾ ~ ਸਿਆਣਾ
ਸਜ੍ਞਾਤ	(सज्ञात)	→	ਸਿੰਞਾਤਾ ~ ਸਿੰਜਾਤਾ (=ਪਛਾਤਾ)

ਮੁਲੰਕਣ

ਉਪਰੋਕਤ ਵਿਆਕਰਣ-ਟੈਕਸਟ ਵਿਚ ਮਾਰਕੰਡੇਯ ਨੇ ਕੈਕੇਈ-ਪੈਸ਼ਾਚੀ ਦੀਆਂ ਜਿਨ੍ਹਾਂ ਥੋੜੀਆਂ ਕੁ ਭਾਸ਼ਾਗਤ ਵਿਸ਼ੇਸ਼ਤਾਵਾਂ ਦਾ ਉਲੇਖ ਕੀਤਾ ਹੈ ਇਨ੍ਹਾਂ ਪ੍ਰਤੀ ਕਈ ਤਰ੍ਹਾਂ ਦੇ ਸ਼ੰਕੇ

ਤੇ ਸਮੱਸਿਆਵਾਂ ਪੈਦਾ ਹੋਣੀਆ ਸੁਭਾਵਿਕ ਹਨ ।

ਸਭ ਤੋਂ ਵੱਡੀ ਸਮੱਸਿਆ ਤਾਂ ਇਹ ਹੈ ਕਿ ਬਾਰ੍ਹਾਂ-ਤੇਰ੍ਹਾਂ ਸੌ ਸਾਲ ਪੁਰਾਣੀ, ਪੰਜਾਬ ਦੀ ਪ੍ਰਾਕ੍ਰਿਤ ਕੈਕੇਈ ਦੀ ਰੂਪਰੇਖਾ ਬਾਰੇ ਮਾਰਕੰਡੇਯ ਨੇ ਏਥੇ ਇਕ ਸੁਤੰਤਰ ਪ੍ਰਾਕ੍ਰਿਤ ਭਾਸ਼ਾ ਵਜੋਂ ਉਲੇਖ ਨਾ ਕਰ ਕੇ, ਇਸ (ਕੈਕੇਈ) ਨੂੰ ਪੈਸ਼ਾਚੀ ਪ੍ਰਾਕ੍ਰਿਤ ਦੀ ਇਕ ਵੰਨਗੀ-ਕਿਸਮ ਵਜੋਂ ਹੀ ਬਿਆਨਿਆ ਹੈ । ਇਸ ਦਾ ਭਾਵ ਇਹ ਹੈ ਕਿ ਪ੍ਰਮੁਖ ਵਿਚਾਰਾਧੀਨ ਪ੍ਰਾਕ੍ਰਿਤ "ਪੈਸ਼ਾਚੀ" ਹੀ ਹੈ ਅਤੇ ਕੈਕੇਈ ਪ੍ਰਾਕ੍ਰਿਤ ਤਾਂ ਇਕ ਗੁਆਂਢਣ ਭਾਸ਼ਾ ਦੀ ਹੈਸੀਅਤ ਵਿਚ ਹੀ ਪੈਸ਼ਾਚੀ ਨਾਲ ਜੋੜ ਦਿੱਤੀ ਗਈ ਹੈ, ਇਹੋ ਜਾਪਦਾ ਹੈ । ਕੈਕੇਈ ਪੈਸ਼ਾਚੀ ਤੋਂ ਅਲਾਵਾ ਸ਼ੌਰਸੇਨੀ ਪੈਸ਼ਾਚੀ ਤੇ ਪਾਂਚਾਲ-ਪੈਸ਼ਾਚੀ ਦੇ ਹੋਰ ਕਿਸਮਾਂ ਵੀ ਹਨ । ਪਰ ਸ਼ੌਰਸੇਨੀ ਬਾਰੇ ਤਾਂ ਕੋਈ ਸ਼ੰਕਾ ਨਹੀਂ, ਸ਼ੌਰਸੇਨੀ ਤਾਂ ਮੱਧਦੇਸੀ ਸ਼ੁੱਧ ਸੁਤੰਤਰ 'ਪ੍ਰਾਕ੍ਰਿਤ' ਭਾਸ਼ਾ ਹੈ, ਲੇਕਿਨ ਮਾਰਕੰਡੇਯ ਨੇ ਸ਼ੌਰਸੇਨੀ ਨੂੰ ਵੀ ਪੈਸ਼ਾਚੀ ਦੀ ਇਕ ਮਿਸ਼ਰਿਤ ਸ਼ਾਖਾ ਮੰਨਣ ਦੀ ਧਾਰਣਾ ਪੇਸ਼ ਕੀਤੀ ਹੈ । ਇਸ ਲਈ ਜੇਕਰ ਅਸੀਂ ਕੈਕੇਈ-ਪੈਸ਼ਾਚੀ ਦੇ ਵਰਣਨ ਕੀਤੇ ਗਏ ਵਿਆਕਰਣਿਕ ਲੱਛਣਾਂ ਵਿਚੋਂ ਪੈਸ਼ਾਚੀ ਅੰਸ਼ਾਂ ਨੂੰ ਬਾਹਰ ਕੱਢ ਦੇਈਏ, ਅਤੇ ਸਿਰਫ ਬਾਕੀ ਬਚੇ ਕੈਕੇਈ ਅੰਸ਼ਾਂ ਨੂੰ ਹੀ ਛਾਂਟ ਲਈਏ ਤਾਂ ਇਹ ਬਕਾਇਆ ਅੰਸ਼ (ਕੈਕੇਈ ਅੰਸ਼) ਪੰਜਾਬੀ ਨਾਲ ਨਿਸ਼ਚੇ ਹੀ ਸਾਂਝ-ਸਮਾਨਤਾ ਰਖਦੇ ਹਨ, ਜਿਵੇਂ ਕਿ ਪਿਛਲੇ ਪੰਨੇ 'ਤੇ ਉਦਾਹਰਣ ਉਧ੍ਰਿਤ ਕੀਤੇ ਗਏ ਹਨ । ਇਸ ਤਰ੍ਹਾਂ ਨਿਚੋੜ ਇਹ ਹੈ ਕਿ ਮਾਰਕੰਡੇਯ ਦੇ ਵਰਣਨ ਵਿਚ ਪ੍ਰਾਪਤ ਪੈਸ਼ਾਚੀ ਅੰਸ਼ ਅਜੋਕੀ ਪੰਜਾਬੀ ਨਾਲ ਨਹੀਂ ਮਿਲਦੇ ਪਰੰਤੂ ਕੈਕੇਈ ਪ੍ਰਾਕ੍ਰਿਤ ਦੇ ਜਿਹੜੇ ਅੰਸ਼ ਉਲਿਖਤ ਹਨ ਉਹ ਅੰਸ਼ ਪੰਜਾਬੀ ਨਾਲ ਅਵੱਸ਼ ਮਿਲਦੇ ਹਨ । ਇਸ ਲਈ ਇਸ ਤਰਕ-ਪ੍ਰਣਾਲੀ ਦੁਆਰਾ ਕੈਕੇਈ ਤੇ ਪੰਜਾਬੀ ਦੀ ਸਾਂਝ-ਸਥਾਪਨਾ ਦੀ ਪਛਾਣ ਕਰਨ ਵਿਚ ਸਹਾਇਤਾ ਮਿਲਦੀ ਹੈ ।

ਪਰ ਹੋਰ ਵਿਸ਼ਾਲ ਅਧਿਐਨ ਕਰਨ ਲਈ ਸਾਨੂੰ ਹੋਰ ਸ਼ੁੱਧ ਕੈਕੇਈ ਪ੍ਰਾਕ੍ਰਿਤ ਦੀ ਟੈਕਸਟ ਦੀ ਉਡੀਕ ਕਰਨੀ ਪਵੇਗੀ । ਪਰ ਇਕ ਗੱਲ ਤਾਂ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਮਾਰਕੰਡੇਯ ਦੁਆਰਾ ਕੈਕੇਈ ਦਾ ਇਕ ਅਪਭ੍ਰੰਸ਼ ਭਾਸ਼ਾ ਦੇ ਤੌਰ 'ਤੇ ਅਤੇ ਪੈਸ਼ਾਚੀ ਦੀ ਇਕ ਵੰਨਗੀ ਦੇ ਤੌਰ 'ਤੇ ਕੀਤਾ ਗਿਆ ਵਿਆਕਰਣਿਕ ਵਰਣਨ ਕੈਕੇਈ ਨੂੰ ਪੰਜਾਬੀ ਦੀ ਸਰੋਤ-ਭਾਸ਼ਾ ਦੀ ਹੈਸੀਅਤ ਵਿਚ ਸਥਾਪਿਤ ਕਰਨ ਦੀ ਦਿਸ਼ਾ ਵਿਚ ਇਕ break-through, ਇੱਕ ਵੱਡੀ ਪੁਲਾਂਘ ਜਾਂ ਇਕ "ਪ੍ਰਵੇਸ਼-ਦੁਆਰ" ਕਿਹਾ ਜਾ ਸਕਦਾ ਹੈ ।

ਮਾਰਕੰਡੇਯ ਦੇ ਇਸ ਵਿਵਰਣ ਵਿਚ ਮਾਰਕੰਡੇਯ ਵਲੋਂ ਇਕ ਹੋਰ ਵੀ ਸਵੈ-ਵਿਰੋਧੀ ਸਟੇਟਮੈਂਟ ਮਿਲਦੀ ਹੈ । ਉਸ ਨੇ ਆਪਣੇ ਵਿਆਕਰਣ-ਗ੍ਰੰਥ ਦੇ ਉਨ੍ਹੀਵੇਂ ਪਾਦ ਦੇ ਪਹਿਲੇ ਸੂਤ੍ਰ (19.1) ਵਿਚ ਲਿਖ ਦਿੱਤਾ ਹੈ ਕਿ ਕੈਕੇਈ-ਪੈਸ਼ਾਚੀ, ਸੰਸਕ੍ਰਿਤ ਤੇ ਸ਼ੌਰਸੇਨੀ ਦਾ ਰੂਪਾਂਤਰ ਅਥਵਾ ਮਿਸ਼ਰਣ ਹੈ (ਸੰਸਕ੍ਰਿਤੇ ਸ਼ੌਰਸੇਨਯਾਂ ਚ ਸਿੱਧਸਜੇਵ-ਅਤ੍ਰ ਵਿਕ੍ਰਿਯਾ – ਸੂਤ੍ਰ 19.1) ਮਾਰਕੰਡੇਯ ਦਾ ਇਹ ਬਿਆਨ ਹਕੀਕਤ ਦੇ ਨੇੜੇ ਹੈ । ਕਿਉਂਕਿ ਇਕ ਤਾਂ ਪੰਜਾਬ ਦੀਆਂ ਪ੍ਰਾਕ੍ਰਿਤਾਂ/ਅਪਭ੍ਰੰਸ਼ ਪ੍ਰਾਚੀਨ ਭਾਰਤ ਦੇ ਉਸ ਭੂ-ਖੰਡ 'ਸਪਤਸਿੰਧੂ' (ਪ੍ਰਾਚੀਨ ਵੈਦਕਾਲੀਨ ਪੰਜਾਬ) ਵਿਚ ਹੀ ਪ੍ਰਫੁੱਲਤ ਹੋਈਆਂ ਹਨ ਜਿਥੇ ਕਿ ਵੈਦਿਕ ਭਾਸ਼ਾ ਅਤੇ ਕਲੈਸੀਕਲ ਸੰਸਕ੍ਰਿਤ ਦਾ ਉਦੈ ਹੋਇਆ ਹੈ । ਇਸ ਕਾਰਣ ਪੰਜਾਬ ਦੀਆ ਪ੍ਰਾਕ੍ਰਿਤਾਂ ਵਿਚ ਸੰਸਕ੍ਰਿਤ ਦੇ ਅੰਸ਼ਾਂ/ਤੱਤਾਂ ਦੀ ਬਹੁਤਾਇਤ ਹੋਣਾ ਕੁਦਰਤੀ ਗੱਲ ਹੈ । ਦੂਜੀ ਗੱਲ ਇਹ ਵੀ ਹੈ ਕਿ ਮੱਧ-ਦੇਸ਼ ਦੀ ਪ੍ਰਧਾਨ ਸਾਹਿੱਤਕ ਪ੍ਰਾਕ੍ਰਿਤ "ਸ਼ੌਰਸੇਨੀ" ਦਾ ਪੰਜਾਬ ਦੀਆਂ ਪ੍ਰਾਕ੍ਰਿਤਾਂ

'ਤੇ ਜ਼ਰੂਰ-ਬਰ ਜ਼ਰੂਰ ਅਸਰ ਰਿਹਾ ਹੈ। ਏਸੇ ਲਈ ਵਿਦਵਾਨ ਸ਼ੌਰਸੇਨੀ ਨੂੰ ਪੂਰਬੀ ਪੰਜਾਬੀ ਦੀ ਸ੍ਰੋਤ-ਭਾਸ਼ਾ ਸਵੀਕਾਰ ਵੀ ਕਰਦੇ ਹਨ। ਇਸ ਕਰਕੇ ਕੈਕੇਈ ਨੂੰ ਸੰਸਕ੍ਰਿਤ ਤੇ ਸ਼ੌਰਸੇਨੀ ਦਾ ਰੂਪਾਂਤਰ ਕਹਿਣਾ ਉਚਿਤ ਪ੍ਰਤੀਤ ਹੁੰਦਾ ਹੈ। ਇਸ ਤਰਕ ਤੋਂ ਇਕ ਹੋਰ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕੈਕੇਈ, ਸੰਸਕ੍ਰਿਤ-ਸ਼ੌਰਸੇਨੀ ਦਾ ਰੂਪਾਤਰ ਹੈ ਤਾਂ ਇਸ ਕੈਕੇਈ ਨੂੰ ਪੈਸ਼ਾਚੀ ਨਾਲ ਜੋੜ ਦੇਣ ਦੀ ਮਾਰਕੰਡੇਯ ਦੀ ਇਹ ਧਾਰਣਾ ਨਿਰਮੂਲ ਜਾਪਦੀ ਹੈ। ਹਾਂ, ਇਹ ਸੰਭਵ ਹੈ ਕਿ ਪੜੋਸੀ ਭਾਸ਼ਾ ਹੋਣ ਦੇ ਨਾਤੇ ਪੈਸ਼ਾਚੀ ਕੈਕੇਈ ਉੱਤੇ ਪ੍ਰਭਾਵਕਾਰੀ ਹੋ ਸਕਦੀ ਹੈ।

ਇਸੇ ਤਰ੍ਹਾਂ ਉਨ੍ਹੀਵੇਂ ਪਾਦ ਵਿਚ ਮਾਰਕੰਡੇਯ ਨੇ ਕੈਕੇਈ-ਪੈਸ਼ਾਚੀ ਦੇ ਕੁਝ ਕੁ ਵਿਆਕਰਣ-ਗਤ ਲੱਛਣ ਦੱਸ ਕੇ ਅਖੀਰ ਵਿਚ ਲਿਖ ਦਿੱਤਾ ਹੈ ਕਿ ਬਾਕੀ ਦੀਆਂ ਵਿਸ਼ੇਸ਼ਤਾਵਾਂ "ਸ਼ੌਰਸੇਨੀ" ਦੀ ਤਰ੍ਹਾਂ ਹੀ ਹਨ। ਇਸ ਕਥਨ ਦਾ ਇਹੋ ਭਾਵ ਨਿਕਲਦਾ ਹੈ ਕਿ ਕੈਕੇਈ ਦਾ ਸ਼ੌਰਸੇਨੀ ਪ੍ਰਾਕ੍ਰਿਤ ਨਾਲ ਹੀ ਨੇੜਲਾ ਰਿਸ਼ਤਾ-ਨਾਤਾ ਹੈ, ਅਤੇ ਪੈਸ਼ਾਚੀ ਨਾਲ ਏਨਾ ਨਹੀਂ। ਇਸ ਤਰਕ-ਪ੍ਰਣਾਲੀ ਤੋਂ ਵੀ ਕੈਕੇਈ ਨੂੰ ਪੈਸ਼ਾਚੀ ਵਰਗ ਵਿਚ ਸ਼ਾਮਲ ਕਰਨ ਦਾ ਮਾਰਕੰਡੇਯ ਦਾ ਸੰਕਲਪ ਮਸ਼ਕੂਕ ਤੇ ਸੰਦਿਗਧ ਹੋ ਨਿਬੜਦਾ ਹੈ।

ਫੇਰ ਵੀ ਇਹ ਖੁਸ਼-ਕਿਸਮਤੀ ਦੀ ਗੱਲ ਹੈ ਕਿ ਪ੍ਰਾਚੀਨ ਪੰਜਾਬ ਵਿਚ ਪਿਛਲੇ ਬਾਰਾਂ-ਪੰਦਰ੍ਹਾਂ ਸੌ ਸਾਲਾਂ ਦੇ ਦੌਰਾਨ ਪ੍ਰਚਲਿਤ ਹੋਈਆਂ ਤੇ ਪਨਪੀਆਂ ਪੰਜਾਬ ਦੀਆਂ ਪ੍ਰਾਕ੍ਰਿਤਾਂ ਤੇ ਅਪਭ੍ਰੰਸ਼ਾਂ ਦੇ ਕੁਝ ਕੁ ਨਮੂਨੇ ਸਾਨੂੰ ਪੁਰਸ਼ੋਤੱਮ, ਰਾਮ ਸ਼ਰਮਾ ਅਤੇ ਮਾਰਕੰਡੇਯ ਦੇ ਤਸਦੀਕ ਸ਼ੁਦਾ ਵਿਆਕਰਣ-ਗ੍ਰੰਥਾਂ ਵਿਚ ਉਪਲਬਧ ਹੁੰਦੇ ਹਨ ਜਿਨ੍ਹਾਂ ਤੋਂ ਪੰਜਾਬ ਦੀਆਂ ਅਣਗੋਲੀਆਂ ਸਥਾਨਿਕ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੀ ਭਾਸ਼ਾਈ ਪ੍ਰਮਾਣਿਕ ਝਲਕ ਉਜਾਗਰ ਹੁੰਦੀ ਹੈ। ਪਰ ਜਿਵੇਂ ਕਿ ਆਧੁਨਿਕ ਵਿਦਵਾਨਾਂ (ਗ੍ਰੀਅਰਸਨ, ਕੋਲਿਨ ਮਸੀਕਾ, ਚੈਟਰਜੀ) ਨੇ ਵਾਰ ਵਾਰ ਲਿਖਿਆ ਹੈ ਕਿ ਮੱਧਕਾਲ ਦਾ ਪੰਜਾਬ ਸਾਹਿਤਕ ਉਪਲਬਧੀ ਦੇ ਪੱਖ ਤੋਂ ਬੰਜਰ ਹੀ ਰਿਹਾ ਹੈ, ਇਸ ਲਈ ਕੈਕੇਈ ਆਦਿ ਪ੍ਰਾਕ੍ਰਿਤਾਂ ਦੇ ਸਰਬ-ਅੰਗੀ ਅਧਿਐਨ ਕਰਨ ਲਈ ਅਜੇ ਹੋਰ ਤੱਥ-ਸਾਮਗ੍ਰੀ ਦੀ ਲੋੜ ਹੈ।

ਇਸ ਚਰਚਾ ਤੋਂ ਇਹ ਮਤ-ਸਥਾਪਨਾ ਸਪਸ਼ਟ ਤੌਰ ਤੇ ਉਭਰਦੀ ਹੈ ਕਿ ਮੱਧਕਾਲੀਨ ਪੰਜਾਬ ਵਿਚ ਵੈਦਿਕ ਭਾਸ਼ਾ ਅਤੇ ਪਾਲੀ ਪ੍ਰਾਕ੍ਰਿਤ ਤੋਂ ਬਾਅਦ ਕੈਕੇਈ ਪ੍ਰਾਕ੍ਰਿਤ ਅਤੇ ਕੈਕਈ ਅਪਭ੍ਰੰਸ਼ ਦਾ ਏਥੇ ਸ਼ਰਤੀਆ ਪ੍ਰਸਾਰ ਤੇ ਪ੍ਰਚਾਰ ਰਿਹਾ ਹੈ ਜਿਸ ਤੋਂ ਇਹ ਤੱਥ ਵੀ ਉਭਰਦਾ ਹੈ ਕਿ ਮੱਧਯੁਗੀਨ ਪੰਜਾਬ ਦੀ ਕੈਕੇਈ ਪ੍ਰਾਕ੍ਰਿਤ ਅਤੇ ਕੈਕੇਈ ਅਪਭ੍ਰੰਸ਼ ਆਧੁਨਿਕ ਪੰਜਾਬੀ ਦੀ ਇਕ ਸ੍ਰੋਤ-ਭਾਸ਼ਾ ਦੇ ਤੌਰ ਤੇ ਸਥਾਪਿਤ ਹੁੰਦੀ ਹੈ।

ਹਵਾਲੇ ਤੇ ਟਿੱਪਣੀਆਂ

References & footnotes :

(1) As a result of the above survey we may briefly indicate the position and extent of the tribal settlements referred to in the Rigveda, roughly speaking, the extreme North-West was occupied by the ਗੰਧਾਰੀ, ਪਕਥ, ਅਲਿਨ, ਭਲਾਨਸ and ਵਿਸ਼ਾਣੀ, some of whom probably contained non-Aryan elements. In Sind and the Punjab were settled the ਸ਼ਿਵ, ਪਰਸ਼ੁ, ਕੇਕਯ, ਵ੍ਰਿਚੀਵੰਤ, ਯਦੁ, ਅਨੁ, ਤੁਰਵਸ਼, and ਦੁਰਹਯੁ.

Majumdar, R.C. (ed.) *'The Vedic Age'* (article : *Aryan Settlements in India,* by A.D. Pusalkar) p. 254.

(2) ਭਗਵਦ ਦੱਤ (ਪੰਡਿਤ), *'ਵੈਦਿਕ ਵਾਙਮਯ ਕਾ ਇਤਿਹਾਸ'* (ਹਿੰਦੀ) ਪੰਨਾ 66.

"तान् होवाचाश्वपतिर्वै भगवन्तोऽयं

कैकेयः संप्रतीमात्मानं वैश्वानरमध्येति, तं हन्ताभ्यागच्छामेति

तं हाभ्याजग्मुः।"

छान्दोग्योपनिषद् (V, XI, 4.)

(3) ਅਗ੍ਰਵਾਲ, ਵਾਸੁਦੇਵ ਸਰਣ (ਡਾ.). *"ਪਾਣਿਨੀ ਕਾਲੀਨ ਭਾਰਤਵਰਸ਼"*, ਪੰਨਾ 67 (ਮੋਤੀ ਲਾਲ ਬਨਾਰਸੀ ਦਾਸ, ਨੇਪਾਲੀ ਖਪਰਾ ਵਾਰਾਣਸੀ, ਫਸਟ ਐਡੀਸ਼ਨ 2012 ਬਿਕ੍ਰਮੀ).

(4) ਰਾਮ ਕੁਮਾਰ ਰਾਯ, *"ਮਹਾਭਾਰਤ ਕੋਸ਼"* ਪੰਨੇ 218-19 ਚੋਖੰਭਾ ਪ੍ਰਕਾਸ਼ਨ, ਵਾਰਾਣਸੀ, 1966.

(5) ਰਾਮ ਕੁਮਾਰ ਰਾਯ, 'ਬਾਲਮੀਕਿ-ਰਾਮਾਯਣ ਕੋਸ਼' ਚੋਖੰਭਾ ਪ੍ਰਕਾਸ਼ਨ ਵਾਰਾਣਸੀ, 1965.

(6) S.M. Ali, *"The Geography of Puranas"*, pp. 145-146, 164, and 170. (People's Publishing House, New Delhi, 1966).

(7) Buddh Prakash (Dr.) *Studies in Indian History and Civilization*, p.34. Shiv Lal Agarwal & Co. Agra 1962, I Edition.

(8) "Hwan Thsang mentions a district on the Western frontier of Falana (identified with Banu) named Ki-Kiang-na, the position of which has not yet been fixed. M. Vivien de st. Martin and Sir H. Elliot have identified it with the *Kaikanan* or Kikan of the Arab historians of Sindh but unfortunately the position of *Kaikanan* itself is still undermined. ... I am inclined to identify it with the valley of *Pishin* itself which lies between the *Khoja Amran Hills* on the North and the lofty Mount *Takatu* on the South. The position agrees with that of *Kaikan* given by Biladuri who says that it formed part of Sindh in the direction of *Khorasan*. This is further confirmed by the Statement that Kaikan was on the road from Multan to Kabul".

Cunningham, Alexander, *The Ancient Geography of India*, p. 73, Indological Book House, Varanasi, Reprint 1963.

(9) "The country which corresponded to the western Punjab of the present day was described in the Mahabharat as rude and barbarous, and as almost outside the pale of Indo-Aryan civilization. It and the present Sindh included three kingdoms-- the most northern being Gandhara, with Kekaya lower down the Indus, and still lower the country of the Sindhus and Sauviras ... In those early days, the land of Kekaya also was famous for its learning."

Grierson, G.A., *Linguistic Survey of India*, vol. VII, part 1 page 2 (Introduction), Moti Lal Banarsi Dass, Varansi, Reprint 1968 First Edition 1919.

(10) We learn from these works (Brahmana & Upanished) that the chief states of the North-West were Gandhara, Kekaya, and Madra. The Gandhara territory embraced the Rawalpindi district of Western Punjab and the Peshewar district of the North-West frontier Province (Now

in Pakistan). The Kekaya country was situated between the Jhelum and the Chenab and comprised the territories occupied by Peros at the time of Alexander's invasion. Its chief city Rajagriha or Girivraja mentioned in the Ramayana has been identified by Gunningham with Girjak or Jalalpur on the Jhelum in the neighbourhood of which the camp of Alexander was laid. According to Jatakas, the kingdom and capital of the Kekayas were known as Kekaka after three principal cities of Jambudvipa. A branch of the Kekayas had migrated to the South and settled on the bank of Mahishmati.

Buddh Prakash (Dr.) *Studies in Indian History and Civilization*, pp. 33-34 (Shiv Lal Agarwal & Co. (P) Ltd., Agra, Ist Edition, 1962).

(11) Macdonell, A.A. & A.B. Keith, "*Vedic Index of Names And Subjects*, Volume, I, Motilal Banarsi Dass, Varansi, Third Reprint 1967.

(12) Sircar, Dines Chandra, *'Select inscriptions bearning on Indian History and Civilization'*, Volume I (from 5th B.C. to 6th A.D.) University of Calcutta, 1942.

(13) *ਗੁਰ ਸ਼ਬਦ ਰਤਨਾਕਰ ਮਹਾਨਕੋਸ਼* (ਸੰਪਾਦਕ : ਭਾਈ ਕਾਹਨ ਸਿੰਘ) ਐਂਟਰੀ "ਕੈਕਯ", ਪੰਨਾ 454.

(14) *ਮਾਨਕ ਹਿੰਦੀ ਕੋਸ਼* (ਸੰ. ਰਾਮਚੰਦ੍ਰ ਵਰਮਾ) ਐਂਟਰੀ "ਕੈਕਯ", ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ.

(15) *ਬ੍ਰਿਹਤ ਹਿੰਦੀ ਕੋਸ਼* (ਸੰ. ਕਾਲਿਕਾ ਪ੍ਰਸਾਦ), ਗਿਆਨ ਮੰਡਲ, ਵਾਰਾਣਸੀ, 2013 ਵਿਕ੍ਰਮੀ।

(16) *ਸੰਸਕ੍ਰਿਤ ਸ਼ਬਦਾਰਥ ਕੌਸਤੁਭ* (ਸੰ. ਦ੍ਵਾਰਕਾ ਪ੍ਰਸਾਦ ਸ਼ਰਮਾ, ਪੰ. ਤਾਰਿਣੀਸ਼ ਝਾ) ਰਾਮ ਨਾਰਾਯਣ ਲਾਲ ਬੁਕ ਸੈਲਰ, ਇਲਾਹਾਬਾਦ, ਦੂਜੀ ਐਡੀਸ਼ਨ 1945.

(17) *ਪਾਇਅ-ਸੱਦ-ਮਹੱਣਵੋ* (ਪ੍ਰਾਕ੍ਰਿਤ-ਸ਼ਬਦ-ਮਹਾਰਣਵ), (ਸੰ. ਹਰਗੋਵਿੰਦ ਦਾਸ ਤ੍ਰਿਕਮ ਚੰਦ ਸੇਠ), ਪ੍ਰਾਕ੍ਰਿਤ ਗ੍ਰੰਥ ਪਰਿਸ਼ਦ, ਵਾਰਾਣਸੀ, 1963, (ਭੂਮਿਕਾ-ਪ੍ਰਵੇਸ਼ ਪੰਨੇ 30, 54, 55).

(18) ਕੀਕਨ (/ਸੰ. ਕੀਕਟ- ਇੱਕ ਅਨਾਰਯ ਜਾਤੀ) ਪੁ. ਇਕ ਟੱਪਰੀਵਾਸ ਕਬੀਲਾ ਜੋ ਜਿਰਾਇਮ ਪੇਸ਼ਾ ਹੈ। ਇਸ ਕਬੀਲੇ ਦੇ ਲੋਕ ਬੱਚਿਆਂ ਨੂੰ ਵੀ ਚੁੱਕ ਲੈਂਦੇ ਹਨ, ਜੇ ਪਿੰਡ ਵਿਚ ਵੜ ਜਾਣ ਤਾਂ ਚੀਜ਼ਾਂ ਚੁੱਕਣ ਤੋਂ ਸੰਕੋਚ ਨਹੀਂ ਕਰਦੇ , ਕੀਕਨੇ।

ਪੰਜਾਬੀ-ਪੰਜਾਬੀ ਕੋਸ਼, ਭਾਸ਼ਾ-ਵਿਭਾਗ, ਪੰਜਾਬ, ਪਟਿਆਲਾ, ਜਿਲਦ ਪਹਿਲੀ, ਪੰਨਾ 462.

(19) "So his (ਮਾਰਕੰਡੇਯ) probable date 1490-1565 A.D. is satisfactory from all aspects.

Markandaya was the son of Mangala Deva born of Kashypa Brahmin family . . . He completed his *Prakrit Sarvasva* during the reign of Mukund Deva, the last independent Hindu King of Orrisa and lived at that time at Vir Pratap Pur." -Krishna Chandra Acharya (Dr.), editor, *Prakrita-Sarvasava*, of Markandaya, Prakrit Text Society, Ahmadabad-6 Ist Edition, 1968.

(20) Suniti Kumar Chatterji, *The Origin and Development of the Bengali Language*, vol I, 1975, Rupa & Co. Calcutta.

(21) "The Lahnda is a language spoken in the Western Punjab along the banks of the Upper Indus. It was called Multani by other scholars and was classed amongest the dialects of the Punjabi. The land of

this language is where the ancient Kekayas had settled. The preservation of intervocalic /t/ which in other dialect became /d/ and was afterwards elided, is a special characteristic of the Paishachi and it is seen also in Lahnda and partly in the Punjabi." –Gune, PanduRang Damoder, "*An Introduction to Comparative Philology*", p. 263 Poona, Oriental Book House, Poone-2.11 impression, 1950.

(22) ਉਦਯ ਨਾਰਾਯਣ ਤਿਵਾਰੀ, *ਹਿੰਦੀ ਭਾਸ਼ਾ ਕਾ ਉਦਗਮ ਔਰ ਵਿਕਾਸ,* 1955 ਪ੍ਰਥਮ ਸੰਸਕਰਣ, ਭਾਰਤੀ ਭੰਡਾਰ, ਪ੍ਰਯਾਗ ।

(23) ਧੀਰੇਂਦ੍ਰ ਵਰਮਾ, *ਹਿੰਦੀ ਭਾਸ਼ਾ ਕਾ ਇਤਿਹਾਸ,* ਪੰਜਵਾਂ ਐਡੀਸ਼ਨ, 1958, ਹਿੰਦੁਸਤਾਨੀ ਅਕੈਡਮੀ, ਪ੍ਰਯਾਗ ।

(24) ਭੋਲਾ ਨਾਥ ਤਿਵਾਰੀ, *ਹਿੰਦੀ ਭਾਸ਼ਾ,* ਕਿਤਾਬ ਮਹਲ, ਇਲਾਹਾਬਾਦ, 1983, ਪੰਜਵਾਂ ਐਡੀਸ਼ਨ, ਪੰਨੇ 20, 21.

(25) ਹਰਦੇਵ ਬਾਹਰੀ, *ਹਿੰਦੀ ਉਦਭਵ, ਵਿਕਾਸ ਔਰ ਰੂਪ,* ਕਿਤਾਬ ਮਹਲ, ਇਲਾਹਾਬਾਦ, 1965, ਪ੍ਰਥਮ ਐਡੀਸ਼ਨ, ਪੰਨੇ 38,45.

(26) ਆਚਾਰੀਆ ਮਾਰਕੰਡੇਯ ਦੇ ਗ੍ਰੰਥ "*ਪ੍ਰਾਕ੍ਰਿਤ ਸਰਵਸ੍ਵ*" ਵਿਚੋਂ ਵੱਖ-ਵੱਖ ਅਪਭ੍ਰੰਸ਼ ਭਾਸ਼ਾਵਾਂ ਦੇ ਮੁਦ੍ਰਾਤਮਕ ਲੱਛਣਾਂ ਦਾ ਸੰਸਕ੍ਰਿਤ ਮੂਲ-ਪਾਠ ਅੰਕਿਤ ਹੈ :

"टाक्कं टक्कभाषानागरो पनागरादिभ्योऽवधारणीयम्। तुबहुला मालवी। वाडीबहुला पाञ्चाली। उळ-प्राया वैदर्भी। संबोधनाढ्या गौडी। इकारबहुला कौन्तली। एकारिणी च पाण्डया। हियुक्ता कालिंगी। प्राच्या तद्देशीयभाषाढ्या। भट्टादिबहुला आभीरी। वर्ण-विपर्ययात् कार्णाटी। मध्यदेशीया तद्देशीयाढ्या। संस्कृताढ्या च गौर्जरी। चकारात् पुर्वोक्तटक्कभाषाग्रहणम्। रलहभां व्यत्ययेन पाश्चत्या। रेफव्यत्ययेन द्राविडी। तकारबहुला वैतालिकी। एओबहुला काञ्ची। शेषा देशभाषा-विभेदात्।' इति तेनैवोक्तत्वात्। एवंविधभेदहेतुकल्पने सहस्रधापि वक्तुं शक्यत्वात्। तस्माद्युक्तमुक्तम्-

'वेद्या विदग्धैरपरास्तत्तद्देशानुसारतः' इति।।

इति श्रीमार्कण्डेयकवीन्द्रकृतौ प्राकृतौ प्राकृतसर्वस्वे

अपभ्रंशानुशासनमष्टादशः पादः ।।१८।।"

ਮਾਰਕੰਡੇਯ ਦਾ "ਪ੍ਰਾਕ੍ਰਿਤ ਸਰਵਸ੍ਵ" ਸੰਪਾਦਿਤ, ਕੇ. ਸੀ. ਆਚਾਰਯ, ਪਾਦ 18, ਪੰਨਾ 172 (1968) ਅਹਿਮਦਾਬਾਦ ।

(27) ਮਾਰਕੰਡੇਯ ਦੇ "ਪ੍ਰਾਕ੍ਰਿਤ ਸਰਵਸ੍ਵ" ਵਿਚ *ਕੈਕੇਈ-ਪੈਸ਼ਾਚੀ* ਦੀ ਸੰਖੇਪ ਵਿਆਕਰਣਿਕ ਰੂਪ-ਰੇਖਾ :

मार्कण्डेयविरचितं प्राकृतसर्वस्वम्। **ऊनविंशः पादः।** १६६-१६७

अथ पैशाच्यनुशिष्यते।

१९.१ **पैशाचिकीनां भाषाणां प्रथमा केकयाभिधा।**

संस्कृते शौरसेन्यां च सिद्धस्यैवात्र विक्रिया ।।२१६।।

विक्रिया लक्षणवशाद्रूपान्तरम्।।

१९.२ **पञ्चस्वाद्यावितरयोः**

पञ्चसु वर्गेषु इतरयोस्तृतीयचतुर्थयोः स्थाने आद्यौ प्रथमद्वितीयौ स्याताम्। कका। मेखो। चल। छंछानिलो। टिंटिमो। काठं। तथि। पिफावरी। पञ्चस्विति किम्।

तेवो।।

१९.३ शषोः सः

स्यात्। पिसेसो।।

१९.४ णस्य नो भवेत्।

नराअनो।।

१९.५ र्यस्य रिअः प्राग्घ्रस्वो वा

र्यस्य रिअः स्यात्, प्राक् ह्रस्वश्च वा स्यात्। भारिआ, भरिआ।।

१९.६ कार्ये कच्चं च दृश्यते।।२१७।।

कच्चं। चकारात् कारिअं, करिअं च।।

१९.७ युक्तविकर्षो बहुलं प्रागच्च स्यात्

बाहुल्यात् ष्टस्नौर्नित्यम्। कसटं, सनानं। धरमपतनी, धम्मपत्ती। चिहमको चिम्हको इत्यादौ विकल्पः। टिटिमो, पंटितो, इत्यादौ निषेधः।।

१९.८ किहं च गृहे।

स्यात्। किहं। चकारात् घरं च।।

१९.९ कुपचि क्वचित्

क्वचित् इत्येतस्मिन् कुपचि स्यात्। बृहत्कथायाम्– 'कुपचि पिसालं' (= क्वचित् विशालम्)।।

१९.१० पृथिव्यां पृथुणी

पृथुणीनाथो।।

१९.११ हृदये हितपकं स्यात्।।२१८।।

हितपकं कंपति।।

१९.१२ पक्ष्मणि पखमः

स्यात्। पखमलनअना।।

१९.१३ सूक्ष्मे सुखमः स्यात्

सुखमतरिसी।।

१९.१४ विस्मये पिसुमअः स्यात्।

करूको मे पिसुमओ।।

१९.१५ प्रथमे पृथुमम्

पृथुमसिनेहो।।

१९.१६ इवस्य पिव

स्यात्। चंतो पिव।।

१९.१७ क्त्वस्तूनमेव स्यात्।।२१९।।

नान्ये तूणउआणादयः। हसितून। फनितुनं।।

१९.१८ न्यण्यज्ञेषु ञ्ञो वा

स्यात्। कञ्ञका। कन्नका। सरञ्ञं, सरन्नं। पिञ्ञातं, पिन्नातं। ज्ञन्यणत्वे कृते नत्वम्।।

१९.१९ टाङसिङस्ङिषु चि वा राज्ञः।
नानोनपश्च तेषाम्

एषु राज्ञो ज्ञस्य चिकारो वा स्यात्। टाया ना इसिङसोर्नो ङेर्निश्च स्युः।। राचिना, रञ्ञा। राचिनो, रञ्ञो। राचिनि, रञ्ञि। पक्षे रञ्ञा, रञ्ञो, रञ्ञि च।।

१९.२० इह शेषं शौरसेनीवत्।।२२०।।

शेषं सर्वं सुप्तिङादिकार्यम्।।

१९.२१ मागधीसदृशं रूपमिष्यते युष्मदस्मदोः।
केवलं त्वेतयोर्भस्य फत्वं नेच्छन्ति सूरयः।।२२१।।

तुमं, तुंभे। हक्के, अभे इत्यादयः।।

इति श्रीमार्कण्डेय कवीन्द्रकृतौ प्राकृतसर्वस्वे
केकयपैशाचिक्यनुशासनमूनविंशः पादः।।१९।।

(Markandeya' Prakrit Sarvasva, edited by Dr. K.C. Acharya, Ahmedabad (1968).

ਅਧਿਆਏ 7 : 7

ਪੰਜਾਬ ਦੀਆਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ : (2) ਟੱਕ ਭਾਸ਼ਾ

ਪਿਛਲੇ ਅਧਿਆਏ (7 : 6) ਦੇ ਸ਼ੁਰੂ ਵਿਚ ਅਸੀਂ ਇਸ ਗੱਲ ਦਾ ਸਪਸ਼ਟ ਉਲੇਖ ਕਰ ਆਏ ਹਾਂ ਕਿ ਮੱਧਕਾਲੀਨ ਸਾਹਿਤਕ ਪ੍ਰਾਕ੍ਰਿਤ ਭਾਸ਼ਾਵਾਂ (M.I.A) ਤੋਂ ਇਲਾਵਾ ਪ੍ਰਾਚੀਨ ਵਿਸ਼ਾਲ ਪੰਜਾਬ ਵਿਚ ਕਈ ਹੋਰ ਅਣਗੌਲੀਆਂ ਸਥਾਨਿਕ ਲਘੂ ਪ੍ਰਾਕ੍ਰਿਤਾਂ/ਅਪਭ੍ਰੰਸ਼ਾਂ ਵੀ ਜਾਰੀ ਰਹੀਆਂ ਹਨ ਜਿਨ੍ਹਾਂ ਦਾ ਸਾਹਿਤਕ ਪੱਧਰ 'ਤੇ ਪ੍ਰਚਲਨ ਤੇ ਪ੍ਰਯੋਗ ਭਾਵੇਂ ਨਹੀਂ ਰਿਹਾ ਹੈ ਲੇਕਿਨ ਇਨ੍ਹਾਂ ਦੀ ਜ਼ਬਾਨੀ ਲੋਕ-ਵਰਤੋਂ ਤੇ ਵਿਹਾਰ ਜਨਤਕ ਪੱਧਰ 'ਤੇ ਜ਼ਰੂਰ-ਬਰ-ਜ਼ਰੂਰ ਲੋਕਪ੍ਰਿਯ ਰਹੀ ਹੈ । ਪੰਜਾਬ ਦੀਆਂ ਇਨ੍ਹਾਂ ਪ੍ਰਾਕ੍ਰਿਤ-ਕਾਲੀਨ ਖੇਤਰੀ ਲਘੂ ਬੋਲੀਆਂ ਵਿਚੋਂ ਕੈਕੇਈ ਅਪਭ੍ਰੰਸ਼ ਅਤੇ ਕੈਕੇਈ-ਪੈਸ਼ਾਚਿਕਾ ਦਾ ਸਵਿਸਥਾਰ ਵਿਵੇਚਨ ਪਿਛਲੇ ਅਧਿਆਏ ਵਿਚ ਅੰਕਿਤ ਕੀਤਾ ਗਿਆ ਹੈ । ਹੁਣ ਅਸੀਂ ਪ੍ਰਾਚੀਨ/ਮੱਧਕਾਲੀਨ ਪੰਜਾਬ ਦੀ ਟੱਕ ਜਾਤੀ, ਟੱਕ ਦੇਸ਼ ਅਤੇ ਟੱਕ ਭਾਸ਼ਾ ਸੰਬੰਧੀ ਆਪਣਾ ਅਧਿਐਨ ਪੇਸ਼ ਕਰਦੇ ਹਾਂ ।

ਟੱਕ ਦੇਸ਼ ਦੇ ਟੱਕ ਜਾਤੀ ਦਾ ਇਤਿਹਾਸਿਕ ਸੰਦਰਭ

ਅਲੈਗਜ਼ੈਂਡਰ ਕਨਿੰਘਮ[1] ਨੇ ਲਿਖਿਆ ਹੈ ਕਿ ਹਿਊਨਸਾਂਗ ਨੇ ਜਿਸ ਪ੍ਰਦੇਸ਼ ਨੂੰ ਚੀਨੀ ਭਾਸ਼ਾ ਵਿਚ Tse-Kia ਕਿਹਾ ਹੈ ਉਹ ਅਸਲ ਵਿਚ ਟੱਕ-ਦੇਸ਼ ਜਾਂ ਟੱਕੀ ਹੈ । ਟੱਕੀ ਜਾਂ ਟੱਕ ਰਾਜ ਵਿਚ ਸਿੰਧ ਦਰਿਆ ਤੋਂ ਲੈ ਕੇ ਬਿਆਸ ਦਰਿਆ ਤਕ ਅਤੇ ਪਹਾੜਾਂ ਦੀ ਤਲਹਟੀ ਤੋਂ ਲੈ ਕੇ ਮੁਲਤਾਨ ਦੇ ਹੇਠਾਂ ਕਰਕੇ ਪੰਜ ਨਦੀਆਂ ਦੇ ਸੰਗਮ ਤਕ (ਪੰਜਾਬ ਦਾ) ਸਾਰਾ ਮੈਦਾਨੀ ਇਲਾਕਾ ਸ਼ਾਮਲ ਸੀ । ਸੱਤਵੀਂ ਸਦੀ ਈ. ਵਿਚ ਟੱਕੀ ਰਾਜ ਅਤੇ ਰਾਜਧਾਨੀ ਦੋਹਾਂ ਦਾ ਨਾਮ ਟੱਕੀ ਸੀ । ਟੱਕੀ ਰਾਜ ਦੀ ਰਾਜਧਾਨੀ ਦੀ ਪਛਾਣ ਮਹਾਂਭਾਰਤ ਕਾਲ ਦੇ ਨਗਰ "ਸਾਕਲ" ਨਾਲ ਕੀਤੀ ਗਈ ਹੈ ਜਿਥੋਂ ਦੇ ਲੋਕਾਂ ਨੂੰ ਮਦ੍ਰ, ਆਰੱਟ, ਜ਼ਾਰਤਿਕ (ਅਜੋਕੇ ਜੱਟ) ਅਤੇ ਵਾਹੀਕ ਕਿਹਾ ਜਾਂਦਾ ਸੀ । ਹੇਮਚੰਦ੍ਰ ਨੇ ਆਪਣੇ ਪ੍ਰਾਕ੍ਰਿਤ ਵਿਆਕਰਣ ਵਿਚ ਜਿਨ੍ਹਾਂ ਨੂੰ "ਵਾਹੀਕ" ਕਿਹਾ ਹੈ ਉਹ ਅਸਲ ਵਿਚ ਟੱਕ ਲੋਕ ਸਨ । ਕਲ੍ਹਣ ਦੀ "ਰਾਜ-ਤਰੰਗਿਣੀ" ਵਿਚ ਟੱਕ ਦੇਸ਼ ਦਾ ਉਲੇਖ ਹੈ ਜੋ ਉਸ ਸਮੇਂ (ਨੌਵੀਂ ਸਦੀ ਈ.) ਗੁਰਜਰ (ਗੁੱਜਰ) ਰਾਜ ਦਾ ਇਕ ਭਾਗ ਸੀ ।

ਕਨਿੰਘਮ ਨੇ ਅਗੇ ਜਾ ਕੇ ਲਿਖਿਆ ਹੈ ਕਿ ਅਰਬੀ ਯਾਤਰੀ ਅਤੇ ਮੁਸਲਮਾਨ ਲਿਖਾਰੀ ਟੱਕੀ/ਟੱਕ ਨੂੰ ਤਾਕਿਨ ਜਾਂ ਤਾਫਨ ਹੀ ਲਿਖਦੇ ਰਹੇ ਕਿਉਂਕਿ ਉਨ੍ਹਾਂ ਦੀ ਲਿਪੀ ਵਿਚ ਟੈਂਕੇ ਦੀ ਧੁਨੀ ਨਹੀਂ ਸੀ । ਉਸ ਨੂੰ ਤੱਤੇ ਅੱਖਰ (ਤੋਏ ਹਰਫ) ਨਾਲ ਅਰਬੀ-ਫ਼ਾਰਸੀ ਲਿਪੀ ਵਿਚ ਲਿਖਦੇ ਸਨ । ਇਸ ਲਈ ਟੱਕ ਦਾ ਉਚਾਰਣ "ਤਕ", ਤਾਕਿਨ" ਹੀ ਕਰਦੇ ਸਨ । ਸੰਨ 915 ਈ. ਵਿਚ ਮੁਸਲਮਾਨ ਲਿਖਾਰੀ ਮਸਊਦ ਨੇ 'ਤਾਕਿਨ' ਹੀ

ਲਿਖਿਆ ਹੈ । ਸੰਨ 851 ਤੋਂ ਪਹਿਲਾ ਸੁਲੇਮਾਨ ਸੌਦਾਗਰ ਪੂਰਬੀ ਦੇਸ਼ਾਂ ਵਿਚ ਆਇਆ ਸੀ । ਉਸ ਨੇ ਵੀ ਇਸ ਇਲਾਕੇ ਨੂੰ ਟੱਕੀ (ਤਾਫ਼ਕ) ਕਿਹਾ ਹੈ । ਅਰਬੀ ਅੱਖਰ ਕੁਆਫ਼ ਅਤੇ ਫ਼ੇ ਲਿਖਣ ਵਿਚ ਇਕ ਨੁਕਤੇ ਦਾ ਫ਼ਰਕ ਹੋਣ ਕਰਕੇ ਇਹ ਫ਼ਰਕ ਹੈ ।

ਉਪਰੋਕਤ ਟੱਕ ਜਾਤੀ ਦਾ ਮਹੱਤਵ ਇਸ ਗਲ ਤੋਂ ਵੀ ਸਾਬਤ ਹੁੰਦਾ ਹੈ ਕਿ ਟੱਕ ਲੋਕਾਂ ਨੇ ਜਿਸ ਵਰਣਮਾਲਾ ਨੂੰ ਟਾਕਰੀ ਕਿਹਾ ਉਹ ਅੱਜ ਵੀ ਕਾਂਗੜਾ ਤੋਂ ਕਸ਼ਮੀਰ ਤਕ ਚਾਲੂ ਰਹੀ ਹੈ । ਟਾਕਰੀ ਦਾ ਰਿਸ਼ਤਾ ਸੱਚਮੁੱਚ ਟੱਕ ਜਾਤੀ ਨਾਲ ਨਿਰਸੰਦੇਹ ਹੈ । ਪੰਜਾਬ ਵਿਚ ਪੈਸੇ ਨੂੰ 'ਟਕਾ' ਕਹਿਣ ਦਾ ਜੋ ਰਿਵਾਜ ਹੈ ਸ਼ਾਇਦ ਉਸ ਦਾ ਸੰਬੰਧ ਇਸ ਟੱਕ ਜਾਤੀ ਨਾਲ ਹੀ ਹੋਵੇ ।

ਸੱਤਵੀਂ ਸਦੀ ਈ. ਵਿਚ ਟੱਕ ਰਾਜ ਤਿੰਨ ਪ੍ਰਾਂਤਾਂ ਵਿਚ ਵੰਡਿਆ ਹੋਇਆ ਸੀ– ਪੰਜਾਬ ਦੇ ਉੱਤਰ-ਪੱਛਮ ਵਿਚ ਟੱਕ ਪ੍ਰਾਂਤ, ਪੂਰਬ ਵਿਚ ਸ਼ੋਰਕੋਟ ਅਤੇ ਦੱਖਣ ਵਿਚ ਮੁਲਤਾਨ। ਇਸ ਤਰ੍ਹਾਂ ਕਨਿੰਘਮ ਨੇ ਹਿਊਨਸਾਂਗ ਅਤੇ ਮੁਸਲਮਾਨ ਲਿਖਾਰੀਆਂ ਅਤੇ ਹੋਰ ਪੁਰਾਤਨ ਯਾਤਰੀਆਂ ਦੇ ਹਵਾਲਿਆਂ ਨਾਲ ਟੱਕ ਦੇਸ਼ ਤੇ ਟੱਕ ਜਾਤੀ ਦਾ ਵਿਵਰਣ ਦੇਣ ਦਾ ਉਪਰਾਲਾ ਕੀਤਾ ਹੈ ।

ਸਰ ਡਬਲੀਊ ਹੰਟਰ ਨੇ ਲਿਖਿਆ ਹੈ ਕਿ ਟੱਕ ਇਕ ਤੁਰਾਨੀ ਜਾਤੀ ਸੀ ਅਤੇ ਉਹ ਸਭ ਤੋਂ ਪਹਿਲਾਂ ਜ਼ਿਲ੍ਹਾ ਰਾਵਲਪਿੰਡੀ ਵਿਚ ਰਹਿੰਦੇ ਸਨ । ਉਹਨਾ ਨੇ ਤਕਸ਼ਸ਼ਿਲਾ ਜਾਂ ਟੈਕਸਿਲਾ ਨੂੰ ਆਪਣਾ ਨਾਮ ਪ੍ਰਦਾਨ ਕੀਤਾ ਸੀ । ਟੱਕੀ ਜਾਂ ਅਸਰੂਰ, ਪਿੰਡੀ ਭੱਟੀਆਂ ਦੀ ਸੜਕ ਤੇ ਵਾਕਿਆ ਸੀ ਅਤੇ ਇਹ ਸੰਨ 633 ਈ. ਵਿਚ ਟੱਕ ਰਾਜ ਦੀ ਰਾਜਧਾਨੀ ਸੀ।

ਟੱਕ ਭਾਸ਼ਾ ਦਾ ਵਿਆਕਰਣਿਕ ਸੰਦਰਭ

ਪ੍ਰਾਕ੍ਰਿਤ ਵਿਆਕਰਣਾਂ ਵਿਚ ਭਾਵੇਂ ਆਮ ਤੌਰ ਤੇ ਪ੍ਰਮੁਖ ਪ੍ਰਾਕ੍ਰਿਤਾਂ ਦਾ ਵਰਣਨ ਤੇ ਵਿਸ਼ਲੇਸ਼ਣ ਕੀਤਾ ਗਿਆ ਹੈ ਪਰ ਕਿਤੇ ਕਿਤੇ ਟੱਕੀ/ਟਾਕੀ ਪ੍ਰਕ੍ਰਿਤ/ਅਪਭ੍ਰੰਸ਼ ਦਾ ਉਲੇਖ ਹੋਇਆ ਮਿਲਦਾ ਹੈ । ਪੁਰਸ਼ੋਤਮ ਨੇ ਆਪਣੇ ਵਿਆਕਰਣ "ਪ੍ਰਾਕ੍ਰਿਤ ਅਨੁਸ਼ਾਸਨ" ਵਿਚ ਅਤੇ ਮਾਰਕੰਡੇਯ ਨੇ 'ਪ੍ਰਾਕ੍ਰਿਤ ਸਰਵਸ੍ਵ' ਵਿਚ ਟੱਕ ਭਾਸ਼ਾ ਦਾ ਵਰਣਨ ਕੀਤਾ ਹੈ । ਪੁਰਸ਼ੋਤਮ ਗਿਆਰ੍ਹਵੀਂ ਸਦੀ ਦੇ ਪ੍ਰਾਕ੍ਰਿਤ ਵਿਦਵਾਨ ਸਨ ਅਤੇ ਇਨ੍ਹਾਂ ਨੇ ਟੱਕ ਦੇਸੀ ਭਾਸ਼ਾ ਦੇ ਕੁਝ ਨੇਮ ਲਿਖੇ ਹਨ । ਇਕ ਹੋਰ ਪ੍ਰਾਕ੍ਰਿਤ ਗ੍ਰਾਮਰ "ਪ੍ਰਾਕ੍ਰਿਤ ਚੰਦ੍ਰਿਕਾ" ਵਿਚ ਅਪਭ੍ਰੰਸ਼-ਵਰਗ ਦੀ ਭਾਸ਼ਾ ਦੇ 27 ਭੇਦ ਗਿਣੇ ਹਨ, ਉਨ੍ਹਾਂ ਵਿਚ ਟਾਕ (ਅਪਭ੍ਰੰਸ਼) ਵੀ ਸ਼ਾਮਲ ਹੈ ।

ਟੱਕੀ ਇਕ ਵਿਭਾਸ਼ਾ ਦੇ ਤੌਰ 'ਤੇ

ਜਿਵੇਂ ਕਿ ਅਸੀਂ ਪਿਛਲੇ ਅਧਿਆਏ ਵਿਚ ਚਰਚਾ ਕਰ ਆਏ ਹਾਂ ਕਿ ਮਾਰਕੰਡੇਯ, ਰਾਮ ਸ਼ਰਮਾ ਅਤੇ ਪੁਰਸ਼ੋਤਮ ਨੇ ਪ੍ਰਾਕ੍ਰਿਤ ਭਾਸ਼ਾ-ਸਮੂਹ ਨੂੰ ਚਾਰ ਵੱਖ ਵੱਖ ਵਰਗਾਂ ਵਿਚ ਵੰਡਿਆ ਹੈ, ਉਹ ਹਨ : (1) ਭਾਸ਼ਾ (2) ਵਿਭਾਸ਼ਾ (3) ਅਪਭ੍ਰੰਸ਼ (4) ਪੈਸ਼ਾਚਿਕਾ । ਇਨ੍ਹਾਂ ਤਿੰਨੋਂ ਆਚਾਰੀਆ ਨੇ ਟੱਕੀ/ਟੱਕ ਭਾਸ਼ਾ ਨੂੰ ਵਿਭਾਸ਼ਾ-ਵਰਗ ਅਤੇ ਅਪਭ੍ਰੰਸ਼-ਵਰਗ ਇਨ੍ਹਾਂ ਦੋਹਾਂ ਵਰਗਾਂ ਵਿਚ ਸ਼ਾਮਲ ਕੀਤਾ ਹੈ । ਇਸ ਲਈ ਏਥੇ ਅਸੀਂ ਟੱਕ-ਭਾਸ਼ਾ ਦਾ ਪਹਿਲਾਂ ਵਿਭਾਸ਼ਾ ਦੇ ਤੌਰ 'ਤੇ ਵਰਣਨ ਕਰਦੇ ਹਾਂ ।

ਵਿਭਾਸ਼ਾ ਕੀ ਹੈ?

"ਵਿਭਾਸ਼ਾ" ਇਕ ਪਾਰਿਭਾਸ਼ਕ ਸ਼ਬਦ (term) ਹੈ ਜਿਸ ਦੀ ਪਹਿਲੀ ਵਾਰ ਵਰਤੋਂ

ਨਾਟਯਸ਼ਾਸਤ੍ਰ (ਪਹਿਲੀ ਸਦੀ ਈ.) ਵਿਚ ਹੋਈ ਹੈ ਅਤੇ ਫੇਰ ਕਈਆਂ ਸਦੀਆਂ ਬਾਅਦ ਆਚਾਰੀਆ ਪੁਰੁਸ਼ੋਤੱਮ (ਗਿਆਰ੍ਹਵੀਂ ਸਦੀ ਈ.) ਹੀ ਅਜਿਹਾ ਵਿਆਕਰਣੀਆ ਹੈ ਜਿਸ ਨੇ ਵਿਭਾਸ਼ਾ ਦਾ ਨਿਰੂਪਣ ਕੀਤਾ ਹੈ। ਰਾਮ ਸ਼ਰਮਾ ਤਰਕ-ਵਾਗੀਸ਼ ਨੇ ਭਾਵੇਂ ਵਿਭਾਸ਼ਾ ਦਾ ਸੰਕੇਤ ਕੀਤਾ ਹੈ ਪਰ ਅਸਲ ਵਿਚ ਮਾਰਕੰਡੇਯ [ਕਰਤਾ : ਪ੍ਰਾਕ੍ਰਿਤ ਸਰਵਸ੍ਵ] ਨੇ ਹੀ ਵਿਭਾਸ਼ਾ ਦੇ ਸੰਕਲਪ ਦਾ ਸਪਸ਼ਟ ਵਰਣਨ ਕੀਤਾ ਹੈ।

ਵਿਭਾਸ਼ਾ ਦਾ ਕੀ ਭਾਵਾਰਥ ਹੈ? ਇਹ ਪ੍ਰਸ਼ਨ ਵਿਦਵਾਨਾਂ ਵਿਚ ਵਿਵਾਦ-ਗ੍ਰਸਤ ਬਣਿਆ ਰਿਹਾ ਹੈ। ਗ੍ਰੀਅਰਸਨ ਨੇ ਮਾਰਕੰਡੇਯ ਦੇ ਗ੍ਰੰਥ "ਪ੍ਰਾਕ੍ਰਿਤ ਸਰਵਸ੍ਵ" ਅਤੇ ਰਾਮ ਸ਼ਰਮਾ ਦੇ ਗ੍ਰੰਥ "ਪ੍ਰਾਕ੍ਰਿਤ ਕਲਪਤਰੂ" ਦੇ ਆਧਾਰ ਉੱਤੇ ਜਿਹੜਾ ਆਪਣਾ ਨਿਬੰਧ "*The Prakrit Vibhashas*" ਤਿਆਰ ਕੀਤਾ ਹੈ ਉਸ ਵਿਚ ਕਈਆਂ ਪਹਿਲੂਆਂ ਤੋਂ ਵਿਭਾਸ਼ਾ ਬਾਰੇ ਚਰਚਾ ਕੀਤੀ ਗਈ ਹੈ। ਗ੍ਰੀਅਰਸਨ ਨੇ "ਵਿਭਾਸ਼ਾ" ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਤ ਕੀਤਾ ਹੈ:

(1) ਵਿਭਾਸ਼ਾ, ਸਟੈਂਡਰਡ ਪ੍ਰਾਕ੍ਰਿਤ ਦੀ ਹੀ ਇਕ ਵੰਨਗੀ (variety) ਹੈ;
(2) ਵਿਭਾਸ਼ਾ ਦਾ ਅਰਥ ਆਧਾਰ ਭਾਸ਼ਾ ਹੈ (a base language);
(3) ਵਿਭਾਸ਼ਾ ਦਾ ਭਾਵ ਲਘੂ ਭਾਸ਼ਾ (minor language) ਹੈ;
(4) ਵਿਭਾਸ਼ਾ ਕਿਸੇ ਇਕ ਜਾਂ ਦੋ ਟਕਸਾਲੀ ਪ੍ਰਾਕ੍ਰਿਤ ਉਪ-ਭਾਸ਼ਾਵਾਂ ਦਾ ਉੱਨਤ ਜਾਂ ਅਧੋਗਤ ਵਿਗਾੜ (corruption) ਹੈ ਜਿਸ ਦੀ ਵਰਤੋਂ ਸਟੇਜ-ਡ੍ਰਾਮਿਆਂ ਵਿਚ ਕੀਤੀ ਜਾਂਦੀ ਹੈ ਅਤੇ ਜਿਸ ਦੇ ਬੋਲਣ ਦਾ ਵਿਧਾਨ ਨਾਟਕੀ ਪਾਤਰਾਂ ਦੇ ਅਨੁਸਾਰ ਕੀਤਾ ਜਾਂਦਾ ਹੈ।

ਭਰਤਮੁਨੀ ਰਚਿਤ ਨਾਟਯਸ਼ਾਸਤ੍ਰ ਦੇ ਟੀਕਾਕਾਰ ਅਭਿਨਵ ਗੁਪਤ ਨੇ ਭਾਸ਼ਾ ਤੇ ਵਿਭਾਸ਼ਾ ਦੇ ਵਿਚਕਾਰ ਨਿਖੇੜਾ ਪੇਸ਼ ਕੀਤਾ ਹੈ ਅਤੇ ਕਿਹਾ ਹੈ "ਭਾਸ਼ਾ (ਪ੍ਰਾਕ੍ਰਿਤ ਭਾਸ਼ਾ) ਤਾਂ ਸੰਸਕ੍ਰਿਤ ਦਾ ਵਿਗਾੜ ਹੈ ਅਤੇ ਵਿਭਾਸ਼ਾ, ਭਾਸ਼ਾ ਦਾ ਵਿਗਾੜ ਹੈ"*

ਇਸ ਤੋਂ ਬਿਨਾਂ ਪੁਰੁਸ਼ੋਤੱਮ (ਪ੍ਰਾਕ੍ਰਿਤ-ਅਨੁਸ਼ਾਸਨ) ਵਿਭਾਸ਼ਾ ਨੂੰ ਕਿਸੇ ਪ੍ਰਮਾਣਿਕ ਭਾਸ਼ਾ ਤੋਂ ਵਿਉਤਪੰਨ ਹੋਈ ਇਕ ਉਪ-ਡਾਇਲੈਕਟ ਮੰਨਦਾ ਹੈ। ਇਨ੍ਹਾਂ ਕਥਨਾਂ ਤੋਂ ਵਿਭਾਸ਼ਾ ਦੇ ਸੰਕਲਪ ਬਾਰੇ ਜੋ ਨਿਚੋੜ ਨਿਕਲਦਾ ਹੈ ਉਹ ਇਹ ਹੈ ਕਿ ਵਿਭਾਸ਼ਾ ਭਾਸ਼ਾ (ਪ੍ਰਾਕ੍ਰਿਤ) ਦੀ ਇਕ ਉਪ-ਭਾਸ਼ਾ ਜਾਂ ਵੰਨਗੀ ਹੈ। ਇਸ ਤਰ੍ਹਾਂ ਵਿਭਾਸ਼ਾ ਡਾਇਲੈਕਟ ਦਾ ਪਰਿਆਏ ਹੈ।

ਇਨ੍ਹਾਂ ਕਥਨਾਂ ਅਤੇ ਟੂਕਾਂ ਤੋਂ ਇਹ ਵੀ ਸੂਚਿਤ ਹੁੰਦਾ ਹੈ ਕਿ ਵਿਭਾਸ਼ਾਵਾਂ ਕਿਸੇ ਰੰਗਮੰਚੀ ਨਾਟਕਾਂ ਦੇ ਪਾਤਰਾਂ ਤਕ ਹੀ ਸੀਮਿਤ ਹੀ ਨਹੀਂ ਸਨ ਸਗੋਂ ਵਿਭਾਸ਼ਾਵਾਂ ਤਾਂ ਕਿਸੇ ਸਮੇਂ ਵੱਖ ਵੱਖ ਖੇਤਰੀ ਬੋਲੀਆਂ ਦੀ ਹੈਸੀਅਤ ਵਿਚ ਚਾਲੂ ਰਹੀਆਂ ਸਨ। ਇਸ ਦਾ ਮਤਲਬ ਇਹ ਹੈ ਕਿ ਵਿਭਾਸ਼ਾਵਾਂ ਕਿਸੇ ਖ਼ਾਸ ਪੜਾਉ 'ਤੇ ਭਾਸ਼ਾ-ਸਮੁਦਾਏ ਵਿਚ ਬੋਲੀਆਂ ਜਾਂਦੀਆਂ ਸਨ ਅਤੇ ਬਾਅਦ ਵਿਚ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਇਨ੍ਹਾਂ ਵਿਭਾਸ਼ਾਵਾਂ ਨੂੰ ਰੂੜੀਬੱਧ ਕਰ ਦਿੱਤਾ ਸੀ।

* अभिनव गुप्त– "संस्कृतापभ्रंशो भाषा, भाषापभ्रंशस्तु विभाषा"।
"Bhasha is the corruption of Sanskrit while vibhasha is the corruption of Bhasha." Quoted by Krishna Chandra Acharya, Introduction to Markandey's Prakrit Sarvasva" 1986 : 53.

ਕ੍ਰਿਸ਼ਣ ਚੰਦ੍ਰ ਆਚਾਰਯ [1986 : 87] ਦਾ ਅਭਿਮਤ ਹੈ ਕਿ ਹਰੇਕ ਵਿਭਾਸ਼ਾ ਦਾ ਕੇਂਦਰੀ ਨੁਕਤਾ ਇਹੋ ਹੈ ਕਿ ਇਹ ਇਕ ਬੋਲਚਾਲੀ ਬੋਲੀ ਹੈ ਜਿਹੜੀ ਕਿ ਕਿਸੇ ਖ਼ਾਸ ਇਲਾਕੇ ਵਿਚ, ਕਿਸੇ ਖ਼ਾਸ ਭਾਸ਼ਾ-ਸਮੁਦਾਏ ਵਲੋਂ ਅਤੇ ਕਿਸੇ ਵੀ ਵੇਲੇ ਬੋਲੀ ਜਾਂਦੀ ਰਹੀ ਹੈ ਅਤੇ ਬਾਅਦ ਵਿਚ ਸੰਸਕ੍ਰਿਤ ਨਾਟਕਾ ਵਿਚ ਸਥਾਨ ਦੇ ਕੇ ਇਸਨੂੰ ਸਾਹਿਤਕ ਪਦਵੀ ਪ੍ਰਦਾਨ ਕੀਤੀ ਗਈ ਹੈ। ਸਾਹਿਤਕ ਪੱਧਰ 'ਤੇ ਵਿਭਾਸ਼ਾ ਖ਼ਾਸ ਸਰੇਣੀਆ ਦੇ ਪਾਤਰਾ ਲਈ ਮਖ਼ਸੂਸ ਕੀਤੀ ਜਾਂਦੀ ਰਹੀ ਹੈ।

ਏਥੇ ਇਕ ਹੋਰ ਤੱਥ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਹਰੇਕ ਵਿਭਾਸ਼ਾ ਨੂੰ ਕਿਸੇ ਨਾ ਕਿਸੇ ਸਟੈਂਡਰਡ ਪ੍ਰਾਕ੍ਰਿਤ ਭਾਸਾ ਤੋਂ ਵਿਉਤਪੰਨ ਹੋਈ ਮੰਨਿਆ ਹੈ।

ਪ੍ਰਾਕ੍ਰਿਤਾਂ ਦੇ ਜ਼ਮਾਨੇ ਵਿਚ ਲਿਖੇ ਗਏ ਸੰਸਕ੍ਰਿਤ ਨਾਟਕਾਂ ਵਿਚ ਕਿਰਿਆਸ਼ੀਲ ਵੱਖ ਵੱਖ ਪਾਤਰ-ਸ਼ਰੇਣੀਆ ਲਈ ਵਖ ਵਖ ਬੋਲੀਆਂ ਬੋਲਣ ਦਾ ਨੇਮ-ਵਿਧਾਨ ਦਰਜ ਕੀਤਾ ਜਾਂਦਾ ਰਿਹਾ ਹੈ। ਇਸ ਨੇਮ-ਵਿਧਾਨ ਦੇ ਅੰਤਰਗਤ ਸਟੈਂਡਰਡ ਪ੍ਰਾਕ੍ਰਿਤਾਂ ਤੋਂ ਬਾਅਦ ਉਪ-ਭਾਸ਼ਾਵਾਂ/ਵਿਭਾਸ਼ਾਵਾਂ ਦਾ ਜ਼ਿਕਰ ਆਉਂਦਾ ਹੈ ਜਿਸ ਦੇ ਪ੍ਰਤੀ ਸੰਸਕ੍ਰਿਤ ਕਾਵਿ-ਸ਼ਾਸਤ੍ਰੀਆਂ ਅਤੇ ਵਿਆਕਰਣਕਾਰਾਂ ਨੇ ਧਿਆਨ ਦਿੱਤਾ ਹੈ। ਉਨ੍ਹਾਂ ਵਿਦਵਾਨਾਂ ਨੇ ਜਿੱਥੇ ਸੰਸਕ੍ਰਿਤ ਨਾਟਕਾਂ ਵਿਚ ਪਾਤਰਾਂ ਦੇ ਅਨੁਸਾਰ ਵੱਖ ਵੱਖ ਭਾਸ਼ਾਵਾਂ ਅਤੇ ਵਿਭਾਸ਼ਾਵਾਂ ਨੂੰ ਬੋਲਣ ਦਾ ਵਿਧਾਨ ਦਰਜ ਕੀਤਾ ਹੈ ਉਥੇ ਇਨ੍ਹਾਂ ਪਾਤਰ-ਬੋਲੀਆਂ (ਵਿਭਾਸ਼ਾਵਾਂ) ਦੇ ਜ਼ਰੂਰੀ ਨਿਯਮ ਤੇ ਉਪ-ਨਿਯਮ ਵੀ ਬਿਆਨ ਕੀਤੇ ਹਨ।

ਇਨ੍ਹਾਂ ਕਥਨਾਂ ਤੇ ਉਪ-ਕਥਨਾਂ ਦੇ ਚਾਨਣੇ ਵਿਚ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਟੱਕੀ ਜਾਂ ਟੱਕ-ਭਾਸ਼ਾ ਇਕ "ਵਿਭਾਸ਼ਾ ਵੀ ਹੈ ਅਤੇ ਇਸ ਟੱਕ-ਭਾਸ਼ਾ ਨੂੰ ਉਪਰੋਕਤ ਤਿੰਨੋਂ ਵਿਆਕਰਣਕਾਰਾਂ ਨੇ ਵਿਭਾਸ਼ਾ ਦੇ ਤੌਰ ਤੇ ਸਵੀਕਾਰ ਕੀਤਾ ਹੈ।" ਇਸ ਤੋਂ ਅੱਗੇ ਇਨ੍ਹਾਂ ਤਿੰਨੋਂ ਵਿਆਕਰਣਕਾਰਾਂ ਨੇ ਵਿਭਾਸ਼ਾ-ਵਰਗ ਦੇ ਅੰਤਰਗਤ ਵਿਭਾਸ਼ਾਵਾਂ ਦੀ ਗਿਣਤੀ ਅਲਗ ਅਲਗ ਮੰਨੀ ਹੈ। ਇਸ ਅਨੁਸਾਰ ਵਿਭਾਸ਼ਾਵਾਂ ਦਾ ਵੇਰਵਾ ਹੇਠਾਂ ਅੰਕਿਤ ਕੀਤਾ ਜਾਂਦਾ ਹੈ :

(1) ਮਾਰਕੰਡੇਯ ਦੇ ਅਨੁਸਾਰ ਵਿਭਾਸ਼ਾਵਾਂ 5 ਹਨ :
ਸ਼ਕਾਰੀ, ਚੰਡਾਲੀ, ਸ਼ਾਬਰੀ, ਆਭੀਰੀ, ਟੱਕੀ।

(2) ਰਾਮਸ਼ਰਮਾ ਦੇ ਅਨੁਸਾਰ ਵਿਭਾਸ਼ਾਵਾਂ 9 ਹਨ :
ਸ਼ਾਕਾਰੀ, ਚਾਂਡਾਲਿਕਾ, ਸ਼ਾਬਰੀ, ਆਭੀਰਿਕਾ, ਦ੍ਰਾਵਿੜਿਕਾ, ਔਤਕਲੀ, ਵਾਨੌਕਸੀ, ਮਾਦ੍ਰਰਿਕਾ, ਟਾੱਕੀ।

(3) ਪੁਰੁਸ਼ੋਤੱਮ ਦੇ ਅਨੁਸਾਰ ਵਿਭਾਸ਼ਾਵਾਂ 4 ਹਨ :
ਸ਼ਕਾਰੀ, ਚਾਡਾਲੀ, ਸ਼ਾਬਰੀ, ਟਾਕੀ।

ਪਰੰਤੂ ਇਸ ਵੇਰਵੇ ਤੋਂ ਇਕ ਗੱਲ ਤਾਂ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਤਿੰਨੋਂ ਵਿਆਕਰਣੀਆਂ ਨੇ "ਟੱਕ ਭਾਸ਼ਾ" ਨੂੰ ਆਪਣੇ ਪ੍ਰਸਤਾਵਿਤ ਵਿਭਾਸ਼ਾ-ਵਰਗ ਵਿਚ ਸਪਸ਼ਟ ਤੌਰ ਤੇ ਸ਼ਾਮਲ ਕੀਤਾ ਹੈ।

ਟੱਕੀ ਵਿਭਾਸ਼ਾ ਦਾ ਵਿਆਕਰਣਿਕ ਵਿਵੇਚਨ

ਮਾਰਕੰਡੇਯ ਤੇ ਪੁਰੁਸ਼ੋਤੱਮ ਦੋਹਾਂ ਦੇ ਅਨੁਸਾਰ ਟੱਕੀ ਟੱਕ ਦੇਸ ਦੀ ਭਾਸ਼ਾ ਹੈ।

ਤਿੰਨੋ ਵਿਆਕਰਣਕਾਰ ਇਸ ਗੱਲ ਤੇ ਸਹਿਮਤ ਹਨ ਕਿ ਟੱਕੀ, ਸੰਸਕ੍ਰਿਤ ਤੇ ਸ਼ੌਰਸੇਨੀ (ਪ੍ਰਾਕ੍ਰਿਤ) ਮਿਸ਼ਰਿਤ ਵਿਭਾਸ਼ਾ ਹੈ ।[1] ਰਾਮ ਸ਼ਰਮਾ ਅਤੇ ਮਾਰਕੰਡੇਯ ਦੋਹਾਂ ਦਾ ਕਥਨ ਹੈ ਕਿ ਸੰਸਕ੍ਰਿਤ ਨਾਟਕਾਂ ਵਿਚ ਟੱਕੀ ਨੂੰ ਜੂਏਬਾਜ਼ਾਂ, ਬਾਣੀਆ ਅਤੇ ਧੂਰਤਾਂ ਦੁਆਰਾ ਬੋਲਣ ਦਾ ਵਿਧਾਨ ਹੈ । ਮਾਰਕੰਡੇਯ ਨੇ ਕਿਸੇ ਅਗਿਆਤ ਵਿਦਵਾਨ ਦਾ ਇਕ ਸਲੋਕ ਉਧ੍ਰਿਤ ਕੀਤਾ ਹੈ ਜੋ ਉਪਰੋਕਤ ਦੀ ਪੁਸ਼ਟੀ ਕਰਦਾ ਹੈ । ਸੰਸਕ੍ਰਿਤ ਸ਼ਲੋਕ ਦਾ ਗੁਰਮੁਖੀ ਰੂਪ ਅੰਕਿਤ ਹੈ

"ਪ੍ਰਯੁਜਯਤੇ ਨਾਟਕਾਦੌ ਦਯੂਤਾਦਿ-ਵਯਵਹਾਰਿਭਿ: ।
ਵਣਿਗਭਿਰ ਹੀਨਦੇਹੈਸਚ ਤਦਾਹੁਸ਼ ਟੱਕ ਭਾਸ਼ਿਤਮ ॥"*

(ਸੋਲ੍ਹਵਾਂ ਪਾਦ, ਸੂਤ੍ਰ ਇਕ)

ਇਹ ਵੀ ਲਿਖਿਆ ਹੈ ਕਿ ਟੱਕੀ ਨੂੰ ਦ੍ਰਾਵਿੜ ਲੋਕ ਬਹੁਤ ਪਸੰਦ ਕਰਦੇ ਹਨ । ਇਸ ਦਾ ਕਾਰਣ ਇਹ ਜਾਪਦਾ ਹੈ ਕਿ ਟੱਕੀ ਵਿਚ ਸੰਸਕ੍ਰਿਤ ਸ਼ਬਦਾਵਲੀ ਦੀ ਭਰਮਾਰ ਹੈ । ਇਸ ਦਾ ਅਰਥ ਇਹ ਵੀ ਨਿਕਲਦਾ ਹੈ ਕਿ ਟੱਕੀ ਦੀ ਲੋਕ-ਪ੍ਰਿਯਤਾ ਕਰਕੇ ਬਹੁਤ ਸਾਰੇ ਸੌਦਾਗਰ ਤੇ ਸੈਲਾਨੀ ਇਸਨੂੰ ਦੱਖਣੀ ਭਾਰਤ ਵਿਚ ਲੈ ਗਏ ਸਨ । ਹਰਿਸ਼ਚੰਦ੍ਰ ਦੀ ਰਾਇ ਇਹ ਹੈ ਕਿ ਟੱਕੀ ਇਕ ਅਪਭ੍ਰੰਸ਼ ਹੈ ਵਿਭਾਸ਼ਾ ਨਹੀਂ ।[4] ਅਪਭ੍ਰੰਸ਼ ਔਂਕੜ-ਅੰਤਕ ਭਾਸ਼ਾ ਹੈ ਇਸ ਕਰਕੇ ਕਰਤਾ-ਕਾਰਕ ਇਕ ਵਚਨ ਦੇ ਵਿਭਕਤੀ-ਰੂਪ ਔਂਕੜ ਵਿਚ ਅੰਤ ਹੁੰਦੇ ਹਨ । ਇਹ ਰੁਚੀ ਵੀ ਦੱਖਣੀ ਦ੍ਰਾਵਿੜੀ ਭਾਸ਼ਾ ਨਾਲ ਮਿਲਦੀ ਹੈ ਜਿਵੇਂ (ਤਮਿਲਨਾਡੂ) । ਪੁਰੁਸ਼ੋਤਮ, ਮਾਰਕੰਡੇਯ, ਰਾਮ ਸਰਮਾ ਦੁਆਰਾ ਪ੍ਰਸਤੁਤ ਕੀਤੀਆਂ ਟੱਕ-ਦੀਆਂ ਭਾਸ਼ਿਕ ਵਿਸ਼ੇਸ਼ਤਾਵਾਂ ਦੇ ਅਵਲੋਕਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਟੱਕੀ ਭਾਸ਼ਾ ਅਪਭ੍ਰੰਸ਼ ਦੇ ਸਦ੍ਰਿਸ਼ ਤੇ ਸਗੋਤੀ (akin) ਹੈ । ਹਰਿਸ਼ਚੰਦ੍ਰ ਨੇ ਟੱਕੀ ਨੂੰ ਪਾਤ੍ਰ-ਬੋਲੀ (ਨਾਟਕਾਂ ਵਿਚ) ਤਕ ਸੀਮਿਤ ਰਖਿਆ, ਇਸ ਦਾ ਕਾਰਣ ਇਹ ਜਾਪਦਾ ਹੈ ਕਿ ਨਾਟਕਾਂ ਵਿਚ ਟੱਕੀ ਨੂੰ ਨਿਮਨ ਸ਼੍ਰੇਣੀ ਦੇ ਪਾਤਰ ਬੋਲਦੇ ਦਿਖਾਏ ਜਾਂਦੇ ਹਨ ।

ਇਸ ਤੋਂ ਬਾਅਦ ਆਚਾਰੀਆ ਮਾਰਕੰਡੇਯ ਨੇ ਆਪਦੇ ਪ੍ਰਾਕ੍ਰਿਤ-ਵਿਆਕਰਣ "ਪ੍ਰਾਕ੍ਰਿਤ ਸਰਵਸ੍ਵ" ਦੇ ਸੋਲ੍ਹਵੇਂ ਪਾਦ ਦੇ ਅੰਤਰਗਤ 13 ਸੂਤ੍ਰਾਂ ਵਿਚ ਟੱਕੀ ਦਾ ਵਿਭਾਸ਼ਾ ਦੇ ਤੌਰ 'ਤੇ ਨਮੂਨੇ ਵਜੋਂ ਵਿਆਕਰਣਿਕ ਵਿਵੇਚਨ ਪੇਸ਼ ਕੀਤਾ ਹੈ ।[5] ਮੂਲ ਰੂਪ ਵਿਚ ਇਹ ਸੂਤ੍ਰ ਸੰਸਕ੍ਰਿਤ ਵਿਚ ਹਨ ਅਤੇ ਇਨ੍ਹਾਂ ਦੀ ਟੀਕਾ-ਵ੍ਰਿਤੀ ਵੀ ਸੰਸਕ੍ਰਿਤ ਵਿਚ ਹੀ ਹੈ । ਲੇਕਿਨ ਉਦਾਹਰਣ ਟੱਕੀ ਵਿਭਾਸ਼ਾ ਦੇ ਹਨ । ਟੱਕ ਭਾਸ਼ਾ ਦੇ ਉਦਾਹਰਣਾ ਵਿਚ ਵਾਪਰੇ ਪਰਿਵਰਤਨਾ ਅਤੇ ਰੂਪਾਂਤਰਾ ਦੇ ਸਪਸ਼ਟੀਕਰਣ ਲਈ ਉਨ੍ਹਾਂ ਦੇ ਸਮਾਨਾਂਤਰ ਸੰਸਕ੍ਰਿਤ ਮੂਲ-ਰੂਪ ਵੀ ਉਧ੍ਰਿਤ ਕੀਤੇ ਗਏ ਹਨ । ਇਸ ਪ੍ਰਾਰੰਭਿਕ ਨੋਟ ਤੋਂ ਬਾਅਦ ਹੁਣ ਅਸੀਂ ਮਾਰਕੰਡੇਯ ਦੁਆਰਾ ਪੇਸ਼ ਕੀਤੇ ਗਏ ਵਿਆਕਰਣਿਕ ਸੂਤ੍ਰਾਂ ਦਾ ਪੰਜਾਬੀ ਰੂਪਾਂਤਰ ਪੇਸ਼ ਕਰਦੇ ਹਾਂ ।

ਸੂਤ੍ਰ (16.1) : ਟੱਕੀ ਸੰਸਕ੍ਰਿਤ ਅਤੇ ਸੌਰਸੇਨੀ ਮਿਸਰਿਤ ਵਿਭਾਸ਼ਾ ਹੈ । ਟੱਕੀ ਨੂੰ ਸੰਸਕ੍ਰਿਤ ਨਾਟਕਾਂ ਤੇ ਰੂਪਕਾਂ ਵਿਚ ਜੂਏਬਾਜ਼ਾ, ਬਾਣੀਏ-ਲੋਕਾਂ ਅਤੇ ਹੋਰ ਹੀਨਜਾਤੀਆ ਦੁਆਰਾ ਬੋਲਣ ਦਾ ਵਿਧਾਨ ਹੈ ।

ਸੂਤ੍ਰ (16.2) : ਆਚਾਰੀਆ ਹਰਿਸ਼ਚੰਦ੍ਰ ਟੱਕੀ ਭਾਸ਼ਾ ਨੂੰ ਅਪਭ੍ਰੰਸ਼ ਕਹਿਣਾ ਚਾਹੁੰਦਾ

---

* "प्रयुज्यते नाटकादौ द्यूतादिव्यवहारिभिः । वणिग्भिर् हीनदेहैश्च तदाहुष्टक्क भाषितम् ।"
Quoted in Prakrit Sarvasva XVI. I.

ਹੈ। ਵਿਦਵਾਨ ਲੋਕ ਨਾਟਕਾਂ ਆਦਿ ਵਿਚ ਟੱਕੀ ਅਪਭ੍ਰੰਸ਼ ਦਾ ਹੀ ਪ੍ਰਯੋਗ ਕਰਦੇ ਹਨ।

ਸੂਤ੍ਰ (16.3) : ਟੱਕੀ ਭਾਸ਼ਾ ਦੇ ਸ਼ਬਦਾਂ (ਪਦਾਂ) ਦੇ ਅੰਤ 'ਤੇ ਔਂਕੜ (-ਉ) ਆਉਂਦਾ ਹੈ, ਅਰਥਾਤ ਟੱਕੀ, ਬਹੁਤਾ ਕਰ ਕੇ ਉ-ਅੰਤਕ ਭਾਸ਼ਾ ਹੈ, ਪਰ ਇਸ ਦਾ ਅਪਵਾਦ (ਛੋਟ) ਵੀ ਹੈ। ਮਿਸਾਲ ਵਜੋਂ ਟੱਕੀ ਦੇ ਉ-ਅੰਤਕ ਸ਼ਬਦਾਂ ਦਾ ਵਿਵਰਣ ਪੇਸ਼ ਹੈ :

ਟੱਕੀ	: ਰਾਉ ਅਸਮ ਸਮਰੈਕਮੱਲੁ, ਮਅਣ ਮਨੋਹਰ ਦੇਹ ਸੋਹੁ, ਸਕਲ-ਸ਼ਸਤ੍ਰਾਸਤ੍ਰ ਵਿਦਯਾਪ੍ਰਵੀਣ।
ਸੰਸਕ੍ਰਿਤ	ਰਾਜਾ ਅਸਮਸਮਰੈਕਮਲ੍ਲ:, ਮਦਨ ਮਨੋਹਰ ਦੇਹ ਸ਼ੋਭ:, ਸਕਲ ਸ਼ਸਤ੍ਰਾਸਤ੍ਰਵਿਦਯਾਪ੍ਰਵੀਣ:। (=राजा असम समरैकमल्ल: मदन मनोहर देहशोभ: सकल शस्त्रास्त्र विद्या प्रवीण:)
ਪੰਜਾਬੀ	: ਰਾਜਾ ... ਮਦਨ ਮਨੋਹਰ ਦੇਹ ਸੋਭਾਵਾਲਾ, ਸਰਬ ਸ਼ਸਤ੍ਰ ਅਸਤ੍ਰ ਵਿਦਿਆ ਵਿਚ ਨਿਪੁੰਨ।

	ਟੱਕੀ	ਭਣਇ	ਵਾਣੀ	ਕਵਿਰਾਅ
ਅਪਵਾਦ ਰੂਪ ਵਿਚ ਟੱਕੀ ਦਾ ਉਦਾਹਰਣ	ਸੰਸਕ੍ਰਿਤ	ਭਣਤਿ	ਵਾਣੀ	ਕਵਿਰਾਜ:
	ਪੰਜਾਬੀ :	ਕਵੀਰਾਜ	ਬਾਣੀ	ਬੋਲਦਾ ਹੈ

ਟਿੱਪਣੀ : ਉਪਰੋਕਤ ਉਦਾਹਰਣਾਂ ਵਿਚ /-ਲੁ, ਸੋਹੁ, ਪ੍ਰਵੀਣੁ/ ਸ਼ਬਦ ਟੱਕੀ ਭਾਸ਼ਾ ਦੇ ਹਨ, ਇਸ ਲਈ ਇਹ ਉ-ਅੰਤਕ (ਔਂਕੜ-ਅੰਤਕ) ਹਨ, ਪਰ ਵਿਕਲਪ ਕਰਕੇ /ਕਵਿਰਾਅ/ ਸ਼ਬਦ ਅ-ਅੰਤਕ ਹੈ, ਉ-ਅੰਤਕ ਨਹੀਂ।

(ਪੁਰਾਤਨ ਪੰਜਾਬੀ ਗੁਰਬਾਣੀ ਵਿਚ ਮਿਲਾਉ "ਭਣਤਿ")

ਸੂਤ੍ਰ (16.4) ਟੱਕੀ ਵਿਭਾਸ਼ਾ ਵਿਚ "ਟਾ" (ਕਰਣ ਕਾਰਕੀ ਵਿਭਕਤੀ ਰੂਪ) ਇਕ ਵਚਨ instrumental singular ਲਈ "ਏ" ਦਾ, ਵਿਕਲਪ ਨਾਲ (optionally) ਪਰਿਵਰਤਨ ਹੁੰਦਾ ਹੈ, ਜਿਵੇਂ

ਟੱਕੀ	*ਸੰਸਕ੍ਰਿਤ*	*ਪੰਜਾਬੀ*
ਖਗ੍ਗੇ ਪਹਰਸਿ ਜਾਂ ਖਗ੍ਗੇਨ ਪਹਰਸਿ	ਖਡਗੇਨ ਪ੍ਰਹਰਸਿ	ਖੜਗ ਨਾਲ ਪ੍ਰਹਾਰ ਕਰਦਾ ਹੈ

ਮਿਲਾਉ : "ਖੱਗ (ਖੜਗ) ਖੰਡ ਬਿਹੰਡੰ ਖਲ ਦਲ ਖੰਡੰ - ਦਸਮ ਗ੍ਰੰਥ ਦੀ ਬਾਣੀ।
ਸੰਸਕ੍ਰਿਤ: . ਖਡਗ → ਖਗ੍ਗ → ਖੱਗ (ਪੰਜਾਬੀ ਰੂਪ)।

ਸੂਤ੍ਰ (16.5) : ਟੱਕੀ ਵਿਚ "ਭਯਸ੍" (ਅਪਾਦਾਨ ਕਾਰਕੀ ਵਿਭਕਤੀ-ਮੂਲਕ ਬਹੁਵਚਨ ਪਿਛੇਤਰ = (Ablative plural) ਲਈ (-ਹੰ, -ਹੁੰ) ਦਾ ਵਿਧਾਨ ਹੈ, ਜਿਵੇਂ :

ਟੱਕੀ	*ਸੰਸਕ੍ਰਿਤ*	*ਪੰਜਾਬੀ*
ਰੁਕ੍ਖਹੰ ਪਡਿਦੁ	ਵ੍ਰਿਕਸ਼ਾਤ ਪਤਤਿ	ਰੁਖੋਂ ਪਤਿਤ ਹੁੰਦਾ ਹੈ
ਘਰਹੁੰ ਚਲਦਿ	ਗ੍ਰਿਹਾਤ ਚਲਤਿ	ਘਰੋਂ ਚਲਦਾ (ਹੈ)

(ਮਿਲਾਉ ਪੁਰਾ-ਪੰਜਾਬੀ: "ਘਾਲਿ ਖਾਇ ਕਿਛੁ ਹਥਹੁ ਦੇਇ" ਜਾਂ "ਸਚਹੁ ਓਰੈ ਸਭਿ ਕਉ)"

ਵਿਕਲਪੀ ਰੂਪ (optional) : ਟੱਕੀ: ਰੁਕ੍ਖਹਿੰਤੋ ~ ਘਰੇਸੁੰਤੋ : ਪੰਜਾਬੀ, ਰੁੱਖ ਤੋਂ, ਘਰ ਤੋਂ।

ਸੂਤ੍ਰ (16.6) : "ਆਮ" ਸੰਬੰਧ ਕਾਰਕੀ ਵਿਭਕਤੀ ਬਹੁਵਚਨ = (genitive plural) ਨੂੰ /-ਹੰ, -ਹੁੰ/ ਵਿਕਲਪ ਵਿਚ, ਆਦੇਸ਼ ਹੁੰਦਾ ਹੈ ਅਤੇ "ਆਣੰ" ਵੀ ਜਾਰੀ ਰਹਿੰਦਾ ਹੈ। ਜਿਵੇਂ :

ਟੱਕੀ	*ਸੰਸਕ੍ਰਿਤ*	*ਪੰਜਾਬੀ*
ਬਮਹਣਹੰ ਧਣੁ	ਬ੍ਰਾਹਮਣਾਨਾਂ ਧਨੰ	ਬ੍ਰਾਹਮਣਾਂ ਦਾ ਧਨ
(बम्हणहं धणु)	(ब्राह्मणानां धनम्)	

ਵਿਕਲਪ ਵਿਚ (Optionally : ਟੱਕੀ "ਬਮ੍ਹਣਹੁੰ ~ ਬਮ੍ਹਣਾਹੰ (=ਬ੍ਰਾਮ੍ਹਣਾਂ ਦਾ)

ਸੂਤ੍ਰ 16.7) : ਟੱਕੀ ਵਿਚ "ਕਿੰ" ਆਦਿ ਲਈ "ਹੰ" ਦਾ ਆਗਮ ਹੁੰਦਾ ਹੈ ਅਤੇ ਪੂਰਵ-ਵਰਤੀ ਸੁਰ ਦੀਰਘ ਹੋ ਜਾਂਦਾ ਹੈ, ਜਿਵੇਂ:

ਟੱਕੀ	*ਸੰਸਕ੍ਰਿਤ*	*ਹਿੰਦੀ*	*ਪੁਰਾ-ਪੰਜਾਬੀ*	*ਪੰਜਾਬੀ*
ਕਾਹੰ	ਕੁਤ੍ਰ	ਕਹਾਂ	ਕਹਾ	ਕਿੱਥੇ ~ ਕੁੱਥੇ
ਜਾਹੰ	ਯਤ੍ਰ	ਜਹਾਂ	ਜਹਾ	ਜਿੱਥੇ
ਤਾਹੰ	ਤਤ੍ਰ	ਤਹਾਂ	ਤਹਾਂ	ਤਿੱਥੇ
ਏਦਾਹੰ	ਅਤ੍ਰ	ਵਹਾਂ	ਊਹਾਂ	ਓਥੇ
ਇਮਾਹੰ	ਅਤ੍ਰ	ਯਹਾਂ	ਈਹਾਂ	ਇੱਥੇ

ਵਿਕਲਪ ਵਿਚ (alternantly) ਟੱਕੀ ਵਿਚ "ਕਾਣੰ, ਜਾਣੰ" ਵੀ ਚਾਲੂ ਰਹਿੰਦੇ ਹਨ।

ਸੂਤ੍ਰ (16.8) : ਟੱਕੀ ਵਿਚ "ਤ੍ਵਮ" (= ਤੂੰ) ਦੇ ਅਰਥਾਂ ਵਿਚ "ਤੁੰਗ" ਦਾ ਆਗਮ ਹੁੰਦਾ ਹੈ, ਜਿਵੇਂ :

ਟੱਕੀ : ਤੁੰਗ ਸਰਵ ਵਿਦਯਾ ਪ੍ਰਵੀਣੁ

ਸੰਸਕ੍ਰਿਤ : ਤ੍ਵੰ ਸਰਵ ਵਿਦਯਾ ਪ੍ਰਵੀਣ: = त्वं सर्व विद्याप्रवीण:

ਪੰਜਾਬੀ : ਤੂੰ ਸਰਬ ਵਿਦਿਆ ਵਿਚ ਪ੍ਰਬੀਨ ਹੈ

ਸੂਤ੍ਰ (16.9) : ਟੱਕੀ ਵਿਚ "ਅਹੰ" (= ਮੈਂ) ਦੇ ਅਰਥਾਂ ਵਿਚ "ਅਮ੍ਮਿ, ਹੁੰ, ਮਮ" ਦਾ ਵਿਕਲਪੀ ਤੌਰ ਤੇ ਆਗਮ ਹੋ ਜਾਂਦਾ ਹੈ, ਜਿਵੇਂ :

ਅਮ੍ਮਿ ਪੰਡਿਦੁ ਅਹੰ ਪੰਡਿਤ: ਮੈਂ ਪੰਡਿਤ (ਹਾਂ)

ਵਿਕਲਪੀ ਤੌਰ ਤੇ "ਹੁੰ" "ਮਮ" ਵੀ ਚਾਲੂ ਰਹਿੰਦੇ ਹਨ।

ਸੂਤ੍ਰ (16.10) : ਟੱਕੀ ਵਿਚ "ਮਮ" (= ਮੇਰਾ) ਦੇ ਅਰਥਾਂ ਵਿਚ ਵਿਕਲਪੀ ਤੌਰ ਤੇ "ਮਹੁੰ" ਦੀ ਵਰਤੋਂ ਹੁੰਦੀ ਹੈ, ਜਿਵੇਂ :

ਟੱਕੀ	*ਸੰਸਕ੍ਰਿਤ*	*ਪੰਜਾਬੀ*
ਮਹੁੰ ਘਰੁ ਸੁੰਦਰੁ	ਮਮ ਗ੍ਰਿਹੰ ਸੁੰਦਰੰ	ਮੇਰਾ ਘਰ ਸੁੰਦਰ (ਹੈ)

ਵਿਕਲਪੀ ਤੌਰ ਤੇ "ਮਮ" ਵੀ ਜਾਰੀ ਰਹਿੰਦਾ ਹੈ।

ਸੂਤ੍ਰ (16.11) : ਟੱਕੀ ਵਿਚ "ਯਥਾ" ਦੀ ਥਾਂ "ਜਿਧ" ਦਾ ਆਦੇਸ਼ ਹੁੰਦਾ ਹੈ, ਜਿਵੇਂ :

ਟੱਕੀ	*ਸੰਸਕ੍ਰਿਤ*	*ਪੰਜਾਬੀ*
ਜਿਧ ਭਣਸਿ ~ ਜਹਾ ਭਣਸਿ	ਯਥਾ ਭਣਸਿ	ਜਿਵੇਂ ਕਹਸੀ

ਸੂਤ੍ਰ (16.12) : ਟੱਕੀ ਭਾਸ਼ਾ ਵਿਚ "ਤਥਾ" ਦੀ ਥਾਂ "ਤਿਧ" ਦਾ ਆਦੇਸ਼ ਹੁੰਦਾ ਹੈ, ਅਤੇ ਵਿਕਲਪੀ ਤੌਰ 'ਤੇ "ਤਹਾਂ" ਵੀ ਜਾਰੀ ਰਹਿੰਦਾ ਹੈ, ਜਿਵੇਂ :

ਟੱਕੀ : ਤਿਧ ~ ਤਹਾਂ, ਸੰਸਕ੍ਰਿਤ: ਤਥਾ, ਪੰਜਾਬੀ: ਤਿਵੇਂ ~ ਉਵੇਂ

ਸੂਤ੍ਰ (16.13) : ਏਥੇ ਟਾਕੀ ਦਾ ਵਿਭਾਸ਼ਾ ਦੇ ਤੌਰ 'ਤੇ ਅਗਵਾਈ ਮਾਤਰ ਲਈ ਕਥਨ ਕੀਤਾ ਗਿਆ ਹੈ। ਟੱਕੀ ਦੇ ਬਾਕੀ ਭਾਸ਼ਾ-ਪ੍ਰਯੋਗ ਸ਼ਿਸ਼ਟ-ਲੋਕਾਂ (ਵਿਦਵਾਨਾਂ) ਦੇ ਵਰਤੋਂ ਵਿਹਾਰ ਤੋਂ ਸਮਝ ਲੈਣੇ ਚਾਹੀਦੇ ਹਨ।

ਇਤਿ ਸ੍ਰੀ ਮਾਰਕੰਡੇਯ ਕਵੀਂਦ੍ਰ ਦੀ ਕ੍ਰਿਤੀ "ਪ੍ਰਾਕ੍ਰਿਤ ਸਰਵਸ੍ਵ" ਦੇ ਵਿਭਾਸ਼ਾ-ਵਿਵੇਚਨ ਦਾ ਸੋਲ੍ਹਵਾਂ ਪਾਦ ਸਮਾਪਤ ਹੁੰਦਾ ਹੈ।"

ਇਸ ਤਰ੍ਹਾਂ ਆਚਾਰੀਆ ਮਾਰਕੰਡੇਯ ਨੇ ਆਪਣੇ "ਪ੍ਰਾਕ੍ਰਿਤ ਸਰਵਸ੍ਵ" ਵਿਚ ਟੱਕੀ ਨੂੰ ਇਕ ਵਿਭਾਸ਼ਾ ਦੇ ਤੌਰ 'ਤੇ ਮਾਨਤਾ ਪ੍ਰਦਾਨ ਕਰ ਕੇ ਉਸ ਦੇ ਕੁਝ ਵਿਆਕਰਣਿਕ ਨੇਮ-ਵਿਧਾਨ ਪੇਸ਼ ਕੀਤੇ ਹਨ। ਜਿਵੇਂ ਕਿ ਪਹਿਲਾਂ ਚਰਚਾ ਕੀਤੀ ਜਾ ਚੁਕੀ ਹੈ ਕਿ ਟੱਕੀ ਦੇ ਸੰਦਰਭ ਵਿਚ ਵਿਭਾਸ਼ਾ ਦਾ ਸੰਕਲਪ ਖੇਤਰੀ ਡਾਇਲੈਕਟ, ਸਟੈਂਡਰਡ ਭਾਸ਼ਾ ਦੀ ਅਧੀਨ-ਡਾਇਲੈਕਟ ਜਾਂ ਸਥਾਨਿਕ ਬੋਲਚਾਲੀ ਬੋਲੀ ਦੀ ਸ਼ਕਲ ਵਿਚ ਹੀ ਪਰਿਭਾਸ਼ਤ ਕੀਤਾ ਗਿਆ ਹੈ। ਇਸ ਪਰਿਪੇਖ ਵਿਚ ਹੀ ਟੱਕੀ ਦੇ ਕੁਝ ਕੁ ਭਾਸ਼ਾਗਤ ਉਪਲੱਛਣ ਅਤੇ ਵਿਲੱਖਣਤਾਵਾਂ ਵਰਣਨ ਕੀਤੀਆਂ ਗਈਆਂ ਹਨ।

ਡਾ. ਕ੍ਰਿਸ਼ਣ ਚੰਦ੍ਰ ਆਚਾਰਯ ਦਾ ਕਥਨ ਹੈ ਕਿ ਉਪਰੋਕਤ ਚਰਚਾ ਤੋਂ ਵਿਭਾਸ਼ਾ-ਵਰਗ ਦੇ ਦੋ ਉਪ-ਵਰਗ ਸਪਸ਼ਟ ਤੌਰ 'ਤੇ ਉਪਲਬਧ ਹੁੰਦੇ ਹਨ, ਇਕ ਉਪ-ਵਰਗ ਮਾਗਧੀ ਪ੍ਰਾਕ੍ਰਿਤ ਤੋਂ ਵਿਕਸਿਤ ਉਪ-ਭਾਸ਼ਾਵਾਂ ਜਾਂ ਵਿਭਾਸ਼ਾਵਾਂ ਦਾ ਹੈ ਅਤੇ ਦੂਜੇ ਉਪ-ਵਰਗ ਵਿਚ ਕੇਵਲ ਟੱਕ-ਭਾਸ਼ਾ ਹੀ ਸ਼ਾਮਲ ਹੈ ਜਿਹੜੀ ਕਿ ਸੰਸਕ੍ਰਿਤ, ਸ਼ੌਰਸੇਨੀ (ਪ੍ਰਾਕ੍ਰਿਤ) ਅਤੇ ਅਪਭ੍ਰੰਸ਼ ਦਾ ਮਿਸ਼ਰਣ ਤੇ ਵਿਕਾਰੀਕਰਣ ਹੈ [**Introduction to Markandey's grammar, 1986 : 97**]।

ਏਸੇ ਤਰ੍ਹਾਂ ਟੱਕੀ ਬਾਰੇ ਆਚਾਰੀਆ ਹਰਿਸ਼ਚੰਦ੍ਰ ਦੀ ਧਾਰਣਾ ਹੈ ਕਿ ਟੱਕੀ ਵਿਭਾਸ਼ਾ ਹੋਵੇ ਜਾਂ ਭਾਵੇਂ ਅਪਭ੍ਰੰਸ਼, ਪਰ ਇਹ ਨਿਸ਼ਚਿਤ ਹੈ ਕਿ ਟੱਕੀ ਆਪਣੇ ਸ਼ੁਧ ਰੂਪ ਵਿਚ ਟੱਕ ਦੇਸ਼ ਦੀ ਭਾਸ਼ਾ ਸੀ ਅਤੇ ਟੱਕ ਦੇਸ਼ ਪੱਛਮੀ ਭਾਰਤ ਵਿਚ ਵਾਕਿਆ ਸੀ।

ਇਸ ਪ੍ਰਕਾਰ ਟੱਕੀ ਵਿਭਾਸ਼ਾ ਦੇ ਉਪਰੋਕਤ ਵਿਆਕਰਣਿਕ ਉਪਲੱਛਣਾਂ ਅਤੇ ਵਿਲੱਖਣਤਾਵਾਂ ਦੇ ਵਿਕਾਸਾਤਮਕ/ਤੁਲਨਾਤਮਕ ਅਧਿਐਨ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਟੱਕ ਭਾਸ਼ਾ ਦੇ ਉਪਰੋਕਤ ਉਦਾਹਰਣ ਪੰਜਾਬੀ ਭਾਸ਼ਾ ਦੇ ਪੂਰਵ-ਰੂਪ (proto forms) ਹੀ ਜਾਪਦੇ ਹਨ।

ਟੱਕੀ ਇਕ ਅਪਭ੍ਰੰਸ਼ ਦੇ ਤੌਰ 'ਤੇ

ਟੱਕੀ ਇਕ ਵਿਭਾਸ਼ਾ ਹੈ ਅਤੇ ਟੱਕੀ ਇਕ ਅਪਭ੍ਰੰਸ਼ ਹੈ, ਇਸ ਸੰਦਰਭ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਵਿਭਾਸ਼ਾ ਅਤੇ ਅਪਭ੍ਰੰਸ਼ ਵਿਚ ਫ਼ਰਕ ਹੈ? ਜਾਰਜ ਗ੍ਰੀਅਰਸਨ ਦੇ ਸ਼ਬਦਾਂ ਵਿਚ "ਇਨ੍ਹਾਂ ਦੋਹਾਂ ਦੇ ਦਰਮਿਆਨ ਜਿਹੜੀ ਵੰਡ-ਲਕੀਰ ਹੈ ਉਹ ਪੱਕੀ ਨਹੀਂ ਹੈ"। ਇਸ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਹਰਿਸ਼ਚੰਦ੍ਰ ਦੀ ਦ੍ਰਿਸ਼ਟੀ ਵਿਚ ਟੱਕ ਭਾਸ਼ਾ ਇਕ ਅਪਭ੍ਰੰਸ਼ ਹੈ, ਵਿਭਾਸ਼ਾ ਨਹੀਂ ਹੈ। ਪੁਰਸ਼ੋਤਮ, ਮਾਰਕੰਡੇਯ ਅਤੇ ਰਾਮ ਸ਼ਰਮਾ ਤਰਕ-ਵਾਗੀਸ਼ ਦੁਆਰਾ ਪੇਸ਼ ਕੀਤੀਆਂ ਟੱਕੀ ਸੰਬੰਧੀ ਵਿਲੱਖਣਤਾਵਾਂ ਦੇ ਗਹਿਰੇ ਅਵਲੋਕਨ

ਤੋਂ ਜ਼ਾਹਰ ਹੁੰਦਾ ਹੈ ਕਿ ਟੱਕ ਭਾਸ਼ਾ ਅਪਭ੍ਰੰਸ਼ ਦੇ ਸਮਾਨ ਤੇ ਸਦ੍ਰਿਸ਼ ਹੈ ਜਿਹੜੀ ਕਿ ਕਾਫੀ ਮਿਕਦਾਰ ਵਿਚ ਉ-ਅੰਤਕ ਹੈ, ਜਿਵੇਂ ਕਿ ਅਪਭ੍ਰੰਸ਼ ਉ-ਬਹੁਲਾ ਹੈ। ਇਸ ਤਰ੍ਹਾਂ ਟੱਕੀ ਬੁਨਿਆਦੀ ਤੌਰ 'ਤੇ ਅਪਭ੍ਰੰਸ਼ ਹੈ ਜਿਸ ਦਾ ਉਦੈ ਭਾਵੇਂ ਪੱਛਮੀ ਭਾਰਤ ਵਿਚ ਹੋਇਆ ਹੈ ਪਰੰਤੂ ਬਾਅਦ ਵਿਚ ਇਹ ਭਾਰਤ ਰਾਸ਼ਟਰ ਦੇ ਸਾਰੇ ਇਲਾਕਿਆਂ ਵਿਚ ਫੈਲ ਗਈ ਸੀ। ਇਸ ਲਈ ਟੱਕੀ, ਮਗਰੋਂ ਜਾ ਕੇ ਪਾਤਰ-ਬੋਲੀ ਦੀ ਹੈਸੀਅਤ ਵਿਚ ਵੀ ਪ੍ਰਵਾਨ ਚੜ੍ਹੀ ਸੀ। ਇਸ ਪ੍ਰਕਾਰ ਟੱਕ-ਭਾਸ਼ਾ ਨੂੰ ਇਸ ਪਰਿਪੇਖ ਵਿਚ ਹੀ ਦੂਜੀਆਂ ਵਿਭਾਸ਼ਾਵਾਂ ਦੇ ਮੁਕਾਬਲੇ ਵਿਚ ਵਧੇਰੇ ਨਿਖੜਵੀਂ ਤੇ ਸੁਤੰਤਰ ਬੋਲੀ ਵਜੋਂ ਦ੍ਰਿਸ਼ਟੀਗੋਚਰ ਰਖਣਾ ਚਾਹੀਦਾ ਹੈ ਕਿਉਂਕਿ ਹੋਰਨਾਂ ਵਿਭਾਸ਼ਾਵਾਂ ਉਤੇ ਤਾਂ ਅਪਭ੍ਰੰਸ਼ ਦਾ ਪ੍ਰਭਾਵ ਹੈ ਜਿੱਥੇ ਕਿ ਟੱਕੀ ਲਗਭਗ ਅਪਭ੍ਰੰਸ਼ ਦੇ ਤੁੱਲ ਹੀ ਹੈ।

ਇਸ ਤਰ੍ਹਾਂ ਟੱਕੀ ਦਾ ਦੋ ਯੁਗਾਂ ਵਿਚ ਪ੍ਰਚਲਨ ਹੋਇਆ ਜਾਪਦਾ ਹੈ। ਪਹਿਲਾ ਰੂਪ ਵਿਭਾਸ਼ਾ ਵਾਲਾ ਹੈ ਅਤੇ ਦੂਜਾ ਰੂਪ ਅਪਭ੍ਰੰਸ਼ ਵਾਲਾ ਹੈ। ਵਿਭਾਸ਼ਾ ਪੂਰਵ-ਮੱਧਯੁਗ ਵਿਚ ਅਤੇ-ਅਪਭ੍ਰੰਸ਼ ਪਰਵਰਤੀ-ਮੱਧਯੁਗ ਵਿਚ ਚਾਲੂ ਸਨ। ਵਿਭਾਸ਼ਾ ਦੇ ਤੌਰ ਤੇ ਟੱਕੀ ਦੀਆਂ ਹੱਦਾਂ ਸੀਮਿਤ ਸਨ ਪਰ ਅਪਭ੍ਰੰਸ਼ ਦੇ ਤੌਰ ਤੇ ਟੱਕੀ ਦਾ ਘੇਰਾ ਵਿਸ਼ਾਲ ਰਿਹਾ ਹੈ।

ਇਸ ਪ੍ਰਥਾਇ ਕ੍ਰਿਸ਼ਣ ਚੰਦ੍ਰ ਆਚਾਰਯ ਨੇ ਲਿਖਿਆ ਹੈ :

Takki Vibhasha was confined to a limited region of Takka whereas Takka Apabhramsa carrying larger peculiarities in it, was in vogue in considerable part of North West India including Takka country." [Acharya, 1986 : 106] ।

ਟੱਕੀ ਵਿਭਾਸ਼ਾ ਹੈ ਜਾਂ ਅਪਭ੍ਰੰਸ਼ ਹੈ, ਇਸ ਵਾਦ-ਵਿਵਾਦ ਵਿਚ ਰਾਮ ਸ਼ਰਮਾ ਨੇ ਇਕ ਨਿਯਮ ਦਿੱਤਾ ਹੈ ਕਿ ਟਾਕੀ ਮੂਲ ਰੂਪ ਵਿਚ ਵਿਭਾਸ਼ਾ ਹੈ ਪਰ ਨਾਗਰ-ਉਪ ਨਾਗਰ-ਵ੍ਰਾਚੜ ਅਪਭ੍ਰੰਸ਼ਾਂ ਦੇ ਮਿਸ਼ਰਣ ਨਾਲ ਟੱਕੀ ਬਾਅਦ ਵਿਚ ਅਪਭ੍ਰੰਸ਼ ਬਣ ਜਾਂਦੀ ਹੈ।[6]

ਉਪਰੋਕਤ ਚਰਚਾ ਤੋਂ ਟੱਕੀ ਬਾਰੇ ਇਸ ਸਮੱਸਿਆ ਦਾ ਹਲ ਵੀ ਉਪਲਬਧ ਹੋ ਜਾਂਦਾ ਹੈ ਕਿ ਆਇਆ ਟੱਕੀ ਵਿਭਾਸ਼ਾ ਹੈ ਜਾਂ ਅਪਭ੍ਰੰਸ਼ ਹੈ? ਏਥੇ ਇਹ ਤੱਥ ਝਲਕਦਾ ਹੈ ਕਿ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ ਦੇ ਪੂਰਵ-ਮੱਧ ਯੁਗ ਦੇ ਦੌਰਾਨ, ਟੱਕੀ ਕਿਸੇ ਹੋਰ ਸਟੈਂਡਰਡ ਪ੍ਰਾਕ੍ਰਿਤ ਭਾਸ਼ਾ ਦੀ ਇਕ ਅਧੀਨ ਉਪਭਾਸ਼ਾ ਦੀ ਹੈਸੀਅਤ ਵਿਚ ਤਤਕਾਲੀ ਭਾਸ਼ਾ-ਸਮੁਦਾਏ (speech-community) ਦੀ ਸੰਚਾਰ-ਸੇਵਾ ਲਈ ਸਥਾਨਕ ਬੋਲਚਾਲੀ ਲੋਕ-ਬੋਲੀ ਦੇ ਦਾਇਰੇ ਵਿਚ ਹੀ ਵਿਚਰਦੀ ਰਹੀ ਹੈ, ਇਸ ਦਾ ਸਾਹਿਤਕ ਪੱਧਰ 'ਤੇ ਜਾਂ ਲਿਖਤੀ ਪੱਧਰ 'ਤੇ ਕੋਈ ਵਰਤੋਂ-ਵਿਹਾਰ ਨਹੀਂ ਹੁੰਦਾ ਸੀ।

ਲੇਕਿਨ ਭਾਰਤੀ ਆਰੀਆ ਭਾਸ਼ਾ ਦੇ ਮੱਧ ਯੁਗ ਦੇ ਅੰਤਿਮ ਦੌਰ ਵਿਚ ਜਦੋਂ ਅਪਭ੍ਰੰਸ਼-ਯੁਗ ਜਾਰੀ ਹੁੰਦਾ ਹੈ ਉਦੋਂ ਟੱਕੀ ਇਕ ਅਪਭ੍ਰੰਸ਼ ਭਾਸ਼ਾ ਦੀ ਹੈਸੀਅਤ ਵਿਚ ਸਾਹਿਤਕ ਪੱਧਰ 'ਤੇ ਪ੍ਰਵਾਣ ਚੜ੍ਹੀ ਹੈ ਅਤੇ ਉਦੋਂ ਟੱਕੀ ਦਾ ਦਾਇਰਾ ਵੀ ਵਿਸ਼ਾਲ ਹੋਇਆ ਹੈ ਜਿਸ ਕਰ ਕੇ ਇਸ ਦਾ ਟਕਸਾਲੀਕਰਣ ਤੇ ਮਾਨਕੀਕਰਣ ਵੀ ਹੋਇਆ ਹੈ। ਇਸ ਲਈ ਬਤੌਰ ਅਪਭ੍ਰੰਸ਼ ਟੱਕੀ ਸਾਹਿਤ ਤੇ ਸੰਸਕ੍ਰਿਤੀ ਦਾ ਮਾਧਿਅਮ ਵੀ ਬਣੀ ਹੈ। ਇਸ ਦਾ ਕਾਰਣ ਇਹ ਹੈ ਕਿ ਟੱਕੀ ਦਾ ਬਤੌਰ ਅਪਭ੍ਰੰਸ਼, ਉਦੈ ਪ੍ਰਮੁਖ ਅਪਭ੍ਰੰਸ਼ ਭਾਸ਼ਾਵਾਂ ਨਾਗਰ ਤੇ ਉਪ-ਨਾਗਰ ਦੇ ਸੁਮੇਲ ਤੋਂ ਹੋਇਆ ਹੈ। ਇਸ ਕਾਰਣ, ਜਾਪਦਾ ਹੈ ਕਿ ਅਪਭ੍ਰੰਸ਼ ਦੇ ਤੌਰ 'ਤੇ ਟੱਕੀ ਸਾਹਿਤ-ਸਿਰਜਨਾ ਵਿਚ ਮਾਨ-ਸਨਮਾਨ ਵੀ ਪ੍ਰਾਪਤ ਕਰ ਸਕੀ ਹੈ ਅਤੇ ਸੰਸਕ੍ਰਿਤ

ਨਾਟਕਾਂ ਦੀ ਪਾਤਰ-ਉਸਾਰੀ ਵਿਚ ਪਾਤਰਾਂ ਅਨੁਕੂਲ ਨਾਟਕੀ ਭਾਸ਼ਾ ਦੇ ਤੌਰ 'ਤੇ ਵੀ ਜਾਰੀ ਰਹੀ ਹੈ।

ਜਿਵੇਂ ਕਿ ਡਾ. ਕ੍ਰਿਸ਼ਣ ਚੰਦ੍ਰ ਆਚਾਰਯ [1986] ਦੇ ਪਿਛਲੇ ਪੰਨੇ 'ਤੇ ਅੰਕਿਤ ਕਥਨ ਤੋਂ ਪ੍ਰਗਟ ਹੁੰਦਾ ਹੈ ਕਿ ਟੱਕੀ ਦਾ ਬਤੌਰ ਅਪਭ੍ਰੰਸ਼ ਵਿਸ਼ਾਲ ਦਾਇਰਾ ਸੀ ਅਤੇ ਇਹ ਦਾਇਰਾ ਜਾਂ ਟੱਕੀ ਦਾ ਭਾਸ਼ਾਈ ਖੇਤਰ ਪੱਛਮੋਤਰੀ ਭਾਰਤ ਦੇ ਵੱਡੇ-ਸਾਰੇ ਹਿੱਸੇ ਵਿਚ, ਜਿਸ ਵਿਚ ਟੱਕ ਦੇਸ਼ ਵੀ ਸ਼ਾਮਲ ਸੀ, ਫੈਲਿਆ ਹੋਇਆ ਸੀ। ਨਿਸ਼ਚੇ ਹੀ ਪ੍ਰਾਚੀਨ ਪੱਛਮੋਤੱਰੀ (ਨਾਰਥ-ਵੈਸਟਰਨ ਇੰਡੀਆ) ਭਾਰਤ ਵਿਚ ਪ੍ਰਾਚੀਨ ਭੂਗੋਲਿਕ ਪੰਜਾਬ ਵੀ ਸ਼ਾਮਲ ਸੀ ਜਿਸ ਦੀ ਕੋਈ ਭੂਮੀ-ਇਕਾਈ ਟੱਕ-ਦੇਸ਼ ਕਰ ਕੇ ਮਸ਼ਹੂਰ ਰਹੀ ਹੋਵੇਗੀ ਅਤੇ ਟੱਕ ਦੇਸ਼ ਦੇ ਨਾਮਕਰਣ ਦੀ ਅਨੁਸਾਰਤਾ ਕਰਕੇ ਹੀ ਉਥੋਂ ਦੀ ਭਾਸ਼ਾ ਨੂੰ ਟੱਕ ਅਪਭ੍ਰੰਸ਼ ਕਿਹਾ ਜਾਂਦਾ ਹੋਵੇਗਾ।

ਪੱਛਮੋਤੱਰੀ ਭਾਰਤ ਦੇ ਭੂਗੋਲਿਕ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਉੱਤਰ-ਪੱਛਮੀ ਭਾਰਤ ਵਿਚ, ਉਸ ਸਮੇਂ ਦੇ ਦੌਰਾਨ, ਪ੍ਰਮੁਖ ਤੌਰ ਤੇ ਤਿੰਨ ਜਨਪਦੀ ਭੂ-ਖੰਡ ਇਕਾਈਆਂ ਸ਼ਾਮਲ ਹੋਈਆਂ ਮੰਨੀਆ ਜਾਂਦੀਆਂ ਸਨ, ਇਹ ਸਨ : (1) ਹਿਮਵਤ (2) ਸਿੰਧੂ (3) ਸੌਵੀਰ। ਇਨ੍ਹਾਂ ਤਿੰਨਾਂ ਭੂਗੋਲਿਕ ਇਕਾਈਆਂ ਦਾ ਉਲੇਖ ਭਰਤਮੁਨੀ (ਤੀਜੀ-ਚੌਥੀ ਸਦੀ ਈ.) ਨੇ ਨਾਟਕਾਂ ਦੀ ਗ਼ੈਰ-ਸੰਸਕ੍ਰਿਤ ਲੋਕ-ਭਾਸਾ ਦੇ ਸੰਦਰਭ ਵਿਚ ਕੀਤਾ ਹੈ। ਭਰਤਮੁਨੀ ਦਾ ਮੂਲ-ਪਾਠ ਇਹ ਹੈ :

*ਹਿਮਵਤ ਸਿੰਧੁ ਸੌਵੀਰਾਨ ਯੇ ਚ ਦੇਸ਼ਾ: ਸਮਾਸ਼੍ਰਿਤਾ:।

ਉਕਾਰ ਬਹੁਲਾਂ ਤਜ੍ਗਯਾਸ ਤੇਸ਼ੁ ਭਾਸ਼ਾਂ ਪ੍ਰਯੋਜਯੇਤ। ਨਾਟਯ ਸਾਸਤ੍ਰ, XVII, 60.

ਹਿਮਵਤ (ਹਿਮ=ਬਰਫ+ਵਤ-ਵਾਨ=ਵਾਲਾ) ਹਿਮਾਲੇ ਦਾ ਉੱਤਰੀ ਪੂਰਬੀ ਪਹਾੜੀ ਭਾਗ, ਸਿੰਧੁ ਅਰਥਾਤ ਅਜੋਕਾ ਸਿੰਧ ਸੂਬਾ (ਪਾਕਿਸਤਾਨ), ਸੌਵੀਰ ਸਿੰਧ-ਪੰਜਾਬ ਦਾ ਉਹ ਇਲਾਕਾ ਜਿੱਥੇ ਸ਼ਾਇਦ ਅੱਜ ਕੱਲ ਸਿਰਾਇਕੀ ਸਿੰਧੀ ਅਤੇ ਸਿਰਾਇਕੀ ਪੰਜਾਬੀ ਜ਼ੁਬਾਨ ਬੋਲੀ ਜਾਂਦੀ ਹੈ। ਜਾਪਦਾ ਹੈ ਕਿ ਨਾਟਯ ਸਾਸਤ੍ਰ ਦੇ ਕਰਤਾ ਭਰਤਮੁਨੀ (ਤੀਜੀ-ਚੌਥੀ ਸਦੀ ਈ.) ਤੋਂ ਪੰਜ-ਛੇ ਸਦੀਆਂ ਬਾਅਦ ਅਪਭ੍ਰੰਸ਼ ਯੁਗ ਵਿਚ "ਸੌਵੀਰ" ਸੰਸਕ੍ਰਿਤ ਸ਼ਬਦ "ਸਿਰਾਇ ਜਾ ਸਿਰਾਇਕੀ" ਅਪਭ੍ਰੰਸ਼ ਰੂਪ ਵਿਚ ਬਦਲ ਗਿਆ ਹੈ। ਇਹ ਵੀ ਸੰਭਵ ਹੈ ਕਿ ਸੌਵੀਰ ਦੇਸ਼ ਦਾ ਇਲਾਕਾ ਵਿਸ਼ਾਲ ਹੋਵੇ ਅਤੇ ਸਾਇਦ ਪੂਰਬ ਵੱਲ ਘੱਗਰ ਦਰਿਆ ਤਕ ਫੈਲਿਆ ਹੋਵੇ। ਇਸ ਤਰ੍ਹਾਂ ਸਪਸ਼ਟ ਹੈ ਕਿ ਸੌਵੀਰ ਪ੍ਰਦੇਸ਼ ਹਿਮਾਲੇ ਦੇ ਉੱਤਰ-ਪੂਰਬੀ ਪਹਾੜੀ ਇਲਾਕੇ ਦੇ ਅਤੇ ਸਿੰਧੁ ਦੇਸ਼ ਦੇ ਦਰਮਿਆਨ ਵਿਚ ਸਥਿਤ ਸੀ ਜਿਥੇ ਅਜੋਕਾ ਪੰਜਾਬ ਵਾਕਿਆ ਹੈ। ਜ਼ਾਹਰ ਹੈ ਕਿ ਸੌਵੀਰ ਪੰਜਾਬ ਦੇ ਕਿਸੇ ਵਿਸ਼ਾਲ ਖੰਡ ਦਾ ਹੀ ਨਾਮ ਚਾਲੂ ਰਿਹਾ ਹੈ।

ਸੋ ਹਿਮਵਤ, ਸਿੰਧੁ, ਸੋਵੀਰ ਦੇਸ਼ਾਂ ਵਿਚ, ਭਰਤਮੁਨੀ ਦੇ ਅਨੁਸਾਰ, ਜਿਹੜੀ ਉ-ਅੰਤਕ (ਉ-ਬਹੁਲਾ = ਉਕਾਰ-ਬਹੁਲਾ) ਭਾਸ਼ਾ ਅਰਥਾਤ ਤਤਕਾਲੀ ਅਪਭ੍ਰੰਸ਼ ਬੋਲੀ ਜਾਂਦੀ ਹੈ, ਉਸ ਦਾ ਪ੍ਰਯੋਗ ਸੰਸਕ੍ਰਿਤ ਨਾਟਕਾਂ ਵਿਚ ਆਏ ਇਨ੍ਹਾਂ ਦੇਸ਼ਾਂ ਦੇ ਪਾਤਰਾਂ ਦੀ

---

* हिमवत्सिन्धु सौवीरान् ये च देशाः समाश्रिताः।
उकार बहुला तज्ज्ञस् तेषु भाषां प्रयोजयेत्। नाट्यशास्त्र XVII, 60.

ਵਾਰਤਾਲਾਪ ਵਿਚ ਕਰਨਾ ਚਾਹੀਦਾ ਹੈ । ਡਾ. ਕੇ. ਸੀ. ਆਚਾਰਯ ਦਾ ਉਲੇਖ ਹੈ :

"Bharat Muni recognises such a dialect even though he does not mention the name of Apabhramsa while classifying different kinds of Prakrit and localises it round about Himvat, Sindhu, and Sauvira" [K.C. Acharya, 1986 : 100] ।

ਇਸ ਸੰਦਰਭ ਵਿਚ ਡਾ. ਉਦਯ ਨਾਰਾਯਣ ਤਿਵਾਰੀ ਦਾ ਕਥਨ ਵੀ ਉਲੇਖਯੋਗ ਹੈ । ਤਿਵਾਰੀ ਨੇ ਲਿਖਿਆ ਹੈ : "ਭਰਤਮੁਨੀ ਨੇ 'ਨਾਟਯ ਸ਼ਾਸਤ੍' ਵਿਚ ਉਕਾਰ-ਬਹੁਲਾ (ਉ-ਅੰਤਕ) ਭਾਸ਼ਾ ਦਾ ਪ੍ਰਯੋਗ ਹਿਮਵਤ, ਸਿੰਧੂ, ਸੌਵੀਰ ਅਤੇ ਉਨ੍ਹਾਂ ਦੇ ਅਧੀਨ ਦੇਸ਼ਾਂ (ਇਲਾਕਿਆਂ) ਦੇ ਲੋਕਾਂ ਵਾਸਤੇ ਕਰਨ ਦਾ ਆਦੇਸ਼ ਦਿੱਤਾ ਹੈ । ਇਸ ਤੋਂ ਸਿੱਧ ਹੁੰਦਾ ਹੈ ਕਿ ਭਰਤ ਦੇ ਸਮੇਂ ਤਕ ਭਾਸ਼ਾ ਵਿਚ ਅਪਭ੍ਰੰਸ਼ ਦੀਆਂ ਵਿਸ਼ੇਸ਼ਤਾਵਾਂ ਭਾਰਤ ਦੇ ਉੱਤਰ-ਪੱਛਮੀ ਪ੍ਰਦੇਸ਼ਾਂ (ਪ੍ਰਾਂਤਾਂ) ਵਿਚ ਪ੍ਰਗਟ ਹੋਈਆਂ ਸਨ ।"*[7]

ਇਸ ਸਾਰੇ ਵਰਨਨ ਤੇ ਵਿਵੇਚਣ ਤੋਂ ਇਹ ਤੱਥ ਉਭਰਦਾ ਦਿਖਾਈ ਦਿੰਦਾ ਹੈ ਕਿ ਮੱਧਕਾਲੀਨ ਭਾਰਤੀ ਆਰੀਆ ਭਾਸ਼ਾ-ਕਾਲ ਦੇ ਪ੍ਰਾਕ੍ਰਿਤ-ਯੁਗ ਅਤੇ ਅਪਭ੍ਰੰਸ਼-ਯੁਗ ਵਿਚ ਟੱਕ ਭਾਸ਼ਾ/ਟੱਕੀ ਬਹੁ-ਪ੍ਰਚਲਿਤ ਲੋਕ ਭਾਸ਼ਾ ਸੀ ਜੋ ਕਿ ਮੱਧਕਾਲੀਨ ਪੰਜਾਬ ਦੇ ਵੱਡੇ ਇਲਾਕੇ ਵਿਚ ਬੋਲੀ ਤੇ ਵਰਤੀ ਜਾਂਦੀ ਰਹੀ ਹੈ ਅਤੇ ਜੋ ਆਧੁਨਿਕ ਪੰਜਾਬੀ ਦੀ ਇਕ ਪ੍ਰਮਾਣਿਕ ਸਰੋਤ-ਭਾਸ਼ਾ ਦੀ ਹੈਸੀਅਤ ਵਿਚ ਸਥਾਪਿਤ ਹੁੰਦੀ ਹੈ ।

ਅਪਭ੍ਰੰਸ਼ ਦੇ ਤੌਰ ਤੇ ਟੱਕੀ ਦਾ ਸਰੂਪ-ਚਿੰਤਨ

ਟੱਕ ਭਾਸ਼ਾ/ਟੱਕੀ ਨੂੰ ਮਾਰਕੰਡੇਯ, ਪੁਰਸ਼ੋਤੱਮ ਅਤੇ ਰਾਮ ਸ਼ਰਮਾ ਨੇ ਅਪਭ੍ਰੰਸ਼ ਭਾਸ਼ਾ ਦੇ ਤੌਰ ਤੇ "ਅਪਭ੍ਰੰਸ਼ ਭਾਸ਼ਾ ਸੂਚੀ" ਵਿਚ ਵੀ ਅਨੁਸੂਚਿਤ ਕੀਤਾ ਹੈ । ਪਰੰਤੂ ਮਾਰਕੰਡੇਯ ਨੇ ਪ੍ਰਮੁਖ ਤਿੰਨ ਅਪਭ੍ਰੰਸ਼ਾਂ (1) ਨਾਗਰ (2) ਉਪ-ਨਾਗਰ (3) ਵ੍ਰਾਚਡ ਹੀ ਸਵੀਕਾਰ ਕੀਤੀਆਂ ਹਨ । ਮਾਰਕੰਡੇਯ ਨੇ ਭਾਵੇਂ ਆਪਣੇ ਵਿਆਕਰਣ ਦੀ ਭੂਮਿਕਾ ਵਿਚ ਕਿਸੇ ਅਜਿਹੇ ਵਿਦਵਾਨ ਦਾ ਨਿਰਦੇਸ਼ ਕੀਤਾ ਹੈ ਜਿਸ ਨੇ ਅਪਭ੍ਰੰਸ਼ ਦੀਆਂ 27 ਵੰਨਗੀਆਂ ਮੰਨੀਆਂ ਹਨ ਪਰ ਮਾਰਕੰਡੇਯ ਉਨ੍ਹਾਂ ਵਿਚੋਂ ਸਿਰਫ਼ ਉਪਰੋਕਤ ਤਿੰਨ ਕਿਸਮਾਂ ਨੂੰ ਹੀ ਮਾਨਤਾ ਪ੍ਰਦਾਨ ਕਰਦਾ ਹੈ ਅਤੇ ਬਾਕੀ ਵੰਨਗੀਆਂ ਨੂੰ ਇਨ੍ਹਾਂ ਤਿੰਨਾਂ ਵਿਚ ਅੰਤਰ-ਲੀਨ ਕਰਦਾ ਹੈ । ਪਰ ਫੇਰ ਵੀ ਮਾਰਕੰਡੇਯ ਨੇ ਤਿੰਨ ਪ੍ਰਮੁਖ ਅਪਭ੍ਰੰਸ਼-ਭੇਦਾਂ ਤੋਂ ਇਲਾਵਾ ਬਾਕੀ ਲਘੂ ਅਪਭ੍ਰੰਸ਼ ਵੰਨਗੀਆਂ ਦਾ ਨਾਂ-ਮਾਤਰ ਹਵਾਲਾ ਉਨ੍ਹਾਂ ਲਘੂ ਅਪਭ੍ਰੰਸ਼ਾਂ ਦੇ ਆਪੋ-ਆਪਣੇ ਖ਼ਾਸ ਖ਼ਾਸ ਇਲਾਕਿਆਂ ਦੇ ਅਨੁਸਾਰ ਪੇਸ਼ ਕਰ ਦਿੱਤਾ ਹੈ । ਇਨ੍ਹਾਂ ਲਘੂ ਅਪਭ੍ਰੰਸ਼ ਵੰਨਗੀਆਂ ਵਿਚ ਟੱਕ-ਭਾਸ਼ਾ ਦਾ ਉਲੇਖ ਹੈ ਅਤੇ ਇਸ ਨੂੰ ਪਹਿਲਾ ਸਥਾਨ ਦਿੱਤਾ ਹੈ । ਇਨ੍ਹਾਂ ਲਘੂ ਉਪ-ਅਪਭ੍ਰੰਸ਼ਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

(1) ਟੱਕ	(2) ਮਾਲਵੀ	(3) ਪਾਂਚਾਲੀ	(4) ਵੈਦਰਭੀ
(5) ਲਾਟੀ	(6) ਔਡ੍ਰੀ	(7) ਕੈਕੇਯੀ	(8) ਗੌੜੀ
(9) ਕੌਂਤਲੀ	(10) ਪਾਂਡਯਾ	(11) ਸੈਂਹਲੀ	(12) ਕਾਲਿੰਗੀ
(13) ਪ੍ਰਾਚਯਾ	(14) ਆਭੀਰੀ	(15) ਕਾਰਣਾਂਟੀ	(16) ਮਧਯਦੇਸ਼ੀਯਾ
(17) ਗੌਰਜਰੀ	(18) ਪਾਸ਼ਚਾਤਯਾ	(19) ਦ੍ਰਾਵਿੜੀ	(20) ਵੈਤਾਲਿਕਾ
(21) ਕਾਚੀ ।			

ਇਨ੍ਹਾਂ ਲਘੂ ਅਪਭ੍ਰੰਸ਼ਾਂ ਦੇ ਨਾਂ ਇਲਾਕਿਆਂ ਦੇ ਅਨੁਸਾਰ ਹਨ : ਜਿਵੇਂ ਮਾਲਵ ਪ੍ਰਾਂਤ ਦੀ ਅਪਭ੍ਰੰਸ਼ "ਮਾਲਵੀ", ਪੰਚਾਲ ਦੇਸ਼ ਦੀ ਪਾਂਚਾਲੀ, ਵਿਦਰਭ ਪ੍ਰਾਂਤ ਦੀ ਵੈਦਰਭੀ, ਅਤੇ ਇਸ ਤਰ੍ਹਾਂ ਤੇ ਟੱਕ ਦੇਸ਼ ਦੀ ਭਾਸ਼ਾ ਟੱਕੀ ਦਾ ਨਾਮਕਰਣ ਹੋਇਆ ਹੈ ।

ਟੱਕੀ ਦਾ ਭਾਸ਼ਾਗਤ ਵਿਵਰਣ

ਮਾਰਕੰਡੇਯ ਨੇ ਇਨ੍ਹਾਂ ਸਾਰੀਆਂ ਉਪ-ਅਪਭ੍ਰੰਸ਼ਾਂ ਦੇ ਭਾਸ਼ਾਗਤ ਪਛਾਣ-ਚਿੰਨ੍ਹ ਇਕ ਇਕ ਸੂਤ੍ਰ ਵਿਚ ਪੇਸ਼ ਕਰ ਦਿੱਤੇ ਹਨ ਅਤੇ ਇਸ ਵਿਉਂਤ ਅਨੁਸਾਰ ਮਾਰਕੰਡੇਯ ਨੇ ਆਪਣੇ ਪ੍ਰਾਕ੍ਰਿਤ ਵਿਆਕਰਣ "ਪ੍ਰਾਕ੍ਰਿਤ ਸਰਵਸ੍ਵ" ਵਿਚ ਟੱਕੀ ਦਾ ਅਪਭ੍ਰੰਸ਼ ਭਾਸ਼ਾ ਦੇ ਤੌਰ ਤੇ ਵੀ ਵਰਣਨ ਕੀਤਾ ਹੈ ਪਰ ਟੱਕੀ ਅਪਭ੍ਰੰਸ਼ ਦਾ ਲੱਛਣ ਇਕੋ ਸੂਤ੍ਰ ਵਿਚ ਬਿਆਨ ਕਰ ਦਿੱਤਾ ਹੈ। ਉਹ ਸੂਤ੍ਰ ਇਹ ਹੈ :

*"ਟਾਕੰ ਟੱਕ ਭਾਸ਼ਾ ਨਾਗਰੋਪਨਾਗਰਾਦਿਭਯੋ ਅਵਧਾਰਣੀਯਮ"

(ਪ੍ਰਾਕ੍ਰਿਤ ਸਰਵਸ੍ਵ, ਅਠਾਰ੍ਹਵਾ ਪਾਦ)

ਇਸ ਦਾ ਮਤਲਬ ਇਹ ਹੈ ਕਿ ਨਾਗਰ ਤੇ ਉਪ-ਨਾਗਰ ਆਦਿ ਅਪਭ੍ਰੰਸ਼ਾਂ ਦੇ ਸੁਮੇਲ ਤੋਂ ਟੱਕ-ਭਾਸ਼ਾ ਦੀ ਹੋਂਦ ਨੂੰ ਸਮਝਣਾ ਚਾਹੀਦਾ ਹੈ । ਮਾਰਕੰਡੇਯ ਨੇ ਟੱਕ ਅਪਭ੍ਰੰਸ਼ ਦੀ ਬਾਬਤ ਆਪਣੇ ਕਿਸੇ ਪਹਿਲਾਂ ਹੋ ਗੁਜ਼ਰੇ ਵਿਦਵਾਨ ਨੂੰ ਉਧ੍ਰਿਤ ਕੀਤਾ ਹੈ । ਉਸ ਦਾ ਨਜ਼ਰੀਆ ਇਹ ਹੈ ਕਿ ਟੱਕ ਦੇਸ਼ ਦੀ ਭਾਸ਼ਾ ਨੂੰ ਟੱਕ ਡਾਇਲੈਕਟ, ਤੇ ਨਾਗਰ, ਉਪ-ਨਾਗਰ, ਵ੍ਰਾਚਡ ਇਨ੍ਹਾਂ ਤਿੰਨ ਸਟੈਂਡਰਡ ਅਪਭ੍ਰੰਸ਼ਾਂ ਦੇ ਮਿਸ਼ਰਣ ਤੋਂ ਹੀ ਨਿਸ਼ਚਿਤ ਕਰਨਾ ਚਾਹੀਦਾ ਹੈ । ਮੂਲ ਪਾਠ ਇਹ ਹੈ :

"About Takka Apabhrainsa, Markandey quotes the view of his predecessor according to which this is to be ascertained from the mixture of Takka dialect, Nagara, Upanagara etc, i.e. from the language Takka and from the three varieties of standard Apabhramsa :" [Introduction to Markandey's grammar, p.105] ।

ਟੱਕੀ ਭਾਸ਼ਾ ਦੀ ਬਣਤਰ : ਇਕ ਜਾਇਜ਼ਾ

ਮਾਰਕੰਡੇਯ ਨੇ ਉਪਰੋਕਤ ਸੂਤ੍ਰ (12.12) ਦੁਆਰਾ ਟੱਕੀ ਦੇ ਸਹਿਯੋਗੀ ਸੋਮਿਆਂ ਵੱਲ ਇਸ਼ਾਰਾ ਕੀਤਾ ਹੈ । ਇਨ੍ਹਾਂ ਸੋਮਿਆਂ ਵਿਚ ਟੱਕ-ਡਾਇਲੈਕਟ, ਨਾਗਰ, ਉਪ-ਨਾਗਰ ਤੇ ਵ੍ਰਾਚਡ ਅਪਭ੍ਰੰਸ਼ਾਂ ਦਾ ਉਲੇਖ ਹੈ ਜਿਨ੍ਹਾਂ ਦੇ ਮਿਸ਼ਰਣ ਤੋਂ ਟੱਕ ਭਾਸ਼ਾ ਦੀ ਹੋਂਦ ਸਾਕਾਰ ਹੋਈ ਹੈ । ਮਾਰਕੰਡੇਯ ਦਾ ਇਹ ਸੂਤ੍ਰ ਭਾਵੇਂ ਅਤਿਅੰਤ ਸੰਖੇਪ ਤੇ ਸੰਕੇਤ-ਮਾਤਰ ਹੈ ਪਰ ਇਸ ਤੋਂ ਟੱਕੀ ਦੀ ਬਤੌਰ ਅਪਭ੍ਰੰਸ਼ ਭਾਸ਼ਾਗਤ ਸੰਰਚਨਾ ਦਾ ਸੁਰਾਗ਼ ਉਪਲਬਧ ਹੁੰਦਾ ਹੈ। ਇਸ ਦਾ ਇਹ ਭਾਵ ਨਿਕਲਦਾ ਹੈ ਕਿ ਟੱਕੀ ਦੀ ਰਚਨਾ ਵਿਚ ਨਾਗਰ ਆਦਿ ਤਿੰਨ ਅਪਭ੍ਰੰਸ਼ਾਂ ਦੀਆਂ ਭਾਸ਼ਾਗਤ ਵਿਲੱਖਣਤਾਵਾਂ ਕਾਰਜ ਕਰਦੀਆਂ ਹਨ ਅਰਥਾਤ ਟੱਕੀ ਦੀ ਭਾਸ਼ਾਈ ਬਣਤਰਾਂ ਦੇ ਧੁਨੀ-ਵਿਧਾਨ ਤੇ ਕੋਸ਼ੀ ਮਦਾਂ ਅਤੇ ਵਿਆਕਰਣਿਕ ਮਦਾਂ ਦੀ ਰੂਪਾਤਮਕ ਤੇ ਵਾਕਾਤਮਕ ਵਿਉਂਤਬੰਦੀ ਇਨ੍ਹਾਂ ਅਪਭ੍ਰੰਸ਼ਾਂ ਤੋਂ ਹੀ ਜ਼ਿਆਦਾਤਰ ਗ੍ਰਹਿਣ ਕੀਤੀ ਗਈ ਹੈ । ਇਸ ਤਰ੍ਹਾਂ ਜੇਕਰ ਟੱਕੀ ਭਾਸ਼ਾ ਦੀ ਰੂਪ-ਰੇਖਾ ਨੂੰ ਜਾਣਨਾ ਹੋਵੇ ਤਾਂ ਸਾਨੂੰ ਨਾਗਰ, ਉਪ-ਨਾਗਰ ਤੇ ਵ੍ਰਾਚਡ ਅਪਭ੍ਰੰਸ਼ਾਂ ਦੀ ਭਾਸ਼ਾਈ ਜਾਣਕਾਰੀ ਹਾਸਲ ਕਰਨੀ ਹੋਵੇਗੀ । ਇਸ

* टाक्कं टक्कभाषा नागरोपनागरादिभ्योऽवधारणीयम्"

(द्रष्टव्य, मार्कण्डेय विरचितम् प्राकृत सर्वस्वम् १८.१२)

ਸਿਧਾਂਤਕ ਪਰਿਪੇਖ ਵਿਚ ਹੁਣ ਅਸੀਂ ਨਾਗਰ ਆਦਿ ਅਪਭ੍ਰੰਸ਼ਾ ਦਾ ਵਿਰਲਾ ਜਿਹਾ ਪਰੀਚੈ ਪੇਸ਼ ਕਰਦੇ ਹਾਂ ਜਿਸ ਦੇ ਚਾਨਣੇ ਵਿਚ ਟੱਕੀ/ਟੱਕ ਭਾਸ਼ਾ ਦੇ ਭਾਸ਼ਾਗਤ ਸਰੂਪ ਦੀ ਝਲਕ ਮਿਲ ਸਕਦੀ ਹੈ ।

ਨਾਗਰ ਅਪਭ੍ਰੰਸ਼

ਮੱਧ ਭਾਰਤੀ ਆਰੀਆ ਭਾਸ਼ਾ ਦੀ ਤੀਜੀ ਤੇ ਅੰਤਲੀ "ਅਪਭ੍ਰੰਸ਼-ਉਪ-ਅਵਸਥਾ" ਦੇ ਸਮੇਂ "ਨਾਗਰ" ਇਕ ਪ੍ਰਮੁਖ ਅਪਭ੍ਰੰਸ਼ ਦੇ ਤੌਰ ਤੇ ਸਥਾਪਿਤ ਹੋਈ ਹੈ । ਨਾਗਰ ਦਾ ਉਦਭਵ ਤੇ ਪ੍ਰਚਾਰ-ਖੇਤਰ ਗੁਜਰਾਤ ਅਤੇ ਪੜੌਸੀ-ਪ੍ਰਦੇਸ ਰਾਜਪੂਤਾਨਾ ਹੈ ਜਿੱਥੇ ਕਿ ਨਾਗਰ ਜਾਤੀ ਦੇ ਬ੍ਰਾਹਮਣਾਂ ਦੀ ਆਬਾਦੀ ਹੈ । ਨਾਗਰ ਅਪਭ੍ਰੰਸ਼ ਉਸ ਯੁਗ ਦੀ ਪ੍ਰਤਿਨਿਧ ਲੋਕ ਭਾਸ਼ਾ ਅਤੇ ਸਾਹਿਤਕ ਭਾਸ਼ਾ ਦੇ ਤੌਰ ਤੇ ਪ੍ਰਸਿੱਧ ਰਹੀ ਹੈ ਜਿਸ ਦੀ ਆਪਣੀ ਇਕ ਸ਼ੈਲੀਗਤ ਪਰੰਪਰਾ ਸੀ ਅਤੇ ਜਿਸ ਵਿਚ ਵੱਡੇ ਪੈਮਾਨੇ ਤੇ ਪੱਛਮੀ ਭਾਰਤ ਵਿਚ ਅਨੇਕਾਂ ਸਾਹਿਤਕ ਕ੍ਰਿਤੀਆਂ ਰਚੀਆਂ ਜਾਂਦੀਆਂ ਸਨ । ਇਸ ਤਰ੍ਹਾਂ ਨਾਗਰ ਅਪਭ੍ਰੰਸ਼ ਜਦੋਂ ਸਾਹਿਤ-ਸਿਰਜਨਾ ਲਈ ਇਕ ਢੁਕਵਾਂ ਮਾਧਿਅਮ ਬਣਦੀ ਗਈ ਤਿਵੇਂ ਤਿਵੇਂ ਇਹ ਲੋਕ-ਸੰਪਰਕ ਨਾਲੋਂ ਟੁਟਦੀ ਗਈ, ਅਤੇ ਇਹ ਸਾਹਿਤਕ ਭਾਸ਼ਾ ਦੀ ਸ਼ਕਲ ਵਿਚ ਸਥਿਰ ਹੋ ਕੇ ਖੜੋਤ ਦਾ ਸ਼ਿਕਾਰ ਹੋਣ ਲੱਗੀ । ਇਸ ਲਈ ਇਸ ਵਿਚ ਕਈ ਪੀੜ੍ਹੀਆਂ ਤਕ ਕੋਈ ਨਾਂ-ਮਾਤਰ ਵੀ ਤਬਦੀਲੀ ਨਹੀਂ ਵਾਪਰੀ ਹੋਵੇਗੀ ।

ਹੇਮਚੰਦ੍ਰ (ਬਾਰ੍ਹਵੀਂ ਸਦੀ) ਨੇ ਆਪਣੇ ਵਿਆਕਰਣ ਵਿਚ ਨਾਗਰ ਅਪਭ੍ਰੰਸ਼ ਦਾ ਭਰਪੂਰ ਵਰਣਨ ਕੀਤਾ ਹੈ, ਏਥੋਂ ਤਕ ਕਿ ਇਸ ਨੂੰ ਸੰਸਕ੍ਰਿਤ ਦੀ ਤਰ੍ਹਾਂ "ਕਲਾਸਿਕ" ਸਵੀਕਾਰ ਕੀਤਾ ਹੈ । ਹੇਮਚੰਦ੍ਰ ਨੇ ਆਪਣੇ ਵਿਆਕਰਣ ਵਿਚ ਨਾਗਰ ਦੇ ਅਨੇਕਾਂ ਕਾਵਿਮਈ ਦੋਹੇ/ਛੰਦ ਉਧ੍ਰਿਤ ਕੀਤੇ ਹਨ ਜਿਹੜੇ ਕਿ ਨਾਗਰ ਅਪਭ੍ਰੰਸ਼ ਦੀ ਸਾਹਿਤਕ ਸ਼ੈਲੀ ਦੀਆਂ ਢੁਕਵੀਆਂ ਵੰਨਗੀਆਂ ਪੇਸ਼ ਕਰਦੇ ਹਨ । ਇਹ ਵੀ ਇਕ ਦਿਲਚਸਪ ਸਚਾਈ ਹੈ ਕਿ ਨਾਗਰ ਦੇ ਕੁਝ ਕਾਵਿ-ਬੰਦ ਅਜੇ ਵੀ ਲਫ਼ਜ਼-ਬ-ਲਫ਼ਜ਼ ਰਾਜਪੂਤਾਨਾਂ ਦੀਆਂ ਬੋਲੀਆਂ ਵਿਚ ਜਿਊਂਦੇ-ਜਾਗਦੇ ਚਲੇ ਆ ਰਹੇ ਹਨ ਜੋ ਬਹੁਤ ਲੋਕਪ੍ਰਿਯਾ ਹਨ ਬੇਸ਼ਕ ਇਨ੍ਹਾਂ ਵਿਚ ਜ਼ਰੂਰੀ ਧੁਨੀਆਤਮਕ ਰੂਪਾਂਤਰ ਵਾਪਰੇ ਹਨ (ਗ੍ਰੀਅਰਸਨ, ਜਿਲਦ I, ਪਾਰਟ I, (1922:126).

ਮਾਰਕੰਡੇਯ ਨੇ ਵੀ ਨਾਗਰ ਨੂੰ ਟਕਸਾਲੀ (ਸਟੈਂਡਰਡ) ਅਪਭ੍ਰੰਸ਼ ਵਜੋਂ ਪ੍ਰਤਿਸ਼ਠਾ-ਪ੍ਰਾਪਤ ਭਾਸ਼ਾ ਮੰਨਿਆ ਹੈ । ਮਾਰਕੰਡੇਯ ਦਾ ਸੂਤ੍ਰ ਹੈ :

"ਨਾਗਰੰ ਤੁ ਮਹਾਰਾਸ਼ਟ੍ਰੀ ਸ਼ੌਰਸੇਨਯੋ: ਪ੍ਰਤਿਸ਼ਠਿਤਮ"

(नागरं तु महाराष्ट्री शौरसेन्योः प्रतिष्ठितम्– XVII. 1.)

ਮਾਰਕੰਡੇਯ ਨੇ ਨਾਗਰ ਅਪਭ੍ਰੰਸ਼ ਦੀਆਂ ਕਈ ਅਜਿਹੀਆਂ ਭਾਸ਼ਕ ਵਿਲੱਖਣਤਾਵਾਂ ਦਾ ਉਲੇਖ ਕੀਤਾ ਹੈ ਜਿਹੜੀਆਂ ਕਿ ਪੰਜਾਬੀ ਨਾਲ ਸਾਂਝ-ਸਮਾਨਤਾ ਰਖਦੀਆਂ ਪ੍ਰਤੀਤ ਹੁੰਦੀਆਂ ਹਨ । ਮਿਸਾਲ ਵਜੋਂ, ਮਾਰਕੰਡੇਯ ਨੇ ਨਾਗਰ ਦੇ ਇਕ ਧੁਨੀ-ਵਿਧਾਨ ਨੂੰ ਸੂਤ੍ਰ (17. 2) ਵਿਚ ਦੱਸਿਆ ਹੈ ਕਿ ਮੁਢਲੀ ਤੇ ਸੰਜੋਗ-ਸਥਿਤੀ ਤੋਂ ਰਹਿਤ /ਕ, ਖ, ਤ, ਥ/ ਧੁਨੀ-ਖੰਡ ਨਾਗਰ ਦੇ ਸ਼ਬਦਾਂ ਵਿਚ ਤਰਤੀਬਵਾਰ /ਗ, ਘ, ਦ, ਧ/ ਵਿਚ ਬਦਲ ਜਾਂਦੇ ਹਨ । ਨਾਗਰ ਅਪਭ੍ਰੰਸ਼ ਦੇ ਇਸ ਧੁਨੀਆਤਮਕ ਪੈਟਰਨ ਨਾਲ ਤੁਲਨਾ ਕਰਨ ਲਈ ਖ਼ਾਸ ਟੱਕੀ ਭਾਸ਼ਾ ਦਾ ਅਜੇ ਟੈਕਸਟ ਉਪਲਬਧ ਨਹੀਂ ਹੈ, ਪਰੰਤੂ ਅਸੀਂ ਟੱਕੀ ਤੋਂ ਅਗਲੀ ਸਟੇਜ ਅਜੋਕੀ ਪੰਜਾਬੀ ਭਾਸ਼ਾ ਦੇ ਧੁਨੀਆਤਮਕ ਵਿਉਂਤ-ਵਿਧਾਨ ਨਾਲ ਤੁਲਨਾ ਕਰ ਸਕਦੇ

ਹਾਂ । ਅਜੇਹੀ ਦੋ ਧੁਨੀ-ਪੈਟਰਨ ਵਿਚ ਕ → ਗ, ਤ → ਦ, ਅਤੇ ਕਿਤੇ ਕਿਤੇ ਖ → ਘ, ਥ → ਧ ਦਾ ਪਰਿਵਰਤਨ-ਵਿਕਾਸ ਵੇਖ ਸਕਦੇ ਹਾਂ ।

ਅਤੇ ਇਸੇ ਤਰ੍ਹਾਂ ਸੂਤ੍ਰ (17.5, 16.6) ਵਿਚ ਪੁਲਿੰਗੀ ਸ਼ਬਦਾਂ ਦੇ ਅੰਤ 'ਤੇ ਲਘੁਤਾ-ਵਾਚੀ ਪਿਛੇਤਰ /-ਡਾ/ ਅਤੇ ਇਸਤ੍ਰੀ ਲਿੰਗੀ ਸ਼ਬਦਾਂ ਦੇ ਅੰਤ 'ਤੇ /-ਡੀ/ ਦਾ ਆਗਮ ਹੁੰਦਾ ਹੈ, ਜਿਵੇਂ ਨਾਗਰੀ ਅਪਭ੍ਰੰਸ਼ ਵਿਚ :

ਹਿਅਡਾ → ਹ੍ਰਿਦਯ (=ਹਿਰਦਾ), ਪਿਆਡਾ → ਪ੍ਰਿਯ (=ਪਿਆਰਾ)

ਲਹੁਡੀ → ਲਘਵੀ (=ਹਲਕੀ), ਆਦਿ

ਇਹ ਲਘੁਤਾ ਵਾਚੀ ਪਿਛੇਤਰ ਮਾਡਰਨ ਪੰਜਾਬੀ ਦੀ ਸ਼ਬਦ-ਰਚਨਾਤਮਕ ਵਿਉਂਤ ਵਿਚ ਆਮ ਮਿਲਦਾ ਹੈ ਪਰ ਪੰਜਾਬੀ ਵਿਚ ਡ → ੜ ਰੂਪਾਂਤਰ ਹੋ ਜਾਂਦਾ ਹੈ । ਮਸਲਨ :

ਬੱਚਾ → ਬਚੜਾ, ਬੰਨਾ → ਬੰਨੜਾ (= ਵਿਆਂਦੜ),

ਗੱਠ → ਗਠੜੀ, ਸਹੇਲੀ → ਸਹੇਲੜੀ ।

ਇਸੇ ਤਰ੍ਹਾ ਵਿਉਤਪੱਤੀ-ਮੂਲਕ (derivational) ਅਤੇ ਵਿਭਕਤੀਮੂਲਕ (inflectional) ਸ਼ਬਦਾਤਮਕ ਰੂਪ ਬਣਤਰਾ ਵਿਚ ਵੀ ਨਾਗਰੀ ਅਪਭ੍ਰੰਸ਼ ਤੇ ਪੰਜਾਬੀ (ਅਤੇ ਪ੍ਰਕਾਰਾਂਤਰ ਨਾਲ ਟੱਕੀ) ਦੀ ਆਪਸ ਵਿਚ ਸਾਂਝ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਮਾਰਕੰਡੇਯ ਦੇ ਅਨੁਸਾਰ ਟੱਕ ਅਪਭ੍ਰੰਸ਼ ਦੀ ਬਣਤਰ ਵਿਚ ਨਾਗਰ ਅਪਭ੍ਰੰਸ਼ ਦਾ ਯੋਗਦਾਨ ਤੇ ਅੰਸ਼ਦਾਨ ਅਵੱਸ਼ ਪ੍ਰਾਪਤ ਹੁੰਦਾ ਹੈ ।

ਵ੍ਰਾਚਡ ਅਪਭ੍ਰੰਸ਼

ਇਸ ਤੋਂ ਅੱਗੇ ਮਾਰਕੰਡੇਯ ਨੇ ਟੱਕ ਭਾਸ਼ਾ ਦੇ ਉਦੈ ਤੇ ਵਿਕਾਸ ਵਿਚ ਨਾਗਰ ਤੋਂ ਇਲਾਵਾ ਵ੍ਰਾਚਡ ਅਪਭ੍ਰੰਸ਼ ਦਾ ਮਿਸ਼ਰਣ ਵੀ ਮੰਨਿਆ ਹੈ । ਅਗੋਂ ਵ੍ਰਾਚਡ ਨੂੰ ਵੀ ਨਾਗਰ ਅਪਭ੍ਰੰਸ਼ ਤੋਂ ਵਿਉਤਪੰਨ ਹੋਈ ਮੰਨਿਆ ਜਾਂਦਾ ਹੈ । ਇਸ ਬਾਰੇ ਮਾਰਕੰਡੇਯ ਤੇ ਰਾਮ ਸ਼ਰਮਾ ਦੋਹਾ ਦੀ ਸਾਂਝੀ ਸਿਧਾਂਤਕ ਮਾਨਤਾ ਹੈ । ਵ੍ਰਾਚਡ ਅਪਭ੍ਰੰਸ਼ ਸਿੰਧ ਪ੍ਰਾਂਤ (ਹੁਣ ਪਾਕਿਸਤਾਨ) ਦੀ ਜ਼ਬਾਨੀ ਬੋਲੀ ਮੰਨੀ ਜਾਂਦੀ ਹੈ । ਮਾਰਕੰਡੇਯ ਨੇ ਵ੍ਰਾਚਡ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਵਰਣਨ ਕੀਤੀਆਂ ਹਨ । ਜਿਵੇਂ ਮਿਸਾਲ ਵਜੋਂ

(1) ਸ, ਥ ਦਾ ਸ਼ ਵਿਚ ਰੂਪਾਂਤਰਣ

(2) ਤਵਰਗੀ ਧੁਨੀਆਂ ਦਾ ਆਦਿ ਸਥਿਤੀ ਦੇ ਵਾਤਾਵਰਣ ਵਿਚ ਮੂਰਧਨੀਕਰਣ :

ਤ → ਟ, ਦ → ਡ ।

(3) ਖਡਗ → ਖੰਡੂ (= ਪੰਜਾਬੀ ਖੰਡਾ ~ ਖਡਗ)

ਵ੍ਰਾਚਡ ਦੀ ਮੂਰਧਨੀਕਰਣ ਦੀ ਪ੍ਰਵਿਰਤੀ ਪੰਜਾਬੀ ਵਿਚ ਉਪਲਬਧ ਹੁੰਦੀ ਹੈ ਲੇਕਿਨ ਜਿਵੇਂ ਜਿਵੇਂ ਅਸੀਂ ਪੂਰਬੀ ਪੰਜਾਬ ਤੋਂ ਪੱਛਮੀ ਪੰਜਾਬ (ਪਾਕਿਸਤਾਨ) ਵੱਲ ਅੱਗੇ ਵਧਦੇ ਹਾਂ ਮਰਧਨੀਕਰਣ ਦਾ ਵਰਤਾਰਾ ਤੇਜ਼ ਹੁੰਦਾ ਜਾਂਦਾ ਹੈ । ਮੁਲਤਾਨੀ (ਸਿਰਾਇਕੀ) ਪੰਜਾਬੀ ਵਿਚ ਤਾਂ ਮੂਰਧਨੀ ਧੁਨੀਆਂ ਦੀ ਬਹੁਤਾਇਤ ਮਿਲਦੀ ਹੈ ਜਿਵੇਂ ਕਿ ਸਿੰਧੀ ਵਿਚ ਪ੍ਰਾਪਤ ਹੈ । ਜਾਪਦਾ ਹੈ ਕਿ ਪੰਜਾਬੀ ਤੋਂ ਪਹਿਲਾ ਪੰਜਾਬ ਦੀ ਟੱਕੀ ਅਪਭ੍ਰੰਸ਼ ਵਿਚ ਵ੍ਰਾਚਡ ਦੀਆਂ ਭਾਸ਼ਾਗਤ ਵਿਸ਼ੇਸ਼ਤਾਵਾਂ ਅਮਲੀ ਤੌਰ ਤੇ ਅਸਰ ਅੰਦਾਜ਼ ਹੋਈਆ ਸਨ ।

ਉਪ-ਨਾਗਰ ਅਪਭ੍ਰੰਸ਼

ਮਾਰਕੰਡੇਯ ਤੇ ਪੁਰਸ਼ੋਤੱਮ ਦੋਵੇਂ ਉਪ-ਨਾਗਰ ਨੂੰ ਨਾਗਰ ਅਤੇ ਵ੍ਰਾਚਡ ਦੇ ਮਿਸ਼ਰਣ

ਤੋਂ ਉਤਪੰਨ ਹੋਈ ਮੰਨਦੇ ਹਨ । ਲੇਕਿਨ ਰਾਮ ਸਰਮਾ ਉਪ-ਨਾਗਰ ਨੂੰ ਸੰਸਕ੍ਰਿਤ ਤੋਂ ਵਿਉਤਪੰਨ ਹੋਈ ਮੰਨਦਾ ਵਿਖਾਈ ਦਿੰਦਾ ਹੈ । ਇਹ ਵੀ ਕਿਹਾ ਜਾਂਦਾ ਹੈ ਕਿ ਸੰਸਕ੍ਰਿਤ ਤੇ ਉਪ-ਨਾਗਰ ਦੇ ਦਰਮਿਆਨ ਸੰਘਣੀ ਨੇੜਤਾ ਮੌਜੂਦ ਹੈ ।* ਦੂਜੇ ਪਾਸੇ ਗ੍ਰੀਅਰਸਨ ਦੀ ਧਾਰਣਾ ਹੈ ਕਿ ਉਪ-ਨਾਗਰ ਸ਼ਾਇਦ ਦੱਖਣੀ ਪੰਜਾਬ ਦੀ ਬੋਲੀ ਹੈ :

"... and the Upanagara Apabhramsa, probably of the Southern Punjab" [Grierson vol I part I, 1922 : 126]

ਇਸਤੋਂ ਬਿਨਾਂ ਮਾਰਕੰਡੇਯ ਨੇ ਉਪ-ਨਾਗਰ ਅਪਭ੍ਰੰਸ਼ ਦਾ ਇਕ ਦੋਹਾ/ਸਲੋਕ ਹਵਾਲਾ-ਟੂਕ ਵਜੋਂ ਉਧ੍ਰਿਤ ਕੀਤਾ ਹੈ, ਜੋ ਮੂਲ ਰੂਪ ਵਿਚ ਇਉਂ ਹੈ :

"ਪਰਸ਼ਇ ਮੇਹ ਛੰਨ ਕਰਿਅ ਦੂਰੇ ਸ਼ੱਦ ਆਵੱਟ ।
ਦੂਰੇ ਸਾਮੀ ਅਮਿਆ ਗੁਣ ਏਰਿਸ਼ਈਸ਼ ਪਅੱਟ ॥"**

ਇਸ ਉਪਰੋਕਤ ਕਾਵਿ-ਦੂਹੇ ਵਿਚ ਤਾਲਵੀ /ਸ਼/ ਦੀ ਕਾਇਮੀ ਵ੍ਰਾਚਡ ਅਪਭ੍ਰੰਸ਼ ਦਾ ਪ੍ਰਭਾਵ ਹੈ ਅਤੇ ਮੇਹ, ਛੰਨ, ਅਵੱਟ, ਗੁਣ, ਪਅੱਟ ਵਿਚ ਕਾਰਕੀ ਸੰਬੰਧ-ਸੂਚਕ ਕੋਈ ਵਿਭਕਤੀ-ਚਿੰਨ੍ਹ ਨਹੀਂ ਹੈ, ਇਹ ਵਿਸ਼ੇਸ਼ਤਾਵਾਂ ਨਾਗਰ ਅਪਭ੍ਰੰਸ਼ ਦੀਆਂ ਹਨ । ਇਸ ਲਈ ਮਾਰਕੰਡੇਯ ਦੀ ਇਹ ਪਰਿਭਾਸ਼ਾ ਨਿਆਇ-ਸੰਗਤ ਹੈ ਕਿ ਉਪ-ਨਾਗਰ ਅਪਭ੍ਰੰਸ਼ ਨਾਗਰ ਤੇ ਵ੍ਰਾਚਡ ਦੇ ਮਿਸ਼ਰਣ ਦੀ ਪੈਦਾਵਾਰ ਹੈ । ਇਸ ਕਾਵਿ-ਦੂਹੇ ਦਾ ਹੁਣ ਪੰਜਾਬੀ ਰੂਪਾਂਤਰਣ ਪੇਸ਼ ਹੈ :

ਪਰਿਸ਼ਇ → ਬਰਸਇ, ਮੇਹ → ਮੀਂਹ – ਮੇਘ, ਛੰਨ → ਛਾਦਨ (= ਢਕਿਆ), ਕਰਿਅ → ਕਰੇ, ਦੂਰੇ, ਸ਼ਦ → ਸੱਦ (ਸ਼ਬਦ, ਸੱਦਣਾ) ਅਵੱਟ → ਆਵਰਤ = ਵਾਰ ਵਾਰ ਹੋਣਾ । ਦੂਰੇ, ਸ਼ਾਮੀ → ਸਵਾਮੀ (ਪਤੀ), ਅਮਿਅ → ਅਮਿਤ = ਅਨੰਤ, ਗੁਣ । ਏਰਿਸ਼ੰ → ਸੰ ਏਤਾਦ੍ਰਿਸ਼ੰ = ਪੰਜਾਬੀ ਵਿਚ ਐਸੀ, ਅਜਿਹੀ । ਈਸ਼ → ਈਸ਼ਵਰ, ਪਅੱਟ = ਇੱਛਾ ? ।

ਅਰਥਾਤ : ਮੀਂਹ ਬਰਸ ਰਿਹਾ ਹੈ, ਬਦਲਾਂ ਨੇ ਆਸਮਾਨ ਢਕਿਆ ਹੈ, ਦੂਰ ਗਰਜ ਰਿਹਾ ਹੈ (ਬੱਦਲ), ਪ੍ਰਿਯ ਪਤੀ ਦੂਰ ਹੈ, ਜਿਸ ਦੇ ਬੇਅੰਤ ਗੁਣ ਹਨ : ਅਜਿਹੀ ਈਸ਼ਵਰ ਦੀ ਇੱਛਾ ਹੈ ।

ਨਿਚੋੜ : ਇਸ ਤਰ੍ਹਾਂ ਜੇਕਰ ਅਸੀਂ ਨਾਗਰ, ਉਪ-ਨਾਗਰ, ਅਤੇ ਵ੍ਰਾਚਡ ਅਪਭ੍ਰੰਸ਼ਾਂ ਦੇ ਆਧਾਰ ਉਤੇ "ਤੁਲਨਾਤਮਕ ਪੁਨਰ-ਉਸਾਰੀ" (comparative reconstruction) ਦੀ ਵਿਧੀ ਦੁਆਰਾ ਟੱਕ-ਭਾਸ਼ਾ ਦਾ ਪੁਨਰ-ਨਿਰਮਾਣ ਕਰੀਏ ਤਾਂ ਟੱਕੀ ਦੇ ਮੁੜ-ਉਸਾਰੇ ਭਾਸ਼ਾਗਤ ਲੱਛਣ ਉਜਾਗਰ ਹੋਣ ਦੀ ਸੰਭਾਵਨਾ ਹੋ ਸਕਦੀ ਹੈ ।

ਇਸ ਪ੍ਰਕਾਰ ਮਾਰਕੰਡੇਯ ਦੁਆਰਾ ਟੱਕ-ਭਾਸ਼ਾ ਦਾ "ਵਿਭਾਸ਼ਾ" ਦੇ ਤੌਰ ਤੇ ਅਤੇ ਫੇਰ "ਅਪਭ੍ਰੰਸ਼" ਦੇ ਤੌਰ ਤੇ ਜਿਹੜਾ ਭਾਸ਼ਾਈ ਵਰਣਨ ਹਾਜ਼ਰ ਕੀਤਾ ਗਿਆ ਹੈ, ਇਸ ਤੋਂ ਇਹ ਤੱਥ ਉਭਰਦਾ ਵਿਖਾਈ ਦਿੰਦਾ ਹੈ ਕਿ ਅਪਭ੍ਰੰਸ਼ ਯੁਗ ਵਿਚ ਟੱਕੀ/ਟੱਕ-ਭਾਸ਼ਾ ਵੀ ਪ੍ਰਾਚੀਨ ਪੰਜਾਬ ਦੇ ਉੱਤਰ-ਕੇਂਦਰੀ ਅੰਚਲ ਵਿਚ ਪ੍ਰਫੁੱਲਤ ਤੇ ਪ੍ਰਚਲਿਤ ਹੋਈ ਹੈ ਜੋ ਕਿ

* "उपनागरमत्र संस्कृतादुभयोरानुरनन्तरोत्पन्नः" (प्राकृत कल्पतरु, III, 2.)

** "The cloud covering (the sky) and rumbling afar repeatedly is raining. (My) husband (endowed) with virtues beyond measure is far away : such indeed is the will of God."

English Translation rendered by the author.

ਆਧੁਨਿਕ ਪੰਜਾਬੀ ਦੀ ਇਕ ਆਂਚਲਿਕ ਬੋਲੀ ਦੀ ਸਰੋਤ-ਭਾਸ਼ਾ ਦੇ ਤੌਰ ਤੇ ਸਵੀਕ੍ਰਿਤ ਹੁੰਦੀ ਦਿਖਾਈ ਦਿੰਦੀ ਹੈ।

ਇਸ ਸੰਦਰਭ ਵਿਚ ਆਚਾਰੀਆ ਰਾਜ ਸ਼ੇਖਰ (ਦਸਵੀਂ ਸਦੀ ਈ.) ਵੀ ਉੱਲੇਖ ਯੋਗ ਹੈ ਜਿਸ ਨੇ ਆਪਣੇ ਆਲੋਚਨਾ-ਗ੍ਰੰਥ "ਕਾਵਯ-ਮੀਮਾਂਸਾ" ਵਿਚ ਟੱਕੀ ਦਾ ਹਵਾਲਾ ਦਿੱਤਾ ਹੈ। ਰਾਜਸ਼ੇਖਰ ਦੇ ਅਨੁਸਾਰ ਟੱਕ ਦੇਸ਼, ਮਰੂ ਭੂਮੀ (ਮਾਰਵਾੜ) ਅਤੇ ਭਾਦਾਨਕ ਦੇ ਵਸਨੀਕ ਲੋਕ ਅਪਭ੍ਰੰਸ਼ ਵਰਗੀ ਬੋਲੀ ਬੋਲਣ ਦੇ ਪ੍ਰੇਮੀ ਹਨ।* ਮਰੂ ਭੂਮੀ ਤੋਂ ਰਾਜਸ਼ੇਖਰ ਦਾ ਭਾਵ ਰਾਜਸਥਾਨ ਪ੍ਰਦੇਸ਼ ਤੋਂ ਹੈ। ਟੱਕ ਦੇਸ਼ ਦੀ ਸਥਿਤੀ ਵਿਦਵਾਨਾਂ ਨੇ ਪੰਜਾਬ ਦੀ ਬਿਆਸਾ ਨਦੀ ਅਤੇ ਸਿੰਧੂ ਨਦੀ ਦੇ ਵਿਚਕਾਰ ਮੰਨੀ ਹੈ। ਭਾਦਾਨਕ ਦੀ ਸਥਿਤੀ ਬਾਰੇ ਵਿਦਵਾਨਾਂ ਵਿਚ ਮਤ-ਭੇਦ ਹੈ। ਪਰ ਇਹ ਦਲੀਲ-ਭਰਪੂਰ ਜਾਪਦਾ ਹੈ ਕਿ ਟੱਕ ਦੇਸ਼ ਦੇ ਨਾਲ ਭਾਦਾਨਕ ਵੀ ਟੱਕ ਦੇ ਨਾਲ ਲਗਦਾ ਕੋਈ ਪੜੋਸੀ ਇਲਾਕਾ ਰਿਹਾ ਹੋਵੇਗਾ। ਪਰ ਫੇਰ ਵੀ ਭਾਦਾਨਕ ਦੀ ਸਥਿਤੀ ਪੱਛਮੋੱਤਰ ਭਾਰਤ ਦੇ ਭੂ-ਭਾਗ ਵਿਚ ਹੀ ਵਧੇਰੇ ਸਹੀ ਜਾਪਦੀ ਜਾ ਸਕਦੀ ਹੈ। [ਉ.ਨਾ. ਤਿਵਾਰੀ, 1955 : 123]

ਅੱਜ ਵੀ ਪੰਜਾਬ ਦੇ ਕਿਰਸਾਣੀ ਸਭਿਆਚਾਰ ਵਿਚ "ਮਰੂ" ਨੂੰ "ਮਾਰੂ" ਉਚਾਰਦੇ ਹਨ ਅਤੇ ਬੰਜਰ ਭੋਇੰ ਜਾਂ ਪਾਣੀ ਨਾਲ ਅਣਸਿੰਜਣ-ਯੋਗ ਖੇਤ ਨੂੰ ਮਾਰੂ ਖੇਤ ਕਹਿੰਦੇ ਹਨ। ਮਾਰੂ ਦੇ ਮੁਕਾਬਲੇ ਵਿਚ ਸੇਂਜੂ ਖੇਤ ਹੁੰਦਾ ਹੈ ਜਿਸਨੂੰ ਉਰਦੂ ਜ਼ੁਬਾਨ ਵਿਚ "ਚਾਹੀ" ਕਹਿੰਦੇ ਹਨ। "ਚਾਹ" ਦਾ ਅਰਥ ਖੂਹ ਹੈ। "ਚਾਹੀ" ਯਾਨੀ ਖੂਹ ਦੇ ਪਾਣੀ ਨਾਲ ਸਿੰਜਿਆ (watered) ਖੇਤ। ਇਸ ਤਰ੍ਹਾਂ "ਮਰੂ" ਮਾਰਵਾੜ ਜਾਂ ਰਾਜਸਥਾਨ ਦਾ ਰੇਗਿਸਤਾਨੀ ਇਲਾਕਾ ਹੀ ਸਿੱਧ ਹੁੰਦਾ ਹੈ।

ਇਸ ਤੋ ਜ਼ਾਹਰ ਹੁੰਦਾ ਹੈ ਕਿ ਟੱਕ ਦੇਸ਼, ਮਰੂ-ਭੂਮੀ ਅਤੇ ਭਾਦਾਨਕ ਤਿੰਨੇ ਨਾਲ ਨਾਲ ਨੇੜੇ ਨੇੜੇ ਲਗਦੇ ਗੁਆਂਢੀ ਇਲਾਕੇ ਸਨ। ਮਰੂ-ਭੂਮੀ (ਰਾਜਸਥਾਨ) ਦੇ ਨਾਲ ਲਗਦਾ ਦੱਖਣ-ਪੂਰਬੀ ਪੰਜਾਬ ਦਾ ਮਾਲਵਾ ਖੇਤਰ ਹੈ ਅਤੇ ਮਾਲਵੇ ਦੇ ਨਾਲ ਲਗਦਾ ਦੁਆਬੇ ਦਾ ਭਾਦਾਨਕ ਖੇਤਰ ਹੈ। ਭਾਦਾਨਕ ਹੀ ਅੱਜ ਕੱਲ ਭਾਦਾ ਬਣ ਗਿਆ ਹੈ। ਦੁਆਬੇ ਵਿਚ ਲੋਕ ਗੀਤ "ਸਿੱਠਣੀ" ਮਸ਼ਹੂਰ ਹੈ :

"ਭਾਦਾ ਦੁਆਬਾ ਫਿਰ ਆਇਆ ਮੁੱਲ ਕਿਸੇ ਨਾ ਪਾਇਆ।
ਮੁੱਲ ਪਾਇਆ ਸਾਡੇ ਮਹਿੰਦਰ ਨੇ ਕੁਲ ਡੇਢ ਰੁਪਈਆ॥"

ਮੌਜੂਦਾ ਦੁਆਬੇ ਵਿਚ ਕੰਢੀ, ਬੇਟ, ਭਾਦਾ, ਪਹਾੜ, ਸੀਰੋਵਾਲ ਕਈ ਇਲਾਕੇ ਸ਼ਾਮਲ ਹਨ। ਭਾਦਾ ਇਸ ਦਾ ਇਕ ਹਿੱਸਾ ਹੈ। ਇਹ ਭਾਦਾ ਹੀ ਭਾਦਾਨਕ ਹੈ ਜਿਸ ਵੱਲ ਇਸ਼ਾਰਾ ਰਾਜਸ਼ੇਖਰ ਨੇ ਕੀਤਾ ਹੈ। ਇਸ ਟੂਕ ਤੋਂ ਇਕ ਗੱਲ ਪ੍ਰਗਟ ਹੁੰਦੀ ਹੈ ਕਿ ਅਪਭ੍ਰੰਸ਼ਾਂ ਦੇ ਯੁਗ ਵਿਚ ਟੱਕ ਦੇਸ਼ ਅੱਜ ਕਲ ਦਾ ਪੂਰਬੀ ਪੰਜਾਬ ਹੀ ਸੀ ਜੋ ਮਰੂ-ਭੂਮੀ (ਮਾਰਵਾੜ) ਤੋਂ ਕਾਂਗੜੇ ਤਕ ਫੈਲਿਆ ਹੋਇਆ ਸੀ ਅਤੇ ਅੱਠਵੀਂ-ਨੌਂਵੀ ਸਦੀ ਵੇਲੇ ਏਥੋਂ ਦੀ ਬੋਲੀ ਨੂੰ "ਟੱਕੀ" ਕਿਹਾ ਜਾਂਦਾ ਸੀ।

ਟੱਕ-ਭਾਸ਼ਾ ਦਾ ਆਧੁਨਿਕ ਸੰਦਰਭ

ਆਧੁਨਿਕ ਭਾਸ਼ਾ-ਵਿਗਿਆਨੀਆਂ ਨੇ ਵੀ 'ਟੱਕੀ' ਜਾਂ 'ਟੱਕ-ਭਾਸ਼ਾ' ਦਾ ਉੱਲੇਖ

---

* "शापभ्रंश प्रयोगाः सकल मरु भुवष्टक्क भादानकाश्च" (राजशेखर: "काव्य मीमांसा" पृष्ठ ५१.)

ਕੀਤਾ ਹੈ ਅਤੇ ਟੱਕ-ਭਾਸ਼ਾ ਦੀ ਸਥਿਤੀ, ਜਨਮ ਤੇ ਵਿਕਾਸ ਬਾਰੇ ਵੱਖਰੇ ਵੱਖਰੇ ਪ੍ਰਸੰਗਾਂ ਤੇ ਪ੍ਰਕਰਣਾਂ ਵਿਚ ਕੁਝ ਵਿਸ਼ੇਸ਼ ਟਿੱਪਣੀਆਂ ਹਾਜ਼ਰ ਕੀਤੀਆਂ ਹਨ । ਹੁਣ ਉਨ੍ਹਾਂ ਨੂੰ ਉਧ੍ਰਿਤ ਕੀਤਾ ਜਾਂਦਾ ਹੈ ।

ਇਸ ਦਿਸ਼ਾ ਵਿਚ ਸਭ ਤੋਂ ਪਹਿਲਾਂ ਨਾਮ ਜਾਰਜ ਗ੍ਰੀਅਰਸਨ [1922] ਦਾ ਆਉਂਦਾ ਹੈ ਜਿਸ ਨੇ ਆਪਣੇ ਮਹਾਗ੍ਰੰਥ "ਲਿੰਗੁਇਸਟਿਕ ਸਰਵੇ ਆਫ਼ ਇੰਡੀਆ" ਵਿਚ ਟੱਕੀ ਬਾਰੇ ਇਉਂ ਅੰਕਿਤ ਕੀਤਾ ਹੈ : "ਇਸ ਨਾਲ (ਸ਼ੌਰਸੇਨੀ ਅਪਭ੍ਰੰਸ਼ ਨਾਲ) ਗੂੜ੍ਹੀ ਤਰ੍ਹਾਂ ਜੁੜੀ ਹੋਈ ਉੱਤਰੀ-ਕੇਂਦਰੀ ਪੰਜਾਬ ਦੀ ਟੱਕ ਅਪਭ੍ਰੰਸ਼ ਹੈ ਅਤੇ ਸ਼ਾਇਦ ਦੱਖਣੀ ਪੰਜਾਬ ਦੀ ਉਪ-ਨਾਗਰ ਅਪਭ੍ਰੰਸ਼ ਵੀ ਹੈ ਜਿਹੜੀਆਂ ਕਿ ਪੰਜਾਬੀ ਭਾਸ਼ਾ ਦੀਆਂ ਕਈ ਉਪਬੋਲੀਆਂ ਦੀਆਂ ਜਨਮ-ਦਾਤੀਆਂ ਹਨ ।"*

ਡਾ. *ਉਦਯ ਨਾਰਾਯਣ ਤਿਵਾਰੀ* [1955 : 177] ਨੇ ਲਿਖਿਆ ਹੈ ਕਿ "ਪੂਰਬੀ ਪੰਜਾਬੀ, ਹਿੰਦੀ ਦੇ ਪੱਛਮੋਤੱਰ ਵਿਚ ਬੋਲੀ ਜਾਂਦੀ ਹੈ . . . ਇਸ ਦੀ ਉਤਪੱਤੀ "ਟੱਕ" ਅਪਭ੍ਰੰਸ਼ ਤੋਂ ਹੋਈ ਹੈ ਪਰ ਇਸ ਉਤੇ ਸ਼ੌਰਸੇਨੀ ਦਾ ਕਾਫ਼ੀ ਪ੍ਰਭਾਵ ਪਿਆ ਹੈ ।" ਡਾ. ਤਿਵਾਰੀ ਲਹਿੰਦੀ ਪੰਜਾਬੀ ਦੀ ਉਤਪੱਤੀ ਕੈਕੇਯ ਪ੍ਰਾਕ੍ਰਿਤ/ਅਪਭ੍ਰੰਸ਼ ਤੋਂ ਮੰਨਦੇ ਹਨ ।[8]

ਡਾ. *ਭੋਲਾਨਾਥ ਤਿਵਾਰੀ* [ਭਾਸ਼ਾ-ਵਿਗਿਆਨ, 1957 : 117] ਦੇ ਅਨੁਸਾਰ "ਪੂਰਬੀ ਪੰਜਾਬੀ ਜਾਂ ਪੰਜਾਬੀ, ਮੱਧ ਪੰਜਾਬ ਦੀ ਭਾਸ਼ਾ ਹੈ । ਕੈਕੇਯ ਤੋਂ ਇਸ ਦੀ ਵੀ ਪੈਦਾਇਸ਼ ਹੈ ਪਰ ਸ਼ੌਰਸੇਨੀ ਦਾ ਪ੍ਰਭਾਵ ਵੱਧ ਪਿਆ ਹੈ । ਕਈ ਵਿਦਵਾਨ ਇਸ ਦੀ ਉਤਪੱਤੀ "ਟੱਕ" ਅਪਭ੍ਰੰਸ਼ ਤੋਂ ਮੰਨਦੇ ਹਨ । ਦਰਦ ਭਾਸ਼ਾ (ਪੈਸ਼ਾਚੀ) ਦਾ ਵੀ ਇਸ ਉੱਤੇ ਪ੍ਰਭਾਵ ਹੈ ।"[9]

ਡਾ. *ਹਰਦੇਵ ਬਾਹਰੀ* [ਹਿੰਦੀ ਉਦਭਵ, ਵਿਕਾਸ ਔਰ ਰੂਪ : 1965 : 38] ਨੇ ਪੰਜਾਬੀ ਦੇ ਲਹਿੰਦੀ-ਪੰਜਾਬੀ ਅਤੇ ਪੰਜਾਬੀ ਦੇ ਹਿੱਸੇ ਕੀਤੇ ਹਨ ਅਤੇ ਇਨ੍ਹਾਂ ਦਾ ਵਿਕਾਸ ਹੇਠਾਂ ਲਿਖੇ ਰੇਖਾ-ਚਿਤਰ ਦੁਆਰਾ ਉਲੀਕਿਆ ਹੈ । ਰੇਖਾ-ਚਿੱਤਰ ਇਹ ਹੈ :[10]

ਪੂਰਵ ਮੱਧ ਕਾਲ ਪ੍ਰਾਕ੍ਰਿਤ ਭਾਸ਼ਾ	*ਉੱਤਰ ਮੱਧ ਕਾਲ ਪ੍ਰਾਕ੍ਰਿਤ ਭਾਸ਼ਾ*	*ਨਿਰਮਾਣ ਕਾਲ ਵਿਚ ਪ੍ਰਭਾਵਕਾਰੀ ਭਾਸ਼ਾ*	*ਆਧੁਨਿਕ ਆਰੀਆ ਭਾਸ਼ਾ*
ਟੱਕ	ਟੱਕ	ਕੈਕੇਯ, ਸ਼ੌਰਸੇਨੀ	ਪੰਜਾਬੀ
ਕੈਕਯ	ਕੈਕੇਯ	ਵ੍ਰਾਚੜ, ਪੈਸ਼ਾਚੀ, ਟੱਕ	ਲਹਿੰਦੀ

ਡਾ. *ਸੁਨੀਤੀ ਕੁਮਾਰ ਚੈਟਰਜੀ*[1] ਨੇ ਵੀ ਇੰਡੋ-ਆਰੀਆ ਭਾਸ਼ਾ ਦੇ ਵਿਕਾਸ ਦਾ ਇਕ ਰੇਖਾ-ਚਿਤਰ ਤਿਆਰ ਕੀਤਾ ਹੈ ਜਿਸ ਵਿਚ ਉਸ ਨੇ ਪੰਜਾਬੀ ਦੇ ਸੰਦਰਭ ਵਿਚ ਕੇਕਯ ਪ੍ਰਾਕ੍ਰਿਤ, ਟੱਕ ਪ੍ਰਾਕ੍ਰਿਤ ਅਤੇ ਮਦ੍ਰ-ਪ੍ਰਾਕ੍ਰਿਤ ਆਦਿ ਦਾ ਉਲੇਖ ਕੀਤਾ ਹੈ । ਰੇਖਾ-ਚਿੱਤਰ ਹੇਠਾਂ ਅੰਕਿਤ ਹੈ :

* "Closely connected with it were the Takka Apabhramsa of the North-Central Panjab and the Upanagara Apabhramsa, probably of the Southern Panjab, which were the parents of the various dialects of Panjabi," [L.S.I., Vol I, Part 1, 1922 : 126].

ਇੰਡੋ-ਆਰੀਆ ਭਾਸ਼ਾ-ਗਰੁਪ

|

ਵੈਦਿਕ ਡਾਇਲੈਕਟਸ

|

ਉਦੀਚਯ (ਉੱਤਰੀ) | ਪ੍ਰਤੀਚਯ (ਪੱਛਮੀ) ... | ਮੱਧਦੇਸ਼ੀਯ (ਮੱਧਦੇਸ਼ੀ) ... | ਪ੍ਰਾਚਯ (ਪੂਰਬੀ) ... | ਦਾਕਸ਼ਿਣਾਤਯ (ਦੱਖਣੀ) ...

ਉਦੀਚਯ (ਉੱਤਰੀ) → ਗਾਂਧਾਰ, ਮਦ੍ਰ, ਟੱਕ ਆਦਿ

ਗਾਂਧਾਰ, ਮਦ੍ਰ, ਟੱਕ ਆਦਿ → ਲਹਿੰਦੀ ਪੰਜਾਬੀ | ਸ਼ੌਰਸੇਨੀ ਪ੍ਰਭਾਵ → ਪੂਰਬੀ ਪੰਜਾਬੀ

ਹਵਾਲੇ ਤੇ ਪਾਦ-ਟਿੱਪਣੀਆਂ

(1) Alexander Cunningham (Sir), The Ancient Geography of India, Varanasi, 1963, p. 125.

(2) The Takkas, a Turanian race, the earliest inhabitants of Rawalpindi district. They gave their name to the town of Takshasila or Taxila, which Alexander found "a rich and populous city, the largest between the Indus and Hydaspes[1], identified with the ruins of Deri Shahan. Taki or Asarur on the road between Lahore and Pindi Bhatiyan, was the capital of the Punjab in 633 A.D.
Footnote p. 87, article : *The Greeks in India*, by Sir W.W. Hunter, (included in the book '*Ancient India*', Ed. by EB Cowell & others, Pub: Susil Gupta (India) Ltd., Calcutta 1953, 1 Ed.

(3) "टाक्की स्यात् संस्कृत शौरसेनी चान्योन्यमिश्रिते।"
मार्कण्डेय, प्राकृत सर्वस्व, षोडश: पाद: प्रथमसूत्रम्।

(4) "हरिश्चन्द्रस्तु इमां टक्कभाषां अपभ्रंशं इच्छति न प्राकृतम्"। quoted by Krishna Chandra Acharya, *Prakrit Sarvasva*, 1968 : 99.

(5) "ਟੱਕ ਵਿਭਾਸ਼ਾ" ਬਾਰੇ ਮਾਰਕੰਡੇਯ ਦੇ "ਪ੍ਰਾਕ੍ਰਿਤ ਸਰਵਸ੍ਵ" ਵਿਚ ਸੰਸਕ੍ਰਿਤ ਵਿਚ ਲਿਖੇ ਹੋਏ ਵਿਆਕਰਣ-ਸੂਤ੍ਰਾਂ ਦਾ ਮੂਲ-ਪਾਠ ਅੰਕਿਤ ਹੈ :

अथटाक्की।

१६.१ टाक्की स्यात्संस्कृतं शौरसेनी चान्योन्यमिश्रिते।

अन्यो: संकरादित्यर्थ:। इयं द्यूतकारवणिगादि भाषा।। तथा चोक्तम्-

प्रयुज्यते नाटकादौ द्यूतादिव्यवहारिभि:।
वणिग्भिर्हीनदेहैश्च तदाहुष्टक्कभाषितम्।।इति।।

किं च।

१६.२ हरिश्चन्द्रस्त्विमां भाषामपभ्रंश इतीच्छति।।१९१।।

अपभ्रंशो हि विद्वद्भिर्नाटकादौ प्रयुज्यते। द्राविडीमप्यत्रैव मन्यते। तथा चोक्तम्-

'टक्कदेशीयभाषायां दृश्यते द्राविडी तथा।
तत्र चायं विशेषोऽस्ति द्राविडैरादृता परम्।।इति।।

१६.३ उत्स्यात्पदान्ते बहुलम्

– राउ असमसमरैकमल्लु मअणमणोहरदेहसोहु सकलशस्त्रविद्याप्रवीणु (=राजा असमसमरैकमल्ल: मदनमनोहरदेहशोभ: सकलशस्त्रविद्याप्रवीण:।) बहुलग्रहणात्– 'भणइ वाणी कविराअ' (=भणति वाणी कविराज:)।।

१६.४ ए च ट:

ट: स्थाने ए स्यात्। खग्गे पहरसि। चकारात् खग्गेण।।

१६.५ हंहुमौ भ्यस:।।१९२।।

भ्यसो हंहुमौ स्याताम्। रूक्खहं पडिदु। घरहु चलिदु। बाहुल्यात् रूक्खाहिंतो, घरेसुंतो।।

१६.६ आमो वा

हंहुमौ स्याताम्। बम्हणहं धणु। बम्हणहुं। बम्हणाणं।।

१६.७ हं किमादे: स्यात्प्राग्दीर्घश्च विधीयते।

-आम इत्येव। काहं। जाहं। ताहं। एदाहं। इमाहं। पक्षे काणं, जाणं।

१६.८ त्वमित्यर्थे तुंग भवेत्

तुंग सर्वविद्याप्रवीणु।।

१६.९ अहमर्थेऽम्मिहुंममा:।।१९३।।

अम्मि पंडिदु। एवं हुं, मम।।

१६.१० ममेत्यर्थे महुं च स्यात्

महुं घरू सुंदरू। चकारात् मम च।।

१६.११ यथा जिघ

स्यात्। जिघ भणसि। जहा वा।।

१६.१२ तथा तिघ।

स्यात्। तिघ, तहा वा।।

१६.१३ दिङ्मात्रमुक्तमुन्नेयं शेषं शिष्टप्रयोगत: ।।१९४।।

इति टाक्की भाषा।।

इति श्रीमार्कण्डेयकवीन्द्रकृतौ प्राकृतसर्वस्वे विभाषाविवेचने
षोडश: पाद:।।१६।।

(Included in Markandeya's Prakrit Sarvasa edited by K.C. Acharya, 1986, Ahmadabad).

(6) "टाक्की पुरा निगदिता खलु या विभाषा, सा नागरादिभिरपि त्रिभिरन्विता चेत्। तामेव टक्क विषये निगदन्ति टाक्का- पभ्रंशमत्र तदुदाहरणं गवेष्यम्।" (रामशर्मा तर्क वागीश, प्राकृत कल्प तरु)

(7) "भरत ने 'नाट्यशास्त्र' में उकार-बहुला भाषा का प्रयोग हिमवत्, सिन्धु-सौवीर और इन के आश्रित देशों के लोगों के लिये करने का आदेश दिया है। इस से विदित होता है कि भरत के समय तक भाषा में अपभ्रंश की विशेषताएँ भारत के उत्तर-पश्चिमी प्रदेशों में प्रकट हुई थी।" उदय नारायण

तिवारी, हिन्दी भाषा का उद्गम और विकास, प्रयाग, 1955 : 122.

(8) उदय नारायण तिवारी (1955), हिन्दी भाषा का उद्गम और विकास, प्रयाग, पृ. 122

(9) डा भोलानाथ तिवारी (1957), भाषा-विज्ञान, पृ. 117.

(10) डा हरदेव बाहरी (1965), हिन्दी उद्भव, विकास और रूप, पृ. 38.

(11) Chatterji, S.K., *The Origin and Development of the Bengali Language*, Calcutta, 1975, vol. I, Map to face page 6.

ਅਧਿਆਏ 7 : 8

ਪੰਜਾਬ ਦੀਆਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ : ਮਦ੍ਰ ਪ੍ਰਾਕ੍ਰਿਤ, ਬਾਹਲੀਕੀ, ਉਪ-ਨਾਗਰ

ਪੰਜਾਬੀ ਭਾਸ਼ਾ ਅਤੇ ਮਦ੍ਰ ਪ੍ਰਾਕ੍ਰਿਤ (3)

ਪੰਜਾਬ ਦੀਆਂ ਅਣਗੌਲੀਆਂ ਲਘੂ ਪ੍ਰਾਕ੍ਰਿਤਾਂ/ਅਪਭ੍ਰੰਸ਼ਾ ਦੇ ਸੰਦਰਭ ਵਿਚ ਪੰਜਾਬ ਦੀ ਮਦ੍ਰ ਪ੍ਰਾਕ੍ਰਿਤ ਵੀ ਉਲੇਖਯੋਗ ਹੈ। ਕੈਕੇਈ ਪ੍ਰਾਕ੍ਰਿਤ ਅਤੇ ਟੱਕੀ ਪ੍ਰਾਕ੍ਰਿਤ ਤੋਂ ਇਲਾਵਾ ਡਾ. ਸੁਨੀਤੀ ਕੁਮਾਰ ਚੈਟਰਜੀ ਆਦਿ ਭਾਸ਼ਾ-ਵਿਗਿਆਨੀਆਂ ਨੇ ਮਦ੍ਰ ਪ੍ਰਾਕ੍ਰਿਤ ਨੂੰ ਵੀ ਪੰਜਾਬ ਦੀਆਂ ਪ੍ਰਾਕ੍ਰਿਤਾਂ ਵਿਚ ਸ਼ੁਮਾਰ ਕੀਤਾ ਹੈ ਅਤੇ ਮਦ੍ਰ ਪ੍ਰਾਕ੍ਰਿਤ ਨੂੰ ਪੰਜਾਬੀ ਭਾਸ਼ਾ ਦੀ ਕਿਸੇ ਇਲਾਕਾਈ ਪ੍ਰਾਚੀਨ ਬੋਲੀ ਦੀ ਸਰੋਤ-ਭਾਸ਼ਾ ਦੇ ਤੌਰ ਤੇ, ਪ੍ਰਸਤਾਵਿਤ ਕੀਤਾ ਹੈ।

ਮਦ੍ਰਜਾਤੀ ਅਤੇ ਮਦ੍ਰ ਪਾਕ੍ਰਿਤ/ਭਾਸ਼ਾ ਦਾ ਇਤਿਹਾਸਿਕ ਸੰਦਰਭ

ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਦੇ ਇਲਾਕੇ ਨੂੰ ਮਦ੍ਰ-ਦੇਸ਼ ਕਹਿਣ ਦੇ ਇਤਿਹਾਸਕ ਸੰਕੇਤ ਉਪਲਬਧ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ "ਬਚਿਤ੍ਰ ਨਾਟਕ" (17ਵੀਂ ਸਦੀ) ਵਿਚ ਪੰਜਾਬ ਨੂੰ ਜਾਂ ਪੰਜਾਬ ਦੇ ਕਿਸੇ ਹਿੱਸੇ ਨੂੰ "ਮਦ੍ਰ ਦੇਸ਼" ਕਿਹਾ ਗਿਆ ਹੈ। ਮੂਲ ਪਾਠ ਇਹ ਹੈ

"ਮਦ੍ਰ ਦੇਸ ਹਮ ਕਉ ਲੇ ਆਏ।
ਭਾਂਤਿ ਭਾਂਤਿ ਦਾਈਅਨ ਦੁਲਰਾਏ।"

(ਬਚਿਤ੍ਰਨਾਟਕ, ਸੱਤਵਾਂ ਅਧਿਆਏ, ਪਉੜੀ 2)

ਇਸ ਤੋਂ ਪਹਿਲਾਂ ਉੱਤਰ-ਵੈਦਿਕ ਯੁਗ, ਪੌਰਾਣਿਕ ਯੁਗ, ਮਹਾਂਭਾਰਤ ਅਤੇ ਰਾਮਾਯਣ-ਕਾਲ ਆਦਿ ਵਿਚ ਮਦ੍ਰ ਜਾਤੀ ਦੇ ਸੰਦਰਭ ਪਾਏ ਜਾਂਦੇ ਹਨ। ਇਸ ਤੋਂ ਉਪਰੰਤ ਇਤਿਹਾਸਿਕ ਯੁਗ ਵਿਚ ਵੀ ਮਦ੍ਰ ਦੇਸ਼, ਮਦ੍ਰ ਜਾਤੀ, ਅਤੇ ਮਦ੍ਰ ਲੋਕਾ ਦੇ ਹਵਾਲੇ ਅਨੇਕ ਸੰਦਰਭਾ ਵਿਚ ਪ੍ਰਾਪਤ ਹੁੰਦੇ ਹਨ। ਬਹੁਤ ਸਾਰੇ ਭਾਰਤੀ ਪ੍ਰਮਾਣਿਕ ਕਲੈਸੀਕਲ ਗ੍ਰੰਥਾ ਵਿਚ ਮਦ੍ਰ ਲੋਕਾਂ ਦੇ ਹਵਾਲੇ ਮਿਲਦੇ ਹਨ।

ਡਾ. ਬੁੱਧ ਪ੍ਰਕਾਸ਼' [1964 : 33] ਨੇ ਲਿਖਿਆ ਹੈ ਕਿ ਉੱਤਰ-ਵੈਦਿਕ ਕਾਲ (ਬ੍ਰਾਹਮਣ-ਗ੍ਰੰਥ, ਉਪਨਿਸ਼ਦ ਗ੍ਰੰਥ -10-11ਵੀਂ ਸਦੀ ਪੂ. ਈ.) ਵਿਚ ਗਾਂਧਾਰ ਤੋਂ ਬਾਅਦ ਕੈਕੇਯ ਜਾਤੀ, ਮਦ੍ਰ ਅਤੇ ਉਸ਼ੀਨਰ ਜਾਤੀ ਦੇ ਬੜੇ ਉੱਘੇ ਹਵਾਲੇ ਮਿਲਦੇ ਹਨ। ਕੈਕੇਯ ਦੇਸ਼ ਦੀ ਸਥਿਤੀ ਜਿਹਲਮ ਤੇ ਚਨਾਬ ਦੇ ਦਰਮਿਆਨ ਦੱਸੀ ਗਈ ਹੈ ਅਤੇ ਕੈਕਯ ਲੋਕ ਵਿਦਿਆ ਦੇ ਖੇਤਰ ਵਿਚ ਬਹੁਤ ਪ੍ਰਸਿੱਧ ਸਨ। ਕੈਕੇਯਾਂ ਬਾਰੇ ਭਰਪੂਰ ਚਰਚਾ ਅਸੀਂ ਪਿਛਲੇ ਅਧਿਆਏ ਵਿਚ ਕਰ ਆਏ ਹਾਂ।

ਕੈਕੇਯਾਂ ਤੋਂ ਹੇਠਾਂ ਪਾਸੇ ਵੱਲ ਮਦ੍ਰ ਲੋਕ ਆਬਾਦ ਸਨ। ਮਦ੍ਰ ਦੇਸ ਦੀ ਰਾਜਧਾਨੀ

ਸ਼ਾਕਲ (ਅਜੋਕਾ ਸਿਆਲਕੋਟ, ਹੁਣ ਪਾਕਿਸਤਾਨ) ਸੀ । ਇਹ ਮਦ੍ਰ ਦੇਸ਼ ਚਨਾਬ ਤੇ ਰਾਵੀ ਦਰਿਆਵਾਂ ਦੇ ਸੰਧੀ ਖੇਤਰ ਵਿਚ ਵਾਕਿਆ ਸੀ । ਇਉਂ ਉਪਨਿਸਦ-ਕਾਲੀਨ ਮਦ੍ਰ ਦੇਸ਼ ਵੈਦਿਕ ਵਿਦਿਆ ਦਾ ਕੇਂਦਰ ਕਰਕੇ ਮਸ਼ਹੂਰ ਸੀ ਜਿਥੇ "ਮਦ੍ਰਗਾਰ ਸ਼ੌਂਗਾਯਨੀ", ਅਤੇ "ਪਤੰਚਲ ਕਾਪਯ" ਵਰਗੇ ਵਿਦਵਾਨ ਪੈਦਾ ਹੋਏ ਸਨ [ਹਵਾਲਾ : S. Radhakrishnan, *The Principal Upanishads*, p. 224] ।

ਸੰਸਕ੍ਰਿਤ ਵਿਆਕਰਣ "ਅਸ਼ਟਾਧਿਆਈ" ਦੇ ਰਚੈਤਾ ਮਹਾਂਰਿਸ਼ੀ ਪਾਣਿਨੀ (ਪੰਜਵੀਂ ਸਦੀ ਪੂ. ਈ.) ਨੇ ਮਦ੍ਰ ਦੇਸ਼ ਦੇ ਦੋ ਭਾਗਾਂ ਦਾ ਜ਼ਿਕਰ ਕੀਤਾ ਹੈ :(1) ਪੂਰਵ-ਮਦ੍ਰ ਅਰਥਾਤ ਪੂਰਬੀ ਮਦ੍ਰ, ਅਤੇ (2) ਅਪਰ ਮਦ੍ਰ ਅਰਥਾਤ ਪੱਛਮੀ ਮਦ੍ਰ ।* ਇਸੇ ਤਰ੍ਹਾਂ "ਐਤ੍ਰੇਯ ਬ੍ਰਾਹਮਣ ਗ੍ਰੰਥ" (VIII, 14, 3) ਵਿਚ ਵੀ "ਉੱਤਰ ਮਦ੍ਰ" ਦੇ ਨਾਮ ਹੇਠ ਮਦ੍ਰਲੋਕਾਂ ਦੀ ਬਸਤੀ ਦਾ ਉਲੇਖ ਹੋਇਆ ਮਿਲਦਾ ਹੈ ।

ਪਰੰਤੂ ਮਹਾਭਾਰਤ ਮਹਾਂਕਾਵਿ (ਛੇਵੀਂ ਸਦੀ ਪੂ. ਈ.) ਵਿਚ ਮਦ੍ਰਾਂ/ ਮਦ੍ਰਕਾਂ ਦਾ ਅਨੇਕ ਸੰਦਰਭਾਂ ਵਿਚ ਵਰਣਨ ਹੋਇਆ ਮਿਲਦਾ ਹੈ । ਮਹਾਭਾਰਤ ਕਾਲ ਦੇ ਪ੍ਰਸਿੱਧ ਮਹਾਰਾਜਾ ਪੰਡੂ (ਪਾਂਡਵਾਂ ਦੇ ਪਿਤਾ) ਦੀ ਪਟਰਾਣੀ ਅਤੇ ਛੋਟੇ ਪਾਂਡਵਾਂ ਨਕੁਲ ਤੇ ਸਹਿਦੇਵ ਦੀ ਮਾਤਾ "ਮਹਾਰਾਣੀ ਮਾਦ੍ਰੀ" ਮਦ੍ਰਦੇਸ਼ ਦੇ ਰਾਜਾ ਦੀ ਰਾਜਕੁਮਾਰੀ ਹੀ ਸੀ ਜਿਸ ਦਾ ਇਹ ਨਾਮਕਰਣ ਪਾਂਡਵਾ ਦੇ ਮਦ੍ਰਦੇਸ਼ ਨਾਲ ਨਿਕਟੀ ਸੰਬੰਧਾ ਦੀ ਸੂਚਨਾ ਮੁਹਈਆ ਕਰਦਾ ਹੈ । ਮਹਾਭਾਰਤ ਮਹਾਕਾਵਿ ਦਾ "ਕਰਣ ਪਰਵ" ਮਦ੍ਰਾਂ ਦੇ ਵਰਣਨ ਨਾਲ ਭਰਿਆ ਪਿਆ ਹੈ ।"ਕਰਣ ਪਰਵ" ਵਿਚ ਨਕੁਲ ਤੇ ਸਹਿਦੇਵ ਨੂੰ "ਮਾਦ੍ਰੀ ਕੁਮਾਰ" ਕਰਕੇ ਲਿਖਿਆ ਗਿਆ ਹੈ ਅਰਥਾਤ ਮਦ੍ਰਦੇਸ਼ ਦੀ ਰਾਜਕੁਮਾਰੀ "ਮਾਦ੍ਰੀ" ਦੇ ਕੁਮਾਰ ਯਾਨੀ ਪੁੱਤਰ । ਕਰਣ ਪਰਵ ਵਿਚ ਕੌਰਵਾਂ ਦੇ ਜੇਠੇ ਭਾਈ ਦੁਰਯੋਧਨ ਦੇ ਪੱਖੀ ਸੂਰਬੀਰ ਕਰਣ ਅਤੇ ਮਦ੍ਰਦੇਸ਼ ਦੇ ਰਾਜਾ "ਸ਼ਲਯ" (शल्य) ਦੀ ਇਕ ਲੰਮੀ-ਚੌੜੀ ਬਹਿਸ ਅਤੇ ਗੁਫਤਗੂ (ਸੰਵਾਦ) ਦਰਜ ਕੀਤੀ ਗਈ ਹੈ ਜਿਸ ਵਿਚ ਕਰਣ ਨੂੰ ਮਦ੍ਰਰਾਜ ਸ਼ਲਯ ਉੱਤੇ, ਅਨੈਤਿਕ ਤੇ ਅਧਾਰਮਿਕ ਕੁਰੀਤੀਆਂ ਦੇ ਅਨੇਕਾਂ ਦੋਸ਼ ਆਰੋਪਿਤ ਕਰਦਾ ਹੋਇਆ ਚਿਤਰਿਤ ਕੀਤਾ ਗਿਆ ਹੈ । ਕਰਣ ਤੇ ਸ਼ਲਯ ਦੇ ਇਸ ਸੰਵਾਦ ਤੋਂ ਮਦ੍ਰਜਾਤੀ ਦੇ ਰਾਜ ਦੀ ਹਦਬੰਦੀ, ਮਦ੍ਰਾਂ ਦਾ ਆਚਾਰ-ਵਿਹਾਰ, ਖਾਣ-ਪੀਣ, ਮਦ੍ਰ-ਇਸਤ੍ਰੀਆਂ ਦਾ ਆਚਰਣ, ਮਦ੍ਰਾਂ ਦੀ ਧਰਮ-ਹੀਣਤਾ ਤੇ ਅਖਲਾਕ-ਹੀਣਤਾ ਆਦਿ ਦੁਰਗੁਣਾਂ ਦਾ ਬੜੀ ਉਗ੍ਰ ਸ਼ੈਲੀ ਵਿਚ ਬਿਆਨ ਕੀਤਾ ਗਿਆ ਹੈ । ਕਰਣ ਦੇ ਇਸ ਸੰਵਾਦ ਦਾ ਮੁੱਖ ਮਨੋਰਥ ਆਪਣੇ ਵਿਰੋਧੀ ਮਦ੍ਰਰਾਜ ਸ਼ਲਯ ਨੂੰ ਨੈਤਿਕ ਲੈਵਲ 'ਤੇ ਉਤਸ਼ਾਹ-ਹੀਣ ਕਰਨਾ ਹੈ । ਅਸਲ ਵਿਚ ਕਰਣ ਦਾ ਸੰਵਾਦ ਇਕ ਦੁਸ਼ਮਣ ਦਾ ਪ੍ਰਲਾਪ ਹੈ ਅਤੇ ਬੇ-ਬੁਨਿਆਦ ਝੂਠੀ ਤਰਕ-ਪ੍ਰਣਾਲੀ ਹੀ ਹੈ । ਫੇਰ ਵੀ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਕਾਰਾਂਤਰ ਨਾਲ ਇਹ ਸੰਵਾਦ ਮਦ੍ਰਾਂ ਦੀ ਮਹੱਤਵਪੂਰਣ ਹੋਂਦ ਤੇ ਹਸਤੀ ਦਾ ਵਰਣਨ ਤੇ ਵਿਸਤਾਰ ਕਰਦਾ ਹੈ ਅਤੇ ਮਦ੍ਰ ਜਾਤੀ ਦੀਆਂ ਬਹੁਵਿਧ ਸਰਗਰਮੀਆਂ ਉੱਤੇ ਇਤਿਹਾਸਕ ਚਾਨਣਾ ਪਾਉਣ ਦਾ ਕਾਰਜ ਸਰਅੰਜਾਮ ਕਰਦਾ ਹੈ । ਹੁਣ ਕਰਣ ਪਰਵ ਵਿਚੋਂ ਮਦ੍ਰਾਂ ਦੇ ਸੰਬੰਧ ਵਿਚ ਚੋਣਵੇਂ ਅੰਸ਼ ਹੇਠਾਂ ਉਧ੍ਰਿਤ ਕੀਤੇ ਜਾਂਦੇ ਹਨ । (ਸੰਸਕ੍ਰਿਤ ਤੋਂ ਪੰਜਾਬੀ ਉਲਥਾ ਮੇਰਾ ਹੈ ।) ਕਰਣ ਕਹਿੰਦਾ ਹੈ

[2]"ਮਦ੍ਰਾਂ ਦੇ ਰਾਜੇ "ਸ਼ਲਯ" ਦੇ ਦੇਸ਼ ਵਿਚ ਪੰਜ ਨਦੀਆਂ ਵਹਿੰਦੀਆਂ ਹਨ ਅਤੇ

* ਪਾਣਿਨੀ ਸੂਤ੍ਰ - (1) दिशोऽमद्राणाम्, VII, 3, 13 (2) मद्रेभ्योऽञ् - IV, 2, 2, 108.

ਜਿੱਥੇ ਪੀਲੂ ਦੇ ਜੰਗਲ ਹੀ ਜੰਗਲ ਹਨ । ਉਹ ਨਦੀਆਂ ਹਨ- ਸਤਲੁਜ (ਸ਼ਤਦਰੂ), ਬਿਆਸ (ਵਿਪਾਸ਼ਾ), ਤੀਜੀ ਨਦੀ ਰਾਵੀ (ਐਰਾਵਤੀ), ਚਨਾਬ (ਚੰਦ੍ਰਭਾਗਾ) ਅਤੇ ਜਿਹਲਮ (ਵਿਤਸਤਾ) । ਛੇਵੀਂ ਨਦੀ ਸਿੰਧੂ ਵੀ ਹੈ (ਇਹ ਪ੍ਰਾਚੀਨ ਪੰਜਾਬ ਦਾ ਚਿਤ੍ਰਣ ਹੈ ਜਦੋਂ ਪੰਜਾਬ ਨੂੰ ਪੰਚਨਦ ਕਿਹਾ ਜਾਂਦਾ ਸੀ, ਪੰਚਨਦ ਦਾ ਫ਼ਾਰਸੀ ਤਰਜਮਾ ਪੰਜ + ਆਬ = ਪੰਜਾਬ ਹੈ) । ਸ਼ਲਯ ਰਾਜੇ ਦੇ ਮਦ੍ਰ ਦੇਸ਼ (ਅਰਥਾਤ ਪੁਰਾਤਨ ਪੰਜਾਬ) ਦੇ ਵਸਨੀਕ "ਆਰੱਟ" ਅਰਥਾਤ ਅਰਾਸ਼ਟ੍ਰਕ ਹਨ (ਯਾਨੀ anti-national) ਅਤੇ ਨਸ਼ਟ ਧਰਮ ਵਾਲੇ ਹਨ । ਪ੍ਰਾਚੀਨ ਮਦ੍ਰਦੇਸ਼ ਯਾਨੀ ਪੰਚਨਦ (ਪੰਜਾਬ) ਦੇ ਜਿਹੜੇ ਵੱਖ ਵੱਖ ਇਲਾਕੇ ਹਨ : ਮਦ੍ਰ, ਗਾਧਾਰ, ਆਰੱਟ, ਖਸ਼, ਸਿੰਧੂ, ਸੌਵੀਰ ਇਹ ਨਿੰਦਣੀ ਹਨ । ਪੰਚਨਦ ਦੇਸ਼ ਦੇ ਮਦ੍ਰਲੋਕ ਕੁਟਿਲ ਹਨ ।..

"ਮਦ੍ਰ ਇਸਤ੍ਰੀਆਂ ਵੀ ਅਨੁਸ਼ਾਸਨ-ਹੀਣ ਅਤੇ ਅਖ਼ਲਾਕੀ ਤੌਰ ਤੇ ਖੁਲ੍ਹੀਆਂ ਹਨ । ਇਹ ਮਦ੍ਰਜਨ ਖਾਣ-ਪੀਣ ਵਿਚ ਵੀ ਕੋਈ ਸੰਜਮ ਨਹੀਂ ਵਰਤਦੇ । ਮਦ੍ਰਲੋਕ ਹਰ ਤਰ੍ਹਾਂ ਦਾ ਮਾਸ (ਗੋਸ਼ਤ) ਦਾ ਸੇਵਨ ਕਰਦੇ ਹਨ । ਸੂਰ, ਕੁੱਕੜ, ਗਧਾ, ਊਂਠ, ਭੇਡ ਆਦਿ ਖਾ ਜਾਂਦੇ ਹਨ । ਮਦ੍ਰ ਲੋਕ ਧਾਨਾਂ ਅਤੇ ਗੁੜ ਦੀ ਸ਼ਰਾਬ ਪੀਂਦੇ ਹਨ ਅਤੇ ਨਾਲ ਨਾਲ ਲਸਣ ਤੇ (ਗੋ?) ਮਾਂਸ ਖਾਂਦੇ ਹਨ । ਇਹ ਲੋਕ ਸ਼ੀਲ-ਸੰਤੋਖ ਤੋਂ ਵਿਵਰਜਿਤ ਹਨ । ਮਦ੍ਰ ਉਸ ਵਾਹੀਕ ਦੇਸ਼ (ਪ੍ਰਾਚੀਨ ਪੰਜਾਬ?) ਦੇ ਵਸਨੀਕ ਹਨ ਜਿੱਥੇ ਧਰਮ-ਬਾਹਰੇ ਅਪਵਿੱਤਰ ਕੰਮ ਕੀਤੇ ਜਾਂਦੇ ਹਨ ।" (ਮਹਾਭਾਰਤ ਦੇ ਕਰਣ ਪਰਵ ਵਿਚੋਂ ਕੁਝ ਕੁ ਚੋਣਵੇਂ ਅੰਸ਼) ।

ਇਸ ਤਰ੍ਹਾਂ ਅੱਜ ਤੋਂ ਕੋਈ ਦੋ-ਢਾਈ ਹਜ਼ਾਰ ਸਾਲ ਪਹਿਲਾਂ ਬਲਕਿ ਇਸ ਤੋਂ ਵੀ ਹੋਰ ਪਰੇਡੇ, ਮਿਲਦੇ ਕਰਣ ਤੇ ਸਲਯ ਦੇ ਸੰਵਾਦ ਤੋਂ ਤਤਕਾਲੀਨ ਪੰਚਨਦ (ਪੰਜਾਬ) ਦੀ ਉੱਘੀ ਮਦ੍ਰਜਾਤੀ ਦੀ ਤਸਵੀਰ ਉਭਰਦੀ ਦਿਖਾਈ ਦਿੰਦੀ ਹੈ ਜਿਸ ਤੋਂ ਸਾਨੂੰ ਕਈ ਇਤਿਹਾਸਿਕ ਤੱਥ ਮਿਲ ਜਾਂਦੇ ਹਨ । ਪਰੰਤੂ ਇਹ ਇਕ ਵਿਰੋਧਾਭਾਸ (paradox) ਹੀ ਹੈ ਕਿ ਉਪਨਿਸ਼ਦ ਕਾਲ (10ਵੀਂ ਸਦੀ ਪੂ. ਈ.) ਦਾ ਵਿਦਿਆ ਦਾ ਕੇਂਦਰ ਕਿਹਾ ਜਾਣ ਵਾਲਾ ਪੰਜਾਬ (ਸਪਤ ਸਿੰਧੂ, ਪੰਚਨਦ) ਚਾਰ-ਪੰਜ ਸਦੀਆਂ ਦੇ ਵਕਫ਼ੇ ਤੋਂ ਬਾਅਦ ਮਹਾਭਾਰਤ ਯੁਗ ਵਿਚ ਕਿਵੇਂ ਧਰਮ-ਹੀਣ ਤੇ ਚਰਿਤ੍ਰ-ਹੀਣ ਚਿਤਰਿਆ ਗਿਆ ਹੈ । ਦਰਅਸਲ ਇਹ ਤਾਂ ਜ਼ਰੂਰ ਵਿਰੋਧੀ ਵਿਚਾਰਧਾਰਾ ਦੀ ਕੁਟਿਲ ਨੀਤੀ ਹੀ ਪ੍ਰਤੀਤ ਹੁੰਦੀ ਹੈ । ਕੁਝ ਵੀ ਹੋਵੇ, ਸਾਡੇ ਮੌਜੂਦਾ ਸੰਦਰਭ ਵਿਚ ਇਹ ਤੱਥ ਤੇ ਸੱਚ ਸਪਸ਼ਟ ਤੌਰ 'ਤੇ ਉਭਰਦਾ ਹੀ ਹੈ ਕਿ ਮਹਾਭਾਰਤ ਯੁਗ ਵਿਚ ਮਦ੍ਰਜਾਤੀ, ਮਦ੍ਰਦੇਸ ਅਤੇ ਮਦ੍ਰ ਰਾਜ ਦੀ ਮਹੱਤਵਪੂਰਣ ਸਥਿਤੀ ਸਥਾਪਿਤ ਹੁੰਦੀ ਹੈ ਜੋ ਕਰਣ ਵਰਗੇ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕਦੀ ਰਹੀ ਸੀ । ਇਸੇ ਕਰਕੇ ਕਰਣ ਨੇ ਮਦ੍ਰਦੇਸ਼ ਬਾਰੇ ਬੋਲ-ਕੁਬੋਲਾਂ ਦੀ ਝੜੀ ਹੀ ਲਾ ਦਿੱਤੀ ਸੀ । ਇਸ ਸਾਰੀ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਮਦ੍ਰਜਾਤੀ ਦੀ ਬੜੀ ਅਹਿਮੀਅਤ ਸੀ ਅਤੇ ਸੁਭਾਵਿਕ ਤੌਰ ਤੇ ਮਦ੍ਰ ਲੋਕਾਂ ਦੀ ਬੋਲੀ ਜ਼ਰੂਰ ਹੀ ਮਦ੍ਰ ਪ੍ਰਾਕ੍ਰਿਤ ਸੀ ਪਰ ਜਿਹੜੀ ਕਿ ਸਾਹਿਤਕ ਹਲਕਿਆਂ ਵਿਚ ਅਣਗੌਲੀ ਰਹਿਣ ਕਰ ਕੇ ਕਿਸੇ ਟੈਕਸਟ/ਸਾਹਿੱਤ ਵਿਚ ਪ੍ਰਯੁਕਤ ਨਾ ਹੋ ਸਕੀ । ਇਸ ਦੇ ਬਾਵਜੂਦ ਭਾਸ਼ਾ-ਵਿਗਿਆਨਿਕ ਤੌਰ 'ਤੇ ਇਸ ਨਿਰਣੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਮੌਖਿਕ ਤੌਰ ਤੇ ਪ੍ਰਚਲਿਤ ਹੁੰਦੀ ਹੋਈ ਮਦ੍ਰ-ਪ੍ਰਾਕ੍ਰਿਤ ਜ਼ਰੂਰ ਹੀ ਪੰਜਾਬੀ ਭਾਸ਼ਾ ਦੀ ਕਿਸੇ ਇਲਾਕਾਈ ਉਪਬੋਲੀ ਦੀ ਸਰੋਤ-ਭਾਸ਼ਾ ਦੇ ਤੌਰ ਤੇ ਸਥਾਪਿਤ ਹੋਈ ਹੈ । ਪਰੰਤੂ ਇਹ ਅਜੇ ਹੋਰ ਖੋਜ ਦੀ ਮੁਥਾਜ ਹੈ ।

ਇਤਿਹਾਸਿਕ ਯੁਗ ਵਿਚ ਵੀ ਮਦ੍ਰਾਂ ਦੀਆ ਸਰਗਰਮੀਆਂ ਦਾ ਉੱਲੇਖ ਮਿਲਦਾ ਹੈ। ਸਮੁਦ੍ਰ ਗੁਪਤ ਦੇ ਪੱਥਰ-ਸ਼ਿਲਾਲੇਖ (ਇਲਾਹਾਬਾਦ) ਵਿਚ ਉਨ੍ਹਾਂ ਉੱਤਰੀ ਜਨਪਦਾਂ ਤੇ ਜਾਤੀਆਂ ਦਾ ਨਿਰਦੇਸ਼ ਹੈ ਜਿਹੜੇ ਸਮੁਦ੍ਰ ਗੁਪਤ ਪ੍ਰਤੀ ਵਫ਼ਾਦਾਰੀ ਦਾ ਸਨਮਾਨ ਭੇਂਟ ਕਰਦੇ ਸਨ, ਇਨ੍ਹਾਂ ਵਿਚ ਮਦ੍ਰਕ, ਮਾਲਵ, ਆਭੀਰ ਆਦਿ ਜਨਜਾਤੀਆਂ ਸ਼ਾਮਲ ਹਨ [ਹਵਾਲਾ : J.F. Fleet, *Corpus Inscriptionum Indicarun*, No. I, Line 22-23)]* ਸੰਸਕ੍ਰਿਤ ਮੂਲਪਾਠ ਫੁਟਨੋਟ ਵਿਚ ਦਰਜ ਹੈ।

ਮਦ੍ਰ ਭਾਸ਼ਾ ਦੇ ਆਧੁਨਿਕ ਸੰਦਰਭ

ਆਧੁਨਿਕ ਭਾਸ਼ਾ-ਵਿਗਿਆਨੀ ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਆਧੁਨਿਕ ਭਾਰਤੀ-ਆਰੀਆ ਭਾਸ਼ਾਵਾਂ ਦੇ ਜਣਨਿਕ-ਸਰੋਤਾਂ ਦੀ ਤਲਾਸ਼ ਵਿਚ ਆਪਣੇ ਇਕ ਰੇਖਾ-ਚਿਤਰ ਵਿਚ ਸਮੂਹ ਆਧੁਨਿਕ ਭਾ. ਆ. ਭਾਸ਼ਾਵਾਂ ਦੇ ਪੰਜ ਵਰਗ ਅੰਕਿਤ ਕੀਤੇ ਹਨ, ਉਹ ਹਨ : (1) ਉੱਤਰੀ ਵਰਗ (ਉਦੀਚਯ), 2. ਪੱਛਮੀ ਵਰਗ (ਪ੍ਰਤੀਚਯ), 3. ਮੱਧਦੇਸ਼ੀ ਵਰਗ 4. ਪੂਰਬੀ ਵਰਗ (ਪ੍ਰਾਚਯ) ਅਤੇ ਦੱਖਣੀ ਵਰਗ (ਦਾਕਸ਼ਿਣਾਤਯ)। ਇਨ੍ਹਾਂ ਵਿਚੋਂ ਉੱਤਰੀ ਵਰਗ ਵਿਚ (ਉਦੀਚਯ ਵਰਗ) ਵਿਚ ਪੰਜਾਬੀ ਨੂੰ ਸ਼ਾਮਲ ਕੀਤਾ ਹੈ ਅਤੇ ਪੰਜਾਬੀ ਦੀ ਬੰਸਾਵਲੀ ਵਿਚ ਚੈਟਰਜੀ ਦੇ ਅਨੁਸਾਰ ਉਦੀਚਯ ਭਾਸ਼ਾ (ਉੱਤਰੀ ਭਾਸ਼ਾ) ਤੋਂ ਕੈਕੇਯੀ, ਮਦ੍ਰ ਤੇ ਟੱਕ ਪ੍ਰਾਕ੍ਰਿਤਾਂ ਦਾ ਵਿਕਾਸ ਹੁੰਦਾ ਹੈ, ਅਤੇ ਇਨ੍ਹਾਂ ਤੋਂ ਹੀ ਅੱਗੇ ਸ਼ੌਰਸੇਨੀ-ਪ੍ਰਭਾਵਿਤ ਪੂਰਬੀ ਪੰਜਾਬੀ ਬੋਲੀਆਂ ਅਤੇ ਪੱਛਮੀ ਪੰਜਾਬੀ ਬੋਲੀਆਂ (ਲਹਿੰਦੀ ਪੰਜਾਬੀ) ਵਿਉਤਪੰਨ ਹੁੰਦੀਆਂ ਹਨ। ਡਾ. ਚੈਟਰਜੀ ਦੁਆਰਾ ਪ੍ਰਸਤੁਤ ਰੇਖਾ-ਚਿਤਰ) (ਟੇਬਲ) ਦੇ ਸੰਬੰਧਿਤ ਅੰਸ਼ ਹੇਠਾਂ ਰੇਖਾਂਕਿਤ ਕੀਤੇ ਜਾਂਦੇ ਹਨ :

ਚੈਟਰਜੀ ਦੇ ਅਨੁਸਾਰ ਭਾਰਤੀ ਆਰੀਆ ਭਾਸ਼ਾ ਦਾ ਵਿਕਾਸ-ਚਿਤਰ ਅਤੇ ਪੰਜਾਬੀ ਦੀ ਵਿਕਾਸ-ਰੇਖਾ

Indic or Indo-Aryan Group
ਭਾਰਤੀ-ਆਰੀਆ ਭਾਸ਼ਾ-ਸਮੂਹ
(ਵੈਦਿਕ ਭਾਸ਼ਾ 1500 ਪੂ. ਈ.? 1200 ਪੂ. ਈ.?)
ਪੂਰਬੀ ਅਫ਼ਗਾਨਿਸਤਾਨ, ਕਸ਼ਮੀਰ, ਪੰਜਾਬ, ਪੱਛਮੋਤਰ ਗੰਗਾ ਦੋਆਬ

ਬੋਲਚਾਲੀ ਵੈਦਿਕ ਬੋਲੀਆਂ, 1200-700 ਪੂ.ਈ. ਗਾਂਧਾਰ, ਪੰਜਾਬ, ਅਪਰਗੰਗਾ ਘਾਟੀ	ਸਾਹਿਤਕ ਵੈਦਿਕ ਬੋਲੀਆਂ : ਪੱਛਮੋਤਰੀ ਤੇ ਪੱਛਮੀ ਮੱਧਦੇਸ਼ੀ ਜ਼ਬਾਨੀ ਬੋਲੀਆਂ 'ਤੇ ਆਧਾਰਿਤ
	ਕਲੈਸੀਕਲ ਸੰਸਕ੍ਰਿਤ ਪਾਣਿਨੀ : ਉੱਤਰੀ ਭਾਗ : ਪੰਜਵੀਂ ਸਦੀ ਪੂ. ਈ.

ਉੱਤਰੀ ਵਰਗ (ਉਦੀਚਯ)	ਪੱਛਮੀ ਵਰਗ (ਪ੍ਰਤੀਚਯ)	ਮੱਧਦੇਸ਼ੀਯ	ਪੂਰਬੀ ਵਰਗ (ਪ੍ਰਾਚਯ)	ਦੱਖਣੀ ਵਰਗ

* "मालवार्जुनायन यौधेय मद्रकाभीर प्रार्जुन सनकानीक काकखर परि–कादिभिश्च सर्व कर दानाज्ञाकरण प्रणामागमन परितोषित प्रचण्ड शासनस्य"
(Allahabad Stone Inscription of Samudragupta)

ਗਾਂਧਾਰ, ਪੰਜਾਬ, ਪੱਛਮੋਤਰ) ... ...

ਕੇਕਯ, ਮਦ੍ਰ, ਟੱਕ ਆਦਿ

ਵ੍ਰਾਚੜ ਅਪਭ੍ਰੰਸ਼ ਸ਼ੌਰਸੇਨੀ ਪ੍ਰਭਾਵ

ਯੂਰਬ, ਅਰਮੀਨੀਆ ਆਦਿ ਦੀਆ ਜਿਪਸੀ ਬੋਲੀਆ ਜੋ ਭਾ. ਆਰੀਆ ਹਨ ।

ਸਿੰਧੀ

ਪੱਛਮੀ ਪੰਜਾਬੀ ਬੋਲੀਆਂ (ਲਹਿੰਦੀ ਬੋਲੀਆਂ)

ਪੂਰਬੀ ਪੰਜਾਬੀ ਬੋਲੀਆ

ਪੰਜਾਬੀ ਭਾਸ਼ਾ ਅਤੇ ਬਾਹਲੀਕੀ ਪ੍ਰਾਕ੍ਰਿਤ (4) : ਭਾਸ਼ਾਗਤ ਸੰਦਰਭ

ਪ੍ਰਾਕ੍ਰਿਤ ਵਿਆਕਰਣਕਾਰਾਂ ਵਿਚੋਂ ਆਚਾਰੀਆ ਕ੍ਰਮਦੀਸ਼ਵਰ (ਕਰਤਾ : "ਸੰਕਸ਼ਿਪਤ ਸਾਰ), ਆ. ਮਾਰਕੰਡੇਸ਼ (ਕਰਤਾ : "ਪ੍ਰਾਕ੍ਰਿਤ ਸਰਵਸੁ") ਅਤੇ ਆਚਾਰੀਆ ਰਾਮ ਸ਼ਰਮਾ ਤਰਕ-ਵਾਗੀਸ (ਕਰਤਾ : ਪ੍ਰਾਕ੍ਰਿਤ ਕਲਪਤਰੂ) ਤਿੰਨ ਅਜਿਹੇ ਮੱਧ ਯੁਗ ਦੇ ਭਾਸ਼ਾ-ਵਿਦਵਾਨ ਹਨ ਜਿਨ੍ਹਾਂ ਨੇ ਆਪਣੇ ਗ੍ਰੰਥਾਂ ਵਿਚ "ਬਾਹਲੀਕੀ" ਪ੍ਰਾਕ੍ਰਿਤ ਦਾ ਉਲੇਖ ਕੀਤਾ ਹੈ । ਮਾਰਕੰਡੇਯ ਨੇ ਪ੍ਰਾਕ੍ਰਿਤ ਨੂੰ ਚਾਰ-ਵਰਗਾਂ ਵਿਚ ਵੰਡਿਆ ਹੈ, ਅਤੇ ਉਨ੍ਹਾ ਵਿਚੋਂ ਭਾਸ਼ਾ-ਵਰਗ ਦੇ ਅੰਤਰਗਤ "ਬਾਹਲੀਕੀ" ਨੂੰ ਵੀ ਗਿਣਿਆ ਹੈ, ਪਰ ਮਾਰਕੰਡੇਯ ਬਾਹਲੀਕੀ ਨੂੰ ਇਕ ਸੁਤੰਤਰ ਭਾਸ਼ਾ ਨਾ ਮੰਨ ਕੇ ਇਸ ਨੂੰ "ਆਵੰਤੀ" ਪ੍ਰਾਕ੍ਰਿਤ ਦੇ ਅੰਦਰ ਹੀ ਸਮੇਟਦਾ ਹੈ । ਪਰ ਦੋਹਾਂ (ਬਾਹਲੀਕੀ ਤੇ ਆਵੰਤੀ) ਵਿਚ ਫਰਕ ਵੀ ਪ੍ਰਵਾਨ ਕਰਦਾ ਹੈ । ਇਸ ਸੰਬੰਧ ਵਿਚ ਮਾਰਕੰਡੇਯ ਨੇ ਭਰਤਮੁਨੀ (ਕਰਤਾ : ਨਾਟਯ ਸ਼ਾਸਤ੍ਰ, ਤੀਜੀ ਸਦੀ ਈ.) ਦਾ ਹਵਾਲਾ ਵੀ ਦਿੱਤਾ ਹੈ ਅਤੇ ਸੰਸਕ੍ਰਿਤ ਨਾਟਕਾਂ ਵਿਚ ਨਿਮਨ ਸ਼ਰੇਣੀ ਦੇ ਪਾਤਰਾਂ ਵਲੋਂ ਬਾਹਲੀਕੀ ਪ੍ਰਾਕ੍ਰਿਤ ਦੇ ਬੋਲਣ ਦਾ ਵਿਧਾਨ ਵੀ ਦਸਿਆ ਹੈ । ਪਰ ਕੁਲ ਮਿਲਾਕੇ ਆਚਾਰੀਆ ਮਾਰਕੰਡੇਯ ਨੇ "ਬਾਹਲੀਕੀ" ਨੂੰ ਭਾਸ਼ਾ ਦੀ ਪਦਵੀ ਨਹੀਂ ਦਿੱਤੀ ਸਗੋਂ ਇਸ ਨੂੰ ਵਿਭਾਸ਼ਾ ਜਾਂ ਉਪ-ਭਾਸ਼ਾ ਹੀ ਮੰਨਿਆ ਹੈ ।

ਆ. ਰਾਮ ਸ਼ਰਮਾ ਆਦਿ ਨੇ ਬਾਹਲੀਕੀ ਨੂੰ ਸ਼ੌਰਸੇਨੀ ਪ੍ਰਾਕ੍ਰਿਤ ਦਾ ਮਿਸ਼ਰਤ ਰੂਪ ਕਿਹਾ ਹੈ ਜਿਸ ਵਿਚ ਪੂਰਬੀ ਪ੍ਰਾਕ੍ਰਿਤ ਦੇ ਵੀ ਅੰਸ਼ ਹਨ । ਪਰ ਫੇਰ ਵੀ ਕਿਸੇ ਵੀ ਹੁਣ ਤਕ ਉਪਲਬਧ ਪ੍ਰਾਕ੍ਰਿਤ ਵਿਆਕਰਣਕਾਰ ਨੇ "ਬਾਹਲੀਕੀ ਪ੍ਰਾਕ੍ਰਿਤ" ਦਾ ਖੋਲ੍ਹ ਕੇ ਭਾਸ਼ਾ-ਗਤ ਪਰਿਚੈ ਪੇਸ਼ ਨਹੀਂ ਕੀਤਾ । ਇਸ ਸੰਬੰਧ ਵਿਚ "ਪ੍ਰਾਕ੍ਰਿਤ ਸਰਵਸੁ" ਦੇ ਸੰਪਾਦਕ ਡਾ ਕ੍ਰਿਸ਼ਣ ਚੰਦਰ ਆਚਾਰਯ [1968 : 77] ਦੀ ਇਹ ਟਿੱਪਣੀ ਵੀ ਉਲੇਖਯੋਗ ਹੈ

"ਸਾਡੇ ਪਾਸ ਕੁਝ ਅਜਿਹੇ ਕਾਰਣ ਹਨ ਜਿਨ੍ਹਾਂ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪ੍ਰਾਚੀਨ ਸਮਿਆ ਵਿਚ ਆਵੰਤੀ (ਮੱਧ ਭਾਰਤ) ਅਤੇ ਬਾਹਲੀਕ (ਅਜੋਕਾ ਬਲਖ, ਅਫਗਾਨਿਸਤਾਨ) ਦੋਹਾਂ ਦੇਸਾਂ ਦੇ ਦਰਮਿਆਨ ਵੱਡੇ ਪੈਮਾਨੇ 'ਤੇ ਵਣਜ-ਵਪਾਰ ਕੀਤਾ ਜਾਂਦਾ ਸੀ । ਇਹੋ ਕਾਰਣ ਹੈ ਕਿ ਇਨ੍ਹਾਂ ਦੋਹਾਂ ਮੁਲਕਾਂ ਦੀਆਂ ਜ਼ੁਬਾਨਾਂ ਏਨੀਆਂ ਜ਼ਿਆਦਾ ਮਿਲਦੀਆਂ-ਜੁਲਦੀਆਂ ਹਨ । ਭਰਤਮੁਨੀ (ਤੀਜੀ ਸਦੀ ਈ.) ਅਤੇ ਵਿਸ਼ਵਨਾਥ (ਕਰਤਾ ਸਾਹਿਤਯ ਦਰਪਣ) ਦਾ ਕਹਿਣਾ ਹੈ ਕਿ ਸੰਸਕ੍ਰਿਤ ਨਾਟਕਾਂ ਵਿਚ ਬਾਹਲੀਕੀ ਭਾਸ਼ਾ ਭਾਰਤ ਦੇਸ਼ ਦੀ ਉੱਤਰ ਦਿਸ਼ਾ ਦੇ ਪਾਤਰਾਂ ਲਈ ਨਿਰਧਾਰਿਤ ਕੀਤੀ ਜਾਂਦੀ ਹੈ । ਇਸ ਤੋਂ ਇਹ ਸੂਹ-ਸੁਰਾਗ ਮਿਲ ਸਕਦਾ ਹੈ ਕਿ ਬਾਹਲੀਕੀ ਭਾਸ਼ਾ ਸਿਰਫ ਬਲਖ ਵਿਚ

ਹੀ ਪ੍ਰਚਲਿਤ ਨਹੀਂ ਸੀ ਬਲਕਿ ਉੱਤਰੀ ਭਾਰਤ ਦੇ ਚੋਖੇ ਸਾਰੇ ਹਿੱਸੇ ਵਿਚ ਖਾਸ ਕਰਕੇ ਪੰਜਾਬ ਵਿਚ ਵੀ ਬਾਹਲੀਕੀ ਬੋਲੀ ਜਾਂਦੀ ਸੀ" ।[4]

ਬਾਹਲੀਕ ਦੇਸ਼/ਜਾਤੀ ਦਾ ਇਤਿਹਾਸਕ ਸੰਦਰਭ

"ਬਾਹਲੀਕ" (ਬਾਹ੍ਲੀਕ) ਨਾਲ ਉਘੜਵੇਂ ਤੌਰ ਤੇ ਮਿਲਦਾ-ਜੁਲਦਾ ਇਕ ਹੋਰ ਸ਼ਬਦ "ਵਾਹੀਕ ਜਾਂ ਬਾਹੀਕ" ਹੈ" [K.D. Acharya 1968 : 77] । ਆਪਟੇ ਦੀ ਸੰਸਕ੍ਰਿਤ-ਅੰਗ੍ਰੇਜ਼ੀ ਡਿਕਸ਼ਨਰੀ [ਪੰਨੇ 391] ਵਿਚ ਵਾਹੀਕ ਦਾ ਅਰਥ ਦਿੱਤਾ ਹੈ ਪੰਜਾਬ ਦੇਸ਼ ਅਤੇ ਪੰਜਾਬ ਦੇ ਲੋਕ ।

ਡਾ. ਬੁੱਧ ਪ੍ਰਕਾਸ਼ [1964 : 135, 155] ਨੇ ਇਤਿਹਾਸਕ ਆਧਾਰ 'ਤੇ ਤਸਦੀਕ-ਸ਼ੁਦਾ ਹਵਾਲਿਆਂ ਨਾਲ ਬਾਹਲੀਕ ਜਾਤੀ ਅਤੇ ਦੇਸ਼ ਬਾਰੇ ਭਰਪੂਰ ਵਰਣਨ ਪੇਸ਼ ਕੀਤਾ ਹੈ । ਉਸ ਨੇ ਲਿਖਿਆ ਹੈ ਕਿ ਬਾਹਲੀਕ "ਸ਼ਬਦ ਦੇ ਹੀ ਵਿਕਾਰ ਵਾਲਹੀਕ ਅਤੇ ਵਾਹੀਕ ਜਾਂ ਵਾਹਿਕ" ਹਨ । ਇਸ ਵਿਕਲਪੀ ਸ਼ਬਦ ਦਾ ਹਵਾਲਾ ਮਹਾਭਾਰਤ [11, 48, 12] ਵਿਚ ਵੀ ਮਿਲਦਾ ਹੈ । ਇਸ ਤੋਂ ਇਲਾਵਾ ਬੁੱਧਪ੍ਰਕਾਸ਼ ਨੇ ਵਾਹਲੀਕ ਜਾਂ ਵਾਹੀਕ ਲੋਕਾਂ ਦੇ ਪੰਜਾਬ (ਸਪਤ ਸਿੰਧੂ) ਵਿਚ ਦਾਖਲ ਹੋਣ ਦਾ ਅਤੇ ਭਾਰਤ ਵਿਚ ਵਸ ਜਾਣ ਦਾ ਵਿਵਰਣ ਪੇਸ਼ ਕੀਤਾ ਹੈ । ਉਸ ਦੇ ਅਨੁਸਾਰ ਉੱਤਰ-ਵੈਦਿਕ ਯੁਗ (later Vedic Age) ਵਿਚ ਪੰਜਾਬ ਵਿਚ ਚਾਰ ਪ੍ਰਮੁਖ ਜਨ-ਜਾਤੀਆਂ ਵਸਦੀਆਂ-ਰਸਦੀਆਂ ਸਨ :

(1) ਗਾਂਧਾਰ ਜਾਤੀ (ਅਜੋਕੇ ਰਾਵਲਪਿੰਡੀ ਤੇ ਪਿਸ਼ਾਵਰ ਜ਼ਿਲ੍ਹੇ ਦੇ ਇਲਾਕੇ ਵਿਚ) ।
(2) ਕੈਕੇਯ ਜਾਤੀ (ਜਿਹਲਮ ਤੇ ਚਨਾਬ ਦਰਿਆ ਦੇ ਦਰਮਿਆਨੀ ਇਲਾਕੇ ਵਿਚ) ।
(3) ਮਦ੍ਰ ਜਾਤੀ (ਚਨਾਬ ਤੇ ਰਾਵੀ ਦਰਿਆਵਾਂ ਦੇ ਸੰਨ੍ਹ ਵਿਚ) ।
(4) ਉਸ਼ੀਨਰ (ਮੱਧ ਦੇਸ਼ ਦੇ ਕਿਨਾਰੇ ਕਿਨਾਰੇ ਰਹਿਣ ਵਾਲੀ ਜਾਤੀ) ।

ਈਸਾ-ਪੂਰਵ ਨੌਵੀਂ ਸਦੀ ਵਿਚ ਜਦੋਂ ਸਿਥੀਅਨ-ਈਰਾਨੀ ਜਨ ਜਾਤੀ (Scytho-Iranian) ਨੇ ਪੰਜਾਬ ਤੇ ਹਮਲਾ ਕਰਕੇ ਭਾਰੀ ਊਧਮ ਮਚਾਇਆ ਤਾਂ ਇਸ ਉਥੱਲ-ਪੁਥਲ ਭਰੀਆਂ ਹਾਲਤਾਂ ਦੇ ਦੌਰਾਨ ਜਿਹੜੀ ਹੋਰ ਬਦੇਸੀ ਲੋਕ-ਜਾਤੀਆਂ ਭਾਰਤ ਦੇ ਬਾਹਰੋਂ ਆ ਕੇ ਪੰਜਾਬ (ਉਸ ਵਕਤ ਦਾ ਪ੍ਰਾਚੀਨ ਸਪਤ ਸਿੰਧੂ ਪ੍ਰਦੇਸ਼) ਵਿਚ ਦਾਖ਼ਲ ਹੋਈਆਂ ਉਨ੍ਹਾਂ ਵਿਚ ਬਾਹਲੀਕ/ਬਾਲਹੀਕ ਲੋਕਾਂ ਦਾ ਗਰੋਹ ਵੀ ਸੀ ਜਿਹੜੇ Bactrians ਸਨ ਅਤੇ ਜਿਨ੍ਹਾਂ ਦੀ ਰਾਜਧਾਨੀ Bactria ਜਾਂ ਬਲਖ਼ ਸੀ ।

ਬਾਹਲੀਕ ਜਾਤੀ ਦੇ ਲੋਕ ਈਰਾਨ ਦੇ ਹਖ਼ਮੀਨੀ ਬਾਦਸ਼ਾਹਾਂ [Darius 521-485 B.C. & Xerxes 480 B.C.] ਵਲੋਂ ਪੱਛਮੋਤਰੀ ਭਾਰਤ ਉੱਤੇ ਕੀਤੇ ਹੱਲਿਆਂ ਤੋਂ ਪਹਿਲਾ-ਪਹਿਲਾਂ ਉਦੋਂ ਦੇ ਪੰਜਾਬ ਪ੍ਰਦੇਸ਼ ਵਚ ਫੈਲ ਚੁਕੇ ਸਨ ਅਤੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਵਿਚ ਰਚ-ਮਿਚ ਜਾ ਚੁਕੇ ਸਨ । ਅਥਰਵ-ਵੇਦ ਵਿਚ "ਮੁੰਜਵੰਤ" ਲੋਕਾਂ ਦੇ ਨਾਲ ਨਾਲ ਬਾਹਲੀਕਾਂ ਦਾ ਵੀ ਨਾਮ ਆਉਂਦਾ ਹੈ । ਉਸੇ ਮੁੰਜਵੰਤ ਜਾਤੀ ਦੇ ਵੰਸ਼ਜ ਲੋਕ ਅੱਜ ਕੱਲ ਪੱਛਮੀ ਪੰਜਾਬ (ਪਾਕ) ਦੀ "ਮੁੰਜਨੀ" ਬੋਲੀ ਬੋਲਦੇ ਹਨ ।

ਪ੍ਰਾਚੀਨ ਪੰਜਾਬ ਦੇ ਵਿਆਕਰਣਕਾਰ ਰਿਸ਼ੀ ਪਾਣਿਨੀ ਦੇ ਵਿਆਕਰਣ-ਸੂਤਰਾਂ ਵਿਚ "ਵਾਹੀਕ" ਤੋਂ ਮੁਰਾਦ ਤਤਕਾਲੀ ਸਮੁੱਚਾ ਪੰਜਾਬ ਹੀ ਲਿਆ ਜਾਂਦਾ ਸੀ ਅਤੇ ਇਸੇ ਵਾਹੀਕ ਦੇ ਅੰਤਰਗਤ ਕੇਕਯ, ਮਦ੍ਰ ਤੇ ਉਸ਼ੀਨਰ ਇਲਾਕੇ ਸ਼ਾਮਲ ਮੰਨੇ ਜਾਂਦੇ ਸਨ । ਪਾਣਿਨੀ ਦਾ ਸੂਤ੍ਰ ਹੈ :

"वाहीक ग्रामेभ्यश्च" (अष्टाध्यायी IV. 2, 117)."

ਇਸ ਸੂਤ੍ਰ ਵਿਚ ਵਾਹੀਕ ਗ੍ਰਾਮਾਂ (ਪਿੰਡਾਂ? ਗਾਓਂ) ਦਾ ਜ਼ਿਕਰ ਕੀਤਾ ਗਿਆ ਹੈ। ਪਤੰਜਲੀ (ਕਰਤਾ : ਮਹਾਭਾਸ਼ਯ, ਪਹਿਲੀ ਸਦੀ ਪੂ. ਈ.) ਦੇ ਅਨੁਸਾਰ ਆਰਾਟ, ਨੰਦੀਪੁਰ (ਨੰਦਨ ਗ੍ਰਾਮ ਜੋ ਤਕਸ਼ਸ਼ਿਲਾ ਤੋਂ ਆਉਂਦੇ ਜਿਹਲਮ ਦੇ ਰਾਹ 'ਤੇ ਵਾਕਿਆ ਸੀ), ਸਿਆਲਕੋਟ (ਸ਼ਾਕਲ, ਮਦ੍ਰਾਂ ਦੀ ਰਾਜਧਾਨੀ), ਪਠਾਨਕੋਟ ? (ਪਾਟਨਪ੍ਰਸਥ), ਕਸ਼ਯਪੁਰ (ਅਜੋਕਾ ਮੁਲਤਾਨ) ਆਦਿ ਮਹਾਨਗਰ ਪੁਰਾਣੇ ਸਮੇਂ ਵਿਚ ਵਾਹੀਕ-ਗ੍ਰਾਮ ਅਖਵਾਉਂਦੇ ਸਨ। ਰਾਮਾਯਣ ਮਹਾਕਾਵਿ ਵਿਚ ਸੌਰਾਸਟ੍ਰ (ਪੱਛਮੀ ਭਾਰਤ ਦਾ ਸੌਰਾਸ਼ਟ ਪ੍ਰਦੇਸ਼, ਗੁਜਰਾਤ ਸਟੇਟ ਲਾਗੇ) ਲੋਕਾਂ ਦੇ ਨਾਲ ਬਾਹਲੀਕ ਲੋਕਾਂ ਦਾ ਵੀ ਉਲੇਖ ਮਿਲਦਾ ਹੈ। ਮੂਲ ਇਹ ਹੈ :

"सौराष्ट्रान् सह बाल्हीकान्," ਕਿਸ਼ਕਿੰਧਾ ਕਾਂਡ, 42, 6).

ਪ੍ਰਾਚੀਨ ਪੰਜਾਬ ਵਿਚ ਵਿਸ਼ਾਲ ਪੈਮਾਨੇ 'ਤੇ ਬਾਹਲੀਕਾਂ ਦੀ ਹੋਂਦ ਤੇ ਹਸਤੀ ਦੀ ਜਾਣਕਾਰੀ ਕਈ ਇਤਿਹਾਸਕ ਹਵਾਲਿਆਂ ਤੋਂ ਤਸਦੀਕ ਹੋਈ ਮਿਲਦੀ ਹੈ। ਪੰਜਾਬ ਵਿਚ ਖ਼ਾਸ ਕਰਕੇ ਪੱਛਮੀ ਪੰਜਾਬ ਵਿਚ ਹੁਣ ਵੀ ਕਈ ਜਾਤਾਂ ਹਨ ਜਿਵੇਂ ਭਲੇਰ, ਭਲੇਰਹ, ਭਲਵਾਨਾ (ਸਾਹਪੁਰ ਨੇੜੇ) ਜਿਨ੍ਹਾਂ ਦੇ ਨਾਮ ਬਾਹਲੀਕ ਲੋਕਾਂ ਦੀ ਯਾਦ ਕਰਵਾਉਂਦੇ ਹਨ। ਐਚ. ਏ. ਰੋਜ਼ ਨੇ ਵੀ ਭੱਲਾ (ਖੱਤਰੀ), ਬੇਹਲ, ਬਾਹਲ, ਭੱਲਕ, ਜਾਤਾਂ-ਗੋਤਾਂ ਨੂੰ ਅਨੁਸੂਚਿਤ ਕੀਤਾ ਹੈ। ਜਾਤ-ਗੋਤ ਵਾਲੇ ਇਹ ਨਾਮ ਵੀ ਬਾਹਲੀਕ ਜਾਂ ਬਾਲ੍ਹੀਕ ਨਾਮ ਦੇ ਬਦਲੇ ਹੋਏ ਰੂਪਾਂਤਰ ਹਨ [H.A. Rose, *Glossary of the Tribes and Castes of the Punjab and N.W.F.P.*, vol. II, p. 83]। ਹੇਮਚੰਦ੍ਰ (ਪ੍ਰਾਕ੍ਰਿਤ ਵਿਆਕਰਣਕਾਰ, ਗਿਆਰ੍ਹਵੀਂ ਸਦੀ) ਨੇ ਕ੍ਰਿਸਾਣੀ ਜਾਤੀ ਦਾ ਸੂਚਕ ਨਾਮ "ਭਾਇੱਲ" ਦਾ ਹਵਾਲਾ ਪੇਸ਼ ਕੀਤਾ ਹੈ। ਗੰਗਾਘਾਟੀ (ਯੂ. ਪੀ.) ਦੇ ਪਿੰਡਾਂ ਵਿਚ ਘਟੀਆ ਅਰਥ ਦੇਣ ਵਾਲਾ ਨਾਮ "ਬੇਹਲ ਜਾਂ ਬੈਹਲ" ਚਲਦਾ ਹੈ, ਸ਼ਾਇਦ ਇਹ ਨਾਮ (ਬੈਹਲ ਜਾਂ ਬੇਹਲ) ਪ੍ਰਾਚੀਨ ਪੰਜਾਬ ਦੀ ਵਸਨੀਕ "ਬਾਹਲੀਕ ਜਾਂ ਵਾਹੀਕ" ਜਾਤੀ ਪ੍ਰਤੀ ਨਫ਼ਰਤ ਦੀ ਯਾਦਗਾਰ ਹੈ [ਬੁੱਧ ਪ੍ਰਕਾਸ਼, 1964 : 138]।

ਬਾਹਲੀਕ ਜਾਂ ਵਾਹੀਕ ਜੁਝਾਰੂ ਬਿਰਤੀ ਦੇ ਲੋਕ ਸਨ ਅਤੇ ਹਥਿਆਰਾਂ ਆਦਿ ਦੇ ਵਣਜ-ਵਪਾਰ ਵਿਚ ਦਿਲਚਸਪੀ ਰਖਦੇ ਸਨ। ਬੁੱਧ-ਜਾਤਕਾਂ ਵਿਚ ਲਿਖਿਆ ਹੈ ਕਿ ਹਥਿਆਰ ਵੇਚਣ ਵਾਲੇ ਵਪਾਰੀਆਂ ਦੇ ਕਾਰਵਾਂ ਗਾਧਾਰ ਪ੍ਰਾਤ (ਪੱਛਮੋਤਰੀ ਪ੍ਰਾਚੀਨ ਪੰਜਾਬ) ਅਤੇ ਕਾਸ਼ਮੀਰ ਤੋਂ ਪੂਰਬੀ-ਭਾਰਤ ਵੱਲ ਅਤੇ ਮੁੜ ਵਾਪਸ ਆਉਂਦੇ-ਜਾਂਦੇ ਰਹਿੰਦੇ ਸਨ। Przyluski [Journal Asiatique, 1926 : 10-12] ਦੇ ਅਨੁਸਾਰ ਕਾਰਵਾਂ ਦੇ ਮੁਖੀਆ ਨੂੰ "ਭੱਲਿਕ" ਕਿਹਾ ਜਾਂਦਾ ਸੀ। ਜਦੋਂ ਭਗਵਾਨ ਤਥਾਗਤ ਬੁੱਧ ਨੂੰ ਮਹਾ-ਗਿਆਨ ਦੀ ਪ੍ਰਾਪਤੀ ਹੋਈ ਸੀ ਉਦੋਂ ਇਹ ਕਾਰਵਾਂ-ਨਾਇਕ "ਭੱਲਿਕ" ਬੋਧੀ ਬ੍ਰਿਛ ਦੇ ਪਾਸੋਂ ਲੰਘ ਰਿਹਾ ਸੀ ਅਤੇ ਭੱਲਿਕ ਨੇ ਸਭ ਤੋਂ ਪਹਿਲਾਂ ਬੁੱਧ-ਧਰਮ ਗ੍ਰਹਿਣ ਕੀਤਾ ਸੀ। ਇਹ ਭੱਲਿਕ ਬਾਹਲੀਕ ਜਾਂ ਵਾਹੀਕ ਹੀ ਸੀ ਜਿਵੇਂ ਕਿ ਇਸ ਨਾਮ ਤੋਂ ਪ੍ਰਗਟ ਹੁੰਦਾ ਹੈ [ਬੁੱਧ ਪ੍ਰਕਾਸ਼ ਦੁਆਰਾ ਉਧ੍ਰਿਤ, 1964 : 138]।

ਵਾਤਸਾਇਨ ਦੇ "ਕਾਮਸੂਤ੍ਰ" ਉੱਤੇ ਯਸ਼ੋਧਰਾ ਦੀ ਟੀਕਾ ਵਿਚ ਵਾਹਲੀਕ ਦੇਸ਼ੀਆਂ ਨੂੰ "ਉੱਤਰਾਪਥਿਕ" ਕਿਹਾ ਗਿਆ ਹੈ। ਮੂਲ ਪੰਗਤੀ ਇਹ ਹੈ :

"बाह्लीक देश्या उत्तरापथिकाः" (बंगबासी प्रेस कलकत्ता).

ਪੁਰਾਣੇ ਜ਼ਮਾਨੇ ਵਿਚ ਭਾਰਤ ਦੇ ਦੋ ਪ੍ਰਮੁਖ ਭਾਗ ਸਨ– (1) ਉੱਤਰਾਪਥ (2) ਦਕਸ਼ਿਣਾਪਥ (ਦੱਖਣਾਪਥ) । ਪੰਜਾਬ ਸਮੇਤ ਉੱਤਰੀ ਭਾਰਤ ਨੂੰ ਉੱਤਰਾਪਥ ਕਿਹਾ ਜਾਂਦਾ ਸੀ ਅਤੇ ਦੱਖਣੀ ਭਾਰਤ ਨੂੰ ਦਕਸ਼ਿਣਾ-ਪਥ । ਪਥ ਦਾ ਅਰਥ ਮਾਰਗ ਜਾਂ ਰਾਸਤਾ ਹੈ । ਇਹ ਵਾਹੀਕ ਜਾਂ ਬਾਹਲੀਕ ਦੇਸ਼ ਉੱਤਰੀ ਮਾਰਗ 'ਤੇ ਸਥਿਤ ਹੋਣ ਕਰਕੇ "ਉੱਤਰਾਪਥਿਕ" ਕਹਿਲਾਉਂਦਾ ਸੀ ।

ਸਾਡੇ ਸੰਸਕ੍ਰਿਤ ਆਨਰਜ਼ ਦੇ ਕੋਰਸ ਵਿਚ ਇਕ ਪਾਠ-ਪੁਸਤਕ "ਕਾਵਯ ਪ੍ਰਕਾਸ਼" (ਸੱਤਵੀਂ ਸਦੀ ਈ.) ਨਿਰਧਾਰਿਤ ਸੀ । ਇਸ ਪੁਸਤਕ ਵਿਚ ਲਾਕਸ਼ਣਿਕ ਪ੍ਰਯੋਗ (metaphorical usage) ਦੀ ਇਕ ਮਿਸਾਲ ਦਿੱਤੀ ਸੀ- "ਗੌਰ੍ ਵਾਹੀਕ: "गौर्वाहीकः" ਇਸ ਦਾ ਸ਼ਬਦਾਰਥ ਹੈ ਕਿ "ਵਾਹੀਕ ਢੱਗਾ ਜਾ ਢਾਂਡਾ ਹੈ" ਪਰੰਤੂ ਇਸ ਪ੍ਰਯੋਗ ਦਾ ਲੱਖਣਾਰਥ ਬਣਦਾ ਹੈ ਕਿ (ਬਾਹਲੀਕ ਦੇਸ਼ ਦਾ ਵਸਨੀਕ) "ਵਾਹੀਕ" ਮੂਰਖ, ਬੇਸਮਝ ਹੈ ਜੋ ਪਸ਼ੂ ਦੀ ਨਿਆਈਂ ਹੈ ।

ਬੋਧ-ਯੁਗ ਤੇ ਮੌਰੀਆ-ਕਾਲ ਤੋਂ ਬਾਅਦ ਗੁਪਤ-ਕਾਲ ਦੇ ਸਮ੍ਰਾਟ ਚੰਦ੍ਰਗੁਪਤ ਦੂਜੇ ਦੇ ਇਕ ਸ਼ਿਲਾਲੇਖ ਵਿਚ ਪ੍ਰਸ਼ੰਸਾ-ਸੂਚਕ ਸ਼ਲੋਕ ਉੱਕਰਿਆ ਹੋਇਆ ਹੈ ਜਿਸ ਦੀ ਇਕ ਪੰਗਤੀ ਵਿਚ "ਬਾਹਲੀਕ" ਜਾਤੀ ਦਾ ਹਵਾਲਾ ਮਿਲਦਾ ਹੈ । ਮੂਲ ਸੰਸਕ੍ਰਿਤ ਇਹ ਹੈ :

"तीर्त्वा सप्त मुखानि येन समरे सिन्धो र्जिता वाह्लिका"

"ਅਰਥਾਤ ਉਸ ਚੰਦ੍ਰਗੁਪਤ (ਦੂਜਾ) ਨੇ ਸਿੰਧੂ ਨਦੀ ਦੇ ਪੰਜ ਮੁਹਾਣਿਆਂ ਨੂੰ ਤਰ ਕੇ (ਪਾਰ ਕਰਕੇ) ਯੁੱਧ ਵਿਚ ਬਾਹਲੀਕਾਂ ਨੂੰ ਜਿੱਤਿਆ । "ਇਹ ਮਿਤੀ-ਬੱਧ ਸ਼ਿਲਾਲੇਖ 490 ਈ ਵਿਚ ਦਿੱਲੀ ਦੇ ਨੇੜੇ ਮਿਹਰੌਲੀ ਵਿਖੇ ਸਥਾਪਿਤ ਕੀਤਾ ਗਿਆ ਹੈ, ਇਹ ਰਿਕਾਰਡ-ਬੱਧ ਇਤਿਹਾਸਕ ਪ੍ਰਮਾਣ ਹੈ । ਜ਼ਾਹਰ ਹੈ ਕਿ ਪੰਜਵੀਂ ਸਦੀ ਈ. ਦੇ ਵੇਲਿਆਂ ਵਿਚ ਵੀ ਬਾਹਲੀਕ ਜਾਂ ਵਾਹੀਕ ਜਨਜਾਤੀ ਸਰਗਰਮ ਸੀ ਅਤੇ ਵੱਡੇ ਵੱਡੇ ਸਮ੍ਰਾਟਾਂ ਨਾਲ ਟੱਕਰ ਲੈ ਰਹੀ ਸੀ [ਹਵਾਲਾ : Meharauli Iron Pillar Inscription of Chandra Gupta II, –490 A.D.–, compiled in "*Select Inscriptions bearing on Indian History and Civilization*" by D.C. Sircar, Calcutta, 1924 : 276] ।

ਇਸ ਤਰ੍ਹਾਂ ਦਾਰਾ (ਡੇਰੀਅਸ) ਅਤੇ ਸਿਕੰਦਰ ਦੇ ਭਾਰਤੀ ਹਮਲਿਆਂ ਤੋਂ ਢੇਰ ਚਿਰ ਪਹਿਲਾਂ ਪਿਛਲੇਰੇ ਵੈਦਿਕ ਯੁਗ, ਮਹਾਂਭਾਰਤ-ਰਾਮਾਇਣ ਯੁਗ, ਬੋਧ ਯੁਗ, ਮੌਰੀਆ ਤੇ ਗੁਪਤ ਕਾਲ ਦੇ ਦੌਰਾਨ ਬਾਹਲੀਕ ਜਾਂ ਵਾਹੀਕ ਜਨ-ਜਾਤੀ ਪ੍ਰਾਚੀਨ ਪੰਜਾਬ (ਸਪਤ ਸਿੰਧੂ, ਪੰਚਨਦ) ਦੇ ਮੂਲ-ਵਾਸੀਆਂ ਦੇ ਵਿਚੇ ਵਿਚ ਜਜ਼ਬ ਹੁੰਦੀ ਗਈ ਅਤੇ ਉਨ੍ਹਾਂ ਵਿਚ ਇਕਰੂਪ ਹੋ ਕੇ ਸਦਾ ਸਦਾ ਲਈ ਰਚਮਿਚ ਗਈ ਅਤੇ ਇਸੇ ਤਰ੍ਹਾਂ ਵਾਹੀਲਕਾਂ ਦੀ ਬੋਲੀ "ਬਾਹਲੀਕੀ ਪ੍ਰਾਕ੍ਰਿਤ" ਦਾ ਬੇਸ਼ਕ ਸਾਹਿਤਕ ਸੰਸਾਰ ਵਿਚ ਵਰਤੋਂ-ਵਿਹਾਰ ਨਹੀਂ ਮਿਲਦਾ ਪਰੰਤੂ ਪ੍ਰਾਚੀਨ ਤੇ ਮੱਧਕਾਲੀਨ ਪੰਜਾਬ ਦੀ ਮੌਖਿਕ ਲਘੂ ਭਾਸ਼ਾ ਦੇ ਤੌਰ 'ਤੇ ਬਾਹਲੀਕੀ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ।

ਇਸ ਪ੍ਰਕਾਰ ਉਪਰੋਕਤ ਚਰਚਾ ਤੋਂ ਇਹ ਤੱਥ ਝਲਕਦਾ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੀਆਂ ਖ਼ਾਸ ਇਲਾਕਾਈ ਲਘੂ ਬੋਲੀਆਂ ਦੀ ਇਕ ਸਰੋਤ-ਭਾਸ਼ਾ ਦੀ ਹੈਸੀਅਤ ਵਿਚ ਬਾਹਲੀਕੀ ਭਾਸ਼ਾ/ਪ੍ਰਾਕ੍ਰਿਤ ਦਾ ਇਕ ਅਹਿਮ ਮੁਕਾਮ ਹੈ । ਲੇਕਿਨ ਅਜੇ ਇਸ ਦਿਸ਼ਾ ਵਿਚ ਬਾਹਲੀਕੀ ਦੀ, ਬਤੌਰ ਮੱਧਕਾਲੀ ਲਘੂ ਪ੍ਰਾਕ੍ਰਿਤ, ਹੋਰ ਖੋਜ ਤੇ ਅਧਿਐਨ ਦੀ ਲੋੜ ਹੈ ।

ਪੰਜਾਬੀ ਅਤੇ ਉਪ-ਨਾਗਰ ਪ੍ਰਾਕ੍ਰਿਤ (5) : ਭਾਸ਼ਾਗਤ ਸੰਦਰਭ

ਆਚਾਰੀਆ ਮਾਰਕੰਡੇਯ ਨੇ ਆਪਣੇ ਪ੍ਰਾਕ੍ਰਿਤ ਗ੍ਰਾਮਰ "ਪ੍ਰਾਕ੍ਰਿਤ ਸਰਵਸੁ" (ਪਾਦ ਸੋਲਾਂ ਤੇ ਸਤਾਰਾਂ) ਵਿਚ ਅਪਭ੍ਰੰਸ-ਵਰਗ ਦੇ ਅੰਤਰਗਤ ਤਿੰਨ ਹੀ ਪ੍ਰਮੁਖ ਅਪਭ੍ਰੰਸ਼ ਭਾਸ਼ਾਵਾਂ ਨੂੰ ਮਾਨਤਾ ਬਖਸ਼ੀ ਹੈ, ਉਹ ਹਨ– (1) ਨਾਗਰ (2) ਵ੍ਰਾਚੜ, ਅਤੇ (3) ਉਪ-ਨਾਗਰ। ਪਰ ਮਾਰਕੰਡੇਯ ਨੇ ਕਿਸੇ ਬੇਨਾਮ ਵ੍ਰਿਖਕਾਰ ਦਾ ਹਵਾਲਾ ਦਿੱਤਾ ਹੈ ਜਿਸ ਨੇ ਅਪਭ੍ਰੰਸ਼ਾਂ ਦੇ 27 ਭੇਦ (ਵੰਨਗੀਆਂ) ਗਿਣਾਏ ਹਨ। ਫੇਰ ਵੀ ਆਚਾਰੀਆ ਮਾਰਕੰਡੇਯ ਉਪਰ-ਦਰਜ ਸਿਰਫ ਤਿੰਨ ਅਪਭ੍ਰੰਸ਼ਾਂ ਨੂੰ ਹੀ ਪ੍ਰਵਾਨ ਕਰਦਾ ਹੈ ਅਤੇ ਬਾਕੀਆਂ ਨੂੰ ਇਸ ਬਿਨਾਅ ਤੇ ਰੱਦ ਕਰ ਦਿੰਦਾ ਹੈ ਕਿ ਇਨ੍ਹਾਂ ਵਿਚ ਸਿਰਫ਼ ਮਾਮੂਲੀ ਜਿਹਾ ਫ਼ਰਕ ਹੈ। ਇਸ ਕਥਨ ਤੋਂ ਇਹ ਨਿਚੋੜ ਨਿਕਲਦਾ ਹੈ ਕਿ ਮਾਰਕੰਡੇਯ-ਵਰਗਾ ਮਾਨਤਾ-ਪ੍ਰਾਪਤ ਆਚਾਰੀਆ "ਉਪ-ਨਾਗਰ" ਅਪਭ੍ਰੰਸ਼ ਨੂੰ ਇਕ ਤਾਂ ਪ੍ਰਮੁਖਤਾ ਪ੍ਰਦਾਨ ਕਰਦਾ ਹੈ ਅਤੇ ਦੂਜਾ ਇਹ ਹੈ ਕਿ ਉਹ ਉਪ-ਨਾਗਰ ਦੀ ਹੋਂਦ ਤੇ ਹਸਤੀ ਦੀ ਸਪਸ਼ਟ ਲਫਜ਼ਾਂ ਵਿਚ ਪੁਸ਼ਟੀ ਕਰਦਾ ਹੈ। ਇਸ ਤੋਂ ਇਲਾਵਾ ਪੂਰਬੀ ਸੰਪ੍ਰਦਾਏ ਦੇ ਵਿਆਕਰਣਕਾਰ ਆ. ਪੁਰਸ਼ੋਤਮ ਅਤੇ ਆ. ਰਾਮ ਸ਼ਰਮਾ ਨੇ ਵੀ ਉਪਰਕੋਤ ਤਿੰਨਾਂ ਅਪਭ੍ਰੰਸ਼ਾਂ ਵਿਚ "ਉਪ-ਨਾਗਰ" ਨੂੰ ਵੀ ਸਵੀਕਾਰ ਕੀਤਾ ਹੈ।

ਉਪ-ਨਾਗਰ ਨੂੰ ਪਰਿਭਾਸ਼ਤ ਕਰਦਿਆਂ ਮਾਰਕੰਡੇਯ ਦਾ ਕਥਨ ਹੈ ਕਿ ਉਪ-ਨਾਗਰ ਅਪਭ੍ਰੰਸ਼, ਨਾਗਰ ਤੇ ਵ੍ਰਾਚੜ ਦਾ ਮਿਸ਼ਰਨ ਹੈ। ਇਸ ਪਰਿਭਾਸ਼ਾ ਨਾਲ ਆਚਾਰੀਆ ਪੁਰੁੱਸ਼ੋਤੱਮ ਤਾਂ ਸਹਿਮਤ ਹਨ ਲੇਕਿਨ ਆ. ਰਾਮ ਸਰਮਾ ਸਹਿਮਤ ਨਹੀਂ ਹੈ, ਉਸ ਦੀ ਪਰਿਭਾਸ਼ਾ ਨਿਰਾਲੀ ਹੈ। ਰਾਮ ਸ਼ਰਮਾ ਦੇ ਅਨੁਸਾਰ ਉਪ-ਨਾਗਰ ਸੰਸਕ੍ਰਿਤ ਤੋਂ ਵਿਉਤਪੰਨ ਹੋਈ ਭਾਸ਼ਾ ਹੈ। ਰਾਮ ਸ਼ਰਮਾ ਦਾ ਕਥਨ ਮੂਲ ਸੰਸਕ੍ਰਿਤ ਵਿਚ ਪੇਸ਼ ਹੈ :

"उपनागरमत्र संस्कृतादुभयोराहु रनन्तरोक्तयः"
(प्राकृत कल्प तरू, III 2.5)

ਅਰਥਾਤ ਉਪ-ਨਾਗਰ ਅਪਭ੍ਰੰਸ਼ ਅਤੇ ਸੰਸਕ੍ਰਿਤ ਭਾਸ਼ਾ ਵਿਚ ਕੋਈ ਅੰਤਰ ਨਹੀਂ ਹੈ।

ਉਪ-ਨਾਗਰ ਦਾ ਭਾਸ਼ਾ-ਖੇਤਰ

ਸਾਰਿਆਂ ਪ੍ਰਾਕ੍ਰਿਤ ਵਿਆਕਰਣਕਾਰਾਂ ਨੇ ਇਕਮਤ ਸੁਰ ਵਿਚ ਇਹ ਮੰਨਿਆ ਹੈ ਕਿ ਵ੍ਰਾਚੜ ਅਪਭ੍ਰੰਸ਼ ਦਾ ਭਾਸ਼ਾ ਖੇਤਰ ਬਿਨਾ-ਸ਼ੱਕ ਸਿੰਧ-ਪ੍ਰਾਂਤ ਰਿਹਾ ਹੈ। ਪਰ ਨਾਗਰ ਤੇ ਉਪ-ਨਾਗਰ ਦੇ ਭਾਸ਼ਾਈ ਖੇਤਰ ਬਾਰੇ ਸਾਰੇ ਹੀ ਖਾਮੋਸ਼ ਹਨ। ਆਧੁਨਿਕ ਯੁਗ ਦੇ ਇਕ-ਦੋ ਵਿਦਵਾਨਾਂ ਨੇ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਲਿਆ ਹੈ।

ਜਾਰਜ ਗ੍ਰੀਅਰਸਨ ਦੀ ਰਾਏ ਹੈ ਕਿ ਉਪ-ਨਾਗਰ ਦਾ ਆਪਣਾ ਭਾਸ਼ਾਈ ਖੇਤਰ ਨਾਗਰ (ਗੁਜਰਾਤ) ਦੇ ਨੇੜੇ ਪੂਰਬੀ ਰਾਜਪੂਤਾਨਾ ਅਤੇ ਦੱਖਣੀ ਪੰਜਾਬ ਹੀ ਸੰਭਵ ਪ੍ਰਤੀਤ ਹੁੰਦਾ ਹੈ। ਇਸ ਮਨੌਤ ਦੇ ਮੱਦੇ-ਨਜ਼ਰ ਗ੍ਰੀਅਰਸਨ ਦਾ ਪ੍ਰਸਤਾਵ ਹੈ ਕਿ ਉੱਤਰੀ-ਕੇਂਦਰੀ ਪੰਜਾਬ ਵਿਚ ਟੱਕ-ਭਾਸ਼ਾ ਬੋਲੀ ਜਾਂਦੀ ਸੀ ਅਤੇ ਦੱਖਣੀ ਪੰਜਾਬ ਵਿਚ ਉਪ-ਨਾਗਰ ਭਾਸ਼ਾ ਦਾ ਪ੍ਰਚਲਨ ਸੀ, ਅਤੇ ਇਹ ਦੋਵੇਂ ਅਪਭ੍ਰੰਸ਼ਾਂ–ਟੱਕ ਤੇ ਉਪ-ਨਾਗਰ–ਪੰਜਾਬੀ ਭਾਸ਼ਾ ਦੀਆਂ ਵੱਖ ਵੱਖ ਉਪ-ਬੋਲੀਆਂ ਦੀਆਂ ਜਨਮ-ਦਾਤੀਆਂ ਹਨ।[5]

ਇਸੇ ਤਰਕ-ਪ੍ਰਣਾਲੀ ਦੇ ਅਨੁਸਰਨ ਵਿਚ ਡਾ. ਕੇ. ਸੀ. ਆਚਾਰੀਆ [1964 :

108, 111] ਦੀ ਰਾਏ ਹੈ ਕਿ ਜੇਕਰ "ਉਪ-ਨਾਗਰ" ਨਾਮਵਾਚੀ ਸ਼ਬਦ ਦੀ ਵਿਉਤਪੱਤੀ ਜਾਂ ਨਿਰੁਕਤੀ ਨੂੰ ਗਹੁ ਨਾਲ ਵਾਚੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਉਪ-ਨਾਗਰ ਦਾ ਸ਼ਬਦਾਂਸ਼ /ਉਪ-/ ਸਾਡਾ ਮਾਰਗ-ਦਰਸ਼ਨ ਕਰਦਾ ਹੈ ਕਿਉਂਕਿ /ਉਪ/ ਦਾ ਅਰਥ ਨੇੜ, ਲਾਗੇ ਹੋਣ ਕਰਕੇ ਇਹ ਨਤੀਜਾ ਨਿਕਲਦਾ ਹੈ ਕਿ ਉਪ-ਨਾਗਰ ਇਕ ਉਹ ਭਾਸ਼ਾ-ਵੰਨਗੀ ਹੈ ਜਿਹੜੀ ਕਿ ਨਾਗਰ ਅਪਭ੍ਰੰਸ਼ ਦੇ ਭਾਸ਼ਾਈ ਖੇਤਰ ਵਿਚ ਜਾਂ ਉਸ ਦੇ ਨੇੜੇ ਹੀ ਬੋਲੀ ਜਾਂਦੀ ਸੀ' ਜਾਂ ਫਿਰ ਉਪ-ਨਾਗਰ, ਨਾਗਰ ਦੀ ਹੀ, ਇਕ ਉਪ-ਭਾਸ਼ਾ ਜਾਂ ਵੰਨਗੀ ਸੀ। ਇਸ ਤੋਂ ਇਹ ਤੱਥ ਝਲਕਦਾ ਹੈ ਕਿ ਉਪ-ਨਾਗਰ ਨਿਸ਼ਚੇ ਹੀ ਗੁਜਰਾਤ-ਰਾਜਪੂਤਾਨਾ (ਰਾਜਸਥਾਨ) ਦੇ ਨੇੜੇ-ਨੇੜੇ ਹੀ ਬੋਲੀ ਜਾਂਦੀ ਸੀ, ਅਤੇ ਇਹ ਗ੍ਰੀਅਰਸਨ ਦੀ ਧਾਰਣਾ ਦੇ ਮੁਤਾਬਕ 'ਰਾਜਪੂਤਾਨਾ' ਦਾ ਪੜੋਸੀ ਭਾਗ ਦੱਖਣੀ ਪੰਜਾਬ ਹੀ ਹੋ ਸਕਦਾ ਹੈ।

ਇਸ ਸਾਰੇ ਵਰਣਨ ਤੇ ਵਿਵੇਚਨ ਤੋਂ ਇਹ ਸਿੱਟਾ ਮਿਲਦਾ ਹੈ ਕਿ ਉਪ-ਨਾਗਰ ਇਕ ਅਣਗੌਲੀ ਲਘੂ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਹੈ ਜਿਹੜੀ ਕਿ ਪੰਜਾਬੀ ਦੀ ਦੱਖਣੀ ਉਪ-ਭਾਸ਼ਾ ਜਾਂ ਉਪ-ਭਾਸ਼ਾਵਾਂ ਦੀ ਸਰੋਤ-ਭਾਸ਼ਾ ਵਜੋਂ ਪਛਾਣ-ਯੋਗ ਸਿੱਧ ਹੁੰਦੀ ਹੈ।

ਹਵਾਲੇ ਤੇ ਪਾਦ-ਟਿੱਪਣੀਆਂ

(1) "We learn from these works (Brahmana & Upanishad) that the chief states of the North-West were Gandhara, Kekaya, and Madra. The Gandhara territry embraced the Rawalpindi district of Western Panjab and the Peshawar district of the North-West frontier Province (Now in Pakistan). The kekaya country was situated between the Jhelum and the Chenab and comprised the territories occupied by Poros at the time of Alexander's invasion. Its chief city Rajagriaha or Girivraja mentioned in the Ramayana has been identified by Cunningham with Girjak or Jalalpur on the Jhelum in the neighbourhood of which the camp of Alexander was laid. According to Jatakas, the kingdom and capital of the Kekayas were known as kekaka after them, and this capital was one of the three pricipal cities of Jambudvipa. A branch of the Kekayas had migrated to the South and settled on the bank of Mahishmati.
–Below the Kekayas were the Madras, their Capital sakala (Modern Sialkot, now in Pakistan) was situated between the Chenab and Ravi."
–Buddh Prakash (Dr.), *Studies in Indian History and Civilization*, pp.33-34 (Shiv Lal Agrawal & Co. (P) Ltd., Agra, 1st Edition, 1962).

(2) ਮਹਾਂਭਾਰਤ ਦੇ ਕਰਣ ਪਰਵ ਵਿਚੋਂ ਚੋਣਵੇਂ ਪਾਠ ਦੇ ਮੂਲ ਅੰਸ਼ :

कर्ण और मद्रराज शल्य का संवाद

कर्ण के द्वारा मद्र आदि वाहीक (पञ्चनद, पञ्जाब) देशवासियों की निन्दा

कर्ण पर्व : अध्याय 44

"पञ्चानां सिन्धु षष्ठाना नदीनां येऽन्तराश्रिताः।
तान् धर्म बाह्यानशुचीन् वाहीकानपि वर्जयेत्।।7।।
धाना गौड्यासवं पीत्वा गोमांसं लशुनैः सह।
अपूपं मांस वाट्यानामाशिनः शील वर्जिता :।।11।।

वाराह कौक्कुटं मांसं गव्यं गार्दभमौष्ट्रिकम्।
ऐडं ये न खादन्ति तेषां जन्म निरर्थकम्।।28।।
पञ्चनद्यो वहन्त्येता यत्र पीलु वनान्युत।।31।।
शतद्रुश्च विपाशा च तृतीयैरावती तथा।
चन्द्रभागा वितस्ता च सिन्धु षष्ठा बहिर्गिरिः।।32।।
आरट्ट नाम ते देशा नष्टधर्मान् तान् वर्जयेत्।
प्रस्थला मद्र गान्धारा आरट्टा नामतः खशाः।
वसाति सिन्धु सौवीरा इति प्रायोऽतिकुत्सिताः।।47।।"

अध्याय 40

"मद्रकाः सिन्धु सौवीराः धर्मं विद्युः कथं त्विह।
पापदेशोद्भवा म्लेच्छा धर्माणामविचक्षणाः।।42।।"

द्रोण पर्वः अध्याय 7

"मद्रास्त्रिगर्ताः साम्बष्ठा प्रतीच्योदीच्य मालवाः।
शिबयः शूरसेनाश्च शूद्राश्च मलदैः सह।।15।।"

(3) Chatterji, S.K. [1926], *Origin and Development of Bengali Language*, (map at the end of the book), Calcutta.

(4) There is evey reason to suppose that in ancient times there was large-scale business transaction between the people of two countries, Avanti (Central India) *and Bahlika (the modern Balkh)* which was the cause of so striking resemblance between the languages of these two countries. Both Bharat Muni and Visvanatha tell us that Bahlika bhasa is to be attributed to northerners *(udievanam)* in a play. Herein probably lies some clue that this language was current not only in Balkh but in a considerable part of northern India including the Punjab. –Dr. Krishna Chandra Acharya, (Ed.) *Markanday's Prakrit Sarvasva*, 1968 : 77.

(5) "Closely connected with it were the Takka Apabhramsa of the North-central Panjab and the Upanagara Apabhramisa, probably of the Southern Panjab, which were the parents of the various dialects of Panjab," Grierson, L.S. vol 1, part I, 1927 Reprint 1967, New Delhi, page 126.

ਅਧਿਆਏ 7 : 9

ਪੰਜਾਬੀ ਭਾਸ਼ਾ ਦਾ ਸ੍ਰੋਤ : ਪਾਕਿਸਤਾਨੀ ਨਜ਼ਰੀਆ ਦੀ ਸਮੀਖਿਆ

ਪਿਛਲੇ ਤੀਹ-ਪੈਂਤੀ ਵਰ੍ਹਿਆਂ ਦੇ ਅਰਸੇ ਤੋਂ ਲੈ ਕੇ ਸ੍ਰੀ ਐਨੁਲਹਕ ਫਰੀਦਕੋਟੀ (ਲਾਹੌਰ, ਪਾਕਿਸਤਾਨ) ਪਾਕਿਸਤਾਨੀ ਭਾਸ਼ਾਵਾਂ (ਉਰਦੂ, ਹਿੰਦੀ ਸਮੇਤ, ਪੰਜਾਬੀ, ਸਿੰਧੀ) ਦੇ ਜਣਨਿਕ ਸਰੋਤ (ਜਿਸ ਨੂੰ ਉਹ ਜੜ੍ਹਾਂ ਕਹਿੰਦਾ ਹੈ) ਦੀ ਤਲਾਸ਼ ਕਰਨ ਦੇ ਮਕਸਦ ਨਾਲ ਇਕ ਨਵੀਂ ਥਿਊਰੀ ਅਤੇ ਇਕ ਨਵਾਂ ਨਜ਼ਰੀਆ ਪ੍ਰਚਾਰਨ ਦੀਆਂ ਕੋਸ਼ਿਸ਼ਾਂ ਜਾਰੀ ਰਖਦਾ ਆ ਰਿਹਾ ਹੈ। ਇਸ ਨਜ਼ਰੀਆ ਦੇ ਜ਼ੇਰੇ-ਸਾਇਆ ਐਨੁਲਹਕ ਨੇ ਹੇਠ ਲਿਖੇ ਲਿਖਤੀ ਜਤਨ ਕੀਤੇ ਹਨ :

1. "ਉਰਦੂ ਜ਼ਬਾਨ ਕੀ ਕਦੀਮ ਤਾਰੀਖ਼" (ਉਰਦੂ ਭਾਸ਼ਾ ਵਿਚ), 1972.
2. ਪਾਕਿਸਤਾਨੀ ਰਸਾਲਿਆਂ ਵਿਚ ਛਪੇ ਪੰਜਾਬੀ ਲੇਖ (ਉਰਦੂ ਲਿਪੀ ਵਿਚ)
3. *Pre-Aryan Origin of Pakistani Languages*, Orient Research Centre, Lahore, 1991, (A Monograph).

ਇਨ੍ਹਾਂ ਵਿਚੋਂ ਐਨੁਲਹਕ ਦੀ ਅੰਗਰੇਜ਼ੀ ਪੁਸਤਕ ਹੀ ਸਾਡੀ ਸਮੀਖਿਆ ਦਾ ਨਿਸ਼ਾਨਾ ਹੈ। ਇਸ ਮੋਨੋਗ੍ਰਾਫ ਵਿਚ ਲੇਖਕ ਨੇ ਸਭ ਤੋਂ ਪਹਿਲਾਂ ਉਨ੍ਹਾਂ ਪੱਛਮੀ ਵਿਦਵਾਨਾਂ (ਯੂਰਪੀ, ਅਮਰੀਕੀ, ਰੂਸੀ, ਫ਼ਰੈਂਚ ਆਦਿ) ਦੀ ਭਾਸ਼ਾ-ਵਿਗਿਆਨਿਕ ਖੋਜ ਨੂੰ ਮਸਕੂਕ ਕਰਾਰ ਦਿੱਤਾ ਹੈ ਜਿਨ੍ਹਾਂ ਨੇ Indo-Aryan race ਦਾ ਸੰਕਲਪ ਪੇਸ਼ ਕੀਤਾ ਅਤੇ ਭਾਰਤ-ਪਾਕ ਭਾਸ਼ਾਵਾਂ ਨੂੰ Indo-Aryan languages ਦਾ ਖਿਤਾਬ ਦਿੱਤਾ ਹੈ। ਐਨੁਲਹਕ ਨੇ ਪੱਛਮੀ ਵਿਦਵਾਨਾਂ ਉੱਤੇ ਕਈ ਤਰ੍ਹਾਂ ਦੇ ਦੋਸ਼ ਆਰੋਪਿਤ ਕੀਤੇ ਹਨ ਅਤੇ ਇਹ ਊਜਾਂ ਲਾਈਆਂ ਹਨ ਕਿ ਪੱਛਮੀ ਵਿਦਵਾਨਾਂ ਨੇ ਆਰੀਆ ਜਾਤੀ ਨੂੰ ਉੱਚਾ ਸਾਬਤ ਕਰਨ ਲਈ ਭਾਰਤ-ਪਾਕ ਦੀਆਂ ਜ਼ਬਾਨਾਂ ਦੇ ਜਨਮ-ਸਰੋਤ ਨੂੰ ਆਰੀਆ ਦੱਸਿਆ ਹੈ ਪਰ ਐਨੁਲਹਕ ਦੇ ਮੁਤਾਬਕ ਪੱਛਮੀ ਵਿਦਵਾਨਾਂ ਦਾ ਇਹ ਦਾਅਵਾ ਝੂਠਾ ਅਤੇ ਬੇਬੁਨਿਆਦ ਹੈ।[1]

ਇਸ ਤਰ੍ਹਾਂ ਐਨੁਲਹਕ ਨੇ ਪੱਛਮੀ ਮੁਲਕਾਂ ਵਿਚ ਹੋ ਰਹੀਆਂ ਅਤਿ-ਆਧੁਨਿਕ ਭਾਸ਼ਾ-ਵਿਗਿਆਨਕ ਖੋਜਾਂ ਅਤੇ ਨਤੀਜਿਆਂ ਨੂੰ ਰੱਦ ਕਰ ਕੇ, ਭਾਰਤ-ਪਾਕ ਭਾਸ਼ਾਵਾਂ ਦੇ ਜਨਮ ਤੇ ਵਿਕਾਸ ਬਾਰੇ ਖੁਦ ਆਪ ਜਿਹੜੇ ਕਲਪਿਤ ਅਟਕਲਪੱਚੂ ਪੇਸ਼ ਕੀਤੇ ਹਨ ਉਨ੍ਹਾਂ ਦਾ ਸਾਰਾਂਸ਼ ਹੇਠਾਂ ਦਿੱਤਾ ਜਾਂਦਾ ਹੈ। ਐਨੁਲਹਕ ਨੇ ਲਿਖਿਆ ਹੈ ਕਿ :

> *"ਮੋਹਿਓਂ-ਜੋ-ਦੜੋ ਅਤੇ ਹੜੱਪਾ ਦੇ ਮੁਕਾਮ 'ਤੇ ਜਿਹੜੀ ਸਿੰਧ-ਵਾਦੀ ਸਭਿਅਤਾ (Indus valley civilization) ਸਿੰਧ-ਪੰਜਾਬ ਦੇ ਪ੍ਰਾਚੀਨ ਕਾਲ ਵਿਚ ਪ੍ਰਫੁੱਲਤ ਹੋਈ ਸੀ ਅਤੇ ਜਿਹੜੀ ਹੁਣ ਰੌਸ਼ਨ ਹੋਈ ਹੈ, ਉਸ ਦੀ ਤਤਕਾਲੀ ਭਾਸ਼ਾ ਬਾਰੇ ਭਾਵੇਂ ਅਜੇ ਕੋਈ*

ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ, ਪਰ ਫੇਰ ਵੀ ਇਹ ਨਤੀਜਾ ਕੱਢਿਆ ਗਿਆ ਹੈ ਕਿ ਹੜੱਪਾ ਤੇ ਮੋਹਿੰਜੋਦੜੋ ਦੇ ਵਸਨੀਕ ਆਰੀਆ ਨਹੀਂ ਸਨ। ਹੜੱਪਾ ਦੀ ਭਾਸ਼ਾ ਮੁੰਡਾ ਜਾਂ ਦ੍ਰਾਵਿੜੀ ਹੀ ਹੋ ਸਕਦੀ ਹੈ।[2] ਇਸ ਹਾਲਤ ਵਿਚ ਤਾਂ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੱਜ ਤੋਂ 5000 ਸਾਲ ਪਹਿਲਾਂ ਹੜੱਪਾ ਤੇ ਸਿੰਧਵਾਦੀ ਦੀਆਂ ਗਲੀਆਂ ਅਤੇ ਸੜਕਾਂ 'ਤੇ ਜਿਹੜੀ ਬੋਲੀ ਬੋਲੀ ਜਾਂਦੀ ਸੀ ਉਸ ਦੇ ਬਕਾਇਆ ਅਵਸ਼ੇਸ਼ ਅੱਜ ਵੀ ਸਾਡੀ ਪੰਜਾਬੀ, ਸਿੰਧੀ, ਉਰਦੂ-ਹਿੰਦੀ ਵਿਚ ਜ਼ਰੂਰ ਹੀ ਉਪਲਬਧ ਹੋ ਸਕਦੇ ਹਨ।"[3]

ਆਪਣੇ ਉਪਰੋਕਤ ਵਿਚਾਰ-ਬਿੰਦੂ ਨੂੰ ਤਕੜਾ ਕਰਨ ਲਈ ਐਨੁਲਹਕ ਨੇ ਅਗੇ ਜਾਕੇ ਫਿਰ ਆਖਿਆ ਹੈ ਕਿ ਉੱਤਰੀ ਉਪ-ਮਹਾਦੀਪ (ਭਾਰਤ) ਦੀਆਂ ਉਰਦੂ, ਹਿੰਦੀ, ਪੰਜਾਬੀ ਅਤੇ ਸਿੰਧੀ ਆਦਿ ਭਾਸ਼ਾਵਾਂ ਵਿਚ ਨਾ ਸਿਰਫ ਦ੍ਰਾਵਿੜੀ ਅਤੇ ਮੁੰਡਾ ਸ਼ਬਦਾਵਲੀ ਦੇ ਅੰਸ਼ ਮਿਲਦੇ ਹਨ ਸਗੋਂ ਦ੍ਰਾਵਿੜੀ ਭਾਸ਼ਾ ਦੇ ਵਿਆਕਰਣ ਨਾਲ ਵੀ ਇਹ ਪਾਕਿਸਤਾਨੀ ਭਾਸ਼ਾਵਾਂ ਨਿਕਟ-ਸਾਂਝ ਰਖਦੀਆ ਹਨ ਜੋ ਕਿ ਸੰਸਕ੍ਰਿਤ ਜਾਂ ਹੋਰ ਕਿਸੇ ਆਰੀਆ ਭਾਸ਼ਾ ਵਿਚ ਇਹ ਸਾਂਝ ਨਹੀਂ ਮਿਲਦੀ।[4]

ਐਨੁਲਹਕ ਨੇ ਬਾਕੀ ਭਾਰਤੀ ਆਰੀਆ ਭਾਸ਼ਾਵਾਂ ਨਾਲੋਂ ਪੰਜਾਬੀ ਉੱਤੇ ਖ਼ਾਸ ਬਲ ਦਿੱਤਾ ਹੈ ਅਤੇ ਲਿਖਿਆ ਹੈ ਕਿ ਮੁੱਖ ਤੌਰ ਤੇ ਪੰਜਾਬੀ ਭਾਸ਼ਾ ਤਾਂ ਉਨ੍ਹਾਂ ਦ੍ਰਾਵਿੜੀ ਬੋਲੀਆਂ ਤੋਂ ਹੀ ਅਵੱਸ਼ ਉਤਪੰਨ ਹੋਈ ਹੈ ਜਿਹੜੀਆਂ ਕਿ ਪੁਰਾ-ਇਤਿਹਾਸਕ ਯੁਗ ਵਿਚ ਸਿੰਧੂ ਵਾਦੀ ਵਿਚ ਪ੍ਰਚਲਿਤ ਸਨ।[5] ਉਸਦੀ ਇਹ ਵੀ ਕਲਪਨਾ ਹੈ ਕਿ ਉਰਦੂ ਜ਼ਬਾਨ ਵਿਚ ਦ੍ਰਾਵਿੜੀ ਅਤੇ ਮੁੰਡਾ ਦੇ ਜਿਹੜੇ ਅੰਸ਼ ਉਪਲਬਧ ਹੁੰਦੇ ਹਨ ਉਹ ਕੋਈ ਉਧਾਰੇ ਰਿਣ-ਆਗਤ ਨਹੀਂ ਹਨ ਬਲਕਿ ਪੂਰਵਜ ਬੋਲੀਆਂ ਤੋਂ ਵਿਰਸੇ ਵਿਚ ਹਾਸਲ ਕੀਤੇ ਹਨ।[6] ਇਸ ਤਰ੍ਹਾਂ ਲੇਖਕ ਨੇ ਪਾਕਿਸਤਾਨੀ ਭਾਸ਼ਾਵਾਂ ਨੂੰ ਹੜੱਪਾਈ ਤਹਿਜ਼ੀਬ ਅਤੇ ਮੁੰਡਾ-ਦ੍ਰਾਵਿੜੀ ਭਾਸ਼ਾ-ਪਰੰਪਰਾ ਦੀਆਂ ਅਜੋਕੀਆਂ ਵਾਰਿਸ ਦੇ ਤੌਰ ਤੇ ਸਥਾਪਿਤ ਕਰਨ ਦਾ ਜਤਨ ਕੀਤਾ ਹੈ।

ਇਸ ਸੰਦਰਭ ਵਿਚ ਐਨੁਲਹਕ ਨੇ ਇਕ ਹੋਰ ਵੀ ਅਜੀਬੋ-ਗਰੀਬ ਨੁਕਤਾ ਉਠਾਇਆ ਹੈ ਕਿ ਜਦੋਂ ਆਰੀਆ ਲੋਕ ਏਥੇ ਆਏ ਤਾਂ ਆਰੀਆਂ ਅਤੇ ਆਦਿਵਾਸੀਆ ਦੇ ਦਰਮਿਆਨ ਸਭਿਆਚਾਰਕ ਤੇ ਭਾਸ਼ਾਈ ਪੱਧਰ 'ਤੇ ਜਿਹੜੀ ਅੰਤਰ-ਕਿਰਿਆ ਵਾਪਰੀ ਤਾਂ ਉਸ ਦੇ ਨਤੀਜੇ ਵਜੋਂ ਇਸ ਖੇਤਰ ਵਿਚ ਦੋ ਸਮਾਨਾਂਤਰ ਭਾਸ਼ਾਵਾਂ ਵਿਕਸਿਤ ਹੋਈਆਂ, ਇਕ ਸੰਸਕ੍ਰਿਤ ਅਤੇ ਦੂਜੀ ਪ੍ਰਾਕ੍ਰਿਤ। ਸੰਸਕ੍ਰਿਤ ਨਵ-ਆਗਤ ਆਰੀਆਂ ਦੀ ਬੋਲੀ 'ਤੇ ਆਧਾਰਿਤ ਸੀ ਪਰ ਉਸ ਵਿਚ ਸਥਾਨਿਕ (ਦ੍ਰਾਵਿੜੀ, ਮੁੰਡਾ) ਬੋਲੀਆਂ ਦੀ ਗਹਿਰੀ ਮਿਲਾਵਟ ਸੀ ਅਤੇ ਇਸ ਦੇ ਮੁਕਾਬਲੇ 'ਤੇ ਪ੍ਰਾਕ੍ਰਿਤ ਭਾਸ਼ਾ/ਭਾਸ਼ਾਵਾਂ ਪੂਰਵ-ਆਰੀਆ ਭਾਸ਼ਾ ਖ਼ਾਸ ਕਰਕੇ ਦ੍ਰਾਵਿੜੀ ਭਾਸ਼ਾ 'ਤੇ ਆਧਾਰਿਤ ਸੀ ਜਿਸ ਵਿਚ ਆਰੀਆ ਭਾਸ਼ਾ ਤੋਂ ਰਿਣ-ਸ਼ਬਦਾਵਲੀ ਦਾ ਰਲਾਉ ਸੀ।[7]

ਐਨੁਲਹਕ ਦੇ ਇਸ ਉਕਤੀ-ਕਥਨ ਤੋਂ ਇਹ ਇਸ਼ਾਰਾ ਉਭਰਦਾ ਹੈ ਕਿ "ਸੰਸਕ੍ਰਿਤ" ਤਾਂ ਆਰੀਆ ਭਾਸ਼ਾ ਹੈ ਲੇਕਿਨ "ਪ੍ਰਾਕ੍ਰਿਤ" ਅਨਾਰੀਆ ਦ੍ਰਾਵਿੜੀ ਭਾਸ਼ਾ ਹੈ। ਏਥੇ ਐਨੁਲਹਕ ਦੀ ਉਰਦੂ ਪੁਸਤਕ (1972) ਵਿਚੋਂ ਇਕ ਟੂਕ ਉਧ੍ਰਿਤ ਕਰਨੀ ਪ੍ਰਾਸੰਗਿਕ ਹੋਵੇਗੀ ਜਿਸ ਵਿਚ ਲਿਖਾਰੀ ਨੇ ਉਸ ਵਕਤ ਸੰਸਕ੍ਰਿਤ ਬਾਰੇ ਇਕ ਵੱਖਰਾ ਨਜ਼ਰੀਆ ਜ਼ਾਹਰ ਕੀਤਾ ਸੀ। ਉਸ ਉਰਦੂ ਟੂਕ ਦਾ ਗੁਰਮੁਖੀ ਰੂਪਾਂਤਰ ਪੇਸ਼ ਹੈ :

"ਦਰ ਅਸਲ ਪੰਜਾਬੀ ਜ਼ਬਾਨ ਕਾ ਧਾਰਾ ਦ੍ਰਾਵਿੜੀ ਸਰ-ਚਸ਼ਮੇ ਸੇ ਫੂਟਾ ਹੈ। ਇਸ

ਸਿਲਸਿਲੇ ਮੇਂ ਸੰਸਕ੍ਰਿਤ ਕਾ ਕਿਰਦਾਰ ਸਿਰਫ਼ ਇਸ ਹਦ ਤਕ ਮਹਦੂਦ ਹੈ ਕਿ ਇਸ ਨੇ (ਸੰਸਕ੍ਰਿਤ ਨੇ) ਇਸ ਕੇ (ਪੰਜਬੀ ਕੇ) ਲਗਵੀ ਸਰਮਾਇਆ (=ਭਾਸ਼ਾਈ ਸਾਮਗਰੀ) ਕੋ ਗਹਰੇ ਤੌਰ ਪਰ ਮੁਤਾਸਰ (ਪ੍ਰਭਾਵਤ) ਕੀਯਾ ਹੈ" (ਐਨੁਲਹਕ, : ਉਰਦੂ ਜ਼ਬਾਨ ਕੀ ਕਦੀਮ ਤਾਰੀਖ, ਵਰਕਾ 62, 1972, ਲਾਹੌਰ) ।

ਵੀਹ ਸਾਲ ਪਹਿਲਾਂ ਐਨੁਲਹਕ ਦਾ ਖ਼ਿਆਲ ਸੀ ਕਿ ਸੰਸਕ੍ਰਿਤ-ਪ੍ਰਭਾਵਿਤ ਪ੍ਰਾਚੀਨ ਦ੍ਰਾਵਿੜੀ ਤੋਂ ਪੰਜਾਬੀ ਦੀ ਉਤਪੱਤੀ ਹੈ ਲੇਕਿਨ ਹੁਣ 1991-92 ਵਿਚ ਉਸ ਨੇ ਸੱਜਰੀ ਕਲਪਨਾ ਕਰ ਕੇ ਕਿਹਾ ਹੈ ਕਿ ਪੰਜਾਬੀ-ਵਰਗੀਆਂ ਜ਼ਬਾਨਾਂ ਦ੍ਰਾਵਿੜੀ-ਪ੍ਰਭਾਵਿਤ ਪ੍ਰਾਕ੍ਰਿਤਾਂ ਦੀਆਂ ਅਜੋਕੀਆਂ ਕੜੀਆਂ ਤੇ ਲੜੀਆਂ ਹਨ । ਇਸ ਪਰਸੰਗ ਵਿਚ ਉਸ ਦਾ ਇਹ ਕਥਨ ਵੇਖਣ-ਯੋਗ ਹੈ ਕਿ "ਉੱਤਰੀ ਭਾਰਤ (ਉਪ ਮਹਾਦੀਪ) ਦੀਆਂ ਅੱਜ ਕਲ ਦੀਆਂ ਬੋਲੀਆਂ ਪ੍ਰਾਚੀਨ ਬੋਲਚਾਲੀ ਪ੍ਰਾਕ੍ਰਿਤਾਂ ਦੀਆਂ ਕੜੀਆਂ ਹਨ ਅਤੇ ਇਹ ਸੰਸਕ੍ਰਿਤ ਤੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਤਪੰਨ ਨਹੀਂ ਹੋਈਆਂ, ਜਿਵੇਂ ਕਿ ਆਮ ਸਮਝਿਆ ਜਾਂਦਾ ਹੈ ।"*

ਆਪਣੀ ਇਸ ਥਿਊਰੀ ਨੂੰ ਪ੍ਰਪੱਕ ਕਰਨ ਲਈ ਐਨੁਲਹਕ ਨੇ (1) ਹਿੰਦ-ਚੀਨੀ ਭਾਸ਼ਾ (2) ਮੁੰਡਾ ਭਾਸ਼ਾ (3) ਦ੍ਰਾਵਿੜੀ ਭਾਸ਼ਾ ਦੇ ਕੁਝ ਕਾਰਕੀ-ਚਿੰਨ੍ਹ ਲੈ ਕੇ ਪੰਜਾਬੀ ਆਦਿ ਆਧੁਨਿਕ ਭਾਰਤ-ਪਾਕ ਭਾਸ਼ਾਵਾਂ ਨਾਲ ਤੁਲਨਾ ਪੇਸ਼ ਕੀਤੀ ਹੈ । ਹੇਠਾਂ ਤੁਲਨਾ-ਸਾਰਣੀ ਅੰਕਿਤ ਕੀਤੀ ਜਾਂਦੀ ਹੈ :

ਤੁਲਨਾ ਸਾਰਣੀ (1) : *ਕਰਮ ਕਾਰਕ* (Accusative case)

ਦ੍ਰਾਵਿੜੀ : mu, ni, in, un, anna, annu, am

ਪੰਜਾਬੀ : ਨੂ, ਨੂੰ, *ਲਹਿੰਦੀ* : ਕੂੰ, *ਪੋਠੋਹਾਰੀ* : ਕੀ, *ਹਿੰਦੀ-ਉਰਦੂ* : ਕੋ

ਤੁਲਨਾ ਸਾਰਣੀ (2) : *ਸੰਪ੍ਰਦਾਨ ਕਾਰਕ* (Dative case)

ਦ੍ਰਾਵਿੜੀ : mu, kku, nu, ke, khe, ge, kun, ki

ਪੰਜਾਬੀ : ਨੂੰ, *ਲਹਿੰਦੀ* : ਕੂੰ, *ਪੋਠੋਹਾਰੀ-ਡੋਗਰੀ* : ਕੀ, *ਸਿੰਧੀ* : ਖੇ, *ਬੰਗਾਲੀ* : ਕੇ, ਕੋਰ *ਉਰਦੂ-ਹਿੰਦੀ* : ਕੇ, ਕੇ-ਲਿਏ ।

ਤੁਲਨਾ ਸਾਰਣੀ (3) : *ਸੰਬੰਧ ਕਾਰਕ* (Genitive case)

ਦ੍ਰਾਵਿੜੀ : in, na, nu, anu, da, adu, ta, tu, attu, ka, ki, yokka, gahi, ghi

ਪੰਜਾਬੀ : ਦਾ, ਦੀ, ਦੇ, *ਪੋਠੋ* : ਨਾ, ਨੀ, ਨੇ, *ਉਰਦੂ-ਹਿੰਦੀ* : ਕਾ, ਕੀ, ਕੇ (ਰਾ, ਰੀ, ਰੇ) *ਮਲਵਈ ਪੰਜਾਬੀ* : (ਕਾ, ਕੀ, ਕੇ ~ ਦਾ, ਦੀ, ਦੇ)

ਤੁਲਨਾ ਸਾਰਣੀ (4) : *ਭੂਤਕਾਲ* (Preterite tense)

ਦ੍ਰਾਵਿੜੀ : -d-, -i-, -gi-, -si-, -nd-, -t-, Tamil : ver-n-an (He flourished), say-den (I did)

ਪੰਜਾਬੀ : ਖਾਧਾ, ਪੀਤਾ, ਧੋਤਾ, *ਉਰਦੂ-ਹਿੰਦੀ* : ਖਾਯਾ, ਪੀਯਾ, ਧੋਯਾ ।

ਤੁਲਨਾ ਸਾਰਣੀ (5) : *ਪੂਰਨ ਭੂਤਕਾਲ* (Past-perfect)

ਦ੍ਰਾਵਿੜੀ ਤੁਲੂ : preterite : mal-t-e, past : mal-t-d-e (I made)

ਪੰਜਾਬੀ : ਖਾਧਾ ਸੀ, ਪੜ੍ਹਿਆ ਸੀ, *ਸਿੰਧੀ* : ਖਾਧੋ ਹੋ, *ਉਰਦੂ-ਹਿੰਦੀ* : ਖਾਯਾ ਥਾ, ਪੜ੍ਹਾ ਥਾ ।

ਤੁਲਨਾ ਸਾਰਣੀ (6) : *ਵਰਤਮਾਨ ਕਾਲ* (Present tense)

ਦ੍ਰਾਵਿੜੀ (ਤੇਲਗੂ) : t, uttu, uta, tu, du (particles) e.g. Bal-utt-ene (I live), mad-utt-ene (I do).

ਪੰਜਾਬੀ : ਜਾਂਦਾ ਹੈ, ਖਾਂਦਾ ਹੈ, *ਉਰਦੂ-ਹਿੰਦੀ* : ਜਾਤਾ ਹੈ, ਖਾਤਾ ਹੈ

ਤੁਲਨਾ ਸਾਰਣੀ (7) : *ਭਵਿਖਤ ਕਾਲ* (Future tense)

ਦ੍ਰਾਵਿੜੀ ਤਮਿਲ : -g-, -k-, -ku-, e.g. sey-gu-en (I will do), pad-gu-am (We shall sing).

ਪੰਜਾਬੀ : ਕਰੇਗਾ, ਖਾਵੇਗਾ, ਜਾਵੇਗਾ, *ਉਰਦੂ-ਹਿੰਦੀ* : ਖਾਏਗਾ, ਕਰੇਗਾ, ਜਾਏਗਾ

ਏਥੇ ਐਨੁਲਹਕ ਵਲੋਂ ਉਠਾਏ ਗਏ ਸ਼ੰਕਾ-ਪੱਖ ਨੂੰ ਪੇਸ਼ ਕਰਕੇ ਉਸ ਦੀ ਢੁਕਵੀਂ ਸਮੀਖਿਆ ਦੇਣ ਤੋਂ ਪਹਿਲਾਂ, ਉਸ ਦੀ ਕਪੋਲ-ਕਲਪਨਾ ਦਾ ਇਕ ਹੋਰ ਨਮੂਨਾ ਵੀ ਦ੍ਰਿਸ਼ਟੀ-ਗੋਚਰ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਜਿਸ ਵਿਚ ਉਸ ਨੇ ਇਹ ਦਾਅਵਾ ਕੀਤਾ ਹੈ ਕਿ ਹਿੰਦੁਸਤਾਨ ਵਿਚ ਮੁਸਲਮਾਨਾਂ ਦੀ ਆਮਦ ਤੋਂ ਬਾਅਦ ਸੰਸਕ੍ਰਿਤ ਤੇ ਪ੍ਰਾਕ੍ਰਿਤ ਭਾਸ਼ਾਵਾਂ ਖ਼ਤਮ ਹੋ ਗਈਆਂ ਸਨ ਅਤੇ ਹੁਣ ਲੋਕਾਂ ਦੀਆਂ ਅਜੋਕੀਆਂ ਆਮ ਬੋਲੀਆਂ ਵਿਚ ਉਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਹੀ ਨਹੀਂ ਮਿਲਦਾ। ਇਸ ਲਈ ਮੌਜੂਦਾ ਉਰਦੂ-ਹਿੰਦੀ, ਪੰਜਾਬੀ ਆਦਿ ਜ਼ਬਾਨਾਂ ਅਤੇ ਸੰਸਕ੍ਰਿਤ, ਪ੍ਰਾਕ੍ਰਿਤ ਆਦਿ ਪੁਰਾਤਨ ਭਾਸ਼ਾਵਾਂ ਦੇ ਵਿਚਕਾਰ ਕੋਈ ਦਰਮਿਆਨਾ ਭਾਸ਼ਾਈ ਸੰਪਰਕ ਉਪਲਬਧ ਨਹੀਂ ਹੁੰਦਾ ਜਿਸ ਤੋਂ ਇਹ ਜ਼ਾਹਰ ਹੁੰਦਾ ਹੋਵੇ ਕਿ ਆਧੁਨਿਕ ਭਾਰਤ-ਪਾਕ ਜ਼ਬਾਨਾਂ ਆਰੀਆ ਭਾਸ਼ਾ ਦੀਆਂ ਸੰਤਾਨ ਹਨ।[9]

ਉੱਤਰ-ਪੱਖ : ਇਸ ਸੰਦਰਭ ਵਿਚ ਸਭ ਤੋਂ ਅਹਿਮ ਤੇ ਬੁਨਿਆਦੀ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਨਾਬ ਐਨੁਲਹਕ ਨੇ ਅੰਤਰ-ਰਾਸ਼ਟਰੀ ਭਾਸ਼ਾ-ਵਿਗਿਆਨਿਕ ਕਮਿਊਨਿਟੀ ਨੂੰ ਵੰਗਾਰ ਕੇ ਜਿਹੜੀ ਆਪਣੀ ਅਣਸੁਣੀ ਥਿਊਰੀ ਨੂੰ ਉਸਾਰਣ ਲਈ ਆਪਣੇ ਇਸ ਮੋਨੋਗ੍ਰਾਫ਼ ਵਿਚ ਕੋਸ਼ਿਸ਼ ਕੀਤੀ ਹੈ, ਉਸ ਦੀ ਸਥਾਪਨਾ ਲਈ ਭਾਸ਼ਾ ਵਿਗਿਆਨਿਕ ਸੰਸਾਰ ਵਿਚ ਪ੍ਰਚਲਿਤ ਕੋਈ ਵੀ ਮਾਡਲ ਜਾਂ ਅਪ੍ਰੋਚ ਮੁਹਈਆ ਨਹੀਂ ਕੀਤੀ ਅਤੇ ਨਾ ਹੀ ਕਿਸੇ ਸਿੱਧਾਂਤ-ਬਿੰਦੂ ਨੂੰ ਸਾਹਮਣੇ ਰਖਿਆ ਹੈ। ਵਿਗਿਆਨਿਕ ਤੌਰ ਤੇ ਵੱਖ ਵੱਖ ਭਾਸ਼ਾਵਾਂ ਦਾ ਤੁਲਨਾਤਮਕ ਅਤੇ ਟਾਕਰਾਮੂਲਕ ਅਧਿਐਨ ਕਰਨ ਲਈ ਸਿਧਾਂਤਕ ਭਾਸ਼ਾ-ਵਿਗਿਆਨ ਵਿਚ ਤਿੰਨ ਮਾਡਲ ਸਵੀਕ੍ਰਿਤ ਹਨ। ਸਵੀਕ੍ਰਿਤ ਮਾਡਲ ਇਹ ਹਨ :

(1) Neo-grammarian model

(2) Structural model

(3) Generative model

ਅਤੇ ਇਸੇ ਤਰ੍ਹਾਂ ਕਿਸੇ ਵੀ ਭਾਸ਼ਾ ਦੇ ਜਣਨਿਕ ਸਰੋਤਾਂ ਦੀ ਪਛਾਣ ਤੇ ਅਧਿਐਨ ਕਰਨ ਲਈ ਦੋ ਬੁਨਿਆਦੀ ਅਪ੍ਰੋਚ ਹਨ ਅਰਥਾਤ ਇਕ ਹੈ ਬਣਤਰੀ (ਸੰਰਚਨਾਤਮਕ) ਅਪ੍ਰੋਚ (structural approach) ਅਤੇ ਦੂਜੀ ਹੈ ਜੈਨੇਟਿਕ ਅਪ੍ਰੋਚ (genetic approach)। ਇਹ ਦੋ ਹੀ ਬੁਨਿਆਦੀ ਆਧਾਰ-ਬਿੰਦੂ ਹਨ ਜਿਨ੍ਹਾਂ ਨੂੰ ਡਾਇਆਕਰੋਨਿਕ ਭਾਸ਼ਾ-ਵਿਗਿਆਨੀ ਕਬੂਲ ਕਰਦੇ ਹਨ। ਜਨੈਟਿਕ ਅਪ੍ਰੋਚ ਦੀਆਂ ਅਗੋਂ ਤਿੰਨ ਹੋਰ ਵਿਧੀਆਂ ਹਨ : (1) ਫ਼ੈਮਲੀ ਆਧਾਰ-ਵਿਧੀ (2) ਬੰਸ-ਬ੍ਰਿਛ ਵਿਧੀ, ਅਤੇ (3) ਲਹਿਰ ਸਿਧਾਂਤ ਵਿਧੀ। (Family model, Family tree model, Wave theory model)

ਲੇਖਕ ਐਨੁਲਹਕ ਨੇ ਦ੍ਰਾਵਿੜੀ ਭਾਸ਼ਾ ਅਤੇ ਹਿੰਦ-ਪਾਕ ਦੀਆ ਮੌਜੂਦਾ ਆਰੀਆ ਭਾਸ਼ਾਵਾ ਦੀ ਆਪਸੀ ਸਾਝ-ਸਥਾਪਨਾ ਪੇਸ਼ ਕਰਨ ਲਈ ਉਪਰੋਕਤ ਕਿਸੇ ਵੀ ਮਾਡਲ ਜਾਂ ਕਿਸੇ ਵੀ ਪਹੁੰਚ-ਵਿਧੀ ਦਾ ਬੁਨਿਆਦੀ ਆਧਾਰ ਨਹੀਂ ਅਪਣਾਇਆ ਬਲਕਿ ਆਪਣੀ ਥਿਊਰੀ ਲਈ ਵਿਕੋਲਿੱਤਰੀਆਂ ਗੱਲਾਂ ਹੀ ਕੀਤੀਆਂ ਹਨ ।

ਇਸ ਤੋਂ ਇਲਾਵਾ ਲੇਖਕ ਨੇ ਜਿੰਨੇ ਵੀ ਫਾਰਮੂਲੇ ਪੇਸ਼ ਕਰਨ ਦਾ ਦਾਅਵਾ ਕੀਤਾ ਹੈ ਉਨ੍ਹਾ ਦੀ ਤਸਦੀਕ ਕਰਨ ਲਈ ਕਿਸੇ ਇਕ ਵੀ ਸਥਾਪਿਤ ਵਿਦਵਾਨ ਅਥਾਰਿਟੀ ਦਾ ਕੋਈ ਵੀ ਹਵਾਲਾ ਪ੍ਰਦਾਨ ਨਹੀਂ ਕੀਤਾ ਜਿਸ ਤੋਂ ਉਸ ਦੀ ਥਿਊਰੀ ਦੀ ਪੁਸ਼ਟੀ ਹੋਵੇ ।

ਇਸ ਤੋਂ ਅਗੇ ਪੰਜ ਹਜ਼ਾਰ ਸਾਲ ਪੁਰਾਣੀ ਸਿੰਧ-ਵਾਦੀ ਦੀ ਅਤਿ ਪ੍ਰਾਚੀਨ ਦ੍ਰਾਵਿੜੀ ਭਾਸ਼ਾ ਅਤੇ ਅਤਿ ਆਧੁਨਿਕ ਭਾਰਤ-ਪਾਕ ਆਰੀਆ ਭਾਸ਼ਾਵਾ ਦੇ ਦਰਮਿਆਨ ਅੱਜ ਤੋਂ ਕੋਈ ਚਾਰ ਪੰਜ ਹਜ਼ਾਰ ਸਾਲਾਂ ਦੀ ਵਿੱਥ ਹੈ । ਉਸ ਘੋਰ ਪ੍ਰਾਚੀਨ ਵੇਲੇ ਦੀ ਪੂਰਾ-ਦ੍ਰਾਵਿੜੀ ਮੂਲ-ਭਾਸ਼ਾ ਦੀ ਭਾਸ਼ਾਈ ਰੂਪ-ਰੇਖਾ ਕੀ ਸੀ ਅਤੇ ਉਸ ਦਾ ਬਣਤਰੀ ਵਿਧਾਨ ਕੀ ਸੀ ਇਸ ਬਾਰੇ ਲੇਖਕ ਨੇ ਕੋਈ ਵਿਗਿਆਨਕ ਜਾਣਕਾਰੀ ਮੁਹਈਆ ਨਹੀਂ ਕੀਤੀ । ਲੇਖਕ ਦਾ ਸਾਰਾ ਕੁਝ ਅੰਦਾਜ਼ੇ ਅਤੇ ਅਨੁਮਾਨ 'ਤੇ ਹੀ ਆਧਾਰਿਤ ਹੈ, ਬਿਨਾ ਕਿਸੇ ਟੈਕਸਟ ਜਾਂ ਨਮੂਨੇ ਤੋਂ, ਵਿਗਿਆਨਿਕ ਜਾਣਕਾਰੀ ਕਿਵੇਂ ਹਾਸਲ ਹੋ ਸਕਦੀ ਹੈ ।

ਐਨੁਲਹਕ ਨੇ ਆਪ ਮੰਨਿਆ ਹੈ ਕਿ ਹੜੱਪਾ ਦੀਆਂ ਮੁਹਰਾਂ ਉੱਤੇ ਉੱਕਰੀ ਹੋਈ ਲਿਪੀ ਅਜੇ ਤਕ undeciphered ਹੈ, ਇਸ ਲਈ ਹੜੱਪਾ ਤਹਿਜ਼ੀਬ ਦੀ ਕਿਹੜੀ ਬੋਲੀ ਸੀ, ਇਹ ਅਜੇ ਤਕ ਗ਼ੈਰ-ਯਕੀਨੀ ਹੈ । A.L. Basham (The Wonder That Was India, London, 1975) ਦਾ ਇਹੋ ਵਿਚਾਰ ਹੈ । ਨਿਰੇ ਸ਼ੂੰਨਵਾਦ 'ਤੇ ਏਡੀ ਵੱਡੀ ਥਿਊਰੀ ਖੜੀ ਕਰਨਾ ਗ਼ੈਰ-ਵਿਗਿਆਨਕ ਹੈ ।

ਇਕ ਹੋਰ ਵੀ ਗੱਲ ਹੈ ਕਿ ਐਨੁਲਹਕ ਨੇ ਜਦੀਦ ਭਾਸ਼ਾ-ਵਿਗਿਆਨ ਦੇ ਅਨੁਸਾਰ ਤਕਨੀਕੀ ਸ਼ਬਦਾਂ ਦੀ ਸਹੀ ਵਰਤੋਂ ਨਹੀਂ ਕੀਤੀ । ਉਹ "ਖਾਣਾ, ਪੀਣਾ, ਜਾਗਣਾ" ਨੂੰ roots ਲਿਖਦਾ ਹੈ (ਵੇਖੋ ਪੰਨਾ 18) । ਪਰ ਇਹ ਸ਼ਬਦ ਤਾਂ stem (ਕ੍ਰਿਆ-ਮੂਲ) ਹਨ । ਧਾਤੂ (roots) ਸ਼ਬਦ ਦਾ ਉਹ ਹਿੱਸਾ ਹੈ ਜਿਸ ਨਾਲ ਹਰ ਤਰ੍ਹਾ ਦੇ ਅਗੇਤਰ, ਪਿਛੇਤਰ, ਮੱਧੇਤਰ (ਵਧੇਤਰ) ਉਤਾਰ ਲਏ ਜਾਂਦੇ ਹਨ [ਵੇਖੋ David Crystal : "It (root) is that part of word left when all the affixes are removed," 1986 : 267] । ਖਾਣਾ, ਪੀਣਾ, ਜਾਗਣਾ, ਨਾਲ ਖਾ+ਅਨ, ਪੀ+ਅਨ ਅਤੇ ਜਾਗ+ਅਨ ਪਿਛੇਤਰ (derivational affixes) ਜੁੜੇ ਹੋਏ ਹਨ । ਏਸੇ ਤਰ੍ਹਾਂ ਲੇਖਕ ਤਮਿਲ, ਤੇਲਗੂ ਆਦਿ ਦ੍ਰਾਵਿੜੀ ਭਾਸ਼ਾਵਾਂ ਦੇ ਕਾਰਕੀ ਚਿੰਨ੍ਹਾ (case-endings) ਨੂੰ ਪੰਜਾਬੀ-ਉਰਦੂ ਆਦਿ ਆਰੀਆ ਭਾਸ਼ਾਵਾਂ ਦੇ ਸੰਬੰਧਕਾਂ (post-positions) ਨਾਲ ਤੁਲਨਾਉਂਦਾ ਹੈ ਤਾਂ ਭੁਲ ਜਾਂਦਾ ਹੈ ਕਿ ਦ੍ਰਾਵਿੜੀ ਭਾਸ਼ਾਵਾਂ agglutinating ਕਿਸਮ ਦੀਆਂ ਹਨ ਜਦ ਕਿ ਹਿੰਦ-ਪਾਕ ਮਾਡਰਨ ਭਾਸਾਵਾ analytic ਹਨ [ਵੇਖੋ O' Grady 1989 : 242] । ਦ੍ਰਾਵਿੜੀ ਵਿਚ ਕਾਰਕੀ ਚਿੰਨ੍ਹ suffixes ਜਾਂ postpositions ਨਹੀਂ ਹਨ, ਉਥੇ ਇਹ inflecting infixes ਹਨ ਜਦ ਕਿ ਹਿੰਦ-ਪਾਕ ਮਾਡਰਨ ਭਾਸ਼ਾਵਾਂ ਦੇ ਕਾਰਕ-ਸੂਚਕ ਚਿੰਨ੍ਹ "ਸੰਬੰਧਕ" post-positions ਹਨ । ਇਸ ਦਾ ਮਤਲਬ ਇਹ ਹੈ ਕਿ ਦ੍ਰਾਵਿੜੀ ਅਤੇ ਹਿੰਦ-ਪਾਕ ਭਾਸ਼ਾਵਾਂ ਦੇ ਸਿਸਟਮ ਅਲਗ ਅਲਗ ਹਨ । ਜੇਕਰ ਉਰਦੂ-ਹਿੰਦੀ, ਪੰਜਾਬੀ ਦ੍ਰਾਵਿੜੀ ਮੂਲਕ ਹੁੰਦੀਆਂ

ਤਾਂ ਇਨ੍ਹਾਂ ਦਾ ਭਾਸ਼ਾਈ ਸਿਸਟਮ ਵੀ agglutinating ਹੁੰਦਾ ਜਿਵੇਂ ਕਿ ਦ੍ਰਾਵਿੜੀ ਭਾਸ਼ਾਵਾਂ ਦਾ ਹੈ।

ਕੇਂਦਰੀ ਨੁਕਤਾ

ਸਭ ਤੋਂ ਅਹਿਮ ਤੇ ਕੇਂਦਰੀ ਨੁਕਤਾ ਤਾਂ ਇਹ ਹੈ ਕਿ ਐਨੁਲਹਕ ਆਪਣੇ ਇਸ ਮੋਨੋਗ੍ਰਾਫ ਵਿਚ ਉਰਦੂ-ਹਿੰਦੀ, ਪੰਜਾਬੀ ਆਦਿ ਭਾਸ਼ਾਵਾਂ ਨੂੰ ਦ੍ਰਾਵਿੜੀ ਭਾਸ਼ਾ ਤੋਂ ਉਤਪੰਨ ਹੋਈਆਂ ਸਾਬਤ ਕਰਨ ਲਈ ਜਤਨਸ਼ੀਲ ਹੈ। ਇਸ ਲਈ ਉਸ ਨੇ ਆਧੁਨਿਕ ਤਮਿਲ, ਤੇਲਗੂ ਆਦਿ ਦ੍ਰਾਵਿੜੀ ਭਾਸ਼ਾਵਾਂ ਅਤੇ ਹਿੰਦ-ਪਾਕ ਭਾਸ਼ਾਵਾਂ ਦੇ ਦਰਮਿਆਨ ਤੁਲਨਾ ਤੇ ਟਾਕਰਾ ਪੇਸ਼ ਕਰਨ ਸਮੇਂ ਐਵੇਂ ਨਿਗੂਣੇ ਜਿਹੇ ਭਾਸ਼ਾਈ ਅੰਸ਼ ਪੇਸ਼ ਕੀਤੇ ਹਨ ਜਿਵੇਂ ਕਿ suffixes, case-endings, auxiliary, post-positions ਵਗੈਰਾ। ਪਰੰਤੂ ਇਹ ਸਾਰੇ ਅੰਸ਼ ਕਿਸੇ ਭਾਸ਼ਾ ਦੇ ਮਾਮੂਲੀ, ਗੈਰ-ਜ਼ਰੂਰੀ, ਗੈਰ-ਬੁਨਿਆਦੀ ਤੇ peripheral elements ਹੁੰਦੇ ਹਨ। ਇਨ੍ਹਾਂ ਨੂੰ non-lexical items ਕਿਹਾ ਜਾਂਦਾ ਹੈ ਕਿਉਂਕਿ ਇਹ ਤਾਂ ਨਿਰੇ ਸੰਬੰਧ-ਸੂਚਕ ਤੱਤ ਹੁੰਦੇ ਹਨ। ਪਰ ਇਹ ਅਰਥ-ਵਾਹਕ ਨਹੀਂ ਹੁੰਦੇ। ਇਨ੍ਹਾਂ non-lexical elements ਦੇ ਅਧਿਐਨ ਤੋਂ ਵੱਖ ਵੱਖ ਭਾਸ਼ਾਵਾਂ ਦੇ ਰਿਸ਼ਤਿਆਂ ਦੀ ਪਛਾਣ ਸਥਾਪਿਤ ਨਹੀਂ ਕੀਤੀ ਜਾ ਸਕਦੀ। ਜਣਨਿਕ ਰਿਸ਼ਤਿਆਂ ਦੀ ਪਛਾਣ-ਸਥਾਪਨਾ ਲਈ ਭਾਸ਼ਾਵਾਂ ਦੇ lexical items ਹੀ ਮਹੱਤਵਪੂਰਣ ਅੰਸ਼ ਮੰਨੇ ਜਾਂਦੇ ਹਨ ਜਿਹੜੇ ਕਿ ਭਾਸ਼ਾ-ਅਧਿਐਨ ਦੇ ਕੇਂਦਰੀ ਤੱਤ ਹੁੰਦੇ ਹਨ।

ਅਸੀਂ ਅਗੇਤਰਾਂ, ਪਿਛੇਤਰਾਂ ਅਤੇ ਸਹਾਇਕ ਅੰਸ਼ਾਂ ਦੀ ਥੋੜ੍ਹੀ-ਬਹੁਤੀ ਇਤਫਾਕੀਆ ਸਾਂਝ-ਸਮਾਨਤਾ ਜਾਂ chance similarities ਵੇਖ ਕੇ ਕਿਸੇ ਭਾਸ਼ਾ ਦੇ ਜਨਮ-ਸਰੋਤ ਦਾ ਨਿਰਣਯ ਨਹੀਂ ਕਰ ਸਕਦੇ। ਭਾਸ਼ਾ ਦੇ ਜਨਮ-ਸਰੋਤ ਦਾ ਫੈਸਲਾ ਕਰਨ ਲਈ ਤਾਂ lexical items (ਕੋਸ਼ੀ ਮਦਾਂ) ਦੀ ਸਾਂਝ-ਸਮਾਨਤਾ ਹੀ ਫੈਸਲਾਕੁਨ ਸਬੂਤ ਹੋ ਸਕਦੀ ਹੈ।

ਭਾਸ਼ਾ-ਵਿਗਿਆਨਕ ਸਿਧਾਂਤਾਂ ਦੇ ਅਨੁਸਾਰ ਕਿਸੇ ਭਾਸ਼ਾ ਦੇ ਸ਼ਬਦ-ਸਮੂਹ ਨੂੰ ਦੋ ਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ :

(1) ਕੋਸ਼ੀ ਮਦਾਂ (ਨਾਂਵ, ਕ੍ਰਿਆ, ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ = noun, verb, adj., adverb)

(2) ਵਿਆਕਰਣਿਕ ਮਦਾਂ ਜਾਂ ਸੰਰਚਨਾਤਮਕ ਮਦਾਂ (grammatical or structural items) (ਜਿਵੇਂ, ਪੜਨਾਂਵ, ਸੰਬੰਧਕ, ਯੋਜਕ, ਨਿਪਾਤ = pronouns, preposition, conjunctions) ਦੂਜੇ ਨੰਬਰ ਵਾਲਿਆਂ ਨੂੰ non-lexical items or function-words ਵੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚ ਅਗੇਤਰ, ਪਿਛੇਤਰ, ਮੱਧੇਤਰ (ਵਧੇਤਰ) ਜਾਂ suffixes ਵੀ ਸ਼ਾਮਲ ਕੀਤੇ ਜਾਂਦੇ ਹਨ। Hans Hock (1991 : 29) ਨੇ ਲਿਖਿਆ ਹੈ ਕਿ ਗੈਰ-ਅਰਥੀਮਕ ਤੱਤ (non-lexical items) ਜਾਂ ਅਗੇਤਰ, ਪਿਛੇਤਰ (suffixes) ਆਦਿ ਵਾਕ ਦੇ ਅੰਤਰਗਤ ਸ਼ਬਦਾਂ ਦੇ ਸੰਬੰਧਾਂ ਨੂੰ ਮਾਤ੍ਰ ਜ਼ਾਹਰ ਕਰਦੇ ਹਨ।* ਇਸ ਲਈ ਅਰਥੀਮਕ ਤੱਤ (lexical items) ਹੀ ਭਾਸ਼ਾਵਾਂ ਦੇ ਦਰਮਿਆਨ ਤੁਲਨਾ ਕਰਨ ਲਈ ਪ੍ਰਮੁਖ ਮਹੱਤਵਪੂਰਣ ਅੰਗ

* "These suffixes serve the purpose of inflections, to express such non-lexical notions as the relationship between words to each other within a given sentence." Hans Henrich Hock (1991), *Principles of Historical Linguistics*, Berlin, p. 29

> ਜਾਂ ਅੰਸ਼ ਹੋ ਸਕਦੇ ਹਨ ਜਿਨ੍ਹਾਂ ਦੇ ਵਰਣਨ ਤੋਂ ਕਿਸੇ ਭਾਸ਼ਾ ਦੀ ਸਰੋਤ-ਸਥਾਪਨਾ ਸੰਭਵ ਹੋ ਸਕਦੀ ਹੈ । ਇਸ ਦੀ ਵਜ੍ਹਾ ਇਹ ਹੈ ਕਿ ਕੋਸ਼ੀ/ਅਰਥੀਮਕ ਮਦਾਂ ਸਥਿਰ ਤੇ ਟਿਕਾਊ ਮਦਾਂ ਹਨ ਜਦ ਕਿ ਗ਼ੈਰ-ਅਰਥੀਮਕ ਮਦਾ ਤੇਜ਼ੀ ਨਾਲ ਬਦਲਦੀਆਂ ਰਹਿੰਦੀਆਂ ਹਨ ਕਿਉਂਕਿ ਇਹ ਆਰਜ਼ੀ ਹਨ ।

ਇਸ ਤੋਂ ਇਲਾਵਾ ਕਿਸੇ ਭਾਸ਼ਾ ਦਾ ਤੁਲਨਾ-ਮੂਲਕ ਅਧਿਐਨ ਲਈ ਬੇਸਿਕ ਸ਼ਬਦ ਕੋਸ਼ ਜਾਂ ਸ਼ਬਦਾਵਲੀ ਵੀ ਆਧਾਰ-ਬਿੰਦੂ ਬਣ ਸਕਦੀ ਹੈ । ਇਸ ਸੰਬੰਧ ਵਿਚ Hans Hock ਦਾ ਕਥਨ ਹੈ ਕਿ ਵੱਖ ਵੱਖ ਭਾਸ਼ਾਵਾ ਵਿਚ ਜੈਨੇਟਿਕ ਰਿਸ਼ਤਿਆਂ ਨੂੰ ਸਾਬਤ ਕਰਨ ਲਈ ਉਹ ਸਾਝਾਂ ਤੇ ਸਮਰੂਪਤਾਵਾਂ ਸੰਭਵ ਹਨ ਜੋ ਕਿ ਸ਼ਬਦਾਵਲੀ/ਸ਼ਬਦ-ਕੋਸ਼ ਵਿਚ ਉਪਲਬਧ ਹੁੰਦੀਆਂ ਹਨ ਖ਼ਾਸ ਕਰ ਕੇ ਬੇਸਿਕ ਸ਼ਬਦਾਵਲੀ ਵਿਚ ।* ਏਥੇ ਇਹ ਵੀ ਕਾਬਲੇ-ਗੌਰ ਤੱਥ ਹੈ ਕਿ ਪੈਤ੍ਰਿਕ ਸਾਝ-ਸਮਾਨਤਾਵਾ ਨਾ ਤਾ ਅਚਣਚੇਤੀ ਸਮਾਨਤਾਵਾਂ ਹੁੰਦੀਆਂ ਹਨ ਅਤੇ ਨਾਹੀ ਕਿਸੇ ਵਿਦੇਸ਼ੀ ਜਾ ਓਪਰੀ ਭਾਸ਼ਾ ਦੇ ਸੰਪਰਕ ਤੋਂ ਉਧਾਰੇ ਲਏ (borrowings) ਤੱਤਾਂ ਦੇ ਸਿੱਟੇ ਹੁੰਦੀਆਂ ਹਨ । ਇਸ ਲਈ ਕਿਸੇ ਭਾਸ਼ਾ ਦੇ ਜਣਨਿਕ ਸੰਬੰਧਾਂ ਦੀ ਪਛਾਣ ਕਰਨ ਲਈ ਬੇਸਿਕ ਸ਼ਬਦਾਵਲੀ, lexical items, ਅਤੇ ਹੋਰ ਅਰਥੀਮਕ ਤੱਤ ਹੀ ਆਧਾਰ-ਸੰਕਲਪ ਹੋ ਸਕਦੇ ਹਨ, ਦੂਜੇ ਸੰਬੰਧਕੀ ਮਦ ਤੁਲਨਾਤਮਕ ਭਾਸ਼ਾ-ਵਿਗਿਆਨ ਵਿਚ ਬਾ-ਇਤਬਾਰ ਵਸੀਲੇ ਨਹੀਂ ਹੋ ਸਕਦੇ ਕਿਉਂਕਿ ਇਹ ਬਾਹਰਲੇ ਅਸਰਾਂ ਤੋਂ ਛੇਤੀ ਪ੍ਰਭਾਵਤ ਹੋ ਜਾਂਦੇ ਹਨ ।

ਇਸ ਤਰ੍ਹਾਂ ਉਪਰੋਕਤ ਸਿਧਾਂਤਕ ਪਰਿਪੇਖ ਵਿਚ ਜਦ ਅਸੀਂ ਐਨੁਲਹਕ ਦੇ ਮੋਨੋਗ੍ਰਾਫ਼ ਦੀ ਸਮੀਖਿਆ ਕਰਦੇ ਹਾਂ ਤਾ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਪ੍ਰਚਾਰੀ ਗਈ *ਦ੍ਰਾਵਿੜੀ-ਥਿਊਰੀ* ਦੀ ਸਭ ਤੋਂ ਵੱਡੀ ਖਾਮੀ ਤੇ ਘਾਟ ਇਹੋ ਹੀ ਹੈ ਕਿ ਲੇਖਕ ਨੇ ਸਿਰਫ਼ ਥੋੜ੍ਹੀਆਂ ਜਿਹੀਆਂ ਗ਼ੈਰ-ਕੋਸ਼ੀ ਮਦਾਂ (non-lexical items) ਦੀਆ ਮਿਸਾਲਾਂ ਸਾਹਮਣੇ ਰਖ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਹਿੰਦੀ-ਉਰਦੂ, ਪੰਜਾਬੀ, ਸਿੰਧੀ ਆਦਿ ਹਿੰਦ-ਪਾਕ ਦੀਆ ਭਾਸ਼ਾਵਾਂ ਦੀ ਉਤਪੱਤੀ ਦ੍ਰਾਵਿੜੀ ਭਾਸ਼ਾਵਾ ਤੋਂ ਹੁੰਦੀ ਹੈ ਅਤੇ ਹਿੰਦ-ਪਾਕ ਭਾਸਾਵਾਂ ਦਾ ਸੰਸਕ੍ਰਿਤ ਤੇ ਪ੍ਰਾਕ੍ਰਿਤਾ ਨਾਲ ਕੋਈ ਨਾਤਾ-ਰਿਸ਼ਤਾ ਨਹੀਂ ਹੈ । ਇਸ ਥਿਊਰੀ ਦੇ ਆਧਾਰ ਵਜੋਂ ਕੁਝ ਸੰਬੰਧਕ (post-positons), ਅਗੇਤਰ-ਪਿਛੇਤਰ (suffixes) ਆਦਿ ਹੀ ਪੇਸ਼ ਕੀਤੇ ਗਏ ਹਨ ਕੋਈ ਨਾਂਵ ਜਾਂ ਵਿਸ਼ੇਸ਼ਣ ਜਾਂ ਫਿਰ ਕ੍ਰਿਆ-ਮੂਲ ਦੀ ਵੰਨਗੀ ਆਦਿ ਉਦਾਹਰਣ ਵਜੋਂ ਪੇਸ਼ ਨਹੀਂ ਕੀਤੀ । ਇਸ ਲਈ ਐਨੁਲਹਕ ਦੀ ਸਾਰੀ ਕੋਸ਼ਿਸ਼ ਨਿਹਫਲ ਹਦ ਤਕ ਪਹੁੰਚ ਜਾਦੀ ਹੈ ।

ਇਸ ਸੰਬੰਧ ਵਿਚ ਏਥੇ ਦੋ ਤਰਕ-ਪ੍ਰਣਾਲੀਆਂ ਵੀ ਕਾਬਲੇ-ਜ਼ਿਕਰ ਹਨ । ਇਕ ਤਾਂ ਇਹ ਹੈ ਕਿ ਆਰੀਆਂ ਨਾਲ ਅਨਾਰੀਆ ਦੇ ਸੰਗ-ਸੰਪਰਕ ਕਰ ਕੇ ਆਪਸ ਵਿਚ ਭਾਸ਼ਾਗਤ ਆਦਾਨ-ਪ੍ਰਦਾਨ ਹੋਇਆ ਹੈ । ਵਿਦਵਾਨਾ ਨੇ ਆਰੀਆ ਸੰਸਕ੍ਰਿਤੀ ਅਤੇ ਭਾਸ਼ਾ ਵਿਚ ਗ਼ੈਰ-ਆਰੀਆ ਕੌਮੀਅਤਾਂ ਜਿਵੇਂ ਆਸਟ੍ਰਿਕ, ਮੁੰਡਾ, ਹਿੰਦੀ-ਚੀਨੀ ਅਤੇ ਦ੍ਰਾਵਿੜਾਂ ਆਦਿ ਦਾ ਯੋਗਦਾਨ ਮੰਨਿਆ ਹੈ । ਪਰੰਤੂ ਇਸ ਦੇ ਉਲਟ ਅਨਾਰੀਆ ਕੌਮਾ ਨੇ ਵੀ ਆਰੀਆ ਤੋਂ ਬਹੁਤ ਕੁਝ ਹਾਸਲ ਕੀਤਾ ਹੈ । Gilbert Slater (1976), "*The Dravidian Elements*

* "Evidence for possible genetic relationship thus should consist of correspondences which pervade the vocabulary and which include most of the basic vocabulary" (Hans Hock, 1991 : 561, Berlin)

in Indian Culture" ਵਿਚ ਲਿਖਦਾ ਹੈ ਕਿ "ਜਿੱਥੇ ਦ੍ਰਾਵਿੜਾਂ ਦਾ ਭਾਸ਼ਾ ਪਖੋਂ ਆਰੀਆਈਕਰਣ ਹੋਇਆ, ਉਥੇ ਕਲਚਰ ਵਲੋਂ ਆਰੀਆ ਦਾ ਦ੍ਰਾਵਿੜੀਕਰਣ ਹੋਇਆ ਹੈ।"[10] T. Burrow ਦੇ ਅਨੁਸਾਰ ਆਰੀਆ ਭਾਸ਼ਾ ਵਿਚ ਦ੍ਰਾਵਿੜੀ borrowings ਹਨ। ਪਰ ਸਵਾਲ ਇਹ ਹੈ ਕਿ ਉਧਾਰੇ ਅੰਸ਼ ਕਿਸੇ ਭਾਸ਼ਾ ਦੇ ਮੂਲ-ਅੰਸ਼ ਨਹੀਂ ਹੋ ਸਕਦੇ, ਇਸ ਲਈ borrowings ਨੂੰ ਜਨਮ-ਸਰੋਤ ਦੀ ਸਥਾਪਨਾ ਲਈ ਕੋਈ ਆਧਾਰ-ਬਿੰਦੂ ਨਹੀਂ ਬਣਾਇਆ ਜਾ ਸਕਦਾ।

ਦੂਜੀ ਤਰਕ-ਪ੍ਰਣਾਲੀ ਇਹ ਹੈ ਕਿ ਭਾਰਤੀ ਆਰੀਆ ਭਾਸ਼ਾ ਵੈਦਿਕ ਸੰਸਕ੍ਰਿਤ, ਕਲੈਸੀਕਲ ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ ਅਤੇ ਸਾਹਿਤਕ ਪ੍ਰਾਕ੍ਰਿਤਾਂ ਤੇ ਯੁਗ ਤਕ ਸੰਜੋਗਾਤਮਕ ਹੋਣ ਕਰਕੇ inflecting ਰਹੀ ਹੈ ਪਰੰਤੂ ਅਪਭ੍ਰੰਸ਼ ਯੁਗ ਦੇ ਸਮੇਂ ਤੋਂ ਆਰੀਆ ਭਾਸ਼ਾ ਵਿਚ ਵਿਜੋਗਾਤਮਕ ਪ੍ਰਵਿਰਤੀ ਸ਼ੁਰੂ ਹੋਈ ਹੈ, ਇਸ ਕਰਕੇ ਹੌਲੀ ਹੌਲੀ ਵਿਭਕਤੀਆ ਦੀ ਥਾਂ ਸੰਬੰਧਕਾਂ (post-positions) ਦਾ ਉਦੈ ਹੋਇਆ ਹੈ। ਇਸ ਕਾਰਣ ਹਿੰਦ-ਪਾਕ ਦੀਆਂ ਆਧੁਨਿਕ ਉਰਦੂ-ਹਿੰਦੀ, ਪੰਜਾਬੀ, ਸਿੰਧੀ ਆਦਿ ਭਾਸ਼ਾਵਾਂ analytic ਹਨ ਅਤੇ ਵਿਭਕਤੀਆ ਦੀ ਥਾਂ ਸੰਬੰਧਕ-ਪ੍ਰਧਾਨ ਹਨ। ਸੰਬੰਧਕੀ ਪਿਛੇਤਰਾ ਦੇ ਉਦੈ ਵਿਚ,, ਸੰਭਵ ਹੈ, ਕਿ ਦ੍ਰਾਵਿੜੀ ਭਾਸ਼ਾਵਾਂ ਨੇ ਕੁਝ ਯੋਗਦਾਨ ਪਾਇਆ ਹੋਵੇ ਲੇਕਿਨ ਹਕੀਕਤ ਇਹ ਹੈ ਕਿ synthetic ਤੋਂ analytic ਤਕ ਦਾ ਭਾਸ਼ਾਈ ਪਰਿਵਰਤਨ ਆਰੀਆ ਭਾਸ਼ਾ ਦੇ ਲੰਮੇ ਸੁਦੀਰਘ ਕਾਲ-ਖੰਡ ਦੇ ਦੌਰਾਨ ਹੋਇਆ ਸਹਿਜ ਵਿਕਾਸ ਹੀ ਹੈ ਜੋ ਇਕ ਲੜੀਵਾਰ ਨਿਰੰਤਰ ਰੂਪ ਵਿਚ ਵਾਪਰਿਆ ਹੈ। ਇਸ ਲਈ ਐਨੁਲਹਕ ਦਾ ਇਹ ਦਾਅਵਾ ਕਿ ਹਿੰਦ-ਪਾਕ ਦੀਆ ਆਧੁਨਿਕ ਭਾਸ਼ਾਵਾਂ ਦ੍ਰਾਵਿੜੀ ਭਾਸ਼ਾ ਤੋਂ ਉਤਪੰਨ ਹੋਈਆਂ ਹਨ, ਕਿਸੇ ਤਰ੍ਹਾਂ ਵੀ ਵਿਗਿਆਨਿਕ ਲੀਹਾਂ 'ਤੇ ਸਾਬਤ ਨਹੀਂ ਹੋ ਸਕਦਾ, ਅਤੇ ਇਸ ਲਈ ਐਨੁਲਹਕ ਦੀ "ਦ੍ਰਾਵਿੜੀ-ਥਿਊਰੀ" ਸਾਰ-ਹੀਣ ਹੋ ਨਿਬੜਦੀ ਹੈ।

ਇਸ ਤੋਂ ਅੱਗੇ ਇਕ ਹੋਰ ਵੀ ਨੁਕਤਾ ਅਹਿਮ ਹੈ। ਐਨੁਲਹਕ ਨੇ ਦ੍ਰਾਵਿੜੀ ਅਤੇ ਉੱਤਰ ਭਾਰਤੀ ਭਾਸ਼ਾਵਾ ਦੇ ਵਿਚਕਾਰ ਸਾਂਝੇ ਫੌਨੈਟਿਕ ਸਿਸਟਮ ਦਾ ਐਲਾਨ ਤਾਂ ਕੀਤਾ ਹੈ ਲੇਕਿਨ ਦੋਹਾ ਦੀ ਸਾਂਝੀ ਫੋਨੈਟਿਕਸ ਅਤੇ ਫੋਨਾਲੌਜੀ (historical phonology or descriptive phonology) ਬਾਰੇ ਕੋਈ ਵੀ ਚਰਚਾ ਨਹੀਂ ਕੀਤੀ। ਪੰਜਾਬੀ ਜਿੱਥੇ tonal ਭਾਸ਼ਾ ਹੈ ਉਥੇ ਦ੍ਰਾਵਿੜੀ ਭਾਸ਼ਾਵਾ non-tonal ਹਨ। ਪੰਜਾਬੀ (ਪਹਾੜੀ ਭਾਸ਼ਾਵਾਂ ਰਾਜਸਥਾਨੀ) ਦੀ ਸੁਰ-ਪ੍ਰਣਾਲੀ (ਟੋਨ-ਸਿਸਟਮ) ਦੀ ਦ੍ਰਾਵਿੜੀ ਵਿਚ ਕੋਈ ਸਾਂਝ ਨਹੀਂ ਮਿਲਦੀ। ਇਸ ਦਾ ਐਨੁਲਹਕ ਨੇ ਕੋਈ ਜ਼ਿਕਰ ਨਹੀਂ ਕੀਤਾ। ਧੁਨੀਆਂ ਤੇ ਉੱਚਾਰਣ ਭਾਸ਼ਾ ਦੀ ਬੁਨਿਆਦ ਹੈ, ਇਨ੍ਹਾਂ ਬਾਰੇ ਲੇਖਕ ਖਾਮੋਸ਼ ਹੈ। ਨਾਲੇ ਪੰਜਾਬੀ, ਹਿੰਦੀ ਵਿਚ ਜਿੰਨੇ ਵੀ ਕ੍ਰਿਆਵੀ ਮੂਲਅੰਸ਼ ਹਨ ਅਤੇ ਜੋ ਵੀ verbal system ਹੈ ਉਨ੍ਹਾ ਸਾਰੀਆਂ ਦੀਆ ਜੜ੍ਹਾਂ ਜਾ ਧਾਤੂ (roots) ਸੰਸਕ੍ਰਿਤ-ਮੂਲਕ ਹਨ। ਡਾ. ਸ਼ਿਆਮਦੇਵ ਪਾਰਾਸ਼ਰ* ਨੇ ਕੋਈ 80 ਸਫਿਆ ਉੱਤੇ ਪੰਜਾਬੀ ਦੀਆ ਕ੍ਰਿਆਵਾ ਸੰਗ੍ਰਹਿ ਕੀਤੀਆ ਹਨ ਅਤੇ ਉਨ੍ਹਾਂ ਸਾਰੀਆਂ ਦੇ ਸੰਸਕ੍ਰਿਤ roots ਵੀ ਅੰਕਿਤ ਕੀਤੇ ਹਨ। ਯਾਦ ਰਹੇ ਭਾਰਤੀ ਆਰੀਆ ਭਾਸ਼ਾਵਾਂ ਦਾ ਹਰ ਨੇਟਿਵ ਸ਼ਬਦ (ਅਰਥਾਤ ਅਰਥੀਮ, lexeme) ਕਿਸੇ ਨਾ ਕਿਸੇ ਧਾਤੂ ਤੋਂ ਵਿਉਤਪੰਨ ਹੁੰਦਾ (derived) ਹੈ, ਅਤੇ ਉਹ ਧਾਤੂ ਮੂਲ ਸੰਸਕ੍ਰਿਤ ਭਾਸ਼ਾ ਦੇ ਹੀ

* ਸ਼ਿਆਮਦੇਵ ਪਾਰਾਸ਼ਰ [1990], *ਸੰਸਕ੍ਰਿਤ ਤਥਾ ਪੰਜਾਬੀ ਕੇ ਸੰਬੰਧ*, ਵੀ. ਵੀ. ਆਰ., ਇੰਸਟੀਚਿਊਟ ਹੋਸ਼ਿਆਰਪੁਰ।

ਉਪਲਬਧ ਹੁੰਦੇ ਹਨ । ਇਨ੍ਹਾ ਭਾਸ਼ਾਗਤ ਤੱਥਾਂ ਦੀ ਰੌਸ਼ਨੀ ਵਿਚ ਉੱਤਰੀ ਭਾਰਤੀ ਭਾਸਾਵਾਂ ਨੂੰ ਕਿਵੇਂ ਦ੍ਰਾਵਿੜੀ-ਮੂਲਕ ਮੰਨਿਆ ਜਾ ਸਕਦਾ ਹੈ । ਜ਼ਾਹਰ ਹੈ ਕਿ ਇਸ ਤੱਥ ਦੇ ਚਾਨਣੇ ਵਿਚ ਐਨੁਲਹਕ ਦਾ ਦਾਅਵਾ ਖੰਡਿਤ ਹੋ ਜਾਂਦਾ ਹੈ ।

ਇਕ ਪ੍ਰਸ਼ਨ ਭਾਸ਼ਾ ਤੋਂ ਬਾਹਰ ਪੁੱਛਣਾ ਰਹਿ ਜਾਂਦਾ ਹੈ ਕਿ ਕੀ ਹਿੰਦ-ਪਾਕ ਦੇ ਪੰਜਾਬੀ ਲੋਕ ਦ੍ਰਾਵਿੜਾਂ ਦੀ ਔਲਾਦ ਹਨ । ਕੀ ਕੋਈ ਭਾਰਤ ਦਾ ਜਾਂ ਪਾਕ ਦਾ ਪੰਜਾਬੀ ਬਾਸ਼ਿੰਦਾ ਆਪਣੇ ਆਪ ਨੂੰ ਦ੍ਰਾਵਿੜਾਂ ਦੀ ਸੰਤਾਨ ਮੰਨਣ ਨੂੰ ਤਿਆਰ ਹੈ ? ਨਸਲ-ਵਿਗਿਆਨੀ ਵਿਦਵਾਨ ਉੱਤਰੀ ਹਿੰਦ-ਪਾਕ ਅਤੇ ਦੱਖਣੀ ਭਾਰਤ ਨੂੰ ਦੋ ਨਸਲਾਂ ਦਾ ਦੇਸ਼ ਮੰਨਦੇ ਆ ਰਹੇ ਹਨ, ਅਰਥਾਤ ਆਰੀਆ ਅਤੇ ਦ੍ਰਾਵਿੜੀ ।

ਐਨੁਲਹਕ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਸੰਸਕ੍ਰਿਤ ਦੋ ਤਰ੍ਹਾਂ ਦੀ ਹੈ, ਇਕ ਵੈਦਿਕ ਸੰਸਕ੍ਰਿਤ ਜਾਂ ਵੈਦਿਕ ਭਾਸ਼ਾ ਅਤੇ ਦੂਜੀ ਹੈ ਕਲੈਸੀਕਲ ਸੰਸਕ੍ਰਿਤ । ਵੈਦਿਕ ਭਾਸ਼ਾ ਹੀ ਆਪਣੇ ਵਕਤ ਦੀਆਂ ਲੋਕ ਬੋਲੀਆਂ 'ਤੇ ਨਿਰਭਰ ਟਕਸਾਲੀ ਭਾਸ਼ਾ ਸੀ ਜਿਸ ਵਿਚੋਂ ਹੀ ਕੋਈ ਸਾਢੇ ਤਿੰਨ ਹਜ਼ਾਰ ਸਾਲਾਂ ਦੇ ਅਰਸੇ ਦੇ ਦੌਰਾਨ ਪਾਲੀ ਭਾਸ਼ਾ, ਪ੍ਰਾਕ੍ਰਿਤਾਂ, ਅਪਭ੍ਰੰਸ਼ ਤੇ ਅਵਹੱਟ ਭਾਸ਼ਾਵਾਂ ਦੇ ਭਾਸ਼ਾਈ ਰੂਪਾਂ ਵਿਚ ਰੂਪਾਂਤਰ ਹੁੰਦੀਆਂ ਹੋਈਆਂ ਸਾਡੀਆਂ ਅਜੋਕੀਆਂ ਹਿੰਦ-ਪਾਕ ਭਾਸ਼ਾਵਾਂ ਹੋਂਦ ਵਿਚ ਆਈਆਂ ਹਨ ।

ਇਕ ਹੋਰ ਮਹੱਤਵਪੂਰਣ ਨੁਕਤਾ ਇਹ ਵੀ ਹੈ ਕਿ ਤੁਲਨਾ ਜਾਂ ਮੁਕਾਬਲਾ ਕਰਨ ਲਈ ਆਧਾਰ ਭਾਸ਼ਾ (base language) ਅਤੇ ਉੱਦੇਸ਼ ਭਾਸ਼ਾ (target language) ਦੋਹਾਂ ਦੀਆਂ ਧੁਨੀਆਂ, ਧੁਨੀਮਾਂ, ਉਚਾਰਖੰਡਾਂ, ਰੂਪਾਂ ਤੇ ਰੂਪੀਮਾਂ, ਵਿਆਕਰਣਿਕ ਬਣਤਰਾਂ, ਸ਼ਬਦਾਂ ਤੇ ਸ਼ਬਦ-ਕ੍ਰਮਾਂ ਅਤੇ ਖ਼ਾਸ ਕਰਕੇ ਅਰਥ ਤੇ ਅਰਥੀਮਾਂ ਅਤੇ ਵਾਕ-ਯੋਜਨਾ ਦੀ ਪੂਰੀ ਪੂਰੀ ਡੂੰਘੀ ਜਾਣਕਾਰੀ ਹੋਣੀ ਚਾਹੀਦੀ ਹੈ । ਪਰ ਜਾਪਦਾ ਹੈ ਕਿ ਐਨੁਲਹਕ ਨੂੰ ਦ੍ਰਾਵਿੜੀ ਭਾਸ਼ਾਵਾਂ ਦੀ ਕੋਈ first-hand knowledge ਨਹੀਂ ਹੈ । ਉਹ ਤਾਂ T. Burrow ਦੀ ਡਿਕਸ਼ਨਰੀ ਦੇ ਸਹਾਰੇ ਇੰਟਰਨੈਸ਼ਨਲ ਭਾਸ਼ਾ-ਵਿਗਿਆਨਕ ਕਮਿਊਨਿਟੀ ਨੂੰ ਚੈਲੰਜ ਕਰਕੇ ਅਣ-ਵਿਗਿਆਨਕ ਥਿਊਰੀ ਘੜ ਰਿਹਾ ਹੈ ।

ਅਖ਼ੀਰ ਵਿਚ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਜੇਕਰ ਹਿੰਦ-ਪਾਕ ਦੀਆਂ ਜ਼ਬਾਨਾਂ ਦਾ ਅਸਲਾ (ਜਣਨਿਕ ਸਰੋਤ) ਦ੍ਰਾਵਿੜੀ ਹੁੰਦਾ ਤਾਂ ਫਿਰ ਉੱਤਰ-ਭਾਰਤੀ ਜ਼ਬਾਨਾਂ ਅਤੇ ਦੱਖਣ-ਭਾਰਤੀ ਜ਼ਬਾਨਾ ਵਿਚ ਏਨੀ ਅਲਹਿਦਗੀ ਅਤੇ ਏਨੀ ਅੱਡਰਤਾ ਕਿਉਂ ? ਉੱਤਰੀ ਭਾਸ਼ੀਆਂ ਦੀ ਇਕ ਵੀ ਗੱਲ ਦ੍ਰਾਵਿੜਾਂ ਨੂੰ ਸਮਝ ਨਹੀਂ ਆਉਂਦੀ । ਇਸ ਦਾ ਮਤਲਬ ਤਾਂ ਇਹ ਨਿਕਲਦਾ ਹੈ ਕਿ ਹਿੰਦੁਸਤਾਨ ਦੀਆਂ ਸਮੂਹ ਬੋਲੀਆਂ ਦ੍ਰਾਵਿੜੀ ਹਨ । ਪਰ ਆਰੀਆ ਲੋਕਾਂ ਦੀ ਆਰੀਆ ਭਾਸ਼ਾ ਕਿੱਥੇ ਗਈ ?

ਸੰਖੇਪ ਜਿਹੀ ਸਮੀਖਿਆ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਕ ਬਹੁਤ ਹੀ ਜ਼ਰੂਰੀ ਨੁਕਤਾ ਪੇਸ਼ ਹੈ । ਉਹ ਨੁਕਤਾ ਇਹ ਹੈ ਕਿ ਹਿੰਦ-ਪਾਕ ਆਰੀਆ ਭਾਸ਼ਾਵਾਂ ਦੇ ਪੁਰਾ-ਇਤਿਹਾਸ ਅਤੇ ਪੂਰਵ-ਇਤਿਹਾਸ (pre-history & proto-history) ਵਿਚ ਪੰਜਾਬੀ ਆਦਿ ਅਜੋਕੀਆਂ ਭਾਸ਼ਾਵਾਂ ਦੇ ਜੀਵਾਣੂ ਤੇ ਬੀਜਾਣੂ ਸਮਾਏ ਹੋਏ ਦ੍ਰਿਸ਼ਟੀ-ਗੋਚਰ ਹੁੰਦੇ ਹਨ । ਸਾਡੀਆਂ ਭਾਰਤੀ ਭਾਸ਼ਾਵਾਂ ਖੁਸ਼ਕਿਸਮਤ ਹਨ ਕਿ ਸਾਨੂੰ ਪ੍ਰਾਚੀਨ ਪ੍ਰਮਾਣਿਕ ਭਾਸ਼ਾ-ਸਾਮਗ੍ਰੀ ਉਪਲਬਧ ਹੁੰਦੀ ਹੈ । ਰਿਗਵੇਦ (1500 B.C.), ਤਕਸ਼ਸ਼ਿਲਾ ਯੂਨੀਵਰਸਿਟੀ (600-500 B.C.), ਪਾਣਿਨੀ ਦਾ ਵਿਸ਼ਵ-ਪ੍ਰਸਿੱਧ ਗ੍ਰਾਮਰ (400 B.C.), ਅਸ਼ੋਕ ਦੇ ਲਿਪੀਬੱਧ

ਸ਼ਿਲਾਲੇਖ (325-315 B.C.), ਮੱਧਕਾਲੀ ਪ੍ਰਾਕ੍ਰਿਤ ਭਾਸਾਵਾਂ ਅਤੇ ਉੱਤਰ-ਮੱਧਕਾਲੀ ਅਪਭ੍ਰੰਸ਼ ਤੇ ਅਵਹੱਟ ਭਾਸ਼ਾਵਾਂ ਦੇ ਵਿਆਕਰਣਿਕ ਟੈਕਸਟ ਅਤੇ ਹੋਰ ਵਿਸ਼ਾਲ ਲੋਕ-ਲਿਟਰੇਚਰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਵਿਚ ਅਜੋਕੀਆਂ ਆਰੀਆ ਭਾਸਾਵਾਂ ਦਾ ਪੂਰਾ-ਇਤਿਹਾਸ ਤੇ ਪੂਰਵ-ਇਤਿਹਾਸ ਸਮੋਇਆ ਹੋਇਆ ਮਿਲਦਾ ਹੈ। ਇਸ ਵਿਸ਼ਾਲ ਭਾਸ਼ਾ-ਸਾਮਗਰੀ ਵਿਚ ਦ੍ਰਾਵਿੜੀ ਦੀ ਕੋਈ ਮੌਲਿਕ ਝਲਕ ਨਹੀਂ ਮਿਲਦੀ, ਹਾਂ, ਕਿਤੇ ਕਿਤੇ ਕੋਈ ਗੁਆਂਢੀ ਅੰਸ਼ ਦਾ ਪ੍ਰਵੇਸ਼ ਕਰ ਜਾਣਾ ਮੁਮਕਿਨ ਹੈ। ਇਹ ਸਾਰਾ ਵਿਸ਼ਾਲ ਲਿਖਤੀ ਤਸਦੀਕਸ਼ੁਦਾ (attested) ਇਤਿਹਾਸਕ ਵਿਰਸਾ ਆਰੀਆ-ਮੂਲਕ ਹੈ, ਦ੍ਰਾਵਿੜੀ-ਮੂਲਕ ਕਤਈ ਨਹੀਂ ਹੈ।

ਮਿਸਾਲ ਵਜੋਂ, ਪੰਜਾਬੀ ਭਾਸ਼ਾ ਵਿਚ ਕਈ ਭਾਸ਼ਾਈ ਤੱਤ ਸਿੱਧੇ ਵੈਦਿਕ ਭਾਸ਼ਾ ਦੀ ਹੀ ਵਿਰਾਸਤ ਕਹੇ ਜਾ ਸਕਦੇ ਹਨ। ਪੰਜਾਬੀ ਦਾ ਟੋਨ-ਸਿਸਟਮ ਵੈਦਿਕ ਭਾਸ਼ਾ ਦੀ ਸੁਰ-ਪ੍ਰਣਾਲੀ (accent system) ਦਾ ਹੀ ਵਿਕਾਸ ਹੈ। ਵੈਦਿਕ ਦਾ ਉਚਾਰਣ ਜਿਵੇਂ ਸ਼ → ਖ, ਯ → ਜ, ਲ → ਲ਼, ਰਿ → ਰੁ ਜਾਂ ਰਿ, ਪੰਜਾਬੀ ਦੇ ਵਿਲੱਖਣ ਉਚਾਰਣ ਵਿਚ ਸੁਰਖਿਅਤ ਹੈ। ਵੈਦਿਕ ਦਾ ਪਿਛੇਤਰ "ਤ੍ਵਨ" ਪੰਜਾਬੀ ਵਿਚ ਕੁੜੱਤਣ, ਪੀਲੱਤਣ, ਕੱਲਤੱਣ ਆਦਿ ਵਿਚ ਬਰਕਰਾਰ ਹੈ। ਲਹਿੰਦੀ ਪੰਜਾਬੀ ਵਿਚ epenthetic /ਹ-/ ਅਸ਼ੋਕੀ ਸ਼ਿਲਾਲੇਖੀ ਪ੍ਰਾਕ੍ਰਿਤ ਤੋਂ ਵਿਰਸੇ ਵਿਚ ਮਿਲਿਆ ਹੈ ਜਿਵੇਂ ਹਿੱਕ (ਇਕ), ਹਿੰਜ (ਇੰਜ) ਹਿੱਥੇ (ਇਥੇ) ਆਦਿ। ਪੰਜਾਬੀ ਦਾ ਦੁੱਤੀਕਰਣ (gemination) ਦਾ ਵਰਤਾਰਾ ਪ੍ਰਾਕ੍ਰਿਤਾਂ ਦੀ ਦੇਣ ਹੈ। ਅਪਭ੍ਰੰਸ਼ ਵੇਲੇ ਸ਼ਬਦਾਂ ਦੇ ਮੱਧ-ਵਿਅੰਜਨਾਂ ਦਾ ਲੋਪ ਅਤੇ ਉਨ੍ਹਾਂ ਦੀ ਥਾਂ ਹ੍ਰਸਵ-ਸੁਰਾਂ ਦੇ ਆਗਮ ਦੀ ਭਾਸ਼ਕ ਪ੍ਰਵਿਰਤੀ ਸਾਡੀਆਂ ਅਜੋਕੀਆਂ ਭਾਸ਼ਾਵਾਂ ਵਿਚ ਕਾਇਮ ਹੈ ਪਰ ਹੁਣ ਭਾਵੇਂ ਤਤਸਮੀਕਰਣ ਦਾ ਪ੍ਰਭਾਵ ਚਾਲੂ ਹੈ।

ਸੱਚ ਤਾਂ ਇਹ ਹੈ ਕਿ ਹਿੰਦ-ਪਾਕ ਦੀਆਂ ਉੱਤਰੀ ਭਾਸਾਵਾਂ ਆਰੀਆ ਹਨ ਅਤੇ ਇਹ ਕਿਸੇ ਸੂਰਤ ਵਿਚ ਦ੍ਰਾਵਿੜੀ-ਮੂਲਕ ਸਿੱਧ ਨਹੀਂ ਹੁੰਦੀਆਂ।

ਹਵਾਲੇ ਤੇ ਟਿੱਪਣੀਆਂ

1. "Due to their over-zealousness sometimes they and their other European counterparts reached at some quite unbalanced conclusions. The claim of the Aryan Origins of the languages of the northern part of the subcontinent is one of the unfounded assertions which is still fervently supported by the western scholers" [Ainul Haq, 1991 : 9-10].
2. "It can be easily deduced that the language which was spoken in Harappan streets in the pre-Aryan times could not in any way be an Aryan language. It can also be safely concluded that the Harappan language might have related to any non-Aryan primitive linguistic group. Naturally the Dravidian and the Munda languages remained as the main contenders in this respect" (ਉਹੀ, ਪੰਨਾ 10)
3. "After all the language or languages which were spoken 5,000 years ago in the Indus Valley could not just vanish in the thin air whitout leaving any trace. I was sure that some how the vestiges of that ancient language cna be traced in the paresent day languages of Pakistan." (ਉਹੀ, ਪੰਨਾ 10)
4. "The modern languages of the northern sub-continent such as Urdu,

Hindi, Punjabi and Sindhi etc. do not only contain enough Dravidian and Munda elements in their vocabularies but at the same time their grammatical structure totally differs from Sanskrit or any other Aryan language and have close affinities with Daravidian languages thus clearly refuting the long standing claim of the western scholars of their Aryan origins". (ਉਹੀ, ਪੰਨਾ 11)

5. "The Punjabi has mainly originated from the Dravidian language which was prevalent in Indus Valley in pre-historic times". (ਉਹੀ, ਪੰਨਾ 10)
6. "The Munda and the Dravidian elements as found in the Urdu language is not a borrowed one but in fact it has been inherited from their pre-historic ancesstors". (ਉਹੀ, ਪੰਨਾ 11)
7. "Consequently two parallel languages evolved in the region e.g. Sanskrit and the Prakrits, the former was based upon the linguistic structure of the new comer Aryans but heavily infused with the local elements. The Prakrit on the other hand was based upon the structrure of the pre-Aryan languages particularly the Dravidian with borrowings from the Aryan speech. From the very beginning it continued to serve as the medium of expression by the common populace". (ਉਹੀ, ਪੰਨਾ 21)
8. "Present day languages of the northern sub-continent are the continuation of the early spoken Prakrits and are not originated directly or indirectly from the Sanskrit as is generally presumed" [Ajnul Haq, 1991 : 22]
9. "With the advent of the Muslim rule in the subcontinent the Sanskrit as well as the literary Prakrits were deprived of their patronage and thus were vanished in the thin air without leaving any trace on the tongues of men because we dont find any single example in the whole of the subcontinent where at that moment these forms of language were employed as a spoken media. The common languages which emerged on the stage were totally different in structure. Moreover we dont find any evolutionary step which can be claimed as an intermediary link between the literary Prakrits and the common spoken languages." (ਉਹੀ, 1991 : 72)
10. "While the Dravidians were thus Aryanised in language, the Aryans were Dravidianised in culture." Gilbert Slater, *The Dravidian Elements in Indian Culture*, 1st Ed. 1924, Reprint 1976, Ess. Ess, publication, N. Delhi.

ਸੰਦਰਭ-ਪੁਸਤਕਾਵਲੀ

BIBLIOGRAPHY

Andre Martinet, 1969, *Elements of General Linguistics*, (translated by E. Palmer) Faber and Faber Ltd., London.

Ainul Haq, Faridkoti, 1992, *Pre-Aryan Origins of the Pakistani Languages*, (A Monograph) Orient Research Centre, Lahore.

Alexander Cunningham, 1963, *The Ancient Geography of India* (The Buddhist period) Indian edition.

A Basic Grammar of Modern Hindi (compiled), 1975, Central Hindi Directorate New Delhi

Arun, Vidya Bhaskar, 1961 *A Comparative Phonology of Hindi and Punjabi*, Panjabi Sahitaya Akademi, Ludhiana.

Arlotto, Anthony, 1972, *Introduction to Historical Linguistics*, University Press of America, New York.

Balbir Singh Sandhu, 1986, *The Articultory and Acoustic Structure of the Punjabi Consonants*, Punjabi University, Patiala.

B.S. Sandhu 1974, *The Articulatory and Acoustic Structure of the Punjabi Vowels*, Parkh, Vol. II, Panjab University, Chandigarh.

Baldev Raj Gupta, 1983, *Research in Indian Linguistics*, Ariana Publishing House, New Delhi.

Barber, C.L., 1964, *The Story of Language*, Pan Book, London.

Basham, A.L., 1952, *The Wonder that was India*, (Reprint in India) Sidewick & Jackson, London.

Batakrishan Ghosh, 1937, *Linguistic Introduction to Sanskrit*, The Indian Research Institute, Calcutta.

Block, Bernard, Trager, George L., *Outlines of Linguistic Analysis*, Oriental Books Reprint Corporation, N. Delhi.

Beams, John., 1966, *Comparative Grammar of the Modern Aryan Languages of India* (reprint) Delhi.

Burrow, T., 1973, *The Sanskrit Language*, London.

Buddh Prakash, 1964, *Political & Social Movements in Ancient Punjab*, Motilal Banarsidass, Delhi.

Buddh Prakash, 1983, *Glimpses of Ancient Panjab*, Punjabi University, Patiala.

Buddh Prakash, 1971, *Evolution of Heroic Tradition in Ancient Panjab*, Punjabi University, Patiala.

Charles F. Hockett, 1970, *A Course in Modern Linguistics*, Oxford & IBH Publishing Co. New Delhi (Indian Edition).

The Canadian World Almanac & Book of Facts, 1990, Global Press, Toronto, Canada.

Chatterji, S.K., 1926, *The Origin and Development of Bengali Language*, Calcutta.

Chatterji, Suniti Kumar, *Indo-Aryan and Hindi*, Calcutta.

David Crystal, 1982, *What is Linguistics ?* Edward Arnold Ltd., London.

David Crystal, 1986, *A Dictionary of Linguistics and Phonetics*, Basil Blackwell, N.Y. (2nd Ed.)

David Abercrombie, 1982, *Elements of General Phoetics*, Edinburgh University Press, Edinburgh (Reprint).

Ferdinand De Saussure, *Course in General Linguistics*, (edited by Charles Bally, translated in English by Wade Baskin), Philosophical Library, New York, 1959.

George Yule 1985, *The Study of Language*, Cambridge.

Geoffrey Leech, 1981, *Semantics —The Study of Meaning*, Second Edition, Penguin Books, England.

Grierson on Panjabi, Languages Department, Punjab, Patiala.

Gleason, H.A., 1968, *An Introduction to Descriptive Linguistics*, Oxford IBH Publishing Co., New Delhi (Indian Edition).

Grierson, G.A., 1927, *Linguistic Survey of India*, Vol. I, & VIII, Reprint 1967, Motilal Banarsidass, Delhi.

Gaurinath Shastri, 1980,*A Study in the Dialectics of Sphota*, Motilal Banarsidass, Varanasi.

Gill and Gleason, 1969, *A Reference Grammar of Punjabi*, Punjabi University, Patiala.

Gune, Pandurang Damoder, 1950, *An Introduction to Comparative Philology*, Poona, Oriental Book House, Poona.

George O' Curme, 1947, *English Grammar*, Barnes & Noble Books, New York.

Ghate, V.S., 1915, *Lectures on Rigveda*, The Oriental Book Agency, Poona.

Hardev Bahri, 1982, *Teach Yourself Punjabi*, Punjabi University Patiala, II Ed.

Hocket, Charles, F., 1970, *A Course in Modern Linguistic*, Oxford & IBH Publishing Co., New Delhi.

Hock, Hans Henrich, 1991, *Principles of Historical Linguistics*, Mouton de Gruyter, Berlin, 2nd Edition.

Huddleston, Rodney, *English Grammar-an Outline*, Cambridge University Press, Cambridge.

Hudson, R.A., 1980, *Sociolinguistics*, Cambridge, London.

John Lyons (ed), 1971, *New Horizons in Linguistics*, Penguin Books, England.

John Lyons, 1971, *Introduction to Theoretical Linguistics*, Cambridge, (reprint).

John Lyons, 1981, *Language and Linguistcs – An Introduction*, Cambridge.

J.D. O'Connor, 1974, *Phonetics*, Penguin Book Ltd. Middlesex, England (reprint).

Jonathan Culler, 1976, '*Saussure*' Fontana/Collins, Great Britain.

Joshi, L.M., *History and Culture of the Panjab*, Punjabi University, Patiala.

Jain, B.D., 1934, *A Phonology of Ludhianvi* (Panjabi) Lahore.

Keith, A.B., 1942, *A History of Sanskrit Literature*, Oxford University Press, London.

Lehmann, Winfred P., 1962, *Historical Linguistics–An Introduction*, Oxford & IBH Publishing Co., New Delhi.

Lepschy Giulli C., 1970, *A Survey of Structural Linguistics*, Faber and Faber, London.

Mathews, P.H., 1991, *Morphology*, Cambridge University Press, Cambridge, Second Edition.

Madhu Bala, 1992, *Archaeology of Punjab*, Agam Kala Prakashan, Delhi.
Macdonell, A.A., 1916, *A Vedic Grammar for Students*, Oxford Univesity Press, London.
Masica, Colin P., 1991, *The Indo-Aryan Languages*, Cambridge University Press, Cambridge, Ist Edition.
Monier Williams, M., 1899, *Sanskrit-English Dictionary* (Reprint 1994), Munshi Ram Manohar Lal, Delhi.
N.S. Trubetzkoy, 1962, *Principles of Phonology*, (Tr. Christiane A.M. Baltaxe), University of California Press Ltd., London, England. III Ed.
Nida, Eugene A., *Morphology–The Descriptive Analysis of Words*, University of Michigan Press, USA Second Edition.
Narinder K. Dulai, 1989, *A Pedagogical Grammar of Punjabi*, Indian Institute of Language Studies, Patiala.
Narinder K. Dulai, Onkar N. Koul, *Punjabi Phonetic Reader*, C.I.I. Language, Mysore, 1980.
O' Grady, William and others, 1989, *Contemporary Linguistics–An Introduction*, St. Martin's Press, New York, Ist Edition.
Palmer, Frank, 1971, *Grammar*, The English Language Book Society and Penguin Books.
Pyles, Thomas & Algeo, John, 1993, *The Origins and Development of the English Language*, Harcourt Brace Jovanovich Inc. New York, 4th Edition.
Puar, J.S., *The Punjabi Verb, Form and Function*, Punjabi University, Patiala.
R.G. Bhandarkar, *Willson's Philological Lectures*, Oriental Book House, Poona.
Roman Jekobson Morris Halle, 1980, *Fundamentals of Language*, Mouton, New York.
S.S. Joshi, *Pitch and Related Phenomena in Punjabi*, Patiala.
Sircar, Dinesh Chandra, 1942, *Select Inscriptions Bearing on Indian History and Civilization*, Vol. I, University of Calcutta.
S. Pit Corder, 1973, *Introducing Applied Linguistics*, Penguin Books, England.
Sisir Kumar Mitra, Adhir Kumar Chakravarti, *The Coming of Aryans and Their Expansion*, article in *History of the Punjab*, Patiala.
Shridhar Prasad, 1989, *A Descriptive Grammar of Salani (Garhwali)*, Unpublished Ph.D. Thesis, Punjabi University, Patiala.
Simeon Potter, 1950, *Our Language*, Penguin Book, Middlesex.
S.K. Chatterji, *Contribution From Different Language-Culture Groups*, article in *The Cultural Heritage of India*, Vol. I, p. 76.
Tiwari, Uday Narayan, *Origin and Development of Bhojpuri*, Allahabad, U.P.
Tagare, Gajanan Vasudev, 1948, *Historical Grammar of Apabhramsa*, Deccan College Post-Graduate & Reseach Institute, Poona.
Tomio Mizokami, 1981, *Panjabi*, Tokyo University of Foreign Studies, Japan.
U.A. Smirnov, 1975, *The Lahndi Language*, Nauka Pubhlishing House Central Department of Oriental Literature, Moscow (Russia).
Ullmann, Stephen, 1963, *The Principles of Semantics*, Basil Blackwell, Oxford.
Vaidya, P.L., 1954, *Prakrit Grammar of Trivikrama*, Jain Sanskriti Samrakshaka Sangh, Sholapur.
Woolner, A.C., 1928, *Introduction to Prakrit*, Calcutta.
Yule, George, 1985, *The Study of Language*, Cambridge University Press, Cambridge.

HINDI

अग्रवाल, वासुदेव शरण, 2012 वि॰ *पाणिनिकालीन भारतवर्ष,* मोतीलाल बनारसीदास, वाराणसी।

उदय नारायण तिवारी, 1955, *हिन्दी भाषा का उद्गम और विकास,* भारती भण्डार, प्रयाग।

कामता प्रसाद गुरू, संवत् 2032, *हिन्दी व्याकरण,* नागरी प्रचारिणी सभा काशी।

गुप्त, धर्मेन्द्र कुमार गुप्त, 1986, *संस्कृत के अध्ययन एवं अनुसन्धान के क्षेत्र में बृहत्तर पंजाब का योगदान,* विश्वेश्वरानन्द वैदिक शोध संस्थान, होश्यारपुर।

जैतली, कृष्ण चन्द्र, 1957, *सिन्धी भाषा का संक्षिप्त परिचय,* नई दिल्ली।

जोन लियोन्स, *सैद्धान्तिक भाषा-विज्ञान,* (अनुवादक: सत्यकाम वर्मा), मुंशीराम मनोहरलाल, नई दिल्ली।

धीरेन्द्र वर्मा, संवत् 2015, *हिन्दी साहित्य कोश,* ज्ञान मण्डल लि. वाराणसी।

धीरेन्द्र वर्मा, 1958, *हिन्दी भाषा का इतिहास,* हिन्दुस्तानी एकेडेमी, प्रयाग।

नोआम चोम्सकी, *वाक्य विन्यास का सैद्धान्तिक पक्ष,* (हिन्दी अनुवादक, रमानाथ सहाय), राजस्थान हिन्दी ग्रन्थ अकादमी, जयपुर।

पाराशर, श्यामदेव, 1990, *संस्कृत तथा पञ्जाबी के सम्बन्ध,* विश्वेश्वरानन्द वैदिक शोध संस्थान, होश्यारपुर।

पिशल, *प्राकृत भाषाओं का व्याकरण,* हिन्दी अनुवाद।

प्रेम प्रकाश सिंह (डा.), 1986, *पंजाबी का उद्गम, एक पुनरीक्षण, (शोध-पत्र)* , विश्व ज्योति, वी. वी. आर. आई., होश्यारपुर।

प्रेम प्रकाश सिंह, 1972, *गुरूमुखी लिपि का विकास* (शोध-पत्र), भाषा-पत्रिका, केन्द्रीय हिन्दी निदेशालय, भारत सरकार, दिल्ली।

प्रेम प्रकाश सिंह, 1995, *संस्कृत की विश्वजनीनता,* (संस्कृत दिवस, गोष्ठि पत्र), भाषा-विभाग, पंजाब सरकार, पटियाला।

बाहरी, हरदेव, 1960, *बृहत् अंग्रेज़ी-हिन्दी कोश,* ज्ञान मण्डल लिमिटेड, वाराणसी।

बंसल, सोमदत्त, 1983, *मानक हिन्दी और बांगरू का व्यतिरेकी विश्लेषण,* हरियाणा हिन्दी साहित्य अकादमी, चण्डीगढ़।

भोला शंकर व्यास (डा.), 1957, *संस्कृत का भाषा-शास्त्रीय अध्ययन,* भारतीय ज्ञान पीठ काशी, प्रथम संस्करण।

भोलानाथ तिवारी, 1984, *भाषा-विज्ञान,* किताब महल, इलाहाबाद।

मार्कण्डेय, *प्राकृत सर्वस्व,* सम्पादक : कृष्ण चन्द्र आचार्य, अहमदाबाद।

मोतीलाल गुप्त, रघुवीर प्रसाद, 1974, *आधुनिक भाषा-विज्ञान की भूमिका,* राजस्थान हिन्दी ग्रन्थ अकादमी, जयपुर।

रोबिन्स, आर. एच., 1978, *सामान्य भाषिकी–एक प्रारम्भिक सर्वेक्षण,* (हिन्दी अनुवादक : डा. देवीदत्त शर्मा), हरियाणा हिन्दी ग्रन्थ अकादमी, चण्डीगढ़।

वरदराजः, *लघु सिद्धान्त कौमुदी,* (पाणिनि-रचित अष्टाध्यायी पर आधारित), संस्कृत विश्वविद्यालय, वाराणसी।

सुनीतिकुमार चाटुर्ज्या, 1957, *भारतीय आर्य-भाषा और हिन्दी,* राजकमल प्रकाशन, दिल्ली।

श्याम सुन्दर दास (बाबू), 1957, *हिन्दी भाषा,* पंचम संस्करण, इंडियन प्रेस प्राईवेट लि. प्रयाग।

श्रीराम गोयल, 1982, *प्राचीन भारतीय अभिलेख संग्रह,* राजस्थान हिन्दी ग्रन्थ अकादमी, जयपुर।

हरिश्चन्द्र सेठ, 1941, *अशोक*, राज पब्लिशिंग हाऊस, बुलन्दशहर।

हरदेव बाहरी, 1975, *व्यावहारिक हिन्दी व्याकरण*, (तृतीय संसरण), लोक भारती प्रकाशन, इलाहाबाद।

हरदेव बाहरी, *प्राकृत और उसका साहित्य*, राजकमल प्रकाशन, दिल्ली।

PUNJABI

ਅਗਨੀਹੋਤਰੀ, ਵੇਦ ਅਤੇ ਬਲਦੇਵ ਚੀਮਾ, 1990, *ਪੰਜਾਬੀ ਵਾਕ-ਵਿਉਂਤ*, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ।

ਅਗਨੀਹੋਤਰੀ, ਵੇਦ, 1990, *ਪੰਜਾਬੀ ਵਿਆਕਰਣ ਬੋਧ*, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ।

ਅਗਨੀਹੋਤਰੀ, ਵੇਦ, 1991, *ਵਿਆਕਰਣਕ ਇਕਾਈਆਂ*, (ਪਛਾਣ ਅਤੇ ਸਥਾਪਤੀ), ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ।

ਅਗਨੀਹੋਤਰੀ, ਵੇਦ, 1981, *ਪਰਿਵਾਇਕ ਭਾਸ਼ਾ-ਵਿਗਿਆਨ*, ਦੀਪਕ ਪਬਲਿਸ਼ਰਜ਼, ਜਲੰਧਰ।

ਅਰੁਣ, ਵਿ. ਭਾ., 1956, *ਪੰਜਾਬੀ ਭਾਸ਼ਾ ਦਾ ਇਤਿਹਾਸ*, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ।

ਅਮਰਜੀਤ ਸਿੰਘ (ਸੰਪਾਦਕ), 1979, *ਪੰਜਾਬੀ ਦਾ ਭਾਸ਼ਾ-ਸੰਸਾਰ*, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਆਤਮ ਸਿੰਘ, 1985, *ਭਾਸ਼ਾ-ਵਿਗਿਆਨ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ।

ਹਰਦੇਵ ਬਾਹਰੀ, 1958, *ਪੰਜਾਬੀ ਤੇ ਲਹਿੰਦੀ*, (ਮੋਨੋਗ੍ਰਾਫ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਹਰਕੀਰਤ ਸਿੰਘ, 1974, *ਭਾਸ਼ਾ ਤੇ ਭਾਸ਼ਾ-ਵਿਗਿਆਨ*, ਬਾਹਰੀ ਪਬਲੀਕੇਸ਼ਨਜ਼, ਚੰਡੀਗੜ੍ਹ।

ਹਰਕੀਰਤ ਸਿੰਘ, ਉੱਜਲ ਸਿੰਘ ਬਾਹਰੀ, 1989, *ਭਾਸ਼ਾ-ਵਿਗਿਆਨ ਤੇ ਪੰਜਾਬੀ ਭਾਸ਼ਾ*, ਲਾਹੌਰ ਬੁਕ ਸ਼ਾਪ, ਲੁਧਿਆਣਾ।

ਹਾਫ਼ਜ਼ ਮਹਮੂਦ ਸ਼ੀਰਾਨੀ, *ਪੰਜਾਬ ਮੇਂ ਉਰਦੂ*, ਲਾਹੌਰ (ਪਾਕਿਸਤਾਨ)।

ਕਾਨ੍ਹ ਸਿੰਘ ਨਾਭਾ, *ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼*, (ਰੀਪ੍ਰਿੰਟ 1960), ਭਾਸ਼ਾ ਵਿਭਾਗ, ਪਟਿਆਲਾ।

ਖਹਿਰਾ, ਸੁਰਿੰਦਰ ਸਿੰਘ (ਐਡੀਟਰ), 1990, *ਪੰਜਾਬੀ ਭਾਸ਼ਾ : ਵਿਆਕਰਣ ਅਤੇ ਬਣਤਰ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਗਿੱਲ, ਮੁਖਤਿਆਰ ਸਿੰਘ, 1981, *ਪੰਜਾਬੀ ਦੀ ਧੁਨੀ-ਵਿਉਂਤ*, (ਖੋਜ-ਪੱਤਰ), ਪੰਜਾਬੀ ਭਾਸ਼ਾ ਕਨਵੈਨਸ਼ਨ, ਜਲੰਧਰ।

ਗੁਪਤਾ, ਬਲਦੇਵ ਰਾਜ, 1985, *ਭਾਸ਼ਾ-ਵਿਗਿਆਨ, ਭਾਸ਼ਾ, ਲਿਪੀ ਤੇ ਲੋਕ ਸਾਹਿਤ*, ਪੈਪਸੂ ਬੁਕ ਡਿਪੋ, ਪਟਿਆਲਾ।

ਗੁਪਤਾ, ਬਲਦੇਵ ਰਾਜ, 1980, *ਭਾਸ਼ਾ-ਵਿਗਿਆਨ*, ਪੈਪਸੂ ਬੁਕ ਡਿਪੋ, ਪਟਿਆਲਾ।

ਗੁਪਤਾ, ਬਲਦੇਵ ਰਾਜ, *ਭਾਸ਼ਾ-ਵਿਗਿਆਨ (ਪੰਜਾਬੀ ਉਪਭਾਸ਼ਾ ਵਿਗਿਆਨ ਦੇ ਪੱਖੋਂ ਸਰਵੇਖਣ)*, ਪੈਪਸੂ ਬੁਕ ਡਿਪੋ, ਪਟਿਆਲਾ।

ਗੁਪਤਾ, ਬਲਦੇਵ ਰਾਜ, 1981, *ਭਾਸ਼ਾ-ਵਿਗਿਆਨ ਤੇ ਪੰਜਾਬੀ ਭਾਸ਼ਾ ਦੀ ਬਣਤਰ*, ਪੈਪਸੂ ਬੁਕ ਡਿਪੋ, ਪਟਿਆਲਾ।

ਜੋਸ਼ੀ, ਐਸ. ਐਸ. 1987, *ਪੰਜਾਬੀ ਉਚਾਰਣ* (ਖੋਜ-ਪੱਤਰ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਦੂਨੀ ਚੰਦ, 1959, *ਪੰਜਾਬੀ ਭਾਸ਼ਾ ਦਾ ਵਿਕਾਸ*, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ।

ਪਦਮ, ਪਿਆਰਾ ਸਿੰਘ, 1954, *ਪੰਜਾਬੀ ਬੋਲੀ ਦਾ ਇਤਿਹਾਸ*, ਕਲਮ ਮੰਦਿਰ, ਲੋਅਰ ਮਾਲ, ਪਟਿਆਲਾ (ਤੀਜਾ ਐਡੀਸ਼ਨ, 1995)।

ਪਰਮਜੀਤ ਸਿੰਘ ਸਿੱਧੂ, *ਮਾਨਵ-ਵਿਗਿਆਨਕ ਭਾਸ਼ਾ-ਵਿਗਿਆਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੁਆਰ, ਜੋਗਿੰਦਰ ਸਿੰਘ, 1988, *ਭਾਸ਼ਾ-ਵਿਗਿਆਨ : ਸੰਕਲਪ ਅਤੇ ਦਿਸ਼ਾਵਾਂ*, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ।

ਪੁਆਰ, ਜੋਗਿੰਦਰ ਸਿੰਘ ਅਤੇ ਹੋਰ ਲੇਖਕ, 1991, 1992, *ਪੰਜਾਬੀ ਭਾਸ਼ਾ ਦਾ ਵਿਆਕਰਣ*, ਭਾਗ I, II, III, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ।

ਪ੍ਰੇਮ ਪ੍ਰਕਾਸ਼ ਸਿੰਘ 1988 & 1993, *ਸਿਧਾਂਤਕ ਭਾਸ਼ਾ-ਵਿਗਿਆਨ*, ਪੰਜਾਬ ਪ੍ਰਕਾਸ਼ਨ ਚੰਡੀਗੜ੍ਹ (ਦੂਜਾ ਐਡੀਸ਼ਨ)।

ਪ੍ਰੇਮ ਪ੍ਰਕਾਸ਼ ਸਿੰਘ 1954, *ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ*, ਲਾਹੌਰ ਬੁਕ ਸ਼ਾਪ ਲੁਧਿਆਣਾ (ਜਿਲਦ ਪਹਿਲੀ ਅਤੇ ਦੂਜੀ, ਪੰਜਵਾ ਐਡੀਸ਼ਨ)।

ਪ੍ਰੇਮ ਪ੍ਰਕਾਸ਼ ਸਿੰਘ, *ਪੰਜਾਬੀ ਸਭਿਆਚਾਰ ਦੇ ਸ੍ਰੋਤ*, (ਗੋਸ਼ਟੀ ਪੱਤਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪ੍ਰੇਮ ਪ੍ਰਕਾਸ਼ ਸਿੰਘ 1980, *ਪੰਜਾਬੀ ਭਾਸ਼ਾ ਦਾ ਪਿਛੋਕੜ*, ਪੈਪਸੂ ਬੁਕ ਡਿਪੂ, ਪਟਿਆਲਾ।

ਫਰੀਦਕੋਟੀ, ਐਨੁਲਹੱਕ, 1972, *ਉਰਦੂ ਜ਼ਬਾਨ ਕੀ ਕਦੀਮ ਤਾਰੀਖ*, ਅਰਸਲਾਨ ਪਬਲੀਕੇਸ਼ਨਜ਼, ਲਾਹੌਰ।

ਬਰਾੜ, ਬੂਟਾ ਸਿੰਘ, 1995, *ਪੰਜਾਬੀ ਵਿਆਕਰਨ*, ਮੋਹੀ ਪਬਲੀਕੇਸ਼ਨਜ਼, ਪਟਿਆਲਾ।

ਮੁਹੰਮਦ ਹੁਸੈਨ, 1887, *ਸੁਖ਼ਨ-ਦਾਨਿ ਫ਼ਾਰਸ (ਪੰਜਾਬੀ ਉਲਥਾ 1963)* ਉਲਥਾਕਾਰ ਬਲਵੰਤ ਸਿੰਘ ਫ਼ੈਜ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਸਾਡਾ ਹੋਰ ਆਲੋਚਨਾਤਮਕ ਸਾਹਿਤ

1.	ਪੰਜਾਬੀ ਸਾਹਿਤ ਸੰਦਰਭ ਕੋਸ਼	ਰਤਨ ਸਿੰਘ ਜੱਗੀ
2.	ਸਾਹਿਤ ਕੋਸ਼ (ਪਰਿਭਾਸ਼ਕ ਸ਼ਬਦਾਵਲੀ)	ਰਤਨ ਸਿੰਘਜੱਗੀ
3.	ਪੰਜਾਬੀ ਸੂਫ਼ੀ ਸਾਹਿਤ ਸੰਦਰਭ ਗ੍ਰੰਥ	ਗੁਰਦੇਵ ਸਿੰਘ
4.	ਭਾਈ ਵੀਰ ਸਿੰਘ ਸਾਹਿਤ ਕੋਸ਼	ਰਤਨ ਸਿੰਘ ਜੱਗੀ
5.	ਖੋਜ ਸਿਧਾਂਤ ਤੇ ਵਿਹਾਰ	ਪਿਆਰ ਸਿੰਘ, ਰਤਨ ਸਿੰਘ ਜੱਗੀ
6.	ਵਿਹਾਰਕ ਸਮੀਖਿਆ:ਕਵਿਤਾ ਤੇ ਵਾਰਤਕ	ਸਤਿੰਦ੍ਰ ਸਿੰਘ
7.	ਤੁਲਨਾਤਮਕ ਸਾਹਿਤ ਸ਼ਾਸਤਰ	ਕੁਲਦੀਪ ਸਿੰਘ ਧੀਰ
8.	ਖ਼ਾਮੋਸ਼ੀ ਦਾ ਜਜ਼ੀਰਾ	ਹਰਭਜਨ ਸਿੰਘ
9.	ਪੰਜਾਬੀ ਨਿਬੰਧ:ਸਰੂਪ ਸਿਧਾਂਤ ਤੇ ਵਿਕਾਸ	ਬਲਬੀਰ ਸਿੰਘ ਦਿਲ
10.	ਪੰਜਾਬੀ ਜੀਵਨੀ ਸਰੂਪ ਸਿਧਾਂਤ ਤੇ ਵਿਕਾਸ	ਧਰਮਪਾਲ ਸਿੰਘ
11.	ਮਧਕਾਲੀਨ ਪੰਜਾਬੀ ਵਾਰਤਕ	ਗੁਰਚਰਨ ਸਿੰਘ
12.	ਪੰਜਾਬੀ ਰੇਖਾ ਚਿੱਤਰ:ਸਰੂਪ ਤੇ ਸਾਰ	ਅਬਨਾਸ਼ ਕੌਰ
13.	ਪੰਜਾਬੀ ਕਾਵਿ ਪਰੰਪਰਾ (ਚੋਣਵੇਂ ਆਲੋਚਨਾਤਮਕ ਲੇਖਾਂ ਦਾ ਸੰਗ੍ਰਹਿ)	ਸੰਪਾਦਕ: ਜੋਗਿੰਦਰ ਸਿੰਘ
14.	ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ	ਨਰਿੰਦਰ ਸਿੰਘ ਕਪੂਰ
15.	ਪੰਜਾਬੀ ਕ੍ਰਿਸ਼ਨ ਕਾਵਿ ਅਤੇ ਸੂਰਦਾਸ	ਗੁਰਸ਼ਰਨ ਕੌਰ ਜੱਗੀ
16.	ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬੀ ਸਾਹਿਤ	ਅਜਮੇਰ ਸਿੰਘ
17.	ਪੰਜਾਬੀ ਸਮਾਲੋਚਨਾ ਸਿਧਾਂਤ ਤੇ ਸਰੂਪ	ਪਰਮਿੰਦਰ ਸਿੰਘ
18.	ਪੰਜਾਬੀ ਦਾ ਸਮੂਹਕ ਵਿਕਾਸ	ਸੰਪਾਦਕ: ਅਮਰਜੀਤ ਸਿੰਘ ਢਿਲੋਂ
19.	ਧਵਨਯਾਲੋਕ: ਆਨੰਦ ਵਰਧਨ	ਅਨੁਵਾਦਕ: ਸੀ.ਡੀ. ਸ਼ਾਸਤਰੀ
20.	ਰਸ ਸਿਧਾਂਤ: ਭਰਤ ਮੁਨੀ	ਅਨੁਵਾਦਕ: ਨਵਰਤਨ ਕਪੂਰ
21.	ਕਾਵਿਆ ਪ੍ਰਕਾਸ਼: ਆਚਾਰੀਆ ਮੰਮਟ	ਅਨੁਵਾਦਕ: ਰਾਜਿੰਦਰ ਸਿੰਘ ਸ਼ਾਸਤਰੀ
22.	ਸਿੱਖ ਧਰਮ ਦਰਸ਼ਨ	ਸਰਦੂਲ ਸਿੰਘ ਕਵੀਸ਼ਰ
23.	ਸਿੱਖ ਰਹੱਸਵਾਦ	ਬਲਕਾਰ ਸਿੰਘ
24.	ਗੁਰੂ ਗ੍ਰੰਥ ਵਿਚਾਰ ਕੋਸ਼	ਪਿਆਰਾ ਸਿੰਘ ਪਦਮ
25.	ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ	ਤਾਰਨ ਸਿੰਘ
26.	ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ	ਗੁਰਨਾਮ ਕੌਰ
27.	ਬਾਣੀ ਭਗਤ ਕਬੀਰ(ਸਟੀਕ)	ਜੋਧ ਸਿੰਘ
28.	ਸਿੱਖਾਂ ਦੀ ਭਗਤਮਾਲਾ	ਤ੍ਰਿਲੋਚਨ ਸਿੰਘ
29.	ਅਨੰਦ, ਜੋਤਿ ਤੇ ਜੁਗਤਿ	ਤਾਰਨ ਸਿੰਘ
30.	ਜਪੁਜੀ ਦੇ ਪੰਜ ਖੰਡ	ਰਾਮ ਸਿੰਘ
31.	ਗੁਰੂ ਨਾਨਕ ਧਰਮ ਚਿੰਤਨ	ਸੰਪਾਦਕ: ਬਲਕਾਰ ਸਿੰਘ

ਹੋਰ ਜਾਣਕਾਰੀ ਲਈ ਨਿਮਨ ਪਤੇ ਤੇ ਸੰਪਰਕ ਕਰੋ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ
147 002